

SATVIC
BOOKS

ਪੰਚ ਗ੍ਰੰਥਾਵਲੀ ਸਟੀਕ
ਹਰੀ ਸਿੰਘ 'ਰੰਧਾਵੇ ਵਾਲੇ'

SATVIC
BOOKS

ੴ

# ਪੰਚ ਗ੍ਰੰਥਾਵਲੀ
## ਸਟੀਕ

ਚਾਣਕ੍ਯ ਨੀਤੀ, ਸਾਰੁਕਤਾਵਲੀ, ਭਾਵਰਸਾਂਮ੍ਰਿਤ,
ਵਿਚਾਰ ਮਾਲਾ ਅਤੇ ਅਧ੍ਯਾਤਮ ਪ੍ਰਕਾਸ਼
ਵਿਆਖਿਆ ਸਹਿਤ

*ਟੀਕਾਕਾਰ:*
ਦਾਸਨਿ ਦਾਸ
**ਹਰੀ ਸਿੰਘ 'ਰੰਧਾਵੇ ਵਾਲੇ'**
ਸੰਪ੍ਰਦਾ ਦਮਦਮੀ ਟਕਸਾਲ

ੴ ਸਤਿਗੁਰ ਪ੍ਰਸਾਦਿ॥

# ਪੰਚ ਗ੍ਰੰਥਾਵਲੀ ਸਟੀਕ

## ਚਾਣਕਯ ਨੀਤੀ, ਸਾਰੁਕਤਾਵਲੀ, ਭਾਵਰਸਾਂਮ੍ਰਿਤ, ਵਿਚਾਰ ਮਾਲਾ, ਅਧਯਾਤਮ ਪ੍ਰਕਾਸ਼

ਵਿਆਖਿਆ ਸਹਿਤ


*ਟੀਕਾਕਾਰ :*

ਦਾਸਨਿ ਦਾਸ

**ਹਰੀ ਸਿੰਘ 'ਰੰਧਾਵੇ ਵਾਲੇ'**

ਸੰਪ੍ਰਦਾ ਦਮਦਮੀ ਟਕਸਾਲ



ਸਾਤਵਿਕ

ਬੁੱਕਸ

PANCH GRANTHAVALI STEEK

[An annotation of the Prominent Vedantic Granthas]

*by*

HARI SINGH 'RANDHAWE WALE'

© ਟੀਕਾਕਾਰ

ISBN : 81-87526-86-6

ਪਹਿਲੀ ਵਾਰ ਜਨਵਰੀ ੨੦੨੧

**ਭੇਟਾ : ੪੫੦ ਰੁਪਏ**

*ਮਿਲਣ ਦਾ ਪਤਾ :*

**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

ਫੋਨ : 0183-2545787, ਮੋਬਾਇਲ : 99150-48005

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

ਫੋਨ : 0183-2543965, 2550739

*E-mail :* singhbro1@yahoo.co.in *Website :* www.singhbrothers.com

*ਪ੍ਰਕਾਸ਼ਕ :*

**ਸਾਤਵਿਕ ਬੁੱਕਸ**

225, ਸਿਟੀ ਸੈਂਟਰ, ਅੰਮ੍ਰਿਤਸਰ - 143 001

*ਪ੍ਰਿੰਟਰ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


ਭੂਮਿਕਾ ੫

- ਚਾਣਕ੍ਯ ਨੀਤੀ ੯
- ਸਾਰੁਕਤਾਵਲੀ ੮੯
- ਭਾਵ੍ਰਸਾਂਮ੍ਰਿਤ ੨੨੯
- ਵਿਚਾਰ ਮਾਲਾ ੩੩੩
- ਅਧ੍ਯਾਤਮ ਪ੍ਰਕਾਸ਼ ੪੦੯

# ਮੰਗਲਾਚਰਣ ਟੀਕਾਕਾਰ ਵੱਲੋਂ

ਦੋਹਰਾ ੧. ਅਗਮ ਅਗੋਚਰ ਵਾਹਿਗੁਰੂ, ਸਦਾ ਸਚਿਦਾਨੰਦ।
ਜਗ ਕਰਤਾ ਭਰਤਾ ਪ੍ਰਭੂ, ਹਰਤਾ ਕੋ ਮਮ ਬੰਦ।
੨. ਗੁਰੂ ਨਾਨਕ ਗੋਬਿੰਦ ਸਿੰਘ, ਗੁਰੂ ਗ੍ਰੰਥ ਮਹਾਰਾਜ।
ਸ੍ਰੀ ਸਤਿਗੁਰੁ ਮਮ ਬੰਦਨਾ, ਜੋਇ ਗਰੀਬ ਨਿਵਾਜ।
੩. ਮਮ ਵਿਦਿਆ ਦਾ ਕੋ ਨਮੋ, ਇੰਦਰਜੀਤ ਸਿੰਘ ਸੰਤ।
ਸਮੇ ਸਮੇ ਜਿਨਿ ਦਾਸ ਕੋ, ਦੀਓ ਸ੍ਰੇਸ਼ਟ ਮੰਤ।
੪. ਭਾਖਾ ਸਾਰਕੁਤਾਵਲੀ ਭਾਵਰਸਾਂਮ੍ਰਿਤ ਜੋਇ।
ਚਾਣਾਕਾ ਅਧਿਆਤਮੋ, ਵਿਚਾਰਮਾਲਾ ਸਮੋਇ।
੫. ਇਨ ਪਾਂਚੋ ਕੋ ਮੇਲ ਕੇ, 'ਪੰਚ ਗ੍ਰੰਥਾਵਲਿ' ਜਾਨ।
ਟੀਕਾ ਪਾਂਚਨ ਕਾ ਕਰੂੰ, ਬਖਸੋ ਪ੍ਰਭੁ ਬੁਧਿ ਦਾਨ।
੬. ਹੋਹੁ ਸਹਾਈ ਦਾਸ ਕੋ, ਸ੍ਰੀ ਸਤਿਗੁਰੁ ਮਹਾਰਾਜ।
ਟੀਕਾ ਪੰਚ ਗ੍ਰੰਥਾਵਲੀ, ਕਰੋ ਨ੍ਰਿਬਿਘਨ ਸੁਕਾਜ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

**ਦੋਹਰਾ**

**ਏਕੰਕਾਰਾ ਸਤਿਗੁਰੂ ਤਿਹਿ ਪ੍ਰਸਾਦਿ ਸਚੁ ਹੋਇ॥**
**ਵਾਹਿਗੁਰੂ ਜੀ ਕੀ ਫਤੇ ਵਿਘਨ ਵਿਨਾਸਨ ਸੋਇ॥੧॥**

# ਭੂਮਿਕਾ

ਇਸ ਗ੍ਰੰਥ ਦੀ ਭੂਮਿਕਾ ਸੰਖੇਪ ਨਾਲ ਲਿਖਦੇ ਹਾਂ। ਪੂਰੇ ਸੰਸਾਰ ਦੇ ਵਿਦਵਾਨ, ਦਾਨੇ ਪੁਰਸ਼ ਜਾਣਦੇ ਹਨ ਕਿ ਦੇਸ਼, ਧਰਮ ਦੀ ਉੱਨਤੀ ਲਈ ਦੇਸ਼ ਭਾਸ਼ਾ ਦਾ ਪ੍ਰਚਾਰ ਹੋਣਾ ਅਤਿ ਜ਼ਰੂਰੀ ਹੈ। ਇਸ ਮੰਤਵ ਨੂੰ ਪ੍ਰਮੁੱਖਤਾ ਦਿੰਦੇ ਹੋਏ ਗੁਰੂ ਨਾਨਕ ਸਾਹਿਬ ਜੀ ਨੇ ਨਿਰਮਲ ਪੰਥ ਦੀ ਸਿਰਜਣਾ ਕੀਤੀ। ਇਸ ਮੱਤ ਨੂੰ ਅਦ੍ਵੈਤ ਮੱਤ ਅਤੇ ਸਿੱਖ ਮੱਤ ਕਿਹਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਐਸੇ ਅਵਤਾਰੀ ਪੁਰਸ਼ ਸਨ ਜਿਨ੍ਹਾਂ ਨੇ ਆਪਣੀ ਲਿਪੀ ਤਿਆਰ ਕੀਤੀ, ਫਿਰ ਉਸੇ ਬਾਣੀ ਵਿਚ ਰੱਬੀ ਬਾਣੀ ਦਾ ਸੰਗੀਤ ਅਲਾਪਿਆ ਅਤੇ ਸੰਸਾਰ ਨੂੰ ਉਪਦੇਸ਼ ਬਖ਼ਸ਼ਿਆ। ਜੋ ਦੇਸ਼ ਬੋਲੀ ਸੀ, ਉਸਨੂੰ ਗੁਰਮੁਖੀ ਦਾ ਰੂਪ ਦੇ ਕੇ ਗੁਰਮੁਖੀ ਭਾਸ਼ਾ ਦਾ ਫੈਲਾਅ ਕੀਤਾ। ਕੁਝ ਵੀਰ ਇਹ ਗੱਲ ਕਹਿ ਦਿੰਦੇ ਹਨ ਕਿਉਂਕਿ ਕਈ ਗ੍ਰੰਥਾਂ ਵਿਚ ਵੀ ਲਿਖੀ ਮਿਲਦੀ ਹੈ ਕਿ ਗੁਰਮੁਖੀ ਲਿਪੀ ਗੁਰੂ ਅੰਗਦ ਦੇਵ ਜੀ ਦੀ ਬਣਾਈ ਹੋਈ ਹੈ। ਇਹ ਗੱਲ ਤਾਂ ਇਥੋਂ ਹੀ ਨਿਰਮੂਲ ਸਾਬਤ ਹੋ ਜਾਂਦੀ ਹੈ ਕਿ ਆਸਾ ਰਾਗ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਉਚਾਰਨ ਕੀਤੀ ਬਾਣੀ 'ਪੱਟੀ' ਲਿਖੀ ਹੋਈ ਹੈ। ਫਿਰ ਇਹ ਗੱਲ ਕਿਵੇਂ ਸਾਬਤ ਹੋ ਸਕੇਗੀ ਕਿ ਗੁਰੂ ਅੰਗਦ ਦੇਵ ਜੀ ਦੀ ਜੇ ਗੁਰਮੁਖੀ ਭਾਸ਼ਾ ਬਣਾਈ ਹੋਈ ਹੈ ਤਾਂ ਫਿਰ ਆਸਾ ਰਾਗ ਦੀ ਪੱਟੀ ਜੋ ਸਾਰੇ ਅੱਖਰਾਂ ਨਾਲ ਉਪਦੇਸ਼ ਹੈ, ਉਸਨੂੰ ਕੀ ਸਮਝਾਂਗੇ ? ਇਸ ਲਈ ਇਹ ਗੱਲ ਗ਼ਲਤ ਹੈ ਕਿ ਗੁਰਮੁਖੀ ਲਿਪੀ ਗੁਰੂ ਅੰਗਦ ਦੇਵ ਜੀ ਦੀ ਬਣਾਈ ਹੋਵੇ। ਇਹ ਗੱਲ ਸੱਚ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਭਾਸ਼ਾ ਵਿਚ ਲਗਾਂ ਮਾਤਰਾ ਦਾ ਸੁਧਾਰ ਕੀਤਾ। ਭਾਸ਼ਾ ਦੇ ਉਚਾਰਨ ਦਾ ਨਿਯਮ ਬੰਨ੍ਹਿਆ। ਜਿਥੇ ਵੀ ਇਸ ਭਾਸ਼ਾ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਕਾਲ ਵਿਚ ਉਚਾਰਨ ਕੀਤੀ ਹੋਈ ਬਾਣੀ ਆਪਣੀ ਬਣਾਈ ਭਾਸ਼ਾ ਵਿਚ ਦਰਜ ਕੀਤੀ ਜਦੋਂ ਕਿ ਸੰਸਾਰ ਦਾ ਇਤਿਹਾਸ ਪੜ੍ਹੀਏ ਤਾਂ ਰਾਮ, ਕ੍ਰਿਸ਼ਨ ਜੀ, ਈਸਾ ਮਸੀਹ, ਮੁਹੰਮਦ ਸਾਹਿਬ ਆਦਿ ਰਿਸ਼ੀ ਮੁਨੀ, ਸਿਧ ਨਾਥ ਬੜੇ ਬੜੇ ਅਚਾਰੀਆ ਹੋਏ ਹਨ ਸਭ ਨੇ ਪਹਿਲਾਂ ਰਚਿਤ ਭਾਸ਼ਾ ਭਾਵੇਂ ਸੰਸਕ੍ਰਿਤ ਸੀ ਭਾਵੇਂ ਅਰਬੀ, ਫ਼ਾਰਸੀ ਸੀ। ਉਸਦੇ ਵਿਚ ਹੀ ਆਪਣੇ ਪੈਰੋਕਾਰਾਂ ਨੂੰ ਉਪਦੇਸ਼ ਬਖ਼ਸ਼ਿਆ। ਕਿਉਂਕਿ ਸਾਰੀਆਂ ਭਾਸ਼ਾਵਾਂ ਵਿਚੋਂ ਗੁਰਮੁਖੀ ਭਾਸ਼ਾ ਅਜਿਹੀ ਹੈ ਜਿਸ ਵਿਚ ਅਧੂਰਾਪਨ ਨਹੀਂ। ਪਰ ਬਾਕੀ ਭਾਸ਼ਾਵਾਂ ਵਿਚ ਵਿਦਵਾਨਾਂ ਨੇ ਅਧੂਰਾਪਨ ਦਰਸਾਇਆ ਹੈ। ਪੂਰੇ ਪਰਮੇਸ਼ਰ ਦੀ ਗੱਲ ਪੂਰੇ ਗੁਰੂ ਨੇ ਪੂਰੀ ਭਾਸ਼ਾ ਵਿਚ ਆਰੰਭੀ। ਜਿਥੇ ਰੱਬੀ ਬਾਣੀ ਦਾ ਉਚਾਰਨ ਆਦਿ ਗੁਰੂ ਨਾਨਕ ਸਾਹਿਬ ਨੇ ਆਰੰਭਿਆ, ਉਥੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪੂਰੇ ਜੀਵਨ-ਕਾਲ ਦਾ ਇਤਿਹਾਸ ਭਾਈ ਬਾਲਾ ਜੀ ਤੋਂ ਸੁਣਨਾ ਆਰੰਭ ਕੀਤਾ ਅਤੇ ਭਾਈ ਪੈੜੇ ਮੋਖੇ ਤੋਂ ਗੁਰਮੁਖੀ ਭਾਸ਼ਾ ਵਿਚ ਲਿਖਾਉਣਾ ਸ਼ੁਰੂ ਕੀਤਾ। ਇਹ ਭਾਈ ਪੈੜਾ ਮੋਖਾ ਉਹ ਸੱਜਣ ਹੈ ਜਿਸ ਨੇ ਗੁਰਮੁਖੀ ਅੱਖਰ ਕਰਤਾਰਪੁਰ ਸਾਹਿਬ ਰਹਿ ਕੇ ਗੁਰੂ ਨਾਨਕ ਸਾਹਿਬ ਜੀ ਤੋਂ ਸਿੱਖੇ ਸਨ। ਸੋ, ਇਹ ਗੁਰਮੁਖੀ ਅੱਖਰ ਭਾਵ ਗੁਰਮੁਖੀ ਭਾਸ਼ਾ ਦਾ ਗੁਰੂ ਨਾਨਕ ਸਾਹਿਬ ਤੋਂ ਵਿਕਾਸ ਹੋਣਾ ਸ਼ੁਰੂ ਹੋਇਆ। ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਗੁਰਮਤਿ ਵਿਦਿਆਲਾ ਕਾਇਮ ਕੀਤਾ। ਇਸ ਤੋਂ ਬਾਅਦ ਤੀਜੇ ਜਾਮੇ ਵਿਚ ੨੨ ਮੰਜੀਆਂ ਕਾਇਮ ਕਰ ਕੇ ਅਤੇ ੭੨ ਪੀੜ੍ਹੇ ਬਖ਼ਸ਼ ਕੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਇਸ ਸਰਲ ਬੋਲੀ, ਮਾਂ-ਬੋਲੀ ਦਾ ਪ੍ਰਚਾਰ ਹੋਇਆ। ਫਿਰ ਚੌਥੇ ਜਾਮੇ ਵਿਚ ਇਸੇ ਵਿਚਾਰਧਾਰਾ ਨੂੰ ਅੱਗੇ ਤੋਰਿਆ। ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ ਬਾਬਾ ਮੋਹਨ ਜੀ ਸਨ। ਉਨ੍ਹਾਂ ਦਾ ਅੱਗੇ ਪੁੱਤਰ ਸੰਸ ਰਾਮ ਜੋ ਗੁਰਮੁਖੀ ਲਿਪੀ ਦਾ ਅੱਵਲ ਲਿਖਾਰੀ ਹੋਇਆ। ਜਿਸ ਨੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਲਿਖ ਕਰਕੇ ਪੋਥੀਆਂ ਰੂਪ ਵਿਚ ਸੰਭਾਲੀ। ਪੰਜਵੇਂ ਜਾਮੇ ਵਿਚ ਗੁਰੂ

ਅਰਜਨ ਦੇਵ ਜੀ ਮਹਾਰਾਜ ਨੇ ਗੋਇੰਦਵਾਲ ਸਾਹਿਬ ਤੋਂ ਇਹ ਪੋਥੀਆਂ ਲਿਆ ਕੇ ਸੰਸਾਰ ਦਾ ਵੱਡਾ ਕਾਰਜ ਧਰਮ ਰੂਪੀ ਬ੍ਰਿਛ ਦੀਆਂ ਜੜ੍ਹਾਂ ਦ੍ਰਿੜ੍ਹ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ੧੬੬੦ ਸੰਮਤ ਵਿਚ ਸੰਪਾਦਨਾ ਸ਼ੁਰੂ ਕੀਤੀ। ੧੬੬੧ ਸੰਮਤ ਬਿਕ੍ਰਮੀ ਭਾਦਰੋਂ ਸੁਦੀ ਏਕਮ ਨੂੰ ਪਹਿਲਾ ਪ੍ਰਕਾਸ਼ ਕਰ ਦਿੱਤਾ। ਜਿਸ ਤੋਂ ਗੁਰਮੁਖੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਆਰੰਭੇ ਹੋਏ। ਦੇਸ਼ ਭਾਸ਼ਾ ਨੂੰ ਹੋਰ ਬਲ ਮਿਲਿਆ। ਇਸ ਤੋਂ ਬਾਅਦ ਨੌਵੇਂ ਪਾਤਸ਼ਾਹ ਤਕ ਗੁਰੂ ਸਾਹਿਬਾਨ ਅਤੇ ਗੁਰੂ ਘਰ ਦੇ ਅਨੇਕਾਂ ਵਿਦਵਾਨਾਂ ਨੇ ਗੁਰੂ ਸਾਹਿਬ ਦਾ ਉਪਦੇਸ਼ ਲੋਕਾਂ ਤਕ ਪਹੁੰਚਾਇਆ। ਉਨ੍ਹਾਂ ਵਿਚ ਭਾਈ ਗੁਰਦਾਸ ਜੀ ਦੀ ਰਚਨਾ ਜੋ ਗੁਰਬਾਣੀ ਦੀ ਕੁੰਜੀ ਕਹੀ ਜਾਂਦੀ ਹੈ। ਗੁਰੂ ਸਾਹਿਬ ਜੀ ਨੇ ਹੁਕਮ ਕੀਤਾ ਸੀ ਕਿ **'ਜੋ ਬਾਣੀ ਗੁਰਦਾਸ ਕੀ ਗੁਰ ਮਹਿਮਾ ਭਾਰੀ; ਸਿਖੀ ਪ੍ਰਾਪਤ ਪਠਨ ਤੇ ਲੇਹੁ ਦੇਇ ਵਿਚਾਰੀ'।** ਇਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਨਾ ਇਸ ਭਾਸ਼ਾ ਦਾ ਪ੍ਰਚਾਰ ਨੌਂ ਜਾਮਿਆਂ ਵਿਚ ਹੋਇਆ, ਉਸ ਤੋਂ ਵਧੇਰੇ ਕਿਤੇ ਗੁਰੂ ਜੀ ਨੇ ਦਸਵੇਂ ਜਾਮੇ ਵਿਚ ਇਸ ਭਾਸ਼ਾ ਲਈ ਕੀਤਾ। ਫਿਰ ਇਸ ਭਾਸ਼ਾ ਵਿਚ ਐਸਾ ਮਹਾਨ ਕੰਮ ਕੀਤਾ ਕਿ ਦਮਦਮਾ ਸਾਹਿਬ ਵਿਖੇ ੧ੴ ਤੋਂ ਅਠਾਰਹ ਦਸ ਬੀਸ ਤਕ ਸਾਰੀ ਬਾਣੀ ਕੰਠੋਂ ਉਚਾਰਨ ਕੀਤੀ ਅਤੇ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਅੰਕਿਤ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕੀਤੀ। ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਰਚ ਕੇ ਗੁਰਬਾਣੀ ਦੇ ਅਰਥ ੪੮ ਸਿੰਘਾਂ ਨੂੰ ਪੜ੍ਹਾਏ। ਇਹ ਸਭ ਕਾਰਜ ਗੁਰਮੁਖੀ ਲਿਪੀ ਵਿਚ ਕਰ ਕੇ ਇਸ ਭਾਸ਼ਾ ਨੂੰ ਚਾਰ ਚੰਨ ਲਾਏ। ਇਸ ਤੋਂ ਪਹਿਲਾਂ ਆਪਣੀ ਰਸਨਾ ਤੋਂ **ਸ੍ਰੀ ਦਸਮ ਗ੍ਰੰਥ** ਦੀ ਰਚਨਾ ਕਰ ਕੇ ਅਤੇ ਉਸ ਵਿਚ ਵਿਸ਼ਨੂੰ ਜੀ ਦੇ ੨੪ ਅਵਤਾਰਾਂ, ਬ੍ਰਹਮਾ ਜੀ ਦੇ ੭ ਅਵਤਾਰ, ਸ਼ਿਵਜੀ ਦੇ ੧੧ ਅਵਤਾਰਾਂ ਦੀ ਕਥਾ ਦੇ ਨਾਲ ਖ਼ਾਲਸੇ ਵਿਚ ਸੂਰਬੀਰਤਾ ਭਰਨ ਲਈ ਜੰਗੀ ਯੋਧਿਆਂ, ਸੂਰਬੀਰਾਂ ਅਤੇ ਉਨ੍ਹਾਂ ਯੁੱਧਾਂ ਦਾ ਵਰਣਨ ਕੀਤਾ। ਫਿਰ ਆਪ ਜੀ ਨੇ ਹਜ਼ੂਰ ਸਾਹਿਬ ਵਿਖੇ **ਸ੍ਰੀ ਸਰਬ ਲੋਹ** ਗ੍ਰੰਥ ਦੀ ਰਚਨਾ ਕੀਤੀ। ਆਪ ਜੀ ਜਦੋਂ ਸਾਹਿੱਤਕ ਰਚਨਾ ਕਰਵਾ ਰਹੇ ਸਨ, ਉਹ ਕਾਰਜ ਕੀਤਾ ਜੋ ਅੱਜ ਤਕ ਕਿਸੇ ਤੋਂ ਵੀ ਨਹੀਂ ਹੋ ਸਕਿਆ। ਆਪ ਜੀ ਦੇ ਸਮੇਂ ਵੱਖਰੇ-ਵੱਖਰੇ ਭਾਸ਼ਾ ਦੇ ਗਿਆਨੀ ਸੰਸਕ੍ਰਿਤ, ਹਿੰਦੀ, ਅਰਬੀ, ਫ਼ਾਰਸੀ, ਉਰਦੂ ਆਦਿ ਦੀ ਜਾਣਕਾਰੀ ਰੱਖਣ ਵਾਲੇ ਵਿਦਵਾਨਾਂ ਦੀ ਬਹੁਤ ਭਰਮਾਰ ਰਹੀ। ਜਿਸ ਵਿਚ ੫੨ ਕਵੀ ਜਿਨ੍ਹਾਂ ਦੇ ਇਤਿਹਾਸ ਵਿਚ ਨਾਮ ਮਿਲਦੇ ਹਨ; ਉਨ੍ਹਾਂ ਸਾਰੇ ਵਿਦਵਾਨਾਂ ਦੀ ਇਕੱਤਰਤਾ ਵਿਚ ਵੱਖਰੇ-ਵੱਖਰੇ ਵਿਦਵਾਨਾਂ ਨੂੰ ਅਲੱਗ-ਅਲੱਗ ਕੰਮ ਦੇ ਕੇ ਭਾਰਤ ਵਰਸ਼ ਦੀ ਸਾਰੀ ਵਿਦਿਆ ਜਿਸਨੂੰ ਲੋਕ ਪੜ੍ਹਨ ਵਾਸਤੇ ਕਾਸ਼ੀ (ਬਾਰਾਨਸੀ) ਜਾਇਆ ਕਰਦੇ ਸਨ, ਉਸ ਵਿਦਿਆ ਦਾ ਕਬਜ਼ਾ ਇਕ ਵਰਗ ਕੇਵਲ ਬ੍ਰਾਹਮਣਾਂ ਕੋਲ ਸੀ। ਉਨ੍ਹਾਂ ਦੇ ਕਬਜ਼ੇ ਵਿਚੋਂ ਵਿਦਿਆ ਛੁਡਵਾ ਕੇ ਆਪ ਜੀ ਨੇ ਖ਼ੁਦ ਅਤੇ ਕਵੀਆਂ ਤੋਂ ਇਹ ਕਾਰਜ ਕਰਵਾਇਆ। ਚਾਰ ਵੇਦਾਂ ਦਾ ਅਨੁਵਾਦ :

੧. ਸ਼ਾਮ ਵੇਦ, ੨. ਯੁਜਰ ਵੇਦ, ੩. ਰਿਗਵੇਦ, ੪. ਅਥਰਬਣ ਵੇਦ

ਛੇ ਸ਼ਾਸਤਰ : ੧. ਸਾਂਖ, ੨. ਨਿਆਇ, ੩. ਪੂਰਬ ਮੀਮਾਂਸਾ, ੪. ਪਤੰਜਲ, ੫. ਵੇਦਾਂਤ, ੬. ਵਿਸ਼ੇਸ਼ਕ।

੨੭ ਸਿੰਮ੍ਰਿਤੀਆਂ, ੫੨ ਉਪਨਿਸ਼ਦਾਂ ਸਾਰੇ ਸੰਸਕ੍ਰਿਤ ਗ੍ਰੰਥਾਂ ਦਾ ਅਤੇ ਵੇਦਾਂ ਦਾ ਸਾਰ ਮੰਨੀ ਜਾ ਰਹੀ ਗੀਤਾ ਦੇ ੭੦੦ ਸਲੋਕਾਂ ਦਾ ਟੀਕਾ ਆਪ ਕੀਤਾ। ਪੰਜਾਬੀ ਵਿਚ ਹੀ ਮੂਲ ਪਾਠ ਅਤੇ ਅਰਥ ਕੀਤੇ। ਇਹ ਸਾਰੇ ਗ੍ਰੰਥ ਜੋ ਇਕ ਜਿਲਦ ਵਿਚ ਨਹੀਂ ਸਨ, ਬੱਝੇ ਪੱਤਰਿਆਂ ਦੇ ਰੂਪ ਵਿਚ ਮੁਕੰਮਲ ਕਰ ਦਿੱਤੇ ਸਨ। ਇਸ ਲਈ ਕਿ ਮੇਰੇ ਸਿੱਖ ਨੂੰ ਕੋਈ ਵੀ ਵਿਦਿਆ ਪੜ੍ਹਨ ਵਾਸਤੇ ਬ੍ਰਾਹਮਣਾਂ ਦੀ ਖ਼ੁਸ਼ਾਮਦੀ ਨਾ ਕਰਨੀ ਪਵੇ। ਇਸ ਗ੍ਰੰਥ ਦਾ ਨਾਂ ਗੁਰੂ ਸਾਹਿਬ ਨੇ **ਵਿਦਿਆ ਸਾਗਰ** ਰੱਖਿਆ। ਜਦੋਂ ਇਸਦਾ ਵਜ਼ਨ ਤੋਲਿਆ ਤਾਂ ੯ ਮਣ ਭਾਰ ਤੋਲ ਵਿਚ ਆਇਆ ਸੀ। ਸੋ ਸਾਡੀ ਇਸ ਉਪਰੋਕਤ ਗੱਲ ਦਾ ਭਾਵੇਂ ਪਾਠਕਾਂ ਨੂੰ ਪੜ੍ਹਨ ਲੱਗਿਆਂ ਇਹ ਮਹਿਸੂਸ ਹੋਵੇਗਾ ਕਿ ਗ੍ਰੰਥ ਦੀ ਉਥਾਨਕਾ ਵਿਚ ਇਨ੍ਹਾਂ ਗੱਲਾਂ ਦੀ ਕੀ ਲੋੜ ਸੀ। ਇਹ ਲੋੜ ਇਸ ਕਰਕੇ ਸੀ ਕਿ ਇਹ ਜਾਣਕਾਰੀ ਪਾਠਕ ਨੂੰ ਦਿੱਤੀ ਜਾਏ ਕਿ ਇਸ ਗ੍ਰੰਥ ਦਾ ਉਲਥਾ ਉਪਰੋਕਤ ਵਿਦਵਾਨਾਂ ਦੀ ਇਕ ਕੜੀ ਹੈ, ਜੋ ਭਾਸ਼ਾ ਦਾ ਉਨਵਾਦ ਗੁਰੂ ਜੀ ਦੇ ਹੁਕਮ ਵਿਚ ਕਰ ਰਹੇ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ੫੨ ਕਵੀਆਂ ਵਿਚੋਂ ਇਕ ਕਵੀ ਸੈਨਾਪਤਿ ਹੋਇਆ ਹੈ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਚਾਣਕਯ ਰਿਖੀ ਦਾ ਲਿਖਿਆ

ਨੀਤੀ ਦਾ ਗ੍ਰੰਥ ਜੋ ਸੰਸਕ੍ਰਿਤ ਵਿਚ ਸੀ, ਉਸਨੂੰ ਗੁਰਮੁਖੀ ਭਾਸ਼ਾ ਵਿਚ ਅਨੁਵਾਦ ਕੀਤਾ ਅਤੇ ਗੁਰਮੁਖੀ ਲਿਪੀ ਦਾ ਮਾਣ ਵਧਾਇਆ। ਜੈਸਾ ਕਿ :

**ਦੋਹਰਾ**
**ਗੁਰ ਗੋਬਿੰਦ ਕੀ ਸਭਾ ਮੈਂ ਲੇਖਕ ਪਰਮ ਸੁਜਾਨ**
**ਚਾਣਾਕਾ ਭਾਖਾ ਕੀਓ ਕਵਿ ਸੈਨਾਪਤਿ ਨਾਮ।**

ਸੋ ਜਦੋਂ ੧੭੬੧ ਬਿਕ੍ਰਮੀ ਸੰਮਤ ੬ ਅਤੇ ੭ ਪੋਹ ਦੀ ਰਾਤ ਨੂੰ ਗੁਰੂ ਜੀ ਨੇ ਆਨੰਦਪੁਰ ਸਾਹਿਬ ਛੱਡਿਆ, ਉਸ ਵੇਲੇ ਇਹ **ਵਿਦਿਆ ਸਾਗਰ** ਗ੍ਰੰਥ ਤੁਰਕਾਂ ਨੇ ਸਤਲੁਜ ਦੀ ਭੇਟ ਕਰ ਦਿੱਤਾ। ਕੁਝ ਗ੍ਰੰਥ ਫੂਕ ਦਿੱਤੇ। ਜੋ ਨਾ ਪੂਰਾ ਹੋਣ ਵਾਲਾ ਘਾਟਾ ਅਤੇ ਸਮਿਆਂ ਦੀ ਮਿਹਨਤ ਘੱਟੇ ਵਿਚ ਰੋਲ ਦਿੱਤੀ। ਜਿਹੜੀ ਰਚਨਾ ਦੇ ਉਤਾਰੇ ਪ੍ਰਚਾਰ ਵਾਸਤੇ ਗੁਰਸਿੱਖ ਲੈ ਕੇ ਚਲੇ ਗਏ ਸਨ, ਉਹ ਗ੍ਰੰਥ ਅੱਜ ਤਕ ਸਾਡੇ ਕੋਲ ਮੌਜੂਦ ਹਨ, ਜਿਸ ਵਿਚ ਨੀਤੀ ਦਾ ਉਪਦੇਸ਼ ਬਹੁਤਾ ਹੈ। ਧਰਮ ਦੀ ਦਵਾ ਵੀ ਨਾਲ ਨਾਲ ਦਿੱਤੀ ਗਈ ਹੈ। ਇਸ ਗ੍ਰੰਥ ਨੂੰ ਚਾਣਕਯ ਨੀਤੀ ਨਾਲ ਵੀ ਜਾਣਿਆ ਜਾਂਦਾ ਹੈ। ਚਾਣਕਯ ਨੀਤੀ ਦਾ ਪ੍ਰਭਾਵ ਅੱਜ ਤਕ ਹਿੰਦੁਸਤਾਨ ਦੇ ਰਾਜਨੀਤਕ ਲੋਕਾਂ ’ਤੇ ਹੈ। ਨੀਤੀ ਦੇ ਕੁਝ ਗ੍ਰੰਥ ਭਾਰਤ ਵਿਚ ਕੁਝ ਮਹਾਨ ਪੁਰਖਾਂ ਦੇ ਲਿਖੇ ਹੋਏ ਮਿਲਦੇ ਹਨ। ਲਿਖੇ ਤਾਂ ਭਾਵੇਂ ਹੋਰ ਵੀ ਬਹੁਤ ਸਾਰੇ ਲੋਕਾਂ ਦੇ ਹੋਣ, ਪਰ ਇਨ੍ਹਾਂ ਵਿਚ ਪ੍ਰਸਿੱਧੀ ਵਾਲੇ ਨੀਤੀ ਗ੍ਰੰਥ ਇਹ ਹਨ :

੧. **ਸ਼ੁਕਰਾਚਾਰੀਆ ਦੀ ਸ਼ੁਕਰ ਨੀਤੀ** : ਇਹ ਸ਼ੁਕਰਾਚਾਰੀਆ ਦੀ ਨੀਤੀ ਹੈ। ਇਹ ਰਾਖਸ਼ਾਂ ਦਾ ਗੁਰੂ ਸੀ। ਇਸ ਦੇ ੮੩੯ ਸਲੋਕ ਹਨ।

੨. **ਬਿਦਰ ਨੀਤੀ** : ਇਹ ਨੀਤੀ ਸਰਵ ਸ੍ਰੇਸ਼ਠ ਮੰਨੀ ਗਈ ਹੈ। ਯੁਧਿਸ਼ਟਰ ਨੇ ਇਹ ਨੀਤੀ ਬਿਦਰ ਤੋਂ ਪੜ੍ਹੀ ਸੀ। ਇਸ ਕਰਕੇ ਦੋਵਾਂ ਨੂੰ ਇਕ ਜਾਣਨਾ। ਸਲੋਕ—੫੮੮+੬ (ਦਾਖਸ਼ਿਨਾਤਯ-ਇਹ ਛੇ ਸਲੋਕ ਦੱਖਸ਼ਣਾ ਵਿਚ ਮੰਨੇ ਜਾਂਦੇ ਹਨ ਕੁਲ—੫੯੪)।

੩. **ਭਰਥ ਨੀਤੀ** : ਸਲੋਕ ੧੦੦ ਜਿਸ ਵਿਚ ੨+੨ ਸਲੋਕ ਜੁੜੇ ਆਉਂਦੇ ਹਨ। ਇਹ ਜੁੜਵੇਂ ੫ ਸਲੋਕ ਆਉਂਦੇ ਹਨ। ਕਈਆਂ ਵਿਦਵਾਨਾਂ ਜੁੜਵੇਂ ਸਲੋਕਾਂ ਨੂੰ ਵੱਖਰੇ ਕਰਕੇ ਗਿਣਤੀ ਮੰਨ ਲਈ ਹੈ। ਜਿਸ ਕਰਕੇ ਉਨ੍ਹਾਂ ੧੧੦ ਮੰਨ ਲਏ ਹਨ, ਪਰ ਸੰਸਕ੍ਰਿਤੀ ਸਲੋਕ ੧੦੦ ਹੀ ਹਨ।

੪. **ਸ਼ੁਕਨੀ ਦੀ ਨੀਤੀ** : ਜੋ ਨਿਰੀ ਝੂਠ ਫ਼ਰੇਬ ਦੀ ਭਰੀ ਹੋਈ ਹੈ। ਦੂਸਰੇ ਸ਼ਬਦਾਂ ਵਿਚ ਇਸਨੂੰ ਕੁਟਲ ਨੀਤੀ ਕਿਹਾ ਗਿਆ ਹੈ।

੫. **ਚਾਣਕਯ ਨੀਤੀ** : ਇਹ ਕੁਝ ਭਾਰਤ ਵਿਚ ਨੀਤੀ ਦੇ ਪ੍ਰਸਿੱਧ ਗ੍ਰੰਥ ਹਨ। ਜਿਨ੍ਹਾਂ ਦੀ ਆਪਣੀ-ਆਪਣੀ ਥਾਂ ’ਤੇ ਵਿਦਵਾਨਾਂ ਵਿਚ ਮਹਾਨਤਾ ਹੈ। ਪਰ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਇਨ੍ਹਾਂ ਨੀਤੀਆਂ ਵਿਚ ਚਾਣਕਯ ਨੀਤੀ ਪਸੰਦ ਆਈ, ਜਿਸ ਕਰਕੇ ਮਹਾਰਾਜ ਜੀ ਨੇ ਕਵੀ ਸੈਨਾਪਤਿ ਤੋਂ ਸੰਸਕ੍ਰਿਤ ਤੋਂ ਪੰਜਾਬੀ ਵਿਚ ਉਲੱਥਾ ਕਰਵਾਇਆ। ਹੁਣ ਇਸਦਾ ਟੀਕਾ ਸਰਲ ਭਾਸ਼ਾ ਵਿਚ ਸਰਲ ਸ਼ਬਦਾਂ ਵਿਚ ਕੀਤਾ ਹੈ, ਤਾਂ ਜੋ ਅਣਜਾਣ ਤੋਂ ਅਣਜਾਣ ਨੂੰ ਵੀ ਸਮਝ ਪੈ ਸਕੇ। ਮੂਲ ਤੁਕ ਨੂੰ ਮੋਟੇ ਅੱਖਰਾਂ ਵਿਚ ਰੱਖ ਕੇ ਇਸਦੇ ਅਰਥਾਂ ਨੂੰ ਅਜਿਹੀ ਲੜੀ ਵਿਚ ਪਰੋਣ ਦਾ ਯਤਨ ਕੀਤਾ ਹੈ ਕਿ ਔਖੇ ਪਦ ਦਾ ਅਰਥ ਵੱਖਰਾ ਭੀ ਦਿਸੇ ਤੇ ਅਰਥਾਂ ਦੀ ਲੜੀ ਤੋਂ ਟੁੱਟੇ ਵੀ ਨਾ ਇਸ ਤਰ੍ਹਾਂ ਦਾ ਜਤਨ ਕੀਤਾ ਗਿਆ ਹੈ ਅਤੇ ਅਰਥ ਭੀ ਜੋ ਦਮਦਮੀ ਟਕਸਾਲ ਵਿਚੋਂ ਪ੍ਰਾਪਤ ਹੋਏ। ਦਾਸ ਆਪਣੀ ਤੁੱਛ ਬੁੱਧੀ ਅਨੁਸਾਰ ਲਿਖ ਰਿਹਾ ਹੈ ਤਾਂ ਕਿ ਜਿਹੜੇ ਵਿਦਿਆਰਥੀ ਦੂਰ-ਦੁਰਾਡੇ ਬੈਠੇ ਸੰਪ੍ਰਦਾਇ ਦੀ ਇਸ ਵਿਦਿਆ ਨਾਲ ਜੁੜਨਾ ਚਾਹੁੰਦੇ ਸਨ, ਉਨ੍ਹਾਂ ਦੀ ਪ੍ਰੇਰਨਾ ਸ੍ਰੋਤ ਲੈ ਕੇ ਪੰਜ ਗ੍ਰੰਥਾਂ ਦਾ ਟੀਕਾ ਇਕੋ ਜਿਲਦ ਵਿਚ ਕੀਤਾ ਹੈ। ਉਹ ਗ੍ਰੰਥ ਇਹ ਹਨ :

੧. ਚਾਣਕਯ ਨੀਤੀ ੨. ਸਾਰੁਕਤਾਵਲੀ, ੩. ਭਾਵਰਸਾਂਮ੍ਰਿਤ, ੪. ਵਿਚਾਰ ਮਾਲਾ, ੫. ਅਧਯਾਤਮ ਪ੍ਰਕਾਸ਼।

ਸੋ ਇਨ੍ਹਾਂ ਵਿਚ ਜੋ ਚਾਣਕਯ ਨੀਤੀ ਹੈ, ਇਸਦਾ ਟੀਕਾ ਪਹਿਲਾਂ ਲਿਖਦੇ ਹਾਂ। ਉਪਰੋਕਤ ਦਿੱਤੀ ਹੋਈ ਵੀਚਾਰ ਵਿਚ ਇਹ ਨੀਤੀਕ ਗ੍ਰੰਥਾਂ ਵਿਚ ਜੋ ਸ਼ੁਕਨੀ ਦੀ ਨੀਤੀ ਹੈ ਉਹ ਭਾਵੇਂ ਲਿਖਤ ਰੂਪ ਵਿਚ ਨਹੀਂ ਬਾਕੀ ਨੀਤੀਆਂ ਦੇ ਗ੍ਰੰਥ ਪ੍ਰਾਪਤ ਹਨ। ਪਰ ਮਹਾਂਭਾਰਤ ਦੇ ਘੋਰ ਸੰਗ੍ਰਾਮ ਵਿਚ ਸ਼ੁਕਨੀ ਦੀ ਨੀਤੀ ਇਤਿਹਾਸ ਰੂਪ ਵਿਚ ਉਸ ਦੇ ਆਪ ਦੇ ਸ਼ਬਦਾਂ ਵਿਚ ਸਪੱਸ਼ਟ ਹੈ।

ਨੀਤੀ ਤਿੰਨ ਪ੍ਰਕਾਰ ਦੀ ਹੁੰਦੀ ਹੈ :

੧. **ਧਰਮ ਨੀਤੀ** : ਧਰਮ ਨੀਤੀ ਵਾਲੇ ਧਰਮਾਤਮਾ ਰਾਜੇ ਜਾਂ ਆਮ ਵਿਅਕਤੀ। ਉਹ ਇਸ ਨੀਤੀ ਦਾ ਤਿਆਗ ਨਹੀਂ ਕਰਦੇ, ਭਾਵੇਂ ਉਨ੍ਹਾਂ ਨੂੰ ਆਪਣਾ ਸਭ ਕੁਝ ਤਿਆਗਣਾ ਪਵੇ। ਧਰਮ ਨੀਤੀ ਵਿਚ ਆਪਣਾ ਵਿਗਾੜ ਕੇ ਦੂਸਰਿਆਂ ਦਾ ਭਲਾ ਕਰਨ ਦੀ ਸਾਂਝ ਹੁੰਦੀ ਹੈ। ਜੈਸਾ ਕਿ :

**ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥** *(ਗੋਂਡ, ਅੰਗ ੮੭੫)*

੨. **ਰਾਜਨੀਤੀ** : ਰਾਜ ਕਰਨ ਦਾ ਉਹ ਸ੍ਰੇਸ਼ਟ ਤਰੀਕਾ ਜਿਸ ਵਿਚ ਰਾਜ ਦੀ ਵ੍ਰਿਧੀ ਹੋਵੇ। ਆਪਣਾ ਨੁਕਸਾਨ ਕਰੇ ਬਿਨਾਂ ਦੂਸਰੇ ਦਾ ਭਲਾ ਹੋਵੇ। ਅਜਿਹੀ ਨੀਤੀ ਨੂੰ ਰਾਜਨੀਤੀ ਕਿਹਾ ਜਾਂਦਾ ਹੈ ਅਤੇ ਨੁਕਸਾਨ ਕਿਸੇ ਦਾ ਵੀ ਨਾ ਹੋਵੇ, ਜੋ ਜਨ ਸਮੁਦਾਇ ਲਈ ਲਾਭਦਾਇਕ ਹੈ।

੩. **ਕੁਟਲ ਨੀਤੀ** : ਅਸਲ ਵਿਚ ਇਹੀ ਸ਼ੁਕਨੀ ਦੀ ਨੀਤੀ ਸੀ। ਛਲ, ਫ਼ਰੇਬ, ਧੋਖੇ ਦੇ ਨਾਲ ਕਪਟ ਦੀ ਭਰੀ ਹੋਈ ਵਿਚਾਰ ਅਤੇ ਕਰਤੱਬ ਰਾਹੀਂ ਦੂਸਰੇ ਦਾ ਨੁਕਸਾਨ ਕਰਕੇ ਆਪਣੇ ਫ਼ਾਇਦੇ ਦੀ ਭਾਵਨਾ ਹੋਵੇ, ਉਸਨੂੰ ਕੁਟਲ ਨੀਤੀ ਕਿਹਾ ਜਾਂਦਾ ਹੈ। ਸੰਸਾਰ ਵਿਚ ਅੱਜ ਇਸ ਨੀਤੀ ਦੀ ਪ੍ਰਧਾਨਤਾ ਹੈ। ਸੋ ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਧਰਮ ਨੀਤੀ ਸਿਖਾਈ ਹੈ। ਧਰਮ ਨੀਤੀ ਸਿਖਾਉਣ ਲਈ ਕਵੀ ਸੈਨਾਪਤਿ ਤੋਂ ਇਹ ਗ੍ਰੰਥ ਦਾ ਉੱਲਥਾ ਸੰਸਕ੍ਰਿਤ ਤੋਂ ਗੁਰਮੁਖੀ ਲਿਪੀ ਵਿਚ ਕਰਵਾਇਆ। ਇਸ ਗ੍ਰੰਥ ਦੀ ਭੂਮਿਕਾ ਇਥੇ ਸਮਾਪਤ ਕੀਤੀ ਜਾਂਦੀ ਹੈ।

ਦਾਸ ਨੇ ਜੋ ਅੱਖਰ ਵਿਦਿਆ ਦਾਤੇ ਮਹਾਂਪੁਰਸ਼ਾਂ ਤੋਂ ਪੜ੍ਹੇ ਤੇ ਉਨ੍ਹਾਂ ਨੂੰ ਅੱਗੇ ਟੀਕੇ ਦਾ ਰੂਪ ਦੇ ਕੇ ਕਥਾਵਾਚਕਾਂ ਤੇ ਪ੍ਰਚਾਰਕਾਂ ਦੀ ਸੇਵਾ ਦੇ ਮਨੋਰਥ ਨਾਲ ਇਹ ਕਾਰਜ ਹੋਇਆ ਹੈ। ਇਹ ਕਾਰਜ ਕਲਗ਼ੀਧਰ ਪਾਤਸ਼ਾਹ ਨੇ ਆਪ ਹੀ ਆਪਣੀ ਕਿਰਪਾ ਦ੍ਰਿਸ਼ਟੀ ਦੁਆਰਾ ਕਰਵਾ ਲਿਆ ਹੈ। ਮੈਂ ਆਪਣੇ ਵਿਦਿਆਰਥੀ ਦਾ ਵੀ ਧੰਨਵਾਦ ਕਰਦਾ ਹਾਂ, ਜਿਸ ਨੇ ਜਥੇ ਵਿਚ ਰਹਿ ਕੇ ਕਈ ਸਾਲ ਵਿਦਿਆ ਪੜ੍ਹੀ। ਜਾਪਤਾ ਪੂਰਾ ਨਹੀਂ ਕੀਤਾ। ਬੜੀ ਬਾਰੀਕੀ ਨਾਲ ਵਿਦਿਆ ਪੜ੍ਹੀ ਅਤੇ 'ਗੁਰਬਾਣੀ ਅਰਥ ਭੰਡਾਰ' ਵਿਚ ਵੀ ਸਹਾਇਕ ਦੇ ਤੌਰ 'ਤੇ ਜ਼ਿੰਮੇਵਾਰੀ ਨਿਭਾ ਚੁੱਕੇ ਗਿਆਨੀ ਜਗਤਾਰ ਸਿੰਘ ਜੀ ਅਭਿਆਸੀ ਜਿਨ੍ਹਾਂ ਨੇ ਇਹ ਪੰਜੇ ਗ੍ਰੰਥਾਂ ਦੇ ਅਰਥ ਲਿਖਣ ਵਿਚ ਸਹਾਇਕ ਦੇ ਤੌਰ 'ਤੇ ਮਿਹਨਤ ਕੀਤੀ ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ, ਅੰਤ ਵਿਚ ਵਿਦਵਾਨਾਂ ਨੂੰ ਸਨਿਮਰ ਬੇਨਤੀ ਹੈ ਕਿ ਇਹ ਪੰਜੇ ਗ੍ਰੰਥਾਂ ਦਾ ਸਟੀਕ ਅਨਜਾਣ ਵਿਦਿਆਰਥੀਆਂ ਨੂੰ ਪ੍ਰਚਾਰਕ ਬਣਾਉਣ ਦੀ ਸਹਾਇਤਾ ਵਜੋਂ ਲਿਖਿਆ ਗਿਆ ਹੈ, ਜੋ ਦੂਰ-ਦੁਰੇਡੇ ਸਟੀਕ ਤੋਂ ਲਾਭ ਉਠਾਉਣ ਅਤੇ ਵਿਦਵਾਨ ਬਣਨ। ਵਿਦਵਾਨ ਸੱਜਣਾਂ ਦੇ ਲਈ ਇਹ ਬੱਚਿਆਂ ਵਾਲੀ ਬਾਤ ਹੋਵੇਗੀ। ਉਹ ਜਿੱਥੇ ਵੀ ਕਮੀ ਦੇਖਣ ਤਾਂ ਲਿਖ ਕੇ ਭੇਜਣ ਤਾਂ ਕਿ ਅਗਲੀ ਐਡੀਸ਼ਨ ਵਿਚ ਕਮੀਆਂ ਦੂਰ ਹੋ ਸਕਣ। ਅਖ਼ੀਰ ਵਿਚ ਗੁਰੂ ਮਾਤਾ, ਮਾਤਾ ਗੁਜਰ ਕੌਰ, ਅਮਰ ਸ਼ਹੀਦ ਬਾਬਾ ਫਤਹਿ ਸਿੰਘ, ਬਾਬਾ ਜ਼ੋਰਾਵਰ ਸਿੰਘ ਜਿਨ੍ਹਾਂ ਦੇ ਓਟ ਆਸਰੇ ਵਿਚ ਰਹਿ ਕੇ ਪੰਜੇ ਗ੍ਰੰਥਾਂ ਦਾ ਸਟੀਕ ਤਿਆਰ ਹੋਇਆ ਹੈ। ਇਸ ਵਿਚ ਪੰਜ ਗ੍ਰੰਥ ਹੋਣ ਕਰਕੇ ਇਸਦਾ ਨਾਂ ਪੰਚ ਗ੍ਰੰਥਾਵਲੀ ਸਟੀਕ ਰੱਖਿਆ ਹੈ।

*ਦਾਸਨਿ ਦਾਸ—*
**ਹਰੀ ਸਿੰਘ**
ਗੁਰਮਤਿ ਵਿਦਿਆਲਾ
ਜੱਥਾ ਰੰਧਾਵਾ, ਸੰਪ੍ਰਦਾ ਦਮਦਮੀ ਟਕਸਾਲ

# ਚਾਣਕਯ ਨੀਤੀ

# ਚਾਣਕਯ ਨੀਤੀ

## ਉਥਾਨਕਾ

**ਜੀਵਨ ਚਰਿੱਤਰ ਚਾਣਕਯ ਰਿਸ਼ੀ** : ਚਾਣਕਯ ਰਿਸ਼ੀ ਮਗਧ ਦੇਸ਼ ਜਿਸਨੂੰ ਅੱਜ-ਕੱਲ੍ਹ 'ਬਿਹਾਰ' ਕਿਹਾ ਜਾਂਦਾ ਹੈ, ਇਸ ਵਿਚ ਪੈਦਾ ਹੋਇਆ। ਇਸ ਮਹਾਨ ਪੁਰਖ ਦੀ ਜਨਮ ਤਾਰੀਕ ਲੱਭਣੀ ਅਸੰਭਵ ਗੱਲ ਹੈ ਪਰ ਅਨੁਮਾਨ ਨਾਲ ਇਨ੍ਹਾਂ ਦੇ ਜਨਮ ਦਾ ਪਤਾ ਇਉਂ ਲੱਗਦਾ ਹੈ ਕਿ ਜਦੋਂ ਸਿਕੰਦਰ ਆਜ਼ਮ ਨੇ ਹਿੰਦੁਸਤਾਨ 'ਤੇ ਚੜ੍ਹਾਈ ਕੀਤੀ ਤਾਂ ਇਹ ਉਸ ਤੋਂ ਕੁਝ ਸਮਾਂ ਪਹਿਲਾਂ ਜਿਸਨੂੰ ੨੩੦੦ ਵਰ੍ਹੇ ਤੋਂ ਉੱਪਰ ਹੋ ਚੁੱਕੇ ਹਨ; ਬ੍ਰਾਹਮਣਾਂ ਦੀ ਵੰਸ਼ ਵਿਚ ਪੈਦਾ ਹੋਇਆ। ਆਪਣੀ ਬਾਲ ਅਵਸਥਾ ਸਮਾਪਤ ਕਰ ਕੇ ਬ੍ਰਹਮਚਾਰੀ ਰੂਪ ਵਿਚ ਕਾਸ਼ੀ ਪੜ੍ਹੇ। ਜਿਸ ਵਿਚ ਆਪ ਵੈਦਿਕ, ਗਣਿਤ ਵਿਦਿਆ, ਰਸਾਇਣ ਵਿਦਿਆ, ਜੋਤਿਸ਼ ਵਿਦਿਆ, ਵਿਆਕਰਣ, ਪਿੰਗਲ ਅਤੇ ਵੇਦ ਵੇਦਾਂਤ ਪੜ੍ਹ ਕੇ ਮਹਾਨ ਵਿਦਵਾਨ ਬਣ ਗਏ। ਇਨ੍ਹਾਂ ਨੂੰ ਜੋ ਮਾਤਾ-ਪਿਤਾ ਤੋਂ ਸਰੀਰ ਪ੍ਰਾਪਤ ਹੋਇਆ ਉਹ ਰੰਗ ਰੂਪ ਵਿਚ ਕੋਈ ਸੁੰਦਰਤਾ ਵਾਲਾ ਨਹੀਂ ਸੀ। ਰੰਗ ਕਾਲਾ ਸੀ, ਫਿਰ ਨਾ ਹੀ ਕਿਸੀ ਪ੍ਰਸਿੱਧੀ ਵਾਲੇ ਬ੍ਰਾਹਮਣ ਦੇ ਪੁੱਤਰ ਸਨ। ਇਕ ਸਾਧਾਰਨ ਜਿਹੇ ਬ੍ਰਾਹਮਣ ਦੇ ਘਰ ਜਨਮੇ ਸੀ। ਪਰ ਆਪਣੀ ਰਾਜਨੀਤੀ ਅਤੇ ਵਿਦਿਆ ਦੇ ਬਲ ਨਾਲ ਬੜੇ ਪ੍ਰਸਿੱਧੀ ਵਾਲੇ ਬ੍ਰਾਹਮਣਾਂ ਤੋਂ ਵੀ ਅੱਗੇ ਲੰਘ ਗਏ। ਇਸ ਰਾਜਨੀਤੀ ਨਾਲ ਇਨ੍ਹਾਂ ਨੇ ਨੌਂ ਨੰਦਾਂ ਨੂੰ ਮਰਵਾ ਕੇ ਚੰਦਰਗੁਪਤ ਮੌਰੀਆ ਨੂੰ ਰਾਜ ਤਿਲਕ ਦਿਵਾ ਕੇ ਫਿਰ ਉਸੇ ਰਾਜ ਦੇ ਪ੍ਰਧਾਨ ਮੰਤਰੀ ਬਣੇ। ਇਹ ਚੰਦਰਗੁਪਤ ਮੌਰੀਆ ਇਕ ਨੈਣ ਦਾ ਪੁੱਤਰ ਸੀ, ਜਿਸਨੂੰ ਇਸ ਨੇ ਰਾਜ ਗੱਦੀ ਦਿਵਾਈ। ਕਿਵੇਂ ਦਿਵਾਈ ਇਸਦਾ ਵੇਰਵਾ ਅੱਗੇ ਲਿਖਦੇ ਹਾਂ। ਪੰਜ ਹਜ਼ਾਰ ਵਰਸ਼ ਤੋਂ ਵੀ ਪਹਿਲਾਂ ਭਾਰਤ ਵਿਚ ਇਕ ਰਾਜਾ ਜਿਸਦਾ ਨਾਂ ਮਗਧ ਸੀ, ਜਰਾਸੰਧ ਆਦਿਕ ਪੂਰਵ ਵੰਸ਼ੀ ਪ੍ਰਸਿੱਧ ਰਾਜੇ ਇਥੇ ਹੋਏ ਹਨ। ਜਿਸਦੀ ਰਾਜਧਾਨੀ ਪਾਟਲੀਪੁੱਤਰ ਜਾਂ ਪੁਸ਼ਪਪੁਰੀ ਜਾਂ ਪਦਮਪੁਰੀ ਜਾਂ ਕੁਸਮਪੁਰੀ ਆਦਿਕ ਇਕ ਦੇ ਹੀ ਨਾਮ ਹਨ, ਪਰ ਅੱਜ-ਕੱਲ੍ਹ ਇਸਨੂੰ ਪਟਨਾ ਸ਼ਹਿਰ, ਬਿਹਾਰ ਦੇ ਲੋਕ ਕਹਿੰਦੇ ਹਨ। ਕਾਗ਼ਜ਼ਾਂ ਵਿਚ ਭਾਵੇਂ ਕੁਝ ਵੀ ਹੋਵੇ। ਪਰ ਹਰ ਇਕ ਸਿੱਖ ਸ਼ਰਧਾਲੂ ਦੇ ਹਿਰਦੇ ਉੱਤੇ ਪਟਨਾ ਸਾਹਿਬ ਹੈ, ਜਿਥੇ ਕਲਗ਼ੀਧਰ ਪਾਤਸ਼ਾਹ ਦਾ ਅਵਤਾਰ ਹੋਇਆ। ਜੋ ਜਰਾਸੰਧ ਦੀ ਵੰਸ਼ ਪੂਰਵਵੰਸ਼ੀ ਰਾਜੇ ਸਨ। ਉਨ੍ਹਾਂ ਨੂੰ ਮਗਧ ਦੇਸ਼ ਵਿੱਚੋਂ ਕੱਢ ਕੇ ਨੰਦ ਵੰਸ਼ ਨੇ ਮਗਧ ਦੇਸ਼ 'ਤੇ ਆਪਣਾ ਰਾਜ ਸਥਾਪਿਤ ਕੀਤਾ, ਪੀੜ੍ਹੀ ਦਰ ਪੀੜ੍ਹੀ ੧੩੮ ਵਰਸ਼ ਤਕ ਰਾਜ ਕੀਤਾ। ਇਸ ਵੰਸ਼ ਵਿਚ ਮਹਾਰਾਜਾ ਪਦਮ ਨੰਦ ਹੋਇਆ, ਜਿਸਦਾ ਪ੍ਰਤਾਪ ਸਾਰੇ ਭਾਰਤ ਵਿਚ ਛਾ ਗਿਆ। ਉਸ ਸਮੇਂ ਇਸਦੇ ਬਰਾਬਰ ਦਾ ਕੋਈ ਰਾਜਾ ਨਹੀਂ ਸੀ, ਜਿਸ ਕਰਕੇ ਇਹ ਰਾਜਾ ਹਉਮੈ ਦਾ ਏਨਾ ਸ਼ਿਕਾਰ ਹੋ ਗਿਆ ਕਿ ਛੋਟੇ ਵੱਡੇ ਰਾਜਿਆਂ ਨੂੰ ਆਮ ਬੰਦਿਆਂ ਦੀ ਤਰ੍ਹਾਂ ਸਮਝ ਕੇ ਨਿਰਾਦਰ ਕਰਨ ਲੱਗਾ। ਇਸਦੀ ਪ੍ਰਾਲੱਬਧ ਵਿਚ ਜਿਥੇ ਏਨਾ ਵੱਡਾ ਰਾਜ ਲਿਖਿਆ ਹੋਇਆ ਸੀ। ਉਥੇ ਪਰਜਾ ਵਿਚ ਇਸਦੇ ਰਾਜ ਦੀ ਸ਼ਲਾਘਾ ਸੀ। ਪਰ ਇਸਦੇ ਕ੍ਰੋਪੀ ਤੇ ਅਸ਼ਾਂਤ ਸੁਭਾਅ ਦੀ ਚਰਚਾ ਵੀ ਸੀ। ਅਸ਼ਾਂਤ ਸੁਭਾਅ ਹੋਣ ਕਰਕੇ ਨਿੱਕੀ ਨਿੱਕੀ ਗੱਲ ਕਾਰਨ ਮੰਤਰੀਆਂ ਤੇ ਅਹਿਲਕਾਰਾਂ ਨਾਲ ਗ਼ੁੱਸੇ ਹੋ ਜਾਇਆ ਕਰਦਾ ਸੀ। ਕਈ ਬੇਗੁਨਾਹਾਂ ਨੂੰ ਇਸਨੇ ਜੇਲ੍ਹ ਵਿਚ ਸੁੱਟਿਆ। ਕਈਆਂ ਨੂੰ ਵੱਡੀਆਂ ਸਜ਼ਾਵਾਂ ਵੀ ਦਿੱਤੀਆਂ। ਮਹਾਰਾਜਾ ਪਦਮ ਨੰਦ ਦੇ ਦੋ ਮੰਤਰੀ ਸਨ। ਪ੍ਰਧਾਨ ਮੰਤਰੀ ਦਾ ਨਾਂ 'ਸਿਕਟਾਰ' ਤੇ ਦੂਜੇ ਦੇ ਨਾਂ 'ਰਾਖਸ਼ਸ਼' ਸੀ। ਸਿਕਟਾਰ ਜਾਤੀ ਦਾ ਸ਼ੂਦਰ ਤੇ ਰਾਖਸ਼ਸ਼ ਬ੍ਰਾਹਮਣ ਸੀ। ਪਰ ਦੋਵੇਂ ਬਹੁਤ ਬੁੱਧੀਮਾਨ ਸਨ। ਇਕ ਦਿਨ ਕਿਸੇ ਮਾਮੂਲੀ ਗੱਲ ਤੋਂ ਮਹਾਰਾਜਾ ਪਦਮ ਨੰਦ ਸਿਕਟਾਰ ਉੱਤੇ ਕ੍ਰੋਧਿਤ ਹੋ ਗਿਆ। ਉਸਨੂੰ

ਪਰਿਵਾਰ ਸਮੇਤ ਕੈਦ ਕਰ ਦਿੱਤਾ ਅਤੇ ਸਜ਼ਾ ਵੀ ਐਸੀ ਦਿੱਤੀ ਕਿ ਪੇਟ ਭਰਨ ਨੂੰ ਰੱਜਵੀਂ ਰੋਟੀ ਵੀ ਪ੍ਰਾਪਤ ਨਹੀਂ ਹੁੰਦੀ ਸੀ। ਪਰਿਵਾਰ ਨੂੰ ਦੋ ਸੇਰ ਜੌਆਂ ਦਾ ਆਟਾ ਮਿਲਦਾ। ਇਸ ਰਾਜੇ ਦੇ ਕ੍ਰੋਧੀ ਸੁਭਾਅ ਨੇ ਜਿਥੇ ਇਹ ਚਮਤਕਾਰ ਦਿਖਾਇਆ ਕਿ ਸਿਕਟਾਰ ਵਰਗੇ ਸੱਜਣ ਨੂੰ ਮਾਮੂਲੀ ਗੱਲ 'ਤੇ ਕੈਦ ਕਰ ਦਿੱਤਾ। ਉਥੇ ਇਕ ਦਿਨ ਆਪਣੇ ਕ੍ਰੋਧੀ ਸੁਭਾਅ ਅਧੀਨ ਹੋ ਕੇ ਆਪਣੀ ਵਫ਼ਾਦਾਰ ਬਿਚਖਣਾ ਦਾਸੀ 'ਤੇ ਕ੍ਰੋਧਵਾਨ ਹੋ ਗਿਆ। ਉਸ ਸਮੇਂ ਇਸਤਰੀ ਦੀ ਮਾਨਸਿਕ ਦਸ਼ਾ ਅੱਜ ਵਰਗੀ ਔਰਤ ਤੁੱਲ ਨਹੀਂ ਸੀ। ਕਿਉਂਕਿ ਗੁਰੂ ਨਾਨਕ ਸਾਹਿਬ ਦੀ ਸਾਡੇ ਦੇਸ਼ ਉੱਤੇ ਕਿਰਪਾ ਹੋਈ, ਸ਼ੂਦਰ ਜਾਤੀ ਦੀ ਘਿਰਣਾ ਤੇ ਔਰਤ ਜਾਤੀ ਦਾ ਅਪਮਾਨ ਦੂਰ ਕਰਨ ਲਈ ਪ੍ਰਚਾਰ ਆਰੰਭਿਆ ਤੇ ਦਸ ਜਾਮਿਆਂ ਵਿਚ ਪ੍ਰਚਾਰਿਆ। ਅੱਗੇ ਸਿੱਖਾਂ ਨੇ ਇਸੇ ਪ੍ਰੰਪਰਾ ਨੂੰ ਕਾਇਮ ਰੱਖਿਆ। ਔਰਤਾਂ ਦੀ ਜਾਤੀ ਕੁੱਖੋਂ ਬੜੇ ਸੂਰਬੀਰ ਤੇ ਸਤਿਕਾਰਯੋਗ ਹਸਤੀਆਂ ਪੈਦਾ ਹੋਈਆਂ, ਜੋ ਸਵਾ ਸਵਾ ਮਣ ਚੱਕੀ ਪੀਸਦੀਆਂ ਸਨ। ਬੱਚਿਆਂ ਦੇ ਹਾਰ ਗਲਾਂ ਵਿਚ ਪੁਆਉਂਦੀਆਂ ਸਨ, ਫਿਰ ਵੀ ਉਹ ਉਦਾਸ ਨਹੀਂ ਸਨ। ਸਿੱਖ ਕੌਮ ਦੀ ਕੁਰਬਾਨੀ ਨਾਲ ਦੇਸ਼ ਨੂੰ ਆਜ਼ਾਦੀ ਮਿਲੀ ਔਰਤ ਨੂੰ ਬਰਾਬਰ ਦੇ ਹੱਕ ਮਿਲੇ। ਪਰ ਉਹ ਸਮਾਂ ਐਸਾ ਨਹੀਂ ਸੀ। ਔਰਤ ਦਾ ਕੈਦ ਵਿਚ ਜਾਣਾ ਮੌਤ ਦੇ ਬਰਾਬਰ ਸੀ। ਰਾਜੇ ਦੀ ਦਾਸੀ ਬਿਚਖਣਾ ਬਹੁਤ ਦਿਲਗੀਰ ਤੇ ਮਾਯੂਸ ਸੀ। ਭਾਵੇਂ ਸਿਕਟਾਰ ਮੰਤਰੀ ਕੈਦ ਵਿਚ ਸੀ, ਪਰ ਇਸਦੀ ਨੀਤੀ ਤੇ ਬੁੱਧੀ ਨਾਲ ਦਾਸੀ ਦੀ ਜਾਨ ਬਚ ਗਈ। ਨਹੀਂ ਤਾਂ ਦਾਸੀ ਨੂੰ ਸਜ਼ਾ-ਏ-ਮੌਤ ਸੀ। ਹੁਣ ਦਾਨਿਆਂ ਦਾ ਮੱਤ ਹੈ **"ਕਰ ਭਲਾ ਹੋ ਭਲਾ ਅੰਤ ਭਲੇ ਦਾ ਭਲਾ"**। ਭਲਾਈ ਕੀਤੀ ਹੋਈ ਧਰਤੀ ਵਿਚ ਬੀਜੇ ਬੀਜ ਦੀ ਤਰ੍ਹਾਂ ਉੱਗ ਕੇ ਬੀਜਣ ਵਾਲੇ ਨੂੰ ਭਲਾਈ ਦਾ ਫਲ ਦਿੰਦੀ ਹੈ। ਇਸ ਤਰ੍ਹਾਂ ਬਿਚਖਣਾ ਦਾਸੀ ਦੇ ਪਹਿਲਾਂ ਦੀ ਤਰ੍ਹਾਂ ਰਾਜ ਦਰਬਾਰ ਵਿਚ ਪੈਰ ਲੱਗ ਗਏ। ਰਾਜਾ ਵਿਸ਼ਵਾਸ ਕਰਨ ਲੱਗਾ। ਦਾਸੀ ਨੇ ਮਹਾਰਾਜ ਨੂੰ ਕਿਹਾ ਕਿ ਸਿਕਟਾਰ ਬੇਗੁਨਾਹ ਹੈ। ਪਰਿਵਾਰ ਸਮੇਤ ਕੈਦ ਵਿਚੋਂ ਮੁਕਤ ਕਰਾ ਦਿੱਤਾ। ਮਹਾਰਾਜਾ ਮਹਾਨੰਦ ਨੇ ਉਸਨੂੰ ਦੁਬਾਰਾ ਮੰਤਰੀ ਤਾਂ ਬਣਾ ਦਿੱਤਾ ਪਰ ਉਸਦਾ ਰੁਤਬਾ ਛੋਟਾ ਕਰ ਦਿੱਤਾ। ਜਿਹੜਾ ਬ੍ਰਾਹਮਣ ਰਾਖਸ਼ਸ਼ ਛੋਟਾ ਮੰਤਰੀ ਸੀ, ਉਸਨੂੰ ਵੱਡਾ ਮੰਤਰੀ ਤੇ ਸਿਕਟਾਰ ਨੂੰ ਛੋਟਾ ਮੰਤਰੀ ਬਣਾ ਦਿੱਤਾ। ਹੁਣ ਇਹ ਮਾਨਨੀਏ ਪੁਰਸ਼ ਜੋ ਬਿਨਾਂ ਗੁਨਾਹ ਤੋਂ ਅਪਮਾਨਿਤ ਹੋ ਚੁੱਕਾ ਸੀ, ਦਿਨ ਰਾਤ ਆਪਣੇ ਅਪਮਾਨ ਦਾ ਬਦਲਾ ਲੈਣ ਬਾਰੇ ਸੋਚਦਾ ਰਹਿੰਦਾ ਸੀ ਕਿ ਇਸਨੇ ਮੇਰੇ ਪਰਿਵਾਰ ਦਾ ਸਤਿਆਨਾਸ ਕਰ ਦਿੱਤਾ ਹੈ। ਇਹ ਸੰਸਕਾਰ ਇਸ ਮੰਤਰੀ ਦੇ ਮਨ ਵਿਚ ਗੂੜ੍ਹਾ ਹੁੰਦਾ ਗਿਆ, ਪਰ ਬਦਲਾ ਲੈਣ ਦਾ ਕੋਈ ਉਪਾਅ ਨਹੀਂ ਸੁੱਝਾ। ਇਕ ਦਿਨ ਕੁਦਰਤ ਨੇ ਐਸੀ ਮਦਦ ਕੀਤੀ ਕਿ ਸਿਕਟਾਰ ਜੋ ਛੋਟਾ ਮੰਤਰੀ ਸੀ, ਘੋੜੇ 'ਤੇ ਚੜ੍ਹ ਕੇ ਸੈਰ ਕਰਨ ਜਾ ਰਿਹਾ ਸੀ, ਤਾਂ ਉਸ ਨੇ ਕੀ ਦੇਖਿਆ ਕਿ ਰੰਗ ਦਾ ਕਾਲਾ ਬਦਸੂਰਤ ਬ੍ਰਾਹਮਣ ਆਪਣੀ ਛੱਪਰੀ ਦੇ ਅੱਗੇ ਰਸਤੇ ਦੀ ਕੁਸ਼ਾ (ਪੰਨ੍ਹੀ) ਪੁੱਟ-ਪੁੱਟ ਕੇ ਉਸ ਦੀਆਂ ਜੜ੍ਹਾਂ ਵਿਚ ਖੱਟੀ ਲੱਸੀ ਪਾ ਰਿਹਾ ਸੀ। ਇਹ ਕੁਝ ਕਰਦਿਆਂ ਬ੍ਰਾਹਮਣ ਭਾਵੇਂ ਪਸੀਨੇ ਨਾਲ ਭਿੱਜਿਆ ਹੋਇਆ ਸੀ ਪਰ ਫਿਰ ਵੀ ਆਪਣੇ ਹੱਠ ਨਾਲ ਇਸ ਕਿਰਿਆ ਵਿਚ ਲੱਗਾ ਹੋਇਆ ਸੀ। ਘੋੜੇ 'ਤੇ ਚੜ੍ਹੇ ਹੋਏ ਇਸ ਸਿਕਟਾਰ ਮੰਤਰੀ ਨੇ ਅਸਚਰਜ ਮੰਨਿਆ। ਇਸ ਦੇ ਕੋਲ ਆ ਕੇ ਪੁੱਛਿਆ, ਜਨੇਊ ਪਹਿਨੇ ਤੋਂ ਬ੍ਰਾਹਮਣ ਦੀ ਪਹਿਚਾਣ ਕਰਕੇ ਕਿ ਹੇ ਬ੍ਰਾਹਮਣ ਦੇਖਣ ਨੂੰ ਤੂੰ ਬੁੱਧੀਮਾਨ ਲੱਗਦਾ ਹੈ, ਪਰ ਤੇਰਾ ਕਰਤੱਵ ਬੁੱਧੀਮਾਨਾਂ ਵਾਲਾ ਨਹੀਂ ਜਾਪਦਾ। ਤਾਂ ਇਸ ਨੇ ਕਿਹਾ ਕਿ ਹੇ ਭਲੇ ਪੁਰਸ਼ ਕਈ ਵਾਰੀ ਕਰਤੱਵ ਦਿੱਸਣ ਵਿਚ ਬੁੱਧੀਹੀਨਾਂ ਦਾ ਦਿਸਦਾ ਹੈ, ਪਰ ਉਸ ਵਿਚ ਲੁਕੀ ਹੋਈ ਬੁੱਧੀ ਦਾ ਚਮਤਕਾਰ ਅਨਜਾਣ ਵਿਅਕਤੀ ਨਹੀਂ ਸਮਝ ਸਕਦਾ। ਮੈਨੂੰ ਤੂੰ ਐਸਾ ਹੀ ਅਨਜਾਣ ਵਿਅਕਤੀ ਦਿਸਦਾ ਹੈਂ। ਤੇਰੇ ਲਿਬਾਸ ਤੋਂ ਅਨੁਮਾਨ ਲੱਗਦਾ ਹੈ ਕਿ ਤੂੰ ਪਾਤਸ਼ਾਹ ਦਾ ਮੰਤਰੀ ਹੋਵੇਗਾ, ਪਰ ਬੁੱਧੀਮਾਨ ਨਹੀਂ ਦਿਸਦਾ। ਤੇਰੇ ਪ੍ਰਸ਼ਨ ਦਾ ਉੱਤਰ ਦੇਣ ਲੱਗਾ ਹਾਂ ਔਰ ਪਰੀਚਾ ਦੇਣ ਲੱਗਾ ਹਾਂ। ਮੇਰਾ ਨਾਮ 'ਚਾਣਕੀਆ' ਹੈ। ਮੈਂ ੨੫ ਸਾਲ ਤਕ ਬ੍ਰਹਮਚਰਜ ਰੱਖ ਕੇ ਵਿਦਿਆ ਪੜ੍ਹੀ। ਵਿਦਿਆ ਸੰਪੂਰਨ ਕਰਕੇ ਹੁਣ ਮੈਂ ਗ੍ਰਿਹਸਤ ਆਸ਼ਰਮ ਵਿਚ ਪ੍ਰਵੇਸ਼ ਹੋਣ ਲਈ ਵਿਆਹ ਦੀ ਇੱਛਾ ਧਾਰ ਕੇ ਸ਼ਹਿਰ ਵੱਲ ਜਾ ਰਿਹਾ ਸੀ। ਅਚਾਨਕ ਇਸ ਦੱਭ ਨੇ ਮੇਰਾ ਪੈਰ ਜ਼ਖ਼ਮੀ ਕਰ ਦਿੱਤਾ, ਜਦੋਂ ਕਿ ਮੈਂ ਇਸ ਦੱਭ ਦਾ ਕੁਝ ਵੀ ਨਹੀਂ ਸੀ ਵਿਗਾੜਿਆ। ਹੁਣ

ਮੈਂ ਨਿਸਚਾ ਕਰ ਲਿਆ ਕਿ ਵਿਆਹ ਦੀ ਗੱਲ ਬਾਅਦ ਵਿਚ ਵੇਖੀ ਜਾਵੇਗੀ। ਜਿਸ ਦੱਭ ਨੇ ਮੇਰਾ ਪੈਰ ਜ਼ਖ਼ਮੀ ਕੀਤਾ ਹੈ, ਇਸਨੂੰ ਜੰਮਣ ਤੋਂ ਹਟਾ ਦੇਵਾਂਗਾ। ਇਸ ਲਈ ਇਸਦੀਆਂ ਜੜ੍ਹਾਂ ਵਿਚ ਲੱਸੀ ਪਾ ਰਿਹਾ ਹਾਂ ਤਾਂਕਿ ਦੱਭ ਦੇ ਬੂਟੇ ਜੜ੍ਹਾਂ ਤੋਂ ਹੀ ਸੁੱਕ ਜਾਣ। ਫੇਰ ਕਦੇ ਦੁਬਾਰਾ ਪੈਦਾ ਹੋ ਕੇ ਕਿਸੇ ਰਾਹੀ ਨੂੰ ਜ਼ਖ਼ਮੀ ਨਹੀਂ ਕਰੇਗਾ। ਵਜ਼ੀਰ ਨੇ ਦੇਖਿਆ ਕਿ ਦੱਭ ਨੂੰ ਨਾਸ਼ ਕਰਨ ਲਈ ਮੁੜਕਾ ਸਿਰ ਤੋਂ ਪੈਰਾਂ ਤਕ ਨੁਚੜ ਰਿਹਾ ਹੈ। ਸਰੀਰ ਦੀ ਵੀ ਕੋਈ ਪਰਵਾਹ ਨਹੀਂ। ਸਿਕਟਾਰ ਇਹ ਕੁਝ ਵੇਖ ਕੇ ਹੈਰਾਨ ਹੋ ਰਿਹਾ ਸੀ। ਇਹ ਸਭ ਕੁਝ ਦੇਖ ਸੁਣ ਕੇ ਸਿਕਟਾਰ ਦੇ ਮਨ ਵਿਚ ਇਹ ਵਿਚਾਰ ਫੁਰੇ ਕਿ ਇਹੋ ਜਿਹਾ ਜਿੱਦੀ ਬ੍ਰਾਹਮਣ ਅਤੇ ਕੰਮ ਵਿਚ ਦ੍ਰਿੜ੍ਹਤਾ ਰੱਖਣ ਵਾਲਾ ਕਿਤੇ ਢੂੰਢਿਆਂ ਵੀ ਨਹੀਂ ਲੱਭ ਸਕਦਾ। ਹੋਵੇ ਨਾ ਕਿ ਇਸ ਬ੍ਰਾਹਮਣ ਨੂੰ ਹਥਿਆਰ ਬਣਾ ਕੇ ਮੈਂ ਆਪਣੇ ਅਪਮਾਨ ਦਾ ਬਦਲਾ ਰਾਜੇ ਤੋਂ ਲੈ ਸਕਾਂ। ਤਰੀਕਾ ਬਣਾਉਣਾ ਪਵੇਗਾ ਜਿਸ ਕਰਕੇ ਦੱਭ ਨਾਲੋਂ ਵੀ ਕ੍ਰੋਧਵਾਨ ਇਹ ਬ੍ਰਾਹਮਣ ਰਾਜੇ 'ਤੇ ਹੋ ਜਾਵੇ। ਇਹ ਰਾਜੇ ਦੀਆਂ ਜੜ੍ਹਾਂ ਪੁੱਟ ਸਕਦਾ ਹੈ, ਕਿਉਂਕਿ ਜੜ੍ਹਾਂ ਤਾਂ ਜੜ੍ਹਾਂ ਹੀ ਹਨ ਭਾਵੇਂ ਦੱਭ ਦੀਆਂ ਹੋਣ ਭਾਵੇਂ ਕਿਸੇ ਮਨੁੱਖ ਦੀਆਂ। ਸਿਕਟਾਰ ਸੋਚਦਾ ਸੀ ਕਿ ਇਸ ਕਾਰਜ ਲਈ ਕੋਈ ਢੁਕਵਾਂ ਸਮਾਂ ਮਿਲੇ। ਇਤਫਾਕ ਸ਼ਰਾਧ ਦੇ ਦਿਨ ਆ ਗਏ। ਜਦੋਂ ਰਾਜੇ ਨੇ ਬ੍ਰਾਹਮਣਾਂ ਨੂੰ ਆਪਣੇ ਪਿੱਤਰਾਂ ਦੇ ਨਮਿਤ ਭੋਜਨ ਛਕਾਉਣਾ ਸੀ। ਜੋ ਬ੍ਰਾਹਮਣਾਂ ਦੇ ਲਈ ਸਤਿਕਾਰ ਨਾਲ ਆਸਣ ਵਿਛਾਏ ਗਏ ਤਾਂ ਸਿਕਟਾਰ ਨੇ ਚਲਾਕੀ ਨਾਲ ਰਾਜੇ ਵਲੋਂ ਚਾਣਕਯ ਨੂੰ ਨਿਉਂਦਾ ਦੇ ਕੇ ਉਸ ਆਸਣ ਉੱਤੇ ਲਿਆ ਬਿਠਾਇਆ। ਆਪ ਉੱਥੋਂ ਚਲਾ ਗਿਆ ਕਿਉਂਕਿ ਸਿਕਟਾਰ ਵਜ਼ੀਰ ਜਾਣਦਾ ਸੀ ਕਿ ਇਸ ਬ੍ਰਾਹਮਣ ਦਾ ਰੰਗ ਕਾਲਾ ਹੈ। ਅੱਖਾਂ ਲਾਲ ਹਨ, ਦੇਖਣ ਨੂੰ ਬੜਾ ਬਦਸੂਰਤ ਲੱਗਦਾ ਹੈ। ਰਾਜਾ ਇਸਦੀ ਸ਼ਕਲ ਦੇਖ ਕੇ ਇਸਨੂੰ ਆਸਣ ਤੋਂ ਉਠਾਉਣ ਦਾ ਅਪਮਾਨ ਜ਼ਰੂਰ ਕਰੇਗਾ। ਵਜ਼ੀਰ ਸਿਕਟਾਰ ਦੀ ਇਹ ਨੀਤੀ ਸੀ ਕਿ ਰਾਜਾ ਗ਼ੁੱਸੇ ਵਿਚ ਆ ਕੇ ਇਸਦਾ ਨਿਰਾਦਰ ਕਰੇ। ਚਾਣਕਯ ਗ਼ੁੱਸੇ ਵਿਚ ਆ ਕੇ ਬਦਲਾ ਲੈਂਦਿਆਂ ਇਸਦਾ ਸਰਬੰਸ ਨਾਸ਼ ਕਰੇ। ਮੰਤਰੀ ਸਿਕਟਾਰ ਇਸ ਗੱਲ ਵਿਚ ਕਾਮਯਾਬ ਹੋ ਗਿਆ। ਜਦੋਂ ਰਾਜਾ ਆਪਣੇ ਮੰਤਰੀ ਰਾਖਸ਼ਸ਼ ਨਾਲ ਸ਼ਰਾਧ ਵਾਲੇ ਮਕਾਨ ਵਿਚ ਆਇਆ ਤਾਂ ਵਿਕਰਾਲ ਸਰੂਪ ਵਾਲਾ ਬ੍ਰਾਹਮਣ ਆਸਣ 'ਤੇ ਬੈਠਾ ਦੇਖਿਆ ਤੇ ਹੈਰਾਨ ਹੋਇਆ ਕਿ ਇਸਨੂੰ ਅਸੀਂ ਨਿਉਂਦਾ ਨਹੀਂ ਦਿੱਤਾ, ਇਹ ਆਪਣੇ ਆਪ ਸਤਿਕਾਰਯੋਗ ਬ੍ਰਾਹਮਣਾਂ ਦੇ ਆਸਣ ਉੱਤੇ ਕਿਵੇਂ ਆ ਬੈਠਾ ਹੈ ? ਇਹ ਦੇਖ ਕੇ ਰਾਜਾ ਗ਼ੁੱਸੇ ਵਿਚ ਬੋਲਿਆ, ਆਪਣੇ ਨੌਕਰਾਂ ਨੂੰ ਹੁਕਮ ਦਿੱਤਾ ਕਿ ਇਸਨੂੰ ਪਕੜ ਕੇ ਆਸਣ ਤੋਂ ਉਠਾ ਦਿੱਤਾ ਜਾਏ, ਧੱਕੇ ਮਾਰ ਕੇ ਮੰਦਰ ਵਿਚੋਂ ਬਾਹਰ ਕੱਢ ਦਿੱਤਾ ਜਾਏ। ਨੌਕਰਾਂ ਨੇ ਰਾਜੇ ਦਾ ਹੁਕਮ ਮੰਨਦਿਆਂ ਉਸੇ ਤਰ੍ਹਾਂ ਕੀਤਾ। ਚਾਣਕਯ ਨੇ ਕ੍ਰੋਧ ਵਿਚ ਆ ਕੇ ਉੱਥੇ ਖੜ੍ਹਿਆਂ ਹੀ ਆਪਣੇ ਕੇਸ ਖਿਲਾਰ ਲਏ ਤੇ ਜ਼ਹਿਰੀਲੇ ਫ਼ਨੀਅਰ ਸੱਪ ਦੀ ਨਿਆਈਂ ਕ੍ਰੋਧ ਵਿਚ ਆ ਕੇ ਗ਼ੁੱਸੇ ਦੀ ਜ਼ਹਿਰ ਘੋਲਦਿਆਂ ਸ਼ਬਦਾਂ ਦੇ ਫਰਾਟੇ ਮਾਰੇ ਔਰ ਸਭ ਦੇ ਸਾਹਮਣੇ ਸਹੁੰ ਖਾਧੀ ਤੇ ਪ੍ਰਤਿੱਗਿਆ ਕੀਤੀ ਕਿ ਜਿੰਨੀ ਦੇਰ ਤਕ ਦੁਸ਼ਟ ਰਾਜੇ ਦਾ ਸਤਿਆਨਾਸ ਨਹੀਂ ਕਰ ਦਿੰਦਾ, ਮੈਂ ਆਪਣੇ ਕੇਸ ਇਕੱਠੇ ਨਹੀਂ ਕਰਾਂਗਾ। ਇਹ ਕਹਿ ਕੇ ਰਾਜ ਮਹਿਲਾਂ ਤੋਂ ਬਾਹਰ ਚਲਾ ਗਿਆ। ਸਿਕਟਾਰ ਇਸ ਸਮੇਂ ਨੂੰ ਉਡੀਕ ਰਿਹਾ ਸੀ। ਰਸਤੇ ਵਿਚ ਹੀ ਆ ਮਿਲਿਆ। ਚਾਣਕਯ ਦੇ ਪੈਰੀਂ ਹੱਥ ਲਾ ਕੇ ਉਸਨੂੰ ਗ਼ੁੱਸੇ ਦਾ ਕਾਰਨ ਪੁੱਛਿਆ। ਚਾਣਕਯ ਨੇ ਰੋਸ ਕਰਕੇ ਕਿਹਾ ਕਿ ਤੂੰ ਮੈਨੂੰ ਸੱਦ ਕੇ ਲੈ ਗਿਆ ਸੀ। ਇਸ ਨੇ ਕਿਹਾ ਬ੍ਰਹਮ ਦੇਵਤਾ ਮੈਨੂੰ ਰਾਜੇ ਨੇ ਹੁਕਮ ਕੀਤਾ ਸੀ। ਮੇਰਾ ਇਸ ਵਿਚ ਕੋਈ ਕਸੂਰ ਨਹੀਂ। ਰਾਜਾ ਕੇਵਲ ਤੁਹਾਡੇ ਨਾਲ ਹੀ ਨਹੀਂ, ਬਹੁਤ ਲੋਕਾਂ ਨਾਲ ਇਸੇ ਤਰ੍ਹਾਂ ਕਰਦਾ ਹੈ। ਪਹਿਲਾਂ ਬੁਲਾ ਕੇ ਫਿਰ ਨਿਰਾਦਰ ਕਰਦਾ ਹੈ। ਸਿਕਟਾਰ ਨੇ ਆਪਣੀ ਮਿਸਾਲ ਦਿੱਤੀ। ਮੈਨੂੰ ਬਿਨਾਂ ਕਸੂਰ ਤੋਂ ਪ੍ਰਧਾਨ ਮੰਤਰੀ ਤੋਂ ਹਟਾ ਕੇ ਕੈਦ ਕੀਤਾ। ਪਰਿਵਾਰ ਸਮੇਤ ਮੈਂ ਕਈ ਵਰ੍ਹੇ ਤਕ ਇਸਦੀ ਕੈਦ ਵਿਚ ਰਿਹਾ। ਫਿਰ ਉਸ ਦਾਸੀ ਦੀ ਸਹਾਇਤਾ ਨਾਲ ਮੈਂ ਕੈਦ ਵਿਚੋਂ ਬਾਹਰ ਨਿਕਲਿਆ, ਜਿਸਨੂੰ ਬਿਨਾਂ ਕਸੂਰ ਤੋਂ ਇਸ ਨੇ ਕੈਦ ਕੀਤਾ ਸੀ। ਉਹ ਵੀ ਮੇਰੀ ਸਹਾਇਤਾ ਨਾਲ ਛੁੱਟੀ ਸੀ, ਮੈਂ ਉਸਦੀ ਸਹਾਇਤਾ ਨਾਲ ਕੈਦ ਤੋਂ ਛੁਟਿਆ। ਹੁਣ ਦਾਸੀ ਬਿਚਖਣਾ ਵੀ ਬਹੁਤ ਡਰ ਕੇ ਸਮਾਂ ਕੱਢ ਰਹੀ ਹੈ ਅਤੇ ਮੈਂ ਭੀ। ਭਾਵੇਂ ਮੈਨੂੰ ਬਾ-ਇੱਜ਼ਤ ਬਰੀ ਕਰ ਦਿੱਤਾ,

ਮੈਂ ਬੇਕਸੂਰ ਸੀ, ਮੈਨੂੰ ਦੋ ਗੱਲਾਂ ਦਾ ਦੁੱਖ ਹੈ। ਇਕ ਬਿਨਾਂ ਕਸੂਰ ਤੋਂ ਜੇਲ੍ਹ ਵਿਚ ਜਾਣਾ, ਦੂਜਾ ਵੱਡੇ ਰੁਤਬੇ ਤੋਂ ਛੋਟਾ ਰੁਤਬਾ ਕਰ ਦੇਣਾ। ਫਿਰ ਵਜ਼ੀਰ ਨੇ ਕਿਹਾ ਕਿ ਮੈਂ ਵੀ ਉਸ ਸਮੇਂ ਦੀ ਉਡੀਕ ਵਿਚ ਹਾਂ ਜਦੋਂ ਮੈਂ ਵੀ ਆਪਣੇ ਅਪਮਾਨ ਦਾ ਬਦਲਾ ਲੈ ਸਕਾਂ। ਚਾਣਕਯ ਨੇ ਆਖਿਆ-ਨੀਤੀ ਦੇ ਅਨੁਸਾਰ ਦੁਸ਼ਮਣ ਮਾਰਨ ਲਈ ਪਹਿਲਾਂ ਦੁਸ਼ਮਣ ਦਾ ਭੇਤ ਹੋਣਾ ਬਹੁਤ ਜ਼ਰੂਰੀ ਹੈ। ਆਪਾਂ ਤਿੰਨੋਂ ਮਿਲ ਕੇ ਇਹ ਕੰਮ ਬੜਾ ਸੌਖਾ ਕਰ ਸਕਦੇ ਹਾਂ। ਭਾਵੇਂ ਵਜ਼ੀਰ ਹੋਣ ਦੇ ਨਾਤੇ ਤੂੰ ਵੀ ਮਹਿਲਾਂ ਦਾ ਭੇਤੀ ਹੈਂ, ਪਰ ਬਿਚਖਣਾ ਨਾਂ ਦੀ ਦਾਸੀ ਜੋ ਹਰ ਸਮੇਂ ਮਹਿਲ ਵਿਚ ਰਹਿੰਦੀ ਹੈ, ਉਹ ਤੇਰੇ ਤੋਂ ਵੀ ਜ਼ਿਆਦਾ ਭੇਤੀ ਹੈ। ਫਿਰ ਚਾਣਕਯ ਨੇ ਸਿਕਟਾਰ ਨੂੰ ਜੋ ਵਿਉਂਤ ਦੱਸੀ, ਉਸ ਨੇ ਬਿਚਖਣਾ ਦਾਸੀ ਨੂੰ ਨਾਲ ਰਲਾਇਆ। ਇਕ ਦੋ ਹੋਰ ਵਫ਼ਾਦਾਰ ਰਲਾ ਕੇ ਪ੍ਰਣ ਲਿਆ ਜੋ ਅਸੀਂ ਕਰਨ ਜਾ ਰਹੇ ਹਾਂ। ਕਿਸੇ ਨੇ ਵੀ ਉਸਦੀ ਭਿਣਕ ਨਹੀਂ ਪੈਣ ਦੇਣੀ, ਕਿਉਂਕਿ ਪਤਾ ਲੱਗਣ ’ਤੇ ਕੰਮ ਕਦੇ ਸਿਰੇ ਨਹੀਂ ਚਾੜ੍ਹਿਆ ਜਾ ਸਕਦਾ। ਇਉਂ ਅਪਮਾਨਿਤ ਵਿਅਕਤੀਆਂ ਦਾ ਜੋ ਰਾਜੇ ਤੋਂ ਤੰਗ ਸਨ, ਉਨ੍ਹਾਂ ਦਾ ਵਾਧਾ ਹੁੰਦਾ ਗਿਆ। ਚਾਣਕਯ ਦਾ ਰਾਜੇ ਨੂੰ ਖ਼ਤਮ ਕਰਨ ਦਾ ਇਹ ਪਹਿਲਾ ਕਦਮ ਸੀ।

ਮਹਾਂਪਦਮ ਰਾਜੇ ਦੇ ਪੁੱਤਰਾਂ ਦੀ ਗਿਣਤੀ ਨੌਂ ਹੈ, ਜਿਨ੍ਹਾਂ ਵਿਚ ਅੱਠ ਵਿਆਹੀ ਹੋਈ ਰਾਣੀ ਦੀ ਕੁੱਖੋਂ ਪੈਦਾ ਹੋਏ। ਇਕ ਪੁੱਤਰ ਜੋ ਇਨ੍ਹਾਂ ਅੱਠਾਂ ਤੋਂ ਪਹਿਲਾਂ ਪੈਦਾ ਹੋਇਆ ਸੀ ਜੋ (ਮੋਰਾਂ) ਨਾਮ ਦੀ ਨੈਣ ਦਾਸੀ ਦੀ ਕੁੱਖੋਂ ਸੀ। ਰਾਜਾ ਇਸਦੀ ਸੁੰਦਰਤਾ ’ਤੇ ਲੁਭਾਇਮਾਨ ਹੋ ਕੇ, ਰਾਣੀ ਨੂੰ ਛੱਡ ਕੇ ਦਾਸੀ ਨਾਲ ਗ੍ਰਿਹਸਤ ਕਰਦਾ ਰਿਹਾ। ਇਸ ਕਰਕੇ ਮੋਰਾਂ ਨਾਮ ਦੀ ਦਾਸੀ ਤੋਂ ਪੁੱਤਰ ਨੇ ਜਨਮ ਲਿਆ। ਜੋ ਵਿਆਹੀ ਹੋਈ ਰਾਣੀ ਦੇ ਅੱਠ ਪੁੱਤਰਾਂ ਤੋਂ ਪਹਿਲਾਂ ਹੋਣ ਕਰਕੇ ਵੱਡਾ ਪੁੱਤਰ ਸੀ। ਹੁਣ ਰਾਜ ਦਾ ਹੱਕ ਤਾਂ ਜੇਠੇ ਪੁੱਤਰ ਦਾ ਹੁੰਦਾ ਹੈ, ਪਰ ਦਾਸੀ ਦੀ ਕੁੱਖੋਂ ਪੈਦਾ ਹੋਣ ਕਰਕੇ ਇਸਦੇ ਨਾਲ ਇਸਦੇ ਅੱਠ ਛੋਟੇ ਭਰਾ ਅਤੇ ਮਹਾਰਾਣੀ ਜਿਸਦੀ ਕੁੱਖ ਤੋਂ ਇਹ ਅੱਠ ਪੁੱਤਰ ਜੰਮੇ ਸਨ ਇਹ ਨਫਰਤ ਕਰਨ ਲੱਗੇ। ਇਥੋਂ ਤਕ ਕਿ ਰਾਜਾ ਵੀ ਇਸ ਨਾਲ ਨਫ਼ਰਤ ਕਰਨ ਲੱਗ ਪਿਆ। ਇਸ ਵੱਡੇ ਪੁੱਤਰ ਦਾ ਨਾਮ ਚੰਦਰਗੁਪਤ ਸੀ। ਮਾਂ ਦੇ ਅੱਧੇ ਨਾਮ ਦੇ ਨਾਲ ਇਸਦਾ ਪੂਰਾ ਨਾਮ ਚੰਦਰਗੁਪਤ ਮੌਰੀਆ ਪ੍ਰਸਿੱਧ ਹੋਇਆ। ਇਹ ਬਹੁਤ ਬੁੱਧੀਮਾਨ ਸੀ। ਬੜਾ ਚਤੁਰ ਸਿਆਣਾ ਸੀ। ਮਹਾਰਾਣੀ ਤੇ ਇਸਦੇ ਛੋਟੇ ਭਰਾਵਾਂ ਨੇ ਝੂਠ ਬੋਲ ਕੇ ਇਸਨੂੰ ਰਾਜੇ ਤੋਂ ਦੇਸ਼-ਨਿਕਾਲਾ ਦਿਵਾ ਦਿੱਤਾ। ਚੰਦਰਗੁਪਤ ਮੌਰੀਆ ਵੱਡਾ ਹੋਣ ਕਰਕੇ ਆਪਣੇ ਆਪ ਨੂੰ ਰਾਜ ਦਾ ਹੱਕਦਾਰ ਮੰਨਦਾ ਸੀ, ਪਰ ਬੇਵੱਸ ਹੋ ਕੇ ਵਿਦੇਸ਼ ਵਿਚ ਧੱਕੇ ਖਾ ਰਿਹਾ ਸੀ। ਇਸਦੇ ਦਿਮਾਗ਼ ਵਿਚ ਰਾਜ ਲੈਣ ਦੀ ਇੱਛਾ ਇਸਨੂੰ ਟਿਕਣ ਨਹੀਂ ਸੀ ਦਿੰਦੀ। ਰਾਤ ਦਿਨ ਸੋਚਦਾ ਰਹਿੰਦਾ ਸੀ। ਚੰਦਰਗੁਪਤ ਮੌਰੀਆ ਦੀ ਇਹ ਸਾਰੀ ਵਾਰਤਾ ਦਾ ਪਤਾ ਚਾਣਕਯ ਨੂੰ ਸਿਕਟਾਰ ਤੋਂ ਲੱਗਾ। ਚਾਣਕਯ ਨੇ ਸਿਕਟਾਰ ਮੰਤਰੀ ਨੂੰ ਚੰਦਰਗੁਪਤ ਮੌਰੀਆ ਕੋਲ ਗੱਲਬਾਤ ਕਰਨ ਲਈ ਭੇਜਿਆ। ਸਿਕਟਾਰ ਨੇ ਜਦ ਚੰਦਰਗੁਪਤ ਮੌਰੀਆ ਨਾਲ ਇਸ ਵਿਸ਼ੇ ’ਤੇ ਗੱਲਬਾਤ ਕੀਤੀ ਤਾਂ ਉਸ ਨੇ ਧੰਨ ਭਾਗ ਸਮਝੇ। ਆਪਣੀ ਕਿਸਮਤ ਦਾ ਦਰਵਾਜ਼ਾ ਖੁੱਲ੍ਹਦਾ ਨਜ਼ਰ ਆਇਆ। ਬਿਚਖਣਾ ਦਾਸੀ ਪਹਿਲਾਂ ਹੀ ਇਨ੍ਹਾਂ ਨਾਲ ਰਲ ਚੁੱਕੀ ਸੀ। ਇਉਂ ਅਪਮਾਨਿਤ ਵਿਅਕਤੀਆਂ ਦੀ ਇਕੱਤਰਤਾ ਰਾਜੇ ਨੂੰ ਨਸ਼ਟ ਕਰਨ ਲਈ ਸ਼ਕਤੀਸ਼ਾਲੀ ਸਾਬਤ ਹੋਈ। ਸਿਕਟਾਰ ਮੰਤਰੀ, ਬਿਚਖਣਾ ਦਾਸੀ, ਚੰਦਰ ਗੁਪਤ ਮੌਰੀਆ ਅਤੇ ਚਾਣਕਯ ਆਪਣੇ ਆਪਣੇ ਬਦਲੇ ਲਈ ਚਟਾਨ ਵਾਂਗੂੰ ਡੱਟ ਗਏ। ਇਸਦੀ ਵਿਉਂਤ ਚਾਣਕਯ ਬਣਾ ਰਿਹਾ ਸੀ। ਚੰਦਰ ਗੁਪਤ ਮੌਰੀਆ ਨੂੰ ਕਿਹਾ ਕਿ ਰਾਜਗੱਦੀ ਦਾ ਹੱਕ ਤੈਨੂੰ ਦਿਵਾ ਕੇ ਰਹਾਂਗਾ। ਮੈਂ ਅਪਮਾਨ ਦਾ ਬਦਲਾ ਲੈ ਲਵਾਂਗਾ। ਇਨ੍ਹਾਂ ਨੇ ਇਕੱਠੇ ਹੋ ਕੇ ਇਸ ਵਾਰਤਾ ਨੂੰ ਗੁਪਤ ਰੱਖਣ ਦੀ ਸਹੁੰ ਖਾਧੀ। ਚਾਣਕਯ ਨੇ ਜਿਵੇਂ ਕਰਨ ਲਈ ਅਤੇ ਜੋ ਕਰਨ ਲਈ ਕਿਹਾ, ਇਹ ਉਸਦੇ ਆਗਿਆਕਾਰ ਬਣ ਕੇ ਕਰਦੇ ਰਹੇ। ਚਾਣਕਯ ਨੇ ਇਕ ਦਿਨ ਆਪਣੀ ਕੁਟੀਆ ਵਿਚ ਜ਼ਹਿਰ ਵਾਲੇ ਅਜਿਹੇ ਭੋਜਨ ਤਿਆਰ ਕਰਵਾਏ, ਜੋ ਕੋਈ ਸ਼ੱਕੀ ਪੁਰਸ਼ ਵੀ ਪਛਾਣ ਨਾ ਸਕਿਆ। ਬਿਚਖਣਾ ਦਾਸੀ ਸਾਰੇ ਪਰਿਵਾਰ ਨੂੰ ਖਾਣਾ ਖਵਾਇਆ ਕਰਦੀ ਸੀ। ਰਾਜੇ ਸਮੇਤ ਉਸਦੇ ਅੱਠ ਪੁੱਤਰਾਂ ਨੂੰ ਖਾਣੇ ਵਿਚ ਜ਼ਹਿਰ ਮਿਲਾ ਕੇ ਖਵਾ ਦਿੱਤਾ। ਰਾਜੇ ਦੇ ਅੱਠੇ ਪੁੱਤਰ, ਰਾਜਾ ਤੇ ਰਾਣੀ ਇਨ੍ਹਾਂ ਦਾ ਇਕ ਦਿਨ ਵਿਚ ਹੀ ਚਾਣਕਯ

ਨੀਤੀ ਅਨੁਸਾਰ ਸਫ਼ਾਇਆ ਕਰ ਦਿੱਤਾ। ਕੁਝ ਲੇਖਕਾਂ ਨੇ ਇਹ ਲਿਖਿਆ ਕਿ ਚਾਣਕਯ ਨੇ ਤਲਵਾਰ ਨਾਲ ਮਹਾਂਨੰਦ ਦਾ ਸਿਰ ਵੱਢਿਆ ਸੀ। ਫਿਰ ਉਸਦੇ ਪੁੱਤਰਾਂ ਦਾ ਕਤਲ ਕੀਤਾ ਹੈ। ਇਨ੍ਹਾਂ ਦੋਹਾਂ ਗੱਲਾਂ ਵਿਚ ਉਪਰੋਕਤ ਗੱਲ ਹੀ ਸਹੀ ਜਾਪਦੀ ਹੈ, ਕਿਉਂਕਿ ਚਾਣਕਯ ਕੋਲ ਨੀਤੀ ਦੀ ਤਲਵਾਰ ਸੀ। ਨੀਤੀ ਦੀ ਤਲਵਾਰ ਨਾਲ ਇਨ੍ਹਾਂ ਨੂੰ ਮਾਰਿਆ। ਜਦੋਂ ਇਹ ਸਾਰਾ ਕੁਝ ਵਾਪਰ ਗਿਆ ਤਾਂ ਸਿਕਟਾਰ ਮੰਤਰੀ ਦੇ ਅੰਦਰ ਅਜਿਹਾ ਵੈਰਾਗ ਪੈਦਾ ਹੋਇਆ ਕਿ ਬਹੁਤ ਵੱਡਾ ਪਾਪ ਹੋਇਆ ਹੈ। ਜਿਸ ਰਾਜੇ ਦਾ ਮੰਤਰੀ ਸੀ, ਉਸਨੂੰ ਮਰਵਾ ਦਿੱਤਾ। ਇਸ ਪਾਪ ਦਾ ਮੈਂ ਵੀ ਬਰਾਬਰ ਦਾ ਹਿੱਸੇਦਾਰ ਹਾਂ। ਇਸ ਨੇ ਸਭ ਕੁਝ ਛੱਡ ਕੇ ਦੁੱਖ ਪਾਪ ਦੀ ਨਿਵਰਤੀ ਲਈ ਪ੍ਰਾਸ਼ਚਿਤ ਕਰਨ ਦਾ ਰਾਹ ਫੜਿਆ। ਖਾਣਾ ਪੀਣਾ ਤਿਆਗ ਕੇ ਜਪ ਤਪ ਕਰਦੇ ਹੋਏ ਪ੍ਰਾਣ ਤਿਆਗ ਦਿੱਤੇ। ਹੁਣ ਚਾਣਕਯ ਅਤੇ ਚੰਦਰਗੁਪਤ ਮੌਰੀਆ ਦੋਨੋਂ ਰਹਿ ਗਏ। ਕਿਉਂਕਿ ਦਾਸੀ ਆਪਣਾ ਜ਼ਹਿਰ ਦੇਣ ਵਾਲਾ ਕੰਮ ਕਰ ਚੁੱਕੀ ਸੀ। ਸਿਕਟਾਰ ਆਪਣਾ ਕੰਮ ਕਰਕੇ ਤਪੱਸਿਆ ਦੁਆਰਾ ਪ੍ਰਾਣ ਤਿਆਗ ਗਿਆ। ਹੁਣ ਵੱਡੀ ਚੁਣੌਤੀ ਇਨ੍ਹਾਂ ਸਾਹਮਣੇ ਇਹ ਸੀ ਕਿ ਮਹਾਂਨੰਦ ਦਾ ਮੁੱਖ ਮੰਤਰੀ ਰਾਖਸ਼ਸ ਸੀ। ਉਸ ਨੇ ਆਪਣੀ ਨੀਤੀ ਚਲਾ ਦਿੱਤੀ। ਹੁਣ ਮਹਾਂਨੰਦ ਦਾ ਪੁੱਤਰ ਤਾਂ ਕੋਈ ਵੀ ਜੀਵਤ ਨਹੀਂ ਸੀ ਰਿਹਾ। ਮੁੱਖ ਮੰਤਰੀ ਰਾਖਸ਼ਸ਼ ਨੇ ਆਪਣੀ ਨੀਤੀ ਦਾ ਬਾਣ ਚਲਾ ਦਿੱਤਾ। ਰਾਜਾ ਮਹਾਂਨੰਦ ਦੇ ਭਰਾ 'ਸਵਾਰਥ ਸਿੱਧ' ਨੂੰ ਇਸ ਸਲਤਨਤ ਦਾ ਬਾਦਸ਼ਾਹ ਬਣਾ ਦਿੱਤਾ। ਇਥੇ ਇਕ ਵਾਰੀ ਚਾਣਕਯ ਦੀ ਹਾਰ ਹੋ ਗਈ ਕਿ ਉਹ ਚੰਦਰਗੁਪਤ ਮੌਰੀਆ ਨੂੰ ਰਾਜਾ ਨਾ ਬਣਾ ਸਕਿਆ। ਪਰ ਚਾਣਕਯ ਨੀਤੀ ਵਿਚ ਐਸਾ ਹੀ ਕਥਨ ਹੈ :

**ਕਹਾਂ ਸ਼ਤ੍ਰੂ ਭੈ ਚਤੁਰ ਕੋ ਜਾਂ ਮੈਂ ਲਾਖ ਉਪਾਇ ॥੪॥** *(ਚਾਣਕਯ ਨੀਤੀ, ਅਧਿਆਇ ੧੦)*

ਕਿ ਬੁਧੀਵਾਨ ਨੂੰ ਕੋਈ ਮੁਸ਼ਕਲ ਨਹੀਂ ਹੁੰਦੀ ਉਸ ਕੋਲ ਲੱਖਾਂ ਯਤਨ ਹਨ। ਚਾਣਕਯ ਨੇ ਹਾਰ ਕੇ ਵੀ ਹਾਰ ਨਹੀਂ ਸੀ ਮੰਨੀ। ਰਾਜ ਪ੍ਰਾਪਤ ਕਰਨ ਦੇ ਲਈ ਨੀਤੀ ਦਾ ਨਵਾਂ ਬਾਣ ਤਿਆਰ ਕਰਨ ਲੱਗਾ। ਚਾਣਕਯ ਦਾ ਇਕ ਮਿੱਤਰ ਸੀ। ਜਿਸਦਾ ਨਾਮ ਇਤਿਹਾਸ ਵਿਚ 'ਜੀਵਸਿਧ' ਲਿਖਿਆ ਹੈ। ਜੀਵਸਿਧ ਨੂੰ ਖੁਫ਼ੀਆ ਭੇਸ ਵਿਚ ਰਾਖਸ਼ਸ਼ ਪਾਸ ਛੱਡ ਕੇ ਤੇ ਹੋਰ ਵਿਦੇਸ਼ੀ ਰਾਜਿਆਂ ਕੋਲ ਮਦਦ ਲੈਣ ਲਈ ਚਲਾ ਗਿਆ।

ਅਫ਼ਗਾਨਿਸਤਾਨ ਦੇ ਉੱਤਰੀ ਇਲਾਕੇ ਵਿਚ ਇਕ ਰਾਜਾ ਸੀ ਜਿਸਦਾ ਨਾਮ 'ਪਰਵਰਤਕ' ਲਿਖਿਆ ਹੈ। ਮਗਧ ਦੇਸ਼ ਦਾ ਅੱਧਾ ਰਾਜ ਦੇਣ ਦਾ ਇਕਰਾਰ ਕਰ ਕੇ ਮਗਧ ਦੇਸ਼ ਦੀ ਰਾਜਧਾਨੀ ਪਾਟਲੀਪੁੱਤਰ ਜਿਸਨੂੰ ਅੱਜ ਪਟਨਾ ਸਾਹਿਬ ਕਿਹਾ ਜਾਂਦਾ ਹੈ, ਇਸਦੇ ਉਪਰ ਚੜ੍ਹਾਈ ਕਰਨ ਵੇਲੇ ਆਪਣੀ ਮਜਬੂਰੀ ਲਈ ਹੋਰ ਪੰਜ ਅਫ਼ਗਾਨੀ ਰਾਜਿਆਂ ਨੂੰ ਆਪਣੇ ਨਾਲ ਚੜ੍ਹਾਅ ਲਿਆਇਆ। ਨੇੜੇ ਪਹੁੰਚ ਕੇ ਜੰਗ ਕਰਨ ਦੀ ਐਸੀ ਨੀਤੀ ਅਪਣਾਈ ਕਿ ਰਾਜੇ ਸਵਾਰਥ ਸਿਧ ਤੇ ਉਸਦੇ ਮੰਤਰੀ ਰਾਖਸ਼ਸ਼ ਨੂੰ ਤੇ ਇਨ੍ਹਾਂ ਦੇ ਗੁਪਤਚਰਾਂ ਨੂੰ ਭਿਣਕ ਤਕ ਨਹੀਂ ਪੈਣ ਦਿੱਤੀ ਕਿ ਕੋਈ ਦੁਸ਼ਮਣ ਚੜ੍ਹ ਕੇ ਆ ਰਿਹਾ ਹੈ। ਪਤਾ ਓਦੋਂ ਹੀ ਚੱਲਿਆ ਕਿ ਜਦੋਂ ਰਾਜਧਾਨੀ ਪੂਰੇ ਘੇਰੇ ਵਿਚ ਆ ਗਈ। ਇਹ ਘੇਰਾਬੰਦੀ ਦੀ ਵਿਉਂਤ ਸਾਰੀ ਚਾਣਕਯ ਨੇ ਬਣਾਈ ਸੀ। ਹੁਣ ਛੇ ਰਾਜਿਆਂ ਦੀ ਫ਼ੌਜ ਜੋ ਬੜੀ ਮਜ਼ਬੂਤ ਸੀ ਉਸ ਫ਼ੌਜ ਨੇ ਬਾਹਰ ਤੋਂ ਕੋਈ ਅੰਦਰ ਨਹੀਂ ਜਾਣ ਦਿੱਤਾ ਤੇ ਅੰਦਰ ਤੋਂ ਕੋਈ ਬਾਹਰ ਨਹੀਂ ਜਾਣ ਦਿੱਤਾ। ਸਵਾਰਥ ਸਿਧ ਇਸ ਗੱਲੋਂ ਹੈਰਾਨ ਸੀ ਕਿ ਮੇਰਾ ਰਾਜ ਖੋਹਣ ਲਈ ਏਨੀ ਮਜ਼ਬੂਤੀ ਨਾਲ ਕੌਣ ਚੜ੍ਹ ਕੇ ਆ ਗਿਆ ਹੈ। ਸਾਰੇ ਰਸਤੇ ਬੰਦ ਦੇਖ ਕੇ ਮਗਧ ਦੇਸ਼ ਦੇ ਰਾਜੇ ਨੇ ਜੰਗ ਦਾ ਰਸਤਾ ਅਪਣਾਇਆ। ਫ਼ੌਜਾਂ ਸ਼ਸਤਰ ਲੈ ਕੇ ਆਹਮਣੇ-ਸਾਹਮਣੇ ਹੋਈਆਂ। ੧੫ ਦਿਨ ਭਿਆਨਕ ਯੁੱਧ ਹੁੰਦਾ ਰਿਹਾ। ਚੜ੍ਹ ਕੇ ਆਉਣ ਵਾਲਿਆਂ ਕੋਲ ਕੋਈ ਕਿਲ੍ਹਾ ਨਾ ਹੋਣ ਕਰਕੇ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਨਗਰ ਅੰਦਰ ਪ੍ਰਵੇਸ਼ ਕਰਨ ਲਈ ਗੁਪਤ ਰਸਤਿਆਂ 'ਤੇ ਜਾਣਾ ਸੀ। ਜੀਵ ਸਿੱਧ ਨੇ ਚਾਣਕਯ ਨੂੰ ਸਾਰਾ ਭੇਤ ਪਹਿਲਾਂ ਹੀ ਦੱਸ ਦਿੱਤਾ ਸੀ। ਉਸ ਦੇ ਅਨੁਸਾਰ ਮਗਧ ਦੇਸ਼ ਦੀ ਸੈਨਾ ਅਤੇ ਨਗਰ ਵਾਸੀ ਲੜਦੇ-ਲੜਦੇ ਹੌਸਲਾ ਢਾਹ ਬੈਠੇ। ਮਹਾਰਾਜੇ ਸਵਾਰਥ ਸਿੱਧ ਨੇ ਜਦੋਂ ਵੇਖਿਆ ਕਿ ਗੱਲ ਵਸੋਂ ਬਾਹਰ ਹੋ ਗਈ ਕਿ ਹੁਣ ਰਾਜ ਤਾਂ ਜਾਏਗਾ ਹੀ। ਰਾਜ ਦੇ ਨਾਲ ਮੇਰੀ ਜਾਨ ਭੀ ਜਾਏਗੀ, ਕਿਉਂਕਿ ਪਤਾ ਚੱਲ ਗਿਆ ਸੀ ਕਿ ਇਹ ਸਭ ਕੁਝ ਕਰਵਾਉਣ

ਵਾਲਾ ਚਾਣਕਯ ਹੈ, ਜਿਸ ਨੇ ਮੇਰੇ ਸ਼ਕਤੀਸ਼ਾਲੀ ਭਰਾ ਨੂੰ ਪਰਿਵਾਰ ਸਮੇਤ ਮਰਵਾ ਦਿੱਤਾ ਹੈ, ਖ਼ੈਰ ਮੇਰੀ ਭੀ ਨਹੀਂ। ਇਸ ਲਈ ਫ਼ਕੀਰੀ ਲਿਬਾਸ ਧਾਰਨ ਕਰ ਕੇ ਰਾਤ ਦੇ ਅੰਧੇਰੇ ਵਿਚ ਇਕ ਗੁਪਤ ਰਸਤੇ ਰਾਹੀਂ ਬਾਹਰ ਨਿਕਲ ਗਿਆ। ਜਦੋਂ ਰਾਖਸ਼ਸ਼ ਮੰਤਰੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਦੇ ਮੋੜਨ ਲਈ ਉੱਦਮ ਕੀਤਾ, ਜੋ ਸਫਲ ਨਾ ਹੋ ਸਕਿਆ। ਕਿਉਂਕਿ ਅੰਦਰ ਦੀ ਪਲ-ਪਲ ਦੀ ਜਾਣਕਾਰੀ ਚਾਣਕਯ ਨੂੰ ਬਾਹਰ ਬੈਠੇ ਹੀ ਪ੍ਰਾਪਤ ਹੋ ਰਹੀ ਸੀ। ਜਦੋਂ ਚਾਣਕਯ ਨੂੰ ਪਤਾ ਲੱਗਾ ਕਿ ਸਵਾਰਥ ਸਿੱਧ ਫ਼ਕੀਰੀ ਲਿਬਾਸ ਵਿਚ ਬਾਹਰ ਨਿਕਲ ਗਿਆ ਹੈ, ਚੰਦਰਗੁਪਤ ਮੌਰੀਆ ਦੇ ਬੰਦਿਆਂ ਤੋਂ ਉਸਨੂੰ ਮਰਵਾ ਦਿੱਤਾ। ਹੁਣ ਮੰਤਰੀ ਰਾਖਸ਼ਸ਼ ਕੋਲ ਕੋਈ ਯਤਨ ਨਾ ਰਿਹਾ। ਹੁਣ ਚਾਣਕਯ ਨੇ ਚੰਦਰਗੁਪਤ ਮੌਰੀਆ ਨੂੰ ਮਗਧ ਦੇਸ਼ ਦੇ ਤਖ਼ਤ 'ਤੇ ਬਿਠਾ ਕੇ ਤੇ ਆਪਣੇ ਕੀਤੇ ਬਚਨ ਅਨੁਸਾਰ ਅਫ਼ਗ਼ਾਨ ਦੇ ਰਾਜੇ ਪਰਵਰਤਕ ਨੂੰ ਅੱਧਾ ਰਾਜ ਦੇ ਦਿੱਤਾ। ਇਸਦੇ ਪਿੱਛੋਂ ਰਾਖਸ਼ਸ਼ ਨੇ ਕਈ ਵਾਰ ਵਿਉਂਤਾਂ ਬਣਾਈਆਂ, ਜਿਸ ਨਾਲ ਚੰਦਰਗੁਪਤ ਮੌਰੀਆ ਤੇ ਚਾਣਕੀਆ ਦਾ ਨਾਸ਼ ਹੋ ਜਾਵੇ। ਪਰ ਨੀਤੀਵੇਤਾ ਚਾਣਕਯ ਨੇ ਇਕ ਵੀ ਚਾਲ ਚੱਲਣ ਨਾ ਦਿੱਤੀ। ਹੁਣ ਚਾਣਕੀਆ ਨਾਇਣ ਦੇ ਪੁੱਤਰ ਚੰਦਰਗੁਪਤ ਮੌਰੀਆ ਨੂੰ ਰਾਜ ਦਿਵਾ ਕੇ ਸੰਤੁਸ਼ਟ ਨਹੀਂ ਸੀ ਹੋਇਆ। ਕਿਉਂਕਿ ਅੱਧੇ ਰਾਜ ਦਾ ਕੰਡਾ ਅਜੇ ਵੀ ਚੁੱਭ ਰਿਹਾ ਸੀ ਕਿ ਮੈਂ ਇਸਨੂੰ ਅੱਧਾ ਰਾਜ ਹੀ ਦੁਆ ਸਕਿਆ ਹਾਂ। ਹੁਣ ਚਾਣਕਯ ਦੀ ਨੀਤੀ ਦੇਖੋ ਕਿ ਸ਼ਕਤੀਸ਼ਾਲੀ ਰਾਜੇ ਪਰਿਵਰਤਕ ਨੂੰ ਅੱਧੇ ਰਾਜ ਦਾ ਲੋਭ ਦੇ ਕੇ ਲੜਾਕੇ ਸੂਰਬੀਰਾਂ ਦੀ ਫ਼ੌਜ ਦੀ ਸ਼ਕਤੀ ਪ੍ਰਾਪਤ ਕਰ ਲਈ। ਫਿਰ ਉਸਨੂੰ ਆਪਣਾ ਅੱਧਾ ਰਾਜ ਦੇ ਕੇ ਆਪਣੀ ਈਮਾਨਦਾਰੀ ਵੀ ਦਿਖਾ ਦਿੱਤੀ। ਅੱਧਾ ਰਾਜ ਦੇ ਕੇ ਉਸੇ ਦਿਨ ਤੋਂ ਹੀ ਸੋਚਣਾ ਸ਼ੁਰੂ ਕਰ ਦਿੱਤਾ ਕਿ ਅੱਧੇ ਰਾਜ ਨੂੰ ਵੀ ਪ੍ਰਾਪਤ ਕਰਨਾ ਹੈ। ਰਾਖਸ਼ਸ਼ ਜੋ ਵੀ ਚਾਲ ਚੱਲਦਾ, ਉਸਨੂੰ ਅਸਫਲ ਕਰ ਦਿੰਦਾ ਸੀ। ਅਖ਼ੀਰ ਨੂੰ ਚਾਣਕਯ ਨੇ ਉਸਦੇ ਭਾਈ ਨੂੰ ਜੋ ਰਾਖਸ਼ਸ਼ ਮੰਤਰੀ ਦਾ ਮਿੱਤਰ ਬਣ ਗਿਆ ਸੀ, ਇਨ੍ਹਾਂ ਤਿੰਨਾਂ ਨੂੰ ਮਰਵਾ ਦਿੱਤਾ। ਹੁਣ ਚਾਣਕਯ ਨੇ ਰਾਜ ਚਲਾਉਣ ਦੀ ਜ਼ਿੰਮੇਵਾਰੀ ਚੰਦਰਗੁਪਤ ਮੌਰੀਆ ਨੂੰ ਦੇ ਕੇ ਆਪ ਜੰਗਲ ਵਿਚ ਤਪੱਸਿਆ ਕਰਨ ਲਈ ਕੁਟੀਆ ਬਣਾ ਲਈ। ਚੰਦਰਗੁਪਤ ਮੌਰੀਆ ਜਿਸਨੂੰ ਸੁਤੰਤਰ ਰਾਜ ਚਾਣਕਯ ਨੇ ਦਿਵਾਇਆ ਸੀ। ਚੰਦਰਗੁਪਤ ਮੌਰੀਆ ਨੇ ਇਸਨੂੰ ਆਪਣਾ ਰਾਜਨੀਤੀ ਦਾ ਗੁਰੂ ਬਣਾਇਆ। ਇਸ ਕੋਲੋਂ ਰਾਜਨੀਤੀ ਪੜ੍ਹਨ ਲਈ ਜੰਗਲ ਵਿਚ ਕੁਟੀਆ ਵਿਚ ਪਹੁੰਚਦਾ ਰਿਹਾ। ਇਹ ਚਾਣਕਯ ਨੀਤੀ ਦਰਪਣ, ਉਸ ਵੇਲੇ ਹੋਂਦ ਵਿਚ ਆਇਆ। ਰਾਖਸ਼ਸ਼ ਕੋਲ ਜੋ ਮਹਾਂ ਮੰਤਰੀ ਦਾ ਪਦ ਤੇ ਰਾਜ ਗੁਰੂ ਦਾ ਪਦ ਸੀ ਉਹ ਚਾਣਕਯ ਨੂੰ ਦੇ ਕੇ ਅਹਿਸਾਨ ਕਦੇ ਨਹੀਂ ਭੁਲਾਇਆ। ਉਸਦੇ ਅਨੁਸਾਰ ਹੋ ਕੇ ਦੀਰਘ ਕਾਲ ਤਕ ਰਾਜ ਕੀਤਾ। ਜਿਸਦੇ ਫਲਸਰੂਪ ਚੰਦਰਗੁਪਤ ਮੌਰੀਆ ਰਾਜਾ ਐਸਾ ਪ੍ਰਸਿੱਧ ਹੋਇਆ ਕਿ ਉਸਦੀ ਸ਼ਲਾਘਾ ਦੀਆਂ ਉਸਦੇ ਦੇਸ਼ ਦੀ ਸੀਮਾ ਪਾਰ ਵੱਸਦੇ ਰਾਜਿਆਂ ਤੇ ਪਰਜਾ ਤਕ ਕੰਨਸੋਆਂ ਪਹੁੰਚੀਆਂ। ਜੋ ਗ਼ੈਰਾਂ ਨੇ ਸ਼ਲਾਘਾ ਕੀਤੀ, ਉਸਦਾ ਥੋੜਾ ਜਿਹਾ ਨਮੂਨਾ ਲਿਖਦੇ ਹਾਂ। ਇਕ ਲੇਖਕ ਮਗੈਸਥਨੀਜ਼ ਨਾਮੀ ਯੂਨਾਨੀ ਸਫ਼ੀਰ (ਬਸੀਠ) ਜੋ ਸ਼ਾਹ ਸਲੋਖਸ਼ ਵਲੋਂ ਮਹਾਰਾਜਾ ਚੰਦਰਗੁਪਤ ਮੌਰੀਆ ਦੇ ਦਰਬਾਰ ਵਿਚ ਕਈ ਸਾਲ ਰਿਹਾ ਸੀ। ਚੰਦਰਗੁਪਤ ਮੌਰੀਆ ਦੇ ਰਾਜ ਦੀ ਪ੍ਰਸੰਸਾ ਕਰਦਾ ਇਉਂ ਲਿਖਦਾ ਹੈ ਕਿ ਚੰਦਰਗੁਪਤ ਮੌਰੀਆ ਦੇ ਰਾਜ ਦੀ ਰਾਜਧਾਨੀ ਪਾਟਲੀਪੁੱਤਰ ਹੈ। ਇਹ ਗੰਗਾ ਦੇ ਕਿਨਾਰੇ ਦੋ ਮੀਲ ਚੌੜਾਈ (*ਮਹਾਨ ਕੋਸ਼* ਵਿੱਚ ਡੇਢ ਮੀਲ ਲਿਖਿਆ ਹੈ) ਤੇ ਲੰਬਾਈ ਨੌਂ ਮੀਲ ਤਕ ਹੈ। ਉਹ ਲਿਖਦਾ ਹੈ ਕਿ ਇਸਦੇ ਚੁਫੇਰੇ ਇਕ ਬੜਾ ਪੱਕਾ ਕੋਟ ਹੈ, ਜਿਸ ਵਿਚ ੬੪ ਦਰਵਾਜ਼ੇ ਹਨ ਅਤੇ ੫੭੦ ਬੁਰਜ ਹਨ, ਜਿਥੇ ਬੈਠ ਕੇ ਬਾਹਰੋਂ ਆਉਣ ਵਾਲੇ ਦੁਸ਼ਮਣ ਦਾ ਮੁਕਾਬਲਾ ਬੜੇ ਸੌਖੇ ਤਰੀਕੇ ਨਾਲ ਕੀਤਾ ਜਾ ਸਕਦਾ ਸੀ। ਇਕ ਖਾਈ ਜੋ ੬੦ ਫ਼ੁੱਟ ਚੌੜੀ ਅਤੇ ੪੫ ਫ਼ੁੱਟ ਡੂੰਘੀ ਸੀ। ਮਹਾਰਾਜਾ ਚੰਦਰਗੁਪਤ ਮੌਰੀਆ ਦੀ ਸੈਨਾ ਬੜੀ ਲੜਾਕੀ ਸੀ। ਜਿਸਦੀ ਗਿਣਤੀ ੬੦,੦੦੦ ਪੈਦਲ, ੩੦,੦੦੦ ਘੋੜ ਸਵਾਰ, ੯੦੦੦ ਹਾਥੀਆਂ ਵਾਲੇ, ੮੦੦੦ ਰੱਥਾਂ ਵਾਲੇ ਲੜਨ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਸੋ ਨਿਕਟਵਰਤੀ ਲੇਖਕ ਨੇ ਬਹੁਤ ਪ੍ਰਸੰਸਾ ਕੀਤੀ ਹੈ ਕਿ ਇਹ ਪ੍ਰਬੰਧ ਛੇ ਹਿੱਸਿਆਂ ਵਿਚ ਵੰਡਿਆ ਹੋਇਆ ਸੀ।

੧. ਪੈਦਲ ਸੈਨਾ, ੨. ਸਮੁੰਦਰੀ ਸੈਨਾ, ੩. ਰਸਾਲਾ (ਘੋੜ ਸੈਨਾ), ੪. ਜੰਗੀ ਰੱਥ, ੫. ਹਾਥੀਆਂ ਵਾਲੀ ਸੈਨਾ, ੬. ਭਾਰ ਢੋਣ ਵਾਲੀ ਸੈਨਾ।

ਦੇਸ਼ ਦੇ ਸੁਧਾਰ ਵਾਸਤੇ ਹੋਰ ਵੀ ਪ੍ਰਬੰਧ ਕੀਤੇ ਹੋਏ ਸਨ। ਆਏ ਗਏ ਖਿੱਤੀਆਂ ਦਾ ਪ੍ਰਬੰਧ ਬੜੇ ਸ਼ਲਾਘਾਯੋਗ ਤਰੀਕੇ ਨਾਲ ਕੀਤਾ ਹੋਇਆ ਸੀ। ਸ਼ਿਲਪ ਵਿਦਿਆ ਦੀ ਦੇਖ-ਭਾਲ ਲਈ ਵਿਸ਼ੇਸ਼ ਪ੍ਰਬੰਧ ਸੀ। ਆਏ ਗਏ ਰਾਹੀ ਤੇ ਅਭਿਆਗਤਾਂ ਦਾ ਸਨਮਾਨ ਤੇ ਪ੍ਰਬੰਧ ਸੀ। ਮਰਨ ਜੰਮਣ ਦੇ ਅੰਕੜੇ ਗਿਣਤੀ ਵਿਚ ਲਿਖੇ ਜਾਣ ਲੱਗੇ। ਵਪਾਰ ਦੀ ਉੱਨਤੀ ਹੋਈ। ਸਰਕਾਰੀ ਕਰ ਉਗਰਾਹ ਕੇ ਖ਼ਜ਼ਾਨਾ ਭਰਿਆ। ਸਮਾਚਾਰ ਪਹੁੰਚਾਉਣ ਦਾ ਇਹੋ ਜਿਹਾ ਪ੍ਰਬੰਧ ਸੀ ਕਿ ਹਰੇਕ ਕਿਸਮ ਦੀ ਜਾਣਕਾਰੀ ਮਹਾਰਾਜਾ ਤਕ ਫੌਰਨ ਪਹੁੰਚ ਜਾਂਦੀ ਸੀ। ਹਰੇਕ ਦਿਨ ਇਕ ਆਮ ਦਰਬਾਰ ਲੱਗਦਾ, ਜਿਥੇ ਪਰਜਾ ਦੇ ਹਰ ਨਾਗਰਿਕ ਨੂੰ ਆਪਣਾ ਦੁੱਖ ਸਿੱਧਾ ਰਾਜੇ ਨੂੰ ਦੱਸਣ ਦਾ ਮੌਕਾ ਪ੍ਰਦਾਨ ਹੁੰਦਾ। ਇਸ ਕਰਕੇ ਚੰਦਰਗੁਪਤ ਮੌਰੀਆ ਦੇ ਪ੍ਰਬੰਧ ਦੀ ਪ੍ਰਸੰਸਾ ਸਫ਼ੀਰ ਨੇ ਲਿਖੀ। ਜੇ ਸਾਰੀ ਲਿਖੀਏ ਤਾਂ ਬਹੁਤ ਵੱਡਾ ਗ੍ਰੰਥ ਬਣ ਸਕਦਾ ਹੈ। ਕੁਝ ਸੁਨਹਿਰੀ ਅੰਸ਼ ਹੀ ਲਏ ਹਨ। ਅੱਜ ਤਕ ਕਿਸੇ ਇਤਿਹਾਸ ਵਿਚੋਂ ਚਾਣਕਯ ਦੇ ਜਨਮ ਦੀ ਸਹੀ ਤਾਰੀਖ਼ ਨਹੀਂ ਮਾਲੂਮ ਹੁੰਦੀ ਹੈ, ਨਾ ਹੀ ਮਰਨ ਦੇ ਸੰਮਤ ਦਾ ਪਤਾ ਮਿਲਿਆ। ਪਰ ਇਸ ਮਹਾਂਪੁਰਸ਼ ਦੀ ਪਛਾਣ ਇਸਦੀ ਨੀਤੀ ਦੇ ਪ੍ਰਵਚਨ ਹਨ। ਉਸ ਨੇ ਜੋ ਅਮੋਲਕ ਬਚਨ ਕਹੇ ਹਨ, ਉਹ ਚਾਣਕਯ ਨੀਤੀ ਨਾਲ ਪ੍ਰਸਿੱਧ ਹਨ। ਚਾਣਕਯ ਕ੍ਰਿਤ ਇਕ ਹੋਰ ਗ੍ਰੰਥ 'ਮੁਦਰਾ ਰਾਖਸ਼' ਨਾਮੀ ਨਾਟਕ ਭੀ ਹੈ, ਜੋ ਵਿਸ਼ਨੂੰ ਸ਼ਰਮਾ ਦੇ ਇਕ ਪ੍ਰਸਿੱਧ 'ਪੰਜਤੰਤਰ' ਰਾਜਨੀਤਕ ਗ੍ਰੰਥ ਦਾ ਰਚੇਤਾ ਹੈ, ਜਿਸਦਾ ਅਨੁਵਾਦ ਸੰਸਾਰ ਭਰ ਦੀਆਂ ਭਾਸ਼ਾਵਾਂ ਵਿਚ ਹੈ। ਪੰਜਾਬੀ ਵਿਚ ਵੀ ਹੈ। ਉਹ ਚਾਣਕਯ ਦੇ ਗੁਣ ਗਾਉਂਦਾ ਹੈ। ਉਸਨੂੰ ਨਮਸਕਾਰ ਕਰਦਾ ਹੋਇਆ ਆਪਣੇ ਗ੍ਰੰਥ ਦੀ ਭੂਮਿਕਾ ਵਿਚ ਸਾਰੇ ਰਾਜਨੀਤੀ ਜਾਣਨ ਵਾਲਿਆਂ ਦਾ ਸਿਰਮੌਰ ਲਿਖਦਾ ਹੈ :

**"ਕਰ ਪਰਣਾਮ ਚਾਣਕਯ ਕੋ ਰਾਜਨੀਤ ਸਿਰਮੌਰ"**

ਇਕ ਵਿਦਵਾਨ ਦੇ ਕਥਨ ਤੋਂ ਇਹ ਚਾਣਕਯ ਨੀਤੀ ਵਿਦਿਆ ਦਾ ਪੂਰਨ ਗਿਆਨ ਹੁੰਦਾ ਹੈ। 'ਮੁਦਰਾ ਰਾਖਸ਼ਸ਼' ਨਾਟਕ ਤੋਂ ਇਹ ਵੀ ਸਿੱਧ ਹੈ ਕਿ ਵਿਸ਼ਨੂੰ ਸ਼ਰਮਾ ਤੇ ਚਾਣਕਯ ਇੱਕੋ ਸਮੇਂ ਵਿਚ ਹੋਏ ਹਨ। ਕਿਉਂਕਿ ਇਸ ਨਾਟਕ ਵਿਚ ਚਾਣਕਯ ਨੇ ਆਪ ਲਿਖਿਆ ਹੈ : "ਵਿਸ਼ਨੂੰ ਸ਼ਰਮਾ ਸਾਡਾ ਭਾਰੀ ਮਿੱਤਰ ਹੈ ਜੋ ਹਰ ਪ੍ਰਕਾਰ ਦੀ ਰਾਜਨੀਤੀ ਨੂੰ ਜਾਣਦਾ ਹੈ।"

ਇਹ ਸਭ ਕੁਝ ਗਿਆਨੀ ਗੁਲਾਬ ਸਿੰਘ ਜੀ ਨੇ ਬੜੀ ਮਿਹਨਤ ਨਾਲ ਲੱਭ ਕੇ ਲਿਖਿਆ।

**ਚਾਣਕਯ :** ਚਾਣਕਯ ਇਕ ਚੁਣਕ ਰਿਖੀ ਭੀ ਹੈ। ਇਹ ਬ੍ਰਾਹਮਣ ਬੜਾ ਸੰਤੋਖੀ ਸੀ, ਜਿਸਦੇ ਸੰਤੋਖ ਦੀ ਪ੍ਰੀਖਿਆ ਪਰਮਾਤਮਾ ਨੇ ਕੀਤੀ ਸੀ। ਪ੍ਰੀਖਿਆ ਵਿਚ ਪੂਰਾ ਉਤਰਨ 'ਤੇ ਪਰਮਾਤਮਾ ਨੇ ਇਸਨੂੰ ਦਰਸ਼ਨ ਦਿੱਤੇ। ਪਰਿਵਾਰ ਦਾ ਕਲਿਆਣ ਕੀਤਾ। ਇਸ ਤੋਂ ਇਸਦੀ ਵੰਸ਼ ਚੱਲੀ। ਚਣਕ ਵੰਸ਼ ਦਾ ਨਾਮ ਹੈ। ਇਸ ਵੰਸ਼ ਵਿਚ ਪੈਦਾ ਹੋਣ ਕਰਕੇ ਇਸ ਨੀਤੀ-ਵੇਤਾ ਪੰਡਿਤ ਦਾ ਨਾਮ ਚਾਣਕਯ ਪੈ ਗਿਆ। ਇਸਦੇ ਰਚੇ ਗ੍ਰੰਥ ਨੂੰ ਚਾਣਕਯ ਨੀਤੀ ਦੀ ਪ੍ਰਸਿੱਧੀ ਪ੍ਰਾਪਤ ਹੈ। ਇਸਦਾ ਅਸਲੀ ਨਾਮ ਵਿਸ਼ਨੂੰ ਗੁਪਤਾ ਹੈ। ਤੀਸਰਾ ਨਾਮ ਕੋਟਿਲਯ ਭੀ ਗ੍ਰੰਥਾਂ ਵਿਚ ਆਇਆ ਹੈ। ਇਸਦੇ ਲਿਖੇ ਸ਼ਾਸਤਰ ਦਾ ਨਾਮ 'ਅਰਥ-ਸ਼ਾਸਤਰ' ਤੇ 'ਕੌਟਿਲਯ ਸ਼ਾਸਤਰ' ਭੀ ਹੈ। ਆਪਣੀ ਚਤੁਰਾਈ ਦੇ ਬਲ ਨਾਲ ਨੰਦ ਵੰਸ਼ ਦਾ ਨਾਸ਼ ਕਰ ਕੇ ਚੰਦਰਗੁਪਤ ਮੌਰੀਆ ਨੂੰ ਮਹਾਰਾਜ ਧਿਰਾਜ ਬਣਾਇਆ। ਰਾਵਲਪਿੰਡੀ ਦੇ ਜ਼ਿਲ੍ਹੇ ਤਕਸ਼ਿਲਾ ਨਗਰ ਚਾਣਕਯ ਦਾ ਜਨਮ ਅਸਥਾਨ ਹੈ। ਜਨਮ ਜਾਂ ਮਰਨ ਦੀ ਅਸਲੀ ਤਾਰੀਖ਼ ਨਹੀਂ ਮਿਲਦੀ, ਅਨੁਮਾਨ ਹੀ ਹੈ। ਨਾਲੇ ਤਾਰੀਖ਼ ਤੋਂ ਕੀ ਲੈਣਾ। ਅਸਲ ਗੱਲ ਸਿਧਾਂਤ ਦੀ ਹੈ। ਇਸਦੀ ਰਚਨਾ ਦਾ ਜੋ ਸਿਧਾਂਤ ਹੈ ਉਹ ਕਵੀ ਸੈਨਾਪਤਿ ਨੇ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਅਨੁਸਾਰ ਇਹ ਗ੍ਰੰਥ ਸੰਪਰਦਾਵਾਂ ਵਿਚ ਪੜ੍ਹਿਆ ਪੜ੍ਹਾਇਆ ਜਾਂਦਾ ਹੈ, ਤਾਂਕਿ ਸੰਸਾਰੀ ਗਿਆਨ ਵੀ ਮਨੁੱਖ ਦੇ ਪੱਲੇ ਹੋਵੇ। ਜਿਸਦੇ ਨਾਲ ਸੰਸਾਰ ਵਿਚ ਜਿੰਨਾ ਚਿਰ ਸਰੀਰ ਹੈ,

ਜੋ ਪਰਸਥਿਤੀਆਂ ਦਾ ਮੁਕਾਬਲਾ ਕਰ ਸਕੇ। ਕਿਸੇ ਵੱਲੋਂ ਨਿਰਾਸ਼ ਨਾ ਹੋਵੇ। ਧਰਮ ਵਿਚ ਵੀ ਪੱਕਾ ਰਹੇ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਕਵੀ ਸੈਨਾਪਤਿ ਨੂੰ ਹੁਕਮ ਦੇ ਕੇ ਚਾਣਕਯ ਰਿਖੀ ਦੀ ਵਿਦਵਾਨੀ ਦੀ ਕਦਰ ਕਰਦਿਆਂ ਗੁਰਮੁਖੀ ਵਿਚ ਅਨੁਵਾਦ ਕਰਵਾਇਆ, ਜਿਸਨੂੰ ਸਿੱਖ ਸੰਪਰਦਾਵਾਂ ਦੇ ਵਿਦਵਾਨਾਂ ਤੋਂ ਇਲਾਵਾ ਹੋਰ ਸੰਪਰਦਾਵਾਂ ਵੀ ਲਾਭ ਉਠਾ ਰਹੀਆਂ ਹਨ।

## ਪਹਿਲਾ ਅਧਿਆਇ

## ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ ਪ੍ਰਭੂ ਜੋ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਸੱਚ ਸਰੂਪ, ਗੁਰ = ਚੇਤਨ ਸਰੂਪ ਅਤੇ ਪ੍ਰਸਾਦਿ = ਅਨੰਦ ਸਰੂਪ ਹੈ **ਵਾ:** ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਚਣਾਕਾ ਸ਼ਾਸਤ੍ਰ ਭਾਖਾ ਲਿਖਯਤੇ

ਅਥ = ਅਬ ਭਾਵ ਹੁਣ ਚਣਾਕਾ = ਚਾਣਕੀਏ ਰਿਸ਼ੀ ਦਾ ਲਿਖਿਆ ਹੋਇਆ ਸੰਸਕ੍ਰਿਤ ਵਿਚ ਗ੍ਰੰਥ, ਉਸ ਨੂੰ ਸਰਲ ਭਾਖਾ = ਭਾਸ਼ਾ ਵਿਚ ਕਵੀ ਸੈਨਾਪਤੀ ਜੀ ਲਿਖਯਤੇ = ਲਿਖ ਰਹੇ ਹਨ।

## ਦੋਹਰਾ ॥ ਪ੍ਰਣਵਤ ਹੋਂ ਸ੍ਰੀ ਬਿਸ਼ਨੁ ਕਉ; ਜੋ ਤ੍ਰਿਲੋਕ ਕੇ ਰਾਇ ॥

ਕਵੀ ਸੈਨਾਪਤਿ ਜੀ ਕਥਨ ਕਰਦੇ ਹਨ ਕਿ ਉਸ ਸ੍ਰੀ = ਸ਼ੋਭਾ ਦੇ ਮਾਲਕ ਬਿਸ਼ਨੁ (ਬਿਸ + ਅਨ) ਬਿਸ = ਵਿਸ਼ਵ, ਸਾਰੇ ਬ੍ਰਹਿਮੰਡ ਦੀ ਅਨੁ = ਚੇਸ਼ਟਾ ਕਰਨ ਵਾਲੇ ਪਰਮਾਤਮਾ ਕਉ = ਨੂੰ ਮੈਂ ਸਭ ਤੋਂ ਪਹਿਲਾਂ ਪ੍ਰਣਵਤ = ਨਮਸਕਾਰ ਕਰਦਾ ਹੋਂ = ਹਾਂ, ਜੋ = ਜਿਹੜੇ ਪ੍ਰਭੂ ਜੀ ਤ੍ਰਿਲੋਕ = ਤਿੰਨੇ ਲੋਕਾਂ (ਸੂਰਗ ਲੋਕ, ਮਾਤ ਲੋਕ, ਪਤਾਲ ਲੋਕ) ਕੇ = ਦੇ ਰਾਇ = ਰਾਜਾ, ਪ੍ਰਕਾਸ਼ ਰੂਪ ਹਨ।

## ਚਾਣਾਕਾ ਭਾਖਾ ਕਰੋਂ; ਜਉ ਤੁਮ ਹੋਹਿ ਸਹਾਇ ॥੧॥

ਜੋ ਚਾਣਾਕਾ ਨਾਮੇ ਗ੍ਰੰਥ ਚਾਣਕਯ ਰਿਖੀ ਦਾ ਲਿਖਿਆ ਹੋਇਆ ਸੰਸਕ੍ਰਿਤ ਵਿਚ ਸੀ, ਉਸਨੂੰ ਮੈਂ ਭਾਖਾ = ਦੇਸ਼ ਭਾਸ਼ਾ, ਛੰਦਾ ਬੰਦੀ ਵਿਚ ਕਰੋਂ = ਕਰਦਾ ਹਾਂ। ਹੇ ਪ੍ਰਭੂ ਜੀ! ਜਉ = ਜੇਕਰ ਤੁਮ = ਤੁਸੀਂ ਆਪ ਸਹਾਇ = ਮਦਦਗਾਰ ਹੋਵੋਂ ਤਾਂ ਹੀ ਇਹ ਕਾਰਜ ਹੋ ਸਕਦਾ ਹੈ॥੧॥

## ਦੋਹਰਾ ॥ ਬਹੁ ਸਾਸਤ੍ਰ ਅਵਲੋਕ ਕੈ; ਸੁੰਦਰ ਬਚਨ ਨਿਕਾਰ ॥

ਬਹੁ = ਬਹੁਤ ਸਾਰੇ ਹੋਰ ਵੀ ਰਾਜਨੀਤੀ ਆਦਿ ਦੇ ਸਾਸਤ੍ਰ = ਪੁਸਤਕ , ਗ੍ਰੰਥ ਅਵਲੋਕ = ਦੇਖ, ਪੜ੍ਹ ਕੈ = ਕਰਕੇ, ਉਨ੍ਹਾਂ ਵਿੱਚੋਂ ਬਹੁਤ ਸੁੰਦਰ = ਸੋਹਣੇ ਭਾਵ ਚੰਗੇ ਲਾਭਦਾਇਕ ਬਚਨ ਨਿਕਾਰ = ਕੱਢ ਕੇ।

## ਰਾਜਨੀਤਿ ਸੰਬੂਹ ਕੋ; ਬਰਨਨ ਕਰੋਂ ਬਿਥਾਰ ॥੨॥

ਸੰਬੂਹ = ਸਾਰੀ ਰਾਜਨੀਤੀ ਕੋ = ਨੂੰ ਸ੍ਰੇਸ਼ਟ ਰਾਜ ਕਰਨ ਦੀਆਂ ਜੁਗਤੀਆਂ ਦੁਆਰਾ ਬਿਥਾਰ = ਵਿਸਥਾਰ ਕਰਕੇ ਬਰਨਨ = ਬਿਆਨ ਕਰੋਂ = ਕਰਦਾ ਹਾਂ ਅਰਥਾਤ ਹੋਰਨਾਂ ਰਾਜਨੀਤੀ ਦੇ ਗ੍ਰੰਥਾਂ ਵਿੱਚੋਂ ਚੰਗੀਆਂ-ਚੰਗੀਆਂ ਰਾਜਨੀਤੀ ਦੀਆਂ ਗੱਲਾਂ ਨੂੰ ਖੋਲ੍ਹ ਕੇ ਇਹ ਚਾਣਾਕਾ ਨਾਮੇ ਗ੍ਰੰਥ ਬਣਾਉਂਦਾ ਹਾਂ॥੨॥

***ਪ੍ਰਸ਼ਨ*** *: ਹੇ ਕਵੀ ਜੀ ! ਜੋ ਤੁਸੀਂ ਇਹ ਗ੍ਰੰਥ ਭਾਖਾ ਵਿਚ ਬਣਾ ਰਹੇ ਹੋ, ਇਸਦੇ ਪੜ੍ਹਨ ਦਾ ਕੀ ਫਲ ਪ੍ਰਾਪਤ ਹੋਵੇਗਾ ?*

***ਉੱਤਰ*** *:*

## ਛਪੈ ॥ ਜੋ ਯਹਿ ਸ਼ਾਸਤ੍ਰ ਪੜੈ; ਸੋ ਨਰ ਚਾਤ੍ਰਤਾ ਪਾਵੈ ॥

ਜੋ = ਜਿਹੜਾ ਮਨੁੱਖ ਯਹਿ = ਇਸ ਚਾਨਾਕਾ ਸ਼ਾਸਤ੍ਰ = ਗ੍ਰੰਥ ਨੂੰ ਵਿਚਾਰ ਦੇ ਸਹਿਤ ਕਿਸੇ ਚੰਗੇ ਉਸਤਾਦ ਦੁਆਰਾ ਪੜੈ = ਪੜ੍ਹਨਾ ਕਰੇਗਾ, ਸੋ = ਉਹ ਨਰ = ਮਨੁੱਖ ਦੁਨੀਆਦਾਰੀ ਦੀ ਚੰਗੀ ਚਾਤ੍ਰਤਾ = ਸਿਆਣਪ ਵਾਲੀ ਅਕਲ ਪਾਵੈ = ਪ੍ਰਾਪਤ ਕਰ ਲਵੇਗਾ, ਭਾਵ ਉਹ ਮਨੁੱਖ ਹਰੇਕ ਗੱਲ ਵਿਚ ਸਿਆਣਾ ਸਮਝਦਾਰ ਹੋ ਜਾਵੇਗਾ।

## ਜੋ ਯਹਿ ਸ਼ਾਸਤ੍ਰ ਪੜ੍ਹੈ; ਪਰਮ ਉਪਦੇਸ਼ ਦ੍ਰਿੜਾਵੈ ॥

ਜੋ = ਜਿਹੜਾ ਵੀ ਮਨੁੱਖ ਯਹਿ = ਇਸ ਚਣਾਕਾ ਸ਼ਾਸਤ੍ਰ = ਗ੍ਰੰਥ ਨੂੰ ਵਿਚਾਰ ਦੇ ਸਹਿਤ ਕਿਸੇ ਚੰਗੇ ਉਸਤਾਦ ਦੁਆਰਾ ਪੜ੍ਹੈ = ਪੜ੍ਹਨਾ ਕਰੇਗਾ, ਉਹ ਧਰਮ = ਵੱਡੀ ਭਾਵ ਬ੍ਰਹਮ ਦੇ ਸਰੂਪ ਦੀ ਉਪਦੇਸ਼ = ਸਿੱਖਿਆ ਵੀ ਦ੍ਰਿੜਾਵੈ = ਦ੍ਰਿੜ੍ਹ, ਪ੍ਰਪੱਕ ਕਰਵਾ ਦੇਵੇਗਾ **ਵਾ:** ਉਹ ਧਰਮ ਦਾ ਉਪਦੇਸ਼ ਕਰ ਸਕੇਗਾ।

## ਜੋ ਯਹਿ ਸ਼ਾਸਤ੍ਰ ਪੜ੍ਹੈ; ਬਿਨਾ ਕਰਨਾ ਅਨਕਰਨਾ ॥

ਜੋ = ਜਿਹੜਾ ਵੀ ਮਨੁੱਖ ਯਹਿ = ਇਸ ਰਾਜਨੀਤੀ ਦੇ ਚਾਣਾਕਾ ਸ਼ਾਸਤ੍ਰ = ਗ੍ਰੰਥ ਨੂੰ ਵਿਚਾਰ ਦੇ ਸਹਿਤ ਕਿਸੇ ਚੰਗੇ ਉਸਤਾਦ ਦੁਆਰਾ ਪੜ੍ਹੈ = ਪੜ੍ਹਨਾ ਕਰੇਗਾ, ਉਹ ਕਰਨਾ = ਕਰਨ ਜੋਗ ਕੰਮ ਤੋਂ ਬਿਨਾ = ਰਹਿਤ ਅਤੇ (ਅਨ + ਕਰਨਾ) ਅਨ = ਇਕ ਰਸ ਕਰਨਾ = ਕਰਨ ਜੋਗ ਕੰਮ ਦੀ ਸਮਝ ਪਾ ਲਵੇਗਾ **ਵਾ:** ਉਹ ਅਨਕਰਨਾ = ਨਾ ਕਰਨ ਜੋਗ ਕੰਮਾਂ ਦੇ ਕਰਨਾ = ਕਰਨ ਵੱਲੋਂ ਬਿਨਾ = ਰਹਿਤ ਹੋ ਜਾਵੇਗਾ ਅਥਵਾ ਜੋ = ਜਿਹੜਾ ਮਨੁੱਖ ਯਹਿ = ਇਸ ਸ਼ਾਸਤ੍ਰ = ਗ੍ਰੰਥ ਨੂੰ ਪੜ੍ਹੈ = ਪੜ੍ਹਨ ਤੋਂ ਬਿਨਾ = ਬਗ਼ੈਰ ਹੈ, ਉਸਦਾ ਕਰਨਾ = ਕੀਤਾ ਹੋਇਆ ਕੰਮ ਵੀ ਅਨਕਰਨਾ = ਨਾ ਕਰਨ ਜਿਹਾ ਹੀ ਹੈ ਭਾਵ ਉਸਦੀ ਸਫਲਤਾ ਨਹੀਂ ਮਿਲੇਗੀ।

## ਜਾਨੈ ਸ਼ੁਭ ਅਰ ਅਸ਼ੁਭ; ਕਠਿਨ ਕਹਿਨਾ ਅਰ ਜਰਨਾ ॥

ਜੋ ਇਸ ਸ਼ਾਸਤ੍ਰ ਨੂੰ ਪੜ੍ਹੇਗਾ ਉਹ ਸ਼ੁਭ = ਚੰਗੇ ਅਰ = ਅਤੇ ਅਸ਼ੁਭ = ਮਾੜੇ ਕੰਮਾਂ ਨੂੰ ਜਾਣ ਲਵੇਗਾ ਭਾਵ ਸ਼ੁਭ ਕਰਮ ਵਿਚ ਪ੍ਰਵਿਰਤ ਹੋਵੇਗਾ ਅਤੇ ਅਸ਼ੁੱਭ ਕਰਮ ਨੂੰ ਦੁਖਦਾਇਕ ਜਾਣ ਕੇ ਤਿਆਗ ਦੇਵੇਗਾ **ਵਾ:** ਉਹ ਚੰਗੇ ਮੰਦੇ ਮਨੁੱਖ ਨੂੰ ਪਰਖਣ ਵਾਲਾ ਬਣ ਜਾਵੇਗਾ। ਫਿਰ ਕਿਸੇ ਨੂੰ ਕਠਿਨ = ਕਠੋਰ ਬਚਨ ਕਹਿਨਾ = ਆਖਣਾ ਅਰ = ਅਤੇ ਕਿਸੇ ਦਾ ਕਠੋਰ ਬਚਨ ਕਿਹਾ ਹੋਇਆ ਜਰਨਾ = ਸਹਾਰਨਾ ਆ ਜਾਵੇਗਾ।

## ਯਾ ਮਹਿ ਬੁਧਿ ਕੀ ਬ੍ਰਿਧਿ ਹ੍ਵੈ; ਵਹਿ ਸਾਸਤ੍ਰ ਭਾਖਾ ਕਰੋਂ ॥

ਯਾ = ਜਿਸ ਗ੍ਰੰਥ ਦੇ ਪੜ੍ਹਨ ਮਹਿ = ਵਿਚ ਭਾਵ ਅਧਿਐਨ ਕਰਨ ਨਾਲ ਮਨੁੱਖ ਦੀ ਬੁਧਿ = ਬੁੱਧੀ ਕੀ = ਦੀ ਸੋਚ ਵਿਚ ਬ੍ਰਿਧਿ = ਵਾਧਾ ਹ੍ਵੈ = ਹੋਵੇਗਾ ਅਰਥਾਤ ਬੁੱਧ ਚਤੁਰ ਹੋ ਜਾਵੇਗੀ। ਵਹਿ = ਉਹ ਨੀਤੀ ਦਾ ਸਾਸਤ੍ਰ = ਗ੍ਰੰਥ ਮੈਂ ਭਾਖਾ = ਦੇਸ਼ ਭਾਸ਼ਾ ਭਾਵ ਸੁਖਾਲੀ ਬੋਲੀ ਵਿਚ ਰਚਨਾ ਕਰੋਂ = ਕਰਦਾ ਹਾਂ।

## ਸਰਬਗਯ ਹੋਇ, ਨਰ ਜੋ ਪੜ੍ਹੈ; ਰਤਨ ਬਚਨ ਯਾ ਮੈ ਧਰੋਂ ॥੩॥

ਜੋ = ਜਿਹੜਾ ਵੀ ਨਰ = ਮਨੁੱਖ ਇਸ ਚਾਣਾਕਾ ਗ੍ਰੰਥ ਨੂੰ ਵਿਚਾਰ ਦੇ ਸਹਿਤ ਜਾਂ ਚੰਗੇ ਉਸਤਾਦ ਕੋਲੋਂ

ਪੜ੍ਹੈ = ਪੜ੍ਹਨਾ ਕਰੇਗਾ, ਉਹ ਮਨੁੱਖ ਸਰਬਗਯ = ਸਭ ਕੁਝ ਜਾਨਣ ਦੇ ਜੋਗ ਹੋਇ ਹੋ ਜਾਵੇਗਾ, ਭਾਵ ਰਾਜਨੀਤ ਵਿਚ ਨਿਪੁੰਨ ਹੋ ਜਾਵੇਗਾ। ਕਿਉਂਕਿ ਮੈਂ ਯਾ = ਇਸ ਗ੍ਰੰਥ ਮੈ = ਵਿਚ ਰਤਨ = ਮਾਣਿਕਾਂ ਦੀ ਨਿਆਈਂ ਅਮੋਲਕ ਬਚਨ ਧਰੋਂ = ਰੱਖ ਦਿੱਤੇ ਹਨ ॥੩॥

**ਅੱਗੋਂ ਰਾਜਨੀਤੀ ਦੇ ਗ੍ਰੰਥ ਦਾ ਆਰੰਭ ਹੁੰਦਾ ਹੈ :**

ਬੁਰੇ ਮਨੁੱਖ ਅਤੇ ਇਸਤ੍ਰੀ ਆਦਿ ਦੇ ਤਿਆਗ ਬਾਰੇ ਕਥਨ ਕਰਦੇ ਹਨ :

## ਦੋਹਰਾ ॥ ਤਜਹੁ ਕੁਪੁਤ੍ਰ ਕੁਭਾਰਜਾ; ਤਜਹੁ ਕੁਮਿਤ੍ਰ ਕੁਦੇਸ ॥

ਹੇ ਭਾਈ ! ਕੁਪੁਤ੍ਰ = ਖੋਟੇ ਪੁੱਤਰ ਤੇ ਕੁਭਾਰਜਾ = ਖੋਟੀ ਇਸਤ੍ਰੀ ਨੂੰ ਤਜਹੁ = ਛੱਡ ਦੇਣਾ ਕਰੋ **ਵਾ:** ਇਨ੍ਹਾਂ ਦੀ ਕੁਸੰਗਤ ਕਰਨੀ ਤਿਆਗ ਦੇਵੋ। ਕੁਮਿਤ੍ਰ = ਖੋਟੇ ਮਿੱਤਰ ਤੇ ਕੁਦੇਸ = ਖੋਟੇ ਦੇਸ਼ ਨੂੰ ਵੀ ਤਜਹੁ = ਛੱਡ ਦੇਣਾ ਕਰੋ।

## ਤਜਹੁ ਕੁਰਾਜ, ਕੁਮੰਤ੍ਰਿ ਤਜ; ਯਹ ਸਾਚੋ ਉਪਦੇਸ਼ ॥੪॥

ਕੁਰਾਜ = ਖੋਟਾ ਰਾਜ ਵੀ ਤਜਹੁ = ਛੱਡ ਦੇਣਾ ਕਰੋ, ਕੁਮੰਤ੍ਰਿ = ਖੋਟਾ ਮੰਤ੍ਰੀ (ਸਲਾਹਕਾਰ) ਵੀ ਤਜ = ਛੱਡ ਦੇਣਾ ਕਰੋ ਭਾਵ ਇਨ੍ਹਾਂ ਦਾ ਸੰਗ ਨਾ ਕਰੋ, ਯਹ = ਇਹੋ ਹੀ ਰਾਜਨੀਤੀ ਦੀ ਸਾਚੋ = ਸੱਚੀ ਉਪਦੇਸ਼ = ਸਿੱਖਿਆ ਹੈ। ਅਰਥਾਤ ਇਸ ਸਲੋਕ ਵਿਚ ਚਾਣਕਯ ਰਿਖੀ ਜੀ ਬੁਰਿਆਂ ਦੇ ਸੰਗ ਨੂੰ ਤਿਆਗਣ ਦੀ ਸਿੱਖਿਆ ਦੇ ਰਹੇ ਹਨ ਕਿ ਖੋਟਾ ਪੁੱਤਰ ਖੋਟੇ ਕਰਮਾਂ ਦੇ ਕਰਨ ਕਰਕੇ ਜਿਉਂਦਿਆਂ ਹੀ ਮਾਪਿਆਂ ਨੂੰ ਨਰਕ ਵਿਚ ਪਾ ਕੇ ਸਾਰੀ ਕੁਲ ਨੂੰ ਕਲੰਕਿਤ ਕਰ ਦੇਂਦਾ ਹੈ, ਘਰ ਦੇ ਧਨ ਪਦਾਰਥਾਂ ਦਾ ਨਾਸ ਕਰਦਾ ਹੈ। ਕਈ ਅਜਿਹੇ ਵੀ ਹੁੰਦੇ ਹਨ ਜੋ ਆਪਣੇ ਮਾਪਿਆਂ ਨੂੰ ਕਲੇਸ਼ ਵਿਚ ਪਾ ਕੇ ਆਪ ਅਜਿਹੇ ਕੁਕਰਮ, ਜੂਏਬਾਜ਼ੀ, ਚੋਰੀ, ਵਿਭਚਾਰ ਵਰਗੇ ਕਰਮ ਕਰਦੇ ਹਨ, ਜਿਸ ਕਰਕੇ ਮਾਂ ਬਾਪ ਨੂੰ ਥਾਂ-ਥਾਂ ਤੋਂ ਅਨਾਦਰ ਸਹਿਣਾ ਪੈਂਦਾ ਹੈ, ਇਸ ਲਈ ਅਜਿਹੇ ਪੁੱਤਰ ਦਾ ਤਿਆਗ ਹੀ ਠੀਕ ਹੈ। ਸ਼ਾਸਤ੍ਰਕਾਰਾਂ ਨੇ ਤਾਂ ਅਜਿਹੇ ਪੁੱਤਰ ਨਾਲੋਂ ਪੁੱਤਰ ਨਾ ਹੋਣਾ ਹੀ ਚੰਗਾ ਮੰਨਿਆ ਹੋਇਆ ਹੈ।

ਇਸੇ ਪ੍ਰਕਾਰ ਖੋਟੇ ਲੱਛਣਾਂ ਵਾਲੀ ਇਸਤ੍ਰੀ ਤੋਂ ਵੀ ਕਦੇ ਸੁਖ ਪ੍ਰਾਪਤ ਨਹੀਂ ਹੋ ਸਕਦਾ। ਜੋ ਆਪਣੀ ਕੁਲ ਦੀ ਸ਼ਰਮ ਲਾਹ ਕੇ ਨਿਸੰਗ ਹੋ ਕੇ ਖੋਟੇ ਕਰਮ ਕਰਦੀ ਹੈ, ਉਹ ਜਿਉਂਦੇ ਹੀ ਆਪਣੇ ਪਤੀ ਨੂੰ ਨਰਕ ਵਿਚ ਸੁੱਟਦੀ ਹੈ ਇਸ ਲਈ ਐਸੀ ਵਿਭਚਾਰਨ ਇਸਤ੍ਰੀ ਦਾ ਤਿਆਗ ਹੀ ਠੀਕ ਹੈ। ਫਿਰ ਖੋਟੇ ਮਿੱਤਰ ਤੋਂ ਵੀ ਕਦੇ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਉਹ ਸਦਾ ਭੈੜੀ ਸਲਾਹ ਹੀ ਦੇਵੇਗਾ। ਇਸ ਲਈ ਖੋਟੇ ਮਿੱਤਰ ਦਾ ਵੀ ਤਿਆਗ ਕਰਨਾ ਹੀ ਠੀਕ ਹੈ।

ਖੋਟੇ ਦੇਸ਼ ਭਾਵ ਜਿਸ ਦੇਸ਼ ਵਿਚ ਸਨਮਾਨ ਨਾ ਮਿਲਦਾ ਹੋਵੇ ਜਾਂ ਜਿਸ ਦੇਸ਼ ਵਿਚ ਸਦਾ ਲੜਾਈ ਝਗੜਾ ਰਹਿੰਦਾ ਹੋਵੇ, ਐਸੇ ਦੇਸ਼ ਨੂੰ ਵੀ ਤਿਆਗਣਾ ਚੰਗਾ ਹੈ।

ਫਿਰ ਖੋਟਾ ਰਾਜਾ ਵੀ ਤਿਆਗਣਾ ਠੀਕ ਹੈ ਕਿਉਂਕਿ ਐਸੇ ਅਨਿਆਈ ਰਾਜੇ ਦੇ ਰਾਜ ਵਿਚ ਕੋਈ ਪੁਰਖ ਸੁੱਖ ਨਹੀਂ ਪਾ ਸਕਦਾ, ਸਗੋਂ ਚਿੰਤਾ ਵਿਚ ਜ਼ਿੰਦਗੀ ਗੁਜ਼ਰਦੀ ਹੈ।

ਖੋਟਾ ਮੰਤ੍ਰੀ (ਵਜ਼ੀਰ) ਵੀ ਤਿਆਗਣ ਦੇ ਜੋਗ ਹੈ, ਕਿਉਂਕਿ ਐਸਾ ਵਜ਼ੀਰ ਕਦੇ ਨੇਕ ਸਲਾਹ ਨਹੀਂ ਦੇ ਸਕਦਾ।

ਇਨ੍ਹਾਂ ਉਪਰੋਕਤ ਕਥਨ ਕੀਤੇ ਬੁਰੇ ਮਨੁੱਖਾਂ ਦੀ ਅੱਗੇ ਹੋਰ ਵਿਆਖਿਆ ਕਰਦੇ ਹਨ।

## ਪੁਤ੍ਰ ਕੁਪੁਤ੍ਰ[੧], ਕੁਨਾਰਿ ਤ੍ਰਿਯਾ; ਮਿਤ੍ਰ ਕੁਮਿਤ੍ਰ ਕੁਦੇਸ਼ ॥

ਹੇ ਭਾਈ! ਜੇਕਰ ਕਿਸੇ ਦਾ ਪੁੱਤਰ ਮਾੜੀ ਸੰਗਤ ਦੇ ਅਸਰ ਕਾਰਨ ਕੁਪੁਤ੍ਰ = ਖੋਟਾ ਪੁੱਤਰ ਬਣ ਜਾਵੇ, ਕਿਸੇ ਦੀ ਤ੍ਰਿਯਾ = ਇਸਤ੍ਰੀ ਕੁਨਾਰਿ = ਖੋਟੀ, ਵਿਭਚਾਰਨ ਇਸਤ੍ਰੀ ਬਣ ਜਾਵੇ, ਕਿਸੇ ਦਾ ਮਿੱਤਰ ਕੁਮਿਤ੍ਰ = ਖੋਟਾ ਦੋਸਤ ਹੋ ਜਾਵੇ ਤੇ ਦੇਸ਼ ਵੀ ਖੋਟਾ ਹੋਵੇ।

## ਭੂਪ ਕੁਭੂਪ ਕੁਮੰਤ੍ਰਿਯਾ; ਏਹ ਖਟ ਮਹਾਂ ਕਲੇਸ਼ ॥੫॥

ਕਿਸੇ ਦੇ ਦੇਸ਼ ਦਾ ਭੂਪ = ਰਾਜਾ ਵੀ ਕੁਭੂਪ = ਖੋਟਾ ਰਾਜਾ ਹੋ ਜਾਵੇ, ਫੇਰ ਕੁਮੰਤ੍ਰਿਯਾ = ਮੰਤਰੀ (ਵਜ਼ੀਰ) ਵੀ ਖੋਟਾ ਹੋਵੇ, ਤਦ ਏਹ = ਇਸ ਖਟ = ਛੇ ਮਹਾ = ਬਹੁਤ ਵੱਡੇ ਕਲੇਸ = ਦੁੱਖ ਦਾ ਕਾਰਨ ਹੋ ਜਾਂਦੇ ਹਨ। ਅਰਥਾਤ ਕਿਸੇ ਦਾ ਪੁੱਤਰ ਆਗਿਆਕਾਰੀ ਨਾ ਹੋਵੇ, ਇਸਤ੍ਰੀ ਵਿਭਚਾਰਨ ਤੇ ਆਗਿਆ ਮੰਨਣ ਤੋਂ ਇਨਕਾਰ ਕਰਦੀ ਹੋਵੇ, ਦੋਸਤ ਮਿੱਤ੍ਰਤਾ ਦੇ ਨਾਂ 'ਤੇ ਕਲੰਕ ਹੋਵੇ, ਫਿਰ ਜਿਸ ਦੇਸ਼ ਵਿਚ ਕਲੇਸ਼ ਕਾਰਨ ਮਨ ਦੀ ਸ਼ਾਂਤੀ ਭੰਗ ਹੁੰਦੀ ਹੋਵੇ, ਰਾਜਾ ਵੀ ਕੁ-ਨਿਆਂ ਕਰਨ ਲੱਗ ਪਵੇ ਅਤੇ ਸਲਾਹਕਾਰ ਵਜ਼ੀਰ ਵੀ ਚੰਗੀ ਨੇਕ ਸਲਾਹ ਨਾ ਦੇਵੇ, ਤਦ ਇਹ ਛੇ ਉਸ ਮਨੁੱਖ ਦੀ ਜ਼ਿੰਦਗੀ ਵਿਚ ਬਹੁਤ ਦੁਖਦਾਈ ਬਣ ਜਾਂਦੇ ਹਨ ਅਤੇ ਸੁੱਖ ਦੀ ਕੋਈ ਆਸ ਨਹੀਂ ਰਹਿੰਦੀ।

## ਪਿੰਡ ਕੁਪੁਤ੍ਰ ਕੁਨਾਰਿ ਹਿਤ; ਸੁਖ ਕੁਮਿਤ੍ਰ ਕੁਦੇਸ਼ ॥

ਕੁਪੁਤ੍ਰ = ਖੋਟੇ ਪੁੱਤਰ ਤੇ ਕੁਨਾਰਿ = ਖੋਟੀ ਇਸਤ੍ਰੀ ਦੇ ਪਿੰਡ = ਸਰੀਰ ਨਾਲ ਹਿਤ = ਪ੍ਰੇਮ ਕਰਨਾ **ਵਾ:** ਖੋਟੇ ਪੁੱਤਰ ਤੇ ਖੋਟੀ ਇਸਤ੍ਰੀ ਦੇ ਹਿਤ = ਵਾਸਤੇ ਭਾਵ ਉਨ੍ਹਾਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਪਿੰਡ ਛੱਡ ਦਿਓ **ਵਾ:** ਕੁਮਿਤ੍ਰ = ਖੋਟੇ ਮਿੱਤਰ ਤੇ ਕੁਦੇਸ਼= ਖੋਟੇ ਦੇਸ਼ ਦੇ ਸੁੱਖ ਨੂੰ ਵੀ ਤਿਆਗ ਦੇਣਾ ਕਰੋ **ਵਾ:** ਪਿੰਡ = ਸਰੀਰ ਦੇ ਸੁਖ ਹਿਤ = ਵਾਸਤੇ ਇਨ੍ਹਾਂ ਚਾਰਾਂ ਨੂੰ ਤਿਆਗ ਦੇਵੋ।

## ਅਭੈ ਕੁਰਾਜ ਕੁਮੰਤ੍ਰ ਹਿਤ; ਤਜੀਅਹੁ ਦੇਸ ਕਲੇਸ਼ ॥੬॥

ਅਭੈ = ਨਿਰਭੈਤਾ ਦੇ ਸਹਿਤ ਭਾਵ ਅਨਿਆਂ ਕਰਨ ਵਾਲੇ ਕੁਰਾਜ = ਖੋਟੇ ਰਾਜੇ ਤੇ ਕੁਮੰਤ੍ਰ = ਖੋਟੇ ਮੰਤ੍ਰੀ ਦੇ ਹਿਤ = ਪ੍ਰੇਮ ਨੂੰ ਵੀ ਤਿਆਗਣਾ ਕਰੋ **ਵਾ:** ਅਭੈ = ਨਿਰਭੈ ਹੋਣ ਦੇ ਹਿਤ = ਵਾਸਤੇ ਖੋਟੇ ਰਾਜੇ, ਖੋਟੇ ਮੰਤ੍ਰੀ ਅਤੇ ਕਲੇਸ਼ = ਝਗੜੇ ਵਾਲੇ ਦੇਸ਼ ਨੂੰ ਤਜੀਅਹੁ = ਤਿਆਗ ਦੇਣਾ ਕਰੋ ॥੬॥

## ਦੁਸ਼ਟ ਨਾਰਿ ਕੇ ਬੋਲਤੇ; ਸਠ ਕਉ ਸਿਖਯਾ ਦੇਇ ॥

ਹੇ ਭਾਈ! ਦੁਸਟ = ਖੋਟੀ, ਵਿਭਚਾਰੀ ਨਾਰਿ = ਇਸਤ੍ਰੀ ਕੇ = ਦੇ ਕੌੜੇ, ਵਿਸ਼ਿਆਂ ਵਾਲੇ

---

੧. ਪੁੱਤਰਾਂ ਨੂੰ ਵਿਦਵਾਨਾਂ ਨੇ ਤਿੰਨ ਪ੍ਰਕਾਰ ਕਰਕੇ ਕਥਨ ਕੀਤਾ ਹੈ: (ੳ) ਕਪੁੱਤਰ। (ਅ) ਪੁੱਤਰ। (ੲ) ਸਪੁੱਤਰ।

(ੳ) ਕਪੁੱਤਰ: ਜੋ ਆਪਣੇ ਪਿਤਾ, ਦਾਦੇ ਦੀ ਜ਼ਮੀਨ ਜਾਇਦਾਦ, ਧਨ ਦੌਲਤ ਆਦਿ ਵਿਰਾਸਤ ਨੂੰ ਭੈੜੀ ਸੰਗਤ ਵਿਚ ਬੈਠ ਕੇ ਸ਼ਰਾਬ ਜੂਆ, ਨਸ਼ਾਖੋਰੀ ਆਦਿ ਮੰਦੇ ਕੰਮਾਂ ਵਿਚ ਬਰਬਾਦ ਕਰ ਦੇਂਦਾ ਹੈ ਅਤੇ ਆਪਣੇ ਖ਼ਾਨਦਾਨ ਦਾ ਨਾਮ ਮਿੱਟੀ ਵਿਚ ਮਿਲਾ ਦੇਂਦਾ ਹੈ ਉਸਨੂੰ, ਕਪੁੱਤਰ, ਨਲਾਇਕ ਕਿਹਾ ਜਾਂਦਾ ਹੈ।

(ਅ) ਪੁੱਤਰ: ਜੋ ਆਪਣੇ ਬਾਪ ਦਾਦੇ ਦੀ ਜ਼ਮੀਨ, ਜਾਇਦਾਦ ਨੂੰ ਸਾਂਭ ਕੇ ਰੱਖਦਾ ਹੈ, ਨਾ ਵਧਾਉਂਦਾ ਹੈ ਤੇ ਨਾ ਘਟਾਉਂਦਾ ਹੈ, ਉਸਨੂੰ ਪੁੱਤਰ ਆਖਦੇ ਹਨ।

(ੲ) ਸਪੁੱਤਰ: ਜੋ ਵਿਰਸੇ ਵਿਚ ਮਿਲੇ ਹੋਏ ਧਨ ਪਦਾਰਥ, ਜ਼ਮੀਨ ਜਾਇਦਾਦ ਨੂੰ ਸੰਭਾਲ ਕੇ ਵੀ ਰੱਖਦਾ ਹੈ ਅਤੇ ਚਾਰ ਗੁਣਾਂ ਹੋਰ ਵੀ ਵਾਧਾ ਕਰਦਾ ਹੈ, ਫਿਰ ਆਪਣੇ ਖ਼ਾਨਦਾਨ ਦੇ ਨਾਮ ਨੂੰ ਦੁਨੀਆਂ ਵਿਚ ਪ੍ਰਸਿੱਧ ਕਰਦਾ ਹੈ, ਉਸਨੂੰ ਸਪੁੱਤਰ ਆਖਦੇ ਹਨ।

ਬੋਲਤੇ = ਵਾਕਾਂ ਕਰਕੇ ਅਤੇ ਕਿਸੇ ਸਠ = ਮੂਰਖ ਪੁਰਖ ਕਉ = ਨੂੰ ਸਿਖ੍ਯਾ ਦੇਇ = ਦੇਣ ਕਰਕੇ ਭਾਵ ਚੰਗੀ ਗੱਲ ਦੱਸਦਿਆਂ।

## ਨਿੰਦਕ ਕੀ ਸੰਗਤ ਕੀਏ; ਪੰਡਿਤ ਭੀ ਦੁਖ ਲੇਇ ॥੭॥

ਪੁਨਾ ਨਿੰਦਕ = ਅਪਕੀਰਤੀ ਕਰਨ ਵਾਲੇ ਮਨੁੱਖ ਕੀ = ਦੀ ਸੰਗਤ ਕੀਏ = ਕਰਨ ਤੋਂ ਪੰਡਿਤ = ਵਿਦਵਾਨ, ਚਤੁਰ ਪੁਰਖ ਵੀ ਦੁੱਖ ਹੀ ਲੇਇ = ਪ੍ਰਾਪਤ ਕਰਦਾ ਹੈ ਭਾਵ ਬੁਰੀ ਸੰਗਤ, ਬੁਰੇ ਕੰਮਾਂ ਦਾ ਬੁਰਾ ਹੀ ਫਲ ਪ੍ਰਾਪਤ ਹੁੰਦਾ ਹੈ ॥੭॥

## ਦੁਸਟ ਨਾਰਿ, ਸਠ ਮਿਤ੍ਰ; ਅਰੁ ਸੇਵਕ ਉੱਤਰ ਦੇਇ ॥

ਹੇ ਭਾਈ ! ਜਿਸ ਦੇ ਘਰ ਵਿਚ ਦੁਸਟ = ਖੋਟੀ, ਵਿਭਚਾਰੀ ਨਾਰਿ = ਇਸਤ੍ਰੀ ਹੈ, ਮਿਤ੍ਰ = ਦੋਸਤ ਭੀ ਸਠ = ਮੂਰਖ ਹਨ ਅਰੁ = ਅਤੇ ਜਿਸਦਾ ਸੇਵਕ = ਨੌਕਰ ਵੀ ਅੱਗੋਂ ਉੱਤਰ = ਜਵਾਬ ਦੇਇ = ਦੇਣਾ ਕਰਦਾ ਹੈ।

## ਸਰਪ ਬਸੈ ਜਿਹ ਘਰ ਵਿਖੈ; ਇਕ ਦਿਨ ਮ੍ਰਿਤੁ ਕਰੇਇ ॥੮॥

ਫਿਰ ਜਿਹ = ਜਿਸ ਦੇ ਘਰ ਵਿਚ ਵਿਖੈ = ਵਿਚ ਸਰਪ = ਸੱਪ ਬਸੈ = ਵੱਸਦਾ, ਰਹਿੰਦਾ ਹੈ ਤਾਂ ਸਮਝ ਲਵੋ ਕਿ ਇਹ ਇਕ ਨਾ ਇਕ ਦਿਨ ਜ਼ਰੂਰ ਮ੍ਰਿਤੁ = ਮੌਤ ਦੇ ਘਾਟ ਉਤਾਰ ਦੇਣਾ ਕਰੇਇ = ਕਰਨਗੇ ਅਰਥਾਤ ਘਰ ਵਿਚ ਖੋਟੀ ਇਸਤ੍ਰੀ, ਮੂਰਖ ਮਿੱਤਰ ਹੋਣ ਤੇ ਸੇਵਕ ਵੀ ਕੰਮ-ਕਾਰ ਵੱਲੋਂ ਜਵਾਬ ਦੇਵੇ ਤਾਂ ਇਹ ਘਰ ਵਿਚ ਵੱਸਦੇ ਸੱਪ ਵਾਂਗ ਹਨ ਜੋ ਇਕ ਨਾ ਇਕ ਦਿਨ ਜ਼ਰੂਰ ਮਾਰ ਦੇਣਗੇ, ਭਾਵ ਇਨ੍ਹਾਂ ਤੋਂ ਕਦੇ ਵੀ ਸੁਖ ਪ੍ਰਾਪਤ ਨਹੀਂ ਹੁੰਦਾ, ਸਗੋਂ ਹਰ ਵੇਲੇ ਚਿੰਤਾ ਤੇ ਡਰ ਬਣਿਆ ਰਹਿੰਦਾ ਹੈ ਤੇ ਚਿੰਤਾ ਨੂੰ ਚਿਖਾ ਸਮਾਨ ਕਥਨ ਕੀਤਾ ਜਾਂਦਾ ਹੈ। ਇਸ ਲਈ ਸੁਖ ਦੇ ਥਾਂ ਦੁਖ ਹੀ ਮਿਲਦਾ ਹੈ ਤਾਂ ਤੇ ਤਿਆਗ ਕਰਨਾ ਹੀ ਯੋਗ ਹੈ ॥੮॥

## ਨਾਰਿ ਹੋਇ ਪਰ ਪੁਰਖ ਰਤਿ; ਦੁਸ਼ਟ ਬਸੈ ਘਰ ਮਾਂਹਿ ॥

ਹੇ ਭਾਈ ! ਜੇਕਰ ਕਿਸੇ ਦੀ ਨਾਰਿ = ਇਸਤ੍ਰੀ ਦੀ ਕਿਸੇ ਪਰ = ਪਰਾਏ ਪੁਰਖ ਨਾਲ ਰਤਿ = ਪ੍ਰੀਤੀ ਹੋਇ = ਹੋ ਜਾਵੇ ਭਾਵ ਪਤੀਬਰਤਾ ਧਰਮ ਤੋਂ ਉਲਟ ਵਿਭਚਾਰਣ ਹੋ ਜਾਵੇ ਅਤੇ ਘਰ ਦੇ ਮਾਹਿ = ਵਿਚ ਕੋਈ ਦੁਸਟ = ਭੈੜੇ ਸੁਭਾਅ ਵਾਲਾ ਖੋਟਾ ਪੁਰਖ ਬਸੈ = ਵੱਸਦਾ ਹੋਵੇ **ਵਾ:** ਪਰਾਏ ਪੁਰਖਾਂ ਨਾਲ ਪ੍ਰੀਤੀ ਕਰਨ ਵਾਲੀ ਉਹ ਔਰਤ ਨਹੀਂ ਬਲਕਿ ਘਰ ਦੇ ਵਿਚ ਇਕ ਦੁਸ਼ਟ ਵੱਸ ਰਹੀ ਹੈ।

## ਨਦੀ ਤੀਰ ਕੇ ਖੇਤ ਜਯੋਂ*; ਕਛੂ ਭਰੋਸੋ ਨਾਂਹਿ ॥੯॥

ਨਦੀ ਦੇ ਤੀਰ = ਕੰਢੇ ਦੇ ਪਾਸ ਵਾਲੇ ਖੇਤ ਜਯੋਂ = ਵਾਂਗ ਇਨ੍ਹਾਂ ਉੱਪਰ ਕਛੂ = ਕੁਝ ਵੀ ਭਰੋਸੋ = ਵਿਸ਼ਵਾਸ ਨਾਹਿ = ਨਹੀਂ ਕਰਨਾ ਚਾਹੀਦਾ ਭਾਵ ਜਿਵੇਂ ਨਦੀ ਦੇ ਕਿਨਾਰੇ ਪਾਸ ਉੱਗੇ ਖੇਤ ਦਾ ਕੋਈ ਭਰੋਸਾ ਨਹੀਂ ਹੁੰਦਾ ਕਿਉਂਕਿ ਪਤਾ ਨਹੀਂ ਖਵਰੇ ਕਿਸ ਵੇਲੇ ਢਾਹ ਲੱਗ ਕੇ ਖੇਤ ਰੁੜ੍ਹ ਜਾਵੇ, ਤਿਵੇਂ ਹੀ ਦੂਸਰੇ ਮਨੁੱਖ ਨਾਲ ਪ੍ਰੀਤੀ ਕਰਨ ਵਾਲੀ ਵਿਭਚਾਰਣ ਇਸਤ੍ਰੀ ਅਤੇ ਖੋਟੇ ਪੁਰਖਾਂ ਦਾ ਕੋਈ ਭਰੋਸਾ ਨਹੀਂ ਹੈ ਕਿ ਖਵਰੇ ਆਪਣੇ ਮਤਲਬ ਵਾਸਤੇ ਕਦੋਂ ਕੋਈ ਦਾਓ ਮਾਰ ਜਾਣ, ਇਨ੍ਹਾਂ ਤੋਂ ਆਪਣੀ ਜਾਨ ਦਾ ਡਰ ਬਣਿਆ ਰਹਿੰਦਾ ਹੈ, ਇਸ ਲਈ ਇਨ੍ਹਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ॥੯॥

---

* ਪਾਠਾਂਤ੍ਰ—ਕੋ।

## ਧਨ ਰਾਖੈ ਅਪਦਾ ਅਰਥ; ਧਨ ਕਰ ਰਾਖੈ ਨਾਰਿ ॥

ਹੇ ਭਾਈ! ਧਨ = ਦੌਲਤ ਨੂੰ ਅਪਦਾ = ਬਿਪਤਾ ਦੇ ਸਮੇਂ ਵਰਤਣ ਦੇ ਅਰਥ = ਵਾਸਤੇ ਇਕੱਤ੍ਰ ਕਰਕੇ ਰਾਖੈ = ਰੱਖਣਾ ਕਰੇ ਅਤੇ ਧਨ ਕਰ = ਕਰਕੇ ਨਾਰਿ = ਇਸਤ੍ਰੀ ਦੀ ਰਾਖੈ = ਰੱਖਿਆ ਕਰੇ।

## ਸਦ ਅਪਨੀ ਰਛਾ ਕਰੈ; ਧਨ ਨਾਰੀ ਹਿਤ ਕਾਰਿ ॥੧੦॥

ਧਨ ਅਤੇ ਹਿਤਕਾਰਿ = ਹਿਤ ਪ੍ਰੇਮ ਕਰਨ ਵਾਲੀ ਨਾਰੀ = ਇਸਤ੍ਰੀ ਨਾਲੋਂ ਸਦ = ਸਦਾ ਅਪਨੀ = ਆਪ ਦੀ ਰਛਾ = ਰੱਖਿਆ ਕਰੈ = ਕਰਨਾ ਕਰੇ ਅਰਥਾਤ ਗ੍ਰਿਹਸਥੀ ਪੁਰਖ ਨੂੰ ਖ਼ਰਚ ਤੋਂ ਬਚਾ ਕੇ ਥੋੜ੍ਹਾ ਬਹੁਤ ਧਨ ਜ਼ਰੂਰ ਇਕੱਤ੍ਰ ਕਰਨਾ ਚਾਹੀਦਾ ਹੈ, ਜੋ ਕਿਸੇ ਬਿਪਤਾ ਦੇ ਸਮੇਂ ਕੰਮ ਆ ਸਕੇ। ਫਿਰ ਧਨ ਨਾਲੋਂ ਜ਼ਿਆਦਾ ਆਪਣੀ ਇਸਤ੍ਰੀ ਤੇ ਪਰਿਵਾਰ ਆਦਿ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਧਨ ਤੇ ਇਸਤ੍ਰੀ ਨਾਲੋਂ ਆਪਣੀ ਰੱਖਿਆ ਕਰਨੀ ਰਾਜਨੀਤੀ ਵਿਚ ਬਹੁਤ ਵੱਡੀ ਸਮਝਦਾਰੀ ਹੈ ਕਿਉਂਕਿ ਜੇਕਰ ਆਪਣਾ ਸਰੀਰ ਹੈ ਤਾਂ ਇਹ ਸਾਰੇ ਪਦਾਰਥ ਮੁੜ ਪ੍ਰਾਪਤ ਹੋ ਸਕਦੇ ਹਨ॥੧੦॥

## ਏਕ ਤਜੈ ਕੁਲ ਕੇ ਲੀਏ; ਕੁਲ ਤਜਾਗੈ ਪੁਰ ਹੇਤ ॥

ਹੇ ਭਾਈ! ਆਪਣੀ ਸਾਰੀ ਕੁਲ = ਵੰਸ ਕੇ = ਦੇ ਭਲੇ ਲੀਏ = ਵਾਸਤੇ ਏਕ = ਇਕ ਬੁਰੇ ਮਨੁੱਖ ਨੂੰ ਤਜੈ = ਤਿਆਗ ਦੇਣਾ ਠੀਕ ਹੈ ਅਤੇ ਸਾਰੇ ਪੁਰਿ = ਨਗਰ, ਸ਼ਹਿਰ ਦੇ ਭਲੇ ਹੇਤ = ਵਾਸਤੇ ਆਪਣੀ ਕੁਲ ਨੂੰ ਤਜਾਗੈ = ਛੱਡ ਦੇਵੇ।

## ਪੁਰ ਤਜਾਗੈ ਹਿਤ ਦੇਸ ਕੇ; ਦੇਸ ਤਜੈ ਅਪਨੇਤ ॥੧੧॥

(੨. ਅਪਨੇਤੁ)

ਸਾਰੇ ਦੇਸ ਕੇ = ਦੇ ਭਲੇ ਹਿਤ = ਵਾਸਤੇ ਸਾਰੇ ਪੁਰਿ = ਨਗਰ, ਸ਼ਹਿਰ ਨੂੰ ਤਜਾਗੈ = ਛੱਡ ਦੇਵੇ ਅਤੇ ਅਪ = ਆਪਣੇ ਹੇਤ = ਭਲੇ ਵਾਸਤੇ ਜੇਕਰ ਦੇਸ਼ ਛੱਡਣਾ ਪਵੇ ਤਾਂ ਦੇਸ਼ ਵੀ ਤਜੈ = ਛੱਡ ਦੇਵੇ, ਅਰਥਾਤ ਜੇਕਰ ਘਰ ਦੇ ਪਰਿਵਾਰ ਵਿੱਚੋਂ ਕਿਸੇ ਇਕ ਮਨੁੱਖ ਦੀ ਬੁਰੀ ਸੰਗਤ ਨਾਲ ਪ੍ਰੀਤੀ ਹੋਵੇ ਤੇ ਉਸ ਕਰਕੇ ਸਾਰੀ ਕੁਲ ਨੂੰ ਦੁੱਖ ਮਿਲਦਾ ਹੋਵੇ ਤਾਂ ਕੁਲ ਦੇ ਲਾਭ, ਭਲੇ ਲਈ ਉਸਨੂੰ ਛੱਡ ਦੇਣਾ ਚਾਹੀਦਾ ਹੈ, ਇਸੇ ਪ੍ਰਕਾਰ ਜੇਕਰ ਆਪਣੀ ਕੁਲ ਨੂੰ ਛੱਡਣ ਨਾਲ ਸਾਰੇ ਸ਼ਹਿਰ ਨੂੰ ਲਾਭ ਸੁਖ ਮਿਲੇ ਤਾਂ ਆਪਣੀ ਕੁਲ ਨੂੰ ਛੱਡਣਾ ਠੀਕ ਹੈ ਅਤੇ ਸ਼ਹਿਰ ਦੇ ਤਿਆਗਣ ਕਰਕੇ ਜੇਕਰ ਸਾਰੇ ਦੇਸ਼ ਦਾ ਭਲਾ ਹੁੰਦਾ ਹੈ ਤਾਂ ਉਸ ਸ਼ਹਿਰ ਨੂੰ ਛੱਡ ਦੇਵੋ ਤਿਵੇਂ ਹੀ ਜੇਕਰ ਕਿਸੇ ਪੁਰਖ ਨੂੰ ਦੇਸ਼ ਵਿਚ ਰਹਿੰਦਿਆਂ ਕੋਈ ਸੁਖ ਪ੍ਰਾਪਤ ਨਾ ਹੋਵੇ ਸਗੋਂ ਕਲੇਸ਼ ਝਗੜੇ ਹੀ ਗਲ ਪਏ ਰਹਿਣ ਤਾਂ ਆਪਣੇ ਸੁਖ ਦੇ ਵਾਸਤੇ ਐਸੇ ਦੇਸ਼ ਨੂੰ ਛੱਡਣਾ ਹੀ ਠੀਕ ਹੈ॥੧੧॥

## ਬਿਰਤ ਨਹੀ, ਬਾਂਧਵ ਨਹੀ; ਵਿਦਯਾ ਪ੍ਰਾਪਤਿ ਨਾਹਿ ॥

ਹੇ ਭਾਈ! ਜਿਥੇ ਕਿਸੇ ਪ੍ਰਕਾਰ ਦੀ ਕੋਈ ਬਿਰਤ = ਉਪਜੀਵਕਾ (ਰੁਜ਼ਗਾਰ) ਨਹੀਂ ਹੈ, ਜਿੱਥੇ ਕੋਈ ਬਾਂਧਵ = ਸਾਕ-ਸੰਬੰਧੀ ਨਹੀਂ ਹੈ ਅਤੇ ਕਿਸੇ ਪ੍ਰਕਾਰ ਦੀ ਵਿੱਦਿਆ ਦੀ ਪ੍ਰਾਪਤਿ = ਪ੍ਰਾਪਤੀ ਵੀ ਨਾਹਿ = ਨਹੀਂ ਹੈ।

## ਨਹਿ ਆਦਰ ਜਹਿ ਦੇਸ਼ ਮਹਿ; ਕਿਉਂ ਬਸੀਏ ਤਿਹ ਮਾਂਹਿ ॥੧੨॥

ਪੁਨਾ ਜਿਹ = ਜਿਸ ਦੇਸ਼ ਮਹਿ = ਵਿਚ ਕੋਈ ਆਦਰ = ਸਤਿਕਾਰ ਨਹਿ = ਨਹੀਂ ਮਿਲਦਾ, ਫਿਰ ਤਿਹ = ਉਸ ਦੇਸ਼ ਮਹਿ = ਵਿਚ ਕਿਉਂ = ਕਿਸ ਲਈ ਬਸੀਏ = ਵੱਸਣਾ ਕਰੀਏ ਭਾਵ ਨਹੀਂ ਵਸਣਾ ਚਾਹੀਦਾ

ਅਰਥਾਤ ਜਿਥੇ ਪੁਰਸ਼ ਨੂੰ ਕੁਟੰਬ ਤੇ ਸਰੀਰ ਦੀ ਪਾਲਣਾ ਵਾਸਤੇ ਕੋਈ ਉਪਜੀਵਿਕਾ ਨਾ ਮਿਲੇ ਅਤੇ ਦੁਖ ਜਾਂ ਬਿਪਤਾ ਸਮੇਂ ਦੀ ਸਹਾਇਤਾ ਲਈ ਕੋਈ ਸੰਬੰਧੀ ਵੀ ਨਾ ਹੋਵੇ, ਫਿਰ ਕੋਈ ਗੁਣ ਅਥਵਾ ਵਿੱਦਿਆ ਵੀ ਨਾ ਲੱਭ ਅਤੇ ਆਦਰ ਵੀ ਨਾ ਮਿਲੇ ਤਾਂ ਅਜਿਹੇ ਦੇਸ਼ ਵਿਚ ਰਹਿਣਾ ਯੋਗ ਨਹੀਂ ਹੈ॥੧੨॥

## ਏਕ ਪਾਇ ਧਰ ਦ੍ਰਿੜ ਕਰੈ; ਤਬੈ ਉਠਾਵੈ ਔਰ॥

ਜਦੋਂ ਏਕ = ਇਕ ਪੈਰ ਧਰ = ਧਰਤੀ ਉੱਪਰ ਦ੍ਰਿੜ੍ਹ = ਪੱਕੀ ਤਰ੍ਹਾਂ ਟਿਕਾ ਲੈਣਾ ਕਰੇ, ਤਬੈ = ਤਦੋਂ ਹੀ ਔਰ = ਹੋਰ ਭਾਵ ਦੂਸਰਾ ਪੈਰ ਉਠਾਵੈ = ਉਠਾਉਣਾ ਕਰੇ।

## ਜਬ ਲਗ ਆਗਾ ਦ੍ਰਿਢ ਨਹੀਂ; ਤਬ ਲਗ ਤਜੈ ਨ ਠੌਰ॥੧੩॥

ਜਬ = ਜਦੋਂ ਲਗ = ਤਕ ਆਗਾ = ਅਗਲਾ ਪੈਰ ਦ੍ਰਿਢ = ਪੱਕਾ ਨਹੀਂ ਹੁੰਦਾ, ਤਬ = ਤਦੋਂ ਲਗਿ = ਤਕ ਪਹਿਲੇ ਠੌਰ = ਟਿਕਾਣੇ ਨੂੰ ਤਜੇ = ਛੱਡਣਾ ਨਾ ਕਰੇ ਅਰਥਾਤ ਜਿਸ ਪ੍ਰਕਾਰ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ ਕਿ ਅਗਲਾ ਪੈਰ ਪੱਕਾ ਟਿਕਾ ਲਵੇ, ਤਦ ਪਿਛਲੇ ਪੈਰ ਨੂੰ ਚੁੱਕੇ। ਇਸੇ ਪ੍ਰਕਾਰ ਦਾ ਦ੍ਰਿਸ਼ਟਾਂਤ ਇਹ ਹੈ ਕਿ ਕੋਈ ਵੀ ਮਨੁੱਖ ਪਹਿਲੇ ਅਰੰਭੇ ਹੋਏ ਕਾਰਜ ਨੂੰ ਤਦ ਤਕ ਨਾ ਛੱਡੇ ਜਦ ਤਕ ਹੋਰ ਨਵੇਂ ਕਾਰਜ ਨੂੰ ਪੱਕਾ ਨਾ ਕਰ ਲਵੇ। ਜੇਕਰ ਪਹਿਲੇ ਕੰਮ ਜਾਂ ਨੌਕਰੀ ਨੂੰ ਛੱਡ ਬੈਠਾ ਤੇ ਅੱਗੋਂ ਨਵਾ ਕੰਮ ਜਾਂ ਨੌਕਰੀ ਨਾ ਬਣੀ, ਤਦੋਂ ਉਹ ਮਨੁੱਖ ਕੀ ਕਰੇਗਾ ਭਾਵ ਪਸ਼ਚਾਤਾਪ ਕਰਨਾ ਪਵੇਗਾ, ਇਸ ਲਈ ਪਹਿਲਾਂ ਵਿਚਾਰ ਕੇ ਫਿਰ ਕੰਮ ਕਰੇ॥੧੩॥

## ਜਹਾਂ ਸ਼ਾਹੁ ਨਹਿ, ਨਦੀ ਨਹਿ; ਵੈਦ ਜੋਤਕੀ ਨਾਂਹਿ॥

ਹੇ ਭਾਈ! ਜਹਾਂ = ਜਿਥੇ ਕੋਈ ਮਦਦ, ਗ਼ਰਜ਼ ਪੂਰੀ ਕਰਨ ਵਾਲਾ ਸ਼ਾਹੁ = ਸ਼ਾਹੂਕਾਰ ਨਹਿ = ਨਹੀਂ ਹੈ, ਪਾਣੀ ਦੀ ਸਹੂਲਤ ਲਈ ਨਦੀ ਵੀ ਨਹੀਂ ਹੈ, ਬਿਮਾਰੀ ਦਾ ਇਲਾਜ ਕਰਨ ਵਾਲਾ ਵੈਦ = ਹਕੀਮ ਅਤੇ ਚੰਗੀ ਸਲਾਹ ਜਾਂ ਚੰਗੇ-ਮਾੜੇ ਸਮੇਂ ਬਾਰੇ ਦੱਸਣ ਵਾਲਾ ਕੋਈ ਜੋਤਕੀ = ਜੋਤਸ਼ੀ ਨਾਹਿ = ਨਹੀਂ ਹੈ, ਭਾਵ ਗਣਤ ਵਿੱਦਿਆ ਕਰਨ ਵਾਲਾ ਤਾਰਾ ਵਿਗਿਆਨੀ ਨਹੀਂ ਹੈ।

## ਨਹਿ ਰਹੀਐ ਤਿਹ ਦੇਸ਼ ਮੈਂ; ਚਾਰੋਂ ਨਹਿ ਜਿਹ ਮਾਹਿ॥੧੪॥

ਫਿਰ ਤਿਹ = ਤਿਹੋ ਜਿਹੇ ਦੇਸ਼ ਮੈ = ਵਿਚ ਨਹਿ = ਨਹੀਂ ਰਹੀਐ = ਰਹਿਣਾ ਚਾਹੀਦਾ ਜਿਹ = ਜਿਸ ਦੇਸ਼ ਮਾਹਿ = ਵਿਚ ਇਹ ਚਾਰੋਂ = ਚਾਰੇ ਨਹਿ = ਨਹੀਂ ਹਨ ਅਰਥਾਤ ਪੁਰਾਣੇ ਸਮੇਂ ਵਿਚ ਮਨੁੱਖ ਨੂੰ ਕਦੇ ਨਾ ਕਦੇ ਇਨ੍ਹਾਂ ਚੌਹਾਂ (ਸ਼ਾਹੂਕਾਰ, ਨਦੀ, ਵੈਦ ਤੇ ਜੋਤਸ਼ੀ) ਦੀ ਅਵੱਸ਼ ਲੋੜ ਪੈਂਦੀ ਸੀ। ਭਾਵ ਅਚਾਨਕ ਰੁਪਏ, ਪੈਸੇ ਫੜਨ ਲਈ ਸ਼ਾਹੂਕਾਰ ਦੀ ਲੋੜ ਪੈਂਦੀ ਸੀ, ਪਾਣੀ ਦੇ ਵਰਤਣ ਲਈ ਉਸ ਸਮੇਂ ਨਦੀ ਦੀ ਬਹੁਤ ਜ਼ਰੂਰਤ ਹੁੰਦੀ ਸੀ, ਕਿਸੇ ਰੋਗ ਦੀ ਨਵਿਰਤੀ ਲਈ ਵੈਦ ਦੀ ਜ਼ਰੂਰਤ ਪੈਂਦੀ ਸੀ ਅਤੇ ਚੰਗੇ ਮੰਦੇ ਸਮੇਂ ਜਾਂ ਚੰਗੀ ਸਲਾਹ ਲੈਣ ਲਈ ਜੋਤਸ਼ੀ ਗਣਿਤ ਵਿੱਦਿਆ ਦੀ ਜ਼ਰੂਰਤ ਪੈਂਦੀ ਸੀ, ਪਰ ਜਿਥੇ ਇਹ ਚਾਰੋਂ ਨਾ ਹੁੰਦੇ ਤਾਂ ਉਥੇ ਜੀਵਨ ਬਤੀਤ ਕਰਨਾ ਬਹੁਤ ਮੁਸ਼ਕਲ ਸੀ। ਇਸ ਲਈ ਪੁਰਾਣੇ ਸਮੇਂ ਵਿਚ ਇਨ੍ਹਾਂ ਦਾ ਹੋਣਾ ਹਰ ਇਕ ਥਾਂ ਅਵੱਸ਼ ਲੋੜੀਂਦਾ ਸੀ, ਪਰ ਜਿਥੇ ਇਹ ਨਾ ਹੋਣ, ਉਥੇ ਪੁਰਸ਼ ਨਾ ਰਹੇ॥੧੪॥

## ਅਤਿ ਤੇਜਸ੍ਵੀ ਨਿਰਪ ਤਜਹੁ; ਤਜੀਅਹੁ ਕਪਟੀ ਮੀਤ॥

ਹੇ ਭਾਈ! ਅਤਿ = ਅਤਿਅੰਤ ਤੇਜਸ੍ਵੀ = ਤੇਜ਼, ਕ੍ਰੋਧ ਵਾਲੇ ਨ੍ਰਿਪ = ਰਾਜੇ ਦਾ ਸਾਥ ਤਜਹੁ = ਤਿਆਗ ਦੇਵੋ ਅਤੇ ਕਪਟੀ = ਛਲ, ਫ਼ਰੇਬ ਕਰਨ ਵਾਲੇ ਮੀਤ = ਮਿੱਤਰ ਨੂੰ ਵੀ ਤਜੀਅਹੁ = ਛੱਡ ਦੇਵੋ।

## ਸ੍ਵਾਮੀ ਤਜੀਅਹੁ ਅਤਿ ਕ੍ਰਿਪਣ; ਕ੍ਰਿਤਘਨ ਸੋਂ ਕਯਾ ਪ੍ਰੀਤ ॥੧੫॥

ਅਤਿ = ਅਤਿਅੰਤ ਕ੍ਰਿਪਣ = ਕੰਜੂਸ, ਸੂਮ ਸ੍ਵਾਮੀ = ਮਾਲਕ ਨੂੰ ਵੀ ਛੱਡ ਦੇਵੋ, ਫਿਰ ਕ੍ਰਿਤਘਨ = ਕੀਤੇ ਉਪਕਾਰ ਨੂੰ ਭੁਲਾਉਣ ਵਾਲੇ ਸੋਂ = ਨਾਲ ਕਯਾ = ਕੀ ਪ੍ਰੀਤ = ਪ੍ਰੀਤੀ ਕਰਨੀ ਹੈ, ਭਾਵ ਕ੍ਰਿਤਘਨ ਦੀ ਪ੍ਰੀਤੀ ਵੀ ਤਿਆਗ ਦੇਵੋ ਅਰਥਾਤ ਡਾਢੇ ਕਰੜੇ ਸੁਭਾਅ ਵਾਲੇ ਰਾਜੇ ਦੀ ਚਾਕਰੀ ਜਾਂ ਉਸਦੇ ਰਾਜ ਵਿਚ ਵੱਸਣਾ ਛੱਡ ਦੇਵੋ ਜੋ ਥੋੜ੍ਹੇ-ਥੋੜ੍ਹੇ ਅਪਰਾਧ ਪਿੱਛੇ ਪੁਰਖ ਨੂੰ ਬਹੁਤ ਕਰੜਾ ਦੰਡ ਦੇਂਦਾ ਹੈ। ਧੋਖੇਬਾਜ਼ ਮਿੱਤਰ ਦਾ ਸਾਥ ਵੀ ਛੱਡ ਦੇਵੋ ਕਿਉਂਕਿ ਉਹ ਕਿਸੇ ਸਮੇਂ ਵੀ ਨੁਕਸਾਨ ਪਹੁੰਚਾ ਸਕਦਾ ਹੈ, ਕੰਜੂਸ ਮਾਲਕ ਦੀ ਨੌਕਰੀ ਵੀ ਤਿਆਗ ਦੇਵੋ ਜੋ ਦੁੱਖ, ਸੁੱਖ ਵੇਲੇ ਕੋਈ ਮਦਦ ਨਹੀਂ ਕਰਦਾ ਹੈ ਅਤੇ ਕ੍ਰਿਤਘਨ ਦਾ ਸਾਥ ਤਾਂ ਜ਼ਰੂਰ ਹੀ ਛੱਡ ਦੇਣਾ ਚਾਹੀਦਾ ਹੈ।

## ਅਬ੍ਰਿਤ ਦੇਸ ਕੋ ਤਯਾਗੀਐ; ਬ੍ਰਿਤ ਉਪੱਦ੍ਰਵੀ ਤਯਾਗ ॥

ਹੇ ਭਾਈ! ਜਿਸ ਦੇਸ਼ ਵਿਚ ਕੋਈ ਅਬ੍ਰਿਤ = ਉਪਜੀਵਕਾ, ਰੁਜ਼ਗਾਰ ਨਹੀਂ ਹੈ, ਉਸ ਦੇਸ਼ ਕੋ = ਨੂੰ ਤਯਾਗੀਐ = ਛੱਡ ਦੇਣਾ ਕਰੀਏ ਅਤੇ ਉਪੱਦ੍ਰਵੀ = ਪਾਪਾਂ ਵਾਲੀ ਬ੍ਰਿਤ = ਉਪਜੀਵਕਾ ਵੀ ਤਯਾਗ = ਛੱਡ ਦੇਵੋ ਭਾਵ ਜਿਸ ਦੇਸ਼ ਵਿਚ ਢਿੱਡ ਭਰਨ ਜੋਗੀ ਉਪਜੀਵਕਾ ਵੀ ਪ੍ਰਾਪਤ ਨਹੀਂ ਹੁੰਦੀ। ਜੇ ਲੱਭਦੀ ਵੀ ਹੈ ਤਾਂ ਉਸ ਕਰਕੇ ਪਾਪਾਂ ਵਿਚ ਪ੍ਰਵਿਰਤੀ ਹੁੰਦੀ ਹੈ ਤਾਂ ਐਸੇ ਦੇਸ਼ ਤੇ ਅਜਿਹੀ ਪਾਪਾਂ ਵਾਲੀ ਉਪਜੀਵਕਾ ਤਿਆਗਣ ਜੋਗ ਹੈ।

## ਕ੍ਰਿਪਣ ਕ੍ਰਿਤਘਨੀ ਤਯਾਗ ਪ੍ਰਭੂ; ਰਹੈ ਨ ਤਿਨ ਸਿਉਂ ਲਾਗ ॥੧੬॥

ਕ੍ਰਿਪਣ = ਕੰਜੂਸ ਤੇ ਕ੍ਰਿਤਘਨੀ = ਕੀਤੇ ਉਪਕਾਰ ਨੂੰ ਭੁਲਾਉਣ ਵਾਲੇ ਪ੍ਰਭੂ = ਮਾਲਕ ਨੂੰ ਤਯਾਗ = ਛੱਡ ਦੇਣਾ ਕਰੋ, ਤਿਨ = ਤਿਨ੍ਹਾਂ ਦੇ ਸਿਉਂ = ਨਾਲ ਲਾਗ = ਲੱਗ ਕੇ ਨਾ ਰਹੈ = ਰਹਿਣਾ ਕਰੋ, ਭਾਵ ਇਨ੍ਹਾਂ ਨਾਲ ਪ੍ਰੀਤੀ ਨਾ ਕਰੋ, ਇਨ੍ਹਾਂ ਦਾ ਤਿਆਗਣਾ ਹੀ ਚੰਗਾ ਹੈ॥੧੬॥

## ਛਾਡਿ ਜਾਹਿ ਧਨ ਕੈ ਗਏ; ਪੁਤ੍ਰ ਮਿਤ੍ਰ ਹਿਤੁ ਨਾਰਿ ॥

ਹੇ ਭਾਈ! ਧਨ = ਦੌਲਤ ਕੈ = ਦੇ ਗਏ = ਚਲੇ ਜਾਣ ਭਾਵ ਧਨ ਨਾਸ ਹੋਇਆਂ ਪੁੱਤਰ, ਮਿੱਤਰ, ਹਿਤੁ = ਹਿਤੁ ਕਰਨ ਵਾਲੇ ਸਾਕ-ਸੰਬੰਧੀ ਅਤੇ ਨਾਰਿ = ਇਸਤ੍ਰੀ ਛੱਡ ਜਾਹਿ = ਜਾਂਦੇ ਹਨ।

## ਧਨ ਆਵੈ ਜਬ ਪੁਰਖ ਪੈ; ਆਇ ਮਿਲੈ ਯਹਿ ਚਾਰ ॥੧੭॥

ਜਬ = ਜਦੋਂ ਪੁਰਖ ਦੇ ਪੈ = ਪਾਸ ਧਨ ਆਵੈ = ਆ ਜਾਂਦਾ ਹੈ, ਤਦੋਂ ਯਹਿ = ਇਹ ਚਾਰੇ ਹੀ ਆਇ = ਆ ਕੇ ਮਿਲੈ = ਮਿਲ ਜਾਂਦੇ ਹਨ ਅਰਥਾਤ ਜਦੋਂ ਕਿਸੇ ਮਨੁੱਖ ਦੇ ਪਾਸੋਂ ਧਨ ਨਾਸ਼ ਹੋ ਜਾਂਦਾ ਹੈ ਜਾਂ ਕੋਈ ਬਿਪਤਾ ਪੈਣ ਕਾਰਨ ਕੰਗਾਲ ਹੋ ਜਾਂਦਾ ਹੈ, ਤਦੋਂ ਇਹ ਚਾਰੇ ਛੱਡ ਜਾਂਦੇ ਹਨ। ਜਿਸ ਵੇਲੇ ਮਨੁੱਖ ਦੇ ਪਾਸ ਧਨ ਸੰਪਦਾ ਦੁਬਾਰਾ ਆ ਕੇ ਪ੍ਰਾਪਤ ਹੋ ਜਾਂਦੀ ਹੈ, ਤਦੋਂ ਇਹ ਚਾਰੇ ਫਿਰ ਆ ਮਿਲਦੇ ਹਨ। ਇਸ ਲਈ ਇਨ੍ਹਾਂ ਦੀ ਸੱਚੀ ਪ੍ਰੀਤੀ ਨਹੀਂ ਹੈ, ਕੇਵਲ ਧਨ ਨਾਲ ਹੀ ਪ੍ਰੀਤੀ ਹੈ॥੧੭॥ ਜੈਸਾ ਕਿ :

**ਇਹ ਜਗਿ ਮੀਤੁ ਨ ਦੇਖਿਓ ਕੋਈ ॥**
**ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ ॥੧॥ਰਹਾਉ॥**
**ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥**
**ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥੧॥** *(ਸੋਰਠਿ ਮਃ ੯, ਅੰਗ ੬੩੩)*

## ਨਰਦਾਤਾ ਭੈ ਚਾਤੁਰੀ; ਲਜਾ ਧਰਮਿ ਨ ਆਹਿ ॥

ਹੇ ਭਾਈ! ਜਿਸ ਥਾਂ 'ਤੇ ਨਰਦਾਤਾ = ਦਾਨੀ ਪੁਰਖ **ਵਾ:** ਨਰ = ਸੂਰਮਾ, ਦਾਤਾ = ਦਾਨੀ, ਕਿਸੇ ਦਾ ਭੈ = ਡਰ, ਚਾਤੁਰੀ = ਚਤੁਰਾਈ, ਕਿਸੇ ਦੀ ਲਜਾ = ਸ਼ਰਮ ਅਤੇ ਧਰਮ = ਧਰਮੀ ਮਨੁੱਖ **ਵਾ:** ਸ੍ਰੇਸ਼ਟ ਧਰਮ ਨਹੀਂ ਆਹਿ = ਹੈ।

## ਤਹਾਂ ਨ ਰਹੀਏ ਏਕ ਦਿਨ; ਜਹਿ ਏਹ ਪਾਂਚੋ ਨਾਹਿ ॥੧੮॥

ਫਿਰ ਤਹਾਂ = ਉਥੇ ਏਕ = ਇਕ ਦਿਨ ਵੀ ਨ = ਨਹੀਂ ਰਹੀਏ = ਰਹਿਣਾ ਚਾਹੀਦਾ, ਜਹਿ = ਜਿਥੇ ਇਹ ਪਾਂਚੋ = ਪੰਜੇ ਨਾਹਿ = ਨਹੀਂ ਹਨ ॥੧੮॥

## ਬਾਂਧਵ ਪ੍ਰੀਛਾ ਭੀਰ ਹੈ; ਕਾਰਯ ਪ੍ਰੀਛਾ ਦਾਸ ॥

ਹੇ ਭਾਈ! ਕਿਸੇ ਭੀਰ = ਬਿਪਤਾ ਦੇ ਸਮੇਂ ਬਾਂਧਵ = ਸੰਬੰਧੀਆਂ ਦੀ ਪ੍ਰੀਛਾ = ਪ੍ਰੀਖਿਆ ਹੁੰਦੀ ਹੈ ਕਿ ਇਹ ਹੁਣ ਸਾਥ ਨਿਭਾਉਂਦੇ ਹਨ ਜਾਂ ਨਹੀਂ ਅਤੇ ਕਿਸੇ ਕਾਰਯ = ਕੰਮ ਦੇ ਸਮੇਂ ਦਾਸ = ਸੇਵਕ, ਨੌਕਰ ਦੀ ਪ੍ਰੀਛਾ = ਪ੍ਰੀਖਿਆ ਹੁੰਦੀ ਹੈ ਕਿ ਇਹ ਹੁਣ ਸਹੀ ਕੰਮ ਕਰਦਾ ਹੈ ਜਾਂ ਨਹੀਂ।

## ਮਿਤ੍ਰ ਪ੍ਰੀਛਾ ਆਪਦਾ; ਤ੍ਰਿਯ ਪ੍ਰੀਛਾ ਧਨ ਨਾਸ ॥੧੯॥

ਏਸੇ ਪ੍ਰਕਾਰ ਕਿਸੇ ਆਪਦਾ = ਬਿਪਤਾ, ਮੁਸ਼ਕਲ ਦੇ ਸਮੇਂ ਮਿਤ੍ਰ = ਦੋਸਤਾਂ ਦੀ ਪ੍ਰੀਛਾ = ਪ੍ਰੀਖਿਆ ਹੁੰਦੀ ਹੈ ਅਤੇ ਧਨ ਦੇ ਨਾਸ਼ ਹੋਇਆਂ ਤ੍ਰੀਯ = ਇਸਤ੍ਰੀ ਦੀ ਪ੍ਰੀਛਾ = ਪ੍ਰੀਖਿਆ ਹੁੰਦੀ ਹੈ। ਜੇ ਮਿੱਤ੍ਰ ਨੇ ਮੁਸ਼ਕਲ ਵਿਚ ਸਾਥ ਦਿੱਤਾ ਤਾਂ ਸੱਚਾ ਮਿੱਤ੍ਰ ਹੈ। ਜੇ ਧਨ ਨਾ ਹੋਏ ਤੋਂ ਇਸਤ੍ਰੀ ਸਾਥ ਦੇ ਰਹੀ ਹੈ ਤਾਂ ਸੱਚੀ ਇਸਤ੍ਰੀ ਹੈ। ਇਹ ਉਪਰੋਕਤ ਰਿਸ਼ਤਿਆਂ ਦੀ ਪਰਖਣਾ ਹੈ। ਜੈਸਾ ਕਿ:

**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥੧॥** *(ਸੋਰਠਿ ਮ: ੯, ਅੰਗ ੬੩੪)*

**ਵਾ:** ਤੁਲਸੀ ਦਾਸ ਜੀ ਨੇ ਵੀ ਰਮਾਇਣ ਵਿਚ ਕਿਹਾ ਹੈ:

**ਧੀਰਜ, ਧਰਮ, ਮਿਤ੍ਰ ਅਰ ਨਾਰੀ। ਆਪਦ ਕਾਲ ਪਰਖੀਅਹਿ ਚਾਰੀ।**

## ਰੋਗ ਭੀਰ ਦੁਰਭਿਖ ਮੈ; ਰਾਜਦ੍ਵਾਰ ਸਨਮਾਨ ॥

ਜੇਕਰ ਕਿਸੇ ਰਾਜੇ ਦੇ ਰਾਜ ਵਿਚ ਪਰਜਾ ਨੂੰ ਕੋਈ ਰੋਗ = ਬਿਮਾਰੀ ਲੱਗ ਜਾਵੇ, ਕੋਈ ਭੀਰ = ਬਿਪਤਾ ਪੈ ਜਾਵੇ ਅਤੇ ਦੁਰਭਿਖ = ਕਾਲ ਦੇ ਸਮੇਂ ਮੈ = ਵਿਚ ਰਾਜਦ੍ਵਾਰ = ਰਾਜੇ ਦੇ ਦਰਬਾਰ ਵਿਚ ਰਾਜੇ ਵੱਲੋਂ ਪਰਜਾ ਨੂੰ ਸਨਮਾਨ = ਆਦਰ ਸਹਿਤ ਸਹਾਇਤਾ ਪ੍ਰਾਪਤ ਹੋਵੇ।

## ਰਹੈ ਰਾਜ ਬਿਗ੍ਰਹਿ ਬਿਖੈ; ਸੋ ਬਾਂਧਵ ਤੂ ਜਾਨ ॥੨੦॥

ਐਸੇ ਰਾਜੇ ਦਾ ਰਾਜਭਾਗ (ਬਿ + ਗ੍ਰਹਿ) ਬਿ = ਵਿਸ਼ੇਸ਼ ਕਰਕੇ ਉਸਦੇ ਗ੍ਰਹਿ = ਘਰ ਵਿਚ ਰਹੈ = ਰਹਿੰਦਾ ਹੈ **ਵਾ:** ਐਸੇ ਰਾਜੇ ਦਾ ਜੇਕਰ ਕਿਸੇ ਹੋਰ ਰਾਜੇ ਨਾਲ ਬਿਗ੍ਰਹਿ = ਵਿਗਾੜ ਪੈ ਜਾਵੇ ਤਾਂ ਉਸ ਦਾ ਰਾਜ ਉਵੇਂ ਹੀ ਰਹਿ ਜਾਂਦਾ ਹੈ ਭਾਵ ਪਰਜਾ ਉਸ ਰਾਜੇ ਦਾ ਸਾਥ ਦੇਂਦੀ ਹੈ ਤੇ ਵਿਰੋਧੀ ਰਾਜਾ ਐਸੇ ਧਰਮੀ ਰਾਜੇ ਦਾ ਨੁਕਸਾਨ ਨਹੀਂ ਕਰ ਸਕਦਾ। ਹੇ ਭਾਈ! ਤੂੰ ਸੋ = ਉਹ ਰਾਜਾ ਆਪਣਾ ਬਾਂਧਵ = ਸੰਬੰਧੀ ਹੀ ਜਾਨ = ਜਾਨਣਾ ਕਰ ॥੨੦॥

## ਇਤਿ ਸ੍ਰੀ ਰਾਜਨੀਤ ਚਾਣਾਕਾ ਨਾਮ ਪ੍ਰਿਥਮ ਅਧਿਆਇ ॥੧॥

ਸ੍ਰੀ = ਸ਼੍ਰੋਮਣੀ ਰਾਜਨੀਤ ਦੇ ਚਾਣਾਕਾ ਨਾਮੀ ਗ੍ਰੰਥ ਦਾ ਪ੍ਰਿਥਮ = ਪਹਿਲਾ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੧॥

## ਦੂਸਰਾ ਅਧਿਆਇ

ਪਰਾਈ ਇਸਤ੍ਰੀ ਤੋਂ ਬਚਣ ਲਈ ਦ੍ਵੈਖ-ਦ੍ਰਿਸ਼ਟੀ ਦਿਖਾਉਂਦੇ ਹੋਏ ਉਚਾਰਨ ਕਰਦੇ ਹਨ :

## ਦੋਹਰਾ ॥ ਲੋਭ ਮੂਢ ਸਹਸਾ ਕਪਟ; ਝੂਠ ਅਵਿਦਿਆ ਅਸੋਚ ॥

ਹੇ ਭਾਈ ! ਲੋਭ = ਲਾਲਚ, ਮੂਢ = ਮੂਰਖਤਾਈ, ਸਹਸਾ = ਸੰਸਾ, ਸ਼ੱਕ, ਕਪਟ = ਛਲ, ਫ਼ਰੇਬ, ਝੂਠ = ਕੂੜ ਬੋਲਣ ਦੀ ਆਦਤ, ਅਵਿਦਿਆ = ਬੇ-ਸਮਝੀ ਅਤੇ ਅਸੋਚ = ਅਪਵਿੱਤ੍ਰਤਾ ਭਾਵ ਮਾਸਕ ਧਰਮ ਸਮੇਂ ਆਦਿ ਇਸਤ੍ਰੀ ਦੇ ਸਰੀਰ ਵਿਚ ਔਗੁਣ ਹਨ।

## ਸਾਤ ਦੋਖ ਯਹਿ ਨਾਰਿ ਮੈ; ਸਦਾ ਸਹਾਇ ਕਰੋਚ ॥੧॥

ਹੇ ਭਾਈ ! ਯਹਿ = ਇਹ ਉਪਰੋਕਤ ਸੱਤ ਦੋਖ = ਦੋਸ਼, ਐਬ ਨਾਰਿ = ਇਸਤ੍ਰੀ ਦੇ ਮੈ = ਵਿਚ ਸੁਭਾਵਿਕ ਹੀ ਪਾਏ ਜਾਂਦੇ ਹਨ, ਇਸ ਲਈ ਪੁਰਖ ਐਸੀ ਇਸਤ੍ਰੀ ਤੋਂ ਬਚਣ ਲਈ ਸਦਾ = ਹਮੇਸ਼ਾਂ ਆਪਣੀ ਸਹਾਇ = ਸਹਾਇਤਾ ਲਈ ਰੁਚੀ ਕਰੋਚ = ਕਰੇ ਅਰਥਾਤ ਇਸਤ੍ਰੀ ਵਿਚ ਉਪਰੋਕਤ ਸੱਤ ਦੋਸ਼ ਹਨ, ਸੋ ਪੁਰਖ ਦਾ ਇਨ੍ਹਾਂ ਕੋਲੋਂ ਬਚਣਾ ਹੀ ਚਤੁਰਾਈ ਹੈ, ਭਾਵ ਜਿਸ ਵੇਲੇ ਇਸਤ੍ਰੀ ਵਿਚ ਇਨ੍ਹਾਂ ਵਿੱਚੋਂ ਕੋਈ ਦੋਖ ਵੀ ਦੇਖੇ, ਉਸ ਵੇਲੇ ਚਤੁਰਾਈ ਨਾਲ ਆਪਣਾ ਬਚਾਉ ਕਰ ਲਵੇ। ਜੇਕਰ ਬਚਣ ਦਾ ਧਿਆਨ ਨਹੀਂ ਰੱਖੇਗਾ, ਤਦ ਪੁਰਖ ਨੂੰ ਇਨ੍ਹਾਂ ਤੋਂ ਹਾਨੀ ਹੋਣ ਦਾ ਸਦਾ ਡਰ ਬਣਿਆ ਰਹਿੰਦਾ ਹੈ। ਹਮੇਸ਼ਾਂ ਪਰਮਾਤਮਾ ਨੂੰ ਬੇਨਤੀ ਕਰੇ ਕਿ ਮੈਂ ਤਾਂ ਬਚ ਨਹੀਂ ਸਕਦਾ ਤੁਸੀਂ ਮੇਰੀ ਸਦਾ = ਹਮੇਸ਼ਾਂ ਸਹਾਇ = ਸਹਾਇਤਾ ਕਰੋਚ = ਕਰੋ ॥੧॥

## ਜੋ ਨਿਸਚੈ ਕੋ ਛਾਡਿ ਕੈ; ਕਰੇ ਅਨਿਸ਼ਚੈ ਚਾਹਿ ॥

ਹੇ ਭਾਈ ! ਜੋ=ਜਿਹੜਾ ਮਨੁੱਖ ਆਪਣੇ ਇਸ਼ਟ ਦੇ ਨਿਸਚੈ = ਵਿਸ਼ਵਾਸ ਨੂੰ ਛਾਡਿ = ਤਿਆਗ ਕੈ = ਕਰਕੇ ਕਿਸੇ ਹੋਰ ਇਸ਼ਟ ਦੀ ਅਨਿਸ਼ਚੈ = ਅਨ ਨਿਸ਼ਚੇ ਵਾਲੀ ਨਾ ਉਪਾਸ਼ਨਾ ਕਰਨਯੋਗ ਦੀ ਚਾਹਿ = ਚਾਹਨਾ ਕਰਦਾ ਹੈ।

## ਤਿਨ ਕਾ ਨਿਸਚਾ ਜਾਤ ਹੈ; ਝੂਠ ਅਨਿਸਚੈ ਮਾਹਿ ॥੨॥

ਤਿਨ = ਤਿਸ ਪੁਰਖ ਕਾ = ਦਾ ਆਪਣੇ ਇਸ਼ਟ ਉੱਪਰ ਕੀਤਾ ਹੋਇਆ ਨਿਸਚਾ = ਵਿਸ਼ਵਾਸ ਵੀ ਜਾਤ = ਜਾਂਦਾ ਰਹਿੰਦਾ ਹੈ ਅਤੇ ਜਿਸ ਅਨਿਸਚੈ = ਬੇ-ਵਿਸ਼ਵਾਸੀ ਮਾਹਿ = ਵਿਚ ਪਹਿਲਾਂ ਹੀ ਯਕੀਨ ਨਹੀਂ ਸੀ, ਉਹ ਵੀ ਝੂਠਾ ਹੋ ਜਾਂਦਾ ਹੈ **ਵਾ:** ਦੂਸਰੇ ਇਸ਼ਟ ਦੇ ਝੂਠੇ ਅਨਿਸ਼ਚੇ ਵਿਚ ਲੱਗਣ ਕਰਕੇ ਉਸਦਾ ਆਪਣੇ ਇਸ਼ਟ ਉੱਪਰੋਂ ਵੀ ਨਿਸ਼ਚਾ ਚਲਿਆ ਜਾਂਦਾ ਹੈ। ਅਰਥਾਤ ਜੋ ਮਨੁੱਖ ਪਹਿਲਾਂ ਤੋਂ ਹੋਏ-ਹੋਏ ਕੰਮ ਉੱਪਰ ਨਿਸ਼ਚਾ ਨਾ ਕਰਕੇ ਉਸਨੂੰ ਛੱਡ ਬੈਠਦਾ ਹੈ ਤੇ ਜਿਸ ਕੰਮ ਦੇ ਹੋਣ ਦੀ ਅਜੇ ਆਸਾ ਹੀ ਨਹੀਂ, ਉਸਦੀ ਆਸਾ ਕਰਦਾ ਹੈ। ਉਹ ਹੋਏ ਕੰਮ ਦਾ ਤਾਂ ਆਪ ਨਾਸ਼ ਕਰਦਾ ਹੈ ਤੇ ਨਾ ਹੋਣ ਵਾਲੇ ਕੰਮ ਨੇ (ਜਿਸਦੀ ਉਹ ਆਸ ਕਰਦਾ ਸੀ) ਹੋਣਾ ਹੀ ਨਹੀਂ। ਸੋ ਇਸ ਕਰਕੇ ਉਹ ਦੋਹਾਂ ਪਾਸਿਆਂ ਤੋਂ ਖ਼ਾਲੀ ਰਹਿ ਜਾਂਦਾ ਹੈ ॥੨॥

## ਨਦੀ ਗਿਰਾਵੈ ਕੂਲ ਕੋ; ਕੁਲਹਿ ਗਿਰਾਵੈ ਨਾਰਿ ॥

ਹੇ ਭਾਈ ! ਜਿਵੇਂ ਤੇਜ਼ ਪ੍ਰਵਾਹ ਵਾਲੀ ਨਦੀ ਆਪਣੇ ਕੂਲ = ਕੰਢਿਆਂ ਕੋ = ਨੂੰ ਗਿਰਾਵੈ = ਡੇਗਦੀ ਜਾਂਦੀ ਹੈ, ਤਿਵੇਂ ਹੀ ਆਪਣੇ ਆਚਰਣ ਤੋਂ ਡਿੱਗੀ ਹੋਈ ਨਾਰਿ = ਇਸਤ੍ਰੀ ਆਪਣੇ ਕੁਲਹਿ = ਖ਼ਾਨਦਾਨ ਦੇ ਆਦਰ-ਸਨਮਾਨ ਨੂੰ ਗਿਰਾਵੈ = ਡੇਗ ਦੇਂਦੀ ਹੈ, ਬਰਬਾਦੀ ਕਰ ਦੇਂਦੀ ਹੈ, ਨਾਸ ਕਰਨ ਦਾ ਦੋਨਾਂ ਦਾ ਇਕ ਸੁਭਾ ਹੈ।

## ਇਨਕਾ ਏਕ ਸੁਭਾਵ ਹੈ; ਰਹੀਓ ਆਪ ਸੰਭਾਰ ॥੩॥

ਇਨਕਾ = ਇਨ੍ਹਾਂ (ਨਦੀ, ਇਸਤ੍ਰੀ) ਦਾ ਏਕ = ਇਕ ਹੀ ਸੁਭਾਵ ਹੈ, ਇਸ ਲਈ ਆਪਣੇ ਬਚਾਉ ਵਾਸਤੇ ਇਨ੍ਹਾਂ ਤੋਂ ਆਪ = ਆਪਣੇ ਆਪ ਨੂੰ ਸੰਭਾਰਿ = ਸੰਭਾਲ ਕੇ ਰਹੀਓ = ਰਹਿਣਾ ਕਰੋ ॥੩॥

## ਚਾਰ ਪਦਾਰਥ ਮੈ ਕਛੂ; ਜਿਨ ਕੇ ਏਕੋ ਨਾਹਿ ॥

ਹੇ ਭਾਈ ! ਧਰਮ, ਅਰਥ, ਕਾਮ ਤੇ ਮੋਖ ਰੂਪੀ ਚਾਰ ਪਦਾਰਥਾਂ ਮੈ = ਵਿੱਚੋਂ ਕਛੂ = ਕੁਝ ਕੁ ਜਿਨ = ਜਿਨ੍ਹਾਂ ਕੇ = ਦੇ ਪਾਸ ਏਕੋ = ਇਕ ਵੀ ਨਾਹਿ = ਨਹੀਂ ਹੈ।

## ਜਨਮ ਜਨਮ ਦੁਖ ਹੈ ਤਿਨੈ; ਮਰਨ ਭਲੋ ਜਗ ਮਾਹਿ ॥੪॥

ਤਿਨੈ = ਉਨ੍ਹਾਂ ਮਨੁੱਖਾਂ ਨੂੰ ਜਨਮ ਜਨਮ = ਜਨਮਾਂ ਜਨਮਾਂਤ੍ਰਾਂ ਦਾ ਦੁਖ = ਕਸ਼ਟ ਚਿੰਬੜਿਆ ਹੋਇਆ ਹੈ, ਉਨ੍ਹਾਂ ਨੂੰ ਤਾਂ ਇਸ ਜਗ = ਸੰਸਾਰ ਮਾਹਿ = ਵਿਚ ਮਰਨ = ਮਰਨਾ ਹੀ ਭਲੋ = ਚੰਗਾ ਹੈ ਅਰਥਾਤ ਜਿਸ ਮਨੁੱਖ ਨੂੰ ਧਰਮ ਦੀ ਵੀ ਪ੍ਰਾਪਤੀ ਨਹੀਂ ਹੈ, ਸਰੀਰ ਦੀਆਂ ਲੋੜਾਂ ਪੂਰਨ ਕਰਨ ਲਈ ਧਨ ਦੀ ਪ੍ਰਾਪਤੀ ਨਹੀਂ ਹੈ, ਕੋਈ ਕਾਮਨਾ ਵੀ ਪੂਰੀ ਨਹੀਂ ਹੁੰਦੀ ਅਤੇ ਅੰਤ ਨੂੰ ਮੁਕਤੀ ਵੀ ਨਾ ਮਿਲੀ ਜਾਂ ਇਨ੍ਹਾਂ ਚੌਹਾਂ ਵਿੱਚੋਂ ਇਕ ਵੀ ਪਦਾਰਥ ਪ੍ਰਾਪਤ ਨਹੀਂ ਹੈ, ਉਸਦਾ ਜਿਉਣਾ ਕਿਸ ਕੰਮ ਹੈ ਭਾਵ ਦੁਖੀ ਪੁਰਖ ਦਾ ਦੁੱਖ ਵਿਚ ਜਿਉਣ ਨਾਲੋਂ ਮਰਨਾ ਭਲਾ ਹੈ ॥੪॥

## ਨਾਰੀ ਕੁਬਜ ਕਰੂਪ ਕੋ; ਚਤੁਰ ਬਯਾਹਤ ਨਾਹਿ ॥

ਪਰ ਫਿਰ ਵੀ ਕੁਬਜ = ਕੁੱਬੀ ਤੇ ਕਰੂਪ = ਸੁੰਦਰ ਸਰੂਪ ਤੋਂ ਹੀਨ ਨਾਰੀ = ਇਸਤ੍ਰੀ ਨੂੰ ਚਤੁਰ = ਚੰਗੀ ਅਕਲ ਵਾਲਾ ਮਨੁੱਖ ਬਯਾਹਤ = ਵਿਆਹੁੰਦਾ ਨਾਹਿ = ਨਹੀਂ ਹੈ।

## ਹੋਇ ਸਰੂਪ ਕੁਲ ਹੀਨ ਮੈ; ਬਯਾਹਤ ਨਹਿ ਸਰਮਾਇ ॥੫॥

ਭਾਵੇਂ ਚੰਗੇ ਸਰੂਪ ਵਾਲੀ ਇਸਤ੍ਰੀ ਕੁਲਹੀਨ = ਨੀਚ ਕੁਲ ਦੇ ਮੈ = ਵਿਚ ਹੀ ਕਿਉਂ ਨਾ ਹੋਇ = ਹੋਵੇ, ਚਤੁਰ ਮਨੁੱਖ ਉਸ ਨਾਲ ਬਯਾਹਤ = ਵਿਆਹ ਕਰਵਾਉਣੋਂ ਸਰਮਾਇ = ਸ਼ਰਮ, ਸੰਕੋਚ ਨਹੀਂ ਕਰਦਾ। ਪਰ ਇਹ ਕਾਮੀ ਪੁਰਸ਼ਾਂ ਦੀ ਆਦਤ ਕਹੀ ਹੈ ਐਸਾ ਕਾਮ ਅਧੀਨ ਹੋ ਕੇ ਕਰਦੇ ਹਨ ਜਿਸ ਦਾ ਨਤੀਜਾ ਚੰਗਾ ਨਹੀਂ ਨਿਕਲਦਾ ਕਾਮ ਦੀ ਰੂਪ ਨਾਲ ਦੋਸਤੀ ਹੁੰਦੀ ਹੈ ॥੫॥ ਜੈਸਾ ਕਿ :

**ਰੂਪੈ ਕਾਮੈ ਦੋਸਤੀ ॥** *(ਮਲਾਰ ਵਾਰ ਮ: ੧, ਅੰਗ ੧੨੮੮)*

## ਕੰਚਨ ਹੋਇ ਜੁ ਕੀਚ ਮੈ; ਬਿਖ ਮੈਂ ਅੰਮ੍ਰਿਤ ਹੋਇ ॥

ਹੇ ਭਾਈ ! ਜੁ = ਜੇਕਰ ਕੰਚਨ = ਸੋਨਾ ਭਾਵੇਂ ਕੀਚ = ਚਿੱਕੜ ਮੈ = ਵਿਚ ਡਿੱਗਾ ਪਿਆ ਹੋਇ = ਹੋਵੇ ਅਤੇ ਭਾਵੇਂ ਬਿਖ = ਜ਼ਹਿਰ ਮੈਂ = ਵਿਚ ਅੰਮ੍ਰਿਤ = ਮੌਤ ਤੋਂ ਰਹਿਤ ਕਰਨ ਵਾਲਾ ਪਵਿੱਤ੍ਰ ਜਲ ਪਿਆ ਹੋਇ = ਹੋਵੇ।

## ਵਿਦਯਾ ਨਾਰੀ ਨੀਚ ਪੈ; ਚਾਰੋ ਲੀਜੈ ਸੋਇ ॥੬॥

ਫਿਰ ਵਿੱਦਿਆ ਤੇ ਨਾਰੀ = ਅਗਨੀ ਭਾਵੇਂ ਨੀਚ ਜਾਤੀ ਵਾਲੇ ਦੇ ਪੈ = ਪਾਸ ਹੀ ਹੋਵੇ ਤਦ ਮਨੁੱਖ ਇਹ ਚਾਰੋਂ = ਚਾਰੇ ਵਸਤੂਆਂ ਹੀ ਸੋਇ = ਉਹ ਲੀਜੈ = ਲੈਣਾ ਕਰੇ ਭਾਵ ਉਨ੍ਹਾਂ ਪਾਸੋਂ ਪ੍ਰਾਪਤ ਕਰ ਲਵੇ। ਇਸ ਵਿਚ ਕੋਈ ਦੋਸ਼ ਨਹੀਂ ਹੈ, ਭਾਵ ਨਾਰੀ = ਇਸਤ੍ਰੀ ਨੀਵੀਂ ਕੁਲ ਵਿਚ ਚੰਗੇ ਗੁਣਾਂ ਵਾਲੀ ਹੋਵੇ ਤਾਂ ਲੈਣ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ, ਭਾਵ ਗੁਣਾਂ ਦੀ ਕਦਰ ਕਰੇ ॥੬॥

ਅਗਲੇ ਦੋਹਰੇ ਵਿਚ ਚਾਣਾਕਯ ਮੁਨੀ ਜੀ ਇਸਤ੍ਰੀਆਂ ਦੀਆਂ ਕੁਝ ਕਮਜ਼ੋਰੀਆਂ ਤੇ ਕੁਝ ਵਿਸ਼ੇਸ਼ਤਾਵਾਂ ਬਾਰੇ ਕਥਨ ਕਰਦੇ ਹਨ :

## ਪੁਰਖਨ ਤੇ ਦੁਗਣੀ ਛੁਧਾ; ਸਹਸਾ ਛੇ ਗੁਣ ਨਾਰਿ ॥

ਹੇ ਭਾਈ ! ਇਸਤ੍ਰੀਆਂ ਵਿਚ ਪੁਰਖਨ = ਪੁਰਖਾਂ ਤੇ = ਤੋਂ ਦੁਗਨੀ = ਦੋ ਗੁਣਾਂ ਵੱਧ ਛੁਧਾ = ਭੁੱਖ ਹੁੰਦੀ ਹੈ ਅਤੇ ਛੇ ਗੁਣਾਂ ਵਧ ਸਹਸਾ = ਸੰਸਾ, ਸ਼ੱਕੀ ਸੁਭਾਅ ਅਤੇ ਗਮ, ਫਿਕਰ ਛੇ ਗੁਣਾ ਹੁੰਦਾ ਹੈ। ਭੁੱਖ ਇਸ ਕਰਕੇ ਦੁੱਗਣੀ ਹੈ ਕਿ ਇਸਤ੍ਰੀ ਨੇ ਬੱਚਾ ਪੈਦਾ ਕਰਨਾ ਹੁੰਦਾ ਹੈ ਉਸ ਦੇ ਪੇਟ ਵਿਚ ਜਠਰਾ ਅਗਨੀ ਪੁਰਸ਼ਾਂ ਨਾਲੋਂ ਦੁੱਗਣੀ ਤੇਜ਼ ਹੁੰਦੀ ਹੈ। ਇਸ ਕਰਕੇ ਭੁੱਖ ਦੁੱਗਣੀ ਹੈ :

## ਬੁਧ ਚੌਗੁਣੀ ਨਾਰਿ ਮੈਂ; ਕਾਮ ਚਾਰ ਅਰੁ ਚਾਰ ॥੭॥

ਨਾਰਿ = ਇਸਤ੍ਰੀ ਦੇ ਮੈਂ = ਵਿਚ ਪੁਰਖਾਂ ਨਾਲੋਂ ਚੌਗੁਣੀ = ਚਾਰ ਗੁਣਾ ਵੱਧ ਬੁਧਿ = ਬੁੱਧੀ ਤੀਖਸ਼ਣ ਹੁੰਦੀ ਹੈ। ਕਾਮ = ਕਾਮ ਵਾਸ਼ਨਾ ਚਾਰ ਅਰੁ = ਅਤੇ ਚਾਰ (੪ + ੪ = ੮) ਭਾਵ ਅੱਠ ਗੁਣਾਂ ਵੱਧ ਹੁੰਦੀ ਹੈ, ਪਰ ਜ਼ਾਹਰ ਨਹੀਂ ਕਰ ਸਕਦੀ, ਸੰਕੋਚ ਹੈ, ਸ਼ਰਮ ਹੈ ॥੭॥

## ਦਾਨ ਸ਼ਕਤਿ, ਭੋਜਨ ਸ਼ਕਤਿ; ਭੋਗ ਸ਼ਕਤਿ ਰਤਿ ਜਾਹਿ ॥

ਹੇ ਭਾਈ ! ਜਿਸ ਮਨੁੱਖ ਵਿਚ ਦਾਨ ਦੇਣ ਦੀ ਸਕਤਿ = ਸ਼ਕਤੀ, ਸਮਰੱਥਾ ਹੈ, ਭੋਜਨ ਵੰਡਣ, ਪਚਾਉਣ ਦੀ ਸਕਤਿ = ਸ਼ਕਤੀ, ਸਮਰੱਥਾ ਹੈ, ਫਿਰ ਭੋਗ = ਭੋਗਾਂ ਨੂੰ ਭੋਗਣ ਦੀ ਸਕਤਿ = ਸ਼ਕਤੀ ਸਮਰੱਥਾ ਹੈ ਭਾਵ ਸਰੀਰ ਅਰੋਗ ਹੈ ਅਤੇ ਇਨ੍ਹਾਂ ਵਿਚ ਰਤਿ = ਪ੍ਰੀਤੀ ਉਤਪੰਨ ਹੁੰਦੀ ਜਾਹਿ = ਜਾਂਦੀ ਹੈ।

## ਉਤਮ ਤ੍ਰਿਯ ਅਰ ਵਿਭੋ[੧] ਜਗ; ਬਡ ਤਪਸਾ ਫਲ ਆਹਿ ॥੮॥

ਫਿਰ ਜਿਸ ਨੂੰ ਬਹੁਤ ਉਤਮ = ਸ੍ਰੇਸ਼ਟ ਆਚਰਣ ਵਾਲੀ ਤ੍ਰੀਯ = ਇਸਤ੍ਰੀ ਮਿਲੀ ਹੋਵੇ, ਅਰ = ਅਤੇ ਜਗ = ਸੰਸਾਰ ਦੇ ਸਾਰੇ ਭੋਗ = ਪਦਾਰਥ ਵੀ ਮਿਲੇ ਹੋਣ, ਉਸਨੂੰ ਮਾਨੋ ਇਹ ਬਡ = ਬਹੁਤ ਵੱਡੀ ਕੀਤੀ ਹੋਈ ਤਪਸਾ = ਤਪੱਸਿਆ ਦਾ ਫਲ ਪ੍ਰਾਪਤ ਹੋਇਆ ਆਹਿ = ਹੈ। **ਵਾ:** ਵਿਭੋ = ਪਦਾਰਥ ਸਮੱਗਰੀ ਭਰਪੂਰ ਹੋਵੇ ॥੮॥

## ਆਗਯਾਕਾਰੀ ਪੁਤ੍ਰ ਹੋਇ; ਅਰ ਮਿਠ ਬੋਲੀ ਨਾਰਿ ॥

ਹੇ ਭਾਈ ! ਜਿਸ ਪੁਰਖ ਦੇ ਕੋਲ ਆਗਯਾਕਾਰੀ = ਆਗਿਆ ਦਾ ਪਾਲਣ ਕਰਨ ਵਾਲੇ ਪੁਤ੍ਰ ਹੋਇ = ਹੁੰਦਾ ਹੈ ਅਰ = ਅਤੇ ਘਰ ਵਿਚ ਨਾਰਿ = ਇਸਤ੍ਰੀ (ਘਰਵਾਲੀ) ਵੀ ਬਹੁਤ ਮਿਠ = ਮਿੱਠੇ ਬਚਨ ਬੋਲੀ = ਬੋਲਣ ਵਾਲੀ ਮਿਲੀ ਹੋਈ ਹੈ।

---

੧. ਦੂਸਰਾ ਪਾਠ—ਬਿਭੋ; ਜਿਸਦਾ ਅਰਥ ਬਣੇਗਾ ਕਿ ਜਗ ਵਿਚ ਬਹੁਤ ਬਿਭੋ = ਬਿਭੂਤੀ ਹੈ।

## ਧਨ ਆਪਨੋ ਸੰਤੋਖ ਮਨ; ਚਾਰ ਸੂਰਗ ਸੰਸਾਰ ॥੯॥

ਫਿਰ ਜਿਸ ਦੇ ਕੋਲ ਆਪਨੋ = ਆਪਣੇ ਦਸਾਂ ਨੌਹਾਂ ਦੀ ਕਿਰਤ ਦਾ ਧਨ ਅਤੇ ਮਨ ਵਿਚ ਸੰਤੋਖ = ਸੰਤੁਸ਼ਟਤਾ ਹੈ, ਉਸ ਲਈ ਸੰਸਾਰ = ਜਗਤ ਵਿਚ ਹੀ ਇਹ ਚਾਰ ਸੂਰਗ = ਦੇਵਪੁਰੀ ਦੀ ਨਿਆਈਂ ਹਨ ॥੯॥ ਜੈਸਾ ਕਿ :

*ਪ੍ਰਮਾਣ :*

**ਕਿੱਕਰ ਘਰ, ਕਪੁਤ ਘਰ, ਘਰ ਕਲਹਿਣੀ ਨਾਰਿ, ਚੌਥੇ ਮੈਲੇ ਕਪੜੇ ਨਰਕ ਨਿਸਾਨੀ ਚਾਰ।**
**ਸੁਖੀ ਜੀਵਨ ਸੂਰਗੀ ਜੀਵਨ ਹੈ (ਪਿੱਪਲ ਘਰ, ਸਪੁੱਤ੍ਰ ਘਰ, ਘਰ ਸੁਲਖਣੀ ਨਾਰਿ ॥**
**ਚੌਥੇ ਉਜਲ ਕਪੜੇ ਸੂਰਗ ਨਿਸਾਨੀ ਚਾਰ ॥)**

## ਪੁਤ੍ਰਨ ਪਾਲੈ ਪਿਤਾ ਸੋ; ਸੁਤ ਪਿਤ ਆਗਯਾ ਮਾਹਿ ॥

ਹੇ ਭਾਈ ! ਜੋ ਆਪਣੇ ਪੁਤ੍ਰਨ = ਪੁੱਤ੍ਰਾਂ ਭਾਵ ਸੰਤਾਨ ਨੂੰ ਸਹੀ ਤਰੀਕੇ ਨਾਲ ਪਾਲੈ = ਪਾਲਣਾ ਪੋਸ਼ਣਾ ਕਰਦਾ ਹੈ, ਸੋ = ਉਹੋ ਹੀ ਪਿਤਾ ਕਹਾਉਣ ਦਾ ਹੱਕਦਾਰ ਹੈ ਅਤੇ ਸੁਤ = ਪੁੱਤਰ ਉਹੋ ਹੀ ਲਾਇਕ ਕਹਾ ਸਕਦਾ ਹੈ, ਜੋ ਆਪਣੇ ਪਿਤ = ਪਿਤਾ ਦੀ ਆਗਿਆ ਮਾਹਿ = ਵਿਚ ਚੱਲਦਾ ਹੈ ਭਾਵ ਪਿਤਾ ਦਾ ਇਹੋ ਹੀ ਧਰਮ ਹੈ ਕਿ ਸੰਤਾਨ ਦੀ ਚੰਗੀ ਤਰ੍ਹਾਂ ਪਾਲਣਾ ਕਰਨੀ, ਵਿੱਦਿਆ ਪੜ੍ਹਾਉਣੀ ਤੇ ਗੁਣਵਾਨ ਬਣਾਉਣਾ ਅਤੇ ਪੁੱਤਰ ਦਾ ਇਹੋ ਹੀ ਧਰਮ ਹੈ ਕਿ ਆਪਣੇ ਮਾਤਾ-ਪਿਤਾ ਦੀ ਆਗਿਆ ਮੰਨਣੀ ਤੇ ਸੇਵਾ ਕਰਨੀ।

## ਮਿਤ੍ਰ ਸੋ, ਜੁ ਸਾਚਾ ਰਹੈ; ਨਾਰਿ ਪਤਿਬ੍ਰਤਾ ਮਾਹਿ ॥੧੦॥

ਅਸਲ ਮਿਤ੍ਰ = ਦੋਸਤ ਸੋ = ਉਹੋ ਹੀ ਹੈ ਜੁ = ਜਿਹੜਾ ਸਾਚਾ = ਸੱਚਾ ਰਹੈ = ਰਹਿੰਦਾ ਹੈ, ਭਾਵ ਛਲ ਕਪਟ ਨੂੰ ਛੱਡ ਕੇ ਆਪਣੇ ਈਮਾਨ 'ਤੇ ਪੱਕਾ ਰਹਿੰਦਾ ਹੈ ਅਤੇ ਨਾਰਿ = ਇਸਤ੍ਰੀ ਉਹੋ ਹੀ ਸ੍ਰੇਸ਼ਟ ਹੈ ਜੋ ਆਪਣੇ ਪਤਿਬ੍ਰਤਾ ਧਰਮ ਮਾਹਿ = ਵਿਚ ਪ੍ਰਪੱਕ ਰਹਿੰਦੀ ਹੈ ॥੧੦॥

## ਮੁਖ ਮੀਠਾ, ਪਾਛੈ ਕੁਟਿਲ; ਛਾਡਿ ਦੇਹੁ ਵਹਿ ਮਿਤ੍ਰ ॥

ਹੇ ਭਾਈ ! ਜੋ ਮੁਖ = ਮੂੰਹੋਂ ਤਾਂ ਸਾਹਮਣੇ-ਸਾਹਮਣੇ ਮੀਠਾ = ਮਿੱਠੀਆਂ-ਮਿੱਠੀਆਂ ਗੱਲਾਂ ਕਰਦਾ ਹੈ ਤੇ ਪਿਠ ਪਾਛੈ = ਪਿੱਛੇ ਅਤੇ ਕੁਟਿਲ = ਛਲ, ਫ਼ਰੇਬ ਕਰਕੇ ਕੰਮ ਵਿਗਾੜ ਦੇਂਦਾ ਹੈ, ਵਹਿ = ਉਹੋ ਜਿਹੇ ਮਿਤ੍ਰ = ਦੋਸਤ ਨੂੰ ਛਾਡਿ = ਤਿਆਗ ਦੇਹੁ = ਦੇਣਾ ਕਰੋ।

## ਜਿਉਂ ਵਿਖ ਕੇ ਘਟ ਮੁਖ ਦੁਗਧ; ਤਿਉਂ ਤਿਹ ਜਾਨ ਚਰਿਤ੍ਰ ॥੧੧॥

ਜਿਉਂ = ਜਿਵੇਂ ਵਿਖ = ਵਿਹੁ ਕੇ = ਦੇ ਨਾਲ ਭਰੇ ਹੋਏ ਘਟ = ਘੜੇ ਦੇ ਮੁਖ = ਮੂੰਹ ਉੱਪਰ ਦੁਗਧ = ਦੁੱਧ ਪਾ ਦੇਈਏ, ਤਿਉਂ = ਤਿਵੇਂ ਹੀ ਤਿਹ = ਤਿਸ ਮਤਲਬੀ ਮਿੱਤ੍ਰ ਦੇ ਚਰਿਤ੍ਰ = ਆਚਰਨ ਨੂੰ ਜਾਨ = ਜਾਨਣਾ ਕਰੋ ਭਾਵ ਜਿਵੇਂ ਦੁੱਧ ਦੇ ਹੇਠਾਂ ਪਈ ਜ਼ਹਿਰ ਮਨੁੱਖ ਨੂੰ ਨੁਕਸਾਨ ਪਹੁੰਚਾਉਂਦੀ ਹੈ ਤਿਵੇਂ ਹੀ ਇਕ ਦਿਨ ਐਸਾ ਮਿੱਤ੍ਰ ਜ਼ਰੂਰ ਨੁਕਸਾਨ ਕਰੇਗਾ, ਇਸ ਲਈ ਐਸੇ ਮਿੱਤ੍ਰਾਂ ਤੋਂ ਬਚਣਾ ਚਾਹੀਦਾ ਹੈ ॥੧੧॥

## ਸ਼ਤ੍ਰ ਹੋਇ ਕੈ ਜੋ ਕਰੈ; ਮਿਤ੍ਰਾਈ ਕੀ ਬਾਤ ॥

ਹੇ ਭਾਈ ! ਜੋ = ਜਿਹੜਾ ਮਨੁੱਖ ਸ਼ਤ੍ਰ = ਦੁਸ਼ਮਨ ਹੋਇ = ਹੋ ਕੈ = ਕਰਕੇ ਮਿਤ੍ਰਾਈ = ਮਿੱਤ੍ਰਤਾ ਕੀ = ਦੀ ਬਾਤ = ਗੱਲ ਕਰੇ।

## ਤਿਹ ਵਿਸ੍ਵਾਸ ਨ ਕੀਜੀਐ; ਅੰਤ ਕਰੈ ਵਹੁ ਘਾਤ ॥੧੨॥

ਤਿਹ = ਤਿਸ ਦੀਆਂ ਮਿੱਤ੍ਰਤਾ ਵਾਲੀਆਂ ਮਿੱਠੀਆਂ-ਮਿੱਠੀਆਂ ਗੱਲਾਂ ਉੱਪਰ ਵਿਸ੍ਵਾਸ = ਭਰੋਸਾ ਨਾ ਕੀਜੀਐ = ਕਰੋ, ਕਿਉਂਕਿ ਅੰਤ = ਅਖ਼ੀਰ ਨੂੰ ਵਹੁ = ਉਹ ਮਨੁੱਖ ਘਾਤ = ਵਾਰ ਕਰੈ = ਕਰ ਜਾਵੇਗਾ ਭਾਵ ਜਦੋਂ ਉਸਦਾ ਦਾਉ ਲੱਗੇਗਾ, ਉਹ ਹਾਨੀ ਕਰ ਜਾਵੇਗਾ ॥੧੨॥

## ਸਸਤ੍ਰ ਪਾਨ ਸਿੰਗੀ ਨਖੀ; ਨਦੀ ਨ੍ਰਿਪਤ ਅਰੁ ਨਾਰਿ ॥

ਹੇ ਭਾਈ ! ਜੋ ਪਾਨ = ਹੱਥਾਂ ਵਿਚ ਸ਼ਸਤ੍ਰ, ਪਕੜਨ ਵਾਲਾ ਮਨੁੱਖ, ਸਿੰਗੀ = ਸਿੰਗਾਂ ਵਾਲਾ ਪਸ਼ੂ ਨਖੀ = ਨੌਂਹਾਂ ਵਾਲਾ ਜਾਨਵਰ, ਨਦੀ, ਨ੍ਰਿਪਤ = ਰਾਜਾ ਅਰੁ = ਅਤੇ ਨਾਰਿ = ਇਸਤ੍ਰੀ ਆਦਿ ਹਨ।

## ਇਨਕਾ ਕਯਾ ਇਤਬਾਰ ਹੈ; ਰਹੀਐ ਆਪ ਸੰਭਾਰ ॥੧੩॥

ਇਨ = ਇਨ੍ਹਾਂ ਉਪਰੋਕਤ ਕਥਨ ਕੀਤਿਆਂ ਕਾ = ਦਾ ਕਯਾ = ਕੀ ਇਤਬਾਰ = ਯਕੀਨ, ਭਰੋਸਾ ਹੈ, ਕਿ ਇਹ ਕਦੋਂ ਮਾਰ ਕਰ ਜਾਣ, ਇਸ ਲਈ ਆਪ ਹੀ ਇਨ੍ਹਾਂ ਤੋਂ ਸੰਭਾਰ = ਸੰਭਲ ਕੇ ਰਹੀਐ = ਰਹਿਣਾ ਚਾਹੀਦਾ ਹੈ, ਅਰਥਾਤ ਜਿਸ ਦੇ ਹੱਥ ਵਿਚ ਕੋਈ ਹਥਿਆਰ ਹੈ ਤਾਂ ਉਸਦਾ ਵਿਸਾਹ ਨਾ ਕਰੋ, ਇਸੇ ਤਰ੍ਹਾਂ ਸਿੰਗਾਂ ਵਾਲੇ ਪਸ਼ੂ (ਗਾਂ, ਮੱਝ, ਬਲਦ, ਸਾਨ੍ਹ, ਸੰਢੇ) ਆਦਿ ਦਾ ਵਿਸਾਹ ਨਾ ਕਰੋ ਕਿਉਂਕਿ ਇਹ ਗੱਲਾਂ ਆਮ ਹੀ ਸੁਣਨ ਵਿਚ ਆਉਂਦੀਆਂ ਹਨ ਕਿ ਬਲਦ ਜਾਂ ਸਾਨ੍ਹ ਨੇ ਫਲਾਣੇ ਦੇ ਸਿੰਗ ਮਾਰਿਆ ਤਾਂ ਉਹ ਥਾਉਂ ਹੀ ਮਰ ਗਿਆ ਤੇ ਇਵੇਂ ਹੀ ਨੌਂਹਾਂ ਵਾਲੇ ਬਿੱਲੀ, ਕੁੱਤਾ, ਬਾਂਦਰ, ਸ਼ੇਰ, ਰਿੱਛ ਆਦਿ ਆਪਣੇ ਨੌਂਹਾਂ ਨਾਲ ਵਾਰ ਕਰਕੇ ਹੀ ਨੁਕਸਾਨ ਪਹੁੰਚਾ ਦੇਂਦੇ ਹਨ, ਨਦੀ ਵੀ ਢਾਹ ਲਾ ਕੇ ਪਿੰਡਾਂ ਦੇ ਪਿੰਡ ਗ਼ਰਕ ਕਰ ਜਾਂਦੀ ਹੈ, ਰਾਜਾ ਥੋੜ੍ਹੇ ਜਿਹੇ ਅਪਰਾਧ 'ਤੇ ਵੀ ਕ੍ਰੋਪਵਾਨ ਹੋ ਕੇ ਘਾਣ ਬੱਚਾ ਪੀੜ ਸੁੱਟਦਾ ਹੈ ਅਤੇ ਇਸਤ੍ਰੀ ਤੋਂ ਮੁਰਾਦ ਏਥੇ ਵਿਭਚਾਰਣ, ਖੋਟੀ ਇਸਤ੍ਰੀ ਤੋਂ ਹੈ ਜੋ ਲੋਕ ਲਾਜ ਤੋਂ ਰਹਿਤ ਹੋ ਕੇ ਅਨੇਕਾਂ ਦੇ ਜੀਵਨ ਬਰਬਾਦ ਕਰ ਸੁੱਟਦੀ ਹੈ। ਇਸ ਲਈ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ ॥੧੩॥

## ਮਨ ਮੈ ਕਾਰਜ ਚਿਤਵੀਐ; ਕਰੀਐ ਨਾ ਪ੍ਰਗਟਾਇ ॥

ਹੇ ਭਾਈ ! ਜੋ ਕੋਈ ਕਾਰਜ = ਕੰਮ ਕਰਨ ਵਾਸਤੇ ਆਪਣੇ ਮਨ ਮੈ = ਵਿਚ ਚਿਤਵੀਐ = ਵਿਚਾਰਨਾ ਕਰੀਏ, ਉਸ ਕੰਮ ਨੂੰ ਲੋਕਾਂ ਵਿਚ ਪ੍ਰਗਟਾਇ = ਪ੍ਰਗਟ ਨਾ ਕਰੀਐ = ਕਰਨਾ ਚਾਹੀਦਾ।

## ਗੋਪ ਰਾਖੀਐ ਮੰਤ੍ਰ ਜਿਉਂ; ਪ੍ਰਗਟ ਬਿਫਲ ਹੁਇ ਜਾਇ ॥੧੪॥

ਜਿਉਂ = ਜਿਵੇਂ ਮੰਤ੍ਰਾਂ ਨੂੰ ਗੋਪ = ਗੁਪਤ ਰਾਖੀਐ = ਰੱਖ ਕੇ ਜਪੀਦਾ ਹੈ, ਜੇਕਰ ਉਹ ਪ੍ਰਗਟ = ਪ੍ਰਤੱਖ ਕਰਕੇ ਜਪੀਏ ਭਾਵ ਲੋਕਾਂ ਨੂੰ ਸੁਣਾ-ਸੁਣਾ ਕੇ ਜਪੀਏ ਤਾਂ ਉਹ ਮੰਤ੍ਰਾਂ ਦਾ ਜਾਪ ਬਿਫਲ = ਨਿਸਫਲ ਹੁਇ = ਹੋ ਜਾਇ = ਜਾਂਦਾ ਹੈ। ਇਸੇ ਤਰ੍ਹਾਂ ਮਨ ਵਿਚ ਚਿਤਵੇ ਹੋਏ ਕਾਰਜ ਨੂੰ ਮੁਕੰਮਲ ਹੋਣ ਤੋਂ ਪਹਿਲਾਂ ਲੋਕਾਂ ਵਿਚ ਦੱਸਣਾ ਨਹੀਂ ਚਾਹੀਦਾ, ਨਹੀਂ ਤਾਂ ਕੋਈ ਨਾ ਕੋਈ ਵਿਰੋਧੀ ਆਦਮੀ ਵਿਘਨ ਪਾ ਦੇਵੇਗਾ ॥੧੪॥

## ਸਰਪ ਕ੍ਰੂਰ ਹੈ ਜਗਤ ਮੈ; ਖਲ ਸਰਪਨ ਤੇ ਕ੍ਰੂਰ ॥

ਹੇ ਭਾਈ ! ਇਸ ਜਗਤ = ਸੰਸਾਰ ਮੈ = ਵਿਚ ਸਰਪ = ਸੱਪ ਬਹੁਤ ਕ੍ਰੂਰ = ਭਿਆਨਕ ਮੰਨਿਆ ਗਿਆ ਹੈ ਪਰ ਖਲ = ਮੂਰਖ ਪੁਰਖ ਸਰਪਨ = ਸੱਪ ਤੇ = ਤੋਂ ਵੀ ਕ੍ਰੂਰ = ਭਿਆਨਕ ਹੈ।

## ਸਰਪ ਕ੍ਰੂਰ ਕੋ ਮੰਤ੍ਰ ਹੈ; ਖਲ ਕੋ ਮੰਤ੍ਰ ਨ ਮੂਰ ॥੧੫॥

ਕਿਉਂਕਿ ਕ੍ਰੂਰ = ਭਿਆਨਕ ਸਰਪ = ਸੱਪ ਕੋ = ਨੂੰ ਵੱਸ ਕਰਨ ਵਾਸਤੇ ਗਰੁੜ ਮੰਤ੍ਰ ਤੇ ਡੰਗੇ ਤੋਂ ਇਲਾਜ ਵਾਸਤੇ ਦਵਾਈ ਵੀ ਹੈ ਪਰ ਖਲ = ਮੂਰਖ ਪੁਰਖ ਕੋ = ਨੂੰ ਵੱਸ ਕਰਨ ਲਈ ਨਾ ਕੋਈ ਮੰਤ੍ਰ ਹੈ ਤੇ ਨਾ ਹੀ ਕੋਈ ਮੂਰ = ਦਵਾਈ ਹੈ ॥੧੫॥

## ਮੂਰਖਤਾਈ ਕਸ਼ਟ ਹੈ; ਤਾਂ ਤੇ ਕਸ਼ਟ ਬਿਦੇਸ਼ ॥

(੨. ਪਾਠ 'ਬਿਸ਼ੇਸ਼')

ਹੇ ਭਾਈ ! ਮੂਰਖਤਾਈ = ਮੂਰਖ ਪੁਣਾ ਆਪਣੇ ਆਪ ਵਿਚ ਇਕ ਕਸ਼ਟ = ਦੁੱਖ ਰੂਪ ਹੈ, ਪਰ ਤਾਂ = ਤਿਸ ਮੂਰਖ ਪੁਣੇ ਤੇ = ਤੋਂ ਬਿਦੇਸ਼ = ਪਰਦੇਸ਼ ਵਿਚ ਜ਼ਿਆਦਾ ਕਸ਼ਟ = ਦੁਖ ਪ੍ਰਾਪਤ ਹੁੰਦਾ ਹੈ **ਅਥਵਾ** ਮੂਰਖਤਾਈ ਇਕ ਕਸ਼ਟ ਰੂਪ ਹੈ ਤਿਸ ਦੁਆਰਾ ਬਿਸ਼ੇਸ਼ = ਖ਼ਾਸ ਕਰਕੇ ਕਸ਼ਟ ਹੀ ਪ੍ਰਾਪਤ ਹੁੰਦਾ ਹੈ ॥

## ਪਰਾਧੀਨ ਤਾ ਤੇ ਕਸ਼ਟ; ਜਾ ਮੈ ਸਦਾ ਕਲੇਸ਼ ॥੧੬॥

ਪਰਾਧੀਨ = ਪਰਾਏ ਦੇ ਅਧੀਨ ਹੋ ਕੇ ਰਹਿਣਾ ਤਾ = ਤਿਸ ਪਰਦੇਸ਼, ਮੂਰਖਤਾਈ ਤੇ = ਨਾਲੋਂ ਵੀ ਜ਼ਿਆਦਾ ਕਸ਼ਟ = ਦੁੱਖ ਹੈ, ਜਾ = ਜਿਸ ਮੈ = ਵਿਚ ਸਦਾ = ਹਮੇਸ਼ਾਂ ਕਲੇਸ਼ = ਝਗੜਾ ਹੀ ਬਣਿਆ ਰਹਿੰਦਾ ਹੈ ਅਰਥਾਤ ਮੂਰਖ ਮਨੁੱਖ ਦੀ ਸੰਗਤ ਕਰਕੇ ਦੁਖ ਪਾਉਂਦਾ ਹੈ ਅਤੇ ਪਰਦੇਸ਼ ਵਿਚ ਉਸ ਨਾਲੋਂ ਵੀ ਵਧੀਕ ਦੁੱਖ ਪ੍ਰਾਪਤ ਕਰਦਾ ਹੈ ਪਰ ਪਰਾਏ ਦੇ ਅਧੀਨ ਹੋਣ ਕਰਕੇ ਸਦਾ ਦੁੱਖ ਹੀ ਬਣਿਆ ਰਹਿੰਦਾ ਹੈ ॥੧੬॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਦੁਤੀਯੋ ਅਧਿਆਇ ॥੨॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੀ ਗ੍ਰੰਥ ਦਾ ਦੁਤੀਯੋ = ਦੂਸਰਾ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੨॥

### ਤੀਸਰਾ ਅਧਿਆਇ

ਹੁਣ ਪੁੱਤਰ ਲਈ ਕੀ ਨਿਯਮ ਹਨ ਤੇ ਸਿਖਯ ਲੈਣ ਵਾਲੇ ਸਿੱਖ ਨੂੰ ਕਿਸ ਪ੍ਰਕਾਰ ਰੱਖ ਇਹ ਦੱਸਦੇ ਹਨ :

## ਦੋਹਰਾ ॥ ਬਹੁ ਬਿਕਾਰ ਹੈ ਲਾਡ ਮੈਂ; ਤਾੜਨ ਮੈਂ ਅਬਿਕਾਰ ॥

ਹੇ ਭਾਈ ! ਲਾਡ = ਪਿਆਰ, ਦੁਲਾਰ ਦੇ ਮੈਂ = ਵਿਚ ਬਹੁ = ਬਹੁਤ ਬਿਕਾਰ = ਔਗੁਣ ਹਨ, ਪਰ ਤਾੜਨ = ਝਿੜਕਣ, ਡਾਂਟਣ ਦੇ ਮੈਂ = ਵਿਚ ਅਬਿਕਾਰ = ਔਗੁਣ ਨਹੀਂ ਹੈ।

## ਤਾਂ ਤੇ ਸੁਤ ਅਰੁ ਸਿੱਖ ਕੋ; ਤਾੜਨ ਬਹੁ ਗੁਣਕਾਰ ॥੧॥

ਤਾਂ ਤੇ = ਤਿਸ ਕਰਕੇ ਆਪਣੇ ਸੁਤ = ਪੁੱਤਰ ਅਰੁ = ਅਤੇ ਸਿੱਖ = ਸੇਵਕ, ਸ਼ਗਿਰਦ ਕੋ = ਨੂੰ ਬੁਰੇ ਪਾਸੇ ਤੋਂ ਝਿੜਕਣਾ, ਡਾਂਟਣਾ ਬਹੁ = ਬਹੁਤ ਗੁਣਕਾਰ = ਲਾਭਦਾਇਕ ਹੈ ॥੧॥

ਇਸ ਦਾ ਭਾਵ ਇਹ ਨਹੀਂ ਕਿ ਲਾਡ ਪਿਆਰ ਕਰੇ ਹੀ ਨਾ, ਲਾਡ ਪਿਆਰ ਜ਼ਰੂਰ ਕਰੇ, ਪਰ ਨਿਯਮਾਂ ਨੂੰ ਚੇਤੇ ਰੱਖੇ, ਜਿਵੇਂ ਅਗਲੇ ਦੋਹਰੇ ਵਿਚ ਕਥਨ ਕਰਦੇ ਹਨ :

## ਪਾਂਚ ਬਰਖ ਤਕ ਲਾਡ ਹੈ; ਤਾੜਨ ਹੈ ਖਟ ਮਾਹਿ ॥

ਹੇ ਭਾਈ ! ਪਾਂਚ = ਪੰਜ ਬਰਖ = ਸਾਲ ਤਕ ਆਪਣੇ ਬੱਚਿਆਂ ਨਾਲ ਲਾਡ = ਪਿਆਰ ਕਰਨ ਦਾ

ਸਮਾਂ ਹੈ, ਫੇਰ ਖਟ = ਛੇਵੇਂ ਸਾਲ ਤੋਂ ਉਸਨੂੰ ਬੁਰੀ ਸੰਗਤ ਜਾਂ ਬੁਰੇ ਕੰਮਾਂ ਤੋਂ ਤਾੜਨ = ਝਿੜਕਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ, ਤਾਂ ਕਿ ਉਹ ਜੀਵਨ ਦੀਆਂ ਬੁਰਾਈਆਂ ਤੋਂ ਬਚ ਸਕੇ।

## ਪੁਤ੍ਰ ਮਿਤ੍ਰ ਸਮ ਹੋਤ ਹੈ; ਜਬ ਖੋੜਸ ਤਕ ਜਾਹਿ ॥੨॥

ਕਿਉਂਕਿ ਜਬ = ਜਦੋਂ ਪੁੱਤਰ ਖੋੜਸ = ਸੋਲ੍ਹਾਂ ਸਾਲਾਂ ਤਕ ਜਾਹਿ = ਚਲਿਆ ਜਾਂਦਾ ਹੈ, ਤਦੋਂ ਪੁੱਤਰ ਆਪਣੇ ਮਿਤ੍ਰ = ਦੋਸਤਾਂ ਦੇ ਸਮ = ਬਰਾਬਰ ਹੋਤ = ਹੋ ਜਾਂਦਾ ਹੈ। ਭਾਵ ਹਾਣੀ ਬਣ ਜਾਂਦਾ ਹੈ ਤੇ ਉਸ ਵੇਲੇ ਤਾੜਨਾ ਕੀਤੀ ਠੀਕ ਨਹੀਂ ਰਹੇਗੀ। ਮਿੱਤ੍ਰਤਾ ਵਾਲੇ ਭਾਵ ਵਿਚ ਸਿਖਿਆ ਦੇਵੇ ॥੨॥

## ਤਬ ਲਗ ਵਿੱਦਯਾ ਕੋ ਪੜ੍ਹੋ; ਜਬ ਲਗ ਘਟ ਮੈਂ ਪ੍ਰਾਨ ॥

ਹੇ ਭਾਈ! ਤਬ = ਤਦੋਂ ਲਗਿ = ਤਕ ਚੰਗੀ ਵਿੱਦਿਆ ਕੋ = ਨੂੰ ਪੜ੍ਹੋ = ਪੜ੍ਹਦੇ ਰਹੋ, ਜਬ = ਜਦੋਂ ਲਗਿ = ਤਕ ਆਪਣੇ ਘਟ = ਸਰੀਰ ਦੇ ਮੈ = ਵਿਚ ਪ੍ਰਾਨ = ਸੁਆਸ ਚੱਲਦੇ ਹਨ ਭਾਵ ਸਾਰੀ ਉਮਰ ਹੀ ਕੋਈ ਨਾ ਕੋਈ ਵਿੱਦਿਆ, ਹੁਨਰ ਸਿੱਖਦੇ ਰਹਿਣਾ ਚਾਹੀਦਾ ਹੈ।

## ਜਾਹਿ ਧਨੀ ਪਹੁੰਚੈ ਨਹੀਂ; ਤਹਿ ਪਹੁੰਚੈ ਵਿਦਵਾਨ ॥੩॥

ਕਿਉਂਕਿ ਜਾਹਿ = ਜਿਥੇ ਧਨੀ = ਧਨਵਾਨ ਪੁਰਖ ਨਹੀਂ ਪਹੁੰਚੈ = ਪਹੁੰਚ ਸਕਦਾ, ਤਹਿ = ਉਥੇ ਵਿਦਵਾਨ = ਵਿੱਦਿਆ ਪੜ੍ਹਨ ਵਾਲਾ ਮਨੁੱਖ ਸੁਖੈਨ ਹੀ ਪਹੁੰਚੈ = ਪਹੁੰਚ ਜਾਂਦਾ ਹੈ, ਭਾਵ ਜਿਥੇ ਧਨਵਾਨ ਪੁਰਖ ਕੋਲੋਂ ਕੰਮ ਨਹੀਂ ਹੋ ਸਕਦਾ, ਉਥੇ ਵਿਦਵਾਨ ਪੁਰਖ ਆਪਣੀ ਵਿੱਦਿਆ ਦੇ ਬਲ ਨਾਲ ਉਹ ਕੰਮ ਕਰ ਲੈਂਦਾ ਹੈ ॥੩॥

## ਸਾਧੁ ਸਿੰਧੁ ਦੋਨੋਂ ਅਚੱਲ; ਸਦਾ ਅੰਤ ਅਰੁ ਆਦਿ ॥

ਹੇ ਭਾਈ! ਸਾਧੁ = ਸ੍ਰੇਸ਼ਟ ਸੰਤ ਜਨ ਅਤੇ ਸਿੰਧੁ = ਸਮੁੰਦਰ ਦੋਨੋਂ = ਦੋਵੇਂ ਹੀ ਅਚੱਲ = ਨਾ ਹਿੱਲਣ ਵਾਲੇ ਭਾਵ ਇਕ-ਰਸ ਰਹਿਣ ਵਾਲੇ ਹਨ, ਉਹ ਸਦਾ = ਹਮੇਸ਼ਾਂ ਆਦਿ = ਮੁੱਢ ਤੋਂ ਲੈ ਕੇ ਅਰੁ = ਅਤੇ ਅੰਤ = ਅਖ਼ੀਰ ਤਕ ਅਚੱਲ ਹੀ ਰਹਿੰਦੇ ਹਨ।

## ਜਉ ਕਦਾਂਚ ਵਹੁ ਚਲੈਂ ਭੀ; ਤਉ ਨ ਤਜੈ ਮ੍ਰਿਯਾਦਿ ॥੪॥

ਜਉ = ਜੇਕਰ ਕਦਾਂਚ = ਕਦਾਚਿਤ ਵਹੁ = ਉਹ ਚਲੈਂ = ਚੱਲ ਭੀ = ਵੀ ਪੈਣ, ਤਉ = ਤਦ ਵੀ ਉਹ ਆਪਣੀ ਮ੍ਰਿਯਾਦਿ = ਮਰਯਾਦਾ ਨੂੰ ਨਹੀਂ ਤਜੈ = ਤਿਆਗਦੇ।

ਭਾਵ ਸਮੁੰਦਰ ਭਾਵੇਂ ਕਿਤਨਾ ਵੀ ਉੱਛਲ ਜਾਵੇ ਪਰ ਕੰਢਿਆਂ ਤੋਂ ਬਾਹਰ ਨਹੀਂ ਹੁੰਦਾ ਤਿਵੇਂ ਸ੍ਰੇਸ਼ਟ ਸੰਤ ਜਨ ਜੇਕਰ ਰਾਜ ਭਾਗ ਉੱਪਰ ਬੈਠ ਜਾਣ ਜਾਂ ਪੁਰਾਣੇ ਬਸਤ੍ਰ ਪਹਿਨ ਕੇ ਭਿੱਖਿਆ ਮੰਗਦੇ ਹੋਣ, ਤਦ ਵੀ ਉਹ ਆਪਣੇ ਸ਼ਾਂਤ ਚਿਤ ਸੁਭਾਅ ਜਾਂ ਪ੍ਰਭੂ ਵੱਲੋਂ ਪ੍ਰੀਤੀ ਨਹੀਂ ਘਟਾਉਂਦੇ ॥੪॥

## ਰਾਖਤ ਇਸੀ ਨਮਿਤ ਨ੍ਰਿਪ; ਜੋ ਮਾਨਸ ਕੁਲਵੰਤ ॥

ਇਸੀ = ਏਸੇ ਨਮਿਤ = ਵਾਸਤੇ ਨ੍ਰਿਪ = ਰਾਜੇ ਆਪਣੇ ਪਾਸ ਉਨ੍ਹਾਂ ਮਨੁੱਖਾਂ ਨੂੰ ਹੀ ਨੌਕਰ, ਵਜ਼ੀਰ, ਅਹਿਲਕਾਰ ਆਦਿ ਰਾਖਤ = ਰੱਖਦੇ ਹਨ, ਜੋ = ਜਿਹੜੇ ਮਾਨਸ = ਮਨੁੱਖ ਕੁਲਵੰਤ = ਚੰਗੀ ਕੁਲ ਵਾਲੇ, ਚੰਗੇ ਘਰਾਣੇ ਵਾਲੇ ਹਨ।

## ਉਨ ਤੇ ਬੁਰਾ ਨਾ ਹੋਤ ਹੈ; ਸਦਾ ਆਦਿ ਅਰੁ ਅੰਤ ॥੫॥

ਕਿਉਂ ਉਨ = ਉਨ੍ਹਾਂ ਚੰਗੇ ਘਰਾਣੇ ਵਾਲੇ ਪੁਰਖਾਂ ਤੇ = ਤੋਂ ਕਦੇ ਕੁਝ ਬੁਰਾ ਨਾ = ਨਹੀਂ ਹੋਤ = ਹੁੰਦਾ ਹੈ, ਉਹ ਸਦਾ = ਹਮੇਸ਼ਾਂ ਆਦਿ = ਮੁੱਢ ਤੋਂ ਲੈ ਕੇ ਅਰੁ = ਅਤੇ ਅੰਤ = ਅਖ਼ੀਰ ਤਕ ਚੰਗਾ ਆਚਰਣ ਹੀ ਰੱਖਦੇ ਹਨ ॥੫॥

## ਸੈਲ ਸੈਲ ਮਾਣਕ ਨਹੀਂ; ਗਜ ਗਜ ਮੁਕਤਾ ਨਾਂਹਿ ॥

ਹੇ ਭਾਈ ! ਹਰੇਕ ਸੈਲ ਸੈਲ = ਪੱਥਰ-ਪੱਥਰ **ਵਾ:** ਪਹਾੜਾਂ-ਪਹਾੜਾਂ ਵਿਚ ਮਾਣਕ = ਅਮੋਲਕ ਰਤਨ ਨਹੀਂ ਪ੍ਰਾਪਤ ਹੁੰਦਾ ਅਤੇ ਹਰੇਕ ਗਜ ਗਜ = ਹਾਥੀ-ਹਾਥੀ ਦੇ ਸਿਰ ਉੱਪਰੋਂ ਵੀ ਮੋਤੀ ਨਹੀਂ ਨਿਕਲਦੇ। ਜੈਸਾ ਕਿ :

**ਗਿਰ ਗਿਰ ਮੈ ਮਾਨਕ ਨਹੀ ਗਜ ਗਜ ਮੋਤੀ ਨਾਹਿ ॥੧੮॥** *(ਸਾਰੁਕਤਾਵਲੀ, ਅਧਿ: ੧੧)*

## ਬਨ ਬਨ ਮੈਂ ਚੰਦਨ ਨਹੀਂ; ਸਾਧ ਨ ਪੁਰ ਪੁਰ ਮਾਹਿ ॥੬॥

ਇਸੇ ਤਰ੍ਹਾਂ ਹਰੇਕ ਬਨ ਬਨ = ਜੰਗਲ-ਜੰਗਲ ਮੈ = ਵਿਚ ਚੰਦਨ ਦੇ ਰੁੱਖ ਨਹੀਂ ਹੁੰਦੇ, ਤਿਵੇਂ ਹਰੇਕ ਪੁਰ ਪੁਰ = ਨਗਰ-ਨਗਰ ਮਾਹਿ = ਵਿਚ ਸਾਧ = ਸ੍ਰੇਸ਼ਟ ਸੰਤ ਜਨ ਨਹੀਂ ਹੁੰਦੇ, ਭਾਵ ਭੇਖੀ ਸਾਧ ਤਾਂ ਬਹੁਤ ਲੱਭ ਜਾਂਦੇ ਹਨ ਪਰ ਪੂਰਨ ਕਰਣੀ ਕਮਾਈ ਵਾਲੇ ਸੰਤ ਜਨ ਵਿਰਲੇ-ਵਿਰਲੇ ਹੀ ਹੁੰਦੇ ਹਨ ॥੬॥

## ਦੇਸ਼ ਦੇਸ਼ ਮੈਂ ਨਾਰਿ ਹੈ; ਦੇਸ ਦੇਸ ਮੈਂ ਜਾਤ ॥

ਹੇ ਭਾਈ ! ਹਰੇਕ ਦੇਸ਼ ਦੇਸ਼ ਮੈ = ਵਿਚ ਨਾਰਿ = ਇਸਤ੍ਰੀ ਹੁੰਦੀ ਹੈ ਅਤੇ ਹਰੇਕ ਦੇਸ਼ ਦੇਸ਼ ਦੇ ਮੈ = ਵਿਚ ਆਪਣੀ ਜਾਤੀ ਦੇ ਮਨੁੱਖ ਵੀ ਹੁੰਦੇ ਹਨ। ਸ਼ਾਦੀ ਕਰਾਉਣ ਲਈ ਹਰੇਕ ਦੇਸ਼ ਵਿਚ ਇਸਤ੍ਰੀ ਮਿਲ ਸਕਦੀ ਹੈ।

## ਐਸੋ ਦੇਸ ਨ ਦੇਖੀਐ; ਜਹਾਂ ਸਹੋਦਰ ਭ੍ਰਾਤ ॥੭॥

ਪਰ ਐਸੋ = ਅਜਿਹਾ ਕੋਈ ਵੀ ਦੇਸ਼ ਨਹੀਂ ਦੇਖੀਐ = ਦੇਖੀਦਾ, ਜਹਾਂ = ਜਿਥੇ ਸਹੋਦਰ = ਇਕ ਮਾਂ ਦੇ ਪੇਟ ਤੋਂ ਪੈਦਾ ਹੋਇਆ ਭ੍ਰਾਤ = ਭਰਾ ਹੋਵੇ ਭਾਵ ਹਰ ਇਕ ਵਸਤੂ ਸਭ ਥਾਈਂ ਮਿਲ ਹੀ ਜਾਂਦੀ ਹੈ ਪਰ ਆਪਣਾ ਸਕਾ ਭਰਾ ਆਪਣੇ ਘਰ, ਦੇਸ਼ ਤੋਂ ਬਿਨਾਂ ਨਹੀਂ ਮਿਲ ਸਕਦਾ। ਪਰ ਅੱਜ-ਕੱਲ੍ਹ ਸਮੇਂ ਨੇ ਐਸੀ ਤਬਦੀਲੀ ਲਈ ਹੋਈ ਹੈ ਕਿ ਭਰਾ ਭਰਾ ਦਾ ਵੈਰੀ ਬਣਿਆ ਹੋਇਆ ਹੈ।

ਪੁਰਾਣੇ ਸਮੇਂ ਰਾਮਚੰਦ੍ਰ ਜੀ, ਲਛਮਨ ਤੇ ਭਰਤ ਦਾ ਆਪਸ ਵਿਚ ਕੈਸਾ ਪਿਆਰ ਸੀ। ਭਾਵੇਂ ਕੇਕੇਈ ਨੇ ਰਾਮਚੰਦ੍ਰ ਜੀ ਨੂੰ ਬਨਵਾਸ ਦਿਵਾ ਕੇ ਰਾਜ-ਭਾਗ ਆਪਣੇ ਪੁੱਤਰ ਭਰਤ ਵਾਸਤੇ ਰੱਖਿਆ, ਪਰ ਜਦੋਂ ਭਰਤ ਨੇ ਸਭ ਹਾਲ ਸੁਣਿਆ ਤਾਂ ਉਸੇ ਵੇਲੇ ਆਪਣੀ ਮਾਤਾ ਨੂੰ ਛੱਡ ਕੇ ਭਰਤ ਰਾਮਚੰਦ੍ਰ ਜੀ ਦੇ ਮਗਰ ਬਨ ਵਿਚ ਚਲਿਆ ਗਿਆ ਤੇ ਰਾਜ-ਗੱਦੀ ਉੱਪਰ ਪੈਰ ਵੀ ਨਾ ਰੱਖਿਆ ॥੭॥

## ਮੂਰਖ ਨਰ ਕੋ ਛਾਡ ਕੈ; ਪ੍ਰਗਟ ਦੁਪਗ ਪਸੁ ਇੰਗ ॥

ਹੇ ਭਾਈ ! ਮੂਰਖ = ਬੇ-ਸਮਝ ਨਰ = ਮਨੁੱਖ ਕੋ = ਦੇ ਸਾਥ ਨੂੰ ਛਾਡ = ਤਿਆਗ ਕੈ = ਦੇਣਾ ਕਰੋ, ਜੋ ਪ੍ਰਗਟ = ਪ੍ਰਤੱਖ ਹੀ ਦੁਪਗ = ਦੋ ਪੈਰਾਂ ਵਾਲਾ ਪਸੁ = ਪਸ਼ੂਆਂ ਦੀਆਂ ਇੰਗ = ਹਰਕਤਾਂ ਵਾਲਾ ਹੈ **ਵਾ:** ਉਹ ਭਾਵੇਂ ਪ੍ਰਤੱਖ ਦੋ ਪੈਰਾਂ ਵਾਲਾ ਮਨੁੱਖ ਹੀ ਦਿੱਸਦਾ ਹੈ ਪਰ ਉਸਦੀਆਂ ਇੰਗ = ਨਿਸ਼ਾਨੀਆਂ **ਵਾ:** ਪਸੁ = ਪਸ਼ੂਆਂ ਦੇ ਸਮਾਨ ਹੀ ਜਾਨਣਾ ਕਰੋ। ਉਸ ਦੇ ਆਪ ਮਾੜੇ ਬੋਲਾਂ ਰੂਪ ਸਿੰਗ ਹਨ। ਇੰਗ = ਅੰਗ ਚਿੰਨ੍ਹ ਬਚਨਾਂ ਰੂਪੀ ਹਨ। ਜੈਸਾ ਕਿ :

**ਪੂਛ ਸੀਂਗ ਬਿਨ ਪਸੂ ਜਨਮ ਤਿਨ, ਆਏ ਬਾਦ ਬੀਚ ਸੰਸਾਰ ॥...॥੨੨॥**

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩, ਅੰਸੂ ੪੫)*

## ਜਿਉਂ ਅਦ੍ਰਿਸ਼ਟ ਕਾਂਟਾ ਚੁਭੈ; ਹਨੈ ਵਚਨ ਵਹੁ ਸ੍ਰਿੰਗ ॥੮॥

ਜਿਉਂ = ਜਿਵੇਂ ਅਦ੍ਰਿਸਟ = ਦ੍ਰਿਸ਼ਟੀ ਤੋਂ ਬਿਨਾਂ ਅਚਾਨਕ ਹੀ ਕਿਤੇ ਪੈਰਾਂ ਵਿਚ ਕਾਂਟਾ = ਕੰਡਾ ਚੁਭੈ = ਚੁੱਭ ਜਾਵੇ ਤਾਂ ਉਸਦੀ ਪੀੜਾ ਬਹੁਤ ਅਸਹਿ ਹੁੰਦੀ ਹੈ, ਤਿਵੇਂ ਹੀ ਵਹੁ = ਉਹ ਮੂਰਖ ਆਪਣੇ ਖੋਟੇ ਬਚਨਾਂ ਰੂਪੀ ਸ੍ਰਿੰਗ = ਸਿੰਗ ਹਨੈ = ਮਾਰਦਾ ਰਹਿੰਦਾ ਹੈ ॥੮॥

## ਪੁੱਤ੍ਰ ਸੌਂਪੀਐ ਤਗਯ ਕੋ; ਤਉ ਹੋਵੈ ਬੁਧਿਵਾਨ ॥

ਹੇ ਭਾਈ! ਪੁੱਤ੍ਰ ਦੇ ਭਲੇ ਵਾਸਤੇ ਉਸਨੂੰ ਕਿਸੇ ਤਗਯ = ਵਿਦਵਾਨ, ਗਿਆਨਵਾਨ ਦੇ ਕੋਲ ਸੌਂਪੀਐ = ਅਰਪਨ ਕਰ ਦੇਈਏ, ਤਉ = ਤਦੋਂ ਹੀ ਉਹ ਪੁੱਤ੍ਰ ਬੁਧਿਵਾਨ = ਬੁੱਧੀ ਵਾਲਾ ਚੰਗਾ ਗਿਆਨਵਾਨ ਹੋਵੈ = ਹੋ ਸਕਦਾ ਹੈ।

## ਪੂਜ ਹੋਇ ਸਭ ਜਗਤ ਮੈਂ; ਅਰੁ ਪਾਵੈ ਸਨਮਾਨ ॥੯॥

ਫਿਰ ਉਸ ਪੁੱਤ੍ਰ ਦੀ ਸਭ = ਸਾਰੇ ਜਗਤ = ਸੰਸਾਰ ਦੇ ਮੈ = ਵਿਚ ਹੀ ਪੂਜ = ਪੂਜਾ ਹੋਇ = ਹੋਵੇਗੀ ਅਰੁ = ਅਤੇ ਹਰ ਥਾਂ 'ਤੇ ਸਨਮਾਨ = ਆਦਰ ਪਾਵੈ = ਪ੍ਰਾਪਤ ਕਰੇਗਾ ॥੯॥

## ਮਾਤ ਪਿਤਾ ਸੋ ਸ਼ਤ੍ਰੂ ਹੈਂ; ਪੁਤ੍ਰ ਪਢਾਵਤ ਨਾਂਹਿ ॥

ਹੇ ਭਾਈ ! ਸੋ = ਉਹ ਮਾਤ ਪਿਤਾ = ਮਾਂ ਬਾਪ ਆਪਣੇ ਪੁੱਤਰ ਦੇ ਸ਼ਤ੍ਰੂ = ਦੁਸ਼ਮਨ ਦੇ ਸਮਾਨ ਹੈ = ਹਨ, ਜੋ ਆਪਣੇ ਪੁੱਤ੍ਰ ਨੂੰ ਚੰਗੀ ਵਿੱਦਿਆ ਨਾਂਹਿ = ਨਹੀਂ ਪਢਾਵਤ = ਪੜ੍ਹਾਉਣਾ ਕਰਦੇ। ਜੈਸਾ ਕਿ :

**ਬਹੁ ਗੁਨੀ ਅਲਾਵਹਿੰ ਸੁਤ ਨ ਪਢਾਵਹਿ ਸੋ ਸ਼ਤ੍ਰੂ ਸਮ ਤਾਤ।**
**ਸੋਭਾ ਨਹਿ ਪਾਵਹਿ ਮਤਿ ਨਹਿੰ ਆਵਹਿ ਜਗ ਮੈ ਇਹ ਬਖ੍ਯਾਤ ॥...੪॥**

*(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿ: ੬)*

## ਸੋਭ ਨ ਪਾਵਤ ਸਭਾ ਮਹਿ; ਜਿਉ ਬਗ ਹੰਸਨ ਮਾਹਿ ॥੧੦॥

ਵਿੱਦਿਆ ਤੋਂ ਹੀਨ ਪੁੱਤ੍ਰ ਵਿਦਵਾਨਾਂ ਦੀ ਸਭਾ ਮਹਿ = ਵਿਚ ਸੋਭ = ਸ਼ੋਭਾ ਨਹੀਂ ਪਾਵਤ = ਪਾ ਸਕਦਾ, ਜਿਉ = ਜਿਵੇਂ ਬਗ = ਬਗਲਾ ਹੰਸਨ = ਹੰਸ ਮਾਹਿ = ਵਿਚ ਬੈਠਾ ਚੰਗਾ ਨਹੀਂ ਲੱਗਦਾ, ਤਿਵੇਂ ਉਹ ਵਿਦਵਾਨਾਂ ਵਿਚ ਸੋਭਦਾ ਨਹੀਂ ਹੈ ॥੧੦॥

ਵਿਦਿਆਰਥੀ ਦਾ ਨਿਯਮ ਕਥਨ ਕਰਦੇ ਹਨ ਕਿ :

## ਸਲੋਕ ਅਰਧ ਚਤੁਰਥ; ਨਿਤ ਪੜ੍ਹ ਛਾਡੈ ਬੇਨਾਗ ॥

ਹੇ ਭਾਈ ! ਵਿਦਿਆਰਥੀ ਲਈ ਨਿਯਮ ਹੈ ਕਿ ਉਹ ਪੂਰਾ ਸਲੋਕ ਜਾਂ ਅਰਧ = ਅੱਧਾ ਸਲੋਕ ਜਾਂ ਸਲੋਕ ਦਾ ਚਤੁਰਥ = ਚੌਥਾ ਹਿੱਸਾ ਬੇਨਾਗ = ਨਾਂਗੇ ਤੋਂ ਬਿਨਾਂ ਨਿਤ = ਨਿਤਾਪ੍ਰਤੀ ਪੜ੍ਹ ਛਾਡੈ = ਛੱਡਣਾ ਕਰੇ, ਭਾਵ ਵਿਦਿਆਰਥੀ ਨੂੰ ਹਰ ਰੋਜ਼ ਕੁਝ ਨਾ ਕੁਝ ਥੋੜ੍ਹਾ ਬਹੁਤਾ ਪੜ੍ਹਦੇ ਹੀ ਰਹਿਣਾ ਚਾਹੀਦਾ ਹੈ।

## ਨਿੱਤ ਕਰਮ ਤੈਸੇ ਕਰੈ; ਬੁਧਿਵੰਤ ਵਡਭਾਗ ॥੧੧॥

ਜੋ ਨਿੱਤ = ਨਿਤਾਪ੍ਰਤੀ ਤੈਸੇ = ਤਿਹੋ ਜਿਹੇ ਕਰਮ ਕਰੈ = ਕਰਦਾ ਹੈ **ਵਾ:** ਤੈਸੇ = ਤਿਸੇ ਪ੍ਰਕਾਰ ਜੋ ਆਪਣੇ ਨਿਤ ਦੇ ਕਰਮ (ਇਸ਼ਨਾਨ , ਪਾਠ ਆਦਿ) ਕਰਦਾ ਰਹਿੰਦਾ ਹੈ, ਉਹ ਮਨੁੱਖ ਬੁਧਿਵੰਤ = ਸ੍ਰੇਸ਼ਟ ਬੁੱਧੀ ਵਾਲਾ ਅਤੇ ਵਡਭਾਗ = ਵੱਡੇ ਭਾਗਾਂ ਵਾਲਾ ਹੈ ॥੧੧॥

## ਜਿਉਂ ਸੁਗੰਧਿ ਪੁਸ਼ਪੀ ਬਿਰਛ; ਸਭ ਬਨ ਕਰੈ ਸੁਗੰਧਿ ॥

ਹੇ ਭਾਈ ! ਜਿਉਂ = ਜਿਵੇਂ ਸੁਗੰਧਿ = ਖ਼ੁਸ਼ਬੂ ਵਾਲੇ ਪੁਸ਼ਪੀ = ਫੁੱਲਾਂ ਦਾ ਬਿਰਛ = ਰੁੱਖ, ਬੂਟਾ ਸਭ = ਸਾਰੇ ਬਨ = ਜੰਗਲ ਨੂੰ ਹੀ ਸੁਗੰਧਿ = ਸੁਗੰਧੀ ਦੇ ਸਹਿਤ ਕਰ ਦੇਂਦਾ ਹੈ, ਭਾਵ ਆਪਣੇ ਆਲੇ-ਦੁਆਲੇ ਦੇ ਬਿਰਛਾਂ ਨੂੰ ਮਹਿਕਾ ਦੇਂਦਾ ਹੈ।

## ਤਿਉਂ ਸੁਪੁੱਤ੍ਰ ਤੇ ਹੋਤ ਹੈ; ਆਨੰਦਤ ਕੁਲ ਬੰਧ ॥੧੨॥

ਤਿਉਂ = ਤਿਵੇਂ ਸੁਪੁੱਤ੍ਰ = ਸ੍ਰੇਸ਼ਟ ਪੁੱਤਰ ਦੇ ਪੈਦਾ ਹੋਣ ਤੇ = ਤੋਂ ਸਾਰੇ ਕੁਲ = ਵੰਸ਼, ਪਰਿਵਾਰ ਤੇ ਬੰਧ = ਸੰਬੰਧੀਆਂ ਨੂੰ ਆਨੰਦਤ = ਅਨੰਦ ਪ੍ਰਾਪਤ ਹੁੰਦਾ ਹੈ, ਭਾਵ ਇਕ ਗੁਣਵਾਨ ਪੁੱਤਰ ਸਾਰੀ ਦੁਨੀਆਂ ਵਿਚ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕਰ ਦੇਂਦਾ ਹੈ॥੧੨॥

## ਏਕ ਬਾਂਸ ਤੇ ਨਿਕਸ ਕੈ; ਅਗਨਿ ਦਹੈ ਬਨ ਘਾਸ ॥

ਹੇ ਭਾਈ! ਜਿਵੇਂ ਬਨ ਦੇ ਏਕ = ਇਕ ਬਾਂਸ = ਵਾਂਸ ਤੇ = ਤੋਂ ਨਿਕਸ = ਨਿਕਲ ਕੈ = ਕਰਕੇ ਅਗਨਿ = ਅੱਗ ਸਾਰੇ ਬਨ = ਜੰਗਲ ਤੇ ਘਾਸ = ਘਾਹ ਨੂੰ ਦਹੈ = ਸਾੜ ਕੇ ਰੱਖ ਦੇਂਦੀ ਹੈ।

## ਤਿਉਂ ਕਪੂਤ ਤੇ ਹੋਤ ਹੈ; ਸਭ ਕੁਟੰਬ ਕੋ ਨਾਸ ॥੧੩॥

ਤਿਉਂ = ਤਿਵੇਂ ਕਪੂਤ = ਖੋਟੇ ਪੁੱਤ੍ਰ ਤੇ = ਤੋਂ ਸਭ = ਸਾਰੇ ਕੁਟੰਬ = ਪਰਿਵਾਰ ਕੋ = ਦਾ ਹੀ ਨਾਸ ਹੋਤ = ਹੋ ਜਾਂਦਾ ਹੈ, ਭਾਵ ਖੋਟਾ ਪੁੱਤਰ ਖੋਟੇ ਕਰਮਾਂ ਕਰਕੇ ਸਾਰੀ ਕੁਲ ਨੂੰ ਕਲੰਕਿਤ ਕਰ ਦੇਂਦਾ ਹੈ॥੧੩॥

## ਲੋਭੀ ਕੋ ਸੰਤੋਖ ਨਹਿ; ਦੁਸ਼ਟ ਚਿੱਤ ਕੋ ਧਰਮ ॥

ਹੇ ਭਾਈ ! ਲੋਭੀ = ਲਾਲਚੀ ਮਨੁੱਖ ਕੋ = ਨੂੰ ਕਦੇ ਵੀ ਸੰਤੋਖ = ਸੰਤੁਸ਼ਟਤਾ ਆ ਕੇ ਪ੍ਰਾਪਤ ਨਹੀਂ ਹੁੰਦੀ ਅਤੇ ਦੁਸਟ = ਭੈੜੇ ਚਿਤ = ਮਨ ਵਾਲੇ ਕੋ = ਦਾ ਕੋਈ ਧਰਮ ਨਹੀਂ ਰਹਿੰਦਾ, ਭਾਵ ਉਸਦੇ ਮਨ ਵਿਚ ਕਦੇ ਧਾਰਮਿਕ ਵਿਚਾਰ ਨਹੀਂ ਆ ਸਕਦੇ।

## ਭਾਗਹੀਨ ਕੋ ਅਰਥ ਨਹਿੰ; ਆਯੂ ਹੀਨ ਕੋ ਕਰਮ ॥੧੪॥

ਭਾਗਹੀਨ = ਭਾਗਾਂ ਤੋਂ ਹੀਣਿਆਂ ਕੋ = ਨੂੰ ਅਰਥ = ਧਨ ਪ੍ਰਾਪਤ ਨਹੀਂ ਹੁੰਦਾ ਅਤੇ ਆਯੂ = ਉਮਰ ਤੋਂ ਹੀਣਿਆਂ ਕੋ = ਨੂੰ ਕੋਈ ਕਰਮ ਫਲ ਨਹੀਂ ਦੇਂਦਾ ਭਾਵ ਜਿਸ ਕੋਲ ਉਮਰ ਹੀ ਨਹੀਂ ਰਹੀ ਉਹ ਕੀ ਕਰਮ ਕਰੇਗਾ ਅਤੇ ਕੀ ਕਰਮ ਕਰਕੇ ਫਲ ਲੈ ਲਵੇਗਾ, ਉਮਰ ਦੇ ਹੁੰਦਿਆਂ ਹੀ ਸ੍ਰੇਸ਼ਟ ਕਰਮ ਕਰਨਾ ਚਾਹੀਦਾ ਹੈ॥੧੪॥

## ਭੈ ਸਥਾਨ ਦੁਰਭਿਖ ਮੈਂ; ਬਾਸ ਬੁਰੇ ਬਨ ਘੋਰ ॥*

ਹੇ ਭਾਈ ! ਜਿਥੇ ਭੈ ਸਥਾਨ = ਡਰਾਉਣੇ ਥਾਂ, ਦੁਰਭਿਖ = ਕਾਲ ਦੇ ਸਮੇਂ ਮੈ = ਵਿਚ ਬੁਰੇ = ਮੰਦੇ ਮਨੁੱਖ ਦੇ ਨਾਲ ਬਾਸ = ਨਿਵਾਸ ਅਤੇ ਬਨ ਘੋਰ = ਭਿਆਨਕ ਜੰਗਲ ਹੈ। ਵਾ: (ਬੁਰੇ ਸੰਗ ਬਨ ਘੋਰ) ਜਿਥੇ ਭੈ = ਡਰਾਉਣਾ ਸਥਾਨ = ਥਾਂ ਹੋਵੇ, ਦੁਰਭਿੱਖ = ਕਾਲ ਪਿਆ ਹੋਵੇ, ਬੁਰੇ = ਮੰਦੇ ਪੁਰਖ ਦਾ ਸੰਗ = ਸਾਥ ਹੋਵੇ ਤੇ ਘੋਰ = ਭਿਆਨਕ ਬਨ = ਜੰਗਲ ਹੋਵੇ।

---

* ਬੁਰੇ ਸੰਗ ਬਨ ਘੋਰ ॥
ਦੂਸਰਾ ਪਾਠ

## ਕਟਕ ਬਿਰਾਨਾ ਦੇਖ ਕੈ; ਦੂਰ ਭਾਜ ਕਿਤ ਓਰ ॥੧੫॥

ਫਿਰ ਬਿਰਾਨਾ = ਬਿਗਾਨੀ ਕਟਕ = ਫ਼ੌਜ ਦੇਖ ਵੇਖ ਕਰਕੇ ਇਨ੍ਹਾਂ ਤੋਂ ਦੂਰ ਕਿਤ = ਕਿੱਧਰੇ ਓਰ = ਹੋਰ ਪਾਸੇ ਵੱਲ ਹੀ ਭਾਜ = ਭੱਜ ਜਾਣਾ ਕਰੋ, ਭਾਵ ਇਨ੍ਹਾਂ ਅਸਥਾਨਾਂ ਵਿਚ ਰਹਿਣ ਕਰਕੇ ਜਾਨ ਦਾ ਖ਼ਤਰਾ ਹੁੰਦਾ ਹੈ। ਇਸ ਲਈ ਇਨ੍ਹਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ ॥੧੫॥

## ਅੰਨ ਬਸਨ ਘਰ ਸੇਜ ਤ੍ਰਿਯ; ਪੰਚ ਬਿਰਾਨੇ ਤਯਾਗ ॥

ਹੇ ਭਾਈ! ਅੰਨ = ਭੋਜਨ (ਖਾਣ ਪੀਣ ਦੇ ਪਦਾਰਥ), ਬਸਨ = ਬਸਤਰ, ਘਰ, ਸੇਜਾ ਤੇ ਤ੍ਰਿਯ = ਇਸਤ੍ਰੀ, ਇਹ ਪੰਚ = ਪੰਜੇ ਬਿਰਾਨੇ = ਬਿਗਾਨੇ ਪਦਾਰਥ ਤਯਾਗ = ਛੱਡ ਦੇਵੋ।

## ਛਾਡ ਦੀਜੀਐ ਦੇਖ ਕੈ; ਦੂਰਹੁ ਜਾਈਐ ਭਾਗ ॥੧੬॥

ਇਨ੍ਹਾਂ ਪਦਾਰਥਾਂ ਨੂੰ ਤਾਂ ਦੇਖਿ = ਵੇਖ ਕੈ = ਕਰਕੇ ਹੀ ਛਾਡਿ = ਤਿਆਗ ਦੀਜੀਐ = ਦੇਣਾ ਕਰੋ ਅਤੇ ਦੂਰਹੁ = ਦੂਰ ਤੋਂ ਹੀ ਭਾਗ = ਭੱਜ ਜਾਈਐ = ਜਾਣਾ ਕਰੋ। ਭਾਵ ਇਹ ਵਸਤੂ ਪਰਾਈਆਂ ਜਾਂ ਕਿਸੇ ਵੈਰੀ ਦੀਆਂ ਹੋਣ, ਇਹ ਕਦੇ ਵੀ ਅੰਗੀਕਾਰ ਨਹੀਂ ਕਰਨੀਆਂ ਚਾਹੀਦੀਆਂ, ਕਿਉਂਕਿ ਇਨ੍ਹਾਂ ਵਿਚ ਔਗੁਣ ਹਨ ਅਤੇ ਇਹ ਸਭ ਮਨੁੱਖ ਦੀ ਇੱਜ਼ਤ ਨੂੰ ਘਟਾਉਣ ਵਾਲੇ ਹਨ, ਇਨ੍ਹਾਂ ਦੇ ਕਰਕੇ ਕਈ ਘਰਾਣੇ ਨਾਸ਼ ਹੋ ਗਏ ਹਨ ॥੧੬॥

## ਜਿਹ ਠਾਕੁਰ ਪੂਜਾ ਨਹੀਂ; ਅਪਨਾ ਕਹਾ ਨ ਹੋਇ ॥

ਹੇ ਭਾਈ! ਜਹ = ਜਿਥੇ ਠਾਕੁਰ = ਮਾਲਕ ਪ੍ਰਭੂ ਦੀ ਪੂਜਾ ਨਹੀਂ ਹੁੰਦੀ ਭਾਵ ਕੋਈ ਭਜਨ ਸਿਮਰਨ ਨਹੀਂ ਕਰਦਾ ਅਤੇ ਜਿਸ ਘਰ ਵਿਚ ਅਪਨਾ = ਆਪਦਾ ਕਹਾ = ਕਿਹਾ ਹੋਇ ਨਹੀਂ ਹੋਇ = ਹੋਇਆ ਹੁੰਦਾ ਭਾਵ ਇਸਤ੍ਰੀ ਪੁੱਤਰ ਆਦਿ ਆਗਿਆ ਨਹੀਂ ਮੰਨਦੇ।

## ਜਹਾਂ ਕਲ੍ਹਾ ਹੋਵੈ ਸਦਾ; ਸੰਪਤਿ ਰਹੈ ਨ ਕੋਇ ॥੧੭॥

ਫਿਰ ਜਹਾਂ = ਜਿਥੇ ਹਮੇਸ਼ਾਂ ਕਲ੍ਹਾ = ਲੜਾਈ ਹੀ ਸਦਾ = ਹਮੇਸ਼ਾਂ ਹੋਈ ਰਹਿੰਦੀ ਹੋਵੇ, ਤਹ = ਉਥੇ ਸੰਪਤਿ = ਬਿਭੂਤੀ, ਧਨ-ਪਦਾਰਥ ਕੋਇ = ਕੋਈ ਵੀ ਨਹੀਂ ਰਹੈ = ਰਹਿੰਦਾ ॥੧੭॥

## ਸਾਧ ਕੁਸੰਗਤ ਮੈਂ ਰਹੈ; ਤਿਸ ਨ ਬਿਕਾਰ ਲਗੰਤ ॥

ਹੇ ਭਾਈ! ਜੇਕਰ ਕੋਈ ਸਾਧ = ਸ੍ਰੇਸ਼ਟ ਮਹਾਤਮਾ ਜਨ, ਕੁਸੰਗਤ = ਖੋਟੇ ਪੁਰਖਾਂ ਦੇ ਸੰਗ ਮੈ = ਵਿਚ ਰਹੇ, ਭਾਵ ਵੈਸੇ ਤਾਂ ਸਾਧ ਜਨ ਕੁਸੰਗਤ ਤੋਂ ਪਹਿਲਾਂ ਹੀ ਬਚ ਕੇ ਰਹਿੰਦੇ ਹਨ, ਪਰ ਜੇਕਰ ਕਿਸੇ ਕਾਰਨ ਉਨ੍ਹਾਂ ਨੂੰ ਕੁਸੰਗਤ ਵਿਚ ਬੈਠਣਾ ਪੈ ਜਾਵੇ, ਤਦ ਵੀ ਤਿਸ = ਉਸ ਸਾਧ ਜਨ ਨੂੰ ਖੋਟੇ ਪੁਰਖਾਂ ਵਾਲੇ ਬਿਕਾਰ = ਦੋਸ਼, ਔਗੁਣ ਨਹੀਂ ਲਗੰਤ = ਲੱਗਦੇ, ਭਾਵ ਉਨ੍ਹਾਂ ਖੋਟੇ ਪੁਰਖਾਂ ਦੇ ਔਗੁਣਾਂ ਨੂੰ ਅੰਗੀਕਾਰ ਨਹੀਂ ਕਰਦੇ।

## ਜਿਉਂ ਚੰਦਨ ਸਰਪਨ ਵਿਖੇ; ਸੀਤਲਤਾ ਨ ਤਜੰਤ ॥੧੮॥

ਅੱਗੇ ਦ੍ਰਿਸ਼ਟਾਂਤ ਦੇਂਦੇ ਹਨ ਕਿ ਜਿਉਂ = ਜਿਵੇਂ ਅਨੇਕਾਂ ਸਰਪਨ = ਸੱਪਾਂ ਦੇ ਝੁੰਡ ਵਿਖੇ = ਵਿਚ ਚੰਦਨ ਦਾ ਬਿਰਛ ਆਪਣੀ ਸੀਤਲਤਾ = ਠੰਢਕ ਵਾਲੀ ਵਸਤੂ ਨੂੰ ਤਜੰਤ = ਤਿਆਗਦਾ ਨਹੀਂ ਹੈ ਸਗੋਂ ਆਪਣੀ ਸੀਤਲਤਾ ਦੇ ਕੇ ਉਨ੍ਹਾਂ ਸੱਪਾਂ ਨੂੰ ਵੀ ਠੰਢ ਪ੍ਰਦਾਨ ਕਰਦਾ ਹੈ। ਤਿਵੇਂ ਸਾਧ ਜਨ ਉਨ੍ਹਾਂ ਖੋਟੇ ਮਨੁੱਖਾਂ ਦੇ

ਔਗੁਣ ਗ੍ਰਹਿਣ ਨਹੀਂ ਕਰਦੇ, ਸਗੋਂ ਆਪਣੇ ਉਪਦੇਸ਼ ਨਾਲ ਉਨ੍ਹਾਂ ਦੀ ਵਿਕਾਰਾਂ ਦੀ ਵਿਹੁ ਨੂੰ ਵੀ ਮੇਟ ਦੇਂਦੇ ਹਨ ॥੧੮॥

## ਸੀਲਹ ਸਤ ਅਭਯਾਸ ਗੁਣ; ਮਿਤਰ ਸੰਗ੍ਰਹਿ ਗ੍ਰਹੇ ਪੰਡਿਤ ॥

ਹੇ ਭਾਈ ! ਸੀਲਹ = ਨਿਮਰਤਾ ਸੁਭਾਉ, ਸਤ = ਸੱਚ ਬੋਲਣ ਦਾ ਸੁਭਾਉ, ਸ਼ੁਭ ਗੁਣਾਂ ਦਾ ਅਭਿਆਸ, ਮਿੱਤਰਾਂ ਦਾ ਸੰਗ੍ਰਹਿ = ਇਕੱਠ ਅਤੇ ਗ੍ਰਹੇ = ਘਰ ਪੰਡਿਤ = ਵਿਦ੍ਵਾਨਤਾ ਹੋਣੀ, ਭਾਵ ਘਰ ਵਿਚ ਵਿਦਵਾਨੀ ਹੋਣੀ।

## ਇਨ ਕੋ ਚੋਰ ਨ ਲਾਗਈ; ਏ ਪਾਂਚੋ ਧਨ ਨਿਤ ॥੧੯॥

ਇਨ = ਇਨ੍ਹਾਂ ਵਸਤਾਂ ਕੋ = ਨੂੰ ਕੋਈ ਚੋਰ ਨਹੀਂ ਲਾਗਈ = ਲੱਗਦਾ, ਏ = ਇਹ ਪਾਂਚੋ = ਪੰਜੇ ਵਸਤੂਆਂ ਨਿਤ = ਹਮੇਸ਼ਾਂ ਰਹਿਣ ਵਾਲਾ ਧਨ ਹੈ ॥੧੯॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਤ੍ਰਿਤੀਯੋ ਅਧਿਆਇ ॥੩॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੀ ਗ੍ਰੰਥ ਦੇ ਤ੍ਰਿਤੀਯੋ = ਤੀਸਰੇ ਅਧਿਆਇ ਦੀ ਏਥੇ ਇਤਿ = ਸਮਾਪਤੀ ਹੁੰਦੀ ਹੈ ॥੩॥

### ਚੌਥਾ ਅਧਿਆਇ

## ਦੋਹਰਾ ॥ ਬ੍ਰਹਮ ਮਹੂਰਤ ਉਠੇ ਨਰ; ਚਿਤਵੈ ਏਤੀ ਬਾਤ ॥

ਹੇ ਭਾਈ ! ਬ੍ਰਹਮ ਮਹੂਰਤ = ਪ੍ਰਾਤਾਕਾਲ, ਅੰਮ੍ਰਿਤ ਵੇਲੇ ਨਰ = ਪੁਰਖ ਉਠੇ = ਉੱਠਣਾ ਕਰੇ ਅਤੇ ਮਨ ਵਿਚ ਏਤੀ = ਇਤਨੀ ਕੁ ਬਾਤ = ਗੱਲ ਚਿਤਵੈ = ਚਿਤਵਨੀ ਕਰੇ ਕਿ :

## ਕੋ ਪ੍ਰਭੁ, ਕੋ ਮੈ, ਕੋਇ ਹਿਤੁ; ਕੌਣ ਸਕਤ ਕੋ ਜਾਤਿ ॥੧॥

ਪ੍ਰਭੁ = ਪਰਮਾਤਮਾ ਕੋ = ਕੌਣ ਹੈ **ਵਾ**: ਮੇਰਾ ਅਸਲ ਪ੍ਰਭੁ = ਮਾਲਕ ਕੌਣ ਹੈ, ਮੈ ਕੋ = ਕੌਣ ਹਾਂ ਕੋ = ਕੌਣ ਮੇਰਾ ਹਿਤੁ = ਹਿਤਕਾਰੀ ਹੈ **ਵਾ**: ਇਹ ਹਿਤੁ = ਪ੍ਰੇਮ ਕਰਨ ਵਾਲੇ ਸੰਬੰਧੀ ਕੌਣ ਹਨ, ਕੌਣ = ਕਿਹੜੀ ਸਕਤ = ਸ਼ਕਤੀ ਸੰਸਾਰ ਨੂੰ ਚਲਾ ਰਹੀ ਹੈ, ਕੋ = ਕਿਹੜੀ ਮੇਰੀ ਜਾਤਿ = ਜਾਤੀ ਹੈ। ਅਰਥਾਤ ਸਭ ਤੋਂ ਪਹਿਲਾਂ ਮਨੁੱਖ ਅੰਮ੍ਰਿਤ ਵੇਲੇ ਉੱਠ ਕੇ ਆਪਣੇ ਸ੍ਵਾਮੀ ਵਾਹਿਗੁਰੂ, ਸਿਰਜਣਹਾਰ ਦਾ ਧਿਆਨ ਕਰੇ ਤੇ ਉਸਦਾ ਭਜਨ ਸਿਮਰਨ ਕਰੇ, ਫਿਰ ਇਹ ਵਿਚਾਰੇ ਕਿ ਮੈਂ ਕੀ ਵਸਤੂ ਹਾਂ, ਸਰੀਰ ਹਾਂ ਜਾਂ ਇੰਦ੍ਰੇ ਜਾਂ ਮਨ-ਬੁੱਧ ਆਦਿ ਵਿਚਾਰ ਕਰਕੇ ਹੰਕਾਰ ਤੋਂ ਰਹਿਤ ਹੋਵੇ, ਉਸ ਤੋਂ ਬਾਅਦ ਇਹ ਵਿਚਾਰ ਦ੍ਰਿੜ੍ਹ ਕਰੇ ਕਿ ਇਕ ਗੁਰੂ ਹੀ ਮੇਰਾ ਭਲਾ ਕਰਨ ਵਾਲਾ ਹੈ, ਫਿਰ ਇਸ ਸਾਰੇ ਬ੍ਰਹਿਮੰਡ ਨੂੰ ਪਰਮਾਤਮਾ ਦੀ ਸੱਤਾ ਹੀ ਚਲਾ ਰਹੀ ਹੈ, ਫਿਰ ਮੇਰੀ ਕੋਈ ਜਾਤ ਨਹੀਂ ਹੈ, ਇਹ ਮਾਣ ਤੋਂ ਰਹਿਤ ਹੋਣਾ ਕਰੇ ॥੧॥

## ਪੜ੍ਹਨਾ ਗੁੜ੍ਹਨਾ ਸਰਬ ਗੁਣ; ਸ਼ਾਸਤ੍ਰ ਕੋ ਅਵਲੋਇ ॥

ਹੇ ਭਾਈ ! ਜੋ ਧਾਰਮਿਕ ਗ੍ਰੰਥਾਂ ਦਾ ਪੜ੍ਹਨਾ, ਗੁੜ੍ਹਨਾ = ਵਿਚਾਰਨਾ ਅਤੇ ਸਰਬ = ਸਾਰੇ ਸ਼ੁਭ ਗੁਣ ਧਾਰਨ ਕਰਕੇ ਇਹ ਸਾਰੇ ਸ਼ਾਸਤ੍ਰ = ਗ੍ਰੰਥਾਂ ਕੀ = ਦੀ ਅਵਲੋਇ = ਆਗਿਆ ਹੈ **ਵਾ**: ਇਸ ਚਾਣਾਕਾ ਗ੍ਰੰਥ ਨੂੰ ਅਵਲੋਇ = ਦੇਖ ਭਾਵ ਪੜ੍ਹ ਤੇ ਵਿਚਾਰ ਕਰਕੇ ਸਾਰੇ ਸ਼ੁਭ ਗੁਣ ਪ੍ਰਾਪਤ ਹੋ ਜਾਂਦੇ ਹਨ।

## ਅਰਥ ਧਰਮ ਕਾਮਾ ਮੁਕਤ; ਇਨਮੈ ਕੁਸਲੀ ਹੋਇ ॥੨॥

ਫਿਰ ਧਰਮ, ਅਰਥ, ਕਾਮਾ = ਕਾਮ ਤੇ ਮੁਕਤ = ਮੋਖ ਰੂਪ ਚਾਰੇ ਪਦਾਰਥ ਵੀ ਪ੍ਰਾਪਤ ਹੋ ਜਾਂਦੇ ਹਨ ਅਤੇ ਇਨਮੈ = ਇਨ੍ਹਾਂ ਵਿਚ ਹੀ ਜੀਵ ਦੀ ਕੁਸਲੀ = ਕਲਿਆਣ ਹੋਇ = ਹੁੰਦੀ ਹੈ ॥੨॥

## ਸ੍ਰਵਨ ਮਨਨ ਅਰੁ ਧਰਮ ਪੁਨ; ਤੀਜਾ ਬੁੱਧਿ ਪ੍ਰਕਾਸ਼ ॥

ਹੇ ਭਾਈ! ਸ੍ਰਵਨ = ਕੰਨਾਂ ਨਾਲ ਚੰਗੀ ਸਿੱਖਿਆ ਨੂੰ ਸੁਣ ਕੇ ਪ੍ਰਭੂ ਦਾ ਜੱਸ ਮਨਨ = ਮੰਨਣਾ, ਅਰੁ = ਅਤੇ ਧਰਮ ਨੂੰ ਧਾਰਨ ਕਰਨਾ ਪੁਨ = ਪੁਨਾ ਤੀਜਾ = ਤੀਸਰਾ ਬੁਧਿ = ਬੁੱਧੀ ਵਿਚ ਗਿਆਨ ਦਾ ਪ੍ਰਕਾਸ਼ = ਚਾਨਣਾ ਹੋਣਾ। **ਅਥਵਾ** ਪੁਨ ਸ਼ਬਦ ਨੂੰ ਪੁੰਨਯ ਭਾਵ ਨੇਕ ਕੰਮ ਸਮਝ ਕੇ ਇਸ ਪ੍ਰਕਾਰ ਅਰਥ ਬਣੇਗਾ ਕਿ ਕੰਨਾਂ ਨਾਲ ਪ੍ਰਭੂ ਦੀ ਕੀਰਤੀ ਸੁਣਨੀ, ਮੰਨਣੀ, ਧਰਮੀ ਜੀਵਨ ਜਿਉਣਾ ਤੇ ਪੁਨ = ਨੇਕ ਕਰਮ ਕਰਨ ਇਨ੍ਹਾਂ ਤਿਨ੍ਹਾਂ ਕੰਮਾਂ ਕਰਕੇ ਬੁੱਧੀ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

## ਸ਼ੋਕ ਬਰਾਬਰ ਸ਼ਤ੍ਰੁ ਨਹਿ; ਇਨ ਕਾ ਕਰੈ ਬਿਨਾਸ਼ ॥੩॥

ਸ਼ੋਕ = ਗ਼ਮ, ਫ਼ਿਕਰ ਦੇ ਬਰਾਬਰ = ਤੁਲ ਕੋਈ ਸ਼ਤ੍ਰੁ = ਦੁਸ਼ਮਨ ਨਹਿ = ਨਹੀਂ ਹੈ, ਇਨ = ਇਸ ਚਿੰਤਾ ਕਾ = ਦਾ ਬਿਨਾਸ਼ = ਨਾਸ਼ ਕਰੈ = ਕਰ ਦੇਵੇ ॥੩॥

## ਰਿਣੀ ਕੁਮਾਰੀ ਕੋ ਪਿਤਾ; ਜਿਹ ਸਿਰ ਵੈਰੀ ਹੋਇ ॥

ਹੇ ਭਾਈ! ਜੋ ਰਿਣੀ = ਕਰਜ਼ਾਈ ਹੈ, ਜੋ ਕੁਮਾਰੀ = ਕੁਆਰੀ ਜਵਾਨ ਲੜਕੀ ਕੋ = ਦਾ ਪਿਤਾ ਹੈ ਅਤੇ ਜਿਹ = ਜਿਸ ਦੇ ਸਿਰ ਉੱਪਰ ਵੈਰੀ = ਦੁਸ਼ਮਨ ਖਲੋਤਾ ਹੋਇ = ਹੁੰਦਾ ਹੈ।

## ਇਨ ਤੀਨੋਂ ਕੋ ਨੈਨ ਮਹਿ; ਨਿੰਦ੍ਰਾ ਕਭੀ ਨ ਹੋਇ ॥੪॥

ਇਨ = ਇਨ੍ਹਾਂ ਤੀਨੋਂ = ਤਿੰਨਾਂ ਕੋ = ਦੇ ਨੈਨ = ਨੇਤ੍ਰਾਂ ਮਹਿ = ਵਿਚ ਕਭੀ = ਕਦੇ ਵੀ ਸੁੱਖ ਦੀ ਨਿੰਦ੍ਰਾ = ਨੀਂਦ ਨਹੀਂ ਹੋਇ = ਹੁੰਦੀ, ਭਾਵ ਕਰਜ਼ਾਈ ਮਨੁੱਖ ਨੂੰ ਹਰ ਸਮੇਂ ਕਰਜ਼ੇ 'ਤੇ ਫੜੇ ਹੋਏ ਪੈਸਿਆਂ ਦੀ ਚਿੰਤਾ ਲੱਗੀ ਰਹਿੰਦੀ ਹੈ ਕਿ ਜੇਕਰ ਸਮੇਂ ਸਿਰ ਕਰਜ਼ਾ ਵਾਪਸ ਨਾ ਕੀਤਾ ਤਾਂ ਇਸ ਦਾ ਵਿਆਜ ਦੂਣਾ ਚੌਗੁਣਾ ਹੋ ਜਾਵੇਗਾ, ਕੁਆਰੀ ਲੜਕੀ ਦੇ ਪਿਤਾ ਨੂੰ ਵੀ ਸੁੱਖ ਦੀ ਨੀਂਦ ਨਹੀਂ ਕਿਉਂਕਿ ਉਸਨੂੰ ਆਪਣੀ ਲੜਕੀ ਦੇ ਲਈ ਯੋਗ ਵਰ ਦੀ ਲੋੜ ਹੁੰਦੀ ਹੈ ਜਾਂ ਫਿਰ ਜਵਾਨ ਲੜਕੀ ਇਕੱਲੀ ਘਰ ਵਿਚ ਜਾਂ ਕਿਤੇ ਬਾਹਰ ਗਈ ਹੋਵੇ ਤਾਂ ਜਿਤਨਾ ਚਿਰ ਤਕ ਉਸਦਾ ਪਿਤਾ ਉਸਨੂੰ ਠੀਕ-ਠਾਕ ਨਹੀਂ ਦੇਖ ਲੈਂਦਾ, ਉਤਨਾ ਚਿਰ ਸੁੱਖ ਵਿਚ ਨਹੀਂ ਸੌਂਦਾ ਅਤੇ ਜਿਸਦੇ ਸਿਰ ਉੱਪਰ ਵੈਰੀ ਦਾ ਭੈ ਹੈ, ਉਸਨੂੰ ਵੀ ਕਦੇ ਸੁਖ ਦੀ ਨੀਂਦ ਨਹੀਂ ਆਉਂਦੀ। ਉਸਨੂੰ ਹਰ ਸਮੇਂ ਇਹੋ ਚਿੰਤਾ ਲੱਗੀ ਰਹਿੰਦੀ ਹੈ ਕਿ ਮੇਰਾ ਦੁਸ਼ਮਨ ਮੈਨੂੰ ਕਿਤੇ ਘਾਤ ਲਾ ਕੇ ਨੁਕਸਾਨ ਨਾ ਪਹੁੰਚਾ ਦੇਵੇ ॥੪॥ ਜੈਸਾ ਕਿ :

**ਰਿਣੀ, ਕੁਆਰੀ ਕੋ ਪਿਤ, ਸਿਰ ਬੈਰੀ ॥ ਇਨ ਨੈਨਨਿ ਨਹਿ ਨਿੰਦ੍ਰਾ ਹੇਰੀ ॥**

*(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਪੰਨਾ ੧੫੦, ਭਾਸ਼ਾ ਵਿਭਾਗ)*

## ਯਦਪ ਰੂਪ ਕਰੂਪ ਹੈ; ਬਸਤ੍ਰ ਹੀਨ, ਤਨ ਛਾਰ ॥

ਯਦਪ = ਭਾਵੇਂ ਕੋਈ ਸੁੰਦਰ ਰੂਪ ਤੋਂ ਕਰੂਪ = ਭੈੜੇ ਰੂਪ ਵਾਲਾ ਹੈ, ਬਸਤ੍ਰਾਂ ਤੋਂ ਹੀਨ = ਰਹਿਤ ਹੈ ਅਤੇ ਤਨ = ਸਰੀਰ ਨੂੰ ਛਾਰ = ਸੁਆਹ, ਮਿੱਟੀ ਲੱਗੀ ਹੋਈ ਹੈ।

## ਤਦਪ ਵਿਦਯਾਵਾਨ ਕੋ; ਸਭਾ ਮਾਹਿ ਅਧਿਕਾਰ ॥੫॥

ਤਦਪ = ਤਦ ਵੀ ਐਸੇ ਵਿਦਯਾਵਾਨ = ਵਿਦਵਾਨ ਪੁਰਖ ਕੋ = ਨੂੰ ਵਿਦਵਾਨਾਂ ਦੀ ਸਭਾ ਦੇ ਮਾਹਿ = ਵਿਚ ਬੈਠਣ ਦਾ ਅਧਿਕਾਰ = ਹੱਕ ਹੈ, ਭਾਵ ਭਾਵੇਂ ਵਿਦਵਾਨ ਪੁਰਖ ਚੰਗੇ ਸੁੰਦਰ ਸਰੂਪ ਵਾਲਾ ਵੀ ਨਾ ਹੋਵੇ ਤੇ ਕਰੂਪ ਦਾ ਇਹ ਭਾਵ ਹੈ ਕਿ ਸਰੀਰ ਸੁੰਦਰ ਨਾ ਹੋਵੇ ਅਰਥਾਤ ਅੰਨ੍ਹਾ, ਲੂਲਾ, ਲੰਙਾ ਜਾਂ ਟੁੰਡਾ ਹੋਵੇ ਤੇ ਕੱਪੜੇ ਵੀ ਮੈਲੇ ਕੁਚੈਲੇ ਹੋਣ, ਸਰੀਰ ਵੀ ਸਵਾਹ ਮਿੱਟੀ ਨਾਲ ਲਿਬੜਿਆ ਪਿਆ ਹੋਵੇ ਪਰ ਫਿਰ ਵੀ ਸ੍ਰੇਸ਼ਟ ਪੁਰਖਾਂ ਦੀ ਸੰਗਤ ਵਿਚ ਬੈਠਾ ਹੋਇਆ ਸ਼ੋਭਾ ਪਾਉਂਦਾ ਹੈ, ਜਿਵੇਂ ਅਸਟਾਬਕ੍ਰ ਨਾਂ ਦਾ ਇਕ ਰਿਖੀ ਸੀ, ਜਿਸਦੇ ਸਰੀਰ ਦੇ ਅੱਠ ਵੱਲ ਪੈਂਦੇ ਸਨ, ਜਿਸਨੂੰ ਤੁਰਦਾ ਦੇਖ ਕੇ ਸਭ ਹੱਸਦੇ ਸਨ, ਪਰ ਉਸਨੇ ਜਨਕ ਦੇ ਦਰਬਾਰ ਵਿਚ ਜਾ ਕੇ ਬਹੁਤ ਆਦਰ ਮਾਨ ਪ੍ਰਾਪਤ ਕੀਤਾ, ਆਪਣੇ ਪਿਤਾ ਤੇ ਸਾਰੇ ਕੈਦ ਕੀਤੇ ਹੋਏ ਵਿਦਵਾਨਾਂ ਨੂੰ ਛਡਾਇਆ। ਸੋ ਭਾਵ ਇਹ ਹੈ ਵਿੱਦਿਆ ਮਨੁੱਖ ਨੂੰ ਅੰਦਰਲੀ ਸੁੰਦਰਤਾ ਸਿਖਾ ਦੇਂਦੀ ਹੈ। ਉਸ ਅੰਦਰਲੀ ਸੁੰਦਰਤਾ ਕਰਕੇ ਹੀ ਵਿਦਵਾਨ ਪੁਰਖ ਸੋਭਾ ਪਾਉਂਦਾ ਹੈ॥੫॥ ਜੈਸਾ ਕਿ :

**ਅਲੰਕਾਰ ਪਟ ਭੇਖ ਬਿਨ, ਯਦਪਿ ਹੋਇ ਕੁਰੂਪ ॥**
**ਸੋਭਤ ਸੰਤਨ ਸਭਾ ਥਿਤ ਜਨ ਵਿਦਵਾਨ ਅਨੂਪ ॥੨੦॥** *(ਸਾਰੁਕਤਾਵਲੀ ਅਧਿ: ੩)*

## ਸਯਾਲ ਸਭਾ ਮਹਿਂ ਸਿੰਘ ਜਿਉ; ਕਾਗਨ ਮਾਹਿ ਮਰਾਲ ॥

ਜਿਉ = ਜਿਵੇਂ ਸਿੰਘ = ਸ਼ੇਰਾਂ ਦੀ ਸਭਾ ਮਹਿਂ = ਵਿਚ ਸਯਾਲ = ਗਿੱਦੜ ਸ਼ੋਭਾ ਨਹੀਂ ਪਾਉਂਦਾ ਅਤੇ ਕਾਗਨ = ਕਾਂ, ਮਰਾਲ = ਹੰਸਾਂ ਦੀ ਸਭਾ ਮਾਹਿ = ਵਿਚ ਨਹੀਂ ਸੋਭਦੇ।

## ਖਰਨ ਮਾਹਿ ਸੋਭੈ ਨ ਹਯ; ਮੂਕਨ ਮਾਹਿ ਬਾਚਾਲ ॥੬॥

ਹਯ = ਘੋੜਿਆਂ ਦੇ ਮਾਹਿ = ਵਿਚ ਖਰਨ = ਖੋਤੇ ਸੋਭੈ = ਸ਼ੋਭਦੇ ਨਹੀਂ ਹਨ, ਇਸੇ ਪ੍ਰਕਾਰ ਬਾਚਾਲ = ਬੋਲਣ ਵਾਲੇ ਭਾਵ ਵਿਦਵਾਨਾਂ ਦੀ ਸਭਾ ਵਿਚ ਮੂਕਨ = ਗੂੰਗਾ ਅਰਥਾਤ ਮੂਰਖ ਪੁਰਖ ਸੋਭਦਾ ਨਹੀਂ ਹੈ ਅਰਥਾਤ ਜਿਵੇਂ ਗਿੱਦੜ ਸ਼ੇਰਾਂ ਵਿਚ ਬੈਠ ਕੇ ਸ਼ੇਰ ਨਹੀਂ, ਕਾਂ ਹੰਸਾਂ ਵਿਚ ਬੈਠ ਕੇ ਹੰਸ ਨਹੀਂ, ਖੋਤਾ ਘੋੜਿਆਂ ਵਿਚ ਬੈਠਣ ਕਰਕੇ ਘੋੜਾ ਨਹੀਂ, ਤਿਵੇਂ ਮੂਰਖ ਪੁਰਸ਼ ਵਿਦਵਾਨਾਂ ਵਿਚ ਬੈਠਣ ਕਰਕੇ ਵਿਦਵਾਨ ਨਹੀਂ ਬਣ ਜਾਂਦਾ॥੬॥

***ਨੋਟ :*** ਅਰਥ ਕਰਨ ਲੱਗਿਆਂ 'ਨ' ਪਦ ਵੱਖਰਾ ਕਰਕੇ ਅਰਥ ਸਪੱਸ਼ਟ ਕੀਤਾ ਗਿਆ ਹੈ।

**ਅਥਵਾ** ਇਸ ਪ੍ਰਕਾਰ ਵੀ ਅਰਥ ਕੀਤਾ ਜਾਂਦਾ ਹੈ ਕਿ :

ਗਿੱਦੜਾਂ ਦੀ ਸਭਾ ਵਿਚ ਸ਼ੇਰ ਸ਼ੋਭਾ ਨਹੀਂ ਪਾਉਂਦਾ, ਕਾਂਵਾਂ ਦੀ ਸਭਾ ਵਿਚ ਹੰਸ ਨਹੀਂ ਸ਼ੋਭਦਾ, ਖੋਤਿਆਂ ਵਿਚ ਘੋੜਾ ਨਹੀਂ ਸ਼ੋਭਦਾ ਤੇ ਗੁੰਗੇ, ਮੂਰਖ ਪੁਰਖਾਂ ਵਿਚ ਵਿਦਵਾਨ ਨਹੀਂ ਸ਼ੋਭਦਾ।

ਫਿਰ ਇਹ ਕਿਥੇ ਸ਼ੋਭਦੇ ਹਨ ? ਇਸਦਾ ਉੱਤਰ ਅਗਲੇ ਦੋਹਰੇ ਵਿਚ ਦੇਂਦੇ ਹਨ :

## ਹੰਸ ਕਮਲ ਸੰਬੂਹ ਮੈਂ; ਪਰਬਤ ਸਿੰਘ ਫਿਰਾਹਿ ॥

ਹੇ ਭਾਈ! ਹੰਸ ਸੰਬੂਹ = ਸਮੂਹ ਕਮਲ ਭਾਵ ਕਮਲਾਂ ਦੀ ਬਗ਼ੀਚੀ ਮੈ = ਵਿਚ ਸ਼ੋਭਦਾ ਹੈ। ਅਤੇ ਸਿੰਘ = ਸ਼ੇਰ ਪਰਬਤ = ਪਹਾੜਾਂ ਵਿਚ ਅਜ਼ਾਦ ਫਿਰਾਹਿ = ਫਿਰਦਾ ਤੇ ਗਰਜਦਾ ਹੋਇਆ ਸ਼ੋਭਦਾ ਹੈ।

## ਬੀਰ ਖੇਤ ਸੋਭੈ ਤੁਰੰਗ; ਪੰਡਿਤ ਸੁਜਨਨ ਮਾਹਿ ॥੭॥

ਬੀਰ = ਸੂਰਮੇ ਦੇ ਹੇਠਾਂ ਅਤੇ ਖੇਤ = ਜੰਗ ਦੇ ਮੈਦਾਨ ਵਿਚ ਤੁਰੰਗ = ਘੋੜਾ ਸ਼ੋਭਦਾ ਹੈ **ਵਾ:** ਸੂਰਮੇ

ਅਤੇ ਘੋੜੇ ਜੰਗ ਦੇ ਮੈਦਾਨ ਵਿਚ ਸ਼ੋਭਦੇ ਹਨ, ਅਤੇ ਪੰਡਿਤ = ਵਿਦਵਾਨ ਪੁਰਖ ਸੂਜਨਨ = ਸ੍ਰੇਸ਼ਟ ਪੁਰਖਾਂ ਮਾਹਿ = ਵਿਚ ਸ਼ੋਭਾ ਪਾਉਂਦੇ ਹਨ ॥੭॥

## ਕੁਸਟ ਮਾਸ, ਜੂਰ ਮਾਹਿ ਘ੍ਰਿਤ; ਸੂਲ ਰੋਗ ਮੈਂ ਦਾਲ ॥

ਹੇ ਭਾਈ ! ਕਵੀ ਜੀ ਨੁਕਤੇ ਦੀਆਂ ਗੱਲਾਂ ਕਥਨ ਕਰਦੇ ਹਨ ਕਿ ਕੁਸਟ = ਕੋਹੜ ਦੇ ਰੋਗ ਵਿਚ ਮਾਸ, ਜੂਰ = ਤਾਪ ਚੜ੍ਹੇ ਵਿਚ ਘ੍ਰਿਤ = ਘਿਉ ਅਤੇ ਸੂਲ = ਪੇਟ ਦੀ ਰੋਗ = ਪੀੜਾ ਦੇ ਵਿਚ ਦਾਲ ਖਾਣੀ ਤਿਆਗਣੀ ਕਰੇ। ਭਾਵ ਇਨ੍ਹਾਂ ਦਾ ਤਿਆਗ ਦੇਹ ਅਰੋਗਤਾ ਲਈ ਹੈ, ਇਹ ਕਥਨ ਵੈਦਿਕ ਮੱਤ ਅਨੁਸਾਰ ਕਿਹਾ ਹੈ।

## ਅਤੀਸਾਰ ਗੇਹੂੰ ਤਜੈ; ਦ੍ਰਿਗ ਦੁਖ ਮੈਥਨ ਟਾਲ ॥੮॥

ਅਤੀਸਾਰ = ਦਸਤ ਲੱਗਣ 'ਤੇ ਗੇਹੂੰ = ਕਣਕ **ਵਾ:** ਕਣਕ ਦੇ ਆਟੇ ਦੀ ਰੋਟੀ ਤਜੈ = ਛੱਡ ਦੇਵੇ ਅਤੇ ਦ੍ਰਿਗ = ਨੇਤ੍ਰਾਂ ਦੇ ਦੁਖ = ਰੋਗ ਕਰਕੇ ਮੈਥਨ = ਕਾਮ ਚੇਸ਼ਟਾ ਨੂੰ ਟਾਲ = ਤਿਆਗਣਾ ਕਰੇ ਅਰਥਾਤ ਕੋਹੜ ਦਾ ਰੋਗੀ ਜੇਕਰ ਮਾਸ ਖਾਏਗਾ ਤਾਂ ਉਸਦਾ ਰੋਗ, ਹੋਰ ਵੱਧ ਜਾਵੇਗਾ, ਤਾਪ ਚੜ੍ਹੇ ਵਿਚ ਘਿਉ ਛੱਡ ਦੇਵੇ ਕਿਉਂਕਿ ਘਿਉ ਤਾਪ ਨੂੰ ਵਧਾਉਂਦਾ ਹੈ, ਦਾਲ ਢਿੱਡ ਪੀੜ ਨੂੰ ਹੋਰ ਵਧਾਉਂਦੀ ਹੈ, ਰੋਟੀ ਦਸਤਾਂ ਨੂੰ ਵਧਾਉਂਦੀ ਹੈ ਅਤੇ ਕਾਮ ਚੇਸ਼ਟਾ ਕਰਕੇ ਨੇਤ੍ਰਾਂ ਦਾ ਰੋਗ ਸਗੋਂ ਵਧਦਾ ਹੈ, ਇਸ ਲਈ ਇਨ੍ਹਾਂ ਰੋਗਾਂ ਵਿਚ ਇਨ੍ਹਾਂ ਪਦਾਰਥਾਂ ਦਾ ਜ਼ਰੂਰ ਤਿਆਗ ਕਰੇ ॥੮॥

## ਕਫ਼ ਨਾਸੇ ਬਿਆਯਾਮ ਤੇ; ਲੰਘਨ ਤੇ ਜੂਰ ਜਾਇ ॥

ਹੇ ਭਾਈ ! ਕਫ਼ = ਬਲਗਮ ਦਾ ਰੋਗ ਬਿਆਯਾਮ = ਵਰਜ਼ਿਸ਼, ਕਸਰਤ ਕਰਨ ਤੇ = ਨਾਲ ਨਾਸੇ = ਨਾਸ਼ ਹੋ ਜਾਂਦਾ ਹੈ ਅਤੇ ਲੰਘਨ = ਫਾਕਾ ਭਾਵ ਰੋਟੀ ਦੇ ਤਿਆਗ ਕਰਨ ਤੇ = ਤੋਂ ਜੂਰ = ਬੁਖ਼ਾਰ ਦਾ ਰੋਗ ਵੀ ਨਵਿਰਤ ਹੋ ਜਾਂਦਾ ਹੈ।

## ਪਿਤ ਘਟੈ ਇਸਨਾਨ ਤੇ; ਤਨ ਮਰਦਨ ਤੇ ਬਾਇ ॥੯॥

ਪਿਤ = ਖ਼ੁਸ਼ਕੀ-ਗਰਮੀ ਇਸਨਾਨ = ਨਹਾਉਣ ਤੇ = ਤੋਂ ਘਟੈ = ਘੱਟ ਜਾਂਦੀ ਹੈ ਅਤੇ ਤਨ = ਸਰੀਰ ਦੀ ਮਰਦਨ = ਮਾਲਿਸ਼ ਕਰਨ ਤੇ = ਤੋਂ ਬਾਇ = ਵਾਈ ਰੋਗ ਹਟ ਜਾਂਦਾ ਹੈ ॥੯॥

**ਵਾਈ ਰੋਗ ਦੇ ਲੱਛਣ :** ਜੋੜਾਂ ਵਿਚ ਜਕੜਨ, ਹੱਡ ਭੰਨਣੀ, ਸਿਰ ਪੀੜ, ਨੀਂਦ ਨਾ ਆਉਣੀ, ਰੋਮ ਖੜ੍ਹੇ ਹੋਏ ਤ੍ਵਚਾ ਖੁਸ਼ਕ ਹੋਈ, ਆਂਦਰਾਂ ਦਾ ਬੋਲਣਾ ਆਦਿ।

**ਵਾਈ ਰੋਗ ਦੇ ਕਾਰਣ :** ਰੁੱਖਾ, ਠੰਢਾ, ਭਾਰੀ ਭੋਜਨ ਖਾਣਾ, ਰਾਤ ਨੂੰ ਨਾ ਸੌਣਾ। ਬਹੁਤ ਮੈਥਨ ਕਰਨਾ ਸਰੀਰ ਤੋਂ ਬਹੁਤ ਲਹੂ ਨਿਕਲ ਜਾਣਾ। ਭੁੱਖਿਆਂ ਰਹਿਣਾ, ਪਾਣੀ ਵਿਚ ਚਿਰ ਤਕ ਤੈਰਨਾ, ਮਲ ਮੂਤ੍ਰ ਦਾ ਵੇਗ ਰੋਕਣਾ ਆਪਣੀ ਸ਼ਕਤੀ ਤੋਂ ਵੱਧ ਕੇ ਸਫ਼ਰ ਕਰਨਾ ਆਦਿ।

ਇਸਦਾ ਸਾਧਾਰਨ ਜਿਹਾ ਇਲਾਜ ਇਹ ਹੈ ਕਿ ਸਰੀਰ ਵੱਟਣੇ ਆਦਿ ਦੀ ਮਾਲਿਸ਼ ਕਰਨੀ, ਯੋਗਰਾਜ ਗੁੱਗਲ ਦਾ ਸੇਵਨ ਕਰਨਾ, ਰਸਦਾਇਕ ਨਮਕੀਨ ਤਰ ਭੋਜਨ ਖਾਣੇ।

## ਜਨਤਾ ਉਪਨੀਤਾ ਨ੍ਰਿਪਤ; ਵਿਦਯਾ ਗੁਰ ਦੇ ਅੰਨ ॥

ਹੇ ਭਾਈ ! ਜਨਤਾ = ਪੈਦਾ ਕਰਨ ਵਾਲਾ ਬਾਪ, ਉਪਨੀਤਾ = ਉਪਦੇਸ਼ ਦੇਣ ਵਾਲਾ ਧਰਮ ਗੁਰੂ, ਨ੍ਰਿਪਤ = ਰਾਜਾ, ਵਿਦਯਾ ਗੁਰ = ਵਿੱਦਿਆ ਪੜ੍ਹਾਉਣ ਵਾਲਾ ਗੁਰੂ (ਉਸਤਾਦ) ਅਤੇ ਅੰਨ = ਰੋਜ਼ੀ ਰੋਟੀ ਦੇ = ਦੇਣ ਵਾਲਾ।

## ਪਾਂਚ ਪਿਤਾ ਇਹ ਜਗਤ ਮੈਂ; ਜੋ ਮਾਨੈ ਤਿਹ ਧੰਨ ॥੧੦॥

ਇਸ ਜਗਤ = ਸੰਸਾਰ ਮੈ = ਵਿਚ ਇਹ ਪਾਂਚ = ਪੰਜ ਪਿਤਾ ਸਮਾਨ ਹਨ, ਜੋ = ਜਿਹੜਾ ਇਨ੍ਹਾਂ ਨੂੰ ਪਿਤਾ ਸਮਾਨ ਸਮਝਦਾ ਹੈ ਤਿਹ = ਤਿਸਦਾ ਜਨਮ ਇਸ ਜਗਤ ਵਿਚ ਧੰਨ = ਧੰਨਤਾ ਜੋਗ ਹੈ, ਭਾਵ ਇਕ ਪਿਤਾ ਦੁਆਰਾ ਸਾਡਾ ਜਨਮ ਹੁੰਦਾ ਹੈ, ਦੂਸਰਾ ਧਰਮ ਗੁਰੂ ਸਾਡਾ ਸਭ ਤੋਂ ਵੱਡਾ ਪਿਤਾ ਹੈ ਜੋ ਧਰਮ ਉਪਦੇਸ਼ ਦੇ ਕੇ ਜਨਮ ਮਰਣ ਕੱਟ ਦੇਂਦਾ ਹੈ। ਜੈਸਾ ਕਿ :

**ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥** *(ਰਾਮਕਲੀ ਮਹਲਾ ੧, ਅੰਗ ੯੪੦)*

ਤੀਸਰਾ, ਰਾਜਾ ਵੀ ਪਿਤਾ ਦੇ ਸਮਾਨ ਹੈ ਜੋ ਸਰਬ ਪ੍ਰਕਾਰ ਕਰਕੇ ਰੱਖਿਆ ਕਰਦਾ ਹੈ, ਚੌਥਾ ਵਿੱਦਿਆ ਗੁਰੂ ਵਿੱਦਿਆ ਦੇ ਕੇ ਵਿੱਦਿਆ ਰੂਪੀ ਨੇਤ੍ਰਾਂ ਨਾਲ ਵਿਹਾਰ ਸਵਾਰ ਦੇਂਦਾ ਹੈ ਅਤੇ ਪੰਜਵਾਂ ਅੰਨ ਦਾ ਦਾਤਾ ਇਸ ਕਰਕੇ ਪਿਤਾ ਦੇ ਤੁਲ ਹੈ ਜੋ ਅੰਨ ਦੇ ਕੇ ਪ੍ਰਾਣਾਂ ਦੀ ਰੱਖਿਆ ਕਰ ਕੇ ਪਾਲਣਾ ਕਰਦਾ ਹੈ। ਇਸ ਕਰਕੇ ਇਨ੍ਹਾਂ ਨੂੰ ਪਿਤਾ ਸਮਾਨ ਸਮਝ ਕੇ ਪਿਤਾ ਸਮਾਨ ਹੀ ਆਦਰ ਮਾਨ ਦੇਣਾ ਚਾਹੀਦਾ ਹੈ॥੧੦॥

## ਜਨਨੀ ਸਾਸ ਨ੍ਰਿਪ ਤ੍ਰਿਯਾ; ਮਿਤ੍ਰ ਤ੍ਰਿਯਾ ਗੁਰ ਤੀਯ॥

ਹੇ ਭਾਈ! ਜਨਨੀ = ਪੈਦਾ ਕਰਨ ਵਾਲੀ ਮਾਂ, ਸਾਸ = ਸੱਸ, ਨ੍ਰਿਪ ਤ੍ਰਿਯਾ = ਰਾਜੇ ਦੀ ਪਤਨੀ ਮਿਤ੍ਰ = ਦੋਸਤ ਦੀ ਤ੍ਰਿਯਾ = ਇਸਤ੍ਰੀ ਅਤੇ ਗੁਰੂ ਦੀ ਤ੍ਰੀਯ = ਇਸਤ੍ਰੀ।

## ਏਹ ਪਾਂਚੋ ਮਾਤਾ ਜਗਤ; ਸਮਝ ਰਾਖਿਓ ਜੀਯ॥੧੧॥

ਇਹ ਪਾਂਚੋ = ਪੰਜੇ ਇਸ ਜਗਤ = ਸੰਸਾਰ ਵਿਚ ਮਾਤਾ = ਮਾਂ ਦੇ ਸਮਾਨ ਹਨ, ਇਸ ਗੱਲ ਨੂੰ ਆਪਣੇ ਜੀਯ = ਹਿਰਦੇ ਵਿਚ ਸਮਝ ਕੇ ਰਾਖੀਓ = ਰੱਖਣਾ ਕਰੋ ਅਰਥਾਤ ਆਪਣੀ ਮਾਤਾ ਤਾਂ ਮਾਂ ਹੈ ਹੀ। ਪਰ ਸੱਸ ਵੀ ਮਾਂ ਦੇ ਤੁਲ ਹੈ ਜੋ ਆਪਣੀ ਜਾਨ ਤੋਂ ਵੀ ਪਿਆਰੀ ਪੁੱਤ੍ਰੀ ਮਨੁੱਖ ਦੇ ਹਵਾਲੇ ਕਰ ਦੇਂਦੀ ਹੈ ਫਿਰ ਉਹ ਸਾਰੇ ਕੁਟੰਬ ਤੇ ਪੁੱਤਰਾਂ ਨਾਲੋਂ ਵੀ ਜਵਾਈ ਨੂੰ ਪਿਆਰਾ ਸਮਝਦੀ ਹੈ। ਰਾਜੇ ਦੀ ਰਾਣੀ ਇਸ ਵਾਸਤੇ ਮਾਤਾ ਦੇ ਤੁਲ ਹੈ ਕਿਉਂਕਿ ਉਹ ਸਾਰੀ ਪ੍ਰਜਾ ਨੂੰ ਆਪਣੀ ਸੰਤਾਨ ਵਾਂਗ ਸਮਝਦੀ ਹੈ। ਮਿੱਤ੍ਰ ਦੀ ਇਸਤ੍ਰੀ ਨੂੰ ਵੀ ਮਾਂ ਵਤ ਸਮਝਣਾ ਕਿਉਂਕਿ ਇਸ ਭਾਵਨਾ ਨਾਲ ਮਿੱਤ੍ਰ ਕੀ ਇਸਤ੍ਰੀ ਵੱਲ ਮੈਲੀ ਦ੍ਰਿਸ਼ਟੀ ਨਹੀਂ ਜਾਏਗੀ ਅਤੇ ਗੁਰੂ ਦੀ ਇਸਤ੍ਰੀ ਤਾਂ ਸਦਾ ਮਾਂ ਦੇ ਸਮਾਨ ਹੈ। ਇਸ ਲਈ ਇਨ੍ਹਾਂ ਨੂੰ ਮਾਂ ਦੇ ਸਮਾਨ ਸਮਝ ਕੇ ਆਦਰ ਸਤਿਕਾਰ ਦੇਣਾ ਚਾਹੀਦਾ ਹੈ॥੧੧॥

## ਕਟਨ ਕੁਟਨ ਤਾਪਨ ਘਸਨ; ਸੂਰਨ ਪ੍ਰੀਛਾ ਚਾਰ॥

ਹੇ ਭਾਈ! ਕਟਨ = ਵੱਢਣਾ, ਕੁਟਨ = ਕੁੱਟਣਾ, ਤਾਪਨ = ਤਪਾਉਣਾ ਤੇ ਘਸਨ = ਕਸਵੱਟੀ 'ਤੇ ਲਾਉਣਾ ਇਹ ਸੂਰਨ = ਸੋਨੇ ਦੀਆਂ ਚਾਰ ਪ੍ਰੀਛਾ = ਪ੍ਰੀਖਿਆਵਾਂ ਹਨ, ਭਾਵ ਇਨ੍ਹਾਂ ਢੰਗਾਂ ਕਰਕੇ ਸ਼ੁੱਧ ਸੋਨਾ ਪਰਖਿਆ ਜਾਂਦਾ ਹੈ ਤੇ ਉਸਦੀ ਬਿਅੰਤ ਕੀਮਤ ਪੈਂਦੀ ਹੈ।

## ਸਹਿਨ ਸੀਲ ਕੁਲ ਕਰਮ; ਏਹ ਪ੍ਰੀਛਾ ਪੁਰਖ ਬਿਚਾਰ॥੧੨॥

ਕਿਸੇ ਦੇ ਕੌੜੇ ਬਚਨਾਂ ਨੂੰ ਸਹਿਨ = ਸਹਾਰਨਾ, ਸੀਲ = ਧਰਮ ਸੁਭਾਉ, ਸ਼ੇਸ਼ਟਾਚਾਰ, ਚੰਗੀ ਸ੍ਰੇਸ਼ਟ ਕੁਲ ਅਤੇ ਸ੍ਰੇਸ਼ਟ ਕਰਮ ਕਰਨੇ ਏਹ = ਇਹਨਾਂ ਪ੍ਰੀਛਾ = ਪ੍ਰੀਖਿਆ ਕਰਕੇ ਸ੍ਰੇਸ਼ਟ ਪੁਰਖ ਵਿਚਾਰਿਆ ਜਾਂਦਾ ਹੈ, ਭਾਵ ਜਿਸ ਵਿਚ ਇਹ ਚਾਰ ਗੁਣ ਹਨ, ਉਹ ਸ੍ਰੇਸ਼ਟ ਪੁਰਖ ਹੈ॥੧੨॥

## ਅਗਨਿ ਦਾਹ ਤੋਰਨ ਘਸਨ; ਏਤੀ ਸਹੈ ਸਜਾਇ ॥

ਹੇ ਭਾਈ! ਜਿਵੇਂ ਸੋਨਾ ਅਗਨਿ = ਅੱਗ ਵਿਚ ਪਾ ਕੇ ਦਾਹ = ਸਾੜਿਆ ਜਾਂਦਾ ਹੈ, ਕਤੀਰੇ ਜਾਂ ਕਟਰ ਨਾਲ ਤੋਰਨ = ਤੋੜਿਆ ਜਾਂਦਾ ਹੈ ਤੇ ਘਸਨ = ਕਸਵੱਟੀ 'ਤੇ ਲਾਇਆ ਜਾਂਦਾ ਹੈ, ਇਸ ਪ੍ਰਕਾਰ ਸੋਨਾ ਏਤੀ = ਇਤਨੀਆਂ ਸਜਾਇ = ਸਜ਼ਾਵਾਂ ਸਹੈ = ਸਹਾਰਨਾ ਕਰਦਾ ਹੈ।

## ਕੰਚਨ ਤੁਲੈ ਜੋ ਗੁੰਜ ਸਿਉਂ; ਯਿਹ ਦੁਖ ਸਹਿਓ ਨ ਜਾਇ ॥੧੩॥

ਪਰ ਜੋ = ਜਦੋਂ ਕੰਚਨ = ਸੋਨਾ ਗੁੰਜ = ਰੱਤੀਆਂ ਦੇ ਸਿਉ = ਨਾਲ ਤੁਲੈ = ਤੋਲਿਆ ਜਾਂਦਾ ਹੈ, ਯਿਹ = ਇਹ ਦੁਖ ਉਸ ਕੋਲੋਂ ਸਹਿਓ = ਸਹਾਰਿਆ ਨਹੀਂ ਜਾਂਦਾ ਅਰਥਾਤ ਸਾੜਨ, ਵੱਢਣ ਤੇ ਕਸਵੱਟੀ 'ਤੇ ਲਾਉਣ ਦਾ ਸੋਨੇ ਨੂੰ ਕੋਈ ਦੁੱਖ ਨਹੀਂ ਪਰ ਰੱਤੀਆਂ ਨਾਲ ਤੋਲਣ ਸਮੇਂ ਕੋਈ ਕਹਿੰਦਾ ਹੈ ਕਿ ਰੱਤੀ ਘੱਟ ਤੇ ਦੂਜਾ ਕਹਿੰਦਾ ਹੈ ਕਿ ਨਹੀਂ ਅੱਧੀ ਰੱਤੀ ਵੱਧ। ਸੋ ਸੋਨੇ ਨੂੰ ਇਹ ਦੁਖ ਹੁੰਦਾ ਹੈ ਕਿ ਜੋ ਮੈਂ ਇਤਨੀ ਵਡਮੁੱਲੀ ਤੇ ਸਭ ਤੋਂ ਸ਼ਿਰੋਮਣੀ ਵਸਤੂ ਹਾਂ ਤੇ ਮੈਨੂੰ ਰੱਤੀਆਂ ਜਾਂ ਕੱਚ ਦੇ ਬਰਾਬਰ ਤੋਲਦੇ ਹਨ ॥੧੩॥

ਇਸ ਦਾ ਅੰਤ੍ਰੀਵ ਭਾਵ ਇਹ ਹੈ ਕਿ ਮਾਇਆਧਾਰੀ ਲੋਕ ਮਾਇਆ ਨਾਲ ਪਰਮੇਸ਼ਰ ਦੇ ਅਤਿਅੰਤ ਪਿਆਰਿਆਂ ਨੂੰ ਵੱਸ ਕਰਨਾ ਚਾਹੁੰਦੇ ਹਨ, ਸੋ ਉਨ੍ਹਾਂ ਮਹਾਤਮਾ ਜਨਾਂ, ਨਾਮ-ਰਸੀਆਂ ਨੂੰ ਸੋਨੇ ਵਾਂਗ ਅਗਨ ਦਾਹ ਭਾਵ ਕੋਈ ਕੌੜੇ ਵਾਕ ਕਹੇ, ਤੋੜਨ ਅਰਥਾਤ ਸਰੀਰ ਨੂੰ ਵੱਢੇ-ਟੁੱਕੇ, ਘਸਨ ਭਾਵ ਸਰੀਰ ਕਰਕੇ ਕੋਈ ਘਸੀਟ ਕੇ ਦੁੱਖ ਦੇਵੇ, ਇਨ੍ਹਾਂ ਦੁੱਖਾਂ ਨੂੰ ਸੰਤ ਜਨ ਸਹਾਰ ਲੈਂਦੇ ਹਨ ਪਰ ਜਦੋਂ ਤੁਛ ਮਾਇਆ ਦੇ ਬਦਲੇ ਸੰਤ ਜਨਾਂ ਦੀ ਬਰਾਬਰੀ ਮੂਰਖ ਪੁਰਖਾਂ ਨਾਲ ਕੀਤੀ ਜਾਂਦੀ ਹੈ ਤਾਂ ਇਹ ਦੁੱਖ ਉਨ੍ਹਾਂ ਕੋਲੋਂ ਸਹਾਰਿਆ ਨਹੀਂ ਜਾਂਦਾ।

## ਬਰਨੋਂ ਕਾ ਗੁਰੁ ਬ੍ਰਾਹਮਣ; ਬ੍ਰਹਮਣ ਕਾ ਗੁਰ ਆਗ ॥

ਹੇ ਭਾਈ! ਪੁਰਾਣਕ ਮਤ ਅਨੁਸਾਰ ਚੌਹਾਂ ਬਰਨੋ = ਵਰਨਾਂ ਕਾ = ਦਾ ਗੁਰੁ = ਗੁਰੂ ਪੂਜਨੀਕ ਬ੍ਰਾਹਮਣ ਮੰਨਿਆ ਗਿਆ ਹੈ ਅਤੇ ਬ੍ਰਾਹਮਣਾਂ ਕਾ = ਦਾ ਆਪਣਾ ਗੁਰੂ ਆਗ = ਅਗਨੀ ਹੈ।

## ਨਾਰੀ ਕਾ ਗੁਰ ਕੰਤ ਹੈ; ਸਭ ਕਾ ਗੁਰ ਅਭਜਾਗ ॥੧੪॥

ਨਾਰੀ = ਇਸਤ੍ਰੀ ਕਾ = ਦਾ ਗੁਰੂ ਉਸਦਾ ਕੰਤ = ਪਤੀ ਹੈ ਅਤੇ ਸਭ = ਸਾਰਿਆਂ ਕਾ = ਦਾ ਗੁਰੂ ਪੂਜਨੀਕ ਅਭਜਾਗ = ਅਤਿਥੀ, ਮਹਾਂਪੁਰਖ ਹੈ ॥੧੪॥

ਗੁਰਸਿੱਖਾਂ ਦਾ ਗੁਰੂ ਬ੍ਰਾਹਮਣ ਨਹੀਂ ਹੈ। ਜੈਸਾ ਕਿ:

**ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥**
**ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥੨੩॥** *(ਸਲੋਕ ਕਬੀਰ ਜੀ, ਅੰਗ ੧੩੭੭)*

ਅਭਿਆਗਤ ਦੇ ਬਾਰੇ ਤੀਸਰੇ ਸਤਿਗੁਰੂ ਗੁਰਬਾਣੀ ਅੰਦਰ ਇਸ ਪ੍ਰਕਾਰ ਕਥਨ ਕਰਦੇ ਹਨ। ਜੈਸਾ ਕਿ:

**ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥**
**ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥**
**ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ ॥**
**ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥੧॥**
**ਮਃ ੩ ॥ ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥**
**ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥**

**ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥**
**ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ ॥੨॥**

*(ਰਾਮਕਲੀ ਕੀ ਵਾਰ, ਮ: ੩, ਅੰਗ ੯੪੯)*

## ਊਚ ਬਰਨ ਕੇ ਘਰ ਕੋਊ; ਨੀਚ ਬਰਨ ਜੋ ਜਾਇ ॥

ਜੇਕਰ ਕਿਸੇ ਊਚ = ਉੱਚੇ ਬਰਣ ਵਾਲੇ ਕੇ = ਦੇ ਘਰ ਵਿਚ ਕੋਊ = ਕੋਈ ਨੀਚ ਬਰਨ = ਨੀਵੇਂ ਬਰਣ ਵਾਲਾ ਚਲਿਆ ਜਾਇ = ਜਾਵੇ।

## ਵਹ ਅਭਯਾਗਤ ਗੁਰ ਉਸੇ; ਕਿਆ ਬਾਲਕ ਬਿਰਧਾਇ ॥੧੫॥

ਤਾਂ ਵਹ = ਉਹ ਉਸ ਉੱਚੀ ਜਾਤ ਵਾਲੇ ਗ੍ਰਿਹਸਥੀ ਦਾ ਅਭਿਆਗਤ ਗੁਰੂ ਹੈ, ਭਾਵ ਉਹ ਆਪਣੇ ਹਿਰਦੇ ਹੀ ਇੱਛਾ ਨਾਲ ਆਇਆ ਹੈ ਉਹ ਕਿਆ = ਕੀ ਭਾਵੇਂ ਬਾਲਕ = ਬੱਚਾ ਹੋਵੇ ਜਾਂ ਬਿਰਧਾਇ = ਬੁੱਢਾ ਹੋਵੇ, ਉਹ ਅੰਨ ਜਲ ਆਦਿਕ ਕਰਕੇ ਪੂਜਣੇ ਜੋਗ ਹੈ ॥੧੫॥

## ਸਤ੍ਰ ਮਿਤ੍ਰ ਚੰਡਾਲ ਅਰੁ; ਘਾਤੀ ਚੋਰ ਜੁ ਹੋਇ ॥

ਸਤ੍ਰ = ਵੈਰੀ, ਮਿਤ੍ਰ = ਦੋਸਤ, ਚੰਡਾਲ = ਨੀਵੀਂ ਜਾਤੀ ਦਾ ਮਨੁੱਖ ਅਰੁ = ਅਤੇ ਘਾਤੀ = ਘਾਤ, ਦਾਅ ਲਗਾ ਕੇ ਮਾਰਨ ਵਾਲਾ ਜਾਂ ਚੋਰ ਆਦਿ ਜੁ = ਜਿਹੜਾ ਵੀ ਹੋਇ = ਹੋਵੇ।

ਭਾਰਤ ਵਿਚ ਇਕ ਪੁਰਾਤਨ ਗੀਤ ਸੀ ਕਿ ਜਦੋਂ ਲੰਗਰ ਰੋਟੀ ਤਿਆਰ ਹੋਵੇ, ਉਦੋਂ ਪਹਿਲਾ ਪੇੜਾ ਪਰਮਾਤਮਾ ਦੇ ਨਾਮ ਪੁਰ ਕੱਢਣਾ ਉਹ ਗੁੰਨ੍ਹੇ ਆਟੇ ਦੇ ਪਿੱਛੇ ਲਾ ਲੈਂਦੇ, ਜਦੋਂ ਸਾਰੀ ਰੋਟੀ ਪੱਕ ਜਾਂਦੀ ਫਿਰ ਉਹ ਪੇੜੇ ਦੀ ਰੋਟੀ ਬਿਸ੍ਵ ਦੇ ਮਾਲਕ ਦੇ ਨਾਮ ਪੁਰ ਕਿਸੇ ਅਭਿਆਗਤ ਨੂੰ ਦੇਣੀ। ਜੇ ਕੋਈ ਮੰਗਤਾ ਗ਼ਰੀਬ ਅਭਿਆਗਤ ਨਾ ਮਿਲੇ ਤਾਂ ਰੱਬ ਦੇ ਨਾਮ ਪੁਰ ਗਊ ਨੂੰ ਖਵਾ ਦੇਣੀ। ਜੇ ਗਊ ਵੀ ਨਾ ਮਿਲੇ ਤਾਂ ਕੁੱਤੇ ਨੂੰ ਪਾ ਦੇਣੀ। ਕੁੱਤਾ ਪਸ਼ੂ ਨਾ ਮਿਲੇ ਤਾਂ ਜਾਨਵਰਾਂ, ਕੀੜੇ ਆਦਿ ਨੂੰ ਪਾ ਦੇਂਦੇ। ਇਸ ਨੂੰ 'ਬਲੀ ਵੈਸ' ਜੈਸਾ ਕਰਮ ਕਿਹਾ ਜਾਂਦਾ।

## ਜੋ ਆਵੈ ਬਲਿ ਬੈਸ ਪਰ; ਸਭ ਅਭਯਾਗਤ ਸੋਇ ॥੧੬॥

ਇਨ੍ਹਾਂ ਵਿੱਚੋਂ ਜੋ = ਜਿਹੜਾ ਵੀ ਬਲਿ ਬੈਸ = ਜੋ ਬਲ ਵਾਲਾ, ਬਿਸ੍ਵ = ਸੰਸਾਰ ਵਿਚ ਸਭ ਤੋਂ ਬਲੀ ਹੈ, ਤਾਕਤ ਵਾਲਾ ਹੈ, ਜੋ ਉਸ ਨਮਿਤ ਪਰਮਾਤਮਾ ਨੂੰ ਅਰਪਣ ਕਰਨ ਵਾਲੇ ਭੋਜਨ, ਪ੍ਰਸ਼ਾਦ ਆਦਿ ਦੇ ਸਮੇਂ ਪਰ = ਉੱਪਰ ਆਵੈ = ਆ ਜਾਵੇਂ, ਸੋਇ = ਉਹ ਸਭ = ਸਾਰੇ ਅਭਯਾਗਤ = ਸਾਧੂ ਹੀ ਸਮਝਣਾ ਚਾਹੀਦਾ ਹੈ, ਭਾਵ ਇਨ੍ਹਾਂ ਵਿੱਚੋਂ ਕੋਈ ਵੀ ਘਰ ਵਿਚ ਆਵੇ, ਉਸ ਦੀ ਰੋਟੀ, ਅੰਨ, ਪਾਣੀ ਆਦਿ ਨਾਲ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਅੰਨ ਪਾਣੀ ਦੀ ਸੇਵਾ ਬਹੁਤ ਉੱਤਮ ਮੰਨੀ ਗਈ ਹੈ ॥੧੬॥ ਜੈਸਾ ਕਿ:

**ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ਰਹਾਉ॥**

*(ਸਾਰੰਗ, ਪਰਮਾਨੰਦ ਜੀ, ਅੰਗ ੧੨੫੩)*

## ਲਛਨ ਨ੍ਰਿਪ ਚਾਕਰਨ ਕੇ; ਅਰੁ ਨ੍ਰਿਪ ਕੋ ਅਧਿਕਾਰ ॥

ਹੇ ਭਾਈ! ਨ੍ਰਿਪ = ਰਾਜੇ ਅਤੇ ਰਾਜੇ ਦੇ ਚਾਕਰਨ = ਸੇਵਕਾਂ ਕੇ = ਦੇ ਜੋ ਲਛਨ = ਚਿੰਨ੍ਹ, ਨਿਸ਼ਾਨੀਆਂ ਹਨ ਅਰੁ = ਅਤੇ ਨ੍ਰਿਪ = ਰਾਜੇ ਦਾ ਜੋ ਅਧਿਕਾਰ ਹੈ।

## ਜਿਉਂ ਰਾਜਾ ਕੇ ਰਾਜ ਧਨ; ਬ੍ਰਿਧ ਹੋਇ ਭੰਡਾਰ ॥੧੭॥

ਫਿਰ ਜਿਉ = ਜਿਵੇਂ ਰਾਜੇ ਕੇ = ਦੇ ਰਾਜ ਭਾਗ ਅਤੇ ਧਨ = ਦੌਲਤ ਭੰਡਾਰ = ਖ਼ਜ਼ਾਨੇ ਬਹੁਤ ਬ੍ਰਿਧ = ਵਾਧੇ ਦੇ ਸਹਿਤ ਹੋਇ = ਹੋ ਜਾਣਗੇ, ਇਹ ਸਭ ਸਿੱਖਿਆ ਵੀ ਦੇਵਾਂਗਾ।

ਅਰਥਾਤ ਚਾਣਕਯ ਮੁਨੀ ਕਥਨ ਕਰਦੇ ਹਨ ਕਿ ਰਾਜਿਆਂ ਤੇ ਉਨ੍ਹਾਂ ਦੇ ਸੇਵਕਾਂ ਦੇ ਚੰਗੇ-ਮੰਦੇ ਲੱਛਣ, ਪੁਨਾ ਰਾਜੇ ਦਾ ਜੋ ਅਧਿਕਾਰ ਹੈ, ਉਸ ਬਾਰੇ ਕੁਝ ਪਿੱਛੇ ਕਹਿ ਆਏ ਹਾਂ ਅਤੇ ਕੁਝ ਅੱਗੇ ਕਥਨ ਕਰਾਂਗੇ ॥੧੭॥

## ਤਪ ਬੇਦ ਬੇਦਾਂਗ[੧] ਜਪ; ਹੋਮ ਪਰਾਇਣ ਹੋਇ ॥

ਤਪ = ਤਪੱਸਿਆ ਕਰਨ ਵਾਲਾ, ਚਾਰੇ ਵੇਦਾਂ ਅਤੇ ਬੇਦਾਂਗ = ਵੇਦਾਂ ਦੇ ਖਟ ਅੰਗ, ਜਪ = ਜਾਪ ਕਰਨ ਵਾਲਾ ਅਤੇ ਹੋਮ = ਹਵਨ ਆਦਿ ਵਿਚ ਪਰਾਇਣ = ਤਤਪਰ ਰਹਿੰਦਾ ਹੋਵੇ।

## ਅਸ਼ੀਰਵਾਦ ਜੋ ਦੇਇ ਨਿਤ; ਰਾਜ ਪਰੋਹਿਤ ਸੋਇ ॥੧੮॥

ਫਿਰ ਜੋ = ਜਿਹੜਾ ਨਿਤ = ਨਿਤਾਪ੍ਰਤੀ ਸਭ ਨੂੰ ਅਸ਼ੀਰਵਾਦ = ਸ਼ੁਭ ਦੁਆ ਦੇਇ = ਦੇਣਾ ਕਰਦਾ ਹੈ, ਸੋਇ = ਉਹੋ ਹੀ ਅਸਲ ਰਾਜ ਪਰੋਹਿਤ = ਰਾਜ ਬ੍ਰਾਹਮਣ, ਗੁਰੂ ਹੈ ਅਰਥਾਤ ਜੋ ਵਿੱਦਿਆ ਵਾਲਾ ਹੋਵੇ, ਨਿੱਤ ਨੇਮ ਦਾ ਪਾਠੀ ਹੋਵੇ, ਅਗਨੀ ਵਿਚ ਅਹੂਤੀਆਂ ਵੀ ਦੇਵੇ, ਜੋ ਸਦਾ ਹੀ ਰਾਜੇ ਨੂੰ ਅਸੀਸਾਂ ਦੇਵੇ ਅਤੇ ਕਿਸੇ ਕਾਰਣ 'ਤੇ ਵੀ ਰਾਜੇ ਦਾ ਬੁਰਾ ਨਾ ਚਿਤਵੇ, ਸੋ ਰਾਜੇ ਦਾ ਪਰੋਹਿਤ ਕਹਾਉਣ ਦੇ ਯੋਗ ਹੈ ॥੧੮॥

## ਚਾਤੁਰ ਧੀਰ ਪ੍ਰਬੀਨ ਪਟ; ਕਰੈ ਯਥੋਕਤ ਬਾਤ ॥

ਜੋ ਮਨੁੱਖ ਹਰ ਕੰਮ ਵਿਚ ਚਤੁਰ = ਸਿਆਣਾ, ਧੀਰ = ਧੀਰਜਵਾਨ, ਪਰਬੀਨ ਪਟ = ਬਸਤ੍ਰ ਪਹਿਨਣ ਵਿਚ ਹੁਸ਼ਿਆਰ ਹੋਵੇ ਅਤੇ ਜੋ ਯਥੋਕਤ = ਯਥਾ-ਉਕਤ ਭਾਵ ਜੋਗ, ਠੀਕ ਬਾਤ = ਗੱਲ ਕਰੈ = ਕਰਦਾ ਹੋਵੇ।

## ਪਰ ਹਾਰਿਦ ਕੋ ਜਾਨਈ; ਵਹਿ ਬਸੀਠ ਉਸਤਾਦ ॥੧੯॥

ਜੋ ਪਰ = ਪਰਾਏ ਹਾਰਿਦ = ਚਿੱਤ ਦੀ ਗੱਲ ਕੋ = ਨੂੰ ਜਾਨਈ = ਜਾਣਦਾ ਹੈ, ਵਹਿ = ਉਹੋ ਹੀ ਅਸਲ ਬਸੀਠ = ਵਕੀਲ ਉਸਤਾਦ ਹੈ, ਭਾਵ ਅਜਿਹਾ ਵਜ਼ੀਰ, ਸਲਾਹਕਾਰ ਹੀ ਰਾਜ ਦਰਬਾਰ ਦੀ ਜ਼ਿੰਮੇਵਾਰੀ ਨੂੰ ਬਾ-ਖ਼ੂਬੀ ਨਿਭਾਅ ਸਕਦਾ ਹੈ ॥੧੯॥

## ਸ਼ਾਸਤ੍ਰਗਯ ਸੁਚਾਰੁ ਅਰੁ; ਸ੍ਵਾਮਿ ਭਗਤ ਚਤੁਰਾਇ ॥

ਜੋ ਸ਼ਾਸਤ੍ਰਗਯ = ਸ਼ਾਸਤ੍ਰਾਂ ਦਾ ਗਿਆਤਾ ਭਾਵ ਰਸੋਈ ਵਿੱਦਿਆ ਦੇ ਜਾਨਣ ਵਾਲਾ ਹੋਵੇ, ਸੁਚਾਰੁ = ਚੰਗੇ ਆਚਰਣ ਵਾਲਾ ਹੋਵੇ ਅਰੁ = ਅਤੇ ਸ੍ਵਾਮਿ = ਮਾਲਕ ਦਾ ਭਗਤ = ਸੇਵਕ, ਵਫ਼ਾਦਾਰ ਤੇ ਚਤੁਰਾਇ = ਸਿਆਣਾ ਹੋਵੇ।

---

੧. **ਬੇਦਾਂਗ** : ਵੇਦਾਂ ਦੇ ਛੇ ਅੰਗ ਮੰਨੇ ਹਨ।

(ੳ) **ਸਿਖਯਾ** : ਅੱਖਰਾਂ ਦਾ ਉਚਾਰਣ ਅਤੇ ਪਾਠ ਦੇ ਸੂਰ ਦਾ ਜਿਸ ਤੋਂ ਗਿਆਨ ਹੁੰਦਾ ਹੈ।

(ਅ) **ਕਲਪ** : ਮੰਤ੍ਰ ਦੀ ਜਾਪ ਵਿਧੀ ਅਤੇ ਪ੍ਰਕਾਰ ਜਿਸ ਤੋਂ ਜਾਣੀਦੇ ਹਨ।

(ੲ) **ਵ੍ਯਾਕਰਣ** : ਸ਼ਬਦਾਂ ਦੀ ਸ਼ੁੱਧੀ ਅਤੇ ਪ੍ਰਕਾਰ ਜਿਸ ਤੋਂ ਜਾਣੀਦੇ ਹਨ।

(ਸ) **ਜਯੋਤਿਸ਼** : ਮੱਸਿਆ, ਪੂਰਨਮਾਸ਼ੀ ਤੇ ਸੰਗਰਾਂਦ ਆਦਿ ਦਾ ਜਿਸ ਤੋਂ ਗਿਆਨ ਹੋਵੇ।

(ਹ) **ਛੰਦ** : ਪਦਾਂ ਦੇ ਵਿਸ੍ਰਾਮ, ਮੰਤ੍ਰਾਂ ਦੀ ਚਾਲ ਅਤੇ ਛੰਦ ਦਾ ਨਾਉਂ ਜਿਸ ਤੋਂ ਪਤਾ ਲੱਗੇ।

(ਕ) **ਨਿਰੁਕਤ** : ਸ਼ਬਦਾਂ ਦੇ ਅਰਥਾਂ ਦੀ ਵਿਆਖਿਆ, ਵ੍ਯੁਤਪਤਿ ਸਮੇਤ ਨਾਮਾਂ ਦਾ ਤੇ ਸਰੂਪ ਦਾ ਜਿਸ ਤੋਂ ਪਤਾ ਲੱਗੇ।

## ਹੋਇ ਕਦੀਮ ਪਿਤਾਮ ਕੋ; ਸੋ ਪਾਚਕ ਮਿਸਟਾਇ ॥੨੦॥

ਫਿਰ ਜੋ ਪਿਤਾਮ = ਪਿਤਾ, ਦਾਦੇ ਆਦਿ ਕਦੀਮ = ਮੁੱਢ ਕਦੀਮਾਂ ਤੋਂ ਹੀ ਲਾਂਗਰੀ ਹੋਇ = ਹੁੰਦਾ ਆ ਰਿਹਾ ਹੈ, ਸੋ = ਉਹੋ ਹੀ ਲਾਂਗਰੀ ਮਿਸਟਾਇ = ਮਿੱਠੇ ਆਦਿ ਪਦਾਰਥ ਬਣਾਉਣ ਵਾਲਾ ਸ੍ਰੇਸ਼ਟ ਪਾਚਕ = ਰਸੋਈ ਤਿਆਰ ਕਰਨ ਵਾਲਾ ਅਸਲ ਲਾਂਗਰੀ ਹੈ ਵਾ: ਮਿਸਟਾਇ = ਮਿੱਠਾ, ਪਿਆਰਾ ਲੱਗਣ ਵਾਲਾ ਰਸੋਈਆ ਹੈ ॥੨੦॥

ਅੱਗੇ ਰਸੋਈਏ ਦੇ ਹੋਰ ਲੱਖਣ ਕਥਨ ਕਰਦੇ ਹਨ :

## ਆਯੁਰ ਵੇਦ ਅਭਯਾਸ ਮੈਂ; ਸਭ ਪ੍ਰਿਯ ਦਰਸੀ ਹੋਇ ॥

ਜੋ ਆਯੁਰ ਵੇਦ = ਵੈਦਿਕ ਵਿੱਦਿਆ ਦੇ ਅਭਿਆਸ ਦੇ ਮੈਂ = ਵਿਚ ਲੱਗਾ ਰਹਿੰਦਾ ਹੈ ਭਾਵ ਇਹ ਜਾਣਦਾ ਹੈ ਕਿ ਕਿਸ ਵਾਸਤੇ ਕਿਹੋ ਜਿਹੀ ਵਸਤੂ ਖਾਣ ਜੋਗ ਹੈ, ਅਤੇ ਸਭ = ਸਾਰਿਆਂ ਨੂੰ ਪ੍ਰਿਯ = ਪਿਆਰ ਦੀ ਦਰਸੀ = ਦ੍ਰਿਸ਼ਟੀ ਨਾਲ ਦੇਖਦਾ ਹੋਵੇ।

## ਸਭ ਗੁਣ ਮੈਂ ਸੰਜੁਗਤ ਨਰ; ਸੂਪਕਾਰ ਕਹਿ ਸੋਇ ॥੨੧॥

ਫਿਰ ਜੋ ਮਨੁੱਖ ਸਭ = ਸਾਰੇ ਗੁਣਾਂ ਦੇ ਮੈਂ = ਵਿਚ ਸੰਜੁਗਤ = ਮਿਲਿਆ ਹੋਇਆ ਹੈ, ਸੋਇ = ਉਹੋ ਹੀ ਅਸਲੀ ਸੂਪਕਾਰ = ਰਸੋਈਆ ਕਹਿ = ਕਥਨ ਕੀਤਾ ਜਾ ਸਕਦਾ ਹੈ ॥੨੧॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਚਤੁਰਥੋ ਅਧਿਆਇ ॥੪॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੇ ਗ੍ਰੰਥ ਦਾ ਚਤੁਰਥੋ = ਚੌਥਾ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੪॥

# ਪੰਜਵਾਂ ਅਧਿਆਇ

## ਦੋਹਰਾ ॥ ਪ੍ਰਿਥਮ ਜਿਵਾਵੇ ਦ੍ਵਿਜਨ ਕੋ; ਪੁਨ ਗੋ ਬਾਂਧਵ ਆਪ ॥

ਹੇ ਭਾਈ! ਭੋਜਨ ਤਿਆਰ ਕਰਕੇ ਸਭ ਤੋਂ ਪ੍ਰਿਥਮ = ਪਹਿਲਾਂ ਦ੍ਵਿਜਨ = ਬ੍ਰਾਹਮਣਾਂ ਨੂੰ ਜਿਵਾਵੈ = ਖੁਆਉਣਾ ਕਰੇ। ਪੁਨ = ਫਿਰ ਗੋ = ਗਊ ਨੂੰ, ਉਸ ਤੋਂ ਬਾਅਦ ਬਾਂਧਵ = ਸੰਬੰਧੀਆਂ ਆਦਿ ਨੂੰ ਤੇ ਫਿਰ ਆਪ ਖਾਣਾ ਕਰੇ।

ਨੋਟ : ਇਹ ਉਪ੍ਰੋਕਤ ਕਥਨ ਹਿੰਦੂ ਮਤ ਦੇ ਨਿਯਮਾਂ ਦਾ ਕਥਨ ਹੈ।

## ਅਸ਼੍ਵਮੇਧ[੧] ਫਲ ਸੋ ਲਹੈ; ਅਰੁ ਸ੍ਰੇਸ਼ਟ ਪਰਤਾਪ ॥੧॥

ਜਿਹੜਾ ਇਸ ਪ੍ਰਕਾਰ ਦਾ ਨਿਤ ਕਰਮ ਕਰਦਾ ਹੈ, ਸੋ = ਉਹ ਅਸ੍ਵਮੇਧ ਜਗ ਕਰਨ ਦੇ ਫਲ ਨੂੰ ਲਹੈ = ਪ੍ਰਾਪਤ ਕਰ ਲਵੇਗਾ ਅਤੇ ਉਸਦਾ ਸ੍ਰੇਸ਼ਟ ਪ੍ਰਤਾਪ ਵਧੇਗਾ ॥੧॥

---

੧. **ਅਸ੍ਵਮੇਧ** : ਉਹ ਜਗ ਜਿਸ ਵਿਚ ਅਸ੍ਵ = ਘੋੜਾ, ਮੇਧ = ਮਾਰਿਆ ਜਾਵੇ। ਜਿਸ ਵਿਚ ਘੋੜੇ ਦੀ ਕੁਰਬਾਨੀ ਕੀਤੀ ਜਾਂਦੀ ਸੀ। ਪੁਰਾਣੇ ਸਮੇਂ ਇਹ ਜਗ ਦੋ ਸੰਕਲਪ ਧਾਰ ਕੇ ਕੀਤਾ ਜਾਂਦਾ ਸੀ :

(ੳ) ਸਾਰੇ ਦੇਸ਼ ਵਿਚ ਆਪਣੀ ਹਕੂਮਤ ਸਿੱਧ ਕਰਨ ਲਈ।

(ਅ) ਸੰਤਾਨ ਦੀ ਪ੍ਰਾਪਤੀ ਵਾਸਤੇ।

***ਨੋਟ :*** ਪਰ ਗੁਰਸਿੱਖਾਂ ਵਾਸਤੇ ਇਹ ਨਿਯਮ ਨਹੀਂ ਹੈ, ਕਿਉਕਿ ਗੁਰਸਿੱਖਾਂ ਦਾ ਨਿਯਮ ਇਹ ਹੈ ਕਿ ਜਿਥੇ ਕੋਈ ਅੰਨ ਦਾ ਲੋੜਵੰਦ ਹੋਵੇ, ਉਸਨੂੰ ਭੋਜਨ ਛਕਾਉਣਾ ਚਾਹੇ ਉਹ ਕਿਸੇ ਜਾਤ ਜਾਂ ਵਰਨ ਦਾ ਹੋਵੇ। ਜੈਸਾ ਕਿ :

**ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥** *(ਗਉੜੀ ਮ: ੪, ਅੰਗ ੧੬੪)*

***ਨੋਟ :*** ਇਹ ਸ਼ਾਸਤਰ ਕਰਤਾ ਚਾਣਕੀਆ ਰਿਸ਼ੀ ਬ੍ਰਾਹਮਣ ਜਾਤੀ ਨਾਲ ਸੰਬੰਧਿਤ ਹੈ ਇਸ ਕਰਕੇ ਬਹੁਤ ਸਾਰੀਆਂ ਗੱਲਾਂ ਹਿੰਦੂ ਮਤ ਦੀਆਂ ਕਥਨ ਕਰਦਾ ਹੈ ਅਤੇ ਅੱਗੇ ਵੀ ਹੋਣਗੀਆਂ, ਪਰ ਗੁਰਸਿੱਖਾਂ ਨੇ ਇਸ ਦੇ ਵਿੱਚੋਂ ਚੰਗਾ-ਚੰਗਾ ਸਿਧਾਂਤ ਕਵੀ ਸੈਨਾਪਤਿ ਦੀ ਭਾਵਨਾ ਅਨੁਸਾਰ ਸਮਝਣਾ ਤੇ ਮੰਨਣਾ ਹੈ।

## ਸਭ ਸ਼ਾਸਤ੍ਰਨ ਮੈਂ ਨਿਪੁਨਤਾ; ਚਤੁਰ ਬਚਨ ਬੁਧਿਵਾਨ ॥

ਜੋ ਸਭ = ਸਾਰੇ ਸ਼ਾਸਤ੍ਰਨ = ਸ਼ਾਸਤ੍ਰਾਂ ਮੈ = ਵਿਚ ਨਿਪੁਨਤਾ = ਨਿਪੁੰਨ ਹੋਵੇ, ਬਚਨ ਕਰਨ ਵਿਚ ਬਹੁਤ ਚਤੁਰ = ਸਿਆਣਾ ਅਤੇ ਬੁਧਿਵਾਨ = ਬੁੱਧੀ ਦੀ ਸੂਝ ਵਾਲਾ, ਭਾਵ ਚੰਗੀ ਅਕਲ ਵਾਲਾ ਹੋਵੇ।

## ਬੀਚਾਰੀ ਮੇਲੀ ਸਭਨ; ਵਹਿ ਲੇਖਕ ਪ੍ਰਧਾਨ ॥੨॥

ਫਿਰ ਚੰਗੀ ਬੀਚਾਰੀ = ਵਿਚਾਰ ਕਰਨ ਵਾਲਾ ਅਤੇ ਸਭਨ = ਸਾਰਿਆਂ ਦਾ ਮੇਲੀ = ਮਿਲਾਪੀ ਹੋਵੇ, ਉਹ ਲੇਖਕ = ਲਿਖਾਰੀ ਪ੍ਰਧਾਨ = ਸ੍ਰੇਸ਼ਟ ਹੈ, ਭਾਵ ਐਸੇ ਗੁਣਾਂ ਵਾਲਾ ਲਿਖਾਰੀ ਹੋਣਾ ਚਾਹੀਦਾ ਹੈ ॥੨॥

## ਤਜ ਕੁਮਿਤ੍ਰ ਸਿਉਂ ਮਿਤ੍ਰਤਾ; ਤਜ ਕੁਰਾਜ ਕੋ ਰਾਜ ॥

ਹੇ ਭਾਈ! ਕੁਮਿਤ੍ਰ = ਖੋਟੇ ਮਿੱਤ੍ਰ ਨਾਲੋਂ ਮਿਤ੍ਰਤਾ = ਦੋਸਤੀ ਕਰਨੀ ਤਜ = ਛੱਡ ਦੇਵੋ ਅਤੇ ਕੁਰਾਜ = ਖੋਟੇ ਰਾਜੇ ਕੋ = ਦੇ ਰਾਜ ਨੂੰ ਵੀ ਤਜ = ਛੱਡ ਦੇਣਾ ਕਰੋ।

## ਸਿਖਯਾ ਤਜਹੁ ਕੁਸਿਖ ਕੀ; ਤਜ ਕੁਨਾਰਿ ਕੋ ਭਾਜ ॥੩॥

ਕੁਸਿਖ = ਖੋਟੇ ਚੇਲੇ ਕੀ = ਦੀ ਬੁੱਧ ਵਿਚ ਸ੍ਰੇਸ਼ਟ ਸਿੱਖਿਆ ਦੇਣੀ ਵੀ ਤਜਹੁ = ਛੱਡ ਦੇਵੋ ਕਿਉਂਕਿ ਉਸਨੇ ਇਹ ਸਿੱਖਿਆ ਲੈ ਕੇ ਵੀ ਧਾਰਨ ਨਹੀਂ ਕਰਨੀ, ਸਗੋਂ ਆਪਣੀ ਮਤ ਨਾਲ ਬਦ ਫੈਲੀਆਂ ਹੀ ਕਰਨੀਆਂ ਹਨ। ਫਿਰ ਕੁਨਾਰਿ = ਖੋਟੀ ਇਸਤ੍ਰੀ ਨੂੰ ਵੀ ਤਜ = ਛੱਡ ਕੇ ਕਿਧਰੇ ਦੂਰ ਭਾਜ = ਭੱਜ ਜਾਣਾ ਕਰੋ ਅਰਥਾਤ ਖੋਟੀ ਇਸਤ੍ਰੀ ਦਾ ਵੀ ਤਿਆਗ ਕਰੇ ॥੩॥

## ਦੂਖ ਕੁਰਾਜ ਤੇ ਪ੍ਰਜਾ ਕੋ; ਦੁਖ ਕੁਮਿਤ੍ਰ ਤੇ ਮਿਤ੍ਰ ॥

ਕਿਉਂਕਿ ਕੁਰਾਜ = ਖੋਟੇ ਰਾਜੇ ਦੇ ਰਾਜ ਭਾਗ ਤੇ = ਤੋਂ ਪਰਜਾ ਨੂੰ ਸਦਾ ਦੁਖ ਪ੍ਰਾਪਤ ਹੁੰਦਾ ਹੈ ਅਤੇ ਕੁਮਿਤ੍ਰ = ਖੋਟੇ ਮਿਤ੍ਰ ਤੋਂ ਚੰਗੇ ਮਿਤ੍ਰ ਨੂੰ ਵੀ ਸਦਾ ਦੁਖ ਹੀ ਮਿਲਦਾ ਹੈ।

## ਦੂਖ ਕੁਨਾਰਿ ਤੇ ਕੰਤ ਕੋ; ਦੁਖ ਕੁਸਿਖ ਗੁਰ ਚਿਤ ॥੪॥

ਕੁਨਾਰਿ = ਖੋਟੀ ਇਸਤ੍ਰੀ ਤੇ = ਤੋਂ ਉਸਦੇ ਕੰਤ = ਪਤੀ ਕੋ = ਨੂੰ ਸਦਾ ਦੁਖ ਪ੍ਰਾਪਤ ਹੁੰਦਾ ਹੈ ਅਤੇ ਕੁਸਿਖ = ਖੋਟੇ ਚੇਲੇ ਕਰਕੇ ਗੁਰ ਦੇ ਚਿੱਤ ਨੂੰ ਦੁਖ ਪ੍ਰਾਪਤ ਹੁੰਦਾ ਹੈ ਅਰਥਾਤ ਜੋ ਕੋਈ ਕੁਸੰਗਤ ਕਰੇਗਾ ਉਸਨੂੰ ਜ਼ਰੂਰ ਦੁੱਖ ਪ੍ਰਾਪਤ ਹੋਵੇਗਾ ॥੪॥

# ਅਥ ਬੀਸ ਸਿਖਿਆ ਰਾਜਾ ਕੋ ॥

ਅਥ = ਹੁਣ ਅੱਗੇ ਵਿਸ਼ੇਸ਼ ਕਰਕੇ ਛੇ ਜੀਵਾਂ ਦੀਆਂ ਬੀਸ = ਵੀਹ ਸਿੱਖਿਆਵਾਂ ਦੁਆਰਾ ਰਾਜੇ ਨੂੰ ਉਪਦੇਸ਼ ਕਥਨ ਕਰਦੇ ਹਨ ਅਤੇ ਆਮ ਕਰਕੇ ਸਾਰੇ ਮਨੁੱਖ ਮਾਤ੍ਰ ਨੂੰ ਇਨ੍ਹਾਂ ਸਿੱਖਿਆਵਾਂ ਦੁਆਰਾ ਚੱਲਣਾ ਚਾਹੀਦਾ ਹੈ।

## ਦੋਹਰਾ ॥ ਕੇਹਰ ਗਰਧਪ, ਸੁਆਨ ਬਕ; ਕੁਰਕਟ ਬਾਇਸ ਜਾਨ ॥

ਹੇ ਭਾਈ ! ਕੇਹਰ = ਸ਼ੇਰ, ਗਰਧਪ = ਖੋਤਾ, ਸੁਆਨ = ਕੁੱਤਾ, ਬਕ = ਬਗਲਾ, ਕੁਰਕਟ = ਕੁੱਕੜ ਅਤੇ ਬਾਇਸ = ਕਾਂ, ਇਹ ਛੇ ਜੀਵ ਜਾਨ = ਜਾਨਣਾ ਕਰੋ।

## ਇਨ ਖਟ ਕੇ ਗੁਣ ਬੀਸ ਪਰ; ਚਲੇ ਸੁ ਨ੍ਰਿਪ ਸੁਰ ਗਯਾਨ ॥੫॥

ਇਨ੍ਹਾਂ ਖਟ = ਛਿਆਂ ਕੇ = ਦੇ ਵਿੱਚੋਂ ਬੀਸ = ਵੀਹ ਗੁਣਾਂ ਪਰ = ਉੱਪਰ ਜੋ ਵੀ ਨ੍ਰਿਪ = ਰਾਜਾ ਚੱਲੇਗਾ, ਉਹ ਸੁਰ = ਦੇਵਤਿਆਂ ਦੀ ਤਰ੍ਹਾਂ ਗਿਆਨ ਵਾਲਾ ਭਾਵ ਸ੍ਰੇਸ਼ਟ ਰਾਜ ਭਾਗ ਚਲਾਉਣ ਵਾਲਾ ਹੋ ਜਾਵੇਗਾ ॥੫॥

## ਛਪੈ ॥ ਕੇਹਰ ਤੇ ਗੁਣ ਏਕ; ਏਕ ਗੁਣ ਬਕ ਤੇ ਲੇਵੈ ॥

ਹੇ ਰਾਜਨ ! ਕੇਹਰਿ = ਸ਼ੇਰ ਤੇ = ਤੋਂ ਏਕ = ਇਕ ਗੁਣ ਗ੍ਰਹਿਣ ਕਰੋ ਅਤੇ ਏਕ = ਇਕ ਗੁਣ ਬਕ = ਬਗਲੇ ਤੇ = ਤੋਂ ਲੇਵੈ = ਪ੍ਰਾਪਤ ਕਰੋ।

## ਕੁਰਕਟ ਤੇ ਗੁਣ ਚਾਰ; ਤੀਨ ਗਰਧਪ ਤੇ ਲੇਵੈ ॥

ਕੁਰਕਟ = ਕੁੱਕੜ ਤੇ = ਤੋਂ ਚਾਰ ਗੁਣ ਗ੍ਰਹਿਣ ਕਰੋ, ਅਤੇ ਗਰਧਪ = ਖੋਤੇ ਤੋਂ ਤੀਨ = ਤਿੰਨ ਗੁਣ ਗ੍ਰਹਿਣ ਕਰੋ।

## ਬਾਇਸ ਤੇ ਗੁਣ ਪਾਂਚ; ਸੁਆਨ ਤੇ ਖਟ ਗੁਣ ਆਨੈ ॥

ਬਾਇਸ = ਕਾਂ ਤੇ = ਤੋਂ ਪਾਂਚ = ਪੰਜ ਗੁਣ ਗ੍ਰਹਿਣ ਕਰੋ ਅਤੇ ਸੁਆਨ = ਕੁੱਤੇ ਤੇ = ਤੋਂ ਖਟ = ਛੇ ਗੁਣ ਆਨੈ = ਲਿਆਵੋ ਭਾਵ ਗ੍ਰਹਿਣ ਕਰੋ।

## ਰਾਜਨੀਤਿ ਕੇ ਬੀਚ; ਰੀਤਿ ਯਹਿ ਚਣਕ ਬਖਾਨੈ ॥

ਰਾਜਨੀਤੀ ਕੇ = ਦੇ ਬੀਚ = ਵਿਚ ਚਣਕ = ਚਾਣਕਯ ਮੁਨੀ ਜੀ ਯਹ = ਇਹ ਰੀਤਿ = ਸ੍ਰੇਸ਼ਟ ਰੀਤੀ ਬਖਾਨੈ = ਕਥਨ ਕਰਦੇ ਹਨ।

## ਇਹ ਸਿਖਯਾ ਬੀਸ ਜੁ ਹੈ ਕਹੀ; ਨ੍ਰਿਪਤ ਇਨੈ ਆਮਲ ਕਰੈ ॥

ਇਹ ਜੁ = ਜਿਹੜੀਆਂ ਬੀਸ = ਵੀਹ ਸਿੱਖਿਆਵਾਂ ਕਹੀ = ਆਖੀਆਂ ਹਨ, ਜੋ ਨ੍ਰਿਪਤ = ਰਾਜਾ ਜਾਂ ਕੋਈ ਆਮ ਮਨੁੱਖ ਇਨੈ = ਇਨ੍ਹਾਂ ਸਿੱਖਿਆਵਾਂ ਉੱਪਰ ਆਮਲ = ਅਸਰ (ਅਮਲ) ਕਰੈ = ਕਰੇਗਾ।

## ਸੋ ਸਗਲ ਸਤ੍ਰੁ ਜੀਤੈ ਜਗਤ; ਕਾਨ ਨ ਕਾਹੂੰ ਕੀ ਧਰੈ ॥੬॥

ਸੋ = ਉਹ ਰਾਜਾ ਜਗਤ = ਸੰਸਾਰ ਵਿਚ ਆਪਣੇ ਸਗਲ = ਸਾਰੇ ਸਤ੍ਰੁ = ਦੁਸ਼ਮਨਾਂ ਨੂੰ ਜੀਤੈ = ਜਿੱਤ ਲਵੇਗਾ ਅਤੇ ਕਾਹੂੰ = ਕਿਸੇ ਕੀ = ਦੀ ਕਾਨ = ਕਨੌਂਡ ਧਰੈ = ਧਾਰਨ ਨਹੀਂ ਕਰੇਗਾ ॥੬॥

ਅੱਗੇ ਇਨ੍ਹਾਂ ਛਿਆਂ ਜੀਵਾਂ ਦੇ ਵੱਖੋ-ਵੱਖਰੇ ਵੀਹ ਗੁਣ ਕਥਨ ਕਰਦੇ ਹਨ।

## ਅਥ ਕੇਹਰ ਕੇ ਗੁਣ॥

ਅਥ = ਹੁਣ ਪਹਿਲਾਂ ਕੇਹਰ = ਸ਼ੇਰ ਕੇ = ਦੇ ਗੁਣ ਕਥਨ ਕਰਦੇ ਹਨ।

## ਦੋਹਰਾ॥ ਕਾਰਜ ਛੋਟਾ ਕੈ ਬਡਾ ਹੋਇ; ਸੁ ਕਰਿ ਹੀ ਲੇਇ॥

ਹੇ ਭਾਈ! ਕੋਈ ਕਾਰਜ = ਕੰਮ ਛੋਟਾ ਹੋਵੇ ਕੈ = ਜਾਂ ਵੱਡਾ ਹੋਇ = ਹੋਵੇ, ਸੁ = ਉਹ ਕਰ ਹੀ ਲੇਇ = ਲੈਣਾ ਚਾਹੀਦਾ ਹੈ।

## ਜਿਉਂ ਕੇਹਰ ਨਿਰ ਆਲਸੀ; ਮ੍ਰਿਗ ਕੋ ਜਾਣ ਨ ਦੇਇ॥੭॥

ਜਿਉਂ = ਜਿਵੇਂ ਕੇਹਰਿ = ਸ਼ੇਰ ਨਿਰ ਆਲਸੀ = ਆਲਸ ਤੋਂ ਬਿਨਾਂ ਹੋ ਕੇ ਉੱਦਮ ਧਾਰਨ ਕਰਕੇ ਆਪਣੇ ਸ਼ਿਕਾਰ ਮ੍ਰਿਗ = ਹਿਰਨ ਆਦਿ ਕੋ = ਨੂੰ ਜਾਣ ਨਹੀਂ ਦੇਇ = ਦੇਂਦਾ ਭਾਵ ਆਪਣੇ ਸ਼ਿਕਾਰ ਨੂੰ ਮਾਰ ਹੀ ਲੈਂਦਾ ਹੈ ਅਰਥਾਤ ਰਾਜਾ ਤੇ ਪਰਜਾ ਜੋ ਆਪਣਾ ਸੁੱਖ ਤੇ ਲਾਭ ਚਾਹੁੰਦਾ ਹੈ, ਉਹ ਸ਼ੇਰ ਦੇ ਇਕ ਗੁਣ ਭਾਵ ਉੱਦਮ ਧਾਰ ਕੇ ਹਰ ਇਕ ਕੰਮ ਪੂਰਾ ਕਰੇ। ਇਹ ਨਾ ਕਰੇ ਕਿ ਫਲਾਣਾ ਕੰਮ ਕੱਲ੍ਹ ਨੂੰ ਕਰ ਲਵਾਂਗੇ। ਭਾਵੇਂ ਉਹ ਕੰਮ ਵੱਡਾ ਹੋਵੇ ਜਾਂ ਛੋਟਾ ਹੋਵੇ, ਉਹ ਕਰਕੇ ਨਿਸਚਿੰਤ ਹੋਣਾ ਚਾਹੀਦਾ ਹੈ। ਵਿਚਾਰ ਕੇ ਦੇਖਿਆ ਜਾਵੇ ਤਾਂ ਜਿਸ ਪ੍ਰਾਣੀ ਵਿਚ ਇਕ ਉੱਦਮ ਸਭ ਤੋਂ ਵੱਡਾ ਭਾਰੀ ਗੁਣ ਹੋਵੇ, ਉਸਦੀ ਕਦੇ ਹਾਨੀ ਨਹੀਂ ਹੁੰਦੀ॥੭॥ ਜੈਸਾ ਕਿ :

**ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥**
**ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥੧੩੮॥**

*(ਸਲੋਕ ਕਬੀਰ ਜੀ, ਅੰਗ ੧੩੭੧)*

## ਅਥ ਗਰਧਪ ਕੇ ਗੁਣ॥

ਅਥ = ਹੁਣ ਗਰਧਪ = ਗਧੇ ਦੇ ਗੁਣਾਂ ਦਾ ਵਰਣਨ ਕਰਦੇ ਹਨ।

## ਦੋਹਰਾ॥ ਸੀਤ ਉਸਨ ਸਿਰ ਪਰ ਸਹੈ; ਥਾਕੇ ਭਾਰ ਚਲਾਇ॥

ਹੇ ਰਾਜਨ! ਗਧਾ ਸੀਤ = ਠੰਢ ਤੇ ਉਸਨ = ਗਰਮੀ ਆਪਣੇ ਸਿਰ ਪਰ = ਉੱਪਰ ਸਹੈ = ਸਹਾਰਦਾ ਹੈ, ਫਿਰ ਥਾਕੇ = ਥੱਕਿਆ ਹੋਇਆ ਵੀ ਭਾਰ = ਬੋਝ ਚੁੱਕ ਕੇ ਚਲਾਇ = ਚਲਿਆ ਜਾਂਦਾ ਹੈ।

## ਸੰਤੋਖੀ ਚਾਰਾ ਚਰੈ; ਗਰਧਪ ਤੀਨ ਸੁਭਾਇ॥੮॥

ਪੁਨਾ ਸੰਤੋਖੀ = ਸੰਤੋਖ ਦੇ ਸਹਿਤ ਚਾਰਾ ਚਰੈ = ਚਰਦਾ ਹੈ ਭਾਵ ਜੋ ਘਾਹ ਪੱਠਾ ਮਿਲ ਜਾਵੇ, ਉਹੀ ਖਾ ਲੈਂਦਾ ਹੈ ਇਹ ਗਰਧਪ = ਖੋਤੇ ਦੇ ਵਿਚ ਤੀਨ = ਤਿੰਨ ਸੁਭਾਇ = ਸੁਭਾਅ ਹਨ।

ਅਰਥਾਤ ਜਿਸ ਪ੍ਰਕਾਰ ਖੋਤਾ ਠੰਢ ਤੇ ਗਰਮੀ ਸਰੀਰ 'ਤੇ ਸਹਾਰ ਕੇ ਥੱਕਿਆ ਹੋਇਆ ਵੀ ਭਾਰ ਚੁੱਕ ਕੇ ਤੁਰਦਾ ਹੈ, ਅਤੇ ਫਿਰ ਮਾਲਕ ਜੋ ਅੱਗੇ ਪਾ ਦੇਵੇ, ਉਹੋ ਹੀ ਸੰਤੋਖ ਦੇ ਨਾਲ ਖਾ ਲੈਂਦਾ ਹੈ ਅਤੇ ਜੇਕਰ ਮਾਲਕ ਕੁਝ ਨਾ ਦੇਵੇ ਸਗੋਂ ਘਰੋਂ ਕੱਢ ਦੇਵੇ ਤਾਂ ਫਿਰ ਰੂੜੀਆਂ ਤੋਂ ਢਿੱਡ ਭਰ ਕੇ ਹੀ ਸੰਤੋਖ ਧਾਰਨ ਕਰਦਾ ਹੈ, ਇਸੇ ਤਰ੍ਹਾਂ ਮਨੁੱਖ ਮਾਤ੍ਰ ਨੂੰ ਚਾਹੀਦਾ ਹੈ ਕਿ ਗਰਮੀ ਸਰਦੀ ਭਾਵ ਦੁਖ-ਸੁਖ ਨੂੰ ਸਹਾਰਨ ਦਾ ਸੁਭਾਵ

ਰੱਖੇ ਤੇ ਥੱਕਿਆ ਹੋਇਆ ਵੀ ਕੰਮ ਤੋਂ ਨਾ ਅੱਕੇ ਅਤੇ ਸੰਤੋਖੀ ਵੀ ਹੋਵੇ, ਇਸ ਤੋਂ ਇਹ ਭਾਵ ਨਹੀਂ ਸਮਝਣਾ ਕਿ ਕੁਝ ਕਰਨਾ ਹੀ ਨਹੀਂ ਚਾਹੀਦਾ, ਇਸੇ ਲਈ ਪਹਿਲਾਂ ਸ਼ੇਰ ਦੇ ਉੱਦਮ ਗੁਣ ਧਾਰਨ ਵਾਲੀ ਸਿੱਖਿਆ ਕਹੀ ਹੈ। ਜੋ ਉੱਦਮ ਅਤੇ ਪ੍ਰਾਲਬਧ ਨਾਲ ਮਿਲੇ, ਉਸ ਨਾਲ ਪ੍ਰਸੰਨ ਰਹੇ।

ਸੋ ੧. ਠੰਢ ਗਰਮੀ ਸਹਾਰਨੀ, ੨. ਥੱਕੇ ਹੋਏ ਵੀ ਸ੍ਰੇਸ਼ਟ ਕੰਮ ਕਰਨ ਤੋਂ ਨਾਂਹ ਨਾ ਕਰਨੀ। ੩. ਸੰਤੋਖੀ ਹੋਣਾ, ਇਹ ਤਿੰਨ ਗੁਣ ਖੋਤੇ ਤੋਂ ਗ੍ਰਹਿਣ ਕਰਨੇ ਚਾਹੀਦੇ ਹਨ॥੮॥

## ਅਥ ਸੁਆਨ ਕੇ ਗੁਣ॥

ਅਥ = ਹੁਣ ਸੁਆਨ = ਕੁੱਤੇ ਦੇ ਗੁਣ ਕਥਨ ਕਰਦੇ ਹਨ।

## ਦੋਹਰਾ॥ ਸ੍ਵਾਮਿ ਭਗਤ ਚੇਤਨ ਤੁਰਤ; ਅਲਪ ਨੀਂਦ ਬਲਵਾਨ॥

ਕੁੱਤਾ ਆਪਣੇ ਸ੍ਵਾਮਿ = ਮਾਲਕ ਦਾ ਭਗਤ = ਸੇਵਕ, ਪ੍ਰੇਮੀ ਭਾਵ ਵਫ਼ਾਦਾਰ ਹੁੰਦਾ ਹੈ, ਦੂਜਾ ਤੁਰਤ = ਛੇਤੀ ਨਾਲ ਚੇਤਨ = ਹੁਸ਼ਿਆਰ ਹੋਣਾ, ਤੀਸਰਾ ਅਲਪ = ਥੋੜ੍ਹੀ ਜਿਹੀ ਨੀਂਦ ਲੈਣੀ, ਚੌਥਾ ਬਲਵਾਨ = ਬਲ ਵਾਲਾ ਹੋਣਾ।

## ਖਾਇ ਬਹੁਤ ਸੰਤੋਖ ਸੋਂ; ਇਹ ਖਟ ਗੁਣ ਹੈ ਸ੍ਵਾਨ॥੯॥

ਫਿਰ ਪੰਜਵਾਂ ਬਹੁਤ ਖਾਇ = ਖਾਣਾ ਕਰਦਾ ਹੈ ਅਤੇ ਛੇਵਾਂ ਸੰਤੋਖ ਦੇ ਸੋਂ = ਸਹਿਤ ਵੀ ਰਹਿੰਦਾ ਹੈ। ਇਹ ਖਟ = ਛੇ ਗੁਣ ਸ੍ਵਾਨ = ਕੁੱਤੇ ਦੇ ਵਿਚ ਹਨ।

ਅਰਥਾਤ ਇਹ ਛੇ ਗੁਣ ਜੋ ਕੁੱਤੇ ਵਿਚ ਕੁਦਰਤੀ ਹੀ ਹੁੰਦੇ ਹਨ ਜੇਕਰ ਇਨ੍ਹਾਂ ਗੁਣਾਂ ਨੂੰ ਮਨੁੱਖ ਵੀ ਧਾਰਨ ਕਰੇ ਤਾਂ ਸੁਖ ਪ੍ਰਾਪਤ ਕਰੇਗਾ। ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਵੀ ਆਪਣੀ ਬਾਣੀ ਅੰਦਰ ਕੁੱਤੇ ਦਾ ਬਹੁਤ ਵੱਡਾ ਗੁਣ ਕਥਨ ਕਰਕੇ ਮਨੁੱਖ ਮਾਤ੍ਰ ਨੂੰ ਸਿੱਖਿਆ ਦਿੱਤੀ ਹੈ॥੯॥ ਜੈਸਾ ਕਿ:

**ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥**
**ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥੪੫॥** *(ਸਲੋਕ ਮ: ੯, ਅੰਗ ੧੪੨੮)*

ਬੁੱਲ੍ਹੇ ਸ਼ਾਹ ਜੀ ਵੀ ਇਸ ਪ੍ਰਕਾਰ ਕਥਨ ਕਰਦੇ ਹਨ:

**ਬੁਲ੍ਹਿਆ! ਰਾਤੀਂ ਜਾਗੇਂ ਸ਼ੇਖ ਸਦਾਵੇਂ, ਰਾਤੀ ਜਾਗਨ ਕੁੱਤੇ, ਤੈ ਕੁਨ ਉੱਤੇ।**
**ਉਹ ਆਪਣੇ ਸਾਈਂ ਦਾ ਦਰ ਨ ਛੋਡਨ, ਚਹੈ ਸੈ ਵਾਰੀ ਪਿਆ ਕੁੱਟੇ, ਤੈ ਕੁਨ ਉੱਤੇ।**
**ਓਹ ਸਾਰੀ ਰਾਤ ਪਹਿਰਾ ਦੇਵਨ, ਦਿਹਾਂ ਵੰਞ ਅਰੂੜੀ 'ਤੇ ਸੁਤੇ, ਤੈ ਕੁਨ ਉੱਤੇ।**
**ਬੁਲ੍ਹਾ ਸ਼ਾਹ ਹੁਣ ਮੁਰਸ਼ਦ ਮਨਾ ਘਿਨ, ਨਹੀਂ ਤਾਂ ਬਾਜੀ ਲੈਂਦੇ ਨੀ ਕੁੱਤੇ, ਤੈ ਕੁਨ ਉੱਤੇ।**

## ਅਥ ਬਕ ਕੇ ਗੁਣ॥

ਅਥ = ਹੁਣ ਬਕ = ਬਗਲੇ ਕੇ = ਦੇ ਗੁਣ ਕਥਨ ਕਰਦੇ ਹਨ।

## ਇੰਦ੍ਰੀ ਸਕਲ ਸਮੇਟ ਕੈ; ਬਕ ਜਿਉਂ ਰਾਖੈ ਧਿਆਨ॥

ਆਪਣੀਆਂ ਸਕਲ = ਸਾਰੀਆਂ ਇੰਦ੍ਰੀਆਂ ਸਮੇਟ = ਰੋਕ ਕੈ = ਕਰਕੇ ਜਿਉਂ = ਜਿਵੇਂ ਬਕ = ਬਗਲਾ ਪਾਣੀ ਵਿਚ ਇਕ ਲੱਤ 'ਤੇ ਖੜੋ ਕੇ ਧਿਆਨ ਲਗਾ ਕੇ ਰਾਖੈ = ਰੱਖਦਾ ਹੈ, ਤਿਵੇਂ ਹੀ ਜੋ ਆਪਣੇ ਪੰਜ ਗਿਆਨ ਇੰਦ੍ਰੇ (ਕੰਨ, ਚਮੜੀ, ਜੀਭ, ਅੱਖਾਂ ਤੇ ਨੱਕ) ਅਤੇ ਪੰਜ ਕਰਮ ਇੰਦ੍ਰੇ (ਹੱਥ, ਪੈਰ, ਜੀਭ, ਗੁਦਾ, ਲਿੰਗ) ਰੋਕ ਕਰਕੇ ਰੱਖਦਾ ਹੈ ਅਤੇ ਕਿਸੇ ਕੋਲ ਆਪਣੇ ਚਿਤ ਦੀ ਗੱਲ ਪ੍ਰਗਟ ਨਹੀਂ ਕਰਦਾ।

## ਸਮਾਂ ਪਾਇ ਚੂਕੈ ਨਹੀਂ; ਸੋ ਰਾਜਾ ਬੁਧਿਵਾਨ ॥੧੦॥

ਅਤੇ ਫਿਰ ਸਮਾਂ ਪਾਇ = ਪਾ ਕੇ ਭਾਵ ਯੋਗ ਸਮਾਂ ਦੇਖ ਕੇ ਵੈਰੀ ਨੂੰ ਮਾਰਨ ਤੋਂ ਚੂਕੈ = ਉਕਦਾ ਨਹੀਂ ਹੈ, ਸੋ = ਉਹ ਰਾਜਾ ਬੁਧਿਵਾਨ = ਸਮਝਦਾਰ ਹੁੰਦਾ ਹੈ ॥੧੦॥

## ਅਥ ਕੁਰਕਟ ਕੇ ਗੁਣ ॥

ਅਥ = ਹੁਣ ਕੁਰਕਟ = ਕੁੱਕੜ ਦੇ ਗੁਣ ਕਥਨ ਕਰਦੇ ਹਨ।

## ਦੋਹਰਾ ॥ ਸ਼ੁਧ ਹੋਇ ਉਠ ਪ੍ਰਾਤ ਕੋ; ਬਾਂਧਵ ਲੇਤ ਬੁਲਾਇ ॥

ਪ੍ਰਾਤ = ਸਵੇਰ ਵੇਲੇ ਕੋ = ਨੂੰ ਉਠ = ਉੱਠਣਾ, ਸੁੱਧ = ਸਾਵਧਾਨ ਹੋਣਾ ਤੇ ਫਿਰ ਆਪਣੇ ਬਾਂਧਵ = ਸੰਬੰਧੀ ਵੀ ਬੁਲਾਇ = ਬੁਲਾ ਲੇਤ = ਲੈਣੇ।

## ਤੀਯ ਸੋਂ ਮਿਲਿ ਭੋਜਨ ਕਰੈ; ਕੁਰਕਟ ਚਾਰ ਸੁਭਾਇ ॥੧੧॥

ਫਿਰ ਆਪਣੀ ਤੀਯ = ਇਸਤ੍ਰੀ (ਕੁੱਕੜੀ) ਸੋਂ = ਨਾਲ ਮਿਲ ਕਰਕੇ ਭੋਜਨ = ਦਾਣਾ ਚੁਗਣਾ ਕਰੈ = ਕਰਦਾ ਹੈ, ਇਹ ਕੁਰਕਟ = ਕੁੱਕੜ ਵਿਚ ਚਾਰ ਸੁਭਾਇ = ਸੁਭਾਵ ਹਨ ਅਰਥਾਤ ਇਕ ਤਾਂ ਅੰਮ੍ਰਿਤ ਵੇਲੇ ਉੱਠਣਾ ਦੂਸਰਾ ਸ਼ੁੱਧ ਹੋਣਾ ਭਾਵ ਇਸ਼ਨਾਨ ਆਦਿ ਕਿਰਿਆ ਕਰਨੀ, ਤੀਸਰਾ ਆਪਣੇ ਸੰਬੰਧੀਆਂ ਆਦਿ ਨੂੰ ਵੀ ਅਵਾਜ਼ ਦੇ ਕੇ ਉਠਾਉਣਾ ਤੇ ਉਨ੍ਹਾਂ ਨੂੰ ਵੀ ਪਰਮਾਤਮਾ ਦੀ ਪੂਜਾ ਵਿਚ ਜੋੜਨਾ ਅਤੇ ਚੌਥਾ ਗੁਣ ਇਹ ਹੈ ਕਿ ਆਪਣੀ ਘਰਵਾਲੀ ਨਾਲ ਮਿਲ ਕੇ ਚੱਲਣਾ, ਉਸ ਨਾਲ ਪ੍ਰੀਤੀ ਕਰਨੀ ॥੧੧॥ ਜੈਸਾ ਕਿ :

**ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ ॥** *(ਸ੍ਰੀ ਦਸਮ ਗ੍ਰੰਥ, ਪੰਨਾ ੮੪੨)*

## ਅਥ ਬਾਇਸ ਕੇ ਗੁਣ ॥

ਅਥ = ਹੁਣ ਬਾਇਸ = ਕਾਂ ਦੇ ਗੁਣ ਕਥਨ ਕਰਦੇ ਹਨ।

## ਦੋਹਰਾ ॥ ਸਾਵਧਾਨ ਵਿਸਵਾਸ ਬਿਨ; ਗੂੜ ਮੈਥੁਨੀ ਧੀਰ ॥

ਕਾਂ ਹਮੇਸ਼ਾਂ ਸਾਵਧਾਨ = ਸੁਚੇਤ, ਚੁਕੰਨਾ ਰਹਿੰਦਾ ਹੈ ਦੂਸਰਾ ਵਿਸਵਾਸ = ਯਕੀਨ ਤੋਂ ਬਿਨਾ = ਰਹਿਤ ਰਹਿੰਦਾ ਹੈ ਭਾਵ ਕਿਸੇ ਦਾ ਵਿਸਾਹ ਨਹੀਂ ਕਰਦਾ ਹੈ, ਤੀਸਰਾ ਆਪਣੀ ਇਸਤ੍ਰੀ ਕਾਉਣੀ ਨਾਲ ਗੂੜ = ਗੁਪਤ ਹੋ ਕੇ ਮੈਥੁਨੀ = ਸੰਗ ਕਰਦਾ ਹੈ ਅਤੇ ਚੌਥਾ ਧੀਰ = ਧੀਰਜਵਾਨ ਵੀ ਹੁੰਦਾ ਹੈ।

## ਕਾਲ ਸਮੈਂ ਸੰਗ੍ਰਹਿ ਕਰੈ; ਕਾਗ ਪੰਚ ਗੁਣ ਬੀਰ ॥੧੨॥

ਪੰਜਵਾਂ ਕਾਲ ਸਮੈਂ = ਸੰਕਟ ਦੇ ਸਮੇਂ ਭਾਵ ਅੰਨ ਦਾਣਾ ਖ਼ਤਮ ਹੋਣ ਦੇ ਸਮੇਂ ਪਹਿਲਾਂ ਹੀ ਇਹ ਭੋਜਨ ਸੰਗ੍ਰਹਿ = ਇੱਕਤ੍ਰ ਕਰਕੇ ਰੱਖਦਾ ਹੈ। ਹੇ ਬੀਰ = ਭਾਈ ! ਕਾਗ = ਕਾਂ ਵਿਚ ਇਹ ਪੰਚ = ਪੰਜ ਗੁਣ ਕਥਨ ਕੀਤੇ ਜਾਂਦੇ ਹਨ ਅਰਥਾਤ ਹਰ ਸਮੇਂ ਸਾਵਧਾਨ ਰਹਿਣਾ ਕਦੇ ਆਲਸੀ ਨਾ ਹੋਣਾ, ਕਿਸੇ ਦੁਸ਼ਮਨ ਦਾ ਵਿਸਾਹ ਨਾ ਕਰਨਾ ਅਤੇ ਕਿਸੇ ਦੇ ਸਾਹਮਣੇ ਇਸਤ੍ਰੀ ਨਾਲ ਸੰਗ ਨਾ ਕਰਨਾ ਫਿਰ ਧੀਰਜਵਾਨ ਵੀ ਹੋਣਾ ਅਤੇ ਕਾਲ ਪੈਣ ਦਾ ਧਿਆਨ ਰੱਖ ਕੇ ਅਨਾਜ ਆਦਿਕ ਇਕੱਠਾ ਕਰਕੇ ਰੱਖਣਾ ਭਾਵ ਕਾਲ ਪੈਣ 'ਤੇ ਆਪਣੇ ਟੱਬਰ, ਲਸ਼ਕਰ ਤੇ ਪਰਜਾ ਨੂੰ ਕਿਸ ਤਰ੍ਹਾਂ ਪਾਲਣਾ ਹੈ। ਇਹ ਸਾਰੇ ਗੁਣ ਵਿਸ਼ੇਸ਼ ਕਰਕੇ ਰਾਜੇ ਵਿਚ ਹੋਣੇ ਚਾਹੀਦੇ ਹਨ ਅਤੇ ਆਮ ਕਰਕੇ ਹਰੇਕ ਮਨੁੱਖ ਮਾਤ੍ਰ ਨੂੰ ਇਹ ਉਪਰੋਕਤ ਛੇ ਜੀਵਾਂ ਦੇ ਵੱਖੋ-ਵੱਖ ਕਥਨ ਕੀਤੇ ਵੀਹ ਗੁਣ ਵੀ ਧਾਰਨ ਕਰਨੇ ਚਾਹੀਦੇ ਹਨ। ਜੋ ਵੀ ਧਾਰਨ ਕਰੇਗਾ, ਉਹ ਜਗਤ ਵਿਚ ਆਦਰ ਤੇ ਸੁਖ ਪ੍ਰਾਪਤ ਕਰੇਗਾ ॥੧੨॥

## ਦੋਹਰਾ ॥ ਅਰਥ ਨਾਸ ਸੰਤਾਪ ਮਨ; ਘਰ ਕਾ ਦੁਸ਼ਟ ਚਰਿਤ੍ਰ ॥

ਹੇ ਭਾਈ! ਜੇਕਰ ਅਰਥ = ਧਨ ਨਾਸ਼ ਹੋ ਜਾਵੇ, ਮਨ ਨੂੰ ਕੋਈ ਸੰਤਾਪ = ਦੁੱਖ ਲੱਗਾ ਹੋਵੇ ਅਤੇ ਘਰ ਕਾ = ਦਾ ਕੋਈ ਦੁਸਟ = ਬੁਰਾ ਚਰਿਤ੍ਰ = ਚਲਿੱਤ੍ਰ, ਕੰਮ ਹੋਣਾ ਅਰਥਾਤ ਘਰ ਵਿਚ ਇਸਤ੍ਰੀ ਕੋਈ ਕੁਕਰਮ ਕਰ ਲਵੇ।

## ਮੈਥੁਨ ਮਾਨ ਅਪਮਾਨ ਏਹ; ਪ੍ਰਗਟ ਨ ਕਰਿਤ ਬਚਿਤ੍ਰ ॥੧੩॥

ਫਿਰ ਮੈਥੁਨ = ਇਸਤ੍ਰੀ ਦਾ ਸੰਗ, ਮਾਨ ਆਦਰ ਅਤੇ ਅਪਮਾਨ = ਨਿਰਾਦਰ। ਇਹ = ਇਹਨਾਂ ਨੂੰ ਬਚਿਤ੍ਰ = ਸਿਆਣਾ ਮਨੁੱਖ ਕਦੇ ਵੀ ਲੋਕਾਂ ਵਿਚ ਪ੍ਰਗਟ = ਜ਼ਾਹਰ ਨਹੀਂ ਕਰਦਾ ਤੇ ਜੋ ਪ੍ਰਗਟ ਕਰਦਾ ਹੈ ਉਹ ਅਣਜਾਣ ਵਿਅਕਤੀ ਹੈ ॥੧੩॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਪੰਚਮੋ ਅਧਿਆਇ ॥੫॥

ਸ੍ਰੀ = ਸ਼੍ਰੋਮਣੀ ਰਾਜਨੀਤ ਨਾਮੇ ਗ੍ਰੰਥ ਦਾ ਪੰਚਮੋ = ਪੰਜਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੫॥

### ਛੇਵਾਂ ਅਧਿਆਇ

## ਦੋਹਰਾ ॥ ਦ੍ਵੈ ਦਿਜ, ਦ੍ਵੈ ਨ੍ਰਿਪ, ਅਗਨਿ ਸ਼ਵ; ਅਰੁ ਦੰਪਤਿ ਦ੍ਵੈ ਬੈਲ ॥

ਹੇ ਭਾਈ! ਜਿਥੇ ਦ੍ਵੈ = ਦੋ ਦਿਜ = ਬ੍ਰਾਹਮਣ ਬੈਠੇ ਚਰਚਾ ਕਰਦੇ ਹੋਣ, ਜਿਥੇ ਦ੍ਵੈ = ਦੋ ਨ੍ਰਿਪ = ਰਾਜੇ ਰਾਜਨੀਤੀ ਦੀਆਂ ਵਿਚਾਰਾਂ ਕਰ ਰਹੇ ਹੋਣ, ਅਗਨਿ ਸ਼ਵ = ਦੋ ਮੁਰਦਿਆਂ ਦੀਆਂ ਦੋ ਚਿਖਾਂ ਬਲਦੀਆਂ ਹੋਣ ਅਰੁ = ਅਤੇ ਦੰਪਤਿ = ਦੋ ਪਤੀ ਪਤਨੀ ਜਿਥੇ ਇਕਾਂਤ ਵਿਚ ਬੈਠੇ ਹੋਣ ਤੇ ਜਿਥੇ ਦ੍ਵੈ = ਦੋ ਬੈਲ = ਬਲਦ ਆਪਸ ਵਿਚ ਭਿੜਦੇ ਹੋਣ।

## ਇਨ ਕੇ ਬੀਚ ਨ ਜਾਈਐ; ਏਹ ਦੁਖਦਾਇਕ ਗੈਲ ॥੧॥

ਇਨ = ਇਨ੍ਹਾਂ ਕੇ = ਦੇ ਬੀਚ = ਵਿਚ ਭੁੱਲ ਕੇ ਵੀ ਨਹੀਂ ਜਾਈਐ = ਜਾਣਾ ਚਾਹੀਦਾ, ਕਿਉਂਕਿ ਇਹ ਦੁਖਦਾਇਕ = ਦੁੱਖ ਦੇਣ ਵਾਲਾ ਗੈਲ = ਰਸਤਾ ਹੈ ॥੧॥

## ਗਜ ਸਹੰਸ੍ਰ, ਹਯ ਹਾਥ ਸੌ; ਸ੍ਰਿੰਗੀ ਤਜ ਦਸ ਹਾਥ ॥

ਹੇ ਭਾਈ! ਗਜ = ਹਾਥੀ ਨੂੰ ਸਹੰਸ੍ਰ = ਹਜ਼ਾਰ ਹੱਥ, ਹਯ = ਘੋੜੇ ਨੂੰ ਸੌ ਹੱਥ ਅਤੇ ਸ੍ਰਿੰਗੀ = ਸਿੰਗਾਂ ਵਾਲੇ ਪਸ਼ੂ, ਜਾਨਵਰਾਂ ਨੂੰ ਦਸ ਹੱਥ ਦੂਰ ਤਜ = ਤਿਆਗਣਾ ਕਰੋ, ਭਾਵ ਇਨ੍ਹਾਂ ਤੋਂ ਦੂਰ ਰਹਿਣ ਵਿਚ ਹੀ ਭਲਾ ਹੈ ਜੇਕਰ ਕੋਲ ਆਏ ਤਾਂ ਨੁਕਸਾਨ ਪਹੁੰਚਾ ਸਕਦੇ ਹਨ।

## ਦੁਰਜਨ ਕੇ ਤਜ ਦੇਸ਼ ਕੋ; ਜੋਰ ਹਾਥ ਧਰ ਮਾਥ ॥੨॥

ਪੁਨਾ ਦੁਰਜਨ = ਖੋਟੇ ਪੁਰਸ਼ ਕੇ = ਦੇ ਦੇਸ਼ ਕੋ = ਨੂੰ ਹੀ ਤਜ = ਤਿਆਗ ਦੇਵੋ ਅਤੇ ਹੱਥ ਜੋਰ = ਜੋੜ ਕੇ ਮੱਥਾ ਧਰ = ਧਰਤੀ 'ਤੇ ਲਾ ਕੇ, ਟੇਕ ਦੇਵੋ, ਭਾਵ ਖੋਟਾ ਪੁਰਸ਼ ਉਨ੍ਹਾਂ ਜਾਨਵਰਾਂ ਤੋਂ ਵੀ ਬੁਰਾ ਹੈ, ਇਸਦਾ ਸਾਥ ਛੱਡਿਆ ਹੀ ਚੰਗਾ ਹੈ ॥੨॥

## ਗਜ ਅੰਕੁਸ਼ ਤੇ ਹੋਤ ਵਸ; ਤਾਜਨ ਸਾਥ ਤੁਰੰਗ ॥

ਹੇ ਭਾਈ! ਗਜ = ਹਾਥੀ ਅੰਕੁਸ = ਕੁੰਡੇ ਦੇ ਪ੍ਰਹਾਰ ਤੇ = ਤੋਂ ਵਸ = ਅਧੀਨ ਹੋਤ = ਹੋ ਜਾਂਦਾ ਹੈ ਅਤੇ ਤੁਰੰਗ = ਘੋੜਾ ਤਾਜਨ = ਕੋਰੜੇ, ਚਾਬੁਕ ਦੇ ਸਾਥ = ਨਾਲ ਅਧੀਨ ਹੋ ਜਾਂਦਾ ਹੈ।

## ਸ੍ਰਿੰਗੀ ਵਸ ਹੋਇ ਚੋਬ ਤੇ; ਦੁਰਜਨ ਖੜਗ ਨਿਸੰਗ ॥੩॥

ਸ੍ਰਿੰਗੀ = ਸਿੰਗਾਂ ਵਾਲੇ ਪਸ਼ੂ, ਜਾਨਵਰ ਚੋਬ = ਸੋਟੀ, ਲਾਠੀ ਜਿਸ ਨੂੰ ਲੋਹੇ ਦੀ ਤਿੱਖੀ ਨੋਕ ਵਾਲੀ ਮੇਖ ਹੋਵੇ, ਜਿਸ ਨੂੰ ਆਰ ਤੇ ਚੋਭ ਕਹਿੰਦੇ ਹਨ ਉਸ ਤੇ = ਨਾਲ ਵਸ = ਅਧੀਨ ਹੋਇ = ਹੋ ਜਾਂਦਾ ਹੈ ਅਤੇ ਦੁਰਜਨ = ਖੋਟਾ ਪੁਰਖ ਨਿਸੰਗ = ਬਿਨਾਂ ਸੰਗ ਹੀ ਖੜਗ = ਤਲਵਾਰ ਨਾਲ ਵੱਸ ਹੁੰਦਾ ਹੈ ॥੩॥

## ਵਿਦਆ ਗਾਇਨ ਅਹਾਰ ਧਨ; ਅਰੁ ਪੰਚਮ ਬਆਪਾਰ ॥

ਇਕ ਵਿੱਦਿਆ ਪੜ੍ਹਨ ਵੇਲੇ, ਦੂਜਾ ਗਾਇਨ = ਗਾਉਣ ਵੇਲੇ, ਤੀਜਾ ਅਹਾਰ = ਭੋਜਨ ਕਰਨ ਸਮੇਂ, ਚੌਥਾ ਧਨ = ਦੌਲਤ ਕਮਾਉਣ ਸਮੇਂ ਅਰੁ = ਅਤੇ ਪੰਚਮ = ਪੰਜਵਾਂ ਬਜਾਪਾਰ = ਵਪਾਰ ਆਦਿ ਕਰਨ ਵੇਲੇ।

## ਇਨ ਮੈਂ ਲਾਜ ਨ ਚਾਹੀਐ; ਕਰੇ ਸੁ ਮੁਗਧ ਗਵਾਰ ॥੪॥

ਇਨ = ਇਨ੍ਹਾਂ ਕੰਮਾਂ ਨੂੰ ਕਰਨ ਮੈ = ਵਿਚ ਲਾਜ = ਸ਼ਰਮ ਨਹੀਂ ਕਰਨੀ ਚਾਹੀਐ = ਚਾਹੀਦੀ, ਜੋ ਸ਼ਰਮ ਕਰੇ = ਕਰਦਾ ਹੈ ਸੁ = ਉਹ ਮੁਗਧ = ਬੇਸਮਝ ਅਤੇ ਗਵਾਰ = ਮੂਰਖ ਮਨੁੱਖ ਹੈ ॥੪॥

## ਸਿੱਧ ਔਖਧੀ ਮੰਤ੍ਰ ਪੁਨ; ਮੈਥੁਨ ਘਰ ਦੁਸਟਾਇ ॥

ਕੋਈ ਔਖਧੀ = ਦਵਾਈ ਸਿੱਧ = ਪਰਖੀ ਹੋਈ, ਕੋਈ ਸਿੱਧ ਕੀਤਾ ਹੋਇਆ ਮੰਤ੍ਰ ਪੁਨ = ਫਿਰ ਮੈਥੁਨ = ਇਸਤ੍ਰੀ ਨਾਲ ਭੋਗ ਸੰਬੰਧ ਅਤੇ ਘਰ ਦਾ ਕੋਈ ਦੁਸਟਾਇ = ਖੋਟਾ, ਭੈੜਾ ਕੰਮ ਭਾਵ ਘਰ ਵਿਚ ਇਸਤ੍ਰੀ ਜੇ ਕੋਈ ਖੋਟਾ ਕਰਮ, ਵਿਭਚਾਰ ਆਦਿ ਕੀਤਾ ਹੋਵੇ।

## ਕੁਸੱਤ ਕੁਕਰਮ ਕੁਭਗਤ ਏ;
## ਪ੍ਰਗਟ ਨ ਕਹੈ ਸੁਨਾਇ ॥੫॥

ਕੁਸੱਤ = ਬੇ-ਇਤਫ਼ਾਕੀ, ਖੋਟੀ ਸਲਾਹ, ਕੁਕਰਮ = ਖੋਟਾ ਕਰਮ ਅਤੇ ਕੁਭਗਤ = ਖੋਟੀ ਸੇਵਾ ਏ = ਇਹ ਚੀਜ਼ਾਂ ਨੂੰ ਕਦੇ ਵੀ ਕਿਸੇ ਕੋਲ ਪ੍ਰਗਟ ਕਰਕੇ ਭਾਵ ਆਖ ਕੇ ਸੁਨਾਇ = ਸੁਣਾਉਣਾ ਨਾ ਕਰੇ ਅਰਥਾਤ ਪਰਖਿਆ ਹੋਇਆ ਦਾਰੂ, ਦਵਾ ਬਣਾ ਕੇ ਦੇਵੇ ਕਿਉਂਕਿ ਉਸਦੇ ਪਰਗਟ ਕੀਤਿਆਂ ਲੋਕਾਂ ਨੂੰ ਨਿਸ਼ਚਾ ਨਹੀਂ ਹੁੰਦਾ, ਫਿਰ ਮੰਤ੍ਰ ਪ੍ਰਗਟ ਕੀਤਿਆਂ ਵੀ ਕਿਸੇ ਦਾ ਨਿਸ਼ਚਾ ਨਹੀਂ ਬੱਝਦਾ ਤੇ ਫਲਦਾ ਵੀ ਨਹੀਂ ਹੈ, ਏਸੇ ਤਰ੍ਹਾਂ ਬਾਕੀ ਦੇ ਖੋਟੇ ਕਰਮ ਕਰੇ ਹੀ ਨਾ, ਜੇਕਰ ਦੇਵਨੇਤ ਹੋ ਵੀ ਜਾਣ ਤਾਂ ਇਨ੍ਹਾਂ ਨੂੰ ਪ੍ਰਗਟ ਨਾ ਕਰੇ, ਕਿਉਂਕਿ ਇਨ੍ਹਾਂ ਦੇ ਪ੍ਰਗਟ ਕੀਤਿਆਂ ਹਾਨੀ ਹੁੰਦੀ ਹੈ ਅਤੇ ਆਪਣੀ ਬੇ-ਇੱਜ਼ਤੀ ਹੁੰਦੀ ਹੈ ॥੫॥

## ਆਚਾਰੀ ਸੰਤੋਖ ਸੋਂ; ਜੋਇ ਇਕਾਗ੍ਰ ਚਿੱਤ ॥

ਜੋ ਆਚਾਰੀ = ਸ੍ਰੇਸ਼ਟ ਆਚਰਨ ਵਾਲਾ, ਸੰਤੋਖ ਦੇ ਸੋਂ = ਸਹਿਤ ਰਹਿਣ ਵਾਲਾ ਹੈ ਅਤੇ ਜੋਇ = ਜਿਸਦਾ ਚਿਤ = ਮਨ ਸਦਾ ਇਕਾਗ੍ਰ = ਟਿਕਿਆ ਰਹਿੰਦਾ ਹੈ।

## ਇਨ ਕੇ ਜੈਸਾ ਹੈ ਨਹੀਂ; ਧਨ ਲੋਭੀ ਕੋ ਅਨਿਤ ॥੬॥

ਇਨ = ਇਨ੍ਹਾਂ ਗੁਣਾਂ ਕੇ = ਦੇ ਜੈਸਾ = ਵਰਗਾ ਧਨ ਨਹੀਂ ਹੈ, ਬਾਕੀ ਲੋਭੀ = ਲਾਲਚੀ ਮਨੁੱਖ ਕੋ = ਦਾ ਧਨ ਸਦਾ ਅਨਿਤ = ਝੂਠਾ, ਨਾਸ਼ਵਾਨ ਹੈ ॥੬॥

ਅਰਥਾਤ ਜਿਹੋ ਜਿਹਾ ਸੰਤੋਖਵਾਨ ਪੁਰਖ ਨੂੰ ਸੁੱਖ ਪ੍ਰਾਪਤ ਹੁੰਦਾ ਹੈ, ਧਨ ਦੇ ਲੋਭੀ ਨੂੰ ਉਹੋ ਜਿਹਾ ਸੁੱਖ ਨਹੀਂ ਮਿਲਦਾ।

## ਜਲ ਪੂਰਾਨ ਸਰਵਰ ਜਹਾਂ; ਤਹਾਂ ਹੰਸ ਚਲ ਜਾਇ ॥

ਹੇ ਭਾਈ ! ਜਹਾਂ = ਜਿਥੇ ਜਲ = ਪਾਣੀ ਨਾਲ ਪੂਰਾਨ = ਪੂਰਿਆ, ਭਰਿਆ ਹੋਇਆ ਸਰਵਰ = ਤਲਾਉ ਹੁੰਦਾ ਹੈ, ਤਹਾਂ = ਉਥੇ ਹੰਸ ਚੱਲ ਕੇ ਜਾਇ = ਜਾਂਦੇ ਹਨ।

## ਭਾਗਵਾਨ ਦਰਬੀਸ ਕੇ; ਗੁਨਿਜਨ ਜਾਇ ਸੁਭਾਇ ॥੭॥

ਇਸੇ ਪ੍ਰਕਾਰ ਭਾਗਵਾਨ = ਭਾਗਾਂ ਵਾਲੇ ਦਰਬੀਸ = ਧਨੀ, ਰਾਜੇ ਦੇ ਪਾਸ ਗੁਨਿਜਨ = ਗੁਣੀਜਨ ਜਾਇ = ਜਾ ਕੇ ਸੁਭਾਇ = ਸ਼ੋਭਦੇ ਹਨ, ਭਾਵ ਜਿਵੇਂ ਸੁੰਦਰ ਜਲ ਨਾਲ ਭਰੇ ਹੋਏ ਤਲਾਉ 'ਤੇ ਹੰਸ ਤੇ ਹੋਰ ਵੀ ਪੰਛੀ ਆਦਿਕ ਸ਼ੋਭਾ ਪਾਉਂਦੇ ਹਨ, ਤਿਵੇਂ ਹੀ ਧਨੀ ਜਾਂ ਰਾਜੇ ਮਹਾਰਾਜੇ ਵਿਦਵਾਨਾਂ, ਗੁਣੀਆਂ ਗਿਆਨੀਆਂ ਕਰਕੇ ਸ਼ੋਭਾ ਪਾਉਂਦੇ ਹਨ ॥੭॥

## ਅਤਿ ਸੂਧੇ ਨਹਿ ਹੋਈਐ; ਕੁਛਕ ਟੇਢ ਮਨ ਮਾਹਿ ॥

ਹੇ ਭਾਈ ! ਰਾਜਨੀਤੀ ਅਨੁਸਾਰ ਅਤਿ = ਅਤਿਅੰਤ, ਬਹੁਤ ਜ਼ਿਆਦਾ ਸੂਧੇ = ਸਿੱਧੇ ਜਿਹੇ ਸੁਭਾਅ ਵਾਲੇ ਵੀ ਨਹਿ = ਨਹੀਂ ਹੋਈਐ = ਹੋਣਾ ਚਾਹੀਦਾ, ਕੁਛਕੁ = ਕੁਝ ਕੁ ਟੇਢ = ਟੇਢਾਪਨ ਵੀ ਮਨ ਵਿਚ ਹੋਣਾ ਚਾਹੀਦਾ ਹੈ, ਭਾਵ ਥੋੜ੍ਹਾ ਜਿਹਾ ਸਖ਼ਤ ਸੁਭਾਅ ਵੀ ਰੱਖਣਾ ਚਾਹੀਦਾ ਹੈ।

## ਸੂਧੀ ਲਕੜੀ ਕਾਟੀਐ; ਟੇਢੀ ਕਾਟਤ ਨਾਹਿ ॥੮॥

ਕਿਉਂਕਿ ਜਿਵੇਂ ਸੂਧੀ = ਸਿੱਧੀ ਲਕੜੀ ਛੇਤੀ ਹੀ ਕਾਟੀਐ = ਕੱਟ ਲਈ ਜਾਂਦੀ ਹੈ, ਪਰ ਟੇਢੀ = ਵਿੰਗੀ, ਵਲਾਂ ਵਾਲੀ ਲੱਕੜੀ ਛੇਤੀ ਨਹੀਂ ਕਾਟਤ = ਕੱਟੀ ਜਾਂਦੀ ਹੈ ਤਿਵੇਂ ਹੀ ਸਿੱਧੇ ਸਾਦੇ ਸੁਭਾਅ ਵਾਲੇ ਨੂੰ ਸੰਸਾਰ ਦੇ ਲੋਕ ਮਜ਼ਾਕ ਕਰਦੇ ਹਨ ਤੇ ਹੋਰ ਵੀ ਅਨੇਕਾਂ ਤਰ੍ਹਾਂ ਕਰਕੇ ਬੇ-ਇੱਜ਼ਤ ਕਰਦੇ ਹਨ ਅਤੇ ਜੋ ਥੋੜ੍ਹਾ ਜਿਹਾ ਵਰਤਾਵ ਵਿਚ ਨੀਤੀ ਦੇ ਢੰਗ ਨਾਲ ਚੱਲਦਾ ਹੈ, ਉਹ ਸਮਾਜ ਵਿਚ ਮਾਰ ਨਹੀਂ ਖਾਂਦਾ ਭਾਵ ਉਸ ਦਾ ਅਪਮਾਨ ਨਹੀਂ ਹੁੰਦਾ, ਉਸ ਦੇ ਵਿਚ ਜੁਗਤੀ ਰੂਪ ਟੇਢਾਪਣ ਹੈ ॥੮॥

## ਅਤਿ ਕੋਮਲ ਨਹਿੰ ਹੋਈਐ; ਕੁਛਕ ਟੇਢ ਦਿਢਹਾਰ ॥

ਹੇ ਭਾਈ ! ਇਸ ਜਗਤ ਵਿਚ ਅਤਿ = ਅਤਿਅੰਤ ਕੋਮਲ = ਨਰਮ ਸੁਭਾਅ ਵਾਲੇ ਵੀ ਨਹੀਂ ਹੋਈਐ = ਹੋਣਾ ਚਾਹੀਦਾ, ਕੁਛਕ = ਕੁਝ ਕੁ ਟੇਢ = ਟੇਢਾਪਨ ਭਾਵ ਸਖ਼ਤ ਸੁਭਾਅ ਵੀ ਦਿਢਹਾਰ = ਪੱਕਾ ਕਰਨਾ ਚਾਹੀਦਾ ਹੈ।

## ਜਿਉਂ ਕੇਲੇ ਕੋ ਮੂਲ ਮ੍ਰਿਦੁ, ਉਖਰਤ ਲਗਤ ਨ ਬਾਰ ॥੯॥

ਕਿਉਂਕਿ ਜਿਉ = ਜਿਵੇਂ ਕੇਲੇ ਕੋ = ਦਾ ਮੂਲ = ਮੁੱਢ ਭਾਵ ਉਸ ਦੀਆਂ ਜੜ੍ਹਾਂ ਬਹੁਤ ਮ੍ਰਿਦੁ = ਕੋਮਲ ਹੁੰਦੀਆਂ ਹਨ ਤੇ ਉਸਨੂੰ ਉਖਰਤ = ਪੁੱਟਣ ਲੱਗਿਆਂ ਕੋਈ ਬਾਰ = ਦੇਰੀ ਨਹੀਂ ਲਗਤ = ਲੱਗਦੀ, ਤਿਵੇਂ ਨਰਮ ਸੁਭਾਅ ਵਾਲੇ ਮਨੁੱਖ ਨੂੰ ਚਤੁਰ ਸੁਭਾਅ ਵਾਲੇ ਮਨੁੱਖ ਧੋਖਾ ਦੇ ਕੇ ਉਸ ਦੀ ਹਾਨੀ ਕਰਦੇ ਰਹਿੰਦੇ ਹਨ ॥੯॥

## ਦਰਬ ਕਮਾਈਐ ਖਾਈਐ; ਬਢੈ ਦਾਨ ਤੇ ਸੋਇ ॥

ਹੇ ਭਾਈ! ਦਰਬ = ਧਨ ਦਸਾਂ ਨੌਂਹਾਂ ਦੀ ਕਿਰਤ ਕਰਕੇ ਕਮਾਈਐ = ਕਮਾਉਣਾ ਕਰੀਏ ਤੇ ਹੱਕ ਹਲਾਲ ਦਾ ਭੋਜਨ ਖਾਈਐ = ਖਾਣਾ ਕਰੀਏ ਪਰ ਸੋਇ = ਉਹ ਧਨ ਦਾਨ ਦੇਣ ਤੇ = ਤੋਂ ਹੀ ਬਢੈ = ਵੱਧਦਾ ਹੈ।

## ਜਿਉਂ ਜਲ ਕੂਪ ਤੜਾਗ ਕੋ; ਕਾਢਤ ਮੀਠੋ ਹੋਇ ॥੧੦॥

ਜਿਉ = ਜਿਵੇਂ ਕੂਪ = ਖੂਹ ਅਤੇ ਤੜਾਗ = ਬਾਉਲੀ ਆਦਿ ਕੋ = ਦਾ ਜਲ = ਪਾਣੀ ਜਿਤਨਾ ਕਾਢਤ = ਕੱਢੀ ਜਾਈਏ, ਉਤਨਾ ਹੀ ਵਧਦਾ ਤੇ ਮੀਠੋ = ਮਿੱਠਾ ਹੁੰਦਾ ਜਾਂਦਾ ਹੈ ਤਿਵੇਂ ਜਿਤਨਾ ਧਨ ਦਾਨ ਕਰਦੇ ਜਾਵਾਂਗੇ ਉਤਨਾ ਹੋਰ ਵੱਧਦਾ ਜਾਵੇਗਾ॥੧੦॥ ਜੈਸਾ ਕਿ :

**ਨਾ ਕ੍ਰਿਮ, ਸੂਕੇ ਨ ਜਲ, ਪਰਵਾਹਿਕ; ਸੁਭਗ ਸ੍ਵਾਦ ਤਯੋਂ ਅਰਥ ਸੁਭਾਇ ॥੪॥**

*(ਸਾਰੁਕਤਾਵਲੀ, ਅਧਿ: ੯)*

## ਜਿਸ ਮਾਨਸ ਕੇ ਅਰਥ ਹੈ; ਤਿਸਕਾ ਹੈ ਸਭ ਕੋਇ ॥

ਹੇ ਭਾਈ! ਜਿਸ ਮਾਨਸ = ਮਨੁੱਖ ਕੇ = ਦੇ ਪਾਸ ਅਰਥ = ਧਨ ਹੈ, ਤਿਸਕਾ = ਉਸੇ ਦਾ ਹੀ ਸਭ ਕੋਈ ਬਣਦਾ ਹੈ।

## ਸੋਈ ਸਭ ਤੇ ਬਡਾ ਹੈ; ਜਗ ਮੈਂ ਜੀਵਤ ਸੋਇ ॥੧੧॥

ਸੋਈ = ਉਹੋ ਹੀ ਪੈਸੇ ਕਰਕੇ ਸਭ = ਸਾਰਿਆਂ ਤੇ = ਤੋਂ ਬਡਾ = ਵੱਡਾ ਸਮਝਿਆ ਜਾਂਦਾ ਹੈ ਅਤੇ ਸੰਸਾਰ ਵਿਚ ਸੁਖੀ ਜੀਵਨ ਵੀ ਉਸੇ ਦਾ ਹੀ ਹੁੰਦਾ ਹੈ॥੧੧॥ ਜੈਸਾ ਕਿ :

**ਆਥਿ ਸੈਲ ਨੀਚ ਘਰਿ ਹੋਇ ॥ ਆਥਿ ਦੇਖਿ ਨਿਵੈ ਜਿਸੁ ਦੋਇ ॥**
**ਆਥਿ ਹੋਇ ਤਾ ਮੁਗਧੁ ਸਿਆਨਾ ॥ ਭਗਤਿ ਬਿਹੂਨਾ ਜਗੁ ਬਉਰਾਨਾ ॥**

*(ਰਾਮਕਲੀ ਮਹਲਾ ੧, ਪੰਨਾ ੯੩੧)*

## ਅਰਥ ਹੋਇ ਅਰ ਦਾਨ ਬਿਨ; ਅਲਪ ਬੁਧਿ ਤੇ ਜਾਨ ॥

ਹੇ ਭਾਈ! ਜੇਕਰ ਕਿਸੇ ਕੋਲ ਅਰਥ = ਧਨ ਬਹੁਤ ਹੋਇ = ਹੋਵੇ ਅਤੇ ਉਹ ਦਾਨ ਕਰਨ ਤੋਂ ਬਿਨਾਂ ਹੋਵੇ ਤਾਂ ਉਸ ਨੂੰ ਅਲਪ = ਤੁਛ ਬੁਧਿ = ਬੁੱਧੀ ਵਾਲਾ ਜਾਨ = ਜਾਨਣਾ ਕਰੋ।

## ਨਸ਼ਟ ਹੋਤ ਉਨ ਕੀ ਕ੍ਰਿਯਾ; ਜਿਉਂ ਗ੍ਰੀਖਮ ਰਿਤੁ ਪਾਨ ॥੧੨॥

ਉਨ੍ਹਾਂ ਕੀ = ਦੀ ਦੁਨਿਆਵੀ ਕੰਮਾਂ-ਕਾਰਾਂ ਦੀ ਕਿਰਿਆ ਵੀ ਇਸ ਤਰ੍ਹਾਂ ਨਸ਼ਟ = ਖ਼ਤਮ ਹੋਤ = ਹੋ ਜਾਂਦੀ ਹੈ। ਜਯੋਂ = ਜਿਵੇਂ ਗ੍ਰੀਖਮ ਦੀ ਰਿਤੁ = ਰੁੱਤ ਵਿਚ ਪਾਨ = ਪਾਣੀ **ਵਾ:** ਪਾਨ ਦਾ ਪੱਤਾ ਸੁੱਕ ਜਾਂਦਾ ਹੈ ॥੧੨॥

## ਅਰਥ ਪੂਜੀਐ ਜਗਤ ਮੈਂ; ਦੇਹ ਪੂਜੀਅਤ ਨਾਂਹਿ ॥

ਹੇ ਭਾਈ! ਇਸ ਜਗਤ = ਸੰਸਾਰ ਮੈਂ = ਵਿਚ ਅਰਥ = ਧਨ ਦੀ ਹੀ **ਵਾ:** ਧਨ ਕਰਕੇ ਹੀ ਪੂਜੀਐ = ਪੂਜਾ ਹੁੰਦੀ ਹੈ, ਦੇਹ = ਸਰੀਰਾਂ ਨੂੰ ਕੋਈ ਵੀ ਪੂਜੀਅਤ = ਪੂਜਦਾ ਨਹੀਂ ਹੈ।

## ਸ੍ਰੇਸ਼ਟ ਹੈ ਚੰਡਾਲ ਜਗ; ਧਨ ਹੈ ਜਿਹ ਘਰ ਮਾਹਿ ॥੧੩॥

ਉਹ ਚੰਡਾਲ = ਨੀਵੀਂ ਜਾਤੀ ਦਾ ਮਨੁੱਖ ਵੀ ਜਗ = ਸੰਸਾਰ ਵਿਚ ਸ੍ਰੇਸ਼ਟ = ਉੱਤਮ ਹੈ, ਜਿਹ = ਜਿਸ ਦੇ ਘਰ ਮਾਹਿ = ਵਿਚ ਧਨ = ਦੌਲਤ ਹੈ, ਭਾਵ ਜਗਤ ਵਿਚ ਧਨ ਵਾਲੇ ਨੂੰ ਹੀ ਸਭ ਕੋਈ ਚੰਗਾ ਜਾਣਦੇ ਹਨ ਤੇ ਧਨੀ ਪੁਰਖ ਦੀ ਹੀ ਸਭ ਕੋਈ ਗੱਲ ਮੰਨਦਾ ਹੈ, ਧਨ ਵਾਲੇ ਮਨੁੱਖ ਨੂੰ ਲੋਕ ਆਦਰ ਦੇ ਕੇ ਸਭ ਤੋਂ ਅੱਗੇ ਬਿਠਾਉਂਦੇ ਹਨ, ਸੋ ਇਹ ਕੋਈ ਉਸਦੀ ਦੇਹ ਦਾ ਆਦਰ ਨਹੀਂ, ਬਲਕਿ ਸਭ ਧਨ ਦਾ ਹੀ ਆਦਰ ਹੈ, ਕਿਉਂਕਿ ਜੇਕਰ ਕਿਸੇ ਨੀਵੀਂ ਜਾਤੀ ਵਾਲੇ ਮਨੁੱਖ ਕੋਲ ਵੀ ਧਨ ਹੋਵੇ, ਤਦ ਉਹ ਵੀ ਆਦਰ ਦੇ ਜੋਗ ਹੁੰਦਾ ਹੈ। ਇਸ ਲਈ ਸਾਰੇ ਜਗਤ ਵਿਚ ਧਨ ਦੀ ਹੀ ਸੋਭਾ ਹੈ ॥੧੩॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਖਸ਼ਟਮੋ ਅਧਿਆਇ ॥੬॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੀ ਗ੍ਰੰਥ ਦਾ ਖਸ਼ਟਮੋ = ਛੇਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੬॥

### ਸੱਤਵਾਂ ਅਧਿਆਇ

## ਦੋਹਰਾ ॥ ਦਾਰਿਦ ਜੀਤੈ ਕ੍ਰਿਖੀ ਕਰ; ਅਭ੍ਯਾਗਤ ਦੇ ਦਾਨ ॥

ਹੇ ਭਾਈ ! ਕ੍ਰਿਖੀ = ਖੇਤੀ ਕਰ = ਕਰਕੇ ਦਾਰਿਦ = ਗ਼ਰੀਬੀ, ਦਲਿੱਦਰ ਨੂੰ ਜੀਤੈ = ਜਿੱਤ ਲਿਆ ਜਾਂਦਾ ਹੈ ਅਤੇ ਅਭ੍ਯਾਗਤ = ਸਾਧੂ, ਗ਼ਰੀਬ ਮਨੁੱਖ ਨੂੰ ਦਾਨ ਦੇ ਕੇ ਜਿੱਤ ਲਿਆ ਜਾਂਦਾ ਹੈ, ਭਾਵ ਜੇਕਰ ਫ਼ਸਲ ਚੰਗੀ ਹੋ ਜਾਵੇ ਤਾਂ ਘਰ ਵਿਚ ਸਭ ਪ੍ਰਕਾਰ ਦੇ ਅਨਾਜ ਹੋਣ ਨਾਲ ਗ਼ਰੀਬੀ ਚੁੱਕੀ ਜਾਂਦੀ ਹੈ ਅਤੇ ਕਿਸੇ ਸਾਧੂ ਨੂੰ ਸਤਿਕਾਰ ਨਾਲ ਭੋਜਨ ਆਦਿ ਦਾ ਦਾਨ ਦਿੱਤਾ ਜਾਵੇ ਤਾਂ ਉਹ ਪ੍ਰਸੰਨ ਹੋ ਜਾਂਦਾ ਹੈ।

## ਵਿਦ੍ਯਾ ਕਰ ਜੀਤੈ ਸਭਾ; ਦੁਸ਼ਟ ਭੇਦ ਸੋ ਮਾਨ ॥੧॥

ਚੰਗੀ ਵਿੱਦਿਆ ਕਰਕੇ ਵਿਦਵਾਨਾਂ ਵਾਲੀ ਸਭਾ ਜੀਤੈ = ਜਿੱਤ ਲਈਦੀ ਹੈ ਅਤੇ ਦੁਸ਼ਟ = ਖੋਟੇ ਪੁਰਖ, ਵੈਰੀ ਨੂੰ ਉਸਦੇ ਭੇਦ = ਭੇਤ, ਰਾਜ਼ ਪ੍ਰਾਪਤ ਹੋਣ ਕਰ ਕੇ ਜਿੱਤ ਲਈਦਾ ਹੈ, ਸੋ ਇਸ ਪ੍ਰਕਾਰ ਤੁਸੀਂ ਮਾਨ = ਮੰਨਣਾ ਕਰੋ ॥੧॥

## ਮਧੁ ਛਾਤਾ, ਬਾਂਬੀ ਦਰਬ; ਸ਼ੁਕਲ ਪਾਖ ਕੋ ਚੰਦ ॥

ਹੇ ਭਾਈ ! ਜੋ ਮਧੁ = ਮਧੂ ਮੱਖੀਆਂ, ਸ਼ਹਿਦ ਦਾ ਛਾਤਾ = ਛੱਤਾ, ਬਾਂਬੀ = ਬਰਮੀ, ਦਰਬ = ਕਰਜ਼ੇ ਦਾ ਧਨ, ਅਤੇ ਸ਼ੁਕਲ = ਚਾਨਣੇ ਪੱਖ ਦਾ ਚੰਦ = ਚੰਦ੍ਰਮਾ ਆਦਿਕ।

## ਬਢਤੇ ਬਢਤੇ ਬਢਤ ਹੈਂ; ਜਿਉਂ ਧਰਨੀ ਕੋ ਇੰਦ ॥੨॥

ਇਹ ਸਭ ਬਢਤੇ ਬਢਤੇ = ਵੱਧਦੇ-ਵੱਧਦੇ ਇਉਂ ਬਢਤ = ਵੱਧ ਜਾਂਦੇ ਹੈ = ਹਨ ਜਿਉਂ ਜਿਵੇਂ ਧਰਨੀ = ਪ੍ਰਿਥਵੀ ਕੋ = ਦੇ ਉੱਪਰ ਇੰਦ = ਬੱਦਲ ਵਰਸਦਾ ਹੋਇਆ ਵੱਧ ਜਾਂਦਾ ਹੈ **ਵਾ:** ਇਹ ਸਾਰੇ ਇਸ ਪ੍ਰਕਾਰ ਵੱਧਦੇ ਹਨ ਜਿਵੇਂ ਬੱਦਲ ਵਰਸਣ ਨਾਲ ਧਰਤੀ ਉੱਪਰ ਫਲ-ਫੁੱਲ ਤੇ ਹਰਿਆਵਲਤਾ ਵੱਧਦੀ ਹੈ ॥੨॥

## ਕਾਮ ਮੋਖ ਵਿਦਯਾ ਅਰਥ; ਲੰਘਨ ਪਰਬਤ ਜਾਇ ॥

ਹੇ ਭਾਈ ! ਕਾਮ = ਮਨ ਦੀ ਖ਼ਾਹਿਸ਼ ਦੀ ਪੂਰਤੀ, ਮੋਖ = ਮੁਕਤ, ਵਿਦਯਾ = ਪੜ੍ਹਾਈ, ਅਰਥ = ਧਨ ਦੀ ਪ੍ਰਾਪਤੀ ਅਤੇ ਪਰਬਤ = ਪਹਾੜਾਂ ਦੀਆਂ ਜਾਇ = ਥਾਵਾਂ ਨੂੰ ਲੰਘਨ = ਪਾਰ ਲੰਘਣਾ।

## ਧੀਰੇ ਧੀਰੇ ਹੋਤ ਹੈ; ਏਹ ਪਾਂਚੋ ਜਗ ਮਾਂਹਿ ॥੩॥

ਇਹ ਪਾਂਚੋ = ਪੰਜੇ ਚੀਜ਼ਾਂ ਜਗ = ਸੰਸਾਰ ਮਾਹਿ = ਵਿਚ ਧੀਰੇ ਧੀਰੇ = ਹੌਲੀ-ਹੌਲੀ ਪੂਰੀਆਂ ਹੋਤ = ਹੁੰਦੀਆਂ ਹੈ = ਹਨ ॥੩॥

## ਬਡ ਪੰਡਿਤਾਈ ਏਹ ਹੈ; ਜਿਸ ਕੈ ਧਨ ਕੀ ਬ੍ਰਿਧਿ ॥

ਹੇ ਭਾਈ ! ਸੰਸਾਰ ਵਿਚ ਬਡ = ਬਹੁਤ ਵੱਡੀ ਪੰਡਿਤਾਈ = ਸ੍ਰੇਸ਼ਟਤਾਈ ਏਹ = ਇਹੋ ਹੀ ਹੈ ਕਿ ਜਿਸ ਕੈ = ਦੇ ਪਾਸ ਧਨ = ਦੌਲਤ ਕੀ = ਦੀ ਬ੍ਰਿਧਿ = ਬਹੁਤ ਰਾਸ਼ੀ ਜਮ੍ਹਾਂ ਹੈ।

## ਸਦਾ ਧਰਮ ਇਛਾ ਰਹੈ; ਵਹੈ ਧਰਮ ਕੀ ਸਿਧਿ ॥੪॥

ਇਸੇ ਪ੍ਰਕਾਰ ਜਿਸ ਨੂੰ ਸਦਾ = ਹਮੇਸ਼ਾਂ ਆਪਣੇ ਧਰਮ ਦੀ ਇਛਾ = ਚਾਹਨਾ ਲੱਗੀ ਰਹੈ = ਰਹਿੰਦੀ ਹੈ, ਵਹੈ = ਉਹੋ ਹੀ ਧਰਮ ਕੀ = ਦੀ ਅਸਲ ਸਿਧਿ = ਸਿੱਧੀ, ਪ੍ਰਾਪਤੀ ਹੈ ॥੪॥

## ਦੁਰਜਨ ਕੇਰ ਪੜੋਸ ਤਜਿ; ਸਾਧ ਸਮਾਗਮ ਚਿੱਤ ॥

ਹੇ ਭਾਈ ! ਦੁਰਜਨ = ਖੋਟੇ ਪੁਰਸ਼ਾਂ ਕੇਰ = ਦਾ ਪੜੋਸ = ਗਵਾਂਢ ਤਜਿ = ਛੱਡ ਦੇਣਾ ਕਰੋ ਅਤੇ ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਦੇ ਸਮਾਗਮ = ਸੰਗ ਵਿਚ ਆਪਣਾ ਚਿੱਤ = ਮਨ ਲਾਉਣਾ ਕਰੋ, ਭਾਵ ਕਦੇ ਵੀ ਖੋਟੇ ਪੁਰਖਾਂ ਦੀ ਕੁਸੰਗਤ ਨਾ ਕਰੋ, ਸਦਾ ਸ੍ਰੇਸ਼ਟ ਮਨੁੱਖਾਂ ਦੀ ਸੰਗਤ ਵਿਚ ਰਹਿਣਾ ਕਰੋ।

## ਪੁੰਨ ਕਰੈ ਦਿਨ ਰੈਣ ਮੈ; ਜਾਣੈ ਦੇਹ ਅਨਿਤ ॥੫॥

ਦਿਨ ਰੈਣ = ਰਾਤ ਵਿਚ ਪੁੰਨ ਦਾਨ ਹੀ ਕਰੈ = ਕਰਦਾ ਰਹੇ ਅਤੇ ਦੇਹ = ਸਰੀਰ ਨੂੰ ਸਦਾ ਅਨਿਤ = ਨਾਸ਼ਵਾਨ ਜਾਣੈ = ਜਾਨਣਾ ਕਰੇ, ਭਾਵ ਧਰਮ ਦੀ ਕਿਰਤ ਕਰਕੇ ਲੋੜਵੰਦ ਨੂੰ ਦਾਨ ਦੇਵੇ ਅਤੇ ਮਨ ਵਿਚ ਸਦਾ ਇਹ ਵਿਚਾਰ ਰੱਖੇ ਕਿ ਇਹ ਸਰੀਰ ਝੂਠਾ, ਨਾਸ਼ਵਾਨ ਹੈ ॥੫॥

## ਰੂਪ ਬਿਨਾਸੈ ਨਾਰਿ ਕੋ; ਤਪਹਿ ਬਿਨਾਸੈ ਕ੍ਰੋਧ ॥

ਨਾਰਿ = ਇਸਤ੍ਰੀ ਕੋ = ਦਾ ਰੂਪ = ਸੁੰਦਰ ਸਰੂਪ ਹੀ ਉਸਦੇ ਬਿਨਾਸੈ = ਨਾਸ਼ ਦਾ ਕਾਰਨ ਬਣ ਜਾਂਦਾ ਹੈ **ਵਾ:** ਇਸਤ੍ਰੀ ਦੇ ਸੁੰਦਰ ਸਰੂਪ ਦੇ ਕਈ ਵੈਰੀ ਬਣ ਜਾਂਦੇ ਹਨ ਅਤੇ ਤਪਹਿ = ਤਪੱਸਿਆ ਨੂੰ ਕ੍ਰੋਧ = ਗ਼ੁੱਸਾ ਬਿਨਾਸੈ = ਨਾਸ਼ ਕਰ ਦੇਂਦਾ ਹੈ।

## ਦੂਰ ਚਰਿਤ ਨਾਸੈ ਗਵਨ; ਔਰ ਲੋਭ ਤੇ ਬੋਧ ॥੬॥

ਦੂਰ ਦਾ ਚਰਿਤ = ਚੱਲਣਾ ਭਾਵ ਦੂਰ ਦਾ ਪੈਂਡਾ ਗਵਨ = ਤੁਰਨ ਨਾਲ ਨਾਸੈ = ਨਾਸ਼ ਹੋ ਜਾਂਦਾ ਹੈ ਅਤੇ ਲੋਭ = ਲਾਲਚ ਕਰਨ ਤੋਂ ਬੋਧ = ਗਿਆਨ ਨਾਸ਼ ਹੋ ਜਾਂਦਾ ਹੈ ॥੬॥

## ਪੁਤ੍ਰਵਤੀ ਪਤਿ ਕੀ ਪ੍ਰਿਯਾ; ਅਰੁ ਪਤਿਬ੍ਰਤਾ ਪਵਿੱਤ੍ਰ ॥

ਹੇ ਭਾਈ ! ਜੋ ਇਸਤ੍ਰੀ ਪੁਤ੍ਰਵਤੀ = ਪੁੱਤਰ ਵਾਲੀ, ਆਪਣੇ ਪਤਿ = ਪਤੀ ਕੀ = ਦੀ ਪ੍ਰਿਯਾ = ਪਿਆਰੀ ਹੈ ਅਰੁ = ਅਤੇ ਪਤੀਬਰਤਾ ਧਰਮ ਵਿਚ ਪ੍ਰਪੱਕ ਤੇ ਪਵਿੱਤ੍ਰ = ਉੱਜਲ ਰਹਿਣ ਵਾਲੀ ਹੈ।

## ਤਿਸ ਕਾ ਜੀਵਨ ਸਫਲ ਜਗ; ਜਿਹ ਘਰ ਨਾਰਿ ਬਚਿਤ੍ਰ ॥੭॥

ਹੇ ਭਾਈ ! ਜਿਹ = ਜਿਸ ਦੇ ਘਰ ਵਿਚ ਐਸੀ ਗੁਣਾਂ ਵਾਲੀ ਬਚਿਤ੍ਰ = ਸੁੰਦਰ ਨਾਰਿ = ਇਸਤ੍ਰੀ ਹੈ, ਤਿਸ = ਉਸ ਕਾ = ਦਾ ਜੀਵਨ ਜਗ = ਸੰਸਾਰ ਵਿਚ ਸਫਲਾ ਹੈ ਭਾਵ ਉਹੋ ਹੀ ਸਭ ਤਰ੍ਹਾਂ ਕਰਕੇ ਸੁਖੀ ਹੈ ॥੭॥

## ਪਤਿ ਆਗਯਾ ਮੈਂ ਹੋਇ ਚਿਤ; ਚਤੁਰ ਸੁੱਧ ਮਿਠ ਬੋਲ ॥

ਜਿਸ ਇਸਤ੍ਰੀ ਦਾ ਚਿਤ = ਮਨ ਹਮੇਸ਼ਾਂ ਆਪਣੇ ਪਤਿ = ਪਤੀ ਦੀ ਆਗਿਆ ਮੈ = ਵਿਚ ਹੀ ਹੋਇ = ਹੁੰਦਾ ਹੈ, ਭਾਵ ਆਪਣੇ ਪਤੀ ਦੀ ਆਗਿਆ ਮੰਨਣ ਵਿਚ ਹੀ ਚਿਤ ਜੁੜਿਆ ਰਹਿੰਦਾ ਹੈ, ਫਿਰ ਚਤੁਰ = ਸਿਆਣੀ ਵੀ ਹੋਏ, ਸਰੀਰ ਕਰਕੇ ਵੀ ਸੁਧ = ਪਵਿੱਤ੍ਰ ਰਹਿੰਦੀ ਹੋਵੇ ਅਤੇ ਮੁਖੋਂ ਵੀ ਮਿਠ ਬੋਲ = ਮਿੱਠੇ, ਪਿਆਰ ਵਾਲੇ ਬਚਨ ਬੋਲਦੀ ਹੋਵੇ।

## ਵਹੁ ਨਾਰੀ ਮਨ ਕੋ ਹਰੈ; ਐਸੀ ਰਤਨ ਅਮੋਲ ॥੮॥

ਵਹੁ = ਉਹ ਨਾਰੀ = ਇਸਤ੍ਰੀ ਆਪਣੇ ਪਤੀ ਦੇ ਮਨ = ਚਿਤ ਕੋ = ਨੂੰ ਹਰੈ = ਚੁਰਾ ਲੈਂਦੀ ਹੈ, ਭਾਵ ਆਪਣੇ ਵੱਸ ਕਰ ਲੈਂਦੀ ਹੈ ਅਤੇ ਐਸੀ = ਅਜਿਹੀ ਇਸਤ੍ਰੀ ਅਮੋਲ = ਅਮੋਲਕ ਰਤਨਾਂ ਦੇ ਤੁਲ ਹੈ ॥੮॥

## ਨਾਰਿ ਬਿਰੂਪਾਖੀ ਮਲਨ; ਕਲਹ ਨ ਉਤਰੈ ਬਾਦ ॥

ਜਿਸ ਮਨੁੱਖ ਦੇ ਘਰ (ਬਿਰੂਪ+ਅਖੀ) ਬਿਰੂਪ = ਰੂਪ ਤੋਂ ਹੀਣੀ ਬਦ-ਸ਼ਕਲ, ਚੁੰਨੀਆਂ ਜਾਂ ਭੈੜੀਆਂ ਅਖੀ = ਅੱਖਾਂ ਵਾਲੀ ਤੇ ਮਲਨ = ਮਲੀਨ ਰਹਿਣ ਵਾਲੀ ਨਾਰਿ = ਇਸਤ੍ਰੀ ਹੈ ਅਤੇ ਜਿਸ ਦੇ ਘਰ ਵਿਚ ਇਸਤ੍ਰੀ ਕਲਹ = ਲੜਾਈ ਬਾਦ = ਝਗੜੇ ਤੋਂ ਹੇਠਾਂ ਨਹੀ ਉਤਰੈ = ਉਤਰਦੀ ਭਾਵ ਹਰ ਵੇਲੇ ਝਗੜਾ ਕਰਦੀ ਰਹਿੰਦੀ ਹੈ।

## ਤਿਹ ਨਰ ਕੋ ਸੁਖ ਕਛੁ ਨਹੀਂ; ਜਗ ਮੈਂ ਜੀਵਨ ਬਾਦ ॥੯॥

ਤਿਹ = ਤਿਸ ਨਰ = ਮਨੁੱਖ ਕੋ = ਨੂੰ ਕਛੁ = ਕੁਝ ਵੀ ਸੁੱਖ ਪ੍ਰਾਪਤ ਨਹੀਂ ਹੁੰਦਾ, ਇਸ ਜਗ = ਸੰਸਾਰ ਮੈ = ਵਿਚ ਉਸਦਾ ਜੀਵਨ = ਜਿਉਣਾ ਬਾਦ = ਵਿਅਰਥ ਹੀ ਹੁੰਦਾ ਹੈ ॥੯॥

## ਦੇਵ ਸਾਧ ਦਿਜ ਭਗਤਿ ਵਸ; ਔਰ ਅਰਥ ਵਸਿ ਆਹਿ ॥

ਹੇ ਭਾਈ ! ਦੇਵ = ਦੇਵਤਾ, ਸਾਧ = ਸੰਤ ਜਨ ਤੇ ਦਿਜ = ਬ੍ਰਾਹਮਣ ਭਗਤਿ = ਭਗਤੀ ਭਾਵ ਸ਼ਰਧਾ ਜਾਂ ਪ੍ਰੇਮ ਦੇ ਕਾਰਨ ਵਸਿ = ਅਧੀਨ ਹੋ ਜਾਂਦੇ ਹਨ ਅਤੇ ਔਰ = ਹੋਰ ਦੁਨੀਆਂਦਾਰ ਲੋਕ ਅਰਥ = ਧਨ ਕਰਕੇ ਵਸਿ = ਅਧੀਨ ਹੋ ਆਹਿ = ਆਉਂਦੇ ਹਨ।

## ਪੰਡਿਤ ਵਸਿ ਪਰਥਾਵ ਕੇ; ਦੋ ਕਰ ਜਾਣੈ ਤਾਹਿ ॥੧੦॥

ਪੰਡਿਤ = ਵਿਦਵਾਨ ਜਨ ਕਿਸੇ ਚੰਗੇ ਪਰਥਾਵ = ਪ੍ਰਸੰਗ ਅਥਵਾ ਚੁਕਮੇ ਪ੍ਰਕਰਣ ਤ੍ਰਤੀਵ ਅਨੁਸਾਰ ਵਿਆਖਿਆ ਦੇ ਸੁਣਨ ਕਰਕੇ ਵਸਿ = ਅਧੀਨ ਹੋ ਜਾਂਦੇ ਹਨ, ਇਸ ਲਈ ਆਪਣੇ ਦੋਵੇਂ ਕਰਿ = ਹੱਥ ਜੋੜ ਕਰਕੇ ਉਨ੍ਹਾਂ ਨੂੰ ਨਮਸਕਾਰ ਕਰਕੇ ਜਾਨਣਾ ਕਰੇ ॥੧੦॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਸਪਤਮੋ ਅਧਿਆਇ ॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੇ ਗ੍ਰੰਥ ਦਾ ਸਪਤਮੋ = ਸਤਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੭॥

### ਅੱਠਵਾਂ ਅਧਿਆਇ

## ਦੋਹਰਾ ॥ ਊਚ ਹੋਤ ਵਸ ਬਿਨੈ ਤੇ; ਅਲਪ ਦਾਨ ਤੇ ਨੀਚ ॥

ਹੇ ਭਾਈ! ਊਚ = ਉੱਚਾ, ਵੱਡਾ ਮਨੁੱਖ ਬਿਨੈ = ਬੇਨਤੀ ਕਰਨ ਤੇ = ਤੋਂ ਵਸਿ = ਅਧੀਨ ਹੋਤ = ਹੋ ਜਾਂਦਾ ਹੈ ਅਤੇ ਅਲਪ = ਤੁਛ ਭਾਵ ਥੋੜ੍ਹਾ ਕੁ ਦਾਨ ਦੇਣ ਤੇ = ਤੋਂ ਨੀਚ = ਨੀਵਾਂ ਭਾਵ ਕੰਗਾਲ, ਮੰਗਤਾ ਮਨੁੱਖ ਵੱਸ ਹੋ ਜਾਂਦਾ ਹੈ।

## ਸੂਰ ਭੇਦ ਤੇ ਹੋਤ ਵਸ; ਸਮ ਪ੍ਰਾਕ੍ਰਮ ਤੇ ਵੀਚ ॥੧॥

ਸੂਰ = ਸੂਰਮਾ ਮਨੁੱਖ ਉਸਦੇ ਭੇਦ = ਰਾਜ਼, ਗੁਪਤ ਗੱਲ ਪਤਾ ਲੱਗਣ ਤੋਂ ਵਸਿ = ਅਧੀਨ ਹੋ ਜਾਂਦਾ ਹੈ ਅਤੇ ਸਮ = ਬਰਾਬਰ ਦਾ ਪ੍ਰਾਕ੍ਰਮ = ਬਲ ਰੱਖਣ ਵਾਲਾ ਮਨੁੱਖ ਉਤਨੀ ਹੀ ਤਾਕਤ ਨਾਲ ਜਿੱਤ ਲਿਆ ਜਾ ਸਕਦਾ ਹੈ ਵਾ: ਬਰਾਬਰ ਦਾ ਬਲ ਪੈਦਾ ਕਰਨ ਨਾਲ ਵੱਸ ਹੋ ਜਾਂਦਾ ਹੈ ॥੧॥

## ਅਗਨਿ ਨ ਤ੍ਰਿਪਤੈ ਈਂਧਨੈ; ਸਿੰਧੁ ਨ ਸਰਤਨ ਪਾਇ ॥

ਹੇ ਭਾਈ! ਜਿਵੇਂ ਅਗਨਿ = ਅੱਗ ਕਦੇ ਵੀ ਈਂਧਨੈ = ਬਾਲਣ ਦੇ ਨਾਲ ਤ੍ਰਿਪਤੈ = ਰੱਜਦੀ ਨਹੀਂ ਹੈ[੧] ਅਤੇ ਸਿੰਧੁ = ਸਮੁੰਦਰ ਅਨੇਕਾਂ ਸਰਤਨ = ਨਦੀਆਂ ਪੈਣ ਨਾਲ ਵੀ ਰੱਜਦਾ, ਭਰਦਾ ਨਹੀਂ ਹੈ।

## ਕੁਨਾਰਿ ਨ ਤ੍ਰਿਪਤੈ ਨਰਨ ਤੇ; ਕਾਲ ਨ ਸ੍ਰਿਸਟੈ ਖਾਇ ॥੨॥

ਫਿਰ ਜਿਵੇਂ ਕੁਨਾਰਿ = ਖੋਟੀ, ਵਿਭਚਾਰਨ ਇਸਤ੍ਰੀ ਅਨੇਕਾਂ ਨਰਨ = ਮਨੁੱਖਾਂ ਦੇ ਨਾਲ ਵਿਸ਼ੇ ਭੋਗ ਕੇ ਵੀ ਤ੍ਰਿਪਤੈ = ਰੱਜਦੀ ਨਹੀਂ ਹੈ, ਤਿਵੇਂ ਹੀ ਕਾਲ ਸਾਰੀ ਸ੍ਰਿਸਟੈ = ਸ੍ਰਿਸ਼ਟੀ ਨੂੰ ਖਾਇ = ਖਾ ਕੇ ਵੀ ਕਦੇ ਰੱਜਦਾ ਨਹੀਂ ਹੈ, ਭਾਵ ਉਹ ਦੁਨੀਆਂ ਨੂੰ ਮਾਰੀ ਹੀ ਜਾ ਰਿਹਾ ਹੈ ॥੨॥

## ਮਾਂਗੇ ਦੇਤ ਨ ਬਡਾ ਕਛੁ; ਤਉ ਭੀ ਬਡਾ ਕਹਾਇ ॥

ਹੇ ਭਾਈ! ਕੋਈ ਬਡਾ = ਵੱਡਾ ਮਨੁੱਖ ਮੰਗਣ ਤੋਂ ਜੇਕਰ ਕਛੁ = ਕੁਝ ਵੀ ਨਾ ਦੇਤ = ਦੇਣਾ ਕਰੇ, ਤਉ = ਤਦ ਭੀ = ਵੀ ਉਹ ਮਨੁੱਖ ਆਪਣੇ ਆਪ ਨੂੰ ਵੱਡਾ ਹੀ ਕਹਾਇ = ਕਹਾਉਂਦਾ ਹੈ।

## ਦਾਂਤ ਕਟੇ ਤੇ ਦੁਰਦ ਕੀ; ਬਡਾਈ ਨਹਿੰ ਜਾਇ ॥੩॥

ਜਿਵੇਂ ਦਾਂਤ = ਦੰਦ ਕੱਟੇ ਜਾਣ ਤੇ = ਤੋਂ ਵੀ ਦੁਰਦ = ਹਾਥੀ ਕੀ = ਦੀ ਕੋਈ ਬਡਾਈ = ਮਹਿਮਾ ਘੱਟ ਨਹੀਂ ਜਾਇ = ਜਾਂਦੀ, ਤਿਵੇਂ ਜੇਕਰ ਕੋਈ ਵੱਡਾ ਮਨੁੱਖ ਕਿਸੇ ਨੂੰ ਕੁਝ ਨਾ ਵੀ ਦਵੇ ਤਾਂ ਵੀ ਉਹ ਵੱਡਾ ਹੀ ਰਹਿੰਦਾ ਹੈ, ਉਸਦੀ ਵਡਿਆਈ ਵਿਚ ਫ਼ਰਕ ਨਹੀਂ ਪੈਂਦਾ ॥੩॥

---

੧. ਜੈਸਾ ਕਿ : ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥ *(ਅੰਗ ੨੮੦)*

## ਬਡੋ ਲਗੈ ਬਡ ਕਾਜ ਕੋ; ਜੌ ਨ ਹੋਇ ਘਟਾਇ ॥

ਹੇ ਭਾਈ! ਜੇਕਰ ਕੋਈ ਬਡੋ = ਵੱਡਾ ਮਨੁੱਖ ਕਿਸੇ ਬਡ = ਵੱਡੇ ਕਾਜ = ਕੰਮ ਕੋ = ਨੂੰ ਕਰਨ ਵਿਚ ਲਗੈ = ਲੱਗ ਜਾਂਦਾ ਹੈ ਪਰ ਜੌ = ਜੇਕਰ ਉਹ ਕੰਮ ਪੂਰਾ ਨਾ ਵੀ ਹੋਵੇ ਤਦ ਵੀ ਉਸ ਵੱਡੇ ਮਨੁੱਖ ਦਾ ਕੁਝ ਘਟਾਇ = ਘੱਟਦਾ ਨਹੀਂ ਹੈ।

## ਪਰਬਤ ਸੋਂ ਭਿਰ ਨਹਿ ਘਟੈ; ਜੌ ਗਜ ਦੰਤ ਤੁਰਾਇ ॥੪॥

ਜਿਵੇਂ ਪਰਬਤ = ਪਹਾੜ ਸੋਂ = ਨਾਲ ਭਿੜ ਕਰਕੇ ਵੀ ਭਾਵ ਪਹਾੜ ਵਿਚ ਟੱਕਰ ਮਾਰ ਕੇ ਵੀ ਹਾਥੀ ਦਾ ਕੁਝ ਨਹੀਂ ਘਟੈ = ਘੱਟਦਾ ਜੌ = ਜੇਕਰ ਗਜ = ਹਾਥੀ ਆਪਣੇ ਦੰਤ = ਦੰਦ ਵੀ ਤੁਰਾਇ = ਤੁੜਾ ਲਵੇ ਅਰਥਾਤ ਪਹਾੜ ਨਾਲ ਟੱਕਰ ਮਾਰ ਕੇ ਭਾਵੇਂ ਹਾਥੀ ਆਪਣੇ ਦੰਦ ਤੁੜਾ ਵੀ ਲਵੇ ਤੇ ਪਹਾੜ ਭਾਵੇਂ ਨਾ ਵੀ ਡਿੱਗੇ ਤਦ ਵੀ ਹਾਥੀ ਦੀ ਵਡਿਆਈ ਵਿਚ ਕੋਈ ਫ਼ਰਕ ਨਹੀਂ ਪੈਂਦਾ, ਉਸਨੂੰ ਸਾਰੇ ਹਾਥੀ ਹੀ ਆਖਦੇ ਹਨ ਤਿਵੇਂ ਕੋਈ ਵੱਡਾ ਮਨੁੱਖ ਜੇਕਰ ਕਿਸੇ ਵੱਡੇ ਕੰਮ ਨੂੰ ਲੱਗਾ ਹੈ ਭਾਵੇਂ ਉਹ ਕੰਮ ਪੂਰਾ ਨਾ ਵੀ ਹੋਵੇ ਤਦ ਵੀ ਉਸਦੀ ਵਡਿਆਈ ਵਿਚ ਕੋਈ ਫ਼ਰਕ ਨਹੀਂ ਪੈਂਦਾ, ਉਸਨੂੰ ਸਾਰੇ ਵੱਡਾ ਮਨੁੱਖ ਹੀ ਆਖਦੇ ਹਨ ॥੪॥

## ਅਨਪੁਤ੍ਰੀਂ ਕੀ ਗਤਿ ਨਹੀਂ; ਸ੍ਵਰਗ ਬੀਚ ਨਹਿ ਠੌਰ ॥

ਹੇ ਭਾਈ! ਅਨਮੱਤਾਂ ਅਨੁਸਾਰ ਅਨਪੁਤ੍ਰੀ = ਪੁੱਤਰ ਤੋਂ ਹੀਨ ਮਨੁੱਖ ਦੀ = ਕੀ ਕਿਤੇ ਵੀ ਗਤਿ = ਕਲਿਆਨ ਨਹੀਂ ਹੋ ਸਕਦੀ ਅਤੇ ਉਸਨੂੰ ਸ੍ਵਰਗ ਵਿਚ ਵੀ ਠੌਰ = ਥਾਂ ਨਹੀਂ ਮਿਲ ਸਕਦੀ।

## ਜਿਉਂ ਕਿਉਂ ਸੁਤ ਉਪਜਾਈਐ; ਬਯਾਹ ਕਰਾਵੈ ਔਰੁ ॥੫॥

ਇਸ ਲਈ ਜਿਉਂ ਕਿਉਂ = ਜਿਵੇਂ ਕਿਵੇਂ ਮਰਜ਼ੀ ਕਰਕੇ ਸੁਤ = ਪੁੱਤਰ ਉਪਜਾਈਐ = ਪੈਦਾ ਕਰੋ ਭਾਵੇਂ ਔਰੁ = ਹੋਰ ਬਯਾਹ = ਸ਼ਾਦੀ ਕਰਾਵੈ = ਕਰਵਾ ਲਵੋ ॥੫॥

***ਨੋਟ*:** ਇਸ ਸਿਧਾਂਤ ਨਾਲ ਗੁਰਮਤਿ ਸਹਿਮਤ ਨਹੀਂ ਹੈ, ਗੁਰਮਤਿ ਵਿਚ ਤਾਂ ਪ੍ਰਭੂ ਦਾ ਸਿਮਰਨ ਕਰ ਕੇ ਹੀ ਕਲਿਆਣ ਹੁੰਦੀ ਹੈ, ਇਸ ਵਿਚ ਭਾਵੇਂ ਕੋਈ ਵਿਆਹਿਆ ਹੋਵੇ ਭਾਵੇਂ ਕੋਈ ਬਿਹੰਗਮ ਹੋਵੇ। ਪ੍ਰਭੂ ਦਾ ਨਾਮ ਸਭ ਦੀ ਕਲਿਆਣ ਕਰਨ ਵਾਲਾ ਹੈ।

## ਭਵਨ ਸੂੰਨ ਅਨਪੁਤ੍ਰ ਕਾ; ਬਾਂਧਵ ਬਿਨ ਪ੍ਰਦੇਸ਼ ॥

ਹੇ ਭਾਈ! ਅਨਪੁਤ੍ਰ = ਪੁੱਤਰ ਤੋਂ ਹੀਨ ਮਨੁੱਖ ਕਾ = ਦਾ ਭਵਨ = ਘਰ ਸੂੰਨ = ਸੁੰਞਾ, ਖ਼ਾਲੀ ਹੀ ਲੱਗਦਾ ਹੈ ਅਤੇ ਬਾਂਧਵ = ਸੰਬੰਧੀਆਂ ਤੋਂ ਬਿਨਾਂ ਪ੍ਰਦੇਸ਼ ਵੀ ਸੁੰਨ-ਸਾਨ ਲੱਗਦਾ ਹੈ।

## ਹਿਰਦਾ ਸੂੰਨ ਹੈ ਮੂੜ੍ਹ ਕਾ; ਦਾਰਿਦ੍ਰੀ ਕਾ ਭੇਸ ॥੬॥

ਮੂੜ੍ਹ = ਮੂਰਖ ਮਨੁੱਖ ਕਾ = ਦਾ ਹਿਰਦਾ ਸ਼ੁਭ ਗੁਣਾਂ ਤੋਂ ਬਿਨਾਂ ਹੋਣ ਕਰਕੇ ਸੂੰਨ = ਖ਼ਾਲੀ ਰਹਿੰਦਾ ਹੈ, ਅਤੇ ਦਾਰਿਦ੍ਰੀ = ਆਲਸੀ ਮਨੁੱਖ ਕਾ = ਦਾ ਭੇਸ = ਲਿਬਾਸ ਬੇਕਾਰ ਲੱਗਦਾ ਹੈ ॥੬॥

## ਅੰਤਰ ਮ੍ਰਿਦੁ ਬਾਹਰ ਕਠਿਨ; ਉੱਤਮ ਜਿਉਂ ਨਲੀਏਰ ॥

ਹੇ ਭਾਈ! ਜਿਉਂ = ਜਿਵੇਂ ਨਲੀਏਰ = ਨਾਰੀਅਲ ਫਲ ਅੰਤਰ = ਅੰਦਰੋਂ ਬਹੁਤ ਮ੍ਰਿਦੁ = ਕੋਮਲ ਅਤੇ ਬਾਹਰੋਂ ਬਹੁਤ ਕਠਿਨ = ਸਖ਼ਤ ਹੁੰਦਾ ਹੈ, ਤਿਵੇਂ ਹੀ ਉੱਤਮ = ਸ੍ਰੇਸ਼ਟ ਮਨੁੱਖ ਨੂੰ ਜਾਨਣਾ ਕਰੋ, ਭਾਵ ਸ੍ਰੇਸ਼ਟ

ਸੁਭਾਅ ਵਾਲਾ ਮਨੁੱਖ ਬਾਹਰੋਂ ਭਾਵੇਂ ਕਿਸੇ ਕਾਰਨ ਸਖ਼ਤ ਬਚਨ ਵੀ ਬੋਲੇ, ਪਰ ਅੰਦਰੋਂ ਉਹ ਨਾਰੀਅਲ ਦੀ ਗਿਰੀ ਵਾਂਗ ਨਰਮ ਦਿਲੀ ਹੁੰਦਾ ਹੈ।

## ਬਾਹਰ ਮ੍ਰਿਦੁ ਅੰਤਰ ਕਠਿਨ; ਨੀਚ ਪੁਰਖ ਜਿਉਂ ਬੇਰ ॥੭॥

ਜੋ ਬਾਹਰੋਂ ਮ੍ਰਿਦੁ = ਕੋਮਲ ਬਣੇ ਰਹਿੰਦੇ ਹਨ ਤੇ ਅੰਤਰ = ਅੰਦਰੋਂ ਕਠਿਨ = ਕਠੋਰ ਸੁਭਾਅ ਦੇ ਹੁੰਦੇ ਹਨ, ਉਹ ਨੀਚ ਪੁਰਸ਼ ਬੇਰ ਜਿਉਂ = ਵਾਂਗ ਹਨ ਭਾਵ ਜਿਵੇਂ ਬੇਰ ਬਾਹਰੋਂ ਤਾਂ ਨਰਮ ਹੁੰਦਾ ਹੈ ਪਰ ਅੰਦਰੋਂ ਬੀਜ ਸਖ਼ਤ ਹੁੰਦਾ ਹੈ ਤਿਵੇਂ ਘਟੀਆ ਤੇ ਨੀਚ ਪੁਰਖ ਬਾਹਰੋਂ ਤਾਂ ਬਹੁਤ ਨਿਮਰਤਾ ਦਿਖਾਉਂਦੇ ਹਨ ਪਰ ਦਿਲ ਦੇ ਬਹੁਤ ਖੋਟੇ ਹੁੰਦੇ ਹਨ॥੭॥

## ਸੂਰ ਨਹੀਂ ਵਿਦਯਾ ਨਹੀਂ; ਨਹਿ ਪੰਡਿਤ ਜਿਹ ਤਾਤ ॥

ਹੇ ਭਾਈ! ਜਿਸ ਦੀ ਕੁਲ ਵਿਚ ਕੋਈ ਸੂਰ = ਸੂਰਮਾ ਨਹੀਂ ਹੈ, ਕੋਈ ਵਿੱਦਿਆ ਵਾਲਾ ਗੁਣ ਨਹੀਂ ਅਤੇ ਜਿਹ = ਜਿਸ ਦੇ ਘਰ ਵਿਚ ਕੋਈ ਪੰਡਿਤ = ਵਿਦਵਾਨ, ਗਿਆਨਵਾਨ ਤਾਤ = ਪੁੱਤਰ ਨਹੀਂ ਹੈ।

## ਤਿਸ ਕੇ ਕੁਲ ਅੰਧਯਾਰ ਹੈ; ਜਿਉਂ ਅਮਾਵਸ ਕੀ ਰਾਤ ॥੮॥

ਤਿਸ = ਉਸ ਕੇ = ਦੇ ਕੁਲ = ਵੰਸ਼ ਵਿੱਚੋਂ ਇਸ ਪ੍ਰਕਾਰ ਦਾ ਅੰਧਯਾਰ = ਹਨੇਰਾ ਜਾਨਣਾ ਕਰੋ, ਜਿਉਂ = ਜਿਵੇਂ ਅਮਾਵਸ = ਮੱਸਿਆ ਕੀ = ਦੀ ਰਾਤ ਨੂੰ ਹਨੇਰਾ ਹੀ ਹਨੇਰਾ ਹੁੰਦਾ ਹੈ। ਇਸ ਲਈ ਆਪਣੇ ਪੁੱਤਰ ਨੂੰ ਕਿਸੇ ਨਾ ਕਿਸੇ ਪ੍ਰਕਾਰ ਦਾ ਗੁਣਵਾਨ ਬਣਾਉਣਾ ਜੋਗ ਹੈ॥੮॥

## ਦਿਨ ਕਾ ਦੀਪਕ ਸੂਰ ਹੈ; ਨਿਸ ਕਾ ਦੀਪਕ ਚੰਦ ॥

ਹੇ ਭਾਈ! ਜਿਵੇਂ ਦਿਨ ਕਾ = ਦਾ ਦੀਪਕ = ਦੀਵਾ ਸੂਰ = ਸੂਰਜ ਹੈ ਅਤੇ ਨਿਸ = ਰਾਤ ਕਾ = ਦਾ ਦੀਪਕ = ਦੀਵਾ ਚੰਦ = ਚੰਦ੍ਰਮਾ ਹੈ।

## ਦੀਪਕ ਧਰਮ ਤ੍ਰਿਲੋਕ ਕਾ; ਕੁਲ ਕਾ ਦੀਪ ਸੁਨੰਦ ॥੯॥

ਤਿਵੇਂ ਤ੍ਰਿਲੋਕ = ਤਿੰਨੇ ਲੋਕਾਂ ਕਾ = ਦਾ ਦੀਪਕ = ਦੀਵਾ ਧਰਮ ਹੈ ਅਤੇ ਆਪਣੀ ਕੁਲ ਦਾ ਦੀਪ = ਦੀਵਾ ਸੁਨੰਦ = ਸ੍ਰੇਸ਼ਟ ਪੁੱਤਰ ਹੈ॥੯॥

## ਸਿੰਘਨਿ ਕਾ ਸੁਤ ਏਕ ਹੈ; ਸੁਖ ਸੋਵਤ ਵੋਹ ਨੀਠ ॥

ਹੇ ਭਾਈ! ਸਿੰਘਨਿ = ਸ਼ੇਰਨੀ ਕੇ = ਦੇ ਕੋਲ ਭਾਵੇਂ ਏਕ = ਇੱਕੋ ਹੀ ਸੁਤ = ਪੁੱਤਰ ਹੋਵੇ, ਉਹ ਸਾਰੇ ਜੰਗਲ ਦਾ ਰਾਜਾ ਹੁੰਦਾ ਹੈ ਅਤੇ ਵੋਹ = ਉਹ ਸ਼ੇਰ ਸ਼ੇਰਨੀ ਦਾ ਪੁੱਤਰ ਸੁਖ = ਸ਼ਾਂਤੀ, ਅਰਾਮ ਦੀ ਗੂੜ੍ਹੀ ਨੀਂਦ ਸੋਵਤ = ਸੌਂਦਾ ਭਾਵ ਖੜਕੇ ਨਾਲ ਘਬਰਾ ਕੇ ਉੱਠਦਾ ਨਹੀਂ, ਜਿਵੇਂ ਕੁੱਤਾ ਥੋੜੇ ਜਿਹੇ ਖੜਕੇ ਨਾਲ ਘਬਰਾ ਕੇ ਉੱਠਦਾ ਹੈ ਤੇ ਸ਼ੇਰ ਦੀ ਨੀਂਦ ਬੇਫਿਕਰੀ ਦੀ ਨੀਂਦ ਹੁੰਦੀ ਹੈ, ਇਹ ਨੀਠ = ਪ੍ਰਤੱਖ ਦੇਖਿਆ ਗਿਆ ਹੈ।

## ਗਧਹੀ ਕੇ ਸੁਤ ਬਹੁਤ ਹੈਂ; ਭਾਰ ਉਠਾਵਤ ਪੀਠ ॥੧੦॥

ਪਰ ਗਧਹੀ = ਖੋਤੀ ਕੇ = ਦੇ ਬਹੁਤ = ਅਨੇਕ ਸੁਤ = ਪੁੱਤਰ ਖੋਤੇ ਹੁੰਦੇ ਹਨ, ਉਨ੍ਹਾਂ ਪੁੱਤਰਾਂ ਦੇ ਹੁੰਦਿਆਂ ਵੀ ਉਹ ਗਧੀ ਤੇ ਗਧਾ ਆਪਣੀ ਪੀਠ = ਪਿੱਠ ਉੱਪਰ ਭਾਰ = ਬੋਝ ਹੀ ਉਠਾਵਤ = ਉਠਾਉਂਦੇ ਹਨ॥੧੦॥

ਅੱਗੇ ਏਸੇ ਦੋਹਰੇ ਦਾ 'ਦਾ ਦ੍ਰਿਸ਼ਟਾਂਤ' ਦੇ ਕੇ ਸਪੱਸ਼ਟ ਕਰਦੇ ਹਨ:

## ਜਿਸ ਤੇ ਕੁਲ ਸੁਖ ਪਾਵਹੀ; ਏਕੋ ਭਲੋ ਸਪੂਤ ॥

ਹੇ ਭਾਈ! ਜਿਸ ਦੁਆਰਾ ਸਾਰੀ ਕੁਲ = ਵੰਸ਼ ਹੀ ਸੁਖ ਪਾਵਹੀ = ਪ੍ਰਾਪਤ ਕਰੇ, ਉਹੋ ਜਿਹਾ ਸਪੂਤ = ਸ੍ਰੇਸ਼ਟ ਪੁੱਤਰ ਏਕੋ = ਇਕ ਹੀ ਭਲੋ = ਚੰਗਾ ਹੈ।

## ਦੇਇ ਸੋਗ ਸੰਤਾਪ ਜੋ; ਬਹੁਤੇ ਬੁਰੇ ਕਪੂਤ ॥੧੧॥

ਜੋ = ਜਿਹੜੇ ਹਮੇਸ਼ਾਂ ਸੋਗ = ਗ਼ਮ ਤੇ ਸੰਤਾਪ = ਦੁੱਖ ਹੀ ਦੇਇ = ਦੇਣਾ ਕਰਨ, ਉਹੋ ਜਿਹੇ ਬਹੁਤੇ ਕਪੂਤ = ਖੋਟੇ ਪੁੱਤਰ ਬੁਰੇ = ਭੈੜੇ ਹੀ ਹਨ ਅਰਥਾਤ ਜਿਸ ਪੁੱਤਰ ਦੇ ਜਨਮ 'ਤੇ ਮਾਤਾ-ਪਿਤਾ ਆਦਿਕ ਸਾਰੀ ਕੁਲ ਵਿਚ ਸੁਖ ਹੋ ਜਾਵੇ, ਅਜਿਹਾ ਇਕ ਪੁੱਤਰ ਹੀ ਚੰਗਾ ਹੈ ਅਤੇ ਖੋਟੇ ਪੁੱਤਰ ਦੇ ਜਨਮ 'ਤੇ ਸੋਗ ਸੰਤਾਪ ਦੁੱਖ ਕਲੇਸ਼ ਹੋਣ, ਉਹ ਬਹੁਤੇ ਵੀ ਕਿਸੇ ਕੰਮ ਨਹੀਂ ॥੧੧॥

## ਇਸ਼ਟ ਮਿਤ੍ਰ ਬਾਂਧਵ ਸਕਲ; ਅਉਰ ਹਿਤੂ ਜੋ ਆਹਿ ॥

ਹੇ ਭਾਈ! ਇਸ਼ਟ = ਪਿਆਰਾ ਮਿਤ੍ਰ = ਦੋਸਤ, ਸਕਲ = ਸਾਰੇ ਬਾਂਧਵ = ਸੰਬੰਧੀ ਅਤੇ ਅਉਰ = ਹੋਰ ਵੀ ਜੋ = ਜਿਹੜੇ ਲੋਕ ਹਿਤੂ = ਹਿਤ, ਪ੍ਰੇਮ ਕਰਨ ਵਾਲੇ ਆਹਿ = ਹਨ।

## ਜਿਹ ਜੀਵਤ ਏਤੇ ਜੀਏ; ਧੰਨ ਜਨਮ ਹੈ ਤਾਹਿ ॥੧੨॥

ਜਿਹ = ਜਿਸ ਮਨੁੱਖ ਦੇ ਜੀਵਤ = ਜਿਉਂਦਿਆਂ ਏਤੇ = ਇਤਨੇ (ਉੱਪਰ ਕਥਨ ਕੀਤੇ) ਜੀਏ = ਜਿਉਂਦੇ ਰਹਿੰਦੇ ਹੋਣ, ਭਾਵ ਸੁਖੀ ਵਸਦੇ ਹੋਣ ਤਾਂ ਉਸਦਾ ਜਨਮ ਇਸ ਸੰਸਾਰ ਵਿਚ ਧੰਨ = ਧੰਨਤਾ ਜੋਗ ਹੈ ॥੧੨॥

## ਪਸੁ ਭੀ ਅਪਨਾ ਪੇਟ ਭਰ; ਖਾਵਤ ਹੈ ਜਗ ਮਾਹਿ ॥

ਹੇ ਭਾਈ! ਪਸੁ = ਪਸ਼ੂ ਭੀ = ਵੀ ਆਪਣਾ ਪੇਟ = ਢਿੱਡ ਭਰ ਕੇ ਇਸ ਜਗ = ਸੰਸਾਰ ਮਾਹਿ = ਵਿਚ ਚਾਰਾ ਆਦਿ ਖਾਵਤ = ਖਾ ਲੈਂਦੇ ਹੈ = ਹਨ।

## ਜਨਮ ਸਫਲ ਹੈ ਤਿਨੋਂ ਕਾ; ਜੋ ਖਵਾਇ ਕੈ ਖਾਹਿ ॥੧੩॥

ਪਰ ਤਿਨੋ = ਉਨ੍ਹਾਂ ਮਨੁੱਖਾਂ ਕਾ = ਦਾ ਜਨਮ ਹੀ ਸਫਲਾ ਹੈ ਜੋ = ਜਿਹੜੇ ਕਿਸੇ ਗ਼ਰੀਬ, ਲੋੜਵੰਦ ਨੂੰ ਖਵਾਇ = ਖਵਾ ਕੈ = ਕਰਕੇ ਫਿਰ ਆਪ ਖਾਹਿ = ਖਾਂਦੇ ਹਨ ॥੧੩॥

## ਜੋ ਧਰਮੀ ਗੁਣਵਾਨ ਹੈਂ, ਤੇ ਜੀਵਤ ਜਗ ਮਾਹਿ ॥

ਹੇ ਭਾਈ! ਜੋ = ਜਿਹੜੇ ਮਨੁੱਖ ਧਰਮੀ = ਆਪਣੇ ਧਰਮ ਵਿਚ ਪ੍ਰਪੱਕ ਤੇ ਗੁਣਵਾਨ = ਸ਼ੁਭ ਗੁਣਾਂ ਦੇ ਸਹਿਤ ਹੈਂ = ਹਨ, ਤੇ = ਉਹੋ ਹੀ ਇਸ ਜਗ = ਜਗਤ ਮਾਹਿ = ਵਿਚ ਅਸਲੀ ਜੀਵਨ ਜੀਵਤ = ਜਿਉਂਦੇ ਹਨ **ਵਾ:** ਉਹ ਸਦਾ ਹੀ ਜਿਉਂਦੇ ਰਹਿੰਦੇ ਹਨ। ਜੈਸਾ ਕਿ:

**ਨਾਮੁ ਰਹਿਓ ਸਾਧੂ ਰਹਿਓ; ਰਹਿਓ ਗੁਰੁ ਗੋਬਿੰਦੁ ॥** *(ਸਲੋਕ ਮ: ੯, ਅੰਗ ੧੪੨੯)*

## ਅਫਲ ਜਨਮ ਜਗ ਤਿਨੋਂ ਕਾ; ਜਹਾਂ ਧਰਮ ਗੁਣ ਨਾਹਿ ॥੧੪॥

ਪਰ ਤਿਨੋਂ = ਉਨ੍ਹਾਂ ਮਨੁੱਖਾਂ ਕਾ = ਦਾ ਜਨਮ ਇਸ ਜਗ = ਸੰਸਾਰ ਵਿਚ ਅਫਲ = ਨਿਸਫਲ, ਵਿਅਰਥ ਹੀ ਹੈ, ਜਹਾ = ਜਿਨ੍ਹਾਂ ਦੇ ਹਿਰਦੇ ਅੰਦਰ ਧਰਮ ਤੇ ਸ਼ੁਭ ਗੁਣ ਨਾਹਿ = ਨਹੀਂ ਹਨ ॥੧੪॥

## ਬਾਨੀ ਜਿਨ ਕੀ ਰਸੁਵਤੀ; ਸਤੀ ਸੁੰਦਰੀ ਤੀਯ ॥

ਹੇ ਭਾਈ! ਜਿਨ ਕੀ = ਦੀ ਬਾਣੀ = ਬੋਲੀ ਬਹੁਤ ਰਸਵਤੀ = ਰਸ, ਮਿਠਾਸ ਦੇ ਸਹਿਤ ਹੈ, ਜੋ ਸਤੀ = ਸਤਪ੍ਰਤੱਗੀ ਤੇ ਸੁੰਦਰੀ = ਬਹੁਤ ਸੁੰਦਰ ਸਰੂਪ ਵਾਲੀ ਹੈ, ਐਸੀ ਤੀਯ = ਇਸਤ੍ਰੀ ਜਿਸ ਦੇ ਘਰ ਵਿਚ ਹੈ।

## ਭਾਗਵਤੀ ਜਿਹ ਲਛਮੀ; ਸਫਲ ਜਨਮ ਤਿਹ ਜੀਯ ॥੧੫॥

ਭਾਗਵਤੀ = ਭਾਗਾਂ ਦੇ ਨਾਲ ਜਿਹ = ਜਿਸ ਦੇ ਘਰ ਵਿਚ ਲਛਮੀ = ਧਨ, ਦੌਲਤ ਵੀ ਹੈ, ਤਿਹ = ਉਸ ਜੀਯ = ਜੀਵ ਦਾ ਜਨਮ ਵੀ ਇਸ ਜਗਤ ਵਿਚ ਸਫਲਾ ਹੈ ॥੧੫॥

## ਪਰ ਜਸ ਕੀ ਪਾਵਕ ਵਿਖੈ; ਭਸਮ ਹੋਤ ਹੈ ਨੀਚ ॥

ਹੇ ਭਾਈ! ਪਰ = ਪਰਾਏ ਸ੍ਰੇਸ਼ਟ ਮਨੁੱਖਾਂ ਦੇ ਜਸ ਕੀ = ਦੀ ਪਾਵਕ = ਅਗਨੀ ਵਿਖੈ = ਵਿਚ ਨੀਚ ਪੁਰਖ ਭਸਮ = ਸੁਆਹ ਹੋਤ = ਹੁੰਦੇ ਰਹਿੰਦੇ ਹਨ।

## ਤਾਂਤੇ ਨਿੰਦਯਾ ਕਰਤ ਹੈਂ; ਪਰ ਅਪਜਸ ਕੇ ਕੀਚ ॥੧੬॥

ਤਾਂਤੇ = ਤਿਸ ਕਰਕੇ ਉਹ ਨੀਚ ਮਨੁੱਖ ਨਿੰਦਯਾ = ਅਪਕੀਰਤੀ ਕਰਤ = ਕਰਦੇ ਰਹਿੰਦੇ ਹੈ = ਹਨ, ਅਤੇ ਹਮੇਸ਼ਾਂ ਪਰ = ਪਰਾਈ ਅਪਜਸ = ਅਪਕੀਰਤੀ ਕੇ = ਦੇ ਕੀਚ = ਚਿੱਕੜ ਵਿਚ ਹੀ ਫਸੇ ਰਹਿੰਦੇ ਹਨ, ਭਾਵ ਸਦਾ ਨਿੰਦਿਆ ਹੀ ਕਰਦੇ ਰਹਿੰਦੇ ਹਨ ॥੧੬॥

## ਤਰੰਗੋਂ ਨੇ ਜੀਤੇ ਨਗਰ; ਗੰਧਰਬੋਂ ਨੇ ਬੇਦ ॥

ਹੇ ਭਾਈ! ਤਰੰਗੋਂ = ਘੋੜਿਆਂ ਨੇ ਨਗਰਾਂ ਨੂੰ ਜੀਤੇ = ਜਿੱਤ ਲਿਆ ਹੈ ਭਾਵ ਘੋੜੇ ਤੁਰ-ਤੁਰ ਕੇ ਪੈਂਡੇ ਮੁਕਾ ਕੇ ਉਥੇ ਪੁੱਜਣ ਦੇ ਦੁੱਖ ਨੂੰ ਜਿੱਤ ਲੈਂਦੇ ਹਨ **ਵਾ**: ਘੋੜਿਆਂ ਦੀ ਸਹਾਇਤਾ ਨਾਲ ਇਕ ਰਾਜੇ ਨੇ ਦੂਸਰੇ ਰਾਜੇ ਦੇ ਅਨੇਕਾਂ ਨਗਰ ਜਿੱਤੇ ਹਨ, ਜਿਸ ਕੋਲ ਘੋੜ ਸਵਾਰ ਸੂਰਮੇ ਲੜਾਕੇ ਜਵਾਨ ਹੁੰਦੇ ਸਨ, ਉਹ ਜੰਗੀ ਘੋੜਿਆਂ ਦੁਆਰਾ ਨਗਰਾਂ ਦੇ ਨਗਰ ਜਿੱਤ ਲੈਂਦੇ ਸਨ। ਇਸ ਤਰ੍ਹਾਂ ਇਨ੍ਹਾਂ ਨੇ ਨਗਰਾਂ ਨੂੰ ਜਿੱਤਿਆ ਅਤੇ ਗੰਧਰਬੋਂ = ਸ੍ਵਰਗ ਦੇ ਰਾਗੀ, ਗਵੱਈਆਂ ਨੇ ਰਾਗ ਵਿੱਦਿਆ ਦੁਆਰਾ ਬੇਦਾਂ ਨੂੰ ਗਾ ਗਾ ਕੇ ਜਿੱਤ ਲਿਆ ਹੈ।

## ਪਰ ਨਾਰੀ ਕੁਲ ਨਾਰਿ ਕੋ; ਜਾਮਾਤਾ ਸੁਤ ਖੇਦ ॥੧੭॥

ਪਰ = ਪਰਾਈ ਨਾਰੀ = ਇਸਤ੍ਰੀ ਦੇ ਪਿਆਰ ਕੋ = ਨੂੰ ਕੁਲ = ਕੁਲਵੰਤੀ, ਪਤੀਬਰਤਾ ਨਾਰਿ = ਇਸਤ੍ਰੀ ਜਿੱਤ ਲੈਂਦੀ ਹੈ, ਭਾਵ ਉਹ ਤਨ ਮਨ ਨਾਲ ਆਪਣੇ ਪਤੀ ਦੀ ਸੇਵਾ ਕਰਦੀ ਹੈ, ਜਿਸ ਕਰਕੇ ਉਸਦਾ ਪਤੀ ਸਹਿਜੇ ਹੀ ਪਰਾਈ ਇਸਤ੍ਰੀ ਦੇ ਪ੍ਰੇਮ ਵੱਲੋਂ ਹਟ ਜਾਂਦਾ ਹੈ ਅਤੇ ਜਾਮਾਤਾ = ਜਵਾਈ ਆਪਣੇ ਸੱਸ ਸਹੁਰੇ ਦੇ ਘਰ ਵਿਚ ਸੁਤ = ਪੁੱਤਰ ਨਾ ਹੋਣ ਦੇ ਖੇਦ = ਦੁੱਖ ਨੂੰ ਜਿੱਤ ਲੈਂਦਾ ਹੈ, ਭਾਵ ਆਪਣੀ ਲਾਇਕੀ ਅਤੇ ਆਗਿਆਕਾਰੀ ਗੁਣ ਦੁਆਰਾ ਸੱਸ ਸਹੁਰੇ ਨੂੰ ਪੁੱਤਰਾਂ ਵਾਲਾ ਸੁੱਖ ਦੇਂਦਾ ਹੈ ॥੧੭॥

## ਅਗਨਿ ਹੋਤ੍ਰ ਫਲ ਬੇਦ ਹੈ; ਬਰਤ ਸੀਲ ਫਲ ਆਹਿ ॥

ਹੇ ਭਾਈ! ਬੇਦ ਪੜ੍ਹਨ ਦਾ ਫਲ ਇਹ ਹੈ ਜੋ ਨਿਤ ਹੀ ਮੰਤ੍ਰਾਂ ਦੇ ਸਹਿਤ ਅਗਨਿ ਹੋਤ੍ਰ = ਅੱਗ ਵਿਚ

ਅਹੂਤੀ ਪਾਉਣੀ ਇਹ ਰੀਤ ਬੇਦ ਪਾਠੀ ਵਾਸਤੇ ਕਥਨ ਕੀਤੀ ਹੈ, ਸਾਰੇ ਲੋਕਾਂ ਵਾਸਤੇ ਨਹੀਂ ਅਤੇ ਬਰਤ = ਨਿਯਮ ਰੱਖਣ ਦਾ ਫਲ ਸੀਲ = ਨਿਮਰਤਾ ਵਾਲਾ ਸੁਭਾਅ ਰੱਖਣਾ ਆਹਿ = ਹੈ।

## ਭੋਗ ਦਾਨ ਕੇ ਫਲ ਕਹੇ; ਰਤਿ ਫਲ ਸੰਤਤਿ ਚਾਹਿ ॥੧੮॥

ਦਾਨ ਕਰਨ ਕੇ = ਦੇ ਭੋਗ = ਪਦਾਰਥ ਆਦਿ ਫਲ ਕਹੇ = ਆਖੇ ਹਨ ਅਤੇ ਇਸਤ੍ਰੀ ਨਾਲ ਰਤਿ = ਰੀਤੀ ਦਾ ਫਲ ਸੰਤਤਿ = ਸੰਤਾਨ, ਧੀਆਂ ਪੁੱਤਰ ਦੀ ਚਾਹਿ = ਇੱਛਾ ਹੁੰਦੀ ਹੈ ॥੧੮॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਅਸ਼ਟਮੋ ਅਧਿਆਇ ॥੮॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੀ ਗ੍ਰੰਥ ਦੇ ਅਸ਼ਟਮੋ = ਅਠਵੇਂ ਅਧਿਆਇ ਦੀ ਏਥੇ ਇਤਿ = ਸਮਾਪਤੀ ਹੁੰਦੀ ਹੈ ॥੧੮॥

### ਨੌਵਾਂ ਅਧਿਆਇ

## ਦੋਹਰਾ ॥ ਬੁਧਿ ਵਹੀ ਪਰਵਾਨ ਹੈ; ਕਰੈ ਜੋ ਪਰ ਉਪਕਾਰ ॥

ਹੇ ਭਾਈ! ਵਹੀ = ਉਹੀ ਬੁਧਿ = ਬੁੱਧੀ, ਅਕਲ ਪਰਵਾਨ = ਕਬੂਲ ਹੁੰਦੀ ਹੈ, ਜੋ = ਜਿਹੜੀ ਪਰ = ਪਰਾਇਆਂ ਦਾ ਉਪਕਾਰ = ਭਲਾ ਕਰਦੀ ਹੈ **ਵਾ:** ਉਨ੍ਹਾਂ ਮਨੁੱਖਾਂ ਦੀ ਬੁੱਧੀ ਪਰਵਾਨ ਹੈ ਜੋ ਸਦਾ ਪਰਾਇਆਂ ਦਾ ਭਲਾ ਕਰਦੇ ਹਨ।

## ਨਸ਼ਟ ਬੁਧਿ ਹੈ ਤਿਨੋਂ ਕੀ; ਜਪਹਿ ਨ ਹਰਿ ਉਰ ਧਾਰ ॥੧॥

ਤਿਨੋਂ = ਉਨ੍ਹਾਂ ਮਨੁੱਖਾਂ ਕੀ = ਦੀ ਬੁਧਿ = ਬੁੱਧੀ ਨਸ਼ਟ = ਨਾਸ਼ ਹੋਈ ਹੈ, ਜੋ ਹਰਿ = ਪਰਮਾਤਮਾ ਨੂੰ ਆਪਣੇ ਉਰ = ਹਿਰਦੇ ਵਿਚ ਧਾਰ = ਧਾਰਨ ਕਰਕੇ ਜਪਹਿ = ਜਪਦੇ ਨਹੀਂ ਹਨ ॥੧॥ ਜੈਸਾ ਕਿ :

**ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥** *(ਮਾਰੂ ਮ: ੧, ਅੰਗ ੧੦੧੫)*

## ਨਿਰਮਲ ਬੁਧਿ ਹੈ ਤਿਨੋਂ ਕੀ; ਜੋ ਜਪਤੇ ਹਰਿ ਨਾਮ ॥

ਹੇ ਭਾਈ! ਤਿਨੋਂ = ਉਨ੍ਹਾਂ ਮਨੁੱਖਾਂ ਕੀ = ਦੀ ਬੁਧਿ ਸਦਾ ਨਿਰਮਲ = ਪਵਿੱਤਰ ਰਹਿੰਦੀ ਹੈ, ਜੋ = ਜਿਹੜੇ ਮਨੁੱਖ ਸਦਾ ਹੀ ਹਰਿ = ਪਰਮਾਤਮਾ ਦਾ ਨਾਮ ਜਪਤੇ = ਜਪਦੇ ਰਹਿੰਦੇ ਹਨ।

## ਸੋਭਾ ਪਾਵਹਿਂ ਜਗਤ ਮੈਂ; ਅਰੁ ਦਰਗਹਿ ਪਰਵਾਨ ॥੨॥

ਉਹ ਮਨੁੱਖ ਇਸ ਜਗਤ = ਸੰਸਾਰ ਮੈ = ਵਿਚ ਵੀ ਸਦਾ ਸੋਭਾ = ਵਡਿਆਈ ਪਾਵਹਿਂ = ਪਾਉਂਦੇ ਹਨ ਅਰੁ = ਅਤੇ ਉਹ ਪਰਮਾਤਮਾ ਦੀ ਦਰਗਹਿ = ਨਿਆਂਇ ਸਭਾ ਵਿਚ ਵੀ ਪਰਵਾਨ = ਕਬੂਲ ਪੈਂਦੇ ਹਨ ਅਰਥਾਤ ਪਰਮਾਤਮਾ ਦਾ ਭਜਨ ਕਰਨ ਵਾਲੇ ਲੋਕ ਪ੍ਰਲੋਕ ਵਿਚ ਸਤਿਕਾਰ ਪਾਉਂਦੇ ਹਨ ॥੨॥

## ਭੋਜਨ ਕਰਤੇ ਪ੍ਰਿਥਮ ਹੀ; ਦੇ ਸ੍ਰੀ ਕ੍ਰਿਸ਼ਨ ਨਮਿਤ ॥

ਜੋ ਮਨੁੱਖ ਆਪ ਭੋਜਨ ਕਰਤੇ = ਕਰਨ ਭਾਵ ਖਾਣ ਤੋਂ ਪ੍ਰਿਥਮ = ਪਹਿਲਾਂ ਹੀ ਸ੍ਰੀ = ਸ਼ੋਭਾ ਦੇ ਮਾਲਕ ਅਤੇ ਜਿਸ ਵਿਚ ਕਿਸੇ ਪ੍ਰਕਾਰ ਦੀ ਵੀ (ਕ੍ਰਿਸ+ਨ) ਕ੍ਰਿਸ = ਕਮਜ਼ੋਰ ਨ = ਨਹੀਂ ਹੈ, ਉਸ ਪ੍ਰਭੂ ਦੇ ਨਮਿਤ = ਵਾਸਤੇ ਕਿਸੇ ਗ਼ਰੀਬ, ਲੋੜਵੰਦ ਨੂੰ ਦਾਨ ਦੇਣਾ ਕਰਦੇ ਹਨ।

## ਸ੍ਵਰਗ ਨਿਸੰਸੇ ਜਾਤ ਹੈ; ਕਰੈ ਨੇਮ ਏਹ ਨਿਤ ॥੩॥

ਉਹ ਮਨੁੱਖ ਨਿਸੰਸੇ = ਬਿਨਾਂ ਸੰਸੇ ਤੋਂ ਨਿਸ਼ਚੇ ਕਰਕੇ ਹੀ ਸ੍ਵਰਗ = ਬੈਕੁੰਠ ਵਿਚ ਜਾਤ = ਜਾਂਦੇ ਹਨ, ਜੋ ਨਿਤ = ਸਦਾ ਹੀ ਇਹ ਨੇਮ = ਨਿਯਮ ਕਰੇ = ਕਰਦੇ ਹਨ ॥੩॥

## ਕਾਲ ਮਿਤ੍ਰ ਬਿਗ੍ਰਹ ਕਰੈ; ਕਾਲ ਸ਼ਤ੍ਰ ਕੋ ਨਾਸ ॥

ਹੇ ਭਾਈ ! ਕਾਲ = ਸਮਾਂ ਹੀ ਮਿਤ੍ਰ = ਦੋਸਤਾਂ ਨੂੰ ਬਿਗ੍ਰਹ = ਫੁੱਟ ਭਾਵ ਵਿਗਾੜ, ਵੈਰੀ ਕਰੈ = ਕਰ ਦੇਂਦਾ ਹੈ ਅਤੇ ਕਾਲ = ਸਮਾਂ ਹੀ ਸ਼ੱਤ੍ਰ = ਦੁਸ਼ਮਨਾਂ ਕੋ = ਦਾ ਨਾਸ਼ ਕਰਦਾ ਹੈ ਅਰਥਾਤ ਸਮੇਂ ਤੋਂ ਬਿਨਾਂ ਕੁਝ ਨਹੀਂ ਹੁੰਦਾ ਕਿਉਂਕਿ ਜੋ ਬੁਰਾ ਸਮਾਂ ਭਾਵ ਖੋਟੇ ਭਾਗਾਂ ਦਾ ਵੇਲਾ ਆਉਂਦਾ ਹੈ ਤਦੋਂ ਵੱਡੇ ਪਿਆਰੇ ਮਿੱਤਰ ਵੀ ਵੈਰੀ ਬਣ ਜਾਂਦੇ ਹਨ ਤੇ ਜਿਸ ਵੇਲੇ ਚੰਗੀ ਕਿਸਮਤ ਦੇ ਦਿਨ ਆਉਂਦੇ ਹਨ ਤਦੋਂ ਵੈਰੀਆਂ ਦਾ ਨਾਸ਼ ਹੋ ਜਾਂਦਾ ਹੈ।

## ਕਾਲ ਪਖ ਪੰਡਿਤ ਕਰੈ; ਕਾਰਨ ਕਾਰਜ ਰਾਸ ॥੪॥

ਦੂਸਰਾ ਪਾਠ ਕਾਲ ਖੇਤਿ ਪੰਡਿਤ ਕਰੈ ਤੀਸਰਾ ਪਾਠ ਕਾਲ ਖੇਤਿ ਖੰਡਿਤ ਕਰੈ

ਕਾਲ = ਸਮਾਂ ਹੀ ਪੱਖ ਕਰਕੇ ਅਨਪੜ੍ਹ ਨੂੰ ਪੰਡਿਤ = ਵਿਦਵਾਨ ਕਰੈ = ਕਰ ਦੇਂਦਾ ਹੈ **ਵਾ:** ਕਾਲ = ਸਮਾਂ ਹੀ ਪੰਡਿਤ = ਵਿਦਵਾਨਾਂ ਤੋਂ ਖੇਤਿ = ਖੇਤੀਆਂ ਕਰਵਾ ਦਿੰਦਾ ਹੈ **ਵਾ:** ਕਾਲ = ਸਮਾਂ ਹੀ ਖੇਤਿ = ਯੁੱਧ ਦੇ ਮੈਦਾਨਾਂ ਨੂੰ **ਵਾ:** ਖੇਤਿ = ਖੇਤੀਆਂ ਨੂੰ ਖੰਡਿਤ = ਨਾਸ਼ ਕਰ ਦੇਂਦਾ ਹੈ ਅਤੇ ਕਾਲ ਹੀ ਸਾਰੇ ਕਾਰਨਾਂ ਤੇ ਕਾਰਜਾਂ ਨੂੰ ਰਾਸ = ਠੀਕ, ਪੂਰਾ ਕਰਦਾ ਹੈ ॥੪॥

## ਕਾਲ ਸ੍ਰਿਸਟਿ ਉਤਪਤਿ ਕਰੈ; ਖਪੈ ਕਾਲ ਕੈ ਮਾਹਿ ॥

ਕਾਲ = ਸਮੇਂ ਵਿਚ ਹੀ ਪ੍ਰਭੂ ਸਾਰੀ ਸ੍ਰਿਸਟਿ = ਦੁਨੀਆਂ ਦੀ ਉਤਪਤਿ = ਪੈਦਾਇਸ਼ ਕਰੈ = ਕਰਦਾ ਹੈ ਅਤੇ ਕਾਲ = ਸਮੇਂ ਕੇ = ਦੇ ਮਾਹਿ = ਵਿਚ ਹੀ ਖਪੈ = ਨਾਸ਼ ਕਰ ਦੇਂਦਾ ਹੈ।

## ਸੋਵੈ ਜਾਗੈ ਕਾਲ ਮਹਿ; ਕਾਲ ਛੋਡਤਾ ਨਾਹਿ ॥੫॥

ਜੀਵ ਸੋਵੈ = ਸੌਂਦੇ ਤੇ ਜਾਗੈ = ਜਾਗਦੇ ਵੀ ਕਾਲ = ਸਮੇਂ ਮਹਿ = ਵਿਚ ਹੀ ਹਨ, ਇਸ ਲਈ ਕਾਲ = ਵਖ਼ਤ ਕਿਸੇ ਨੂੰ ਛੋਡਤਾ = ਛੱਡਦਾ ਨਾਹਿ = ਨਹੀਂ ਹੈ ॥੫॥

## ਕਾਲ ਪਾਇ ਸੁਰ ਨਰ ਅਸੁਰ; ਨਾਗ ਲੋਗ ਸਭ ਜੀਵ ॥

ਕਾਲ = ਸਮਾਂ ਪਾਇ = ਪਾ ਕੇ ਹੀ ਸੁਰ = ਦੇਵਤੇ, ਨਰ = ਮਨੁੱਖ, ਨਾਗ ਲੋਗ = ਸੱਪਾਂ ਦਾ ਦੇਸ਼ ਅਤੇ ਸਭ = ਸਾਰੇ ਜੀਵ ਜੰਤ ਹੋਂਦ ਵਿਚ ਆਏ ਹਨ।

## ਕਾਲ ਪਾਇ ਉਤਪਤਿ ਖਪਤ; ਕਾਲ ਜਗਤ ਕੋ ਸੀਵ ॥੬॥

ਕਾਲ = ਸਮਾਂ ਪਾਇ = ਪਾ ਕੇ ਇਹ ਉਪਰੋਕਤ ਕਥਨ ਕੀਤੇ ਸਾਰੇ ਉਤਪਤਿ = ਪੈਦਾ ਅਤੇ ਖਪਤ = ਨਾਸ਼ ਹੁੰਦੇ ਹਨ, ਕਾਲ = ਸਮਾਂ ਹੀ ਸਾਰੇ ਜਗਤ = ਸੰਸਾਰ ਕੋ = ਦਾ ਸੀਵ = ਹੱਦ ਬੰਨਾ ਹੈ ॥੬॥

## ਕਾਲ ਜਗਤ ਕੋ ਗ੍ਰਸਤ ਹੈ; ਜਗ ਕੋ ਕਲਪਤ ਕਾਲ ॥

ਹੇ ਭਾਈ ! ਇਹ ਕਾਲ = ਸਮਾਂ ਹੀ ਜਗਤ = ਸੰਸਾਰ ਕੋ = ਨੂੰ ਗ੍ਰਸਤ = ਨਿਗਲ ਜਾਂਦਾ, ਨਾਸ਼ ਕਰ ਦੇਂਦਾ

ਹੈ ਅਤੇ ਜਗਤ = ਸੰਸਾਰ ਕੋ = ਨੂੰ ਕਲਪਤ = ਕਲਪਨਾ, ਰਚਨਾ ਵੀ ਕਾਲ = ਸਮਾਂ ਹੀ ਕਰਦਾ ਹੈ ਭਾਵ ਸਮੇਂ ਅਨੁਸਾਰ ਪ੍ਰਭੂ ਦੇ ਹੁਕਮ ਵਿਚ ਜਗਤ ਨਾਸ਼ ਹੁੰਦਾ ਤੇ ਫਿਰ ਬਣਦਾ ਹੈ।

## ਗਯਾਨ ਯੋਗ ਭੀ ਕਾਲ ਦੇ; ਕਾਲ ਕਰੈ ਪ੍ਰਤਿਪਾਲ ॥੭॥

ਆਪਣੇ ਸਰੂਪ ਦਾ ਗਿਆਨ ਤੇ ਭਗਤੀ, ਹੱਠ ਆਦਿ ਜੋਗ ਭੀ = ਵੀ ਕਾਲ = ਸਮੇਂ ਦੇ ਵਿਚ ਹੀ ਪ੍ਰਾਪਤ ਹੁੰਦਾ ਹੈ ਅਤੇ ਕਾਲ = ਸਮੇਂ ਵਿਚ ਹੀ ਪ੍ਰਭੂ ਸਭ ਦੀ ਪ੍ਰਤਿਪਾਲ = ਪਾਲਣਾ ਕਰੈ = ਕਰ ਰਿਹਾ ਹੈ ॥੭॥ ਜੈਸਾ ਕਿ :

**ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵ ਜੂ ਅਵਤਰਾ ॥**
**ਕਾਲ ਪਾਇ ਕਰਿ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਯਾ ਤਮਾਸਾ ॥੩੮੩॥**

*(ਸ੍ਰੀ ਦਸਮ ਗ੍ਰੰਥ, ਚੌਪਈ ਸਾਹਿਬ)*

**ਵਾ:** **ਕਰੀ ਲੋਹ ਕਲਮੰ ਲਿਖਯੋ ਲੇਖ ਮਾਥੰ ॥ ਸਭੈ ਜੇਰ ਕੀਨੇ ਬਲੀ ਕਾਲ ਹਾਥੰ ॥੨੫॥**
**ਕਈ ਮੇਟ ਡਾਰੇ ਉਸਾਰੇ ਬਨਾਏ ॥ ਉਪਾਰੇ ਗੜੇ ਫੇਰਿ ਮੇਟੇ ਉਪਾਏ ॥**
**ਕ੍ਰਿਆ ਕਾਲ ਜੂ ਕੀ ਕਿਨੂ ਨ ਪਛਾਨੀ ॥ ਘਨਯੋ ਪੈ ਬਿਹੈ ਹੈ ਘਨਯੋ ਪੈ ਬਿਹਾਨੀ ॥੨੬॥**

*(ਸ੍ਰੀ ਦਸਮ ਗ੍ਰੰਥ, ਪੰਨਾ ੪੧)*

## ਰੋਗ ਸੋਗ ਸੰਤਾਪ ਮੈਂ; ਦੇਸਾਂਤ੍ਰ ਗਤਿ ਹੀਨ ॥

ਕਿਸੇ ਰੋਗ = ਬਿਮਾਰੀ, ਸੋਗ = ਗ਼ਮ, ਸੰਤਾਪ = ਦੁੱਖ ਮੈ = ਵਿਚ ਜਾਂ ਦੇਸਾਂਤ੍ਰ = ਪ੍ਰਦੇਸ਼ ਵਿਚ ਜਾਂ ਗਤਿ = ਤੁਰਨ ਤੋਂ ਹੀਨ = ਰਹਿਤ ਅਵਸਥਾ (ਲੂਲਾ, ਲੰਙਾ ਜਾਂ ਬਿਰਧ ਅਵਸਥਾ) ਵਿਚ **ਵਾ:** ਗਤੀਹੀਨ ਅਰਥਾਤ ਜਿਸ ਦਾ ਕੁਝ ਪਦਾਰਥ ਆਦਿਕ ਪ੍ਰਾਪਤ ਹੋਇਆ-ਹੋਇਆ ਨਾਸ਼ ਹੋ ਜਾਵੇ ਭਾਵ ਗ਼ਰੀਬ, ਕੰਗਾਲ ਹੋ ਜਾਵੇ।

## ਇਨ ਕੋ ਦਰਸ ਸੁਹਿਰਦ ਕਾ; ਜੈਸੇ ਜਲ ਕੌ ਮੀਨ ॥੮॥

ਇਨ = ਇਨ੍ਹਾਂ ਕੋ = ਨੂੰ ਐਸੀਆਂ ਮੁਸ਼ਕਲ ਦੀਆਂ ਘੜੀਆਂ ਵਿਚ ਕਿਸੇ ਸੁਹਿਰਦ = ਪਿਆਰੇ ਮਿੱਤਰ ਦਾ ਦਰਸ = ਦੀਦਾਰ ਹੋ ਜਾਵੇ ਤਾਂ ਇਨ੍ਹਾਂ ਨੂੰ ਇੰਞ ਪ੍ਰਤੀਤ ਹੁੰਦਾ ਹੈ ਜੈਸੇ = ਜਿਸ ਪ੍ਰਕਾਰ ਮੀਨ = ਮੱਛੀ ਨੂੰ ਜਲ = ਪਾਣੀ ਦੇ ਪ੍ਰਾਪਤ ਹੋਣ ਦਾ ਸੁਖ ਮਿਲਦਾ ਹੈ ॥੮॥

## ਤਨ ਸੁਗੰਧਿ ਪ੍ਰਿਯ ਬਚਨ; ਅਰੁ ਸਾਚੀ ਥੋਰਾ ਖਾਇ ॥

ਹੇ ਭਾਈ! ਜਿਸ ਇਸਤ੍ਰੀ ਦੇ ਤਨ = ਸਰੀਰ ਵਿੱਚੋਂ ਸੁਗੰਧਿ = ਖ਼ੁਸ਼ਬੂ ਆਉਂਦੀ ਹੋਵੇ, ਪ੍ਰਿਯ = ਪਿਆਰੇ, ਮਿਠਾਸ ਵਾਲੇ ਬਚਨ ਬੋਲਦੀ ਹੋਵੇ ਅਰੁ = ਅਤੇ ਸਾਚੀ = ਸੱਚ ਬੋਲਦੀ ਤੇ ਥੋਰਾ = ਥੋੜ੍ਹਾ ਜਿਹਾ ਭੋਜਨ ਖਾਇ = ਖਾਂਦੀ ਹੈ, ਭਾਵ ਸੰਤੋਖ ਰੱਖਦੀ ਹੈ।

## ਨਿੱਤ ਕਰਤ ਇਸ਼ਨਾਨ ਜੋ; ਵਹੁ ਦੇਵਤਾ ਸੁਭਾਇ ॥੯॥

ਫਿਰ ਜੋ = ਜਿਹੜੀ ਨਿਤ = ਨਿਤਾਪ੍ਰਤੀ ਇਸ਼ਨਾਨ ਵੀ ਕਰਤ = ਕਰਦੀ ਹੈ, ਵਹੁ = ਉਹ ਇਸਤ੍ਰੀ ਦੇਵਤਿਆਂ ਦੇ ਸੁਭਾਇ = ਸੁਭਾਅ ਵਾਲੀ ਸ੍ਰੇਸ਼ਟ ਜਾਨਣਾ ਕਰੋ ਅਰਥਾਤ ਇਸ ਦੋਹਰੇ ਦੇ ਅੱਖਰੀ ਅਰਥ ਤਾਂ ਭਾਵੇਂ ਇਸਤ੍ਰੀ 'ਤੇ ਹੀ ਘਟਦੇ ਹਨ ਪਰ ਭਾਵ ਵਿਚ ਇਹ ਗੁਣ ਹਰ ਮਨੁੱਖ ਮਾਤ੍ਰ ਨੂੰ ਧਾਰਨ ਕਰਨੇ ਚਾਹੀਦੇ ਹਨ, ਜੋ ਧਾਰਨ ਕਰਦਾ ਹੈ ਉਹ ਸ੍ਰੇਸ਼ਟ ਮਨੁੱਖ ਜਾਣੋ ॥੯॥

## ਮਾਨ ਬਰਧਨੀ ਸਦਾ ਜੋ; ਧਰਮ ਸਦਾ ਰਿਦ ਮਾਹਿ ॥

ਜੋ = ਜਿਹੜੀ ਇਸਤ੍ਰੀ ਸਦਾ = ਹਮੇਸ਼ਾਂ ਹੀ ਆਪਣੇ ਪਤੀ ਦਾ ਮਾਨ = ਸਤਿਕਾਰ ਬਰਧਨੀ = ਵਧਾਉਣਾ ਕਰਦੀ ਹੈ, ਜਿਸਨੇ ਸਦਾ = ਹਮੇਸ਼ਾਂ ਆਪਣੇ ਰਿਦ = ਹਿਰਦੇ ਮਾਹਿ = ਵਿਚ ਧਰਮ ਨੂੰ ਪ੍ਰਪੱਕ ਕੀਤਾ ਹੋਇਆ ਹੈ।

## ਪਤਿਬ੍ਰਤ ਧਨੀ ਨਾਰਿ ਸੋ; ਜੋ ਪਤਿ ਸੇਵਾ ਮਾਹਿ ॥੧੦॥[੧]

ਪੁਨਾ ਜੋ = ਜਿਹੜੀ ਇਸਤ੍ਰੀ ਆਪਣੇ ਪਤਿ = ਪਤੀ ਦੇ ਸੇਵਾ = ਟਹਿਲ ਦੇ ਮਾਹਿ = ਵਿਚ ਤਤਪਰ ਰਹਿੰਦੀ ਹੈ, ਸੋ = ਉਹ ਪਤੀਬ੍ਰਤਾ ਨਾਰੀ = ਇਸਤ੍ਰੀ ਧਨੀ = ਧੰਨਤਾ ਦੇ ਯੋਗ ਹੈ ॥੧੦॥

## ਉਤਮ ਭੋਜਨ ਜੋ ਕਰੈ; ਪਤਿ ਕੀ ਇਛਾਕਾਰ ॥

ਜੋ = ਜਿਹੜੀ ਇਸਤ੍ਰੀ ਉਤਮ = ਬਹੁਤ ਚੰਗਾ, ਸੁਆਦਿਸ਼ਟ ਭੋਜਨ ਬਣਾਉਣਾ ਕਰੈ = ਕਰਦੀ ਹੈ ਅਤੇ ਪਤਿ = ਪਤੀ ਦੀ ਇਛਾਕਾਰ = ਮਰਜ਼ੀ ਅਨੁਸਾਰ ਤੁਰਦੀ ਹੈ।

## ਸਦਾ ਪੀਆ ਕੀ ਭਗਤਿ ਮੈਂ; ਭਾਗਵਾਨ ਵਹਿ ਨਾਰਿ ॥੧੧॥

ਜੋ ਸਦਾ = ਹਮੇਸ਼ਾਂ ਪੀਆ = ਪਤੀ ਕੀ = ਦੀ ਭਗਤਿ = ਸੇਵਾ ਵਿਚ ਤਤਪਰ ਰਹਿੰਦੀ ਹੈ, ਵਹਿ = ਉਹ ਨਾਰਿ = ਇਸਤ੍ਰੀ ਬਹੁਤ ਭਾਗਵਾਨ = ਭਾਗਾਂ ਵਾਲੀ ਹੁੰਦੀ ਹੈ **ਵਾ:** ਕਿਸੇ ਭਾਗਾਂ ਵਾਲੇ ਨੂੰ ਐਸੀ ਇਸਤ੍ਰੀ ਮਿਲਦੀ ਹੈ ॥੧੧॥

## ਅਪਨੇ ਪੁਰਖੈ ਛਾਡਿ ਕੈ; ਔਰ ਪੁਰਖ ਪੈ ਜਾਇ ॥

ਹੇ ਭਾਈ! ਜੋ ਇਸਤ੍ਰੀ ਅਪਨੇ = ਆਪ ਦੇ ਪੁਰਖੈ = ਪੁਰਖ, ਪਤੀ ਨੂੰ ਛਾਡਿ = ਤਿਆਗ ਕੈ = ਕਰਕੇ ਕਿਸੇ ਔਰ = ਹੋਰ ਪੁਰਖ = ਮਰਦ ਦੇ ਪੈ = ਪਾਸ ਵਿਭਚਾਰ ਕਰਨ ਲਈ ਜਾਇ = ਜਾਂਦੀ ਹੈ।

## ਅਪਨੀ ਇੱਛਾ ਸੋਂ ਰਮੈ; ਬਿਭਚਾਰਨੀ ਕਹਾਇ ॥੧੨॥

ਫਿਰ ਅਪਨੀ = ਆਪਦੀ ਇਛਾ = ਮਰਜ਼ੀ ਸੋਂ = ਨਾਲ ਉਸ ਦੂਸਰੇ ਪ੍ਰਕਾਰ ਨਾਲ ਰਮੈ = ਵਿਸ਼ੇ ਭੋਗਦੀ ਹੈ, ਉਹ ਇਸਤ੍ਰੀ ਬਿਭਚਾਰਨੀ = ਦੋਨੋਂ ਪਾਸੇ ਫਿਰਨ ਵਾਲੀ ਕੁਕਰਮੀ ਕਹਾਇ = ਅਖਵਾਉਂਦੀ ਹੈ ॥੧੨॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਨਵਮੋਂ ਅਧਿਆਇ ॥੯॥

ਸ੍ਰੀ = ਸ਼੍ਰੋਮਣੀ ਰਾਜਨੀਤ ਚਣਾਕਾ ਨਾਮੀ ਗ੍ਰੰਥ ਦਾ ਨਵਮੋਂ = ਨੌਂਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੯॥

### ਦਸਵਾਂ ਅਧਿਆਇ

## ਦੋਹਰਾ ॥ ਹੈ ਗੈ ਲੋਹਾ ਕਾਠ ਜਲ; ਨਰ ਤ੍ਰਿਯ ਬਾਸ ਪਖਾਨ ॥

ਹੇ ਭਾਈ! ਜੋ ਹੈ = ਘੋੜਾ ਅਤੇ ਗੈ = ਹਾਥੀ, ਲੋਹਾ ਅਤੇ ਕਾਠ = ਲੱਕੜ, ਜਲ = ਪਾਣੀ, ਨਰ = ਪੁਰਖ ਅਤੇ ਤ੍ਰਿਯ = ਇਸਤ੍ਰੀ, ਬਾਸ = ਬਸਤ੍ਰ ਅਤੇ ਪਖਾਨ = ਪੱਥਰ ਆਦਿ ਹਨ।

---

੧. 'ਪਤਿਬ੍ਰਤ ਧਨੀ ਨਾਰਿ ਸੋ' ਦੀ ਥਾਂ 'ਪ੍ਰੀਤਿ ਬਰਧਨੀ ਨਾਰਿ ਵਹੁ' ਵੀ ਪਾਠ ਆਉਂਦਾ ਹੈ, ਜਿਸਦਾ ਅਰਥ ਇਹ ਬਣਦਾ ਹੈ ਕਿ ਉਹ ਇਸਤ੍ਰੀ ਪ੍ਰੀਤਿ = ਪ੍ਰੇਮ ਦੇ ਬਰਧਨੀ = ਵਧਾਉਣ ਵਾਲੀ ਹੈ।

## ਜੋ ਕਛੁ ਐਹੇ ਜਗਤ ਮੈਂ; ਸਭ ਮੈਂ ਅੰਤਰ ਜਾਨ ॥੧॥

ਇਹ ਜੋ = ਜਿਹੜਾ ਕਛੁ = ਕੁਝ ਵੀ ਜਗਤ = ਸੰਸਾਰ ਮੈਂ = ਵਿਚ ਐਹੇ = ਹੈ, ਭਾਵ ਜੋ ਵੀ ਜੜ ਜੰਗਮ ਆਦਿ ਚਾਰੇ ਖਾਣੀਆਂ ਦੇ ਜੀਵ ਹਨ, ਸਭ = ਸਾਰਿਆਂ ਮੈਂ = ਵਿਚ ਹੀ ਅੰਤਰ = ਫ਼ਰਕ, ਭੇਦ ਜਾਨ = ਜਾਨਣਾ ਕਰੋ ॥੧॥ ਜੈਸਾ ਕਿ :

**ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥**
**ਕੋਇ ਨ ਕਿਸ ਹੀ ਜੇਹਾ ਉਪਾਇਆ ॥** *(ਮਾਰੂ ਸੋਲਹੇ ਮ: ੩, ਪੰਨਾ ੧੦੫੬)*

## ਭੇਖ ਦੇਖ ਨਹਿ ਭੂਲੀਏ; ਜਹਾਂ ਨ ਗੁਣ ਕੋ ਨਾਮ ॥

ਹੇ ਭਾਈ! ਕਿਸੇ ਦਾ ਬਾਹਰੀ ਭੇਖ = ਲਿਬਾਸ ਦੇਖ = ਵੇਖ ਕਰਕੇ ਭੂਲੀਏ = ਭੁੱਲਣਾ ਨਹੀਂ ਚਾਹੀਦਾ, ਜਹਾਂ = ਜਿੱਥੇ ਕਿਸੇ ਸ਼ੁਭ ਗੁਣ ਕੋ = ਦਾ ਨਾਮ ਵੀ ਨਾ ਹੋਵੇ।

## ਜਿਉਂ ਘੰਟਾ ਗਲ ਗਊ ਕੇ; ਦੂਧ ਬਿਨਾ ਕਿਹ ਕਾਮ ॥੨॥

ਜਿਉਂ = ਜਿਵੇਂ ਕਿਸੇ ਗਊ ਕੇ = ਦੇ ਗਲ = ਗਲੇ ਵਿਚ ਬਹੁਤ ਸੁੰਦਰ ਘੰਟਾ = ਟੱਲ ਬੰਨ੍ਹਿਆ ਹੋਵੇ, ਪਰ ਦੂਧ = ਦੁੱਧ ਤੋਂ ਬਿਨਾ = ਬਗ਼ੈਰ ਉਹ ਕਿਹ = ਕਿਸ ਕੰਮ ਹੈ ਭਾਵ ਕਿਸੇ ਕੰਮ ਨਹੀਂ ਅਰਥਾਤ ਕਿਸੇ ਭੇਖ ਦੇ ਸਾਧੂ ਜਾਂ ਕਿਸੇ ਮਤ ਦੇ ਪੁਰਸ਼ ਵਿਚ ਸ਼ੁਭ ਗੁਣ ਨਾ ਹੋਣ ਪਰ ਬਾਹਰੋਂ ਉਸਨੇ ਬਹੁਤ ਸੁੰਦਰ ਸਾਧੂਆਂ ਵਾਲੇ ਬਸਤ੍ਰ ਪਹਿਨੇ ਹੋਣ ਤਾਂ ਉਹ ਦਿਖਾਵੇ ਦਾ ਭੇਖ ਕਿਸੇ ਕੰਮ ਦਾ ਨਹੀਂ, ਉਹ ਪਖੰਡ ਹੈ। ਅਜਿਹੇ ਭੇਖੀਆਂ ਦੇ ਜਾਲ ਵਿਚ ਨਹੀਂ ਫਸਣਾ ਚਾਹੀਦਾ ॥੨॥ ਜੈਸਾ ਕਿ :

**ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ ॥**
**ਅੰਤਿ ਕਾਲਿ ਕਾਤੀ ਕਟਿਯੋ, ਬਾਸੁ ਨਰਕ ਮੋ ਲੀਨ ॥੫੯॥** *(ਸ੍ਰੀ ਦਸਮ ਗ੍ਰੰਥ, ਬਚਿਤ੍ਰ ਨਾਟਕ)*

ਚਾਣਕਯ ਮੁਨੀ ਜੀ ਅੱਗੇ ਦ੍ਰਿਸ਼ਟਾਂਤ ਦਿੰਦੇ ਹਨ ਕਿ ਜਿਵੇਂ ਕੋਈ ਗਊ ਟੱਲੀਆਂ ਆਦਿ ਨਾਲ ਬਹੁਤ ਸ਼ਿੰਗਾਰੀ ਹੋਵੇ ਪਰ ਜੇਕਰ ਉਹ ਦੁੱਧ ਨਾ ਦੇਂਦੀ ਹੋਵੇ ਤਾਂ ਉਸਦਾ ਕੋਈ ਮੁੱਲ ਵੀ ਨਹੀਂ ਪੈਂਦਾ, ਤਿਵੇਂ ਪਖੰਡੀ ਲੋਕਾਂ ਦਾ ਲੋਕ-ਪ੍ਰਲੋਕ ਵਿਚ ਕੋਈ ਮੁੱਲ ਨਹੀਂ ਪੈਂਦਾ, ਸਦਾ ਨਿਰਾਦਰ ਹੀ ਹੁੰਦਾ ਹੈ। ਜੈਸਾ ਕਿ :

**ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥**
*(ਬਾਰਹਮਾਹਾ ਮਾਂਝ ਮਹਲਾ ੫ ਘਰੁ ੪, ਅੰਗ ੧੩੩)*

## ਬੁਧਿਵਾਨ ਮੈਂ ਗੁਣ ਘਨੇ; ਸਠ ਮੈਂ ਔਗੁਣ ਅਨੇਕ ॥

ਹੇ ਭਾਈ! ਬੁਧਿਵਾਨ = ਸ੍ਰੇਸ਼ਟ ਮਤ ਵਾਲੇ ਮਨੁੱਖ ਵਿਚ ਘਨੇ = ਬਹੁਤ ਸਾਰੇ ਗੁਣ ਹੁੰਦੇ ਹਨ ਅਤੇ ਸਠ = ਮੂਰਖ ਮਨੁੱਖ ਮੈਂ = ਵਿਚ ਅਨੇਕ = ਬੇਅੰਤ ਔਗੁਣ = ਗੁਨਾਹ ਹੁੰਦੇ ਹਨ।

## ਸਹੰਸ ਮੂਢ ਕੋ ਛਾਡੀਐ; ਚਤੁਰ ਰਾਖੀਏ ਏਕ ॥੩॥

ਇਸ ਲਈ ਸਹੰਸ = ਹਜ਼ਾਰ ਮੂਢ = ਮੂਰਖ ਮੁਨੱਖਾਂ ਕੋ = ਨੂੰ ਛਾਡੀਐ = ਛੱਡ ਦੇਣਾ ਕਰੀਏ ਅਤੇ ਏਕ = ਇਕ ਚਤੁਰ = ਸਿਆਣਾ ਮਨੁੱਖ ਆਪਣਾ ਮਿੱਤ੍ਰ ਕਰਕੇ ਰੱਖਣਾ ਕਰੀਏ ॥੩॥

## ਸਿਰ ਛਾਤਾ ਭੈ ਮੀਂਹਿ ਕੋ; ਕਾਂਟਾ ਜੂਤੀ ਪਾਇ ॥

ਹੇ ਭਾਈ! ਜੇਕਰ ਮੀਂਹਿ = ਵਰਖਾ ਦੇ ਪੈਣ ਕੋ = ਦਾ ਭੈ = ਡਰ ਹੋਵੇ ਤਾਂ ਸਿਰ ਉੱਪਰ ਛਾਤਾ = ਛੱਤਰੀ

ਕਰ ਲੈਣੀ ਚਾਹੀਦੀ ਹੈ ਅਤੇ ਜੇਕਰ ਪੈਰ ਵਿਚ ਕਾਂਟਾ = ਕੰਡਾ ਵੱਜਣ ਦਾ ਭੈ ਹੋਵੇ ਤਾਂ ਪੈਰਾਂ ਵਿਚ ਜੂਤੀ = ਜੁੱਤੀ ਪਾਇ = ਪਾ ਲੈਣੀ ਚਾਹੀਦੀ ਹੈ।

## ਕਹਾਂ ਸ਼ਤ੍ਰੂ ਭੈ ਚਤੁਰ ਕੋ; ਜਾਂ ਮੈਂ ਲਾਖ ਉਪਾਇ ॥੪॥

ਤਿਵੇਂ ਚਤੁਰ = ਸਿਆਣੇ, ਵਿਦਵਾਨ ਮਨੁੱਖ ਕੋ = ਨੂੰ ਸ਼ੱਤ੍ਰੂ = ਦੁਸ਼ਮਨ ਦਾ ਕਹਾ = ਕੀ ਭੈ = ਡਰ ਹੈ, ਜਾਂ = ਜਿਸ ਮੈ = ਵਿਚ ਬਚਣ ਦੇ ਲਾਖ = ਲੱਖਾਂ ਹੀ ਉਪਾਇ = ਯਤਨ ਹਨ ॥੪॥

## ਆਲਸ ਅਕਰਨ ਬਾਤ ਤਜ; ਝੂਠ ਬੋਲਤੇ ਨਾਹਿ ॥

ਸਿਆਣੇ ਮਨੁੱਖ ਆਲਸ = ਦਲਿਦ੍ਰ ਤੇ ਅਕਰਨ = ਨਾ ਕਰਨ ਵਾਲੀ ਬਾਤ = ਗੱਲ ਨੂੰ ਤਜ = ਤਿਆਗ ਦੇਂਦੇ ਹਨ ਅਤੇ ਝੂਠ = ਮਿਥਿਆ ਬਚਨ ਤਾਂ ਕਦੇ ਵੀ ਬੋਲਤੇ = ਬੋਲਦੇ ਹੀ ਨਾਹਿ = ਨਹੀਂ ਹਨ।

## ਜੋ ਆਪ ਤੇ ਨ ਹੋਵਈ; ਸੋ ਸਜਾਨੇ ਨ ਕਹਾਹਿ ॥੫॥

ਜੋ = ਜਿਹੜਾ ਕੰਮ ਸਿਆਣੇ ਮਨੁੱਖਾਂ ਦੇ ਪਾਸੋਂ ਆਪ ਤੋਂ ਨਹੀਂ ਹੋਵਈ = ਹੋ ਸਕਦਾ, ਸੋ = ਉਹ ਸਿਆਣੇ ਮਨੁੱਖ ਆਪਣੇ ਮੂੰਹੋਂ ਨਹੀਂ ਕਹਾਹਿ = ਕਹਿੰਦੇ ॥੫॥

## ਆਲਸ ਝੂਠ ਕੁਪੁਰਖ ਹਿਤ; ਆਤਮਘਾਤੀ ਕ੍ਰੂਰ ॥

ਹੇ ਭਾਈ ! ਆਲਸ = ਦਲਿਦ੍ਰ, ਝੂਠ, ਕੁਪੁਰਖ = ਖੋਟੇ ਪੁਰਖਾਂ ਦਾ ਹਿਤ = ਪ੍ਰੇਮ, ਆਤਮਘਾਤੀ = ਆਪਣੇ ਆਪ ਨੂੰ ਮਾਰਨ ਵਾਲਾ ਕ੍ਰੂਰ = ਕਰੜੇ ਸੁਭਾਅ ਵਾਲਾ ਖੋਟਾ ਮਨੁੱਖ।

## ਮਦ ਜੂਆ ਪਰ ਨਾਰਿ ਰਤਿ; ਸਾਤੋ ਤਜੀਅਹੁ ਦੂਰ ॥੬॥

ਮਦ = ਸ਼ਰਾਬ, ਜੂਆ ਅਤੇ ਪਰ = ਪਰਾਈ ਨਾਰਿ = ਇਸਤ੍ਰੀ ਦੀ ਰਤਿ = ਪ੍ਰੀਤੀ ਇਨ੍ਹਾਂ ਸਾਤੋਂ = ਸੱਤਾਂ ਐਬਾਂ ਨੂੰ ਆਪਣੇ ਕੋਲੋਂ ਦੂਰ ਤੋਂ ਹੀ ਤਜੀਅਹੁ = ਛੱਡ ਦੇਣਾ ਕਰੋ ॥੬॥

## ਕੁਹਿਰਦ ਕੁਮਿਤ੍ਰ ਕੁਭਾਰਜਾ, ਤਜੋ ਕੁਰਾਜ ਕੋ ਰਾਜ ॥

(ਦੂਸਰਾ ਪਾਠ—ਤਜੋ ਕੁਦੇਸ ਕੁਰਾਜ)

ਕੁਹਿਰਦ = ਖੋਟੇ ਦਿਲ ਵਾਲਾ ਮਨੁੱਖ, ਕੁਮਿਤ੍ਰ = ਖੋਟਾ ਮਿੱਤ੍ਰ, ਕੁਭਾਰਜਾ = ਖੋਟੀ ਇਸਤ੍ਰੀ ਅਤੇ ਕੁਰਾਜ = ਖੋਟੇ ਰਾਜੇ ਕੋ = ਦਾ ਰਾਜ ਭਾਗ ਤਜਿ = ਤਿਆਗ ਦੇਣਾ ਕਰੋ **ਵਾ:** ਕੁਦੇਸ = ਖੋਟੇ ਦੇਸ ਤੇ ਕੁਰਾਜ = ਖੋਟੇ ਰਾਜ ਨੂੰ ਤਿਆਗ ਦੇਣਾ ਕਰੋ।

## ਕੁਸਨਬੰਧ ਕੋ ਦੇਖ ਕੈ; ਦੂਰਿ ਇਨਹੁ ਤੇ ਭਾਜ ॥੭॥

ਫਿਰ ਕੁਸਨਬੰਧ = ਖੋਟੇ ਸੰਬੰਧੀਆਂ ਕੋ = ਨੂੰ ਦੇਖ = ਵੇਖ ਕੈ = ਕਰਕੇ ਇਨਹੁ = ਇਨ੍ਹਾਂ ਤੋਂ ਕਿਧਰੇ ਦੂਰ ਹੀ ਭਾਜ = ਭੱਜ ਜਾਣਾ ਕਰੋ ॥੭॥

## ਗਜ ਖੂੰਨੀ ਜੰਗੀ ਤੁਰੰਗ; ਪ੍ਰਿਥਮ ਪ੍ਰਸੂਤਾ ਗਾਇ ॥

ਹੇ ਭਾਈ ! ਜਿਸ ਰਾਜ = ਹਾਥੀ ਨੇ ਪਹਿਲਾਂ ਕੋਈ ਬੰਦੇ ਦਾ ਖੂੰਨੀ = ਖ਼ੂਨ ਕੀਤਾ ਹੋਵੇ ਭਾਵ ਮਾਰਿਆ ਹੋਵੇ ਅਤੇ ਜਿਹੜਾ ਜੰਗੀ ਤੁਰੰਗ = ਘੋੜਾ ਪਹਿਲਾਂ ਜੰਗ ਵਿਚ ਗਿਆ ਹੋਵੇ ਅਤੇ ਪ੍ਰਿਥਮ ਪ੍ਰਸੂਤਾ = ਪਹਿਲੇ ਸੂਏ ਦੀ ਗਾਇ = ਗਾਂ ਹੈ।

## ਅੰਤਹਪੁਰ ਰਾਜਾ ਚਲੇ; ਨਿਕਟ ਨ ਇਨ ਕੇ ਜਾਇ ॥੮॥

ਫਿਰ ਅੰਤਹਪੁਰ = ਰਾਣੀਆਂ ਦੇ ਰਹਿਣ ਵਾਲੇ ਅੰਦਰਲੇ ਨਿਵਾਸ ਵਿਚ ਰਾਜਾ ਚੱਲ ਕੇ ਜਾਂਦਾ ਹੋਵੇ, ਤਦੋਂ ਇਨ੍ਹਾਂ ਉਪਰੋਕਤ ਸਾਰੇ ਕਥਨ ਕੀਤਿਆ ਕੇ = ਦੇ ਨਿਕਟਿ = ਨੇੜੇ ਵੀ ਨਹੀਂ ਜਾਇ = ਜਾਣਾ ਚਾਹੀਦਾ ॥੮॥

## ਚਤੁਰ ਕਰਤ ਨਹਿ ਬਡਨ ਸੋਂ, ਝਗੜਾ ਔਰ ਬਿਰੋਧ ॥

ਹੇ ਭਾਈ! ਚਤੁਰ = ਸਿਆਣੇ ਮਨੁੱਖ ਆਪ ਨਾਲੋਂ ਬਡਨ = ਵੱਡਿਆ ਦੇ ਸੋਂ = ਨਾਲ ਕਦੇ ਵੀ ਝਗੜਾ = ਲੜਾਈ ਔਰ = ਅਤੇ ਬਿਰੋਧ = ਵੈਰ-ਭਾਵ ਨਹੀਂ ਕਰਦੇ।

## ਬਡੀ ਨਦੀ ਮੈਂ ਪੈਠ ਕੈ; ਪੈਰੇ ਸੋ ਅਨਬੋਧ ॥੯॥

ਕਿਉਂਕਿ ਬਡੀ = ਵੱਡੀ ਨਦੀ ਭਾਵ ਕਿਸੇ ਤੇਜ਼ ਪ੍ਰਵਾਹ ਵਾਲੇ ਦਰਿਆ ਦੇ ਮੈ = ਵਿਚ ਪੈਠ = ਪਰਵੇਸ਼ ਹੋ ਕੇ ਜੋ ਪੈਰੇ = ਪਾਰ ਹੋਣਾ ਚਾਹੇ ਤਾਂ ਸੋ = ਉਹ ਅਨਬੋਧ = ਗਿਆਨ ਤੋਂ ਹੀਣ ਮੂਰਖ ਪੁਰਖ ਹੈ ॥੯॥

## ਪ੍ਰੀਤਿ ਰੀਤਿ ਸਾਚੀ ਕਰਹਿ; ਅਰ ਦੁਖ ਹਰਹਿ ਬਚਿਤ੍ਰ ॥

ਹੇ ਭਾਈ! ਜੋ ਪ੍ਰੀਤਿ = ਪ੍ਰੀਤੀ ਦੀ ਸਾਚੀ = ਸੱਚੀ ਰੀਤੀ ਕਰਹਿ = ਕਰਦੇ ਹਨ ਅਰ = ਅਤੇ ਬਚਿਤ੍ਰ = ਸੁੰਦਰ, ਭਲੀ ਪ੍ਰਕਾਰ ਸਾਰੇ ਦੁਖਾਂ ਨੂੰ ਹਰਹਿ = ਨਾਸ਼ ਕਰਦੇ ਹਨ।

## ਬਾਵਨ ਅਛਰਨ ਮੈਂ ਕਹੈ; ਦੋਨੋਂ ਅੱਛਰ ਮਿੱਤ੍ਰ ॥੧੦॥

ਉਹ ਬਾਵਨ = ਬਵੰਜਾ ਅੱਛਰਨ = ਅੱਖਰਾਂ ਮੈ = ਵਿਚ ਕਹੈ = ਕਥਨ ਕੀਤੇ ਜਾਂਦੇ ਅਤੇ ਉਹ ਦੋਨੋਂ = ਦੋਵੇਂ ਅੱਛਰ = ਅੱਖਰ ( ਹ + ਰਿ ਜਾਂ ਰਾ + ਮ) ਹੀ ਮਿੱਤ੍ਰ ਰੂਪ ਹਨ **ਵਾ:** ਬਵੰਜਾਂ ਅੱਖਰਾਂ ਵਿਚ (ਮਿੱ + ਤ੍ਰ) ਇਹ ਦੋਨੋਂ ਅੱਖਰ ਸ੍ਰੇਸ਼ਟ ਹਨ (ਸੰਸਕ੍ਰਿਤ ਵਿਖੇ 'ਤ੍ਰ' 'ਤ੍ਰਾ' ਇਕ ਅੱਖਰ ਹੈ, ਇਸ ਕਰਕੇ 'ਮਿਤ੍ਰ' ਦੇ ਦੋ ਅੱਖਰ ਹੀ ਹਨ) ਅਰਥਾਤ ਸੰਸਕ੍ਰਿਤ ਦੇ ਬਵੰਜਾ ਅੱਖਰ ਹਨ ਤੇ ਇਨ੍ਹਾਂ ਸਭਨਾਂ ਵਿੱਚੋਂ 'ਮ' ਅਤੇ 'ਤ੍ਰ' ਇਨ੍ਹਾਂ ਦੋਨਾਂ ਅੱਖਰਾਂ ਤੋਂ ਬਣਿਆ ਜੋ ਮਿੱਤ੍ਰ ਨਾਉ ਹੈ, ਸੋ ਇਹੀ ਪ੍ਰੀਤੀ ਦੀ ਰੀਤੀ ਅਤੇ ਦੁੱਖਾਂ ਦੇ ਦੂਰ ਕਰਨ ਵਾਲਾ ਮਿੱਤ੍ਰ ਨਾਮ ਹੈ ॥੧੦॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਦਸਮੋਂ ਅਧਿਆਇ ॥੧੦॥

ਸ੍ਰੀ = ਸ਼੍ਰੋਮਣੀ ਰਾਜਨੀਤ ਚਣਾਕਾ ਨਾਮੇ ਗ੍ਰੰਥ ਦਾ ਦਸਮੋਂ = ਦਸਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੧੦॥

### ਗਿਆਰ੍ਹਵਾਂ ਅਧਿਆਇ

## ਦੋਹਰਾ ॥ ਮੀਤਨ ਸੋਂ ਝਗੜਾ ਬੁਰਾ; ਬੁਰਾ ਦੁਸ਼ਟ ਕਾ ਸੰਗ ॥

ਹੇ ਭਾਈ! ਆਪਣੇ ਪਿਆਰੇ ਮੀਤਨ = ਮਿੱਤ੍ਰਾਂ ਦੇ ਸੋਂ = ਨਾਲ ਝਗੜਾ ਕਰਨਾ ਬਹੁਤ ਬੁਰਾ = ਮਾੜਾ ਹੈ ਅਤੇ ਦੁਸਟ = ਖੋਟੇ ਪੁਰਖਾਂ ਕਾ = ਦਾ ਸੰਗ = ਸਾਥ ਵੀ ਬਹੁਤ ਬੁਰਾ = ਮਾੜਾ ਹੈ।

## ਅਰੁ ਅਰਿਸ਼ਟ ਦੇਖਨ ਬੁਰਾ; ਤੀਨੋਂ ਤਜੋ ਕੁਢੰਗ ॥੧॥

ਅਰੁ = ਅਤੇ ਅਰਿਸਟ = ਖੋਟੇ ਕਰਮ, ਪਾਪ ਕਰਨ ਵਾਲੇ ਦੀ ਪਾਪ ਕਿਰਿਆ ਵੱਲ ਦੇਖਨ = ਵੇਖਣਾ ਵੀ ਬੁਰਾ = ਮਾੜਾ ਹੈ, ਇਸ ਲਈ ਇਹ ਤੀਨੋ = ਤਿੰਨੇ ਕੁਢੰਗ = ਖੋਟੇ ਢੰਗ ਤਜੋ = ਤਿਆਗ ਦੇਵੋ ॥੧॥

## ਵਿਦਯਾ ਬਿਖ ਅਭਯਾਸ ਬਿਨ; ਅਰੁ ਜੀਰਨ ਬਿਖ ਭੋਜ ॥

ਹੇ ਭਾਈ ! ਅਭਯਾਸ = ਵਾਰ-ਵਾਰ ਪੜ੍ਹਨ ਵਿਚਾਰਨ ਤੋਂ ਬਿਨ = ਬਗ਼ੈਰ ਵਿੱਦਿਆ ਬਿਖ = ਜ਼ਹਿਰ ਰੂਪ ਹੈ ਅਰੁ = ਅਤੇ ਜੀਰਨ = ਬਦ-ਹਜ਼ਮੀ, ਪੇਟ ਖ਼ਰਾਬ ਹੋਣ ਕਰਕੇ ਖਾਧਾ ਹੋਇਆ ਭੋਜ = ਭੋਜਨ ਹੀ ਬਿਖ = ਜ਼ਹਿਰ ਰੂਪ ਹੈ। ਜੈਸਾ ਕਿ :

**ਬਿਖ ਬਿਦਯਾ ਅਭਯਾਸ ਬਿਨੁ ਭੋਜਨ ਗਰਲ ਅਘਾਇ ॥** *(ਸਾਰੁਕਤਾਵਲੀ, ਅਧਿ: ੩)*

## ਗੋਸਟ ਬਿਖ ਦਾਰਿਦ੍ਰ ਕੋ; ਤਰੁਨ ਬਿਰਧ ਕੋ ਰੋਜ ॥੨॥

ਦਾਰਿਦ੍ਰ = ਆਲਸੀ ਮਨੁੱਖ ਕੋ = ਦਾ ਸੰਗ ਗੋਸਟ = ਬੋਲਣਾ ਭਾਵ ਵਿਚਾਰ ਵਿਟਾਂਦਰਾ ਕਰਨਾ ਵਿਦਵਾਨ ਨੂੰ ਜ਼ਹਿਰ ਰੂਪ ਹੈ ਅਤੇ ਤਰੁਨ = ਜਵਾਨ ਇਸਤ੍ਰੀ ਨੂੰ ਬਿਰਧ ਮਨੁੱਖ **ਵਾ:** ਜਵਾਨ ਮਨੁੱਖ ਨੂੰ ਬਿਰਧ ਇਸਤ੍ਰੀ ਕੋ = ਦਾ ਸੰਗ ਵੀ ਰੋਜ = ਰੋਗ ਰੂਪ ਹੈ ॥੨॥

## ਏਕ ਸਮੇ ਉਪਜਤ ਨਹੀਂ; ਏਕ ਨਿਮਿਤ ਇਕ ਜਾਤ ॥

ਹੇ ਭਾਈ ! ਏਕ = ਇਕ ਨਿਮਿਤ = ਕਾਰਣ ਵਿਚ ਇਕ ਜਾਤੀ ਦਾ ਜੀਵ ਜਾਂ ਪਦਾਰਥ ਇੱਕੋ ਸਮੇਂ ਉਪਜਤ = ਪੈਦਾ ਨਹੀਂ ਹੁੰਦੇ।

## ਬੇਰ ਬ੍ਰਿਛ ਕੇ ਪੇਡ ਮੈਂ, ਜਿਉਂ ਕਾਂਟੇ ਫਲ ਪਾਤ ॥੩॥

ਜਿਵੇਂ ਬੇਰ ਦੇ ਬ੍ਰਿਛ = ਰੁੱਖ ਕੇ = ਦੇ ਪੇਡ = ਮੁੱਢ ਪੈਦਾ ਹੋਣ ਵੇਲੇ ਉਸ ਵਿਚ ਉਸੇ ਸਮੇਂ ਕਾਂਟੇ = ਕੰਡੇ, ਫਲ ਅਤੇ ਪਾਤ = ਪੱਤਰੇ ਨਹੀਂ ਲੱਗਦੇ ਅਰਥਾਤ ਇੱਕੋ ਸਮੇਂ ਇਕ ਜਾਤੀ ਵਿੱਚੋਂ ਇਕ ਕੰਮ ਦੇ ਕਰਨ ਜੋਗ ਕੋਈ ਪਦਾਰਥ ਨਹੀਂ ਉਪਜਦਾ ਜਿਵੇਂ ਕਿ ਜਿਸ ਵੇਲੇ ਬੇਰੀ ਦਾ ਮੁੱਢ ਧਰਤੀ ਵਿੱਚੋਂ ਨਿਕਲਦਾ ਹੈ, ਉਸੇ ਵੇਲੇ ਉਸਦੇ ਪੱਤੇ, ਫੁੱਲ, ਫਲ ਆਦਿ ਨਹੀਂ ਨਿਕਲਦੇ, ਪਰ ਆਪੋ-ਆਪਣੇ ਸਮੇਂ ਅਨੁਸਾਰ ਉਪਜਦੇ ਹਨ ਤੇ ਆਪਣੇ-ਆਪਣੇ ਵੱਖ-ਵੱਖ ਕੰਮ ਆਉਂਦੇ ਹਨ, ਇਸੇ ਪ੍ਰਕਾਰ ਮਨੁੱਖ ਵੀ ਇੱਕੋ ਜਿਹੇ ਪ੍ਰਤਾਪ ਵਾਲੇ ਕਾਰਜ ਦੇ ਕਰਨ ਵਾਲੇ, ਇੱਕੋ ਜਿਹੇ ਸ਼ੀਲ ਸੁਭਾਅ ਵਾਲੇ, ਇਕ ਸਮੇਂ ਦੇ ਜੰਮੇ ਹੋਏ ਨਹੀਂ ਹੁੰਦੇ ਹਨ, ਇਨ੍ਹਾਂ ਵਿਚ ਵੱਖਰਾਪਨ ਹੈ ॥੩॥

## ਯੋਗੀ ਮੰਤ੍ਰੀ ਰਾਜ ਕੁਲ; ਨਖ ਰਦ ਕੁਚ ਅਰੁ ਨਾਰਿ ॥

ਯੋਗੀ = ਯੋਗ ਸਾਧਨਾਂ ਕਰਨ ਵਾਲੇ ਸਾਧੂ ਜਨ, ਮੰਤ੍ਰੀ = ਵਜ਼ੀਰ ਆਦਿਕ, ਰਾਜ = ਮਹਾਰਾਜਾ, ਕੁਲ = ਵੰਸ਼, ਰਦ = ਦੰਦ, ਨਖ = ਨੌਂਹ, ਕੁਚ = ਅਸਥਨ ਅਰੁ = ਅਤੇ ਨਾਰਿ = ਇਸਤ੍ਰੀ।

## ਥਾਨ ਭ੍ਰਸਟ ਸੋਭਤ ਨਹੀਂ; ਏਹ ਆਠੋਂ ਪਰਕਾਰ ॥੪॥

ਇਹ ਆਠੋਂ = ਅੱਠ ਪਰਕਾਰ = ਤਰ੍ਹਾਂ ਦੀਆਂ ਵਸਤਾਂ ਭ੍ਰਸਟ = ਭੈੜੇ ਥਾਨ = ਥਾਂ 'ਤੇ ਸੋਭਤ = ਸ਼ੋਭਦੀਆਂ ਨਹੀਂ ਹਨ ਅਰਥਾਤ ਇਸ ਦੋਹਰੇ ਵਿਚ ਕੁਦਰਤੀ ਆਉਣ ਵਾਲੇ ਦੰਦ, ਨੌਂਹ ਤੇ ਅਸਥਨਾਂ ਦਾ ਦ੍ਰਿਸ਼ਟਾਂਤ ਦੇ

ਕੇ ਸਮਝਾਇਆ ਹੈ ਕਿ ਜਿਵੇਂ ਇਹ ਤਿੰਨ ਜ਼ਰਾ ਕੁ ਹੀ ਆਪਣੇ ਟਿਕਾਣੇ ਤੋਂ ਪਰ੍ਹੇ ਹੋਣ ਤਾਂ ਬਹੁਤ ਬੁਰੇ ਲੱਗਦੇ ਹਨ, ਤਿਵੇਂ ਬਾਕੀ ਪੰਜਾਂ ਨੂੰ ਵੀ ਆਪੋ-ਆਪਣੇ ਨਿਯਮ ਵਿਚ ਰਹਿਣਾ ਚਾਹੀਦਾ ਹੈ ਤਾਂ ਹੀ ਉਨ੍ਹਾਂ ਦੀ ਸੋਭਾ ਹੋਵੇਗੀ ॥੪॥

## ਪਾਨ ਸੁਪਾਰੀ ਹੰਸ ਨ੍ਰਿਪ; ਹਯ ਗਯ ਸਿੰਘ ਸਪੂਤ ॥

ਪਾਨ, ਸੁਪਾਰੀ = ਪੂਰਾ ਫਲ, ਛਾਲੀ, ਹੰਸ, ਨ੍ਰਿਪ = ਰਾਜਾ, ਹਯ = ਘੋੜਾ, ਗਯ = ਹਾਥੀ ਅਤੇ ਸਿੰਘ = ਸ਼ੇਰ ਅਤੇ ਸਪੂਤ = ਸ੍ਰੇਸ਼ਟ ਪੁੱਤਰ।

## ਜਿਉਂ ਜਿਉਂ ਪਰਭੁਇੰ ਸੰਚਰੈ;
## ਤਯੋਂ ਤਯੋਂ ਅਧਿਕ ਅਕੂਤ ॥੫॥

ਜਿਉਂ ਜਿਉਂ = ਜਿਵੇਂ-ਜਿਵੇਂ ਇਹ ਪਰਭੁਇੰ = ਵਿਸ਼ੇਸ਼ ਕਰਕੇ ਧਰਤੀ ਉੱਪਰ ਸੰਚਰੈ = ਵਿਚਰਨਾ ਕਰਦੇ ਹਨ, ਤਯੋਂ ਤਯੋਂ = ਤਿਵੇਂ-ਤਿਵੇਂ ਹੀ ਇਹ ਅਧਿਕ = ਬਹੁਤ ਜ਼ਿਆਦਾ ਅਕੂਤ = ਮੁੱਲ, ਕਦਰ ਪਾਉਂਦੇ ਹਨ ॥੫॥

## ਪੂਰਬ ਜਨਮ ਦੀਏ ਹੁਤੇ; ਧਨ ਵਿਦਯਾ ਗੋ ਦਾਨ ॥

ਹੇ ਭਾਈ ! ਜੀਵ ਨੇ ਜੋ ਪੂਰਬ = ਪਹਿਲੇ ਜਨਮਾਂ ਵਿਚ ਧਨ, ਵਿੱਦਿਆ, ਗੋ = ਗਊ ਆਦਿ ਦੇ ਦਾਨ ਦਿੱਤੇ ਹੁਤੇ = ਹੋਏ ਸਨ।

## ਸੋ ਆਗੇ ਦੌਰਤ ਫਿਰੈਂ; ਕਰਤ ਪਰਮ ਕਲਯਾਣ ॥੬॥

ਸੋ = ਉਹ ਦਾਨ ਹੀ ਇਸ ਜਨਮ ਵਿਚ ਜੀਵ ਦੇ ਅੱਗੇ ਦੌਰਤ = ਦੌੜ ਕੇ ਫਿਰਦੇ ਹਨ ਅਤੇ ਉਹ ਨੇਕ ਕਰਮ ਹੀ ਮਨੁੱਖ ਦੀ ਪਰਮ = ਵੱਡੀ ਕਲਿਆਨ ਕਰਤ = ਕਰਦੇ ਹਨ, ਭਾਵ ਜੀਵਾਂ ਨੇ ਪਿਛਲੇ-ਪਿਛਲੇ ਜਨਮਾਂ ਵਿਚ ਸ਼ੁਭ ਅਸ਼ੁਭ ਕਰਮ ਕੀਤੇ ਹੁੰਦੇ ਹਨ, ਉਨ੍ਹਾਂ ਦਾ ਫਲ ਇਸ ਜਨਮ ਵਿਚ ਪ੍ਰਾਪਤ ਹੁੰਦਾ ਹੈ ॥੬॥

## ਦੇਣਾ ਲੈਣਾ ਪੂਛਣਾ; ਕਹਿਣਾ ਗੋਪ ਸੁਣਾਇ ॥

ਆਪਣੇ ਮਿੱਤ੍ਰ ਨੂੰ ਲੋੜ ਪੈਣ 'ਤੇ ਕੁਝ ਪਦਾਰਥ ਦੇਣਾ, ਉਸ ਕੋਲੋਂ ਕੁਝ ਪਦਾਰਥ ਲੈਣਾ, ਕੋਈ ਗੁੱਝੀ ਗੱਲ ਪੁੱਛੀ ਅਤੇ ਕੁਝ ਗੁਪਤ ਕਹਿਣਾ ਸੁਣਨਾ।

## ਖਟ ਲਖਣ ਏਹ ਪ੍ਰੀਤ ਕੇ; ਭੋਜਨ ਖਾਇ ਖੁਵਾਇ ॥੭॥

ਫਿਰ ਮਿੱਤਰ ਘਰੋਂ ਭੋਜਨ ਖਾਣਾ ਅਤੇ ਉਸਨੂੰ ਆਪਣੇ ਘਰ ਬੁਲਾ ਕੇ ਖੁਆਉਣਾ ਇਹ ਮਿੱਤ੍ਰ ਨਾਲ ਪ੍ਰੀਤੀ ਕੇ = ਦੇ ਖਟ = ਛੇ ਲਖ = ਲੱਛਣ ਹਨ, ਭਾਵ ਇਨ੍ਹਾਂ ਚਿੰਨ੍ਹਾਂ ਕਰ ਕੇ ਦੋਸਤੀ ਵਿਚ ਕੋਈ ਫ਼ਰਕ ਨਹੀਂ ਪੈਂਦਾ ॥੭॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਇਕਾਦਸਮੋਂ ਅਧਿਆਇ ॥੧੧॥

ਸ੍ਰੀ = ਸ਼੍ਰੋਮਣੀ ਰਾਜਨੀਤ ਚਣਾਕਾ ਨਾਮੀ ਗ੍ਰੰਥ ਦਾ ਇਕਾਦਸਮੋਂ (ਇਕਾ+ਦਸਮੋਂ) ਇਕਾ = ਇੱਕ ਦਸਮੋਂ = ਦਸ, ੧+੧੦ ਭਾਵ ਗਿਆਰ੍ਹਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੧੧॥

## ਬਾਰ੍ਹਵਾਂ ਅਧਿਆਇ

### ਦੋਹਰਾ ॥ ਨਦੀ ਨਖੀ ਸ੍ਰਿੰਗੀ ਸਰਪ; ਸ਼ਤ੍ਰੂ ਅਗਨਿ ਨ੍ਰਿਪ ਨਾਰਿ ॥

ਹੇ ਭਾਈ ! ਜੋ ਤੇਜ਼ ਪ੍ਰਵਾਹ ਵਾਲੀ ਨਦੀ, ਨਖੀ = ਨਹੁੰਆਂ ਵਾਲੇ ਜਾਨਵਰ, ਸ੍ਰਿੰਗੀ = ਸਿੰਗਾਂ ਵਾਲੇ ਪਸ਼ੂ, ਸਰਪ = ਸੱਪ, ਸ਼ਤ੍ਰੂ = ਦੁਸ਼ਮਨ, ਅਗਨਿ = ਅੱਗ, ਨ੍ਰਿਪ = ਰਾਜਾ ਅਤੇ ਵਿਭਚਾਰਣ ਨਾਰਿ = ਇਸਤ੍ਰੀ ਆਦਿ ਹਨ।

### ਇਨ[1] ਕਾ ਕਯਾ ਇਤਬਾਰ ਹੈ; ਰਹੀਏ ਆਪ ਸੰਭਾਰ ॥੧॥

ਇਨ = ਇਨ੍ਹਾਂ ਅੱਠਾਂ ਕਾ = ਦਾ ਕਯਾ = ਕੀ ਇਤਬਾਰ = ਭਰੋਸਾ ਹੈ ਕਿ ਇਹ ਕਦੋਂ ਨੁਕਸਾਨ ਕਰ ਜਾਣ, ਇਸ ਲਈ ਆਪ ਹੀ ਇਨ੍ਹਾਂ ਤੋਂ ਸੰਭਾਰ = ਸੰਭਲ ਕੇ ਰਹੀਏ = ਰਹਿਣਾ ਕਰੀਏ ॥੧॥

### ਨ੍ਰਿਪ ਬੇਸਯਾ ਜਾਚਕ ਅਗਨਿ; ਬਾਲ ਮੁਕੱਦਮ ਕਾਲ ॥

ਹੇ ਭਾਈ ! ਜੋ ਨ੍ਰਿਪ = ਰਾਜਾ, ਬੇਸਯਾ = ਵੇਸ਼ਵਾ (ਵਿਭਚਾਰਨ ਇਸਤ੍ਰੀ), ਜਾਚਕ = ਮੰਗਤਾ, ਅਗਨਿ = ਅੱਗ, ਬਾਲ = ਬੱਚਾ, ਮੁੱਕਦਮ = ਕਦਮ ਅੱਗੇ ਰੱਖਣਾ ਵਾਲਾ, ਮੁਖੀਆ, ਚੌਧਰੀ ਅਤੇ ਕਾਲ = ਮੌਤ ਹੈ।

### ਪਰ ਦੁਖ ਕੋ ਜਾਨਤ ਨਹੀਂ; ਸਾਤੋਂ ਕਰਤ ਜਵਾਲ ॥੨॥

ਇਹ ਪਰ = ਪਰਾਏ ਦੇ ਦੁਖ = ਕਸ਼ਟ ਕੋ = ਨੂੰ ਨਹੀਂ ਜਾਨਤ = ਜਾਣਦੇ ਹਨ, ਸਗੋਂ ਇਹ ਸਾਤੋਂ = ਸੱਤੇ ਹੀ ਆਮ ਮਨੁੱਖ ਦੀ ਜਵਾਲ = ਹਾਨੀ **ਵਾ:** ਦੁਖੀ ਕਰਤ = ਦੁਖੀ ਕਰਦੇ ਹਨ ਅਰਥਾਤ ਰਾਜਾ ਜਦੋਂ ਕਿਸੇ ਨਗਰ ਵਿਚ ਜਾ ਕੇ ਡੰਡ ਜਾਂ ਕਰ ਲਾਉਂਦਾ ਹੈ ਤਾਂ ਇਹ ਨਹੀਂ ਜਾਣਦਾ ਕਿ ਇਸ ਕੋਲ ਡੰਡ ਜਾਂ ਕਰ ਦੇਣ ਜੋਗਾ ਧਨ ਹੈ ਵੀ ਜਾਂ ਨਹੀਂ। ਫਿਰ ਲੁੱਟ-ਪੁੱਟ ਲੈਂਦਾ ਹੈ ਅਤੇ ਉਸਦੇ ਦੁੱਖ ਨਹੀਂ ਜਾਣਦਾ ਕਿ ਇਸਦੇ ਮਗਰੋਂ ਇਸਦੇ ਟੱਬਰ ਦਾ ਕੀ ਹਾਲ ਹੋਵੇਗਾ। ਵੇਸ਼ਵਾ ਵੀ ਕਿਸੇ ਮਨੁੱਖ ਦਾ ਧਨ ਨਹੀਂ ਛੱਡਦੀ, ਉਹ ਪਰਾਏ ਪੁਰਖਾਂ ਨੂੰ ਆਪਣੇ ਨੇਤ੍ਰਾਂ ਦੇ ਤੀਰ ਦਾ ਸ਼ਿਕਾਰ ਬਣਾ ਕੇ ਉਸ ਕੋਲੋਂ ਸਾਰਾ ਧਨ ਲੁੱਟ ਲੈਂਦੀ ਹੈ ਅਤੇ ਮਗਰ ਉਸਦੀ ਵਿਆਹੁਤਾ ਇਸਤ੍ਰੀ ਦੇ ਦੁੱਖ ਨੂੰ ਨਹੀਂ ਜਾਣਦੀ। ਮੰਗਤਾ ਵੀ ਪਰਾਏ ਦੇ ਦੁੱਖ ਨੂੰ ਨਹੀਂ ਸਮਝਦਾ ਕਿ ਇਸ ਵੇਲੇ ਇਸ ਮਨੁੱਖ ਕੋਲ ਪੈਸਾ ਹੈ ਜਾਂ ਨਹੀਂ ਅਤੇ ਇਹ ਸੁਖੀ ਹੈ ਜਾਂ ਦੁਖੀ ਹੈ, ਉਹ ਆਪਣੇ ਮੰਗਣ ਵਾਲੇ ਸੁਭਾਅ ਅਨੁਸਾਰ ਮੰਗੀ ਜਾਂਦਾ ਹੈ। ਅੱਗ ਨੂੰ ਕੀ ਦੁੱਖ ਹੋ ਸਕਦਾ ਹੈ ? ਉਸਦੇ ਪਾਸ ਜੋ ਵੀ ਆਉਂਦਾ ਹੈ, ਉਸ ਸਭ ਨੂੰ ਸਾੜ ਕੇ ਸੁਆਹ ਕਰੀ ਜਾਂਦੀ ਹੈ। ਬੱਚਾ ਵੀ ਇਹ ਨਹੀਂ ਜਾਣਦਾ ਕਿ ਮੇਰੇ ਮਾਤਾ ਪਿਤਾ ਪਾਸ ਧਨ ਹੈ ਜਾਂ ਨਹੀਂ, ਉਹ ਆਪਣੀ ਜ਼ਿਦ ਕਰਕੇ ਆਪਣੀ ਲੋੜ ਪੂਰੀ ਕਰਨ ਲਈ ਪੈਸੇ ਮੰਗਦਾ ਹੈ। ਚੌਧਰੀ ਵੀ ਪਰਾਏ ਦੀ ਪੀੜਾ ਨੂੰ ਨਹੀਂ ਜਾਣਦਾ, ਉਹ ਆਪਣੀ ਵਡਿਆਈ ਵਾਸਤੇ ਚੁਗ਼ਲੀ ਕਰਕੇ ਦੂਜੇ ਦਾ ਬਾਲ ਬੱਚਾ ਫੜਾ ਜਾਂ ਮਰਵਾ ਦਿੰਦਾ ਹੈ ਅਤੇ ਕਾਲ ਨੇ ਕਿਸੇ ਦੇ ਦੁੱਖ ਨੂੰ ਕੀ ਜਾਨਣਾ ਹੈ। ਦੇਖੋ ਜਿਸ ਘਰ ਦਿਨੇ ਖ਼ੁਸ਼ੀਆਂ ਹੁੰਦੀਆਂ ਹਨ, ਉਸੇ ਘਰੇ ਕਈ ਵਾਰ ਸਿਆਪੇ ਹੋਣ ਲੱਗ ਪੈਂਦੇ ਹਨ। ਇਸ ਪ੍ਰਕਾਰ ਇਹ ਸਭ ਕਿਸੇ ਪਰਾਏ ਦੇ ਦੁੱਖ ਨੂੰ ਨਹੀਂ ਜਾਣਦੇ ॥੨॥

### ਕੰਨਯਾ ਦੀਜੈ ਸੁਕੁਲ ਮੈਂ; ਪੁਤ੍ਰਨ ਵਿਦਯਾ ਬੀਚ ॥

ਕੰਨਯਾ = ਲੜਕੀ ਸੁਕੁਲ = ਸ੍ਰੇਸ਼ਟ ਕੁਲ ਦੇ ਮੈਂ = ਵਿਚ ਦੀਜੈ = ਦੇਣਾ ਕਰੀਏ, ਭਾਵ ਲੜਕੀ ਨੂੰ ਸ੍ਰੇਸ਼ਟ

---

੧. ਪਾਠਾਂਤ੍ਰ- ਆਠੋਂ।

ਕੁਲ ਵਿਚ ਵਿਆਹੇ ਜਿਸ ਕਰਕੇ ਸੁਖੀ ਰਹੇਗੀ। ਪੁਤ੍ਰਨ = ਬੇਟਿਆਂ ਨੂੰ ਵਿੱਦਿਆ ਪੜ੍ਹਨ ਨੂੰ ਜਿਸ ਕਰਕੇ ਉਹ ਵਿਦ੍ਯਾ = ਵਿੱਦਿਆ ਪੜ੍ਹ ਕੇ ਸੰਸਾਰੀ ਸੁਖ ਮਾਨਣ।

## ਮ੍ਰਿਤਹ ਦੀਜੈ ਧਰਮ ਮੈਂ, ਸ਼ਤ੍ਰੁਹ ਕਾਰਜ ਨੀਚ ॥੩॥

ਮਿਤ੍ਰਹ = ਦੋਸਤ ਨੂੰ ਧਰਮ ਦੇ ਕਾਰਜ ਵਿਚ ਲਾਉਣਾ ਕਰੇ, ਜਿਸ ਕਰਕੇ ਮਿੱਤ੍ਰ ਸੁਖੀ ਹੋਵੇ, ਸ਼ਤ੍ਰਹ = ਦੁਸ਼ਮਣ ਨੂੰ ਨੀਚ = ਮਾੜੇ ਕੰਮ ਵਿਚ ਲਾਵੇ ਜਿਸ ਕਰਕੇ ਸ਼ਤ੍ਰੂ ਦਾ ਬਲ ਕਮਜ਼ੋਰ ਹੋ ਜਾਵੇ ਅਤੇ ਉਸ ਦਾ ਨਾਸ ਹੋ ਜਾਵੇ ॥੩॥

## ਕਲਪ ਸੂਦ ਕਾਲਾ ਸਰਪ; ਕਾਲਾ ਬ੍ਰਹਮਣ ਦੇਖ ॥

ਕਲਪ = ਪੀਲੇ ਰੰਗ ਵਾਲਾ ਸੂਦ = ਸ਼ੂਦਰ, ਕਾਲਾ ਸਰਪ = ਸੱਪ ਅਤੇ ਕਾਲਾ ਬ੍ਰਾਹਮਣ ਦੇਖ = ਵੇਖ ਕਰਕੇ (ਜੋ ਹਿੰਦੂ ਸ਼ਾਸਤਰਾਂ ਵਿਚ ਬਹੁਤ ਮਾੜਾ ਲਿਖਿਆ ਹੋਇਆ ਹੈ)।

## ਇਨ ਚਹੁੰ ਕਾ ਇਤਬਾਰ ਕ੍ਯਾ; ਨਾਰਿ ਚਰਿਤ੍ਰ ਬਿਸ਼ੇਖ ॥੪॥

ਫਿਰ ਨਾਰਿ = ਇਸਤ੍ਰੀ ਦੇ ਚਰਿਤ੍ਰ = ਕੌਤਕ, ਚਲਿੱਤ੍ਰ ਤਾਂ ਇਨ੍ਹਾਂ ਨਾਲੋਂ ਵੀ ਬਿਸ਼ੇਖ = ਵਧੀਕ ਹਨ, ਇਸ ਲਈ ਇਨ = ਇਨ੍ਹਾਂ ਚਹੁੰ = ਚੌਹਾਂ ਦਾ ਕ੍ਯਾ = ਕੀ ਇਤਬਾਰ = ਭਰੋਸਾ ਕਰਨਾ ਹੈ, ਭਾਵ ਇਨ੍ਹਾਂ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ॥੪॥

***ਨੋਟ :*** ਸਿੱਖ ਧਰਮ ਵਿਚ ਕਿਸੇ ਜਾਤ, ਕੌਮ, ਰੰਗ ਰੂਪ ਜਾਂ ਧਰਮ ਭੇਦ ਕਰਕੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ, ਸਗੋਂ ਹਰੇਕ ਦੇ ਚੰਗੇ ਗੁਣਾਂ ਦੀ ਕਦਰ ਕੀਤੀ ਜਾਂਦੀ ਹੈ ਤੇ ਪਰਮਾਤਮਾ ਦੀ ਅੰਸ਼ ਮੰਨ ਹਰ ਇਕ ਨੂੰ ਸਤਿਕਾਰਿਆ ਜਾਂਦਾ ਹੈ। ਜੈਸਾ ਕਿ :

**ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੯)*

## ਜਾਂ ਸੋਂ ਪ੍ਰੀਤਿ ਚਹੈ ਸਦਾ; ਤਾ ਸੋਂ ਕ੍ਯਾ ਬਿਵਹਾਰ ॥

ਹੇ ਭਾਈ ! ਜਾਂ = ਜਿਸ ਸੋਂ = ਨਾਲ ਤੁਸੀਂ ਸਦਾ = ਹਮੇਸ਼ਾਂ ਪ੍ਰੀਤਿ = ਪ੍ਰੀਤੀ ਕਰਨੀ ਚਹੌ = ਚਾਹੁੰਦੇ ਹੋ ਤਾਂ ਫਿਰ ਉਸ ਮਨੁੱਖ ਨਾਲ ਲੈਣ-ਦੇਣ ਦਾ ਬਿਵਹਾਰ = ਵਿਹਾਰ ਕ੍ਯਾ = ਕੀ ਕਰਨਾ ਹੈ, ਭਾਵ ਉਸ ਨਾਲ ਕਿਸੇ ਪ੍ਰਕਾਰ ਦਾ ਲੈਣ-ਦੇਣ ਦਾ ਵਿਹਾਰ ਨਹੀਂ ਕਰਨਾ ਚਾਹੀਦਾ।

## ਤਹਾਂ ਪਰੋਖ ਨ ਜਾਈਏ; ਜਹਾਂ ਮੀਤ ਕੀ ਨਾਰਿ ॥੫॥

ਫਿਰ ਤਹਾਂ = ਉਥੇ ਕਦੇ ਵੀ ਪਰੋਖ = ਓਹਲੇ ਹੋ ਕੇ ਨਹੀਂ ਜਾਈਏ = ਜਾਣਾ ਚਾਹੀਦਾ, ਜਹਾਂ = ਜਿਥੇ ਆਪਣੇ ਪਿਆਰੇ ਮੀਤ = ਮਿੱਤਰ ਕੀ = ਦੀ ਨਾਰਿ = ਇਸਤ੍ਰੀ ਇਕੱਲੀ ਘਰ ਵਿਚ ਹੋਵੇ ॥੫॥

## ਛੰਦ ॥

## ਬੁਰਾ ਛੁਡਾਵੈ; ਭਲਾ ਕਰਾਵੈ ॥ ਦੋਖ ਛੁਡਾਵੈ; ਗੁਨ ਪ੍ਰਗਟਾਵੈ ॥

ਹੇ ਭਾਈ ! ਜੋ ਬੁਰਾ = ਭੈੜੇ ਕੰਮਾਂ ਤੋਂ ਛਡਾਵੈ = ਹਟਾਵੇ ਅਤੇ ਭਲਾ = ਚੰਗਾ ਕੰਮ ਕਰਾਵੈ = ਕਰਵਾਉਂਦਾ ਹੈ, ਭਾਵ ਬੁਰੇ ਪਾਸੇ ਤੋਂ ਹਟਾ ਕੇ ਚੰਗੇ ਪਾਸੇ ਵੱਲ ਲਾਉਣਾ ਕਰਦਾ ਹੈ। ਫਿਰ ਜੋ ਦੋਖ = ਦੋਸ਼ਾਂ, ਗ਼ਲਤੀਆਂ ਛਡਾਵੈ = ਛੁਡਾ ਕੇ ਸ੍ਰੇਸ਼ਟ ਗੁਣਾਂ ਨੂੰ ਹਿਰਦੇ ਅੰਦਰ ਪ੍ਰਗਟਾਵੈ = ਪ੍ਰਗਟ ਕਰ ਦੇਂਦਾ ਹੈ।

## ਅਪਦਾ ਮੈਂ ਛੋਡੈ ਨਹੀਂ; ਮਿੱਤ੍ਰ ॥ ਭੀਰ ਪਰੈ ਦੀਜੈ; ਸੋ ਪਵਿਤ੍ਰ ॥੬॥

ਜੋ ਅਪਦਾ = ਬਿਪਤਾ ਦੇ ਸਮੇਂ ਮਹਿ = ਵਿਚ ਸਾਥ ਨਹੀਂ ਛੋਡੈ = ਛੱਡਦਾ, ਉਹੋ ਹੀ ਅਸਲੀ ਮਿੱਤ੍ਰ ਹੈ। ਸਗੋਂ ਜੇ ਕਿਤੇ ਕੋਈ ਭੀਰ = ਬਿਪਤਾ ਆ ਕੇ ਪਰੈ = ਪੈ ਜਾਵੇ ਤਾਂ ਸਾਥ ਦੀਜੈ = ਦੇਣਾ ਕਰਦਾ ਹੈ, ਸੋ = ਉਹ ਪਵਿੱਤ੍ਰ ਭਾਵ ਸੱਚਾ ਮਿੱਤਰ ਹੈ ॥੬॥

## ਦੋਹਰਾ ॥ ਜੌ ਸਰਬੰਸ ਜਾਤਾ ਲਖੈ; ਤੌ ਆਧਾ ਕਰ ਦਾਨ ॥

ਹੇ ਭਾਈ! ਜੌ = ਜੇਕਰ ਕੋਈ ਮਨੁੱਖ ਆਪਣਾ ਸਰਬੰਸ = ਸਾਰਾ ਧਨ ਪਦਾਰਥ ਹੀ ਨਾਸ਼ ਹੁੰਦਾ ਜਾਤਾ = ਜਾਂਦਾ ਲਖੈ = ਜਾਣੇ, ਤੌ = ਤਦ ਉਹ ਉਸ ਵਿੱਚੋਂ ਆਧਾ = ਅੱਧਾ ਦਾਨ ਕਰ ਦੇਵੇ।

## ਆਧੇ ਮੇਂ ਵਰਤੇ ਤਬੈ; ਸੋ ਮਾਨਸ ਸੁਰ ਗਯਾਨ ॥੭॥

ਤਬੈ = ਤਦੋਂ ਜੋ ਆਧੇ = ਅੱਧੇ ਬਚੇ ਹੋਏ ਧਨ ਪਦਾਰਥ ਮੈਂ = ਵਿਚ ਵਰਤੈ = ਵਰਤੋਂ-ਵਿਹਾਰ ਕਰਦਾ ਹੈ, ਸੋ = ਉਹ ਮਾਨਸੁ = ਮਨੁੱਖ ਸੁਰ = ਦੇਵਤਿਆਂ ਦੇ ਗਿਆਨ ਵਾਲਾ ਭਾਵ ਸ੍ਰੇਸ਼ਟ ਗਿਆਨਵਾਨ ਹੈ ॥੭॥

## ਥਿਰ ਨ ਮਨੋਰਥ ਮਾਨਸੀ; ਸਗਲੇ ਦੇਵਾਧੀਨ ॥

ਹੇ ਭਾਈ! ਮਾਨਸੀ = ਮਨੁੱਖ ਦੇ ਮਨੋਰਥ = ਸੰਕਲਪ ਵਿਕਲਪ ਕਦੇ ਵੀ ਥਿਰ = ਇਸਥਿਤ ਜਾਂ ਪੂਰੇ ਨਹੀਂ ਹੁੰਦੇ, ਇਹ ਸਗਲੇ = ਸਾਰੇ (ਦੇਵ + ਅਧੀਨ) ਦੇਵ = ਪ੍ਰਕਾਸ਼ ਸਰੂਪ ਪ੍ਰਭੂ ਦੇ ਅਧੀਨ = ਵੱਸ ਵਿਚ ਹਨ, ਭਾਵ ਜੋ ਪ੍ਰਭੂ ਚਾਹੁੰਦਾ ਹੈ ਉਹੀ ਹੁੰਦਾ ਹੈ।

## ਤਾਂ ਤੇ ਰਹੈ ਸੰਤੋਖ ਸੋਂ, ਜੋ ਮਾਨਸ ਪ੍ਰਬੀਨ ॥੮॥

ਤਾਂ ਤੇ = ਤਿਸ ਕਰਕੇ ਜੋ = ਜਿਹੜਾ ਮਾਨਸ = ਮਨੁੱਖ ਪਰਬੀਨ = ਸਿਆਣਾ ਹੈ, ਉਹ ਸੰਤੋਖ ਦੇ ਸੋਂ = ਸਹਿਤ ਪ੍ਰਭੂ ਦੀ ਰਜ਼ਾ ਵਿਚ ਰਹੈ = ਰਹਿੰਦਾ ਹੈ ॥੮॥

## ਦੀਆ ਜੋ ਅਗਲੇ ਜਨਮ ਕਾ; ਮਿਲੇ ਸੁ ਈਹਾਂ ਆਇ ॥

ਹੇ ਭਾਈ! ਜੋ = ਜਿਹੜਾ ਕੁਝ ਵੀ ਅਗਲੇ = ਪਹਿਲੇ, ਪਿਛਲੇ ਜਨਮਾਂ ਕਾ = ਦਾ ਕੋਈ ਦਾਨ ਦੀਆ = ਦਿੱਤਾ ਸੀ ਜਾਂ ਕੋਈ ਚੰਗਾ ਮੰਦਾ ਕਰਮ ਕੀਤਾ ਹੋਇਆ ਸੀ, ਉਹ ਇਸ ਪ੍ਰਕਾਰ ਈਹਾਂ = ਇਸ ਮਨੁੱਖਾ ਜਨਮ ਵਿਚ ਆਇ = ਆ ਕੇ ਮਿਲੇ = ਮਿਲਦਾ ਹੈ।

## ਜੈਸੇ ਬਛਰਾ ਗਊ ਕਾ; ਮਿਲੈ ਮਾਤ ਕੋ ਧਾਇ ॥੯॥

ਜੈਸੇ = ਜਿਸ ਪ੍ਰਕਾਰ ਗਊ ਕਾ = ਦਾ ਬਛਰਾ = ਵੱਛਾ ਧਾਇ = ਦੌੜ ਕਰਕੇ ਆਪਣੀ ਮਾਤ = ਮਾਂ ਨੂੰ ਆ ਕੇ ਮਿਲੇ = ਮਿਲ ਪੈਂਦਾ ਹੈ, ਇਸੇ ਤਰ੍ਹਾਂ ਪੂਰਬਲੇ ਜਨਮਾਂ ਵਿਚ ਕੀਤੇ ਕਰਮਾਂ ਦਾ ਫਲ ਮਨੁੱਖ ਨੂੰ ਆ ਕੇ ਮਿਲਦਾ ਹੈ ॥੯॥ ਜੈਸਾ ਕਿ :

**ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥** *(ਅੰਗ ੭੮)*

ਵਾ: **ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥** *(ਅੰਗ ੧੩੪)*

ਸ਼ਾਸਤ੍ਰਾਂ ਵਿਚ ਵੀ ਐਸਾ ਕਥਨ ਹੈ :

**ਯਥਾ ਧੇਨੂ ਸਹਸਰੇਸ਼ੂ ਵੱਤਸੋ ਵਿੰਦਤੇ ਸੁਇ ਮਾਤ੍ਰਮ।**
**ਤਥਾ ਸ਼ੁਭਾਸ਼ੁਭ ਕ੍ਰਿਤਮ ਕਰਮ ਕਰਤਾਰ ਮਨੋ ਗੱਛਤੀ।** *(ਮਹਾਂਭਾਰਤ)*

ਜਿਵੇਂ ਹਜ਼ਾਰਾਂ ਗਊਆਂ ਵਿੱਚੋਂ ਵੱਛਾ ਆਪਣੀ ਮਾਂ ਨੂੰ ਪਛਾਣ ਕੇ ਉਸ ਕੋਲ ਪਹੁੰਚ ਜਾਂਦਾ ਹੈ, ਤਿਵੇਂ ਹੀ ਚੰਗੇ ਅਤੇ ਮੰਦੇ ਕਰਮ ਕਰਨ ਵਾਲੇ ਦੇ ਪਾਸ ਫਲ ਦੇਣ ਲਈ ਚਲੇ ਜਾਂਦੇ ਹਨ, ਮਨੁੱਖ ਦੇ ਤੁਰਨ ਸਮੇਂ ਨਾਲ ਤੁਰਦੇ ਹਨ, ਰੁਕਣ ਵਕਤ ਨਾਲ ਹੀ ਰੁਕ ਜਾਂਦੇ ਹਨ, ਸੋ ਜਿਸ ਪ੍ਰਕਾਰ ਮਨੁੱਖ ਦਾ ਪਰਛਾਵਾਂ ਮਨੁੱਖ ਦੇ ਨਾਲ ਰਹਿੰਦਾ ਹੈ, ਤਿਵੇਂ ਕਰਮ ਨਾਲ ਹੀ ਰਹਿੰਦੇ ਹਨ।

## ਇਤਿ ਸ੍ਰੀ ਚਾਣਾਕਾ ਰਾਜਨੀਤਿ ਨਾਮ ਦ੍ਵਾਦਸਮੋ ਅਧਿਆਇ ॥੧੨॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੇ ਗ੍ਰੰਥ ਦਾ ਦ੍ਵਾਦਸਮੋ = (ਦ੍ਵਾ + ਦਸਮੋ) ਬਾਰ੍ਹਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੧੨॥

## ਤੇਰ੍ਹਵਾਂ ਅਧਿਆਇ

## ਦੋਹਰਾ ॥ ਜਨਮ ਜਨਮ ਜਿਹ ਮਾਨੁਖ ਕਾ; ਹੁਤਾ ਜੋ ਕੁਛ ਅਭ੍ਯਾਸ ॥

ਹੇ ਭਾਈ ! ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਦਾ ਜਿਹ = ਜਿਸ ਮਨੁੱਖ ਕਾ = ਦਾ ਜੋ ਕੁਝ ਜਪ, ਤਪ ਆਦਿ ਕਰਮ ਕਰਨ ਦਾ ਅਭਿਆਸ [ਅਭਿ = ਹਿਰਦੇ ਦੀ ਆਸ = ਉਮੀਦ ਨਾਲ ਜੋ ਕੀਤਾ ਜਾਵੇ **ਵਾ:** ਵਾਰ ਵਾਰ ਜੋ ਕੀਤਾ ਜਾਵੇ, ਉਸ ਨੂੰ ਅਭਿਆਸ ਕਹੀਦਾ ਹੈ] ਹੁਤਾ = ਹੁੰਦਾ ਹੈ।

## ਸੋ ਪੜ੍ਹਨੇ ਤਪ ਦਾਨ ਕਾ; ਅਬ ਹੋਵਤ ਪਰਗਾਸ਼ ॥੧॥

ਸੋ = ਉਹ ਪੜ੍ਹਨੇ = ਪੜ੍ਹਨ, ਤਪ = ਤਪੱਸਿਆ ਅਤੇ ਦਾਨ ਕਰਨ ਕਾ = ਦਾ ਅਬ = ਹੁਣ ਇਸ ਜਨਮ ਵਿਚ ਆ ਕੇ ਪਰਗਾਸ਼ = ਪ੍ਰਗਟ ਹੋਵਤ = ਹੋ ਜਾਂਦਾ ਹੈ, ਭਾਵ ਜੋ ਵੀ ਪਿਛਲੇ ਜਨਮਾਂ ਵਿਚ ਚੰਗੇ ਮੰਦੇ ਕਰਮ ਕੀਤੇ ਹੁੰਦੇ ਹਨ, ਉਸ ਦੇ ਅਨੁਸਾਰ ਹੀ ਇਸ ਜਨਮ ਵਿਚ ਕਰਮ ਕਰਨ ਦਾ ਅਭਿਆਸ ਹੁੰਦਾ ਹੈ ਭਾਵ ਅਭਿਆਸ ਕਰਕੇ ਲਗਨ ਹੁੰਦੀ ਹੈ ॥੧॥

## ਪਰਬਤ ਮੈਂ ਭ੍ਰਮਣਾ ਭਲਾ; ਮਿਲੇ ਬਾਂਦ੍ਰਨ ਸਾਥ ॥

ਹੇ ਭਾਈ ! ਪਰਬਤ = ਪਹਾੜਾਂ ਮੈਂ = ਵਿਚ ਭ੍ਰਮਣਾ = ਫਿਰਨਾ ਭਲਾ = ਚੰਗਾ ਹੈ ਭਾਵੇਂ ਉਥੇ ਬਾਂਦ੍ਰਨ = ਬਾਂਦਰਾਂ ਆਦਿ ਜਾਨਵਰਾਂ ਦਾ ਸਾਥ = ਸੰਗ ਹੀ ਮਿਲੇ = ਮਿਲਦਾ ਹੈ ਕਿਉਂਕਿ ਜੰਗਲ ਵਿਚ ਬਾਂਦਰ ਬਹੁਤ ਹੁੰਦੇ ਹਨ।

## ਇੰਦ੍ਰਲੋਕ ਬਸਨਾ ਬੁਰਾ; ਸਠ ਸੋਂ ਜਨਮ ਅਕਾਥ ॥੨॥

ਪਰ ਇੰਦ੍ਰਲੋਕ = ਇੰਦ੍ਰ ਦੀ ਪੁਰੀ ਸ੍ਵਰਗ ਵਿਚ ਬਸਨਾ = ਨਿਵਾਸ ਕਰਨਾ ਬਹੁਤ ਬੁਰਾ = ਮਾੜਾ ਹੈ, ਕਿਉਂਕਿ ਜੇ ਸਠ = ਮੂਰਖਾਂ ਪੁਰਖਾਂ ਸੋਂ = ਨਾਲ ਮਿਲਣਾ ਪਵੇ ਤਾਂ ਮਨੁੱਖਾ ਜਨਮ ਦਾ ਸਮਾਂ ਅਕਾਥ = ਵਿਅਰਥ ਹੀ ਚਲਿਆ ਜਾਂਦਾ ਹੈ, ਭਾਵ ਜਿਵੇਂ ਕਹਾਵਤ ਹੈ ਕਿ ਸਿਆਣੇ ਨਾਲ ਭਿਖ ਮੰਗਣੀ ਚੰਗੀ, ਪਰ ਮੂਰਖ ਨਾਲ ਰਾਜ ਭੋਗਣਾ ਮੰਦਾ। ਇਸੇ ਕਰਕੇ ਇਥੇ ਲਿਖਿਆ ਹੈ ਕਿ ਪਰਬਤਾਂ ਆਦਿ ਵਿਚ ਰਹਿਣਾ ਚੰਗਾ ਹੈ ਜਿਥੇ ਭਾਵੇਂ ਕਈ ਤਰ੍ਹਾਂ ਦੇ ਦੁੱਖ ਹੁੰਦੇ ਹਨ, ਪਰ ਹਿੰਦ੍ਰ ਪੁਰੀ ਦੇ ਵਿਚ ਰਹਿਣ ਦਾ ਸੁੱਖ, ਦੁੱਖ ਰੂਪ ਹੈ ਜੋ ਮੂਰਖਾਂ ਦਾ ਸਾਥ ਹੋ ਜਾਵੇ ਭਾਵ ਕਿ ਮੂਰਖ ਪੁਰਸ਼ ਬਾਂਦਰਾਂ ਜਿਹੇ ਪਸ਼ੂਆਂ, ਜਾਨਵਰਾਂ ਤੋਂ ਵੀ ਬੁਰਾ ਹੈ ॥੨॥

## ਸਤ੍ਯ ਸਾਂਤਿ ਕਰੁਣਾ ਸਹਿਣ[੧]; ਧਰਮ ਗ੍ਯਾਨ ਵੈਰਾਗ ॥

ਹੇ ਭਾਈ ! ਜੋ ਸਤ੍ਯ = ਸੱਚ ਬੋਲਣਾ, ਸਾਂਤਿ = ਸ਼ਾਂਤੀ ਧਾਰਨ ਕਰਨੀ, ਕਰੁਣਾ = ਕਿਰਪਾ, ਤਰਸ ਵਾਲੀ ਦ੍ਰਿਸ਼ਟੀ ਰੱਖਣੀ, ਸਹਿਣ = ਸਹਿਣਸ਼ੀਲਤਾ, ਖਿਮਾ ਧਾਰਨ ਕਰਨੀ, ਆਪਣੇ ਧਰਮ ਵਿਚ ਪ੍ਰਪੱਕ ਹੋਣਾ ਗ੍ਯਾਨ = ਸੱਤ ਅਸੱਤ ਦੀ ਵਿਚਾਰ ਜਾਣ ਕੇ ਸੱਤ ਨੂੰ ਗ੍ਰਹਿਣ ਤੇ ਅਸੱਤ ਦਾ ਤਿਆਗ ਕਰਨਾ **ਵਾ:** ਜੀਵ ਤੇ ਬ੍ਰਹਮ ਨੂੰ ਇਕ ਸਰੂਪ ਜਾਨਣਾ, ਵੈਰਾਗ = ਇਸ ਲੋਕ ਤੋਂ ਲੈ ਕੇ ਸੂਰਗ ਦੇ ਭੋਗਾਂ ਨੂੰ ਕਾਂ ਦੀ ਬਿਸ਼ਠਾ ਸਮਾਨ ਜਾਣ ਕੇ ਤਿਆਗ ਵਾਲੀ ਬਿਰਤੀ ਧਾਰਨ ਕਰਨੀ।

## ਯਹਿ[੨] ਅਧਰਮ ਕੋ ਨਾਸ ਕਰਿ; ਜਿਉਂ ਕਾਸਟ ਕੋ ਆਗ ॥੩॥

ਯਹਿ = ਇਹ ਸ੍ਰੇਸ਼ਟ ਗੁਣ ਅਧਰਮ = ਪਾਪ ਕੋ = ਨੂੰ ਇਸ ਪ੍ਰਕਾਰ ਨਾਸ ਕਰਦੇ ਹਨ, ਜਿਉਂ = ਜਿਵੇਂ ਕਾਸਟ = ਲੱਕੜਾਂ ਕੋ = ਨੂੰ ਆਗ = ਅੱਗ ਸਾੜ ਕੇ ਸੁਆਹ ਕਰ ਦੇਂਦੀ ਹੈ ॥੩॥

## ਸਾਂਤਿ ਅਹਿੰਸਾ ਦਾਨ ਤਪ; ਸੀਲ ਯੋਗ ਵੈਰਾਗ ॥

ਸਾਂਤਿ = ਸ਼ਾਂਤੀ ਵਾਲਾ ਸੁਭਾਅ, ਅਹਿੰਸਾ = ਜੀਵਾਂ ਨੂੰ ਨਾ ਮਾਰਨਾ, ਦਾਨ, ਤਪ = ਤਪੱਸਿਆ, ਸੀਲ = ਨਿਮਰਤਾ ਵਾਲਾ ਸੁਭਾਅ, ਯੋਗ = ਚਿੱਤ ਦੀ ਬਿਰਤੀ ਨੂੰ ਰੋਕਣਾ ਜਾਂ ਪ੍ਰਾਣਾਯਾਮ ਆਦਿ ਕਠਿਨ ਸਾਧਨ ਅਤੇ ਵੈਰਾਗ = ਇਸ ਲੋਕ ਤੇ ਪ੍ਰਲੋਕ ਦੇ ਪਦਾਰਥਾਂ ਦਾ ਤਿਆਗ।

## ਆਠ ਚਿਹਨ ਏਹ ਧਰਮ ਕੇ; ਦਮ ਸਮੇਤ ਵਡਭਾਗ ॥੪॥

ਹੇ ਵਡਭਾਗ = ਵੱਡੇ ਭਾਗਾਂ ਵਾਲੇ ਪੁਰਸ਼ਾਂ ਦਮ = ਮਨ ਨੂੰ ਵਿਸ਼ਿਆਂ ਵੱਲੋਂ ਰੋਕਣਾ, ਇਸ ਗੁਣ ਦੇ ਸਮੇਤ ਇਹ ਆਠ = ਅੱਠ ਧਰਮ ਕੇ = ਦੇ ਚਿਹਨ = ਚਿੰਨ੍ਹ ਹਨ, ਭਾਵ ਜਿਸ ਵਿਚ ਇਹ ਅੱਠ ਚਿੰਨ੍ਹ ਹਨ, ਉਹ ਧਰਮ ਦਾ ਰੂਪ ਹੈ ਪਰ ਜਿਸ ਵਿਚ ਇਨ੍ਹਾਂ ਵਿੱਚੋਂ ਇਕ ਵੀ ਗੁਣ ਹੋਵੇ, ਉਹ ਮਨੁੱਖ ਵੀ ਧਰਮੀ ਹੈ ॥੪॥

## ਸਤ ਸੌਚ ਤਪ ਦਾਨ ਜਤ; ਕਰੁਣਾ ਅਰੁ ਨਿਰਲੋਭ ॥

ਸਤ = ਸੱਚ ਬੋਲਣਾ, ਸੌਚ = ਪਵਿੱਤਰਤਾ, ਤਪ = ਤਪੱਸਿਆ, ਦਾਨ ਜਤ = ਇੰਦ੍ਰੀਆਂ ਦਾ ਦਮਨ, ਕਰੁਣਾ = ਦਇਆਲਤਾ ਅਰੁ = ਅਤੇ ਨਿਰਲੋਭ = ਲੋਭ, ਲਾਲਚ ਤੋਂ ਬਿਨਾਂ ਹੋਣਾ।

## ਸਾਤੋ ਲੱਖਣ ਧਰਮ ਕੇ; ਧਰਮੀ ਜਨ ਕੀ ਸੋਭ ॥੫॥

ਇਹ ਸਾਤੋ = ਸੱਤ ਲੱਛਣ ਧਰਮ ਕੇ = ਦੇ ਹਨ ਅਤੇ ਇਨ੍ਹਾਂ ਨੂੰ ਧਾਰਨ ਕਰਕੇ ਧਰਮੀ ਜਨ = ਮਨੁੱਖ ਕੀ = ਦੀ ਸੋਭ = ਵਡਿਆਈ ਹੁੰਦੀ ਹੈ ॥੫॥

## ਬੁਧਿਵਾਨ ਚਿਤਵਤ ਧਰਮ; ਨਹਿ ਚਿਤਵਤ ਆਹਾਰ ॥

ਹੇ ਭਾਈ ! ਇਸ ਲਈ ਬੁਧਿਵਾਨ = ਅਕਲ ਵਾਲਾ ਸਿਆਣਾ ਮਨੁੱਖ ਸਦਾ ਧਰਮ ਨੂੰ ਹੀ ਆਪਣੇ ਮਨ ਵਿਚ ਚਿਤਵਤ = ਚਿਤਵਦਾ ਰਹਿੰਦਾ ਹੈ, ਉਹ ਕਦੇ ਆਹਾਰ = ਭੋਜਨ ਨੂੰ ਨਹੀਂ ਚਿਤਵਤ = ਚੇਤੇ ਕਰਦਾ, ਭਾਵ ਰੋਟੀ ਪਾਣੀ ਦੀ ਚਿੰਤਾ ਨਹੀਂ ਕਰਦਾ।

---

੧. ਪਾਠਾਂਤ੍ਰ- ਸਹਿਤ।
੨. ਪਾਠਾਂਤ੍ਰ-ਏਹ

## ਜਨਮ ਸਾਥ ਆਹਾਰ ਕਾ;
## ਬਿਧਿ ਕੀਨੋ ਬਿਵਹਾਰ ॥੬॥

ਕਿਉਂਕਿ ਉਹ ਸਮਝਦਾ ਹੈ ਕਿ ਬਿਧਿ = ਫਲ ਪ੍ਰਦਾਤੇ ਪ੍ਰਭੂ ਨੇ ਜਨਮ ਦੇ ਸਾਥ = ਨਾਲ ਹੀ ਆਹਾਰ = ਭੋਜਨ ਕਾ = ਦਾ ਬਿਵਹਾਰ = ਵਿਹਾਰ, ਪ੍ਰਬੰਧ ਕੀਨੋ = ਕੀਤਾ ਹੋਇਆ ਹੈ ॥੬॥ ਜੈਸਾ ਕਿ :

**ਪਹਿਲੋ ਦੇ ਤੈਂ ਰਿਜਕੁ ਸਮਾਹਾ ॥ ਪਿਛੋ ਦੇ ਤੈਂ ਜੰਤੁ ਉਪਾਹਾ ॥** *(ਅੰਗ ੧੩੦)*

## ਰਾਜ ਭੋਗ ਸੰਪਤਿ ਸੁਕੁਲ; ਸੁੰਦਰਤਾ ਪੰਡਿਤ ॥

ਹੇ ਭਾਈ ! ਜੋ ਰਾਜ = ਪਾਤਸ਼ਾਹ ਹੋਣਾ, ਭੋਗ = ਪਦਾਰਥਾਂ ਦਾ ਭੋਗਣਾ, ਸੰਪਤਿ = ਬਿਭੂਤੀ, ਧਨ ਪਦਾਰਥ ਹੋਣਾ, ਸੁਕੁਲ = ਸ੍ਰੇਸ਼ਟ ਕੁਲ ਵਿਚ ਜਨਮ ਹੋਣਾ, ਸਰੀਰ ਦੀ ਸੁੰਦਰਤਾ ਅਤੇ ਪੰਡਿਤ = ਵਿਦਵਾਨ ਹੋਣਾ;

## ਆਯੂ ਬ੍ਰਿਧ ਅਰੋਗ ਤਨ; ਆਠ ਧਰਮ ਫਲ ਮਿਤ ॥੭॥

ਫਿਰ ਆਯੂ = ਉਮਰ ਬਹੁਤ ਬ੍ਰਿਧ = ਵੱਡੀ ਹੋਣੀ ਅਤੇ ਤਨ = ਸਰੀਰ ਵੀ ਅਰੋਗ = ਰੋਗ ਤੋਂ ਰਹਿਤ ਹੋਣਾ, ਹੇ ਮਿਤ = ਮਿੱਤਰਾ ! ਇਹ ਅੱਠ ਪਦਾਰਥ ਧਰਮ ਧਾਰਨ ਦਾ ਫਲ ਪ੍ਰਾਪਤ ਹੋਇਆ ਸਮਝਣਾ ਚਾਹੀਦਾ ਹੈ ॥੭॥ ਜੈਸਾ ਕਿ :

**ਸੁਭ ਕੁਲ ਜਨਮ ਸਰੂਪ ਤਨ, ਭੂਪ ਭੋਗ ਆਪੱਤ।**
**ਪੰਡਿਤ, ਦੇਹ ਅਰੋਗ ਪੁਨਿ, ਧਰਮ ਜਾਨ ਫਲ ਸੱਤ।** *(ਸਾਰੁਕਤਾਵਲੀ, ਅਧਿ: ੧)*

## ਦੁਰਗਤਿ ਨਾਸੈ ਸੀਲ ਤੇ; ਵਿਦਯਾ ਤੇ ਅਗਯਾਨ ॥

ਹੇ ਭਾਈ ! ਦੁਰਗਤਿ = ਭੈੜੀ ਹਾਲਤ, ਔਖਾ ਸਮਾਂ ਸੀਲ = ਨਿਮਰਤਾ ਵਾਲੇ ਸੁਭਾਅ, ਸ੍ਰੇਸ਼ਟਾਚਾਰ ਤੋਂ ਨਾਸ਼ ਹੋ ਜਾਂਦਾ ਹੈ ਅਤੇ ਬ੍ਰਹਮ ਵਿੱਦਿਆ ਤੇ = ਤੋਂ ਅਗਿਆਨ ਨਾਸ ਹੋ ਜਾਂਦਾ ਹੈ **ਵਾ:** ਵਿੱਦਿਆ ਪੜ੍ਹਨ ਤੋਂ ਅਗਯਾਨ = ਮੂਰਖ ਪੁਣਾ ਨਾਸ ਹੋ ਜਾਂਦਾ ਹੈ।

## ਭੈ ਨਾਸੈ ਹਰਿ ਭਜਨ ਤੇ; ਦਾਰਿਦ ਕੀਨੇ ਦਾਨ ॥੮॥

ਇਸੇ ਪ੍ਰਕਾਰ ਹਰਿ = ਪਰਮਾਤਮਾ ਦੇ ਭਜਨ = ਸਿਮਰਨ ਕਰਨ ਤੇ = ਤੋਂ ਸਭ ਪ੍ਰਕਾਰ ਦਾ ਭੈ = ਡਰ ਨਾਸੈ = ਨਾਸ਼ ਹੋ ਜਾਂਦਾ ਹੈ ਅਤੇ ਦਾਨ ਕਰਨ ਤੋਂ ਦਾਰਿਦ = ਗ਼ਰੀਬੀ ਨਾਸ਼ ਹੋ ਜਾਂਦੀ ਹੈ ॥੮॥

## ਬਿਭੌ ਨ ਥਿਰ, ਨ ਸਰੀਰ ਥਿਰ; ਜੀਵਤ ਰਹੈ ਨ ਕੋਇ ॥

ਹੇ ਭਾਈ ! ਬਿਭੌ = ਬਿਭੂਤੀ, ਧਨ-ਪਦਾਰਥ ਵੀ ਥਿਰ = ਇਸਥਿਤ ਰਹਿਣ ਵਾਲੇ ਨਹੀਂ ਹਨ, ਨਾ ਹੀ ਇਹ ਸਰੀਰ ਥਿਰ = ਇਸਥਿਤ ਰਹਿਣ ਵਾਲਾ ਹੈ, ਬਲਕਿ ਕੋਇ = ਕੋਈ ਵੀ ਇਸ ਸੰਸਾਰ ਵਿਚ ਜੀਵਤ = ਜਿਉਂਦਾ ਨਹੀਂ ਰਹੈ = ਰਹਿ ਸਕਦਾ।

## ਤਾਂ ਤੇ ਧਰਮ ਨ ਛੋਡੀਏ; ਅੰਤ ਸਹਾਈ ਹੋਇ ॥੯॥

ਤਾ ਤੇ = ਤਿਸ ਕਰਕੇ ਆਪਣੇ ਧਰਮ ਨੂੰ ਕਦੇ ਵੀ ਛੋਡੀਐ = ਤਿਆਗਣਾ ਨਾ ਕਰੀਏ, ਜੋ ਧਰਮ ਅੰਤ = ਅਖ਼ੀਰ ਵੇਲੇ ਸਹਾਈ = ਸਹਾਇਤਾ ਕਰਨ ਵਾਲਾ ਹੋਇ = ਹੁੰਦਾ ਹੈ ॥੯॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਤ੍ਰਿਯੋਦਸਮੋ ਅਧਿਆਇ ॥੧੩॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੇ ਗ੍ਰੰਥ ਦਾ ਤ੍ਰਿਯੋਦਸਮੋ = ਤ੍ਰਿਯੋ + ਦਸਮੋ) ਤੇਰਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੧੩॥

### ਅਧਿਆਇ ਚੌਧਵਾਂ

### ਦੋਹਰਾ ॥

**ਅਲੰਕਾਰ ਪਟ ਬਿਨਾ ਜਿਉਂ; ਭੋਜਨ ਘ੍ਰਿਤ ਬਿਹੀਨ ॥**

ਹੇ ਭਾਈ ! ਜਿਉਂ = ਜਿਵੇਂ ਅਲੰਕਾਰ = ਗਹਿਣੇ ਪਾਏ ਹੋਏ ਪਟ = ਕੱਪੜਿਆਂ ਤੋਂ ਬਿਨਾ = ਬਗ਼ੈਰ ਨਿਸਫਲ ਹਨ ਅਤੇ ਭੋਜਨ ਘ੍ਰਿਤ = ਘਿਉ ਤੋਂ ਬਿਹੀਨ = ਬਿਨਾਂ ਬੇਸੁਆਦਾ ਹੈ।

**ਭਾਵਹੀਨ ਮੈਥੁਨ ਕਰੈ; ਸੁਰ ਬਿਨ ਰਾਗ ਮਲੀਨ ॥੧॥**

ਤਿਵੇਂ ਭਾਵਹੀਨ = ਪ੍ਰੇਮ ਤੋਂ ਹੀਣ, ਬਿਨਾਂ ਮੈਥੁਨ = ਸੰਬੰਧ ਕਰੈ = ਕਰਨਾ ਹੈ, ਇਹ ਰਸ ਹੀਣ ਕਿਰਿਆ ਹੋਵੇਗੀ, ਜੋ ਬੇ-ਫ਼ਾਇਦਾ ਹੈ ਅਤੇ ਸੁਰ = ਗਲੇ, ਅਵਾਜ਼ **ਵਾ:** ਸੁਰਾਂ ਦੇ ਗਿਆਨ ਤੋਂ ਬਿਨਾਂ ਰਾਗ ਮਲੀਨ = ਬੇ-ਰਸਾ ਹੁੰਦਾ ਹੈ ਅਜਿਹੇ ਰਾਗ ਦਾ ਕੋਈ ਰਸ ਨਹੀਂ ਹੁੰਦਾ ॥੧॥

**ਮਾਮਾ ਜਿਸ ਕਾ ਕ੍ਰਿਸ਼ਨ ਜੀ; ਪਿਤਾ ਧਨੰਜੈ ਬੀਰ ॥**

ਹੇ ਭਾਈ ! ਮੌਤ ਬਹੁਤ ਪ੍ਰਬਲ ਹੈ ਦੇਖੋ ਜਿਸ ਪੁਰਖ ਕਾ = ਦਾ ਮਾਮਾ ਕ੍ਰਿਸ਼ਨ ਭਗਵਾਨ ਜੀ ਸੀ ਅਤੇ ਜਿਸ ਦਾ ਪਿਤਾ = ਬਾਪ ਧਨੰਜੈ = ਧਨ ਜਿੱਤਣ ਵਾਲਾ, ਜਿਸ ਨੇ ਧਨਖ ਦੁਆਰਾ ਧਨ ਜਿੱਤਿਆ, ਦਰੋਪਤੀ ਰੂਪ ਧਨ ਜਿੱਤਿਆ ਅਰਜਨ ਬੀਰ = ਸੂਰਮਾ ਸੀ।

**ਵੁਹ ਭੀ ਹੂਆ ਕਾਲ ਬਸ; ਲਗੇ ਮ੍ਰਿਤੁ ਕੇ ਤੀਰ ॥੨॥**

ਵੁਹ = ਉਹ ਅਭਿਮੰਨੂ ਵੀ ਕਾਲ = ਮੌਤ ਦੇ ਬਸਿ = ਅਧੀਨ ਹੂਆ = ਹੋ ਗਿਆ, ਜਦੋਂ ਉਸ ਨੂੰ ਮ੍ਰਿਤ = ਮੌਤ ਦੇ ਤੀਰ ਲੱਗੇ ਸਨ, ਭਾਵ ਇਸ ਫ਼ਾਨੀ ਸੰਸਾਰ ਵਿਚ ਕਾਲ ਕਿਸੇ ਛੋਟੇ ਵੱਡੇ ਦਾ ਲਿਹਾਜ਼ ਨਹੀਂ ਕਰਦਾ, ਜਦੋਂ ਮੌਤ ਆਉਂਦੀ ਹੈ ਤਾਂ ਕਿਸੇ ਦਾ ਕੋਈ ਵੱਸ ਨਹੀਂ ਚੱਲਦਾ ॥੨॥ ਜੈਸਾ ਕਿ :

**ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥** *(ਅੰਗ ੮੫੫)*

**ਹੋਮ ਮੰਤ੍ਰ ਫਲ ਬ੍ਰਹਮਣੈ; ਰਾਜਨੀਤਿ ਫਲ ਰਾਜ ॥**

ਜੋ ਗਿਆਨ ਅਗਨੀ ਨਾਲ ਆਪਣੀ ਹੰਗਤਾ ਨੂੰ ਹੋਮ = ਹਮਨ ਕਰ ਦੇਵੇ ਆਪਣੇ ਗੁਰੂ ਦੇ ਮੰਤ੍ਰ = ਨਾਮ ਨਾਲ ਉਹ ਅਸਲੀ ਬ੍ਰਾਹਮਣ ਹੈ ਜੋ ਬ੍ਰਹਮ ਦੀ ਵਿਚਾਰ ਕਰਦਾ ਹੈ ਉਸਨੂੰ ਬ੍ਰਹਮ ਗਿਆਨ ਫਲ = ਪ੍ਰਾਪਤ ਹੁੰਦਾ ਹੈ ਅਤੇ ਬ੍ਰਾਹਮਣ ਭੀ ਉਹ ਹੈ। ਜੈਸਾ ਕਿ :

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥** *(ਅੰਗ ੩੨੪-੨੫)*

ਅਥਵਾ ਬ੍ਰਾਹਮਣਾ = ਬ੍ਰਾਹਮਣ ਦਾ ਫਲ ਇਹੋ ਹੈ ਕਿ ਅੱਗ ਵਿਚ ਹੋਮ = ਹਵਨ ਕਰਨਾ ਅਤੇ ਵੇਦਾਂ ਦੇ ਮੰਤ੍ਰ ਦਾ ਜਾਪ ਕਰਨਾ ਅਤੇ ਰਾਜਨੀਤੀ ਅਨੁਸਾਰ ਚੱਲਣ ਦਾ ਫਲ ਰਾਜ ਭਾਗ ਪ੍ਰਾਪਤ ਕਰਨਾ ਹੈ।

## ਨਾਰਿ ਭੋਗ ਫਲ ਪੁੱਤ੍ਰ ਹ੍ਵੈ; ਬਰਤ ਸੀਲ ਫਲ ਲਾਜ ॥੩॥

ਨਾਰਿ = ਇਸਤ੍ਰੀ ਨਾਲ ਭੋਗ = ਸੰਬੰਧ ਕਰਨ ਦਾ ਫਲ ਇਹੋ ਹੈ ਕਿ ਪੁੱਤ੍ਰ ਦਾ ਪੈਦਾ ਹੋਣਾ ਅਤੇ ਬਰਤ ਰੱਖਣ ਦਾ ਫਲ ਸੀਲ ਸੁਭਾਉ ਤੇ ਲਾਜ = ਲੱਜਿਆਵਾਨ ਹੋਣਾ ਭਾਵ ਖੋਟੇ ਕਰਮਾਂ ਵੱਲੋਂ ਸ਼ਰਮ ਕਰਨੀ ॥੩॥

## ਚਰਚਾ ਪੰਡਿਤਨ ਸੋਂ ਕਰੈ; ਰਹੈ ਬਡਨ ਕੈ ਸੰਗ ॥

ਹੇ ਭਾਈ ! ਪੰਡਿਤਨ = ਵਿਦਵਾਨ ਪੁਰਖਾਂ ਦੇ ਸੋਂ = ਨਾਲ ਹੀ ਹਮੇਸ਼ਾਂ ਚਰਚਾ[1] ਗੋਸਟ ਵਿਚਾਰ ਕਰੇ ਅਤੇ ਸਦਾ ਬਡਨ = ਵੱਡਿਆਂ ਕੈ = ਦੇ ਸੰਗ = ਸਾਥ ਮਿਲ ਕੇ ਰਹੈ = ਰਹਿਣਾ ਕਰੇ।

## ਸੁਰਜਨ ਸੋਂ ਮੈਤ੍ਰੀ ਕਰੈ; ਦੁਖ ਤੇ ਰਹੈ ਅਭੰਗ ॥੪॥

ਸੁਰਜਨ = ਸਿਆਣੇ ਮਨੁੱਖਾਂ ਦੇ ਸੋਂ = ਨਾਲ ਮੈਤ੍ਰੀ = ਮਿੱਤ੍ਰਤਾ ਕਰੇ ਜੋ ਇਸ ਪ੍ਰਕਾਰ ਸ੍ਰੇਸ਼ਟ ਗੁਣ ਧਾਰਨ ਕਰਦਾ ਹੈ, ਉਹ ਮਨੁੱਖ ਦੁੱਖਾਂ ਤੇ = ਤੋਂ ਸਦਾ ਅਭੰਗ = ਅਸੰਗ ਰਹਿੰਦਾ ਹੈ ॥੪॥

## ਕੁਲਚਾਰੀ ਨਰ ਉੱਦਮੀ, ਧੀਰਜ ਕਰੈ ਜੁ ਕੋਇ ॥

ਹੇ ਭਾਈ ਜੋ ਨਰ = ਮਨੁੱਖ ਕੁਲਚਾਰੀ = ਕੁਲ ਦੀ ਚਾਲ, ਰੀਤੀ ਅਤੇ ਉੱਦਮੀ = ਉੱਦਮ ਦੇ ਸਹਿਤ ਹੈ ਪੁਨਾ ਜੁ = ਜਿਹੜਾ ਕੋਇ = ਕੋਈ ਵੀ ਮਨੁੱਖ ਧੀਰਜ = ਧੀਰਜਤਾ ਆਦਿ ਸ਼ੁਭ ਗੁਣਾਂ ਨੂੰ ਗ੍ਰਹਿਣ ਕਰੈ = ਕਰੇਗਾ।

## ਤਾਹਿ ਨ ਛਾਡੈ ਲੱਛਮੀ; ਸਦਾ ਸਹਾਇਕ ਹੋਇ ॥੫॥

ਤਾਹਿ = ਉਸ ਮਨੁੱਖ ਨੂੰ ਲਛਮੀ = ਮਾਇਆ, ਬਿਭੂਤੀ ਕਦੇ ਵੀ ਛਾਡੈ = ਤਿਆਗਦੀ ਨਹੀਂ, ਸਗੋਂ ਉਸਦੀ ਸਦਾ = ਹਮੇਸ਼ਾਂ ਸਹਾਇਕ ਹੋਇ = ਹੁੰਦੀ ਹੈ ॥੫॥

## ਗੰਧ੍ਰਬ ਵਿਦਯਾ ਸੁਰ ਸਹਿਤ; ਪਾਨ ਮਿਤ੍ਰ ਪਰਬੀਨ ॥

ਹੇ ਭਾਈ ! ੧. ਗੰਧ੍ਰਬ ਵਿਦਯਾ = ਰਾਗ ਵਿੱਦਿਆ ਸੁਰ = ਅਵਾਜ਼, ਸੁਰਾਂ ਦੇ ਗਿਆਨ ਦੇ ਸਹਿਤ = ਸਮੇਤ ਹੋਵੇ, ੨. ਪਾਨ ਪੁਨਾ ਤੋਂ ਭਾਵ ਹੈ ਫਿਰ ਅਤੇ ੩. ਪਰਬੀਨ = ਸਿਆਣੇ ਮਿੱਤ੍ਰ।

## ਪ੍ਰਿਯ ਤਰੁਨੀ ਭਾਰਥ ਕਥਾ; ਪਾਂਚੋਂ ਨਿੱਤ ਨਵੀਨ ॥੬॥

੪. ਪ੍ਰਿਯ = ਪਿਆਰੀ, ਪਤੀਬਰਤਾ ਧਰਮ ਵਿਚ ਪ੍ਰਪੱਕ ਤਰੁਨੀ = ਇਸਤ੍ਰੀ ਅਤੇ ੫. ਭਾਰਥ = ਮਹਾਂਭਾਰਤ ਦੀ ਕਥਾ, ਇਹ ਪਾਂਚੋ = ਪੰਜੇ ਚੀਜ਼ਾਂ ਨਿਤ = ਨਿਤਾਪ੍ਰਤੀ ਨਵੀਨ ਹਨ। ਗੁਰਸਿੱਖਾਂ ਵਾਸਤੇ ਗੁਰਬਾਣੀ ਅਤੇ ਗੁਰ-ਇਤਿਹਾਸਾਂ ਦੀ ਕਥਾ ਨਿਤ ਨਵੀਂ ਹੈ, ਭਾਵ ਇਹ ਕਥਾ ਨਿਤਾਪ੍ਰਤੀ ਨਵੇਂ ਤੋਂ ਨਵਾਂ ਅਨੰਦ ਦੇਣ ਵਾਲੀ ਹੈ ॥੬॥

---

੧. **ਚਰਚਾ** = ਪ੍ਰਸ਼ਨ ਉੱਤਰ, ਵਿਦਵਾਨਾਂ ਨੇ ਚਰਚਾ ਦੇ ਚਾਰ ਭੇਦ ਕਲਪੇ ਹੋਏ ਹਨ :
(ੳ) **ਵਾਦ** : ਪ੍ਰੇਮ-ਭਾਵ ਨਾਲ ਪਰਸਪਰ ਪ੍ਰਸ਼ਨ ਉੱਤਰ ਕਰ ਕੇ ਤਸੱਲੀ ਕਰਨੀ।
(ਅ) **ਹਿਤ** : ਈਰਖਾ ਤੋਂ ਬਿਨਾਂ ਹੋ ਕੇ ਖੰਡਨ-ਮੰਡਨ ਕਰਨਾ।
(ੲ) **ਜਲਪ** : ਆਪਣੇ ਮਤ ਦੀ ਪੁਸ਼ਟੀ ਲਈ ਦੂਜੇ ਦੀ ਦਲੀਲ ਨੂੰ ਰੱਦ ਕਰਨਾ।
(ਸ) **ਵਿਤੰਡਾ** : ਕਿਸੇ ਦੂਸਰੇ ਦਾ ਪੱਖ ਡੇਗਣ ਵਾਸਤੇ ਛਲ ਕਪਟ ਈਰਖਾ ਤੇ ਹੱਠ ਨਾਲ ਮਿਲੀ ਹੋਈ ਚਰਚਾ।

## ਸੁਰਜਨ ਵਿਜੋਗ ਵਿਜੋਗ ਤ੍ਰਿਯ; ਬਿਪਤਾ ਮੈ ਹਿਤੁ ਤਯਾਗ ॥

ਹੇ ਭਾਈ ! ਸੁਰਜਨ = ਸ੍ਰੇਸ਼ਟ ਮਿੱਤਰਾਂ ਦਾ ਵਿਜੋਗ = ਵਿਛੋੜਾ ਹੋ ਜਾਣਾ, ਤ੍ਰਿਯ = ਇਸਤ੍ਰੀ, ਘਰਵਾਲੀ ਦਾ ਵੀ ਵਿਜੋਗ = ਵਿਛੋੜਾ ਹੋ ਜਾਣਾ ਅਤੇ ਬਿਪਤਾ = ਭੀੜ ਪੈਣ ਦੇ ਸਮੇਂ ਮੈ = ਵਿਚ ਹਿਤੁ = ਸੰਬੰਧੀਆਂ ਨੇ ਤਯਾਗ = ਛੱਡ ਜਾਣਾ।

## ਰਿਣ ਬਾਕੀ ਸੇਵਾ ਕੁਜਨ; ਭਸਮ ਕਰਤ ਬਿਨ ਆਗ ॥੭॥

ਸਿਰ ਉੱਪਰ ਰਿਣ = ਕਰਜ਼ਾ ਬਾਕੀ ਹੋਣਾ ਅਤੇ ਕਿਸੇ ਕੁਜਨ = ਖੋਟੇ ਪੁਰਖ ਦੀ ਸੇਵਾ = ਟਹਿਲ ਕਰ ਲੈਣੀ, ਇਹ ਚੀਜ਼ਾਂ ਮਨੁੱਖ ਨੂੰ ਪ੍ਰਤੱਖ ਆਗ = ਅੱਗ ਤੋਂ ਬਿਨ = ਬਗ਼ੈਰ ਹੀ ਅੰਦਰੋ-ਅੰਦਰੀ ਭਸਮ = ਸੁਆਹ ਕਰ ਦੇਂਦੀਆਂ ਹਨ ॥੭॥

## ਵਿਦਯਾ ਤਪ ਗੁਣ ਸੀਲ ਨਹਿ; ਦਾਨ ਧਰਮ ਕਛੁ ਨਾਹਿ ॥

ਹੇ ਭਾਈ ! ਜਿਨ੍ਹਾਂ ਮਨੁੱਖਾਂ ਦੇ ਪਾਸ ਵਿੱਦਿਆ, ਤਪ = ਤਪੱਸਿਆ, ਸ਼ੁਭ ਗੁਣ ਅਤੇ ਸ਼ੀਲ = ਨਿਮਰਤਾ ਵਾਲਾ ਸੁਭਾਉ ਨਹਿ = ਨਹੀਂ ਹੈ ਅਤੇ ਦਾਨ, ਧਰਮ ਆਦਿ ਕਛੁ = ਕੁਝ ਵੀ ਸ੍ਰੇਸ਼ਟਾਚਾਰ ਨਹੀਂ ਹੈ।

## ਤੇ ਨਰ ਪਸੁ ਭੁੰਇ ਭਾਰ ਹੈ; ਡਰਤ ਰਹਿਤ ਜਗ ਮਾਹਿ ॥੮॥

ਤੇ = ਉਹ ਨਰ = ਪੁਰਖ ਪਸੁ = ਪਸ਼ੂਆਂ ਦੇ ਸਮਾਨ ਭੁੰਇ = ਧਰਤੀ ਉੱਪਰ ਭਾਰ = ਬੋਝ ਰੂਪ ਹੀ ਹੈ = ਹਨ ਅਤੇ ਉਹ ਇਸ ਜਗ = ਸੰਸਾਰ ਵਿਚ ਆਪਣੇ ਔਗੁਣਾਂ ਕਰਕੇ ਸਦਾ ਹੀ ਅੰਦਰੋਂ ਡਰਤ = ਡਰਦੇ ਰਹਿਤ = ਰਹਿੰਦੇ ਹਨ ॥੮॥

## ਮ੍ਰਿਗ ਭੱਛੀ ਮ੍ਰਿਗਰਾਜ ਬਨ; ਭੂਖੇ ਤ੍ਰਿਣ ਨ ਚਰੰਤ ॥

ਹੇ ਭਾਈ ! ਜਿਵੇਂ ਮ੍ਰਿਗ = ਹਿਰਣਾਂ ਆਦਿ ਜਾਨਵਰ, ਪਸ਼ੂਆਂ ਨੂੰ ਭੱਛੀ = ਖਾਣ ਵਾਲਾ ਮ੍ਰਿਗਰਾਜ = ਸ਼ੇਰ ਬਨ = ਜੰਗਲ ਵਿਚ ਭਾਵੇਂ ਅਤਿਅੰਤ ਭੂਖੇ = ਭੁੱਖਾ ਹੋਵੇ ਪਰ ਫਿਰ ਵੀ ਉਹ ਤ੍ਰਿਣ = ਘਾਹ ਨਹੀਂ ਚਰੰਤ = ਚਰਦਾ।

## ਤਿਉਂ ਕੁਲਵੰਤ ਬਿਪਤ ਪਰੈ; ਨੀਚ ਕਰਮ ਨ ਕਰੰਤ ॥੯॥

ਤਿਉਂ = ਤਿਵੇਂ ਹੀ ਕੁਲਵੰਤ = ਸ੍ਰੇਸ਼ਟ ਕੁਲ ਵਾਲੇ ਮਨੁੱਖ ਨੂੰ ਭਾਵੇਂ ਕਿਤਨੀ ਵੀ ਕੋਈ ਬਿਪਤਾ ਪਰੈ = ਪੈ ਜਾਵੇ, ਪਰ ਫਿਰ ਉਹ ਕੋਈ ਨੀਚ = ਮਾੜਾ ਕਰਮ ਨਹੀਂ ਕਰੰਤ = ਕਰਦਾ ॥੯॥

## ਛਪੈ ਛੰਦ ॥

## ਦੁਸਤਰ ਮਹਾਂ ਸਮੁੰਦ੍ਰ; ਤਰਨ ਕੋ ਕੀਏ ਜਹਾਜ਼ਾ ॥

ਹੇ ਭਾਈ ! ਜਿਸ ਸਮੁੰਦਰ ਨੂੰ ਮਹਾਂ = ਬਹੁਤ ਦੁਸਤਰ = ਔਖਾ ਤਰਨਾ ਹੁੰਦਾ ਹੈ, ਭਾਵ ਜਿਸ ਸਮੁੰਦਰ ਤੋਂ ਪਾਰ ਜਾਣਾ ਬਹੁਤ ਮੁਸ਼ਕਲ ਹੈ, ਉਸ ਤੋਂ ਤਰਨ = ਪਾਰ ਹੋਣ ਕੋ = ਦੇ ਲਈ ਸਿਆਣੇ ਮਨੁੱਖਾਂ ਨੇ ਜਹਾਜ਼ਾ = ਜਹਾਜ਼ ਬੇੜੇ ਬਣਾਉਣਾ ਕੀਏ = ਕੀਤੇ ਹਨ।

## ਗਰਬਵੰਤ ਕੇ ਗਰਬ ਹਰਨ ਕੋ; ਹੈ ਭੂਪਤਿ ਰਾਜਾ ॥

ਗਰਬਵੰਤ = ਹੰਕਾਰੀ ਮਨੁੱਖਾਂ ਕੇ = ਦੇ ਗਰਬ = ਹੰਕਾਰ ਨੂੰ ਹਰਨ-ਨਾਸ਼ ਕਰਨ ਕੋ = ਦੇ ਵਾਸਤੇ (ਭੂ + ਪਤਿ) ਭੂ = ਪ੍ਰਿਥਵੀ ਦੇ ਪਤਿ = ਪਤੀ ਰਾਜੇ ਬਣਾਏ ਹਨ।

## ਅੰਧਕਾਰ ਕੇ ਦੂਰ ਕਰਨ ਕੋ; ਕੀਨੋ ਦੀਯਾ ॥

ਅੰਧਕਾਰ = ਹਨੇਰੇ ਕੇ = ਦੇ ਦੂਰ ਕਰਨ ਕੋ = ਨੂੰ ਦੀਯਾ = ਦੀਵਾ ਬਣਾਉਣਾ ਕੀਨੋ = ਕੀਤਾ ਹੈ।

## ਜਹਾਂ ਪਵਨ ਨਹਿ ਹੋਇ; ਤਹਾਂ ਪੰਖਾ ਹੈ ਕੀਯਾ ॥

ਗਰਮੀ ਦੀ ਰੁੱਤ ਅੰਦਰ ਜਿਥੇ ਪਵਨ = ਹਵਾ ਨਹੀਂ ਹੋਇ = ਹੁੰਦੀ, ਉਥੇ ਹਵਾ ਝੱਲਣ ਵਾਸਤੇ ਪੱਖਾ ਬਣਾਉਣਾ ਕੀਤਾ ਹੈ।

## ਜਗ ਮੈਂ ਉਪਾਇ ਸਭ ਕਾ ਕੀਯਾ; ਸਰਬ ਗ੍ਰੰਥਨ ਮੈਂ ਕਹਾ ॥

ਸੋ ਇਸ ਜਗ = ਸੰਸਾਰ ਮੈਂ = ਵਿਚ ਸਭ = ਸਾਰੇ ਕੰਮਾਂ ਦਾ ਉਪਾਇ = ਯਤਨ ਕੀਯਾ = ਕੀਤਾ ਗਿਆ ਹੈ, ਫਿਰ ਸਰਬ = ਸਾਰੇ ਗ੍ਰੰਥਨ = ਗ੍ਰੰਥਾਂ ਮੈ = ਵਿਚ ਵੀ ਕਹਾ = ਕਥਨ ਕੀਤਾ ਗਿਆ ਹੈ।

## ਦੁਰਜਨ ਚਿਤ ਕੇ ਬ੍ਰਿਤਿ ਹਰਨ ਕੋ; ਬਿਧਿ ਥਕ ਰਹਾ ॥੧੦॥

ਪਰ ਦੁਰਜਨ = ਖੋਟੇ ਪੁਰਖਾਂ ਦੇ ਚਿੱਤ ਦੀ ਬ੍ਰਿਤਿ = ਬਿਰਤੀ ਨੂੰ ਹਰਨ = ਨਾਸ਼ ਕਰਨ ਦੇ ਵਾਸਤੇ ਬਿਧਿ = ਬ੍ਰਹਮਾ ਵੀ ਥੱਕ ਰਿਹਾ ਹੈ ॥੧੦॥

## ਇਤਿ ਸ੍ਰੀ ਰਾਜਨੀਤਿ ਨਾਮ ਚੌਦਸਮੋਂ ਅਧਿਆਇ ॥੧੪॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੀ ਗ੍ਰੰਥ ਦੇ ਚੌਦਸਮੋਂ = (ਚੌ + ਦਸਮੋਂ) ਚੌਧਵੇਂ ਅਧਿਆਇ ਦੀ ਏਥੇ ਇਤਿ = ਸਮਾਪਤ ਹੁੰਦੀ ਹੈ ॥੧੪॥

### ਪੰਦਰ੍ਹਵਾਂ ਅਧਿਆਇ

## ਕੁਲ ਕਲੰਕ ਕਿਸ ਕੇ ਨਹੀਂ; ਬ੍ਯਾਧ ਪੀਰ ਬਿਨ ਕੌਣ ॥

ਹੇ ਭਾਈ! ਇਸ ਦੁਨੀਆਂ ਵਿਚ ਕਿਸ ਦੇ ਕੁਲ ਨੂੰ ਕੋਈ ਕਲੰਕ = ਦੋਸ਼ ਨਹੀਂ ਲੱਗਿਆ ਹੋਇਆ ਅਤੇ ਬ੍ਯਾਧ = ਰੋਗ ਤੇ ਪੀਰ = ਪੀੜਾ ਤੋਂ ਬਿਨ = ਬਗ਼ੈਰ ਕੌਣ = ਕਿਹੜਾ ਹੈ ਭਾਵ ਕੋਈ ਨਹੀਂ।

## ਦੁਖ ਕਿਸ ਕੋ ਪ੍ਰਾਪਤ ਨਹੀਂ; ਸਦਾ ਸੁਖੀ ਕਹੁ ਕੌਣ ॥੧॥

ਫਿਰ ਇਸ ਫ਼ਾਨੀ ਸੰਸਾਰ ਅੰਦਰ ਦੁੱਖ ਕਿਸ ਮਨੁੱਖ ਨੂੰ ਪ੍ਰਾਪਤ ਨਹੀਂ ਹੋਇਆ ਅਤੇ ਦੱਸੋ ਕਿ ਸਦ = ਹਮੇਸ਼ਾਂ ਹੀ ਸੁਖੀ ਕੌਣ = ਕਿਹੜਾ ਹੈ, ਭਾਵ ਇਸ ਸੰਸਾਰ ਅੰਦਰ ਕੋਈ ਵਿਰਲਾ ਹੀ ਮਨੁੱਖ ਹੈ ਜੋ ਦੋਸ਼ਾਂ, ਰੋਗ, ਪੀੜਾ ਆਦਿ ਤੋਂ ਰਹਿਤ ਅਤੇ ਸਦਾ ਸੁਖੀ ਹੋਵੇ ਪਰ ਐਸਾ ਕੋਈ ਨਹੀਂ ਹੈ, ਸਭ ਦੁਖੀ ਹੀ ਹਨ ॥੧॥ ਜੈਸਾ ਕਿ :

**ਨਾਨਕ ਦੁਖੀਆ ਸਭੁ ਸੰਸਾਰੁ ॥** *(ਅੰਗ ੯੫੪)*

## ਨ੍ਰਿਪਤਿ ਮਿੱਤ੍ਰ ਕਾਹੂੰ ਨਹੀਂ; ਸਰਪ ਨ ਨਿਰਬਿਖ ਹੋਇ ॥

ਨ੍ਰਿਪਤਿ = ਰਾਜਾ ਕਾਹੂੰ = ਕਿਸੇ ਦਾ ਵੀ ਕਦੇ ਮਿੱਤ੍ਰ = ਦੋਸਤ ਨਹੀਂ ਬਣਦਾ ਅਤੇ ਸਰਪ = ਸੱਪ ਕਦੇ ਵੀ ਨਿਰਬਿਖ = ਵਿਹੁ ਤੋਂ ਬਿਨਾ ਨਹੀਂ ਹੋਇ = ਹੁੰਦਾ, ਭਾਵ ਜੇਕਰ ਰਾਜੇ ਲੋਕ ਕਿਸੇ ਵੱਲ ਮਿੱਤ੍ਰਤਾ ਦਾ ਫ਼ੁਰਮਾਨ ਭੇਜਦੇ ਵੀ ਹਨ ਤਾਂ ਵੀ ਉਨ੍ਹਾਂ ਦੀ ਚਾਲ ਹੁੰਦੀ ਹੈ ਤੇ ਅੰਤ ਨੂੰ ਉਹ ਘਾਤ ਕਰ ਜਾਂਦੇ ਹਨ ਅਤੇ ਸੱਪ ਤਾਂ ਪਾਲਣ ਵਾਲੇ ਸਪੇਰਿਆਂ ਦਾ ਵੀ ਮਿੱਤਰ ਨਹੀਂ ਬਣਦਾ, ਸਗੋਂ ਕਈ ਵਾਰ ਉਨ੍ਹਾਂ ਨੂੰ ਵੀ ਡੰਗ ਮਾਰ ਦੇਂਦਾ ਹੈ।

## ਸ਼ੁਧ ਨਾਰਿ ਕੋਊ ਨਹੀਂ; ਯਹਿ ਜਾਨਤ ਸਭ ਕੋਇ ॥੨॥

ਇਸੇ ਪ੍ਰਕਾਰ ਹਿੰਦੂ ਮੱਤ ਦੇ ਸ਼ਾਸਤ੍ਰਾਂ ਅਨੁਸਾਰ ਕੋਊ = ਕੋਈ ਨਾਰਿ = ਇਸਤ੍ਰੀ ਵੀ ਸ਼ੁਧ = ਪਵਿੱਤ੍ਰ ਨਹੀਂ ਮੰਨੀ ਗਈ। ਯਹਿ = ਇਸ ਗੱਲ ਨੂੰ ਸਭ ਕੋਈ ਹੀ ਜਾਨਤ = ਜਾਣਦੇ ਹਨ ਕਿਉਂਕਿ ਹਰ ਮਹੀਨੇ ਮਾਸਕ ਧਰਮ ਕਰਕੇ ਮਲੀਨ ਹੋ ਜਾਂਦੀ ਹੈ ਕ੍ਰਿਆ ਦੇ ਆਧਾਰ 'ਤੇ ਕਿਹਾ ਕ੍ਰਿਆ ਮਲੀਨ ਹੈ, ਐਸਾ ਧਰਮ ਸ਼ਾਸਤ੍ਰਾਂ ਵਿਚ ਹੈ ਪਰ ਕ੍ਰਿਆ ਅਪਵਿੱਤ੍ਰ ਹੈ, ਔਰਤ ਅਪਵਿੱਤ੍ਰ ਨਹੀਂ ॥੨॥

## ਚਿੰਤਾਤੁਰ ਸੁਖ ਨੀਂਦ ਨਹਿ; ਛੁਧਯਾਤੁਰ ਬਲ ਤੇਜੁ ॥

(ਚਿੰਤ + ਆਤੁਰ) ਚਿੰਤਾ ਕਰਕੇ ਆਤੁਰ = ਦੁਖੀ ਮਨੁੱਖ ਨੂੰ ਕਦੇ ਵੀ ਸੁੱਖ ਦੀ ਨੀਂਦ ਨਸੀਬ ਨਹੀਂ ਹੁੰਦੀ ਅਤੇ (ਛੁਧ + ਆਤੁਰ) ਛੁਧ = ਭੁੱਖ ਕਰਕੇ ਆਤੁਰ = ਦੁਖੀ ਮਨੁੱਖ ਵਿਚ ਬਲ = ਤਾਕਤ ਤੇ ਤੇਜ ਪ੍ਰਭਾਵ ਨਹੀਂ ਰਹਿੰਦਾ। ਜੈਸਾ ਕਿ :

**ਖੁਧਯਾ ਕਰਿ ਆਤੁਰ ਜੋ ਨਰ ਅਹੈ ॥ ਬੁਧਿ ਕ੍ਰਾਂਤਿ ਉਭੈ ਤਿਨ ਕੀ ਨ ਰਹੈ ॥**
**ਅਤਿ ਆਤੁਰ ਚਿੰਤਹਿ ਤੇ ਜੁ ਨਰਾ ॥ ਸੁਖ ਨੀਂਦ ਉਭੈ ਤਿਨ ਕੋ ਨ ਜਰਾ ॥੭॥**

*(ਸਾਰੁਕਤਾਵਲੀ, ਅਧਿ: ੧੦)*

## ਲੋਭੀ ਕੇ ਚਿੱਤ ਸਾਂਤਿ ਨਹਿ; ਯਹਿ ਨਿਸਚਯ ਲਖ ਲੇਜੁ ॥੩॥

ਲੋਭੀ = ਲਾਲਚੀ ਮਨੁੱਖ ਕੇ = ਦੇ ਚਿਤ = ਮਨ ਵਿਚ ਕਦੇ ਵੀ ਸਾਂਤਿ = ਸ਼ਾਂਤੀ ਨਹੀਂ ਹੋ ਸਕਦੀ, ਯਹਿ = ਇਹ ਗੱਲ ਨਿਸ਼ਚੇ ਕਰਕੇ ਲਖ = ਜਾਣ ਲੇਜੁ = ਲੈਣਾ ਕਰੋ ॥੩॥

## ਰਿਕਤਪਾਨ ਦਰਸੈ ਨਹੀਂ; ਭੂਪ ਭਿਖੁਕ ਗੁਰਦੇਵ ॥

ਹੇ ਭਾਈ! ਭੂਪ = ਰਾਜੇ, ਭਿਖੁਕ = ਸੰਤ ਮਹਾਤਮਾ ਅਤੇ ਗੁਰਦੇਵ = ਪੂਜਨੀਕ ਗੁਰੂ ਦੇ ਕਦੇ ਵੀ ਰਿਕਤ = ਖ਼ਾਲੀ ਪਾਨ = ਹੱਥ ਦਰਸੈ = ਦਰਸ਼ਨ ਨਹੀਂ ਕਰਨੇ ਚਾਹੀਦੇ।

## ਫਲ ਦੀਏ ਫਲ ਪਾਈਐ; ਫਲੈ ਨ ਫਲ ਬਿਨ ਸੇਵ ॥੪॥

ਕਿਉਂਕਿ ਕੁਝ ਫਲ ਦੀਏ = ਦਿੱਤਿਆਂ ਹੀ ਫਲ = ਪਦਾਰਥ ਪਾਈਐ = ਪ੍ਰਾਪਤ ਕਰੀਦੇ ਹਨ ਅਤੇ ਫਲ ਤੋਂ ਬਿਨਾਂ ਸੇਵ = ਟਹਿਲ ਫਲੈ = ਫਲਦੀ ਨਹੀਂ ਹੈ ਅਰਥਾਤ ਭਾਵੇਂ ਰਾਜੇ ਸੰਤਾਂ ਅਤੇ ਗੁਰਾਂ ਪਾਸ ਕਿਸੇ ਪਦਾਰਥ ਦਾ ਘਾਟਾ ਨਹੀਂ ਹੈ ਪਰ ਫਿਰ ਵੀ ਉਨ੍ਹਾਂ ਦੀ ਪ੍ਰਸੰਨਤਾ ਲੈਣ ਲਈ ਕੁਝ ਨਾ ਕੁਝ ਪਦਾਰਥ ਜ਼ਰੂਰ ਲੈ ਕੇ ਜਾਣਾ ਚਾਹੀਦਾ ਹੈ ਜਿਵੇਂ ਪੁਰਾਤਨ ਇਤਿਹਾਸਾਂ ਵਿੱਚ ਜ਼ਿਕਰ ਆਉਂਦਾ ਹੈ ਕਿ ਜਦੋਂ ਭਗਤ ਸੁਦਾਮਾ ਜੀ ਅਤਿਅੰਤ ਗ਼ਰੀਬੀ ਦੇ ਕਾਰਨ ਭਗਵਾਨ ਕ੍ਰਿਸ਼ਨ ਜੀ ਦੇ ਪਾਸ ਗਏ ਸਨ, ਤਦ ਉਹ ਆਪਣੇ ਪੱਲੇ ਭੁੱਜੇ ਹੋਏ ਚੌਲ ਬੰਨ੍ਹ ਕੇ ਲੈ ਗਏ ਸਨ, ਜੋ ਭਗਵਾਨ ਕ੍ਰਿਸ਼ਨ ਜੀ ਨੇ ਆਪ ਮੰਗ ਕੇ ਖਾਧੇ ਤੇ ਉਸਦੇ ਘਰ ਵਿਚ ਸਾਰੇ ਪਦਾਰਥ ਵਰਤਾ ਦਿੱਤੇ ॥੪॥ ਜੈਸਾ ਕਿ :

**ਲੈ ਕੈ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁਚਾਏ ॥**
**ਚਾਰਿ ਪਦਾਰਥ ਸਕੁਚਿ ਪਠਾਏ ॥੯॥** *(ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੯)*

## ਮੀਠਾ ਬੋਲਨ ਤੇ ਸਦਾ; ਸਭਨ ਹੋਇ ਸੰਤੋਖ ॥

ਹੇ ਭਾਈ ! ਮੀਠਾ = ਮਿੱਠਾ, ਪਿਆਰ ਨਾਲ ਬੋਲਣ ਤੇ = ਤੋਂ ਸਦਾ = ਹਮੇਸ਼ਾਂ ਸਭਨ = ਸਾਰਿਆਂ ਨੂੰ ਹੀ ਸੰਤੋਖ = ਸੰਤੁਸ਼ਟਤਾ ਪ੍ਰਾਪਤ ਹੋਇ = ਹੁੰਦੀ ਹੈ।

## ਤਾਂਤੇ ਮੀਠਾ ਬੋਲੀਐ; ਕਰੈ ਨ ਦਾਰਿਦ ਦੋਖ ॥੫॥

(ਪਾਠਾਂਤ੍ਰ 'ਨਿੰਦ ਚਿੰਦ ਕੋ ਦੋਖ')

ਤਾਂਤੇ = ਤਿਸ ਕਰਕੇ ਹਮੇਸ਼ਾਂ ਮੀਠਾ = ਮਿੱਠੇ, ਪਿਆਰ ਵਾਲੇ ਬਚਨ ਹੀ ਬੋਲੀਐ = ਬੋਲਣਾ ਕਰੀਏ ਕਿਉਂਕਿ ਮਿੱਠੇ ਬਚਨ ਬੋਲਣ ਵਿਚ ਦਾਰਿਦ = ਦਲਿੱਦਰ ਰੂਪੀ ਦੋਖ ਨਹੀਂ ਕਰਨਾ ਚਾਹੀਦਾ **ਵਾ:** ਨਿੰਦ = ਨਿੰਦਿਆ ਤੇ ਚਿੰਦ = ਉਸਤਤੀ ਦੇ ਬਚਨਾਂ ਨੂੰ ਦੋਖ ਨੂੰ ਤਿਆਗ ਕੇ ਸਦਾ ਮਿੱਠੇ ਬਚਨ ਹੀ ਬੋਲਣੇ ਚਾਹੀਦੇ ਹਨ ॥੫॥ ਜੈਸਾ ਕਿ :

**ਪ੍ਰਿਯ ਬਚਨਨ ਕੇ ਬੋਲਤੇ ਹੋਤ ਪ੍ਰਮੋਦ ਤ੍ਰਿਭੌਨ ॥**
**ਤਾਂਤੇ ਪ੍ਰਿਯ ਬਚਨ ਭਨੋਂ ਯਾ ਮੈ ਕ੍ਰਿਪਨਤਾ ਕੌਨ ॥੧੧॥** *(ਸਾਰੁਕਤਾਵਲੀ, ਅਧਿ: ੭)*

## ਸਾਧਨ ਸੋਂ ਪ੍ਰਿਯ ਬਚਨ ਨਹਿ; ਸੱਤ ਬਚਨ ਨਹਿ ਰਾਮ ॥

ਹੇ ਭਾਈ ! ਜਿਹੜੀ ਰਸਨਾ ਸਾਧਨ = ਸ੍ਰੇਸ਼ਟ ਮਹਾਤਮਾ ਜਨਾਂ ਦੇ ਸੋਂ = ਨਾਲ ਪ੍ਰਿਯ = ਪਿਆਰੇ ਬਚਨ = ਬੋਲ ਨਹੀਂ ਬੋਲਦੀ, ਨਾ ਹੀ ਕਿਸੇ ਨੂੰ ਸਤਿ ਬਚਨ ਕਹਿੰਦੀ ਹੈ ਅਤੇ ਨਾ ਹੀ ਰਾਮ = ਪਰਮਾਤਮਾ ਦਾ ਨਾਮ ਜਪਦੀ ਹੈ।

## ਗ੍ਰੰਥ ਹੋਤ ਭਾਖੈ ਨਹੀਂ; ਵਹਿ ਰਸਨਾ ਕਿਹ ਕਾਮ ॥੬॥

ਫਿਰ ਅਨੇਕਾਂ ਧਾਰਮਿਕ ਗ੍ਰੰਥ ਪਾਸ ਹੋਤ = ਹੁੰਦਿਆਂ ਵੀ ਪ੍ਰੇਮ ਨਾਲ ਭਾਖੈ = ਉਚਾਰਦੀ ਨਹੀਂ ਹੈ, ਵਹਿ = ਉਹ ਰਸਨਾ = ਜੀਭਾ ਕਿਹ = ਕਿਸ ਕਾਮ = ਕੰਮ ਹੈ, ਭਾਵ ਕਿਸੇ ਕੰਮ ਨਹੀਂ ॥੬॥ ਜੈਸਾ ਕਿ :

**ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥** *(ਅੰਗ ੧੩੬੨)*

## ਭੋਜਨ ਕਰਨਾ ਪਤਿਤ ਘਰ; ਰਜਕ ਘਾਟ ਇਸ਼ਨਾਨ ॥

ਹੇ ਭਾਈ ! ਕਿਸੇ ਪਤਿਤ = ਨੀਚ, ਪਾਪੀ ਮਨੁੱਖ ਦੇ ਘਰ ਵਿਚ ਜਾ ਕੇ ਭੋਜਨ ਛਕਣਾ ਅਤੇ ਰਜਕ = ਧੋਬੀ ਦੇ ਕਪੜੇ ਧੋਣ ਵਾਲੇ ਘਾਟ = ਥਾਂ 'ਤੇ ਜਾ ਕੇ ਇਸਨਾਨ = ਨਹਾਉਣਾ।

## ਪ੍ਰਿਥਮ ਪਹਿਰ ਨਿਸ ਸੋਵਨਾ; ਤੀਨੋਂ ਨਰਕ ਸਮਾਨ ॥੭॥

ਫਿਰ ਨਿਸ = ਰਾਤ ਦੇ ਪ੍ਰਿਥਮ = ਪਹਿਲੇ ਪਹਿਰ ਹੀ ਸੋਵਨਾ = ਸੌਂ ਜਾਣਾ, ਇਹ ਤਿੰਨੇ ਗੱਲਾਂ ਨਰਕ ਦੇ ਦੁੱਖ ਭੋਗਣ ਸਮਾਨ ਹਨ ਅਰਥਾਤ ਜਿਹੋ-ਜਿਹੀ ਲੁੱਟ-ਖਸੁੱਟ ਦੀ ਪਾਪ ਵਾਲੀ ਕਮਾਈ ਨਾਲ ਬਣਿਆ ਹੋਇਆ ਅੰਨ ਖਾਧਾ ਜਾਵੇਗਾ ਤਾਂ ਬੁੱਧੀ ਦੇ ਖ਼ਿਆਲ ਵੀ ਉਹੋ ਜਿਹੇ ਨੀਚ ਹੋ ਜਾਣਗੇ, ਕਿਉਂਕਿ ਆਮ ਹੀ ਕਹਾਵਤ ਹੈ ਕਿ "ਜੈਸਾ ਅੰਨ ਤੈਸਾ ਮਨ।" ਸੋ, ਇਸ ਲਈ ਦਸਾਂ ਨਹੁੰਆਂ ਦੀ ਕਿਰਤ

ਕਰਕੇ ਖਾਣ ਵਾਲੇ ਮਨੁੱਖ ਦੇ ਘਰੋਂ ਹੀ ਪ੍ਰਸ਼ਾਦ ਛਕਣਾ ਚਾਹੀਦਾ ਹੈ। ਫਿਰ ਜਿਥੇ ਧੋਬੀ ਕੱਪੜੇ ਧੋਂਦਾ ਹੈ ਉਥੇ ਨਹਾਉਣਾ ਚੰਗਾ ਨਹੀਂ ਕਿਉਂਕਿ ਉਹ ਉਥੇ ਤਰ੍ਹਾਂ-ਤਰ੍ਹਾਂ ਦੇ ਮੈਲ ਵਾਲੇ ਕੱਪੜੇ ਧੋਂਦਾ ਹੈ, ਜਿਥੇ ਨਹਾਉਣ ਨਾਲ ਚਮੜੀ ਨੂੰ ਕਈ ਤਰ੍ਹਾਂ ਦੇ ਰੋਗ ਲੱਗਣ ਦਾ ਡਰ ਹੁੰਦਾ ਹੈ। ਫਿਰ ਰਾਤ ਦੇ ਪਹਿਲੇ ਪਹਿਰ ਵਿਚ ਪਾਠ ਪੂਜਾ ਕਰਨ ਦਾ ਸਮਾਂ ਹੁੰਦਾ ਹੈ, ਜੋ ਉਸ ਵੇਲੇ ਸੌਂ ਜਾਂਦਾ ਹੈ, ਉਹ ਨਰਕ ਵਿਚ ਹੀ ਜਾਵੇਗਾ ॥੭॥

## ਜਿਸ ਕਿਸ ਕੇ ਘਰ ਜਾਇਕੈ;
## ਨਾ ਕਿਛੁ ਪੀਐ ਨ ਖਾਇ ॥

ਹੇ ਭਾਈ! ਐਵੇ ਜਿਸ ਜਿਸ = ਜਣੇ ਖਣੇ ਕੇ = ਦੇ ਘਰ ਵਿਚ ਜਾਇਕੈ = ਜਾ ਕਰਕੇ ਨਾ ਕੁਝ ਪਦਾਰਥ ਪੀਐ = ਪੀਣਾ ਕਰੇ ਅਤੇ ਨਾ ਹੀ ਕੁਝ ਖਾਇ = ਖਾਣਾ ਕਰੇ; ਭਾਵ ਇਹ ਰਾਜਨੀਤੀ ਦਾ ਵੱਡਾ ਨਿਯਮ ਹੈ ਕਿ ਕਿਸੇ ਵੈਰੀ ਦੇ ਘਰ ਜਾਂ ਉਸ ਨਾਲ ਸੰਬੰਧ ਰੱਖਣ ਵਾਲੇ ਪੁਰਖਾਂ ਦੇ ਘਰ ਵਿਚ ਜਾ ਕੇ ਕੁਝ ਖਾਣਾ ਪੀਣਾ ਨਾ ਕਰੇ, ਕਿਉਂਕਿ ਉਹ ਕੋਈ ਜ਼ਹਿਰੀਲੀ ਵਸਤੂ ਪਾ ਕੇ ਨੁਕਸਾਨ ਪਹੁੰਚਾ ਸਕਦੇ ਹਨ।

## ਔਰੁ ਮੈਥਨ ਭੀ ਨਾ ਕਰੈ; ਜਿਸ ਕਿਸ ਕੇ ਘਰ ਜਾਇ ॥

ਔਰੁ = ਅਤੇ ਜਿਸ ਕਿਸ = ਜਣੇ ਖਣੇ ਕੇ = ਦੇ ਘਰ ਜਾ ਕੇ ਉਨ੍ਹਾਂ ਦੀਆਂ ਇਸਤ੍ਰੀਆਂ ਮੈਥਨ = ਸੰਬੰਧ, ਗ੍ਰਿਹਸਤ ਵੀ ਨਾ ਕਰੇ, ਕਿਉਂਕਿ ਇਸ ਕਾਰਨ ਕੁਲ ਨੂੰ ਕਲੰਕ ਵੀ ਲੱਗ ਸਕਦਾ ਹੈ ਅਤੇ ਕੋਈ ਧਰਮ ਵੀ ਇਹ ਆਗਿਆ ਨਹੀਂ ਕਰਦਾ। ਇਸ ਲਈ ਆਪਣੀ ਵਿਆਹੁਤਾ ਇਸਤ੍ਰੀ ਤੋਂ ਬਿਨਾਂ ਐਵੇਂ ਕਿਸੇ ਹੋਰ ਇਸਤ੍ਰੀ ਨਾਲ ਸੰਬੰਧ ਨਹੀਂ ਬਣਾਉਣਾ ਚਾਹੀਦਾ। ਜੈਸਾ ਕਿ:

**ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ ॥**
**ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥** *(ਸ੍ਰੀ ਦਸਮ ਗ੍ਰੰਥ, ਪੰਨਾ ੮੪੨)*

## ਦੁਰਜਨ ਮੀਠੇ ਬਚਨ ਕਰੈ; ਤੌ ਨ ਕਰਹੁ ਇਤਬਾਰ ॥

ਹੇ ਭਾਈ! ਜੇਕਰ ਦੁਰਜਨ = ਖੋਟਾ ਮਨੁੱਖ ਮੂੰਹੋਂ ਮੀਠੇ = ਮਿੱਠੇ, ਪਿਆਰੇ ਬਚਨ ਵੀ ਆਖਣਾ ਕਰੈ = ਕਰੇ, ਤੌ = ਤਾਂ ਵੀ ਉਸ ਦਾ ਇਤਬਾਰ = ਭਰੋਸਾ ਨਾ ਕਰਹੁ = ਕਰੋ।

## ਅੰਮ੍ਰਿਤ ਉਸ ਕੀ ਰਸਨ ਮੈਂ; ਹਿਰਦੇ ਮੈ ਬਿਖ ਸਾਰ ॥੧੦॥

(ਦੂਸਰਾ ਪਾਠ - ਮਾਰ)

ਕਿਉਂਕਿ ਜੇਕਰ ਉਸ ਕੀ = ਦੀ ਰਸਨ = ਜੀਭਾ ਮੈ = ਵਿਚ ਅੰਮ੍ਰਿਤ ਵਰਗੇ ਮਿੱਠੇ ਬੋਲ ਹਨ ਪਰ ਅੰਦਰ ਤਾਂ ਉਸਦੇ ਹਿਰਦੇ ਵਿਚ ਬਿਖ = ਜ਼ਹਿਰ ਭਰੀ ਹੋਈ ਹੈ, ਇਹ ਸਾਰ = ਸਿਧਾਂਤ ਸਮਝ ਲਵੋ।

**ਵਾ:** ਹਿਰਦੇ ਵਿਚ ਮਾਰ = ਮਾਰਨ ਵਾਲੀ ਬਿਖ = ਜ਼ਹਿਰ ਹੈ ॥੧੦॥

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਪੰਚਦਸਮੋਂ ਅਧਿਆਇ ॥੧੫॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੀ ਗ੍ਰੰਥ ਦਾ ਪੰਚਦਸਮੋਂ (ਪੰਚ +ਦਸਮੋਂ) ਪੰਦਰਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੧੫॥

## ਸੋਲ੍ਹਵਾਂ ਅਧਿਆਇ

### ਦੋਹਰਾ ॥

### ਦੁਰਜਨ ਸਰਪ ਸਮਾਨ ਹੈ; ਤਾਂਤੇ ਸਰਪ ਬਿਸ਼ੇਖ ॥

ਹੇ ਭਾਈ! ਦੁਰਜਨ = ਦੁਸ਼ਟ ਮਨੁੱਖ ਸਰਪ = ਸੱਪ ਦੇ ਸਮਾਨ = ਬਰਾਬਰ ਹੈ, ਪਰ ਤਾਂਤੇ = ਤਿਸ ਦੁਸ਼ਟ ਮਨੁੱਖ ਨਾਲੋਂ ਸਰਪ = ਸੱਪ ਫਿਰ ਵੀ ਬਿਸ਼ੇਖ = ਵਧੀਕ ਚੰਗਾ ਹੈ।

### ਸਰਪ ਡਸੈ ਕਾਹੂੰ ਸਮੈਂ; ਦੁਰਜਨ ਪਗ ਪਗ ਦੇਖ ॥੧॥

ਕਿਉਂਕਿ ਸਰਪ = ਸੱਪ ਤਾਂ ਕਾਹੂੰ = ਕਿਸੇ ਸਮੈ = ਵੇਲੇ ਹੀ ਡਸੈ = ਡੰਗ ਮਾਰਦਾ ਹੈ, ਪਰ ਦੁਰਜਨ = ਦੁਸ਼ਟ ਮਨੁੱਖ ਪਗ ਪਗ = ਪੈਰ-ਪੈਰ ਵੱਲ ਦੇਖਦਾ ਹੈ ਕਿ ਕਦੋਂ ਮੈਨੂੰ ਮੌਕਾ ਮਿਲੇ ਅਤੇ ਮੈਂ ਇਸਦਾ ਦੁਨੀਆ ਵਿਚ ਨਿਰਾਦਰ ਕਰਾਂ ॥੧॥

### ਯਾ ਤਰਵਰ ਸੰਸਾਰ ਮੈਂ; ਹੈਂ ਉੱਤਮ ਫਲ ਦੋਇ ॥

ਹੇ ਭਾਈ! ਯਾ = ਇਸ ਸੰਸਾਰ = ਜਗਤ ਰੂਪੀ ਤਰਵਰ = ਰੁੱਖ ਦੇ ਮੈ = ਵਿਚ ਦੋਇ = ਦੋ ਫਲ ਬਹੁਤ ਹੀ ਉੱਤਮ = ਸ੍ਰੇਸ਼ਟ, ਚੰਗੇ ਹਨ।

### ਸਾਧਸੰਗ ਮੀਠੇ ਬਚਨ; ਯਾ ਸਮ ਅਵਰ ਨ ਕੋਇ ॥੨॥

ਇਕ ਤਾਂ ਸਾਧਸੰਗ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਹੈ ਅਤੇ ਦੂਸਰਾ ਮੀਠੇ = ਮਿੱਠੇ, ਪਿਆਰ ਵਾਲੇ ਬਚਨ ਬੋਲਣੇ, ਯਾ = ਜਿਸ ਦੇ ਸਮ = ਸਮਾਨ ਅਵਰ = ਹੋਰ ਕੋਇ = ਕੋਈ ਵੀ ਫਲ ਨਹੀਂ ਹੈ ॥੨॥ ਜੈਸਾ ਕਿ :

**ਸਤਸੰਗਤਿ ਨਿਜ ਕਲਪ ਤਰੁ ਸਕਲ ਕਾਮਨਾ ਦੇਤ ॥**
**ਅੰਮ੍ਰਿਤ ਰੂਪੀ ਬਚਨ ਕਹਿ ਤਿਹੂੰ ਤਾਪ ਹਰ ਲੇਤ ॥** *(ਵਿਚਾਰਮਾਲਾ, ਦੂਸਰਾ ਬਿਸ੍ਰਾਮ)*

### ਦੁਰਜਨ ਤੌ ਭੀ ਛਾਡੀਐ; ਯਦੱਪਿ ਹੈ ਗੁਣਵਾਨ ॥

ਹੇ ਭਾਈ! ਦੁਰਜਨ = ਦੁਸ਼ਟ ਮਨੁੱਖ ਦਾ ਸਾਥ ਤੌ = ਤਾਂ ਭੀ = ਵੀ ਛਾਡੀਐ = ਛੱਡ ਦੇਈਏ, ਯਦਪਿ = ਭਾਵੇਂ ਉਹ ਗੁਣਵਾਨ ਵੀ ਹੋਵੇ।

### ਜਯੋਂ ਮਣਿ ਭੂਖਣ ਸਰਪ ਹੈ; ਤੌ ਭੀ ਕਾਲ ਸਮਾਨ ॥੩॥

ਕਿਉਂਕਿ ਜਯੋਂ = ਜਿਵੇਂ ਸਰਪ = ਸੱਪ ਦੇ ਕੋਲ ਮਣੀ ਦਾ ਗਹਿਣਾ ਵੀ ਹੈ ਭਾਵ ਅਮੋਲਕ ਰਤਨ ਕਰਕੇ ਸੁਭਾਇਮਾਨ ਵੀ ਹੈ ਤਾਂ ਵੀ ਉਹ ਕਾਲ = ਮੌਤ ਦੇ ਸਮਾਨ ਹੀ ਹੈ। ਤਿਵੇਂ ਜੇਕਰ ਦੁਸ਼ਟ ਮਨੁੱਖ ਕੁਝ ਗੁਣਵਾਨ ਵੀ ਹੈ ਤਾਂ ਵੀ ਉਹ ਆਪਣੀ ਦੁਸ਼ਟਤਾ ਨਹੀਂ ਛੱਡਦਾ ॥੩॥

### ਸਸਿ ਸਿਸੁ ਚੰਦਨ ਮਾਲਤੀਃ ਫੂਲ ਸਾਧ ਸੰਗੀਤ ॥

ਹੇ ਭਾਈ! ਸਸਿ = ਚੰਦ੍ਰਮਾ, ਸਿਸੁ = ਬੱਚਾ, ਚੰਦਨ, ਮਾਲਤੀ ਫੂਲ = ਚਮੇਲੀ ਦੀ ਜਾਤੀ ਦਾ ਫੁੱਲ, ਸਾਧ = ਸ੍ਰੇਸ਼ਟ ਮਹਾਤਮ ਜਨ ਅਤੇ ਸੰਗੀਤ = ਰਾਗ ਵਿਦਯਾ।

## ਯਾ ਸਾਗਰ ਸੰਸਾਰ ਮੈਂ; ਏ ਖਟ ਸਾਰ ਅਤੀਤ ॥੪॥

ਯਾ = ਇਸ ਸੰਸਾਰ = ਜਗਤ ਰੂਪੀ ਸਾਗਰ = ਸਮੁੰਦਰ ਮੈ = ਵਿਚ ਏ = ਇਹ ਉਪਰੋਕਤ ਖਟ = ਛੇ ਵਸਤਾਂ ਅਤੀਤ = ਅਤਸ਼ੇ ਕਰਕੇ ਬਹੁਤ ਸਾਰ = ਸ੍ਰੇਸ਼ਟ ਹਨ ॥੪॥

## ਸੇਜ ਹੀਨ ਬਿਨ ਸੁੰਦਰੀ; ਘ੍ਰਿਤ ਬਿਨ ਭੋਜਨ ਹੀਨ ॥

ਹੇ ਭਾਈ ! ਪਤੀ ਵਾਸਤੇ ਸੁੰਦਰੀ = ਇਸਤ੍ਰੀ, ਘਰਵਾਲੀ ਤੋਂ ਬਿਨੁ = ਬਗ਼ੈਰ ਸੇਜਾ ਹੀਨ = ਨਿਕੰਮੀ ਜਿਹੀ ਲੱਗਦੀ ਹੈ ਅਤੇ ਘ੍ਰਿਤ = ਘਿਉ ਤੋਂ ਬਿਨੁ = ਬਗ਼ੈਰ ਭੋਜਨ ਵੀ ਹੀਨ = ਨਿਕੰਮਾ ਜਿਹਾ ਲੱਗਦਾ ਹੈ।

## ਅਸਵਾਰੀ ਬਿਨ ਹੀਨ ਨਰ; ਤੀਨੋਂ ਕਰਤ ਅਧੀਨ ॥੫॥

ਅਤੇ ਅਸਵਾਰੀ = ਘੋੜੇ, ਹਾਥੀ, ਬੱਘੀ ਆਦਿਕ ਤੋਂ ਬਿਨੁ = ਬਗ਼ੈਰ ਨਰ = ਮਨੁੱਖ ਹੀਨ = ਨਿਕੰਮਾ ਜਿਹਾ ਲਗਦਾ ਹੈ, ਇਹ ਤਿੰਨੇ ਚੀਜ਼ਾਂ ਮਨੁੱਖ ਨੂੰ ਅਧੀਨ = ਵੱਸ ਕਰ ਲੈਂਦੀਆਂ ਹਨ, ਭਾਵ ਇਹ ਗੱਲਾਂ ਮਾਇਆ ਵਾਲਿਆਂ ਅਤੇ ਵਿਸ਼ੇਸ਼ ਕਰਕੇ ਗ੍ਰਿਹਸਤੀਆਂ ਦੀਆਂ ਹਨ ਅਰਥਾਂਤ ਜੇਕਰ ਸਭ ਸਾਮਾਨ, ਪਦਾਰਥ ਸਿਹਜਾ ਆਦਿਕ ਘਰ ਦੀ ਸਜਾਵਟ ਤੇ ਹਾਰ-ਸ਼ਿੰਗਾਰ ਹੋਣ, ਪਰ ਜੇਕਰ ਇਕ ਇਸਤ੍ਰੀ ਨਾ ਹੋਵੇ ਤਾਂ ਉਹ ਕਿਸੇ ਕੰਮ ਨਹੀਂ, ਫੇਰ ਰੋਟੀ ਨਾਲ ਦਾਲ ਸਬਜ਼ੀ ਆਦਿ ਵਿਚ ਘਿਉ ਨਾ ਹੋਵੇ ਤਾਂ ਉਹ ਸਵਾਦ ਨਹੀਂ ਦੇਂਦੇ ਅਤੇ ਅਸਵਾਰੀ ਤੋਂ ਬਿਨਾਂ ਮਨੁੱਖ ਨੂੰ ਪੈਂਡੇ ਚੱਲਣ ਵਿਚ ਡਾਢਾ ਦੁੱਖ ਹੈ, ਭਾਵ ਇਹ ਜੇਕਰ ਇਹ ਤਿੰਨੇ ਨਾ ਹੋਣ, ਤਦ ਇਨ੍ਹਾਂ ਲਈ ਸੰਸਾਰੀ ਮਨੁੱਖ ਨੂੰ ਆਪਣਾ ਮਨੋਰਥ ਪੂਰਾ ਕਰਨ ਲਈ ਪਰਾਏ ਦੇ ਅਧੀਨ ਹੋਣਾ ਪੈਂਦਾ ਹੈ ਪਰ ਧਰਮੀ ਮਨੁੱਖ ਐਸਾ ਨਹੀਂ ਕਰਦਾ, ਉਹ ਤੰਗੀ ਕੱਟ ਸਕਦਾ ਹੈ ॥੫॥

## ਸੰਪਤਿ ਮੈਂ ਹਰਖਤ ਨਹੀਂ; ਬਿਪਤਿ ਨ ਕਰੈ ਬਿਖਾਦ ॥

ਹੇ ਭਾਈ ! ਬਹੁਤ ਸਾਰੇ ਸੰਪਤਿ = ਧਨ ਪਦਾਰਥ ਦੇ ਮੈ = ਵਿਚ ਬਹੁਤਾ ਹਰਖਤ = ਪ੍ਰਸੰਨ ਨਾ ਹੋਣਾ ਕਰੇ ਅਤੇ ਬਿਪਤਿ = ਦੁੱਖ ਦੇ ਸਮੇਂ ਬਿਖਾਦ = ਝਗੜਾ, ਕਲੇਸ਼ ਨਾ ਕਰੇ।

## ਭੀਰ ਪਰੈ ਧੀਰਜ ਧਰੈ; ਵਹਿ ਸਤ ਪੁਰਖ ਅਜਾਦ ॥੬॥

ਫਿਰ ਕਿਸੇ ਭੀਰ = ਕਸ਼ਟ ਪਰੈ = ਪੈ ਜਾਣ ਤੋਂ ਧੀਰਜ = ਧੀਰਜਤਾ ਧਰੈ = ਧਾਰਨ ਕਰਦਾ ਹੈ, ਵਹਿ = ਉਹ ਸਤ ਪੁਰਖ ਅਜਾਦ = ਬੰਧਨ ਮੁਕਤ, ਸੁਤੰਤਰ ਹੈ, ਭਾਵ ਜੋ ਹਰ ਦੁੱਖ-ਸੁੱਖ ਸਮੇਂ ਇਕ-ਸਮਾਨ ਬਿਰਤੀ ਰੱਖਦਾ ਹੈ, ਉਹ ਪੁਰਖ ਮੁਕਤ ਹੋ ਜਾਂਦਾ ਹੈ ॥੬॥ ਜੈਸਾ ਕਿ :

**ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥**
**ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ ॥੩॥** *(ਗਉੜੀ ਕਬੀਰ ਜੀ, ਅੰਗ ੩੩੭)*

## ਊਚੇ ਬੋਲਨਹਾਰ ਕੋ: ਮੂਰਖ ਮਾਨਤ ਆਹਿ ॥

ਹੇ ਭਾਈ ! ਊਚੇ = ਉੱਚਾ ਭਾਵ ਉੱਚੀ ਸੁਰ ਵਿਚ ਬੋਲਣਾ ਅਤੇ ਕੌੜਾ ਬੋਲ ਬੋਲਣਹਾਰ = ਬੋਲਣ ਵਾਲੇ ਕੋ = ਨੂੰ ਸਭ ਲੋਕ ਮੂਰਖ = ਬੇ-ਸਮਝ ਮਾਨਤ = ਮੰਨਦੇ ਆਹਿ = ਹਨ।

## ਪੰਡਿਤ ਜਨ ਤਿਹ ਦੇਖਿ ਕੇ; ਬਚਨ ਨ ਭਾਖਤ ਤਾਹਿ ॥੭॥

ਅਤੇ ਪੰਡਿਤ = ਵਿਦਵਾਨ ਜਨ = ਪੁਰਖ ਤਿਹ = ਉਸ ਮੂਰਖ ਨੂੰ ਦੇਖ ਕੇ = ਕਰਕੇ ਤਾਹਿ = ਤਿਸ ਨਾਲ ਬਚਨ ਹੀ ਉਚਾਰਣ ਨਹੀਂ ਕਰਦੇ ਭਾਵ ਦੂਰ ਤੋਂ ਹੀ ਪਰ੍ਹੇ ਹੋ ਜਾਂਦੇ ਹਨ ॥੭॥ ਜੈਸਾ ਕਿ :

**ਸੰਤਨ ਸਿਉ ਬੋਲੇ ਉਪਕਾਰੀ ॥ ਮੂਰਖ ਸਿਉ ਬੋਲੇ ਝਖ ਮਾਰੀ ॥੨॥** *(ਗੋਂਡ ਕਬੀਰ ਜੀ, ਅੰਗ ੮੭੦)*

## ਛਪੈ ਛੰਦ ॥

## ਸੁਖ ਮਾਹਿ ਭੈ ਦੁਖ; ਹਰਖ ਕੇ ਮਾਹਿ ਸੋਗ ਭਯ ॥

ਹੇ ਭਾਈ ! ਸੁੱਖ ਦੇ ਸਮੇਂ ਮਾਹਿ = ਵਿਚ ਦੁੱਖ ਆਉਣ ਦਾ ਭੈ = ਡਰ ਲੱਗਾ ਰਹਿੰਦਾ ਹੈ ਅਤੇ ਹਰਖ = ਖ਼ੁਸ਼ੀ ਕੇ = ਦੇ ਸਮੇਂ ਮਾਹਿ = ਵਿਚ ਸੋਗ = ਗ਼ਮੀ ਦਾ ਭਯ = ਡਰ ਬਣਿਆ ਰਹਿੰਦਾ ਹੈ।

## ਬਿਤ ਮਾਹਿ ਭੈ ਰਾਜ; ਭੋਗ ਕੈ ਮਾਹਿ ਰੋਗ ਛਯ ॥

ਬਿਤ = ਧਨ ਪਦਾਰਥ ਬਹੁਤਾ ਹੋਣ ਦੇ ਮਾਹਿ = ਵਿਚ ਰਾਜ = ਰਾਜੇ ਦਾ ਭੈ = ਡਰ ਲੱਗਾ ਰਹਿੰਦਾ ਹੈ ਕਿ ਕਿਤੇ ਉਹ ਖੋਹ ਕੇ ਨਾ ਲੈ ਜਾਵੇ ਜਾਂ ਕਰ ਨਾ ਲਾ ਦੇਵੇ, ਕਿਸੇ ਤਰੀਕੇ ਨਾਲ ਧਨ ਲੈ ਨਾ ਲਵੇ ਅਤੇ ਭੋਗਾਂ ਕੈ = ਦੇ ਮਾਹਿ = ਵਿਚ ਰੋਗਾਂ ਕਰਕੇ ਛਯ = ਨਾਸ਼ ਹੋਣ ਦਾ ਡਰ ਲੱਗਾ ਰਹਿੰਦਾ ਹੈ।

## ਜੈਤ ਮਾਹਿ ਭੈ ਸਤ੍ਰੁ; ਦੇਹ ਮੈਂ ਭੈ ਮ੍ਰਿਤੁ ਕੋ ਹੈ ॥

ਜੈਤ = ਜਿੱਤ ਦੇ ਮਾਹਿ = ਵਿਚ ਸਤ੍ਰੁ = ਦੁਸ਼ਮਨ ਦਾ ਭੈ = ਡਰ ਲੱਗਾ ਰਹਿੰਦਾ ਹੈ ਕਿ ਕਿਤੇ ਇਹ ਨਾ ਜਿੱਤ ਜਾਵੇ ਅਤੇ ਦੇਹ = ਸਰੀਰ ਦੇ ਮੈ = ਵਿਚ ਮ੍ਰਿਤੁ = ਮੌਤ ਦਾ ਭੈ = ਡਰ ਸਦਾ ਹੀ ਬਣਿਆ ਰਹਿੰਦਾ ਹੈ।

## ਵਿਦਯਾ ਮੈਂ ਭੈ ਬਾਦ; ਰੂਪ ਭੈ ਨਾਰੀ ਕੋ ਹੈ ॥

ਵਿੱਦਿਆ ਪੜ੍ਹਨ ਦੇ ਮੈ = ਵਿਚ ਵਿਦਵਾਨਾਂ ਦੇ ਬਾਦ = ਝਗੜੇ ਦਾ ਭੈ = ਡਰ ਬਣਿਆ ਰਹਿੰਦਾ ਹੈ ਅਤੇ ਨਾਰੀ = ਇਸਤ੍ਰੀ ਨੂੰ ਆਪਣੇ ਸੁੰਦਰ ਸਰੂਪ ਦਾ ਹੀ ਡਰ ਬਣਿਆ ਰਹਿੰਦਾ ਹੈ ਭਾਵ ਸੁੰਦਰ ਸਰੂਪ ਨੂੰ ਦੇਖ ਕੇ ਵਿਸ਼ਈ ਮਨੁੱਖ ਕਿਸੇ ਨੂੰ ਮਾਰਨ ਤਕ ਵੀ ਪਹੁੰਚ ਜਾਂਦਾ ਹੈ। ਜੈਸਾ ਕਿ :

**ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥** *(ਅੰਗ ੪੧੭)*

## ਤਪ ਸੋਂ ਭੈ ਹੈ ਇੰਦ੍ਰੀਅਨ ਕੋ; ਜੌ ਮਨ ਵਸਿ ਕਰਨੀ ਸਭੈ ॥

ਤਪ = ਤਪੱਸਿਆ ਕਰਨ ਵੇਲੇ ਇੰਦ੍ਰੀਅਨ = ਦਸੇ ਇੰਦ੍ਰਿਆਂ ਕੋ = ਦਾ ਭੈ ਬਣਿਆ ਰਹਿੰਦਾ ਹੈ ਕਿ ਕਿਤੇ ਇਹ ਚੰਚਲ ਨਾ ਹੋ ਜਾਣ ਕਿਉਂਕਿ ਜੇਕਰ ਇੰਦ੍ਰੀਆਂ ਚਲਾਏਮਾਨ ਹੋ ਗਈਆਂ ਤਾਂ ਤਪ ਵਿਚ ਅਨੇਕ ਤਰ੍ਹਾਂ ਦੀ ਹਾਨੀ ਹੋ ਜਾਵੇਗੀ, ਇਸ ਕਰਕੇ ਇਹ ਇੰਦ੍ਰੀਆਂ ਸਾਰੀਆਂ ਹੀ ਮਨ ਦੇ ਸਮੇਤ ਵੱਸ ਕਰਨੀਆਂ ਜ਼ਰੂਰੀ ਹਨ।

## ਯਹ ਸਦਾ ਏਕ ਕੋ ਏਕ ਭੈ; ਗਯਾਨ ਰਾਇ ਸਭ ਤੇ ਅਭੈ ॥੮॥

ਸੋ ਇਸ ਪ੍ਰਕਾਰ ਯਹ = ਇਹ ਸਦਾ ਹਮੇਸ਼ਾਂ ਹੀ ਏਕ ਨੂੰ ਇਕ ਦਾ ਭੈ = ਡਰ ਬਣਿਆ ਰਹਿੰਦਾ ਹੈ। ਪਰ ਗਯਾਨ = ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਲਾ ਮਨੁੱਖ ਰਾਇ = ਪ੍ਰਕਾਸ਼ ਸਰੂਪ ਪ੍ਰਭੂ ਦਾ ਰੂਪ ਹੋ ਜਾਂਦਾ ਹੈ ਜਿਸ ਕਰਕੇ ਉਹ ਸਭ = ਸਾਰਿਆਂ ਤੇ = ਤੋਂ ਅਭੈ = ਨਿਰਭੈ ਹੋ ਜਾਂਦਾ ਹੈ ॥੮॥

## ਛੰਦ ॥ ਬੀਨਾ ਬਾਨੀ, ਮਨੋਰਥ ਏਕ ॥ ਚੰਦਨ ਬ੍ਰਹਮਣ, ਚੰਦ ਬਿਬੇਕ ॥

ਹੇ ਭਾਈ ਬੀਨਾ = ਇਹ ਇਕ ਸਾਜ਼ ਦਾ ਨਾਮ ਹੈ ਤੇ ਬਾਨੀ = ਅਵਾਜ਼ ਦਾ ਮਨੋਰਥ = ਸੰਕਲਪ ਇਕ ਹੀ ਹੈ ਕਿ ਦੂਸਰੇ ਨੂੰ ਆਪਣੇ ਵੱਲ ਆਕਰਸ਼ਿਤ ਕਰਨਾ।

ਫਿਰ ਚੰਦਨ, ਬ੍ਰਾਹਮਣ ਅਤੇ ਚੰਦ੍ਰਮਾ ਦਾ ਬਿਬੇਕ = ਵਿਚਾਰ ਵੀ ਇਕ ਹੀ ਹੈ, ਭਾਵ ਇਹ ਸਾਰੇ ਸੀਤਲ ਸੁਭਾਉ ਦੇ ਹਨ।

## ਅਸ੍ਵ ਖੜਗ ਖਯਤ੍ਰੀ; ਇਕ ਜਾਤ ॥

ਅਸ੍ਵ = ਘੋੜਾ, ਖੜਗ = ਤਲਵਾਰ ਅਤੇ ਖਯਤ੍ਰੀ = ਖੱਤ੍ਰੀ ਵੀ ਇੱਕੋ ਜਾਤ = ਜਾਤੀ, ਸੁਭਾਉ ਦੇ ਹਨ, ਭਾਵ ਇਹ ਤਿੰਨੇ ਜੰਗ ਦੇ ਮੈਦਾਨ ਵਿਚ ਜਾ ਕੇ ਵੈਰੀ ਦਾ ਨਾਸ਼ ਕਰਦੇ ਹਨ।

## ਗਯਾਨੀ ਗਯਾਨ; ਹਰਿ ਜਨ ਹਰ ਬਾਤ ॥੯॥

ਆਤਮ ਗਿਆਨੀ, ਗਿਆਨ ਅਤੇ ਹਰਿ = ਪਰਮਾਤਮਾ ਦੇ ਜਨ = ਸੇਵਕਾਂ ਵੀ ਹਰ ਇਕ ਬਾਤ = ਗੱਲ ਵਿਚ ਇੱਕੋ ਜਿਹੇ ਹਨ, ਭਾਵ ਜੋ ਵੀ ਇਨ੍ਹਾਂ ਦੀ ਸੰਗਤ ਕਰੇਗਾ, ਉਸਨੂੰ ਸ਼ਾਂਤੀ ਆਦਿ ਸ਼ੁਭ ਗੁਣਾਂ ਦੀ ਪ੍ਰਾਪਤੀ ਹੋਵੇਗੀ ॥੯॥

## ਦੋਹਰਾ ॥ ਸਾਸਤ੍ਰ ਸਕਲ ਬਿਚਾਰ ਕੈ; ਮਥ ਕਾਢਿਓ ਏਹ ਸਾਰ ॥

ਹੇ ਭਾਈ ! ਰਾਜਨੀਤੀ ਦੇ ਸਕਲ = ਸਾਰੇ ਸਾਸਤ੍ਰ = ਗ੍ਰੰਥ ਵਿਚਾਰ ਕਰਕੇ ਅਤੇ ਮਥਿ = ਅਭਿਆਸ ਕਰਕੇ ਏਹ = ਇਹ ਸਾਰ = ਸਿਧਾਂਤ ਕਾਢਿਓ = ਕੱਢਿਆ ਹੈ।

## ਸਤਿਨਾਮੁ ਭਜੀਐ ਸਦਾ; ਕਰੀਏ ਪਰ ਉਪਕਾਰ ॥੧੦॥

ਕਿ ਸਦਾ = ਹਮੇਸ਼ਾਂ ਹੀ ਪਰਮਾਤਮਾ ਦਾ ਸਤਿਨਾਮੁ = ਸੱਚਾ ਨਾਮ ਭਜੀਐ = ਸਿਮਰਦੇ ਰਹੀਏ ਅਤੇ ਹਮੇਸ਼ਾਂ ਪਰ ਉਪਕਾਰ = ਪਰਾਇਆਂ ਦਾ ਭਲਾ ਕਰਦੇ ਰਹੀਏ ॥੧੦॥ ਜੈਸਾ ਕਿ :

**ਕਹੁ ਨਾਨਕ ਇਹੁ ਤਤੁ ਬੀਚਾਰਾ ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥** *(ਸੂਹੀ ਮ: ੫, ਅੰਗ ੧੮੮)*

## ਗੁਰ ਗੋਬਿੰਦ ਕੀ ਸਭਾ ਮੈਂ; ਲੇਖਕ ਪਰਮ ਸੁਜਾਨ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ = ਦੀ ਕਵੀਆਂ ਦੀ ਸਭਾ ਵਿਚ ਇਸ ਰਾਜਨੀਤੀ ਗ੍ਰੰਥ ਨੂੰ ਭਾਸ਼ਾ ਵਿਚ ਕਰਨ ਵਾਲਾ ਲੇਖਕ = ਲਿਖਾਰੀ ਕਵੀ ਪਰਮ = ਬਹੁਤ ਸੁਜਾਨ = ਸਿਆਣਾ ਹੈ।

## ਚਾਣਾਕਾ ਭਾਖਾ ਕੀਓ; ਕਵਿ ਸੈਨਾਪਤਿ ਨਾਮ ॥੧੧॥

ਜਿਸਨੇ ਇਹ ਸੰਸਕ੍ਰਿਤ ਵਿਚ ਲਿਖਿਆ ਹੋਇਆ ਰਾਜਨੀਤੀ ਚਾਣਾਕਾ ਨਾਮੇ ਗ੍ਰੰਥ ਭਾਖਾ = ਆਮ ਬੋਲੀ, ਦੇਸ਼ ਭਾਸ਼ਾ ਵਿਚ ਕੀਓ = ਕੀਤਾ ਹੈ, ਉਸਦਾ ਨਾਮ ਕਵੀ ਸੈਨਾਪਤਿ ਹੈ।

## ਇਤਿ ਸ੍ਰੀ ਰਾਜਨੀਤਿ ਚਾਣਾਕਾ ਨਾਮ ਖੋੜਸਮੋਂ ਅਧਿਆਇ ॥੧੬॥

ਸ੍ਰੀ = ਸ਼੍ਰੋਮਣੀ ਰਾਜਨੀਤ ਚਾਣਾਕਾ ਨਾਮੀ ਗ੍ਰੰਥ ਦਾ ਖੋੜਸਮੋਂ = ਸੋਲ੍ਹਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ ॥੧੬॥

ਸਮਾਪਤੰ ॥

# ਸਾਰੁਕਤਾਵਲੀ

# ਸਾਰੁਕਤਾਵਲੀ

**ਕ੍ਰਿਤ ਕਵੀ, ਪੰਡਿਤ ਹਰਦਯਾਲ ਜੀ (ਚੁਹਣੀਪੁਰ) (੧ ਸਾਵਣ, ਸੰਮਤ ੧੬੯੦)**

(ਪੰਡਤ ਹਰਦਿਆਲ ਜੀ ਦਾ ਸਬੰਧ ਗੁਰੂ ਘਰ ਨਾਲ ਪੁਸ਼ਤ ਦਰ ਪੁਸ਼ਤ ਹੈ ਆਪ ਜੀ ਦੇ ਬਜ਼ੁਰਗ ਪੰਡਤ ਬੇਣੀ ਜੀ ਜਿਨ੍ਹਾਂ ਨੂੰ ਗੁਰੂ ਅਮਰਦਾਸ ਜੀ ਨੇ ਚਤੁਰਭੁਜੀ ਭਗਵਾਨ ਰੂਪ ਦੇ ਵਿਚ ਦਰਸ਼ਨ ਦੇ ਕੇ ਉਨ੍ਹਾਂ ਦੀ ਸ਼ੰਕਾ ਨਵਿਰਤ ਕਰੀ ਸੀ ਜਿਸ ਦੀ ਬੜੀ ਭਾਰੀ ਸਾਖੀ ਗੁ:ਪ੍ਰ:ਸੂ: ਗ੍ਰੰਥ ਵਿਚ ਹੈ। ਦਸਵੇਂ ਪਾਤਸ਼ਾਹ ਦੇ ਵੇਲੇ ਇਨ੍ਹਾਂ ਦੇ ਪਿਤਾ ਸ਼ਰਧਾਲੂ ਰਹੇ ਉਨ੍ਹਾਂ ਦੇ ਪੁੱਤਰ ਪੰਡਤ ਹਰਦਿਆਲ ਜੀ ਮਹਾਨ ਵਿਦਵਾਨ ਅਤੇ ਗੁਰੂ ਘਰ ਦੇ ਮਹਾਨ ਸ਼ਰਧਾਲੂ ਜਿਨ੍ਹਾਂ ਨੇ ਸਾਰੁਕਤਾਵਲੀ ਨਾਮ ਦੇ ਸੰਸਕ੍ਰਿਤ ਦੇ ਗ੍ਰੰਥ ਨੂੰ ਆਪਣੀ ਵਿਦਵਤਾ ਭਾਸ਼ਾ ਵਿਚ ਕੀਤਾ ਜਿਸ ਤੇ ਸੰਪ੍ਰਦਾਇ ਵਿਦਵਾਨਾਂ ਨੂੰ ਤੇ ਆਮ ਸਧਾਰਨ ਜਗਿਆਸੂ ਜੋ ਸੰਸਕ੍ਰਿਤ ਨਹੀਂ ਪੜ੍ਹੇ ਸਨ, ਉਨ੍ਹਾਂ ਨੂੰ ਇਹ ਖ਼ਜ਼ਾਨਾ ਬਖ਼ਸ਼ਿਸ਼ ਕੀਤਾ।)

## ੧ੳ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ਓਂ = ਸਰਬ ਦਾ ਪ੍ਰਕਾਸ਼ਕ ਪ੍ਰਭੂ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਸ੍ਰੀ ਸਾਰੁਕਤਾਵਲੀ ਲਿਖ੍ਯਤੇ ॥

'ਅਥ' ਸ਼ਬਦ ਦੇ ਕਈ ਅਰਥ ਹਨ, ਜਿਵੇਂ ਇਸ ਪ੍ਰਕਾਰ, ਹੁਣ, ਇਸ ਪਿੱਛੋਂ, ਇਸ ਪੁਰ, ਸਮੁੱਚਾ, ਸਾਰਾ ਅਤੇ ਪ੍ਰਾਚੀਨ ਹਿੰਦੂ ਰਿਖੀਆਂ ਦਾ ਮੰਨਿਆ ਹੋਇਆ ਮੰਗਲ ਪ੍ਰਗਟ ਕਰਨ ਵਾਲਾ ਸ਼ਬਦ। ਜੈਸਾ ਕਿ :

**श्रोङ्कारश्चाथ शब्दश्च द्वावेतौ ब्रह्मरसः पुरा।**
**कराठं भित्वा विनिर्यातौ तेन माङ्गलिका वुभौ।।**

ਇਸੇ ਤਰ੍ਹਾਂ 'ਸ੍ਰੀ ਪਦ ਦੇ ਵੀ ਕਈ ਅਰਥ ਹਨ, ਜਿਵੇਂ ੧. ਲੱਛਮੀ, ੨. ਸੋਭਾ, ੩. ਸੰਪਦਾ ਵਿਭੂਤੀ, ੪. ਛੇ ਰਾਗਾਂ ਵਿੱਚੋਂ ਪਹਿਲਾ ਰਾਗ (ਸਿਰੀਰਾਗ), ੫. ਵੈਸ਼ਨਵਾਂ ਦਾ ਇਕ ਫ਼ਿਰਕਾ, ਜਿਸ ਵਿਚ ਲੱਛਮੀ ਦੀ ਪੂਜਾ ਮੁਖ ਹੈ, ਇਸ ਮਤ ਦੇ ਲੋਕ ਲਾਲ ਰੰਗ ਦਾ ਤਿਲਕ ਮੱਥੇ 'ਤੇ ਲਾਉਂਦੇ ਹਨ, ਇਸ ਸੰਪ੍ਰਦਾਯ ਦਾ ਪ੍ਰਚਾਰਕ ਰਾਮਾਨੁਜ ਸ੍ਵਾਮੀ ਹੋਇਆ ਹੈ, ੬. ਇਕ ਛੰਦ ਦਾ ਨਾਮ ਵੀ ਹੈ, ੭. ਸਰਸ੍ਵਤੀ, ੮. ਕੀਰਤਿ, ੯. ਆਦਰ ਬੋਧਕ ਸ਼ਬਦ ਜੋ ਬੋਲਣ ਅਤੇ ਲਿਖਣ ਵਿਚ ਵਰਤਿਆ ਜਾਂਦਾ ਹੈ, ਧਰਮ ਦੇ ਆਚਾਰਯ ਅਤੇ ਮਹਾਰਾਜੇ ਲਈ ੧੦੮ ਵਾਰ, ਮਾਤਾ-ਪਿਤਾ ਅਤੇ ਵਿਦ੍ਯਾ ਗੁਰੂ ਲਈ ੬ ਵਾਰ, ਆਪਣੇ ਮਾਲਕ ਵਾਸਤੇ ੫ ਵਾਰ, ਵੈਰੀ ਨੂੰ ੪ ਵਾਰ, ਮਿਤ੍ਰ ਨੂੰ ੩ ਵਾਰ, ਨੌਕਰ ਨੂੰ ੨ ਵਾਰ, ਪੁੱਤ੍ਰ ਤਥਾ ਇਸਤ੍ਰੀ ਨੂੰ ੧ ਵਾਰ ਸ਼੍ਰੀ ਸ਼ਬਦ ਵਰਤਣਾ ਚਾਹੀਏ, ੧੦. ਸੁੰਦਰ, ੧੧. ਯੋਗਯ, ਲਾਇਕ ੧੨. ਸ੍ਰੇਸ਼ਟ, ਉੱਤਮ।

ਅਰਥਾਤ ਅਥ = ਹੁਣ, ਮੰਗਲ ਕਰਕੇ ਸ੍ਰੀ = ਸ਼ੋਭਾ ਦੇਣ ਵਾਲਾ, ਸੁੰਦਰ (ਸਾਰ + ਉਕਤ + ਆਵਲੀ) ਸਾਰ = ਸ੍ਰੇਸ਼ਟ ਉਕ'ਤ = ਉਕਤੀਆਂ ਜੁਗਤੀਆਂ, ਦਲੀਲਾਂ ਦੀਆਂ ਅਵਲੀ = ਪੰਗਤੀਆਂ ਵਾਲਾ ਗ੍ਰੰਥ ਪ੍ਰਾਰੰਭੈ = ਅਰੰਭ ਕਰਦੇ ਹਾਂ।

## ਅਥ ਪਹਿਲਾ ਅਧਿਆਇ

# ਗ੍ਰੰਥ ਕਰਤਾ ਵੱਲੋਂ ਮੰਗਲ

## ਦੋਹਰਾ ॥

## ਸ੍ਰੀ ਪਤਿ ਪ੍ਰਿਥਮ ਨਮਾਮਿ ਮਮ; ਯੋਗੀ ਰਿਦੈ ਨਿਵਾਸ ॥

ਸਭ ਤੋਂ ਪ੍ਰਿਥਮ = ਪਹਿਲਾਂ, ਸ੍ਰੀ = ਲਛਮੀ, ਦੇ ਪਤਿ = ਪਤੀ (ਵਿਸ਼ਨੂੰ ਜੀ) ਨੂੰ ਮਮ = ਮੇਰੀ ਨਮਾਮਿ = ਨਮਸਕਾਰ ਹੈ, ਜੋ ਯੋਗੀ = ਜਟਾ ਜੂਟ ਸਾਧੂ ਮਹਾਤਮਾ ਦੇ ਰਿਦੈ = ਹਿਰਦੇ ਵਿਚ ਨਿਵਾਸ = ਵਾਸਾ ਰੱਖਦਾ ਹੈ।

***ਪ੍ਰਸ਼ਨ :*** *ਕੀ ਵਿਸ਼ਨੂੰ ਭੋਗੀ, ਵਿਸ਼ਈ ਮਨੁੱਖਾਂ ਦੇ ਹਿਰਦੇ ਵਿਚ ਨਿਵਾਸ ਨਹੀਂ ਰੱਖਦਾ ?*

***ਉੱਤਰ :*** ਨਹੀਂ, ਉਹ ਸਭਨਾਂ ਦੇ ਅੰਦਰ ਨਿਵਾਸ ਰੱਖਦਾ ਹੈ।

## ਭੋਗੀ ਰਿਦਯ ਉਦਾਸ ਜੋ; ਵੈ ਮਮ ਸੁਮਤਿ ਪ੍ਰਕਾਸ਼ ॥੧॥

ਜੋ = ਜਿਹੜਾ ਵਿਸ਼ਨੂੰ ਭੋਗੀ = ਪਦਾਰਥਾਂ ਨੂੰ ਭੋਗਣ ਵਾਲੇ ਗ੍ਰਹਿਸਤੀਆਂ, ਵਿਸ਼ਈਆਂ ਦੇ ਰਿਦਯ = ਹਿਰਦੇ ਵਿਚ, ਉਦਾਸ = ਉਪਰਾਮ ਰਹਿੰਦਾ ਹੈ, ਭਾਵ ਪਦਾਰਥਾਂ ਨੂੰ ਭੋਗਣ ਵਾਲੇ, ਵਿਸ਼ਈ ਮਨੁੱਖਾਂ ਨੇ ਕਦੇ ਵੀ ਉਸਨੂੰ ਯਾਦ ਨਹੀਂ ਕੀਤਾ, ਭਾਵ ਵਿਕਾਰਾਂ ਵਿਚ ਗ੍ਰਸੇ ਹੋਣ ਕਾਰਨ ਉਸਨੂੰ ਸਾਖਸ਼ਾਤ ਨਹੀਂ ਕਰਦੇ ਜਿਸ ਕਰਕੇ ਉਨ੍ਹਾਂ ਦੇ ਹਿਰਦੇ ਅੰਦਰ ਗੁਪਤ ਰੂਪ ਵਿਚ ਉਪਰਾਮ ਬੈਠਾ ਰਹਿੰਦਾ ਹੈ। ਜੈਸਾ ਕਿ :

**ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ ॥**

*(ਸੋਰਠਿ ਮ: ੪, ਅੰਗ ੬੦੭)*

ਵੈ = ਉਹ ਵਿਸ਼ਨੂੰ ਜੀ, ਮਮ = ਮੈਨੂੰ, ਸੁਮਤਿ = ਸ੍ਰੇਸ਼ਟ ਬੁੱਧ ਦਾ, ਪ੍ਰਕਾਸ਼ = ਚਾਨਣਾ ਕਰ ਦੇਣ। ਉਹ ਮੈਨੂੰ ਸ੍ਰੇਸ਼ਟ ਆਤਮ ਵਿਸ਼ੈਣੀ ਬੁੱਧ ਬਖ਼ਸ਼ਣ ॥੧॥

### ਦੂਸਰਾ ਅਰਥ

**ਸ੍ਰੀ ਪਤਿ ਪ੍ਰਿਥਮ ਨਮਾਮਿ ਮਮ; ਯੋਗੀ ਰਿਦੈ ਨਿਵਾਸ ॥**

ਜੋ ਸ੍ਰੀ = ਮਾਇਆ ਦਾ, ਪਤਿ = ਪਤੀ, ਮਾਲਕ ਅਕਾਲ ਪੁਰਖ ਹੈ, ਸਭ ਤੋਂ ਪ੍ਰਿਥਮ = ਪਹਿਲਾਂ, ਮਮ = ਮੇਰੀ, ਉਸਨੂੰ ਨਮਾਮਿ = ਨਮਸਕਾਰ ਹੈ। ਜੋ ਯੋਗੀ = ਜੁੜੇ ਹੋਏ ਭਾਵ ਆਪਣੇ ਨਾਮ ਨਾਲ ਜੁੜੇ ਹੋਏ ਸਾਧੂ ਮਹਾਤਮਾ ਜਨਾਂ ਦੇ ਰਿਦੈ = ਅੰਤਹਕਰਨ ਵਿਚ ਨਿਵਾਸ ਰੱਖਦਾ ਹੈ ਭਾਵ ਉਨ੍ਹਾਂ ਦੇ ਹਿਰਦਿਆ ਦੇ ਅੰਦਰ ਸਾਖਸ਼ਾਤ ਹੈ।

**ਭੋਗੀ ਰਿਦਯ ਉਦਾਸ ਜੋ; ਵੈ ਮਮ ਸੁਮਤਿ ਪ੍ਰਕਾਸ਼ ॥੧॥**

ਜੋ ਅਕਾਲ ਪੁਰਖ ਆਪਣੇ ਹਿਰਦੇ ਵਿਚ ਭੋਗੀ = ਭੋਗਾਂ ਵੱਲੋਂ ਉਦਾਸ = ਉਪਰਾਮ, ਰਹਿੰਦਾ ਹੈ। ਵੈ = ਉਹ, ਮਮ = ਮੇਰੇ ਅੰਤਹਕਰਨ ਵਿਚ, ਸੁਮਤਿ = ਸ੍ਰੇਸ਼ਟ ਬੁੱਧ ਦਾ ਪ੍ਰਕਾਸ਼ ਕਰ ਦੇਵੇ ਭਾਵ ਮੈਨੂੰ ਆਤਮ ਵਿਸ਼ੈਣੀ ਬੁੱਧ ਦੇਣਾ ਕਰੇ ਜਿਸ ਨਾਲ ਮੈਂ ਸਦਾ ਉਸ ਵਾਹਿਗੁਰੂ ਨੂੰ ਧਿਆਉਂਦਾ ਰਹਾਂ ॥੧॥ ਜੈਸਾ ਕਿ :

**ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥ ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥**

*(ਮਾਝ ਮ: ੫, ਅੰਗ ੧੦੦)*

# ਗਣੇਸ਼ ਮੰਗਲ

ਗਣੇਸ਼ ਹਿੰਦੂ ਮਤ-ਪਤ ਵਿਚ ਬਹੁਤ ਪੂਜਨੀਯ ਦੇਵਤਾ ਹੈ, ਪੁਰਾਣਾਂ ਵਿਚ ਕਥਾ ਹੈ ਕਿ ਗਣੇਸ਼ ਬਹੁਤ ਛੇਤੀ ਲਿਖਣ ਵਾਲਾ ਲਿਖਾਰੀ ਹੈ। ਮਹਾਂਭਾਰਤ ਦੀ ਪਹਿਲੀ ਪੋਥੀ ਗਣੇਸ਼ ਜੀ ਨੇ ਹੀ ਲਿਖੀ ਸੀ, ਵਿਆਸ ਜੀ ਬੋਲਦੇ ਤੇ ਗਣੇਸ਼ ਦੀ ਲਿਖਦੇ ਸਨ, ਪੰਜ ਈਸ਼ਰਾਂ ਵਿੱਚੋਂ ਗਣੇਸ਼ ਜੀ ਨੂੰ ਇਕ ਈਸ਼ਰ ਵੀ ਗਿਣਿਆ ਜਾਂਦਾ ਹੈ (ਵਿਸ਼ਨੂੰ, ਸ਼ਕਤੀ, ਗਣੇਸ਼, ਸੂਰਜ, ਸ਼ਿਵਜੀ) ਲਿਖਾਰੀ ਲੋਕ ਆਪਣੀ ਕੋਈ ਵੀ ਰਚਨਾ ਸ਼ੁਰੂ ਕਰਨ ਤੋਂ ਪਹਿਲਾਂ ਗਣੇਸ਼ ਜੀ ਦਾ ਮੰਗਲ ਕਰਦੇ ਹਨ ਕਿ ਸਾਡਾ ਸ਼ੁਰੂ ਕੀਤਾ ਕਾਰਜ ਨਿਰਵਿਘਨ ਸਮਾਪਤ ਹੋ ਜਾਵੇ। ਹਿੰਦੂ ਮਤ ਵਿਚ ਹਰੇਕ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਗਣੇਸ਼ ਨੂੰ ਯਾਦ ਕਰਨਾ ਸ਼ੁਭ ਸਮਝਿਆ ਜਾਂਦਾ ਹੈ। ਉਹ ਹਰੇਕ ਚਿੱਠੀ ਪੱਤ੍ਰ ਦੇ ਉੱਪਰ ਵੀ 'ਸ੍ਰੀ ਗਣੇਸ਼ਾਯ ਨਮਃ' ਲਿਖਦੇ ਹਨ। ਕਵੀ ਜੀ ਨੇ ਕਵੀਆਂ ਦੀ ਮਰਯਾਦਾ ਨੂੰ ਮੁਖ ਰੱਖਦੇ ਹੋਏ ਜੋ ਸਨਾਤਨ ਧਰਮ ਦਾ ਪ੍ਰਭਾਵ ਹੈ, ਉਸ ਅਨੁਸਾਰ ਇਹ ਮੰਗਲ ਕੀਤਾ ਹੈ।

ਇਥੇ ਵੀ ਪੰਡਿਤ ਹਰਦਿਆਲ ਜੀ ਸਾਰੁਕਤਾਵਲੀ ਗ੍ਰੰਥ ਦੇ ਆਰੰਭ ਵਿਚ ਗਣੇਸ਼ ਜੀ ਦਾ ਮੰਗਲ ਕਰ ਰਹੇ ਹਨ :

## ਦਵੈਯਾ ਛੰਦ ॥[1] ਗਣਪਤਿ ਨ੍ਰਿਪ ਵਤ ਪ੍ਰਜਾ ਕੇ; ਨਮੋਂ ਕਣੰ ਕਰ ਅੰਗੀਕਾਰ ॥

ਕਵੀ ਹਰਦਿਆਲ ਜੀ ਗਣੇਸ਼ ਜੀ ਨੂੰ ਇਕ ਰਾਜੇ ਦੇ ਸਦਰਸ਼ ਕਥਨ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ (ਗਣ + ਪਤਿ) ਗਣ = ਗਿਣਤੀ ਦਾ ਪਤਿ = ਪਤੀ **ਵਾ:** ਦੇਵਗਣਾਂ ਦਾ ਸ੍ਵਾਮੀ ਦੇਵਤਾ ਗਣੇਸ਼ ਨ੍ਰਿਪ = ਰਾਜੇ ਦੀ ਵਤ = ਤਰ੍ਹਾਂ ਹੈ।

***ਪ੍ਰਸ਼ਨ :*** *ਰਾਜੇ ਦੀ ਤਾਂ ਪਰਜਾ ਹੁੰਦੀ ਹੈ; ਗਣੇਸ਼ ਜੀ ਦੀ ਪਰਜਾ ਕਿਹੜੀ ਹੈ ?*
***ਉੱਤਰ :*** ਜੋ ਗਣੇਸ਼ ਜੀ ਦੇ ਭਗਤ ਹਨ, ਉਹੀ ਪਰਜਾ ਦੇ ਸਦਰਸ਼ ਹਨ, ਭਾਵ ਗਣੇਸ਼ ਜੀ ਦੇ ਪਾਸ ਭਗਤਾਂ ਦੀ ਪਰਜਾ ਹੈ ਕਿਉਂਕਿ ਜਿਵੇਂ ਪਰਜਾ ਰਾਜੇ ਦੇ ਹੁਕਮ ਅਨੁਸਾਰ ਉਸਦੇ ਅਧੀਨ ਹੋ ਕੇ ਵਰਤਦੀ ਹੈ ਤਿਵੇਂ ਇਨ੍ਹਾਂ ਦੇ ਪ੍ਰੇਮੀ ਭਗਤ ਜਨ ਇਨ੍ਹਾਂ ਦੇ ਅਨੁਸਾਰ ਹੋ ਕੇ ਵਰਤਦੇ ਹਨ।

***ਪ੍ਰਸ਼ਨ :*** *ਰਾਜਾ ਤਾਂ ਆਪਣੀ ਪਰਜਾ ਕੋਲੋਂ ਕਰ (ਟੈਕਸ) ਲੈਂਦਾ ਹੈ, ਗਣੇਸ਼ ਜੀ ਕਿਹੜਾ ਮਾਮਲਾ ਲੈਂਦੇ ਹਨ ?*
***ਉੱਤਰ :*** ਗਣੇਸ਼ ਜੀ ਆਪਣੀ ਭਗਤਾਂ ਦੀ ਪਰਜਾ ਕੋਲੋਂ ਨਮੋ = ਨਮਸਕਾਰ ਰੂਪ, ਕਣੰਕਰ = ਮਾਮਲਾ (ਟੈਕਸ), ਅੰਗੀਕਾਰ = ਗ੍ਰਹਿਣ ਕਰਦੇ ਹਨ ਭਾਵ ਜੋ ਪ੍ਰੇਮੀ ਜਨ ਪ੍ਰੀਤੀ ਧਾਰ ਕੇ ਇਨ੍ਹਾਂ ਦੇ ਚਰਨ ਕਮਲਾਂ ਉੱਪਰ ਨਮਸਕਾਰ ਕਰਦੇ ਹਨ, ਮਾਨੋ ਇਹੀ ਗਣੇਸ਼ ਜੀ ਮਾਮਲਾ ਉਗਰਾਹੁੰਦੇ ਹਨ।

***ਪ੍ਰਸ਼ਨ :*** *ਜੇਕਰ ਕੋਈ ਚੋਰ ਆਦਿ ਮੰਦੇ ਸੁਭਾਅ ਦੇ ਮਨੁੱਖ ਪਰਜਾ ਨੂੰ ਤੰਗ ਕਰਦੇ ਹਨ ਭਾਵ ਉਨ੍ਹਾਂ ਦੇ ਧਨ ਨੂੰ ਚੁਰਾ ਲੈਂਦੇ ਹਨ ਤਾਂ ਰਾਜਾ ਉਨ੍ਹਾਂ ਨੂੰ ਪਕੜ ਕੇ ਡੰਡ ਦੇਂਦਾ ਹੈ ਤਿਵੇਂ ਭਗਤਾਂ ਰੂਪੀ ਪਰਜਾ ਨੂੰ ਕਿਹੜੇ ਚੋਰ ਤੰਗ ਕਰਦੇ ਹਨ ਅਤੇ ਗਣੇਸ਼ ਜੀ ਉਨ੍ਹਾਂ ਨੂੰ ਕੀ ਡੰਡ ਦੇਂਦੇ ਹਨ ?*
***ਉੱਤਰ :***

## ਕਾਮ ਚੋਰ ਬਿਘਨੀ ਬੁਧਿ ਸਸਿ ਕੇ; ਪ੍ਰਤਿਦਿਨ ਕਰ ਹੈ ਤਾਸ ਪ੍ਰਹਾਰ ॥

ਜਿਵੇਂ ਪਰਜਾ ਦੀ ਪ੍ਰਤੱਖ ਖੇਤੀ ਆਦਿ ਨੂੰ ਕੋਈ ਚੋਰ ਆਦਿ ਕੱਟਦਾ ਹੈ ਤਾਂ ਰਾਜਾ ਉਸਨੂੰ ਡੰਡ ਦੇਂਦਾ ਹੈ ਤਿਵੇਂ ਭਗਤਾਂ ਰੂਪੀ ਪਰਜਾ ਦੀ ਬ੍ਰਹਮਾਕਾਰ ਬੁੱਧ ਰੂਪੀ ਜੋ ਸਸਿ = ਖੇਤੀ ਹੈ, ਉਸਨੂੰ ਕਾਮ, ਕ੍ਰੋਧ, ਲੋਭ,

੧. ਦਵੈਯਾ ਛੰਦ ੩੧ ਮਾਤ੍ਰਾਂ ਦਾ ਹੁੰਦਾ ਹੈ।

ਮੋਹ ਤੇ ਹੰਕਾਰ ਰੂਪੀ ਚੋਰ ਉਥਾਨ ਕਰਨ, ਵਿਸ਼ਿਆਂ ਦੇ ਅਧੀਨ ਕਰਨ ਰੂਪ ਬਿਘਨੀ = ਵਿਘਨ, ਰੁਕਾਵਟ ਪਾਉਂਦੇ ਹਨ ਐਸੇ ਵਿਘਨ ਪਾਉਣ ਵਾਲੇ ਕਾਮਾਦਿਕ ਚੋਰਾਂ ਨੂੰ ਗਣੇਸ਼ ਜੀ ਆਪਣੇ ਭਗਤਾਂ ਦੇ ਹਿਰਦੇ ਵਿੱਚੋਂ ਪ੍ਰਤਿਦਿਨ = ਦਿਨੋ-ਦਿਨ ਪ੍ਰਹਾਰ = ਨਾਸ਼ ਕਰ ਦੇਂਦੇ ਹਨ।

***ਪ੍ਰਸ਼ਨ*** *: ਰਾਜੇ ਦੇ ਤਾਂ ਸੁੰਦਰ ਮਹੱਲ ਹੁੰਦੇ ਹਨ, ਇਧਰ ਗਣੇਸ਼ ਜੀ ਦੇ ਕਿਹੜੇ ਮਹੱਲ ਹਨ ?*

## ਰਿਦਯ ਨਿਕੇਤ ਸਮਾਦਿ ਵਿਭੂਤੰ, ਕਰੁਣਾ ਕਰ ਕਰ ਹੈਂ ਵਿਸਥਾਰ ॥

ਜੋ ਭਗਤ ਜਨਾਂ ਦੇ ਰਿਦਯ = ਹਿਰਦੇ ਹਨ, ਇਹੀ ਮਾਨੋ ਗਣੇਸ਼ ਜੀ ਦੇ ਨਿਕੇਤ = ਘਰ, ਮਹੱਲ ਹਨ, ਭਾਵ ਭਗਤ ਜਨਾਂ ਦੇ ਹਿਰਦਿਆਂ ਅੰਦਰ ਗਣੇਸ਼ ਜੀ ਸਦਾ ਨਿਵਾਸ ਕਰਦੇ ਹਨ।

***ਪ੍ਰਸ਼ਨ*** *: ਰਾਜੇ ਪਾਸ ਤਾਂ ਬਹੁਤ ਸਾਰੀ ਬਿਭੂਤੀ, ਧਨ, ਪਦਾਰਥ ਹੁੰਦਾ ਹੈ ਅਤੇ ਹਰ ਰੋਜ਼ ਉਸਨੂੰ ਹੋਰ ਵਧਾਉਂਦਾ ਹੈ ? ਇਧਰ ਗਣੇਸ਼ ਜੀ ਦੇ ਪਾਸ ਕਿਹੜੀ ਬਿਭੂਤੀ ਹੈ ਅਤੇ ਉਹ ਉਸਦਾ ਕਿਸ ਪ੍ਰਕਾਰ ਵਿਸਥਾਰ ਕਰਦੇ ਹਨ ?*

***ਉੱਤਰ*** : ਜੋ ਭਗਤਾਂ ਦੇ ਅੰਦਰ ਸਮਾਦਿ = ਸਮ ਦਮ ਸ਼ਰਧਾ[੧] ਆਦਿ ਗੁਣ, ਸਾਧਨ ਹਨ, ਇਹੀ ਮਾਨੋ ਗਣੇਸ਼ ਜੀ ਦੀ ਬਿਭੂਤੀ ਹੈ, ਇਸ ਬਿਭੂਤੀ ਨੂੰ ਗਣੇਸ਼ ਜੀ ਆਪਣੀ ਕਰੁਣਾਕਰ = ਕਿਰਪਾ ਕਰਕੇ ਭਗਤਾਂ ਦੇ ਹਿਰਦੇ ਅੰਦਰ ਹੋਰ ਵਿਸਥਾਰ = ਵਧਾਉਣਾ ਕਰ ਹੈਂ = ਕਰਦੇ ਹਨ, ਇਸ ਕਰਕੇ ਗਣੇਸ਼ ਜੀ ਰਾਜਾ ਰੂਪ ਹਨ।

## ਤਾ ਤੇ ਮੈਂ ਤਿਹ ਕਰੁਣਾਕਰ ਕੋ; ਕਰੋਂ ਅਨੇਕ ਸੁਭਾਵ ਜੁਹਾਰ ॥੨॥

ਤਾ ਤੇ = ਤਿਸ ਕਰਕੇ ਮੈਂ ਤਿਹ = ਉਸ, ਕਰੁਣਾਕਰ = ਕਿਰਪਾ ਕਰਨ ਵਾਲੇ ਗਣੇਸ਼, ਕੋ = ਨੂੰ, ਅਨੇਕ ਸੁਭਾਵ = ਢੰਗਾਂ ਨਾਲ **ਵਾ:** (ਸੁ + ਭਾਵ) ਸੁ = ਸ੍ਰੇਸ਼ਟ, ਭਾਵ = ਪ੍ਰੇਮ ਧਾਰ ਕੇ ਮਨ, ਬਾਣੀ, ਸਰੀਰ ਦੁਆਰਾ ਜੁਹਾਰ = ਨਮਸਕਾਰ ਕਰਦਾ ਹਾਂ ਕਿ ਤੁਸੀਂ ਮੇਰੇ ਉੱਪਰ ਵੀ ਆਪਣੀ ਕਿਰਪਾ ਦ੍ਰਿਸ਼ਟੀ ਕਰੋ ਤਾਂ ਜੋ ਮੇਰਾ ਗ੍ਰੰਥ ਨਿਰਵਿਘਨ ਸਮਾਪਤ ਹੋ ਜਾਵੇ ॥੨॥

---

੧. ਸਮਾਦਿ ਤੋਂ ਭਾਵ ਖਟ ਸੰਪਤੀ ਤੋਂ ਹੈ ਅਰਥਾਤ ਸਮ, ਦਮ, ਸ਼ਰਧਾ, ਉਪਰਾਮਤਾ, ਸਮਾਧਾਨ ਅਤੇ ਤਤਿਖਯਾ ਇਨ੍ਹਾਂ ਛੇ ਸਾਧਨਾਂ ਨੂੰ ਖਟ ਸੰਪਤੀ ਆਖਦੇ ਹਨ।

**ਸਮ :** ਮਨ ਨੂੰ ਬਾਹਰਮੁਖ ਬਿਰਤੀ, ਵਿਸ਼ਿਆਂ ਵੱਲੋਂ ਰੋਕ ਕੇ ਰੱਖਣ ਨੂੰ 'ਸਮ' ਆਖਦੇ ਹਨ। ਜੈਸਾ ਕਿ :
ਮਨ ਵਿਗਿਯਾਨ ਤੇ ਰੋਕਨੋਂ ਸਮ ਤਿਹਿ ਕਹਤ ਸੁ ਧੀਰ।

**ਦਮ :** ਸਾਰੇ ਇੰਦ੍ਰਿਆਂ ਨੂੰ ਆਪਣੇ ਅਧੀਨ ਕਰ ਲੈਣ ਨੂੰ 'ਦਮ' ਆਖਦੇ ਹਨ : ਜੈਸਾ ਕਿ :
ਇੰਦ੍ਰਯ ਗਨ ਕੋ ਰੋਕਨੋ ਦਮ ਭਾਖਤ ਬੁੱਧ ਵੀਰ ॥੧੬॥

**ਸ਼ਰਧਾ :** ਵੇਦ ਆਦਿ ਧਾਰਮਿਕ ਗ੍ਰੰਥਾਂ ਦੇ ਬਚਨਾਂ ਉੱਪਰ ਵਿਸ਼ਵਾਸ, ਭਰੋਸਾ ਕਰਨ ਨੂੰ 'ਸ਼ਰਧਾ' ਆਖਦੇ ਹਨ : ਜੈਸਾ ਕਿ :
ਸਤਯ ਵੇਦ ਗੁਰ ਵਾਕਯ ਹੈ ਸਰਧਾ ਅਸ ਵਿਸ੍ਵਾਸ।

**ਸਮਾਧਾਨ :** ਮਨ ਦੇ ਵਿੱਚੋਂ ਚੰਚਲਤਾਈ ਖ਼ਤਮ ਹੋ ਜਾਣ ਨੂੰ 'ਸਮਾਧਾਨ' ਆਖਦੇ ਹਨ : ਜੈਸਾ ਕਿ :
ਸਮਾਧਾਨ ਤਾ ਕੂੰ ਕਹਤ ਮਨ ਵਿਛੇਪ ਕੋ ਨਾਸ ॥੮੭॥

**ਉਪਰਾਮ :** ਸਾਰੇ ਪਖੰਡ ਆਦਿਕ ਕਰਮਾ ਦਾ ਤਿਆਗ ਕਰ ਦੇਣਾ, ਵਿਸ਼ਿਆਂ ਨੂੰ ਵਿਹੁ ਰੂਪ ਜਾਣ ਕੇ ਛੱਡ ਦੇਣਾ, ਪਰ-ਇਸਤ੍ਰੀ ਨੂੰ ਦੇਖ ਕੇ ਚਿੱਤ ਵਿਚ ਵਿਸ਼ਿਆਂ ਵੱਲੋਂ ਗਿਲਾਨੀ ਪੈਦਾ ਹੋਣੀ, ਇਸ ਨੂੰ 'ਉਪਰਾਮਤਾ' ਆਖਦੇ ਹਨ। ਜੈਸਾ ਕਿ :
ਸਾਧਨ ਸਹਿਤ ਕਰਮ ਸਭ ਤਯਾਗੇ। ਲਖਿ ਵਿਖ ਸਮ ਵਿਸ਼ਯਨ ਤੇ ਭਾਗੇ।
ਦ੍ਰਿਗ ਨਾਰੀ ਪ੍ਰੇਖਿ ਹ੍ਵੈ ਜਿਯ ਗਿਲਾਨਾ। ਯਹ ਲਕਸ਼ਣ ਉਪਰਾਮ ਬਖਾਨਾ ॥੧੮॥

**ਤਤਿਖਯਾ :** ਸਰਦੀ ਗਰਮੀ, ਭੁੱਖ ਪਿਆਸ, ਸੁੱਖ ਦੁੱਖ, ਖ਼ੁਸ਼ੀ ਗ਼ਮੀ ਆਦਿ ਵਿਚ ਇਕ-ਸਮਾਨ ਬਿਰਤੀ ਰੱਖਣੀ, ਇਸ ਨੂੰ 'ਤਤਿਖਯਾ' ਆਖਦੇ ਹਨ। ਜੈਸਾ ਕਿ :
ਆਤਪ ਸ਼ੀਤ ਸੁਧਾ ਤ੍ਰਿਖਾ ਇਨ ਕੋ ਸਹਨ ਸੁਭਾਵ।
ਯਹਿ ਤਿਤਿਕਛਾ ਕਹਤ ਹੈ ਕੋਵਿਦ ਮੁਨਿਵਰ ਰਾਵ ॥੧੯॥ *(ਵਿਚਾਰਸਾਗਰ, ਪ੍ਰਥਮ ਤਰੰਗ)*

## ਸਰਸਵਤੀ (ਸਾਰਦਾ) ਮੰਗਲ

ਹੁਣ ਪੰਡਿਤ ਹਰਦਿਆਲ ਜੀ ਕਾਵਿ ਸੰਕੇਤ ਦੇ ਨਿਯਮ ਅਨੁਸਾਰ ਕਵਿਤਾ ਦੀ ਦਾਤੀ, ਕਵਿਤਾ ਸਰਲ ਕਰਾਉਣ ਵਾਲੀ ਸੁਰਸਤੀ ਦਾ ਮੰਗਲ ਕਰਦੇ ਹਨ।

## ਭੁਜੰਗ ਪ੍ਰਯਾਤ ਛੰਦ ॥

## ਨਮੋ ਸਾਰਦਾ ਮਾਤ; ਵਿਦਯਾ ਪ੍ਰਦੈਨੀ ॥

ਮੈ ਮਾਤ = ਮਾਤਾ, ਸਾਰਦਾ = ਸੁਰਸਤੀ (ਵਿਦਿਯਾ ਦੀ ਦਾਤੀ) ਨੂੰ, ਨਮੋ = ਨਮਸਕਾਰ ਕਰਦਾ ਹਾਂ ਜੋ (ਪ੍ਰ + ਦੈਨੀ) ਪ੍ਰ = ਵਿਸ਼ੇਸ਼ ਕਰਕੇ ਆਤਮ ਵਿੱਦਿਆ ਦੀ ਦਾਤ, ਦੈਨੀ = ਦੇਣ ਵਾਲੀ ਹੈ।

## ਕਰੋ ਮੇਧ ਮੇਧਾ; ਯਥਾ ਕੰ ਤ੍ਰਿਬੈਨੀ ॥

ਹੇ ਮਾਤਾ ! ਯਥਾ = ਜਿਸ ਪ੍ਰਕਾਰ ਤ੍ਰਿਬੈਨੀ = ਤਿੰਨ ਨਦੀਆਂ (ਗੰਗਾ, ਜਮੁਨਾ, ਸੁਰਸਤੀ) ਦੇ ਸੰਗਮ (ਪ੍ਰਯਾਗ ਰਾਜ) ਦਾ, ਕੰ = ਪਾਣੀ ਬਹੁਤ ਪਵਿੱਤ੍ਰ ਮੰਨਿਆ ਹੈ, ਉਸੇ ਪ੍ਰਕਾਰ ਮੇਰੀ ਮੇਧਾ = ਬੁੱਧੀ ਨੂੰ ਵੀ, ਮੇਧ = ਉੱਜਲ, ਕਰੋ = ਕਰ ਦੇਵੋ **ਅਥਵਾ** ਸਤਿਸੰਗਤ ਰੂਪੀ ਪ੍ਰਯਾਗ ਰਾਜ ਵਿਚ ਜੋ ਤ੍ਰਿਬੈਣੀ ਚੱਲ ਰਹੀ ਹੈ ਭਾਵ ਭਗਤੀ ਰੂਪੀ ਗੰਗਾ, ਬ੍ਰਹਮ ਦੀ ਵੀਚਾਰ ਰੂਪੀ ਸੁਰਸਤੀ ਅਤੇ ਬਿਧ-ਨਿਖੇਧ ਰੂਪੀ ਕਰਮਾਂ ਦੀ ਕਥਾ ਰੂਪੀ ਜਮਨਾ ਚੱਲ ਰਹੀ ਹੈ। ਇਹੋ ਜਿਹੀ ਸਤਿਸੰਗਤ ਰੂਪੀ ਤ੍ਰਿਬੈਣੀ ਵਿਚ ਮੈਨੂੰ ਮੇਲ ਕੇ ਮੇਰੀ ਬੁੱਧ ਨੂੰ ਪਵਿੱਤ੍ਰ ਕਰ ਦੇਵੋ।

## ਕਰੋ ਨਸ਼ਟ ਮੋਹਾਦਿ; ਸ਼ਾਂਤਾਦਿ ਦਿੱਜੈ ॥

ਹੇ ਮਾਤਾ ! ਇਹੋ ਜਿਹੇ ਸਤਿਸੰਗਤ ਰੂਪੀ ਪ੍ਰਯਾਗ ਰਾਜ ਵਿਚ ਮੈਨੂੰ ਮੇਲ ਕੇ ਮੇਰੇ ਅੰਤਹਕਰਨ ਦੇ ਅੰਦਰੋਂ ਮੋਹਾਦਿ = ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਰੂਪੀ ਵਿਕਾਰ ਨਸ਼ਟ = ਨਾਸ਼ ਕਰ ਦੇਵੋ ਅਤੇ ਸ਼ਾਂਤਾਦਿ = ਸ਼ਾਂਤੀ ਤੋਂ ਆਦਿ ਲੈ ਕੇ ਸਤ, ਸੰਤੋਖ, ਦਇਆ, ਧਰਮ ,ਵੀਚਾਰ, ਖਿਮਾ, ਧੀਰਜ ਆਦਿ ਦੈਵੀ ਸੰਪਤਾ ਦੇ ਗੁਣ ਮੇਰੇ ਹਿਰਦੇ ਅੰਦਰ ਦਿੱਜੈ = ਦੇਣਾ ਕਰੋ।

## ਹਰੋ ਆਪਕਾਰੀ; ਰਿਦੈ ਧਾਮ ਕਿੱਜੈ ॥੩॥

ਹੇ ਮਾਤਾ ! ਮੇਰੇ ਅੰਦਰੋਂ ਆਪਕਾਰੀ = ਬੁਰਿਆਈ ਵਾਲੇ ਸੁਭਾਅ, ਮਲੀਨ ਕਰਮਾਂ, ਸ਼ਬਦ ਸਪਰਸ਼ ਆਦਿ ਵਿਸ਼ਿਆਂ ਨੂੰ ਹਰੋ = ਨਾਸ਼ ਕਰ ਦੇਵੋ। ਇਨ੍ਹਾਂ ਦੇ ਨਾਸ਼ ਹੋਣ ਨਾਲ ਮੇਰਾ ਹਿਰਦਾ ਸ਼ੁੱਧ ਹੋ ਜਾਵੇਗਾ ਅਤੇ ਫੇਰ ਆਪ ਮੇਰੇ ਰਿਦੈ = ਅੰਤਹਕਰਨ ਰੂਪੀ ਧਾਮ = ਘਰ ਵਿਚ ਨਿਵਾਸ ਕਿੱਜੈ = ਕਰੋ **ਵਾ:** ਮੇਰੇ ਹਿਰਦੇ ਨੂੰ ਆਪਣਾ ਘਰ ਬਣਾ ਲਵੋ ਜਿਸ ਕਰਕੇ ਮੈਂ ਸੁਖੈਨ ਹੀ ਗ੍ਰੰਥ ਦੀ ਰਚਨਾ ਕਰ ਲਵਾਂ ॥੩॥

## ਨਿਜ ਪ੍ਰਯੋਜਨ ॥

## ਦੋਹਰਾ ॥ ਅਥ ਸ੍ਰੀ ਸਾਰੁਕਤਾਵਲੀ; ਭਾਖਾ ਕ੍ਰਿਤ ਹਰਦਯਾਲ ॥

ਅਥ = ਹੁਣ, ਇਸ ਤੋਂ ਉਪਰੰਤ, ਸ੍ਰੀ = ਸੁਭਾਏਮਾਨ (ਸਾਰ + ਉਕਤ + ਆਵਲੀ) ਸਾਰ = ਸ੍ਰੇਸ਼ਟ ਉਕਤ = ਉਕਤੀਆਂ ਜੁਗਤੀਆਂ ਦੀ ਆਵਲੀ = ਪੰਗਤੀ, ਇਸ ਸਾਰੁਕਤਾਵਲੀ ਗ੍ਰੰਥ ਨੂੰ ਮੈਂ ਹਰਦਿਆਲ ਪੰਡਿਤ ਭਾਖਾ = ਭਾਸ਼ਾ, ਆਮ ਲੋਕ ਬੋਲੀ ਵਿਚ ਕ੍ਰਿਤ = ਕਰਦਾ ਹਾਂ।

ਭਾਖਾ ਕ੍ਰਿਤ ਤੋਂ ਭਾਵ ਹੈ ਕਿ ਪਹਿਲਾਂ ਇਹ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਲਿਖਿਆ ਹੋਇਆ ਸੀ ਜੋ ਹਰੇਕ ਮਨੁੱਖ ਮਾਤ੍ਰ ਸੰਸਕ੍ਰਿਤ ਭਾਸ਼ਾ ਦਾ ਜਾਣਕਾਰ ਨਾ ਹੋਣ ਕਰਕੇ ਇਸ ਗ੍ਰੰਥ ਤੋਂ ਲਾਭ ਨਹੀਂ ਲੈ ਸਕਦਾ ਸੀ। ਇਸ ਲਈ ਪੰਡਿਤ ਹਰਦਿਆਲ ਜੀ ਨੇ ਇਸ ਗ੍ਰੰਥ ਨੂੰ ਲੋਕਾਂ ਵਿਚ ਪ੍ਰਚੱਲਤ ਆਮ ਬੋਲੀ ਵਿਚ ਗ੍ਰੰਥ ਨੂੰ ਲਿਖ ਦਿੱਤਾ, ਜੋ ਹਰੇਕ ਮਨੁੱਖ ਨੂੰ ਸੌਖਿਆਂ ਹੀ ਸਮਝ ਆ ਜਾਂਦੀ ਹੈ। ਲੋਕ ਬੋਲੀ ਵਿਚ ਕੀਤੀ ਗੱਲ ਅਨਜਾਣ ਤੋਂ ਅਨਜਾਣ ਮਨੁੱਖ ਵੀ ਸਮਝ ਲੈਂਦਾ ਹੈ ਅਤੇ ਉਸਦੀ ਰੁਚੀ ਹੋਰ ਜ਼ਿਆਦਾ ਗ੍ਰੰਥ ਪੜ੍ਹਨ ਵਿਚ ਲੱਗ ਜਾਂਦੀ ਹੈ।

## ਵਰਣਾਰਥ ਕੇ ਦੋਖ ਕੋ; ਬੁਧਿ ਜਨ ਪਢੋ ਸੰਭਾਲ ॥੪॥

ਕਵੀ ਜੀ ਆਪਣੀ ਨਿਮਰਤਾ ਬਿਆਨ ਕਰਦੇ ਹਨ ਤੇ ਬੁਧਿ ਜਨ = ਵਿਦਵਾਨ ਜਨੋਂ ! ਮੇਰੇ ਇਸ ਗ੍ਰੰਥ ਦੇ (ਵਰਣ + ਅਰਥ) ਵਰਣ = ਅੱਖਰਾਂ, ਅਰਥਾਂ ਆਦਿ ਦੋਸ਼ਾਂ ਨੂੰ ਨਾ ਚਿਤਾਰਦੇ ਹੋਏ ਸੰਭਾਲ ਕੇ ਪਢੋ = ਪੜ੍ਹਨਾ ਕਰੋ ਭਾਵ ਅੱਖਰ ਕੋਈ ਵੱਧ ਘੱਟ ਰਹਿ ਗਿਆ ਹੋਵੇ, ਜਾਂ ਛੰਦ ਭੰਗ ਦੂਸ਼ਨ ਕੋਈ ਰਹਿ ਗਿਆ ਹੋਵੇ ਜਾਂ ਅਰਥ ਵਿਚ ਕੋਈ ਦੋਸ਼ ਨਜ਼ਰ ਆਵੇ ਤਾਂ ਹੇ ਬੁੱਧੀ ਜਨੋਂ ! ਇਨ੍ਹਾਂ ਨੂੰ ਸ਼ੁਧ ਕਰਕੇ ਪੜ੍ਹ ਲੈਣਾ ਭਾਵ ਮੇਰੇ ਅਪਰਾਧ 'ਤੇ ਖ਼ਿਮਾ ਧਾਰਨ ਕਰਨੀ ॥੪॥

## ਨਉ ਘਟ, ਦ੍ਵੈਸਤ, ਮੂਲ ਬ੍ਰਿਤਿ; ਪੰਦ੍ਰਸ ਤਿਹ ਅਧਯਾਇ ॥

ਇਸ ਗ੍ਰੰਥ ਬਾਰੇ ਜਾਣਕਾਰੀ ਦੇਂਦੇ ਹਨ ਕਿ ਇਸ ਸਾਰੁਕਤਾਵਲੀ ਗ੍ਰੰਥ ਵਿਚ ਦ੍ਵੈ = ਦੋ, ਸਤ = ਸੌ, ਤੋਂ ਨਉ = ਨੌਂ ਘੱਟ ਭਾਵ ਸੌ ਵਿੱਚੋਂ ਨੌਂ ਘੱਟ (੧੯੧) ਇਸਦੇ ਮੂਲ ਬ੍ਰਿਤਿ = ਛੰਦ ਹਨ ਅਤੇ ਇਸ ਗ੍ਰੰਥ ਦੇ ਪੰਦ੍ਰਸ = ਪੰਦਰਾਂ ਅਧਿਆਇ ਹਨ। ਮੂਲ ਛੰਦ ੧੯੧ ਕਹੇ ਹਨ, ਇਹ ਸਾਰੁਕਤਾਵਲੀ ਨਾਮ ਦੇ ਸੰਸਕ੍ਰਿਤ ਗ੍ਰੰਥ ਵਿਚ ਆਈ ਗਿਣਤੀ ਹੈ।

## ਕੰਠ ਧਰੇ ਜੜਤਾ ਹਰੇ; ਮੰਗਲ ਅੰਗ ਲਗਾਇ ॥੫॥

ਅੱਗੇ ਇਸ ਗ੍ਰੰਥ ਨੂੰ ਪੜ੍ਹਨ ਦਾ ਫਲ ਕਥਨ ਕਰਦੇ ਹਨ ਕਿ ਜੋ ਇਸ ਗ੍ਰੰਥ ਨੂੰ ਕੰਠ ਧਰੇ = ਯਾਦ ਕਰਕੇ ਪੜ੍ਹਦਾ ਹੈ, ਇਹ ਗ੍ਰੰਥ ਉਸਦੀ ਜੜਤਾ = ਮੂਰਖਤਾ ਨੂੰ ਨਾਸ਼ ਕਰੇ = ਕਰ ਦੇਂਦਾ ਹੈ ਅਤੇ ਅੰਗ = ਹਿਰਦੇ ਵਿਚ ਮੰਗਲ = ਖ਼ੁਸ਼ੀਆਂ ਹੀ ਖ਼ੁਸ਼ੀਆਂ ਲਗਾਇ = ਲੱਗ ਆਉਂਦੀਆਂ ਹਨ **ਵਾ:** ਜੋ ਅੰਗ ਲਗਾਇ = ਮਨ ਲਗਾ ਕੇ ਇਸ ਗ੍ਰੰਥ ਨੂੰ ਪੜ੍ਹੇ, ਵਿਚਾਰੇਗਾ, ਉਸ ਲਈ ਇਹ ਗ੍ਰੰਥ ਮੰਗਲ ਰੂਪ ਹੈ, ਭਾਵ ਉਸਨੂੰ ਖ਼ੁਸ਼ੀਆਂ ਪ੍ਰਦਾਨ ਕਰਨ ਵਾਲਾ ਹੈ ॥੫॥

## ਭਾਖਾ ਸਾਰੁਕਤਾਵਲੀ; ਸੂਕਤਾਵਲੀ ਮੂਲ ॥

ਭਾਖਾ = ਭਾਸ਼ਾ, ਆਮ ਲੋਕ ਬੋਲੀ ਵਿਚ ਇਸ ਗ੍ਰੰਥ ਦਾ ਨਾਮ ਸਾਰੁਕਤਾਵਲੀ ਹੈ ਅਤੇ ਮੂਲ ਭਾਵ ਸੰਸਕ੍ਰਿਤ ਵਿਚ ਇਸਦਾ ਨਾਮ ਸੂਕਤਾਵਲੀ ਹੈ।

## ਕੇਚਿਤ ਭਾਖੈ ਸਭਾਜਿਤ; ਤ੍ਰਿਤੀ ਨਾਮ ਅਨਕੂਲ ॥੬॥

ਕੇਚਿਤ = ਕਈ ਵਿਦਵਾਨ ਜਨ ਇਸਦਾ ਨਾਮ ਸਭਾਜਿਤ (ਸਭਾ ਨੂੰ ਜਿੱਤਣ ਵਾਲਾ ਗ੍ਰੰਥ) ਵੀ ਭਾਖੈ = ਉਚਾਰਣ ਕਰਦੇ ਹਨ, ਇਹ ਤ੍ਰਿਤੀ = ਤਿੰਨੇ ਨਾਮ (ਸਾਰੁਕਤਾਵਲੀ, ਸੂਕਤਾਵਲੀ ਅਤੇ ਸਭਾਜਿੱਤ) ਇਸ ਗ੍ਰੰਥ ਦੇ ਸਿਧਾਂਤ ਅਨੁਸਾਰ ਅਨਕੂਲ = ਠੀਕ ਹਨ ॥੬॥

ਇਥੋਂ ਤੱਕ ਭਾਸ਼ਾ ਕਰਨ ਵਾਲੇ ਪੰਡਿਤ ਹਰਦਿਆਲ ਜੀ ਨੇ ਗ੍ਰੰਥ ਦੇ ਆਰੰਭ ਵਿਚ ਮੰਗਲ ਕੀਤੇ ਹਨ। ਅੱਗੇ ਅਧਿਆਇ ਅਰੰਭ ਕਰਨ ਤੋਂ ਪਹਿਲਾਂ ਦੋ ਸਲੋਕਾਂ ਵਿਚ ਮੂਲ ਮੰਗਲਾਚਰਣ ਕਥਨ ਕਰਦੇ ਹਨ। ਜਿਨ੍ਹਾਂ ਵਿਚ ਸਭ ਪ੍ਰਾਣੀ ਮਾਤ੍ਰ ਨੂੰ ਧਰਮ ਦਾ ਸਾਧਾਰਨ ਤੌਰ 'ਤੇ ਉਪਦੇਸ਼ ਦੇਂਦੇ ਹਨ :

## ਛਪੈ[1] ਛੰਦ ॥ ਧਰਮ ਸਰਬ ਸੁਖ ਖਾਨ; ਜਾਣ ਸਭ ਕੋ ਹਿਤਕਾਰੀ ॥

ਹੇ ਭਾਈ ! ਅਸਲ ਵਿਚ ਧਰਮ ਹੀ ਸਰਬ = ਸਾਰੇ ਸੁੱਖਾਂ ਦੀ ਖਾਣ = ਖਾਨ (ਖ਼ਜ਼ਾਨਾ) ਹੈ। ਇਸ ਧਰਮ ਨੂੰ ਸਭ = ਸਾਰਿਆਂ ਕੋ = ਦਾ ਹਿਤਕਾਰੀ = ਮਿੱਤ੍ਰ, ਭਲਾ ਕਰਨ ਵਾਲਾ ਜਾਨ = ਜਾਨਣਾ, ਸਮਝਣਾ ਕਰੋਂ ਅਰਥਾਤ ਜੀਵਾਂ ਦੀ ਪ੍ਰਵਿਰਤੀ ਨਮਿਤ ਜੋ ਵੇਦ ਵਿਧਾਨ ਕਰਦਾ ਹੈ ਉਸਦਾ ਨਾਮ ਧਰਮ ਹੈ, ਉਸ ਧਰਮ ਨੂੰ ਧਾਰਨ ਕਰਕੇ ਜੋ ਪੁੰਨ ਪ੍ਰਾਪਤ ਹੁੰਦਾ ਹੈ, ਉਹ ਸੱਚ ਦਾ ਭਲਾ ਕਰਦਾ ਹੈ। ਜੋ ਪੁਰਖ ਸਕਾਮ ਧਰਮ ਦਾ ਸੇਵਨ ਕਰਦਾ ਹੈ, ਉਹ ਸੁਰਗ ਆਦਿ ਦੇ ਸੁੱਖਾਂ ਨੂੰ ਭੋਗਦਾ ਹੈ ਅਤੇ ਜੋ ਨਿਸ਼ਕਾਮ ਧਰਮ ਦਾ ਸੇਵਨ ਕਰਦਾ ਹੈ ਉਹ ਅੰਤਹਕਰਨ ਦੀ ਸੁਧੀ ਦੁਆਰਾ ਗਿਆਨ ਪ੍ਰਾਪਤ ਕਰਕੇ ਮੋਖ ਦਾ ਅਧਿਕਾਰੀ ਹੋ ਜਾਵੇਗਾ। ਜਿਵੇਂ ਸੋਨੇ ਅਤੇ ਹੀਰਿਆਂ ਦੀਆਂ ਖਾਨਾਂ ਬਹੁਤ ਬੇ-ਕੀਮਤੀ ਹੁੰਦੀਆਂ ਹਨ, ਤਿਵੇਂ ਧਰਮ ਸੰਸਾਰਕ ਤੇ ਪਰਮਾਰਥ ਦੇ ਬੇਕੀਮਤੀ ਸੁੱਖਾਂ ਨੂੰ ਦੇਣ ਵਾਲਾ ਹੈ।

## ਧਰਮ ਧਰੇ ਬੁਧਿਮਾਨ; ਨਿਰੰਤਰ ਚੀਤ ਮਝਾਰੀ ॥

ਇਸ ਕਰਕੇ ਬੁਧਿਮਾਨ = ਸਮਝਦਾਰ ਮਨੁੱਖ ਧਰਮ ਨੂੰ, ਨਿਰੰਤਰ = ਸਦਾ, ਇਕ-ਰਸ ਆਪਣੇ ਚੀਤ = ਹਿਰਦੇ ਮਝਾਰੀ = ਵਿਚ ਧਰੇ = ਧਾਰਨ ਕਰਕੇ ਰੱਖਦੇ ਹਨ। ਭਾਵੇਂ ਕਿਤਨਾ ਵੀ ਕਸ਼ਟ ਪ੍ਰਾਪਤ ਹੋਵੇ, ਸਰੀਰ ਦੇ ਬਿਨਾਸ ਪ੍ਰਯੰਤ ਵੀ ਉਹ ਆਪਣੇ ਧਰਮ ਦਾ ਤਿਆਗ ਨਹੀਂ ਕਰਦੇ ਜਿਵੇਂ ਸ੍ਰੀ ਕਲਗ਼ੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦੋ ਵੱਡੇ ਫ਼ਰਜ਼ੰਦ (ਪੁੱਤਰ) ਚਮਕੌਰ ਦੀ ਜੰਗ ਵਿਚ ਲੱਖਾਂ ਫ਼ੌਜਾਂ ਨਾਲ ਲੋਹਾ ਲੈਂਦਿਆਂ ਧਰਮ ਵਾਸਤੇ ਕੁਰਬਾਨ ਹੋ ਗਏ ਅਤੇ ਦੋ ਛੋਟੇ ਫ਼ਰਜ਼ੰਦ ਸਰਹਿੰਦ ਦੇ ਅੰਦਰ ਨੀਹਾਂ ਵਿਚ ਚਿਣੇ ਗਏ, ਉਨ੍ਹਾਂ ਨੇ ਮੌਤ ਤਾਂ ਕਬੂਲ ਲਈ ਪਰ ਆਪਣੇ ਧਰਮ ਤੋਂ ਰੱਤਾ ਭਰ ਵੀ ਨਹੀਂ ਡੋਲੇ।

ਫੇਰ ਪਿਛਲੇ ਜੁਗਾਂ ਦੇ ਅਵਤਾਰ ਭਗਵਾਨ ਰਾਮਚੰਦ੍ਰ ਜੀ ਦੇ ਜੀਵਨ ਵਿਚ ਧਰਮ ਨੂੰ ਧਾਰਨ ਬਾਬਤ ਪੰਡਿਤ ਗੁਲਾਬ ਸਿੰਘ ਜੀ ਨੇ ਭਾਵਰਸਾਂਮ੍ਰਿਤ ਗ੍ਰੰਥ ਵਿਚ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਸਵੈਯਾ : ਤਾਤ ਕੀ ਆਇਸ ਮਾਨ ਚਲੇ ਜਿਨ ਕੇ ਪਦ ਪੰਕਜ ਪੂਜਤ ਲੋਈ।**
**ਰਾਜ ਬਿਭੂਤਿ ਤਜੀ ਛਿਨ ਮੈ ਬਨ ਕੋ ਨਿਕਸੇ ਜਨਨੀ ਬਹੁ ਰੋਈ।**
**ਤੌ ਨ ਫਿਰੇ ਪੁਰ ਕੋ ਹਰਿ ਜੂ ਜਬ ਭ੍ਰਾਤ ਗਹੇ ਕਰ ਮੈ ਪਦ ਦੋਈ।**
**ਧਰਮ ਬਰਾਬਰ ਰਾਜ ਨਹੀਂ ਇਹ ਸੂਚਕ ਰਾਮ ਸਨਾਤਨ ਜੋਈ॥੯੦॥** *(ਭਾਵਰਸਾਂਮ੍ਰਿਤ)*

## ਧਰਮ ਸਰਬ[2] ਸੁਖ ਹੇਤੁ; ਨਿਖਲ ਕਿਲ ਕਲਿਮਲ ਖੋਵਤ ॥

ਧਰਮ ਹੀ ਸਰਬ = ਸਾਰੇ ਸੁੱਖਾਂ ਦਾ, ਹੇਤੁ = ਕਾਰਨ ਹੈ **ਵਾ:** ਧਰਮ ਸ਼ਾਂਤੀ ਅਤੇ ਸੁੱਖਾਂ ਦਾ ਕਾਰਨ ਹੈ ਫਿਰ ਧਰਮ ਕਿਲ = ਨਿਸ਼ਚੇ ਕਰਕੇ ਜੀਵ ਦੇ, ਨਿਖਲ = ਸਮੂਹ, ਕਲਮਲ = ਪਾਪਾਂ ਨੂੰ, ਖੋਵਤ = ਨਾਸ਼ ਕਰਨ ਵਾਲਾ ਹੈ, ਭਾਵ ਜੋ ਧਰਮ ਨੂੰ ਧਾਰਨ ਕਰਦਾ ਹੈ ਧਰਮ ਉਸਦੇ ਸਾਰੇ ਪਾਪਾਂ ਨੂੰ ਨਾਸ਼ ਕਰ ਦੇਂਦਾ ਹੈ। ਜੈਸਾ ਕਿ :

**ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥** *(ਸੂਹੀ ਮ: ੪, ਅੰਗ ੭੭੩)*

## ਤੀਨ ਦੇਵ ਕੇ ਦੇਸ; ਧਰਮ ਕਰ ਪ੍ਰਾਪਤਿ ਹੋਵਤ ॥

ਜੋ ਹਿੰਦੂ ਮਤ ਵਿਚ ਤੀਨ = ਤਿੰਨ ਵੱਡੇ, ਦੇਵ = ਦੇਵਤੇ (ਬ੍ਰਹਮਾ, ਵਿਸ਼ਨੂੰ, ਸ਼ਿਵਜੀ) ਮੰਨੇ ਹਨ, ਉਨ੍ਹਾਂ ਤਿਨ੍ਹਾਂ ਕੇ = ਦੇ ਦੇਸ਼ ਭਾਵ ਬ੍ਰਹਮਪੁਰੀ, ਬਿਸ਼ਨਪੁਰੀ ਤੇ ਸ਼ਿਵਪੁਰੀ ਇਹ ਅਸਥਾਨ ਵੀ ਧਰਮ ਨੂੰ ਧਾਰਨ ਕਰਿ = ਕਰਕੇ ਪ੍ਰਾਪਤ ਹੋਵਤ = ਹੋ ਜਾਂਦੇ ਹਨ।

---
੧. ਇਹ ਚੌਵੀ ਮਾਤ੍ਰਾਂ ਦਾ ਛੰਦ ਹੁੰਦਾ ਹੈ।
੨. ਪਾਠਾਂਤ੍ਰ : ਸਾਂਤਿ।

ਅੱਗੇ ਧਰਮ ਤੋਂ ਬੇਮੁਖ ਪੁਰਖਾਂ ਦੀ ਹਾਲਤ ਵਰਣਨ ਕਰਦੇ ਹਨ:

## ਦਸ ਅਸ਼੍ਰ ਨਰਕ ਕੁਸ਼੍ਰਨ ਵਿਖੇ; ਧਰਮ ਬਿਮੁਖ ਨਰ ਨੀਤ ਗਮ॥

ਜੋ ਦਸ ਅਸ਼੍ਰ = (10 + 8 = 18) ਅਠਾਰਾਂ ਕੁਸ਼੍ਰਨ = ਕੋਹੜ ਵਾਂਗ ਦੁਖਦਾਈ ਨਰਕ ਹਨ, ਧਰਮ ਤੋਂ ਬਿਮੁਖ ਨਰ = ਮਨੁੱਖ, ਨੀਤ = ਨਿਤਾਪ੍ਰਤੀ ਉਨ੍ਹਾਂ ਅਠਾਰਾਂ ਕੋਹੜੀ ਨਰਕਾਂ ਵਿਚ, ਗਮ = ਜਾਣਾ ਕਰਦਾ ਹੈ ਭਾਵ ਸਦਾ ਨਰਕਾਂ ਵਿਚ ਹੀ ਦੁਖ ਭੋਗਦਾ ਰਹਿੰਦਾ ਹੈ। ਕਿਉਂਕਿ ਧਰਮ ਦਾ ਫਲ ਸੁਖ ਅਤੇ ਅਧਰਮ ਦਾ ਫਲ ਦੁੱਖ ਹੁੰਦਾ ਹੈ, ਅਧਰਮੀ ਮਨੁੱਖ ਨਰਕਾਂ ਦਾ ਦੁੱਖ ਭੋਗਦੇ ਹਨ।

ਸੋ ਨਰਕ ਲੋਕ ਅਤੇ ਪ੍ਰਲੋਕ ਦੇ ਭੇਦ ਨਾਲ ਦੋ ਪ੍ਰਕਾਰ ਦਾ ਹੈ। ੧. ਮਾਨਸਿਕ, ਸਰੀਰਿਕ ਦੁੱਖ ਰੂਪ ਨਰਕ ਅਤੇ ੨. ਪ੍ਰਲੋਕ ਵਿਚ ਅਠਾਰਾਂ ਨਰਕ।[੧] ਧਰਮ ਤੋਂ ਬੇਮੁਖ ਪੁਰਖ ਇਸ ਲੋਕ ਵਿਚ ਮਾਨਸਿਕ ਸਰੀਰਕ ਦੁਖ ਰੂਪੀ ਨਰਕ ਨੂੰ ਸਦਾ ਭੋਗਦਾ ਹੈ ਅਤੇ ਮਰ ਕੇ ਪ੍ਰਲੋਕ ਵਿਚ ਜਾ ਕੇ ਅਠਾਰਾਂ ਨਰਕਾਂ ਦੇ ਦੁੱਖਾਂ ਨੂੰ ਭੋਗਦਾ ਹੈ। ਤੁਲਸੀ ਦਾਸ ਜੀ ਨੇ ਰਮਾਇਣ ਦੇ 'ਉੱਤਰ ਕਾਂਡ' ਵਿਚ ਮਾਨਸਿਕ ਦੁੱਖ ਰੂਪੀ ਨਰਕ ਕਥਨ ਕੀਤਾ ਹੈ। ਜੈਸਾ ਕਿ:

**ਚੌਪਈ॥ ਸੁਨਹੁ ਤਾਤ ਅਬ ਮਾਨਸ ਰੋਗਾ। ਜਿਨ ਤੇ ਦੁਖ ਪਾਵਹਿ ਸਭ ਲੋਗਾ।**
**ਮੋਹ ਸਕਲ ਵਯਾਧਿਨ ਕਰ ਮੂਲਾ। ਤੇਹਿਤੇ ਪੁਨਿ ਉਪਜਤਿ ਬਹੁ ਸੂਲਾ।**
**ਕਾਮ ਵਾਤ ਕਫ ਲੋਭ ਅਪਾਰਾ। ਕ੍ਰੋਧ ਪਿਤ ਨਿਤ ਛਾਤੀ ਜਾਰਾ।**
**ਪ੍ਰੀਤ ਕਰਹਿ ਜੇ ਤੀਨਹੁ ਭਾਈ। ਉਪਜੈ ਸੰਨਿਪਾਤ ਦੁਖਦਾਈ।**
**ਬਿਸਯ ਮਨੋਰਥ ਦੁਰਗ ਮਨਾਨਾ। ਤੇ ਸਬ ਸੂਲ ਨਾਮ ਕੋ ਜਾਨਾ।**
**ਮਮਤਾ ਦਾਦੁ ਕੰਡੂ ਈਰਖਾਈ। ਹਰਖ ਵਿਖਾਦ ਗਹਿਰ ਬਹੁਤਾਈ।**
**ਪਰ ਸੁਖ ਦੇਖ ਜਰਨਿ ਛੋ ਛਾਈ। ਕੁਸ੍ਰ ਦੁਸ਼ਟਤਾ ਮਨ ਕੁਟਲਾਈ।**
**ਅਹੰਕਾਰ ਜੋ ਦੁਖ ਡਮਰੂਆ। ਦੰਭ ਕਪਟ ਮਦ ਮਾਨ ਨਹਿ ਰੂਆ।**
**ਤ੍ਰਿਸਨਾ ਉਦਰ ਬ੍ਰਿਧੀ ਅਤਿ ਭਾਰੀ। ਤ੍ਰਿਬਿਧ ਈਰਖਾ ਤਰੁਣ ਤਿਜਾਰੀ।**
**ਯੁਗ ਬਿਧਜੂਰ ਮਤਸਰ ਅਵਿਵੇਕਾ। ਕਹਿ ਲਗ ਕਹੋ ਕਰੋਗ ਅਨੇਕਾ।**
**ਦੋਹਿਰਾ॥ ਏਕ ਵਿਯਾਧ ਬਸ ਨਰ ਮਰਹਿ ਏ ਅਸਾਧਜ ਬਹੁ ਵਿਆਧ।**
**ਸੰਤਤ ਪੀੜਹਿ ਜੀਵ ਕਹੁ ਸੋ ਕਿਮ ਲਹਹਿ ਸਮਾਧ।**

ਸੋ ਮਨੁੱਖ ਤਾਂ ਇਕ ਹੀ ਬਿਆਧੀ ਨਾਲ ਮ੍ਰਿਤੂ ਨੂੰ ਪ੍ਰਾਪਤ ਹੋ ਜਾਂਦਾ ਹੈ ਇਹ ਤਾਂ ਅਨੇਕਾਂ ਅਸਾਧ ਰੋਗ ਹਨ ਜੋ ਜੀਵਾਂ ਨੂੰ ਨਿਰੰਤਰ ਨਰਕ ਸਮਾਨ ਦੁੱਖ ਦੇ ਰਹੇ ਹਨ। ਫੇਰ ਇਕ ਤਾਂ ਪ੍ਰਤੱਖ ਹੀ ਜੀਵਾਂ ਨੂੰ ਨਰਕ ਦਿਖਾ ਦਿੱਤਾ ਹੈ, ਜੋ ਕਹਿੰਦੇ ਹਨ ਕਿ ਕੋਈ ਨਰਕ ਨਹੀਂ ਹੁੰਦਾ, ਉਨ੍ਹਾਂ ਦੇ ਦਿਖਾਲਣ ਵਾਸਤੇ ਪਰਮਾਤਮਾ ਨੇ ਕੁਝ ਜੀਵ ਕਰਮਾਂ ਅਨੁਸਾਰ ਅੱਗੇ ਪੈਦਾ ਕੀਤੇ ਹਨ ਜੋ ਕੁਝ ਅੰਨ੍ਹੇ, ਲੂਲ੍ਹੇ, ਲੰਗੜੇ, ਪਿੰਗਲੇ, ਪਰਾਧੀਨ, ਬੰਦੀਖ਼ਾਨੇ ਵਿਚ ਕੈਦ ਹਨ, ਕੁਝ ਨੂੰ ਪੇਟ ਭਰਨ ਵਾਸਤੇ ਅੰਨ ਨਹੀਂ ਮਿਲਦਾ ਜੋ ਦਰ ਦਰ 'ਤੇ ਧੱਕੇ ਖਾਂਦੇ ਹਨ। ਕੁਝ ਕਾਣੇ, ਗੰਜੇ, ਬੋਲੇ, ਇਤਿਆਦਿਕ ਇਹ ਸਰੀਰਕ ਦੁੱਖ ਰੂਪੀ ਨਰਕ ਹੈ।

---

੧. **ਨਰਕ**: ਪੁਰਾਣਾਂ ਅਨੁਸਾਰ ਉਹ ਦੇਸ਼ ਜਿੱਥੇ ਪ੍ਰਾਣੀ ਜੀਵ ਬੁਰੇ ਕਰਮਾਂ ਦਾ ਫਲ ਭੋਗਣ ਲਈ ਜਾਂਦੇ ਹਨ।
ਅਠਾਰਾਂ ਪ੍ਰਕਾਰ ਦੇ ਨਰਕ: ੧. ਕੁੰਭੀ ੨. ਰੌਰਵ, ੩. ਤੇਲ ਜੰਤ੍ਰ ੪. ਲਾਰ ਭਖ ਨਰਕ ੫. ਗੁੜਕੜਾ ੬. ਮੂਚੀ ੭. ਖੰਡੇਧਾਰ ੮. ਭੈਸਾ ੯. ਬ੍ਰਿਖ ਪਤ੍ਰ ੧੦. ਰਕਤਪੂੰ, ੧੧. ਸੂਲੀ ੧੨. ਵਿਸ਼ਟਾਕੀਟ ੧੩. ਘ੍ਰਿਤ ਜੰਤ੍ਰ ੧੪. ਅਗਨ ਕੁੰਡ ੧੫. ਲੋਹਥੰਭਾ ੧੬. ਸਿਕਾ ੧੭. ਰੇਤ ਤੱਤੀ ੧੮. ਦ੍ਵੈਤ ਹਤ; ਇਹ ਅਠਾਰਾਂ ਨਰਕ ਹਨ।
ਮਨੂ ਨੇ ਇੱਕੀ ਨਰਕ ਲਿਖੇ ਹਨ: ੧. ਤਾਮਿਸ੍ਰ, ੨. ਅੰਧਤਾਮਿਸ੍ਰ, ੩. ਰੌਰਵ, ੪. ਮਹਾਰੌਰਵ, ੫. ਨਰਕ, ੬. ਮਹਾਂਨਰਕ, ੭. ਕਾਲਸੂਤ੍ਰ ੮. ਸੰਜੀਵਨ, ੯. ਮਹਾਵੀਚਿ, ੧੦. ਤਪਨ, ੧੧. ਸੰਪ੍ਰਤਾਪਨ, ੧੨. ਸੰਹਾਤ, ੧੩. ਸੰਕਾਕੋਲ, ੧੪. ਕੁਡਮਲ, ੧੫. ਪ੍ਰਤਿਮੂਰਤਿਕ, ੧੬. ਲੋਹਸ਼ੰਕੁ, ੧੭. ਰਿਜੀਸ਼, ੧੮. ਸ਼ਾਲਮਲੀ, ੧੯. ਵੈਤਰਣੀ, ੨੦. ਅਸਿਪਤ੍ਰਵਨ, ੨੧. ਲੋਹਦਾਰਕ। *(ਮਹਾਨ ਕੋਸ਼)*

## ਹੈ ਧਰਮ ਸਾਰ ਸੰਸਾਰ ਮੈਂ; ਤਾਂ ਤੇ ਧਰਮ ਨਮਾਮਿ ਮਮ ॥੭॥

ਇਸ ਕਰਕੇ ਇਸ ਸੰਸਾਰ = ਜਗਤ ਮੈਂ = ਵਿਚ ਧਰਮ ਹੀ ਸਭ ਤੋਂ ਸਾਰੁ = ਸ੍ਰੇਸ਼ਟ ਉੱਤਮ ਵਸਤੂ ਹੈ, ਤਾਂ ਤੇ = ਤਿਸ ਕਰਕੇ, ਮਮ = ਮੇਰੀ ਧਰਮ ਨੂੰ ਨਮਾਮਿ = ਨਮਸਕਾਰ ਹੈ, ਭਾਵ ਸਾਰਾ ਸੰਸਾਰ ਧਰਮ ਦੇ ਆਸਰੇ ਤੇ ਮੈਂ ਸਾਰੇ ਸੰਸਾਰ ਦੇ ਅਧਾਰ ਰੂਪ ਧਰਮ ਨੂੰ ਨਮਸਕਾਰ ਕਰਦਾ ਹਾਂ ॥੭॥

## ਚੌਪਈ ॥[੧] ਆਨ ਸੁਹਿਰਦ ਨ; ਧਰਮ ਬਿਨਾਂ ਜਨ ॥

ਹੇ ਭਾਈ! ਇਸ ਲਈ ਜਨ = ਮਨੁੱਖ ਦਾ ਧਰਮ ਤੋਂ ਬਿਨਾਂ = ਬਗ਼ੈਰ, ਆਨ = ਹੋਰ ਕੋਈ ਵੀ ਸੁਹਿਰਦ = ਹਿਰਦੇ ਨੂੰ ਪਿਆਰਾ ਲੱਗਣ ਵਾਲਾ ਮਿੱਤ੍ਰ ਨਹੀਂ ਹੈ।

## ਸੰਤ ਜਨਾ ਕੋ; ਸਹੀ ਧਰਮ ਧਨੁ ॥

ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਕੋ = ਦਾ ਸਹੀ = ਨਿਸ਼ਚੇ ਕਰਕੇ ਧਰਮ ਹੀ ਧਨ ਹੈ, ਭਾਵ ਉਹ ਹੋਰ ਪਦਾਰਥਾਂ ਰੂਪੀ ਧਨ ਨਹੀਂ ਚਾਹੁੰਦੇ, ਉਨ੍ਹਾਂ ਨੇ ਧਰਮ ਨੂੰ ਹੀ ਆਪਣਾ ਅਸਲੀ ਧਨ ਨਿਸ਼ਚੇ ਕੀਤਾ ਹੋਇਆ ਹੈ।

## ਧਰਮ ਧਰੋਂ ਮੈਂ; ਨਿਤ ਚਿਤ ਅੰਤਰਿ ॥

ਮੈਂ ਨਿਤ = ਸਦਾ ਧਰਮ ਨੂੰ ਆਪਣੇ ਚਿਤ ਦੇ ਅੰਤਰਿ = ਵਿਚ ਧਾਰਨ ਕਰਕੇ ਰੱਖਦਾ ਹਾਂ **ਵਾ:** ਅੰਤਰਿ = ਅੰਤਰੇ ਭੇਦ ਤੋਂ ਰਹਿਤ ਧਰਮ ਨੂੰ ਧਾਰਨ ਕਰਦਾ ਹਾਂ।

## ਮੁਝੇ ਪਾਲ ਹੇ; ਧਰਮ ਨਿਰੰਤਰਿ ॥੮॥

ਕਿਉਂਕਿ ਧਰਮ ਹੀ ਮੁਝੇ = ਮੈਨੂੰ, ਨਿਰੰਤਰਿ = ਇਕ-ਰਸ ਪਾਲ ਰਿਹਾ ਹੈ, ਭਾਵ ਧਰਮ ਹੀ ਮੇਰੀ ਪਾਲਣਾ ਕਰਨ ਵਾਲਾ ਹੈ ॥੮॥

ਇਥੇ ਤਕ ਮੰਗਲ ਅਤੇ ਗ੍ਰੰਥ ਦੀ ਜਾਣਕਾਰੀ ਅਤੇ ਧਰਮ ਦੀ ਮਹਾਨਤਾ ਕੀਤੀ ਹੈ। ਹੁਣ ਅੱਗੇ ਅਧਿਆਇ ਦੀ ਪ੍ਰਾਰੰਭਤਾ ਕਰਦੇ ਹਨ ਜਿਸ ਵਿਚ ਕਵੀ ਜੀ ਨੇ ਧਰਮ ਦਾ ਵਿਸ਼ਾ ਰੱਖਿਆ ਹੈ।

## ਦੋਹਰਾ ॥ ਅਥ ਪ੍ਰਥਮੇਂ ਦਸ ਛੰਦ ਕਰ; ਵਰਨੋਂ ਧਰਮ ਮਨਾਕ ॥

ਅਥ = ਹੁਣ ਪ੍ਰਿਥਮੇ = ਪਹਿਲੇ ਅਧਿਆਇ ਵਿਚ ਦਸ ਛੰਦ ਕਹਿ ਕਰਿ = ਕਰਕੇ, ਮਨਾਕ = ਥੋੜ੍ਹੇ ਮਾਤਰ ਧਰਮ ਦਾ ਵਰਨੋਂ = ਵਰਣਨ ਕਰਾਂਗਾ।

## ਧਰਮ ਸ੍ਵਰੂਪ ਨਮਿਤਿ ਬ੍ਰਿਧਿ; ਇਸਥਿਤ ਨਸ਼ਟ ਵਿਪਾਕ ॥੯॥

ਇਨ੍ਹਾਂ ਦਸਾਂ ਛੰਦਾਂ ਵਿਚ ਮੈਂ ਧਰਮ ਦਾ ਸਰੂਪ, ਧਰਮ ਦਾ ਨਮਿਤਿ = ਕਾਰਣ ਕਿ ਧਰਮ ਉਤਪੰਨ ਕਿਵੇਂ ਹੁੰਦਾ ਹੈ, ਧਰਮ ਦੀ ਬ੍ਰਿਧਿ = ਵ੍ਰਿਧੀ ਕਿਵੇਂ ਹੋਵੇਗੀ, ਧਰਮ ਇਸਥਿਤ ਕਿਵੇਂ ਰਹੇਗਾ, ਧਰਮ ਦਾ ਨਸ਼ਟ = ਨਾਸ ਕਿਵੇਂ ਹੋ ਜਾਂਦਾ ਹੈ ਅਤੇ ਧਰਮ ਦਾ ਵਿਪਾਕ = ਫਲ ਕੀ ਪ੍ਰਾਪਤ ਹੋਵੇਗਾ, ਇਹ ਸਭ ਗੱਲਾਂ ਕਥਨ ਕਰਾਂਗਾ ॥੯॥

ਅੱਗੇ ਧਰਮ ਦੇ ਚਿੰਨ੍ਹ, ਧਰਮੀ ਮਨੁੱਖ ਦੀ ਪਛਾਣ ਦੱਸਦੇ ਹਨ:

---

੧. ਚੌਪਈ ਸੋਲ੍ਹਾਂ ਮਾਤ੍ਰਾਂ ਦੀ ਹੁੰਦੀ ਹੈ।

## ਦੋਹਰਾ॥ ਖਿਮਾ ਅਹਿੰਸਾ ਦਯਾ ਮ੍ਰਿਦੁ; ਸਤ ਬਚਨ ਤਪ ਦਾਨ॥

੧. **ਖਿਮਾ** = ਦੁੱਖ-ਸੁੱਖ ਸਹਾਰਨ ਵਾਲੀ ਚਿਤ ਦੀ ਬਿਰਤੀ, ਭਾਵ ਆਪ ਸਭ ਪ੍ਰਕਾਰ ਕਰਕੇ ਸਮਰੱਥ ਹੋਣਾ ਪਰ ਸੰਸਾਰ ਵਿਚ ਬੇ-ਸਮਰਥ ਹੋ ਕੇ ਰਹਿਣਾ।

੨. **ਅਹਿੰਸਾ** = ਹਿੰਸਾ, ਜੀਵ ਘਾਤ ਤੋਂ ਉਲਟ ਸੁਭਾਉ ਹੋਣਾ, ਭਾਵ ਪ੍ਰਾਣਾਂ ਦੇ ਵਿਯੋਗ ਦੇ ਅਨੁਕੂਲ ਵਿਆਪਾਰ ਨੂੰ ਹਿੰਸਾ ਕਹਿੰਦੇ ਹਨ ਜੋ ਤਿੰਨ ਪ੍ਰਕਾਰ ਦੀ ਹੁੰਦੀ ਹੈ:

(ੳ) **ਤਨ ਦੀ ਹਿੰਸਾ**: ਇਸ ਅਸਥੂਲ ਸਰੀਰ ਦੁਆਰਾ ਕਿਸੇ ਜੀਵ ਨੂੰ ਮਾਰ ਦੇਣਾ ਇਹ ਤਨ ਦੀ ਹਿੰਸਾ ਹੈ।

(ਅ) **ਮਨ ਦੀ ਹਿੰਸਾ**: ਮਨ ਕਰਕੇ ਕਿਸੇ ਦਾ ਬੁਰਾ ਚਿਤਵਨਾ ਇਹ ਮਨ ਦੀ ਹਿੰਸਾ ਹੈ।

(ੲ) **ਬਾਣੀ ਦੀ ਹਿੰਸਾ**: ਜ਼ੁਬਾਨ ਨਾਲ ਕੌੜੇ, ਝੂਠੇ ਬਚਨ ਬੋਲ ਕੇ ਕਿਸੇ ਦਾ ਹਿਰਦਾ ਦੁਖਾ ਦੇਣਾ ਇਹ ਬਾਣੀ ਦੀ ਹਿੰਸਾ ਹੈ।

ਇਸ ਤਿੰਨ ਪ੍ਰਕਾਰ ਦੀ ਹਿੰਸਾ ਤੋਂ ਰਹਿਤ ਬਿਰਤੀ ਦਾ ਨਾਮ ਅਹਿੰਸਾ ਹੈ।

੩. **ਦਯਾ**: ਕਿਸੇ ਦੂਸਰੇ ਦੇ ਦੁੱਖ ਨੂੰ ਦੇਖ ਕੇ ਚਿਤ ਦੇ ਦ੍ਰਵ ਜਾਣ ਨੂੰ ਦਇਆ ਆਖਦੇ ਹਨ ਭਾਵ ਬਾਲਕ ਬ੍ਰਿਧ ਉੱਪਰ ਤਰਸ ਕਰਨਾ, ਰੋਗੀ ਪੁਰਖ ਦਾ ਜਥਾਸ਼ਕਤੀ ਨਾਲ ਦੁੱਖ ਦੂਰ ਕਰਨਾ ਅਤੇ ਸਭ ਜੀਵਾਂ ਨੂੰ ਪਰਮੇਸ਼ਰ ਦੀ ਅੰਸ ਜਾਣ ਕੇ ਸਭ ਦਾ ਸੁੱਖ ਮੰਗਣਾ ਇਹ ਦਇਆ ਦਾ ਸਰੂਪ ਹੈ।

੪. **ਮ੍ਰਿਦੁ**: ਮਿੱਠੇ ਬਚਨ ਬੋਲਣੇ ਭਾਵ ਆਪਣੇ ਚਿਤ ਨੂੰ ਸਦਾ ਸ਼ਾਂਤ ਰੱਖਣਾ ਕਿਸੇ ਦੇ ਨਾਲ ਵੀ ਕ੍ਰੋਧ ਵਾਲੇ ਬਚਨ ਨਹੀਂ ਬੋਲਣੇ। ਸਭ ਪ੍ਰਤੀ ਸ਼ੁਭ ਉਪਦੇਸ਼ ਦੇਣਾ ਇਹ ਮ੍ਰਿਦੁਤਾ ਦਾ ਸਰੂਪ ਹੈ।

੫. **ਸਤ ਬਚਨ** = ਸੱਚੇ ਬਚਨ ਬੋਲਣੇ **ਵਾ:** ਜੋ ਮੁਖ ਤੋਂ ਬਚਨ ਕਹਿ ਦਿੱਤਾ, ਉਸਨੂੰ ਪੂਰਾ ਕਰਨਾ ਜੋ ਮੂੰਹੋ ਬਚਨ ਕਹਿ ਕਰਕੇ ਪੂਰਾ ਨਹੀਂ ਕਰਦਾ, ਉਹ ਜਿਉਂਦਾ ਹੋਇਆ ਵੀ ਮਰਿਆ ਹੈ, ਜੋ ਮੁੱਖੋਂ ਕਹੇ ਬਚਨਾਂ ਨੂੰ ਪੂਰਾ ਕਰਨ ਵਾਲਾ ਹੈ ਉਹ ਮਰਿਆ ਹੋਇਆ ਵੀ ਸਦਾ ਜਿਉਂਦਾ ਹੈ।

੬. **ਤਪ** = ਤਪੱਸਿਆ ਕਰਨੀ। ਤਪ ਵੀ ਤਿੰਨ ਪ੍ਰਕਾਰ ਦਾ ਮੰਨਿਆ ਜਾਂਦਾ ਹੈ।

(ੳ) **ਤਾਮਸੀ ਤਪ**: ਅੰਨ ਪਾਣੀ ਦਾ ਤਿਆਗ ਕਰ ਦੇਣਾ, ਜਲ ਧਾਰੇ ਕਰਨੇ, ਧੂਣੀਆਂ ਤਾਪਨੀਆਂ ਇਤਿਆਦਿਕ ਸਰੀਰ ਨੂੰ ਕਸ਼ਟ ਦੇ ਕੇ ਤਪੱਸਿਆ ਕਰਨ ਨੂੰ ਤਾਮਸੀ ਤਪ ਆਖਦੇ ਹਨ।

(ਅ) **ਰਾਜਸੀ ਤਪ**: ਜੋ ਖੋਟੇ ਕਰਮਾਂ ਦੇ ਵੱਲੋਂ ਆਪਣੀਆਂ ਇੰਦ੍ਰੀਆਂ ਨੂੰ ਰੋਕਣਾ ਹੈ, ਇਸਨੂੰ ਰਾਜਸੀ ਤਪ ਆਖਦੇ ਹਨ।

(ੲ) **ਸਾਂਤਕੀ ਤਪ**: ਜੋ ਅੰਤਹਕਰਨ ਦੀ ਬਿਰਤੀ ਅਨਾਤਮ ਪਦਾਰਥਾਂ ਵੱਲੋਂ ਰੋਕ ਕੇ ਅੰਤਰਮੁਖ ਕਰਨੀ, ਭਾਵ ਆਪਣੀ ਬਿਰਤੀ ਪਰਮਾਤਮਾ ਦੇ ਸਰੂਪ ਵਿਚ ਇਸਥਿਤ ਕਰਨੀ, ਇਸਨੂੰ ਸਾਂਤਕੀ ਤਪ ਆਖਦੇ ਹਨ।

**ਵਾ:** ਚਿਤ ਦੀ ਇਕਾਗਰਤਾ ਦਾ ਨਾਮ ਹੀ ਤਪ ਜਿਵੇਂ ਭਰਥਰੀ ਜੀ ਨੇ ਕਥਨ ਕੀਤਾ ਹੈ:

**ਤਪ ਨਾਮ ਚਿਤ ਕੀ ਇਕਾਗਰਤਾ ਕੋ ਜਾਨੀਏ।**

ਇਹ ਤਪ ਹੀ ਸਭ ਤੋਂ ਉੱਤਮ ਹੈ, ਇਸ ਤਪ ਦੇ ਬਲ ਦੇ ਬਲ ਨਾਲ ਬ੍ਰਹਮ ਦੀ ਪ੍ਰਾਪਤੀ ਹੋ ਕੇ ਅੰਤ ਨੂੰ ਵਿਦੇਹ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਜੀਵ ਸਭ ਪ੍ਰਕਾਰ ਕਰਕੇ ਸਮਰੱਥਵਾਨ ਹੋ ਜਾਂਦਾ ਹੈ। ਗੋਸਾਈਂ ਤੁਲਸੀ ਦਾਸ ਜੀ ਵੀ ਬਾਲ ਕਾਂਡ ਵਿਚ ਐਸਾ ਕਥਨ ਕਰਦੇ ਹਨ: ਜੈਸਾ ਕਿ:

**ਚੌਪਈ॥ ਤਪ ਬਲ ਰਚੈ ਪ੍ਰਪੰਚ ਬਿਧਾਤਾ॥ ਤਪ ਬਲ ਵਿਸਨੂੰ ਸਕਲ ਜਗ ਭ੍ਰਾਤਾ॥੧॥**
**ਤਪ ਬਲ ਸੰਭੁ ਕਰਹਿ ਸੰਹਾਰਾ॥ ਤਪ ਬਲ ਸੇਸ ਧਰਤਿ ਮਹਿ ਭਾਰਾ॥੨॥**
**ਤਪ ਅਧਾਰ ਸਭ ਸ੍ਰਿਸਟਿ ਭਵਾਨੀ॥ ਕਰਹੁ ਜਾਇ ਤਪ ਅਸ ਜਿਯ ਜਾਨੀ॥੩॥**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਅੰਦਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਗੁਰਾਂ ਦੀ ਸੇਵਾ ਨੂੰ ਹੀ ਤਪਾਂ ਦਾ ਸ਼ਿਰੋਮਣ ਤਪ ਲਿਖਿਆ ਹੈ। ਜੈਸਾ ਕਿ :

**ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥** *(ਆਸਾ ਮ: ੩, ਅੰਗ ੪੨੩)*

੭. **ਦਾਨ** : ਖ਼ੈਰਾਤ ਦੇਣਾ, ਇਹ ਦਾਨ ਵੀ ਤਿੰਨ ਪ੍ਰਕਾਰ ਦਾ ਹੈ :

(ੳ) **ਤਾਮਸੀ ਦਾਨ** : ਜੋ ਕ੍ਰੋਧ ਜਾਂ ਕਿਸੇ ਨਾਲ ਲੜਦੇ ਹੋਏ ਕੁਝ ਦਾਨ ਕਰਨਾ ਉਸਨੂੰ ਤਾਮਸੀ ਦਾਨ ਆਖਦੇ ਹਨ। ਜਿਸ ਦਾਨ ਦਾ ਫਲ ਦੁੱਖ ਹੀ ਪ੍ਰਾਪਤ ਹੁੰਦਾ ਹੈ।

(ਅ) **ਰਾਜਸੀ ਦਾਨ** : ਆਪਣੇ ਜੱਸ, ਵਡਿਆਈ ਆਦਿ ਦੀ ਇੱਛਾ ਨਾਲ ਦਾਨ ਕਰਨਾ ਕਿ ਲੋਕ ਮੇਰੀ ਵਡਿਆਈ ਕਰਨ, ਇਸ ਨੂੰ ਰਾਜਸੀ ਦਾਨ ਆਖਦੇ ਹਨ।

(ੲ) **ਸਾਂਤਕੀ ਦਾਨ** : ਸਭ ਕੁਝ ਪਰਮਾਤਮਾ ਦੀ ਦਾਤ ਸਮਝ ਕੇ ਅਤੇ ਸਭ ਨੂੰ ਪਰਮਾਤਮਾ ਦਾ ਰੂਪ ਸਮਝ ਹੰਕਾਰ ਤੋਂ ਰਹਿਤ ਹੋ ਕੇ ਅਤਿਅੰਤ ਨਿਮਰਤਾ ਸਹਿਤ ਦਾਨ ਕਰਨ ਨੂੰ ਸਾਂਤਕੀ ਦਾਨ ਆਖਦੇ ਹਨ।

## ਸੀਲ ਸੌਚ ਤ੍ਰਿਸ਼ਨਾ ਬਿਨਾ; ਧਰਮ ਲਿੰਗ ਦਸ ਜਾਨ ॥੧॥

੮. ਸੀਲ = ਸ਼ਾਂਤਿ ਸੁਭਾਉ, ਸ੍ਰੇਸ਼ਟ ਆਚਰਣ ਹੋਣਾ, ਜਤ ਸਤ ਕਾਇਮ ਰੱਖਣਾ ਅਰਥਾਤ ਕਮਲ ਵੱਤ ਸਦਾ ਮੁਖ ਖਿੜਿਆ ਰਹਿਣਾ, ਮੱਥੇ 'ਤੇ ਕਦੇ ਵੱਟ ਨਹੀਂ ਪਾਉਣਾ, ਆਪਣੇ ਧਰਮ ਵਿਚ ਪ੍ਰਪੱਕ ਰਹਿਣਾ, ਇਸਦਾ ਨਾਮ ਸੀਲ ਹੈ। ਸੀਲ ਸੁਭਾਉ ਹੋਣਾ ਵੀ ਪੁੰਨਾਂ ਦਾ ਫਲ ਹੈ, ਇਹ ਸੀਲ ਲੋਕ-ਪ੍ਰਲੋਕ ਵਿਚ ਫਲ ਦੇਂਦਾ ਹੈ। ਜੈਸਾ ਕਿ :

**ਭਵ ਮੰਡਲ ਮਾਹਿ ਸੁਸੀਲ ਫਲੇ ਪੁਨ ਸੀਲ ਪ੍ਰਲੋਕ ਬਿਖੇ ਫਲ ਜਾਏ।**
**ਜਗ ਸੀਲ ਕੁ ਪਾਲਨ ਊਤਮ ਹੈ ਤਨ ਆਪਦ ਤੇ ਸਹਿ ਸੀਲ ਗਣਾਏ।...॥੫੮॥**

*(ਭਾਵਰਸਾਂਮ੍ਰਿਤ)*

੯. **ਸੌਚ** : ਪਵਿੱਤਰਤਾ ਜੋ ਦੋ ਪ੍ਰਕਾਰ ਦੀ ਹੈ, (ੳ) ਅੰਦਰਲੀ ਸੌਚ, (ਅ) ਬਾਹਰੀ ਸੌਚ

(ੳ) **ਅੰਦਰਲੀ ਸੌਚ** : ਜੋ ਅੰਤਹਕਰਨ ਵਿੱਚੋਂ ਦ੍ਵੈਖ ਦਾ ਤਿਆਗ ਕਰਨਾ ਹੈ, ਇਹ ਅੰਦਰਲੀ ਪਵਿੱਤਰਤਾ ਹੈ।

(ਅ) **ਬਾਹਰੀ ਸੌਚ** : ਜਲ, ਮ੍ਰਿਤਕਾ (ਮਿੱਟੀ) ਆਦਿ ਨਾਲ ਸਰੀਰ ਦੇ ਅੰਗਾਂ ਨੂੰ ਸ਼ੁੱਧ ਰੱਖਣਾ ਇਹ ਬਾਹਰੀ ਸੁੱਚਮਤਾ, ਪਵਿੱਤਰਤਾ ਹੈ। ਇਨ੍ਹਾਂ ਦੋਨੋਂ ਪ੍ਰਕਾਰ ਦੀ ਪਵਿੱਤਰਤਾ ਤੋਂ ਬਿਨਾਂ ਬੁੱਧ ਨਿਰਮਲ ਨਹੀਂ ਹੁੰਦੀ, ਨਿਰਮਲ ਬੁੱਧੀ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ, ਗਿਆਨ ਤੋਂ ਬਿਨਾਂ ਮੋਖ ਨਹੀਂ ਅਤੇ ਮੋਖ ਤੋਂ ਬਿਨਾਂ ਜਨਮ ਮਰਣ ਨਹੀਂ ਮਿੱਟਦਾ।

੧੦. **ਤ੍ਰਿਸ਼ਨਾ ਬਿਨਾਂ** : ਪਦਾਰਥਾਂ ਦੀ ਪ੍ਰਾਪਤੀ ਦੀ ਪ੍ਰਬਲ ਇੱਛਾ ਤੋਂ ਰਹਿਤ ਹੋਣਾ।

ਇਹ ਦਸ ਧਰਮ ਦੇ ਲਿੰਗ = ਚਿੰਨ੍ਹ, ਜਾਨ = ਜਾਨਣਾ ਕਰੋ। ਇਨ੍ਹਾਂ ਦੇ ਨਾਲ ਹੀ ਧਰਮ ਦੀ ਉਤਪਤੀ ਹੁੰਦੀ ਹੈ, ਉਹੀ ਧਰਮ ਦਾ ਸਰੂਪ ਹੈ। ਜਿਸਦੇ ਅੰਦਰ ਇਕ ਵੀ ਚਿੰਨ੍ਹ ਪ੍ਰਕਾਸ਼ ਰਿਹਾ ਹੈ, ਉਹ ਪਰਮਾਤਮਾ ਹੈ ਅਤੇ ਜਿਸਦੇ ਅੰਦਰ ਇਹ ਦਸੇ ਚਿੰਨ੍ਹ ਸ਼ੋਭ ਰਹੇ ਹਨ, ਉਸ ਦੀ ਮਹਿਮਾ ਕਥਨ ਨਹੀਂ ਕੀਤੀ ਜਾ ਸਕਦੀ, ਐਸੇ ਧਰਮ ਨੂੰ ਧਾਰਨ ਵਾਲੇ ਜੀਵ ਦੀ ਕਲਿਆਣ ਹੁੰਦੀ ਹੈ।

## ਚੌਪਈ ॥ ਉਪਜੈ ਧਰਮ; ਵਾਕ ਸਤ ਕਰ ਅਤਿ ॥

ਹੇ ਭਾਈ! ਅਤਿ = ਅਤਿਅੰਤ, ਸਤ = ਸੱਚੇ ਬਚਨ ਬੋਲਣ ਕਰ = ਕਰਕੇ ਧਰਮ ਉਪਜੈ = ਪੈਦਾ ਹੁੰਦਾ ਹੈ।

## ਦਯਾ ਦਾਨ ਕਰ; ਧਰਮ ਵਧੈ ਨਿਤ ॥

ਬਾਲਕ, ਬ੍ਰਿਧ, ਰੋਗੀ, ਮਜ਼ਲੂਮ ਉੱਪਰ ਜਥਾ-ਸ਼ਕਤਿ ਦਯਾ ਕਰਨ ਅਤੇ ਧਨ ਆਦਿ ਦਾ ਦਾਨ ਕਰ ਕੇ ਨਿਤ = ਸਦਾ ਧਰਮ ਵਧੈ = ਵੱਧਦਾ ਹੈ।

## ਇਸਥਿਤਿ ਧਰਮ; ਖਿਮਾਂ ਕੇ ਸੰਗਾ ॥

ਖਿਮਾ ਕਰਨ ਕੇ = ਦੇ ਸੰਗਾ = ਨਾਲ ਧਰਮ ਦੀ ਇਸਥਿਤੀ ਰਹਿੰਦੀ ਹੈ।

## ਧਰਮ ਕ੍ਰੋਧ ਕਰ; ਹੋਤ ਵਿਭੰਗਾ ॥੨॥

ਪਰ ਇਕ ਕ੍ਰੋਧ ਕਰਿ = ਕਰਕੇ ਧਰਮ, ਵਿਭੰਗਾ = ਨਸ਼ਟ ਹੋਤ = ਹੋ ਜਾਂਦਾ ਹੈ, ਭਾਵ ਭਾਵੇਂ ਕੋਈ ਮਨੁੱਖ ਜਪ-ਤਪ ਭਜਨ-ਪਾਠ ਕਰਨ ਵਾਲਾ ਹੈ,ਜੇਕਰ ਉਹ ਕ੍ਰੋਧ ਕਰਦਾ ਹੈ ਤਾਂ ਉਸ ਦਾ ਫਲ ਨਸ਼ਟ ਹੋ ਜਾਂਦਾ ਹੈ, ਇਸ ਕਰਕੇ ਕ੍ਰੋਧ ਨਹੀਂ ਕਰਨਾ ਚਾਹੀਦਾ॥੨॥

ਐਸੇ ਧਰਮ ਨੂੰ ਧਾਰਨ ਨਾਲ ਕੀ ਫਲ ਪ੍ਰਾਪਤ ਹੁੰਦਾ ਹੈ ? ਉੱਤਰ :

## ਦੋਹਰਾ ॥ ਸੁਭ ਕੁਲ ਜਨਮ ਸਰੂਪ ਤਨ; ਭੂਪ ਭੋਗ ਆਪੱਤ ॥

੧. ਸੁਭ = ਚੰਗੀ, ਸ੍ਰੇਸ਼ਟ (ਉੱਚੀ) ਕੁਲ = ਵੰਸ਼ ਵਿਚ ਜਨਮ ਹੋਣਾ, ੨. ਤਨ = ਸਰੀਰ ਦਾ ਸਰੂਪ ਬਹੁਤ ਸੁੰਦਰ ਹੋਣਾ, ੩. ਭੂਪ = ਰਾਜਾ ਹੋਣਾ ਜਾਂ ਰਾਜਿਆਂ ਵਾਂਗ ਹੁਕਮ ਚੱਲਣਾ, ੪. ਵੱਡੇ-ਵੱਡੇ ਦਿਬਯ ਭੋਗਾਂ ਦੀ ਪ੍ਰਾਪਤੀ ਹੋਣੀ, ੫. ਆਪੱਤ = ਆਗਿਆਕਾਰੀ ਸ਼ੁਭ ਸੰਤਾਨ ਹੋਣੀ **ਵਾ:** ਯਥਾਰਥ ਵਕਤਾ ਹੋਣਾ।

## ਪੰਡਿਤ, ਦੇਹ ਅਰੋਗ ਪੁਨ; ਧਰਮ ਜਾਨ ਫਲ ਸੱਤ ॥੩॥

੬. ਪੰਡਿਤ = ਵਿਦਵਾਨ ਹੋਣਾ, ਪੁਨ = ਫੇਰ, ੭. ਦੇਹ = ਸਰੀਰ, ਅਰੋਗ = ਰੋਗਾਂ ਤੋਂ ਰਹਿਤ ਹੋਣਾ ਜਿਨ੍ਹਾਂ ਨੂੰ ਇਹ ਚੀਜ਼ਾਂ ਪ੍ਰਾਪਤ ਹਨ, ਇਹ ਧਰਮ ਧਾਰਨ ਕੀਤੇ ਦੇ ਸੱਤ ਫਲ ਪ੍ਰਾਪਤ ਹੋਏ ਜਾਨ = ਜਾਨਣਾ ਕਰੋ **ਵਾ:** ਧਰਮ ਵਿਚ ਪ੍ਰਪੱਕ ਹੋਣ ਕਰਕੇ ਇਹ ਫਲ ਸਤ = ਨਿਸ਼ਚੇ ਕਰਕੇ ਪ੍ਰਾਪਤ ਹੋ ਜਾਂਦੇ ਹਨ॥੩॥

***ਪ੍ਰਸ਼ਨ :*** *ਇਹ ਮਨੁੱਖਾ ਜਨਮ ਕਿਸ ਪ੍ਰਕਾਰ ਸਫਲਾ ਹੋਵੇ ?*

***ਉੱਤਰ :***

## ਚੌਪਈ ॥ ਧਰਮ ਪ੍ਰੀਤਿ; ਨਿਤ ਬੇਦ ਬੀਚਾਰੈ ॥

ਹੇ ਭਾਈ ! ਜੋ ਮਨੁੱਖ ਧਰਮ ਨਾਲ ਪ੍ਰੀਤਿ = ਪ੍ਰੀਤੀ ਕਰਦਾ ਹੈ ਅਤੇ ਨਿਤ = ਸਦਾ, ਬੇਦ = ਵੇਦਾਂ, ਗਿਆਨ ਦੀ ਬੀਚਾਰੈ = ਵਿਚਾਰ ਕਰਦਾ ਰਹਿੰਦਾ ਹੈ।

## ਉਤਮ ਦਾਨ; ਸੁਭਾਵ ਜੋ ਧਾਰੈ ॥

ਫਿਰ ਜਿਹੜਾ ਮਨੁੱਖ ਸੋਨਾ, ਧਨ ਅੰਨ ਆਦਿ ਉੱਤਮ ਵਸਤੂਆਂ ਦਾ ਦਾਨ ਕਰਨ ਵਾਲਾ ਸੁਭਾਵ = ਸੁਭਾਅ, ਧਾਰੈ = ਧਾਰਨ ਕਰਕੇ ਰੱਖਦਾ ਹੈ।

## ਇੰਦ੍ਰਹਿ ਅਰਥ; ਵਿਰਾਗਹਿ ਮਨ ਜਿਹ ॥

ਫਿਰ ਇੰਦ੍ਰਹਿ = ਇੰਦ੍ਰੀਆਂ ਕੇ ਭੋਗਾਂ, ਅਰਥ = ਵਾਸਤੇ ਵੱਲੋਂ ਜਿਹ = ਜਿਸ ਮਨੁੱਖ ਦਾ ਮਨ ਵਿਰਾਗਹਿ = ਉਪਰਾਮ ਹੋ ਗਿਆ ਹੈ।

## ਜਿਹ ਇਹ ਪ੍ਰਾਪਤਿ; ਸਫਲ ਜਨਮ ਤਿਹ ॥੪॥

ਜਿਹ = ਜਿਸ ਨੂੰ ਇਹ ਗੁਣ ਪ੍ਰਾਪਤ ਹਨ, ਤਿਹ = ਤਿਸ ਮਨੁੱਖ ਦਾ ਜਨਮ ਸਫਲਾ ਹੈ ॥੪॥

## ਦੋਹਰਾ ॥

## ਇੰਦ ਬਿਨਾ ਜਿਉਂ ਮੰਦ ਨਿਸਿ; ਮੰਦ ਕੰਜ ਬਿਨੁ ਤਾਲ ॥

ਹੇ ਭਾਈ! ਜਿਉਂ = ਜਿਵੇਂ ਅਕਾਸ਼ ਵਿਚ, ਇੰਦ = ਚੰਦ੍ਰਮਾ ਤੋਂ ਬਿਨਾ = ਬਗੈਰ ਨਿਸ = ਰਾਤ ਮੰਦ = ਮੰਦੀ ਲੱਗਦੀ ਅਤੇ ਕੰਜ = ਕਮਲਾਂ ਤੋਂ ਬਿਨੁ = ਬਗ਼ੈਰ ਤਾਲ = ਸਰੋਵਰ ਮੰਦਾ ਲੱਗਦਾ ਹੈ।

## ਜੀਵ ਮੰਦ ਤਿਉਂ ਧਰਮ ਬਿਨੁ; ਤਾਂ ਤੇ ਧਰਮ ਨ ਟਾਲ ॥੫॥

ਤਿਉਂ = ਤਿਵੇਂ ਹੀ ਧਰਮ ਤੋਂ ਬਿਨੁ = ਬਗੈਰ ਜੀਵ, ਮੰਦ = ਬੁਰਾ ਹੈ ਭਾਵ ਜਿਵੇਂ ਚੰਦ੍ਰਮਾ ਕਰਕੇ ਰਾਤ ਅਤੇ ਕਵਲਾਂ ਕਰਕੇ ਤਲਾਅ ਸੋਭਾ ਪਾਉਂਦੇ ਹਨ, ਤਿਵੇਂ ਜੀਵ ਧਰਮ ਕਰਕੇ ਸੋਭਾ ਪਾਉਂਦਾ ਹੈ। ਤਾਂ ਤੇ = ਤਿਸ ਕਰਕੇ ਹੇ ਭਾਈ! ਧਰਮ ਤੋਂ ਟਾਲ = ਟਲਣਾ ਨਾ ਕਰੋ ਭਾਵ ਧਰਮ ਨੂੰ ਤਿਆਗਣਾ ਨਾ ਕਰੋ ॥੫॥

## ਸਮ ਸੰਤੋਖ ਨ ਔਰ ਸੁਖ; ਤਪ ਨ ਖਿਮਾਂ ਸਮ ਜਾਨ ॥

ਹੇ ਭਾਈ! ਸੰਤੋਖ = ਸਬਰ ਦੇ, ਸਮ = ਸਦਰਸ਼, ਵਰਗਾ ਕੋਈ ਹੋਰ ਸੁਖ ਨਹੀਂ ਹੈ ਅਤੇ ਖਿਮਾ ਦੇ ਸਮ = ਸਮਾਨ, ਕੋਈ ਤਪ ਨਾ ਜਾਨ = ਜਾਨਣਾ ਕਰੋ।

## ਬ੍ਰਹਮ ਗਯਾਨ ਸਮ ਦਾਨ ਨਹਿ; ਧਰਮ ਨ ਦਯਾ ਸਮਾਨ ॥੬॥

ਜੋ ਵਿਵੇਕ, ਵੈਰਾਗ, ਖਟ ਸੰਪਤੀ, ਮੋਖ ਇੱਛਾ ਰੂਪ ਚਤੁਸ਼ਟੇ ਸਾਧਨ ਸੰਪੰਨ ਜਗਿਆਸੂ ਨੂੰ ਹਸਤਾਮਲ ਵੱਲ ਬ੍ਰਹਮ ਦਾ ਗਿਆਨ ਸਾਖਿਆਤਕਾਰ ਕਰਵਾ ਦੇਣਾ ਹੈ ਭਾਵ ਜੀਵ ਈਸ਼ ਦੀ ਏਕਤਾ ਮਹਾਂ-ਵਾਕਾਂ ਨਾਲ ਅਭੇਦਤਾ ਕਰਨੀ ਇਸ ਦੇ ਸਮ = ਸਮਾਨ ਹੋਰ ਕੋਈ ਦਾਨ, ਨਹਿ = ਨਹੀਂ ਹੈ ਅਤੇ ਦਇਆ ਦੇ ਸਮਾਨ ਹੋਰ ਕੋਈ ਕਰਮ ਨਹੀਂ ਹੈ ॥੬॥

## ਚਾਰੋਂ ਫਲ ਮੈਂ ਏਕ ਭੀ; ਉਪਜੈ ਰਿਦੈ ਨ ਜਾਸ ॥

ਹੇ ਭਾਈ! ਜਾਸ = ਜਿਸ ਮਨੁੱਖ ਦੇ ਰਿਦੈ = ਅੰਤਹਕਰਨ ਵਿਚ (ਧਰਮ, ਅਰਥ, ਕਾਮ, ਮੋਖ **ਵਾ:** ਸੰਤੋਖ, ਖਿਮਾ, ਬ੍ਰਹਮ ਗਿਆਨ ਤੇ ਦਇਆ) ਇਹ ਚਾਰੇ ਫਲਾਂ ਵਿੱਚੋਂ ਜਦ ਏਕ = ਇਕ ਭੀ = ਵੀ ਉਪਜੈ = ਪੈਦਾ ਨਹੀਂ ਹੋਇਆ।

## ਅਜਾ ਗਲੇ ਕੇ ਕੁਚਨ ਜਿਉਂ; ਜਨਮ ਬਿਅਰਥ ਹੈ ਤਾਸ ॥੭॥

ਤਾਸ = ਉਸ ਮਨੁੱਖ ਦਾ ਜਨਮ ਇਸ ਪ੍ਰਕਾਰ ਬਿਅਰਥ = ਨਿਸਫਲ ਹੈ, ਜਿਉਂ = ਜਿਵੇਂ ਅਜਾ = ਬੱਕਰੀ ਦੇ ਗਲੇ ਵਿਚ ਲੱਗੇ ਹੋਏ ਕੁਚਨ = ਅਸਥਨ ਭਾਵ ਮੇਮਨੀਆਂ ਨਿਸਫਲ ਹਨ ॥੭॥

ਜਿਵੇਂ ਦਾਨਿਆਂ ਦਾ ਕਥਨ ਹੈ। ਜੈਸਾ ਕਿ :

**ਰਾਮ ਜਪੰਤੀ ਕੰਨਿਆ ਭਲੀ ਸਾਕਤ ਭਲਾ ਨ ਪੂਤ।**
**ਜਿਉਂ ਛੇਲੀ ਗਲ ਮਿਨਮਿਨੇ ਨਾ ਤਿਸ ਦੂਧ ਨ ਮੂਤ।**

## ਧਰਮ ਪਰਮ ਪਾਰਸ ਅਹੈ; ਜੋ ਦਾਇਕ ਫਲ ਚਾਰ ॥

ਹੇ ਭਾਈ! ਧਰਮ ਇਕ ਬਹੁਤ ਪਰਮ = ਵੱਡਾ ਪਾਰਸ[੧] ਰੂਪ ਅਹੈ = ਹੈ। ਜੋ ਧਰਮ, ਅਰਥ, ਕਾਮ, ਮੋਖ **ਵਾ:** ਸੰਤੋਖ, ਖਿਮਾ, ਬ੍ਰਹਮ ਗਿਆਨ, ਦਇਆ ਰੂਪ ਚਾਰੇ ਫਲਾਂ ਦੇ ਦਾਇਕ = ਦੇਣ ਵਾਲਾ ਹੈ।

## ਤਾਂ ਤੇ ਜਿਉਂ ਕਿਉਂ ਧਰਮ ਕੋ; ਧਰੇ ਜੁ ਬੁਧਿ ਉਦਾਰ ॥੮॥

ਤਾ ਤੇ = ਤਿਸ ਕਰਕੇ, ਜਿਉਂ ਕਿਉਂ = ਜਿਵੇਂ ਕਿਵੇਂ ਵੀ ਜੁ = ਜਿਹੜੇ ਉਦਾਰ = ਸ੍ਰੇਸ਼ਟ ਬੁੱਧ ਵਾਲੇ ਪੁਰਖ ਹਨ, ਉਹ ਧਰਮ ਕੋ = ਨੂੰ ਧਰੇ = ਧਾਰਨ ਕਰਦੇ ਹਨ **ਅਥਵਾ** ਜਿਵੇਂ ਕਿਵੇਂ ਵੀ ਧਰਮ ਨੂੰ ਧਾਰਨ ਕਰੋ, ਜੋ ਧਾਰਨ ਕਰਦੇ ਹਨ, ਉਨ੍ਹਾਂ ਦੀ ਬੁੱਧ ਸ੍ਰੇਸ਼ਟ ਭਾਵ ਆਤਮ ਵਿਸ਼ੈਣੀ ਬਣ ਜਾਂਦੀ ਹੈ॥੮॥

ਅੱਗੇ ਕਵੀ ਜੀ ਕਈ ਪ੍ਰਕਾਰ ਦੇ ਦ੍ਰਿਸ਼ਟਾਂਤ ਪ੍ਰਮਾਨ ਦੇ ਕੇ ਧਰਮੀ ਮਨੁੱਖਾਂ ਦੀ ਵਡਿਆਈ ਕਰਦੇ ਹਨ ਕਿ ਧਰਮਾਤਮਾ ਪੁਰਖ ਸਦਾ ਸ਼ੋਭਾ ਪਾਉਂਦੇ ਹਨ:

## ਕਬਿੱਤ[੨] ॥ ਨਾਗ ਸੋਭੈ ਮਦਕਰ; ਨੀਰ ਸੋਭੈ ਇੰਦੀ ਵਰ; ਰੈਨ ਸੋਭੈ ਹਿਮਕਰ, ਨਾਰਿ ਸੀਲ ਰਤਿ ਤੇ ॥

ਹੇ ਭਾਈ! ਜਿਸ ਪ੍ਰਕਾਰ ਨਾਗ = ਹਾਥੀ, ਮਦਕਰ = ਮਸਤ ਹੋ ਕੇ, ਸੋਭੈ = ਸੋਭਾ ਪਾਉਂਦਾ ਹੈ ਭਾਵ ਜਦੋਂ ਹਾਥੀ ਦੇ ਗੰਡਸਥਲ (ਗਲ੍ਹ ਅਤੇ ਕੰਨ ਦੇ ਵਿਚਕਾਰਲਾ ਥਾਂ) ਤੋਂ ਮਦ ਚੋਂਦਾ ਹੈ ਤਾਂ ਉਹ ਮਸਤੀ ਦੀ ਚਾਲ ਤੁਰਦਾ ਹੋਇਆ ਬਹੁਤ ਸੋਭਾ ਪਾਉਂਦਾ ਹੈ,

ਜਿਸ ਪ੍ਰਕਾਰ ਨੀਰ = ਪਾਣੀ ਇੰਦੀਵਰ = ਕਮਲਾਂ ਦੇ ਨਾਲ, ਸੋਭੈ = ਸੋਭਾ ਪਾਉਂਦਾ ਹੈ ਭਾਵ ਜਦੋਂ ਕਿਸੇ ਤਲਾਅ ਵਿਚ ਕਮਲ ਦੇ ਫੁੱਲ ਖਿੜੇ ਹੁੰਦੇ ਹਨ ਤਾਂ ਉਹ ਬਹੁਤ ਸੋਭਾ ਪਾਉਂਦਾ ਹੈ।

ਜਿਸ ਪ੍ਰਕਾਰ ਰੈਨ = ਰਾਤ, ਹਿਮਕਰ = ਸੀਤਲ ਕਿਰਣਾਂ ਵਾਲੇ ਚੰਦ੍ਰਮਾ ਦੇ ਨਾਲ ਸੋਭਾ ਪਾਉਂਦੀ ਹੈ, ਜਿਸ ਪ੍ਰਕਾਰ ਨਾਰਿ = ਇਸਤ੍ਰੀ ਸੁੰਦਰ ਸੀਲ ਸੁਭਾਅ ਵਿਚ, ਰਤਿ = ਪ੍ਰੀਤਵਾਨ ਹੋਣ ਕਰਕੇ ਸੋਭਾ ਪਾਉਂਦੀ ਹੈ **ਵਾ:** ਪਤਿਬ੍ਰਤਾ ਧਰਮ ਵਿਚ ਪ੍ਰੀਤੀ ਦਾਨ ਕਰਨ ਵਾਲੀ ਇਸਤ੍ਰੀ ਸੋਭਾ ਪਾਉਂਦੀ ਹੈ, ਤਿਵੇਂ ਹੀ ਧਰਮ ਨੂੰ ਧਾਰਨ ਵਾਲੇ ਧਰਮੀ ਮਨੁੱਖ ਲੋਕ-ਪ੍ਰਲੋਕ ਵਿਚ ਸ਼ੋਭਾ ਪਾਉਂਦੇ ਹਨ।

---

੧. **ਪਾਰਸ**: ਇਕ ਪ੍ਰਕਾਰ ਦਾ ਅਮੋਲਕ ਪੱਥਰ, ਜਿਸ ਬਾਬਤ ਇਹ ਖ਼ਿਆਲ ਹੈ ਕਿ ਉਸ ਨਾਲ ਨੀਵੀਆਂ ਧਾਤਾਂ ਲੋਹਾ, ਤਾਂਬਾ ਆਦਿ ਲੱਗ ਕੇ ਸੋਨਾ ਹੋ ਜਾਂਦੀਆਂ ਹਨ।

੨. **ਕਬਿੱਤ**: ਕਬਿੱਤ ਇਕ ਛੰਦ ਦਾ ਨਾਮ ਹੈ, ਸਮਾਨ ਰੂਪ ਕਰਕੇ ਸਭ ਛੰਦ ਕਬਿੱਤ (ਕਵਿੱਤ੍ਰ) ਕਹੇ ਜਾ ਸਕਦੇ ਹਨ, ਪਰੰਤੂ ਵਿਸ਼ੇਸ਼ ਕਰਕੇ ਇਹ ਦੰਡਕ ਜਾਤਿ ਹੈ, ਇਸ ਦਾ ਨਾਮ 'ਮਨਹਰ' ਅਥਵਾ 'ਮਨਹਰਣ' ਹੈ, ਇਸ ਦਾ ਲੱਛਣ ਹੈ ਚਾਰ ਚਰਣ ਪ੍ਰਤੀ ਚਰਣ ੩੧ ਅੱਖਰ, ਤਿੰਨ ਵਿਸ਼ਰਾਮ ਅੱਠ-ਅੱਠ ਅੱਖਰਾਂ 'ਤੇ, ਚੌਥਾ ਸੱਤ ਪੁਰ, ਅੰਤ ਗੁਰੁ। ਇਸ ਛੰਦ ਵਿਚ ਸਮ ਵਰਣਾਂ ਦਾ ਪ੍ਰਯੋਗ ਅਤੇ ਅਨੁਪ੍ਰਾਸ ਰਚਨਾ ਨੂੰ ਬਹੁਤ ਮਨੋਹਰ ਬਣਾ ਦੇਂਦੇ ਹਨ। ਭਾਵੇਂ ਇਹ ਲੱਛਣ ਹੀ ਕਬਿੱਤ ਦਾ ਪੂਰਨ ਹੈ, ਪਰ ਕਵੀਆਂ ਨੇ ਇਸਦੀ ਚਾਲ ਨੂੰ ਸੁੰਦਰ ਰੱਖਣ ਲਈ ਇਹ ਨਿਯਮ ਵੀ ਥਾਪੇ ਹਨ:

(ੳ) ਆਦਿ ਵਿਚ ਲਘੁ ਗੁਰੁ ਲਘੁ, ਅਰਥਾਤ ਜਗਣ ਰੂਪ ਇਕ ਪਦ ਨਾ ਹੋਵੇ।
(ਅ) ਭਗਣ ਰੂਪ ਇਕ ਪਦ ਵੀ ਅਰੰਭ ਵਿਚ ਵਿਵਰਜਿਤ ਹੈ।
(ੲ) ਚਾਰ ਅੱਖਰਾਂ ਪਿੱਛੋਂ ਭਗਣ ਨਹੀਂ ਹੋਣਾ ਚਾਹੀਦਾ।
(ਸ) ਅੰਤ ਵਿਚ ਤਿੰਨ ਅੱਖਰਾਂ ਦਾ ਇਕ ਪਦ, ਜੋ ਮਗਣ ਰੂਪ ਹੋਵੇ ਉਹ ਉੱਤਮ ਨਹੀਂ।
(ਹ) ਤੁਕ ਦੇ ਅੰਤ ਗੁਰੁ ਲਘੁ, ਲਘੁ ਗੁਰੁ ਅਰਥਾਤ ਭਗਣ ਅਤੇ ਗੁਰ ਨਹੀਂ ਹੋਣੇ ਚਾਹੀਦੇ।
(ਕ) ਚਾਰੇ ਵਿਸ਼੍ਰਾਮ ਦੇ ਸ਼ਬਦ ਠੀਕ ਗਿਣਤੀ ਤੇ ਸਮਾਪਤ ਹੋਣੇ ਚਾਹੀਦੇ ਹਨ, ਇਹ ਉੱਤਮ ਨਹੀਂ ਕਿ ਅੱਧਾ ਪਿਛਲੇ ਵਿਸ਼੍ਰਾਮ ਨਾਲ ਤੇ ਅੱਧਾ ਅਗਲੇ ਵਿਸ਼੍ਰਾਮ ਨਾਲ ਜੋੜਿਆ ਜਾਵੇ।
(ਖ) ਸਮ ਪਦ ਨਾਲ ਸਮ, ਵਿਖਮ ਪਦ ਨਾਲ ਵਿਖਮ ਮਿਲਾਉਣਾ ਚਾਹੀਦਾ ਹੈ, ਸਮ ਨਾਲ ਵਿਖਮ ਮਿਲਣ ਤੋਂ ਛੰਦ ਦੀ ਸੁੰਦਰਤਾ ਨਹੀਂ ਰਹਿੰਦੀ।

## ਸੋਭਤ ਤੁਰੰਗ ਜਵ, ਧਾਮ ਸੋਭੈ ਉਤਸਵ;
## ਸੋਭੈ ਵਯਾਕਰਣ ਰਵਿ, ਨਦੀ ਹੰਸ ਗਤਿ ਤੇ॥

ਜਿਸ ਪ੍ਰਕਾਰ ਤੁਰੰਗ = ਘੋੜਾ, ਜਵ = ਸੁੰਦਰ ਚਾਲ ਚਲਨ ਕਰਕੇ, ਸੋਭਤ = ਸ਼ੋਭਾ ਪਾਉਂਦਾ ਹੈ।

ਜਿਸ ਪ੍ਰਕਾਰ ਧਾਮ = ਘਰ, ਉਤਸਵ = ਖ਼ੁਸ਼ੀਆਂ ਖੇੜਿਆਂ ਕਰਕੇ, ਸੋਭੈ = ਸ਼ੋਭਦਾ ਹੈ, ਭਾਵ ਘਰ ਵਿਚ ਵਿਆਹ ਦਾ ਉਤਸ਼ਵ ਹੋਵੇ ਜਾਂ ਪੁੱਤਰ ਜਨਮਿਆ ਹੋਵੇ ਜਾਂ ਸੰਤਾਂ ਮਹਾਤਮਾ ਵਾਸਤੇ ਭੋਜਨ ਕੀਤਾ ਹੋਵੇ, ਐਸੇ ਖ਼ੁਸ਼ੀਆਂ ਦੇ ਮੌਕੇ 'ਤੇ ਜਿਸ ਪ੍ਰਕਾਰ ਘਰ ਸੋਭਦਾ ਹੈ।

ਜਿਸ ਪ੍ਰਕਾਰ ਰਵਿ = ਬਾਣੀ ਵਿਆਕਰਣ ਅਨੁਸਾਰ ਬੋਲੀ ਹੋਈ, ਸੋਭੈ = ਸ਼ੋਭਦੀ ਹੈ।

ਜਿਸ ਪ੍ਰਕਾਰ ਨਦੀ ਹੰਸਾਂ ਵਾਂਗ ਹੌਲੀ-ਹੌਲੀ ਗਤਿ = ਚਾਲ ਚੱਲੇ ਤਾਂ ਸ਼ੋਭਦੀ ਹੈ **ਵਾ:** ਜਿਸ ਨਦੀ ਵਿਚ ਹੰਸ ਫਿਰਦੇ ਹੋਣ, ਜਿਸ ਪ੍ਰਕਾਰ ਉਹ ਨਦੀ ਸ਼ੋਭਦੀ ਹੈ ਤਿਵੇਂ ਹੀ ਧਰਮ ਨੂੰ ਧਾਰਨ ਵਾਲੇ ਧਰਮੀ ਮਨੁੱਖ ਸ਼ੋਭਾ ਪਾਉਂਦੇ ਹਨ।

## ਸਭਾ ਸੋਭੈ ਵਿਦਯਾਵਾਨ, ਕੁਲ ਸੋਭੈ ਸੁਭ ਸੰਤਾਨ;
## ਪਾਨ ਸੋਭੈ ਕਰੈ ਦਾਨ, ਖਿਤ ਖਿਤਪਤਿ ਤੇ॥

ਜਿਸ ਪ੍ਰਕਾਰ ਵਿਦਯਵਾਨ = ਵਿਦਵਾਨ ਪੁਰਖਾਂ ਕਰਕੇ ਸਭਾ = ਮਜਲਿਸ, ਦਰਬਾਰ ਸੋਭੈ = ਸੋਭਦਾ ਹੈ।

ਜਿਸ ਪ੍ਰਕਾਰ ਸੁਭ = ਚੰਗੀ, ਸੰਤਾਨ = ਔਲਾਦ ਭਾਵ ਭਗਤ, ਦਾਨੀ ਜਾਂ ਸੂਰਮਾ ਪੁੱਤਰ ਹੋਣ ਕਰਕੇ ਸਾਰੀ ਕੁਲ ਸੋਭੈ = ਸੋਭਦੀ ਹੈ।

ਜਿਸ ਪ੍ਰਕਾਰ ਪਾਨ = ਹੱਥ ਦਾਨ ਕਰਨ ਕਰਕੇ ਸੋਭੈ = ਸੋਭਦੇ ਹਨ, ਭਾਵ ਜਿਵੇਂ ਤੁਲਸੀ ਜੀ ਵੀ ਕਥਨ ਕਰਦੇ ਹਨ ਜਿਸ ਪੁਰਖ ਦਾ ਹੱਥ ਦੇ ਉੱਪਰ ਹੱਥ ਰਹੇ ਭਾਵ ਆਪਣੇ ਹੱਥ ਨਾਲ ਦਾਨ ਕਰਦਾ ਰਹੇ, ਉਸਦਾ ਜੀਵਨਾ ਸਫਲ ਹੈ, ਜੇ ਕਦੇ ਹੱਥ ਦੇ ਥੱਲੇ ਹੱਥ ਹੋ ਗਿਆ ਤਾਂ ਜਿਉਂਦਾ ਹੋਇਆ ਵੀ ਮਰਿਆ ਹੋਇਆ ਜਾਣੀ, ਭਾਵ ਦਾਨ ਦੇਣ ਨਾਲ ਜਿਤਨੇ ਹੱਥ ਸ਼ੋਭਾ ਪਾਉਂਦੇ ਹਨ, ਉਤਨੇ ਸੋਨੇ ਆਦਿ ਦੇ ਕੰਗਣ ਪਾਉਣ ਨਾਲ ਨਹੀਂ ਸੋਭਦੇ ਜਦੋਂ ਦਾਨ ਦੇਣ ਦੀ ਸ਼ਕਤੀ ਨਾ ਰਹੇ ਅਤੇ ਲੈਣ ਦੀ ਇੱਛਾ ਫੁਰੇ ਤਦੋਂ ਮਰ ਜਾਣਾ ਚੰਗਾ ਹੈ ਫਿਰ ਮੌਤੋਂ ਨਾ ਡਰਨਾ ਕਰੀਂ। ਜੈਸਾ ਕਿ :

**ਤੁਲਸੀ ਕਰ ਪਰ ਕਰ ਕਰੀ ਕਰਤਲ ਕਰ ਨ ਕਰੀਂ।**
**ਜਾ ਦਿਨ ਕਰ ਤਲ ਕਰ ਕਰੇ ਫਿਰ ਮੌਤੋਂ ਨਾਹਿ ਡਰੀਂ।**

ਫਿਰ ਜਿਸ ਪ੍ਰਕਾਰ ਖਿਤ = ਧਰਤੀ, ਜ਼ਮੀਨ (ਖਿਤ + ਪਤਿ) ਖਿਤ = ਜ਼ਮੀਨ ਦੇ ਪਤਿ = ਮਾਲਕ ਭਾਵ ਕਿਸਾਨ ਕਰਕੇ ਸੋਭਦੀ ਹੈ **ਵਾ:** ਜਿਵੇਂ ਧਰਤੀ ਖਿਤਪਤਿ = ਇੰਦ੍ਰ ਕਰਕੇ ਸੋਭਾ ਪਾਉਂਦੀ ਹੈ ਭਾਵ ਜਦੋਂ ਇੰਦ੍ਰ ਸਮੇਂ ਅਨੁਸਾਰ ਵਰਖਾ ਕਰੇ ਤਾਂ ਅੰਨ, ਘਾਹ ਆਦਿ ਕਰਕੇ ਸਾਰੀ ਧਰਤੀ ਸ਼ੋਭਾ ਪਾਉਂਦੀ ਹੈ।

## ਮੂਢ ਸੋਭੈ ਕਰੈ ਮੌਨ, ਸਿਖੀ ਸੋਭੈ ਪਰੈ ਹੌਨ;
## ਸੋਭੈ ਅਤਿਸੈ ਤ੍ਰਿਭੌਨ, ਧਰਮੀ ਸੁਮਤਿ ਤੇ॥੯॥

ਜਿਸ ਪ੍ਰਕਾਰ ਮੂਢ = ਮੂਰਖ ਮਨੁੱਖ ਮੌਨ = ਚੁੱਪ ਕਰਕੇ ਬੈਠਾ ਰਹੇ ਤਾਂ ਸੋਭੈ = ਸੋਭਾ ਪਾਉਂਦਾ ਹੈ ਜਿਸ ਪ੍ਰਕਾਰ ਸਿਖੀ = ਅਗਨੀ ਵਿਚ ਹੌਨ = ਹਵਨ ਦੀ ਸਮੱਗਰੀ ਪਰੈ = ਪੈਂਦੀ ਰਹੇ ਤਾਂ ਅੱਗ ਸੋਭੈ = ਸੋਭਦੀ ਹੈ **ਵਾ:** ਸਿਖੀ = ਮੋਰ ਤਾਂ ਸੋਭਦਾ ਹੈ ਜੇਕਰ ਉਸਦੇ ਪਰੈ = ਪਰ, ਖੰਭ ਖਿੜੇ ਹੋਏ ਹੌਨ = ਹੋਣ **ਵਾ:** ਗੁਰੂ ਤਦ

ਹੀ ਆਦਰ ਪਾਉਂਦਾ ਹੈ ਜੇਕਰ ਸਿੱਖੀ ਸੇਵਕੀ ਦੇ ਮੋਹ ਤੋਂ ਪਰ੍ਹੇ ਰਹਿੰਦਾ ਹੋਵੇ **ਵਾ:** ਸਿੱਖੀ ਤਦ ਹੀ ਸੋਭਦੀ ਹੈ ਜੇਕਰ ਦੁਨੀਆਂਦਾਰੀ ਦੇ ਪਾਖੰਡ ਤੋਂ ਪਰ੍ਹੇ ਹੋ ਕੇ ਗੁਰਮਤ ਦੇ ਧਾਰਨੀ ਹੋਈਏ।

ਸੋ ਜਿਸ ਪ੍ਰਕਾਰ ਇਹ ਉਪਰੋਕਤ ਸਭ ਆਪੋ-ਆਪਣੇ ਤਰੀਕੇ ਨਾਲ ਸੋਭਾ ਪਾਉਂਦੇ ਹਨ, ਤਿਵੇਂ ਸੁਮਤਿ = ਸ੍ਰੇਸ਼ਟ (ਆਤਮ ਵਿਸ਼ੈਣੀ) ਬੁੱਧ ਵਾਲਾ ਧਰਮੀ ਮਨੁੱਖ ਅਤਿਸ਼ੇ ਕਰਕੇ ਤ੍ਰਿਭੌਨ = ਤਿੰਨੇ ਭਵਨਾਂ ਵਿਚ ਸੋਭਾ ਪਾਉਂਦਾ ਹੈ **ਵਾ:** ਧਰਮੀ ਮਨੁੱਖਾਂ ਕਰਕੇ ਤਿੰਨੇ ਲੋਕ ਸੋਭਾ ਪਾ ਰਹੇ ਹਨ॥੯॥

## ਦੋਹਰਾ॥ ਸੁਖੀ ਦੁਖੀ ਨਰ ਜਗਤ ਮੈਂ; ਧਰਮ ਕਰੇ ਜੋ ਕੋਇ॥

ਹੇ ਭਾਈ! ਇਸ ਜਗਤ = ਸੰਸਾਰ, ਮੈਂ = ਵਿਚ ਚਾਹੇ ਕੋਈ ਸੁਖੀ ਚਾਹੇ ਕੋਈ ਦੁਖੀ ਨਰ = ਮਨੁੱਖ ਹੈ, ਜੋ = ਜਿਹੜਾ ਕੋਇ = ਕੋਈ ਵੀ ਧਰਮ ਨੂੰ ਧਾਰਨ ਕਰੇਗਾ।

## ਸੁਖੀ ਕਰੈ ਤਬ ਸੁਖ ਬਢੈ; ਦੁਖੀ ਕਰੈ ਦੁਖ ਖੋਇ॥੧੦॥

ਜੇਕਰ ਕੋਈ ਸੁਖੀ ਆਦਮੀ ਧਰਮ ਨੂੰ ਧਾਰਨ ਕਰੇਗਾ ਤਾਂ ਉਸ ਦੇ ਸੁੱਖ ਹੋਰ ਬਢੈ = ਵੱਧ ਜਾਣਗੇ ਅਤੇ ਜੇਕਰ ਕੋਈ ਦੁਖੀ ਮਨੁੱਖ ਧਰਮ ਨੂੰ ਧਾਰਨ ਕਰੇਗਾ ਤਾਂ ਉਸਦੇ ਦੁੱਖ ਖੋਇ = ਨਾਸ਼ ਹੋ ਜਾਣਗੇ। ਇਸ ਕਰਕੇ ਸਾਰੇ ਧਰਮ ਨੂੰ ਧਾਰਨ ਕਰੋ॥੧੦॥

## ਸੱਤ ਦੋਹੇ ਦੋ ਚੌਪਈ; ਉਤਮ ਏਕ ਕਬਿੱਤ॥

ਅਧਿਆਇ ਦੀ ਸਮਾਪਤੀ 'ਤੇ ਛੰਦਾਂ ਦੀ ਗਿਣਤੀ ਕਰਕੇ ਦੱਸਦੇ ਹਨ ਇਸ ਪਹਿਲੇ ਅਧਿਆਇ ਵਿਚ ਸੱਤ ਦੋਹੇ = ਦੋਹਰੇ, ਦੋ ਚੌਪਈ ਛੰਦ ਅਤੇ ਇਕ ਬਹੁਤ ਉਤਮ = ਸ੍ਰੇਸ਼ਟ, ਸੁੰਦਰ ਕਬਿੱਤ ਛੰਦ ਵੀ ਆਇਆ ਹੈ।

## ਦਸੇ ਛੰਦ ਅਨੰਦਮਯ; ਬਸੇ ਜਿਸੇ ਨਿਤ ਚਿੱਤ॥੧॥

ਇਹ ਕੁਲ ਦਸ ਛੰਦ ਆਏ ਹਨ, ਜਿਸੇ = ਜਿਸ ਮਨੁੱਖ ਦੇ ਚਿਤ ਵਿਚ ਇਹ ਦਸੇ ਛੰਦ ਬਸੇ = ਵੱਸ ਜਾਣਗੇ, ਉਸਨੂੰ ਅਨੰਦਮਯ = ਅਨੰਦ ਰੂਪਤਾ ਕਰ ਦੇਣਗੇ ਭਾਵ ਇਨ੍ਹਾਂ ਦਸ, ਛੰਦਾਂ ਦਾ ਸਿਧਾਂਤ ਜਿਸ ਮਨੁੱਖ ਦੇ ਹਿਰਦੇ ਵਿਚ ਵੱਸ ਜਾਏਗਾ, ਉਸਨੂੰ ਸਭ ਖ਼ੁਸ਼ੀਆਂ ਪ੍ਰਾਪਤ ਹੋ ਜਾਣਗੀਆਂ॥੧॥

**ਸ਼ੰਕਾ** : ਇਸ ਅਧਿਆਇ ਵਿਚ ਛੰਦਾਂ ਦੀ ਗਿਣਤੀ ੨੦ ਆਈ ਹੈ ਪਰ ਕਵੀ ਜੀ ਦੋਹਰੇ ਵਿਚ ਛੰਦਾਂ ਦੀ ਗਿਣਤੀ ੧੦ ਦੱਸ ਰਹੇ ਹਨ, ਇਹ ਕੀ ਭੇਤ ਹੈ?

**ਸਮਾਧਾਨ** : ਇਸ ਪਹਿਲੇ ਅਧਿਆਇ ਦੇ ਪਹਿਲੇ ਅੱਠ ਛੰਦ ਭਾਸ਼ਾ ਕਰਨ ਵਾਲੇ ਪੰਡਿਤ ਹਰਦਿਆਲ ਜੀ ਨੇ ਮੰਗਲ ਰੂਪ ਵਿਚ ਰਚੇ ਹਨ ਅਤੇ ਨੌਵੇਂ ਛੰਦ ਵਿਚ ਇਸ ਅਧਿਆਇ ਦੇ ਅਰੰਭ ਵਿਚ ਵਿਸ਼ਾ ਕਥਨ ਕੀਤਾ ਹੈ। ਦਸਵੇਂ ਛੰਦ 'ਖਿਮਾ ਅਹਿੰਸਾ ਦਯਾ ਮ੍ਰਿਦ' ਤੋਂ ਲੈ ਕੇ "ਸੁਖੀ ਦੁਖੀ ਨਰ ਜਗਤ ਮੈ" ਏਥੋਂ ਤੱਕ ਛੰਦਾਂ ਦੀ ਗਿਣਤੀ ਦਸ ਹੀ ਬਣਦੀ ਹੈ।

## ਇਤਿ ਸ੍ਰੀ ਸਾਰੁਕਤਾਵਲੀ; ਤਾਸ ਪ੍ਰਥਮ ਅਧ੍ਯਾਇ॥

ਸ੍ਰੀ = ਸੁਭਾਏਮਾਨ ਜੋ ਸਾਰੁਤਾਵਲੀ ਗ੍ਰੰਥ, ਤਾਸ = ਤਿਸਦਾ ਪ੍ਰਥਮ = ਪਹਿਲਾ ਅਧਿਆਇ ਏਥੇ ਇਤਿ = ਸਮਾਪਤ ਹੋਇਆ ਹੈ।

## ਧਰਮ ਨਿਰੂਪਿਓ ਤਾਸ ਮੈਂ; ਕਵਿ ਹਰਿਦ੍ਯਾਲ ਸੁਭਾਇ॥੨॥੧॥

ਤਾਸ = ਤਿਸ ਪਹਿਲੇ ਅਧਿਆਇ ਦੇ ਮੈਂ = ਵਿਚ ਸੁਭਾਇਮਾਨ, ਕਵਿ = ਕਵੀ ਹਰਦਿਆਲ ਜੀ ਨੇ

ਧਰਮ ਦਾ ਵਿਸ਼ਾ ਨਿਰੂਪਓ = ਕਥਨ ਕੀਤਾ ਹੈ **ਵਾ**: ਪੰਡਿਤ ਹਰਦਿਆਲ ਜੀ ਨੇ ਸੁਭਾਇ = ਸ੍ਰੇਸ਼ਟ ਭਾਵਨਾ ਦੇ ਨਾਲ ਇਸ ਪਹਿਲੇ ਅਧਿਆਇ ਵਿਚ ਧਰਮ ਦਾ ਵਿਸ਼ਾ ਨਿਰੂਪਨ ਕੀਤਾ ਹੈ॥੨॥੧॥

## ਦੂਸਰਾ ਅਧਿਆਇ

## ਅਥ ਦੁਤੀਯ ਅਧਿਯਾਇ ਪ੍ਰਾਰੰਭ॥

ਅਥ = ਹੁਣ ਪੰਡਿਤ ਹਰਦਿਆਲ ਜੀ ਇਸ ਸਾਰੁਕਤਾਵਲੀ ਗ੍ਰੰਥ ਦਾ ਦੁਤੀਯ = ਦੂਸਰਾ ਅਧਿਯਾਇ = ਅਧਿਆਇ ਪ੍ਰਾਰੰਭ = ਸ਼ੁਰੂ ਕਰਦੇ ਹਨ, ਜਿਸ ਵਿਚ ਉਨ੍ਹਾਂ ਨੇ ਗੁਰੂ ਦਾ ਵਿਸ਼ਾ ਰੱਖਿਆ ਹੈ, ਕਿਉਂਕਿ ਜਿਵੇਂ ਪਹਿਲੇ ਅਧਿਆਇ ਵਿਚ ਧਰਮ ਦਾ ਵਿਸ਼ਾ ਕਥਨ ਕੀਤਾ ਅਤੇ ਧਰਮੀ ਮਨੁੱਖ ਦੇ ਗੁਣ ਕਥਨ ਕੀਤੇ ਹਨ, ਉਹ ਸਾਰੇ ਗੁਣ ਗੁਰੂ ਦੀ ਸ਼ਰਨ ਵਿਚ ਜਾ ਕੇ ਹੀ ਪ੍ਰਾਪਤ ਹੁੰਦੇ ਹਨ, ਇਸ ਲਈ ਪੰਡਿਤ ਹਰਦਿਆਲ ਜੀ ਦੂਸਰੇ ਅਧਿਆਇ ਵਿਚ ਗੁਰੂ ਦਾ ਵਿਸ਼ਾ ਕਥਨ ਕਰਦੇ ਹਨ।

### ਦੋਹਰਾ॥ ਗੁਰ ਕੀ ਕੀਰਤਿ ਦੂਸਰੇ; ਸਾਤ ਸਲੋਕ ਉਚਾਰ॥

ਪੰਡਿਤ ਹਰਦਿਆਲ ਜੀ ਸਾਰੁਕਤਾਵਲੀ ਗ੍ਰੰਥ ਦੇ ਦੂਸਰੇ ਅਧਿਆਇ ਵਿਚ ਗੁਰੂ ਕੀ = ਦੀ, ਕੀਰਤਿ = ਵਡਿਆਈ, ਵਿਸ਼ੇਸ਼ਤਾ ਨੂੰ ਸਾਤ = ਸੱਤ ਸਲੋਕ, ਉਚਾਰ = ਉਚਾਰਣ ਕਰਕੇ ਕਥਨ ਕਰਦੇ ਹਨ।

### ਜਾਂ ਕੇ ਸੁਨੇ ਅਧੈਨ ਤੇ; ਹੋਇ ਤ੍ਰਿਤਾਪ ਪ੍ਰਹਾਰ॥੧॥

ਜਾ = ਜਿਸ ਸੱਤਾਂ ਸਲੋਕਾਂ ਕੇ = ਦੇ ਵਿਚ ਗੁਰੂ ਦੀ ਕੀਰਤੀ ਨੂੰ ਸੁਨੇ = ਸੁਣਨ ਅਤੇ ਅਧੈਨ = ਅਧਿਐਨ, ਪੜ੍ਹਨ ਨਾਲ ਆਧੀ, ਬਿਆਧੀ, ਉਪਾਧੀ ਰੂਪ ਤ੍ਰਿਤਾਪ = ਤਿੰਨੇ ਤਾਪ ਪ੍ਰਹਾਰ = ਨਾਸ਼ ਹੋਇ = ਹੋ ਜਾਂਦੇ ਹਨ। ਤਿੰਨ ਪ੍ਰਕਾਰ ਦੇ ਤਾਪ :

੧. **ਅਧਿਆਤਮ** : ਜੋ ਰੋਗ, ਭੁੱਖ ਆਦਿ ਦੇ ਦੁਖ ਨਾਲ ਹੋਵੇ, ਉਸਨੂੰ ਅਧਿਆਤਮ ਤਾਪ ਆਖਦੇ ਹਨ।

੨. **ਅਧਿਭੂਤਕ** : ਜੋ ਚੋਰ, ਸੱਪ ਆਦਿ ਦੇ ਡਰ ਨਾਲ ਤਾਪ ਹੋਵੇ, ਉਸਨੂੰ ਅਧਿਭੂਤਕ ਤਾਪ ਆਖਦੇ ਹਨ।

੩. **ਅਧਿਦੈਵ** : ਯਛ, ਰਾਖਸ, ਪ੍ਰੇਤ, ਸਹਾਇਕ ਦੇ ਨਾਲ ਜੋ ਦੁਖ ਹੋਵੇ, ਉਸਨੂੰ ਅਧਿਦੈਵ ਤਾਪ ਆਖਦੇ ਹਨ, ਇਨ੍ਹਾਂ ਤਾਪਾਂ ਨੂੰ ਆਮ ਸ਼ਬਦਾਂ ਵਿਚ ਆਧੀ, ਬਿਆਧੀ ਤੇ ਉਪਾਧੀ ਕਿਹਾ ਜਾਂਦਾ ਹੈ, ਜਿਵੇਂ ਮਨ ਦੇ ਸੰਤਾਪ ਨੂੰ ਆਧੀ, ਸਰੀਰ ਦੇ ਦੁੱਖ ਨੂੰ ਬਿਆਧੀ ਅਤੇ ਬਾਹਰੋਂ ਕੋਈ ਪ੍ਰੇਤ ਪੀੜਾ ਜਾਂ ਡਾਂਗ ਸੋਟੇ ਦੇ ਦੁੱਖ ਨੂੰ ਉਪਾਧੀ ਤਾਪ ਆਖਦੇ ਹਨ। ਪੰਡਿਤ ਹਰਦਿਆਲ ਜੀ ਕਥਨ ਕਰਦੇ ਹਨ ਕਿ ਜੋ ਵੀ ਇਸ ਅਧਿਆਇ ਨੂੰ ਇਕਾਗਰ ਚਿਤ ਨਾਲ ਸ੍ਰਵਨ ਕਰੇਗਾ ਜਾਂ ਪੜ੍ਹੇਗਾ, ਉਸਦੇ ਤਿੰਨੇ ਪ੍ਰਕਾਰ ਦੇ ਤਾਪ ਨਾਸ਼ ਹੋ ਜਾਣਗੇ।

### ਦਰਬ ਖਰਚ ਸਤ ਪਾਤ੍ਰ ਮੈਂ; ਜਨਮ ਜਾਇ ਗੁਰ ਸੇਵ॥

ਹੇ ਭਾਈ! ਜੋ ਮਨੁੱਖ ਸਤ = ਸੱਚੇ ਪਾਤ੍ਰ = ਅਧਿਕਾਰੀ ਭਾਵ ਯੋਗਯ ਪੁਰਸ਼ ਦੇ ਟਹਿਲ ਮੈ = ਵਿਚ ਦਰਬ = ਧਨ ਖਰਚ = ਖ਼ਰਚਦਾ ਹੈ ਅਤੇ ਜਿਸ ਦਾ ਸਾਰਾ ਜਨਮ ਗੁਰਾਂ ਦੀ ਸੇਵ = ਟਹਿਲ ਵਿਚ ਹੀ ਜਾਇ = ਜਾਂਦਾ, ਬਤੀਤ ਹੁੰਦਾ ਹੈ।

### ਹਰਿ ਸਿਮਰਨ ਮਹਿ ਚਿੱਤ ਜਿਹ; ਵਹੁ ਪੰਡਿਤ ਸ੍ਰੁਤਿ ਭੇਵ॥੧॥

ਫਿਰ ਜਿਸ ਮਨੁੱਖ ਦਾ ਚਿਤ = ਮਨ ਹਰਿ = ਪਰਮਾਤਮਾ ਦੇ ਸਿਮਰਨ ਮਹਿ = ਵਿਚ ਜੁੜਿਆ ਹੋਇਆ

ਹੈ, ਵਹੁ = ਉਹ ਸ੍ਰੁਤਿ = ਵੇਦਾਂ, ਸੁਰਤੀਆਂ ਦੇ ਭੇਵ = ਭੇਦ ਨੂੰ ਜਾਨਣ ਵਾਲਾ ਭਾਵ ਵੇਦ ਗਿਆਤਾ ਪੰਡਿਤ ਹੈ, ਭਾਵ ਸਿਧਾਂਤ ਦੇ ਜਾਨਣ ਵਾਲਾ ਹੈ॥੧॥

ਇਹ ਸਮਾਨ ਰੂਪ ਕਰਕੇ ਅਰਥ ਹੈ, ਅੱਗੇ ਵਿਸ਼ੇਸ਼ ਰੂਪ ਕਰਕੇ ਦੂਸਰਾ ਅਰਥ ਹੈ।

**ਦੂਸਰਾ ਅਰਥ**

**ਦਰਬ ਖਰਚ ਸਤ ਪਾਤ੍ਰ ਮੈ; ਜਨਮ ਜਾਇ ਗੁਰ ਸੇਵ॥**

ਜੋ ਸਤ = ਤ੍ਰੈ ਕਾਲ ਅਬਾਧ ਰੂਪ ਪਰਮਾਤਮਾ ਹੈ, ਉਸ ਪਰਮਾਤਮਾ ਨੂੰ ਜਿਸ ਨੇ ਆਪਣੇ ਅੰਤਹਕਰਨ ਰੂਪੀ ਪਾਤ੍ਰ = ਬਰਤਨ ਮੈ = ਵਿਚ ਪਾ ਲਿਆ, ਉਸ ਗੁਰੂ ਦੇ ਨਮਿੱਤ ਜਿਸ ਜਗਿਆਸੂ ਦਾ ਧਨ ਖ਼ਰਚ ਹੁੰਦਾ ਹੈ, ਭਾਵ ਆਪਣਾ ਸਰਬੰਸ ਗੁਰੂ ਨੂੰ ਅਰਪਨ ਕਰ ਦੇਂਦਾ ਹੈ। ਸ਼ਾਸਤ੍ਰਾਂ ਵਿਚ ਦੋ ਪ੍ਰਕਾਰ ਕਰਕੇ ਗੁਰੂ ਨੂੰ ਧਨ ਅਰਪਨ ਕਰਨਾ ਲਿਖਿਆ ਹੈ। ਪਹਿਲਾ ਇਹ ਹੈ ਕਿ ਪਤਨੀ, ਪੁੱਤਰ, ਪਸ਼ੂ, ਦਾਸ, ਦਾਸੀਆਂ ਆਦਿ ਨੂੰ ਤਿਆਗ ਕੇ ਤਿਆਗੀ ਗੁਰੂ ਕੋਲ ਜਾਵੇ, ਇਹ ਤਿਆਗ ਹੀ ਗੁਰੂ ਨੂੰ ਧਨ ਅਰਪਨ ਕਿਹਾ ਜਾਂਦਾ ਹੈ ਕਿਉਂਕਿ ਗੁਰੂ ਆਪ ਤਾਂ ਤਿਆਗੀ ਹੈ ਉਹ ਆਪ ਤਾਂ ਗ੍ਰਹਿਣ ਨਹੀਂ ਕਰਦਾ, ਪਰ ਉਸ ਗੁਰੂ ਦੀ ਪ੍ਰਾਪਤੀ ਵਾਸਤੇ ਧਨ ਦਾ ਤਿਆਗ ਕੀਤਾ। ਦੂਸਰਾ ਧਨ ਦਾ ਅਰਪਨਾ ਇਹ ਹੈ ਕਿ ਜੇਕਰ ਗੁਰੂ ਗ੍ਰਹਿਸਥੀ ਹੈ ਤਾਂ ਸਾਰਾ ਧਨ ਪਦਾਰਥ ਉਸ ਦੀ ਭੇਟਾ ਚੜ੍ਹਾ ਦੇਵੇ। ਇਸ ਪ੍ਰਕਾਰ ਗੁਰੂ ਨੂੰ ਧਨ ਅਰਪਨਾ ਕਰੇ। ਫਿਰ ਉਸਦਾ ਸਾਰਾ ਜਨਮ ਤਨ, ਮਨ, ਧਨ ਕਰਕੇ ਗੁਰੂ ਦੀ ਸੇਵਾ ਵਿਚ ਬਤੀਤ ਹੋ ਰਿਹਾ ਹੈ।

**ਹਰਿ ਸਿਮਰਨ ਮਹਿ ਚਿੱਤ ਜਿਹ; ਵਹੁ ਪੰਡਿਤ ਸ੍ਰੁਤਿ ਭੇਵ॥੨॥**

ਫਿਰ ਜੋ ਗੁਰੂ ਨੇ ਭਜਨ ਕਰਨਾ ਦੱਸਿਆ ਹੈ, ਉਹ ਸਿਮਰਨ ਭਜਨ ਵਿਚ ਹੀ ਜਿਸ ਦਾ ਚਿਤ ਜੁੜਿਆ ਹੋਇਆ ਹੈ, ਉਹੋ ਹੀ ਵੇਦਾਂ ਦੇ ਤਤ ਸਿਧਾਂਤ ਦੀ ਸਮਝ ਰੱਖਣ ਵਾਲਾ ਪੰਡਿਤ ਹੈ। ਅੱਗੇ ਜਗਿਆਸੂ ਦਾ ਕਰਤੱਵ ਦੱਸਦੇ ਹਨ:

## ਚੌਪਈ॥ ਪੂਛੈ ਗੁਰ ਤੇ; ਸੁਭ ਸਿਖ ਤੱਦਪਿ॥
## ਗਯਾਨਵਾਨ ਹੋਵੈ; ਨਿਜ ਯੱਦਪਿ॥

ਤਦਪਿ = ਤਦ ਵੀ ਸਿਖ = ਜਗਿਆਸੂ ਆਪਣੇ ਗੁਰੂ ਤੋਂ ਸ਼ੁਭ ਸਿੱਖਿਆ ਪੂਛੈ = ਪੁੱਛਦਾ ਰਹੇ। ਯਦਪਿ = ਭਾਵੇਂ ਉਹ ਨਿਜ = ਆਪਣੇ ਆਪ ਵਿਚ ਬਹੁਤ ਗਿਆਨਵਾਨ ਵੀ ਹੋਵੈ = ਹੋ ਜਾਵੇ।

## ਗੁਰ ਨਿਸਚਯ ਯੁਤ; ਬਚਨ ਧਰੇ ਜਬ॥
## ਦੇਹ ਸਿੱਖ ਕੋ; ਪਰਮ ਸ਼ਾਂਤਿ ਤਬ॥੨॥

ਜਬ = ਜਦੋਂ ਗੁਰੂ ਜੀ ਗਿਆਨ ਦਾਇਕ ਉਪਦੇਸ਼ ਦੇਣ, ਉਸ ਉਪਦੇਸ਼ ਨੂੰ ਨਿਸ਼ਚੇ ਯੁਤ = ਸਹਿਤ ਜਦ ਸਿੱਖ ਆਪਣੇ ਚਿਤ ਵਿਚ ਧਰੇ = ਧਾਰਨ ਕਰੇਗਾ।

ਤਬ = ਤਦੋਂ ਗੁਰੂ ਦੇ ਬਚਨ ਉਸ ਸਿੱਖ ਨੂੰ ਪਰਮ = ਵੱਡੀ ਆਤਮਿਕ ਸ਼ਾਂਤੀ, ਦੇਹ = ਦੇ ਦੇਂਦੇ ਹਨ ਅਰਥਾਤ ਸਿੱਖ ਆਪਣੇ ਆਪ ਵਿਚ ਕਿਤਨਾ ਵੀ ਸਿਆਣਾ ਹੋ ਜਾਵੇ ਪਰ ਉਹ ਸਿੱਖ ਹੀ ਹੁੰਦਾ ਹੈ ਅਤੇ ਸਿੱਖ ਦਾ ਇਹੀ ਕਰਤੱਵ ਹੁੰਦਾ ਹੈ ਕਿ ਉਹ ਆਪਣੇ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਦਾ ਰਹੇ ਅਤੇ ਹੋਰ ਆਤਮਿਕ ਅਨੰਦ ਮਾਨਣ ਲਈ ਗੁਰੂ ਪਾਸੋਂ ਨਿਮਰਤਾ ਸਹਿਤ ਬੇਨਤੀ ਰੂਪ ਵਿਚ ਪ੍ਰਸ਼ਨ ਕਰਕੇ ਆਤਮਿਕ ਮੰਡਲ ਦੇ ਗੁੱਝੇ ਭੇਤ ਪੁੱਛਦਾ ਰਹੇ, ਜਦੋਂ ਗੁਰੂ ਦਿਆਲਤਾ ਦੇ ਘਰ ਵਿਚ ਆ ਕੇ ਉਪਦੇਸ਼ ਦੁਆਰਾ ਰੂਹਾਨੀਅਤ

ਮੰਡਲ ਦੀ ਸੈਰ ਕਰਵਾ ਦੇਵੇਗਾ, ਤਦ ਸਿੱਖ ਦੇ ਹਿਰਦੇ ਵਿਚ ਸ਼ਾਂਤੀ ਆ ਜਾਵੇਗੀ। ਅੱਗੇ ਗੁਰੂ ਅਤੇ ਸੰਬੰਧੀਆਂ ਪ੍ਰਤੀ ਜਗਿਆਸੂ ਦਾ ਵਰਤਾਵ ਕਥਨ ਕਰਦੇ ਹਨ।

## ਤੋਟਕ ਛੰਦ ॥[1] ਗੁਰ ਕੀਰਤਿ ਕੋ; ਅਪਰੋਖ ਕਰੇ ॥

ਹੇ ਭਾਈ! ਆਪਣੇ ਗੁਰੂ ਦੀ ਕੀਰਤ = ਮਹਿਮਾ, ਕੋ = ਨੂੰ, ਸਦਾ ਅਪਰੋਖ = ਸਾਹਮਣੇ ਕਰੇ, ਭਾਵ ਗੁਰਾਂ ਦਾ ਜੱਸ ਸਨਮੁਖ ਕਰੇ। ਜਿਸ ਪ੍ਰਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੋਂਡ ਰਾਗ ਵਿਚ ਗੁਰੂ ਦਾ ਜੱਸ ਕਥਨ ਕੀਤਾ ਹੈ:

**ਗੋਂਡ ਮਹਲਾ ੫ ॥**
**ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥ ਗੁਰੂ ਬਿਨਾ ਮੈ ਨਾਹੀ ਹੋਰ ॥**
**ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥ ਜਾ ਕੀ ਕੋਇ ਨ ਮੇਟੈ ਦਾਤਿ ॥੧॥**
**ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥੧॥ਰਹਾਉ॥**
**ਗੁਰ ਚਰਣੀ ਜਾ ਕਾ ਮਨੁ ਲਾਗੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥**
**ਗੁਰ ਕੀ ਸੇਵਾ ਪਾਏ ਮਾਨੁ ॥ ਗੁਰ ਊਪਰਿ ਸਦਾ ਕੁਰਬਾਨੁ ॥੨॥**
**ਗੁਰ ਕਾ ਦਰਸਨੁ ਦੇਖਿ ਨਿਹਾਲ ॥ ਗੁਰ ਕੇ ਸੇਵਕ ਕੀ ਪੂਰਨ ਘਾਲ ॥**
**ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ ॥ ਗੁਰ ਕਾ ਸੇਵਕੁ ਦਹ ਦਿਸਿ ਜਾਪੈ ॥੩॥**
**ਗੁਰ ਕੀ ਮਹਿਮਾ ਕਥਨੁ ਨ ਜਾਇ ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥**
**ਕਹੁ ਨਾਨਕ ਜਾ ਕੇ ਪੂਰੇ ਭਾਗ ॥ ਗੁਰ ਚਰਣੀ ਤਾ ਕਾ ਮਨੁ ਲਾਗ ॥੪॥੬॥੮॥**

*(ਗੋਂਡ ਮ: ੫, ਅੰਗ ੮੬੪)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਗੁਰੂ ਦੀ ਮਹਿਮਾ ਦੇ ਹੋਰ ਵੀ ਬੇਅੰਤ ਸ਼ਬਦ ਆਉਂਦੇ ਹਨ, ਜਿਵੇਂ ਭੈਰਉ ਰਾਗ ਅੰਦਰ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰੂ ਉਸਤਤੀ ਵਿਚ ਸ਼ਬਦ ਆਉਂਦਾ ਹੈ। ਜੈਸਾ ਕਿ:

**ਭੈਰਉ ਮਹਲਾ ੫ ॥**
**ਸਤਿਗੁਰੁ ਮੇਰਾ ਬੇਮੁਹਤਾਜੁ ॥ ਸਤਿਗੁਰ ਮੇਰੇ ਸਚਾ ਸਾਜੁ ॥**
**ਸਤਿਗੁਰੁ ਮੇਰਾ ਸਭਸ ਕਾ ਦਾਤਾ ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧॥**
**ਗੁਰ ਜੈਸਾ ਨਾਹੀ ਕੋ ਦੇਵ ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ਰਹਾਉ॥**
**ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥**
**ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥੨॥**
**ਸਤਿਗੁਰੁ ਮੇਰਾ ਤਾਣੁ ਨਿਤਾਣੁ ॥ ਸਤਿਗੁਰੁ ਮੇਰਾ ਘਰਿ ਦੀਬਾਣੁ ॥**
**ਸਤਿਗੁਰ ਕੈ ਹਉ ਸਦ ਬਲਿ ਜਾਇਆ ॥ ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥**
**ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥ ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥**
**ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥** *(ਭੈਰਉ ਮ: ੫, ਅੰਗ ੧੧੪੨)*

ਸੋ ਇਸ ਪ੍ਰਕਾਰ ਐਸੇ ਸ਼ਬਦਾਂ ਦੁਆਰਾ ਗੁਰੂ ਦੇ ਸਨਮੁਖ ਹੋ ਕੇ ਗੁਰੂ ਦੀ ਉਪਮਾ ਕਰੇ।

## ਜਸੁ ਬਾਂਧਵ ਮੀਤਨ; ਪ੍ਰੋਖ ਰਰੇ ॥

ਬਾਂਧਵ = ਸੰਬੰਧੀਆਂ ਅਤੇ ਮੀਤਨ = ਮਿੱਤਰਾਂ ਆਦਿ ਦਾ ਜੱਸ, ਪ੍ਰੋਖ = ਓਹਲੇ, ਰਰੇ = ਉਚਾਰਣ ਕਰੇ ਭਾਵ ਮੁੱਖ 'ਤੇ ਤਾਂ ਹਰ ਕੋਈ ਉਪਮਾ ਕਰਨ ਲੱਗ ਜਾਂਦਾ ਹੈ ਪਰ ਪਿੱਠ ਪਿੱਛੋਂ ਨਿੰਦਿਆ ਕਰਨ ਲੱਗ ਜਾਂਦੇ

੧. ਚਾਰ ਸਗਨ ਗਨ ਹੋਣ ਅਤੇ ਬਾਰਾਂ ਅੱਖਰ ਹੋਣ, ਉਹ 'ਤੋਟਕ ਛੰਦ' ਹੁੰਦਾ ਹੈ।

ਹਨ। ਇਸ ਲਈ ਜੋ ਆਪਣੇ ਸੰਬੰਧੀਆਂ ਅਤੇ ਮਿੱਤਰਾਂ ਦਾ ਜੱਸ ਉਨ੍ਹਾਂ ਦੇ ਸਾਹਮਣੇ ਵੀ ਤੇ ਮਗਰੋਂ ਵੀ ਸਦਾ ਕਰਦਾ ਰਹੇ, ਉਹੀ ਸੱਚਾ ਮਿੱਤ੍ਰ ਹੁੰਦਾ ਹੈ।

## ਭ੍ਰਿਤਿ ਦਾਸ ਜਸੈ; ਕਰਮਾਂਤ ਗਹੈ ॥ ਅਬਲਾ ਸੁਤ ਓਪ; ਕਬੀ ਨ ਕਹੈ ॥੩॥

ਭ੍ਰਿਤਿ = ਨੌਕਰ ਅਤੇ ਦਾਸ = ਸੇਵਕ ਦਾ ਜਸੈ = ਜੱਸ ਕਰਮਾਂਤ = ਕੰਮ ਦੇ ਅੰਤ ਵਿਚ ਗਹੈ = ਕਥਨ ਕਰੇ, ਭਾਵ ਜਿਸ ਕੰਮ ਵਾਸਤੇ ਉਨ੍ਹਾਂ ਨੂੰ ਭੇਜਿਆ ਸੀ ਜਦ ਉਹ ਕੰਮ ਕਰਕੇ ਆ ਜਾਣ ਤਾਂ ਉਨ੍ਹਾਂ ਨੂੰ ਸ਼ਾਬਾਸ਼ ਕਹਿਣਾ ਚਾਹੀਦਾ ਹੈ। (ਭ੍ਰਿਤਿ = ਜੋ ਨੌਕਰੀ ਲੈ ਕੇ ਸੇਵਾ ਕਰੇ, ਉਸਨੂੰ ਭ੍ਰਿਤਿ ਆਖਦੇ ਹਨ ਅਤੇ ਜੋ ਪ੍ਰੇਮ ਨਾਲ ਸੇਵਾ ਕਰੇ, ਉਸਨੂੰ ਦਾਸ ਆਖਦੇ ਹਨ।)

ਆਪਣੀ ਅਬਲਾ = ਇਸਤ੍ਰੀ ਅਤੇ ਸੁਤ = ਪੁੱਤਰ ਦੀ, ਓਪ = ਉਪਮਾ ਕਬੀ = ਕਦੇ ਵੀ ਨਾ ਕਹੇ = ਕਹਿਣੀ ਕਰੇ, ਕਿਉਂਕਿ ਜੇਕਰ ਇਨ੍ਹਾਂ ਦੀ ਉਪਮਾ ਕਰਨ ਨਾਲ ਇਨ੍ਹਾਂ ਨੂੰ ਛੇਤੀ ਹੀ ਅਭਿਮਾਨ ਹੋ ਜਾਂਦਾ ਹੈ ਅਤੇ ਮੁੜ ਕੇ ਉਹੋ ਜਿਹੀ ਸੇਵਾ ਨਹੀਂ ਕਰਦੇ॥੩॥

ਜਿਹੜੇ ਮਨੁੱਖ ਗੁਰੂ ਦੇ ਦਿੱਤੇ ਹੋਏ ਗੁਰਮੰਤ੍ਰ ਨੂੰ ਭੁਲਾਉਣ ਵਾਲੇ ਹਨ, ਉਨ੍ਹਾਂ ਦੀ ਦਸ਼ਾ ਵਰਣਨ ਕਰਦੇ ਹਨ :

## ਦੋਹਰਾ ॥ ਤਜ ਗੁਰਮੰਤ੍ਰ ਦਰਿਦ੍ਰ ਹ੍ਵੈ; ਗੁਰਹਿ ਅਵਗ੍ਯਾ ਘਾਤ ॥

ਹੇ ਭਾਈ! ਪਰਮਾਤਮਾ ਦੇ ਅਨੰਤ ਨਾਮਾਂ ਵਿੱਚੋਂ ਜਿਸ ਨਾਮ ਦਾ ਗੁਰਮੰਤ੍ਰ ਗੁਰੂ ਉਪਦੇਸ਼ ਰੂਪ ਵਿਚ ਦੇਂਦਾ ਹੈ, ਉਸ ਗੁਰਮੰਤ੍ਰ ਨੂੰ ਤਜ = ਛੱਡਣ ਵਾਲਾ ਮਨੁੱਖ ਦਲਿਦ੍ਰੀ ਹ੍ਵੈ = ਹੋ ਜਾਂਦਾ ਹੈ ਅਤੇ ਗੁਰਹਿ = ਗੁਰੂ ਦੀ ਅਵਗ੍ਯਾ = ਨਿਰਾਦਰੀ ਕਰਨ ਨਾਲ ਗੁਰੂ ਨੂੰ ਘਾਤ = ਮਾਰਨ ਦੇ ਸਮਾਨ ਦੋਸ਼ ਲੱਗਦਾ ਹੈ, ਭਾਵ ਜਿਹੜਾ ਗੁਰੂ ਦੀ ਆਗਿਆ ਨੂੰ ਮੋੜਨਾ ਹੈ, ਜਾਂ ਜੋ ਗੁਰੂ ਜੀ ਨੇ ਗੁਰਮੰਤ੍ਰ ਦਿੱਤਾ ਹੈ ਉਸਨੂੰ ਤਿਆਗ ਦੇਣਾ ਹੈ, ਇਹੀ ਗੁਰੂ ਦਾ ਅਪਮਾਨ ਹੈ, ਇਹ ਅਪਮਾਨ ਗੁਰੂ ਨੂੰ ਮਾਰਨ ਦੇ ਤੁਲ ਹੀ ਹੁੰਦਾ ਹੈ।

## ਤਿਆਗ ਦੇਤ ਗੁਰੁਮੰਤ੍ਰ ਜੋ; ਸਿਧ ਭੀ ਨਰਕੇ ਜਾਤ ॥੪॥

ਜੋ = ਜਿਹੜੇ ਮਨੁੱਖ ਗੁਰੂ ਦੇ ਦਿੱਤੇ ਹੋਏ ਗੁਰਮੰਤ੍ਰ ਨੂੰ, ਤ੍ਯਾਗ = ਛੱਡ ਦੇਂਦੇ ਹਨ, ਭਾਵੇਂ ਉਹ ਸਿਧ = ਰਿੱਧੀਆਂ ਸਿੱਧੀਆਂ ਦੇ ਮਾਲਕ ਵੀ ਹੋਣ, ਉਹ ਵੀ ਅੰਤ ਨੂੰ ਨਰਕੇ = ਨਰਕ ਵਿਚ ਹੀ ਜਾਤ = ਜਾਂਦੇ ਹਨ ॥੪॥

ਅੱਗੇ ਗੁਰੂ ਦੇ ਧਨ ਨੂੰ ਚੋਰੀ ਕਰਨ ਵਾਲੇ ਦੀ ਦੁਰਦਸ਼ਾ ਵਰਣਨ ਕਰਦੇ ਹਨ :

## ਤੋਟਕ ਛੰਦ ॥ ਗੁਰ ਕੇ ਧਨ ਕੋ; ਜਨ ਜੋ ਹਰ ਹੈ ॥
## ਹਤ ਤੇਜ ਵਿਭੂਤਿ; ਦੁਖੀ ਮਰ ਹੈ ॥

ਹੇ ਭਾਈ! ਜੇ = ਜਿਹੜਾ ਜਨ = ਮਨੁੱਖ ਗੁਰੂ ਕੇ = ਦੇ ਧਨ ਕੋ = ਨੂੰ ਹਰ = ਚੁਰਾ ਲੈਂਦਾ ਹੈ , ਭਾਵ ਗੁਰ ਦੀ ਗੋਲਕ ਭੰਨ ਲੈਂਦਾ ਹੈ ਜਾਂ ਕੋਈ ਪਦਾਰਥ ਚੁੱਕ ਕੇ ਲੈ ਜਾਂਦਾ ਹੈ; ਉਸ ਦਾ ਤੇਜ = ਜੱਸ, ਐਸ਼੍ਵਰਜ ਅਤੇ ਧਨ ਆਦਿ ਹਤ = ਨਾਸ਼ ਹੋ ਜਾਂਦਾ ਹੈ ਅਤੇ ਉਹ ਅੰਤ ਨੂੰ ਦੁਖੀ ਹੋ ਕੇ ਮਰਦਾ ਹੈ।

## ਧਰਮਾਦਿ ਟਰੇ; ਨਰਕੇ ਸੁ ਪਰੇ ॥ ਉਪਜੇ ਪੁਨ ਤੇ; ਸ੍ਵਪਚਾਦਿ ਘਰੇ ॥੫॥

ਉਸਦੇ ਧਰਮਾਦਿ = ਜਪ, ਤਪ, ਧੀਰਜ, ਧਰਮ ਆਦਿ ਗੁਣ ਟਰੇ = ਟਲ, ਨਾਸ਼ ਹੋ ਜਾਂਦੇ ਹਨ, ਅਤੇ ਅੰਤ ਨੂੰ ਮਰ ਕੇ ਸੁ = ਉਹ ਨਰਕੇ = ਨਰਕ ਵਿਚ ਪਰੇ = ਪੈਂਦਾ ਹੈ।

ਸਾਰੇ ਨਰਕਾਂ ਦੇ ਦੁੱਖ ਭੋਗਣ ਤੇ = ਤੋਂ ਬਾਅਦ ਪੁਨ = ਫੇਰ ਉਹ ਮਨੁੱਖ ਸ੍ਵਪਚਾਦਿ = ਚੰਡਾਲਾਂ ਦੇ ਘਰੇ = ਘਰ ਵਿਚ ਉਪਜੇ = ਜਨਮ ਲੈਂਦਾ ਹੈ ॥੫॥

## ਦੋਹਰਾ ॥ ਮੁਗਧ ਨਿਪੁੰਸਕ ਵਿਕਲ ਮਨ; ਬਿਨ ਬਿਬੇਕ ਦੁਰਭਾਗ ॥

ਚੰਡਾਲਾਂ ਦੇ ਘਰ ਜਨਮ ਲੈ ਕੇ ਉਹ ਕੋਈ ਬੁੱਧੀਮਾਨ ਨਹੀਂ ਹੁੰਦਾ, ਸਗੋਂ ਮੁਗਧ = ਮੂਰਖ, ਨਿਪੁੰਸਕ = ਹੀਜੜਾ, ਨਮਰਦ ਪੈਦਾ ਹੁੰਦਾ ਹੈ, ਉਸਦਾ ਮਨ ਸਦਾ ਵਿਕਲ = ਬੇਚੈਨ ਰਹਿੰਦਾ ਹੈ, ਬਿਬੇਕ = ਗਿਆਨ ਤੋਂ ਵੀ ਬਿਨ = ਬਗ਼ੈਰ ਹੁੰਦਾ ਹੈ ਅਤੇ ਉਸਦੇ ਦੁਰਭਾਗ = ਖੋਟੇ ਭਾਗ ਹੁੰਦੇ ਹਨ।

## ਨੀਚ ਕਰਮ ਨੀਚਹਿ ਕਰੇ; ਗੁਰੁ ਨਿੰਦਾ ਮਹਿ ਰਾਗ ॥੬॥

ਉਹ ਨੀਚ ਕਰਮਾਂ ਵਾਲਾ ਮਨੁੱਖ ਨੀਚਹਿ = ਨੀਚ ਕਰਮ ਹੀ ਕਰੇ = ਕਰਦਾ ਰਹਿੰਦਾ ਹੈ ਅਤੇ ਗੁਰੂ ਦੀ ਨਿੰਦਿਆ ਸੁਣਨ ਜਾਂ ਕਰਨ ਵਿਚ ਹੀ ਉਸਦਾ ਰਾਗ = ਪ੍ਰੇਮ ਲੱਗਾ ਰਹਿੰਦਾ ਹੈ ॥੬॥

ਅੱਗੇ ਗੁਰੂ ਦਾ ਕਰਤੱਵ ਦੱਸਦੇ ਹਨ ਕਿ ਗੁਰੂ ਕਿਸ ਪ੍ਰਕਾਰ ਜਗਿਆਸੂ ਦਾ ਅਗਿਆਨ ਦੂਰ ਕਰਦਾ ਹੈ :

## ਚੌਪਈ ॥ ਗਯਾਨ ਸੁਲਾਕਾਂ ਦੇ; ਬੁਧਿ ਲੋਚਨ ॥
## ਕਰ ਹੈ ਤਮ; ਅਗਯਾਨ ਵਿਮੋਚਨ ॥

ਗੁਰੂ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਗਿਆਨ ਰੂਪੀ ਸੁਲਾਕਾਂ = ਸਲਾਈਆਂ ਜਗਿਆਸੂ ਦੇ ਮਨ, ਬੁੱਧ ਰੂਪੀ ਲੋਚਨ = ਨੇਤ੍ਰਾਂ ਵਿਚ ਦੇ ਕਰਕੇ ਅਗਿਆਨ ਰੂਪੀ ਤਮ = ਅੰਧਕਾਰ ਨੂੰ ਵਿਮੋਚਨ = ਕੱਟ ਦੇਣਾ ਕਰਦਾ ਹੈ **ਵਾ:** ਅਗਿਆਨ ਤੋਂ ਛੁਡਾ ਦੇਂਦਾ ਹੈ। ਕਿਉਂਕਿ ਮੁਚਣ ਨਾਮ ਛੱਡਣ ਦਾ ਵੀ ਹੈ।

## ਨਿਰਾਵਰਣ ਦ੍ਰਿਗ ਕਰੈ; ਜੁ ਸ੍ਰੀ ਗੁਰੁ ॥
## ਨਮੋ ਨਮੋ ਤਿਹ ਚਰਨ; ਧਾਰ ਉਰ ॥੭॥

ਫਿਰ ਸ੍ਰੀ ਗੁਰੂ ਸਾਹਿਬ ਜੀ ਅਗਿਆਨਤਾ ਦੇ ਨਿਰਾਵਰਣ = ਪਰਦੇ ਤੋਂ ਰਹਿਤ ਮਨ ਬੁੱਧ ਰੂਪੀ ਨੇਤ੍ਰਾਂ ਨੂੰ ਕਰ ਦੇਂਦੇ ਹਨ ਅਤੇ ਜਗਿਆਸੂ ਮੂਲ ਸਹਿਤ ਪ੍ਰਪੰਚ ਨੂੰ ਨਾਸ਼ ਰੂਪ ਦੇਖਦਾ ਹੈ ਅਤੇ ਸੰਸਿਆਂ ਤੋਂ ਰਹਿਤ ਆਪਣੇ ਸਰੂਪ ਨੂੰ ਦੇਖ ਲੈਂਦਾ ਹੈ।

ਤਿਹ = ਤਿਸ ਗੁਰੂ ਦੇ ਚਰਨ ਕਮਲਾਂ ਨੂੰ ਮੈਂ ਆਪਣੇ ਓਰ = ਹਿਰਦੇ ਵਿਚ, ਧਾਰ = ਧਾਰਨ ਕਰਕੇ ਨਮੋ ਨਮੋ = ਨਮਸਕਾਰ ਕਰਦਾ ਹਾਂ, ਨਮਸਕਾਰ ਕਰਦਾ ਹਾਂ **ਵਾ:** ਮਨ ਕਰਕੇ ਵੀ ਨਮਸਕਾਰ ਕਰਦਾ ਹਾਂ ਅਤੇ ਬਾਣੀ, ਸਰੀਰ ਕਰਕੇ ਵੀ ਨਮਸਕਾਰ ਕਰਦਾ ਹਾਂ ॥੭॥

ਅੱਗੇ ਛੰਦਾਂ ਦੀ ਗਿਣਤੀ ਦਾ ਦੋਹਰਾ ਹੈ।

## ਦੋਹਰਾ ॥ ਤ੍ਰੈ ਦੋਹੇ ਤੋਟਕ ਉਭੇ, ਦੋ ਚੌਪਈ ਨਿਹਾਰ ॥

ਦੂਸਰੇ ਅਧਿਆਇ ਦੇ ਅੰਤ ਵਿਚ ਛੰਦਾਂ ਦੀ ਗਿਣਤੀ ਦੱਸਦੇ ਹਨ ਕਿ ਇਸ ਦੂਸਰੇ ਅਧਿਆਇ ਵਿਚ ਤ੍ਰੈ = ਤਿੰਨ ਦੋਹਰੇ, ਤੋਟਕ ਛੰਦ ਉਭੇ = ਦੋ ਅਤੇ ਦੋ ਚੌਪਈ ਛੰਦ, ਨਿਹਾਰ = ਦੇਖਣਾ ਕਰੋ।

## ਮੁਨਿ ਸਲੋਕ ਮਨ ਸੋਕ ਕੋ; ਕਾਟੈ ਕਰੈ ਨ ਬਾਰ ॥੧॥

ਇਸ ਅਧਿਆਇ ਵਿਚ ਕੁਲ ਮੁਨਿ = ਸੱਤ ਸਲੋਕ ਆਏ ਹਨ, ਜੋ ਮਨ ਦੇ ਸੋਕ = ਗ਼ਮਾਂ ਕੋ = ਨੂੰ

ਕਾਟੈ = ਕੱਟਣ ਲੱਗਿਆਂ ਬਾਰ = ਦੇਰ ਨਹੀਂ ਲਗਾਉਣਗੇ, ਭਾਵ ਜਿਵੇਂ ਸੱਤ ਰਿਖੀਆਂ[੧] ਦੇ ਦਰਸ਼ਨ ਕਰਨ ਨਾਲ ਚਿੱਤ ਦਾ ਸ਼ੁੱਧ ਹੋ ਜਾਣਾ ਮੰਨਿਆ ਹੈ, ਤਿਵੇਂ ਜੋ ਪੁਰਸ਼ ਇਨ੍ਹਾਂ ਸੱਤਾਂ ਸਲੋਕਾਂ ਦੇ ਸਿਧਾਂਤ ਨੂੰ ਧਾਰਨ ਕਰੇਗਾ, ਉਸਦਾ ਚਿਤ ਸ਼ੁੱਧ ਹੋ ਜਾਵੇਗਾ ਤੇ ਫੇਰ ਜਨਮ ਮਰਣ ਰੂਪੀ ਸੋਕ ਛੇਤੀ ਹੀ ਮਿਟ ਜਾਵੇਗਾ॥੧॥

***ਨੋਟ :*** ਪਹਿਲੇ ਸਲੋਕ ਵਿਚ ਇਸ ਅਧਿਆਇ ਦੀ ਜਾਣਕਾਰੀ ਦਿੱਤੀ ਹੈ ਅਤੇ ਇਸ ਅਖ਼ੀਰਲੇ ਸਲੋਕ ਵਿਚ ਛੰਦਾਂ ਦੀ ਗਿਣਤੀ ਕੀਤੀ ਹੈ, ਇਨ੍ਹਾਂ ਦੋਨਾਂ ਨੂੰ ਛੰਦਾਂ ਦੀ ਗਿਣਤੀ ਵਿਚ ਨਹੀਂ ਗਿਣਨਾ, ਇਨ੍ਹਾਂ ਤੋਂ ਬਿਨਾਂ ਸੱਤ ਸਲੋਕ ਹੀ ਆਏ ਹਨ।

## ਇਤਿ ਸ੍ਰੀ ਸਾਰੁਕਤਾਵਲੀ; ਤਾਸ ਦੁਤੀ ਅਧ੍ਯਾਇ ॥

ਜੋ ਸ੍ਰੀ = ਸੁਭਾਏਮਾਨ ਸਾਰੁਕਤਾਵਲੀ ਗ੍ਰੰਥ ਹੈ, ਤਾਸ = ਤਿਸਦਾ, ਦੁਤੀ = ਦੂਸਰਾ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਗੁਰ ਉਪਮਾਂ ਤਾਂ ਮੈਂ ਕਹੀ; ਕਵਿ ਹਰਿਦ੍ਯਾਲ ਸੁਭਾਇ ॥੨॥੨॥

ਤਾਂ = ਤਿਸ ਅਧਿਆਇ ਮੈਂ = ਵਿਚ, ਸੁਭਾਇਮਾਨ ਕਵੀ ਹਰਦਿਆਲ ਜੀ ਨੇ ਗੁਰੂ ਦੀ ਉਪਮਾ ਵਰਣਨ ਕੀਤੀ ਹੈ **ਵਾ:** (ਸੁ + ਭਾਇ) ਸੁ = ਸ੍ਰੇਸ਼ਟ, ਭਾਇ = ਪ੍ਰੇਮ ਧਾਰ ਕੇ ਗੁਰੂ ਦੀ ਉਪਮਾ ਵਰਣਨ ਕੀਤੀ ਹੈ॥੨॥੨॥

### ਤੀਸਰਾ ਅਧਿਆਇ

## ਅਥ ਤ੍ਰਿਤੀਯ ਅਧ੍ਯਾਇ ਪ੍ਰਾਰੰਭ ॥

ਅਥ = ਹੁਣ ਪੰਡਿਤ ਹਰਦਿਆਲ ਜੀ ਸਾਰੁਕਤਾਵਲੀ ਗ੍ਰੰਥ ਦਾ, ਤ੍ਰਿਤੀਯ = ਤੀਸਰਾ, ਅਧ੍ਯਾਇ = ਅਧਿਆਇ ਪ੍ਰਾਰੰਭ ਕਰਦੇ ਹਨ ਅਰਥਾਤ ਪਹਿਲੇ ਅਧਿਆਇ ਵਿਚ ਧਰਮ ਦਾ ਵਿਸ਼ਾ ਨਿਰੂਪਨ ਕੀਤਾ ਹੈ, ਦੂਸਰੇ ਅਧਿਆਇ ਵਿਚ ਗੁਰੂ ਦੀ ਉਪਮਾ ਕੀਤੀ ਹੈ ਅਤੇ ਹੁਣ ਤੀਸਰੇ ਅਧਿਆਇ ਵਿਚ ਵਿੱਦਿਆ ਦੀ ਉਪਮਾ, ਵਿੱਦਿਆ ਦੀ ਪ੍ਰਾਪਤੀ, ਵਿੱਦਿਆ ਦਾ ਫਲ ਨਿਰੂਪਨ ਕਰਨਗੇ।

## ਦੋਹਰਾ ॥ ਵਿਦ੍ਯਾ ਵਰਨੇ ਤੀਸਰੇ; ਛੰਦ ਅਠਾਈ ਮਾਨ ॥

ਹੇ ਭਾਈ! ਸਾਰੁਕਤਾਵਲੀ ਦੇ ਤੀਸਰੇ ਅਧਿਆਇ ਵਿਚ ਪੰਡਿਤ ਹਰਦਿਆਲ ਜੀ ਵਿੱਦਿਆ ਦਾ ਵਰਨੇ = ਵਰਣਨ ਕਰਦੇ ਹਨ। ਇਸ ਅਧਿਆਇ ਦੇ ਕੁਲ ਅਠਾਈ ਛੰਦ ਮਾਨ = ਮੰਨਣਾ, ਜਾਨਣਾ ਕਰੋ।

---

੧. ਪੁਰਾਣੇ ਸਮੇਂ ਵਿਦਵਾਨ, ਕਵੀ ਜਨ ਆਮ ਤੌਰ 'ਤੇ ਸੰਨ ਜਾਂ ਸੰਮਤ ਲਿਖਣ ਲੱਗਿਆਂ ਅੰਕੜਿਆਂ ਦੇ ਹਿਸਾਬ ਮੁਨਿ, ਵਾਰ, ਰਸ, ਸਿਧਿ, ਨਾਗ, ਰਵਿ, ਸਸਿ, ਨਭ ਆਦਿ ਸ਼ਬਦ ਲਿਖ ਦੇਂਦੇ ਸਨ, ਜਿਸ ਤੋਂ ਵਿਦਵਾਨ ਜਾਂ ਪੜ੍ਹਾਉਣ ਵਾਲੇ ਉਸਤਾਦ ਵਾਰ, ਮੁਨਿ ਤੋਂ ੭, ਸਿਧਿ ਤੋਂ ੮, ਸਸਿ, ਰਵਿ ਤੋਂ ੧ ਅਤੇ ਰਮਕਾਮ ਤੋਂ ੦ ਦਾ ਭਾਵ ਲੈ ਕੇ ਜੋੜ ਕਰਦੇ ਹਨ। ਏਥੇ ਵੀ ਕਵੀ ਜੀ ਨੇ ਉਸੇ ਤਰ੍ਹਾਂ ਸੱਤ ਦੀ ਜਗ੍ਹਾ ਮੁਨਿ ਦੀ ਵਰਤੋਂ ਕੀਤੀ ਹੈ। ਜਿਵੇਂ ਪੰਦਰ੍ਹਵੇਂ ਅਧਿਆਇ ਦੇ ੨੨ਵੇਂ ਛੰਦ ਵਿਚ ਵੀ ਕਵੀ ਜੀ ਨੇ ੧੮੯੦ ਸੰਮਤ ਲਿਖਣ ਲੱਗਿਆਂ ਇਹ ਕਥਨ ਕੀਤਾ ਹੈ। ਜੈਸਾ ਕਿ :

**ਨਭ ਨਾਗ ਸਿਧਿ ਸਸਿ ਸੰਬਤ... ॥**

**ਸੱਤ ਰਿਖੀ** : ਮਾਰੀਚ, ਅਤ੍ਰਿ, ਪੁਲਹ, ਪੁਲਸਤ੍ਯ, ਕ੍ਰਤੁ, ਅੰਗਿਰਾ ਅਤੇ ਵਸ਼ਿਸ਼ਠ।

ਭਾਗਵਤ ਦੇ ਅੱਠਵੇਂ ਸਕੰਧ ਦੇ ਤੇਰ੍ਹਵੇਂ ਅਧਿਆਇ ਵਿਚ ਸੱਤ ਰਿਖੀ ਇਹ ਲਿਖੇ ਹਨ :

ਕਸ਼ਯਪ, ਅਤ੍ਰਿ, ਵਸ਼ਿਸ਼ਠ, ਵਿਸ਼ਵਾਮਿਤ੍ਰ, ਗੌਤਮ, ਜਮਦਗਿਨੀ ਅਤੇ ਭਾਰਦ੍ਵਾਜ।

## ਵਿਦਯਾ ਪਾਤ੍ਰ ਅਪਾਤ੍ਰ ਪੁਨ; ਬ੍ਰਿਧਾਬ੍ਰਿਧ ਨਿਦਾਨ ॥੧॥

ਇਸ ਅਧਿਆਇ ਵਿਚ ਪੰਡਿਤ ਹਰਦਿਆਲ ਜੀ ਵਿੱਦਿਆ ਦਾ ਪਾਤ੍ਰ = ਅਧਿਕਾਰੀ ਅਤੇ ਅਪਾਤ੍ਰ = ਅਨ-ਅਧਿਕਾਰੀ ਦਾ ਸਰੂਪ ਵਰਣਨ ਕਰਨਗੇ, ਪੁਨ = ਫੇਰ ਵਿੱਦਿਆ (ਬ੍ਰਿਧ + ਅਬ੍ਰਿਧੁ) ਬ੍ਰਿਧ = ਵੱਧਦੀ ਕਿਵੇਂ ਹੈ, ਅਤੇ ਅਬ੍ਰਿਧ = ਘੱਟਦੀ ਕਿਵੇਂ ਹੈ ਇਹ ਨਿਦਾਨ = ਕਾਰਨ ਲਿਖਣਗੇ **ਵਾ:** ਅੰਨਵੈ ਕਰਕੇ (ਵਿਦਯਾ ਪਾਤ੍ਰ ਬ੍ਰਿਧ) ਵਿੱਦਿਆ ਪਾਤ੍ਰ = ਅਧਿਕਾਰੀ ਜਗਿਆਸੂ ਨੂੰ ਦੇਣ ਕਰਕੇ ਬ੍ਰਿਧ = ਵੱਧਦੀ ਹੈ ਅਤੇ (ਵਿਦਯਾ ਅਪਾਤ੍ਰ ਅਬ੍ਰਿਧ) ਵਿੱਦਿਆ ਅਪਾਤ੍ਰ = ਅਨ-ਅਧਿਕਾਰੀ ਨੂੰ ਦੇਣ ਕਰਕੇ, ਅਬ੍ਰਿਧ = ਫਲੀਭੂਤ ਨਹੀਂ ਹੁੰਦੀ, ਫੇਰ ਜਿਨ੍ਹਾਂ ਕਾਰਨਾਂ ਕਰਕੇ ਵਿੱਦਿਆ ਪ੍ਰਾਪਤ ਹੁੰਦੀ ਹੈ, ਉਹ ਨਿਦਾਨ = ਕਾਰਨ ਵੀ ਇਸ ਅਧਿਆਇ ਵਿਚ ਕਥਨ ਕਰਨਗੇ ॥੧॥

***ਪ੍ਰਸ਼ਨ** : ਇਹ ਵਿੱਦਿਆ ਅਧਿਕਾਰੀ ਪੁਰਸ਼ ਨੂੰ ਫਲੀਭੂਤ ਕਰਕੇ ਅਨ-ਅਧਿਕਾਰੀ ਪੁਰਸ਼ ਨੂੰ ਨਿਸਫਲ ਕਿਸ ਪ੍ਰਕਾਰ ਹੁੰਦੀ ਹੈ ?*

***ਉੱਤਰ** :*

## ਸ੍ਵੈਯਾ ॥ ਇਹ ਵੇਦ ਕੋ ਗਯਾਨ ਸੁਜਾਨਨ ਕੇ; ਅਭਿਮਾਨ ਮਦਾਦਿ ਵਿਕਾਰ ਵਿਨਾਸੇ ॥

ਹੇ ਭਾਈ ! ਇਹ ਵੇਦਾਂ ਕੋ = ਦਾ ਗਿਆਨ, ਸੁਜਾਨਨ = ਸ੍ਰੇਸ਼ਟ ਜਾਣਕਾਰੀ ਰੱਖਣ ਵਾਲੇ, ਸ਼ਾਂਤ-ਚਿਤ, ਆਸਤਿਕ ਸ਼ਰਧਾਲੂ ਪੁਰਖਾਂ ਕੇ = ਦੇ ਅੰਤਹਕਰਨ ਵਿੱਚੋਂ ਦੇਹ, ਧਨ ਆਦਿ ਦਾ ਅਭਿਮਾਨ = ਮਾਣ (ਮਦ + ਆਦਿ) ਮਦ = ਹੰਕਾਰ, ਕਾਮ, ਕ੍ਰੋਧ ਆਦਿ ਵਿਕਾਰਾਂ ਨੂੰ ਵਿਨਾਸੇ = ਨਾਸ਼ ਕਰ ਦੇਂਦਾ ਹੈ।

## ਪੁਨ ਕੇਚਿਤ ਨੀਚਨ ਕੋ ਵਹੁ ਬੋਧ; ਮਦੈ ਅਭਿਮਾਨ ਵਿਕਾਰ ਨਿਵਾਸੇ ॥

ਪੁਨ = ਫੇਰ ਕੇਚਿਤ = ਕਈ, ਨੀਚਨ = ਨੀਚ, ਅਨ-ਅਧਿਕਾਰੀ, ਨਾਸਤਿਕ ਪੁਰਖਾਂ ਕੋ = ਨੂੰ ਵਹੁ = ਉਹੀ ਵੇਦਾਂ ਦਾ ਬੋਧ = ਗਿਆਨ ਉਲਟਾ ਪੈ ਜਾਂਦਾ ਹੈ ਅਤੇ ਉਨ੍ਹਾਂ ਦੇ ਹਿਰਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਮਦੈ = ਹੰਕਾਰ ਰੂਪੀ ਵਿਕਾਰ ਤੇ ਦੇਹ, ਧਨ, ਵਿੱਦਿਆ ਆਦਿ ਦਾ ਅਭਿਮਾਨ = ਮਾਣ, ਨਿਵਾਸੇ = ਟਿਕਾਣਾ ਕਰ ਲੈਂਦਾ ਹੈ, ਭਾਵ ਸ੍ਰੇਸ਼ਟ ਅਧਿਕਾਰੀ ਨੂੰ ਹੀ ਵਿੱਦਿਆ ਫਲੀਭੂਤ ਹੁੰਦੀ ਹੈ ਅਤੇ ਕੁਪਾਤ੍ਰ ਨੂੰ ਵਿੱਦਿਆ ਫਲੀਭੂਤ ਨਹੀਂ ਹੁੰਦੀ ਸਗੋਂ ਮਾੜਾ ਫਲ ਮਿਲਦਾ ਹੈ ਕਿਉਂਕਿ ਵਿੱਦਿਆ ਪੜ੍ਹ ਕੇ ਵਿਕਾਰਾਂ ਦਾ ਤਿਆਗ ਕਰਨਾ ਸੀ, ਪਰ ਇਸ ਤੋਂ ਉਲਟ ਵਿੱਦਿਆ ਪੜ੍ਹ ਕੇ ਸਗੋਂ ਵਿਕਾਰ ਚਿੱਤ ਵਿਚ ਧਾਰਨ ਕਰ ਲਏ।

**ਦ੍ਰਿਸ਼ਟਾਂਤ :** ਇਕ ਵਾਰ ਇਕ ਦੁਕਾਨਦਾਰ ਦੀ ਹੱਟੀ ਦੇ ਅੰਦਰ ਸ਼ਾਮ ਨੂੰ ਬਿੱਲੀ ਵੜ ਗਈ। ਦੁਕਾਨਦਾਰ ਨੇ ਆਪਣੇ ਪੁੱਤਰ ਨੂੰ ਕਿਹਾ ਕਿ ਹੇ ਪੁੱਤਰ ! ਤੂੰ ਇਸ ਬਿੱਲੀ ਨੂੰ ਬਾਹਰ ਕੱਢ ਕੇ ਅਤੇ ਦੁਕਾਨ ਨੂੰ ਜਿੰਦਰਾ ਲਾ ਕੇ ਆ ਜਾਵੀਂ, ਮੈਂ ਹੁਣ ਚੱਲਿਆ ਹਾਂ, ਮਤਾਂ ਕਿਤੇ ਬਿੱਲੀ ਅੰਦਰ ਮਸਾਲਿਆਂ ਵਾਲੇ ਬਰਤਨ ਆਦਿ ਭੰਨ ਦੇਵੇ। ਇਹ ਕਹਿ ਕੇ ਪਿਤਾ ਚਲਿਆ ਗਿਆ। ਪਿੱਛੋਂ ਇਕ ਊਠ ਵਾਲਾ ਮਨੁੱਖ ਊਠ ਲੈ ਕੇ ਆ ਗਿਆ। ਉਸਨੇ ਕਿਹਾ ਕਿ ਬਾਹਰ ਬਰਸਾਤ ਦਾ ਮੌਸਮ ਬਣਿਆ ਹੋਇਆ ਹੈ, ਤੂੰ ਮੇਰੇ ਕੋਲੋਂ ਚਾਰ ਪੈਸੇ ਲੈ ਲਾ ਤੇ ਮੈਨੂੰ ਆਪਣੀ ਹੱਟੀ ਵਿਚ ਊਠ ਬੰਨ੍ਹ ਲੈਣ ਦੇ। ਲੜਕੇ ਨੇ ਪੈਸਿਆਂ ਦੇ ਲਾਲਚ ਵਿਚ ਆ ਕੇ ਉਸ ਦਾ ਊਠ ਅੰਦਰ ਬੰਨ੍ਹ ਲਿਆ। ਊਠ ਦੀ ਉੱਚੀ ਗਰਦਨ ਸੀ, ਜਿੱਧਰ ਸਿਰ ਕਰੇ ਉੱਧਰੋਂ ਪੰਜ ਸਤ ਭਾਂਡੇ ਭੰਨ ਕੇ ਮਸਾਲਾ ਰੋੜ੍ਹ ਦੇਵੇ, ਥੋੜ੍ਹਾ ਜਿਹਾ ਪੈਰ ਹਿਲਾਵੇ ਤਾਂ ਹੇਠਾਂ ਪਈਆਂ ਦਾਲਾਂ ਆਦਿ ਡੋਲ੍ਹ ਦਿੱਤੀਆਂ, ਇਉਂ ਦੁਕਾਨ

ਦਾ ਸਾਰਾ ਸਾਮਾਨ ਖਿਲਾਰ ਦਿੱਤਾ। ਜਦੋਂ ਸਵੇਰ ਵੇਲੇ ਪਿਤਾ ਆਇਆ ਤੇ ਜਦੋਂ ਉਸਨੇ ਜਿੰਦਰਾ ਖੋਲ੍ਹ ਕੇ ਦੇਖਿਆ ਤਾਂ ਸਾਰੀ ਹੱਟੀ ਉੱਜੜੀ ਪਈ ਹੈ, ਮਸਾਲੇ, ਦਾਲਾਂ ਆਦਿ ਖਿੱਲਰੀਆਂ ਪਈਆਂ ਹਨ, ਇਹ ਦੇਖ ਕੇ ਬਹੁਤ ਹੈਰਾਨ ਹੋਇਆ ਅਤੇ ਆਪਣੇ ਪੁੱਤਰ ਨੂੰ ਕਹਿਣ ਲੱਗਾ ਕਿ ਹੇ ਮੂਰਖ! ਇਹ ਤੂੰ ਕੀ ਕਰ ਦਿੱਤਾ ਹੈ? ਤੈਨੂੰ ਅੰਦਰੋਂ ਬਿੱਲੀ ਕੱਢਣ ਲਈ ਕਿਹਾ ਸੀ ਪਰ ਉਲਟਾ ਤੂੰ ਅੰਦਰ ਊਠ ਬੰਨ੍ਹ ਲਿਆ ਤੇ ਸਾਰੀ ਦੁਕਾਨ ਦਾ ਨੁਕਸਾਨ ਕਰਾ ਲਿਆ।

**ਦਾ ਦ੍ਰਿਸ਼ਟਾਂਤ :** ਏਸੇ ਪ੍ਰਕਾਰ ਗੁਰੂ ਰੂਪੀ ਪਿਤਾ ਜਗਿਆਸੂ ਰੂਪੀ ਪੁੱਤਰ ਨੂੰ ਜਣਾਉਂਦੇ ਹਨ ਕਿ ਹੇ ਪੁੱਤਰ! ਤੂੰ ਵਿੱਦਿਆ ਪੜ੍ਹ ਕੇ ਆਪਣੀ ਬੁੱਧ ਰੂਪੀ ਹੱਟੀ ਤੋਂ ਮਮਤਾ ਰੂਪੀ ਬਿੱਲੀ ਬਾਹਰ ਕੱਢਣੀ ਹੈ, ਜਿਹੜੇ ਤਾਂ ਸ੍ਰੇਸ਼ਟ ਅਧਿਕਾਰੀ ਹਨ ਉਹ ਆਪਣੇ ਅੰਦਰੋਂ ਮਮਤਾ ਰੂਪੀ ਬਿੱਲੀ ਬਾਹਰ ਕੱਢ ਦੇਂਦੇ ਹਨ ਪਰ ਜਿਹੜੇ ਅਨ-ਅਧਿਕਾਰੀ ਪੁਰਖ ਹਨ ਉਨ੍ਹਾਂ ਨੇ ਮਮਤਾ ਰੂਪੀ ਬਿੱਲੀ ਬਾਹਰ ਕੀ ਕੱਢਣੀ ਸੀ ਸਗੋਂ ਉਲਟਾ ਉਹ ਅਭਿਮਾਨ ਰੂਪੀ ਊਠ ਵੀ ਅੰਦਰ ਲਿਆ ਕੇ ਬੰਨ੍ਹ ਲੈਂਦੇ ਹਨ। ਜੋ ਦੈਵੀ ਸੰਪਤਾ ਰੂਪੀ ਭਾਂਡੇ ਭੰਨ ਦੇਂਦਾ ਹੈ ਕਰੁਣਾ, ਮੁੱਦਤਾ, ਮੈਤ੍ਰੀ ਤੇ ਉਪੇਖਿਆ ਰੂਪੀ ਦਾਲਾਂ ਡੋਲ੍ਹ ਦੇਂਦਾ ਹੈ ਅਤੇ ਸਤ, ਸੰਤੋਖ, ਦਇਆ, ਧਰਮ, ਵੀਚਾਰ ਰੂਪੀ ਮਸਾਲੇ ਖਿਲਾਰ ਦੇਂਦਾ ਹੈ।

## ਅਚ ਅੰਮ੍ਰਿਤ ਜਾਸ ਹਲਾਹਲ ਹ੍ਵੈ; ਨਹਿ ਔਖਧ ਵੈਦ ਨਹੀਂ ਕਛੁ ਤਾਸੇ ॥

ਦ੍ਰਿਸ਼ਟਾਂਤ ਰੂਪ ਵਿਚ ਕਥਨ ਕਰਦੇ ਹਨ ਕਿ ਜਿਵੇਂ ਅੰਮ੍ਰਿਤ ਅਚ = ਛਕਣ, ਪੀਣ ਤੋਂ (ਅਮਰ ਹੋਣ ਦੀ ਬਜਾਇ) ਜਾਸ = ਜਿਸ ਮਨੁੱਖ ਨੂੰ, ਹਲਾਹਲ = ਜ਼ਹਿਰ ਰੂਪ, ਹ੍ਵੈ = ਹੋ ਜਾਵੇ, ਫੇਰ ਨਹਿ = ਨਾ ਹੀ ਉਸਦੀ ਕੋਈ, ਔਖਧ = ਦਵਾਈ ਬੂਟੀ ਹੁੰਦੀ ਹੈ ਅਤੇ ਨਹੀ = ਨਾ ਹੀ ਕੋਈ, ਵੈਦ = ਹਕੀਮ, ਤਾਸੇ = ਉਸਨੂੰ ਕਛੁ = ਕੁਝ ਕਰ ਸਕਦਾ ਹੈ। ਤਿਵੇਂ ਵੇਦਾਂ ਦਾ ਗਿਆਨ ਰੂਪੀ ਅੰਮ੍ਰਿਤ ਪੀ ਕਰਕੇ ਜਗਿਆਸੂ ਨੇ ਆਪਣੇ ਅੰਦਰੋਂ ਵਿਕਾਰ ਨਾਸ਼ ਕਰਨੇ ਸਨ ਪਰ ਉਲਟਾ ਗਿਆਨ ਪ੍ਰਾਪਤ ਕਰਕੇ ਵੀ ਵਿਕਾਰ ਚਿਤ ਵਿਚ ਧਾਰਨ ਕਰ ਲਏ। ਦੱਸੋ ਫੇਰ ਉਸਨੂੰ ਗੁਰੂ ਰੂਪੀ ਵੈਦ ਦੀ ਉਪਦੇਸ਼ ਰੂਪੀ ਔਖਧੀ ਕੀ ਕਰ ਸਕਦੀ ਹੈ, ਭਾਵ ਉਹ ਇਲਾਜ ਤੋਂ ਬਾਹਰ ਹੋ ਜਾਂਦਾ ਹੈ।

## ਜਨ ਪਾਤ੍ਰ ਕੁਪਾਤ੍ਰ ਕੋ ਸੋਧ ਕੈ; ਬੋਧ ਕਰੈ ਬੁਧਿਵਾਨ ਜੋ ਬੋਧ ਪ੍ਰਕਾਸੇ ॥੧॥

ਇਸ ਲਈ ਪਾਤ੍ਰ = ਅਧਿਕਾਰੀ ਅਤੇ ਕੁਪਾਤ = ਅਨ-ਅਧਿਕਾਰੀ ਜਨ = ਪੁਰਖ ਕੋ = ਨੂੰ ਸੋਧਿ = ਵਿਚਾਰ ਕੈ = ਕਰਕੇ ਬੁਧਿਵਾਨ = ਆਤਮ ਵਿਸ਼ੈਣੀ ਮਤ ਵਾਲਾ ਗੁਰੂ ਬੋਧ = ਉਪਦੇਸ਼ ਦੇਣਾ ਕਰੇ ਤਾਂ ਜੋ ਜਗਿਆਸੂ ਦੇ ਚਿਤ ਵਿਚ ਬੋਧ = ਗਿਆਨ ਦਾ ਪ੍ਰਕਾਸੇ = ਚਾਨਣਾ ਹੋ ਜਾਵੇ, ਭਾਵ ਪੜ੍ਹਨ ਵਾਲੇ ਉਸਤਾਦ ਨੂੰ ਪਹਿਲਾਂ ਇਹ ਵਿਚਾਰ ਲੈਣਾ ਚਾਹੀਦਾ ਹੈ ਕਿ ਇਹ ਪੁਰਸ਼ ਪੜ੍ਹਾਉਣ ਦਾ ਅਧਿਕਾਰੀ ਹੈ ਜਾਂ ਨਹੀਂ। ਜੇਕਰ ਅਧਿਕਾਰੀ ਹੋਵੇ ਤਾਂ ਉਸਨੂੰ ਵਿੱਦਿਆ ਪੜ੍ਹਾਵੇ ਅਤੇ ਦੂਸਰੇ ਨੂੰ ਵਾਪਸ ਤੋਰ ਦੇਵੇ॥੧॥

ਕਿਉਂਕਿ ਵਿੱਦਿਆ ਨੂੰ ਮਨੁੱਖ ਦਾ ਤੀਸਰਾ ਨੇਤ੍ਰ ਮੰਨਿਆ ਹੈ, ਵਿੱਦਿਆ ਮਨੁੱਖ ਨੂੰ ਸਮਝ ਦੇਂਦੀ ਹੈ, ਮਨੁੱਖ ਵਿੱਦਿਆ ਪੜ੍ਹ ਕੇ ਚੰਗਾ ਮਾੜਾ, ਬੁਰਾ ਭਲਾ ਸਭ ਸਮਝ ਜਾਂਦਾ ਹੈ। ਜਿਵੇਂ ਚਾਨਣ ਦੇ ਵਿਚ ਸਭ ਵਸਤੂਆਂ ਸਾਫ਼ ਦਿਖਾਈ ਦੇਂਦੀਆਂ ਹਨ, ਤਿਵੇਂ ਸ਼ਾਸਤ੍ਰ ਗਿਆਨ, ਵਿੱਦਿਆ ਇਕ ਚਾਨਣਾ ਹੈ, ਇਸ ਤੋਂ ਸੇਧ ਲੈ ਕੇ ਭਲੇ ਬੁਰੇ ਦੀ ਪਰਖ ਕਰਨੀ ਮਨੁੱਖ ਦਾ ਕਰਤੱਵ ਬਣਦਾ ਹੈ।

ਜਿਵੇਂ ਮਣੀ ਵਾਲਾ ਸੱਪ ਹੁੰਦਾ ਹੈ, ਉਹ ਪੂਰਨਮਾਸ਼ੀ ਦੀ ਰਾਤ ਨੂੰ ਚੰਦ੍ਰਮਾ ਦੀ ਰੌਸ਼ਨੀ ਵਿਚ ਮਣੀ ਨੂੰ ਬਾਹਰ ਜ਼ਮੀਨ 'ਤੇ ਰੱਖਦਾ ਹੈ। ਕਹਿੰਦੇ ਹਨ ਕਿ ਚੰਦ੍ਰਮਾ ਦੀਆਂ ਕਿਰਨਾਂ ਉਸ ਉੱਪਰ ਪੈਣ ਨਾਲ ਉਸ ਵਿੱਚੋਂ ਅੰਮ੍ਰਿਤ ਟਪਕਦਾ ਹੈ, ਜਿਸ ਨੂੰ ਚੱਟ ਕੇ ਉਹ ਮਣੀ ਵਾਲਾ ਸੱਪ ਆਪਣੀ ਜ਼ਹਿਰ ਨੂੰ ਦੂਰ ਕਰਦਾ ਹੈ ਅਤੇ ਉਸਦੀ ਰੌਸ਼ਨੀ ਵਿਚ ਇੱਧਰ-ਉੱਧਰ ਫਿਰਦਾ ਹੈ।

ਦੂਸਰੇ ਪਾਸੇ ਕਈ ਇਹੋ ਜਿਹੇ ਸੱਪ ਹਨ, ਜੋ ਉਸੇ ਮਣੀ ਦੀ ਰੌਸ਼ਨੀ ਵਿਚ ਮਣੀ ਦੇ ਆਲੇ-ਦੁਆਲੇ ਆਏ ਕੀੜੇ-ਮਕੌੜਿਆਂ ਨੂੰ ਚੁਣ-ਚੁਣ ਕੇ ਖਾਂਦੇ ਹਨ।

ਏਸੇ ਪ੍ਰਕਾਰ ਸ਼ਾਸਤ੍ਰ ਵਿੱਦਿਆ ਇਕ ਮਣੀ ਦੀ ਨਿਆਈਂ ਹੈ, ਇਕ ਸ੍ਰੇਸ਼ਟ ਮਨੁੱਖ ਤਾਂ ਇਸ ਗਿਆਨ ਨੂੰ ਲੈ ਕਰਕੇ ਅਭੇਦਤਾ ਦੇ ਅਨੰਦ ਨੂੰ ਪ੍ਰਾਪਤ ਕਰਕੇ, ਭਜਨ, ਬੰਦਗੀ, ਪਰਉਪਕਾਰ ਦੇ ਕੰਮ ਕਰਕੇ ਜਿਥੇ ਆਪਣਾ ਜਨਮ ਸਫਲਾ ਕਰਦੇ ਹਨ, ਉਥੇ ਦੂਸਰੇ ਸੰਗੀ ਮਨੁੱਖਾਂ ਦੀ ਜ਼ਿੰਦਗੀ ਵੀ ਸਫਲ ਕਰ ਦੇਂਦੇ ਹਨ, ਵਿਕਾਰਾਂ ਦੀ ਵਿਹੁ ਨੂੰ ਆਪਣੇ ਅੰਦਰੋਂ ਕੱਢ ਕੇ ਸ਼ੁੱਭ ਗੁਣਾਂ ਨੂੰ ਅੰਦਰ ਵਸਾ ਕੇ ਮਾਨੋਂ ਆਪਣੇ ਜੀਵਨ ਨੂੰ ਦੂਸਰਿਆਂ ਲਈ ਚਾਨਣ ਮੁਨਾਰਾ ਬਣਾ ਜਾਂਦੇ ਹਨ।

ਦੂਸਰੇ ਪਾਸੇ ਪੁਰਖ ਸ਼ਾਸਤ੍ਰ ਗਿਆਨ ਨੂੰ ਪ੍ਰਾਪਤ ਕਰਦੇ ਵੀ ਪਰਮਾਤਮਾ ਦੇ ਨਾਲ ਅਭੇਦਤਾ ਦਾ ਕੋਈ ਅਨੰਦ ਨਹੀਂ ਲੈਂਦੇ ਸਗੋਂ ਸੱਪ ਦੀ ਨਿਆਈਂ ਕੀੜੇ-ਮਕੌੜੇ ਖਾਣ ਵਾਂਗ ਵਿਕਾਰਾਂ ਵਿਚ ਗ੍ਰਸੇ ਜਾਂਦੇ ਹਨ ਆਪਣੇ ਜੀਵਨ ਨੂੰ ਸੰਵਾਰਨ ਦੀ ਬਜਾਏ ਹੋਰ ਵਿਗਾੜ ਲੈਂਦੇ ਹਨ, ਜਿਵੇਂ ਅਜਾਮਲ ਨੇ ਵੇਸ਼ਵਾ ਦੇ ਅਧੀਨ ਹੋ ਕੇ ਆਪਣਾ ਹੱਸਦਾ-ਵੱਸਦਾ ਪਰਿਵਾਰ ਤਿਆਗ ਦਿੱਤਾ ਅਤੇ ਪੜ੍ਹੀ ਹੋਈ ਵਿੱਦਿਆ ਦੀ ਵੀ ਕੋਈ ਵਿਚਾਰ ਨਾ ਕੀਤੀ।

ਜਿਵੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਭਾਈ ਨਾਨੂ ਤੇ ਭਾਈ ਕਾਲੂ ਨੂੰ ਉਪਦੇਸ਼ ਰੂਪ ਵਿਚ ਕਥਨ ਕੀਤਾ ਹੈ। ਜੈਸਾ ਕਿ :

**ਸ਼੍ਰੀ ਅਰਜਨ ਪਦ ਕਰਿ ਕੈ ਨਮੋ॥ ਬੋਲੇ ਹਾਥ ਜੋਰਿ ਤਿਹ ਸਮੋ॥**
**'ਇਕ ਪਠਿ ਸੁਨਿ ਕੈ ਸ਼ਬਦ ਤੁਮਾਰਾ॥ ਭਲੇ ਕਰਮ ਕਰਿ ਜਨਮ ਸੁਧਾਰਾ॥੩੯॥**
**ਇਕ ਐਸੇ ਪਠਿ ਕੈ ਹੁਇੰ ਮਾਨੀ॥ ਭੈਗੈਂ ਬਿਸ਼ਯਨਿ ਨਾਰਿ ਬਿਰਾਨੀ॥**
**ਅਰਪ ਬੁਰੇ ਕਰਮਨ ਕੋ ਕਰੈਂ॥ ਪਠਿ ਕਰਿ ਲੋਕਨਿ ਤੇ ਧਨ ਹਿਰੈਂ॥੪੦॥**
**ਤਿਨ ਕੀ ਦਸ਼ਾ ਹੋਤਿ ਹੈ ਕੌਨ॥ ਸੁਨਿ ਬੋਲੇ ਗੁਣ ਕਰੁਣਾ ਭੌਨ॥**
**'ਪਠਹਿਂ ਸੁਨਹਿਂ ਜੇ ਹਿਤ ਕੱਲਜਾਨ॥ ਸ਼ੁਭ ਕਰਮੀ ਕਿ ਕਰੈਂ ਗੁਜ਼ਰਾਨ॥੪੧॥**
**ਅਰਥ ਲਖੈਂ ਦੁਰਮਤਿ ਕੋ ਤਜਾਗੈਂ॥ ਸੱਤਿਨਾਮ ਸਿਮਰਨਿ ਅਨੁਰਾਗੈਂ॥**
**ਤਿਨਕੋ ਜਨਮ ਮਰਨ ਮਿਟਿ ਜਾਇ॥ ਗੁਰ ਸਮੀਪਤਾ ਸੋ ਨਰ ਪਾਇਂ॥੪੨॥**
**ਪਠਹਿਂ ਲੇਨਿ ਧਨ ਕੋ ਧਰਿ ਲੋਭਾ॥ ਕਰਹਿਂ ਕੁਕਰਮਨਿ ਪ੍ਰਾਪਤਿ ਸੋਭਾ॥**
**ਜਿਮ ਅਹਿ ਮਣਿ ਪ੍ਰਕਾਸ਼ ਕੋ ਪਾਇ॥ ਬੀਨ ਬੀਨ ਕਿਰਮਨਿ ਕੋ ਖਾਇ॥੪੩॥**
**ਤਿਮ ਤਿਨ ਨਰ ਕੀ ਕ੍ਰਿੱਤ ਪਛਾਨੋ॥ ਪਠਿ ਸੁਨਾਇ ਲੇਂ ਦਰਬ ਮਹਾਨੋ॥**
**ਕਰਹਿਂ ਕੁਕਰਮ ਭੋਗ ਤ੍ਰਿਯ ਪਰ ਕੋ॥ ਸਿਮਰਹਿਂ ਨਹਿ ਸਤਿਨਾਮੁ ਸੁ ਬਰ ਕੋ॥੪੪॥**
**ਨਰਕ ਸਿਧਾਰਹਿਂ, ਗੁਰ ਨ ਸਹਾਇ॥ ਬਿਨ ਸਹਾਇਤਾ ਬਹੁ ਦੁਖ ਪਾਇਂ'॥...॥੪੫॥**

*(ਰਾਸਿ ੩, ਅੰਸੂ ੬੩)*

ਅੱਗੇ ਵਿੱਦਿਆ ਦੇ ਕੁਝ ਨਿਯਮ ਕਥਨ ਕਰਦੇ ਹਨ :

## ਸੋਰਠਾ॥

## ਮੈਥਨ ਸੈਨ ਅਹਾਰ; ਪਾਠ ਸਮੈ ਤੀਨੋਂ ਤਜੇ॥

ਧੀਰਜਵਾਨ, ਜੋਗ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਪਾਠ = ਸੰਥਿਆ ਪੜ੍ਹਨ ਦੇ ਸਮੈ = ਵੇਲੇ ਮੈਥੁਨ = ਇਸਤ੍ਰੀ ਨਾਲ ਭੋਗ, ਸੰਬੰਧ, ਸੈਨ = ਸੌਣਾ ਅਤੇ ਅਹਾਰ = ਭੋਜਨ ਇਹ ਤੀਨੋ = ਤਿੰਨੇ ਤਜੇ = ਤਿਆਗ ਦੇਵੇ।

## ਪਾਠ ਸਹਿਤ ਪੁਨ ਚਾਰ; ਤਜੈ ਸਾਂਝ ਮੈਂ ਧੀਰ ਜਨ ॥੨॥

ਪੁਨ = ਫੇਰ ਸਾਂਝ = ਸੰਧਿਆ ਦੇ ਸਮੇਂ ਵਿਚ ਪਾਠ = ਸੰਖਿਆ ਦੇ ਸਹਿਤ ਇਨ੍ਹਾਂ ਚਾਰਾਂ ਨੂੰ ਤਜੇ = ਤਿਆਗ ਦੇਵੇ, ਉਹ ਧੀਰ = ਧੀਰਜਵਾਨ ਜਨ = ਮਨੁੱਖ ਅਖਵਾਉਂਦਾ ਹੈ, ਭਾਵ ਪਾਠ ਸਮੇਂ ਤਿੰਨ ਚੀਜ਼ਾਂ ਦਾ ਤਿਆਗ ਕਰੇ ਅਤੇ ਸੰਧਿਆ ਵੇਲੇ (ਭਜਨ, ਬੰਦਗੀ ਦੇ ਸਮੇਂ) ਸੰਥਿਆ ਨੂੰ ਵੀ ਆਪਣੇ ਧਰਮ ਅਨੁਸਾਰ ਕਰੇ ਤੇ ਫਿਰ ਭਜਨ ਬੰਦਗੀ ਵੀ ਕਰੇ ॥੨॥

ਅਨ-ਅਧਿਕਾਰੀ ਦਾ ਕਥਨ ਕਰਦੇ ਹਨ ਕਿ ਐਸੇ ਲੱਛਣਾਂ ਵਾਲਾ ਮਨੁੱਖ ਵਿੱਦਿਆ ਨਹੀਂ ਪੜ੍ਹ ਸਕਦਾ ॥

### ਦੋਹਰਾ ॥

## ਸੁਖੀ ਵਿਆਧੀ ਆਲਸੀ; ਕੁਮਤਿ ਰਸਕ ਬਹੁ ਸੋਇ ॥

ਸੁਖੀ = ਸੁੱਖਾਂ ਦੇ ਵਿਚ ਰਹਿਣ ਵਾਲਾ ਮਨੁੱਖ, ਵਿਆਧੀ = ਰੋਗੀ, ਆਲਸੀ = ਦਲਿਦ੍ਰੀ, ਕੁਮਤਿ = ਖੋਟੀ ਮਤ ਵਾਲਾ, ਰਸਕ = ਰਸੀਆ ਭਾਵ ਖਾਣ-ਪੀਣ ਦੇ ਬਹੁਤੇ ਸਵਾਦਾਂ ਵਿਚ ਰਸਿਆ ਹੋਇਆ ਅਤੇ ਜੋ ਬਹੁ = ਬਹੁ, ਸੋਇ = ਸੌਂਦਾ ਹੈ।

## ਤਿਹ ਅਧਿਕਾਰ ਨ ਸ਼ਾਸਤ੍ਰ ਕੋ; ਖਟ ਦੋਖੀ ਜਨੁ ਜੋਇ ॥੩॥

ਤਿਹ = ਉਸ ਮਨੁੱਖ ਨੂੰ ਸ਼ਾਸਤ੍ਰ = ਗ੍ਰੰਥ, ਵਿੱਦਿਆ ਪੜ੍ਹਨ ਕੋ = ਦਾ ਅਧਿਕਾਰ = ਹੱਕ ਨਹੀਂ ਹੈ, ਜਿਸ ਜਨੁ = ਮਨੁੱਖ ਵਿਚ ਇਹ ਉਪਰੋਕਤ ਖਟ = ਛੇ ਦੋਖੀ = ਦੋਸ਼ ਜੋਇ = ਦੇਖੇ ਜਾਂਦੇ ਹਨ ॥੩॥

### ਸ਼ੰਕਰ ਛੰਦ ॥

## ਕਛੁ ਘ੍ਰਿਤ ਸਨੇਹ ਨ ਲਵਣ ਤੰਦੁਲ; ਤੱਕ੍ਰ ਧਾਂਮ ਨ ਦਾਂਮ ॥

ਜਿਸ ਮਨੁੱਖ ਦੇ ਘਰ ਵਿਚ ਕਛੁ = ਕੁਝ, ਘ੍ਰਿਤ = ਘਿਉ, ਸਨੇਹ = ਤੇਲ, ਲਵਣ = ਲੂਣ ਤੇ ਤੰਦੁਲ = ਚੌਲ, ਨ = ਨਹੀਂ ਹਨ, ਤੱਕ੍ਰ = ਲੱਸੀ ਤਕ ਵੀ ਨਹੀਂ ਹੈ ਅਤੇ ਇਨ੍ਹਾਂ ਨੂੰ ਖ਼ਰੀਦਣ ਵਾਸਤੇ ਧਾਮ = ਘਰ ਵਿਚ ਕੋਈ ਦਾਮ = ਦਮੜਾ, ਪੈਸਾ-ਧੇਲਾ ਵੀ ਨਹੀਂ ਹੈ।

## ਯਾ ਸੰਚਰੀ ਜਿਹਿ ਚਿਤ ਚਿੰਤਾ; ਧਾਂਮ ਕੀ ਦੁਖ ਧਾਂਮ ॥

ਫੇਰ ਯਾ = ਇਨ੍ਹਾਂ ਉਪਰੋਕਤ ਕਥਨ ਕੀਤੇ ਪਦਾਰਥਾਂ ਨੂੰ ਸੰਚਰੀ = ਇਕੱਤ੍ਰ ਕਰਨ ਦੀ, ਜਿਹਿ = ਜਿਸ ਮਨੁੱਖ ਦੇ ਚਿਤ ਵਿਚ ਚਿੰਤਾ ਲੱਗੀ ਹੋਈ ਹੈ, ਉਹ ਧਾਮ = ਘਰ ਕੀ ਹੈ ਬਲਕਿ ਦੁੱਖਾਂ ਦਾ ਹੀ ਧਾਮੁ = ਘਰ ਹੈ।

## ਭਈ ਨਾਸ ਪ੍ਰਾਕ ਅਗਾਮ ਕੀ ਬੁੱਧਿ; ਮੂੜ੍ਹ ਮੋਹਿਓ ਬਾਮ ॥

ਏਸੇ ਚਿੰਤਾ ਕਰਕੇ ਉਸ ਮਨੁੱਖ ਦੀ ਪ੍ਰਾਕ = ਪੂਰਬਲੀ ਅਤੇ ਅਗਾਮ = ਅੱਗੇ ਹੋਣ ਵਾਲੀ ਸਾਰੀ ਬੁਧਿ = ਮੱਤ ਨਾਸ਼ ਹੋ ਜਾਂਦੀ ਹੈ **ਵਾ:** ਨਾਸ਼ ਹੋ ਗਈ ਹੈ, ਉਹ ਮੂੜ = ਮੂਰਖ ਮਨੁੱਖ ਆਪਣੀ, ਬਾਮ = ਇਸਤ੍ਰੀ ਦਾ ਮੋਹਿਆ ਇਨ੍ਹਾਂ ਦੁੱਖਾਂ ਨੂੰ ਸਹਾਰਦਾ ਹੈ।

## ਅਧਿਕਾਰ ਨਹਿ ਤਹਿ ਸ਼ਾਸਤ੍ਰ ਕੋ; ਸੋ ਭਜੇ ਨਿਤ ਸ੍ਰੀ ਰਾਮ ॥੪॥

ਤਹਿ = ਤਿਸ ਮਨੁੱਖ ਨੂੰ ਵੀ ਸ਼ਾਸਤ੍ਰ = ਗ੍ਰੰਥ, ਵਿੱਦਿਆ ਪੜ੍ਹਨ ਦਾ ਕੋਈ ਅਧਿਕਾਰ ਨਹੀਂ ਹੈ ॥੪॥

***ਪ੍ਰਸ਼ਨ :*** *ਫੇਰ ਉਹ ਮਨੁੱਖ ਕੀ ਕਰਤੱਵ ਕਰੇ ?*

***ਉੱਤਰ :*** ਸੋ = ਉਹ ਮਨੁੱਖ ਨਿਤ = ਨਿਤਾਪ੍ਰਤੀ, ਸ੍ਰੀ ਰਾਮ ਨਾਮ ਭਜੇ = ਸਿਮਰਨਾ ਕਰੇ।

## ਸੋਰਠਾ ॥ ਜਿਹ ਨਿਜ ਮਤਿ ਕਛੁ ਨਾਹਿ; ਸ਼ਾਸਤ੍ਰ ਤਾਂਹਿ ਕੋ ਕਿਆ ਕਰੈ ॥

ਜਿਹ = ਜਿਸ, ਮਨੁੱਖ ਦੀ ਨਿਜ = ਆਪਣੀ ਕਛੁ = ਕੁਝ ਵੀ ਮਤਿ = ਬੁੱਧੀ, ਅਕਲ ਨਾਹਿ = ਨਹੀਂ ਹੈ, ਦੱਸੋ ਫੇਰ ਸ਼ਾਸਤ੍ਰ = ਗ੍ਰੰਥ ਨੇ ਤਾਂਹਿ = ਉਸ ਨੂੰ ਕਿਆ = ਕੀ ਕਰੈ = ਕਰਨਾ ਹੈ।

## ਲੋਚਨ ਬਿਨ ਜੋ ਆਹਿ; ਪ੍ਰਤਿਬਿੰਬੀ ਕਯਾ ਕਰੈ ਤਿਹ ॥੫॥

ਅੱਗੇ ਦ੍ਰਿਸ਼ਟਾਂਤ ਦੇਂਦੇ ਹਨ ਕਿ ਜੋ = ਜਿਹੜੇ ਮਨੁੱਖ ਪਹਿਲਾਂ ਹੀ ਲੋਚਨ = ਨੇਤ੍ਰਾਂ ਤੋਂ ਬਿਨੁ = ਬ਼ਗੈਰ ਭਾਵ ਅੰਨ੍ਹੇ ਆਹਿ = ਹਨ, ਤਿਹ = ਉਨ੍ਹਾਂ ਨੂੰ (ਪ੍ਰਤਿ + ਬਿੰਬੀ) ਪ੍ਰਤਿ = ਉਲਟਾ ਬਿੰਬੀ = ਅਕਸ ਵਾਲਾ ਭਾਵ ਸ਼ੀਸ਼ਾ ਕਯਾ = ਕੀ, ਕਰੈ = ਕਰ ਸਕਦਾ ਹੈ ਅਰਥਾਤ ਅੰਨ੍ਹੇ ਮਨੁੱਖ ਨੂੰ ਸ਼ੀਸ਼ਾ ਉਸਦਾ ਮੁੱਖ ਦਿਖਾਉਣ ਲਈ ਸਮਰੱਥ ਨਹੀਂ ਹੈ, ਤਿਵੇਂ ਬੁੱਧੀਹੀਨ ਜੋ ਮੂਰਖ ਹਨ, ਉਨ੍ਹਾਂ ਨੂੰ ਵੇਦ ਸ਼ਾਸਤ੍ਰ ਨਹੀਂ ਸਮਝਾ ਸਕਦੇ ॥੫॥ ਜੈਸਾ ਕਿ :

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥**
**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥** *(ਸਲੋਕ ਭਗਤ ਕਬੀਰ ਜੀ, ਅੰਗ ੧੩੭੨)*

## ਬੀਚ ਅਸ਼ਟਮੀ ਮੀਚ ਗੁਰੁ; ਅਸ਼ਟ ਖਸ਼ਟ ਮੈਂ ਸਿੱਖ ॥

ਪੁਰਾਤਨ ਸ਼ਾਸਤ੍ਰਾਂ ਦੀ ਆਗਿਆ ਹੈ ਕਿ ਜੇਕਰ ਅਸਟਮੀ = ਅੱਠਵੀਂ ਥਿੱਤ ਵਾਲੇ ਦਿਨ ਗੁਰੂ ਪੜ੍ਹਾਏਗਾ ਤਾਂ ਪੜ੍ਹਾਉਣ ਵਾਲਾ ਗੁਰੂ ਮੀਚ = ਮਰ ਜਾਏਗਾ ਅਤੇ ਅਸ਼ਟ ਖਸ਼ਟ (੮ + ੬) = ਚੌਦਸ ਵਾਲੇ ਦਿਨ ਜੋ ਸਿੱਖ ਵਿੱਦਿਆ ਪੜ੍ਹੇਗਾ, ਉਹ ਮਰ ਜਾਵੇਗਾ।

## ਪੰਚਦਸੀ ਗੁਰੁ ਸਿੱਖ ਮਰੈ; ਏਕਮ ਪਾਠ ਅਸਿੱਖ ॥੬॥

ਪੰਚ ਦਸੀ (੫ + ੧੦) = ਪੁੰਨਿਆ ਜਾਂ ਮੱਸਿਆ ਵਾਲੇ ਦਿਨ ਪੜ੍ਹਨ ਵਾਲਾ ਸਿੱਖ ਤੇ ਪੜ੍ਹਾਉਣ ਵਾਲਾ ਗੁਰੂ ਦੋਵੇਂ ਹੀ ਮਰੇ = ਮਰ ਜਾਣਗੇ ਅਤੇ ਏਕਮ = ਪਹਿਲੀ ਥਿੱਤ ਵਾਲੇ ਦਿਨ ਜੇਕਰ ਵਿੱਦਿਆ ਪੜ੍ਹੇ ਤਾਂ ਪਿਛਲਾ ਪਾਠ = ਪੜ੍ਹਿਆ ਹੋਇਆ ਸਭ ਕੁਝ, ਅਸਿੱਖ = ਭੁੱਲ ਜਾਂਦਾ ਹੈ। ਜਿਸ ਪ੍ਰਕਾਰ ਹਨੂੰਮਾਨ ਨੂੰ ਭੁੱਲ ਗਿਆ ਸੀ ॥੬॥

**ਸਾਖੀ ਹਨੂੰਮਾਨ ਦੀ :** ਇਕ ਵਾਰ ਹਨੂੰਮਾਨ ਸੂਰਜ ਭਗਵਾਨ ਦੇ ਕੋਲ ਵਿੱਦਿਆ ਪੜ੍ਹਨ ਲਈ ਗਿਆ, ਸੂਰਜ ਭਗਵਾਨ ਕੋਲ ਜਾ ਕੇ ਉਸਨੂੰ ਨਮਸਕਾਰ ਕੀਤੀ ਅਤੇ ਬੇਨਤੀ ਕਰ ਕੇ ਕਿਹਾ ਕਿ ਮੈਂ ਵਿੱਦਿਆ ਪੜ੍ਹਨ ਲਈ ਆਇਆ ਹਾਂ। ਤੁਸੀਂ ਮੈਨੂੰ ਪਹਿਲਾਂ ਇਹ ਦੱਸੋ ਕਿ ਵਿੱਦਿਆ ਕਿੰਨੇ ਪ੍ਰਕਾਰ ਦੀ ਹੈ ? ਅੱਗੋਂ ਸੂਰਜ ਨੇ ਕਿਹਾ ਕਿ ਸੰਸਾਰ ਵਿਚ ਚੌਦਾਂ ਵਿੱਦਿਆ ਹਨ ਜਿਵੇਂ ੧. ਰਿਗਵੇਦ, ੨. ਸਾਮਵੇਦ, ੩. ਯਜੁਰਵੇਦ, ੪. ਅਥਰਬਣ ਵੇਦ, ੫. ਸਿਖ੍ਯ, ੬. ਕਲਪ, ੭. ਵਿਯਾਕਰਨ, ੮. ਜੋਤਿਸ, ੯. ਛੰਦ ਸ਼ਾਸਤ੍ਰ, ੧੦. ਨਿਰੁਕਤ, ੧੧. ਮਿਮਾਂਸਾ, ੧੨. ਤਰਕ ਸ਼ਾਸਤ੍ਰ, ੧੩. ਪੁਰਾਨ, ਅਤੇ ੧੪. ਧਰਮ ਸ਼ਾਸਤ੍ਰ; ਇਹ ਚੌਦਾਂ ਪ੍ਰਕਾਰ ਦੀ ਵਿੱਦਿਆਂ ਹੈ (ਇਹ ਵਾਰਤਾ ਕ੍ਰਿਸ਼ਨ ਧੂਰ ਜਟੀ ਦੀਖਤ ਨੇ 'ਤਰਕ ਸੰਗ੍ਰਹਿ' ਦੀ ਟੀਕਾ ਨਯਾਇ ਚੰਦ੍ਰੋਦਿਯ ਵਿਚ ਕਿਸੀ ਨਿਬੰਧ ਦਾ ਪ੍ਰਮਾਣ ਦਿੱਤਾ ਹੈ) ਹਨੂੰਮਾਨ ਨੇ ਕਿਹਾ ਕਿ ਭਗਵਾਨ ਜੀ ! ਤੁਸੀਂ ਮੈਨੂੰ ਇਹ ਸਾਰੀਆਂ ਵਿੱਦਿਆ ਪੜ੍ਹਾ ਦੇਵੋ ਮੈਂ ਕੋਈ ਵੀ ਥਿੱਤ ਛੁੱਟੀ ਨਹੀਂ ਕਰਾਂਗਾ, ਲਗਾਤਾਰ ਪੜ੍ਹਦਾ ਰਹਾਂਗਾ। ਸੂਰਜ ਭਗਵਾਨ ਨੇ ਕਿਹਾ ਕਿ ਜਿਵੇਂ ਤੇਰੀ ਮਰਜ਼ੀ। ਤਦ ਆਪਣੇ ਰੱਥ ਵਿਚ ਬਿਠਾ ਕੇ ਹਨੂੰਮਾਨ ਨੂੰ ਵਿੱਦਿਆ ਪੜ੍ਹਾਉਣ ਲੱਗਾ।

ਸਮਾਂ ਪਾ ਕੇ ਹਨੂੰਮਾਨ ਨੇ ਸਾਰੀ ਵਿੱਦਿਆ ਪੜ੍ਹ ਲਈ। ਜਦੋਂ ਦੂਸਰੀ ਵਾਰ ਵਿੱਦਿਆ ਨੂੰ ਵਿਚਾਰਨ

ਲੱਗਾ ਤਾਂ ਕੁਝ ਵੀ ਯਾਦ ਨਾ ਆਇਆ, ਸਾਰੀ ਵਿੱਦਿਆ ਭੁੱਲ ਗਈ। ਚਿਤ ਵਿਚ ਸੋਚਣ ਲੱਗਾ ਕਿ ਇਹ ਕੀ ਕਾਰਨ ਹੋ ਗਿਆ, ਸਾਰੀ ਵਿੱਦਿਆ ਅਨਪੜ੍ਹੀ ਜਿਹੀ ਹੋ ਗਈ ਹੈ, ਮੇਰੀ ਸਾਰੀ ਮਿਹਨਤ ਖੂਹ ਵਿਚ ਪੈ ਗਈ ਹੈ। ਤਦੋਂ ਸੂਰਜ ਭਗਵਾਨ ਦੇ ਕੋਲ ਗਿਆ ਅਤੇ ਬੇਨਤੀ ਕਰ ਕੇ ਇਹ ਪੁੱਛਿਆ ਕਿ ਮੈਨੂੰ ਸਾਰੀ ਵਿੱਦਿਆ ਕਿਉਂ ਭੁੱਲ ਗਈ ਹੈ, ਇਹ ਕੀ ਕਾਰਨ ਹੋਇਆ ? ਅੱਗੋਂ ਸੂਰਜ ਭਗਵਾਨ ਨੇ ਕਿਹਾ ਕਿ ਜੋ ਅਧਿਕ ਲਾਲਚ ਕਰਦਾ ਹੈ, ਉਸਦਾ ਇਹੀ ਹਾਲ ਹੁੰਦਾ ਹੈ। ਇਸ ਵਿਚ ਦੋ ਕਾਰਨ ਹਨ। ਇਕ ਤਾਂ ਇਹ ਕਿ ਤੂੰ ਮੇਰੇ ਬਰਾਬਰ ਬੈਠ ਕੇ ਵਿੱਦਿਆ ਪੜ੍ਹੀ ਅਤੇ ਦੂਸਰਾ ਇਹ ਕਿ ਤੂੰ ਕਿਸੇ ਵੀ ਥਿੱਤ ਦੀ ਵਿਚਾਰ ਨਹੀਂ ਕੀਤੀ, ਤੂੰ ਏਕਮ ਵਾਲੇ ਦਿਨ ਵੀ ਵਿੱਦਿਆ ਪੜ੍ਹਦਾ ਰਿਹਾ, ਇਸੇ ਕਰਕੇ ਤੈਨੂੰ ਸਾਰੀ ਵਿੱਦਿਆ ਭੁੱਲ ਗਈ ਹੈ। ਹਨੂੰਮਾਨ ਇਹ ਸੁਣ ਕੇ ਬਹੁਤ ਹੈਰਾਨ ਹੋਇਆ ਅਤੇ ਕਿਹਾ ਕਿ ਤੁਸੀਂ ਮੈਨੂੰ ਫੇਰ ਦੁਬਾਰਾ ਸਾਰੀ ਵਿੱਦਿਆ ਪੜ੍ਹਾਉ, ਮੈਂ ਇਹ ਦੋਵੇਂ ਅਵੱਗਿਆ ਹੁਣ ਨਹੀਂ ਕਰਾਂਗਾ। ਸੂਰਜ ਨੇ ਕਿਹਾ ਕਿ ਹੁਣ ਮੇਰਾ ਰੱਥ ਨਹੀਂ ਠਹਿਰਨਾ, ਮੈਂ ਤੈਨੂੰ ਕਿਵੇਂ ਪੜ੍ਹਾਵਾਂਗਾ। ਅੱਗੋਂ ਹਨੂੰਮਾਨ ਨੇ ਕਿਹਾ ਕਿ ਮੈਂ ਤੁਹਾਡੇ ਰੱਥ ਦੇ ਅੱਗੇ ਪਿੱਛੇ ਨੂੰ ਮੁਖ ਕਰ ਕੇ ਦੌੜਾਂਗਾ। ਇਸ ਤਰ੍ਹਾਂ ਤੁਸੀਂ ਮੈਨੂੰ ਵਿੱਦਿਆ ਪੜ੍ਹਾਈ ਚੱਲੋ। ਜਦੋਂ ਇਸ ਪ੍ਰਕਾਰ ਨਿਯਮ ਅਨੁਸਾਰ ਵਿੱਦਿਆ ਪੜ੍ਹੀ ਤਾਂ ਤੁਰੰਤ ਹੀ ਸਾਰੀ ਵਿੱਦਿਆ ਸਫੁਰਨ ਹੋ ਆਈ।

ਸੋ ਇਸ ਪ੍ਰਕਾਰ ਇਹ ਪੁਰਾਤਨ ਸ਼ਾਸਤ੍ਰਾਂ ਦਾ ਵਿੱਦਿਆ ਪੜ੍ਹਾਉਣ ਲਈ ਨਿਯਮ ਰੱਖਿਆ ਹੋਇਆ ਸੀ।

ਦੂਸਰਾ ਕਾਰਨ ਇਹ ਵੀ ਸਮਝਿਆ ਜਾਂਦਾ ਹੈ ਕਿ ਜੇਕਰ ਵਿਦਿਆਰਥੀ ਸਦਾ ਪੜ੍ਹਦਾ ਰਹੇ ਤੇ ਪਿਛਲੀ ਵਿੱਦਿਆ ਦੀ ਕੋਈ ਵਿਚਾਰ ਨਾ ਕਰੇ ਤਾਂ ਪਿਛਲੀ ਵਿੱਦਿਆ ਭੁੱਲ ਜਾਂਦੀ ਹੈ ਤੇ 'ਅੱਗਾ ਦੌੜ ਪਿੱਛਾ ਚੌੜ' ਵਾਲੀ ਗੱਲ ਹੋ ਜਾਂਦੀ ਹੈ। ਇਸ ਲਈ ਇਨ੍ਹਾਂ ਥਿੱਤਾਂ ਦਾ ਡਰ ਰੱਖ ਦਿੱਤਾ, ਤਾਂ ਕਿ ਵਿਦਿਆਰਥੀ ਪਿਛਲੀ ਵਿੱਦਿਆ ਵੀ ਵਿਚਾਰ ਲਏ ਤੇ ਆਪਣੇ ਬਸਤ੍ਰ ਆਦਿ ਵੀ ਧੋ ਲਵੇ।

ਅੱਗੇ ਵਿੱਦਿਆ ਪੜ੍ਹਨ ਲਈ ਬਾਹਰਲੇ ਸਹਿਕਾਰੀ ਗੁਣਾਂ ਦਾ ਵਰਣਨ ਕਰਦੇ ਹਨ :

## ਦੋਹਰਾ ॥ ਗੁਰ ਪੁਸਤਕ ਭੂਮੀ ਸੁਭਗ; ਪ੍ਰੀਤਮ ਅਵਰ ਸਹਾਇ ॥

ਵਿੱਦਿਆ ਪੜ੍ਹਨ ਦੇ ਵਿਚ ਇਹ ਬਾਹਰਲੇ ਪੰਜ ਗੁਣ ਬਹੁਤ ਸਹਿਕਾਰੀ ਹਨ।

੧. **ਗੁਰੂ**—ਪੜ੍ਹਾਉਣ ਵਾਲਾ ਗੁਰੂ ਉੱਤਮ ਹੋਣਾ ਚਾਹੀਦਾ ਹੈ, ਉਸਤਾਦ ਵਾਲੇ ਸਾਰੇ ਗੁਣ ਉਸ ਵਿਚ ਹੋਣੇ ਚਾਹੀਦੇ ਹਨ, ਤਾਮਸੀ ਸੁਭਾਅ ਨਾ ਹੋਵੇ, ਕ੍ਰਿਪਾਲੂ ਤੇ ਸਾਂਤਕੀ ਸੁਭਾਅ ਵਾਲਾ ਗੁਰੂ ਹੋਣਾ ਚਾਹੀਦਾ ਹੈ, ਕਿਉਂਕਿ ਜਿਤਨੀ ਵਾਰ ਵੀ ਵਿਦਿਆਰਥੀ ਨੂੰ ਕੁਝ ਪੁੱਛਣ ਦੀ ਲੋੜ ਪਵੇ ਤਾਂ ਗੁਰੂ ਆਪਣਾ ਫ਼ਰਜ਼ ਸਮਝ ਕੇ ਪ੍ਰਸੰਨ-ਚਿਤ ਹੋ ਕੇ ਉਸਦਾ ਉੱਤਰ ਦੇਵੇ। ਇਹੋ ਜਿਹਾ ਨਾ ਹੋਵੇ ਕਿ ਜਦੋਂ ਕੋਈ ਵਿਦਿਆਰਥੀ ਕੁਝ ਪ੍ਰਸ਼ਨ ਕਰੇ ਤਾਂ ਅੱਗੋਂ ਉਨ੍ਹਾਂ ਨੂੰ ਝਿੜਕਣ ਲੱਗ ਜਾਵੇ।

੨. **ਪੁਸਤਕ**—ਵਿੱਦਿਆ ਪੜ੍ਹਨ ਵਾਸਤੇ ਪੁਸਤਕ ਵੀ ਆਪਣੀ ਹੋਣੀ ਚਾਹੀਦੀ ਹੈ, ਕਿਉਂਕਿ ਵਿੱਦਿਆ ਪੜ੍ਹਨ ਲੱਗਿਆਂ ਗੁਰੂ ਕੁਝ ਗੁੱਝੇ ਭੇਦ, ਦੱਸ ਦੇਂਦਾ ਹੈ ਅਤੇ ਪੁਸਤਕ ਦੀ ਸੁਧਾਈ ਵੀ ਹੋ ਜਾਂਦੀ ਹੈ। ਜੇਕਰ ਪੁਸਤਕ ਕਿਸੇ ਦੀ ਹੋਵੇ ਤਾਂ ਉਹ ਕਦੇ ਵੀ ਮੰਗ ਸਕਦਾ ਹੈ ਤੇ ਸੰਥਾ ਵਿਚਾਲੇ ਹੀ ਰੁਕ ਜਾਵੇਗੀ, ਇਸ ਲਈ ਜੋ ਗ੍ਰੰਥ ਵੀ ਪੜ੍ਹਨਾ ਹੈ, ਉਹ ਆਪਣਾ ਹੀ ਹੋਣਾ ਚਾਹੀਦਾ ਹੈ।

੩. **ਭੂਮੀ ਸੁਭਗ**—ਵਿੱਦਿਆ ਪੜ੍ਹਨ ਲਈ, ਭੂਮੀ = ਧਰਤੀ ਵੀ, ਸੁਭਗ = ਸ੍ਰੇਸ਼ਟ ਭਾਗਾਂ ਵਾਲੀ ਸੁੰਦਰ ਅਤੇ ਪਵਿੱਤ੍ਰ ਹੋਣੀ ਚਾਹੀਦੀ ਹੈ। ਕਿਉਂਕਿ ਪਵਿੱਤ੍ਰ ਅਸਥਾਨਾਂ 'ਤੇ ਜਪ, ਤਪ, ਨਾਮ ਦਾ ਪ੍ਰਭਾਵ ਹੋਣ ਨਾਲ ਉਥੇ ਪੜ੍ਹੀ ਵਿੱਦਿਆ ਛੇਤੀ ਹੀ ਸਫੁਰਨ ਹੋ ਜਾਂਦੀ ਹੈ, ਜਿਵੇਂ ਸਨਾਤਨ ਮਤ ਵਿਚ ਕਾਂਸੀ, ਹਰਿਦੁਆਰ ਅਤੇ ਗੁਰਮਤਿ ਵਿਚ ਸ੍ਰੀ ਦਮਦਮਾ ਸਾਹਿਬ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਇਤਿਆਦਿਕ ਪਵਿੱਤ੍ਰ ਅਸਥਾਨ ਹਨ, ਇਨ੍ਹਾਂ ਅਸਥਾਨਾਂ 'ਤੇ ਵਿੱਦਿਆ ਪੜ੍ਹੀ ਛੇਤੀ ਹੀ ਸਫੁਰਨ ਹੋ ਜਾਂਦੀ ਹੈ। ਇਸ ਲਈ ਵਿੱਦਿਆ ਪੜ੍ਹਨ ਦੇ ਵਾਸਤੇ ਅਸਥਾਨ ਪਵਿੱਤ੍ਰ, ਸ੍ਰੇਸ਼ਟ ਹੋਣਾ ਚਾਹੀਦਾ ਹੈ।

੪. **ਪ੍ਰੀਤਮ**—ਆਪਣੇ ਨਾਲ ਪੜ੍ਹਨ ਵਾਲੇ ਵਿਦਿਆਰਥੀ ਵੀ ਪ੍ਰੀਤਮ = ਪਿਆਰ ਵਾਲੇ ਹੋਣੇ ਚਾਹੀਦੇ ਹਨ ਅਤੇ ਪ੍ਰੇਮ ਨਾਲ ਵਿੱਦਿਆ ਪੜ੍ਹਨ ਵਾਲੇ ਹੋਣੇ ਚਾਹੀਦੇ ਹਨ ਕਿਉਂਕਿ ਜੇਕਰ ਇਕ ਵਿੱਦਿਆ ਪੜ੍ਹਦਾ ਹੋਵੇ ਤੇ ਦੂਸਰਾ ਵਿੱਦਿਆ ਨੂੰ ਛੱਡ ਕੇ ਹੋਰ ਦੁਨੀਆਂਦਾਰੀ ਦੀਆਂ ਗੱਲਾਂ ਕਰਦਾ ਰਹੇ ਤਾਂ ਵਿੱਦਿਆ ਵਿਚ ਇਕਾਗਰਤਾ ਨਹੀਂ ਬੱਝਦੀ ਅਤੇ ਵਿੱਦਿਆ ਚੰਗੀ ਤਰ੍ਹਾਂ ਫਲੀਭੂਤ ਨਹੀਂ ਹੁੰਦੀ। ਇਸ ਲਈ ਨਾਲ ਦੇ ਵਿਦਿਆਰਥੀ ਵੀ ਪਿਆਰ ਵਾਲੇ ਹੋਣੇ ਚਾਹੀਦੇ ਹਨ ਤਾਂ ਜੋ ਇਕ ਵਾਰ ਗੁਰੂ ਤੋਂ ਵਿੱਦਿਆ ਪੜ੍ਹੀ ਤੇ ਦੂਸਰੀ ਵਾਰ ਆਪਣੇ ਪਿਆਰ ਵਾਲੇ ਸੰਗੀਆਂ ਨਾਲ ਬੈਠ ਕੇ ਵਿਚਾਰ ਲਈ ਜਾਵੇ ਤਦ ਵਿੱਦਿਆ ਚੰਗੀ ਤਰ੍ਹਾਂ ਆ ਜਾਂਦੀ ਹੈ।

੫. **ਅਵਰ ਸਹਾਇ**—ਅਵਰ = ਹੋਰ ਬਾਹਰੀ, ਸਹਾਇ = ਸਹਾਇਤਾ ਵੀ ਮਿਲਦੀ ਹੋਵੇ ਭਾਵ ਸਰੀਰ ਦੇ ਨਿਰਬਾਹ ਵਾਸਤੇ ਸਾਬਣ, ਤੇਲ ਜਾਂ ਕਿਸੇ ਪੋਥੀ, ਕਲਮ, ਦਵਾਤ ਆਦਿ ਦੀ ਲੋੜ ਪਵੇ ਤੇ ਉਹ ਵੀ ਪ੍ਰਾਪਤ ਹੋ ਜਾਵੇ।

## ਕਰਹਿ ਬ੍ਰਿਧਿ ਵਿਦਯਾ ਪਠੀ; ਬਹਿਰ ਪਾਂਚ ਗੁਣ ਗਾਇ ॥੭॥

ਇਤਨੇ ਗੁਣਾਂ ਦੇ ਸੰਜੁਗਤ ਜੇਕਰ ਵਿੱਦਿਆ ਪਠੀ = ਪੜ੍ਹੀ ਜਾਵੇ ਤਾਂ ਵਿੱਦਿਆ ਬ੍ਰਿਧਿ = ਵਧਣਾ ਕਰਹਿ = ਕਰਦੀ ਹੈ, ਭਾਵ ਵਿੱਦਿਆ ਸਫੁਰਨ ਹੋਣ ਲੱਗ ਜਾਂਦੀ ਹੈ। ਇਹ ਵਿੱਦਿਆ ਪੜ੍ਹਨ ਦੇ ਵਿਚ ਬਹਿਰ = ਬਾਹਰਲੇ ਪਾਂਚ = ਪੰਜ ਗੁਣ ਗਾਇ = ਗਾਇਨ ਕੀਤੇ ਜਾਂਦੇ ਹਨ ॥੭॥

ਅੱਗੇ ਵਿੱਦਿਆ ਪੜ੍ਹਨ ਦੇ ਲਈ ਅੰਦਰਲੇ ਪੰਜ ਸਹਿਕਾਰੀ ਗੁਣਾਂ ਦਾ ਵਰਣਨ ਕਰਦੇ ਹਨ:

## ਦੋਹਰਾ ॥

## ਸਾਸਤ੍ਰ ਪ੍ਰੀਤਿ ਸੁਧਿ ਬੁਧਿ ਭਗਤਿ; ਉਦਮ ਰੋਗ ਨ ਦੇਹ ॥

੧. **ਸਾਸਤ੍ਰ** = ਗ੍ਰੰਥ ਦੇ ਨਾਲ ਪ੍ਰੀਤਿ = ਪ੍ਰੀਤੀ, ਪ੍ਰੇਮ ਹੋਵੇ, ਭਾਵ ਜਿਸ ਗ੍ਰੰਥ ਦੀ ਵੀ ਵਿੱਦਿਆ ਪੜ੍ਹਨੀ ਹੋਵੇ, ਉਸ ਗ੍ਰੰਥ ਨਾਲ ਪ੍ਰੇਮ-ਭਾਵਨਾ ਹੋਣੀ ਚਾਹੀਦੀ ਹੈ ਅਤੇ ਗ੍ਰੰਥ ਦਾ ਆਪਣੇ ਸਰੀਰ ਨਾਲੋਂ ਵੱਧ ਅਦਬ ਕਰਨਾ ਚਾਹੀਦਾ ਹੈ ਕਿਉਂਕਿ ਸਤਿਗੁਰਾਂ ਦਾ ਬਚਨ ਹੈ। ਜੈਸਾ ਕਿ:

**ਪੋਥੀ ਪਰਮੇਸਰ ਕਾ ਥਾਨੁ ॥** *(ਸਾਰਗ ਮ: ੫, ਅੰਗ ੧੨੨੬)*

੨. **ਸੁਧਿ ਬੁਧਿ**—ਵਿੱਦਿਆ ਪੜ੍ਹਨ ਦੇ ਲਈ ਵਿਦਿਆਰਥੀ ਦੀ ਬੁੱਧੀ ਸੁਧਿ = ਨਿਰਮਲ ਹੋਣੀ ਚਾਹੀਦੀ ਹੈ, ਤਾਂ ਜੋ ਗ੍ਰੰਥਾਂ ਦਾ ਤਾਤਪਰਯ ਅਤੇ ਗੁਰੂ ਦੀ ਵੀਚਾਰ ਨੂੰ ਛੇਤੀ ਸਮਝ ਸਕੇ।

੩. **ਭਗਤਿ**—ਵਿੱਦਿਆ ਪੜ੍ਹਨ ਵਾਲਾ ਵਿਦਿਆਰਥੀ ਪਰਮਾਤਮਾ ਦੀ ਭਗਤੀ ਵਾਲਾ ਵੀ ਹੋਣਾ ਚਾਹੀਦਾ ਹੈ।

੪. **ਉਦਮ**—ਵਿੱਦਿਆ ਪੜ੍ਹਨ ਵਾਲਾ ਵਿਦਿਆਰਥੀ ਉੱਦਮੀ ਹੋਣਾ ਚਾਹੀਦਾ ਹੈ, ਅੰਮ੍ਰਿਤ ਵੇਲੇ ਉੱਠਣ ਦਾ, ਵਿੱਦਿਆ ਪੜ੍ਹਨ ਦਾ ਉੱਦਮੀ ਹੋਣਾ ਚਾਹੀਦਾ ਹੈ।

੫. **ਰੋਗ ਨ ਦੇਹ**—ਫੇਰ ਵਿਦਿਆਰਥੀ ਦੀ ਦੇਹ ਨੂੰ ਕੋਈ ਰੋਗ = ਬਿਮਾਰੀ ਨਾ ਲੱਗੀ ਹੋਵੇ, ਭਾਵ ਸਰੀਰ ਅਰੋਗ ਹੋਵੇ ਤਾਂ ਵਿੱਦਿਆ ਸਾਵਧਾਨਤਾ ਨਾਲ ਪੜ੍ਹੀ ਜਾ ਸਕਦੀ ਹੈ।

## ਕਰਹਿ ਬ੍ਰਿਧਿ ਵਿਦਯਾ ਪਠੀ; ਪਾਂਚਾਂਤ੍ਰ ਗੁਣ ਏਹ ॥੮॥

ਇਨ੍ਹਾਂ ਗੁਣਾਂ ਕਰਕੇ ਵੀ ਵਿੱਦਿਆ ਪਠੀ = ਪੜ੍ਹੀ ਬ੍ਰਿਧਿ = ਵਧਣਾ ਕਰਹਿ = ਕਰਦੀ ਹੈ, ਇਹ ਪਾਂਚਾਂਤ੍ਰ (ਪਾਂਚ + ਅੰਤਰ) ਪਾਂਚ = ਪੰਜ, ਅੰਤਰ = ਅੰਦਰਲੇ ਗੁਣ ਕਥਨ ਕੀਤੇ ਹਨ। ਇਸ ਪ੍ਰਕਾਰ ਜਿਸ ਪੁਰਖ ਨੇ

ਵਿੱਦਿਆ ਪੜ੍ਹਨੀ ਹੈ, ਉਹ ਪੰਜ ਬਾਹਰਲੇ ਅਤੇ ਪੰਜ ਅੰਦਰਲੇ ਇਹ ਗੁਣ ਜ਼ਰੂਰ ਧਾਰਨ ਕਰੇ, ਫੇਰ ਛੇਤੀ ਵਿੱਦਿਆ ਆ ਜਾਂਦੀ ਹੈ ॥੮॥

ਅੱਗੇ ਵਿੱਦਿਆ ਦੀ ਪ੍ਰਾਪਤੀ ਦੇ ਕਾਰਨ ਦੱਸਦੇ ਹਨ :

## ਦੋਹਰਾ ॥ ਗੁਰ ਸੇਵਾ ਵਾ ਦਰਬ ਕਰ; ਵਿਦਯਾ ਵਿਦਯਾ ਹੋਇ ॥

ਵਿੱਦਿਆ ਤਿੰਨ ਪ੍ਰਕਾਰ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਪਹਿਲਾ ਇਹ ਹੈ ਕਿ ਆਪਣੇ ਗੁਰੂ ਦੀ ਸੇਵਾ, ਟਹਿਲ ਕਰਨ ਨਾਲ ਵਿੱਦਿਆ ਪ੍ਰਾਪਤ ਹੁੰਦੀ ਹੈ ਭਾਵ ਗੁਰੂ ਦੀ ਸੇਵਾ ਕਰਨ ਨਾਲ ਗੁਰੂ ਪ੍ਰਸੰਨ ਹੋ ਕੇ ਵਿੱਦਿਆ ਦੀ ਦਾਤ ਬਖ਼ਸ਼ ਦੇਂਦਾ ਹੈ; ਦੂਸਰਾ ਕਾਰਨ ਇਹ ਹੈ ਕਿ ਜੇਕਰ ਕੋਲ ਧਨ ਹੈ ਤਾਂ ਦਰਬ = ਧਨ ਕਰਿ = ਕਰਕੇ ਵਿੱਦਿਆ ਪ੍ਰਾਪਤ ਕਰੀ ਜਾ ਸਕਦੀ ਹੈ, ਜਿਵੇਂ ਅੱਜ-ਕੱਲ੍ਹ ਸਕੂਲਾਂ, ਕਾਲਜਾਂ ਵਿਚ ਬੱਚੇ ਫ਼ੀਸਾਂ ਦੇ ਕੇ ਵਿੱਦਿਆ ਪੜ੍ਹਦੇ ਹਨ ਅਤੇ ਤੀਸਰਾ ਕਾਰਨ ਇਹ ਹੈ ਕਿ ਜੋ ਵਿੱਦਿਆ ਆਪ ਪੜ੍ਹੀ ਹੈ, ਉਹ ਕਿਸੇ ਦੂਸਰੇ ਨੂੰ ਪੜ੍ਹਾ ਦੇਣੀ ਅਤੇ ਦੂਸਰੇ ਕੋਲੋਂ ਹੋਰ ਵਿੱਦਿਆ ਸਿੱਖ ਲੈਣੀ ਜੋ ਆਪ ਨੂੰ ਨਾ ਆਉਂਦੀ ਹੋਵੇ, ਇਸ ਪ੍ਰਕਾਰ ਇਨ੍ਹਾਂ ਤਿੰਨ ਢੰਗਾਂ ਨਾਲ ਵਿੱਦਿਆ ਪ੍ਰਾਪਤ ਹੁੰਦੀ ਹੈ।

## ਤ੍ਰਿਤੀ ਬ੍ਰਿਧਿ ਵਿਦਯਾ ਕਰਹਿ; ਚਉਥੇ ਹੇਤੁ ਨ ਕੋਇ ॥੯॥

ਇਹ ਤ੍ਰਿਤੀ = ਤਿੰਨ ਪ੍ਰਕਾਰ ਕਰਕੇ ਪੜ੍ਹੀ ਹੋਈ ਵਿੱਦਿਆ ਬ੍ਰਿਧਿ = ਵਧਣਾ ਕਰਹਿ = ਕਰਦੀ ਹੈ, ਹੋਰ ਕੋਇ = ਕੋਈ ਚਉਥੇ = ਚੌਥਾ ਹੇਤੁ = ਕਾਰਨ ਨਹੀਂ ਹੈ, ਜਿਸ ਕਰਕੇ ਵਿੱਦਿਆ ਪੜ੍ਹੀ ਜਾ ਸਕੇ। ਇਸ ਤੋਂ ਇਲਾਵਾ ਹੋਰ ਕੋਈ ਕਾਰਨ ਨਹੀਂ ਹੈ ॥੯॥

ਅਥ ਵਿਦਯਾ ਮਹਿਮਾ।

ਅਥ = ਹੁਣ ਵਿਦਿਆ ਦੀ ਮਹਿਮਾ = ਸ਼ੋਭਾ ਬਾਬਤ ਕਥਨ ਕਰਦੇ ਹਨ।

## ਦੋਹਰਾ ॥ ਵਿਦਿਯਾ ਉੱਦਮ ਸਿਲਪਤਾ; ਪੰਡਿਤ ਸੰਗ੍ਰਹ ਮੀਤ ॥

ਵਿੱਦਿਆ ਦੀ ਉਪਮਾ ਕਥਨ ਕਰਦੇ ਹਨ ਕਿ ਚੌਦਾਂ ਪ੍ਰਕਾਰ ਦੀ ਵਿੱਦਿਆ ਵਿੱਚੋਂ ਕਿਸੇ ਪ੍ਰਕਾਰ ਦੀ ਵੀ ਵਿੱਦਿਆ, ਉੱਦਮ, ਸਿਲਪਤਾ = ਚਿੱਤ੍ਰਕਾਰੀ ਜਾਨਣ ਵਾਲਾ, ਪੰਡਿਤ = ਵਿਦਵਾਨ ਭਾਵ ਸਾਰੇ ਸ਼ਾਸਤ੍ਰਾਂ ਵਿਚ ਕੁਸ਼ਲ਼ ਹੋਣਾ ਅਤੇ ਮੀਤ = ਮਿੱਤਰਾਂ ਦਾ, ਸੰਗ੍ਰਹਿ = ਇਕੱਠ ਹੋਣਾ।

## ਅਖੈ ਨ ਭੈ ਤਸਕਰ ਇਨੈ; ਪਾਂਚ ਨਿਧਾਂ ਸੁਖ ਨੀਤ ॥੧੦॥

ਇਨੈ = ਇਨ੍ਹਾਂ ਨੂੰ ਨਾ ਤਾਂ ਕਿਸੇ ਦਾ ਭੈ = ਡਰ ਹੁੰਦਾ ਹੈ, ਨਾ ਕੋਈ ਤਸਕਰ = ਚੋਰ ਚੋਰੀ ਕਰ ਸਕਦਾ ਹੈ ਅਤੇ ਨਾ ਹੀ ਇਨ੍ਹਾਂ ਦਾ ਅਖੈ = ਨਾਸ਼ ਹੁੰਦਾ ਹੈ, ਇਹ ਪਾਂਚ = ਪੰਜ ਗੁਣ (ਵਿੱਦਿਆ, ਉੱਦਮ, ਸਿਲਪਤਾ, ਪੰਡਿਤ, ਸੰਗ੍ਰਹਿ ਮੀਤ) ਤਾਂ ਨਿਧਾਂ = ਨੌ-ਨਿੱਧੀਆਂ ਦੀ ਨਿਆਈਂ ਨੀਤ = ਸਦਾ ਹੀ ਸੁੱਖ ਦੇਣ ਵਾਲੇ ਹਨ ॥੧੦॥

## ਗੁਪਤ ਪ੍ਰਛਿੰਨ ਅਤੁਲੁ ਧਨ, ਵਿਦਯਾ ਨਰ ਬਪੁ ਜਾਨ ॥

ਵਿੱਦਿਆ ਦੀ ਉਪਮਾ ਕਥਨ ਕਰਦੇ ਹਨ ਕਿ ਇਹ ਵਿੱਦਿਆ ਗੁਪਤ = ਅਲੋਪ ਪ੍ਰਛਿੰਨ = ਹਲਕਾ ਅਤੇ ਅਤੁਲ = ਨਾ ਤੋਲੇ ਜਾਣ ਵਾਲਾ ਅਮੋਲਕ ਧਨ ਹੈ, ਵਿੱਦਿਆ ਨੂੰ ਤਾਂ ਨਰ = ਮਨੁੱਖ ਦਾ ਦੂਸਰਾ ਬਪੁ = ਸਰੀਰ ਹੀ ਜਾਨੁ = ਜਾਨਣਾ ਕਰੋ, ਭਾਵ ਜਿਵੇਂ ਬਾਕੀ ਜੂਨੀਆਂ ਨਾਲੋਂ ਮਨੁੱਖਾ ਸਰੀਰ ਉੱਤਮ ਮੰਨਿਆ ਜਾਂਦਾ ਹੈ, ਤਿਵੇਂ ਵਿੱਦਿਆ ਨੂੰ ਸਭ ਤੋਂ ਉੱਤਮ ਮੰਨਣਾ ਕਰੋ।

## ਵਿਦਯਾ ਜਸ ਸੁਖ ਭੋਗ ਦੇ; ਵਿਦਯਾ ਗੁਰੁ ਗੁਰੁ ਮਾਨ ॥੧੧॥

ਵਿੱਦਿਆ ਜਸ = ਵਡਿਆਈ, ਸੁੱਖ ਅਤੇ ਭੋਗ = ਪਦਾਰਥ ਦੇ = ਦੇਣਾ ਕਰਦੀ ਹੈ, ਵਿੱਦਿਆ ਨੂੰ ਤਾਂ ਗੁਰੂ ਦਾ ਵੀ ਗੁਰੂ ਮਾਨੁ = ਮੰਨਣਾ ਕਰੋ **ਵਾ:** ਵਿੱਦਿਆ ਗੁਰੁ = ਵੱਡੇ ਤੋਂ ਗੁਰੁ = ਵੱਡਾ ਮਾਨ ਦਿਵਾਉਣਾ ਕਰਦੀ ਹੈ **ਵਾ:** ਇਹ ਮਾਨੁ = ਮੰਨਣਾ ਕਰੋ ਕਿ ਵਿੱਦਿਆ ਹੀ ਮਨੁੱਖਾਂ ਲਈ ਗੁਰੁ = ਵੱਡਾ ਗੁਰੂ ਹੈ ॥੧੧॥

## ਵਿਦਯਾ ਬੰਧੁ ਪ੍ਰਦੇਸ ਮੈਂ, ਵਿਦਯਾ ਦੇਵ ਵਿਸੇਖ ॥

ਵਿੱਦਿਆ ਪ੍ਰਦੇਸ = ਬੇਗਾਨੇ ਮੁਲਕ ਵਿਚ, ਬੰਧੁ = ਸੰਬੰਧੀਆਂ ਵਾਂਗ ਹੈ, ਭਾਵ ਜਿਵੇਂ ਆਪਣੇ ਦੇਸ਼ ਵਿਚ ਸੰਬੰਧੀ ਸੇਵਾ ਕਰਦੇ ਹਨ ਤਿਵੇਂ ਵਿਦਵਾਨ ਪੁਰਖ ਦੀ ਵਿਦਵਤਾ ਦੇਖ ਕੇ ਪਰਦੇਸ ਵਿਚ ਲੋਕ ਸੰਬੰਧੀਆਂ ਨਾਲੋਂ ਵੀ ਵੱਧ ਸੇਵਾ ਕਰਦੇ ਹਨ। ਵਿੱਦਿਆ ਤਾਂ ਵਿਸੇਖ = ਵੱਡਾ, ਦੇਵ = ਦੇਵਤਾ ਰੂਪ ਹੈ **ਵਾ:** ਜਿਵੇਂ ਕਿਸੇ ਨੇ ਦੇਵਤਾ ਵਿਸੇਖੁ = ਸਿੱਧ ਕੀਤਾ ਹੁੰਦਾ ਹੈ ਤੇ ਉਹ ਦੇਵਤਾ ਉਸ ਮਨੁੱਖ ਦਾ ਕਾਰਜ ਸੰਵਾਰ ਦੇਂਦਾ ਹੈ, ਤਿਵੇਂ ਵਿਦਵਾਨ ਪੁਰਖਾਂ ਨੇ ਵਿੱਦਿਆ ਹੀ ਦੇਵਤਾ ਸਿੱਧ ਦੇ ਸਦਰਸ਼ ਮੰਨੀ ਹੈ, ਜੋ ਵਿਦਵਾਨ ਪੁਰਖਾਂ ਦੇ ਸਾਰੇ ਕਾਰਜ ਸੰਵਾਰ ਦੇਂਦੀ ਹੈ **ਵਾ:** ਵਿਸੇਖ = ਵਿਸ਼ੇਸ਼ ਕਰਕੇ ਵਿੱਦਿਆ ਹੀ ਦੇਵਤਾ ਹੈ।

## ਪੂਜ ਨ੍ਰਿਪੋਂ ਕਰਿ ਅਘ ਹਤੀ; ਵਿਦਯਾ ਬਿਨੁ ਪਸੁ ਦੇਖ ॥੧੨॥

ਫੇਰ ਇਹ ਵਿੱਦਿਆ ਨ੍ਰਿਪੋਂ = ਰਾਜਿਆਂ, ਕਰਿ = ਕਰਕੇ, ਪੂਜ = ਪੂਜਾ ਕਰਵਾਉਂਦੀ ਹੈ,ਭਾਵ ਵਿਦਵਾਨ ਪੁਰਖਾਂ ਦਾ ਰਾਜਿਆਂ ਦੇ ਦਰਬਾਰ ਵਿਚ ਭਾਰੀ ਸਨਮਾਨ ਕੀਤਾ ਜਾਂਦਾ ਹੈ। ਫੇਰ ਇਹ ਵਿੱਦਿਆ ਅਘ = ਪਾਪਾਂ ਨੂੰ, ਹਤੀ = ਨਾਸ਼ ਕਰਨ ਵਾਲੀ ਹੈ ਭਾਵ ਨਿਸ਼ਕਾਮ ਪੜ੍ਹਾਉਣ ਨਾਲ ਪਾਪਾਂ ਨੂੰ ਨਾਸ਼ ਕਰ ਦੇਂਦੀ ਹੈ। ਵਿੱਦਿਆ ਤੋਂ ਬਿਨੁ = ਬਗ਼ੈਰ, ਮਨੁੱਖ ਨੂੰ ਪਸੁ = ਪਸ਼ੂਆਂ ਦੀ ਨਿਆਈਂ ਦੇਖੁ = ਦੇਖਣਾ ਕਰੋ ਭਾਵ ਜਿਸ ਮਨੁੱਖ ਨੇ ਮਨੁੱਖਾ ਸਰੀਰ ਪਾ ਕੇ ਵੀ ਵਿੱਦਿਆ ਨਹੀਂ ਪੜ੍ਹੀ, ਉਹ ਜੀਵ ਪਸ਼ੂ ਵਤ ਹੈ ॥੧੨॥

## ਨਿੰਦ੍ਰਾ ਭੋਜਨ ਭੋਗ ਭਯ; ਏਹ ਪਸੁ ਪੁਰਖ ਸਮਾਨ ॥

ਨਿੰਦ੍ਰਾ = ਨੀਂਦ, ਸੌਣਾ, ਭੋਜਨ ਖਾਣਾ, ਭੋਗ = ਗ੍ਰਿਹਸਤ ਕਰਨਾ ਅਤੇ ਭਯ = ਡਰਨਾ ਇਹ ਪਸੁ = ਪਸ਼ੂਆਂ ਅਤੇ ਪੁਰਖਾਂ ਵਿਚ ਇਕ-ਸਮਾਨ ਹੀ ਹਨ, ਭਾਵ ਜਿਵੇਂ ਮਨੁੱਖ ਨੂੰ ਨੀਂਦ ਆਉਂਦੀ ਹੈ ਤਿਵੇਂ ਪਸ਼ੂਆਂ ਨੂੰ ਵੀ ਨੀਂਦ ਆਉਂਦੀ ਹੈ। ਜਿਵੇਂ ਮਨੁੱਖ ਭੋਜਨ ਖਾ ਕੇ ਤ੍ਰਿਪਤ ਹੁੰਦਾ ਹੈ, ਤਿਵੇਂ ਪਸ਼ੂ ਵੀ ਆਪਣਾ ਘਾਹ ਆਦਿ ਭੋਜਨ ਖਾ ਕੇ ਤ੍ਰਿਪਤ ਹੁੰਦੇ ਹਨ। ਜਿਵੇਂ ਮਨੁੱਖ ਗ੍ਰਿਹਸਤ ਧਰਮ ਵਿਚ ਪ੍ਰਵੇਸ਼ ਹੁੰਦਾ ਹੈ, ਭਾਵ ਭੋਗ ਭੋਗਦਾ ਹੈ ਤਿਵੇਂ ਪਸ਼ੂ ਵੀ ਭੋਗ ਭੋਗਦੇ ਹਨ। ਜਿਵੇਂ ਮਨੁੱਖ ਡੰਡੇ ਆਦਿ ਤੋਂ ਡਰਦਾ ਹੈ, ਤਿਵੇਂ ਪਸ਼ੂ ਵੀ ਡੰਡੇ ਆਦਿ ਤੋਂ ਡਰਦੇ ਹਨ। ਇਹ ਤਾਂ ਪਸ਼ੂਆਂ ਅਤੇ ਮਨੁੱਖਾਂ ਵਿਚ ਇਕ-ਸਮਾਨ ਗੁਣ ਹਨ।

## ਨਰਨ ਗਯਾਨ ਨਿਜ ਅਧਿਕਤਾ; ਗਯਾਨ ਬਿਨਾ ਪਸੁ ਜਾਨ ॥੧੩॥

ਨਰਨ = ਮਨੁੱਖਾਂ ਵਿਚ ਨਿਜ = ਆਪਣੇ ਸਰੂਪ ਦੇ ਗਿਆਨ ਦੀ ਹੀ ਅਧਿਕਤਾ = ਵਿਸ਼ੇਸ਼ਤਾ ਹੈ, ਭਾਵ ਮਨੁੱਖਾ ਸਰੀਰ ਵਿਚ ਆਪਣੇ ਸਰੂਪ ਨੂੰ ਹਸਤਾਮਲ ਵਤ ਜਾਣ ਲੈਣਾ ਇਹੋ ਹੀ ਮਨੁੱਖਾਂ ਵਿਚ ਮਨੁੱਖਪੁਣਾ ਹੈ। ਆਪਣੇ ਸਰੂਪ ਦੇ ਗਿਆਨ ਤੋਂ ਬਿਨਾਂ ਮਨੁੱਖ ਨੂੰ ਪਸ਼ੂ ਵਤ ਹੀ ਜਾਨੁ = ਜਾਣਨਾ ਕਰੋ, ਭਾਵ ਮਨੁੱਖ ਵਿਚ ਪਸ਼ੂ ਨਾਲੋਂ ਅਧਿਕਤਾ ਇਹੋ ਹੀ ਹੈ ਕਿ ਮਨੁੱਖ ਬੋਧ ਪ੍ਰਾਪਤ ਕਰ ਸਕਦਾ ਹੈ, ਮਨੁੱਖ ਗਿਆਨਵਾਨ ਹੈ, ਮਨੁੱਖ ਵਿੱਦਿਆ ਪ੍ਰਾਪਤ ਕਰ ਸਕਦਾ ਹੈ, ਜੇਕਰ ਮਨੁੱਖ ਕੋਲ ਬੋਧ, ਵਿੱਦਿਆ ਨਹੀਂ ਤਾਂ ਪਸ਼ੂ ਨਾਲੋਂ ਵੀ ਅਧਿਕ ਪਸ਼ੂ ਸਮਝਣਾ ਚਾਹੀਦਾ ਹੈ। ਗੁਰਬਾਣੀ ਅੰਦਰ ਵੀ ਐਸੇ ਮਨੁੱਖਾਂ ਨੂੰ ਪਸ਼ੂ ਕਥਨ ਕੀਤਾ ਹੈ ॥੧੩॥

ਜੈਸਾ ਕਿ :

**ਜੋ ਨ ਭਜੰਤੇ ਨਾਰਾਇਣਾ॥ ਤਿਨ ਕਾ ਮੈ ਨ ਕਰਉ ਦਰਸਨਾ॥੧॥ਰਹਾਉ॥**
**ਜਿਨ ਕੈ ਭੀਤਰਿ ਹੈ ਅੰਤਰਾ॥ ਜੈਸੇ ਪਸੁ ਤੈਸੇ ਓਇ ਨਰਾ॥੨॥**

*(ਭੈਰਉ ਭਗਤ ਨਾਮਦੇਵ ਜੀ, ਅੰਗ ੧੧੬੩)*

ਸਤਿਗੁਰੂ ਜੀ ਨੇ ਪਾਵਨ ਗੁਰਬਾਣੀ ਅੰਦਰ ਐਸੇ ਮਨੁੱਖਾਂ ਨਾਲੋਂ ਪਸ਼ੂ ਨੂੰ ਕਿਤੇ ਚੰਗਾ ਗਿਣਿਆ ਹੈ। ਜੈਸਾ ਕਿ :

**ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥**
**ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥੩॥** *(ਗੂਜਰੀ ਮ: ੧, ਅੰਗ ੪੮੯)*

**ਨਰੂ ਮਰੈ ਨਰੁ ਕਾਮਿ ਨ ਆਵੈ॥ ਪਸੂ ਮਰੈ ਦਸ ਕਾਜ ਸਵਾਰੈ॥** *(ਗੋਂਡ ਭਗਤ ਕਬੀਰ ਜੀ, ਅੰਗ ੮੭੦)*

## ਧਰਮ ਸੀਲ ਤਪ ਦਾਨ ਗੁਣ; ਵਿਦਿਯਾ ਬਿਨ ਜੇ ਜੰਤ॥

ਜੇ = ਜੋ ਜੰਤ = ਜੀਵ ਆਪਣੇ ਧਰਮ ਤੋਂ ਬਿਨਾਂ ਹੈ, ਸੀਲ = ਚੰਗੇ ਸੁਭਾਅ, ਸ੍ਰੇਸ਼ਟ ਆਚਰਣ, ਤਪ = ਤਪੱਸਿਆ, ਦਾਨ, ਸ਼ੁਭ ਗੁਣ ਅਤੇ ਵਿੱਦਿਆ ਤੋਂ ਬਿਨੁ = ਬਗ਼ੈਰ ਹੈ।

## ਮਿਰਤ ਲੋਕ ਖਿਤ ਭਾਰ ਤੇ; ਨਰ ਬਪੁ ਮ੍ਰਿਗ ਬਿਚਰੰਤ॥੧੪॥

ਤੇ = ਉਹ ਜੀਵ ਇਸ ਮਿਰਤ ਲੋਕ = ਮਾਤ-ਲੋਕ ਦੀ ਖਿਤ = ਧਰਤੀ ਉੱਪਰ ਸਿਰਫ਼ ਭਾਰ = ਬੋਝ ਹੀ ਹਨ, ਉਸ ਦਾ ਬਪੁ = ਸਰੂਪ, ਸਰੀਰ ਤਾਂ ਭਾਵੇਂ ਦੇਖਣ ਨੂੰ ਨਰ = ਮਨੁੱਖਾਂ ਵਰਗਾ ਹੈ ਪਰ ਕਰਮਾਂ ਕਰਕੇ ਮ੍ਰਿਗ = ਹਿਰਨ ਆਦਿ ਪਸ਼ੂਆਂ ਵਾਂਗ ਹੀ ਸੰਸਾਰ ਵਿਚ, ਬਿਚਰੰਤ = ਫਿਰ ਰਿਹਾ ਹੈ, ਭਾਵ ਜਿਵੇਂ ਹਿਰਨ ਬਨ ਵਿਚ ਭਟਕਦਾ ਫਿਰਦਾ ਹੈ, ਤਿਵੇਂ ਗੁਣਹੀਨ ਪੁਰਖ ਸੰਸਾਰ ਰੂਪੀ ਜੰਗਲ ਵਿਚ ਭਟਕ ਰਹੇ ਹਨ॥੧੪॥ ਜੈਸਾ ਕਿ :

**ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥**

*(ਗਉੜੀ ਸੁਖਮਨੀ ਮ: ੫, ਅੰਗ ੨੬੭)*

**ਕਰਮ ਕਮਾਵਣ ਪਸੂਆਂ ਵਾਲੇ ਮਾਣਸ ਨਾਮ ਧਰਾਇਆ।** *(ਆਸਾਵਰੀਆ)*

ਇਸ ਉਪਰੋਕਤ ਦੋਹਰੇ ਵਿਚ ਗੁਣਹੀਨ ਪੁਰਖ ਨੂੰ ਹਿਰਨ ਦੀ ਸਦਰਸ਼ਤਾ ਦਿੱਤੀ ਹੈ, ਪਰ ਅੱਗੇ ਕਥਨ ਕਰਦੇ ਹਨ ਕਿ ਗੁਣਹੀਨ ਪੁਰਖ ਹਿਰਨ ਤੋਂ ਵੀ ਨਖਿਧ ਹੈ।

## ਦੋਹਰਾ॥

## ਸੂਰ ਸਿਰ, ਤੂਕ ਮੁਨਿ, ਪਲਦ ਜਨ; ਸ੍ਰਿੰਗਿ ਯੋਗਿ, ਦ੍ਰਿਗ ਨਾਰਿ॥

ਹਿਰਨ ਦੇ ਵਿਚ ਪੰਜ ਗੁਣ ਹਨ: ੧. ਉਹ ਸੂਰ = ਘੰਡੇਹੇੜੇ ਦਾ ਸ਼ਬਦ ਸੁਣ ਕੇ ਆਪਣਾ ਸਿਰ ਦੇ ਦੇਂਦਾ ਹੈ। ੨. ਹਿਰਨ ਦੀ ਤੂਕ = ਚਮੜੀ (ਮ੍ਰਿਗਛਾਲਾ) ਮੁਨਿ = ਮੁਨੀ, ਸੰਤ ਜਨਾਂ ਦੇ ਕੰਮ ਆਉਂਦੀ ਹੈ, ਸੰਤ ਜਨ ਹੇਠਾਂ ਵਿਛਾ ਕੇ ਉੱਪਰ ਬੈਠ ਕੇ ਭਜਨ ਸਿਮਰਨ ਕਰਦੇ ਹਨ, ਜੈਸਾ ਕਿ :

**ਮ੍ਰਿਗਛਾਲਾ ਪਰ ਬੈਠੇ ਕਬੀਰ॥੨॥** *(ਭੈਰਉ ਕਬੀਰ ਜੀ, ਅੰਗ ੧੧੬੨)*

੩. ਪਲਦ ਜਨ = ਮਾਸ ਖਾਣ ਵਾਲੇ, ਜਨ = ਮਨੁੱਖ ਹਿਰਨ ਦਾ ਪਲਦ = ਮਾਸ ਖਾ ਜਾਂਦੇ ਹਨ, ਭਾਵ

ਹਿਰਨ ਦਾ ਮਾਸ ਵੀ ਕੰਮ ਆ ਗਿਆ। ੪. ਹਿਰਨ ਦੇ ਸ੍ਰਿੰਗਿ = ਸਿੰਗ ਯੋਗਿ = ਯੋਗੀਆਂ ਦੇ ਕੰਮ ਆਉਂਦੇ ਹਨ, ਭਾਵ ਉਹ ਸਿੰਗੀ ਬਣਾ ਕੇ ਵਜਾਉਂਦੇ ਹਨ। ੫. ਹਿਰਨ ਦੇ ਦ੍ਰਿਗ = ਨੇਤ੍ਰਾਂ ਦੀ ਉਪਮਾ ਕਵੀ ਜਨ ਨਾਰਿ = ਇਸਤ੍ਰੀ ਦੇ ਨੇਤ੍ਰਾਂ ਨੂੰ ਦੇਂਦੇ ਹਨ।

## ਪੰਚ ਗੁਣ ਮ੍ਰਿਗ, ਖਟ ਦੋਖ ਨਰ; ਨਰ ਤੇ ਹਰਨ ਉਦਾਰ ॥੧੫॥

ਇਹ ਪੰਚ = ਪੰਜ ਗੁਣ ਮ੍ਰਿਗ = ਹਿਰਨ ਵਿਚ ਹਨ, ਪਰ ਇਸ ਤੋਂ ਉਲਟ ਨਰ = ਮਨੁੱਖ ਵਿਚ ਖਟ = ਛੇ ਦੋਖ = ਦੋਸ਼ ਹਨ। ਜੈਸਾ ਕਿ :

**ਛੁਧਾ ਪਿਆਸਾ ਸੋਕ ਪੁਨਿ ਹਰਖ ਜਨਮ ਅਰੁ ਅੰਤ।**
**ਏ ਖਟ ਉਰਮੀ ਧਰਮ ਤਨ ਆਤਮ ਰਹਤ ਅਨੰਤ ॥੬॥** *(ਵਿਚਾਰਮਾਲਾ, ਅਧਿ: ਪੰਜਵਾਂ)*

ਇਹ ਜੋ ਛੇ ਉਰਮੀ = ਲਹਿਰਾਂ ਹਨ ਇਹੀ ਜੀਵ ਵਿਚ ਛੇ ਦੋਸ਼ ਹਨ। ਤਿਸ ਕਰਕੇ ਨਰ = ਮਨੁੱਖ ਤੇ = ਤੋਂ ਹਿਰਨ ਉਦਾਰ = ਸ੍ਰੇਸ਼ਟ ਹੈ ॥੧੫॥

## ਪੁਰਖ ਅਸ਼ਾਸਤ੍ਰੀ ਕਯਾ ਲਖੇ; ਗੁਣ ਦੋਖਨ ਕੀ ਸੰਧਿ ॥

ਜੋ ਪੁਰਖ ਅਸ਼ਾਸਤ੍ਰੀ = ਅਨਪੜ੍ਹ, ਅਗਿਆਨੀ ਹੈ, ਉਹ ਗੁਣ ਅਤੇ ਦੋਖਨ = ਦੋਸ਼ਾਂ ਕੀ = ਦੀ ਸੰਧਿ = ਮਿਲਾਉਣੀ ਨੂੰ ਕਯਾ = ਕੀ ਲਖੇ = ਜਾਣ ਸਕਦਾ ਹੈ, ਭਾਵ ਨਹੀਂ ਜਾਣ ਸਕਦਾ ਕਿ ਕਿਸ ਕੰਮ ਵਿਚ ਦੋਸ਼ ਹਨ ਅਤੇ ਕਿਸ ਕੰਮ ਵਿਚ ਗੁਣ ਹਨ।

## ਰੂਪ ਭੇਦ ਅਧਿਕਾਰ ਜੋ; ਕਯਾ ਪ੍ਰਾਪਤਿ ਹ੍ਵੈ ਅੰਧ ॥੧੬॥

ਅੱਗੇ ਦ੍ਰਿਸ਼ਟਾਂਤ ਦੇਂਦੇ ਹਨ ਕਿ ਅੰਧ = ਅੰਨ੍ਹੇ ਮਨੁੱਖ ਨੂੰ ਕਾਲਾ, ਪੀਲਾ, ਨੀਲਾ, ਗੋਰਾ ਆਦਿ ਰੂਪ = ਰੰਗਾਂ ਦੇ ਭੇਦ ਦਾ ਕੀ ਅਧਿਕਾਰ = ਹੱਕ ਹੈ ਅਤੇ ਉਸਨੂੰ ਕਯਾ = ਕੀ ਪ੍ਰਾਪਤ ਹ੍ਵੈ = ਹੋਵੇਗਾ ਭਾਵ ਕੁਝ ਨਹੀਂ ਅਰਥਾਤ ਜਿਵੇਂ ਅੰਨ੍ਹਾ ਮਨੁੱਖ ਕੋਈ ਰੰਗ ਰੂਪ ਦੇਖ ਨਹੀਂ ਸਕਦਾ ਕਿ ਕਿਹੜਾ ਰੰਗ ਹੈ, ਤਿਵੇਂ ਅਨਪੜ੍ਹ ਮਨੁੱਖ ਸ੍ਰੇਸ਼ਟ ਗੁਣਾਂ ਅਤੇ ਦੋਸ਼ਾਂ ਦੀ ਕੀ ਵਿਚਾਰ ਕਰ ਸਕਦਾ ਹੈ ਭਾਵ ਕੁਝ ਨਹੀਂ, ਉਹ ਤਾਂ ਦੋਸ਼ਾਂ ਨੂੰ ਵੀ ਗੁਣ ਸਮਝ ਕੇ ਉਨ੍ਹਾਂ ਵਿਚ ਫਸਿਆ ਰਹਿੰਦਾ ਹੈ। ਇਸ ਕਰਕੇ ਵਿੱਦਿਆ ਜ਼ਰੂਰ ਪੜ੍ਹਨੀ ਚਾਹੀਦੀ ਹੈ। ਸਤਿਗੁਰੂ ਸਾਹਿਬ ਜੀ ਦੇ ਪਾਵਨ ਬਚਨ ਹਨ ॥੧੬॥ ਜੈਸਾ ਕਿ :

**ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥**
**ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥** *(ਵਾਰ ਮਾਝ, ਅੰਗ ੧੪੬)*

## ਮੁਗਧ ਪੂਜ ਨਿਜ ਧਾਮ ਮੈਂ; ਪ੍ਰਭੁ ਪੂਜ ਨਿਜ ਨੱਗ੍ਰ ॥

ਵਿੱਦਿਆ ਨੂੰ ਪ੍ਰਾਪਤ ਕਰਨ ਵਾਲੇ ਵਿਦਵਾਨ ਦੀ ਉਪਮਾ ਕਥਨ ਕਰਦੇ ਹਨ ਕਿ ਜਿਸ ਪ੍ਰਕਾਰ ਮੁਗਧ = ਮੂਰਖ ਮਨੁੱਖ ਨਿਜ = ਆਪਣੇ ਘਰ ਦੇ ਮੈ = ਵਿਚ, ਪੂਜ = ਪੂਜਿਆ ਜਾਂਦਾ ਹੈ, ਭਾਵ ਮੂਰਖ ਮਨੁੱਖ ਸਭ ਨੂੰ ਉਲਟਾ ਬੋਲਦਾ ਹੈ ਜਿਸ ਨੂੰ ਸੁਣ ਕੇ ਘਰ ਵਾਲੇ ਕੁਝ ਨਹੀਂ ਕਹਿਣਗੇ ਸਗੋਂ ਉਸਦਾ ਅਦਬ ਕਰਦੇ ਹਨ, ਪਰ ਜੇਕਰ ਬਾਹਰ ਕਿਸੇ ਨੂੰ ਉਲਟਾ ਬੋਲੇ ਤਾਂ ਬਾਹਰ ਵਾਲੇ ਕੁੱਟ ਵੀ ਦੇਂਦੇ ਹਨ ਇਸ ਲਈ ਮੂਰਖ ਮਨੁੱਖ ਦੀ ਆਪਣੇ ਘਰ ਦੇ ਵਿਚ ਪੂਜਾ ਹੁੰਦੀ ਹੈ। ਪ੍ਰਭੂ = ਮਾਲਕ, ਚੌਧਰੀ ਨੰਬਰਦਾਰ ਨਿਜ = ਆਪਣੇ ਨੱਗ੍ਰ = ਗ੍ਰਾਮ, ਪਿੰਡ ਵਿਚ ਪੂਜ = ਪੂਜਿਆ ਜਾਂਦਾ ਹੈ; ਭਾਵ ਪਿੰਡ ਵਾਲੇ ਉਸਦਾ ਅਦਬ ਸਤਿਕਾਰ ਕਰਦੇ ਹਨ, ਪਿੰਡ ਤੋਂ ਬਾਹਰ ਦੂਜੇ ਪਿੰਡ ਵਾਲੇ ਉਸਨੂੰ ਨਹੀਂ ਮੰਨਦੇ।

## ਭੂਪ ਪੂਜ ਸੂ ਦੇਸ ਮੈਂ; ਪੂਜਤ ਗੁਣੀ ਸਮੱਗ੍ਰ ॥੧੭॥

ਭੂਪ = ਰਾਜਾ ਸੂ = ਆਪਨੇ ਦੇਸ਼ ਦੇ ਮੈ = ਵਿਚ ਪੂਜ = ਪੂਜਿਆ ਜਾਂਦਾ ਹੈ, ਦੂਸਰੇ ਦੇਸ਼ ਵਿਚ ਰਾਜੇ ਨੂੰ ਕੋਈ ਨਹੀਂ ਮੰਨਦਾ ਪਰ ਜੋ ਗੁਣੀ = ਗੁਣਵਾਨ ਪੁਰਖ, ਉਹ ਸਮੱਗ੍ਰ = ਸਭ ਜਗ੍ਹਾ ਹੀ ਪੂਜਤ = ਪੂਜਿਆ ਜਾਂਦਾ ਹੈ, ਭਾਵ ਵਿਦਵਾਨ ਪੁਰਖ ਨੂੰ ਸਭ ਜਗ੍ਹਾ ਹੀ ਸਤਿਕਾਰਿਆ ਜਾਂਦਾ ਹੈ ॥੧੭॥

ਐਸੀ ਵਿੱਦਿਆ ਦੇਣ ਵਾਲੇ ਗੁਰੂ ਦੀ ਸੇਵਾ ਤੋਂ ਜੋ ਬੇਮੁਖ ਰਹਿੰਦਾ ਹੈ, ਉਸਦੀ ਹਾਲਤ ਕਥਨ ਕਰਦੇ ਹਨ :

## ਏਕਾਖਰ ਦਾਤਾ ਜੁ ਗੁਰੁ; ਜੋ ਸੇਵਤ ਨਹਿ ਤਾਸ ॥

ਹੇ ਭਾਈ ! (ਏਕ + ਅੱਖਰ) ਜਿਹੜਾ ਇਕ ਵੀ ਅੱਖਰ ਦਾ ਦਾਤਾ = ਦਾਨ ਦੇਣ ਵਾਲਾ ਗੁਰੂ ਹੈ, ਭਾਵ ਜਿਸ ਨੇ ਇਕ ਵੀ ਅੱਖਰ ਪੜ੍ਹਾਇਆ ਹੋਵੇ, ਜੋ = ਜਿਹੜੇ ਤਾਸ = ਤਿਸ ਗੁਰੂ ਦੀ ਸੇਵਤ = ਸੇਵਾ ਨਹਿ = ਨਹੀਂ ਕਰਦੇ।

## ਪਾਇ ਜਨਮ ਸੌ ਸ੍ਵਾਨ ਕੋ; ਬਹੁਰ ਸ੍ਵਪਚ ਘਰ ਵਾਸ ॥੧੮॥

ਉਹ ਮਨੁੱਖ ਸੌ ਜਨਮ ਸ੍ਵਾਨ = ਕੁੱਤੇ ਕੋ = ਦਾ ਪਾਇ = ਪਾਉਣਾ ਕਰੇਗਾ ਅਤੇ ਬਹੁਰ = ਪੁਨਾ ਫੇਰ ਸ੍ਵਪਚ = ਚੰਡਾਲਾਂ ਦੇ ਘਰ ਦੇ ਵਿਚ ਵਾਸ = ਵੱਸਣਾ ਕਰੇਗਾ; ਇਹ ਤਾਂ ਇਕ ਅੱਖਰ ਸਿਖਾਉਣ ਵਾਲੇ ਗੁਰੂ ਦੀ ਜੋ ਸੇਵਾ ਨਹੀਂ ਕਰਦਾ, ਉਸਦਾ ਫਲ ਦਰਸਾਇਆ ਹੈ, ਜੋ ਗੁਰੂ ਸਾਰੀ ਸੰਥਿਆ ਕਰਾਉਣਾ ਕਰਦਾ ਹੈ ਅਤੇ ਜੋ ਉਸ ਗੁਰੂ ਤੋਂ ਬੇਮੁਖ ਰਹਿਣ ਵਾਲਾ ਵਿਦਿਆਰਥੀ ਹੈ, ਉਸਦੀ ਤਾਂ ਕੀ ਗੱਲ ਆਖ ਸਕਦੇ ਹਾਂ ॥੧੮॥

## ਰੂਪ ਦਰਬ ਜੋਬਨ ਸਹਿਤ; ਸੁਕੁਲ ਜਨਮ ਬਹੁ ਬੰਧ ॥

ਭਾਵੇਂ ਕਿਸੇ ਮਨੁੱਖ ਦਾ ਬਹੁਤ ਸੁੰਦਰ ਸਰੂਪ ਹੋਵੇ, ਉਸ ਕੋਲ ਬਹੁਤ ਸਾਰਾ ਦਰਬ = ਧਨ ਹੋਵੇ ਅਤੇ ਜਵਾਨੀ ਦੇ ਸਹਿਤ ਹੋਵੇ, ਫੇਰ ਉਸਦਾ ਸੁਕੁਲ = ਚੰਗੀ ਸ੍ਰੇਸ਼ਟ ਕੁਲ ਵਿਚ ਜਨਮ ਹੋਇਆ ਹੋਵੇ ਅਤੇ ਉਸਦੇ ਬਹੁ = ਬਹੁਤ ਸਾਰੇ ਬੰਧ = ਸੰਬੰਧੀ ਹੋਣ।

## ਵਿਦਯਾ ਬਿਨ ਸੋਭਤ ਨਹੀਂ; ਜਿਉਂ ਕੇਸੂ ਬਿਨ ਗੰਧ ॥੧੯॥

ਪਰ ਉਹ ਮਨੁੱਖ ਵਿੱਦਿਆ ਤੋਂ ਬਿਨੁ = ਬਗ਼ੈਰ ਸੋਭਤ = ਸ਼ੋਭਦਾ ਨਹੀਂ ਹੈ, ਜਿਉਂ = ਜਿਵੇਂ ਕੇਸੂ = ਢੱਕ, ਛਿਛਰੇ ਦੇ ਫੁੱਲ ਦੇਖਣ ਨੂੰ ਬਹੁਤ ਸੁੰਦਰ ਲੱਗਦੇ ਹਨ, ਪਰ ਗੰਧ = ਸੁਗੰਧੀ ਤੋਂ ਬਿਨਾਂ ਹੋਣ ਕਰਕੇ ਕਿਸੇ ਅਤਰ ਭਾਵ ਅਰਕ ਕੱਢਣ ਦੇ ਕੰਮ ਨਹੀਂ ਆਉਂਦੇ **ਵਾ:** ਜਿਵੇਂ ਕੇਸੂ ਦਾ ਫੁੱਲ ਸੁਗੰਧੀ ਤੋਂ ਬਿਨਾਂ ਚੰਗਾ ਨਹੀਂ ਲੱਗਦਾ, ਤਿਵੇਂ ਮਨੁੱਖ ਵਿੱਦਿਆ ਤੋਂ ਬਿਨਾਂ ਸ਼ੋਭਾ ਨਹੀਂ ਪਾਉਂਦਾ ॥੧੯॥

## ਅਲੰਕਾਰ ਪਟ ਭੇਖ ਬਿਨ; ਯਦਪਿ ਹੋਇ ਕੁਰੂਪ ॥

ਯਦਪਿ = ਭਾਵੇਂ ਵਿੱਦਿਆ ਪ੍ਰਾਪਤ ਕਰਨ ਵਾਲਾ ਮਨੁੱਖ ਅਲੰਕਾਰ = ਗਹਿਣੇ, ਸੁੰਦਰ ਪਟ = ਬਸਤਰ ਭੇਖ = ਲਿਬਾਸ ਤੋਂ ਬਿਨੁ = ਬਿਨਾ = ਸੰਤਾਂ ਮਹਾਤਮਾ ਵਾਲੇ ਚਿੰਨ੍ਹਾਂ ਤੋਂ ਰਹਿਤ ਅਤੇ ਕੁਰੂਪ = ਕੋਝੇ ਰੂਪ ਵਾਲਾ ਹੋਇ = ਹੋਵੇ।

## ਸੋਭਤ ਸੰਤਨ ਸਭਾ ਥਿਤ; ਜਨ ਵਿਦਵਾਨ ਅਨੂਪ ॥੨੦॥

ਪਰ ਉਹ ਅਨੂਪ = ਉਪਮਾ ਤੋਂ ਰਹਿਤ ਵਿਦਵਾਨ ਜਨ = ਪੁਰਖ ਸੰਤਨ = ਮਹਾਤਮਾ ਜਨਾਂ ਦੀ ਸਭਾ

ਵਿਚ ਥਿਤ = ਇਸਥਿਤ ਹੋ ਕੇ ਸੋਭਤ = ਸ਼ੋਭਾ ਪਾਉਂਦਾ ਹੈ, ਜਿਵੇਂ ਅਸ਼ਟਾਬਕ੍ਰ ਜੀ ਆਦਿ ਵਿਦਵਾਨ ਜਨ ਹੋਏ ਹਨ ॥੨੦॥

ਅੱਗੇ ਵਿੱਦਿਆ ਦਾ ਨਿਯਮ ਕਥਨ ਕਰਦੇ ਹਨ।

## ਸੋਰਠਾ ॥ ਸ਼ਬਦ ਸ਼ਾਸਤ੍ਰ ਕੋ ਤਯਾਗ; ਚਹੈ ਅਧੈਨਾ ਪਰ ਨਿਗਮ ॥

ਜੇਕਰ ਕੋਈ ਮਨੁੱਖ ਸ਼ਬਦ ਸਾਸਤ੍ਰ = ਵਿਆਕਰਣ (ਸਾਰਸੁਤ ਚੰਦ੍ਰਕਾ, ਲਘੂ ਕੌਮਦੀ, ਮਧ ਸਿਧਾਂਤ ਆਦਿ) ਕੋ = ਨੂੰ ਤਯਾਗਿ = ਛੱਡ ਕਰਕੇ ਪਰ = ਵਿਸ਼ੇਸ਼ ਕਰਕੇ ਨਿਗਮ = ਵੇਦਾਂ ਦਾ ਅਧੈਨਾ = ਅਧਿਐਨ ਕਰਨਾ, ਪੜ੍ਹਨਾ ਚਹੈ = ਚਾਹੇ ਤਾਂ ਉਸਦਾ ਪ੍ਰਯਤਨ ਨਿਸਫਲ ਹੈ।

## ਸੋ ਪਗ ਗਿਨ ਤਿਹ ਨਾਗ; ਨਿਸ ਤਮ ਜਲ ਮੋ ਚਿਰ ਰਮਯੋ ॥੨੧॥

ਸੋ = ਉਸਦੇ ਇਸ ਪ੍ਰਯਤਨ ਨੂੰ ਤਿਹ = ਉਸ ਨਾਗ = ਸੱਪ ਦੇ ਪਗ = ਪੈਰਾਂ ਦੇ ਸਮਾਨ ਗਿਨ = ਗਿਣਨਾ, ਜਾਨਣਾ ਕਰੋ ਜਿਹੜਾ ਸੱਪ ਨਿਸ = ਰਾਤ ਦੇ ਤਮ = ਹਨੇਰੇ ਵਿਚ ਜਲ = ਪਾਣੀ ਮੋ = ਵਿੱਚੋਂ ਚਿਰ = ਬਹੁਤ ਦੇਰ ਦਾ ਰਮਯੋ = ਲੰਘ ਗਿਆ ਸੀ ਅਰਥਾਤ ਸੱਪ ਤਾਂ ਰਾਤ ਪਾਣੀ ਦੇ ਵਿੱਚੋਂ ਚਿਰਾਂ ਦਾ ਲੰਘ ਗਿਆ ਤੇ ਕੋਈ ਸਵੇਰੇ ਉੱਠ ਕੇ ਆਖੇ ਕਿ ਆਹ ਦੇਖੋ ਪਾਣੀ ਵਿਚ ਸੱਪ ਦੀ ਪੈੜ ਪਈ ਹੋਈ ਹੈ ਅਸੀਂ ਇਸ ਪੈੜ ਦਾ ਪਿੱਛਾ ਕਰਕੇ ਸੱਪ ਨੂੰ ਪਕੜ ਲਵਾਂਗੇ, ਜਿਸ ਪ੍ਰਕਾਰ ਇਹ ਪ੍ਰਯਤਨ ਝੂਠਾ ਹੋਵੇਗਾ, ਤਿਵੇਂ ਵਿਆਕਰਨ, ਪਿੰਗਲ ਆਦਿ ਨੂੰ ਪੜ੍ਹਨ ਤੋਂ ਬਿਨਾਂ ਵੇਦਾਂ ਦੇ ਪੜ੍ਹਨ ਦਾ ਪ੍ਰਯਤਨ ਵਿਅਰਥ ਹੀ ਹੈ ॥੨੧॥

## ਦੋਹਰਾ ॥

## ਵਿਖ ਵਿਦਯਾ ਅਭਯਾਸ ਬਿਨ; ਭੋਜਨ ਗਰਲ ਅਘਾਇ ॥

ਪੁਨਾ ਅਭਿਆਸ ਕੀਤੇ ਤੋਂ ਬਿਨੁ = ਬਗ਼ੈਰ ਪੜ੍ਹੀ ਹੋਈ ਵਿੱਦਿਆ ਵੀ ਵਿਖ = ਜ਼ਹਿਰ ਰੂਪ ਹੋ ਜਾਂਦੀ ਹੈ, ਜਿਸ ਪ੍ਰਕਾਰ ਅਘਾਇ = ਰੱਜ ਜਾਣ ਤੋਂ ਬਾਅਦ ਹੋਰ ਭੋਜਨ ਖਾਣਾ ਗਰਲ = ਜ਼ਹਿਰ ਰੂਪ ਹੋ ਜਾਂਦਾ ਹੈ, ਭਾਵ ਜੇਕਰ ਪੇਟ ਭਰ ਕੇ ਭੋਜਨ ਖਾ ਲਿਆ ਫੇਰ ਹੋਰ ਜ਼ਿਆਦਾ ਦੁੱਗਣਾ ਖਾ ਜਾਣਾ ਉਸ ਨੂੰ ਮਿਹਦਾ ਹਜ਼ਮ ਨਹੀਂ ਕਰਦਾ ਤੇ ਉਹ ਜ਼ਹਿਰ ਰੂਪ ਹੀ ਹੋ ਜਾਂਦਾ ਹੈ, ਤਿਵੇਂ ਵਿੱਦਿਆ ਅਭਿਆਸ ਤੋਂ ਬਿਨਾਂ ਜ਼ਹਿਰ ਰੂਪ ਹੋ ਜਾਂਦੀ ਹੈ।

ਅੱਗੇ ਏਸੇ ਪ੍ਰਕਰਨ ਨੂੰ ਹੋਰ ਸਪੱਸ਼ਟ ਕਰਦੇ ਹੋਏ ਕੁਝ ਹੋਰ ਦ੍ਰਿਸ਼ਟਾਂਤ ਦੇਂਦੇ ਹਨ:

## ਸੁਭ ਕੋ ਸੰਗ ਦਰਿਦ੍ਰ ਬਿਖ; ਬ੍ਰਿਧ ਨਾਰਿ ਬਿਖ ਗਾਇ ॥੨੨॥

ਸੁਭ = ਭਲੇ ਮਨੁੱਖ ਕੋ = ਨੂੰ ਦਰਿਦ੍ਰ = ਆਲਸੀ ਆਦਮੀ ਦਾ ਸੰਗੁ = ਸਾਥ ਵੀ ਬਿਖ = ਜ਼ਹਿਰ ਰੂਪ ਹੈ, ਕਿਉਂਕਿ ਭਲੇ ਮਨੁੱਖ ਨੇ ਉੱਦਮ ਕਰਕੇ ਵਿੱਦਿਆ ਆਦਿ ਪੜ੍ਹਨੀ ਹੁੰਦੀ ਹੈ ਤੇ ਦਲਿੱਦਰੀ ਨੇ ਸੁੱਤੇ ਰਹਿਣਾ ਹੁੰਦਾ ਹੈ, ਫੇਰ ਬ੍ਰਿਧ = ਬੁੱਢੀ ਨਾਰਿ = ਇਸਤ੍ਰੀ ਦਾ ਵਿਆਹ ਆਦਿ ਦੇ ਮੌਕੇ 'ਤੇ ਗਾਇ = ਗਾਉਣਾ ਵੀ ਬਿਖ = ਜ਼ਹਿਰ ਰੂਪ ਹੁੰਦਾ ਹੈ, ਭਾਵ ਵਡੇਰੀ ਉਮਰ ਕਰਕੇ ਉਸਦਾ ਗਾਉਣਾ ਬੇਸੁਰਾ ਹੋ ਜਾਂਦਾ ਹੈ। ਇਸ ਕਰਕੇ ਅਭਿਆਸ ਤੋਂ ਬਿਨਾਂ ਵਿੱਦਿਆ ਵੀ ਜ਼ਹਿਰ ਰੂਪ ਹੋ ਜਾਂਦੀ ਹੈ ॥੨੨॥

## ਮਾਤਾ ਵਤ ਰਖਿਆ ਕਰੇ; ਪਿਤਾ ਜਿਵੇਂ ਹਿਤਕਾਰ ॥

ਇਹ ਵਿੱਦਿਆ ਤਾਂ ਮਾਤਾ = ਮਾਂ ਦੀ ਵਤ = ਤਰ੍ਹਾਂ ਰੱਖਿਆ ਕਰਦੀ ਹੈ ਅਤੇ ਪਿਤਾ = ਬਾਪ ਜਿਵੇਂ = ਵਾਂਗ ਹਿਤਕਾਰ = ਪਿਆਰ ਕਰਦੀ ਹੈ।

## ਕਰੇ ਨਾਰਿ ਜਯੋਂ ਪ੍ਰੇਮ ਬਹੁ; ਸ਼ੋਕ ਟਾਰ ਸੁਖਕਾਰ ॥੨੩॥

ਫਿਰ ਜਿਸ ਪ੍ਰਕਾਰ ਨਾਰਿ = ਇਸਤ੍ਰੀ ਆਪਣੇ ਪਤੀ ਨਾਲ ਬਹੁ = ਬਹੁਤ ਪ੍ਰੇਮ = ਪਿਆਰ ਕਰੇ = ਕਰਦੀ ਹੈ ਤਿਵੇਂ ਵਿੱਦਿਆ ਇਸਤ੍ਰੀ ਵਾਂਗ ਬਹੁਤ ਪ੍ਰੇਮ ਕਰਦੀ ਹੈ, ਭਾਵ ਜਿਵੇਂ ਇਸਤ੍ਰੀ ਆਪਣੇ ਪਤੀ ਦੀ ਸੇਵਾ ਕਰਦੀ ਹੈ ਤਿਵੇਂ ਵਿੱਦਿਆ ਪੁਰਖ ਦੀ ਲੋਕਾਂ ਪਾਸੋਂ ਬਹੁਤ ਸੇਵਾ ਕਰਾਉਂਦੀ ਹੈ, ਲੋਕ ਵਿਦਵਾਨ ਪੁਰਖਾਂ ਦੀ ਬਹੁਤ ਸੇਵਾ ਅਤੇ ਅਦਬ ਸਤਿਕਾਰ ਕਰਦੇ ਹਨ। ਫੇਰ ਇਹ ਵਿੱਦਿਆ ਸਾਰੇ ਸ਼ੋਕ = ਗ਼ਮਾਂ ਨੂੰ ਟਾਰ = ਦੂਰ, ਨਾਸ਼ ਕਰ ਦੇਂਦੀ ਹੈ ਅਤੇ ਸੁਖਕਾਰ = ਸੁਖ ਦੇਣਾ ਕਰਦੀ ਹੈ॥੨੩॥

## ਵਿਦਯਾ ਬਾਂਧਵ ਜਯੋਂ ਸਕਲ; ਕਾਰਜ ਦੇਤ ਸਵਾਰ ॥

ਵਿੱਦਿਆ ਬਾਂਧਵ = ਸੰਬੰਧੀਆਂ ਜਯੋਂ = ਵਾਂਗ ਸਕਲ = ਸਾਰੇ ਕਾਰਜ = ਕੰਮ ਸੰਵਾਰ ਦੇਤ = ਦਿੰਦੀ ਹੈ, ਭਾਵ ਸੰਬੰਧੀ ਵੀ ਜੀਵ ਦੇ ਸਾਰੇ ਕਾਰਨ ਨਹੀਂ ਸੰਵਾਰ ਸਕਦੇ, ਪਰ ਇਹ ਵਿੱਦਿਆ ਲੋਕ-ਪ੍ਰਲੋਕ ਦੇ ਕਾਰਜ ਸੰਵਾਰ ਦਿੰਦੀ ਹੈ।

## ਦਾਯਕ ਕੀਰਤਿ ਦਰਬ ਕੀ; ਤਾਂ ਤੇ ਪੜ੍ਹੇ ਉਦਾਰ ॥੨੪॥

ਫਿਰ ਇਹ ਵਿੱਦਿਆ ਲੋਕ-ਪ੍ਰਲੋਕ ਵਿਚ ਕੀਰਤਿ = ਵਡਿਆਈ ਦਾਯਕ = ਦੇਣ ਵਾਲੀ ਹੈ ਤੇ ਦਰਬ = ਧਨ ਦੀ ਵੀ ਬਖ਼ਸ਼ਿਸ਼ ਕਰਨ ਵਾਲੀ ਹੈ। ਤਾਂ ਤੇ = ਤਿਸ ਕਰਕੇ ਉਦਾਰ = ਸ੍ਰੇਸ਼ਟ ਜਗਿਆਸੂ ਜਨ ਇਸ ਵਿੱਦਿਆ ਨੂੰ ਜ਼ਰੂਰ ਪੜ੍ਹੇ = ਪੜ੍ਹਦੇ ਰਹਿਣ **ਵਾ:** ਸ੍ਰੇਸ਼ਟ ਜਨ ਇਸੇ ਕਰਕੇ ਵਿੱਦਿਆ ਨੂੰ ਪੜ੍ਹਦੇ ਹਨ ਕਿਉਂਕਿ ਇਹ ਕੀਰਤੀ ਵੀ ਤੇ ਧਨ ਦੀ ਦੇਣ ਵਾਲੀ ਹੈ॥੨੪॥

## ਸਹਿਸ ਗੁਣਾ ਵਿਦਯਾ ਵਧੇ; ਪੁਨਾ ਪੁਨਾ ਅਭਯਾਸ ॥

ਪੁਨ ਪੁਨਾ = ਬਾਰ-ਬਾਰ, ਮੁੜ-ਮੁੜ ਵਿੱਦਿਆ ਦਾ ਅਭਿਆਸ ਕਰਨ ਨਾਲ ਇਹ ਵਿੱਦਿਆ ਸਹਿਸ = ਹਜ਼ਾਰਾਂ ਗੁਣਾਂ ਵਧੇ = ਵੱਧਦੀ ਹੈ।

## ਰਸਨਾਗ੍ਰੇ ਨਿਸ ਦਿਨ ਬਸੇ; ਜਯੋਂ ਜਲ ਨੀਚੇ ਵਾਸੁ ॥੨੫॥

ਦ੍ਰਿਸ਼ਟਾਂਤ ਦੇਂਦੇ ਹਨ ਕਿ ਜਯੋਂ = ਜਿਵੇਂ ਜਲ = ਪਾਣੀ ਦਾ ਨੀਚੇ = ਨੀਵੀ ਥਾਂ 'ਤੇ ਵਾਸ = ਨਿਵਾਸ ਹੁੰਦਾ ਹੈ, ਭਾਵ ਨੀਵੀ ਥਾਂ 'ਤੇ ਪਾਣੀ ਆਪਣੇ ਆਪ ਆ ਜਾਂਦਾ ਹੈ, ਤਿਵੇਂ ਪੁਨਾ ਪੁਨਾ ਅਭਿਆਸ ਕਰਨ ਨਾਲ ਵਿੱਦਿਆ ਰਸਨਾਗ੍ਰੇ (ਰਸਨ + ਅਗ੍ਰੇ) ਰਸਨ = ਜੀਭਾ ਦੇ, ਅਗ੍ਰੇ = ਅੱਗੇ ਭਾਵ ਜ਼ਬਾਨ 'ਤੇ ਰਾਤ-ਦਿਨ ਵੱਸ ਜਾਂਦੀ ਹੈ ਅਰਥਾਤ ਸੁਤੇ-ਸਿੱਧ ਸਾਰੀ ਵਿੱਦਿਆ ਕੰਠ ਹੋ ਜਾਂਦੀ ਹੈ॥੨੫॥

## ਸ਼ਾਸਤ੍ਰ ਕਰ ਮਦ ਹਤ ਸੁਜਨ; ਖਲ ਕੋ ਮਦ ਉਪਜੰਤ ॥

ਸਾਸਤ੍ਰ = ਗ੍ਰੰਥ, ਵਿੱਦਿਆ ਪੜ੍ਹਨ, ਸੁਨਨ ਕਰਿ = ਕਰਕੇ, ਸੁਜਨ = ਸ੍ਰੇਸ਼ਟ ਮਨੁੱਖ ਆਪਣੇ ਅੰਦਰੋਂ ਮਦ = ਹੰਕਾਰ ਨੂੰ, ਹਤ = ਨਾਸ਼ ਕਰ ਦੇਂਦੇ ਹਨ ਅਤੇ ਖਲ = ਮੂਰਖ ਮਨੁੱਖ ਉਹੀ ਵਿੱਦਿਆ ਪੜ੍ਹ ਸੁਣ ਕੇ ਉਲਟਾ ਆਪਣੇ ਅੰਦਰ ਮਦ = ਹੰਕਾਰ ਨੂੰ ਉਪਜੰਤ = ਪੈਦਾ ਕਰ ਲੈਂਦੇ ਹਨ।

## ਜਯੋਂ ਦ੍ਰਿਗ ਭਾਨੁ ਪ੍ਰਕਾਸ਼ ਹ੍ਵੈ; ਉਲੂ ਅੰਧ ਕਰੰਤ ॥੨੬॥

ਦ੍ਰਿਸ਼ਟਾਂਤ ਦੇਂਦੇ ਹਨ ਕਿ ਜਯੋਂ = ਜਿਵੇਂ ਭਾਨੁ = ਸੂਰਜ ਦੇ ਚੜ੍ਹਨ ਨਾਲ ਦ੍ਰਿਗ = ਨੇਤ੍ਰਾਂ ਵਾਲਿਆਂ ਨੂੰ

ਪ੍ਰਕਾਸ਼ = ਚਾਨਣਾ ਹ੍ਵੈ = ਹੋ ਜਾਂਦਾ ਹੈ ਪਰ ਉਹੀ ਸੂਰਜ ਦਾ ਚਾਨਣਾ ਉੱਲੂ ਨੂੰ ਅੰਧ = ਅੰਨ੍ਹਾ ਕਰੰਤ = ਕਰ ਦੇਂਦਾ ਹੈ, ਤਿਵੇਂ ਇਹ ਵਿੱਦਿਆ ਸ੍ਰੇਸ਼ਟ ਮਨੁੱਖ ਦੇ ਹੰਕਾਰ ਨੂੰ ਦੂਰ ਕਰ ਦੇਂਦੀ ਹੈ ਪਰ ਮੂਰਖ ਮਨੁੱਖ ਹੰਕਾਰ ਦੇ ਸਹਿਤ ਹੋ ਜਾਂਦੇ ਹਨ॥੨੬॥

## ਸ੍ਵੈਯਾ॥ ਮੁਕਟਾਂਗਦ ਕੁੰਡਲ ਕੰਕਨ ਹੈ ਕਰ;
## ਚੰਦ੍ਰ ਪ੍ਰਭਾ ਗਰ ਮੋਤਨ ਹਾਰਾ॥

ਜੇਕਰ ਕਿਸੀ ਪੁਰਸ਼ ਦੇ (ਮੁਕਟ + ਅੰਗਦ) ਸਿਰ ਉੱਪਰ ਮੁਕਟ ਸ਼ੋਭਦਾ ਹੋਵੇ, ਬਾਹਵਾਂ ਦੇ ਡੌਲਿਆਂ ਉੱਪਰ ਅੰਗਦ = ਬਹੁੱਟੇ ਬੰਨ੍ਹੇ ਹੋਣ, ਦੋਨਾਂ ਕੰਨਾਂ ਵਿਚ ਕੁੰਡਲ = ਵਾਲੇ ਪਾਏ ਹੋਣ, ਕਰ = ਹੱਥਾਂ ਵਿਚ ਸੋਨੇ ਦੇ ਕੰਕਨ = ਕੜੇ ਪਾਏ ਹੋਣ, ਫੇਰ ਜਿਸ ਦੇ ਸਰੀਰ ਦੀ ਚੰਦ੍ਰ = ਚੰਦ੍ਰਮਾ ਸਮਾਨ, ਪ੍ਰਭਾ = ਸ਼ੋਭਾ, ਸੁੰਦਰਤਾ ਹੋਵੇ ਅਤੇ ਗਰ = ਗਲੇ ਵਿਚ ਮੋਤਨ = ਮੋਤੀਆਂ ਦਾ ਹਾਰਾ = ਹਾਰ ਪਹਿਨਿਆ ਹੋਵੇ **ਵਾ:** ਚੰਦ੍ਰਮਾ ਜਿਹੀ ਕ੍ਰਾਂਤੀ ਵਾਲੇ ਮੋਤੀਆਂ ਦੀ ਮਾਲਾ ਗਲ ਵਿਚ ਹੋਵੇ।

## ਮੁਖ ਚੰਦ੍ਰ ਪ੍ਰਭਾ, ਦ੍ਰਿਗ ਕੰਜ ਪ੍ਰਭਾ; ਤਨ ਕੰਦ੍ਰ ਪ੍ਰਭਾ, ਰਤਿ ਸੀ ਘਰ ਦਾਰਾ॥

ਜਿਸ ਦੇ ਮੁਖ = ਮੁਖੜੇ ਦੀ ਪ੍ਰਭਾ = ਸ਼ੋਭਾ ਪੂਰਨਮਾਸ਼ੀ ਦੇ ਚਮਕਦੇ ਚੰਦ੍ਰ = ਚੰਦ੍ਰਮਾ ਸਮਾਨ ਹੋਵੇ, ਦ੍ਰਿਗ = ਨੇਤ੍ਰਾਂ ਦੀ ਪ੍ਰਭਾ = ਸ਼ੋਭਾ ਕੰਜ = ਖਿੜੇ ਹੋਏ ਕਮਲਾਂ ਦੇ ਸਮਾਨ ਹੋਵੇ, ਤਨ = ਸਰੀਰ ਦੀ ਪ੍ਰਭਾ = ਸ਼ੋਭਾ ਕੰਦ੍ਰ = ਕਾਮਦੇਵ ਦੇ ਸਮਾਨ ਹੋਵੇ ਅਤੇ ਰਤਿ = ਰੱਤੀ (ਕਾਮਦੇਵ ਦੀ ਘਰਵਾਲੀ) ਸੀ = ਵਰਗੀ ਘਰ ਦੇ ਵਿਚ ਦਾਰਾ = ਇਸਤ੍ਰੀ ਹੋਵੇ।

## ਇਸ਼ਨਾਨ ਵਿਲੇਪਨ ਚੰਦਨ ਕੁੰਕਮ; ਗੰਧ ਘਨੀ ਕਰੁ ਗੁੰਦਤ ਵਾਰਾ॥

ਇਸਤ੍ਰੀ ਦੀ ਸੋਭਾ ਕਰਦੇ ਹਨ ਕਿ ਉਸ ਇਸਤ੍ਰੀ ਨੇ ਪਾਣੀ ਵਿਚ ਸੁਗੰਧੀ ਪਾ ਕੇ ਇਸ਼ਨਾਨ ਕੀਤਾ ਹੋਵੇ **ਅਥਵਾ** ਚੰਦਨ ਤੇ ਕੁੰਕਮ = ਕੇਸਰ ਨੂੰ ਘਸਾ ਕੇ ਸਰੀਰ ਉੱਪਰ ਲੇਪਨ ਕੀਤਾ ਹੋਵੇ, ਫੇਰ ਘਨੀ = ਬਹੁਤ ਸੁਗੰਧੀ ਲਗਾ ਕਰਕੇ ਵਾਰਾ = ਕੇਸਾਂ ਨੂੰ ਗੁੰਦਤ = ਗੁੰਦਦੀ ਹੋਵੇ।

## ਨਰ ਕੋ ਇਹ ਸੁੰਦਰ ਸਾਚ ਕਰੇ; ਪਰ ਅੰਤ ਅਨੰਤ ਕਲੇਸ ਭੰਡਾਰਾ॥੨੭॥

ਹਾਂ ਇਹ ਗੱਲ ਸਾਚ = ਸੱਚੀ, ਠੀਕ ਹੈ ਕਿ ਇਹ ਚੀਜ਼ਾਂ ਨਰ = ਮਨੁੱਖ ਨੂੰ ਬਾਹਰੋਂ ਸੁੰਦਰ ਤਾਂ ਕਰੇ = ਕਰ ਦੇਂਦੀਆਂ ਹਨ, ਪਰ ਅੰਤ = ਅਖ਼ੀਰ ਨੂੰ ਅਨੰਤ = ਬਿਅੰਤ ਕਲੇਸ = ਦੁੱਖਾਂ ਦਾ ਭੰਡਾਰਾ = ਖ਼ਜ਼ਾਨਾ ਹੀ ਹਨ, ਭਾਵ ਅੰਤ ਨੂੰ ਇਹ ਚੀਜ਼ਾਂ ਨਾਲ ਨਹੀਂ ਜਾਂਦੀਆਂ ਤੇ ਮਨੁੱਖ ਦਾ ਇਨ੍ਹਾਂ ਚੀਜ਼ਾਂ ਨਾਲ ਸਨੇਹ ਹੋਣ ਕਰਕੇ ਉਹ ਦੁਖੀ ਹੁੰਦਾ ਹੈ॥੨੭॥

ਅੱਗੇ ਵਿੱਦਿਆ ਦੀ ਮਹਿਮਾ ਕਰਦੇ ਹਨ ਕਿ ਇਹ ਵਿੱਦਿਆ ਰੂਪੀ ਭੂਖਣ ਦੋਨਾਂ ਲੋਕਾਂ ਵਿਚ ਅਦਬ, ਮਾਨ ਦੇਂਦਾ ਹੈ।

## ਸਭ ਭੂਖਣ ਮੈਂ ਯਹਿ ਭੂਖਣ ਹੈ ਸੁਭ; ਵੇਦ ਮਈ ਇਕ ਬਾਣੀ ਉਦਾਰਾ[1]॥

ਜੋ ਵੇਦ ਮਈ = ਸਰੂਪ **ਵਾ:** ਗਿਆਨ ਸਰੂਪ ਇਕ ਉਦਾਰਾ = ਸ੍ਰੇਸ਼ਟ ਬਾਣੀ ਹੈ, ਇਹ ਬਾਣੀ (ਵਿੱਦਿਆ) ਸਭ = ਸਾਰੇ ਭੂਖਣ = ਗਹਿਣਿਆਂ ਮੈ = ਵਿੱਚੋਂ ਸੁਭ = ਸ੍ਰੇਸ਼ਟ ਭੂਖਣ = ਗਹਿਣਾ ਹੈ।

---

੧. ਪਾਠਾਂਤ੍ਰ—ਉਚਾਰਾ।

## ਨਰ ਕੋ ਵਹੁ ਸੁੰਦਰ ਬੇਗ ਕਰੇ ਬਪੁ; ਸਾਰ ਜਿਵੇਂ ਫਲ ਦੇਵਹਿ ਸਾਰਾ॥

ਜਿਸ ਨੇ ਇਹ ਵੇਦ ਵਿੱਦਿਆ **ਵਾ:** ਗਿਆਨ ਰੂਪ ਭੂਖਨ ਧਾਰਨ ਕੀਤਾ ਹੈ, ਉਸ ਨਰ = ਮਨੁੱਖ ਦੇ ਬਪੁ = ਸਰੀਰ, ਸਰੂਪ ਨੂੰ ਵਹੁ = ਉਹ ਵਿੱਦਿਆ ਬੇਗ = ਛੇਤੀ ਸੁੰਦਰ ਬਣਾ ਦੇਂਦੀ ਹੈ, ਭਾਵ ਜੋ ਇਸ ਵਿੱਦਿਆ ਦੇ ਅਨੁਸਾਰ ਚੱਲੇਗਾ, ਉਸਦਾ ਦੋਨਾਂ ਲੋਕਾਂ ਵਿਚ ਮੁਖ ਉੱਜਲਾ ਹੋ ਜਾਏਗਾ। ਫੇਰ ਜਿਵੇਂ ਸਾਰ = ਸੁਰਸਤੀ ਸਾਰਾ = ਸ੍ਰੇਸ਼ਟ ਫਲ ਦੇਵਹਿ = ਦੇਣਾ ਕਰਦੀ ਹੈ, ਤਿਵੇਂ ਇਹ ਵਿੱਦਿਆ ਸ੍ਰੇਸ਼ਟ ਫਲ ਦੇਣਾ ਕਰਦੀ ਹੈ।

## ਚਤੁਰਾਨਨ ਚੌਦਸ ਭੌਨ ਰਚੇ; ਪਰ ਨਾ ਵਿਦਯਾ ਸਮ ਤਾਂਹਿ ਮਝਾਰਾ॥

(ਚਤੁਰ + ਆਨਨ) ਚਤੁਰ = ਚਾਰ ਆਨਨ = ਮੂੰਹਾਂ ਵਾਲੇ ਬ੍ਰਹਮਾ ਨੇ ਚੌਦਸ = ਚੌਦਾਂ ਭੌਨ = ਭਵਨ ਰਚੇ = ਰਚਨਾ ਕੀਤੇ ਹਨ, ਪਰ ਉਨ੍ਹਾਂ ਦੇ ਮਝਾਰਾ = ਵਿਚ ਵਿੱਦਿਆ ਦੇ ਸਮ = ਸਮਾਨ ਉਨ੍ਹਾਂ ਵਿਚ ਕੋਈ ਨਹੀਂ ਹੈ, ਭਾਵ ਇਨ੍ਹਾਂ ਚੌਦਾਂ ਲੋਕਾਂ ਵਿਚ ਵਿੱਦਿਆ ਦੇ ਸਮਾਨ ਹੋਰ ਉੱਤਮ ਵਸਤੂ ਕੋਈ ਨਹੀਂ ਹੈ।

## ਨਰ ਤਾਂ ਤੇ ਸਦੀਵ ਪੜ੍ਹੈ ਵਿਦਯਾ;
## ਹਰਿਦਯਾਲੁ ਚਹੇ ਜੁ ਪਦਾਰਥ ਚਾਰਾ॥੨੮॥

ਪੰਡਿਤ ਹਰਦਿਆਲ ਜੀ ਕਥਨ ਕਰਦੇ ਹਨ ਕਿ ਜੁ = ਜਿਹੜਾ ਮਨੁੱਖ ਧਰਮ, ਅਰਥ, ਕਾਮ ਮੋਖ ਰੂਪੀ ਚਾਰਾ = ਚਾਰੇ ਪਦਾਰਥ ਚਾਹੇ = ਚਾਹੁੰਦਾ ਹੈ, ਉਹ ਨਰ = ਮਨੁੱਖ ਤਾਂ ਤੇ = ਤਿਸ ਕਰਕੇ ਸਦੀਵ = ਹਮੇਸ਼ਾਂ ਵਿੱਦਿਆ ਨੂੰ ਪੜ੍ਹੇ = ਪੜ੍ਹਦਾ ਰਹੇ॥੨੮॥ ਜੈਸਾ ਕਿ :

**ਤਬ ਲਗ ਵਿਦਯਾ ਕੋ ਪੜੈ ਜਬ ਲਗ ਘਟ ਮੈ ਪ੍ਰਾਨ।**
**ਤਹਾ ਧਨੀ ਪਹੁੰਚੈ ਨਹੀ ਜਹ ਪਹੁੰਚਹਿ ਵਿਦਵਾਨ॥੩॥** *(ਚਾਣਕਯ ਨੀਤੀ, ਅਧਿ: ੩)*

## ਦੋਹਰਾ॥ ਬਾਈ ਦੋਹੇ ਤ੍ਰੈ ਸੋਰਠੇ; ਦੋਇ ਸ੍ਵੈਯੇ ਚੀਨ॥

ਅਧਿਆਇ ਦੀ ਸਮਾਪਤੀ ਦੇ ਛੰਦਾਂ ਦੀ ਗਿਣਤੀ ਦੱਸਦੇ ਹਨ ਕਿ ਇਸ ਤੀਸਰੇ ਅਧਿਆਇ ਵਿਚ ਕੁਲ ਬਾਈ ਦੋਹੇ = ਦੋਹਰੇ, ਤ੍ਰੈ = ਤਿੰਨ ਸੋਰਠੇ ਅਤੇ ਦੋਇ = ਦੋ ਸ੍ਵੈਯੇ = ਸਵੱਈਏ ਛੰਦ ਚੀਨ = ਜਾਨਣਾ ਕਰੋ।

## ਇਕ ਸ਼ੰਕਰ ਅਠ ਬੀਸ ਬ੍ਰਿਤਿ; ਚਿਤ ਬ੍ਰਿਤਿ ਕਰੇ ਮਹੀਨ॥੧॥

ਇਸ ਅਧਿਆਇ ਅੰਦਰ ਇਕ ਸੰਕਰ ਛੰਦ ਵੀ ਆਇਆ ਹੈ, ਇਸ ਪ੍ਰਕਾਰ ਕੁਲ ਅਠ ਬੀਸ = ਅਠਾਈ ਬ੍ਰਿਤਿ = ਛੰਦ ਆਏ ਹਨ, ਜੋ ਚਿਤ ਦੀ ਬ੍ਰਿਤਿ = ਬਿਰਤੀ ਨੂੰ ਮਹੀਨ = ਬਾਰੀਕ ਭਾਵ ਸੂਖਮ ਕਰੇ = ਕਰ ਦੇਣਗੇ॥੧॥

***ਨੋਟ :*** ਇਸ ਤੀਸਰੇ ਅਧਿਆਇ ਦੀ ਛੰਦਾਬੰਦੀ ਵਿਚ ਇਕ ਗੁਲਝ ਜੋ ਪੜ੍ਹਨ ਪੜ੍ਹਾਉਣ ਵਾਲਿਆਂ ਨੂੰ ਸ਼ੰਕਾ ਰੂਪ ਬਣੀ ਹੋਈ ਹੈ ਕਿਉਂਕਿ ਕਵੀ ਜੀ ਨੇ ਅਧਿਆਇ ਦੇ ਮੁੱਢ ਵਿਚ ਜੋ ਅਧਿਆਇ ਦੀ ਜਾਣਕਾਰੀ ਦਾ ਨਿਯਮ ਰੱਖਿਆ ਹੋਇਆ ਹੈ ਉਸ ਅਨੁਸਾਰ ਇਸ ਅਧਿਆਇ ਦੇ ੨੮ ਛੰਦ ਮੰਨੇ ਗਏ ਹਨ ਤੇ ਅਖ਼ੀਰ ਵਿਚ ਵੀ ਦੋ ਦੋਹਰੇ ਦੁਬਾਰਾ ਅਠ ਬੀਸ ਕਹਿ ਕੇ ਅਠਾਈ ਛੰਦ ਹੀ ਮੰਨੇ ਹਨ, ਇਸ ਵਿਚ ਕਵੀ ਜੀ ਨੇ ਦੋਹਰੇ ੨੨ ਕਹੇ ਹਨ ਮੁਢਲੇ ਜਾਣਕਾਰੀ ਵਾਲੇ ਦੋਹਰੇ ਅਨੁਸਾਰ ਬਾਈ ਹਨ ਪਰ ਕਵੀ ਜੀ ਪਹਿਲੇ ਦੋਹਰੇ ਨੂੰ ਗਿਣਤੀ ਵਿਚ ਪਿੱਛੋਂ ਰੱਖਦੇ ਨਹੀਂ ਆ ਰਹੇ, ਜੇ ਇਨ੍ਹਾਂ ਨੇ ਭੁਲੇਖੇ ਦੇ ਕਾਰਨ ੨੨ ਦੋਹਰੇ ਲਿਖੇ ਹਨ ਤਾਂ ਇਹ ਦੋਹਰੇ ਇੱਕੀ ਬਣਨਗੇ ਫੇਰ ਅੱਗੇ ਜੋ ਸਵਈਏ ਕਹੇ ਹਨ ਉਥੇ ਕਵੀ ਜੀ ਨੇ ਫੇਰ ਭੁਲੇਖਾ ਖਾਧਾ ਹੈ,

ਸਵਈਏ ਤਿੰਨ ਹਨ "ਸਭ ਭੂਖਣ ਮੈਂ ਯਹਿ ਭੂਖਣ ਹੈ ਸੁਭ" ਗਿਣਤੀ ਵਿਚ ਲੈ ਕੇ ਦੋ ਸਵੱਈਏ ਦੀ ਥਾਂ ਤਿੰਨ ਸਵੱਈਏ ਲਿਖਣਾ ਚਾਹੀਦਾ ਸੀ ਤੇ ਫੇਰ ਗਿਣਤੀ ਸਹੀ ਆ ਜਾਂਦੀ ਹੈ ਜਾਪਦਾ ਹੈ ਕਿ ਕਵੀ ਜੀ ਇਉਂ ਲਿਖਣਾ ਚਾਹੁੰਦੇ ਸਨ ਜਾਂ ਅੱਗੇ ਕੋਈ ਛਾਪੇ ਵਿਚ ਫ਼ਰਕ ਪੈ ਗਿਆ ਹੈ ਇਹ ਪਰਮਾਤਮਾ ਹੀ ਜਾਣੇ। ਜੈਸਾ ਕਿ : "ਇਕੀਸ ਦੋਹੇ ਤਰੈ ਸੋਰਠੇ, ਤੀਨ ਸਵੈਯੇ ਚੀਨ। ਇਕ ਸੰਕਰ ਅਠ ਬੀਸ ਬ੍ਰਿਤਿ, ਚਿਤ ਬ੍ਰਿਤਿ ਕਰੇ ਮਹੀਨ।" ਇਉਂ (੨੧ + ੩ + ੩ +੧ = ੨੮) ਦੋਹਰੇ ਦੀ ਦਰੁਸਤੀ ਨਾਲ ਸਾਰੀ ਗੁਲਝ ਖ਼ਤਮ ਹੋ ਜਾਂਦੀ ਹੈ ਕੋਈ ਇਹ ਨਾ ਸਮਝੇ ਕਿ ਅਸੀਂ ਦੋਹਰਾ ਬਦਲਿਆ ਹੈ ਅਸੀਂ ਦਰੁਸਤੀ ਦੀ ਸਲਾਹ ਪੇਸ਼ ਕੀਤੀ ਹੈ ਭੁਲ ਚੁੱਕ ਦੀ ਖ਼ਿਮਾ ਕਰਨੀ ਜੀ।

## ਇਤਿ ਸ੍ਰੀ ਸਾਰੁਕਤਾਵਲੀ; ਤਾਸ ਤ੍ਰਿਤੀਯ ਅਧਿਯਾਇ ॥

ਜੋ ਸ੍ਰੀ = ਸੁਭਾਇਮਾਨ ਸਾਰੁਕਤਾਵਲੀ ਗ੍ਰੰਥ ਹੈ, ਤਾਸ = ਤਿਸਦਾ ਤ੍ਰਿਤੀ = ਤੀਸਰਾ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਕੀਰਤਿ ਵਿਦਯਾ ਕੀ ਕਰੀ; ਕਵਿ ਹਰਿਦਯਾਲ ਸੁਭਾਇ ॥੨॥੩॥

ਜਿਸ ਵਿਚ ਕਵੀ ਹਰਦਿਆਲ ਜੀ ਨੇ ਸੁਭਾਇ = ਸ੍ਰੇਸ਼ਟ ਪ੍ਰੇਮ ਧਾਰਨ ਕਰਕੇ ਵਿੱਦਿਆ ਕੀ = ਦੀ ਕੀਰਤੀ ਲਿਖਣਾ ਕਰੀ = ਕੀਤੀ ਹੈ ॥੨॥੩॥

### ਚੌਥਾ ਅਧਿਆਇ

## ਅਥ ਚਤੁਰਥ ਅਧਆਇ ਪ੍ਰਾਰੰਭ ॥

ਅਥ = ਹੁਣ ਪੰਡਿਤ ਹਰਦਿਆਲ ਜੀ ਸਾਰੁਕਤਾਵਲੀ ਅਧਿਆਇ ਦਾ ਚਤੁਰਥ = ਚੌਥਾ ਅਧਆਇ = ਅਧਿਆਇ ਪ੍ਰਾਰੰਭ ਕਰਦੇ ਹਨ।

## ਦੋਹਰਾ ॥ ਕਹੇ ਚਤੁਰਥੇ ਗਯਾਨ ਹਿਤ; ਉਤਮ ਆਠ ਸਲੋਕ ॥

ਇਸ ਸਾਰੁਕਤਾਵਲੀ ਦੇ ਚੌਥੇ ਅਧਿਆਇ ਦੇ ਵਿਚ ਪੰਡਿਤ ਹਰਦਿਆਲ ਜੀ ਗਿਆਨ ਦੀ ਪ੍ਰਾਪਤੀ ਹਿਤ = ਵਾਸਤੇ ਜੋ ਸਾਧਨ ਹਨ, ਉਨ੍ਹਾਂ ਸਾਧਨਾਂ ਨੂੰ ਉਤਮ = ਸ੍ਰੇਸ਼ਟ ਅੱਠ ਸਲੋਕਾਂ ਵਿਚ ਕਹੇ = ਕਹਿਣਗੇ।

## ਸ਼ੋਕ ਸੁਕਹਿਂ ਇਸ ਲੋਕ ਕੇ; ਅੰਤਹਿ ਮੁਕਤਿ ਸਲੋਕ ॥੧॥

ਜਿਸਦੇ ਸੁਨਨ ਅਤੇ ਅਧਿਐਨ ਨਾਲ ਇਸ ਲੋਕ ਦੇ ਸ਼ੋਕ = ਗ਼ਮ, ਸੁਕਹਿਂ = ਸੁੱਕ, ਨਾਸ਼ ਹੋ ਜਾਣਗੇ ਅਤੇ ਅੰਤਹ = ਅੰਤ ਨੂੰ ਸਲੋਕ ਮੁਕਤਿ = ਮੁਕਤੀ ਦੀ ਪ੍ਰਾਪਤੀ ਹੋ ਜਾਵੇਗੀ। ਵਿਦਵਾਨਾਂ ਨੇ ਚਾਰ ਪ੍ਰਕਾਰ ਦੀ ਮੁਕਤੀ ਕਥਨ ਕੀਤੀ ਹੈ ॥੧॥

੧. ਸਲੋਕ : ਉਪਾਸਯ ਦੇ ਲੋਕ ਵਿਚ ਜਾ ਕੇ ਰਹਿਣਾ, ਇਸਦਾ ਨਾਮ ਸਲੋਕ ਮੁਕਤੀ ਹੈ।

੨. ਸਮੀਪ : ਉਪਾਸਯ ਦੇ ਨਿਕਟਵਰਤੀ ਹੋ ਜਾਣਾ ਇਸਦਾ ਨਾਮ ਸਮੀਪ ਮੁਕਤੀ ਹੈ।

੩. ਸਰੂਪ : ਉਪਾਸਯ ਦੇ ਸਰੂਪ ਵਰਗਾ ਸਰੂਪ ਹੋ ਜਾਣਾ, ਇਸਦਾ ਨਾਮ ਸਰੂਪ ਮੁਕਤੀ ਹੈ।

੪. ਸਾਯੁਜ : ਉਪਾਸਯ ਦੇ ਸਮਾਨ ਭੋਗ ਪਦਾਰਥ ਪ੍ਰਾਪਤ ਹੋ ਜਾਣੇ, ਇਸਦਾ ਨਾਮ ਸਾਯੁਜ ਮੁਕਤੀ ਹੈ।

ਜਿਨ੍ਹਾਂ ਸਾਧਨਾਂ ਕਰਕੇ ਗਿਆਨ ਪ੍ਰਾਪਤ ਹੁੰਦਾ ਹੈ, ਉਨ੍ਹਾਂ ਸਾਧਨਾਂ ਦਾ ਵਰਣਨ ਕਰਦੇ ਹਨ :

## ਸ੍ਵੈਯਾ ॥ ਜਨ ਉੱਤਮ ਹੇਰ ਧਰਾ ਪਰ ਉੱਤਮ; ਪਾਉਂ ਧਰੇ, ਨਹ ਜੰਤ ਮਰੇ ॥

ਪਹਿਲਾਂ ਉੱਤਮ ਮਨੁੱਖਾਂ ਦੇ ਲੱਛਣ ਕਥਨ ਕਰਦੇ ਹਨ ਕਿ ਉੱਤਮ = ਸ੍ਰੇਸ਼ਟ ਜਨ = ਮਨੁੱਖ ਉੱਤਮ = ਸ੍ਰੇਸ਼ਟ, ਧਰਾ = ਧਰਤੀ ਨੂੰ ਹੇਰ = ਦੇਖ ਕਰਕੇ ਉਸ ਪਰ = ਉੱਪਰ ਉੱਤਰ ਆਪਣੇ ਪਾਉਂ = ਪਾਉਣ ਚਰਨ ਧਰੇ = ਧਰਦੇ ਹਨ ਕਿ ਜਿਸ ਕਰਕੇ ਉਨ੍ਹਾਂ ਦੇ ਪੈਰਾਂ ਹੇਠਾਂ ਕੋਈ ਜੰਤ = ਜੀਵ ਆ ਕੇ ਨਾ ਮਰ ਜਾਵੇ, ਭਾਵ ਅੰਨ੍ਹਿਆਂ ਦੇ ਵਾਂਗ ਨਾ ਤੁਰਿਆ ਜਾਵੇ, ਹੇਠਾਂ ਚੰਗੀ-ਮੰਦੀ ਥਾਂ ਦੇਖ ਕੇ ਚੰਗੇ ਰਸਤੇ ਵੱਲ ਦੀ ਜਾਣਾ ਕਰੇ।

## ਅਤਿ ਵਾਕ ਪਵਿਤ੍ਰ ਯਥਾਰਥ ਸੁੰਦਰ; ਸੋਧ ਰਿਦੇ ਸਭਹੂੰ ਕੋ ਰਰੇ ॥

ਉੱਤਮ ਪੁਰਸ਼ ਅਤਿ = ਅਤਿਅੰਤ ਪਵਿੱਤ੍ਰ = ਨਿਰਮਲ ਯਥਾਰਥ = ਸੱਚੇ ਅਤੇ ਸੁੰਦਰ = ਸੋਹਣੇ ਵਾਕ = ਬਚਨ ਬੋਲਦਾ ਹੈ, ਫੇਰ ਰਿਦੇ = ਹਿਰਦੇ ਵਿਚ, ਸੋਧ = ਵਿਚਾਰ-ਵਿਚਾਰ ਕੇ ਸਭਹੂੰ = ਸਾਰਿਆ ਤਾਈਂ ਰਰੇ = ਉਚਾਰਨ ਕਰਦਾ ਹੈ ਕਿ ਕਿਸੇ ਦੇ ਦਿਲ ਨੂੰ ਮੇਰੇ ਬਚਨ ਦੁੱਖ ਨਾ ਦੇਣ।

## ਪੁਣ ਕੈ ਸੁਚੁ ਚੀਰ ਸੌਂ ਨੀਰ ਭਲੇ; ਜਨ ਧੀਰ ਨਿਰੰਤਰਿ ਪਾਨ ਕਰੇ ॥

ਭਲੇ = ਭਲੀ ਪ੍ਰਕਾਰ **ਵਾ:** ਭਲੇ = ਉੱਤਮ ਪੁਰਖ ਸੁਚੁ = ਪਵਿਤ੍ਰ ਚੀਰ = ਬਸਤ੍ਰ ਸੌਂ = ਨਾਲ ਨੀਰ = ਪਾਣੀ ਨੂੰ ਪੁਣ ਕੈ = ਪੁਣ-ਛਾਣ ਕਰਕੇ ਧੀਰ = ਧੀਰਜਵਾਨ ਜਨ = ਪੁਰਖ ਨਿਰੰਤਰ = ਇਕ ਰਸ, ਪਾਨ = ਪੀਣਾ ਕਰੇ = ਕਰਦੇ ਹਨ।

## ਬੁੱਧਿ ਸੌਂ ਲਖ ਕੈ ਸਤ ਵਸਤੁ ਧਰੈ[੧] ਪੁਰਖੋਤਮ ਲੱਖਣ ਏ ਉਚਰੇ ॥੧॥

ਫਿਰ ਆਪਣੀ ਬੁੱਧਿ = ਮਤ, ਅਕਲ ਸੌਂ = ਨਾਲ ਸਤ = ਸੱਚੀ ਵਸਤੁ = ਵਸਤੂ ਨੂੰ ਲਖ = ਜਾਣ ਕੈ = ਕਰਕੇ ਧਰੇ = ਧਾਰਨ ਕਰਦੇ ਹਨ ਅਤੇ ਅਸੱਤ ਵਸਤੂ ਦਾ ਤਿਆਗ ਕਰਦੇ ਹਨ, ਏ = ਇਹ (ਪੁਰਖ + ਉਤਮ) ਉਤਮ = ਸ੍ਰੇਸ਼ਟ ਪੁਰਖ = ਮਨੁੱਖਾਂ ਦੇ ਲਖਨ = ਚਿੰਨ੍ਹ, ਲੱਛਣ ਉਚਰੇ = ਕਥਨ ਕੀਤੇ ਹਨ ॥੧॥

## ਦੋਹਰਾ ॥ ਤਨ ਪਟ ਜਲ ਕਰ ਸੁਧ ਹ੍ਵੈ; ਬੁਧਿ ਵਿਦਾਂਤ ਵਿਚਾਰ ॥

ਜਿਸ ਪ੍ਰਕਾਰ ਤਨ = ਸਰੀਰ ਅਤੇ ਪਟ = ਬਸਤ੍ਰ ਜਲ = ਪਾਣੀ ਵਿਚ ਧੋਣ ਕਰਿ = ਕਰਕੇ ਸੁਧ = ਪਵਿੱਤ੍ਰ ਹ੍ਵੈ = ਹੋ ਜਾਂਦੇ ਹਨ, ਤਿਵੇਂ ਬੁਧਿ = ਮਤ ਵੇਦਾਂਤ ਆਦਿ ਗ੍ਰੰਥਾਂ ਦੀ ਵਿਚਾਰ ਕਰਨ ਨਾਲ ਨਿਰਮਲ ਹੋ ਜਾਂਦੀ ਹੈ। ਜੈਸਾ ਕਿ :

**ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥**
**ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥**
**ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥** *(ਸ੍ਰੀ ਜਪੁਜੀ ਸਾਹਿਬ, ਅੰਗ ੪)*

## ਜੀਵ ਅਹਿੰਸਾ ਗੋ ਭਗਤਿ; ਮਨ ਨਿਰਵੇਦਹਿ ਧਾਰ ॥੨॥

ਜੀਵਾਂ ਦੀ ਅਹਿੰਸਾ = ਹਿੰਸਾ ਨਾ ਕਰਨੀ **ਵਾ:** ਜੀਵ = ਜੀਵਾਤਮਾ ਅਹਿੰਸਾ = ਜੀਵਾਂ ਦੀ ਹਿੰਸਾ ਛੱਡ ਦੇਣ ਤੋਂ ਸ਼ੁੱਧ ਹੋ ਜਾਂਦਾ ਹੈ, ਗੋ = ਇੰਦ੍ਰੀਆਂ ਪਰਮਾਤਮਾ ਦੀ ਭਗਤਿ = ਭਗਤੀ ਕਰਨ ਤੋਂ ਸ਼ੁੱਧ ਹੋ ਜਾਂਦੀਆਂ ਹਨ ਅਤੇ ਮਨ ਨਿਰਵੇਦਹਿ = ਵੈਰਾਗ ਧਾਰ = ਧਾਰਨ ਕਰ ਕੇ ਸ਼ੁੱਧ ਹੋ ਜਾਂਦਾ ਹੈ ॥੨॥

---

੧. ਪਾਠਾਂਤ੍ਰ—ਭਲੇ।

## ਜਲ ਕਰ ਕਰਦਮ ਉਪਜ ਹੈ; ਜਲ ਕਰ ਪੰਕ ਵਿਨਾਸ ॥

ਜਲ = ਪਾਣੀ, ਕਰ = ਕਰਕੇ, ਕਰਦਮ = ਚਿੱਕੜ ਉਪਜ = ਪੈਦਾ ਹੋ ਜਾਂਦਾ ਹੈ ਭਾਵ ਥੋੜ੍ਹੇ ਪਾਣੀ, ਥੋੜ੍ਹੀ ਵਰਖਾ ਹੋਣ ਨਾਲ ਗਲੀਆਂ ਵਿਚ ਚਿੱਕੜ ਹੋ ਜਾਂਦਾ ਹੈ ਅਤੇ ਜਲ = ਪਾਣੀ ਕਰ ਕੇ, ਪੰਕ = ਚਿੱਕੜ ਵਿਨਾਸ = ਖ਼ਤਮ ਹੋ ਜਾਂਦਾ ਹੈ, ਭਾਵ ਜਦੋਂ ਜ਼ੋਰ ਨਾਲ ਵਰਖਾ ਪੈਂਦੀ ਹੈ ਤਾਂ ਉਹ ਸਾਰਾ ਚਿੱਕੜ ਰੋੜ੍ਹ ਕੇ ਲੈ ਜਾਂਦਾ ਹੈ।

## ਮਨ ਕਰ ਉਪਜਤ ਪਾਪ ਕਿਲ; ਮਨ ਕਰ ਹੀ ਅਘ ਨਾਸ ॥੩॥

ਏਸੇ ਪ੍ਰਕਾਰ ਕਿਲ = ਨਿਸ਼ਚੇ ਕਰਕੇ ਮਨ ਕਰ = ਕਰਕੇ ਹੀ ਸਾਰੇ ਪਾਪ ਉਪਜਤ = ਪੈਦਾ ਹੁੰਦੇ ਹਨ ਅਤੇ ਮਨ ਕਰ = ਕਰਕੇ ਹੀ ਅਘ = ਪਾਪ ਨਾਸ਼ ਹੋ ਜਾਂਦੇ ਹਨ, ਭਾਵ ਜਦੋਂ ਮਨ ਵਿਸ਼ਿਆਂ ਵਿਕਾਰਾਂ ਵਿਚ ਪ੍ਰੀਤੀ ਕਰਦਾ ਹੈ ਤਦੋਂ ਪਾਪਾਂ ਦੀ ਉਤਪਤੀ ਹੁੰਦੀ ਹੈ ਅਤੇ ਜਦੋਂ ਮਨ ਵਿਸ਼ਿਆਂ ਵੱਲੋਂ ਗਿਲਾਨੀ ਪੂਰਬਕ ਵੈਰਾਗ ਧਾਰਨ ਕਰਕੇ ਤਿੰਨਾਂ ਸਰੀਰਾਂ ਤੋਂ ਭਿੰਨ ਆਪਣੇ ਆਤਮ ਸਰੂਪ ਨੂੰ ਦੇਖਦਾ ਹੈ, ਤਦੋਂ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ ॥੩॥

## ਜਲ ਬ੍ਰਤ ਮੰਤ੍ਰ ਸ਼ਨਾਨ ਤ੍ਰੈ; ਜਪੀ ਤਪੀ ਬ੍ਰਤ ਮੰਤ੍ਰ ॥

ਹੇ ਭਾਈ ! ਜਲ = ਪਾਣੀ ਨਾਲ, ਬ੍ਰਤ = ਵਰਤ ਨਾਲ ਅਤੇ ਮੰਤ੍ਰਾਂ ਨਾਲ ਇਹ ਤ੍ਰੈ = ਤਿੰਨ ਪ੍ਰਕਾਰ ਦਾ ਸ਼ਨਾਨ = ਇਸ਼ਨਾਨ ਹੈ। ਜਪੀ = ਜਪ ਕਰਨ ਵਾਲੇ ਮੰਤ੍ਰਾਂ ਨੂੰ ਪੜ੍ਹਨ ਦਾ ਇਸ਼ਨਾਨ ਹੈ ਅਤੇ ਤਪੀ = ਤਪੱਸਿਆ ਕਰਨ ਵਾਲੇ ਲਈ ਬ੍ਰਤ = ਵਰਤ ਰੱਖਣ ਰੂਪ ਇਸ਼ਨਾਨ ਹੈ।

## ਜਲ ਸ਼ਨਾਨ ਗ੍ਰਿਸਤੀਨ ਕੋ; ਪੂਜੈ ਉਭੈ ਨਿਰੰਤ੍ਰ ॥੪॥

ਤੀਸਰਾ ਜਲ = ਪਾਣੀ ਨਾਲ ਸ਼ਨਾਨ = ਇਸ਼ਨਾਨ ਕਰਨਾ, ਗ੍ਰਿਸਤੀਨ = ਗ੍ਰਹਿਸਤੀਆਂ ਕੋ = ਦਾ ਨਿਯਮ ਹੈ, ਉਹ ਅੰਮ੍ਰਿਤ ਵੇਲੇ ਜਲ ਨਾਲ ਇਸ਼ਨਾਨ ਕਰਕੇ ਜਪੀ ਅਤੇ ਤਪੀ ਉਭੈ = ਦੋਨਾਂ ਨੂੰ ਨਿਰੰਤ੍ਰ = ਇਕ ਰਸ, ਪੂਜੈ = ਪੂਜਣਾ ਕਰੇ, ਭਾਵ ਜਪ ਤਪੀ ਦੀ ਮਨ, ਬਾਣੀ, ਸਰੀਰ ਕਰ ਕੇ ਸੇਵਾ ਕਰਦਾ ਰਹੇ ॥੪॥

## ਜਲ ਨ੍ਹਾਏ ਨ੍ਹਾਏ ਨਹੀਂ; ਅੰਤਸਕਰਣ ਮਲੀਨ ॥

ਹੇ ਭਾਈ ! ਸਿਰਫ਼ ਜਲ = ਪਾਣੀ ਨਾਲ ਨ੍ਹਾਏ = ਨਹਾਉਣ ਨਾਲ ਨ੍ਹਾਏ = ਇਸ਼ਨਾਨ ਨਹੀਂ ਹੋ ਜਾਂਦਾ, ਜਦੋਂ ਤਕ ਅੰਦਰੋਂ ਅੰਤਸਕਰਣ = ਮਨ ਮਲੀਨ = ਮੈਲਾ ਹੈ, ਭਾਵ ਅੰਦਰੋਂ ਮਨ ਪਾਪਾਂ ਨਾਲ ਭਰਿਆ ਹੋਇਆ ਹੈ, ਫੇਰ ਬਾਹਰੋਂ ਸਰੀਰ ਨੂੰ ਮਲ ਮਲ ਕੇ ਧੋਣ ਨਾਲ ਉਹ ਸ਼ੁੱਧ ਨਹੀਂ ਹੋਵੇਗਾ। ਜੈਸਾ ਕਿ :

**ਕਾਂਇਆ ਮਾਂਜਸਿ ਕਉਨ ਗੁਨਾਂ ॥ ਜਉ ਘਟ ਭੀਤਰਿ ਹੈ ਮਲਨਾਂ ॥੧॥ਰਹਾਉ॥**

*(ਸੋਰਠਿ ਕਬੀਰ ਜੀ, ਅੰਗ ੬੫੬)*

## ਸੁਰਾ ਪਾਤ੍ਰ ਕੋ ਵਾਰ ਸੌ; ਧੋਏ ਸੁਧ ਕਬੀ ਨ ॥੫॥

ਅੱਗੇ ਦ੍ਰਿਸ਼ਟਾਂਤ ਦੇਂਦੇ ਹਨ ਕਿ ਜਿਵੇਂ ਕੋਈ ਪਾਤ੍ਰ = ਬਰਤਨ, ਸੁਰਾ = ਸ਼ਰਾਬ ਨਾਲ ਭਰਿਆ ਹੋਵੇ ਤੇ ਉਸਨੂੰ ਸੌ = ਸੈਂਕੜੇ ਵਾਰ, ਧੋਏ = ਧੋਅ ਲਿਆ ਜਾਵੇ ਤਦ ਵੀ ਉਹ ਕਬੀ = ਕਦੇ, ਸੁਧ = ਪਵਿੱਤ੍ਰ ਨਹੀਂ ਮੰਨਿਆ ਜਾਂਦਾ। ਇਸੇ ਤਰ੍ਹਾਂ ਬਾਹਰੋਂ ਸਰੀਰ ਨੂੰ ਪਾਣੀ ਨਾਲ ਧੋਣ ਕਰ ਕੇ ਅੰਦਰੋਂ ਮਨ ਸਾਫ਼ ਨਹੀਂ ਹੁੰਦਾ। ਸਰੀਰ ਦੀ ਸ਼ੁੱਧੀ ਤਾਂ ਮੰਨ ਸਕਦੇ ਹਾਂ ਪਰ ਮਨ ਦੀ ਸ਼ੁੱਧੀ ਨਾਮ ਸਿਮਰਨ, ਪਰਮਾਤਮਾ ਦੀ ਭਗਤੀ ਨਾਲ ਹੁੰਦੀ ਹੈ ॥੫॥ ਜੈਸਾ ਕਿ :

**ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥** *(ਸ੍ਰੀ ਜਪੁਜੀ ਸਾਹਿਬ, ਅੰਗ ੪)*

## ਮਾਤ ਪਿਤਾ ਗੁਰ ਕੀ ਭਗਤਿ; ਸਤ ਤਪ ਗੁਣ ਨਿਗ੍ਰੇਹ ॥

ਆਪਣੀ ਉਤਪਤੀ ਦੇ ਜਨਕ ਮਾਤ ਪਿਤਾ = ਮਾਂ-ਬਾਪ ਅਤੇ ਗੁਰੂ ਕੀ = ਦੀ ਭਗਤਿ = ਸੇਵਾ ਕਰਨੀ, ਸਤ = ਸੱਚ ਦੇ ਧਾਰਨੀ ਹੋਣਾ, ਤਪ = ਤਪੱਸਿਆ ਕਰਨੀ, ਗੁਣ = ਦੈਵੀ ਸੰਪਦਾ ਦੇ ਗੁਣ (ਨਿ + ਗ੍ਰੇਹ) ਨਿ = ਵਿਸ਼ੇਸ਼ ਕਰਕੇ ਗ੍ਰੇਹ = ਗ੍ਰਹਿਨ ਕਰਨੇ **ਵਾ:** ਨਿਗ੍ਰੇਹ = ਇੰਦ੍ਰੀਆਂ ਦਾ ਦਮਨ ਕਰਨਾ ਇਹ ਛੇ ਗੁਣ ਕਥਨ ਕੀਤੇ ਹਨ।

## ਕ੍ਰਿਪਾ ਸਰਬ ਪਰ ਸਪਤ ਹੈ, ਅੰਤਰ ਤੀਰਥ ਏਹ ॥੬॥

ਸਰਬ = ਸਾਰਿਆਂ ਨੂੰ ਪਰਮਾਤਮਾ ਦਾ ਰੂਪ ਜਾਣ ਕੇ ਸਭ ਪਰ = ਉੱਪਰ ਕ੍ਰਿਪਾ = ਦਇਆ ਕਰਨੀ ਇਹ ਸਪਤ = ਸੱਤਵਾਂ ਗੁਣ ਹੈ, ਜਿਸਦੇ ਅੰਦਰ ਇਹ ਸੱਤ ਗੁਣ ਧਾਰਨ ਕੀਤੇ ਹੋਏ ਹਨ, ਉਸਦੇ ਮਾਨੋ ਇਹ ਅੰਤਰਿ = ਅੰਦਰ ਹੀ ਸੱਤ ਤੀਰਥ ਹਨ ਜੋ ਉਸ ਮਨੁੱਖ ਨੂੰ ਅੰਦਰੋਂ ਬਾਹਰੋਂ ਪਵਿੱਤ੍ਰ ਕਰਨ ਵਾਲੇ ਹਨ ॥੬॥

## ਕਬਿੱਤ ॥ ਸੀਤਲ ਸੁਗੰਧ ਮੰਦ ਭੂਖਨ ਪ੍ਰਭੰਜਨ ਕੋ; ਧਰਮ ਸੂਜਸ ਬਾਣੀ ਮੌਨ ਕੇ ਬਿਚਾਰੀ ਹੈ ॥

ਸੀਤਲ = ਠੰਢੀ, ਸੁਗੰਧ = ਸੁਗੰਧੀ ਵਾਲੀ ਅਤੇ ਮੰਦ = ਹੌਲੀ-ਹੌਲੀ ਚੱਲਣਾ, ਇਹ ਪ੍ਰਭੰਜਨ = ਹਵਾ ਕੋ = ਦਾ ਭੂਖਨ = ਗਹਿਣਾ ਹੈ, ਭਾਵ ਇਨ੍ਹਾਂ ਗੱਲਾਂ ਕਰਕੇ ਹਵਾ ਸੋਭਾ ਪਾਉਂਦੀ ਹੈ। ਧਰਮੀ ਮਨੁੱਖ ਸੂਜਸ = ਆਪਣੇ ਜੱਸ ਵਾਲੀ ਬਾਣੀ ਨੂੰ ਸੁਣ ਕੇ ਮੌਨ = ਚੁੱਪ ਧਾਰਨ ਕਰ ਕੇ ਰਹਿੰਦਾ ਹੈ, ਮਹਾਤਮਾ ਜਨਾਂ ਨੇ ਇਹ ਬਿਚਾਰੀ = ਵਿਚਾਰਨਾ ਕੀਤਾ ਹੈ ਕਿ ਇਹ ਧਰਮੀ ਮਨੁੱਖਾਂ ਦਾ ਕਹਿਣਾ ਹੈ ਕਿ ਉਹ ਆਪਣੇ ਜੱਸ ਦੀ ਬਾਣੀ ਨੂੰ ਸੁਣ ਕੇ ਹੰਕਾਰ ਦੇ ਸਹਿਤ ਨਹੀਂ ਹੁੰਦਾ।

## ਖਿਮਾ ਤਪਧਾਰੀ ਵਿਦਯਾ ਬਿੱਪ੍ਰ ਕੋ ਉਚਾਰੀ; ਨਿਜ ਪਤਿਬ੍ਰਤਿ ਨਾਰੀ, ਧਨ ਦਾਨ ਪਾਤ੍ਰ ਭਾਰੀ ਹੈ ॥

ਤਪਧਾਰੀ = ਤਪੱਸਿਆ ਨੂੰ ਧਾਰਨ ਕਰਨ ਵਾਲੇ ਦਾ ਗਹਿਣਾ ਖਿਮਾ ਹੈ, ਕਿਉਂਕਿ ਜੇਕਰ ਤਪ ਕਰਕੇ ਕਿਸੇ ਨੂੰ ਸ੍ਰਾਪ ਦੇ ਦਿੱਤਾ ਤਾਂ ਸਾਰਾ ਤਪ ਨਸ਼ਟ ਹੋ ਜਾਵੇਗਾ, ਇਸ ਵਾਸਤੇ ਤਪੱਸਵੀ ਦਾ ਗਹਿਣਾ ਖਿਮਾ ਹੈ।

ਬਿੱਪ੍ਰ = ਬ੍ਰਾਹਮਣ ਦਾ ਗਹਿਣਾ ਵਿੱਦਿਆ ਦਾ ਉਚਾਰਣ ਕਰਨਾ ਹੈ ਭਾਵ ਬ੍ਰਾਹਮਣ ਵਿੱਦਿਆ ਤੋਂ ਬਿਨਾਂ ਸ਼ੋਭਾ ਨਹੀਂ ਪਾਉਂਦਾ।

ਨਾਰੀ = ਇਸਤ੍ਰੀ ਦਾ ਨਿਜ = ਆਪਣੇ ਪਤਿਬ੍ਰਤਾ ਧਰਮ ਵਿਚ ਪਰਪੱਕ ਰਹਿਣਾ ਇਹ ਉਸਦਾ ਗਹਿਣਾ ਹੈ ਅਤੇ ਜੋ ਪਾਤ੍ਰ = ਅਧਿਕਾਰੀ ਮਨੁੱਖ ਨੂੰ ਧਨ ਦਾ ਦਾਨ ਕਰ ਦੇਣਾ ਹੈ, ਇਹ ਧਨ ਦਾ ਬੜਾ ਭਾਰੀ ਗਹਿਣਾ ਹੈ।

## ਉਪਸਮ ਗਯਾਨੀ ਪੁਨਿ ਪੰਡਿਤ ਅਮਾਨੀ; ਸੂਰ ਸੰਜਮ ਸੂ ਬਾਨੀ ਨਰਪਤਿ ਨੀਤਿ ਪਿਆਰੀ ਹੈ ॥

ਗਯਾਨੀ = ਗਿਆਨਵਾਨ ਮਨੁੱਖ ਦਾ ਗਹਿਣਾ, ਉਪਸਮ = ਵੈਰਾਗ ਹੈ, ਪੁਨ = ਫੇਰ ਪੰਡਿਤ = ਵਿਦਵਾਨ ਪੁਰਖ ਦਾ ਅਮਾਨੀ = ਮਾਨ ਤੋਂ ਰਹਿਤ ਹੋਣਾ ਇਹੀ ਗਹਿਣਾ ਹੈ, ਸੂਰ = ਸੂਰਮੇ ਦਾ ਗਹਿਣਾ ਸੂ = ਆਪਣੀ

ਬਾਣੀ ਦਾ ਸੰਜਮ ਰੱਖਣਾ ਹੈ, ਭਾਵ ਆਪਣਾ ਬਲ ਕਿਸੇ ਨੂੰ ਜਣਾਉਣਾ ਨਹੀਂ ਹੈ ਅਤੇ ਨਰਪਤਿ = ਰਾਜੇ ਦਾ ਗਹਿਣਾ ਇਹ ਹੈ ਕਿ ਉਸਨੂੰ ਨੀਤਿ = ਰਾਜਨੀਤੀ ਪਿਆਰੀ ਲੱਗਦੀ ਹੋਵੇ, ਭਾਵ ਧਰਮ ਸ਼ਾਸਤ੍ਰ ਅਤੇ ਰਾਜਨੀਤੀ ਵਿਚ ਕੁਸ਼ਲ ਹੋਣਾ ਇਹ ਰਾਜਿਆਂ ਦਾ ਗਹਿਣਾ ਹੈ।

## ਦੇਹ ਕੋ ਪ੍ਰਧਾਨ ਦ੍ਰਿਗ ਮ੍ਰਿਦੁਤਾ ਮਹਾਨ ਜਗ; ਭਗਵਾਨ ਪਾਦ ਭ੍ਰਿਗੁ ਬੰਦਨਾ ਹਮਾਰੀ ਹੈ ॥੭॥

ਦੇਹ = ਸਰੀਰ ਕੋ = ਦਾ ਪ੍ਰਧਾਨ = ਮੁੱਖ ਗਹਿਣਾ ਦ੍ਰਿਗ = ਨੇਤ੍ਰ ਹਨ, ਭਾਵ ਜੇਕਰ ਨੇਤ੍ਰ ਨਾ ਹੋਣ ਤਾਂ ਸਰੀਰ ਕੰਧ ਦੇ ਸਮਾਨ ਹੈ ਜਿਵੇਂ ਆਮ ਕਹਾਵਤ ਹੈ "ਅੱਖਾਂ ਗਈਆਂ ਜਹਾਨ ਗਿਆ, ਦੰਦ ਗਏ ਸ੍ਵਾਦ ਗਿਆ"।

ਫੇਰ ਸਾਰੇ ਸੰਸਾਰ ਵਿਚ ਸਭ ਤੋਂ ਮਹਾਨ = ਉੱਤਮ ਗਹਿਣਾ ਮ੍ਰਿਦੁਤਾ = ਕੋਮਲਤਾ, ਨਿਮਰਤਾ ਹੈ। ਜਿਸ ਨਿਮਰਤਾ, ਕੋਮਲਤਾ ਕਰਕੇ ਭਗਵਾਨ ਨੇ ਭ੍ਰਿਖੂ ਰਿਖੀ ਦੇ ਪਾਦ = ਚਰਨਾਂ ਦਾ ਚਿੰਨ੍ਹ ਅੰਗੀਕਾਰ ਕੀਤਾ ਹੈ, ਉਸ ਭਗਵਾਨ ਨੂੰ ਸਾਡੀ ਬੰਦਨਾ = ਨਮਸਕਾਰ ਹੈ ॥੭॥

'ਪਦਮ ਪੁਰਾਣ' ਵਿਚ ਕਥਾ ਆਉਂਦੀ ਹੈ ਕਿ ਇਕ ਵਾਰ ਸਭ ਰਿਖੀਆਂ ਨੇ ਇਕੱਠੇ ਹੋ ਕੇ ਇਹ ਨਿਰਣਾ ਕਰਨਾ ਚਾਹਿਆ ਕਿ ਜੋ ਤਿੰਨ ਵੱਡੇ ਦੇਵਤੇ (ਬ੍ਰਹਮਾ, ਵਿਸ਼ਨੂੰ, ਸ਼ਿਵਜੀ) ਹਨ, ਇਨ੍ਹਾਂ ਤਿੰਨਾਂ ਵਿੱਚੋਂ ਕਿਹੜਾ ਸਭ ਤੋਂ ਵੱਧ ਪੂਜਯ ਹੈ। ਉਸ ਵੇਲੇ ਭ੍ਰਿਗੂ ਰਿਖੀ ਨੇ ਕਿਹਾ ਕਿ ਤੁਸੀਂ ਮੈਨੂੰ ਆਗਿਆ ਦੇਵੋ ਇਹ ਮੈਂ ਪ੍ਰੀਖਿਆ ਕਰ ਕੇ ਫ਼ੈਸਲਾ ਦੱਸਾਂਗਾ। ਉਸ ਵੇਲੇ ਭ੍ਰਿਗੂ ਰਿਖੀ ਸਭ ਤੋਂ ਪਹਿਲਾਂ ਸ਼ਿਵਜੀ ਪਾਸ ਗਿਆ, ਉਸ ਵੇਲੇ ਸ਼ਿਵਜੀ ਪਾਰਬਤੀ ਨਾਲ ਵਿਲਾਸ ਕਰ ਰਿਹਾ ਸੀ, ਤਦੋਂ ਰਿਖੀ ਨੇ ਸ੍ਰਾਪ ਦਿੱਤਾ ਕਿ ਸ਼ਿਵ ਲਿੰਗ ਰੂਪ ਬਣ ਜਾਵੇ, ਫੇਰ ਬ੍ਰਹਮਾ ਪਾਸ ਗਿਆ ਉੱਥੇ ਭੀ ਭ੍ਰਿਗੂ ਦਾ ਮਾਣ ਨਹੀਂ ਹੋਇਆ, ਇਸ ਲਈ ਬ੍ਰਹਮਾ ਨੂੰ ਵੀ ਪੂਜਯ ਪਦਵੀ ਤੋਂ ਖ਼ਾਰਿਜ ਕੀਤਾ, ਅੰਤ ਨੂੰ ਜਦੋਂ ਵਿਸ਼ਨੂੰ ਜੀ ਦੇ ਪਾਸ ਗਿਆ ਤਾਂ ਉਹ ਸੁੱਤਾ ਪਿਆ ਸੀ, ਰਿਖੀ ਨੇ ਵਿਸ਼ਨੂੰ ਭਗਵਾਨ ਦੀ ਛਾਤੀ ਵਿਚ ਲੱਤ ਮਾਰ ਕੇ ਜਗਾਇਆ। ਵਿਸ਼ਨੂੰ ਭਗਵਾਨ ਨੇ ਕ੍ਰੋਧ ਕਰਨ ਦੀ ਥਾਂ ਬੜੇ ਪ੍ਰੇਮ-ਭਾਵ ਨਾਲ ਉਸਦਾ ਪੈਰ ਪਕੜ ਕੇ ਮਲਿਆ ਅਤੇ ਆਖਿਆ ਕਿ ਆਪ ਜੀ ਦੇ ਚਰਨ ਕੋਮਲ ਹਨ ਅਤੇ ਮੇਰਾ ਸਰੀਰ ਕਠੋਰ ਹੈ ਕਿਤੇ ਮੇਰੇ ਸਰੀਰ ਨਾਲ ਤੁਹਾਡੇ ਪੈਰਾਂ ਨੂੰ ਸੱਟ ਨਾ ਵੱਜੀ ਹੋਵੇ, ਇਸ ਲਈ ਮੈਂ ਤੁਹਾਡਾ ਪੈਰ ਮਲਦਾ ਹਾਂ। ਤਦ ਭਗਵਾਨ ਨੇ ਉਸਦੇ ਬੇਨਤੀ ਕਰਨ ਤੋਂ ਉਸਦੇ ਪੈਰ ਦਾ ਚਿੰਨ੍ਹ ਧਾਰਨ ਕੀਤਾ ਅਤੇ ਕਿਹਾ ਕਿ ਮੈਂ ਜੋ ਵੀ ਅਵਤਾਰ ਧਾਰਨ ਕਰੂੰਗਾ, ਸਭ ਅਵਤਾਰਾਂ ਵਿਚ ਤੁਹਾਡੇ ਚਰਨਾਂ ਦਾ ਚਿੰਨ੍ਹ ਹੋਵੇਗਾ। ਉਸ ਵੇਲੇ ਭ੍ਰਿਗੂ ਨੇ ਮੁੜ ਕੇ ਰਿਖੀਆਂ ਨੂੰ ਫ਼ੈਸਲਾ ਸੁਣਾਇਆ ਕਿ ਵਿਸ਼ਨੂੰ ਹੀ ਸਭ ਦੇਵਤਿਆਂ ਦੇ ਪੂਜਨ ਜੋਗ ਹੈ। ਜੈਸਾ ਕਿ :

**ਜਾਪ ਕੀਯੋ ਸਭ ਹੀ ਹਰਿ ਕੋ ਜਬ ਯੌ ਭ੍ਰਿਗੁ ਆਇ ਕੈ ਬਾਤ ਸੁਨਾਈ॥**

*(ਸ੍ਰੀ ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ, ਪੰਨਾ ੫੬੬)*

## ਸ੍ਵੈਯਾ॥ ਧਨਵਾਨ ਖਿਮਾ, ਧ੍ਰਿਤ ਜ੍ਵਾਨ; ਤਪੀ ਸ੍ਰੁਤਿ ਮੌਨ ਕੁਵਾਕ ਨਿਜੈ ਜਸ ਤੇ॥

ਧਨਵਾਨ = ਧਨ ਵਾਲੇ ਮਨੁੱਖ ਦਾ ਗਹਿਣਾ ਖਿਮਾ ਹੈ, ਜ੍ਵਾਨ = ਨੌਜਵਾਨ ਮਨੁੱਖ ਵਿਚ ਧ੍ਰਿਤ = ਧੀਰਜਤਾ ਦਾ ਗਹਿਣਾ ਹੁੰਦਾ ਹੈ ਅਤੇ ਤਪੀ = ਤਪੱਸਿਆ ਕਰਨ ਵਾਲੇ ਮਨੁੱਖ ਦਾ ਗਹਿਣਾ, ਨਿਜੈ = ਆਪਣੇ ਜੱਸ ਅਤੇ ਕੁਵਾਕ = ਖੋਟੇ ਬਚਨ ਬੋਲਣ ਜਾਂ ਸੁਣਨ ਵੱਲੋਂ ਆਪਣੇ ਸ੍ਰੁਤਿ = ਕੰਨਾਂ ਨੂੰ ਮੋਨ = ਚੁੱਪ ਕਰ ਛੱਡਣਾ ਹੈ, ਭਾਵ ਕਿਸੇ ਨੂੰ ਖੋਟੇ ਬਚਨ ਕਹਿਣ ਅਤੇ ਆਪਣੇ ਜੱਸ ਦੇ ਬਚਨ ਸੁਣਨ ਵੱਲੋਂ ਆਪਣੇ ਕੰਨ ਬੰਦ ਕਰ ਲੈਣੇ ਤੇ ਹੰਕਾਰ ਨਾ ਕਰਨਾ, ਇਹ ਤਪੀ ਦਾ ਗਹਿਣਾ ਹੈ।

## ਪਰ ਕਾਮ ਕਰੇ ਸੂ ਧਰੇ ਧਰਮਾ; ਕਰ ਹੈ ਕਰੁਣਾ ਬ੍ਰਿਧ ਤੇ ਪਸੁ ਤੇ ॥

ਜੋ ਪਰ = ਪਰਾਏ ਗ਼ਰੀਬ ਦੇ ਕਾਮ = ਕੰਮ ਨੂੰ ਸੂ = ਆਪਣਾ ਧਰਮ ਧਰੇ = ਧਰ ਸਮਝ ਕੇ ਕਰੇ = ਕਰ ਦੇਂਦਾ ਹੈ, ਫੇਰ ਬ੍ਰਿਧ = ਬਜ਼ੁਰਗ ਉੱਪਰ ਅਤੇ ਪਸੁ = ਪਸ਼ੂਆਂ ਉੱਪਰ ਕਰੁਣਾ = ਦਇਆ, ਤਰਸ ਕਰਦਾ ਹੈ ਭਾਵ ਗਊ, ਗ਼ਰੀਬ ਦੀ ਰੱਖਿਆ ਕਰਦਾ ਹੈ।

## ਪਰ ਖੇਦ ਸਹੇ, ਨ ਸਹੇ ਪਰ ਖੇਦ; ਯਥਾ ਸੁਖ ਮੋਦ ਅਘੈ ਤ੍ਰਸਤੇ ॥

ਜੋ ਪਰ = ਪਰਾਏ ਦੇ ਕਹੇ ਕੌੜੇ ਬਚਨ ਰੂਪੀ ਖੇਦ = ਦੁੱਖ ਨੂੰ, ਆਪ ਸਹੇ = ਸਹਾਰ ਲਵੇ ਪ੍ਰੰਤੂ ਕਿਸੇ ਪਰ = ਪਰਾਏ ਦੇ ਖੇਦ = ਦੁੱਖ ਨੂੰ ਨਾ ਸਹੇ = ਸਹਾਰਨਾ ਕਰੇ, ਭਾਵ ਯਥਾ-ਸ਼ਕਤ ਉਸਦੀ ਮਦਦ ਕਰ ਦੇਵੇ, ਫੇਰ ਜੋ ਮਨੁੱਖ ਯਥਾ = ਜਿਹੋ ਜਿਹਾ ਸੁਖ ਪ੍ਰਾਪਤ ਹੋਇਆ ਹੈ, ਉਸ ਵਿਚ ਮੋਦ = ਪ੍ਰਸੰਨ ਚਿੱਤ ਰਹਿੰਦਾ ਹੈ ਅਤੇ ਅਘੈ = ਪਾਪਾਂ ਤੋਂ ਤ੍ਰਸਤੇ = ਡਰਦਾ ਰਹਿੰਦਾ ਹੈ।

## ਕਬਹੂੰ ਕਰਤੇ ਨ ਸਤੇ ਦਸਤੇ; ਹਸਤੇ ਹਸਤੇ ਸੂਰਗੇ ਬਸਤੇ ॥੮॥

ਫੇਰ ਜੋ ਮਨੁੱਖ ਆਪਣੇ ਦਸਤੇ = ਹੱਥਾਂ ਨਾਲ ਕਬਹੂੰ = ਕਦੇ ਵੀ ਸਤੇ = ਚੋਰੀ ਨਹੀਂ ਕਰਤੇ = ਕਰਦੇ, ਐਸੇ ਗੁਣਾਂ ਵਾਲੇ ਮਨੁੱਖ ਹਸਤੇ ਹਸਤੇ = ਹੱਸਦੇ-ਹੱਸਦੇ ਸੂਰਗ ਵਿਚ ਬਸਤੇ = ਵੱਸ ਜਾਂਦੇ ਹਨ ॥੮॥

## ਦੋਹਰਾ ॥

## ਦੋਇ ਸਵੱਯੇ ਦੋਹਰੇ ਪਾਂਚ; ਕਬਿੱਤ ਕਹਯੋ ਸੁ ਏਕ ॥

ਅਧਿਆਇ ਦੀ ਸਮਾਪਤੀ ਦੇ ਛੰਦਾਂ ਦੀ ਗਿਣਤੀ ਦੱਸਦੇ ਹਨ ਕਿ ਇਸ ਅਧਿਆਇ ਵਿਚ ਦੋਇ = ਦੋ ਸਵੱਈਏ, ਪਾਂਚ = ਪੰਜ ਦੋਹਰੇ ਆਏ ਹਨ ਅਤੇ ਏਕ = ਇਕ ਸੁ = ਸ੍ਰੇਸ਼ਟ ਕਬਿੱਤ ਛੰਦ ਵੀ ਕਹਯੋ = ਕਹਿਣਾ ਕੀਤਾ ਹੈ।

## ਅਸ਼ਟ ਛੰਦ ਚਿਤ ਕਸ਼ਟ ਕੋ; ਕਰ ਹੈ ਨਸ਼ਟ ਖਿਣੇਕ ॥੯॥

ਇਹ ਕੁੱਲ ਅਸ਼ਟ = ਅੱਠ ਛੰਦ ਹਨ ਜੋ ਚਿਤ ਦੇ ਕਸ਼ਟ = ਦੁੱਖ ਕੋ = ਨੂੰ ਖਿਣੇਕ = ਇਕ ਖਿਨ ਵਿਚ ਹੀ ਨਸਟ = ਖ਼ਤਮ ਕਰ ਦੇਂਦੇ ਹਨ, ਭਾਵ ਜੋ ਵੀ ਇਨ੍ਹਾਂ ਦੇ ਸਿਧਾਂਤ ਨੂੰ ਧਾਰਨ ਕਰੇਗਾ, ਉਸਦੇ ਕਸ਼ਟ ਕੱਟੇ ਜਾਣਗੇ ॥੯॥

## ਇਤਿ ਸ੍ਰੀ ਸਾਰੁਕਤਾਵਲੀ; ਤਾਸ ਚਤੁਰਥੋ ਅਧਯਾਇ ॥

ਜੋ ਸ੍ਰੀ = ਸੁਭਾਏਮਾਨ ਸਾਰੁਕਤਾਵਲੀ ਗ੍ਰੰਥ ਹੈ, ਤਾਸ = ਤਿਸਦਾ ਚਤੁਰਥੋ = ਚੌਥਾ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਗਯਾਨ ਨਿਰੂਪਯੋ ਤਾਸ ਮੈਂ;
## ਕਵਿ ਹਰਿਦਯਾਲ ਸੁਭਾਇ ॥੨॥੪॥

ਤਿਸ ਅਧਿਆਇ ਵਿਚ ਕਵਿ = ਕਵੀ ਹਰਦਿਆਲ ਜੀ ਨੇ ਸੁਭਾਇ = ਸ੍ਰੇਸ਼ਟ ਪ੍ਰੇਮ ਧਾਰਨ ਕਰ ਕੇ ਗਿਆਨ ਦਾ ਨਿਰੂਪਯੋ = ਨਿਰੂਪਨ, ਕਥਨ ਕੀਤਾ ਹੈ ॥੨॥੪॥

## ਪੰਜਵਾਂ ਅਧਿਆਇ

## ਅਥ ਪੰਚਮੋ ਅਧਿਆਇ ਪ੍ਰਾਰੰਭ ॥

ਅਥ = ਹੁਣ ਪੰਡਿਤ ਹਰਦਿਆਲ ਜੀ ਸਾਰੁਕਤਾਵਲੀ ਗ੍ਰੰਥ ਦੇ ਪੰਚਮ = ਪੰਜਵੇਂ ਅਧਿਆਇ ਨੂੰ ਪ੍ਰਾਰੰਭ ਕਰਦੇ ਹਨ।

**ਦੋਹਰਾ ॥ ਅਥ ਪੰਚਮ ਅਧਯਾਇ ਮੈਂ; ਵਰਨਨ ਕਰੌਂ ਵਿਚਾਰ ॥**

ਅਥ = ਹੁਣ ਸਾਰੁਕਤਾਵਲੀ ਦੇ ਪੰਚਮ = ਪੰਜਵੇਂ ਅਧਿਆਇ ਵਿਚ ਪੰਡਿਤ ਹਰਦਿਆਲ ਜੀ ਸ੍ਰੇਸ਼ਟ ਵਿਚਾਰਾਂ ਦਾ ਵਰਣਨ ਕਰੈ = ਕਰਨਗੇ।

**ਖਸ਼ਟ ਛੰਦ ਚਿਤ ਚੰਦ ਜਨ; ਸ੍ਰੁਤਿ ਧਰ ਸੁਣੋ ਉਦਾਰ ॥੧॥**

ਇਸ ਅਧਿਆਇ ਵਿਚ ਕੁੱਲ ਖਸਟ = ਛੇ ਛੰਦ ਹਨ, ਜੋ ਜਨ = ਜਗਿਆਸੂ ਜਨਾਂ ਦੇ ਚਿਤ ਨੂੰ ਚੰਦ੍ਰ = ਚੰਦ੍ਰਮਾ ਵਤ ਖਿੜਾਉਣ ਵਾਲੇ ਹਨ **ਵਾ:** ਚਿਤ ਰੂਪੀ ਕੰਮੀਆਂ ਨੂੰ ਚੰਦ੍ਰਮਾ ਰੂਪ ਹੋ ਕੇ ਖਿੜਾ ਦੇਣਗੇ। ਇਸ ਕਰਕੇ ਹੇ ਉਦਾਰ = ਸ੍ਰੇਸ਼ਟ ਪੁਰਖੋ! ਤੁਸੀਂ ਸ੍ਰੁਤਿ = ਕੰਨ, ਧਰ = ਧਰ ਕੇ ਭਾਵ ਧਿਆਨ ਨਾਲ ਸੁਣੋ = ਸੁਣਨਾ ਕਰੋ ॥੧॥

ਪਹਿਲਾ ਵਡਿਆਈ ਦਾ ਸਾਧਨ ਕਥਨ ਕਰਦੇ ਹਨ ਕਿ ਵਡਿਆਈ ਕਿਵੇਂ ਪ੍ਰਾਪਤ ਹੁੰਦੀ ਹੈ।

**ਚੌਪਈ ॥ ਗੌਰਵ ਪ੍ਰਾਪਤਿ; ਦਾਨ ਕਰੇ ਧਨ ॥**
**ਧਨ ਸੰਗ੍ਰਹਿ ਕਰ; ਗੌਰਵ ਨਹ ਜਨ ॥**

ਜੋ ਦਸਾਂ ਨਹੁੰਆਂ ਦੀ ਕੀਤੀ ਕਮਾਈ ਦੇ ਧਨ ਵਿੱਚੋਂ ਅਧਿਕਾਰੀ ਮਨੁੱਖ ਨੂੰ ਧਨ ਦਾਨ ਕਰ ਦਿੱਤਾ ਜਾਵੇ ਤਾਂ ਗੌਰਵ = ਵਡਿਆਈ ਪ੍ਰਾਪਤ ਹੁੰਦੀ ਹੈ।

ਧਨ ਨੂੰ ਸੰਗ੍ਰਹਿ = ਇਕੱਤ੍ਰ ਕਰਨ ਨਾਲ ਜਨ = ਮਨੁੱਖ ਨੂੰ ਗੌਰਵ = ਵਡਿਆਈ ਪ੍ਰਾਪਤ ਨਹੀਂ ਹੋ ਸਕਦੀ।

**ਸਭ ਤੇ ਊਚੇ; ਬਾਰਿਦ ਜੈਸੇ ॥ ਬਾਰਧ ਅਧੇ ਭਏ; ਪੁਨ ਤੈਸੇ ॥੧॥**

ਦ੍ਰਿਸ਼ਟਾਂਤ ਦੇ ਕੇ ਉੱਪਰ ਕਹੀ ਵਿਚਾਰ ਨੂੰ ਸਪੱਸ਼ਟ ਕਰ ਕੇ ਸਮਝਾਉਂਦੇ ਹਨ ਕਿ ਜੈਸੇ = ਜਿਸ ਪ੍ਰਕਾਰ ਬਾਰਿਦ = ਬੱਦਲ ਮੀਂਹ ਦਾ ਦਾਨ ਕਰਨ ਕਰ ਕੇ ਅਕਾਸ਼ ਵਿਚ ਸਭ = ਸਾਰਿਆਂ ਤੇ = ਤੋਂ ਊਚੇ = ਉੱਚੇ ਹੁੰਦੇ ਹਨ ਅਤੇ ਪਾਣੀ ਨੂੰ ਇਕੱਤ੍ਰ ਕਰਕੇ ਰੱਖਣ ਵਾਲਾ ਬਾਰਧ = ਸਮੁੰਦਰ ਅਧੇ = ਨੀਵਾਂ ਹੈ। ਪੁਨਾ ਤੈਸੇ = ਤਿਵੇਂ ਹੀ ਦਾਨ ਦੇਣ ਵਾਲਾ ਉੱਚਾ ਹੈ ਤੇ ਉਸਨੂੰ ਵਡਿਆਈ ਪ੍ਰਾਪਤ ਹੁੰਦੀ ਹੈ ਅਤੇ ਇਕੱਤ੍ਰ ਕਰਨ ਵਾਲਾ ਨੀਵਾਂ ਰਹਿੰਦਾ ਹੈ ਅਤੇ ਉਸਨੂੰ ਵਡਿਆਈ ਵੀ ਪ੍ਰਾਪਤ ਨਹੀਂ ਹੁੰਦੀ ॥੧॥

**ਸੋਰਠਾ ॥ ਜ ਯੋਂ ਇਕ ਬਾਪੀ ਤੋਇ; ਈਖ ਸੰਗ ਮਿਲਿ ਮਧੁਰ ਅਤਿ ॥**

ਜਯੋਂ = ਜਿਵੇਂ ਇਕ ਬਾਪੀ = ਬਉਲੀ, ਖੂਹੀ ਦਾ ਤੋਇ = ਪਾਣੀ ਈਖ = ਗੰਨੇ ਦੇ ਸੰਗੁ = ਨਾਲ ਮਿਲ ਕਰ ਕੇ, ਅਤਿ = ਅਤਿਅੰਤ ਮਧੁਰ = ਮਿੱਠਾ ਹੋ ਜਾਂਦਾ ਹੈ, ਭਾਵ ਗੰਨੇ ਦੇ ਖੇਤ ਵਿਚ ਜਾ ਕੇ ਪਾਣੀ ਗੰਨਿਆਂ ਨੂੰ ਸਿੰਜਦਾ ਹੈ ਅਤੇ ਉਨ੍ਹਾਂ ਵਿਚ ਅਤਿਅੰਤ ਮਿੱਠਾ ਰਸ ਰੂਪ ਹੋ ਜਾਂਦਾ ਹੈ।

## ਕਟੁਤਾ ਨਿੰਮ ਸਮੋਇ; ਭੋਜਨ ਪਾਤ੍ਰ ਕੁਪਾਤ੍ਰ ਤਿਉਂ ॥੨॥

ਉਸੇ ਬਉਲੀ ਭਾਵ ਖੂਹੀ ਦਾ ਪਾਣੀ ਨਿੰਮ ਦੇ ਬਿਰਖ ਨਾਲ ਸਮੋਇ = ਸਮਾ, ਮਿਲ ਕਰ ਕੇ ਕਟੁਤਾ = ਕੌੜਾ ਰਸ ਰੂਪ ਹੋ ਜਾਂਦਾ ਹੈ, ਤਿਉਂ = ਇਸੇ ਤਰ੍ਹਾਂ ਪਾਤ੍ਰ = ਅਧਿਕਾਰੀ ਪੁਰਖ ਨੂੰ ਦਿੱਤਾ ਹੋਇਆ ਭੋਜਨ ਲੋਕ-ਪ੍ਰਲੋਕ ਵਿਚ ਜੱਸ ਪੈਦਾ ਕਰਦਾ ਹੈ ਅਤੇ ਕੁਪਾਤ੍ਰ = ਅਨ-ਅਧਿਕਾਰੀ ਮਨੁੱਖ ਨੂੰ ਦਿੱਤਾ ਭੋਜਨ ਆਦਿ ਦਾ ਦਾਨ ਅਪਜੱਸ ਦਾ ਕਾਰਣ ਬਣ ਜਾਂਦਾ ਹੈ ॥੨॥

ਅੱਗੇ ਇਸੇ ਵਿਚਾਰ ਨੂੰ ਹੋਰ ਸਪੱਸ਼ਟ ਕਰਦੇ ਹਨ :

## ਭੁਜੰਗ ਪ੍ਰਯਾਤ ਛੰਦ ॥ ਫਲੀਭੂਤ ਦਾਨੰ; ਸੁਭੰ ਪਾਤ੍ਰ ਦੈਯੋ ॥
## ਜਥਾ ਬੀਜ ਬੋਯੋ; ਸੁਖੇਤ੍ਰੈ ਅਖੈਯੋ ॥

ਸੁਭੰ = ਚੰਗੇ ਅਧਿਕਾਰੀ, ਲੋੜਵੰਦ ਪਾਤ੍ਰ = ਅਧਿਕਾਰੀ ਨੂੰ, ਦੈਯੋ = ਦਿੱਤਾ ਹੋਇਆ ਦਾਨ ਫਲੀਭੂਤ = ਲਾਭਦਾਇਕ, ਪ੍ਰਫੁੱਲਤ ਹੁੰਦਾ ਹੈ, ਅੱਗੇ ਦ੍ਰਿਸ਼ਟਾਂਤ ਦੇਂਦੇ ਹਨ ਕਿ ਜਥਾ = ਜਿਸ ਪ੍ਰਕਾਰ ਸੁਖੇਤ੍ਰੈ = ਸ੍ਰੇਸ਼ਟ, ਵੱਤਰ ਹੋਏ ਖੇਤ ਵਿਚ ਬੋਯੋ = ਬੀਜਿਆ ਹੋਇਆ ਬੀਜ ਅਖੈਯੋ = ਨਾਸ਼ ਨਹੀਂ ਹੁੰਦਾ, ਭਾਵ ਅਤੁੱਟ ਅੰਨ ਪੈਦਾ ਕਰਦਾ ਹੈ, ਤਿਵੇਂ ਹੀ ਸੁਪਾਤਰ ਨੂੰ ਦਾਨ ਦੇਣ ਨਾਲ ਦਿੱਤਾ ਹੋਇਆ ਦਾਨ ਨਿਸਫਲ ਨਹੀਂ ਹੁੰਦਾ।

## ਕੁਪਾਤ੍ਰੇ ਮਝਾਰੀ; ਦਯੋ ਦਾਨ ਐਸੇ ॥ ਕੁਖੇਤ੍ਰੈ ਮਝਾਰੀ; ਬੋਯੋ ਬੀਜ ਜੈਸੇ ॥੩॥

ਕੁਪਾਤ੍ਰੇ = ਖੋਟੇ, ਅਨ-ਅਧਿਕਾਰੀ, ਬੇਲੋੜੇ ਮਨੁੱਖ ਦੇ ਘਰ ਮਝਾਰੀ = ਵਿਚ ਦਯੋ = ਦਿੱਤਾ ਹੋਇਆ ਦਾਨ ਐਸੇ = ਇਸ ਪ੍ਰਕਾਰ ਨਿਸਫਲ ਹੈ।

ਜੈਸੇ = ਜਿਸ ਪ੍ਰਕਾਰ ਕੁਖੇਤ੍ਰੈ = ਖੋਟੇ, ਬੰਜਰ ਖੇਤ ਮਝਾਰੀ = ਵਿਚ ਬੋਯੋ = ਬੀਜਿਆ ਹੋਇਆ ਬੀਜ ਅਜਾਈਂ ਚਲਿਆ ਜਾਂਦਾ ਹੈ ॥੩॥

## ਛਪੈ ਛੰਦ ॥
## ਯਗਯ ਸੇਖ, ਮੁਨਿ ਭੁਕਤਿ ਸੇਖ; ਵਰ ਇਹ ਦੋਇ ਭੋਜਨ ॥

ਯਗਯ = ਯੱਗ, ਭੰਡਾਰੇ ਵਿਚ ਵਰਤ ਚੁੱਕੇ ਭੋਜਨ ਤੋਂ ਸੇਖ = ਬਾਕੀ ਬਚਿਆ ਭੋਜਨ ਅਤੇ ਮੁਨਿ = ਮੰਨਣਸ਼ੀਲ ਮਹਾਤਮਾ ਜਨਾਂ ਦੇ ਭੁਕਤਿ = ਛੱਕ ਲੈਣ ਤੋਂ ਬਾਅਦ ਰਸੋਈ ਵਿਚ ਸੇਖ = ਬਾਕੀ ਬਚਿਆ ਭੋਜਨ, ਇਹ ਦੋਇ = ਦੋਵੇਂ ਪ੍ਰਕਾਰ ਦੇ ਭੋਜਨ ਵਰ = ਸ੍ਰੇਸ਼ਟ, ਉੱਤਮ ਹਨ।

## ਪਾਪ ਤਯਾਗੈ ਜਵਨ; ਵਹੀ ਹੈ ਬੁਧਿਮਾਨ ਜਨ ॥

ਜਵਨ = ਜਿਹੜਾ ਮਨੁੱਖ ਪਾਪ = ਮੰਦ ਕਰਮਾਂ ਨੂੰ ਤਯਾਗੈ = ਛੱਡ ਦੇਂਦਾ ਹੈ, ਵਹੀ = ਉਹੀ ਜਨ = ਮਨੁੱਖ, ਬੁਧਿਮਾਨ = ਸ੍ਰੇਸ਼ਟ ਮਤ ਵਾਲਾ ਹੈ।

## ਉਪਮਾ ਕਰਹਿ ਅਦ੍ਰਿਸ਼ਟ; ਸ੍ਰਿਸਟ ਸੋ ਮਿਤ੍ਰ ਮਹਾਂ ਬਰ ॥

ਜੋ ਅਦ੍ਰਿਸ਼ਟ = ਓਹਲੇ ਭਾਵ ਪਿੱਠ ਪਿੱਛੇ ਵੀ ਉਪਮਾ = ਵਡਿਆਈ ਕਰਹਿ = ਕਰਦਾ ਹੈ, ਸੋ = ਉਹ ਮਨੁੱਖ ਹੀ ਸ੍ਰਿਸਟ = ਸ੍ਰੇਸ਼ਟ ਤੋਂ ਮਹਾਂ = ਬਹੁਤ ਬਰ = ਸ੍ਰੇਸ਼ਟ ਮਿੱਤ੍ਰ ਹੈ।

## ਦੰਭ ਬਿਨਾ ਜੋ ਧਰਮ; ਵਹੀ ਹੈ ਕਹੇ ਮੁਨੀਸੂਰ ॥

ਜੋ = ਜਿਹੜਾ ਧਰਮ ਦੰਭ = ਪਖੰਡ ਤੋਂ ਬਿਨਾ = ਬਗ਼ੈਰ ਹੈ, ਮੁਨੀਸੂਰ = ਮੁਨੀਆਂ ਦੇ ਵੱਡੇ-ਵੱਡੇ ਈਸ਼ਰ ਵਹੀ = ਉਸੇ ਨੂੰ ਅਸਲੀ ਧਰਮ ਕਹੇ = ਆਖਦੇ ਹਨ।

## ਹਰਿ ਭਗਤ ਜਗਤ ਮੈਂ ਜਾਨ; ਨਿਜ ਇਸ਼ਟ ਬਿਨਾ ਦ੍ਰਿਸ਼ਟੇ ਨ ਅਨ ॥

ਉਸੇ ਨੂੰ ਜਗਤ = ਸੰਸਾਰ, ਮੈਂ = ਵਿਚ ਹਰਿ = ਪਰਮਾਤਮਾ ਦਾ ਅਸਲ ਭਗਤ, ਜਾਨ = ਜਾਨਣਾ ਕਰੋ, ਜੋ ਨਿਜ = ਆਪਣੇ ਇਸਟ = ਪਿਆਰੇ ਤੋਂ ਬਿਨਾ = ਬਗ਼ੈਰ ਕਿਸੇ ਅਨ = ਹੋਰ ਨੂੰ ਦ੍ਰਿਸ਼ਟੇ = ਦੇਖਦਾ ਨਹੀਂ ਹੈ, ਭਾਵ ਆਪਣੇ ਇਸ਼ਟ ਤੋਂ ਬਿਨਾਂ ਕਿਸੇ ਹੋਰ ਉੱਪਰ ਸ਼ਰਧਾ ਨਹੀਂ ਕਰਦਾ।

## ਪੁਨ ਸਾਧ ਵਹੀ ਜਗ ਜਾਨੀਏ; ਜਾਂ ਕੇ ਨਹੀਂ ਉਪਾਧ ਮਨ ॥੪॥

ਪੁਨ = ਫੇਰ ਜਗ = ਸੰਸਾਰ ਵਿਚ ਵਹੀ = ਉਹੀ ਅਸਲ ਸਾਧ = ਮਹਾਤਮਾ ਜਾਨੀਏ = ਜਾਨਣਾ ਕਰੀਏ, ਜਾਂ = ਜਿਸ ਕੇ = ਦੇ ਮਨ = ਹਿਰਦੇ ਵਿਚ ਕੋਈ ਉਪਾਧ = ਝਗੜਾ, ਕਲੇਸ਼ ਨਹੀਂ ਹੈ ॥੪॥

## ਸ੍ਵੈਯਾ ॥

## ਜਬ ਧਾਰ ਤ੍ਰਿਦੰਡ ਫਿਰੈ ਨਗਨਾ; ਮੁਖ ਊਪਰ ਸੀਸ ਜਟਾਨ ਧਰੇ ॥

ਜਬ = ਜਦ ਕੋਈ ਮਨੁੱਖ ਹੱਥ ਵਿਚ ਤ੍ਰਿਦੰਡ[1] = ਤਿੰਨ ਪੋਰੀਆਂ ਵਾਲਾ ਡੰਡਾ, ਧਾਰ = ਧਾਰਨ ਕਰ ਕੇ, ਫੜ ਕੇ ਨਗਨਾ = ਨੰਗਾ ਹੋ ਕੇ ਫਿਰੈ = ਫਿਰਦਾ ਰਹੇ ਜਾਂ ਮੁਖ = ਮੂੰਦ ਕੇ ਊਪਰ = ਉੱਤੇ ਸੀਸ = ਸਿਰ ਵਿਚ ਜਟਾਨ = ਜਟਾਵਾਂ ਧਰੇ = ਧਾਰਨ ਕੀਤੀਆਂ ਹੋਣ **ਵਾ:** ਮੂੰਹ ਆਕਾਸ਼ ਵੱਲ ਨੂੰ ਉੱਪਰ ਚੁੱਕੀ ਰੱਖਦਾ ਹੋਵੇ ਅਤੇ ਸਿਰ ਉੱਪਰ ਜਟਾਵਾਂ ਧਾਰਨ ਕੀਤੀਆਂ ਹੋਣ।

## ਅਥਵਾ ਗਿਰ ਕੰਦਰ ਬੀਚ ਬਸੇ; ਸਿਲ ਪੈ ਥਿਤ ਹ੍ਵੈ, ਥਿਤ ਬ੍ਰਿਛ ਤਲੇ ॥

ਅਥਵਾ = ਜਾਂ, ਗਿਰ = ਪਹਾੜਾਂ ਦੀਆਂ, ਕੰਦਰ = ਗੁਫ਼ਾਵਾਂ ਦੇ ਬੀਚ = ਵਿਚ ਜਾ ਕੇ ਬਸੇ = ਵੱਸ ਜਾਵੇ, ਜਾਂ ਸਿਲ = ਪੱਥਰ ਪੈ = ਉੱਪਰ ਥਿਤ = ਇਸਥਿਤ ਹ੍ਵੈ = ਹੋ ਕੇ ਬੈਠਾ ਰਹੇ, ਜਾਂ ਕਿਸੇ ਬ੍ਰਿਛ = ਰੁੱਖ ਦੇ ਤਲੇ = ਹੇਠਾਂ ਥਿਤ = ਇਸਥਿਤ ਹੋ ਕੇ ਬੈਠ ਜਾਵੇ।

## ਤਤ ਬੇਦ ਪੁਰਾਨ ਸਿਧਾਂਤ ਪਢੇ; ਉਪਵਾਸ ਧਰੈ ਤੀਰਥੋਂ ਵਿਚਰੇ ॥

ਚਾਰ ਵੇਦ, ਅਠਾਰਾਂ ਪੁਰਾਣਾਂ ਆਦਿ ਗ੍ਰੰਥਾਂ ਦਾ ਤਤ-ਸਾਰ ਸਿਧਾਂਤ ਵੀ ਕੋਈ ਪਢੇ = ਪੜ੍ਹ ਲਵੇ, ਫੇਰ ਉਪਵਾਸ = ਬਰਤ ਵੀ ਧਰੇ = ਧਰਦਾ, ਰੱਖਦਾ ਹੋਵੇ ਅਤੇ ਤੀਰਥਾਂ ਆਦਿ 'ਤੇ ਵੀ ਵਿਚਰੇ = ਵਿਚਰਦਾ ਰਹਿੰਦਾ ਹੋਵੇ।

---

੧. **ਤ੍ਰਿਦੰਡ**—ਸੰਨਯਾਸੀ ਦਾ ਡੰਡਾ, ਇਸਦਾ ਨਾਮ ਤ੍ਰਿਦੰਡ ਇਸ ਲਈ ਵੀ ਹੈ ਕਿਉਂਕਿ ਇਹ ਤਿੰਨ ਵਸਤਾਂ ਨਾਲ ਬਣਦਾ ਹੈ, ਸੋਟਾ, ਚਾਰ ਉਂਗਲ ਪ੍ਰਮਾਣ ਲੀਰ ਅਤੇ ਕਾਲੀ ਗਊ ਦੀ ਉੱਨ ਦੀ ਰੱਸੀ, ਰੱਸੀ ਨਾਲ ਸੋਟੇ ਦੇ ਸਿਰੇ 'ਤੇ ਲੀਰ ਬੰਨ੍ਹੀ ਜਾਂਦੀ ਹੈ। ਮਨ, ਵਚਨ ਅਤੇ ਕਰਮ ਤਿੰਨਾਂ ਨੂੰ ਦਮਨ ਕਰਨ ਵਾਲਾ ਅਰਥਾਤ ਕਾਬੂ ਰੱਖਣ ਵਾਲਾ ਸਾਧੂ **ਵਾ:** ਭੁਜਾ ਵਿਚ ਅਨੰਤ (ਇਕ ਪ੍ਰਕਾਰ ਦਾ ਗਹਿਣਾ) ਗਲ ਵਿਚ ਜਨੇਊ ਤੇ ਸਿਰ ਉੱਪਰ ਬੋਦੀ **ਵਾ:** ਤਿੰਨ ਪ੍ਰਕਾਰ ਦੇ ਟਿੱਕੇ, ਛਾਤੀ ਭੁਜਾ ਤੇ ਮੱਥੇ 'ਤੇ ਲਾਉਣ ਇਤਿਆਦਿਕ ਤ੍ਰਿਦੰਡਾਂ ਵਿੱਚੋਂ ਕੋਈ ਵੀ ਤ੍ਰਿਦੰਡ ਧਾਰਨ ਕੀਤਾ ਹੋਵੇ ਜਾਂ ਤਿੰਨ ਗੰਢਾਂ ਵਾਲਾ ਡੰਡਾ ਹੱਥ ਵਿਚ ਰੱਖਦਾ ਹੋਵੇ।

## ਮਨ ਮੈਂ ਜਬ ਭੋਗਨ ਕੀ ਰਤਿ ਹੈ; ਤਬ ਏ ਸਭ ਕਿੰਚਤ ਨਾਹਿ ਕਰੇ ॥੫॥

ਜਬ = ਜਿਤਨਾ ਚਿਰ ਮਨ ਦੇ ਮੈਂ = ਵਿਚ, ਭੋਗਨ = ਵਿਸ਼ਿਆਂ ਨੂੰ ਭੋਗਣ ਕੀ = ਦੀ ਰਤਿ = ਪ੍ਰੀਤੀ ਲੱਗੀ ਹੋਈ ਹੈ, ਤਬ = ਤਦ ਏ = ਇਹ ਸਭ = ਸਾਰੇ ਕਿੰਚਤ = ਥੋੜ੍ਹੇ ਮਾਤਰ ਵੀ ਨਾਹਿ = ਨਹੀਂ ਕਰਨੇ ਚਾਹੀਦੇ, ਭਾਵ ਇਹ ਉਪਰੋਕਤ ਕਥਨ ਕੀਤੇ ਕਠਿਨ ਤੋਂ ਕਠਿਨ ਸਾਧਨ ਵੀ ਕੋਈ ਕਰ ਲਵੇ ਪਰ ਜੇਕਰ ਮਨ ਦੇ ਵਿਚ ਵਿਸ਼ਿਆਂ ਨੂੰ ਭੋਗਣ ਦੀ ਪ੍ਰੀਤੀ ਹੈ ਤਾਂ ਫੇਰ ਇਹ ਸਾਰੇ ਸਾਧਨ ਨਿਸਫਲ ਹੀ ਚਲੇ ਜਾਂਦੇ ਹਨ ॥੫॥

ਅੱਗੇ ਵੈਸ਼ਨਵ ਸਾਧੂ ਦੇ ਲੱਛਣ ਕਥਨ ਕਰਦੇ ਹਨ :

## ਤੋਟਕ ਛੰਦ ॥ ਨਿਜ ਮਾਤ ਜਿਵੇਂ; ਪਰ ਨਾਰਿ ਭਜੇ ॥
## ਪਰ ਕੋ ਧਨ; ਲੋਸ਼ਟ ਸਮਾਨ ਤਜੇ ॥

ਜਿਵੇਂ = ਜਿਸ ਪ੍ਰਕਾਰ ਮਨੁੱਖ ਨਿਜ = ਆਪਣੀ ਮਾਤ = ਮਾਂ ਨੂੰ ਸਮਝਦਾ ਹੈ, ਤਿਵੇਂ ਹੀ ਪਰ = ਪਰਾਈ, ਨਾਰਿ = ਇਸਤ੍ਰੀ ਨੂੰ ਭਜੇ = ਜਾਣੇ, ਭਾਵ ਜਿਵੇਂ ਮਨੁੱਖ ਆਪਣੀ ਮਾਂ ਨੂੰ ਸਤਿਕਾਰ ਦੀ ਦ੍ਰਿਸ਼ਟੀ ਨਾਲ ਦੇਖਦਾ ਹੈ, ਤਿਵੇਂ ਪਰਾਈਆਂ ਇਸਤ੍ਰੀਆਂ ਨੂੰ ਆਪਣੀ ਮਾਂ ਦੇ ਸਦਰਸ਼ ਸਮਝਣਾ ਚਾਹੀਦਾ ਹੈ।

ਪਰ = ਪਰਾਏ ਮਨੁੱਖ ਦੇ ਧਨ ਕੋ = ਨੂੰ ਲੋਸ਼ਟ = ਲੋਹੇ ਦੀ ਮੈਲ ਦੇ ਸਮਾਨ ਨਿਕੰਮਾ ਜਾਣ ਕੇ, ਤਜੇ = ਤਿਆਗ ਦੇਵੇ। ਜਿਸ ਪ੍ਰਕਾਰ ਗੁਰਬਾਣੀ ਅੰਦਰ ਇਨ੍ਹਾਂ ਨੂੰ ਤਿਆਗਣ ਤੋਂ ਪ੍ਰਾਪਤ ਹੋਏ ਫਲ ਦਾ ਉਪਦੇਸ਼ ਕਥਨ ਹੈ। ਜੈਸਾ ਕਿ :

**ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥੧॥**

*(ਭੈਰਉ ਨਾਮਦੇਵ ਜੀ, ਅੰਗ ੧੧੬੩)*

**ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥** *(ਆਸਾ ਮ: ੫, ਅੰਗ ੩੭੯)*

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਵੀ ਐਸਾ ਸਿਧਾਂਤ ਮਿਲਦਾ ਹੈ। ਜੈਸਾ ਕਿ :

**ਹੋ ਪਰ ਧਨ ਪਾਹਨ ਤੁਲ ਤ੍ਰਿਯਾ ਪਰ ਮਾਤ ਹਮਾਰੈ ॥੫੮॥** *(ਸ੍ਰੀ ਦਸਮ ਗ੍ਰੰਥ, ਚਰਿਤ੍ਰ ੨੧, ਪੰਨਾ ੮੪੨)*

ਭਾਈ ਗੁਰਦਾਸ ਜੀ ਦਾ ਵੀ ਐਸਾ ਕਥਨ ਹੈ। ਜੈਸਾ ਕਿ :

**ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥** *(ਵਾਰ ੨੯, ਪਉੜੀ ੧੧)*

## ਸਭ ਜੀਵ ਸ੍ਵੈਯੰ; ਸਮ ਦੇਖਤ ਜੋ ॥ ਵਹਿ ਵੈਸ਼ਨਵ ਹੈ ਇਵ ਪੇਖਤ ਜੋ ॥੬॥

ਜੋ = ਜਿਹੜਾ ਸਭ = ਸਾਰੇ ਜੀਵਾਂ ਨੂੰ ਸ੍ਵੈਯੰ = ਆਪਣੇ ਸਮ = ਸਮਾਨ ਦੇਖਤ = ਵੇਖਦਾ ਹੈ, ਭਾਵ ਇਹੋ ਜਿਹਾ ਆਪਣੇ ਆਪ ਨੂੰ ਚੇਤਨ ਦੇਖਦਾ ਹੈ, ਤਿਹੋ ਜਿਹਾ ਹੀ ਸਭ ਨੂੰ ਦੇਖਦਾ ਹੈ।

ਵਹਿ = ਉਹੋ ਹੀ ਅਸਲੀ ਵੈਸ਼ਨਵ ਸਾਧੂ ਹੈ, ਜੋ ਇਵ = ਇਸ ਪ੍ਰਕਾਰ ਸਭ ਨੂੰ ਆਪਣੇ ਜਿਹਾ ਹੀ ਵੇਖਦਾ ਹੈ ॥੬॥

## ਦੋਹਰਾ ॥
## ਇਕ ਚੌਪਈ ਇਕ ਸੋਰਠਾ; ਏਕ ਭੁਜੰਗ ਪ੍ਰਯਾਤ ॥

ਛੰਦਾਂ ਦੀ ਗਿਣਤੀ ਦੱਸਦੇ ਹਨ ਕਿ ਇਸ ਅਧਿਆਇ ਦੇ ਅੰਦਰ ਇਕ ਚੌਪਈ, ਇਕ ਸੋਰਠਾ ਛੰਦ ਅਤੇ ਇਕ ਭੁਜੰਗ ਪ੍ਰਯਾਤ ਛੰਦ ਆਇਆ ਹੈ।

## ਏਕ ਛਪਾ ਤੋਟਕ ਇਕੋ; ਏਕ ਸਵੈਯਾ ਜਾਤ ॥੧॥

ਏਕ = ਇਕ ਛਪਾ ਤੇ ਇਕ ਤੋਟਕ ਛੰਦ ਅਤੇ ਇਕ ਸਵੈਯਾ ਜਾਤ = ਜਾਨਣਾ ਕਰੋ, ਇਸ ਪ੍ਰਕਾਰ ਕੁੱਲ ਛੇ ਛੰਦ ਆਏ ਹਨ ॥੧॥

***ਨੋਟ***: ਪਹਿਲਾ ਅਤੇ ਆਖ਼ਰੀ ਛੰਦ ਗਿਣਤੀ ਵਿਚ ਨਹੀਂ ਹੈ, ਇਨ੍ਹਾਂ ਦੋਨਾਂ ਦੋਹਰਿਆਂ ਵਿਚ ਅਧਿਆਇ ਦੀ ਜਾਣਕਾਰੀ ਹੈ।

## ਇਤਿ ਸ੍ਰੀ ਸਾਰੁਕਤਾਵਲੀ; ਤਾਸ ਪੰਚਮੋ ਅਧਯਾਇ ॥

ਜੋ ਸ੍ਰੀ = ਸੁਭਾਏਮਾਨ ਸਾਰੁਕਤਾਵਲੀ ਗ੍ਰੰਥ ਹੈ, ਤਾਸ = ਤਿਸਦਾ ਪੰਚਮੋ = ਪੰਜਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਤਾ ਮਹਿ ਕਹਯੋ ਵਿਚਾਰ ਸੁਭ; ਕਵਿ ਹਰਿਦਯਾਲ ਸੁਭਾਇ ॥੨॥੫॥

ਤਾ = ਤਿਸ ਅਧਿਆਇ ਦੇ ਮਹਿ = ਵਿਚ ਕਵੀ ਹਰਦਿਆਲ ਜੀ ਨੇ ਸੁਭਾਇ = ਸ੍ਰੇਸ਼ਟ ਭਾਵਨਾ, ਪ੍ਰੇਮ ਧਾਰਨ ਕਰ ਕੇ ਸੁਭ = ਸ੍ਰੇਸ਼ਟ ਵਿਚਾਰ ਕਹਯੋ = ਕਥਨ ਕੀਤੀ ਹੈ ॥੨॥੫॥

### ਛੇਵਾਂ ਅਧਿਆਇ

## ਅਥ ਖਸਟਮੋ ਅਧਿਯਾਇ ਪ੍ਰਾਰੰਭ ॥

ਅਥ = ਹੁਣ ਐਸੇ ਸਾਰੁਕਤਾਵਲੀ ਗ੍ਰੰਥ ਦਾ ਖਸਟਮੋ = ਛੇਵਾਂ ਅਧਿਆਇ ਅਰੰਭ ਹੁੰਦਾ ਹੈ।

## ਦੋਹਰਾ ॥ ਚਤੁਰਾਗਤਿ ਗਤਿ ਨਰਨ ਕੀ; ਕਹੌਂ ਛਿਵੇਂ ਅਧਯਾਇ ॥

(ਚਤੁਰ + ਆਗਿਤ) ਚਤੁਰ = ਚਾਰ ਪ੍ਰਕਾਰ ਦੇ ਨਰਨ = ਮਨੁੱਖਾਂ ਕੀ = ਦੀ **ਵਾ:** ਚਤੁਰ = ਸਿਆਣੇ ਪੁਰਖਾਂ ਦੇ ਕਥਨ ਅਨੁਸਾਰ ਮਨੁੱਖਾਂ ਦੇ ਆਗਤ = ਆਉਣ ਤੇ ਗਤਿ = ਜਾਣ ਦੀ ਹਾਲਤ ਨੂੰ ਇਸ ਛਿਵੇਂ = ਛੇਵੇਂ ਅਧਿਆਇ ਵਿਚ ਕਹੋਂ = ਕਥਨ ਕਰਾਂਗਾ, ਭਾਵ ਸਿਆਣੇ ਮਨੁੱਖ ਪੁੰਨੀ ਤੇ ਪਾਪੀ ਜੀਵਾਂ ਦੇ ਆਉਣ-ਜਾਣ ਬਾਬਤ ਜੈਸਾ ਕਥਨ ਕਰਦੇ ਹਨ, ਪੰਡਿਤ ਹਰਦਿਆਲ ਜੀ ਕਹਿੰਦੇ ਹਨ ਕਿ ਉਹੋ ਹੀ ਮੈਂ ਬਿਆਨ ਕਰਦਾ ਹਾਂ :

## ਪਾਂਚ ਸਵੱਯੇ ਤਾਸ ਕੇ; ਚਤੁਰਨ ਚਿਤ ਬਿਗਸਾਇ ॥੧॥

ਤਾਸ = ਤਿਸ ਛੇਵੇਂ ਅਧਿਆਇ ਵਿਚ ਪਾਂਚ = ਪੰਜ ਸਵੱਈਏ ਛੰਦ ਹਨ, ਜੋ ਚਤੁਰਨ = ਸਿਆਣੇ ਪੁਰਸ਼ਾਂ ਦੇ ਚਿਤ ਨੂੰ ਬਿਗਸਾਇ = ਪ੍ਰਸੰਨ ਕਰਨ ਵਾਲੇ ਹਨ ॥॥੧॥

ਜੋ ਮਨੁੱਖ ਸੂਰਗ ਤੋਂ ਡਿਗ ਕੇ ਪ੍ਰਿਥਵੀ 'ਤੇ ਆਏ ਹਨ, ਪਹਿਲਾਂ ਉਨ੍ਹਾਂ ਦੇ ਲੱਛਣ ਕਥਨ ਕਰਦੇ ਹਨ :

## ਸ੍ਵੈਯਾ ॥

## ਕਵਿਤਾ ਧਿਖਣਾ ਅਤਿਸੈ ਜਿਨ ਕੀ; ਪੁਨ ਜਾਸ ਕਲੇਵਰ ਰੋਗ ਬਿਲਾਯੋ ॥

ਜਿਨ੍ਹਾਂ ਮਨੁੱਖਾਂ ਕੀ = ਦੀ ਧਿਖਣਾ = ਬੁੱਧੀ ਅਤਿਸ਼ੈ ਕਰਕੇ ਕਵਿਤਾ ਵਾਲੀ ਹੈ **ਵਾ:** ਜਿਨ੍ਹਾਂ ਨੂੰ ਅਤਿਸ਼ੈ

ਕਰਕੇ ਸੁੰਦਰ ਕਵਿਤਾ ਲਿਖਣੀ, ਬੋਲਣੀ ਆਉਂਦੀ ਹੈ ਅਤੇ ਜਿਨ੍ਹਾਂ ਦੀ ਬੁੱਧ ਬਹੁਤ ਤੇਜ਼ ਹੈ, ਪੁਨ = ਫੇਰ ਜਾਸ = ਜਿਨ੍ਹਾਂ ਦੇ ਕਲੇਵਰ = ਸਰੀਰ ਦੇ ਸਾਰੇ ਰੋਗ ਵੀ ਬਿਲਾਯੋ = ਨਾਸ਼ ਹੋ ਗਏ ਹਨ, ਭਾਵ ਜਿਨ੍ਹਾਂ ਦੇ ਸਰੀਰ ਨੂੰ ਕੋਈ ਰੋਗ ਨਹੀਂ ਹੈ।

## ਅਬਲਾ ਅਨੁਰਾਗ ਕਰੇਂ ਜਿਨ ਸੋਂ; ਪੁਨ ਹਾਟਕ ਲਾਭ ਜਿਸੇ ਅਧਿਕਾਯੋ ॥

ਜਿਨ = ਜਿਨ੍ਹਾਂ ਕੇ ਸੋਂ = ਨਾਲ ਉਨ੍ਹਾਂ ਦੀਆਂ ਅਬਲਾ = ਇਸਤ੍ਰੀਆਂ, ਘਰਵਾਲੀਆਂ ਅਨੁਰਾਗ = ਪ੍ਰੇਮ ਕਰੇ = ਕਰਦੀਆਂ ਹਨ, ਪੁਨ = ਫੇਰ ਜਿਸ ਮਨੁੱਖ ਨੂੰ ਹਾਟਕ = ਸੋਨੇ ਆਦਿ ਦੇ ਵਪਾਰ ਵਿਚ ਅਧਿਕਾਯੋ = ਬਹੁਤ ਲਾਭ = ਨਫ਼ਾ ਪ੍ਰਾਪਤ ਹੋਇਆ ਹੈ।

## ਸੁਪਨੇ ਕੇ ਮਝਾਰ ਸੁਚੇਤ ਰਹੈ; ਪੁਨ ਸਾਜਨ ਮੈਂ ਅਤਿਸੈ ਜਸ ਛਾਯੋ ॥

ਜੋ ਸੁਪਨੇ ਕੇ = ਦੇ ਮਝਾਰ = ਵਿਚ ਵੀ ਆਪਣੇ ਧਰਮ ਉੱਪਰ ਸੁਚੇਤ = ਸਾਵਧਾਨ ਰਹੈ = ਰਹਿੰਦਾ ਹੈ **ਵਾ**: ਸੁਪਨੇ ਵਿਚ ਮੰਦ ਖ਼ਿਆਲਾਂ ਤੋਂ ਸਾਵਧਾਨ ਰਹਿੰਦਾ ਹੈ, ਪੁਨ = ਫੇਰ ਜਿਸਦਾ ਆਪਣੇ ਸਾਜਨ = ਮਿੱਤ੍ਰਾਂ ਵਿਚ ਅਤਿਸੈ = ਬਹੁਤ ਜੱਸ ਛਾਯੋ = ਛਾਇਆ ਹੋਵੇ, ਭਾਵ ਸਾਰੇ ਜੱਸ ਕਰਦੇ ਹੋਣ।

## ਜਿਸ ਮੈਂ ਸਤ ਲਖਣ ਏ ਲਖੀਐ;
## ਵਹੁ ਮਾਨੁਖ ਨਾਕ ਗਿਰਯੋ ਛਿਤ ਆਯੋ ॥੧॥

ਜਿਸ ਮਨੁੱਖ ਦੇ ਮੈ = ਵਿਚ ਇਹ ਸੱਤ ਲਖਣ = ਲੱਛਣ ਚਿੰਨ੍ਹ ਲਖੀਏ = ਜਾਨਣਾ ਕਰੀਏ, ਵਹੁ = ਉਹ ਮਨੁੱਖ ਨਾਕ = ਸਵਰਗ ਵਿੱਚੋਂ ਗਿਰਯੋ = ਡਿੱਗ ਕੇ ਛਿਤ = ਧਰਤੀ 'ਤੇ ਆਯੋ = ਆਇਆ ਹੋਇਆ ਹੈ ॥੧॥

## ਦਾਨ ਪ੍ਰਸੰਗ ਸਦੀਵ ਕਰੇ; ਪਰਮਾਤਮ ਦੇਵ ਭਜੇ ਚਿਤੁ ਲਾਈ ॥

ਜੋ ਮਨੁੱਖ ਸਦੀਵ = ਸਦਾ ਦਾਨ ਦੇਣ ਦਾ ਪ੍ਰਸੰਗ ਕਰੇ = ਕਰਦਾ ਰਹਿੰਦਾ ਹੈ, ਭਾਵ ਦਾਨ-ਪੁੰਨ ਦੀਆਂ ਗੱਲਾਂ ਕਰਦਾ ਹੈ, ਫੇਰ ਦੇਵ = ਪੂਜਨੀਕ ਪਰਮਾਤਮਾ ਨੂੰ ਚਿਤੁ = ਮਨ ਲਾਈ = ਲਾ ਕੇ ਭਜੇ = ਸਿਮਰਦਾ ਰਹਿੰਦਾ ਹੈ।

## ਜਾਸ ਗਿਰਾ ਮਧੁਰੀ ਅਤਿਸੈ; ਨਿਤ ਸੇਵਤ ਜੋ ਧਰਮੀ ਨਰੁ ਤਾਂਈ ॥

ਜਾਸ = ਜਿਸ ਮਨੁੱਖ ਦੀ ਗਿਰਾ = ਬਾਣੀ, ਬੋਲੀ ਅਤਿਸੈ = ਬਹੁਤ ਮਧੁਰੀ = ਮਿੱਠੀ ਹੈ, ਫੇਰ ਜੋ = ਜਿਹੜਾ ਮਨੁੱਖ ਨਿਤਾਪ੍ਰਤੀ ਧਰਮੀ ਨਰੁ = ਮਨੁੱਖਾਂ ਦੇ ਤਾਈਂ ਸੇਵਤ = ਸੇਂਵਦਾ ਰਹਿੰਦਾ ਹੈ, ਭਾਵ ਹਮੇਸ਼ਾਂ ਧਰਮਾਤਮਾ ਪੁਰਸ਼ਾਂ ਦਾ ਸਤਸੰਗ ਕਰਦਾ ਹੈ ਅਤੇ ਭੋਜਨ ਆਦਿ ਨਾਲ ਉਨ੍ਹਾਂ ਦੀ ਸੇਵਾ ਕਰਦਾ ਹੈ।

## ਜਾ ਜਨ ਕੇ ਮਨ ਮੈਂ ਨਿਤ ਹੀ; ਗੁਣ ਚਾਰ ਬਿਰਾਜਤ ਏ ਸੁਖਦਾਈ ॥

ਜਾ = ਜਿਸ ਜਨ = ਮਨੁੱਖ ਕੇ = ਦੇ ਮਨ = ਹਿਰਦੇ ਮੈਂ = ਵਿਚ ਨਿਤ = ਸਦਾ ਹੀ ਇਹ ਸੁਖਦਾਈ = ਸੁੱਖ ਦੇਣ ਵਾਲੇ ਚਾਰ ਗੁਣ ਬਿਰਾਜਤ = ਵੱਸਦੇ ਹਨ।

## ਤੇ ਨਰ ਭੂੰਮਿ ਬਿਰਾਜਤ ਹੀ; ਸੂਰਗੇ ਬਸ ਹੈਂ ਸਹਿਸੋ ਨਹ ਰਾਈ ॥੨॥

ਤੇ = ਉਹ ਨਰੁ = ਮਨੁੱਖ ਇਸ ਭੂੰਮਿ = ਧਰਤੀ 'ਤੇ ਬਿਰਾਜਤ = ਵਿਰਾਜਦਾ, ਰਹਿੰਦਾ ਹੋਇਆ ਭੀ ਸਵਰਗ ਵਿਚ ਵੱਸ ਰਿਹਾ ਹੈ, ਇਸ ਗੱਲ ਵਿਚ ਰਾਈ ਮਾਤ੍ਰ ਵੀ ਕੋਈ ਸਹਸੋ = ਸੰਸਾ ਨਹੀਂ ਹੈ ॥੨॥

## ਲੋਭ ਕੀ ਅੰਸ ਨਹੀਂ ਜਿਸ ਕੋ;
## ਨਿਤ ਦਾਨ ਦਯਾ ਮਧ ਪ੍ਰੀਤਿ ਲਗਾਵੈ ॥

ਜਿਸ ਮਨੁੱਖ ਕੋ = ਦੇ ਹਿਰਦੇ ਅੰਦਰ ਥੋੜ੍ਹੇ ਮਾਤ੍ਰ ਵੀ ਲੋਭ = ਲਾਲਚ ਕੀ = ਦੀ ਅੰਸ਼ ਨਹੀਂ ਹੈ ਭਾਵ ਸੰਤੋਖੀ ਹੈ, ਫੇਰ ਨਿਤ = ਨਿਤਾਪ੍ਰਤੀ ਦਾਨ ਕਰਨ ਅਤੇ ਦਇਆ ਵਾਲੀ ਬਿਰਤੀ ਮਧਿ = ਵਿਚ ਪ੍ਰੀਤਿ = ਪ੍ਰੀਤੀ ਲਗਾਵੈ = ਲਗਾਉਂਦਾ ਹੈ।

## ਆਨਨ ਜਾਸ ਪ੍ਰਸੰਨ ਸਦਾ; ਪੁਨ ਕੋਮਲ ਜਾਸ ਸੁਭਾਵ ਲਖਾਵੈ ॥

ਜਾਸ = ਜਿਸ ਮਨੁੱਖ ਦਾ ਆਨਨ = ਮੁੱਖ ਸਦਾ = ਹਮੇਸ਼ਾਂ ਪ੍ਰਸੰਨ = ਖ਼ੁਸ਼ ਰਹਿੰਦਾ ਹੈ, ਪੁਨ = ਫੇਰ ਜਾਸ = ਜਿਸ ਮਨੁੱਖ ਦਾ ਸੁਭਾਅ ਬਹੁਤ ਕੋਮਲ = ਨਰਮ ਲਖਾਵੈ = ਜਾਣਿਆ ਜਾਂਦਾ ਹੈ।

## ਸੰਤ ਗੁਰੂ ਜਨਨੀ ਸਵਿਤਾ; ਪਗ ਸੀਸ ਨਿਰੰਤਰਿ ਜੋਊ ਨਿਵਾਵੈ ॥

ਜਿਹੜਾ ਮਨੁੱਖ ਸੰਤ = ਮਹਾਤਮਾ ਜਨਾਂ, ਗੁਰ, ਜਨਨੀ = ਮਾਂ ਅਤੇ ਸਵਿਤਾ = ਪਿਤਾ ਦੇ ਪਗ = ਚਰਨਾਂ ਉੱਪਰ ਹਰ ਰੋਜ਼ ਨਿਰੰਤਰਿ = ਇਕ ਰਸ ਸੀਸੁ = ਸਿਰ ਨਿਵਾਵੈ = ਨਿਵਾਉਂਦਾ ਹੈ।

## ਜਾਂ ਮਨ ਏ ਗੁਣ ਪਾਂਚ ਬਸੈਂ,
## ਨਰ ਕਾ ਤਨੁ ਤਯਾਗ ਨਰੂ ਤਨ ਪਾਵੈ ॥੩॥

ਜਾਂ = ਜਿਸ ਮਨੁੱਖ ਦੇ ਮਨ = ਹਿਰਦੇ ਵਿਚ ਏ = ਇਹ ਉਪਰੋਕਤ ਕਥਨ ਕੀਤੇ ਪਾਂਚ = ਪੰਜ ਗੁਣ ਬਸੈ = ਵੱਸਦੇ ਹਨ, ਉਹ ਮਨੁੱਖ ਕਾ = ਦਾ ਤਨੁ = ਸਰੀਰ ਤਯਾਗਿ = ਛੱਡ ਕੇ ਫੇਰ ਨਰੂ = ਮਨੁੱਖਾ ਤਨੁ = ਸਰੀਰ ਪਾਵੈ = ਪਾ ਲਵੇਗਾ **ਵਾ:** ਨਰੂ ਤਨ = ਨਰਾਂ ਤੋਂ ਉੱਤਮ ਦੇਵਤਿਆਂ ਦਾ ਸਰੀਰ ਪਾ ਲਵੇਗਾ ॥੩॥

## ਚਾਹਿ ਘਨੀ ਜਿਨ ਕੈ ਮਨ ਮੈਂ; ਪੁਨ ਜੋ ਨਰ ਨੀਤ ਸੰਤੋਖ ਤੇ ਭਾਗਤ ॥

ਜਿਸ ਮਨੁੱਖ ਕੈ = ਦੇ ਮਨ = ਚਿੱਤ ਮੈ = ਵਿਚ ਪਦਾਰਥਾਂ ਦੀ ਘਨੀ = ਬਹੁਤ ਚਾਹਿ = ਚਾਹਨਾ, ਇੱਛਾ ਲੱਗੀ ਹੋਈ ਹੈ, ਪੁਨ = ਫੇਰ ਜੋ ਨਰ = ਮਨੁੱਖ ਨੀਤ = ਨਿਤਾਪ੍ਰਤੀ ਸੰਤੋਖ ਧਾਰਨ ਤੋਂ ਦੂਰ ਭਾਗਤ = ਭੱਜਦਾ ਹੈ, ਭਾਵ ਸੁਪਨੇ ਵਿਚ ਵੀ ਸੰਤੋਖ ਨੂੰ ਨੇੜੇ ਨਹੀਂ ਆਉਣ ਦੇਂਦਾ, ਹਰ ਵੇਲੇ ਮਾਇਆ ਵਿਚ ਗ਼ਲਤਾਨ ਰਹਿੰਦਾ ਹੈ।

## ਜੋ ਸੁਪਨੇ ਮਹਿ ਮੂੜ੍ਹ ਰਹੈ; ਗੁਰੁ ਮਾਤ ਪਿਤਾ ਨਿਜ ਮਿਤ੍ਰਨ ਠਾਗਤ ॥

ਜੋ = ਜਿਹੜਾ ਮਨੁੱਖ ਸੁਪਨੇ ਮਹਿ = ਵਿਚ ਮੂੜ੍ਹ = ਮੂਰਖ ਅਚੇਤ ਰਹੈ = ਰਹਿੰਦਾ ਹੈ, ਫੇਰ ਜੋ ਆਪਣੇ ਗੁਰੂ, ਮਾਤ = ਮਾਂ, ਪਿਤਾ = ਬਾਪ ਅਤੇ ਮਿਤ੍ਰਨ = ਦੋਸਤਾਂ ਨੂੰ ਠਾਗਤ = ਠੱਗਦਾ ਹੈ।

## ਜੋ ਨਰੁ ਆਲਸਵੰਤ ਰਹੈ; ਪੁਨਿ ਜਾਸ ਸਦਾ ਖੁਧਿਆਦਿਕ ਲਾਗਤ ॥

ਜੋ = ਜਿਹੜਾ ਨਰੁ = ਮਨੁੱਖ ਆਲਸਵੰਤ = ਦਲਿਦ੍ਰੀ ਰਹੈ = ਰਹਿੰਦਾ ਹੈ, ਪੁਨਿ = ਫੇਰ ਜਾਸ = ਜਿਸ ਨੂੰ ਸਦਾ = ਹਮੇਸ਼ਾਂ ਖੁਧਿਆਦਿਕ = ਭੁੱਖ, ਪਿਆਸ ਆਦਿ ਬਹੁਤ ਲਾਗਤ = ਲੱਗੀ ਰਹਿੰਦੀ ਹੈ।

## ਏ ਖਟ ਲੱਖਣ ਜਾਸ ਵਿਖੇ; ਵਹਿ ਟੇਢਨ ਜੋਨਨ ਤੇ ਨਰ ਆਗਤ ॥੪॥

ਏ = ਇਹ ਖਟ = ਛੇ ਲਖਣ = ਲੱਛਣ (੧. ਇੱਛਾ ਬਹੁਤ ਲੱਗੀ ਰਹਿਣੀ, ੨. ਸੰਤੋਖ ਤੋਂ ਰਹਿਤ

੩. ਸੁਪਨੇ ਵਿਚ ਮੂੜ ੪. ਗੁਰੂ, ਮਾਤਾ-ਪਿਤਾ ਤੇ ਆਪਣੇ ਮਿੱਤ੍ਰਾਂ ਨੂੰ ਠੱਗਣਾ ੫. ਸਦਾ ਆਲਸੀ ਰਹਿਣਾ ੬. ਭੁੱਖ ਬਹੁਤ ਲੱਗਣੀ) ਜਾਸ = ਜਿਸ ਮਨੁੱਖ ਵਿਖੇ = ਵਿਚ ਹੁੰਦੇ ਹਨ, ਵਹਿ = ਉਹ ਨਰ = ਮਨੁੱਖ ਸੱਪ, ਕਿਰਲੇ ਆਦਿ ਟੇਢਨ = ਟੇਢੀਆਂ ਜੋਨਨ = ਜੂਨੀਆਂ ਤੇ = ਤੋਂ ਮਨੁੱਖਾ ਜਨਮ ਵਿਚ ਆਸਤ = ਆਇਆ ਹੋਇਆ ਸਮਝਣਾ ਚਾਹੀਦਾ ਹੈ ॥੪॥

## ਬਾਂਧਵ ਮਾਂਹਿ ਵਿਰੋਧ ਸਦਾ; ਅਤਿਸੈ ਕਰਿ ਦੇਹ ਸਰੋਗ ਰਹੇ ॥

ਜਿਸ ਮਨੁੱਖ ਦਾ ਆਪਣੇ ਬਾਂਧਵ = ਸੰਬੰਧੀਆਂ ਮਾਂਹਿ = ਵਿਚ ਸਦਾ ਹਮੇਸ਼ਾਂ ਵਿਰੋਧ = ਲੜਾਈ ਝਗੜਾ ਰਹਿੰਦਾ ਹੈ, ਫੇਰ ਅਤਿਸ਼ੈ ਕਰਕੇ ਜਿਸ ਦੀ ਦੇਹ ਸਰੋਗ = ਰੋਗਾਂ ਦੇ ਸਹਿਤ ਰਹਿੰਦੀ ਹੈ।

## ਮੂਰਖ ਜੰਤ ਕੁਸੰਗਤ ਹ੍ਵੈ; ਅਤਿ ਕ੍ਰੋਧ ਸੁਭਾਵ ਸਦੀਵ ਅਹੇ ॥

ਜਿਹੜਾ ਮਨੁੱਖ ਮੂਰਖ = ਬੇ-ਸਮਝ ਜੰਤ = ਜੀਵਾਂ ਦਾ ਕੁਸੰਗਤ = ਖੋਟਾ ਸੰਗ ਕਰਦਾ ਹੈ, ਫੇਰ ਜਿਸਦਾ ਸਦੀਵ = ਸਦਾ ਅਤਿ = ਅਤਿਅੰਤ ਕ੍ਰੋਧ ਵਾਲਾ ਸੁਭਾਅ ਰਹਿੰਦਾ ਹੈ।

## ਜਾਸ ਸਦੀਵ ਗਿਰਾ ਕਟੁਕੀ; ਇਹ ਪਾਂਚ ਕੁਲੱਖਣ ਜਾਸ ਗਹੇ ॥

ਫੇਰ ਜਾਸ = ਜਿਸ ਮਨੁੱਖ ਦੀ ਗਿਰਾ = ਬਾਣੀ, ਬੋਲੀ ਸਦੀਵ = ਸਦਾ ਕਟੁਕੀ = ਕੌੜੀ ਹੈ, ਇਹ ਪਾਂਚ = ਪੰਜ (੧. ਸੰਬੰਧੀਆਂ ਨਾਲ ਵਿਰੋਧ, ੨. ਸਰੀਰ ਰੋਗਾਂ ਦੇ ਸਹਿਤ, ੩. ਮੂਰਖਾਂ ਦੀ ਕੁਸੰਗਤ, ੪. ਕ੍ਰੋਧੀ ਸੁਭਾਵ ਅਤੇ ੫. ਕੌੜੀ ਬੋਲ ਬਾਣੀ) ਕੁਲੱਖਣ = ਖੋਟੇ ਲੱਛਣ ਜਾਸ = ਜਿਸ ਮਨੁੱਖ ਨੇ ਗਹੇ = ਗ੍ਰਹਿਣ ਕੀਤੇ ਹੋਏ ਹਨ।

## ਤੇ ਨਰ ਤਯਾਗ ਅਹੇ ਨਰਕਾ;
## ਨਰ ਦੇਹ ਲਈ ਹਰਿਦਯਾਲ ਕਹੇ ॥੫॥

ਤੇ = ਉਹ ਨਰ = ਮਨੁੱਖ ਨਰਕਾ = ਨਰਕ ਨੂੰ ਤਯਾਗ = ਛੱਡ ਕੇ ਆਇਆ ਹੈ। ਪੰਡਿਤ ਹਰਦਿਆਲ ਜੀ ਕਹੇ = ਕਥਨ ਕਰਦੇ ਹਨ ਕਿ ਪਿਛਲੇ ਕਰਮਾਂ ਕਰਕੇ ਉਸਨੇ ਨਰ = ਮਨੁੱਖਾਂ ਦੇਹੀ ਲਈ = ਪ੍ਰਾਪਤ ਕੀਤੀ ਹੈ, ਭਾਵ ਜਿਸ ਮਨੁੱਖ ਵਿਚ ਇਹ ਖੋਟੇ ਲੱਛਣ ਪਾਏ ਜਾਂਦੇ ਹਨ, ਉਹ ਨਰਕਾਂ ਤੋਂ ਆਇਆ ਹੈ ਤੇ ਕਿਸੇ ਪੁੰਨ ਦੇ ਪ੍ਰਤਾਪ ਕਰਕੇ ਪਰਮਾਤਮਾ ਨੇ ਮਨੁੱਖਾ ਸਰੀਰ ਦੇ ਦਿੱਤਾ ਹੈ। ਇਹੋ ਜਿਹੇ ਮਨੁੱਖ ਦਾ ਮਰਨ ਤੋਂ ਬਾਅਦ ਫੇਰ ਨਰਕਾਂ ਵਿਚ ਵਾਸਾ ਹੁੰਦਾ ਹੈ ॥੫॥

## ਦੋਹਰਾ ॥
## ਇਤਿ ਸ੍ਰੀ ਸਾਰੁਕਤਾਵਲੀ; ਤਾਸ ਖਸ਼ਟਮੋ ਅਧਯਾਇ ॥

ਜੋ ਸ੍ਰੀ = ਸੁਭਾਇਮਾਨ ਸਾਰੁਕਤਾਵਲੀ ਗ੍ਰੰਥ ਹੈ, ਤਾਸ = ਤਿਸਦਾ ਖਸ਼ਟਮੋ = ਛੇਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਚਤੁਰਾਗਤਿ ਲੱਖਣ ਕਹੇ; ਕਵਿ ਹਰਿਦਯਾਲ ਸੁਨਾਇ ॥੧॥੬॥

ਜਿਸ ਵਿਚ ਕਵੀ ਹਰਦਿਆਲ ਜੀ ਨੇ ਚਤੁਰਾਗਤਿ = ਸ੍ਰੇਸ਼ਟ ਮਨੁੱਖਾਂ ਨੇ ਜੋ ਪੁੰਨੀ ਤੇ ਪਾਪੀਆਂ ਦੇ ਆਉਣ-ਜਾਣ ਬਾਰੇ ਲੱਛਣ ਕਹੇ ਹਨ, ਉਹ ਸੁਨਾਇ = ਸੁਣਾਉਣਾ ਕੀਤੇ ਹਨ ॥੧॥੬॥

## ਸੱਤਵਾਂ ਅਧਿਆਇ

## ਅਥ ਸਪਤਮੋ ਅਧਿਯਾਇ ਪ੍ਰਾਰੰਭ ॥

ਅਥ = ਹੁਣ ਸਾਰੁਕਤਾਵਲੀ ਗ੍ਰੰਥ ਦਾ ਸਪਤਮੋ = ਸੱਤਵਾਂ ਧਯਾਯ = ਅਧਿਆਏ ਪ੍ਰਾਰੰਭ ਹੁੰਦਾ ਹੈ।

## ਦੋਹਰਾ ॥ ਵਾਕ ਨਿਰੂਪਣ ਅਬ ਕਰੇ; ਸਪਤਮ ਧਯਾਇ ਮਝਾਰ ॥

ਅਬ = ਹੁਣ ਸਾਰੁਕਤਾਵਲੀ ਗ੍ਰੰਥ ਦੇ ਇਸ ਸਪਤਮ = ਸੱਤਵੇਂ ਅਧਿਆਇ ਮਝਾਰ = ਵਿਚ ਯਥਾਰਥ, ਸੁੰਦਰ ਵਾਕ = ਬਚਨ ਨਿਰੂਪਣ = ਵਰਣਨ ਕਥਨ ਕਰੇ = ਕਰਦੇ ਹਾਂ।

## ਛੰਦ ਰੁਦ੍ਰ ਮਤਿ ਛੁਦ੍ਰ ਕੋ; ਕਰਤ ਸਮੁੰਦ੍ਰ ਪ੍ਰਕਾਰ ॥੧॥

ਜਿਸ ਅਧਿਆਇ ਦੇ ਰੁਦ੍ਰ = ਗਿਆਰਾਂ ਛੰਦ ਹਨ[1] ਜੋ ਛੁਦ੍ਰ = ਤੁਛ ਮਤਿ = ਬੁੱਧੀ ਕੋ = ਨੂੰ ਸਮੁੰਦਰ ਦੀ ਪ੍ਰਕਾਰ = ਤਰ੍ਹਾਂ ਵਿਸ਼ਾਲ ਕਰਤ = ਕਰ ਦੇਣਗੇ ॥੧॥

## ਮੰਤ੍ਰ ਮਿਤ੍ਰ ਤਪ ਦਾਨ ਜਪ; ਬਾਂਧਵਾਦਿ ਜੇ ਆਂਹਿ ॥

ਜੋ ਮੰਤ੍ਰਾਂ ਆਦਿ ਦਾ ਜਾਪ, ਮਿਤ੍ਰ = ਦੋਸਤ, ਤਪ = ਤਪੱਸਿਆ, ਦਾਨ, ਜਪ ਅਤੇ ਜੇ = ਜਿਹੜੇ ਬਾਂਧਵਾਦਿ = ਸੰਬੰਧੀ ਆਦਿਕ ਆਂਹਿ = ਹਨ।

## ਜੇ ਨਰ ਪੀੜਤ ਕਾਲ ਕਰ; ਕੋ ਰੱਖਯਕ ਨਹਿ ਤਾਂਹਿ ॥੧॥

ਪਰ ਜੇ = ਜਿਹੜਾ ਨਰ = ਮਨੁੱਖ ਕਾਲ = ਮੌਤ ਕਰ = ਕਰਕੇ ਪੀੜਤ = ਦੁਖੀ ਹੈ, ਭਾਵ ਜਦੋਂ ਮੌਤ ਆ ਕੇ ਗ੍ਰਸਦੀ ਹੈ, ਤਦੋਂ ਇਨ੍ਹਾਂ ਵਿੱਚੋਂ ਕੋ = ਕੋਈ ਵੀ ਤਾਂਹਿ = ਉਸ ਜੀਵ ਦਾ ਰੱਖਯਕ = ਸਹਾਇਕ, ਮਦਦਗਾਰ ਨਹੀਂ ਹੁੰਦਾ, ਭਾਵ ਇਹ ਸਭ ਚੀਜ਼ਾਂ ਜਵਾਬ ਦੇ ਜਾਂਦੀਆਂ ਹਨ ਅਤੇ ਸਭ ਵਸਤੂਆਂ ਪਾਸ ਹੀ ਪਈਆਂ ਰਹਿ ਜਾਂਦੀਆਂ ਹਨ, ਕੁਝ ਵੀ ਸਹਾਇਕ ਨਹੀਂ ਬਣਦਾ ॥੧॥ ਜੈਸਾ ਕਿ :

**ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥**
**ਤਿਨ੍ਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ੍ ॥** *(ਅੰਗ ੧੩੮੩)*

## ਸੁਖ ਕਰ ਬੰਧਤ ਕਰਮ ਮਹਿ; ਤਿੰਹ ਦੁਸਤਰ ਫਲ ਹੋਇ ॥

ਜੀਵ ਸੁਖ ਦੀ ਇੱਛਾ ਧਾਰਨ ਕਰਿ = ਕਰਕੇ ਜਿਨ੍ਹਾਂ ਦੁਨਿਆਵੀ ਕਰਮ-ਕਾਂਡਾਂ ਵਿਚ ਬੰਧਤ = ਬੱਝ ਜਾਂਦਾ ਹੈ, ਤਿੰਹ = ਉਨ੍ਹਾਂ ਕਰਮ-ਕਾਂਡਾਂ ਦਾ ਅਖ਼ੀਰ ਨੂੰ ਬਹੁਤ ਦੁਸਤਰ = ਕਠਨ, ਦੁਖਦਾਇਕ ਫਲ ਪ੍ਰਾਪਤ ਹੁੰਦਾ ਹੈ।

## ਹਸਤੀ ਧਾਰੇ ਗਰਭ ਕੋ; ਤਜਤ ਰੁਦੰਤੀ ਸੋਇ ॥੨॥

ਇਸਤ੍ਰੀ ਦਾ ਦ੍ਰਿਸ਼ਟਾਂਤ ਦੇਂਦੇ ਹਨ ਕਿ ਜਿਸ ਪ੍ਰਕਾਰ ਇਸਤ੍ਰੀ ਪੁੱਤਰ ਦੀ ਪ੍ਰਾਪਤੀ ਲਈ ਹਸਤੀ = ਹੱਸਦੀ-ਹੱਸਦੀ ਗਰਭ ਨੂੰ ਧਾਰੇ = ਧਾਰਨ ਕਰਦੀ ਹੈ, ਪਰ ਜਦੋਂ ਗਰਭ ਨੂੰ ਤਜਤ = ਛੱਡਦੀ ਹੈ ਭਾਵ ਬੱਚੇ ਦੇ ਜਨਮ

---

੧. ਰੁਦ੍ਰ ਨਾਮ ਸ਼ਿਵਜੀ ਦਾ ਹੈ ਤੇ ਸ਼ਿਵਜੀ ਦੇ ਗਿਆਰਾਂ ਅਵਤਾਰ ਮੰਨੇ ਹਨ, ਪੁਰਾਣਾਂ ਵਿਚ ਇਹ ਗਿਆਰਾਂ ਰੁਦ੍ਰ ਇਹ ਮੰਨੇ ਹਨ : ੧. ਅਜ, ੨. ਏਕਪਾਦ, ੩. ਅਹਿਵ੍ਰਧਨ, ੪. ਪਿਨਾਕੀ, ੫. ਅਪਰਾਜਿਤ, ੬. ਤ੍ਰਯੰਬਕ, ੭. ਮਹੇਸ੍ਵਰ, ੮. ਵ੍ਰਿਸ਼ਾਕਪੀ, ੯. ਸ਼ੰਭੂ, ੧੦. ਹਰਣ, ੧੧. ਈਸ਼੍ਵਰ। ਇਸ ਕਰਕੇ ਰੁਦ੍ਰ ਪਦ ਤੋਂ ਗਿਆਰਾਂ ਸੰਖਿਆ ਬੋਧਕ ਦਾ ਭਾਵ ਲਿਆ ਜਾਂਦਾ ਹੈ।

ਸਮੇਂ ਜਦੋਂ ਪੀੜਾਂ ਹੁੰਦੀਆਂ ਹਨ, ਤਦ ਸੋਇ = ਉਹ ਇਸਤ੍ਰੀ ਰੁਦੰਤੀ = ਰੋਂਦੀ ਹੈ ਅਤੇ ਸੋਚਦੀ ਹੈ ਕਿ ਮੁੜ ਕੇ ਕਦੀ ਵੀ ਐਸਾ ਕਰਮ ਨਹੀਂ ਕਰਾਂਗੀ, ਏਸੇ ਪ੍ਰਕਾਰ ਮਨੁੱਖ ਸੁੱਖਾਂ ਦੀ ਪ੍ਰਾਪਤੀ ਲਈ ਬਿਨਾਂ ਸੋਚੇ ਸਮਝੇ ਕੁਕਰਮ ਤਾਂ ਕਰ ਲੈਂਦਾ ਹੈ ਪਰ ਜਦੋਂ ਉਨ੍ਹਾਂ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ ਤਦ ਦੁਖੀ ਹੋਇਆ ਰੋਂਦਾ ਕੁਰਲਾਉਂਦਾ ਹੈ ॥੨॥

ਆਪਣਾ ਕੀਤਾ ਫਲ ਹੀ ਭੋਗੀਦਾ ਹੈ :

## ਜੀਵ ਕਰਮ ਆਪੇ ਕਰੇ; ਆਪੇ ਤਿਹ ਫਲ ਭੁਗਤ[1] ॥

ਜੀਵ ਆਪ ਹੀ ਚੰਗੇ-ਮੰਦੇ ਕਰਮ ਕਰੇ = ਕਰਦਾ ਹੈ ਅਤੇ ਆਪ ਹੀ ਤਿਹ = ਉਨ੍ਹਾਂ ਕੀਤੇ ਕਰਮਾਂ ਦਾ ਫਲ ਭੁਗਤ = ਭੋਗਦਾ ਹੈ।

## ਆਪ ਰਮਤ ਸੰਸਾਰ ਮਹਿ; ਆਪੇ ਤਿਹ ਤੇ ਮੁਕਤਿ ॥੩॥

ਆਪ ਹੀ ਸਕਾਮ ਕਰਮ ਕਰਨ ਕਰਕੇ ਸੰਸਾਰ = ਜਗਤ ਮਹਿ = ਵਿਚ ਰਮਤ = ਤੁਰਿਆ ਫਿਰਦਾ ਹੈ, ਭਾਵ ਵਾਰ-ਵਾਰ ਜੰਮਦਾ ਮਰਦਾ ਹੈ ਅਤੇ ਆਪੇ = ਆਪ ਹੀ ਨਿਸ਼ਕਾਮ ਕਰਮ ਕਰਕੇ ਤਿਹ = ਤਿਸ ਸੰਸਾਰ ਤੇ = ਤੋਂ ਮੁਕਤ = ਛੁਟ ਸਕਦਾ ਹੈ ਭਾਵ ਨਿਸ਼ਕਾਮ ਕਰਮ ਕਰਨ ਨਾਲ ਅੰਤਹਕਰਨ ਦੀ ਸੁੱਧੀ ਹੋ ਜਾਵੇਗੀ, ਸ਼ੁੱਧ ਅੰਤਹਕਰਨ ਵਿਚ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ ਅਤੇ ਗਿਆਨ ਦੁਆਰਾ ਮੋਖ ਦੀ ਪ੍ਰਾਪਤੀ ਹੋਵੇਗੀ ॥੩॥

## ਦੁਖ ਮੈਂ ਮਿਥਿਯਾ ਭਾਵਨਾ; ਸੁਖਦ ਭਾਵਨਾ ਸੱਤ ॥

ਅਗਿਆਨੀਆਂ ਦੀ ਹਾਲਤ ਕਥਨ ਕਰਦੇ ਹਨ ਕਿ ਸੰਸਾਰੀ ਮਨੁੱਖਾਂ ਦੀ ਦੁਖ ਮੈਂ = ਵਿਚ ਮਿਥਿਆ ਭਾਵਨਾ = ਇੱਛਾ ਹੋ ਜਾਂਦੀ ਹੈ, ਭਾਵ ਜਦੋਂ ਕੋਈ ਪਿਆਰਾ ਸੰਬੰਧੀ ਮਰ ਜਾਂਦਾ ਹੈ ਤਾਂ ਇਸ ਤਰ੍ਹਾਂ ਆਖਦੇ ਹਨ ਕਿ ਇਹ ਸੰਸਾਰ ਝੂਠਾ ਹੈ, ਇਸ ਵਿਚ ਕਿਸੇ ਨੇ ਨਹੀਂ ਰਹਿਣਾ, ਕੋਈ ਵੀ ਸਤਿ ਵਸਤੂ ਨਹੀਂ ਹੈ ਅਤੇ ਜਦੋਂ ਸੁਖਦ = ਸੁਖ ਪ੍ਰਾਪਤ ਹੋਵੇ ਤਾਂ ਉਸ ਵੇਲੇ ਇਨ੍ਹਾਂ ਦੀ ਭਾਵਨਾ ਸਤ = ਸੱਚੀ ਹੋ ਜਾਂਦੀ ਹੈ, ਭਾਵ ਸੁੱਖਾਂ ਵਿਚ ਸੰਸਾਰ ਸੱਚਾ ਭਾਸਦਾ ਹੈ।

## ਗਯਾਨ ਭਾਵਨਾ ਕਰਮ ਕਰ; ਨਿਸਚੈ ਸਕਲ ਨ ਸੱਤ ॥੪॥

ਪਰ ਜਦੋਂ ਨਿਸ਼ਕਾਮ ਕਰਮ ਕਰਿ = ਕਰਕੇ ਅੰਤਹਕਰਨ ਦੀ ਸ਼ੁੱਧੀ ਹੋਣ ਤੋਂ ਗਿਆਨ ਦੀ ਭਾਵਨਾ ਬਣ ਜਾਂਦੀ ਹੈ ਤਾਂ ਉਸ ਸਮੇਂ ਇਹ ਨਿਸਚੈ = ਯਕੀਨ ਬੱਝ ਜਾਂਦਾ ਹੈ ਕਿ ਅਸਲ ਵਿਚ ਸਕਲ = ਸਾਰਾ ਸੰਸਾਰ ਹੀ ਸੱਤ = ਸੱਚਾ ਨਹੀਂ ਹੈ ॥੪॥

## ਸੁਭ ਗੁਣ ਅਵਸਰ ਕੇ ਪੜ੍ਹੇ; ਸ਼ੋਭਾਵੰਤ ਮਨਾਕ ॥

ਸੁਭ = ਸ੍ਰੇਸ਼ਟ ਗੁਣ ਮਨਾਕ = ਥੋੜ੍ਹੇ ਜਿਹੇ ਹੀ ਕਿਸੇ ਅਵਸਰ = ਸਮੇਂ ਕੇ = ਦੇ ਪੜ੍ਹੇ ਹੋਣ, ਉਹ ਸੋਭਾਵੰਤ = ਸ਼ੋਭਾ ਦੇਣ ਵਾਲੇ ਹੁੰਦੇ ਹਨ, ਭਾਵ ਵੇਲੇ ਦੇ ਪੜ੍ਹੇ ਹੋਏ ਥੋੜ੍ਹੇ ਗੁਣ, ਹੁਨਰ ਵੀ ਸ਼ੋਭਾ ਦੇ ਦੇਂਦੇ ਹਨ ਅਰਥਾਤ ਕਿਸੇ ਨਾ ਕਿਸੇ ਸਮੇਂ ਕੰਮ ਆ ਕੇ ਸਤਿਕਾਰ ਦਿਵਾ ਜਾਂਦੇ ਹਨ।

## ਗਮਨ ਕਾਲ ਬਾਮਾਂਗ ਜਯੋਂ; ਮੰਗਲ ਗਰਧਪ ਵਾਕ ॥੫॥

ਅੱਗੇ ਹਿੰਦੂ ਮਤ ਦੇ ਵਿਸ਼ਵਾਸ ਅਨੁਸਾਰ ਦ੍ਰਿਸ਼ਟਾਂਤ ਦੇਂਦੇ ਹਨ ਕਿ ਜਯੋਂ = ਜਿਵੇਂ ਕਿਸੇ ਕਾਰਜ ਨੂੰ

---

੧. ਪਾਠਾਂਤ੍ਰ—ਭੁਕਤ।

ਗਮਨ = ਤੁਰਨ ਕਾਲ = ਸਮੇਂ ਬਾਮਾਂਗ = ਖੱਬੇ ਪਾਸੇ ਗਰਧਪ = ਖੋਤੇ ਦੇ ਵਾਕ = ਬੋਲ ਭਾਵ ਖੋਤਾ ਹਿਣਕ ਪਵੇ ਤਾਂ ਮੰਗਲ ਰੂਪ ਸਮਝਿਆ ਜਾਂਦਾ ਹੈ, ਤਿਵੇਂ ਹੀ ਚੰਗੇ ਸਮੇਂ ਦਾ ਥੋੜ੍ਹਾ ਕੁ ਸਿੱਖਿਆ ਗੁਣ ਬਹੁਤ ਫਲੀਭੂਤ ਹੋ ਜਾਂਦਾ ਹੈ। ਇਸ ਲਈ ਸ਼ੁਭ ਗੁਣ ਸਿੱਖਣੇ ਚਾਹੀਦੇ ਹਨ। ਇਹ ਤਾਂ ਇਕ ਗੁਣ ਦੀ ਗੱਲ ਕੀਤੀ ਹੈ। ਜਿਸਨੇ ਗੁਣ ਹੀ ਗੁਣ ਸਿੱਖੇ ਹਨ ਉਸਦੀ ਤਾਂ ਮਹਿਮਾ ਬੇਅੰਤ ਹੈ॥੫॥

**ਸ੍ਵੈਯਾ॥ ਜਬ ਭਾਨੁ ਉਦੈ ਦਿਸ ਪਸਚਮ ਹ੍ਵੈ;**
**ਪੁਨ ਮੇਰੁ ਚਲੈ ਅਤਿਸੈ ਜਬ ਹੀ॥**

ਜਬ = ਜਦ ਭਾਨ = ਸੂਰਜ ਪਸਚਮ = ਪੱਛਮ ਦਿਸ = ਦਿਸ਼ਾ ਵੱਲੋਂ ਉਦੈ = ਪਰਗਟ ਹ੍ਵੈ = ਹੋ ਜਾਵੇ ਪੁਨ = ਫੇਰ ਜੋ ਸੁਮੇਰ ਪਰਬਤ ਅਚੱਲ ਮੰਨਿਆ ਹੈ, ਉਹ ਵੀ ਅਤਿਸ਼ੈ ਕਰਕੇ ਜਦੋਂ ਚਲੈ = ਚਲਾਇਮਾਨ ਹੋ ਜਾਵੇ ਤਾਂ ਵੀ ਇਹ ਕੋਈ ਅਸਚਰਜ ਨਹੀਂ।

**ਗਿਰ ਸ੍ਰਿੰਗ ਸਿਲਾ ਜਬ ਹ੍ਵੈ ਪਦਮਾ;**
**ਅਗਨੀ ਅਤਿ ਸੀਤਲ ਹ੍ਵੈ ਕਬ ਹੀ॥**

ਜੇਕਰ ਗਿਰ = ਪਹਾੜ ਦੀ ਸ੍ਰਿੰਗ = ਚੋਟੀ ਤੇ ਸਿਲਾ ਪੱਥਰ ਵਿਚ ਪਦਮਾ = ਕਮਲ ਫੁੱਲ ਪੈਦਾ ਹੋ ਜਾਵੇ ਅਤੇ ਅਗਨੀ = ਅੱਗ ਅਤਿ = ਅਤਿਅੰਤ ਸੀਤਲ = ਠੰਢੀ ਹੋ ਕਰ ਕੇ ਬਲਣ ਲੱਗ ਜਾਵੇ ਤਾਂ ਇਹ ਵੀ ਕੋਈ ਅਸਚਰਜ ਗੱਲ ਨਹੀਂ।

**ਸਭ ਕੇ ਅਤਿ ਸਾਜਨ ਸੰਤ ਜਨਾ; ਵਹਿ ਝੂਠ ਗਿਰਾ ਨ ਕਹੈਂ ਕਬ ਹੀ॥**

ਪਰ ਜਿਹੜੇ ਸਭ = ਸਾਰਿਆਂ ਕੋ = ਦੇ ਅਤਿ = ਅਤਿਅੰਤ ਪਿਆਰੇ ਸੱਜਣ ਸੰਤ ਜਨ ਹਨ ਵਹਿ = ਉਹ ਕਬ = ਕਦੇ ਵੀ ਝੂਠ = ਝੂਠੀ ਗਿਰਾ = ਬਾਣੀ ਨਹੀਂ ਬੋਲਦੇ, ਭਾਵ ਜੋ ਉਪਰੋਕਤ ਦ੍ਰਿਸ਼ਟਾਂਤ ਦਿੱਤੇ ਹਨ ਕਿ ਜੇਕਰ ਉਹ ਆਪ ਵੀ ਮਰਿਆਦਾ ਤੋਂ ਉਲਟ ਹੋ ਕੇ ਚੱਲਣ ਲੱਗ ਜਾਣ ਤਾਂ ਇਸ ਵਿਚ ਕੋਈ ਅਸਚਰਜ ਨਹੀਂ ਪਰ ਸੰਤ ਜਨ ਕਦੇ ਵੀ ਆਪਣੀ ਮਰਿਆਦਾ ਤੋਂ ਉਲਟ ਨਹੀਂ ਹੁੰਦੇ, ਉਹ ਆਪਣੇ ਪ੍ਰਾਣ ਤਾਂ ਤਿਆਗ ਦੇਂਦੇ ਹਨ ਪਰ ਕਦੇ ਵੀ ਝੂਠ ਨਹੀਂ ਬੋਲਦੇ।

**ਤਜ ਭ੍ਰਾਂਤ ਰਿਦੈ ਧਰਿ ਸੰਤ ਗਿਰਾ;**
**ਸੁ ਸਮਾਂ ਅਬ ਹੀ ਅਬ ਹੀ ਅਬ ਹੀ॥੬॥**

ਇਸ ਲਈ ਹੇ ਭਾਈ! ਭ੍ਰਾਂਤ = ਭੁਲੇਖੇ ਨੂੰ ਤਜ = ਤਿਆਗ ਕਰਕੇ ਰਿਦੇ = ਹਿਰਦੇ ਅੰਦਰ ਸੰਤ = ਮਹਾਤਮਾ ਜਨਾਂ ਦੀ ਗਿਰਾ = ਬਾਣੀ ਨੂੰ ਧਰਿ = ਧਾਰਨ ਕਰੋ, ਸੁ = ਉਹ ਸਮਾਂ = ਵੇਲਾ ਇਸ ਮਨੁੱਖਾ ਜਨਮ ਵਿਚ ਅਬ = ਹੁਣ ਹੀ ਹੈ, ਅਬ = ਹੁਣ ਹੀ ਹੈ, ਅਬ = ਹੁਣ ਹੀ ਹੈ॥੬॥

ਇਹ ਤਿੰਨ ਵਾਰੀ ਅਸੀਂ ਪ੍ਰਤੱਗਿਆ ਨਾਲ ਬਚਨ ਕਹਿੰਦੇ ਹਾਂ:

**ਤੋਟਕ ਛੰਦ॥ ਬੁਧਿ ਕੋ ਫਲ ਸਾਰ; ਬਿਚਾਰ ਰਹੈ॥**
**ਤਨ ਕੋ ਫਲ ਸਾਰ; ਬ੍ਰਤਾਦਿ ਗਹੈ॥**

ਬੁਧਿ = ਬੁੱਧੀ ਕੋ = ਦਾ ਸਾਰ = ਸ੍ਰੇਸ਼ਟ ਫਲ ਇਹ ਹੈ ਕਿ ਉਹ ਸੱਤ ਅਸੱਤ ਦੀ ਵਿਚਾਰ ਨੂੰ ਕਰਦਾ

ਰਹੈ = ਰਹਿਣਾ ਕਰੇ ਭਾਵ ਕਰਦਾ ਰਹੇ। ਤਨ = ਸਰੀਰ ਕੋ = ਦਾ ਸਾਰ = ਸ੍ਰੇਸ਼ਟ ਫਲ ਇਹ ਹੈ ਕਿ ਬ੍ਰਤਾਦਿ = ਵਰਤ ਆਦਿ ਗਹੈ = ਗ੍ਰਹਿਣ ਕਰੇ ਭਾਵ ਨਿਯਮ ਵਿਚ ਰਹਿਣਾ ਕਰੇ।

**ਧਨ ਕੋ ਫਲ ਸਾਰ; ਸੁਪਾਤ੍ਰ ਦਿਜੈ ॥ ਫਲ ਸਾਰ ਗਿਰਾ; ਸਭ ਪ੍ਰੀਤਿ ਕਿਜੈ ॥੭॥**

ਧਨ = ਬਿਭੂਤੀ ਕੋ = ਦਾ ਸਾਰ = ਸ੍ਰੇਸ਼ਟ ਫਲ ਇਹ ਹੈ ਕਿ ਸੁਪਾਤ੍ਰ = ਸ੍ਰੇਸ਼ਟ ਅਧਿਕਾਰੀ ਨੂੰ ਦਾਨ ਦਿਜੈ = ਦੇਣਾ ਕਰੇ।

ਏਸੇ ਤਰ੍ਹਾਂ ਗਿਰਾ = ਬਾਣੀ ਦਾ ਸਾਰ = ਸ੍ਰੇਸ਼ਟ ਫਲ ਇਹ ਹੈ ਕਿ ਸਭ ਨੂੰ ਪਰਮਾਤਮਾ ਦਾ ਰੂਪ ਜਾਣ ਕੇ ਸਭ ਨਾਲ ਹੀ ਪ੍ਰੀਤੀ ਕਰਨਾ ਕਰੇ ॥੭॥

**ਦੋਹਰਾ ॥ ਜੋ ਆਨਨ ਹੈ ਸਾਸਤ੍ਰ ਬਿਨੁ; ਬਿਨੁ ਤੰਬੂਲ ਜੋ ਆਸ ॥**

ਜੋ = ਜਿਹੜਾ ਆਨਨ = ਮੁਖ ਸ਼ਾਸਤ੍ਰ ਵਿਚਾਰ ਤੋਂ ਬਿਨੁ = ਰਹਿਤ ਹੈ ਅਤੇ ਜੋ ਆਸ = ਮੁਖ ਤੰਬੂਲ = ਪਾਨ ਤੋਂ ਵੀ ਬਿਨੁ = ਰਹਿਤ ਹੈ।

**ਸੁਭ ਬਾਨੀ ਬਿਨੁ ਬਦਨ ਜੋ; ਮੁਖ ਨ ਰੰਧ੍ਰ ਲਖ ਤਾਸ ॥੮॥**

ਫਿਰ ਜੋ ਬਦਨੁ = ਮੁਖ ਸੁਭ = ਚੰਗੀ ਬਾਣੀ ਨੂੰ ਬੋਲਣ ਤੋਂ ਬਿਨੁ = ਬਗ਼ੈਰ ਹੈ, ਤਾਸ = ਉਸ ਮੁਖ ਨੂੰ ਮੁਖ ਨਹੀਂ ਬਲਕਿ ਰੰਧ੍ਰ = ਖੁੱਡ ਦੇ ਸਮਾਨ ਲਖ = ਜਾਨਣਾ ਕਰੋ, ਭਾਵ ਜਿਵੇਂ ਧਰਤੀ 'ਤੇ ਸੱਪ ਦੀ ਖੁੱਡ ਭੈਦਾਇਕ ਲੱਗਦੀ ਹੈ, ਤਿਵੇਂ ਸਰੀਰ ਵਿਚ ਉਹ ਮੁਖ ਭੈਦਾਇਕ ਹੈ ॥੮॥

**ਸ੍ਵੈਯਾ ॥**

**ਜੋ ਨਰ ਹੈ ਸਮਰਥ ਤਿਸੈ ਪ੍ਰਤਿ; ਕਾਮ ਨਹੀਂ ਕੋਊ ਯਾ ਜਗ ਮਾਹੀਂ ॥**

ਜੋ = ਜਿਹੜਾ ਨਰ = ਮਨੁੱਖ ਸਮਰਥ = ਸ਼ਕਤੀ, ਬਲ ਵਾਲਾ ਹੈ ਭਾਵ ਸਭ ਗੱਲਾਂ ਕਰਕੇ ਯੋਗ, ਲਾਇਕ ਹੈ, ਤਿਸੈ = ਉਸਦੇ ਪ੍ਰਤਿ = ਤਾਈਂ ਯਾ = ਇਸ ਜਗ = ਸੰਸਾਰ ਮਾਹੀਂ = ਵਿਚ ਕੋਈ ਵੀ ਕੰਮ ਮੁਸ਼ਕਲ ਨਹੀਂ ਹੈ ਭਾਵ ਉਹ ਜੋ ਚਾਹੇ ਉਹੀ ਕਰ ਸਕਦਾ ਹੈ।

**ਮਾਨੁਖ ਉਦੱਮਵੰਤ ਜੁ ਹੈ; ਤਿਨ ਕੋ ਕਛੁ ਦੂਰਿ ਅਹੈ ਜਗ ਨਾਹੀਂ ॥**

ਜੁ = ਜਿਹੜਾ ਮਨੁੱਖ ਉਦੱਮਵੰਤ = ਉੱਦਮ ਵਾਲਾ ਹੈ, ਤਿਨ = ਉਸ ਕੋ = ਨੂੰ ਇਸ ਜਗ = ਸੰਸਾਰ ਵਿਚ ਕਛੁ = ਕੁਝ ਵੀ ਦੂਰ ਨਹੀਂ ਅਹੈ = ਹੈ, ਭਾਵ ਉਹ ਉੱਦਮ ਕਰਕੇ ਆਪਣੀ ਮੰਜ਼ਲ 'ਤੇ ਜ਼ਰੂਰ ਪਹੁੰਚ ਜਾਵੇਗਾ, ਇਸ ਲਈ ਉੱਦਮੀ ਹੋਣਾ ਚਾਹੀਦਾ ਹੈ।

**ਜੋ ਗੁਣਮਾਨ ਪੁਮਾਨ ਅਹੇ; ਪਰਦੇਸ ਤਿਸੇ ਕਛੁ ਨਾ ਦਰਸਾਹੀਂ ॥**

ਜੋ = ਜਿਹੜਾ ਪੁਮਾਨ = ਪੁਰਖ ਗੁਣਮਾਨ = ਗੁਣਾਂ ਦੇ ਸਹਿਤ, ਵਿਦਵਾਨ ਹੈ, ਉਸਨੂੰ ਪਰਦੇਸ = ਬੇਗਾਨਾ ਦੇਸ਼ ਕਛੁ = ਕੁਝ ਵੀ ਓਪਰਾ ਨਹੀਂ ਦਰਸਾਹੀ = ਦਿੱਸਦਾ, ਭਾਵ ਗੁਣਵਾਨਾਂ ਦੀ ਸਭ ਜਗ੍ਹਾ ਕਦਰ ਹੁੰਦੀ ਹੈ ਤੇ ਸਭ ਗੁਣਵਾਨਾਂ ਨੂੰ ਆਪਣਾ ਹੀ ਮੰਨਦੇ ਹਨ।

**ਜੋ ਮਧੁਰੋ ਸੁਭ ਵਾਕ ਭਨੇ; ਸਭ ਮੀਤ ਤਿਸੈ, ਜਨ ਕੋ ਨ ਦੁਖਾਹੀ ॥੯॥**

ਜੋ = ਜਿਹੜਾ ਮਨੁੱਖ ਮਧੁਰੇ = ਮਿੱਠੇ ਤੇ ਸੁਭ = ਚੰਗੇ ਵਾਕ = ਬਚਨ ਭਨੇ = ਉਚਾਰਨ ਕਰਦਾ ਹੈ,

ਤਿਸੈ = ਉਸਨੂੰ ਸਭ = ਸਾਰੇ ਮੀਤ = ਮਿੱਤਰ ਹੀ ਲੱਗਦੇ ਹਨ ਅਤੇ ਕੋਈ ਵੀ ਜਨ = ਮਨੁੱਖ ਉਸਨੂੰ ਦੁਖਾਹੀ = ਦੁੱਖ ਨਹੀਂ ਦੇਂਦਾ, ਸਾਰੇ ਜਨ ਉਸਨੂੰ ਸੁਖ ਦੇਣ ਵਾਲੇ ਹੋ ਜਾਂਦੇ ਹਨ ॥੯॥

## ਦੋਹਰਾ ॥ ਪ੍ਰਿਯ ਬਚਨਨ ਕੇ ਬੋਲਤੇ; ਹੋਤ ਪ੍ਰਮੋਦ ਤ੍ਰਿਭੌਨ ॥

ਪ੍ਰਿਯ = ਪਿਆਰੇ-ਪਿਆਰੇ ਬਚਨ ਕੇ = ਦੇ ਬੋਲਤੇ = ਬੋਲਣ ਨਾਲ ਤ੍ਰਿਭੌਨ = ਤਿੰਨਾਂ ਲੋਕਾਂ ਵਿਚ ਹੀ ਪ੍ਰਮੋਦ = ਖ਼ੁਸ਼ੀ ਹੋਤ = ਹੁੰਦੀ ਹੈ, ਭਾਵ ਮਿੱਠੇ ਤੇ ਪਿਆਰੇ ਬਚਨ ਸੁਣ ਕੇ ਸਾਰੇ ਲੋਕ ਪ੍ਰਸੰਨ ਹੋ ਜਾਂਦੇ ਹਨ।

## ਤਾਂਤੇ ਪ੍ਰਿਯ ਬਾਨੀ ਭਨੇ; ਯਾ ਮੈਂ ਕ੍ਰਿਪਨਤਾ ਕੌਨ ॥੧੦॥

ਤਾਂਤੇ = ਤਿਸ ਕਰਕੇ ਪ੍ਰਿਯ = ਪਿਆਰੀ ਬਾਨੀ = ਬਾਣੀ, ਬੋਲੀ ਭਨੇ = ਉਚਾਰਣ ਕਰੋ, ਯਾ = ਇਸ ਦੇ ਮੈਂ = ਵਿਚ ਕ੍ਰਿਪਨਤਾ = ਕੰਜੂਸੀ ਕੌਨ = ਕਾਹਦੀ ਹੈ, ਭਾਵ ਪਿਆਰੇ ਬਚਨ ਬੋਲਣ ਨਾਲ ਕੋਈ ਪੈਸਾ ਵੀ ਖ਼ਰਚ ਨਹੀਂ ਹੁੰਦਾ, ਇਸ ਲਈ ਮਿੱਠੇ ਤੇ ਪਿਆਰੇ ਬਚਨ ਹੀ ਬੋਲਣੇ ਚਾਹੀਦੇ ਹਨ ॥੧੦॥

## ਚੌਪਈ ॥ ਸਤ ਬਚਨ; ਅਰ ਪਯਾਰੋ ਜੋਈ ॥ ਬੁੱਧਿਮਾਨ ਜਨ ਭਾਖੇ ਸੋਈ ॥

ਜੋਈ = ਜਿਹੜਾ ਬਚਨ ਸਤ = ਸੱਚਾ ਅਰ = ਅਤੇ ਸਭ ਦੇ ਦਿਲ ਨੂੰ ਪਿਆਰਾ ਲੱਗਣ ਵਾਲਾ ਹੁੰਦਾ ਹੈ। ਬੁੱਧਿਮਾਨ = ਬੁੱਧੀਵਾਨ ਜਨੁ = ਮਨੁੱਖ ਸੋਈ = ਉਹ ਬਚਨ ਭਾਖੇ = ਉਚਾਰਨ ਕਰਦੇ ਹਨ।

## ਪ੍ਰਿਯ ਨ ਹ੍ਵੈ; ਪੁਨ ਵਾਕ ਸਤ ਹੈ ॥ ਕਹੈ ਨਾਹਿ ਸੋ; ਸਬਦ ਮਤਿ ਹੈ ॥

ਪੁਨ = ਫੇਰ ਜੇਕਰ ਵਾਕ = ਬਚਨ ਤਾਂ ਸਤ = ਸੱਚੇ ਹਨ ਪਰ ਪ੍ਰਿਯ = ਪਿਆਰੇ ਨਾ ਹੋਣ।

ਉਹ ਬਚਨ ਕਿਸੇ ਨੂੰ ਨਹੀਂ ਕਹਿਣੇ ਚਾਹੀਦੇ, ਇਹ ਸਬਦ = ਵੇਦਾਂ ਦਾ ਮਤ ਹੈ **ਵਾ:** ਉਹ ਸ਼ਬਦ ਕਿਸੇ ਨੂੰ ਮਤਾਂ ਕਹਿਣੇ ਕਰੇ ਭਾਵ ਜੇਕਰ ਕੋਈ ਕਾਨਾ ਹੋਵੇ ਉਸਨੂੰ ਕੋਈ ਆਖੇ ਕਿ ਹੇ ਕਾਨਿਆ! ਮੇਰੀ ਗੱਲ ਸੁਣ। ਭਾਵੇਂ ਇਹ ਗੱਲ ਤਾਂ ਸੱਚੀ ਹੈ ਕਿ ਉਹ ਮਨੁੱਖ ਕਾਨਾ ਹੈ ਪਰ ਇਹ ਗੱਲ ਪਿਆਰੀ ਨਹੀਂ ਹੈ ਕਿਉਂਕਿ ਉਸਦੇ ਮਨ ਨੂੰ ਜ਼ਰੂਰ ਠੇਸ ਪਹੁੰਚੇਗੀ, ਇਸ ਲਈ ਸੱਚੇ, ਮਿੱਠੇ ਤੇ ਪਿਆਰੇ ਬਚਨ ਬੋਲਣੇ ਚਾਹੀਦੇ ਹਨ।

## ਲਾਗੇ ਮਧੁਰ ਝੂਠ ਹੈ ਵਾਕੋ ॥ ਨਾਹਿ ਕਹੂੰ ਪ੍ਰਤਿ; ਭਾਖੇ ਤਾਂ ਕੋ ॥

ਫੇਰ ਜੇਕਰ ਅਗਲੇ ਮਨੁੱਖ ਨੂੰ ਬਚਨ ਮਧੁਰ = ਮਿੱਠਾ ਲਾਗੇ = ਲੱਗੇ ਪਰ ਉਹ ਵਾਕੋ = ਬਚਨ ਝੂਠਾ ਹੋਵੇ।

ਤਾਂ = ਉਸ ਬਚਨ ਕੋ = ਨੂੰ ਕਿਸੇ ਪ੍ਰਤਿ = ਤਾਈਂ ਭਾਖੇ = ਉਚਾਰਣ ਨਾ ਕਰਨਾ ਕਰੇ।

## ਏਹੈ ਸਨਾਤਨ ਧਰਮ ਸੰਤਨ ਕੋ ॥ ਇਹ ਅਨੁਗਾਮੀ; ਯੋਗ ਜਨਨ ਕੋ ॥੧੧॥

ਏਹੈ = ਇਹ ਸੰਤਨ = ਸੰਤਾਂ ਮਹਾਤਮਾਂ ਕੋ = ਦਾ ਸਨਾਤਨ = ਪੁਰਾਤਨ ਧਰਮ ਚੱਲਿਆ ਰਿਹਾ ਹੈ। ਇਨ੍ਹਾਂ ਬਚਨਾਂ ਦੇ ਅਨੁਗਾਮੀ = ਅਨੁਸਾਰ ਹੀ ਜਨਨ = ਪੁਰਸ਼ਾਂ ਕੋ = ਨੂੰ ਚੱਲਣਾ ਯੋਗ = ਠੀਕ ਹੈ ॥੧੧॥

## ਦੋਹਰਾ ॥ ਦੋ ਸਤ ਚੌ ਇਕ ਤੋਟਕਿਕ; ਉਭੈ ਸਵੱਯੇ ਜਾਨ ॥

ਅਧਿਆਇ ਦੀ ਸਮਾਪਤੀ 'ਤੇ ਛੰਦਾਂ ਦੀ ਗਿਣਤੀ ਕਰਕੇ ਦੱਸਦੇ ਹਨ ਕਿ ਇਸ ਅਧਿਆਇ ਵਿਚ ਸੱਤ ਦੋ = ਦੋਹਰੇ, ਇਕ ਚੌਪਈ (ਤੋਟਕ + ਇਕ) ਇਕ ਤੋਟਕ ਛੰਦ ਅਤੇ ਉਭੈ = ਦੋ ਸਵੱਯੇ ਛੰਦ ਆਏ ਜਾਨ = ਜਾਨਣਾ ਕਰੋ।

## ਬ੍ਰਿਤ ਇਕਾਦਸ ਬ੍ਰਿਤ ਕੀ; ਮੈਲ ਨਬ੍ਰਿਤ ਨਿਦਾਨ ॥੧੨॥

ਇਹ ਇਕਾਦਸ = ਗਿਆਰਾਂ ਬ੍ਰਿਤਿ = ਛੰਦ ਬ੍ਰਿਤਿ = ਬਿਰਤੀ ਕੀ = ਦੀ ਮੈਲ = ਮਲੀਨਤਾ ਨੂੰ ਨਬ੍ਰਿਤ = ਮੇਟਣ ਦਾ ਨਿਦਾਨ = ਕਾਰਨ ਹਨ, ਭਾਵ ਜੋ ਵੀ ਇਨ੍ਹਾਂ ਛੰਦਾਂ ਦੇ ਸਿਧਾਂਤ ਨੂੰ ਧਾਰਨ ਕਰੇਗਾ, ਉਸਦੀ ਬੁੱਧ ਦੇ ਸਾਰੇ ਪਾਪ ਖ਼ਤਮ ਹੋ ਜਾਣਗੇ ॥੧੧॥

## ਇਤਿ ਸ੍ਰੀ ਸਾਰੁਕਤਾਵਲੀ; ਤਾਸ ਸਮਤਮੋ ਅਧਯਾਇ ॥

ਜੋ ਸ੍ਰੀ = ਸੁਭਾਏਮਾਨ ਸਾਰੁਕਤਾਵਲੀ ਗ੍ਰੰਥ ਹੈ, ਤਾਸ = ਤਿਸਦਾ ਸਪਤਮੋ = ਸੱਤਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਤਾਂ ਮੈਂ ਵਾਕ ਨਿਰੂਪਯੋ; ਕਵਿ ਹਰਿਦਯਾਲੁ ਸੁਭਾਇ ॥੨॥੭॥

ਤਾ = ਤਿਸ ਅਧਿਆਇ ਮੈ = ਵਿਚ ਕਵੀ ਹਰਦਿਆਲ ਜੀ ਨੇ ਸੁਭਾਇ = ਸ੍ਰੇਸ਼ਟ ਭਾਵਨਾ ਨਾਲ ਯਥਾਰਥ ਵਾਕ = ਬਚਨਾਂ ਦਾ ਨਿਰੂਪਯੋ = ਵਰਣਨ ਕੀਤਾ ਹੈ ॥੨॥੭॥

### ਅੱਠਵਾਂ ਅਧਿਆਇ

## ਅਥ ਅਸਟਮੋ ਅਧਯਾਇ ਪ੍ਰਾਰੰਭ ॥

ਅਥ = ਹੁਣ ਸਾਰੁਕਤਾਵਲੀ ਗ੍ਰੰਥ ਦਾ ਅਸਟਮੋ = ਅੱਠਵਾਂ ਅਧਿਆਇ ਅਰੰਭ ਹੁੰਦਾ ਹੈ।

## ਦੋਹਰਾ ॥ ਉਦਮ ਵਰਨੇ ਅਸਟਮੇਂ; ਦ੍ਵਾਦਸ ਛੰਦ ਸਰੋਜ ॥

ਸਾਰੁਕਤਾਵਲੀ ਗ੍ਰੰਥ ਦੇ ਇਸ ਅਸਟਮੇਂ = ਅੱਠਵੇਂ ਅਧਿਆਇ ਵਿਚ ਪੰਡਿਤ ਹਰਦਿਆਲ ਜੀ ਸ਼ੁਭ ਉੱਦਮ ਦੀ ਮਹਿਮਾ ਦਾ ਵਰਨੇ = ਵਰਣਨ ਕਰਨਗੇ, ਜਿਸ ਅਧਿਆਇ ਦੇ ਦ੍ਵਾਦਸ = ਬਾਰਾਂ ਛੰਦ ਸਰੋਜ = ਕਮਲ ਦੇ ਸਮਾਨ ਖਿੜੇ ਹੋਏ ਹਨ।

## ਜਾ ਕੋ ਮਨ ਅਲਿ ਲੇਤ ਰਸ; ਤਾਂ ਕੇ ਸਿਧ ਮਨੋਜ ॥੧॥

ਜਾ = ਜਿਸ ਮਨੁੱਖ ਕੋ = ਦਾ ਮਨ ਰੂਪੀ ਅਲਿ = ਭੌਰਾ ਇਨ੍ਹਾਂ ਕਮਲਾਂ ਰੂਪੀ ਛੰਦਾਂ ਵਿੱਚੋਂ ਸਿਧਾਂਤ, ਅਰਥ ਰੂਪੀ ਰਸ ਲੇਤ = ਲੈਣਾ ਕਰਦਾ ਹੈ, ਤਾਂ = ਉਸ ਮਨੁੱਖ ਕੇ = ਦੇ ਸ੍ਰੇਸ਼ਟ ਵਿਚਾਰ ਪ੍ਰਾਪਤ ਕਰਨ ਰੂਪ ਸਾਰੇ ਮਨੋਜ = ਮਨੋਰਥ ਸਿਧ = ਪੂਰਨ ਹੋ ਜਾਣਗੇ ॥੧॥

## ਉੱਦਮ ਕਰਕੈ ਸ੍ਰੀ ਮਿਲੈ; ਕੀਰਤਿ ਤਯਾਗੈ ਹੋਤ ॥

ਹੇ ਭਾਈ! ਸੰਸਾਰ ਵਿਚ ਉੱਦਮ = ਪੁਰਸ਼ਾਰਥ ਕਰਨ ਨਾਲ ਹੀ ਸ੍ਰੀ = ਲੱਛਮੀ ਭਾਵ ਮਾਇਆ ਮਿਲੇ = ਪ੍ਰਾਪਤ ਹੁੰਦੀ ਹੈ, ਪਰ ਦੁਨੀਆਂ ਵਿਚ ਇਸ ਮਾਇਆ ਦੇ ਮੋਹ ਨੂੰ ਤਯਾਗੈ = ਛੱਡਣ ਨਾਲ ਹੀ ਕੀਰਤਿ = ਜੱਸ ਹੋਤ = ਹੁੰਦਾ ਹੈ।

## ਬੁਧਿ ਕਰਮ ਅਨੁਸਾਰ ਹੈ; ਵਿਦਯਾਭਯਾਸ ਉਦੋਤ ॥੧॥

ਬੁਧਿ = ਬੁੱਧੀ ਤਾਂ ਆਪੋ-ਆਪਣੇ ਕਰਮਾਂ ਦੇ ਅਨੁਸਾਰ ਹੀ ਪ੍ਰਾਪਤ ਹੁੰਦੀ ਹੈ, ਭਾਵ ਜਿਹੋ ਜਿਹੇ ਕੋਈ

ਕਰਮ ਕਰਦਾ ਹੈ, ਉਨ੍ਹਾਂ ਕੀਤੇ ਕਰਮਾਂ ਅਨੁਸਾਰ ਉਹੋ ਜਿਹੀ ਬੁੱਧੀ ਦੀ ਪ੍ਰਾਪਤੀ ਹੁੰਦੀ ਹੈ ਅਤੇ (ਵਿਦਿਆ + ਅਭਿਆਸ) ਵਿੱਦਿਆ ਦਾ ਅਭਿਆਸ ਕਰਨ ਨਾਲ ਵਿੱਦਿਆ ਉਦੋਤ = ਪ੍ਰਗਟ ਹੋ ਆਉਂਦੀ ਹੈ, ਭਾਵ ਇਹ ਹੈ ਕਿ ਜਿਤਨਾ ਜਿਤਨਾ ਕਿਸੇ ਚੀਜ਼ ਵਾਸਤੇ ਮਨੁੱਖ ਉੱਦਮ ਕਰਦਾ ਹੈ, ਉਤਨਾ ਉਤਨਾ ਹੀ ਉਹ ਚੀਜ਼ ਪ੍ਰਾਪਤ ਹੋਵੇਗੀ ॥੧॥

ਅੱਗੇ ਕਵੀ ਜੀ ਨੌਂ ਚੀਜ਼ਾਂ ਦਾ ਦ੍ਰਿਸ਼ਟਾਂਤ ਦੇਂਦੇ ਹਨ ਕਿ ਇਹਨਾਂ ਨੂੰ ਜਿਤਨਾ ਵਧਾਉ, ਉਤਨਾ ਹੀ ਵੱਧ ਜਾਂਦੀਆਂ ਹਨ।

## ਉੱਦਮ ਕੰਡੂ ਕਲਹਿ; ਮਦ ਜੂਆ ਪ੍ਰੀਤਿ ਅਹਾਰ ॥

੧. ਉੱਦਮ ਜਿਤਨਾ ਵਧਾਉ ਉਤਨਾ ਵੱਧ ਜਾਵੇਗਾ, ੨. ਕੰਡੂ = ਖ਼ੁਰਕ, ੩. ਕਲਹਿ = ਲੜਾਈ, ੪. ਮਦ = ਸ਼ਰਾਬ ਆਦਿ ਦਾ ਨਸ਼ਾ, ੫. ਜੂਆ, ੬. ਪ੍ਰੀਤਿ = ਪ੍ਰੀਤੀ ਅਤੇ ੭. ਅਹਾਰ = ਭੋਜਨ।

## ਭੋਗ ਨੀਂਦ ਨਵ ਸੇਵਤੇ; ਵਧੈ ਪ੍ਰਲੈ ਜਯੋਂ ਬਾਰ ॥੨॥

੮. ਭੋਗ = ਵਿਸ਼ੇ, ੯. ਨੀਂਦ = ਸੌਣਾ ਇਨ੍ਹਾਂ ਨੌਂਆਂ ਨੂੰ ਸੇਵਤੇ = ਸੇਂਵਨੇ ਕਰਨ ਨਾਲ ਇਹ ਇਉਂ ਵਧੈ = ਵੱਧਦੇ ਹਨ, ਜਯੋਂ = ਜਿਵੇਂ ਪਰਲੋਂ ਦਾ ਬਾਰ = ਪਾਣੀ ਵੱਧਦਾ ਜਾਂਦਾ ਹੈ ॥੨॥

## ਦੋਹਰਾ ॥

## ਉੱਦਮ ਉੱਤਮ ਮਿੱਤ੍ਰ ਵਤ; ਭਯੋ ਸੁ ਸ਼ੱਤ੍ਰ ਸਮਾਨ ॥

ਉੱਤਮ = ਸ੍ਰੇਸ਼ਟ ਕੰਮਾਂ ਪਾਸੇ ਕੀਤਾ ਹੋਇਆ ਉੱਦਮ ਮਿੱਤਰਾਂ ਦੇ ਵਤ = ਵਰਗਾ ਹੈ ਪਰ ਮਾੜੇ ਕੰਮਾਂ ਪਾਸੇ ਕੀਤਾ ਹੋਇਆ ਉਹੀ ਉੱਦਮ ਸਤ੍ਰੁ = ਦੁਸ਼ਮਨ, ਵੈਰੀ ਦੇ ਸਮਾਨ ਹੋ ਜਾਂਦਾ ਹੈ।

## ਆਲਸ ਸ਼ਤ੍ਰ ਮਿਤ੍ਰ ਜਯੋਂ; ਉਭੈ ਵਿਪਰਜੈ ਗਯਾਨ ॥੩॥

ਏਸ ਤਰ੍ਹਾਂ ਆਲਸ = ਦਲਿੱਦਰ ਹੈ ਤਾਂ ਸ਼ਤ੍ਰੁ = ਵੈਰੀ ਦੇ ਸਮਾਨ, ਪਰ ਕਿਸੇ ਜਗ੍ਹਾ ਇਹੀ ਦਮਾਲਸ ਮਿੱਤ੍ਰ ਦੇ ਜਯੋਂ = ਵਾਂਗ ਹੋ ਜਾਂਦਾ ਹੈ, ਇਉਂ ਇਨ੍ਹਾਂ ਉਭੈ = ਦੋਨਾਂ ਦਾ ਵਿਪਰਜੈ = ਉਲਟਾ ਗਿਆਨ ਹੈ ॥੩॥

ਅਰਥਾਤ ਅੰਮ੍ਰਿਤ ਵੇਲੇ ਉੱਠਣ ਦਾ ਉੱਦਮ ਕਰਨਾ ਚੰਗੀ ਗੱਲ ਹੈ ਪਰ ਉਸ ਉੱਦਮ ਨਾਲ ਕਿਸੇ ਦੇ ਘਰ ਜਾ ਕੇ ਚੋਰੀ ਕਰਨੀ ਇਹ ਉੱਦਮ ਵੈਰੀ ਦੇ ਸਮਾਨ ਹੈ ਅਤੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਪਾਠ ਪੂਜਾ ਕਰਨੀ ਇਹ ਉੱਦਮ ਮਿੱਤਰ ਦੇ ਸਮਾਨ ਹੈ। ਏਸੇ ਤਰ੍ਹਾਂ ਬੁਰੇ ਕਰਮਾਂ ਪਾਸੋਂ ਆਲਸ ਕਰਨਾ ਮਿੱਤਰ ਦੇ ਸਮਾਨ ਹੈ ਅਤੇ ਚੰਗੇ ਕਰਮਾਂ ਪਾਸੋਂ ਆਲਸ ਕਰਨਾ ਵੈਰੀ ਦੇ ਸਮਾਨ ਹੈ। ਜਿਵੇਂ ਗੁਰਬਾਣੀ ਅੰਦਰ ਵੀ ਏਸੇ ਸਿਧਾਂਤ ਅਨੁਸਾਰ ਮਿਲਦਾ ਬਚਨ ਸਤਿਗੁਰੂ ਜੀ ਨੇ ਕਥਨ ਕੀਤਾ ਹੈ ॥੩॥ ਜੈਸਾ ਕਿ :

**ਨਹ ਬਿਲੰਬ ਧਰਮੰ ਬਿਲੰਬ ਪਾਪੰ ॥** *(ਸਲੋਕ ਸਹਸਕ੍ਰਿਤੀ, ਅੰਗ ੧੩੫੪)*

ਅਰਥਾਤ ਧਰਮ ਦੇ ਕਰਮ ਕਰਨ ਲੱਗਿਆਂ ਕਦੇ ਵੀ ਬਿਲੰਬ = ਦੇਰੀ ਨਾ ਲਗਾਉ, ਪਰ ਪਾਪ ਕਰਨ ਸਮੇਂ ਜਾਣ ਬੁੱਝ ਕੇ ਬਿਲੰਬ = ਦੇਰੀ ਕਰੋ, ਕਿਉਂਕਿ ਹੋ ਸਕਦਾ ਕੁਝ ਸਮੇਂ ਬਾਅਦ ਮਨ ਦੇ ਖ਼ਿਆਲ ਬਦਲ ਜਾਣ ਤੇ ਪਾਪ ਤੋਂ ਬਚਿਆ ਜਾ ਸਕੇ।

## ਵਿਦਯਾ ਸੇਵ ਵਪਾਰ ਕ੍ਰਿਖ; ਇਨ ਕਰ ਜਿਹ ਬ੍ਰਿਤ ਹੋਇ ॥

ਵਿੱਦਿਆ ਪੜ੍ਹਾ ਕੇ, ਸੇਵ = ਸੇਵਾ, ਨੌਕਰੀ ਕਰਨ ਨਾਲ, ਵਪਾਰ ਤੇ ਕ੍ਰਿਖ = ਖੇਤੀ ਇਨ = ਇਨ੍ਹਾਂ ਚਾਰਾਂ

ਕਰ = ਕਰਕੇ ਜਿਹ = ਜਿਸ ਮਨੁੱਖ ਦੀ ਬ੍ਰਿਤ = ਉਪਜੀਵਕਾ ਚੱਲਦੀ ਹੋਇ = ਹੋਵੇ, ਇਨ੍ਹਾਂ ਨੂੰ ਕਰਨ ਵਿਚ ਢਿੱਲ ਨਹੀਂ ਕਰਨੀ ਚਾਹੀਦੀ।

## ਕ੍ਰਿਸ਼ਨ ਸਰਪ ਕੇ ਡੰਗ ਜਯੋਂ; ਕਰਨ ਯੋਗ ਦ੍ਰਿੜ੍ਹ ਸੋਇ ॥੪॥

ਜਯੋਂ = ਜਿਵੇਂ ਕ੍ਰਿਸਨ = ਕਾਲੇ ਭਾਵ ਪਦਮ ਸਰਪ = ਸੱਪ ਦੇ ਫਨ ਦੇ ਉੱਤੇ ਗਊ ਦੀ ਪੈਡ ਜਿਹਾ ਨਿਸ਼ਾਨ ਹੁੰਦਾ ਹੈ। ਜਿਸ ਨੂੰ ਅੰਗਰੇਜ਼ੀ ਵਿਚ ਕੋਬਰਾ ਸੱਪ ਕਹਿੰਦੇ ਹਨ, ਇਸ ਦੇ ਵਿਚ ਬਹੁਤ ਜ਼ਹਿਰ ਹੁੰਦੀ ਹੈ ਇਸ ਦੇ ਡੰਗ ਮਾਰਨ ਤੋਂ ਤਤਕਾਲ ਹੀ ਸੋਇ = ਉਸਦਾ ਦ੍ਰਿੜ੍ਹ ਹੋ ਕੇ ਇਲਾਜ ਕਰਨਾ ਯੋਗ ਹੈ ਭਾਵ ਜਿਵੇਂ ਕਾਲੇ ਸੱਪ ਦੇ ਡੰਗ ਮਾਰਨ ਤੋਂ ਤੁਰੰਤ ਹੀ ਉਸਦਾ ਇਲਾਜ ਕਰੀਦਾ ਹੈ, ਜੇਕਰ ਦੇਰੀ ਹੋ ਜਾਵੇ ਤਾਂ ਡੰਗੇ ਹੋਏ ਮਨੁੱਖ ਦੀ ਮੌਤ ਵੀ ਹੋ ਸਕਦੀ ਹੈ, ਇਸ ਤਰ੍ਹਾਂ ਜਿਨ੍ਹਾਂ ਦੀ ਵਿੱਦਿਆ, ਸੇਵਾ, ਵਪਾਰ ਤੇ ਖੇਤੀ ਕਰਕੇ ਉਪਜੀਵਿਕਾ ਚੱਲਦੀ ਹੈ, ਉਸਨੂੰ ਵਿਹਲੇ ਨਹੀਂ ਬੈਠਣਾ ਚਾਹੀਦਾ, ਸਮੇਂ ਸਿਰ ਉੱਦਮ ਕਰਨਾ ਚਾਹੀਦਾ ਹੈ ॥੪॥ ਜੈਸਾ ਕਿ :

**ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ ॥**
**ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥੧੩੮॥**

*(ਸਲੋਕ ਭਗਤ ਕਬੀਰ ਜੀ, ਅੰਗ ੧੩੭੧)*

## ਸੋਰਠਾ ॥ ਅਭਯਾਗਤ ਖੀਰਾਦਿ; ਖੇਤੀ ਕਰ ਦਾਰਿੱਦ੍ਰ ਕੋ ॥

ਅਭਜਾਗਤ = ਸਾਧੂ (ਅਭ = ਹਿਰਦੇ ਦੀ ਇੱਛਾ ਅਨੁਸਾਰ ਆਗਤ = ਆਉਣ ਵਾਲਾ ਭਾਵ ਸਾਧੂ ਮਹਾਤਮਾ) ਨੂੰ ਖੀਰਾਦਿ = ਖੀਰ, ਕੜਾਹ ਆਦਿ ਪਦਾਰਥ ਛਕਾ ਦੇਵੇ ਤਾਂ ਉਹ ਪ੍ਰਸੰਨ ਹੋ ਜਾਂਦੇ ਹਨ ਅਤੇ ਸਮੇਂ ਸਿਰ ਖੇਤੀ ਚੰਗੀ ਕਰਿ = ਕਰਕੇ ਦਾਰਿਦ੍ਰ = ਗ਼ਰੀਬੀ ਕੋ = ਨੂੰ ਦੂਰ ਕਰ ਲਿਆ ਜਾਂਦਾ ਹੈ।

## ਅਬਲਾ ਕੋ ਦਰਬਾਦਿ; ਤਥਾ ਸ਼ਾਸਤ੍ਰ ਕਰ ਸਭਾ ਜਿਤ ॥੫॥

ਦਰਬਾਦਿ = ਧਨ ਆਦਿ ਪਦਾਰਥਾਂ ਦੇ ਨਾਲ ਅਬਲਾ = ਇਸਤ੍ਰੀਆਂ ਨੂੰ ਪ੍ਰਸੰਨ ਕਰ ਲਈਦਾ ਹੈ, ਤਥਾ = ਤਿਸ ਪ੍ਰਕਾਰ ਸ਼ਾਸਤ੍ਰਾਂ ਆਦਿ ਦੇ ਪੜ੍ਹਨ ਕਰ = ਕਰਕੇ ਸਭਾ ਜਿੱਤ ਲਈ ਜਾਂਦੀ ਹੈ ॥੫॥

## ਜਾਗ੍ਰਤ ਹਤ ਹ੍ਵੈ ਤ੍ਰਾਸ; ਦੁਰਭਿਖ ਨਾਸੈ ਸਸੀ ਕਰ ॥

ਜਿਸ ਪ੍ਰਕਾਰ ਸੁੱਤਾ ਹੋਇਆ ਮਨੁੱਖ ਭਿਆਨਕ ਸੁਪਨੇ ਕਰਕੇ ਡਰ ਜਾਂਦਾ ਹੈ, ਉਹ ਸੁਪਨੇ ਦਾ ਤ੍ਰਾਸ = ਡਰ ਜਾਗ੍ਰਤ = ਜਾਗਣ ਕਰਕੇ ਹਤ = ਨਾਸ਼ ਹੋ ਜਾਂਦਾ ਹੈ ਅਤੇ ਦੁਰਭਿਖ = ਅੰਨ ਆਦਿ ਦਾ ਕਾਲ ਸਸੀ = ਖੇਤੀ ਕਰਿ = ਕਰਕੇ ਨਾਸੈ = ਨਾਸ਼ ਹੋ ਜਾਂਦਾ ਹੈ।

## ਕਲ੍ਹੈ ਮੌਨ ਕਰ ਨਾਸ; ਤਥਾ ਜਾਪ ਕਰ ਪਾਪ ਹਤ ॥੬॥

ਕਲ੍ਹੈ = ਲੜਾਈ ਮੌਨ = ਚੁੱਪ ਕਰਨ ਨਾਲ ਨਾਸ਼ ਹੋ ਜਾਂਦੀ ਹੈ ਭਾਵ ਇਕ ਧਿਰ ਚੁੱਪ ਹੋ ਜਾਵੇ ਤਾਂ ਦੂਜੀ ਧਿਰ ਆਪੇ ਬੋਲ ਕੇ ਹਟ ਜਾਂਦੀ ਹੈ, ਤਥਾ = ਤਿਸ ਪ੍ਰਕਾਰ ਪਰਮਾਤਮਾ ਦਾ ਜਾਪ ਕਰਨ ਨਾਲ ਪਾਪ ਹਤ = ਨਾਸ਼ ਹੋ ਜਾਂਦੇ ਹਨ ॥੬॥

## ਦੋਹਰਾ ॥ ਦੈਵ ਚਿਤਵਨੀ ਧਾਰ ਕਰ; ਉਦਮ ਤਜਾਗੇ ਨਾਂਹਿ ॥

ਦੈਵ = ਪਰਮੇਸ਼ਰ ਦੀ ਚਿਤਵਨੀ = ਇੱਛਾ ਮੁੱਖ ਧਾਰਨ ਕਰ ਕੇ ਉੱਦਮ ਨੂੰ ਤਿਆਗਣਾ ਨਾ ਕਰੇ, ਭਾਵ ਜੀਵ ਉੱਦਮ ਜ਼ਰੂਰ ਕਰਦਾ ਰਹੇ।

## ਬਿਨ ਉੱਦਮ ਕਹੁ ਕੌਨ ਕੌਂ; ਮਿਲੈ ਤੇਲ ਤਿਲ ਮਾਂਹਿ ॥੭॥

ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਕਹੁ = ਦੱਸਣਾ ਕਰੋ ਕਿ ਬਿਨ ਉੱਦਮ ਕੀਤਿਆਂ ਕੌਨ = ਕਿਸੇ ਕੋ = ਨੂੰ ਤਿਲਾਂ ਮਾਂਹਿ = ਵਿੱਚੋਂ ਤੇਲ ਮਿਲਿਆ ਹੈ, ਭਾਵ ਤਿਲਾਂ ਵਿੱਚੋਂ ਤੇਲ ਕੱਢਣ ਲਈ ਉੱਦਮ ਕਰਨਾ ਪੈਂਦਾ ਹੈ, ਉਨ੍ਹਾਂ ਨੂੰ ਕੋਹਲੂ ਵਿਚ ਪੀੜਨਾ ਪੈਂਦਾ ਹੈ, ਇਸ ਲਈ ਜੀਵ ਨੂੰ ਉੱਦਮਵਾਨ ਹੋਣਾ ਚਾਹੀਦਾ ਹੈ ॥੭॥

## ਪ੍ਰਿਥਮ ਕਰਮ ਵਿਪਾਕ ਕੋ; ਸਿਮਰੇ ਹੋਤ ਪ੍ਰਮੋਦ ॥

ਕਿਸੇ ਵੀ ਕੰਮ ਦੇ ਲਈ ਉੱਦਮ ਕਰਨ ਤੋਂ ਪ੍ਰਿਥਮ = ਪਹਿਲਾਂ ਉਸ ਕਰਮ = ਕੰਮ ਦੇ ਵਿਪਾਕ = ਫਲ ਕੋ = ਨੂੰ ਸਿਮਰੇ = ਯਾਦ ਕਰਨ ਤੋਂ ਭਾਵ ਉਸ ਦੇ ਨਤੀਜੇ ਨੂੰ ਦੇਖਣਾ ਕਰੋ, ਜੇਕਰ ਨਤੀਜਾ ਸਹੀ ਨਹੀਂ ਨਿਕਲਦਾ ਹੈ ਤਾਂ ਫੇਰ ਉਸਨੂੰ ਛੱਡ ਦੇਵੇ, ਇਉਂ ਪ੍ਰਮੋਦ = ਖ਼ੁਸ਼ੀ ਪ੍ਰਾਪਤ ਹੋਤ = ਹੋਵੇਗੀ।

## ਜਰਤ ਧਾਂਮ ਕੇ ਸਾਂਤ ਹਿਤ; ਆਦਿ ਕੂਪ ਸੁਭ ਖੋਦ ॥੮॥

ਅੱਗੇ ਦ੍ਰਿਸ਼ਟਾਂਤ ਦੇਂਦੇ ਹਨ ਕਿ ਜਿਸ ਪ੍ਰਕਾਰ ਅੱਗ ਨਾਲ ਜਰਤ = ਸੜਦੇ ਧਾਂਮ = ਘਰ ਦੇ ਵਿੱਚੋਂ ਅੱਗ ਨੂੰ ਸਾਂਤ = ਬੁਝਾਉਣ ਹਿਤ = ਲਈ ਆਦਿ = ਪਹਿਲਾਂ ਹੀ ਕੂਪ = ਖੂਹ ਖੋਦ = ਪੁੱਟਿਆ ਹੋਇਆ ਸੁਭ = ਸ੍ਰੇਸ਼ਟ ਹੈ ਭਾਵ ਪਹਿਲਾਂ ਪੁੱਟਿਆ ਹੋਇਆ ਖੂਹ ਹੀ ਅੱਗ ਬੁਝਾਉਣ ਦੇ ਕੰਮ ਆਵੇਗਾ, ਜੇਕਰ ਘਰ ਵਿਚ ਅੱਗ ਲੱਗੀ ਹੋਵੇ ਤੇ ਉੱਧਰ ਮਨੁੱਖ ਆਖੇ ਕਿ ਮੈਂ ਹੁਣ ਖੂਹ ਪੁੱਟ ਲੈਂਦਾ ਹਾਂ ਤਾਂ ਇਸ ਉੱਦਮ ਦਾ ਕੋਈ ਫ਼ਾਇਦਾ ਨਹੀਂ ਕਿਉਂਕਿ ਉਤਨੇ ਚਿਰ ਨੂੰ ਘਰ ਸੜ ਕੇ ਸੁਆਹ ਹੋ ਜਾਵੇਗਾ ॥੮॥ ਜੈਸਾ ਕਿ :

**ਜੈਸੇ ਘਰਿ ਲਾਗੈ ਆਗਿ, ਜਾਗਿ ਕੂਆ ਖੋਦਿਓ ਚਾਹੈ; ਕਾਰਜ ਨ ਸਿਧਿ ਹੋਇ ਰੋਇ ਪਛੁਤਾਈਐ ॥**

*(ਭਾਈ ਗੁਰਦਾਸ ਜੀ, ਕਬਿੱਤ ੪੯੫)*

ਇਸੇ ਤਰ੍ਹਾਂ ਪਹਿਲਾਂ ਕੰਮ ਦੇ ਨਤੀਜੇ ਨੂੰ ਦੇਖ ਲੈਣਾ ਚਾਹੀਦਾ ਹੈ, ਬਾਅਦ ਵਿਚ ਜੇਕਰ ਕੋਈ ਹਾਨੀ ਹੋ ਗਈ ਹੈ ਤਾਂ ਫੇਰ ਪਛੁਤਾਉਣ ਦਾ ਕੋਈ ਫ਼ਾਇਦਾ ਨਹੀਂ।

## ਸ੍ਵੈਯਾ ॥

## ਸਭ ਹੀ ਕਰਮਾਂ ਕੇ ਅਰੰਭ ਵਿਖੇ; ਬੁਧਿਮਾਨ ਸਦਾ ਫਲ ਕੋ ਸਿਮਰੇ ॥

ਏਸੇ ਲਈ ਸਭ = ਸਾਰੇ ਕਰਮਾਂ = ਕੰਮਾਂ ਕੇ = ਦੇ ਅਰੰਭ = ਸ਼ੁਰੂ ਵਿਖੇ = ਵਿਚ ਹੀ ਬੁਧਿਮਾਨ = ਸ੍ਰੇਸ਼ਟ ਬੁੱਧ ਵਾਲੇ ਸਿਆਣੇ ਮਨੁੱਖ ਸਦਾ = ਹਮੇਸ਼ਾਂ ਪਹਿਲਾਂ ਉਸ ਦੇ ਫਲ = ਨਫ਼ੇ, ਨਤੀਜੇ ਕੋ = ਨੂੰ ਸਿਮਰੇ = ਚੇਤੇ ਕਰਦੇ, ਸੋਚਦੇ ਹਨ।

## ਅਤਿ ਪ੍ਰਾਰੰਭਧਾਂਤ ਕਰੇ ਗਮਨੰ; ਜਿਨ ਕੋ ਫਲ ਕ੍ਰੂਰ ਸੁ ਦੂਰ ਹਰੇ ॥

ਅਤਿ = ਵਿਸ਼ੇਸ਼ ਕਰਕੇ ਜੋ ਵੀ ਕਾਰਜ (ਪ੍ਰਾਰੰਭਧਾਂਤ = ਪ੍ਰਾਰੰਭ ਅਤੇ ਅੰਤ) ਪ੍ਰਾਰੰਭ ਕੀਤਾ ਹੈ, ਉਸਦੇ ਅੰਤ ਨੂੰ ਦੇਖ ਕਰਕੇ ਫੇਰ ਉਸ ਕੰਮ ਵੱਲ ਗਮਨੰ = ਜਾਣਾ ਕਰੇ, ਜਿਨ੍ਹਾਂ ਕੰਮਾਂ ਕੋ = ਦਾ ਫਲ ਕ੍ਰੂਰ = ਭਿਆਨਕ ਦਿੱਸਦਾ ਹੋਵੇ, ਸੁ = ਉਨ੍ਹਾਂ ਕੰਮਾਂ ਨੂੰ ਦੂਰ ਭਾਵ ਪਹਿਲਾਂ ਤੋਂ ਹੀ ਹਰੇ = ਤਿਆਗ ਦੇਵੇ ਭਾਵ ਉਹ ਕੰਮ ਨਾ ਕਰੇ।

## ਜਿਹ ਕਾਰਜ ਕੋ ਫਲ ਚਾਰੁ ਲਖੈ; ਵਹਿ ਧਾਰ ਰਿਦੇ, ਤਿਨ ਮੋਂ ਵਿਚਰੇ ॥

ਜਿਹ = ਜਿਸ ਕਾਰਜ = ਕੰਮ ਕੋ = ਦਾ ਫਲ ਚਾਰੁ = ਸੁੰਦਰ ਲਖੈ = ਜਾਣੇ, ਭਾਵ ਜਿਸ ਕੰਮ ਵਿੱਚੋਂ ਨਫ਼ਾ

ਪ੍ਰਾਪਤ ਹੁੰਦਾ ਹੋਵੇ, ਉਸ ਕੰਮ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਕੇ ਤਿਨ = ਉਸ ਕੰਮ ਦੇ ਵਿਚ ਹੀ ਵਿਚਰਨਾ ਕਰੇ, ਭਾਵ ਉਸ ਕੰਮ ਨੂੰ ਹਿਰਦੇ ਵਿੱਚੋਂ ਪ੍ਰੇਮ ਧਾਰ ਕੇ ਕਰਨਾ ਕਰੇ।

## ਸਭ ਕਾਜ ਕੇ ਆਦਿ ਵਿਚਾਰ ਭਲੋ; ਪੁਰਖੋਤਮ ਲੱਛਨ ਏ ਉਚਰੇ ॥੯॥

ਇਸ ਕਰਕੇ ਸਭ = ਸਾਰੇ ਕਾਜ = ਕੰਮਾਂ ਦੇ ਆਦਿ = ਮੁੱਢ ਵਿਚ ਪਹਿਲਾਂ ਵਿਚਾਰ ਕਰ ਲੈਣੀ ਭਲੋ = ਚੰਗੀ ਹੈ, ਏ = ਇਹ ਪੁਰਖੋਤਮ = ਉੱਤਮ ਪੁਰਖਾਂ ਦੇ ਲੱਛਣ = ਚਿੰਨ੍ਹ ਉਚਰੇ = ਕਥਨ ਕਰਕੇ ਦੱਸੇ ਹਨ ॥੯॥

## ਧਨ ਆਪਿ ਇਕੱਤ੍ਰ ਕਰੇ ਜਨ ਜੋ; ਨਿਜ ਬ੍ਰਿਤ ਨਮਿੱਤਹਿ ਉੱਤਮ ਤੇਈ ॥

ਜੋ = ਜਿਹੜਾ ਜਨ = ਮਨੁੱਖ ਆਪ ਧਨ = ਦੌਲਤ ਇਕੱਤ੍ਰ = ਇਕੱਠੀ ਕਰਦਾ ਹੈ, ਭਾਵ ਆਪ ਦਸਾਂ ਨਹੁੰਆਂ ਦੀ ਕਿਰਤ ਕਰਦਾ ਹੈ, ਉਸਦੀ ਨਿਜ = ਆਪਣੀ ਬ੍ਰਿਤ = ਉਪਜੀਵਿਕਾ ਨਮਿੱਤਹਿ = ਵਾਸਤੇ ਉਹ ਧਨ ਸਭ ਤੋਂ ਉੱਤਮ = ਸ੍ਰੇਸ਼ਟ ਹੈ **ਵਾ:** ਉਹ ਮਨੁੱਖ ਉੱਤਮ ਹੈ ਜੋ ਆਪ ਧਨ ਕਮਾ ਕੇ ਪਰਿਵਾਰ ਪਾਲਦਾ ਹੈ।

## ਸਵਿਤਾ ਬਿਤ ਸੋਂ ਜੁ ਕਰੇ ਬ੍ਰਿਤਿ ਆਪਨ; ਮਧਮ ਮਾਨੁਖ ਯਾ ਜਗ ਸੇਈ ॥

ਜੁ = ਜਿਹੜਾ ਮਨੁੱਖ ਆਪੇ ਸਵਿਤਾ = ਪਿਤਾ ਦੇ ਕਮਾਏ ਬਿਤ = ਧਨ ਦੇ ਨਾਲ ਆਪਨ = ਆਪਣੀ ਬ੍ਰਿਤਿ = ਉਪਜੀਵਿਕਾ ਚਲਾਉਣਾ ਕਰਦਾ ਹੈ, ਸੇਈ = ਉਹ ਮਨੁੱਖ ਯਾ = ਇਸ ਜਗ = ਸੰਸਾਰ ਵਿਚ ਮਧਮ = ਦੂਜੇ ਦਰਜੇ ਦਾ, ਵਿਚਕਾਰਲਾ ਮੇਲ ਹੈ।

## ਪੁਨ ਆਪਨ ਜੀਵਕਾ ਜੋ ਕਰ ਹੈਂ; ਜਨਨੀ ਧਨ ਕੈ ਅਧਮੋਂ ਲਖ ਵੇਈ ॥

ਪੁਨ = ਫੇਰ ਜੋ = ਜਿਹੜਾ ਮਨੁੱਖ ਆਪਨ = ਆਪਣੀ ਜੀਵਕਾ = ਰੋਜ਼ੀ ਰੋਟੀ, ਗੁਜ਼ਾਰਾ ਆਪਣੀ ਜਨਨੀ = ਮਾਂ ਦੀ ਕਮਾਈ ਹੋਈ ਧਨ = ਦੌਲਤ ਕੈ = ਦੇ ਨਾਲ ਚਲਾਉਣਾ ਕਰਦਾ ਹੈ, ਵੇਈ = ਉਹ ਮਨੁੱਖ ਅਧਮੋਂ = ਨੀਵਾਂ, ਤੀਜੇ ਦਰਜੇ ਦਾ ਲਖ = ਜਾਨਣਾ ਕਰੋ।

## ਭਵ ਮੈਂ ਅਧਮਾਧਮ ਤੇ ਨਰ ਹੈਂ; ਧਨ ਯੋਖਤ ਸੋਂ ਤਨ ਪੋਖਤ ਜੇਈ ॥੧੦॥

ਇਸ ਭਵ = ਸੰਸਾਰ ਦੇ ਮੈਂ = ਵਿਚ (ਅਧਮਾ + ਅਧਮ) = ਨੀਵਿਆਂ ਤੋਂ ਨੀਵਾਂ ਤੇ = ਉਹ ਨਰ = ਮੁਨੁੱਖ ਹੈ, ਜੇਈ = ਜਿਹੜਾ ਆਪਣੀ ਯੋਖਤ = ਇਸਤ੍ਰੀ ਦੇ ਕਮਾਏ ਧਨ ਦੇ ਸੋਂ = ਨਾਲ ਆਪਣੇ ਤਨ = ਸਰੀਰ ਨੂੰ ਪੋਖਤ = ਪਾਲਣਾ ਕਰਦਾ ਹੈ ਭਾਵ ਇਸਤ੍ਰੀ ਮਿਹਨਤ ਮਜਦੂਰੀ ਕਰਕੇ ਧਨ ਕਮਾ ਕੇ ਲਿਆਉਂਦੀ ਹੈ ਤੇ ਪਤੀ ਵਿਹਲਾ ਬੈਠ ਕੇ ਖਾਂਦਾ ਹੈ, ਅਜਿਹਾ ਪੁਰਸ਼ ਨੀਚ ਤੋਂ ਨੀਚ ਹੈ **ਵਾ:** ਜੋ ਪੁਰਸ਼ ਆਪਣੀ ਇਸਤ੍ਰੀ ਤੋਂ ਵੇਸਵਾ ਵਾਲਾ ਧੰਦਾ ਕਰਾ ਕੇ ਧਨ ਖੱਟਦਾ ਹੈ ਤੇ ਉਸ ਧਨ ਨਾਲ ਗ਼ੁਜਾਰਾ ਕਰਦਾ ਹੈ, ਉਹ ਨੀਚਾਂ ਤੋਂ ਨੀਚ ਹੈ ॥੧੦॥

## ਨਰਾਜ ਛੰਦ ॥

## ਤ੍ਰਿਕਾਲ ਦ੍ਰਵਜ ਦੁਖ ਮਯ; ਉਪਾਇ ਰਖ ਅੰਤ ਮੈਂ ॥

ਦ੍ਰਵਜ = ਧਨ ਤਾਂ ਤ੍ਰਿਕਾਲ = ਤਿੰਨੇ ਕਾਲ ਹੀ ਦੁਖ ਮਯ = ਰੂਪ ਹੈ, ਇਕ ਜਦੋਂ ਧਨ ਕਮਾਉਣ ਦਾ ਉਪਾਇ = ਯਤਨ ਕਰੀਏ, ਦੂਜਾ ਜਦੋਂ ਧਨ ਦੀ ਰਖ = ਰੱਖਿਆ ਕਰਨੀ ਪੈਂਦੀ ਅਤੇ ਤੀਜਾ ਅੰਤ = ਅਖ਼ੀਰ ਵਿਚ ਜਦੋਂ ਧਨ ਨਾਸ਼ ਹੋ ਜਾਂਦਾ ਹੈ, ਇਨ੍ਹਾਂ ਤਿੰਨਾਂ ਸਮਿਆਂ ਵਿਚ ਧਨ ਦੁੱਖ ਰੂਪ ਹੀ ਹੈ।

ਅਰਥਾਤ ਧਨ ਕਮਾਉਣ ਲੱਗਿਆਂ ਬੜੇ ਯਤਨ ਕਰਨੇ ਪੈਂਦੇ ਹਨ, ਜਿਨ੍ਹਾਂ ਯਤਨਾਂ ਵਿਚ ਕਈ ਵਾਰੀ ਬਹੁਤ ਦੁੱਖ ਵੀ ਪ੍ਰਾਪਤ ਹੁੰਦਾ ਹੈ, ਫੇਰ ਜਦੋਂ ਧਨ ਕੋਲ ਆ ਜਾਵੇ ਤਾਂ ਫੇਰ ਉਸਦੀ ਰੱਖਿਆ ਲਈ ਦੁੱਖ ਹੁੰਦਾ ਹੈ ਕਿ ਹੁਣ ਇਸ ਧਨ ਨੂੰ ਲੋਕਾਂ ਤੋਂ ਬਚਾ ਕੇ ਕਿੱਥੇ ਛੁਪਾ ਕੇ ਰੱਖਾਂ, ਜੇ ਕਿਤੇ ਦੱਬ ਦੇਵੇ ਤਾਂ ਮਨੁੱਖ ਅੱਠੇ ਪਹਿਰ ਵਾਰ-ਵਾਰ ਉਸ ਧਨ ਨੂੰ ਦੇਖਣ ਲਈ ਜਾਂਦਾ ਹੈ ਕਿ ਕਿਤੇ ਕੋਈ ਪੁੱਟ ਕੇ ਤਾਂ ਨਹੀਂ ਲੈ ਗਿਆ। ਫੇਰ ਜਦੋਂ ਅੰਤ ਨੂੰ ਧਨ ਕੋਈ ਲੈ ਜਾਵੇ ਜਾਂ ਚੋਰੀ ਹੋ ਜਾਵੇ ਤਾਂ ਕਿਤੇ ਅੱਗ ਆਦਿ ਨਾਲ ਸੜ ਜਾਵੇ ਤਾਂ ਕਈ ਵਾਰ ਗਿਆ ਹੋਇਆ ਧਨ ਮਨੁੱਖ ਦੇ ਪ੍ਰਾਣ ਵੀ ਨਾਲ ਹੀ ਲੈ ਜਾਂਦਾ ਹੈ, ਇਉਂ ਤਿੰਨਾਂ ਸਮਿਆਂ ਵਿਚ ਧਨ ਦੁੱਖ ਰੂਪ ਹੈ।

## ਨਿਦਾਨ ਹੈ ਵਿਰੋਧ ਕੋ; ਸੁ ਮਾਤ ਤਾਤ ਜੰਤ ਮੈਂ॥

ਸੁ = ਉਹ ਧਨ ਆਪਣੇ ਮਾਤ = ਮਾਂ, ਤਾਤ = ਬਾਪ, ਭੈਣ, ਭਰਾ ਆਦਿ ਜੰਤ = ਜੀਵਾਂ ਮੈ = ਵਿਚ ਕੇਵਲ ਵਿਰੋਧ = ਝਗੜਿਆਂ, ਕਲੇਸ਼ਾਂ ਕੋ = ਦਾ ਹੀ ਨਿਦਾਨ = ਕਾਰਨ ਹੈ।

## ਕ੍ਰਿਤਾਂਤ ਧਾਂਮ ਕਾਮ ਕੋ; ਅਲੰਕ੍ਰਿਤੀ ਸਮੱਸ਼ਟ ਹੈ॥

(ਕ੍ਰਿਤ + ਅੰਤ) ਸਾਰੀ ਕ੍ਰਿਤ = ਕੀਤੇ ਹੋਏ ਪ੍ਰਪੰਚ ਦਾ ਅੰਤ ਕਰਨ ਵਾਲੇ ਧਰਮਰਾਜ ਦੇ ਧਾਂਮ = ਘਰ ਯਮ ਲੋਕ ਵਿਚ ਪਹੁੰਚਾਉਣ ਦਾ ਕਾਮ = ਕੰਮ ਕਰਦਾ ਹੈ, ਭਾਵੇਂ ਸਮੱਸਟ = ਸਾਰੇ ਕੰਮਾਂ ਦਾ ਅਲੰਕ੍ਰਿਤੀ = ਗਹਿਣਾ, ਸ਼ਿੰਗਾਰ ਰੂਪ ਵੀ ਹੈ।

## ਸ਼ੁਭਾਸ਼ੁਭੰ ਨਿਕੇਤ ਭੀ; ਤਥਾਪਿ ਤਯਾਗਿ ਸ੍ਰੇਸ਼ਟ ਹੈ॥੧੧॥

ਇਹ ਧਨ ਭਾਵੇਂ (ਸੁਭ + ਅਸੁਭੰ) ਸੁਭ = ਚੰਗੇ ਅਤੇ ਅਸੁਭੰ = ਮਾੜੇ ਦਾ ਨਿਕੇਤ = ਘਰ ਭੀ = ਵੀ ਹੈ ਭਾਵ ਦੁਨੀਆਂਦਾਰੀ ਦੇ ਹਰੇਕ ਕੰਮਾਂ ਵਿਚ ਕੰਮ ਆਉਣ ਵਾਲਾ ਹੈ, ਤਥਾਪਿ = ਤਦ ਵੀ ਇਹ ਤਯਾਗਿ = ਤਿਆਗਣਾ ਹੀ ਸ੍ਰੇਸ਼ਟ = ਚੰਗਾ ਹੈ ਏਸੇ ਸਿਧਾਂਤ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸਿੱਖਾਂ ਪ੍ਰਤੀ ਉਪਦੇਸ਼ ਦੇਂਦਿਆਂ ਕਿ ਧਨ ਤਿੰਨ ਢੰਗਾਂ ਕਰਕੇ ਦੁਖਦਾਈ ਹੈ॥੧੧॥ ਜੈਸਾ ਕਿ :

**ਸੰਚਨ ਪਾਲਨਿ ਨਾਸ ਮਝਾਰ ਦੁਖ ਦਾਯਕ ਧਨ ਕੋ ਨਿਰਧਾਰ ॥** *(ਰਾਸਿ ੧੧, ਅੰਸੂ ੧੯)*

## ਸੋਰਠਾ॥

## ਜੋਬਨ ਧਨ ਅਵਿਵੇਕ; ਪ੍ਰਭੁਤਾ ਚਾਰੋਂ ਪਰਮ ਰਿਪੁ॥

ਜੋਬਨ = ਜਵਾਨੀ ਦੀ ਅਵਸਥਾ, ਧਨ = ਦੌਲਤ, ਅਵਿਵੇਕ = ਅਗਿਆਨ ਅਤੇ ਪ੍ਰਭੁਤਾ = ਵਡਿਆਈ ਇਹ ਚਾਰੋਂ = ਚਾਰੇ ਮਨੁੱਖ ਦੇ ਪਰਮ = ਵੱਡੇ ਰਿਪੁ = ਦੁਸ਼ਮਨ ਹਨ। ਜੈਸਾ ਕਿ :

**ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥**

*(ਮਲਾਰ ਕੀ ਵਾਰ, ਅੰਗ ੧੨੮੮)*

## ਦੇਤ ਅਨਰਥ ਇਕੇਕ; ਜਹਾਂ ਚਾਰ ਤਹਿੰ ਕਯਾ ਕਥਾ॥੧੨॥

ਇਨ੍ਹਾਂ ਵਿੱਚੋਂ ਇਕੇਕ = ਇਕ-ਇਕ ਵੀ ਅਨਰਥ = ਦੁੱਖ ਦੇਤ = ਦੇਣ ਵਾਲਾ ਹੈ, ਫੇਰ ਜਹਾਂ = ਜਿਥੇ ਇਹ ਚਾਰ ਆ ਕੇ ਨਿਵਾਸ ਕਰ ਲੈਂਦੇ ਹਨ, ਤਹਿ = ਉਸ ਕੀ ਕਯਾ = ਕੀ ਕਥਾ = ਵਾਰਤਾ ਦੱਸੀਏ, ਭਾਵ ਉਥੇ ਤਾਂ ਬਹੁਤ ਬੁਰਾ ਹਾਲ ਕਰ ਦੇਣਗੇ॥੧੨॥

ਅੱਗੇ ਛੰਦਾਂ ਦੀ ਗਿਣਤੀ ਕਰ ਕੇ ਦੱਸਦੇ ਹਨ:

## ਦੋਹਰਾ ॥

## ਖਟ ਦੋਹੇ ਤ੍ਰੈ ਸੋਰਠੇ; ਉਭੈ ਸਵਯੇ ਜਾਨ ॥

ਇਸ ਅਧਿਆਇ ਦੇ ਅੰਦਰ ਖਟ = ਛੇ ਦੋਹੇ = ਦੋਹਰੇ, ਤ੍ਰੈ = ਤਿੰਨ ਸੋਰਠੇ ਛੰਦ ਆਏ ਹਨ ਅਤੇ ਉਭੈ = ਦੋ ਸਵਯੇ ਜਾਨ = ਜਾਨਣਾ ਕਰੋ।

## ਇਕ ਨਰਾਜ ਦ੍ਵਾਦਸ ਸਬੈ; ਛੰਦਾਨੰਦ ਨਿਦਾਨ ॥੧॥

ਇਕ ਨਰਾਜ ਛੰਦ ਆਇਆ ਹੈ ਇਸ ਤਰ੍ਹਾਂ ਇਸ ਅਧਿਆਇ ਦੇ ਵਿਚ ਸਬੈ = ਸਾਰੇ ਦ੍ਵਾਦਸ = ਬਾਰਾਂ ਛੰਦ ਆਏ ਹਨ, ਜੋ (ਛੰਦ + ਅਨੰਦ) ਛੰਦ ਅਨੰਦ ਦੇਣ ਦਾ ਨਿਦਾਨ = ਕਾਰਨ ਹਨ, ਭਾਵ ਅਨੰਦ ਦੇਣ ਵਾਲੇ ਹਨ ॥੧॥

## ਇਤਿ ਸ੍ਰੀ ਸਾਰੁਕਤਾਵਲੀ; ਤਿਹ ਅਸਟਮ ਅਧ੍ਯਾਇ ॥

ਜੋ ਸ੍ਰੀ = ਸੁਭਾਇਮਾਨ ਸਾਰੁਕਤਾਵਲੀ ਗ੍ਰੰਥ ਹੈ, ਤਿਹ = ਤਿਸਦਾ ਅਸਟਮ = ਅੱਠਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਤਾ ਮਹਿ ਉੱਦਮ ਵਰਨਯੋਂ; ਕਵਿ ਹਰਿਦਯਾਲ ਸੁਭਾਇ ॥੨॥੮॥

ਤਾ = ਤਿਸ ਅਧਿਆਇ ਦੇ ਮਹਿ = ਵਿਚ ਕਵੀ ਹਰਦਿਆਲ ਜੀ ਨੇ ਸੁਭਾਇ = ਸ੍ਰੇਸ਼ਟ ਪ੍ਰੇਮ ਧਾਰਨ ਕਰਕੇ ਸ਼ੁਭ ਉੱਦਮ ਦਾ ਵਰਨਯੋ = ਵਰਣਨ ਕੀਤਾ ਹੈ ॥੨॥੮॥

# ਨੌਵਾਂ ਅਧਿਆਇ

## ਅਥ ਨਵਮੋ ਅਧ੍ਯਾਇ ਪ੍ਰਾਰੰਭ ॥

ਅਥ = ਹੁਣ ਸਾਰੁਕਤਾਵਲੀ ਗ੍ਰੰਥ ਦਾ ਨਵਮੋ = ਨੌਵਾਂ ਅਧਿਆਇ ਆਰੰਭ ਹੁੰਦਾ ਹੈ।

## ਦੋਹਰਾ ॥

## ਨੌਮੇ ਕਹੀ ਉਦਾਰਤਾ; ਜਾਂ ਤੇ ਰਿਦੇ ਉਦਾਰ ॥

ਸਾਰੁਕਤਾਵਲੀ ਗ੍ਰੰਥ ਦੇ ਇਸ ਨੌਵੇਂ ਅਧਿਆਇ ਦੇ ਵਿਚ ਪੰਡਿਤ ਹਰਦਿਆਲ ਜੀ ਨੇ ਉਦਾਰਤਾ = ਸ੍ਰੇਸ਼ਟਤਾਈ, ਦਾਨਸ਼ੀਲਤਾ ਕਹੀ = ਕਹਿਣਾ ਕੀਤੀ ਹੈ, ਜਾਂ = ਜਿਸ ਉਦਾਰਤਾ ਕਰਕੇ ਰਿਦੇ = ਹਿਰਦੇ ਉਦਾਰ = ਸ੍ਰੇਸ਼ਟ, ਦਾਨੀ ਸੁਭਾਅ ਵਾਲਾ ਹੋ ਜਾਂਦਾ ਹੈ।

## ਧਨ ਨਿੰਦੈ ਬਿਨ ਦਾਨ ਜੋ; ਸਾਤ ਸਲੋਕ ਉਚਾਰ ॥੧॥

ਫੇਰ ਜੋ ਧਨ ਦਾਨ ਕਰਨ ਤੋਂ ਬਿਨ = ਬ਼ਗੈਰ ਹੈ, ਉਸ ਧਨ ਨੂੰ ਨਿੰਦੈ = ਨਿੰਦਣਾ ਕਰਨਗੇ, ਇਹ ਸਿਧਾਂਤ ਸੱਤਾਂ ਸਲੋਕਾਂ ਦੇ ਵਿਚ ਉਚਾਰ = ਉਚਾਰਨ ਕਰਦੇ ਹਨ ॥੧॥

## ਤੋਟਕ ਛੰਦ ॥ ਸਰਤਾ ਨ ਅਚੇ; ਅਪਨੇ ਜਲ ਕੋ ॥
## ਨ ਕਦਾਪਿ ਭਖੈ; ਬ੍ਰਿਖ ਸ੍ਵੈ ਫਲ ਕੋ ॥

ਜਿਸ ਪ੍ਰਕਾਰ ਸਰਤਾ = ਨਦੀ ਕਦੇ ਵੀ ਆਪਣੇ ਜਲ = ਪਾਣੀ ਕੋ = ਨੂੰ ਅਚੇ = ਪੀਣਾ ਨਹੀਂ ਕਰਦੀ, ਭਾਵ ਉਸਦਾ ਜਲ ਪਰਉਪਕਾਰ ਲਈ ਹੈ ਭਾਵੇਂ ਕੋਈ ਉਸ ਵਿਚ ਨਹਾਵੇ, ਕੋਈ ਬਸਤ੍ਰ ਧੋਵੇ ਜਾਂ ਕੋਈ ਪਾਣੀ ਪੀਣਾ ਕਰੇ, ਇਉਂ ਨਦੀ ਲੋਕਾਂ ਦੇ ਲਈ ਜਲ ਰੱਖਦੀ ਹੈ।

ਫੇਰ ਜਿਸ ਤਰ੍ਹਾਂ ਬ੍ਰਿਖ = ਫਲਦਾਰ ਰੁੱਖ ਕਦਾਪਿ = ਕਦੇ ਵੀ ਸ੍ਵੈ = ਆਪਣੇ ਫਲ ਕੋ = ਨੂੰ ਭਖੈ = ਖਾਣਾ ਨਹੀਂ ਕਰਦਾ, ਉਸ ਬਿਰਖ ਦਾ ਫਲ ਵੀ ਕੇਵਲ ਪਰਉਪਕਾਰ ਦੇ ਲਈ ਹੈ, ਭਾਵ ਸਰਦੀ ਗਰਮੀ ਵਿਚ ਇੱਟਾਂ-ਵੱਟੇ ਸਹਾਰ ਕੇ ਲੋਕਾਂ ਨੂੰ ਮਿੱਠੇ ਫਲ ਦੇਂਦਾ ਹੈ।

## ਸਸਿ ਕੋ ਨਹਿ; ਅਭ੍ਰ ਕਭੀ ਭਖ ਹੈ ॥ ਧਨ ਤਿਉਂ ਪਰਹੇਤ; ਬਡੇ ਰਖ ਹੈਂ ॥੧॥

ਜਿਸ ਪ੍ਰਕਾਰ ਅਭ੍ਰ = ਬੱਦਲ ਕਭੀ = ਕਦੇ ਵੀ ਸਸਿ = ਖੇਤੀ ਨੂੰ ਭਖ = ਪਾਣਾ ਨਹੀਂ ਕਰਦੇ, ਭਾਵ ਉਹ ਵਰਖਾ ਕਰਕੇ ਖੇਤੀਆਂ ਨੂੰ ਹਰੀਆਂ ਭਰੀਆਂ ਕਰਦੇ ਹਨ ਤੇ ਉਨ੍ਹਾਂ ਫ਼ਸਲਾਂ ਤੋਂ ਜ਼ਿਮੀਂਦਾਰ ਲੋਕ ਲਾਭ ਲੈਂਦੇ ਹਨ, ਇਉਂ ਬੱਦਲਾਂ ਦੀ ਵਰਖਾ ਵੀ ਪਰਉਪਕਾਰ ਵਾਸਤੇ ਹੈ।

ਤਿਉਂ = ਤਿਵੇਂ ਹੀ ਪਰ = ਪਰਾਇਆਂ ਦੇ ਹੇਤ = ਭਲੇ ਲਈ ਬਡੇ = ਸਿਆਣੇ ਮਨੁੱਖ ਆਪਣੇ ਪਾਸ ਧਨ ਰਖ = ਰੱਖਦੇ ਹੈ = ਹਨ, ਭਾਵ ਉੱਤਮ ਪੁਰਖਾਂ ਦੀ ਪਰਵਿਰਤੀ ਪਰਉਪਕਾਰ ਵਾਸਤੇ ਹੀ ਹੁੰਦੀ ਹੈ॥੧॥

## ਦੋਹਰਾ ॥
## ਧਨ ਕੇ ਭਾਗੀ ਚਾਰ ਹੈਂ; ਧਰਮ ਚੋਰ ਨ੍ਰਿਪ ਆਗ ॥

ਧਨ = ਦੌਲਤ ਕੇ = ਦੇ ਚਾਰ ਭਾਗੀ = ਹਿੱਸੇਦਾਰ ਹੈਂ = ਹਨ : ੧. ਧਰਮ, ੨. ਚੋਰ, ੩. ਨ੍ਰਿਪ = ਰਾਜਾ ਅਤੇ ੪. ਅੱਗ।

## ਕੋਪੈਂ ਤਾਂ ਪੈ ਭ੍ਰਾਤ ਤ੍ਰੈ; ਕਰੈਂ ਜੁ ਜੇਸ਼੍ਰੈ ਤਯਾਗ ॥੨॥

ਪਰ ਜੋ ਮਨੁੱਖ ਉਨ੍ਹਾਂ ਚੌਹਾਂ ਵਿੱਚੋਂ ਸਭ ਤੋਂ ਜੇਸ਼੍ਰੈ = ਵੱਡੇ ਧਰਮ ਦਾ ਤਿਆਗ ਕਰ ਦੇਂਦੇ ਹਨ, ਉਸ ਉੱਪਰ ਬਾਕੀ ਦੇ ਤਿੰਨ ਭਰਾ (ਚੋਰ, ਰਾਜਾ ਤੇ ਅੱਗ) ਕੋਪੈ = ਕ੍ਰੋਧਵਾਨ ਹੋ ਜਾਂਦੇ ਹਨ, ਭਾਵ ਜੋ ਮਨੁੱਖ ਧਨ ਨੂੰ ਧਰਮ ਦੇ ਕੰਮਾਂ ਵਿਚ ਲਾਉਂਦਾ ਹੈ, ਉਸਦਾ ਧਨ ਸਫਲਾ ਹੈ, ਜੋ ਮਨੁੱਖ ਧਰਮ ਦੇ ਕੰਮਾਂ ਵਿਚ ਧਨ ਨਹੀਂ ਖ਼ਰਚਦਾ, ਉਸ ਉੱਪਰ ਇਨ੍ਹਾਂ ਦੀ ਕ੍ਰੋਪੀ ਹੋ ਜਾਂਦੀ ਹੈ, ਜਾਂ ਤਾਂ ਉਸ ਧਨ ਨੂੰ ਚੋਰ ਚੋਰੀ ਕਰ ਕੇ ਲੈ ਜਾਂਦੇ ਹਨ, ਜਾਂ ਰਾਜਾ ਕੋਈ ਟੈਕਸ ਪਾ ਕੇ ਸਾਰਾ ਧਨ ਖੋਹ ਲੈਂਦਾ ਹੈ ਜਾਂ ਫੇਰ ਕਿਸੇ ਤਰੀਕੇ ਨਾਲ ਉਸ ਨੂੰ ਅੱਗ ਲੱਗ ਕੇ ਸਾੜ ਦੇਂਦੀ ਹੈ। ਇਸ ਲਈ ਧਨ ਨੂੰ ਧਰਮ ਦੇ ਕੰਮਾਂ ਵਿਚ ਲਗਾਉਣਾ ਚਾਹੀਦਾ ਹੈ ਜੇ ਨਾ ਲਗਾਵੇ ਤਾਂ ਕਿਸੇ ਪ੍ਰਕਾਰ ਭੀ ਨੁਕਸਾਨ ਹੋ ਸਕਦਾ ਹੈ॥੨॥

## ਦ੍ਵੈਯਾ ਛੰਦ ॥
## ਸਭ ਜਨ ਕਰਤ ਪਦਾਰਥ ਸੰਗ੍ਰਹਿ; ਪੁਨ ਤਿਹ ਰਖਯਾ ਕਰਤ ਉਪਾਇ ॥

ਸਭ = ਸਾਰੇ ਜਨ = ਮਨੁੱਖ ਅਨੇਕਾਂ ਯਤਨ ਕਰਕੇ ਕਈ ਪ੍ਰਕਾਰ ਦੇ ਪਦਾਰਥਾਂ ਨੂੰ ਸੰਗ੍ਰਹਿ = ਇਕੱਤ੍ਰ ਕਰਦੇ ਹਨ, ਪੁਨ = ਫੇਰ ਤਿਹ = ਉਨ੍ਹਾਂ ਪਦਾਰਥਾਂ ਦੀ ਰੱਖਿਆ ਲਈ ਉਪਾਇ = ਯਤਨ ਕਰਤ = ਕਰਦੇ ਹਨ।

## ਉੱਤਮ ਰੱਖਯਾ ਤਯਾਗ ਪਦਾਰਥ; ਅਬ ਇਨ ਪਰ ਦ੍ਰਿਸ਼ਟਾਂਤ ਬਤਾਇ ॥

ਉੱਤਮ = ਸ੍ਰੇਸ਼ਟ ਪੁਰਸ਼ ਧਨ ਪਦਾਰਥ ਦੇ ਰੱਖਯਾ = ਰੱਖਣ ਦੇ ਭਾਵ ਜੋੜਨ ਦੇ ਸੁਭਾਅ ਨੂੰ ਤਿਆਗ ਕਰਕੇ ਦਾਨ ਪੁੰਨ ਵਿਚ ਖ਼ਰਚ ਕਰ ਦੇਂਦੇ ਹਨ ਲੋੜਵੰਦਾਂ ਦੀ ਸਹਾਇਤਾ ਕਰਕੇ ਆਪਣੇ ਪੁੰਨਾਂ ਵਿਚ ਵਾਧਾ ਕਰਦੇ ਹਨ। ਅਬ = ਹੁਣ ਇਨ = ਇਸ ਪਰ = ਉੱਪਰ ਅੱਗੇ ਇਕ ਦ੍ਰਿਸ਼ਟਾਂਤ = ਮਿਸਾਲ ਦੇ ਕੇ ਬਤਾਇ = ਦੱਸਦੇ ਹਨ।

## ਜਯੋਂ ਜਲ ਸਰ ਕੋ, ਸੂਕੈ ਸਰ ਮੈਂ; ਵਾ ਕ੍ਰਿਮ ਹ੍ਵੈ, ਵਾ ਸ੍ਵਾਦ ਬਲਾਇ ॥

ਜਯੋਂ = ਜਿਵੇਂ ਸਰ = ਸਰੋਵਰ ਕੋ = ਦਾ ਜਲ = ਪਾਣੀ, ਸਰ = ਸਰੋਵਰ ਦੇ ਵਿਚ ਸੂਕੈ = ਸੁੱਕ ਜਾਂਦਾ ਹੈ, ਭਾਵ ਉਸ ਸਰੋਵਰ ਦਾ ਪਾਣੀ ਬਾਹਰ ਕਿਤੇ ਨਿਕਲਦਾ ਨਹੀਂ ਅਤੇ ਉਸ ਜਲ ਨੂੰ ਕੋਈ ਵਰਤਦਾ ਨਹੀਂ ਹੈ, ਤਦ ਉਸ ਪਾਣੀ ਵਿਚ ਵਾ = ਜਾਂ ਤਾਂ ਕ੍ਰਿਮ = ਕੀੜੇ ਹ੍ਵੈ = ਹੋ ਜਾਂਦੇ ਹਨ ਵਾ = ਜਾਂ ਉਸਦਾ ਸਵਾਦ ਬਲਾਇ = ਮਾਰਿਆ ਜਾਂਦਾ, ਨਾਸ਼ ਹੋ ਜਾਂਦਾ ਹੈ।

## ਨਾ ਕ੍ਰਿਮ ਸੂਕੇ ਨ, ਜਲ ਪਰਵਾਹਿਕ;
## ਸੁਭਗ ਸ੍ਵਾਦ ਤਯੋਂ ਅਰਥ ਸੁਭਾਇ ॥੩॥

ਜੇਕਰ ਜਲ ਪਰਵਾਹਿਕ = ਪ੍ਰਵਾਹ ਰੂਪ ਹੋ ਕੇ ਚੱਲਦਾ ਰਹਿੰਦਾ ਹੈ ਅਤੇ ਲੋਕਾਂ ਦੇ ਵਰਤਨ ਵਿਚ ਆਉਂਦਾ ਹੈ ਤਾਂ ਫੇਰ ਨਾ ਤਾਂ ਉਸ ਜਲ ਵਿਚ ਕ੍ਰਿਮ = ਕੀੜੇ ਪੈਂਦੇ ਹਨ ਅਤੇ ਨਾ ਹੀ ਉਸਦਾ ਜਲ ਸੂਕੈ = ਸੁੱਕਦਾ ਹੈ, ਸਗੋਂ ਉਸਦਾ ਸਵਾਦ ਵੀ ਬਹੁਤ ਸੁਭਗ = ਸ੍ਰੇਸ਼ਟ, ਚੰਗਾ ਹੋ ਜਾਂਦਾ ਹੈ, ਤਯੋਂ = ਤਿਵੇਂ ਹੀ ਅਰਥ = ਧਨ ਦਾ ਸੁਭਾਇ = ਸੁਭਾਅ ਹੈ, ਭਾਵ ਜੋ ਧਨ ਧਰਤੀ ਆਦਿ ਵਿਚ ਦੱਬ ਕੇ ਰੱਖਣਾ ਹੈ, ਇਹ ਧਨ ਦਾ ਸੁੱਕਣਾ ਹੈ ਅਤੇ ਜੋ ਚੋਰਾਂ ਆਦਿ ਨੇ ਲੁੱਟ ਕੇ ਲੈ ਜਾਣਾ ਇਹ ਧਨ ਵਿਚ ਸੁਆਦ ਆਦਿ ਦਾ ਨਾਸ਼ ਹੋਣਾ ਹੈ ਅਤੇ ਜੋ ਝਗੜੇ ਆਦਿ ਦਾ ਪੈਣਾ ਹੈ, ਇਹ ਧਨ ਵਿਚ ਕੀੜੇ ਆਦਿ ਦਾ ਪੈਣਾ ਹੈ। ਪਰ ਜਿਨ੍ਹਾਂ ਦਾ ਧਨ ਧਰਮ ਦੇ ਕੰਮਾਂ ਵਾਸਤੇ ਲੱਗਦਾ ਹੈ, ਉਨ੍ਹਾਂ ਦਾ ਧਨ ਨਾ ਸੁੱਕਦਾ ਹੈ, ਨਾ ਕੀੜੇ ਪੈਂਦੇ ਹਨ ਅਤੇ ਨਾ ਹੀ ਚੋਰ ਆਦਿ ਲੁੱਟ ਕੇ ਲਿਜਾਂਦੇ ਹਨ, ਇਸ ਲਈ ਧਨ ਨੂੰ ਧਰਮ ਦੇ ਕੰਮਾਂ ਵਿਚ ਲਾਉਣਾ ਜੋਗ ਹੈ ॥੩॥

## ਦੋਹਰਾ ॥
## ਧਨ ਸੰਗ੍ਰਹਿ ਤੇ ਦਾਨ ਧਨ; ਸੌ ਗੁਣ ਅਧਿਕ ਪਛਾਨ ॥

ਧਨ ਨੂੰ ਸੰਗ੍ਰਹਿ = ਇਕੱਠਾ ਕਰਨ ਨਾਲੋਂ ਧਨ ਨੂੰ ਧਰਮ ਦੇ ਕੰਮਾਂ ਵਾਸਤੇ ਦਾਨ ਕਰ ਦੇਣਾ ਸੌ ਗੁਣਾ ਅਧਿਕ = ਜ਼ਿਆਦਾ ਚੰਗਾ ਪਛਾਨ = ਪਛਾਨਣਾ ਕਰੋ।

## ਬਿਨਾਂ ਦਾਨ ਜੋ ਦਰਬ ਹੈ; ਸੋ ਬਨ ਸੁਮਨ ਸਮਾਨ ॥੪॥

ਜੋ = ਜਿਹੜਾ ਦਰਬ = ਧਨ ਦਾਨ ਕੀਤੇ ਤੋਂ ਬਿਨਾਂ = ਬਗ਼ੈਰ ਹੈ, ਸੋ = ਉਹ ਧਨ ਤਾਂ ਬਨ = ਜੰਗਲ, ਉਜਾੜ ਵਿਚ ਖਿੜੇ ਹੋਏ ਸੁਮਨ = ਫੁੱਲ ਦੇ ਸਮਾਨ = ਬਰਾਬਰ ਹੈ, ਜੋ ਕਿਸੇ ਨੂੰ ਸੁਗੰਧੀ ਦੇਣ ਦੇ ਕਿਸੇ ਕੰਮ ਨਹੀਂ, ਬਸ ਉਥੇ ਹੀ ਖਿੜ ਕੇ ਮੁਰਝਾ ਜਾਂਦਾ ਹੈ ॥੪॥ ਜੈਸਾ ਕਿ :

**ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥** *(ਗਉੜੀ ਕਬੀਰ ਜੀ, ਅੰਗ ੩੩੬)*

ਤਿਵੇਂ ਦਾਨ ਤੋਂ ਬਿਨਾਂ ਜੋ ਧਨ ਹੈ, ਉਹ ਬਨ ਦੇ ਫਲ ਵਾਂਗ ਨਿਸਫਲ ਹੈ।

## ਜ੍ਵਾਨ ਜਿਤੇਂਦ੍ਰਯ ਜਪ ਤਪੀ; ਮ੍ਰਿਦੁ ਵਿਦ੍ਵਾਨ ਉਦਾਰ ॥

ਜੋ ਇਹੋ ਜਿਹੇ ਗੁਣਾਂ ਵਾਲਾ ਪੁਰਸ਼ ਹੈ ਉਸਦੀ ਵਡਿਆਈ ਕਰਦੇ ਹੋਏ ਉਚਾਰਦੇ ਹਨ:

੧. ਜ੍ਵਾਨ = ਜੋਬਨ ਅਵਸਥਾ, ੨. ਜਿਤੇਂਦ੍ਰਯ = ਦਸੇ ਇੰਦ੍ਰੀਆਂ ਵਿਸ਼ਿਆਂ ਵੱਲੋਂ ਰੋਕ ਕੇ ਰੱਖਣੀਆਂ, ੩. ਨਾਮ ਦਾ ਜਪ = ਜਾਪ ਕਰਨਾ, ੪. ਤਪੀ = ਤਪੱਸਿਆ ਕਰਨੀ, ੫. ਮ੍ਰਿਦੁ = ਕੋਮਲ ਸੁਭਾਅ ਹੋਣਾ, ੬. ਵਿਦਵਾਨ ਹੋਣਾ, ੭. ਉਦਾਰ = ਦਾਨੀ ਹੋਣਾ।

## ਦੀਨ, ਮਾਨ ਨਹਿ, ਨਵ ਗੁਣੀ; ਹਰਿ ਬਪੁ ਤਾਸ ਜੁਹਾਰ ॥੫॥

ਦੀਨ = ਗ਼ਰੀਬੀ, ਨਿਮਰਤਾ ਹੋਣੀ, ਫੇਰ ਮਾਨ = ਅਭਿਮਾਨ ਤੋਂ ਰਹਿਤ ਹੋਣਾ, ਜੋ ਮਨੁੱਖ ਇਨ੍ਹਾਂ ਨਵ = ਨੌਂ ਗੁਣਾਂ ਦੇ ਸਹਿਤ ਹੈ, ਤਾਸ = ਉਸ ਮਨੁੱਖ ਨੂੰ ਹਰਿ = ਪਰਮਾਤਮਾ ਦਾ ਬਪੁ = ਸਰੂਪ ਹੀ ਜੁਹਾਰ = ਦੇਖਣਾ ਕਰੋ **ਵਾ:** ਕਵੀ ਜੀ ਕਥਨ ਕਰਦੇ ਹਨ ਕਿ ਐਸੇ ਗੁਣਾਂ ਵਾਲੇ ਪੁਰਖ ਨੂੰ ਸਾਡੀ ਜੁਹਾਰ = ਨਮਸਕਾਰ ਹੈ ॥੫॥

## ਸ੍ਵੈਯਾ ॥

## ਸਿੰਧੁ ਅਗਾਧੁ ਅਹੇ ਲਵਣੋਦਿਕ; ਤਦੱਪਿ ਕਜਾ ਕਹੂੰ ਪਯਾਸ ਨ ਟਾਰੇ ॥

ਦ੍ਰਿਸ਼ਟਾਂਤ ਅਲੰਕਾਰ ਅਨੁਸਾਰ ਕਥਨ ਕਰਦੇ ਹਨ ਕਿ ਭਾਵੇਂ ਸਿੰਧੁ = ਸਮੁੰਦਰ ਬਹੁਤ ਵੱਡਾ ਅਤੇ ਅਗਾਧੁ = ਬੇਅੰਤ ਜਲ ਵਾਲਾ ਹੈ **ਵਾ:** ਭਾਵੇਂ ਸਮੁੰਦਰ ਬਹੁਤ ਅਗਾਧੁ = ਡੂੰਘਾ ਹੈ ਪਰ ਉਸਦਾ ਪਾਣੀ ਲਵਣੋਦਿਕ = ਲੂਣ ਵਾਲਾ ਭਾਵ ਖਾਰਾ ਹੈ। ਤਦੱਪਿ = ਤਾਂ ਵੀ ਕਜਾ = ਕੀ ਹੋਇਆ ਜੇਕਰ ਇਤਨਾ ਵੱਡਾ ਸਮੁੰਦਰ ਹੈ ਪਰ ਕਿਸੇ ਪਿਆਸੇ ਆਦਮੀ ਦੀ ਪਿਆਸ ਨੂੰ ਟਾਰੇ = ਦੂਰ ਨਹੀਂ ਕਰ ਸਕਦਾ।

## ਜਾਨੁ ਪ੍ਰਮਾਨ ਜੁ ਬਾਰ ਸੁ ਚਾਰੁ; ਤ੍ਰਿਖਾ ਨਰ ਨਾਰਿ ਮ੍ਰਿਗਾਦਿ ਕੀ ਹਾਰੇ ॥

ਜੁ = ਜਿਹੜਾ ਨਦੀ ਆਦਿ ਦਾ ਬਾਰ = ਪਾਣੀ ਭਾਵੇਂ ਜਾਨੁ = ਗੋਡੇ ਪ੍ਰਮਾਨ = ਪ੍ਰਯੰਤ ਹੀ ਡੂੰਘਾ ਹੈ, ਉਹ ਚਾਰੁ = ਸ੍ਰੇਸ਼ਟ ਹੈ ਕਿਉਂਕਿ ਉਹ ਪਾਣੀ ਨਰ = ਪੁਰਸ਼, ਨਾਰਿ = ਇਸਤ੍ਰੀ ਅਤੇ ਮ੍ਰਿਗਾਦ = ਹਿਰਨ ਆਦਿ ਪਸ਼ੂ ਪੰਛੀਆਂ, ਜਾਨਵਰਾਂ ਕੀ = ਦੀ ਤ੍ਰਿਖਾ = ਪਿਆਸ ਨੂੰ ਹਾਰੇ = ਨਾਸ਼ ਕਰਦਾ ਹੈ, ਭਾਵ ਇਹ ਹੈ ਕਿ ਸਮੁੰਦਰ ਦਾ ਪਾਣੀ ਭਾਵੇਂ ਬਹੁਤ ਹੈ ਪਰ ਉਹ ਕਿਸੇ ਦੀ ਪਿਆਸ ਬੁਝਾਉਣ ਦੇ ਕੰਮ ਨਹੀਂ ਆਉਂਦਾ, ਨਦੀ ਦਾ ਪਾਣੀ ਭਾਵੇਂ ਥੋੜ੍ਹਾ ਕੁ ਹੀ ਹੈ ਪਰ ਉਹ ਪਰਉਪਕਾਰ ਦੇ ਕੰਮ ਤਾਂ ਆਉਂਦਾ ਹੈ। ਇਹ **ਦ੍ਰਿਸ਼ਟਾਂਤ** ਹੈ ਅਤੇ **ਦਾ ਦ੍ਰਿਸ਼ਟਾਂਤ** ਰੂਪ ਵਿਚ ਕਥਨ ਕਰਦੇ ਹਨ:

## ਨੈਕ ਧਨਾਢਿ ਤਥਾਪਿ ਬਢੋ; ਅਰਥੀ ਬਯਰਥੇ ਜਹਿਂ ਜਾਤ ਨ ਦ੍ਵਾਰੇ ॥

ਏਸੇ ਤਰ੍ਹਾਂ ਨਦੀ ਦੇ ਥੋੜ੍ਹੇ ਪਾਣੀ ਦੀ ਨਿਆਈਂ ਭਾਵੇਂ ਕੋਈ ਨੈਕ = ਥੋੜ੍ਹੇ ਧਨਾਢ = ਧਨ ਵਾਲਾ ਸ਼ਾਹੂਕਾਰ ਹੈ, ਉਹ ਤਥਾਪਿ = ਤਦ ਵੀ ਬਢੋ = ਵੱਡਾ ਹੈ, ਕਿਉਂਕਿ ਜਹਿਂ = ਜਿਸ ਕੇ ਦ੍ਵਾਰੇ = ਦਰਵਾਜ਼ੇ ਤੋਂ ਕੋਈ ਅਰਥੀ = ਮੰਗਤਾ ਬਯਰਥੇ = ਖ਼ਾਲੀ ਨਹੀਂ ਜਾਤ = ਜਾਂਦਾ, ਭਾਵ ਸਭ ਨੂੰ ਥੋੜ੍ਹਾ ਬਹੁਤ ਦਾਨ ਕਰਦਾ ਹੀ ਰਹਿੰਦਾ ਹੈ।

## ਜਾਂ ਧਨ ਰਾਸ ਨਿਰਾਸਕ ਭਿੱਛਕ; ਸੋ ਧਨ ਕਯਾ ਚੁਵਤੀ ਛੱਤ ਧਾਰੇ ॥੬॥

ਜਾ = ਜਿਸ ਮਨੁੱਖ ਦੇ ਪਾਸ ਧਨ ਦੀ ਬਿਅੰਤ ਰਾਸਿ = ਪੂੰਜੀ ਹੈ, ਪਰ ਉਸਦੇ ਘਰੋਂ ਭਿੱਛਕ = ਭਿਖਾਰੀ ਨਿਰਾਸਕ = ਨਿਰਾਸ਼ ਹੋ ਕੇ ਖ਼ਾਲੀ ਮੁੜ ਜਾਂਦੇ ਹਨ, ਉਸਦਾ ਧਨ ਕਿਸੇ ਅਰਥ ਨਹੀਂ, ਦੱਸੋ ਫੇਰ ਸੋ = ਉਹ ਧਨ ਕਯਾ = ਕੀ ਚੁਵਤੀ = ਚੋਂਦੀ ਹੋਈ ਛੱਤ ਦੇ ਉੱਪਰ ਧਾਰੇ = ਧਰੇਗਾ, ਲਗਾਏਗਾ, ਭਾਵ ਜਦੋਂ ਉਹ ਧਨ ਕਿਸੇ ਕੰਮ ਨਹੀਂ ਆਉਂਦਾ ਤਾਂ ਫੇਰ ਉਹ ਧਨ ਨਿਸਫਲ ਹੀ ਜਾਨਣਾ ਕਰੋ ॥੬॥

ਅੱਗੇ ਫੇਰ ਇਸੀ ਗੱਲ ਨੂੰ ਹੋਰ ਦੁਹਰਾਉਂਦੇ ਹਨ।

## ਹੈ ਸਰ ਸੋ ਸਿੰਧੁ ਤੇ ਸਰਸੋ; ਰਤਨੋਦਿਕ ਖਾਨਨ ਭੀ ਸਭ ਭਾਵੈ ॥

ਸੋ = ਉਹ ਛੋਟਾ ਸਰ = ਤਲਾਅ ਸਿੰਧੁ = ਸਮੁੰਦਰ ਤੇ = ਤੋਂ ਬਹੁਤ ਸਰਸੋ = ਵੱਡਾ, ਸ੍ਰੇਸ਼ਟ ਹੈ, ਭਾਵੇਂ ਉਸ ਤਲਾਅ ਵਿਚ ਰਤਨੋਦਿਕ = ਰਤਨਾਂ ਆਦਿ ਦੀ ਕੋਈ ਖਾਨ ਵੀ ਨਹੀਂ ਹੈ, ਪਰ ਫੇਰ ਵੀ ਸਭ ਦੇ ਮਨ ਨੂੰ ਭਾਵੈ = ਚੰਗਾ, ਪਿਆਰਾ ਲੱਗਦਾ ਹੈ।

## ਪਯਾਸ ਸ੍ਰਮੀ ਪਥ ਕੀ ਜਨ ਕੇ; ਸ੍ਰਮ ਨਾਸਨ ਮੋਂ ਸਮਰਥ ਦਰਸਾਵੈ ॥

ਕਿਉਂਕਿ ਉਹ ਤਲਾਅ ਜੋ ਪਥ = ਰਸਤੇ ਕੇ ਜਨ = ਪੁਰਖਾਂ ਦੀ ਸ੍ਰਮੀ = ਥਕਾਵਟ ਤੇ ਪਿਆਸ ਹੈ, ਉਸ ਪਿਆਸ ਤੇ ਸ੍ਰਮ = ਥਕਾਵਟ ਨੂੰ ਦੂਰ ਕਰਨ ਦੇ ਮੋਂ = ਵਿਚ ਸਮਰਥ ਦਰਸਾਵੈ = ਦਿਖਦਾ ਹੈ, ਭਾਵ ਆਉਂਦੇ ਜਾਂਦੇ ਰਾਹੀਆਂ ਦੀ ਪਿਆਸ ਵੀ ਬੁਝਾਉਂਦਾ ਹੈ ਤੇ ਕੁਝ ਰਾਹੀ ਉਸ ਵਿਚ ਨਹਾ ਕੇ ਆਪਣੀ ਥਕਾਵਟ ਵੀ ਲਾਹ ਲੈਂਦੇ ਹਨ।

## ਸੋ ਸਰ ਜਯੋਂ ਧਨ ਨੈਕ ਧਨੀ; ਜਿੰਹ ਦ੍ਵਾਰਹਿ ਤੇ ਸਭ ਕੋ ਵਰਸਾਵੈ ॥

ਤਿਵੇਂ ਹੀ ਸੋ = ਉਸ ਸਰ = ਤਲਾਅ ਦੇ ਜਯੋਂ = ਵਾਂਗ ਨੈਕ = ਥੋੜ੍ਹੇ ਧਨੀ = ਧਨ ਵਾਲਾ ਧਨੀ ਮਨੁੱਖ ਸ੍ਰੇਸ਼ਟ ਹੈ, ਜਿਹ = ਜਿਸ ਦੇ ਦ੍ਵਾਰਹਿ = ਦਰਵਾਜ਼ੇ ਤੇ = ਤੋਂ ਸਭ = ਸਾਰਿਆਂ ਕੋ = ਨੂੰ ਵਰਸਾਵੈ = ਵਰੋਸਾਇਆ ਜਾਂਦਾ ਹੈ, ਭਾਵ ਆਏ ਗਏ ਸਾਧੂ, ਫ਼ਕੀਰਾਂ ਦੀ ਸੇਵਾ ਹੁੰਦੀ ਹੈ, ਉਨ੍ਹਾਂ ਦੀ ਗ਼ਰਜ਼ ਪੂਰੀ ਹੁੰਦੀ ਹੈ।

## ਸਿੰਧੁ ਧਨੀ, ਕਹੂੰ ਦੇ ਨ ਕਨੀ;
## ਕਿਧੋਂ ਪੱਕ ਬ੍ਰਣੀ ਪਰ ਪੀਸ ਕਿ ਲਾਵੈ ॥੭॥

ਫੇਰ ਜੋ ਸਿੰਧ = ਸਮੁੰਦਰ ਦੀ ਨਿਆਈਂ ਬੇਅੰਤ ਧਨੀ = ਧਨ ਵਾਲਾ ਹੈ, ਪਰ ਕਹੂੰ = ਕਿਸੇ ਗ਼ਰੀਬੀ, ਮੰਗਤੇ ਨੂੰ ਇਕ ਕਣੀ ਮਾਤਰ ਵੀ ਦਾਨ ਨਹੀਂ ਦੇਣਾ ਕਰਦਾ, ਜੋ ਵੀ ਦਰਵਾਜ਼ੇ 'ਤੇ ਆਉਂਦਾ ਹੈ, ਉਹ ਖ਼ਾਲੀ ਮੁੜ ਜਾਂਦਾ ਹੈ, ਫੇਰ ਉਹ ਧਨ ਦਾ ਕੀ ਕਰੇਗਾ, ਕਿਧੋਂ = ਜਾਂ ਫੇਰ ਪੱਕੇ ਹੋਈ ਬ੍ਰਣੀ = ਜ਼ਖ਼ਮ (ਫੋੜੇ) ਦੇ ਉੱਪਰ ਉਹ ਧਨ ਪੀਸ ਕੇ ਲਾਵੈ = ਲਗਾਉਣਾ ਕਰੇਗਾ ॥੭॥

ਅਰਥਾਤ ਧਨ ਨੂੰ ਧਰਮ ਦੇ ਕਾਰਜ ਹਿਤ ਜ਼ਰੂਰ ਦਾਨ ਕਰਨਾ ਚਾਹੀਦਾ ਹੈ।

## ਦੋਹਰਾ ॥ ਇਕ ਤੋਟਕ ਤ੍ਰੈ ਦੋਹਰੇ; ਏਕ ਦੁਵੈਯਾ ਛੰਦੁ ॥

ਅਧਿਆਇ ਦੀ ਸਮਾਪਤੀ 'ਤੇ ਛੰਦਾਂ ਦੀ ਗਿਣਤੀ ਕਰਕੇ ਦੱਸਦੇ ਹਨ ਕਿ ਇਸ ਅਧਿਆਇ ਦੇ ਅੰਦਰ ਇਕ ਤੋਟਕ ਛੰਦ ਤ੍ਰੈ = ਤਿੰਨ ਦੋਹਰੇ ਅਤੇ ਏਕ = ਇਕ ਦੁਵੈਯਾ ਛੰਦ ਆਇਆ ਹੈ।

## ਉਭੈ ਸਵੈਯੇ ਧੀਰ ਜਨ; ਸਤ ਸਲੋਕ ਚਿਤ ਚੰਦ ॥੧॥

ਉਭੈ = ਦੋ ਸਵੱਈਏ ਆਏ ਹਨ ਜੋ ਜਨ = ਮਨੁੱਖਾਂ ਨੂੰ ਧੀਰ = ਧੀਰਜਤਾ ਦੇਣ ਵਾਲੇ ਹਨ, ਇਉਂ ਕੁੱਲ ਸੱਤ ਸਲੋਕ ਆਏ ਹਨ ਜੋ ਚਿਤ ਰੂਪੀ ਕੰਮੀਆਂ ਨੂੰ ਖਿੜਾਉਣ ਲਈ ਚੰਦ = ਚੰਦ੍ਮਾ ਦੇ ਸਮਾਨ ਹਨ ॥੧॥

## ਇਤਿ ਸ੍ਰੀ ਸਾਰੁਕਤਾਵਲੀ; ਤਿਹ ਨਵਮੋ ਅਧਯਾਇ ॥

ਜੋ ਸ੍ਰੀ = ਸੁਭਾਏਮਾਨ ਸਾਰੁਕਤਾਵਲੀ ਗ੍ਰੰਥ ਹੈ ਤਿਹ = ਤਿਸਦਾ ਨਵਮੋ = ਨੌਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਉਤਮ ਕਹੀ ਉਦਾਰਤਾ; ਕਵਿ ਹਰਿਦਯਾਲ ਸੁਭਾਇ ॥੨॥੯॥

ਜਿਸ ਅਧਿਆਇ ਦੇ ਅੰਦਰ ਕਵੀ ਹਰਦਿਆਲ ਜੀ ਨੇ ਸੁਭਾਇ = ਸ੍ਰੇਸ਼ਟ ਪ੍ਰੇਮ ਭਾਵਨਾ ਨਾਲ ਉਦਾਰਤਾ = ਸ੍ਰੇਸ਼ਟਤਾਈ, ਦਾਨਸ਼ੀਲਤਾ ਉੱਤਮ ਕਥਨ ਕੀਤੀ ਹੈ ॥੨॥੯॥

### ਦਸਵਾਂ ਅਧਿਆਇ

## ਅਥ ਦਸਮੋਂ ਅਧਯਾਇ ਪ੍ਰਾਰੰਭ ॥

ਅਥ = ਹੁਣ ਸਾਰੁਕਤਾਵਲੀ ਗ੍ਰੰਥ ਦਾ ਦਸਮੋਂ = ਦਸਵਾਂ ਅਧਿਆਇ ਪ੍ਰਾਰੰਭ ਹੁੰਦਾ ਹੈ।

## ਦੋਹਰਾ ॥

## ਦਸਮੇਂ ਦ੍ਵਾਦਸ ਛੰਦ ਕਰ; ਕ੍ਰੋਧਾਦਿਕ ਵਖਯਾਨ ॥

ਸਾਰੁਕਤਾਵਲੀ ਗ੍ਰੰਥ ਦੇ ਦਸਵੇਂ ਅਧਿਆਇ ਦੇ ਅੰਦਰ ਕਵੀ ਹਰਦਿਆਲ ਜੀ ਦ੍ਵਾਦਸ = ਬਾਰਾਂ ਛੰਦ ਉਚਾਰਨ ਕਰ = ਕਰਕੇ (ਕ੍ਰੋਧ + ਆਦਿਕ) ਕਾਮ, ਕ੍ਰੋਧ ਆਦਿਕ ਵਿਕਾਰਾਂ ਦਾ ਵਖਯਾਨ = ਵਰਣਨ ਕਰਨਗੇ।

## ਹਾਨ ਕਰੈ, ਅਰਿ ਜਾਨ ਕੈ; ਮਾਨ ਕਰੈ ਦੁਖ ਖਾਨ ॥੧॥

ਜੋ ਇਨ੍ਹਾਂ ਵਿਕਾਰਾਂ ਨੂੰ ਅਰਿ = ਦੁਸ਼ਮਨ ਜਾਨ = ਸਮਝ ਕੈ = ਕਰਕੇ ਇਨ੍ਹਾ ਵਿਕਾਰਾਂ ਦਾ ਹਾਨ = ਨਾਸ਼ ਕਰੈ = ਕਰੇਗਾ, ਉਹ ਸੁਖੀ ਹੋਵੇਗਾ ਅਤੇ ਜੋ ਇਨ੍ਹਾਂ ਦਾ ਮਾਨ = ਆਦਰ ਕਰੇਗਾ, ਭਾਵ ਚਿਤ ਵਿਚ ਧਾਰਨ ਕਰੇਗਾ, ਉਸਨੂੰ ਤਾਂ ਦੁੱਖਾਂ ਦੀ ਖਾਨ ਹੀ ਪ੍ਰਾਪਤ ਹੋਵੇਗੀ ਭਾਵ ਬਹੁਤ ਦੁੱਖ ਮਿਲਣਗੇ ॥੧॥

## ਮਧੁਭਾਰ ਛੰਦ ॥ ਪਹਿਰੈ ਕੁਚੈਲ ॥ ਧ੍ਰਿਤ ਦੰਤ ਮੈਲ ॥

ਜੋ ਮਨੁੱਖ ਸਦਾ ਕੁਚੈਲ = ਮਲੀਨ ਬਸਤ੍ਰ ਹੀ ਪਹਿਰੈ = ਪਹਿਣ ਕੇ ਰੱਖਦਾ ਹੈ ਅਤੇ ਜਿਸ ਨੇ ਦੰਤ = ਦੰਦਾਂ ਉੱਪਰ ਵੀ ਮੈਲ ਧ੍ਰਿਤ = ਧਾਰਨ ਕੀਤੀ ਹੋਈ ਹੈ, ਭਾਵ ਜੋ ਮਨੁੱਖ ਕਦੇ ਆਪਣੇ ਦੰਦ ਵੀ ਸਾਫ਼ ਨਹੀਂ ਕਰਦਾ।

## ਤਪਤਾਂਨ ਪ੍ਰੀਤਿ ॥ ਮਧੁਰੋ ਨ ਗੀਤ ॥੧॥

ਜਿਸਦੀ (ਤਪਤ + ਅੰਨ) ਤਪਤ = ਤੱਤੇ ਗਰਮ-ਗਰਮ ਅੰਨ = ਭੋਜਨ ਖਾਣ ਨਾਲ ਪ੍ਰੀਤੀ ਹੈ। ਫੇਰ ਜੋ ਮਧੁਰੋ = ਮਿੱਠੀ ਗੀਤ = ਬੋਲੀ ਨਹੀਂ ਬੋਲਣਾ ਕਰਦਾ ॥੧॥

## ਰਵਿ ਅੰਤ ਭੋਰ ॥ ਜਿੰਹ ਨੀਂਦ ਘੋਰ ॥

ਰਵਿ = ਸੂਰਜ ਦੇ ਅੰਤ = ਛਿਪਣ ਤੋਂ ਲੈ ਕੇ ਭੋਰ = ਸਵੇਰ ਚੜ੍ਹਨ ਤਕ, ਜਿਹ = ਜਿਸ ਮਨੁੱਖ ਦੀ ਬਹੁਤ ਘੋਰ = ਗੂੜ੍ਹੀ ਨੀਂਦ ਹੈ, ਭਾਵ ਰਾਤ ਪੈਣ ਤੋਂ ਪਹਿਲਾਂ ਸੂਰਜ ਛਿਪਦੇ ਨਾਲ ਹੀ ਸੌਂ ਜਾਂਦਾ ਹੈ ਅਤੇ ਸਵੇਰੇ ਸੂਰਜ ਚੜ੍ਹੇ ਹੀ ਉੱਠਦਾ ਹੈ।

## ਜਬ ਲੱਛ ਕੰਤ ॥ ਤਿੰਹ ਸ੍ਰੀ ਤਜੰਤ ॥੨॥

ਜਬ = ਜਦ ਭਾਵੇਂ ਉਹ ਲਛ = ਲਛਮੀ ਦਾ ਕੰਤ = ਪਤੀ ਵਿਸ਼ਨੂੰ ਹੀ ਕਿਉਂ ਨਾ ਹੋਵੇ। ਤਿੰਹ = ਉਸਨੂੰ ਵੀ ਸ੍ਰੀ = ਲੱਛਮੀ, ਮਾਇਆ ਤਜੰਤ = ਛੱਡ ਕੇ ਚਲੀ ਜਾਵੇਗੀ, ਭਾਵ ਜਿਸਦੇ ਵਿਚ ਐਸੇ ਅਸ਼ੁੱਭ ਗੁਣ ਹੋਣਗੇ, ਉਸ ਪਾਸ ਧਨ ਪਦਾਰਥ ਨਹੀਂ ਰਹਿ ਸਕਦਾ **ਵਾ:** ਐਸੇ ਮਨੁੱਖ ਦੀ ਸ੍ਰੀ = ਸ਼ੋਭਾ ਨਾਸ ਹੋ ਜਾਂਦੀ ਹੈ। ਇਸ ਲਈ ਐਸੇ ਅਸ਼ੁੱਭ ਗੁਣਾਂ ਦਾ ਤਿਆਗ ਕਰਨਾ ਯੋਗ ਹੈ॥੨॥

## ਤਿਲਕਾ ਛੰਦ ॥ ਪਰ ਅੰਨ ਹਰੇ ॥ ਪਰ ਧਨ ਚੁਰੇ ॥

ਜੋ ਮਨੁੱਖ ਪਰ = ਪਰਾਏ ਅੰਨ = ਭੋਜਨ ਨੂੰ ਹਰੇ = ਚੁਰਾਉਣਾ ਕਰਦਾ ਹੈ। ਜੋ ਪਰ = ਪਰਾਏ ਧਨ ਨੂੰ ਚੁਰੇ = ਚੁਰਾਉਣਾ ਕਰਦਾ ਹੈ।

## ਪਰ ਸੇਜ ਰਮੇਂ ॥ ਗੁਰੁ ਨਾਰਿ ਗਮੇਂ ॥੩॥

ਫੇਰ ਜੋ ਪਰ = ਪਰਾਈ ਸੇਜਾ 'ਤੇ ਜਾ ਕੇ ਪਰਾਈਆਂ ਇਸਤ੍ਰੀਆਂ ਨਾਲ ਰਮੇਂ = ਵਿਸ਼ੇ ਭੋਗਦਾ ਹੈ ਅਤੇ ਜੋ ਆਪਣੇ ਗੁਰੂ ਦੀ ਨਾਰਿ = ਇਸਤ੍ਰੀ ਨਾਲ ਗਮੇਂ = ਵਿਭਚਾਰ ਕਰਨ ਵਾਲਾ ਹੈ॥੩॥

## ਪਰ ਧਾਮ ਬਸੇ ॥ ਪੁੰਨ ਦਾਨ ਨਸੇ ॥

ਫੇਰ ਜੋ ਮਨੁੱਖ ਪਰ = ਪਰਾਏ ਧਾਮ = ਘਰਾਂ ਵਿਚ ਜਾ ਕੇ ਬਸੇ = ਨਿਵਾਸ ਕਰਦਾ ਹੈ। ਜੋ ਮਨੁੱਖ ਪੁੰਨ ਅਤੇ ਦਾਨ ਆਦਿ ਸ਼ੁੱਭ ਕਰਮ ਤੋਂ ਨਸੇ = ਨੱਸਦਾ ਹੈ **ਵਾ:** ਐਸੇ ਅਸ਼ੁੱਭ ਕਰਮ ਕਰਨ ਵਾਲੇ ਮਨੁੱਖ ਕੋਲੋਂ ਪੁੰਨ ਦਾਨ ਨੱਸ ਜਾਂਦੇ ਹਨ, ਭਾਵ ਪੁੰਨ ਦਾਨ ਦਾ ਫਲ ਨਸ਼ਟ ਹੋ ਜਾਂਦਾ ਹੈ।

## ਯਦਿ ਇੰਦ੍ਰ ਅਹੇ ॥ ਤਿਹ ਸ੍ਰੀ ਨ ਰਹੇ ॥੪॥

ਯਦਿ = ਭਾਵੇਂ ਉਹ ਇੰਦ੍ਰ ਪਦਵੀ 'ਤੇ ਬਿਰਾਜਮਾਨ ਅਹੇ = ਹੈ। ਤਿਹ = ਉਸ ਕੋਲ ਸ੍ਰੀ = ਲੱਛਮੀ, ਮਾਇਆ ਨਹੀਂ ਰਹੇ = ਰਹੇਗੀ, ਭਾਵ ਐਸੇ ਔਗੁਣਾਂ ਵਾਲੇ ਮਨੁੱਖ ਨੂੰ ਲੱਛਮੀ ਤਿਆਗ ਕੇ ਚਲੀ ਜਾਂਦੀ ਹੈ॥੪॥

## ਤੋਟਕ ਛੰਦ ॥
## ਖੁਧਤ਼ਾ ਸਮ ਨਾਂ ਤਨ ਖੇਦ ਅਹੈ ॥
## ਨਹਿ ਚਿੰਤ ਸਮਾ ਤਨ ਸੋਖਕ ਹੈ ॥

ਖੁਧਤ਼ਾ = ਭੁੱਖ ਦੇ ਸਮ = ਸਮਾਨ ਤਨ = ਸਰੀਰ ਨੂੰ ਕੋਈ ਹੋਰ ਕੋਈ ਖੇਦ = ਦੁੱਖ ਨਹੀਂ ਹੈ, ਭਾਵ ਭੁੱਖ ਵਰਗਾ ਇਸ ਸੰਸਾਰ ਵਿਚ ਹੋਰ ਕੋਈ ਦੁੱਖ ਨਹੀਂ ਹੈ ਕਿਉਂਕਿ ਭੁੱਖ ਤੋਂ ਦੁਖੀ ਮਨੁੱਖ ਆਪਣੇ ਪ੍ਰਾਣਾਂ ਦੀ

ਰੱਖਿਆ ਲਈ ਜੋ ਜੋ ਕਰਮ ਨਹੀਂ ਕਰਨਾ ਹੁੰਦਾ, ਉਹ ਵੀ ਕਰਦਾ ਹੈ। ਗੁਰਬਾਣੀ ਅੰਦਰ ਗੁਰੂ ਸਾਹਿਬ ਜੀ ਨੇ ਵੀ ਭੁੱਖ ਨੂੰ ਵੱਡੇ ਦੁੱਖਾਂ ਵਿਚ ਗਿਣਿਆ ਹੈ। ਜੈਸਾ ਕਿ :

**ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥**
**ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥** *(ਮਲਾਰ ਮ: ੧, ਅੰਗ ੧੨੫੬)*

ਫ਼ਰੀਦ ਜੀ ਦਾ ਵੀ ਬਚਨ ਆਉਂਦਾ ਹੈ। ਜੈਸਾ ਕਿ :

**ਫਰੀਦ ਮੌਤੋਂ ਭੁਖ ਬੁਰੀ। ਰਾਤੀਂ ਸੁਤੇ ਖਾਇ ਕੈ ਦਿਨੇ ਫੇਰ ਖੜੀ।** *(ਬਾਹਰਲੀ ਬਾਣੀ)*

**ਕਬਿੱਤ ॥**
**ਕੁਲ ਕੋ ਜੋ ਮਾਨ ਸੋ ਮਹਾਨ ਦ੍ਰਿਢ ਗ੍ਰੰਥ ਆਹਿ, ਤਾਹਿ ਕੇ ਪ੍ਰਭੇਦਨ ਕੇ ਮਾਹਿ ਸਿਆਨੀ ਭਾਰੀ ਹੈ।**
**ਗੁਣ ਗਨ ਕਵੀ ਵਾਰੀ ਕੋ ਖਿਰਾਨ ਵਾਰੀ ਸੁਭ੍ਰ, ਸੋਮ ਉਜਿਆਰੀ ਲਾਜ ਲਤਾ ਕੋ ਕੁਹਾਰੀ ਹੈ।**
**ਮੋਖ ਭੋਗ ਸੁਖਿਆਰੀ ਦੀਨਤਾ ਕਲੇਸ ਕਯਾਰੀ, ਧੀਰਜ ਕੇ ਦੀਪ ਕੋ ਸਮਾਨ ਵਯਾਰੀ ਹਾਰੀ ਹੈ।**
**ਐਸੀ ਪੇਟ ਕੀ ਪਿਟਾਰੀ ਲਾਈ ਕੂਰ ਮੁਖਚਾਰੀ, ਪੂਰ ਪੂਰ ਸਭ ਹਾਰੀ ਠਾਗੀ ਵਿਸੂ ਸਾਰੀ ਹੈ।**

ਫੇਰ ਚਿੰਤ = ਗ਼ਮ, ਫ਼ਿਕਰਾਂ ਦੇ ਸਮਾ = ਬਰਾਬਰ ਤਨ = ਸਰੀਰ ਨੂੰ ਸੋਖਕ = ਸੁਕਾਉਣ ਵਾਲਾ ਹੋਰ ਕੋਈ ਨਹੀਂ ਹੈ, ਜਿਵੇਂ ਆਮ ਹੀ ਲੋਕਿਕ ਪ੍ਰਮਾਨ ਹੈ ਕਿ 'ਚਿੰਤਾ ਚਿਖਾ ਬਰਾਬਰੇ' ਸਤਿਗੁਰੂ ਜੀ ਨੇ ਪਾਵਨ ਗੁਰਬਾਣੀ ਇਸ ਚਿੰਤਾ ਦੇ ਸੰਬੰਧ ਵਿਚ ਕਥਨ ਕੀਤਾ ਹੈ ਕਿ ਜੋ ਦੁਨੀਆਂ ਦੇ ਵੱਡੇ-ਵੱਡੇ ਲੋਕ-ਦਿੱਸਦੇ ਹਨ, ਉਨ੍ਹਾਂ ਨੂੰ ਜ਼ਿਆਦਾ ਚਿੰਤਾ ਵਿਆਪਦੀ ਹੈ। ਜੈਸਾ ਕਿ :

**ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥੧॥** *(ਗਉੜੀ ਮ: ੫, ਅੰਗ ੧੮੮)*

ਚਾਣਕਯ ਰਿਖੀ ਜੀ ਵੀ ਚਿੰਤਾ ਨੂੰ ਮਨੁੱਖ ਦਾ ਵੈਰੀ ਲਿਖਦੇ ਹਨ। ਜੈਸਾ ਕਿ :

**ਸੋਕ ਬਰਾਬਰ ਸਤ੍ਰ ਨਹਿ ਇਨਕਾ ਕਰੈ ਬਿਨਾਸ ॥੩॥** *(ਚਾਣਕਯ ਨੀਤੀ, ਅਧਿ: ੪)*

## ਜਨ ਭੂਖਨ ਨਹਿ; ਵਿਦਯਾ ਕੇ ਸਮਾਂ ॥
## ਨਹਿ ਰੱਖਯਕ ਕਾਂਇ; ਸਮਾਨ ਖਿਮਾਂ ॥੫॥

ਵਿੱਦਿਆ ਕੇ = ਦੇ ਸਮਾਂ = ਬਰਾਬਰ ਜਨ = ਮਨੁੱਖ ਦਾ ਹੋਰ ਕੋਈ ਭੂਖਨ = ਗਹਿਣਾ ਨਹੀਂ ਹੈ।

ਫੇਰ ਖਿਮਾ ਦੇ ਸਮਾਨ = ਬਰਾਬਰ ਇਸ ਕਾਂਇ = ਸਰੀਰ ਦੀ ਰੱਖਯਕ = ਰੱਖਿਆ ਕਰਨ ਵਾਲਾ ਹੋਰ ਕੋਈ ਨਹੀਂ ਹੈ ਕਿਉਂਕਿ ਖਿਮਾ ਕਰਨ ਵਾਲੇ ਦਾ ਚਿਤ ਸ਼ਾਂਤ ਰਹਿੰਦਾ ਹੈ ਅਤੇ ਸਭ ਲੋਕ ਉਸ ਉੱਪਰ ਪ੍ਰਸੰਨ ਰਹਿੰਦੇ ਹਨ ਜਿਸ ਕਰਕੇ ਕੋਈ ਵੀ ਝਗੜਾ ਕਲੇਸ਼ ਨਹੀਂ ਹੁੰਦਾ। ਇਸ ਕਰਕੇ ਇਹ ਖਿਮਾ ਸਭ ਦੇ ਧਾਰਨ ਕਰਨ ਦੇ ਜੋਗ ਹੈ ॥੫॥

## ਖੁਧਯਾ ਕਰ ਆਤੁਰ; ਜੋ ਨਰੁ ਹੈ ॥
## ਬੁਧਿ ਕ੍ਰਾਂਤਿ ਉਭੈ; ਤਿਨ ਕੀ ਨ ਰਹੈ ॥

ਉਸੇ ਵਿਚਾਰ ਅਨੁਸਾਰ ਕਥਨ ਕਰਦੇ ਹਨ ਕਿ ਜੋ = ਜਿਹੜਾ ਨਰੁ = ਪੁਰਖ ਖੁਧਯਾ = ਭੁੱਖ ਕਰ = ਕਰਕੇ ਆਤੁਰ = ਦੁਖੀ ਰਹਿੰਦਾ ਹੈ, ਭਾਵ ਖਾਣ ਨੂੰ ਕੁਝ ਪਦਾਰਥ ਨਹੀਂ ਮਿਲਦਾ।

ਤਿਨ = ਉਸ ਮਨੁੱਖ ਦੀ ਬੁਧਿ = ਬੁੱਧੀ, ਮੱਤ ਅਤੇ ਕ੍ਰਾਂਤਿ = ਚਿਹਰੇ ਦੀ ਸੁੰਦਰਤਾ, ਸ਼ੋਭਾ ਇਹ ਉਭੈ = ਦੋਵੇਂ ਹੀ ਨਹੀਂ ਰਹੈ = ਰਹਿੰਦੀਆਂ ਭਾਵ ਭੁੱਖ ਦੇ ਕਾਰਨ ਅਕਲ ਵੀ ਠਿਕਾਣੇ ਨਹੀਂ ਰਹਿੰਦੀ ਅਤੇ ਚਿਹਰਾ ਵੀ ਮੁਰਝਾ ਜਾਂਦਾ ਹੈ।

## ਅਤਿ ਆਤੁਰ; ਚਿੰਤਹਿ ਤੇ ਜੁ ਨਰਾ॥
## ਸੁਖ ਨੀਂਦ ਉਭੈ; ਤਿਨ ਕੋ ਨ ਜਰਾ॥੬॥

ਜੁ = ਜਿਹੜਾ ਨਰਾ = ਮਨੁੱਖ ਚਿੰਤਹਿ = ਚਿੰਤਾ ਕਰਕੇ ਅਤਿ = ਅਤਿਅੰਤ ਆਤੁਰ = ਦੁਖੀ ਹੋ ਰਿਹਾ ਹੈ। ਤਿਨ = ਉਸ ਮਨੁੱਖ ਕੋ = ਨੂੰ ਸੁੱਖ ਅਤੇ ਨੀਂਦ ਉਭੈ = ਦੋਵੇਂ ਜਰਾ = ਰੰਚਕ ਮਾਤਰ ਵੀ ਪ੍ਰਾਪਤ ਨਹੀਂ ਹੁੰਦੇ, ਭਾਵ ਚਿੰਤਾ ਵਾਲੇ ਮਨੁੱਖ ਨੂੰ ਨਾ ਤਾਂ ਸੁਖ ਮਿਲਦਾ ਹੈ ਅਤੇ ਨਾ ਹੀ ਸੁਖ ਦੀ ਨੀਂਦ ਪ੍ਰਾਪਤ ਹੁੰਦੀ ਹੈ। ਹਰ ਵਕਤ ਗ਼ਮਾਂ ਵਿਚ ਪਿਆ ਹੋਇਆ ਦੁਖੀ ਰਹਿੰਦਾ ਹੈ, ਜਿਸ ਕਰਕੇ ਉਸਦਾ ਜੀਵਨ ਵਿਅਰਥ ਹੀ ਗੁਜ਼ਰਦਾ ਜਾਂਦਾ ਹੈ ਤਾਂਹੀਓਂ ਹੀ ਸਤਿਗੁਰੂ ਜੀ ਨੇ ਗੁਰਬਾਣੀ ਅੰਦਰ ਅਨੇਕ ਥਾਵਾਂ 'ਤੇ ਇਸ ਚਿੰਤਾ ਤੋਂ ਰਹਿਤ ਹੋਣ ਲਈ ਉਪਦੇਸ਼ ਕੀਤਾ ਹੈ॥੬॥ ਜੈਸਾ ਕਿ :

**ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ॥**
**ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ॥**
**ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ॥੧੫॥**

*(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੫)*

**ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥**

*(ਮਾਰੂ ਮ: ੪, ਸੋਲਹੇ, ਅੰਗ ੧੦੭੦)*

## ਮਨੁਜਾਤੁਰ; ਜੇ ਜਨ ਆਹਿ ਸਹੀ॥ ਤਿਨ ਕੋ ਨਹਿ ਤ੍ਰਾਸ; ਨ ਲਾਜ ਕਹੀਂ॥

ਜੇ = ਜਿਹੜਾ ਜਨ = ਪੁਰਖ ਸਹੀ = ਨਿਸ਼ਚੇ ਕਰਕੇ (ਮਨੁਜ + ਆਤੁਰ) ਮਨੁਜ = ਮਨ ਤੋਂ ਜਨਮ ਲੈਣ ਵਾਲੇ ਕਾਮ ਕਰਕੇ ਆਤੁਰ = ਦੁਖੀ ਆਹਿ = ਹੈ, ਭਾਵ ਜੋ ਕਾਮ ਵਾਸ਼ਨਾ ਦੇ ਅਧੀਨ ਹੋਇਆ ਪਿਆ ਹੈ।

ਤਿਨ = ਉਸ ਮਨੁੱਖ ਕੋ = ਨੂੰ ਨਹਿ = ਨਾ ਤਾਂ ਕਿਸੇ ਦਾ ਤ੍ਰਾਸ = ਡਰ ਰਹਿੰਦਾ ਹੈ ਅਤੇ ਨਾ ਹੀ ਕਹੀਂ = ਕਿਤੇ ਲੋਕਾਂ ਦੀ ਲਾਜ = ਲੱਜਾ, ਸ਼ਰਮ ਰਹਿੰਦੀ ਹੈ, ਭਾਵ ਕਾਮ ਦੀ ਵਾਸ਼ਨਾ ਵਿਚ ਗ੍ਰਸਿਆ ਹੋਇਆ ਮਨੁੱਖ ਆਪਣੀ ਵਾਸ਼ਨਾ ਦੀ ਪੂਰਤੀ ਲਈ ਧਰਮ ਗ੍ਰੰਥਾਂ ਦੇ ਇਸ ਕਾਮ ਦੇ ਮੰਦੇ ਫਲ ਵਾਲੇ ਕਹੇ ਹੋਏ ਬਚਨਾਂ ਜਾਂ ਲੋਕਾਂ ਦਾ ਭੈ ਨਹੀਂ ਕਰਦਾ ਅਤੇ ਨਾ ਹੀ ਆਪਣੇ ਪਰਿਵਾਰ ਦੀ ਜਾਂ ਸਮਾਜ ਦੀ ਕੋਈ ਸ਼ਰਮ ਕਰਦਾ ਹੈ। ਸਤਿਗੁਰੂ ਜੀ ਨੇ ਗੁਰਬਾਣੀ ਵਿਚ ਇਸ ਕਾਮ ਦੀ ਬਾਬਤ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥**
**ਚਿਤ ਹਰਣੰ ਤ੍ਰੈ ਲੋਕ ਗੰਮ੍ਯ੍ਯੰ ਜਪ ਤਪ ਸੀਲ ਬਿਦਾਰਣਹ॥**
**ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥**
**ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥੪੬॥**

*(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੮)*

## ਦਰਬਾਤੁਰ; ਜੇ ਜਨ ਆਹਿ ਘਨਾਂ॥ ਤਿਨ ਕੋ ਗੁਰੁ ਸਾਕ; ਨ ਬੰਧੁ ਜਨਾਂ॥੭॥

ਜੇ = ਜਿਹੜਾ ਜਨ = ਪੁਰਖ (ਦਰਬ + ਆਤੁਰ) ਦਰਬ = ਧਨ ਕਰਕੇ ਘਨਾ = ਬਹੁਤ ਆਤੁਰ = ਦੁਖੀ ਆਹਿ = ਹੈ, ਭਾਵ ਧਨ ਦਾ ਵੱਡਾ ਲਾਲਚੀ ਹੈ।

ਤਿਨ = ਉਸ ਮਨੁੱਖ ਕੋ = ਦਾ ਨਾ ਕੋਈ ਗੁਰੂ, ਨਾ ਕੋਈ ਸਾਕ = ਰਿਸ਼ਤੇਦਾਰ ਤੇ ਨਾ ਕੋਈ ਬੰਧੁ = ਸੰਬੰਧੀ

ਪਿਆਰਾ ਹੁੰਦਾ ਹੈ ਕਿਉਂਕਿ ਉਹ ਹਰੇਕ ਨਾਲ ਬਾਹਰੋਂ ਪਿਆਰ ਦਾ ਪ੍ਰਗਟਾਵਾ ਕਰ ਕੇ ਠੱਗੀ ਮਾਰਦਾ ਹੈ, ਉਸ ਦਾ ਕੇਵਲ ਧਨ ਨਾਲ ਹੀ ਪਿਆਰ ਹੁੰਦਾ ਹੈ॥੭॥

## ਸੋਰਠਾ॥ ਕ੍ਰੋਧ ਅਨਰਥਨ ਮੂਲ; ਕ੍ਰੋਧ ਜਨਮ ਅਰੁ ਮਰਨ ਦੇ॥

ਹੇ ਭਾਈ! ਕ੍ਰੋਧ ਸਭ ਅਨਰਥਨ = ਪਾਪਾਂ ਦਾ ਮੂਲ = ਮੁੱਢ ਹੈ ਭਾਵ ਜਿਵੇਂ ਬੀਜ ਤੋਂ ਬਿਰਛ ਬਣਦਾ ਹੈ ਤਿਵੇਂ ਕ੍ਰੋਧ ਤੋਂ ਸਾਰੇ ਪਾਪ ਹੁੰਦੇ ਹਨ ਜੋ ਪੁਰਖ ਕ੍ਰੋਧ ਕਰਦਾ ਹੈ ਮਾਨੋ ਉਸਨੇ ਸਾਰੇ ਪਾਪ ਹੀ ਕਰ ਲਏ, ਫੇਰ ਇਹ ਕ੍ਰੋਧ ਹੀ ਜੰਮਣ ਮਰਣ ਦਾ ਦੁੱਖ ਦੇਣ ਵਾਲਾ ਹੈ।

## ਕ੍ਰੋਧ ਧਰਮ ਨਿਰਮੂਲ; ਤਾਂ ਤੇ ਕ੍ਰੋਧ ਤਯਾਗ ਸ਼ੁਭ॥੮॥

ਕ੍ਰੋਧ ਜਪ, ਤਪ, ਤੀਰਥ, ਬਰਤ, ਪੁੰਨ ਆਦਿ ਧਰਮ ਨੂੰ ਨਿਰਮੂਲ = ਮੁੱਢ ਤੋਂ ਰਹਿਤ ਕਰਨ ਵਾਲਾ ਹੈ ਭਾਵ ਮਨੁੱਖ ਨੂੰ ਧਰਮ ਤੋਂ ਹੀਣ ਕਰ ਦੇਂਦਾ ਹੈ। ਤਾਂ ਤੇ = ਤਿਸ ਲਈ ਕ੍ਰੋਧ ਨੂੰ ਤਿਆਗਣਾ ਹੀ ਸ਼ੁਭ = ਸ੍ਰੇਸ਼ਟ ਹੈ॥੮॥

## ਦੋਹਰਾ॥ ਕਾਲਕੂਟ ਅਰੁ ਕ੍ਰੋਧ ਮੈਂ; ਬਡੋ ਅੰਤਰੋ ਆਹਿ॥

ਕਾਲਕੂਟ = ਜ਼ਹਿਰ ਅਰੁ = ਅਤੇ ਕ੍ਰੋਧ ਦੇ ਮੈਂ = ਵਿਚ ਬਹੁਤ ਬਡੋ = ਵੱਡਾ ਅੰਤਰੋ = ਫ਼ਰਕ ਆਹਿ = ਹੈ।

## ਕ੍ਰੋਧ ਨਿਜਾਸ੍ਰੈ ਕੋ ਦਹੈ; ਵਿਖ ਨਹਿ ਸ੍ਵਾਸ੍ਰੈ ਦਾਹਿ॥੯॥

ਕਿਉਂਕਿ ਜੋ ਕ੍ਰੋਧ ਹੈ ਉਹ (ਨਿਜ + ਆਸ੍ਰੈ) ਨਿਜ = ਆਪਣੇ ਆਸਰੇ ਕੋ = ਨੂੰ ਦਹੈ = ਸਾੜਦਾ ਹੈ, ਪਰ ਵਿਖ = ਜ਼ਹਿਰ ਸ੍ਵਾਸ੍ਰੈ = ਆਪਣੇ ਆਸਰੇ ਨੂੰ ਦਾਹਿ = ਸਾੜਨਾ ਨਹੀਂ ਕਰਦਾ। ਭਾਵ ਜਿਸ ਸ਼ੀਸ਼ੀ ਵਿਚ ਜ਼ਹਿਰ ਪਿਆ ਹੈ, ਉਹ ਸ਼ੀਸ਼ੀ ਉਸ ਜ਼ਹਿਰ ਦਾ ਆਸਰਾ ਹੈ, ਉਸ ਸ਼ੀਸ਼ੀ ਵਿਚ ਭਾਵੇਂ ਕਈ ਵਰ੍ਹੇ ਜ਼ਹਿਰ ਪਿਆ ਰਹੇ ਪਰ ਉਹ ਆਪਣੇ ਆਸਰੇ ਨੂੰ ਨਹੀਂ ਸਾੜਦਾ, ਉਸ ਸ਼ੀਸ਼ੀ ਦਾ ਕੋਈ ਨੁਕਸਾਨ ਨਹੀਂ ਹੁੰਦਾ। ਪਰ ਕ੍ਰੋਧ ਦਾ ਆਪਣਾ ਆਸਰਾ ਮਨੁੱਖ ਦਾ ਹਿਰਦਾ ਹੈ, ਜਿਸ ਹਿਰਦੇ ਵਿਚ ਕ੍ਰੋਧ ਰਹਿੰਦਾ ਹੈ, ਉਸ ਹਿਰਦੇ ਨੂੰ ਵੀ ਸਾੜਦਾ ਹੈ ਤੇ ਜਿਸ ਮਨੁੱਖ ਨੂੰ ਕ੍ਰੋਧ ਵੱਸ ਹੋ ਕੇ ਕੁਵਚਨ ਬੋਲੇ, ਅੱਗੇ ਉਸ ਮਨੁੱਖ ਦਾ ਹਿਰਦਾ ਵੀ ਸਾੜ ਦੇਂਦਾ ਹੈ। ਇਸ ਲਈ ਇਹ ਕ੍ਰੋਧ ਜ਼ਹਿਰ ਨਾਲੋਂ ਵੀ ਮਾੜਾ ਹੈ॥੯॥

## ਮਾਨ ਨਿੰਮ੍ਰਤਾ ਪ੍ਰੀਤਿ ਤ੍ਰੈ; ਸ਼ੀਘਰ ਕ੍ਰੋਧ ਤੇ ਨਾਸ॥

ਮਾਨ = ਆਦਰ, ਨਿੰਮ੍ਰਤਾ = ਝੁਕਣਾ ਅਤੇ ਪ੍ਰੀਤੀ ਇਹ ਤਿੰਨੇ ਕ੍ਰੋਧ ਕਰਨ ਤੋਂ ਸ਼ੀਘਰ = ਛੇਤੀ ਹੀ ਨਾਸ਼ ਹੋ ਜਾਂਦੀਆਂ ਹਨ, ਭਾਵ ਕ੍ਰੋਧੀ ਪੁਰਸ਼ ਦਾ ਨਾ ਕੋਈ ਮਾਨ ਕਰਦਾ ਹੈ ਨਾ ਹੀ ਨਿੰਮ੍ਰਤਾ ਦਾ ਗੁਣ ਰਹਿੰਦਾ ਹੈ ਅਤੇ ਨਾ ਹੀ ਕੋਈ ਉਸ ਨਾਲ ਪ੍ਰੀਤੀ ਕਰਦਾ ਹੈ।

## ਹ੍ਵੈ ਪ੍ਰਤੀਤਿ ਹਤ ਕਪਟ ਕਰ; ਸ਼ੁਭ ਗੁਣ ਲੋਭ ਪ੍ਰਨਾਸ॥੧੦॥

ਕਪਟ = ਛਲ ਫ਼ਰੇਬ ਕਰਨ ਪ੍ਰਤੀਤਿ = ਵਿਸ਼ਵਾਸ ਹਤ = ਨਾਸ਼ ਹ੍ਵੈ = ਹੋ ਜਾਂਦਾ ਹੈ, ਭਾਵ ਜਿਸ ਮਨੁੱਖ ਉੱਪਰ ਸਭ ਲੋਕ ਵਿਸ਼ਵਾਸ ਕਰਦੇ ਹੋਣ, ਜੇਕਰ ਉਹ ਛਲ, ਫ਼ਰੇਬ, ਧੋਖਾ ਕਰ ਜਾਵੇ ਤਾਂ ਉਸ ਉੱਪਰੋਂ ਸਭ ਦਾ ਵਿਸ਼ਵਾਸ ਚੁੱਕਿਆ ਜਾਂਦਾ ਹੈ। ਏਸੇ ਤਰ੍ਹਾਂ ਲੋਭ = ਲਾਲਚ ਕਾਰਨ ਮਨੁੱਖ ਦੇ ਅੰਦਰੋਂ ਸ਼ੁਭ ਗੁਣ ਪ੍ਰਨਾਸ = ਨਵਿਰਤ ਹੋ ਜਾਂਦੇ ਹਨ, ਭਾਵ ਮਨੁੱਖ ਭਾਵੇਂ ਕਿਤਨੀ ਵੀ ਵਿੱਦਿਆ ਪੜ੍ਹਿਆ ਹੋਵੇ, ਜੇਕਰ ਉਸਦੇ

ਅੰਦਰ ਲੋਭ ਵਾਲੀ ਲਾਲਚੀ ਬਿਰਤੀ ਹੈ ਤਾਂ ਗੁਰਬਾਣੀ ਅੰਦਰ ਐਸੇ ਮਨੁੱਖ ਨੂੰ ਮੂਰਖ ਕਥਨ ਕੀਤਾ ਗਿਆ ਹੈ ॥੧੦॥ ਜੈਸਾ ਕਿ :

**ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥** *(ਮਾਝ ਕੀ ਵਾਰ, ਅੰਗ ੧੪੦)*

## ਕਰੇ ਬਖੀਲੀ ਬਲੀ ਸੋਂ; ਪਾਪ ਕਰਮ ਮੈਂ ਪਯਾਰ ॥

ਜੋ ਮਨੁੱਖ ਆਪਣੇ ਨਾਲੋਂ ਜ਼ਿਆਦਾ ਬਲੀ = ਬਲ ਵਾਲੇ ਦੇ ਸੋਂ = ਨਾਲ ਬਖੀਲੀ = ਈਰਖਾ ਕਰਦਾ ਹੈ ਅਤੇ ਜੋ ਪਾਪ = ਮੰਦ ਕਰਮਾਂ ਮੈ = ਵਿਚ ਪਯਾਰ = ਸਨੇਹ ਕਰਦਾ ਹੈ।

## ਤ੍ਰਿਯ ਪ੍ਰਤੀਤਿ ਸਾਜਨ ਕਲ੍ਹੈ; ਮਿਰਤ ਦ੍ਵਾਰ ਇਹ ਚਾਰ ॥੧੧॥

ਫੇਰ ਜੋ ਪੁਰਸ਼ ਆਪਣੀ ਤ੍ਰਿਯ = ਇਸਤ੍ਰੀ ਦੇ ਬਚਨਾਂ ਉੱਪਰ ਪ੍ਰਤੀਤਿ = ਵਿਸ਼ਵਾਸ ਕਰਦਾ ਹੈ, ਭਾਵ ਜੋ ਵੀ ਇਸਤ੍ਰੀ ਕਹੀ ਜਾਵੇ, ਵਿਸ਼ੇ ਅਧੀਨ ਹੋ ਕੇ ਉਹੀ ਸਭ ਕੁਝ ਮੰਨੀ ਜਾਣਾ, ਅਤੇ ਜਿਸ ਦੀ ਆਪਣੇ ਸਾਜਨ = ਮਿੱਤ੍ਰਾਂ ਦੇ ਨਾਲ ਕਲ੍ਹੈ = ਲੜਾਈ ਪਈ ਰਹਿੰਦੀ ਹੈ, ਇਹ ਚਾਰੇ ਮਾਨੋ ਮਿਰਤ = ਮੌਤ ਦੇ ਦ੍ਵਾਰ = ਦਰਵਾਜ਼ੇ ਹਨ ॥੧੧॥

## ਕੋਇੱਕ ਮਿਤ੍ਰ ਨ ਕਹੂੰ ਕੋ; ਕੋਇੱਕ ਰਿਪੁ ਕਹੂੰ ਨਾਂਹਿ ॥

ਅਸਲ ਵਿਚ ਕਹੂੰ = ਕਿਸੇ ਕੋ = ਦਾ ਕੋਇੱਕ = ਕੋਈ ਵੀ ਮਿਤ੍ਰ = ਦੋਸਤ ਨਹੀਂ ਹੈ ਅਤੇ ਕਹੂੰ = ਕਿਸੇ ਦਾ ਕੋਈ ਵੀ ਰਿਪੁ = ਦੁਸ਼ਮਨ ਨਾਂਹਿ = ਨਹੀਂ ਹੈ।

## ਜੀਵਨ ਕੇ ਗੁਣ ਦੋਖ ਜੋ; ਸ਼ਤ੍ਰੁ ਮਿੱਤ੍ਰ ਤੇ ਆਹਿ ॥੧੨॥

ਜੋ ਜੀਵਨ = ਜੀਵਾਂ ਕੇ = ਦੇ ਗੁਣ ਅਤੇ ਦੋਖ = ਦੋਸ਼ ਹਨ, ਤੇ = ਉਹੀ ਸ਼ਤ੍ਰੁ = ਵੈਰੀ ਤੇ ਮਿੱਤਰ ਰੂਪ ਆਹਿ = ਹਨ, ਭਾਵ ਜੀਵਾਂ ਦੇ ਜੋ ਗੁਣ ਹਨ ਉਹ ਮਿਤ੍ਰ ਰੂਪ ਹਨ ਕਿਉਂਕਿ ਜਦੋਂ ਮਨੁੱਖ ਸ਼ੁਭ ਗੁਣ ਕਮਾਉਣਾ ਕਰਦਾ ਹੈ, ਤਦ ਸਭ ਲੋਕ ਆਦਰ ਮਾਨ ਦੇਂਦੇ ਹਨ ਅਤੇ ਜਦੋਂ ਜੀਵ ਗੁਨਾਹ ਕਰਦਾ ਹੈ ਉਹ ਗੁਨਾਹ ਹੀ ਜੀਵ ਦੇ ਦੁਸ਼ਮਨ ਹਨ ਕਿਉਂਕਿ ਉਨ੍ਹਾਂ ਗੁਨਾਹਾਂ ਕਰਕੇ ਇਸ ਲੋਕ ਵਿਚ ਵੀ ਪ੍ਰਲੋਕ ਵਿਚ ਵੀ ਸਜ਼ਾਵਾਂ ਮਿਲਦੀਆਂ ਹਨ ॥੧੨॥

## ਦੋਹਰਾ ॥ ਦੋ ਤਿਲਕੇ ਮਧੁਭਾਰ ਦੋ; ਤ੍ਰੈ ਤੋਟਕ ਪਹਿਚਾਨ ॥

ਛੰਦਾਂ ਦੀ ਗਿਣਤੀ ਕਰਕੇ ਦੱਸਦੇ ਹਨ ਕਿ ਇਸ ਅਧਿਆਇ ਅੰਦਰ ਦੋ ਤਿਲਕੇ ਛੰਦ, ਦੋ ਮਧੁਭਾਰ ਛੰਦ ਅਤੇ ਤ੍ਰੈ = ਤਿੰਨ ਤੋਟਕ ਛੰਦ ਆਏ ਹੋਏ ਪਹਿਚਾਨ = ਪਛਾਨਣਾ ਕਰੋ।

## ਚਾਰ ਦੋਹਿਰੇ ਸੋਰਠਿਕ; ਦ੍ਵਾਦਸ ਛੰਦ ਬਖਾਨ ॥੧॥

ਚਾਰ ਦੋਹਰੇ ਅਤੇ (ਸੋਰਠ + ਇਕ) ਇਕ ਸੋਰਠਾ ਛੰਦ ਆਇਆ ਹੈ, ਇਉਂ ਕੁਲ ਦ੍ਵਾਦਸ = ਬਾਰਾਂ ਛੰਦ ਬਖਾਨ = ਕਥਨ ਕੀਤੇ ਹਨ ॥੧॥

## ਇਤਿ ਸ੍ਰੀ ਸਾਰੁਕਤਾਵਲੀ; ਤਾਸ ਦਸਮ ਅਧ੍ਯਾਇ ॥

ਜੋ ਸ੍ਰੀ = ਸੁਭਾਏਮਾਨ ਸਾਰੁਕਤਾਵਲੀ ਗ੍ਰੰਥ ਹੈ, ਤਾਸ = ਤਿਸਦਾ ਦਸਮ = ਦਸਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਕ੍ਰੋਧਾਇਕ ਤਾਂ ਮੈਂ ਕਹੇ; ਮੋਖ ਨਮਿੱਤ ਵਿਹਾਇ ॥੨॥੧੦॥

ਤਾਂ = ਤਿਸ ਅਧਿਆਇ ਦੇ ਮੈ = ਵਿਚ ਕਵੀ ਹਰਦਿਆਲ ਜੀ ਨੇ ਕਾਮ ਕ੍ਰੋਧ ਆਦਿਕ ਵਿਸ਼ੇ ਕਹੇ = ਕਥਨ ਕੀਤੇ ਹਨ, ਜੋ ਮੋਖ = ਮੁਕਤੀ ਦਾ ਨਮਿਤ = ਕਾਰਨ ਹਨ ॥੨॥੧੦॥

### ਗਿਆਰ੍ਵਾਂ ਅਧਿਆਇ

## ਅਥ ਇਕਾਦਸੋ ਅਧ੍ਯਾਇ ਪ੍ਰਾਰੰਭ ॥

ਅਥ = ਹੁਣ ਪੰਡਿਤ ਹਰਿਦਿਆਲ ਜੀ ਸਾਰੁਕਤਾਵਲੀ ਗ੍ਰੰਥ ਦਾ ਇਕਾਦਸੋ = ਗਿਆਰ੍ਵਾਂ ਅਧਿਆਇ ਪ੍ਰਾਰੰਭ ਕਰਦੇ ਹਨ।

## ਦੋਹਰਾ ॥ ਏਕਾਦਸ ਅਧਯਾਇ ਮੈਂ; ਸੰਤਨ ਕੀ ਪਰਸੰਸ ॥

ਇਸ ਏਕਾਦਸ = ਗਿਆਰ੍ਵੇਂ ਅਧਿਆਇ ਦੇ ਮੈਂ = ਵਿਚ ਕਵੀ ਜੀ ਸੰਤਨ = ਸ਼ਾਂਤ-ਚਿਤ ਮਹਾਤਮਾ ਜਨਾਂ ਕੀ = ਦੀ ਪਰਸੰਸ = ਉਪਮਾ, ਵਡਿਆਈ ਕਥਨ ਕਰਨਗੇ।

## ਦੁਰਜਨ ਕੀ ਨਿੰਦਾ ਕਰਹਿੰ; ਕਹਿ ਸਲੋਕ ਖਟ ਬਿੰਸ ॥੧॥

ਦੁਰਜਨ = ਖੋਟੇ ਪੁਰਖਾਂ ਕੀ = ਦੀ ਨਿੰਦਾ = ਅਪਕੀਰਤੀ ਕਰਹਿ = ਕਰਨਗੇ ਅਤੇ ਖਟ ਬਿੰਸ (੬ +੨੦) = ੨੬ ਸਲੋਕ ਕਥਨ ਕਰਨਗੇ ॥੧॥

## ਸ੍ਵੈਯਾ ॥
## ਪਰ ਕਾਵ[੧] ਸਦੋਖ, ਅਦੋਖ ਭਨੇ; ਕਟੁ ਵਾਕ ਕਹੇ ਨ, ਪਰੰਤੁ ਸਹੇ ॥

ਸੰਤ ਜਨਾਂ ਦੀ ਮਹਿਮਾ ਕਥਨ ਕਰਦੇ ਹਨ ਕਿ ਉਨ੍ਹਾਂ ਮਹਾਤਮਾ ਜਨਾਂ ਦਾ ਐਸਾ ਜੀਵਨ, ਸੁਭਾਵ ਹੁੰਦਾ ਹੈ ਕਿ ਉਹ ਪਰ = ਪਰਾਏ ਦੀ ਕਾਵ = ਕਵਿਤਾ ਭਾਵੇਂ ਸਦੋਖ = ਸਹਿਤ ਦੋਸ਼ਾਂ ਦੇ ਹੋਵੇ, ਫੇਰ ਵੀ ਉਸਨੂੰ ਅਦੋਖ = ਦੋਸ਼ਾਂ ਤੋਂ ਰਹਿਤ ਹੀ ਭਨੇ = ਕਥਨ ਕਰਦੇ ਹਨ ਕਿਉਂਕਿ ਉਹ ਸੋਚਦੇ ਹਨ ਕਿ ਜਿਸ ਕਵੀ ਨੇ ਇਹ ਕਵਿਤਾ ਬੜੀ ਮਿਹਨਤ ਨਾਲ ਲਿਖੀ ਹੈ ਜੇਕਰ ਕੋਈ ਊਣਤਾਈ ਰਹਿ ਗਈ ਹੈ ਤਾਂ ਕੋਈ ਗੱਲ ਨਹੀਂ ਕਿਉਂਕਿ ਇਸ ਸੰਸਾਰ ਅੰਦਰ ਸਭ ਜੀਵ ਹੀ ਭੁੱਲਣਹਾਰ ਹਨ, ਇਕ ਕਰਤਾ ਪੁਰਖ ਹੀ ਅਭੁੱਲ ਹੈ। ਜੈਸਾ ਕਿ :

**ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥** *(ਪ੍ਰਭਾਤੀ ਮ: ੧, ਅੰਗ ੧੩੪੪)*

ਜੇਕਰ ਅਸੀਂ ਉਸਦੀ ਕਵਿਤਾ ਵਿਚ ਦੂਸ਼ਨ ਕਥਨ ਕਰ ਦਿੱਤਾ ਤਾਂ ਕਿਤੇ ਉਸ ਕਵੀ ਦਾ ਚਿੱਤ ਦੁਖੀ ਨਾ ਹੋ ਜਾਵੇ **ਅਥਵਾ** ਕਿਤੇ 'ਕਾਵ' ਦੀ ਜਗ੍ਹਾ 'ਵਾਕ' ਪਾਠ ਵੀ ਆਉਂਦਾ ਹੈ ਜਿਸਦਾ ਅਰਥ ਹੈ ਕਿ ਜੇਕਰ ਕਿਸੇ ਦੂਸਰੇ ਦੇ ਵਾਕ = ਬਚਨ ਸਹਿਤ ਦੋਸ਼ ਵਾਲੇ ਵੀ ਹੋਣ, ਉਨ੍ਹਾਂ ਨੂੰ ਵੀ ਸੰਤ ਜਨ ਨਿਰਦੋਸ਼ ਹੀ ਕਥਨ ਕਰਦੇ ਹਨ।

ਫੇਰ ਸੰਤ ਜਨ ਕਿਸੇ ਨੂੰ ਕਦੇ ਵੀ ਕਟੁ = ਕੌੜੇ ਵਾਕ = ਬਚਨ ਨਹੀਂ ਕਹੇ = ਕਹਿੰਦੇ, ਪਰੰਤੁ = ਪਰੰਤੂ ਆਪ ਸਹੇ = ਸਹਾਰ ਜ਼ਰੂਰ ਲੈਂਦੇ ਹਨ, ਭਾਵ ਜੇਕਰ ਉਨ੍ਹਾਂ ਸੰਤ ਜਨਾਂ ਨੂੰ ਕੋਈ ਬੁਰਾ, ਮੰਦਾ ਬੋਲ ਬੋਲੇ ਤਾਂ ਉਸਨੂੰ ਅੱਗੋਂ ਸਰਾਪ ਨਹੀਂ ਦੇਂਦੇ ਸਗੋਂ ਉਸਦੇ ਕੌੜੇ ਬਚਨਾਂ ਨੂੰ ਸਹਾਰ ਲੈਂਦੇ ਹਨ।

## ਅਪਨੇ ਗੁਣ, ਔਗੁਣ ਤਯੋਂ ਪਰ ਕੇ; ਚਹੁ ਮੋਂ ਦੁ ਕਹੇ, ਦੁ ਕਬੀ ਨ ਕਹੇ ॥

ਫੇਰ ਸੰਤ ਜਨ ਕੈਸੇ ਹਨ, ਉਹ ਅਪਨੇ = ਆਪ ਦੇ ਗੁਣ ਤੇ ਔਗੁਣ ਤਯੋਂ = ਤਿਵੇਂ ਪਰ = ਪਰਾਏ ਕੇ = ਦੇ ਗੁਣ ਤੇ ਔਗੁਣ, ਇਨ੍ਹਾਂ ਚਹੁ = ਚੌਹਾਂ ਮੋਂ = ਵਿੱਚੋਂ ਦੁ = ਦੋ ਤਾਂ ਕਹੇ = ਕਹਿੰਦੇ ਹਨ ਪਰ ਦੁ = ਦੋ ਕਬੀ = ਕਦੇ ਵੀ ਕਹੇ = ਕਥਨ ਨਹੀਂ ਕਰਦੇ ਭਾਵ ਆਪਣੇ ਗੁਣ ਤੇ ਪਰਾਏ ਦੇ ਔਗੁਣ ਇਹ ਦੋ ਸੰਤ ਜਨ ਕਦੇ ਵੀ ਆਪਣੇ ਮੁੱਖ ਤੋਂ ਨਹੀਂ ਕਹਿੰਦੇ ਹਨ ਫੇਰ ਜੋ ਆਪਣੇ ਵਿਚ ਔਗੁਣ ਹਨ, ਉਹ ਪ੍ਰਗਟ ਕਰਦੇ ਹਨ ਅਤੇ ਦੂਸਰਿਆਂ ਦੇ ਗੁਣ ਕਥਨ ਕਰਦੇ ਹਨ। ਇਸ ਪ੍ਰਕਾਰ ਆਪਣੇ ਗੁਣ ਤੇ ਪਰਾਏ ਦੇ ਔਗੁਣ ਇਹ ਦੋ ਕਦੇ ਪ੍ਰਗਟ ਨਹੀਂ ਕਰਦੇ ਅਤੇ ਆਪਣੇ ਔਗੁਣ ਤੇ ਪਰਾਏ ਦੇ ਗੁਣ ਇਹ ਦੋ ਕਹਿੰਦੇ ਹਨ।

## ਚਿਤ ਕੋ ਚਿਤ ਚੇਤਿਤ ਚਿਤ ਭਯੋ; ਵਿਸ਼ਯੋਂ ਤੇ ਪਰੰਤੁ ਡਰੰਤ ਰਹੇ ॥

ਭਾਵੇਂ ਮਹਾਤਮਾ ਜਨ ਚਿਤ = ਚੇਤਨ ਪਰਮਾਤਮਾ ਕੋ = ਨੂੰ ਚਿਤ = ਮਨ ਵਿਚ ਚੇਤਿਤ = ਸਿਮਰ-ਸਿਮਰ ਕੇ ਚਿਤ = ਚੇਤਨ ਪਰਮਾਤਮਾ ਦਾ ਸਰੂਪ ਹੀ ਭਯੋ = ਹੋ ਗਏ ਹਨ, ਭਾਵ ਪਰਮਾਤਮਾ ਤੇ ਸੰਤ ਜਨਾਂ ਵਿਚ ਕੋਈ ਭੇਦ ਨਹੀਂ ਰਿਹਾ। ਜੈਸਾ ਕਿ :

**ਹਰਿ ਜਨ ਪ੍ਰਭੁ ਰਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ ॥** *(ਆਸਾ ਮ: ੪, ਅੰਗ ੪੪੭)*

ਪਰੰਤੁ = ਪਰ ਫੇਰ ਵੀ ਸੰਤ ਜਨ ਸ਼ਬਦ ਸਪਰਸ਼ ਆਦਿ ਵਿਸ਼ਿਆਂ ਤੇ = ਤੋਂ ਡਰੰਤ = ਡਰਦੇ ਰਹੇ = ਰਹਿੰਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਇਨ੍ਹਾਂ ਵਿਸ਼ਿਆਂ ਵਿਚ ਲੱਗਣ ਕਰਕੇ ਬੋਧ ਸਿਥਲ ਹੋ ਜਾਂਦਾ ਹੈ ਅਤੇ ਸ੍ਰੇਸ਼ਟਾਚਾਰ, ਆਚਰਣ ਨੂੰ ਕਲੰਕ ਲੱਗ ਜਾਂਦਾ ਹੈ।

## ਸ੍ਰਵਣਾਦਿ ਜਨੈ ਸਭ ਬੰਧ ਹਨੈ; ਸਮ ਧਾਂਮ ਬਨੈ ਪਰ ਕਾਂਤ ਚਹੇ ॥੧॥

ਸੰਤ ਜਨ ਨੇ ਨਿਸ਼ਕਾਮ ਕਰਮਾਂ ਦੁਆਰਾ ਆਪਣਾ ਅੰਤਹਕਰਨ ਸ਼ੁੱਧ ਕਰਕੇ ਬਿਬੇਕ, ਵੈਰਾਗ, ਖਟ-ਸੰਪਤੀ ਤੇ ਮੋਖ ਇੱਛਾ ਇਨ੍ਹਾਂ ਚਤੁਸ਼ਟੇ ਸਾਧਨਾਂ ਦੇ ਸੰਪੰਨ ਹੋ ਕੇ ਸ੍ਰਵਣਾਦਿ = ਸ੍ਰਵਣ, ਮੰਨਣ ਤੇ ਨਿਧਿਆਸਣ ਨੂੰ ਜਨੈ = ਪੈਦਾ ਕੀਤਾ ਹੈ **ਵਾ:** ਸ੍ਰਵਣ ਮੰਨਣ ਦੇ ਨਿਧਿਆਸਣ ਕਰਕੇ ਆਪਣੇ ਯਥਾਰਥ ਸਰੂਪ ਦਾ ਬੋਧ ਉਤਪੰਨ ਕੀਤਾ ਹੈ, ਤਿਸ ਬੋਧ ਦੁਆਰਾ ਜੰਮਣ ਮਰਣ, ਅਗਿਆਨ ਆਦਿ ਦੇ ਸਭ = ਸਾਰੇ ਬੰਧ = ਬੰਧਨ, ਜੰਜਾਲ ਹਨੈ = ਨਾਸ਼ ਕਰ ਲਏ ਹਨ। ਜਿਨ੍ਹਾਂ ਸੰਤ ਜਨਾਂ ਨੇ ਬਨੈ = ਜੰਗਲ ਦੇ ਸਮ = ਸਮਾਨ ਹੀ ਆਪਣਾ ਧਾਂਮ = ਘਰ ਸਮਝਿਆ ਹੋਇਆ ਹੈ ਭਾਵ ਬਨ ਤੇ ਘਰ ਨੂੰ ਇਕ-ਸਮਾਨ ਹੀ ਸਮਝਦੇ ਹਨ ਪਰ ਫੇਰ ਵੀ ਕਾਂਤ = ਇਕਾਂਤ ਹੀ ਚਹੇ = ਚਾਹੁੰਦੇ ਹਨ ਕਿ ਭਜਨ-ਸਿਮਰਨ ਵਿਚ ਕਿਸੇ ਪ੍ਰਕਾਰ ਦਾ ਕੋਈ ਵਿਘਨ ਨਾ ਪਵੇ ॥੧॥

ਅੱਗੇ ਐਸੇ ਸੰਤ ਜਨਾਂ ਦੀ ਸੇਵਾ ਦਾ ਮਹਾਤਮ ਦੱਸਦੇ ਹਨ :

## ਦੋਹਰਾ ॥ ਵਰਤਮਾਨ ਭਾਵੀ ਵਿਪਤਿ; ਸੰਤ ਸੇਵ ਤੇ ਨਾਸ਼ ॥

ਵਰਤਮਾਨ = ਹੁਣ ਵਰਤ ਰਹੇ ਸਮੇਂ ਪਈ ਹੋਈ ਤੇ ਭਾਵੀ = ਆਉਣ ਵਾਲੇ ਸਮੇਂ ਵਿਚ ਪੈਣ ਵਾਲੀ ਵਿਪਤਿ = ਮੁਸੀਬਤ ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਦੀ ਸੇਵ = ਟਹਿਲ ਕਰਨ ਤੇ = ਤੋਂ ਨਾਸ਼ ਹੋ ਜਾਂਦੀ ਹੈ ਭਾਵ ਜਿਵੇਂ ਆਧੀ, ਬਿਆਧੀ ਤੇ ਉਪਾਧੀ ਆਦਿ ਦੁੱਖਾਂ ਕਰਕੇ ਹੋਰ ਅਗਿਆਨੀ ਮਨੁੱਖ ਦੁਖੀ ਹੁੰਦਾ ਹੈ ਤਿਵੇਂ ਸੰਤ ਜਨਾਂ ਦੀ ਸੇਵਾ ਕਰਨ ਵਾਲੇ ਦੁਖੀ ਨਹੀਂ ਹੁੰਦੇ ਕਿਉਂਕਿ ਅਗਿਆਨੀ ਮਨੁੱਖ ਦੁੱਖਾਂ ਨੂੰ ਰੋ-ਰੋ ਕੇ ਭੋਗਦਾ ਹੈ ਅਤੇ ਸੇਵਾ ਕਰਨ ਵਾਲੇ ਹੱਸ-ਹੱਸ ਕੇ ਭੋਗਦੇ ਹਨ, ਫੇਰ ਜੋ ਅੱਗੇ ਜੰਮਣ-ਮਰਣ ਦਾ ਦੁੱਖ ਹੋਣਾ ਸੀ, ਉਹ ਸੰਤ ਜਨਾਂ ਦੀ ਸੇਵਾ ਕਰ ਕੇ ਅੰਤਹਕਰਨ ਦੀ ਸ਼ੁਧੀ ਦੁਆਰਾ ਗਿਆਨ ਨੂੰ ਪ੍ਰਾਪਤ ਕਰ ਕੇ ਜੰਮਣ

ਮਰਣ ਦੇ ਦੁੱਖ ਤੋਂ ਰਹਿਤ ਹੋ ਜਾਂਦੇ ਹਨ, ਇਸ ਪ੍ਰਕਾਰ ਵਰਤਮਾਨ ਤੇ ਭਵਿੱਖ ਵਿਚ ਆਉਣ ਵਾਲਾ ਕਸ਼ਟ ਸੰਤ ਜਨਾਂ ਦੀ ਸੇਵਾ ਕਰ ਕੇ ਨਾਸ਼ ਹੋ ਜਾਂਦਾ ਹੈ।

## ਜਯੋਂ ਗੰਗੋਦਕ ਅਚਨ ਤੇ; ਦੁਰਗਤਿ ਪਯਾਸ ਵਿਨਾਸ਼ ॥੨॥

ਇਸ ਗੱਲ ਨੂੰ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਜਯੋਂ = ਜਿਵੇਂ (ਗੰਗ + ਉਦਕ) ਗੰਗਾ ਨਦੀ ਦੇ ਉਦਿਕ = ਪਾਣੀ ਨੂੰ ਅਚਨ = ਪੀਣ ਤੇ = ਤੋਂ ਦੁਰਗਤਿ = ਬੁਰੀ ਹਾਲਤ, ਦੁਰਦਸ਼ਾ ਅਤੇ ਪਿਆਸ ਇਹ ਦੋਵੇਂ ਵਿਨਾਸ = ਵਿਸ਼ੇਸ਼ ਕਰਕੇ ਨਾਸ਼ ਹੋ ਜਾਂਦੀਆਂ ਹਨ, ਤਿਵੇਂ ਸੰਤਾਂ ਦੀ ਸੇਵਾ ਕਰਨ ਤੋਂ ਦੋਵੇਂ ਦੁੱਖ ਦੂਰ ਹੋ ਜਾਂਦੇ ਹਨ ॥੨॥

## ਸ੍ਵੈਯਾ ॥ ਸੰਤ ਕਰੈ ਨਹਿ ਵੈਰ ਕਹੂੰ; ਸਭ ਕੇ ਹਿਤ ਮੈਂ ਵਰਤੈ ਅਤਿ ਹੀ ॥

ਸੰਤ = ਸ਼ਾਂਤ-ਚਿਤ ਮਹਾਤਮਾ ਜਨ ਕਹੂੰ = ਕਿਸੇ ਜੀਵ ਨਾਲ ਵੀ ਵੈਰ = ਦੁਸ਼ਮਣੀ ਨਹੀਂ ਕਰੈਂ = ਕਰਦੇ ਅਤੇ ਸਭ = ਸਾਰੇ ਜੀਵਾਂ ਕੇ = ਦੇ ਹਿਤ = ਭਲੇ ਮੈਂ = ਵਿਚ ਹੀ ਅਤਿਅੰਤ ਕਰਕੇ ਵਰਤੈ = ਵਰਤਦੇ ਹਨ, ਭਾਵ ਸਭ ਨੂੰ ਆਪਣਾ ਮਿੱਤ੍ਰ ਰੂਪ ਕਰਕੇ ਜਾਣਦੇ ਹਨ ਅਤੇ ਸਭ ਦਾ ਭਲਾ ਹੀ ਚਾਹੁੰਦੇ ਹਨ। ਜੈਸਾ ਕਿ :

**ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥੨॥** *(ਬਿਲਾਵਲ ਮ: ੫, ਅੰਗ ੮੧੫)*

## ਤਾਂ ਤਨ ਕੋ ਜਬ ਦਾਹਤ ਕੋ; ਵਹਿ ਤੱਦਪਿ ਦੇਤ ਸੁਖਾਮਿਤ ਹੀ ॥

ਤਾਂ = ਉਨ੍ਹਾਂ ਸੰਤ ਜਨਾਂ ਦੇ ਤਨ = ਸਰੀਰ ਕੋ = ਨੂੰ ਜਬ = ਜਦੋਂ ਕੋਈ ਦਾਹਤ = ਦੁੱਖ ਦੇਂਦਾ ਹੈ **ਵਾ:** ਕੌੜੇ ਬਚਨ ਬੋਲ ਕੇ ਜਾਂ ਕੋਈ ਮੂਰਖ ਪੁਰਖ ਉਨ੍ਹਾਂ ਦੇ ਸਰੀਰ ਨੂੰ ਦਾਹਤ = ਸਾੜਨ ਦੀ ਕੋਸ਼ਿਸ਼ ਕਰਦਾ ਹੈ ਵਹਿ = ਉਹ ਸੰਤ ਤੱਦਪਿ = ਤਦ ਵੀ ਉਸ ਦੁੱਖ ਦੇਣ ਵਾਲੇ ਨੂੰ (ਸੁਖ + ਅਮਿਤ) ਅਮਿਤ = ਮਿਣਤੀ ਤੋਂ ਰਹਿਤ ਬੇਅੰਤ ਸੁਖ ਹੀ ਦੇਤ = ਦੇਣਾ ਕਰਦੇ ਹਨ, ਭਾਵ ਫੇਰ ਵੀ ਉਸ ਦਾ ਭਲਾ ਹੀ ਬੋਲਦੇ ਹਨ। ਆਪਣੇ ਮਨ 'ਚੋਂ ਕੋਈ ਬਦ-ਅਸੀਸ ਨਹੀਂ ਦੇਂਦੇ।

## ਜੈਸੇ ਕੁਠਾਰ ਕਟੈ ਤਰੁ ਚੰਦਨ; ਗੰਧ ਤਿਸੈ ਮੁਖ ਦੇਵਤ ਹੀ ॥

ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਜੈਸੇ = ਜਿਸ ਪ੍ਰਕਾਰ ਕੁਠਾਰ = ਕੁਹਾੜਾ ਚੰਦਨ ਦੇ ਤਰੁ = ਬਿਰਛਾਂ ਨੂੰ ਕਟੈ = ਕੱਟਦਾ ਹੈ, ਪਰ ਚੰਦਨ ਉਲਟਾ ਤਿਸੈ = ਉਸ ਦੇ ਮੁਖ ਵਿਚ ਆਪਣੀ ਗੰਧਿ = ਸੁਗੰਧੀ ਹੀ ਦੇਵਤ = ਦੇਣਾ ਕਰਦਾ ਹੈ, ਭਾਵ ਕੁਹਾੜੇ ਦਾ ਧਰਮ ਕੱਟਣਾ ਹੈ ਪਰ ਚੰਦਨ ਦਾ ਧਰਮ ਸੁਗੰਧੀ ਦੇਣੀ ਹੈ, ਉਹ ਬਿਰਛ ਕੱਟਣ ਵਾਲੇ ਨੂੰ ਵੀ ਸੁਗੰਧੀ ਦੇਂਦਾ ਹੈ ਤਿਵੇਂ ਮੂਰਖ ਮਨੁੱਖ ਅਕਾਰਣ ਹੀ ਸੰਤ ਜਨਾਂ ਨੂੰ ਦੁੱਖ ਦੇਂਦੇ ਹਨ ਪਰ ਸੰਤ ਜਨ ਫੇਰ ਵੀ ਉਨ੍ਹਾਂ ਦਾ ਭਲਾ ਹੀ ਕਰਨਾ ਚਾਹੁੰਦੇ ਹਨ।

## ਹੇਤੁ ਇਹੀ ਸਰਬਾਤਮ ਹੇਰਤ; ਤਾਂ ਪਦ ਕੰਜ ਨਮੋ ਨਿਤ ਹੀ ॥੩॥

ਇਹੀ ਹੇਤੁ = ਕਾਰਨ ਕਰਕੇ ਉਹ ਸੰਤ ਜਨ (ਸਰਬ + ਆਤਮ) ਸਰਬ = ਸਾਰੇ ਸੰਸਾਰ ਦੇ ਜੀਵਾਂ ਨੂੰ ਆਤਮ = ਆਪਣਾ ਰੂਪ ਹੀ ਹੇਰਤ = ਦੇਖਦੇ ਹਨ, ਭਾਵ ਸਭ ਵਿਚ ਇਕ ਵਿਆਪਕ ਬ੍ਰਹਮ ਦੀ ਜੋਤ ਹੀ ਦੇਖਦੇ ਹਨ, ਇਸ ਕਰਕੇ ਉਹ ਕਿਸੇ ਨਾਲ ਵੈਰ ਨਹੀਂ ਕਰਦੇ ਕਿਉਂਕਿ ਵੈਰ ਤਾਂ ਦੂਸਰੇ ਦੇ ਨਾਲ ਕੀਤਾ ਜਾਂਦਾ ਹੈ ਪਰ ਸੰਤ ਜਨਾਂ ਨੇ ਸਭ ਨੂੰ ਇਕ ਬ੍ਰਹਮ ਦੀ ਅੰਸ਼ ਹੀ ਨਿਸ਼ਚੇ ਕੀਤਾ ਹੋਇਆ, ਫੇਰ ਵੈਰ ਕਿਸ ਨਾਲ ਕਰਨਾ ਹੈ ?

ਇਸ ਲਈ ਤਾਂ = ਉਨ੍ਹਾਂ ਸੰਤ ਜਨਾਂ ਦੇ ਪਦ = ਚਰਨ ਕੰਜ = ਕਮਲਾਂ ਉੱਪਰ ਨਿਤ = ਸਦਾ ਨਮੋ = ਨਮਸਕਾਰ ਕਰਨੀ ਹੀ ਬਣਦੀ ਹੈ। ਸਤਿਗੁਰੂ ਜੀ ਨੇ ਗੁਰਬਾਣੀ ਅੰਦਰ ਵੀ ਐਸੇ ਸੰਤ ਜਨਾਂ ਦੀ ਬਿਅੰਤ ਉਪਮਾ ਕੀਤੀ ਹੈ ਅਤੇ ਕਿਹਾ ਹੈ ਕਿ ਉਹ ਮਸਤਕ ਧੰਨ ਹੈ ਜੋ ਅਜਿਹੇ ਸੰਤ ਜਨਾਂ ਦੇ ਚਰਨਾਂ ਉੱਪਰ ਨਮਸਕਾਰ ਕਰਦਾ ਹੈ ॥੩॥ ਜੈਸਾ ਕਿ :

**ਸਫਲੁ ਓਹੁ ਮਾਥਾ ਸੰਤ ਨਮਸਕਾਰਸਿ ॥** *(ਗਉੜੀ ਮ: ੫, ਅੰਗ ੧੮੧)*

## ਦੋਹਰਾ ॥

## ਨਰੁਣਾਭਰਣ ਸ੍ਵਰੂਪ ਤਨ; ਰੂਪਾਭਰਣ ਗੁਣਾਹਿ ॥

ਤਨ = ਸਰੀਰ ਦਾ ਸ੍ਵਰੂਪ = ਰੂਪ ਸੁੰਦਰ ਹੋਣਾ, ਇਹ (ਨਰੁਣ +ਅਭਰਣ) ਨਰੁਣ = ਮਨੁੱਖਾ ਸਰੀਰ ਦਾ ਅਭਰਣ = ਗਹਿਣਾ ਹੈ ਅਤੇ (ਰੂਪ + ਅਭਰਣ) ਰੂਪ = ਸੁੰਦਰ ਸਰੂਪ ਦਾ ਅਭਰਣ = ਗਹਿਣਾ ਗੁਣਾਹਿ = ਸ੍ਰੇਸ਼ਟ, ਸ਼ੁੱਭ ਗੁਣ ਹਨ ਕਿਉਂਕਿ ਕਈ ਮਨੁੱਖ ਦੇਖਣ ਵਿਚ ਤਾਂ ਬਹੁਤ ਸੁੰਦਰ ਹੁੰਦੇ ਹਨ ਪਰ ਉਨ੍ਹਾਂ ਵਿਚ ਗੁਣ ਕੋਈ ਨਹੀਂ ਹੁੰਦਾ, ਗੁਣ ਨਾ ਹੋਣ ਕਰਕੇ ਉਹ ਸੋਹਣੇ ਸਰੂਪ ਵਾਲੇ ਮਨੁੱਖ ਵੀ ਅਨਾਦਰ ਪਾਉਂਦੇ ਹਨ, ਇਸ ਲਈ ਸੁੰਦਰਤਾ ਦਾ ਗਹਿਣਾ ਗੁਣ ਹਨ।

## ਗੁਣ ਕੋ ਭੂਖਣ ਗ੍ਯਾਨ ਨਿਜ; ਗਿਆਨ ਅਭਰਣ ਖਿਮਾਹਿ ॥੪॥

ਫੇਰ ਗੁਣਾਂ ਕੋ = ਦਾ ਭੂਖਣ = ਗਹਿਣਾ ਨਿਜ = ਆਪਣੇ ਸਰੂਪ ਦਾ ਸੰਸੇ ਵਿਪਰਜੇ ਤੋਂ ਰਹਿਤ ਹਸਤਾਮਲ ਵਤ ਯਥਾਰਥ ਗਿਆਨ ਹੈ, ਕਿਉਂਕਿ ਕਈ ਮਨੁੱਖਾਂ ਵਿਚ ਗੁਣ ਤਾਂ ਬਹੁਤ ਹੁੰਦੇ ਹਨ ਪਰ ਆਪਣੇ ਸਰੂਪ ਦਾ ਗਿਆਨ ਨਹੀਂ ਹੁੰਦਾ ਜਿਸ ਕਰਕੇ ਉਹ ਸਾਰੇ ਗੁਣ ਨਿਸਫਲ ਹਨ। ਫੇਰ (ਗ੍ਯਾਨ + ਅਭਰਣ) ਗਿਆਨ ਦਾ ਅਭਰਣ = ਗਹਿਣਾ ਖਿਮਾਹਿ = ਖਿਮਾ ਹੈ, ਭਾਵ ਜੋ ਗਿਆਨਵਾਨ ਹੋ ਕੇ ਵੀ ਨਿੱਕੀ-ਨਿੱਕੀ ਗੱਲ ਉੱਤੇ ਗ਼ੁੱਸੇ ਹੋਈ ਜਾਣਾ, ਉਹ ਗਿਆਨ ਕਿਸ ਅਰਥ। ਇਸ ਲਈ ਗਿਆਨਵਾਨ ਦੇ ਕੋਲ ਖਿਮਾ ਦਾ ਗਹਿਣਾ ਜ਼ਰੂਰ ਹੋਣਾ ਚਾਹੀਦਾ ਹੈ ॥੪॥

## ਦਰਪਨ ਮਾਰਜਨ ਮਾਨ ਜਯੋਂ; ਨਿਰਮਲ ਹੋਵਤ ਸੋਇ ॥

ਜਯੋਂ = ਜਿਵੇਂ ਜੋ ਦਰਪਨ = ਸ਼ੀਸ਼ਾ ਮਲੀਨ ਹੋ ਜਾਵੇ, ਤਦ ਉਹ ਮਾਨ = ਸੁਆਹ ਆਦਿ ਨਾਲ ਮਾਰਜਨ = ਮਾਂਜਨ ਕਰਕੇ ਨਿਰਮਲ = ਉੱਜਲ ਹੋਵਤ = ਹੋ ਜਾਂਦਾ ਹੈ **ਵਾ:** ਮਾਨ = ਮੰਨਣਾ ਕਰੋ ਕਿ ਸ਼ੀਸ਼ਾ ਸੁਆਹ ਨਾਲ ਮਾਂਜ ਕੇ ਸ਼ੁਧ, ਸਾਫ ਹੋ ਜਾਂਦਾ ਹੈ। ਭਾਵ ਚਮਕ ਉਠਦਾ ਹੈ ਤੇ ਫੇਰ ਉਸ ਵਿਚ ਆਪਣੇ ਮੁਖ ਦਾ ਪ੍ਰਤੀਬਿੰਬ ਸਪੱਸ਼ਟ ਦਿੱਸਣ ਲੱਗ ਜਾਂਦਾ ਹੈ।

## ਤਥਾ ਗ੍ਯਾਨ ਅਭ੍ਯਾਸ ਕਰ; ਵਿਮਲ ਮਨੀਖਾ ਹੋਇ ॥੫॥

ਤਥਾ = ਤਿਸੀ ਪ੍ਰਕਾਰ ਜਗਿਆਸੂ ਦਾ ਮਨ, ਬੁੱਧੀ ਰੂਪੀ ਸ਼ੀਸ਼ਾ ਅਨੇਕ ਪ੍ਰਕਾਰ ਦੇ ਦੋਸ਼ਾਂ ਕਰਕੇ ਮਲੀਨ ਹੋਇਆ ਪਿਆ ਹੈ, ਜਿਸ ਵਿਚ ਆਪਣਾ ਆਤਮ ਸਰੂਪ ਰੂਪੀ ਮੁਖ ਸਪੱਸ਼ਟ ਨਹੀਂ ਦਿੱਸਦਾ, ਫੇਰ ਗਿਆਨ ਦਾ ਪੁਨਾ ਪੁਨਾ ਅਭਿਆਸ ਕਰਿ = ਕਰਕੇ ਭਾਵ ਵੇਦਾਂਤ ਆਦਿ ਸ਼ਾਸਤ੍ਰਾਂ ਦੀ ਵਿਚਾਰ ਕਰਨ ਨਾਲ ਮਨੀਖਾ = ਮਨ ਦੀ ਅੱਖ ਭਾਵ ਬੁੱਧ ਵਿਮਲ = ਮੈਲ ਤੋਂ ਰਹਿਤ ਨਿਰਮਲ ਹੋਇ = ਹੋ ਜਾਂਦੀ ਹੈ। ਫੇਰ ਉਸ ਬੁੱਧ ਰੂਪੀ ਸ਼ੀਸ਼ੇ ਵਿਚ ਆਪਣਾ ਆਤਮ ਸਰੂਪ ਰੂਪੀ ਮੁੱਖ ਸਪੱਸ਼ਟ ਦਿੱਸਣ ਲੱਗ ਜਾਂਦਾ ਹੈ ॥੫॥

## ਜਯੋਂ ਜਲ ਭੀਤਰ ਪਦਮ ਥਿਤ; ਜਲ ਸਪਰਸ ਨਹਿ ਤਾਂਹਿ ॥

ਦ੍ਰਿਸ਼ਟਾਂਤ ਦੇ ਕੇ ਸੰਤ ਜਨਾਂ ਦੀ ਨਿਰਲੇਪਤਾ ਕਥਨ ਕਰਦੇ ਹਨ ਕਿ ਜਯੋਂ = ਜਿਸ ਪ੍ਰਕਾਰ ਜਲ = ਪਾਣੀ ਦੇ ਭੀਤਰਿ = ਵਿਚ ਜੋ ਪਦਮ = ਕਮਲ ਚਿਤ = ਇਸਥਿਤ ਹੁੰਦਾ ਹੈ, ਪਰ ਤਾਹਿ = ਉਸ ਕਮਲ ਨੂੰ ਜਲ = ਪਾਣੀ ਸਪਰਸ = ਛੂੰਹਦਾ ਤਕ ਨਹੀਂ ਹੈ।

## ਗਯਾਨੀ ਸਬਦਾਦਿਕ ਵਿਖੇ; ਭੋਗਤ ਪਰ ਨ ਲਿਪਾਹਿ ॥੬॥

ਏਸੇ ਤਰ੍ਹਾਂ ਗਯਾਨੀ = ਗਿਆਨਵਾਨ ਮਹਾਤਮਾ ਜਨ (ਸਬਦ + ਆਦਿਕ) ਸ਼ਬਦ ਸਪਰਸ ਆਦਿ ਵਿਖੇ = ਵਿਸ਼ਿਆਂ ਨੂੰ ਭੋਗਤ = ਭੋਗਦੇ ਵੀ ਹਨ ਪਰ ਅੰਦਰੋਂ ਉਨ੍ਹਾਂ ਨਾਲ ਲਿਪਾਹਿ = ਲਿਪਾਇਮਾਨ ਨਹੀਂ ਹੁੰਦੇ ॥੬॥ ਜੈਸਾ ਕਿ :

**ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥**

*(ਗਉੜੀ ਸੁਖਮਨੀ ਮ: ੫, ਅੰਗ ੨੭੨)*

ਅਰਥਾਤ ਗਿਆਨਵਾਨ ਮਹਾਤਮਾ ਜਨ ਵਿਸ਼ੇ-ਰਸ ਤੋਂ ਰਹਿਤ ਹੋ ਕੇ ਭੋਗਾਂ ਨੂੰ ਭੋਗਦੇ ਹਨ ਅਤੇ ਅਗਿਆਨੀ ਵਿਸ਼ੇ-ਰਸ ਦੇ ਸਹਿਤ ਭੋਗਾਂ ਨੂੰ ਭੋਗਦੇ ਹਨ।

## ਘਰਸਨ ਛੇਦਨ ਦਹਿਨ ਮੈਂ; ਕੰਚਨ ਦੁਖੈ ਨ ਐਸ ॥

ਸੋਨੇ ਦਾ ਦ੍ਰਿਸ਼ਟਾਂਤ ਦੇ ਕੇ ਸੰਤ ਜਨਾਂ ਦੇ ਜੀਵਨ ਦੇ ਲੱਛਣ ਕਥਨ ਕਰਦੇ ਹਨ ਕਿ ਘਰਸਨ = ਘੜਨ ਕਰਕੇ **ਵਾ:** ਘਸਵੱਟੀ ਉੱਪਰ ਘਸਾਉਣ ਕਰਕੇ, ਛੇਦਨ = ਕੱਟਣ ਕਰਕੇ ਅਤੇ ਦਹਿਨ = ਅੱਗ ਵਿਚ ਸੜਨ ਕਰਕੇ ਕੰਚਨ = ਸੋਨਾ ਐਸ = ਇਸ ਤਰ੍ਹਾਂ ਦੁਖੈ = ਦੁੱਖ ਨਹੀਂ ਮੰਨਦਾ।

## ਗੁੰਜਨ ਸਮ ਤੋਲਨਹੁ ਤੇ; ਹਾਟਕ ਦੁਖ ਹੈ ਜੈਸ ॥੭॥

ਪਰ ਗੁੰਜਨ = ਰੱਤੀਆਂ ਦੇ ਸਮ = ਸਮਾਨ ਤੋਲਨਹੁ = ਤੋਲਣ ਤੇ = ਤੋਂ ਜੈਸ = ਜਿਸ ਪ੍ਰਕਾਰ ਹਾਟਕ = ਸੋਨਾ ਦੁੱਖ ਮੰਨਦਾ ਹੈ, ਐਸਾ ਹੋਰ ਕਿਸੇ ਤਰ੍ਹਾਂ ਦੁੱਖ ਨਹੀਂ ਮੰਨਦਾ, ਭਾਵ ਭਾਵੇਂ ਸੋਨੇ ਨੂੰ ਘੜਿਆ ਜਾਂਦਾ ਹੈ ਜਾਂ ਕੱਟਿਆ ਸਾੜਿਆ ਜਾਂਦਾ ਹੈ, ਇਨ੍ਹਾਂ ਕਰਕੇ ਸੋਨਾ ਦੁਖੀ ਨਹੀਂ ਹੁੰਦਾ, ਜਦੋਂ ਕਾਲੇ ਮੁਖ ਵਾਲੀਆਂ ਰੱਤਕਾਂ ਦੇ ਨਾਲ ਸੋਨੇ ਨੂੰ ਤੋਲਿਆ ਜਾਂਦਾ ਹੈ ਤਦੋਂ ਸੋਨਾ ਦੁੱਖ ਮੰਨਦਾ ਹੈ ਕਿ ਮੈਂ ਇਤਨੀ ਕਸਵੱਟੀ ਸਹਾਰ ਕੇ ਗ੍ਰਾਹਕ ਦੇ ਪਹਿਨਣ ਲਈ ਗਹਿਣਾ ਰੂਪ ਬਣਿਆ ਹਾਂ ਪਰ ਇਹ ਤੁੱਛ ਰੱਤਕਾਂ ਮੇਰੇ ਬਰਾਬਰ ਤੁੱਲ ਰਹੀਆਂ ਹਨ, ਇਸ ਕਰਕੇ ਸੋਨਾ ਬਹੁਤ ਦੁਖੀ ਹੁੰਦਾ ਹੈ ॥੭॥

## ਤਨ ਦਾਹਨ ਛੇਦਨ ਵਿਪਤਿ; ਨਹਿੰ ਅਸ ਦੂਖੈਂ ਸੰਤ ॥

ਹੁਣ ਦਾ ਦ੍ਰਿਸ਼ਟਾਂਤ ਦੇ ਰੂਪ ਵਿਚ ਕਥਨ ਕਰਦੇ ਹਨ ਕਿ ਸੰਤ ਜਨਾਂ ਦੇ ਤਨ = ਸਰੀਰ ਨੂੰ ਕੋਈ ਅੱਗ ਨਾਲ ਦਾਹਨ = ਸਾੜਨਾ ਕਰੇ, ਕੋਈ ਕ੍ਰਿਪਾਨ, ਆਰੀ ਆਦਿ ਨਾਲ ਛੇਦਨ = ਕੱਟ ਦੇਵੇ ਜਾਂ ਉਨ੍ਹਾਂ ਨੂੰ ਕੋਈ ਉੱਪਰੋਂ ਬਿਪਤਾ ਆ ਪਵੇ, ਅਸ = ਇਸ ਪ੍ਰਕਾਰ ਸੰਤ ਜਨ ਦੂਖੈਂ = ਦੁਖੀ ਨਹੀਂ ਹੁੰਦੇ।

## ਬਿਖੈ ਸੰਗ ਤੇ ਜਯੋਂ ਦੁਖੈ; ਬਿਖੈ ਅਸੰਤ ਕਰੰਤ ॥੮॥

ਜਯੋਂ = ਜਿਵੇਂ ਸੰਤ ਜਨ ਬਿਖੈ = ਵਿਸ਼ਿਆਂ ਦੇ ਸੰਗ = ਸੰਬੰਧ ਤੇ = ਤੋਂ ਦੁਖੈ = ਦੁਖੀ ਹੁੰਦੇ ਹਨ, ਇਹੋ ਜਿਹਾ ਦੁੱਖ ਹੋਰ ਕਿਸੀ ਪ੍ਰਕਾਰ ਦਾ ਨਹੀਂ ਮੰਨਦੇ ਕਿਉਂਕਿ ਬਿਖੈ = ਵਿਸ਼ੇ ਅਸੰਤ = ਸੰਤਤਾਈ ਤੋਂ ਉਲਟ, ਨਾਸਤਿਕ ਕਰੰਤ = ਕਰ ਦੇਂਦੇ ਹਨ ਵਿਸ਼ੇ ਵਿਕਾਰ ਰੱਤਕਾਂ ਦੀ ਨਿਆਈ ਤੁੱਛ ਮਾਤਰ ਹਨ ॥੮॥

## ਭ੍ਰਮਰ ਕੇਤਕੀ ਫੂਲ ਪਰ; ਖੰਡਮਾਨ ਭੀ ਸੋਭ ॥

ਦ੍ਰਿਸ਼ਟਾਂਤ ਦੇਂਦੇ ਹਨ ਕਿ ਜਿਸ ਪ੍ਰਕਾਰ ਭ੍ਰਮਰ = ਭੌਰਾ ਕੇਤਕੀ ਦੇ ਫੁੱਲਾਂ ਪਰ = ਉੱਪਰ ਉਸਦੇ ਕੰਡਿਆਂ ਦੇ ਨਾਲ ਖੰਡਮਾਨ = ਟੁੱਕੜੇ-ਟੁੱਕੜੇ ਹੋਇਆ ਵੀ ਸੋਭ = ਸ਼ੋਭਾ ਪਾਉਂਦਾ ਹੈ, ਭਾਵ ਕੰਡਿਆਂ ਵਿਚ ਖੁਭਿਆ ਹੋਇਆ ਵੀ ਉਸਦਾ ਤਿਆਗ ਨਹੀਂ ਕਰਦਾ, ਉਸਦੇ ਉੱਪਰ ਬੈਠਾ ਹੋਇਆ ਵੀ ਸ਼ੋਭਾ ਪਾਉਂਦਾ ਹੈ।

## ਤਯੋਂ ਗੁਣ ਕਰ ਜਿਹ ਚਿਤ ਢਪਯੋ; ਤਿਹ ਨ ਦੋਖ ਕਰ ਖੋਭ ॥੯॥

ਤਯੋਂ = ਤਿਵੇਂ ਹੀ ਜਿਹ = ਜਿਸ ਮਹਾਤਮਾ ਦਾ ਚਿਤ = ਹਿਰਦਾ ਗੁਣਾਂ ਕਰਕੇ ਢਪਯੋ = ਢੱਕਿਆ ਹੋਇਆ ਹੈ, ਭਾਵ ਸ਼ੁੱਭ ਗੁਣਾਂ ਨਾਲ ਭਰਪੂਰ ਹੈ, ਤਿਹ = ਤਿਸ ਮਹਾਤਮਾ ਨੂੰ ਦੋਖ = ਦੋਸ਼ਾਂ ਕਰਿ = ਕਰਕੇ ਖੋਭ = ਘਬਰਾਹਟ ਨਹੀਂ ਹੁੰਦੀ, ਭਾਵ ਤਿਸ ਮਹਾਤਮਾ ਨੂੰ ਕੋਈ ਦੁਸ਼ਟ ਪੁਰਖ ਦੋਸ਼ ਲਗਾਵੇ ਕਿ ਇਹ ਕੋਈ ਮਹਾਤਮਾ ਨਹੀਂ ਪਾਖੰਡੀ ਹੈ। ਇਹ ਸੁਣ ਕੇ ਮਹਾਤਮਾ ਜਨਾਂ ਦੇ ਚਿਤ ਵਿਚ ਕੋਈ ਖੋਭ = ਕਲੇਸ਼ ਨਹੀਂ ਹੁੰਦਾ, ਭਾਵ ਉਸ ਦੇ ਕਹਿਣ ਤੋਂ ਉਹ ਆਪਣੇ ਸ਼ੁਭ ਗੁਣ ਤਿਆਗ ਨਹੀਂ ਦੇਂਦੇ ਸਗੋਂ ਗੁਣਾਂ ਕਰਕੇ ਹੋਰ ਸ਼ੋਭਾ ਪਾਉਂਦੇ ਹਨ ॥੯॥ ਜੈਸਾ ਕਿ :

**ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥੧॥** *(ਬੈਰਾੜੀ ਮ: ੪, ਅੰਗ ੭੨੦)*

## ਦੁਸ਼ਟ ਕ੍ਰਿਯਾ ਦਰਸੇ ਨਹੀਂ, ਜੈਸੇ ਜਲ ਮਹਿੰ ਰੇਖ ॥

ਦੁਸਟ = ਭੈੜੇ ਮਨੁੱਖਾਂ ਦੀ ਕ੍ਰਿਯਾ = ਪ੍ਰਤੀਤ ਇਸ ਪ੍ਰਕਾਰ ਦਰਸੇ = ਦਿੱਸਦੀ ਨਹੀਂ ਹੈ, ਜੈਸੇ = ਜਿਸ ਪ੍ਰਕਾਰ ਜਲ = ਪਾਣੀ ਵਿਚ ਰੇਖ = ਲਕੀਰ ਤੁਰੰਤ ਉਸ ਪਾਣੀ ਵਿਚ ਹੀ ਲੀਨ ਹੋ ਜਾਂਦੀ ਹੈ, ਭਾਵ ਜਿਵੇਂ ਕੋਈ ਨੀਚ ਬੰਦਾ ਕੋਈ ਗ਼ਲਤ ਕੰਮ ਕਰਦਾ ਹੈ ਤਾਂ ਲੋਕ ਕਹਿੰਦੇ ਹਨ ਕਿ ਇਹ ਅੱਗੇ ਹੀ ਇਹੋ ਜਿਹਾ ਹੈ। ਜਿਵੇਂ ਕਾਲੇ ਭਾਂਡੇ ਉੱਪਰ ਹੋਰ ਕਾਲਖ ਲੱਗ ਜਾਵੇ ਤਾਂ ਉਸਦਾ ਪਤਾ ਨਹੀਂ ਲੱਗਦਾ।

## ਸੰਤ ਕ੍ਰਿਯਾ ਅਤਿ ਅਲਪ ਭੀ; ਸਿਲਾ ਰੇਖ ਜਯੋਂ ਦੇਖ ॥੧੦॥

ਸੰਤ = ਮਹਾਤਮਾ ਜਨਾਂ ਦੀ ਕਿਰਿਆ ਭਾਵੇਂ ਅਤਿ = ਅਤਿਅੰਤ ਅਲਪ = ਛੋਟੀ ਜਿਹੀ ਵੀ ਹੋਵੇ, ਉਸਨੂੰ ਇਸ ਤਰ੍ਹਾਂ ਦੇਖ = ਦੇਖਣਾ ਕਰਦੇ ਹਨ ਜਯੋਂ = ਜਿਵੇਂ ਸਿਲਾ = ਪੱਥਰ ਤੇ ਰੇਖ = ਲਕੀਰ ਹੁੰਦੀ ਹੈ, ਭਾਵ ਜਦੋਂ ਤੱਕ ਪੱਥਰ ਰਹੇਗਾ ਤਦੋਂ ਤਕ ਉਹ ਲਕੀਰ ਉਵੇਂ ਉਕਰੀ ਰਹੇਗੀ ਤਿਵੇਂ ਜਦੋਂ ਤਕ ਜ਼ਮੀਨ ਅਸਮਾਨ ਰਹਿਣਗੇ ਤਦੋਂ ਤਕ ਸੰਤ ਜਨਾਂ ਦੀ ਗੱਲ ਭੁੱਲੇਗੀ ਨਹੀਂ, ਲੋਕ ਸਦੀਆਂ ਤਕ ਯਾਦ ਰੱਖਣਗੇ **ਵਾ:** ਤਿਵੇਂ ਸੰਤ ਜਨਾਂ ਦਾ ਬੁਰਾ ਕਰਮ ਬਹੁਤ ਛੋਟਾ ਜਿਹਾ ਵੀ ਕਿਉਂ ਨਾ ਹੋਵੇ, ਤਦ ਵੀ ਉਹ ਪੱਥਰ ਦੀ ਲਕੀਰ ਵਾਂਗ ਦਿੱਸਦਾ ਰਹਿੰਦਾ ਹੈ ਜਿਵੇਂ ਚਿੱਟੇ ਕੱਪੜੇ ਉੱਪਰ ਕਾਲਾ ਦਾਗ਼ ਦੂਰੋਂ ਹੀ ਦਿੱਸਣ ਲਗ ਜਾਂਦਾ ਹੈ; ਇਉਂ ਸੰਤ ਜਨਾਂ ਦੀ ਐਸੀ ਗੱਲ ਨੂੰ ਲੋਕ ਸਦੀਆਂ ਤਕ ਨਹੀਂ ਭੁੱਲਦੇ ਕਿ ਫਲਾਣੇ ਸੰਤ ਨੇ ਆਹ ਬਹੁਤ ਮਾੜਾ ਕੰਮ ਕਰਿਆ ਸੀ, ਉਹ ਸਾਧੂਆਂ ਵਾਲਾ ਲਿਬਾਸ ਪਹਿਨ ਕੇ ਸਾਧੂ ਤਾਂ ਬਣ ਗਿਆ ਪਰ ਉਸਦਾ ਮਨ ਸਾਧੂ ਨਾ ਬਣਿਆ ॥੧੦॥

ਅੱਗੇ ਚੰਦਨ ਤੇ ਚੰਦ੍ਰਮਾ ਦਾ ਦ੍ਰਿਸ਼ਟਾਂਤ ਦੇ ਕੇ ਸਤਿਸੰਗਤ ਦੀ ਮਹਿਮਾ ਕਥਨ ਕਰਦੇ ਹਨ :

## ਚੰਦਨ ਸੀਤਲ ਲੋਕ ਮੈਂ, ਚੰਦਨ ਤੇ ਸਸਿ ਸੀਤ ॥

ਇਸ ਸੰਸਾਰ ਮੈਂ = ਵਿਚ ਲੋਕਾਂ ਨੇ ਬਾਵਨ ਚੰਦਨ ਬਹੁਤ ਸੀਤਲ = ਠੰਢਕ ਦੇਣ ਵਾਲਾ ਮੰਨਿਆ ਹੈ, ਕਿਉਂਕਿ ਜਦੋਂ ਇਸਨੂੰ ਘਸਾ ਕੇ ਸਰੀਰ ਦੇ ਅੰਗਾਂ ਉੱਪਰ ਲਗਾਇਆ ਜਾਵੇ ਤਾਂ ਸਾਰੇ ਸਰੀਰ ਵਿਚ ਸੀਤਲਤਾ

ਪੈਦਾ ਕਰ ਦੇਂਦਾ ਹੈ, ਫੇਰ ਚੰਦਨ ਤੇ = ਨਾਲੋਂ ਸਸਿ = ਚੰਦ੍ਰਮਾ ਬਹੁਤ ਸੀਤ = ਠੰਢਾ ਮੰਨਿਆ ਹੈ ਕਿਉਂਕਿ ਚੰਦ੍ਰਮਾ ਚੰਦਨ ਨਾਲੋਂ ਬੇਅੰਤ ਗੁਣਾਂ ਸੀਤਲ ਹੈ। ਪਰ ਜਦੋਂ ਚੜ੍ਹਦਾ ਹੈ ਤਾਂ ਸਾਰੇ ਸੰਸਾਰ ਵਿੱਚ ਠੰਢ ਪਾ ਦੇਂਦਾ ਹੈ।

## ਚੰਦਨ ਚੰਦ੍ਹ ਜੁਗਲ ਤੇ; ਸੀਤਲ ਸਤਸੰਗ ਨੀਤ ॥੧੧॥

ਪਰ ਚੰਦ੍ਹ = ਚੰਦ੍ਰਮਾ ਅਤੇ ਚੰਦਨ ਇਨ੍ਹਾਂ ਜੁਗਲ = ਦੋਨਾਂ ਤੋਂ ਸੌ ਗੁਣਾ ਅਧਿਕ ਸਤਸੰਗਿ = ਸੰਤ ਜਨਾਂ ਦੀ ਸੰਗਤ ਨੀਤ = ਨਿਤਾਪ੍ਰਤੀ ਸੀਤਲ = ਠੰਢਕ ਦੇਣ ਵਾਲੀ ਹੈ ॥੧੧॥ ਜੈਸਾ ਕਿ :

**ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥**
**ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥** *(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੭)*

## ਏਕ ਪੁਤ੍ਰ ਗੁਣਵਾਨ ਸੁਭ; ਸੌ ਸੁਤ ਅਗੁਣ ਅਕਾਮ ॥

ਗ੍ਰਿਹਸਥੀ ਮਨੁੱਖ ਦਾ ਗੁਣਵਾਨ = ਗੁਣਾਂ ਵਾਲਾ, ਸਮਝਦਾਰ ਪੁੱਤਰ ਤਾਂ ਏਕ = ਇਕ ਹੀ ਸੁਭ = ਸ੍ਰੇਸ਼ਟ ਹੈ, ਜੇਕਰ ਅਗੁਣ = ਗੁਣਾਂ ਤੋਂ ਹੀਨ ਉੱਪਦ੍ਰਵ ਕਰਨ ਵਾਲੇ ਸਤ = ਸੌ ਪੁੱਤਰ ਵੀ ਹੋ ਜਾਣ, ਤਾਂ ਵੀ ਉਹ ਅਕਾਮ = ਨਿਕੰਮੇ, ਵਿਅਰਥ ਹਨ।

## ਇਕ ਸਸਿ ਹੀ ਤਮ ਕੋ ਹਰੇ; ਤਾਰੇ ਕੋਟਿ ਕਿਹ ਕਾਮ ॥੧੨॥

ਦ੍ਰਿਸ਼ਟਾਂਤ ਕਥਨ ਕਰਦੇ ਹਨ ਕਿ ਜਿਸ ਪ੍ਰਕਾਰ ਇਕ ਹੀ ਸਸਿ = ਚੰਦ੍ਰਮਾ ਆਕਾਸ਼ ਵਿਚ ਪ੍ਰਕਾਸ਼ਮਾਨ ਹੋ ਕੇ ਰਾਤ ਦੇ ਤਮ = ਹਨੇਰੇ ਕੋ = ਨੂੰ ਹਰੇ = ਦੂਰ, ਨਾਸ਼ ਕਰ ਦੇਂਦਾ ਹੈ, ਜਦੋਂ ਚੰਦ੍ਰਮਾ ਨਹੀਂ ਚੜ੍ਹਦਾ ਤਦੋਂ ਚੜ੍ਹੇ ਹੋਏ ਕੋਟਿ = ਕ੍ਰੋੜਾਂ ਤਾਰੇ ਕਿਹ = ਕਿਸ ਕੰਮ ਹਨ, ਜੇਕਰ ਉਹ ਰਾਤ ਦਾ ਹਨੇਰਾ ਹੀ ਦੂਰ ਨਹੀਂ ਕਰ ਸਕਦੇ। ਇਸੇ ਪ੍ਰਕਾਰ ਚੰਦ੍ਰਮਾ ਵਤ ਇਕ ਹੀ ਸ੍ਰੇਸ਼ਟ ਪੁੱਤਰ ਆਪਣੀਆਂ ਕੁਲਾਂ ਦਾ ਉਧਾਰ ਕਰ ਦੇਂਦਾ ਹੈ ਅਤੇ ਤਾਰਿਆਂ ਦੀ ਨਿਆਈਂ ਸੌ ਔਗੁਣਾਂ ਵਾਲੇ ਪੁੱਤਰ ਕਿਸ ਕੰਮ ਹਨ, ਭਾਵ ਉਹ ਆਪ ਵੀ ਡੁੱਬ ਜਾਂਦੇ ਹਨ ਅਤੇ ਆਪਣੀਆਂ ਕੁਲਾਂ ਨੂੰ ਵੀ ਡੋਬ ਜਾਂਦੇ ਹਨ ॥੧੨॥ ਜੈਸਾ ਕਿ :

**ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥੬॥** *(ਮਾਝ ਮ: ੩, ਅੰਗ ੧੨੪)*
**ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥** *(ਸੂਹੀ ਮ: ੩, ਅੰਗ ੭੫੫)*

## ਅੰਮ੍ਰਿਤਰਸੁ ਵਿਦ੍ਵਾਨ ਕੋ; ਜਾਨਤ ਇਕ ਵਿਦ੍ਵਾਨ ॥

ਵਿਦ੍ਵਾਨ = ਬ੍ਰਹਮ ਵਿੱਦਿਆ ਪੜ੍ਹਨ, ਵਿਚਾਰਨ ਵਾਲੇ ਗਿਆਨਵਾਨ ਪੁਰਖ ਕੋ = ਨੂੰ ਜੋ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਜੋ ਬ੍ਰਹਮਾਨੰਦ ਰੂਪੀ ਰਸ ਪ੍ਰਾਪਤ ਹੋਇਆ ਹੈ, ਉਸ ਰਸ ਨੂੰ ਇਕ ਵਿਦ੍ਵਾਨ = ਗਿਆਨਵਾਨ ਪੁਰਖ ਹੀ ਜਾਨਤ = ਜਾਣ ਸਕਦਾ ਹੈ ਕਿ ਉਸਨੂੰ ਕਿਤਨਾ ਕੁ ਆਨੰਦ ਪ੍ਰਾਪਤ ਹੋਇਆ ਹੈ। ਜੈਸਾ ਕਿ :

**ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥** *(ਗਉੜੀ ਸੁਖਮਨੀ ਮ: ੫, ਅੰਗ ੨੭੩)*

## ਰੰਭਾ ਭੋਗਨ ਤੇ ਜੁ ਸੁਖ; ਜਾਨੈ ਸ਼ੱਕ੍ਰ ਨ ਆਨ ॥੧੩॥

ਕਵੀ ਜੀ ਉਸੇ ਗੱਲ ਨੂੰ ਸਪੱਸ਼ਟ ਕਰਨ ਲਈ ਦ੍ਰਿਸ਼ਟਾਂਤ ਕਥਨ ਕਰਦੇ ਹਨ ਕਿ ਜਿਸ ਪ੍ਰਕਾਰ

ਰੰਭਾ = ਅਪੱਛਰਾ ਦੇ ਨਾਲ ਭੋਗਨ = ਭੋਗ ਬਿਲਾਸ ਕਰਨ ਤੇ = ਤੋਂ ਜੁ = ਜਿਹੜਾ ਸੁਖ = ਅਨੰਦ ਪ੍ਰਾਪਤ ਹੋਣਾ ਹੈ, ਉਹ ਸ਼ੱਕ੍ਰ = ਇੰਦ੍ਰ ਤੋਂ ਬਿਨਾਂ ਆਨ = ਹੋਰ ਕੋਈ ਨਹੀਂ ਜਾਨੈ = ਜਾਣ ਸਕਦਾ ॥੧੩॥

## ਸਭ ਸ਼ਾਸਤ੍ਰ ਮੈਂ ਚਤੁਰ ਭੀ; ਚਤੁਰ ਵੇਦ ਥਿਤਿ ਵਾਕ ॥

ਭਾਵੇਂ ਕੋਈ ਮਨੁੱਖ ਸਭ = ਸਾਰੇ ਸ਼ਾਸਤ੍ਰ = ਧਾਰਮਿਕ ਗ੍ਰੰਥਾਂ, ਹਿੰਦੂ ਮਤ ਦੇ ਛੇ ਸ਼ਾਸਤ੍ਰਾਂ (ਵੈਸ਼ੇਸ਼ਿਕ, ਸਾਂਖਯ, ਨਯਾਯ, ਵਿਸ਼ੇਸ਼ਕ ਯੋਗ ਦਰਸ਼ਨ, ਮੀਮਾਂਸਾ, ਵੇਦਾਂਤ) ਦੇ ਮੈ = ਵਿਚ ਚਤੁਰ = ਨਿਪੁੰਨ ਭੀ = ਵੀ ਹੋਵੇ, ਫੇਰ ਚਤੁਰ = ਚਾਰੇ ਵੇਦ (ਸ਼ਾਮ, ਰਿਗ ਯਜੁਰ, ਅਥਰਬਣ) ਵੀ ਜਿਸਦੀ ਵਾਕ = ਬਾਣੀ, ਬੋਲੀ ਵਿਚ ਥਿਤਿ = ਇਸਥਿਤ ਹੋਣ, ਭਾਵ ਚਾਰੇ ਵੇਦ ਵੀ ਜਿਸਨੂੰ ਜ਼ੁਬਾਨੀ ਕੰਠ ਹੋਣ।

## ਆਤਮ ਗਯਾਨ ਨ ਜਾਨਯੋ; ਜਯੋਂ ਦਰਬੀ ਰਸ ਪਾਕ ॥੧੪॥

ਪਰ ਜੇਕਰ ਆਤਮ = ਆਪਣੇ ਆਤਮ ਸਰੂਪ ਦਾ ਗਿਆਨ ਨਹੀਂ ਜਾਨਯੋ = ਜਾਨਣਾ ਕੀਤਾ, ਉਸਦੇ ਵੇਦ ਸ਼ਾਸਤ੍ਰ ਪੜ੍ਹੇ ਹੋਏ ਇਸ ਪ੍ਰਕਾਰ ਨਿਸਫਲ ਹਨ, ਜਯੋਂ = ਜਿਵੇਂ ਦਰਬੀ = ਕੜਛੀ ਪਾਕ = ਰਸੋਈ ਅੰਦਰ ਬਣੇ ਛੱਤੀ ਪ੍ਰਕਾਰ ਦੇ ਰਸਦਾਇਕ ਪਦਾਰਥਾਂ ਵਿਚ ਫਿਰਦੀ ਹੋਈ, ਫੇਰ ਵੀ ਉਨ੍ਹਾਂ ਦੇ ਰਸ ਤੋਂ ਖ਼ਾਲੀ ਹੀ ਰਹਿੰਦੀ ਹੈ। ਜੈਸਾ ਕਿ :

**ਕੜਛੀਆ ਫਿਰੰਨਿ੍ ਸੁਆਉ ਨ ਜਾਣਨਿ੍ ਸੁਞੀਆ ॥** *(ਵਾਰ ਗੂਜਰੀ ਮ: ੫, ਅੰਗ ੫੨੧)*

ਇਸ ਤਰ੍ਹਾਂ ਉਸਦੇ ਵੇਦ ਸ਼ਾਸਤ੍ਰ ਪੜ੍ਹੇ ਹੋਏ ਹਨ, ਭਾਵ ਆਪ ਪੜ੍ਹ ਵੀ ਲਏ ਤੇ ਹੋਰਨਾਂ ਨੂੰ ਪੜ੍ਹਾ ਵੀ ਦਿੱਤੇ ਪਰ ਉਨ੍ਹਾਂ ਦੇ ਉਪਦੇਸ਼ ਨੂੰ ਕਮਾਉਣਾ ਨਹੀਂ ਕੀਤਾ, ਜਿਸ ਕਾਰਨ ਐਸੇ ਮਨੁੱਖਾਂ ਦਾ ਜੀਵਨ ਵਿਅਰਥ ਹੀ ਚਲਿਆ ਜਾਂਦਾ ਹੈ ॥੧੪॥ ਜੈਸਾ ਕਿ :

**ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥** *(ਗਉੜੀ ਸੁਖਮਨੀ ਮ: ੫, ਅੰਗ ੨੬੯)*

## ਗਿਰਿ ਗਿਰਿ ਮੈਂ ਮਾਨਕ ਨਹੀਂ; ਗਜ ਗਜ ਮੋਤੀ ਨਾਂਹਿ ॥

ਦ੍ਰਿਸ਼ਟਾਂਤ ਦੇ ਕੇ ਸੰਤ ਜਨਾਂ ਦੀ ਦੁਰਲੱਭਤਾ ਕਥਨ ਕਰਦੇ ਹਨ ਕਿ ਜਿਸ ਪ੍ਰਕਾਰ ਹਰੇਕ ਗਿਰਿ ਗਿਰਿ = ਪਹਾੜ-ਪਹਾੜ ਵਿਚ ਮਾਨਕ = ਮੋਤੀ ਨਹੀਂ ਹੁੰਦਾ, ਮੋਤੀਆਂ ਵਾਲਾ ਪਰਬਤ ਕੋਈ ਵਿਰਲਾ ਹੁੰਦਾ ਹੈ, ਫੇਰ ਜਿਵੇਂ ਹਰੇਕ ਗਜ ਗਜ = ਹਾਥੀ-ਹਾਥੀ ਦੇ ਮਸਤਕ ਵਿਚ ਵੀ ਮੋਤੀ ਨਹੀਂ ਹੁੰਦਾ, ਕਿਸੇ ਵਿਰਲੇ ਹਾਥੀ ਦੇ ਮਸਤਕ ਪਰ ਮੋਤੀ ਹੁੰਦਾ ਹੈ।[1]

## ਚੰਦਨ ਤਰੁ ਬਨ ਬਨ ਨਹੀਂ; ਸੰਤ ਨ ਪੁਰਿ ਪੁਰਿ ਮਾਂਹਿ ॥੧੫॥

ਫੇਰ ਜਿਸ ਪ੍ਰਕਾਰ ਚੰਦਨ ਦਾ ਤਰੁ = ਬ੍ਰਿਛ ਹਰੇਕ ਬਨ ਬਨ = ਜੰਗਲ-ਜੰਗਲ ਵਿਚ ਨਹੀਂ ਹੁੰਦਾ, ਤਿਵੇਂ ਹੀ ਪਰਮਾਤਮਾ ਦੀ ਬੰਦਗੀ ਵਾਲੇ ਸੰਤ = ਸ਼ਾਂਤ-ਚਿਤ ਮਹਾਤਮਾ ਜਨ ਹਰੇਕ ਪੁਰਿ-ਪੁਰਿ = ਨਗਰ-ਨਗਰ ਜਾਂ ਪਿੰਡ-ਪਿੰਡ ਵਿਚ ਨਹੀਂ ਹੁੰਦੇ, ਉਂਞ ਲਿਬਾਸ ਨੂੰ ਧਾਰਨ ਵਾਲੇ ਭੇਖੀ ਸੰਤ ਬਹੁਤ ਹਨ, ਪਰ ਸਿਮਰਨ ਵਿਚ ਚਿੱਤ ਟਿਕਾਉਣ ਵਾਲੇ ਕੋਈ ਵਿਰਲੇ ਹੀ ਹੁੰਦੇ ਹਨ ॥੧੫॥ ਜੈਸਾ ਕਿ :

**ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥** *(ਸਲੋਕ ਮ: ੯, ਅੰਗ ੧੪੨੭)*

---

੧. ਕਵੀ ਮੱਲਿ ਨਾਥ ਜੀ ਲਿਖਦੇ ਹਨ ਕਿ ਪ੍ਰਾਚੀਨ ਵਿਦਵਾਨਾਂ ਨੇ ਅੱਠ ਅਸਥਾਨਾਂ ਤੋਂ ਅੱਠ ਪ੍ਰਕਾਰ ਦੇ ਮੋਤੀ ਪੈਦਾ ਹੋਣੇ ਲਿਖੇ ਹਨ : ਗਜ, ਮੇਘ, ਵਰਾਹ, ਸ਼ੰਖ, ਮੱਛ, ਸਰਪ, ਸਿੱਪੀ ਅਤੇ ਬਾਂਸ।

**ਸੈਲ ਸੈਲ ਮਾਨਕ ਨਹੀਂ ਗਜ ਗਜ ਮੋਤੀ ਨਾਂਹਿ ॥**
**ਬਨ ਬਨ ਮੈ ਚੰਦਨ ਨਹੀ ਸਾਧ ਨ ਪੁਰ ਪੁਰ ਮਾਹਿ ॥੬॥** *(ਚਾਣਕਯ ਰਾਜਨੀਤੀ, ਅਧਿ: ੩)*

## ਨਿਰਮਲ ਮਤਿ ਮਾਨੀ ਪੁਰਖੁ; ਦੁਇ ਫਲ ਕੀ ਇਛ ਧਾਰ ॥

ਨਿਰਮਲ = ਉੱਜਲ ਮਤਿ = ਬੁੱਧੀ ਵਾਲਾ ਅਤੇ ਮਾਨੀ = ਆਦਰ ਮਾਣ, ਇੱਜ਼ਤਦਾਰ ਪੁਰਖ ਆਪਣੇ ਚਿੱਤ ਵਿਚ ਦੋ ਫਲਾਂ ਕੀ = ਦੀ ਇਛ = ਚਾਹਨਾ ਧਾਰ = ਧਾਰਨਾ ਕਰਕੇ ਰੱਖਦਾ ਹੈ।

## ਸਰਬ ਸੰਗੁ ਨਿਰਬ੍ਰਿਤਤਾ; ਵਾ ਬਿਭੂਤਿ ਵਿਸਥਾਰ ॥੧੬॥

ਜਾਂ ਤਾਂ ਸਰਬ = ਸਾਰੇ ਵਿਸ਼ੇ-ਵਿਕਾਰਾਂ ਸੰਗੁ = ਨਾਲੋਂ ਨਿਰਬ੍ਰਿਤਤਾ = ਨਿਰਵਿਰਤ, ਬਿਰਕਤ ਰਹਿਣਾ ਵਾ = ਜਾਂ ਬਿਭੂਤਿ = ਧਨ ਪਦਾਰਥ ਦਾ ਵਿਸਥਾਰ = ਫੈਲਾਉ ਕਰਨਾ।

ਭਾਵ ਇਕ ਨਵਿਰਤੀ ਪੱਖ ਤੇ ਦੂਸਰਾ ਪ੍ਰਵਿਰਤੀ ਪੱਖ ਹੈ, ਉੱਜਲ ਬੁੱਧ ਵਾਲੇ ਪੁਰਖ ਪਰਮਾਤਮਾ ਕੋਲੋਂ ਇਹ ਮੰਗਦੇ ਹਨ ਕਿ ਹੇ ਪਰਮਾਤਮਾ! ਜੇ ਸਾਨੂੰ ਨਵਿਰਤੀ ਦੇਣੀ ਹੈ ਤਾਂ ਇਹੋ ਜਿਹੀ ਨਵਿਰਤੀ ਦੇਣਾ ਕਰੋ ਕਿ ਅਸੀਂ ਸਭ ਨਾਲੋਂ ਅਸੰਗ ਹੋ ਜਾਈਏ ਅਤੇ ਸਾਨੂੰ ਕਿਸੇ ਪ੍ਰਕਾਰ ਦੀ ਕੋਈ ਇੱਛਾ ਨਾ ਫੁਰੇ। ਜੇਕਰ ਸਾਨੂੰ ਪ੍ਰਵਿਰਤੀ ਦੇਣੀ ਹੈ ਤਾਂ ਫੇਰ ਧਨ ਐਸ਼ਵਰਜ ਦਾ ਐਸਾ ਵਿਸਤਾਰ ਕਰੋ ਕਿ ਅਸੀਂ ਜੋ ਵੀ ਇੱਛਾ ਕਰੀਏ ਸਾਨੂੰ ਉਹੋ ਪ੍ਰਾਪਤ ਹੋ ਜਾਵੇ। ਕਿਉਂਕਿ ਨਾ ਨਵਿਰਤੀ ਪੂਰੀ ਹੋਣੀ ਅਤੇ ਨਾ ਪਰਵਿਰਤੀ ਪੂਰੀ ਹੋਣੀ, ਐਵੇਂ ਵਿਚ ਵਿਚਾਲੇ ਜੇ ਅਟਕਣਾ ਸਾਨੂੰ ਚੰਗਾ ਨਹੀਂ ਲੱਗਦਾ, ਜਿਵੇਂ ਸੁਥਰੇ ਜੀ ਦਾ ਕਥਨ ਹੈ ॥੧੬॥ ਜੈਸਾ ਕਿ :

**ਦੋਹਰਾ ॥ ਇਕੇ ਤਾਂ ਬਹੁਤਾ ਧਨ ਭਲਾ ਇਕੇ ਭਲਾ ਗੋਬਿੰਦ।**
**ਵਿਚ ਵਿਚਾਲੇ ਸੁਥਰਿਆ ਗੋਤੇ ਖਾਂਦੀ ਜਿੰਦ ॥**

ਪੰਡਿਤ ਗੁਲਾਬ ਸਿੰਘ ਜੀ ਨੇ ਵੀ ਐਸਾ ਕਥਨ ਕੀਤਾ ਹੈ :

**ਸ੍ਵੈਯਾ ॥ ਕੈ ਮਹਿ ਮੰਡਲ ਰਾਜ ਦਿਜੈ, ਨਹਿ ਏਕ ਕਮੰਡਲ ਹੀ ਕਰ ਮਾਂਹੀ।**
**ਕੈ ਤਨ ਮਾਂਹਿ ਪਟੰਬਰ ਦੈ, ਨਹਿ ਏਕ ਮ੍ਰਿਗੰਬਰ ਹੀ ਜਗ ਮਾਂਹੀ।**
**ਹਾਟਕ ਧਾਮ ਨਿਵਾਸ ਦਿਜੈ ਨਹਿ ਪਰਨ ਕੁਟੀ ਸੁਖ ਸੋਂ ਬਨ ਮਾਂਹੀ।**
**ਦੋਨਨ ਮੈ ਪ੍ਰਭੁ ਏਕ ਦਿਜੈ ਸਭ ਹੀ ਫਲ ਤੈ ਪਦ ਪੰਕਜ ਮਾਂਹੀ ॥੮॥**

*(ਪੰਡਿਤ ਗੁਲਾਬ ਸਿੰਘ ਜੀ, ਭਾਵਰਸਾਂਮ੍ਰਿਤ)*

ਸੋ ਇਸ ਪ੍ਰਕਾਰ ਦੀ ਨਵਿਰਤੀ ਤੇ ਪਰਵਿਰਤੀ ਬੁੱਧੀਵਾਨ ਪੁਰਖ ਚਾਹੁੰਦੇ ਹਨ।

ਅੱਗੇ ਸੰਤਾਂ ਦਾ ਸੁਭਾਅ ਕਥਨ ਕਰਦੇ ਹਨ :

## ਉਪਕਾਰੀ ਪਯਾਰੀ ਗਿਰਾ; ਕਰੈਂ ਅਕਿਰਤਮ ਪ੍ਰੀਤਿ ॥

ਸੰਤ ਜਨ ਸਦਾ ਉਪਕਾਰੀ = ਪਰਾਇਆਂ ਦਾ ਭਲਾ ਕਰਨ ਵਾਲੇ ਹਨ, ਸਭ ਨਾਲ ਪਯਾਰੀ = ਮਿੱਠੀ, ਪਿਆਰ ਵਾਲੀ ਗਿਰਾ = ਬਾਣੀ, ਬੋਲੀ ਬੋਲਦੇ ਹਨ, ਏਥੋਂ ਤਕ ਕਿ ਜਿਹੜੇ ਅਕਿਰਤਮ = ਕਿਸੇ ਨਾਲ ਪ੍ਰੀਤੀ ਨਾ ਕਰਨ ਵਾਲੇ ਹਨ, ਉਨ੍ਹਾਂ ਨਾਲ ਵੀ ਪ੍ਰੀਤਿ = ਪ੍ਰੀਤੀ ਕਰਦੇ ਹਨ **ਵਾ:** ਅਕਿਰਤਮ = ਬਿਨਾਂ ਸਵਾਰਥ ਦੇ ਸਭ ਨਾਲ ਪ੍ਰੀਤੀ ਕਰਦੇ ਹਨ।

## ਸੰਤਨ ਇਹੀ ਸੁਭਾਵ ਹੈ; ਸਸਿ ਸੀਤਲ ਕਿਨ ਕੀਤ ॥੧੭॥

ਸੰਤਨ = ਸ਼ਾਂਤ-ਚਿੱਤ ਮਹਾਤਮਾ ਜਨਾਂ ਦਾ ਇਹ ਸੁਤੇ-ਸਿਧ ਹੀ ਸੁਭਾਅ ਹੈ ਜੋ ਕਿਸੇ ਦਾ ਬਣਾਇਆ

ਹੋਇਆ ਨਹੀਂ ਹੈ, ਜਿਸ ਪ੍ਰਕਾਰ ਸਸਿ = ਚੰਦਰਮਾ ਸੀਤਲ = ਠੰਢਾ ਕਿਨ = ਕਿਸ ਨੇ ਕੀਤ = ਕੀਤਾ ਹੈ, ਭਾਵ ਉਹ ਚੰਦ੍ਰਮਾ ਸੁਤੇ-ਸਿਧ ਹੀ ਠੰਢਾ ਹੈ, ਤਿਵੇਂ ਸੰਤ ਜਨ ਪਰਉਪਕਾਰੀ, ਮਿੱਠੀ ਬੋਲੀ ਤੇ ਅਕ੍ਰਿਤਘਣਾਂ ਨਾਲ ਵੀ ਪ੍ਰੀਤੀ ਕਰਨ ਵਾਲੇ ਹਨ, ਇਹ ਸੰਤ ਜਨਾਂ ਦਾ ਸੁਤੇ-ਸਿਧ ਸੁਭਾਅ ਹੈ, ਸੰਤ ਜਨ ਇਹੀ ਚਾਹੁੰਦੇ ਹਨ ਕਿ ਜਿਸ ਪ੍ਰਕਾਰ ਅਸੀਂ ਪਰਮਾਤਮਾ ਦਾ ਨਾਮ ਜਪ ਕੇ ਸੁਖੀ ਹੋਏ ਹਾਂ ਇਸ ਤਰ੍ਹਾਂ ਸਾਰਾ ਸੰਸਾਰ ਹੀ ਨਾਮ ਜਪ ਕੇ ਸੁਖੀ ਹੋ ਜਾਵੇ। ਜਿਹੜਾ ਵੀ ਇਨ੍ਹਾਂ ਦੇ ਕੋਲ ਆਉਂਦਾ ਹੈ ਉਨ੍ਹਾਂ ਨੂੰ ਉਪਦੇਸ਼ ਦੇ ਕੇ ਜੰਮਣ-ਮਰਣ ਦੇ ਦੁੱਖ ਤੋਂ ਛੁਡਾ ਲੈਂਦੇ ਹਨ॥੧੭॥

## ਸੋ ਤਰੁ ਕੋਇਕ ਕਹੂੰ ਹ੍ਵੈ; ਜਿਹ ਕਰਿੰਦ ਆਸ੍ਰਿੱਛ॥

ਦ੍ਰਿਸ਼ਟਾਂਤ ਰੂਪ ਵਿਚ ਕਥਨ ਕਰਦੇ ਹਨ ਕਿ ਸੋ = ਉਹ ਤਰੁ = ਬ੍ਰਿਛ ਕਹੂੰ = ਕਿਤੇ ਕੋਇਕ = ਕੋਈ ਇਕ ਵਿਰਲਾ ਹੀ ਹੁੰਦਾ ਹੈ, ਜਿਹ = ਜਿਸ ਬ੍ਰਿਛ ਦੇ ਆਸ੍ਰਿੱਛ = ਆਸਰੇ ਕੋਈ ਕਰਿੰਦ = ਹਾਥੀ ਬੰਨ੍ਹਿਆ ਜਾਵੇ।

## ਬਨ ਬਨ ਮੈਂ ਬਨਚਰਨ ਕੇ; ਵਾਸ ਯੋਗ ਬਹੁ ਬ੍ਰਿੱਛ॥੧੮॥

ਕਿਉਂਕਿ ਬਨ ਬਨ = ਜੰਗਲਾਂ-ਜੰਗਲਾਂ ਦੇ ਮੈ = ਵਿਚ ਬਨਚਰਨ = ਬਾਂਦਰਾਂ ਕੇ = ਦੇ ਵਾਸ = ਵੱਸਣ ਯੋਗ ਤਾਂ ਬਹੁ = ਬਹੁਤ ਸਾਰੇ ਬ੍ਰਿਛ = ਰੁੱਖ ਹਨ, ਭਾਵ ਬਾਂਦਰ ਤਾਂ ਟਪੂਸੀਆਂ ਮਾਰ ਕੇ ਕਦੇ ਕਿਸੇ ਬ੍ਰਿਛ 'ਤੇ ਕਦੇ ਕਿਸੇ ਬ੍ਰਿਛ 'ਤੇ ਚਲਾ ਜਾਂਦਾ ਹੈ ਪਰ ਹਾਥੀ ਕਿਸੇ ਵਿਰਲੇ ਰੁੱਖ ਨਾਲ ਹੀ ਬੱਝ ਸਕਦਾ ਹੈ ਜਿਵੇਂ ਬੋਹੜ, ਪਿੱਪਲ ਆਦਿ॥੧੮॥

ਅੱਗੇ ਉੱਪਰਲੇ ਦੋਹਰੇ ਦਾ ਦ੍ਰਿਸ਼ਟਾਂਤ ਰੂਪ ਵਿਚ ਕਥਨ ਕਰਦੇ ਹਨ:

## ਜੋ ਜਨ ਕੇ ਬੰਧਨ ਹਰੈ; ਸੋ ਸਾਧੂ ਕਹੂੰ ਏਕ॥

ਏਸੇ ਤਰੀਕੇ ਨਾਲ ਜੋ = ਜਿਹੜਾ ਜਨ = ਮਨੁੱਖਾਂ ਕੇ = ਦੇ ਜੰਮਣ ਮਰਣ ਰੂਪੀ ਬੰਧਨ = ਜੰਜਾਲਾਂ ਨੂੰ ਹਰੈ = ਨਾਸ਼ ਕਰ ਦੇਵੇ, ਸੋ = ਉਹ ਸਾਧੂ ਕਹੂੰ = ਕਿਤੇ ਏਕ = ਇਕ-ਅੱਧਾ ਵਿਰਲਾ ਹੀ ਹੁੰਦਾ ਹੈ, ਭਾਵ ਬ੍ਰਹਮ ਨੇਸ਼ਠੀ, ਬ੍ਰਹਮ ਸ੍ਰੋਤਰੀ ਮਹਾਤਮਾ ਕੋਈ ਵਿਰਲਾ ਹੀ ਹੁੰਦਾ ਹੈ।

## ਕਰਮ ਕ੍ਰਿਯਾ ਜੋੜਨ ਵਿਖੇ; ਜਨ ਸਮਰੱਥ ਅਨੇਕ॥੧੯॥

ਕਿਉਂਕਿ ਹੋਰ ਕਰਮ ਕਾਂਡਾਂ ਦੀਆਂ ਕ੍ਰਿਯਾ = ਕਿਰਿਆਵਾਂ ਵਿਖੇ = ਵਿਚ ਜੋੜਨ ਵਾਲੇ ਅਨੇਕ = ਬੇਅੰਤ ਜਨ = ਮਨੁੱਖ ਸਮਰੱਥ ਹਨ, ਭਾਵ ਯਥਾਰਥ ਗਿਆਨ ਦਾ ਉਪਦੇਸ਼ ਕਰਨ ਵਾਲਾ ਮਹਾਤਮਾ ਕੋਈ ਵਿਰਲਾ ਹੀ ਹੁੰਦਾ ਹੈ, ਕਰਮ ਉਪਾਸ਼ਨਾ ਵਿਚ ਜੋੜਨ ਵਾਲੇ ਪੁਰਖ ਬਹੁਤ ਹਨ॥੧੯॥

## ਦ੍ਵਿਜ ਪ੍ਰਸੰਨ ਖੀਰਾਦਿ ਕਰ; ਮੋਰ ਮੋਦ ਘਨ ਬੈਨ॥

ਦ੍ਵਿਜ = ਬ੍ਰਾਹਮਣ ਖੀਰਾਦਿ = ਖੀਰ, ਕੜਾਹ ਆਦਿ ਭੋਜਨ ਖਵਾਣ ਕਰਿ = ਕਰਕੇ ਪ੍ਰਸੰਨ = ਖ਼ੁਸ਼ ਹੋ ਜਾਂਦੇ ਹਨ, ਅਤੇ ਘਨ = ਬੱਦਲ ਦੇ ਬੈਨ = ਬੋਲ ਭਾਵ ਬੱਦਲਾਂ ਦੀ ਗਰਜ ਸੁਣ ਕੇ ਮੋਰ ਮੋਦ = ਪ੍ਰਸੰਨ ਹੋ ਜਾਂਦੇ ਹਨ।

## ਸੰਤ ਸੁਖੀ ਪਰ ਹਿਤ ਵਿਖੇ; ਸਠ ਪਰ ਬਿਪਤਾ ਚੈਨ॥੨੦॥

ਏਸੇ ਤਰੀਕੇ ਨਾਲ ਸੰਤ = ਸ਼ਾਂਤ-ਚਿੱਤ ਮਹਾਤਮਾ ਜਨ ਪਰ = ਪਰਾਏ ਦੇ ਹਿਤ = ਭਲੇ ਦੇ ਵਿਚ ਸੁਖੀ ਰਹਿੰਦੇ ਹਨ, ਭਾਵ ਦੂਸਰੇ ਦਾ ਭਲਾ ਕਰਕੇ ਆਪਣੇ ਆਪ ਨੂੰ ਸੁਖੀ ਮੰਨਦੇ ਹਨ ਅਤੇ ਸਠ = ਮੂਰਖ ਮਨੁੱਖ

ਜਦੋਂ ਕਿਸੇ ਪਰ = ਪਰਾਏ ਉੱਪਰ ਬਿਪਤਾ = ਮੁਸੀਬਤ ਪਈ ਦੇਖਦੇ ਹਨ, ਤਾਂ ਉਹ ਚੈਨ = ਸੁਖ ਆਰਾਮ ਮੰਨਦੇ ਹਨ, ਭਾਵ ਜਦੋਂ ਦੂਸਰੇ ਨੂੰ ਕਸ਼ਟ ਮਿਲਦਾ ਹੈ ਤਾਂ ਮੂਰਖ ਮਨੁੱਖ ਪ੍ਰਸੰਨ ਹੁੰਦੇ ਹਨ॥੨੦॥

## ਅਰਥੀ ਪ੍ਰਸ਼ਨੀ ਜਗਤ ਮੈਂ; ਸੁਲਭ ਅਗਾਰ ਅਗਾਰ ॥

ਇਸ ਜਗਤ = ਸੰਸਾਰ ਮੈ = ਵਿਚ ਅਰਥੀ = ਮੰਗਤੇ ਅਤੇ ਪ੍ਰਸ਼ਨੀ = ਪ੍ਰਸ਼ਨ ਕਰਨ ਵਾਲੇ ਅਗਾਰ ਅਗਾਰ = ਅੱਗੇ ਤੋਂ ਅੱਗੇ ਸੁਲਭ = ਸੌਖੇ ਹੀ ਲੱਭ ਜਾਂਦੇ ਹਨ **ਵਾ:** ਅਗਾਰ ਅਗਾਰ = ਘਰ ਘਰ ਵਿਚ ਬਿਅੰਤ ਤੁਰੇ ਫਿਰਦੇ ਹਨ।

## ਦਾਤਾ ਉਤਰਵੰਤ ਦ੍ਵੈ; ਦੁਰਲੱਭ ਨਰ ਸੰਸਾਰ ॥੨੧॥

ਪਰ ਮੰਗਤੇ ਨੂੰ ਦਾਨ ਦੇਣ ਵਾਲਾ ਦਾਤਾ = ਦਾਨੀ ਮਨੁੱਖ ਅਤੇ ਪ੍ਰਸ਼ਨ ਕਰਨ ਵਾਲੇ ਉਤਰਵੰਤ = ਜਵਾਬ ਦੇਣ ਵਾਲਾ, ਇਹ ਦ੍ਵੈ = ਦੋਵੇਂ ਨਰ = ਮਨੁੱਖ ਸੰਸਾਰ = ਜਗਤ ਵਿਚ ਦੁਰਲਭ = ਔਖੇ ਲੱਭਦੇ ਹਨ॥੨੧॥

## ਸ੍ਵ ਗੁਣ ਦੋਖ ਪਰ ਜਾਚਨਾਂ; ਅਰਥੀ ਵਯਰਥ ਭਜੰਤ ॥

ਸ੍ਵ ਗੁਣ = ਆਪਣੇ ਗੁਣ ਕਹਿਣੇ, ਦੂਸਰੇ ਦੇ ਦੋਸ਼ ਕਥਨ ਕਰਨੇ, ਕਿਸੇ ਕੋਲੋਂ ਧਨ ਪਦਾਰਥ ਜਾਚਨਾ = ਮੰਗਣਾ ਅਤੇ ਅਰਥੀ = ਮੰਗਤਾ ਬੂਹੇ ਤੋਂ ਵਯਰਥ = ਖ਼ਾਲੀ ਭਜੰਤ = ਭਜਾ ਦੇਣੇ ਭਾਵ ਮੰਗਤੇ ਨੂੰ ਖ਼ਾਲੀ ਮੋੜ ਦੇਣਾ।

## ਇਨ ਚਾਰੋਂ ਕੇ ਕਹਿਨ ਮੈਂ; ਸੰਤਨ ਜੀਭ ਲਜੰਤ ॥੨੨॥

ਇਨ = ਇਨ੍ਹਾਂ ਚਾਰੋਂ = ਚਾਰੇ ਗੱਲਾਂ ਕੇ = ਦੇ ਕਰਨ ਮੈਂ = ਵਿਚ ਸੰਤਨ = ਸ਼ਾਂਤ-ਚਿਤ ਮਹਾਤਮਾ ਜਨਾਂ ਦੀ ਜੀਭ = ਰਸਨਾ ਲਜੰਤ = ਲਜਾਇਮਾਨ ਹੋ ਜਾਂਦੀ ਹੈ॥੨੨॥

## ਸ੍ਵੈਯਾ ॥

## ਕਰ ਕੇ ਪਰਹਾਰ ਭਏ ਜਿਮ ਕੁੰਦਕ; ਭੂੰਮ ਗਿਰੇ ਪੁਨ ਊਰਧ ਹੋਈ ॥

ਜਿਮ = ਜਿਸ ਪ੍ਰਕਾਰ ਕਰ = ਹੱਥ ਕੇ = ਦੇ ਜ਼ੋਰ ਨਾਲ ਪਰਹਾਰ = ਸੁੱਟਣ ਕਰਕੇ ਕੁੰਦਕ = ਗੇਂਦ ਭੂਮ = ਧਰਤੀ ਉੱਪਰ ਗਿਰੇ = ਡਿੱਗਦੀ ਹੈ; ਪੁਨ = ਫੇਰ ਊਰਧ = ਉੱਪਰ ਨੂੰ ਹੋਈ = ਹੁੰਦੀ ਹੈ, ਭਾਵ ਗੇਂਦ ਹੇਠਾਂ ਡਿੱਗਣ ਕਰਕੇ ਸ਼ੋਕ ਨਹੀਂ ਕਰਦੀ ਅਤੇ ਉੱਪਰ ਨੂੰ ਉੱਠੀ ਪ੍ਰਸੰਨ ਨਹੀਂ ਹੁੰਦੀ ਅਰਥਾਤ ਗੇਂਦ ਚੋਟ ਲੱਗਣ ਕਰਕੇ ਵੀ ਚਿੱਤ ਵਿਚ ਅਡੋਲ ਰਹਿੰਦੀ ਹੈ।

## ਬਿਤ ਔ ਬ੍ਰਿਤ ਉਤਮ ਸੰਤਨ ਕੀ; ਪਰ ਹੋਵਹਿ ਨਾਸ ਜਬੈ ਵਹਿ ਦੋਈ ॥

ਏਸੇ ਤਰੀਕੇ ਨਾਲ ਜੋ ਬਿਤ = ਧਨ ਔ = ਅਤੇ ਬ੍ਰਿਤ = ਉਪਜੀਵਿਕਾ ਸੰਤਨ = ਸੰਤ ਜਨਾਂ ਕੀ = ਦੀ ਉਤਮ = ਸ੍ਰੇਸ਼ਟ ਹੈ, ਪਰ = ਪ੍ਰੰਤੂ ਜੇਕਰ ਵਹਿ = ਉਹ ਦੋਈ = ਦੋਵੇਂ ਜਬੈ = ਜਦੋਂ ਨਾਸ ਹੋਵਹਿੰ = ਹੋ ਜਾਣ।

## ਅਪਦਾ ਅਤਿ ਪ੍ਰਾਪਤ ਹੋਇ ਜਬੈ; ਨਹਿ ਤਦਯਪਿ ਵਯਾਕੁਲ ਹੋਵਤ ਸੋਈ ॥

ਫੇਰ ਜਬ = ਜਦੋਂ ਸੰਤ ਜਨਾਂ ਨੂੰ ਅਤਿ = ਅਤਿਅੰਤ ਅਪਦਾ = ਬਿਪਦਾ ਪ੍ਰਾਪਤ ਹੋ ਜਾਵੇ, ਤਦਯਪਿ = ਤਦ ਵੀ ਉਹ ਸੰਤ ਜਨ ਵਯਾਕੁਲ = ਬੇਚੈਨ ਨਹੀਂ ਹੁੰਦੇ।

## ਸਮ ਮੇਰੁ ਰਹੈਂ ਥਿਤ ਸੰਤ ਸਦਾ; ਬਿਪਤਾ ਸਮ ਗੇਂਦ ਸਮਾਨ ਸੁ ਜੋਈ ॥੨੩॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨ ਮੇਰੁ = ਸੁਮੇਰ[੧] ਪਰਬਤ ਦੇ ਸਮ = ਸਮਾਨ ਸਦਾ = ਸਦੀਵ ਥਿਤ = ਅਚੱਲ ਰਹੈਂ = ਰਹਿੰਦੇ ਹਨ ਅਤੇ ਬਿਪਤਾ = ਅਪਦਾ, ਦੁੱਖ = ਤਕਲੀਫ਼ ਨੂੰ ਗੇਂਦ ਦੇ ਸਮਾਨ ਜੋਈ = ਦੇਖਦੇ ਹਨ ਅਤੇ ਸਮ = ਇਕ ਰਸ ਸੰਸਾਰ ਵਿਚ ਰਹਿੰਦੇ ਹਨ, ਭਾਵ ਜਿਵੇਂ ਗੇਂਦ ਚੋਟਾਂ ਖਾ ਕੇ ਵੀ ਇਕ-ਰਸ ਅਡੋਲ ਰਹਿੰਦੀ ਹੈ ਤਿਵੇਂ ਸੰਤ ਜਨ ਦੁੱਖ, ਬਿਪਤਾ ਵਿਚ ਇਕ-ਰਸ ਅਡੋਲ ਰਹਿੰਦੇ ਹਨ ॥੨੩॥

## ਦੋਹਰਾ ॥ ਅਧਮ ਚਾਹਿਤੇ ਦਰਬ ਕੋ; ਮੱਧਮ ਧਨ ਅਰੁ ਮਾਨ ॥

ਇਸ ਸੰਸਾਰ ਅੰਦਰ ਅਧਮ = ਨੀਚ ਮਨੁੱਖ ਸਿਰਫ਼ ਦਰਬ = ਧਨ ਕੋ = ਨੂੰ ਹੀ ਚਾਹਿਤੇ = ਚਾਹੁੰਦੇ ਹਨ। ਉਹ ਆਪਣੇ ਆਦਰ ਮਾਨ ਦੀ ਇੱਛਾ ਨਹੀਂ ਰੱਖਦੇ, ਉਨ੍ਹਾਂ ਨੂੰ ਕੇਵਲ ਧਨ ਹੀ ਚਾਹੀਦਾ ਹੈ, ਇਸ ਵਿਚ ਭਾਵੇਂ ਉਨ੍ਹਾਂ ਦਾ ਕੋਈ ਮਾਨ ਕਰੇ ਜਾਂ ਅਪਮਾਨ ਕਰੇ, ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ।

ਮਧਮ = ਵਿਚਕਾਰਲੇ ਮੇਲ ਵਾਲੇ, ਸਮਾਨ-ਪੁਰਖ ਧਨ ਅਰੁ = ਅਤੇ ਮਾਨ = ਆਦਰ ਦੋਵਾਂ ਨੂੰ ਹੀ ਚਾਹੁੰਦੇ ਹਨ ਕਿ ਸਾਨੂੰ ਧਨ ਵੀ ਪ੍ਰਾਪਤ ਹੋ ਜਾਵੇ ਤੇ ਆਦਰ ਮਾਨ ਵੀ ਮਿਲੇ।

## ਉੱਤਮ ਚਾਹੇਂ ਮਾਨ ਕੋ; ਤਾਂ ਕੋ ਧਨ ਸਨਮਾਨ ॥੨੪॥

ਉਤਮ = ਸ੍ਰੇਸ਼ਟ ਮਨੁੱਖ ਕੇਵਲ ਆਪਣਾ ਮਾਨ = ਸਨਮਾਨ, ਇੱਜ਼ਤ ਨੂੰ ਚਾਹੇ = ਚਾਹੁੰਦੇ ਹਨ, ਉਹ ਧਨ ਦੀ ਇੱਛਾ ਨਹੀਂ ਰੱਖਦੇ ਕਿਉਂਕਿ ਤਾ = ਉਨ੍ਹਾਂ ਕੋ = ਦਾ ਸਨਮਾਨ = ਆਦਰ ਹੀ ਉਨ੍ਹਾਂ ਲਈ ਅਸਲ ਧਨ ਹੈ ॥੨੪॥

## ਹੈ ਗੁਣ ਔਗੁਣ ਸਭ ਵਿਖੇ; ਇਨ ਬਿਨ ਜੰਤ ਨ ਕੋਇ ॥

ਈਸ਼ਵਰ ਦੇ ਰਚੇ ਜਿਸ ਸੰਸਾਰ ਵਿਚ ਸਭ = ਸਾਰੇ ਜੀਵਾਂ ਦੇ ਵਿਖੇ = ਅੰਦਰ ਗੁਣ ਅਤੇ ਔਗੁਣ ਹੈ = ਹਨ। ਇਨ੍ਹਾਂ ਔਗੁਣਾਂ ਤੇ ਗੁਣਾਂ ਤੋਂ ਬਿਨਾਂ ਕੋਇ = ਕੋਈ ਵੀ ਜੰਤ = ਜੀਵ ਨਹੀਂ ਹੈ, ਕਿਉਂਕਿ ਜੇਕਰ ਕਿਸੇ ਵਿਚ ਦਸ ਗੁਣ ਹਨ ਤਾਂ ਚਾਰ ਔਗੁਣ ਵੀ ਹੁੰਦੇ ਹਨ, ਜੇਕਰ ਕਿਸੇ ਵਿਚ ਚਾਰ ਗੁਣ ਹਨ ਤਾਂ ਦਸ ਔਗੁਣ ਵੀ ਹਨ।

## ਮ੍ਰਿਦੁ ਸੁਗੰਧ ਸੁੰਦਰ ਕਮਲ; ਪਰ ਕੰਟਕ ਭੀ ਹੋਇ ॥੨੫॥

ਦ੍ਰਿਸ਼ਟਾਂਤ ਦੇ ਕੇ ਉਪਰੋਕਤ ਗੱਲ ਸਮਝਾਉਂਦੇ ਹਨ ਕਿ ਜਿਸ ਪ੍ਰਕਾਰ ਕਮਲ ਦਾ ਫੁੱਲ ਬਹੁਤ ਸੁੰਦਰ = ਸੋਹਣਾ ਹੁੰਦਾ ਹੈ, ਦੂਜਾ ਉਹ ਬਹੁਤ ਮ੍ਰਿਦੁ = ਕੋਮਲ ਹੁੰਦਾ ਹੈ ਅਤੇ ਤੀਜਾ ਉਸ ਵਿਚ ਸੁਗੰਧ = ਖ਼ੁਸ਼ਬੂ ਬਹੁਤ ਹੁੰਦੀ ਹੈ ਪਰ = ਪ੍ਰੰਤੂ ਇਨ੍ਹਾਂ ਗੁਣਾਂ ਦੇ ਨਾਲ-ਨਾਲ ਦੁਖਦਾਈ ਕੰਟਕ = ਕੰਡਾ ਵੀ ਲੱਗਾ ਹੋਇ = ਹੁੰਦਾ ਹੈ ਇਉਂ ਸਾਰੇ ਸੰਸਾਰ ਅੰਦਰ ਗੁਣ ਤੇ ਔਗੁਣ ਮਿਲੇ ਹੋਏ ਹਨ ॥੨੫॥

## ਸੋਰਠਾ ॥ ਭੂ ਮੰਡਲ ਸ੍ਰਿੰਗਾਰ; ਸੰਤ ਮਰਾਲ ਨਿਵਾਸ ਜਹਿ ॥

ਉਹ ਭੂ ਮੰਡਲ = ਪ੍ਰਿਥਵੀ ਦੀ ਜਗ੍ਹਾ ਸ੍ਰਿੰਗਾਰ = ਸੁਹੱਪਣ ਵਾਲੀ ਹੈ ਜਹਿ = ਜਿਥੇ ਸੰਤ = ਮਹਾਤਮਾ

---

੧. **ਸੁਮੇਰ** : ਇਕ ਖ਼ਾਸ ਪਹਾੜ ਹੈ, ਜੋ ਭਾਗਵਤ ਅਤੇ 'ਵਿਸ਼ਨੂੰ ਪੁਰਾਣ' ਅਨੁਸਾਰ ਸੁਵਰਨ ਦਾ ਹੈ ਅਤੇ ਜਿਸ ਉੱਪਰ ਦੇਵਤਿਆਂ ਦੀਆਂ ਪੁਰੀਆਂ ਹਨ, ਸੁਮੇਰ ਦੀ ਬੁਲੰਦੀ ਚੌਰਾਸੀ ਹਜ਼ਾਰ ਯੋਜਨ ਲਿਖੀ ਹੈ ਅਤੇ ਸੋਲ੍ਹਾਂ ਹਜ਼ਾਰ ਯੋਜਨ ਜ਼ਮੀਨ ਵਿਚ ਗੱਡਿਆ ਹੋਇਆ ਦੱਸਿਆ ਹੈ, ਇਸ ਦੀ ਚੋਟੀ ਉੱਪਰ ਬੱਤੀ ਹਜ਼ਾਰ ਯੋਜਨ ਦਾ ਮੈਦਾਨ ਹੈ (ਜੁਗਰਾਫੀਏ ਦੀ ਡਿਕਸ਼ਨਰੀ ਅਨੁਸਾਰ ਰੁਦ੍ਰ ਹਿਮਾਲਯ ਦਾ ਨਾਮ ਹੀ ਸੁਮੇਰ ਹੈ, ਜਿਸ ਵਿੱਚੋਂ ਗੰਗਾ ਨਿਕਲਦੀ ਹੈ। ਇਸਨੂੰ 'ਪੰਚ ਪਰਬਤ' ਵੀ ਆਖਦੇ ਹਨ ਕਿਉਂਕਿ ਇਸ ਦੀਆਂ ਪੰਜ ਚੋਟੀਆਂ ਹਨ : ੧. ਰੁਦ੍ਰਹਿਮਾਲਯ ੨. ਵਿਸ਼ਨਪੁਰੀ ੩. ਬ੍ਰਹਮਪੁਰੀ ੪. ਉਦਗਾਰੀ ਕੰਠ ਅਤੇ ੫. ਸ੍ਵਰਗਾਰੋਹਣ।

ਜਨ ਅਤੇ ਮਰਾਲ = ਹੰਸਾਂ ਦਾ ਨਿਵਾਸ = ਵਾਸਾ ਹੈ, ਭਾਵ ਜਿਥੇ ਇਹ ਵੱਸਦੇ ਹਨ, ਉਥੇ ਇਨ੍ਹਾਂ ਦੀ ਉੱਜਲਤਾ ਕਰਕੇ ਪ੍ਰਿਥਵੀ ਸ਼ੋਭਾ ਪਾਉਂਦੀ ਹੈ।

## ਹਾਨਿ ਤਿਨੈ ਪੁਰਿ ਤਾਲ; ਸਾਧੂ ਹੰਸ ਵਿਜੋਗ ਜਹਿ ॥੨੬॥

ਤਿਨੈ = ਉਸ ਪੁਰਿ = ਨਗਰ ਅਤੇ ਤਾਲ = ਸਰੋਵਰ ਦਾ ਹਾਨਿ = ਨਾਸ਼ ਸਮਝੋ ਜਹਿ = ਜਿਥੇ ਸਾਧੂ = ਮਹਾਤਮਾ ਜਨਾਂ ਤੇ ਹੰਸ ਦਾ ਵਿਜੋਗ = ਵਿਛੋੜਾ ਹੈ, ਭਾਵ ਜਿਸ ਨਗਰ ਵਿਚ ਸਾਧੂ ਮਹਾਤਮਾ ਨਹੀਂ, ਉਹ ਨਗਰ ਉਜਾੜ ਰੂਪ ਹੈ ਅਤੇ ਜਿਸ ਤਲਾਅ ਦੇ ਪਾਸ ਹੰਸ ਨਹੀਂ ਹਨ, ਉਸ ਤਲਾਅ ਦੀ ਵੀ ਕੋਈ ਸ਼ੋਭਾ ਨਹੀਂ ਰਹਿੰਦੀ ॥੨੬॥

## ਬਾਈ ਦੋਹੇ ਸੋਰਠਿਕ; ਤੀਨ ਸਵੈਯੇ ਚੀਨ ॥

ਅਧਿਆਇ ਦੀ ਸਮਾਪਤੀ 'ਤੇ ਛੰਦਾਂ ਦੀ ਗਿਣਤੀ ਕਥਨ ਕਰਦੇ ਹਨ ਕਿ ਇਸ ਅਧਿਆਇ ਵਿਚ ਬਾਈ ਦੋਹੇ = ਦੋਹਰੇ (ਸੋਰਠ + ਇਕ) ਇਕ ਸੋਰਠਾ, ਅਤੇ ਤੀਨ = ਤਿੰਨ ਸਵੈਯੇ ਛੰਦ ਆਏ ਚੀਨ = ਜਾਨਣਾ ਕਰੋ।

## ਸਭੀ ਛੰਦ ਖਟ ਬੀਸ ਹੈਂ; ਹਰਹੈਂ ਦੀਨ ਅਧੀਨ ॥੧॥

ਸਭੀ = ਸਾਰੇ ਕੁਲ ਛੰਦ ਖਟ = ਛੇ ਅਤੇ ਬੀਸ = ਵੀਹ (੬ + ੨੦ = ੨੬) ਭਾਵ ਛੱਬੀ ਛੰਦ ਆਏ ਹਨ ਜੋ ਛੰਦਾਂ ਦਾ ਸਿਧਾਂਤ ਦੀਨ = ਦੀਨਤਾ ਨੂੰ ਹਰਹੈਂ = ਨਾਸ਼ ਕਰੇਗਾ ਅਤੇ ਸਭ ਨੂੰ ਆਪਣੇ ਅਧੀਨ ਕਰੇਗਾ **ਵਾ:** ਦੀਨਤਾ ਅਤੇ ਅਧੀਨਤਾ ਨੂੰ ਨਾਸ਼ ਕਰ ਦੇਵੇਗਾ ਭਾਵ ਗ਼ਰੀਬੀ ਦੇ ਮੁਥਾਜੀ ਖ਼ਤਮ ਕਰੇਗਾ ॥੧॥

## ਇਤਿ ਸ੍ਰੀ ਸਾਰੁਕਤਾਵਲੀ; ਤਾਸ ਇਕਾਦਸੋ ਅਧ੍ਯਾਇ ॥

ਜੋ ਸ੍ਰੀ = ਸੁਭਾਇਮਾਨ ਸਾਰੁਕਤਾਵਲੀ ਗ੍ਰੰਥ ਹੈ, ਤਾਸ = ਤਿਸਦਾ ਇਕਾਦਸੋ = ਗਿਆਰ੍ਹਵਾਂ ਅਧਿਆਇ ਏਥੇ ਇਤਿ = ਸੰਪੂਰਨ ਹੁੰਦਾ ਹੈ।

## ਦੁਰਜਨ ਸੁਰਜਨ ਯੁਗਲ ਕੋ; ਵਰਨਨ ਕੀਨ ਸੁਭਾਇ ॥੨॥

ਜਿਸ ਅਧਿਆਇ ਦੇ ਅੰਦਰ ਦੁਰਜਨ = ਖੋਟੇ ਮਨੁੱਖ ਅਤੇ ਸੁਰਜਨ = ਸ੍ਰੇਸ਼ਟ ਉੱਤਮ ਮਨੁੱਖ ਇਨ੍ਹਾਂ ਯੁਗਲ = ਦੋਨਾਂ ਕੋ = ਦਾ ਸੁਭਾਅ ਵਰਨਨ = ਕਥਨ ਕੀਨ = ਕੀਤਾ ਹੈ ॥੨॥੧੧॥

# ਬਾਰ੍ਹਵਾਂ ਅਧਿਆਇ

## ਅਥ ਦ੍ਵਾਦਸ ਅਧ੍ਯਾਇ ਪ੍ਰਾਰੰਭ ॥

ਅਥ = ਹੁਣ ਸਾਰੁਕਤਾਵਲੀ ਗ੍ਰੰਥ ਦਾ ਦ੍ਵਾਦਸ = ਬਾਰ੍ਹਵਾਂ ਅਧਿਆਇ ਪ੍ਰਾਰੰਭ ਹੁੰਦਾ ਹੈ।

## ਦੋਹਰਾ ॥ ਅਥ ਦ੍ਵਾਦਸ ਅਧ੍ਯਾਇ ਮੈਂ; ਸਪਤ ਵਿਸ਼੍ਯਨ[1] ਵਿਸਤਾਰ ॥

ਅਥ = ਹੁਣ ਸਾਰੁਕਤਾਵਲੀ ਗ੍ਰੰਥ ਦੇ ਦ੍ਵਾਦਸ (੧੦ + ੨ = ੧੨) = ਬਾਰ੍ਹਵੇਂ ਅਧਿਆਇ ਦੇ ਮੈ = ਵਿਚ ਸੱਤ ਵਿਸ਼੍ਯਨ = ਵਿਸ਼ਿਆਂ, ਦੋਸ਼ਾਂ ਦਾ ਵਿਸਤਾਰ = ਖ਼ੁਲਾਸਾ ਕਰਾਂਗੇ।

---

੧. ਪਾਠਾਂਤ੍ਰ: ਵਿਅਸਨ—ਜਿਸਦਾ ਅਰਥ ਹੈ 'ਆਦਤਾਂ'।

## ਕ੍ਰਮ ਕ੍ਰਮ ਕਰ ਤਿਹ ਨਿੰਦ ਹੈਂ; ਪੰਦ੍ਰਸ ਛੰਦ ਉਚਾਰ ॥੧॥

ਕ੍ਰਮ ਕ੍ਰਮ = ਵਾਰੀ-ਵਾਰੀ ਕਰਿ = ਕਰਕੇ ਤਿਨ੍ਹਾਂ ਵਿਕਾਰਾਂ ਨੂੰ ਨਿੰਦ ਹੈਂ = ਨਿੰਦਨਾ ਕਰਾਂਗੇ ਅਤੇ ਇਸ ਅਧਿਆਇ ਦੇ ਕੁਲ ਪੰਦ੍ਰਸ = ਪੰਦ੍ਹਾਂ ਛੰਦ ਉਚਾਰਨ ਕਰਾਂਗੇ ॥੧॥

## ਸੱਤ ਵਿਸ਼ਯ ॥

## ਜੂਪ ਮਾਸ ਮਦ ਵੇਸਵਾ; ਹਿੰਸਾ ਚੋਰੀ ਨਾਰਿ ॥

੧. ਜੂਪ = ਜੂਆ, ੨. ਮਾਸ, ੩. ਮਦ = ਸ਼ਰਾਬ, ੪. ਵੇਸ਼ਵਾ = ਆਪਣੇ ਆਚਰਣ ਤੋਂ ਗਿਰੀ ਹੋਈ ਔਰਤ, ੫. ਹਿੰਸਾ = ਜੀਵ ਘਾਤ, ੬. ਚੋਰੀ ਅਤੇ ੭. ਨਾਰਿ = ਪਰਾਈ ਇਸਤ੍ਰੀ।

## ਸਪਤ ਲੋਕ ਮੈਂ ਸਪਤ ਹੈ; ਸਪਤ ਨ ਛੁਹੈ ਉਦਾਰ ॥੧॥

ਕਵੀ ਜੀ ਕਥਨ ਕਰਦੇ ਹਨ ਕਿ ਸਪਤ = ਸੱਤ ਲੋਕਾਂ ਦੇ ਮੈ = ਵਿਚ ਉਦਾਰ = ਸ੍ਰੇਸ਼ਟ ਮਨੁੱਖਾਂ ਨੂੰ ਸਪਤ = ਸੌਂਹ, ਕਸਮ ਹੈ ਕਿ ਉਹ ਇਨ੍ਹਾਂ ਸਪਤ = ਸੱਤਾਂ ਵਿਸ਼ਿਆਂ ਨੂੰ ਛੁਹੈ = ਛੂੰਹਣਾ ਨਾ ਕਰਨ **ਵਾ:** ਸੱਤਾਂ ਲੋਕਾਂ ਵਿਚ ਹੀ ਇਹ ਸੱਤ ਵਿਸ਼ੇ ਹਨ ਪਰ ਜੋ ਸ੍ਰੇਸ਼ਟ ਮਨੁੱਖ ਹਨ ਉਹ ਇਨ੍ਹਾਂ ਸੱਤਾਂ ਨੂੰ ਛੂਹਣਾ ਨਾ ਕਰਨ ॥੧॥

ਅੱਗੇ ਇਕੱਲੇ-ਇਕੱਲੇ ਵਿਸ਼ੇ ਦਾ ਦ੍ਰਿਸ਼ਟਾਂਤ ਪ੍ਰਮਾਣਾਂ ਦੁਆਰਾ ਵਿਆਖਿਆ ਕਰਦੇ ਹਨ।

## ਅਥ ਜੂਪ ਵਰਨਨੰ ॥

ਅਥ = ਹੁਣ ਜੂਪ = ਜੂਏ ਖੇਡਣ ਨਾਲ ਹੋਣ ਵਾਲੇ ਨੁਕਸਾਨ ਦਾ ਵਰਣਨ ਕਰਦੇ ਹਨ।

## ਲੱਖਮੀ ਤਹਾਂ ਰਹੇ ਨਹੀਂ; ਜਹਾਂ ਜੂਪ ਕੋ ਬਾਸ ॥

ਲਖਮੀ = ਦੌਲਤ ਤਹਾਂ = ਉਥੇ ਕਦਾਚਿਤ ਵੀ ਨਹੀਂ ਰਹੇ = ਰਹਿੰਦੀ, ਜਹਾਂ = ਜਿਥੇ ਜੂਪ = ਜੂਏ ਕੋ = ਦਾ ਵਾਸ = ਨਿਵਾਸ ਹੈ।

## ਪਾਦਪ ਤਹਿੰ ਉਪਜੈ ਨਹੀਂ; ਜਹਾਂ ਅਗਨਿ ਪਰਕਾਸ਼ ॥੨॥

ਦ੍ਰਿਸ਼ਟਾਂਤ ਰੂਪ ਵਿਚ ਕਥਨ ਕਰਦੇ ਹਨ ਕਿ ਜਹਾਂ = ਜਿਥੇ ਅਗਨਿ = ਅੱਗ ਦਾ ਪਰਕਾਸ਼ ਹੈ, ਭਾਵ ਜਿਥੇ ਅੱਗ ਬਲਦੀ ਰਹਿੰਦੀ ਹੈ, ਤਹਿੰ = ਉਥੇ ਪਾਦਪ = ਬ੍ਰਿਛ ਉਪਜੈ = ਉੱਗ ਨਹੀਂ ਸਕਦਾ; ਕਿਉਂਕਿ ਅੱਗ ਦੇ ਬਲਣ ਨਾਲ ਉਹ ਜ਼ਮੀਨ ਬੰਜਰ ਹੋ ਜਾਂਦੀ ਹੈ, ਦੂਜਾ ਜੇਕਰ ਅੱਗ ਦੇ ਕੋਲ ਕੋਈ ਪੌਦਾ ਲਗਾਵਾਂਗੇ ਤਾਂ ਉਹ ਸੜ ਕੇ ਸਵਾਹ ਹੋ ਜਾਵੇਗਾ (ਏਸੇ ਤਰ੍ਹਾਂ ਜਿਸ ਥਾਂ 'ਤੇ ਜੂਏ ਦੀ ਅੱਗ ਬਲਦੀ ਹੈ, ਉਥੇ ਧਨ ਦੌਲਤ ਰੂਪੀ ਪੌਦੇ ਨਹੀਂ ਉੱਗ ਸਕਦੇ, ਸਭ ਸੜ ਕੇ ਸਵਾਹ ਰੂਪ ਹੀ ਹੋ ਜਾਂਦੇ ਹਨ ॥੨॥

## ਪਾਪ ਬ੍ਰਿਧਿ ਤੇ ਬ੍ਰਿਧਿ ਧਨ; ਧਨ ਬ੍ਰਿਧਿ ਤੇ ਬ੍ਰਿਧਿ ਪਾਪ ॥

ਬ੍ਰਿਧਿ = ਬਹੁਤੇ ਪਾਪ ਕਰਮ ਕਰਨ ਤੇ = ਤੋਂ ਹੀ ਧਨ ਵਿਚ ਬ੍ਰਿਧਿ = ਵਾਧਾ ਹੁੰਦਾ ਹੈ ਅਤੇ ਧਨ ਬ੍ਰਿਧਿ = ਵਧਣ ਤੋਂ ਪਾਪਾਂ ਵਿਚ ਹੋਰ ਬ੍ਰਿਧਿ = ਵਾਧਾ ਹੋ ਜਾਂਦਾ ਹੈ, ਭਾਵ ਧਨ ਬਹੁਤਾ ਹੋਣ ਕਰਕੇ ਮਨੁੱਖ ਧਨ ਦੇ ਹੰਕਾਰ ਨਾਲ ਵੱਡੇ-ਵੱਡੇ ਪਾਪ ਕਰਮ ਕਰਦਾ ਹੈ, ਇਸ ਲਈ ਧਨ ਨੂੰ ਕਮਾਉਣ ਲਈ ਮਨਮੁਖ ਲੋਕ ਛਲ, ਫ਼ਰੇਬ, ਪਖੰਡ ਕਰ ਕੇ ਬਹੁਤ ਪਾਪ ਕਰਦੇ ਹਨ।

**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥** *(ਆਸਾ ਮ: ੧, ਅੰਗ ੪੧੭)*

## ਖੋਇ ਜੂਪ ਮੈਂ ਧਰਮ ਬਿਨ; ਉਭੈ ਲੋਕ ਸੰਤਾਪ ॥੩॥

ਫੇਰ ਜੋ ਮਨੁੱਖ ਧਰਮ ਦੇ ਕੰਮਾਂ ਵਿਚ ਉਸ ਧਨ ਨੂੰ ਲਾਉਣ ਬਿਨ = ਬ਼ਗੈਰ ਜੂਪ = ਜੂਏ ਆਦਿ ਮੈ = ਵਿਚ ਖੋਇ = ਨਾਸ਼ ਕਰ ਲੈਂਦੇ ਹਨ **ਵਾ:** ਜਿਹੜੇ ਮਨੁੱਖ ਪਾਪਾਂ ਨਾਲ ਇਕੱਠੇ ਕੀਤੇ ਧਨ ਨੂੰ ਫੇਰ ਜੂਏ ਵਿਚ ਹਾਰ ਜਾਂਦੇ ਹਨ, ਉਹ ਧਰਮ ਤੋਂ ਬਿਨਾਂ ਅਧਰਮੀ ਮਨੁੱਖ ਹਨ ਅਤੇ ਉਨ੍ਹਾਂ ਨੂੰ ਉਭੈ = ਦੋਨੋਂ ਲੋਕਾਂ (ਲੋਕ-ਪ੍ਰਲੋਕ) ਵਿਚ ਸੰਤਾਪ = ਦੁੱਖ ਪ੍ਰਾਪਤ ਹੁੰਦਾ ਹੈ ॥੩॥

## ਇਤਿ ਜੂਪੰ ॥੧॥

ਏਥੇ ਜੂਏ ਦੀ ਵਿਆਖਿਆ ਇਤਿ = ਸਮਾਪਤ ਹੈ ॥੧॥

## ਅਥ ਸੁਰਾ ਵਰਨਨੰ ॥

ਅਥ = ਹੁਣ ਸੁਰਾ = ਸ਼ਰਾਬ ਦੇ ਪੀਣ ਨਾਲ ਹੋਣ ਵਾਲੀ ਹਾਨੀ ਦਾ ਵਰਨਨੰ = ਕਥਨ ਕਰਦੇ ਹਨ :

## ਸੁਰਾਪਾਨ ਤੇ ਹਾਨਿ ਮਤਿ; ਕਰਹੈਂ ਕਾਮ ਬਿਹੋਸ਼ ॥

ਸੁਰਾ = ਸ਼ਰਾਬ ਦੇ ਪਾਨ = ਪੀਣ ਤੇ = ਤੋਂ ਵਿਵਹਾਰਕ ਅਤੇ ਪਰਮਾਰਥ ਦੀ ਮਤਿ = ਬੁੱਧਿ ਹਾਨ = ਨਾਸ਼ ਹੋ ਜਾਂਦੀ ਹੈ ਅਤੇ ਕਾਮ ਵਾਸ਼ਨਾ ਦੇ ਵਿਚ ਬਿਹੋਸ਼ = ਬੇ-ਸੁਰਤ ਕਰਿਹੈ = ਕਰ ਦੇਂਦੀ ਹੈ **ਵਾ:** ਕਾਮ ਜੀਵ ਨੂੰ ਬੇਹੋਸ਼, ਅੰਨ੍ਹਾ ਕਰ ਦੇਂਦਾ ਹੈ।

## ਨਾਰੀ ਮਹਿਤਾਰੀ ਉਭੈ; ਭੋਗੈ ਗਨੈ ਨ ਦੋਸ਼ ॥੪॥

ਫੇਰ ਸ਼ਰਾਬ ਪੀਣ ਕਰਕੇ ਕਾਮ ਵਾਸ਼ਨਾ ਵਿਚ ਅੰਨਾ ਹੋਇਆ ਮਨੁੱਖ ਨਾਰੀ = ਆਪਣੀ ਘਰਵਾਲੀ ਅਤੇ ਮਹਿਤਾਰੀ = ਮਾਂ ਉਭੈ = ਦੋਨਾਂ ਵਿਚ ਕੋਈ ਫ਼ਰਕ ਨਹੀਂ ਸਮਝਦਾ, ਦੋਨਾਂ ਨਾਲ ਹੀ ਵਿਸ਼ੇ ਭੋਗੈ = ਭੋਗਦਾ ਹੋਇਆ ਲੇਸ਼ ਮਾਤਰ ਵੀ ਦੋਸ਼ = ਗੁਨਾਹ ਨਹੀਂ ਗਨੈ = ਗਿਣਦਾ, ਸਮਝਦਾ ॥੪॥

ਸਤਿਗੁਰਾਂ ਨੇ ਪਾਵਨ ਗੁਰਬਾਣੀ ਅੰਦਰ ਵੀ ਇਸ ਨਖਿੱਧ ਵਸਤੂ ਦੀ ਵਰਤੋਂ ਕਰਨ ਤੋਂ ਮਨਾਹੀ ਕੀਤੀ ਹੈ। ਜੈਸਾ ਕਿ :

**ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥** *(ਆਸਾ ਮ: ੫, ਅੰਗ ੩੯੯)*

**ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥**
**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥**
**ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥**
**ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥** *(ਸਲੋਕ ਮ: ੩, ਅੰਗ ੫੫੪)*

## ਤੋਟਕ ਛੰਦ ॥

## ਮਦ ਪਾਨ ਸਮਾਨ; ਨ ਪਾਪ ਪਰੇ ॥ ਨਹਿ ਭੂਤ ਭਵਿੱਖਤ; ਮੈਂ ਉਚਰੇ ॥

ਕਵੀ ਜੀ ਕਥਨ ਕਰਦੇ ਹਨ ਕਿ ਮਦ = ਸ਼ਰਾਬ ਦੇ ਪਾਨ = ਪੀਣ ਸਮਾਨ = ਬਰਾਬਰ ਇਸ ਤੋਂ ਪਰ੍ਹੇ ਹੋਰ ਕੋਈ ਪਾਪ ਨਹੀਂ ਹੈ।

ਨਹਿ = ਨਾ ਹੀ ਭੂਤ = ਪਿੱਛੇ, ਪਹਿਲਾਂ ਕੋਈ ਐਸਾ ਪਾਪ ਸੀ ਅਤੇ ਨਾ ਹੀ ਭਵਿੱਖਤ = ਆਉਣ ਵਾਲੇ ਸਮੇਂ ਦੇ ਮੈ = ਵਿਚ ਐਸਾ ਪਾਪ ਕੋਈ ਉਚਰੈ = ਉਚਾਰਣ ਕਰਕੇ ਦੱਸੇਗਾ, ਭਾਵ ਜਿਸਨੇ ਸ਼ਰਾਬ ਪੀ ਲਈ ਉਸਨੇ ਮਾਨੋ ਸਾਰੇ ਹੀ ਪਾਪ ਕਰ ਲਏ ਹਨ।

**ਮਦ ਤਯਾਗ ਸਮਾਨ; ਨ ਪੁੰਨ ਕਹੂੰ ॥ ਨਹਿ ਭੂਤ ਵਿਖੇ; ਨ ਭਵਿੱਖਤ ਹੂੰ ॥੫॥**

ਮਦ = ਸ਼ਰਾਬ ਦੇ ਤਿਆਗਣ ਦੇ ਸਮਾਨ = ਬਰਾਬਰ ਹੋਰ ਕਹੂੰ = ਕਿਤੇ ਕੋਈ ਪੁੰਨ ਨਹੀਂ ਹੈ, ਨਾ ਹੀ ਐਸਾ ਪੁੰਨ ਕਿਸੇ ਨੇ ਭੂਤ = ਪਹਿਲਾਂ ਦੇ ਸਮੇਂ ਵਿਚ ਕਥਨ ਕੀਤਾ ਹੈ ਅਤੇ ਨਾ ਹੀ ਅੱਗੇ ਨੂੰ ਕੋਈ ਐਸਾ ਪੁੰਨ ਕਥਨ ਕਰ ਸਕੇਗਾ, ਭਾਵ ਸ਼ਰਾਬ ਦੇ ਤਿਆਗਣ ਦਾ ਐਸਾ ਪੁੰਨ ਹੈ। ਇਸਦੇ ਨਿਸ਼ੇਧ ਕਰਨ ਨਾਲ ਬਾਕੀ ਦੇ ਸਾਰੇ ਅਮਲ ਸਮਝ ਲੈਣਾ ॥੫॥

## ਇਤੀ ਮਦੰ ॥੨॥

ਮਦੰ = ਸ਼ਰਾਬ ਦੀ ਨਿਖੇਧੀ ਦੀ ਵਿਆਖਿਆ ਏਥੇ ਇਤੀ = ਸਮਾਪਤ ਹੁੰਦੀ ਹੈ ॥੨॥

## ਅਥ ਮਾਸ ਵਰਨਨੰ ॥

ਅਥ = ਹੁਣ ਮਾਸ ਦੇ ਬਾਰੇ ਵਰਨਨੰ = ਕਥਨ ਕਰਦੇ ਹਨ।

**ਦੋਹਰਾ ॥ ਸਤ ਕਰਤਾ ਉਪਦੇਸ਼ਟਾ; ਉਪਕਰਤਾ ਅਨੁਮੰਤ ॥**

ਕਿਸੇ ਮਨੁੱਖ ਨੇ ਉਪਦੇਸ਼ਟਾ = ਉਪਦੇਸ਼ ਕੀਤਾ ਕਿ ਅੱਜ ਮਾਸ ਖਾਈਏ, ਦੂਜੇ ਨੇ ਕਿਹਾ ਕਿ ਹਾਂ ਤੂੰ ਸਤ = ਸੱਚ ਕਹਿੰਦਾ ਹੈਂ, ਤੀਜੇ ਉਪਕਰਤਾ = ਉਪਕਾਰ ਕਰਨ ਵਾਲੇ ਨੇ ਕਿਹਾ ਕਿ ਮੈਂ ਲੈ ਕੇ ਆਉਂਦਾ ਹਾਂ ਅਤੇ ਚੌਥੇ ਨੇ ਅਨੁਮੰਤ = ਅਨੁਮਾਨ ਲਾ ਕੇ ਦੱਸਿਆ ਕਿ ਉਹ ਸਾਹਮਣੇ ਮਾਸ ਦੀ ਦੁਕਾਨ ਹੈ ਜਾਂ ਫਲਾਨੇ ਥਾਂ ਤੇ ਮਾਸ ਵਾਲਾ ਜਾਨਵਰ ਮਿਲ ਜਾਵੇਗਾ, ਥਾਂ ਦੱਸਣ ਵਾਲਾ ਵਿਅਕਤੀ।

**ਘਾਤਕ ਸ੍ਵਾਦਿਕ ਖਸ਼ਟ ਇਹ; ਅਘ ਸਮ ਭਾਗੀ ਜੰਤ ॥੬॥**

ਪੰਜਵਾਂ ਘਾਤਕ = ਮਾਰਨ ਵਾਲਾ ਤੇ ਛੇਵਾਂ ਸ੍ਵਾਦਿਕ = ਸ੍ਵਾਦ ਚੱਖਣ ਵਾਲਾ, ਸ੍ਵਾਦ ਦੱਸਣ ਵਾਲਾ ਕਿ ਮਿਰਚ ਮਸਾਲੇ ਠੀਕ ਪਾਏ ਹੋਏ ਹਨ, ਖਾਂਦਾ ਨਹੀਂ ਕੇਵਲ ਸ੍ਵਾਦ ਚੱਖ ਕੇ ਦੱਸਿਆ ਹੈ ਕਿ ਠੀਕ ਬਣਿਆ ਹੋਇਆ ਹੈ। ਇਹ ਖਸਟ = ਛੇ ਜੰਤ = ਜੀਵ ਅਘ = ਪਾਪਾਂ ਦੇ ਸਮ = ਸਮਾਨ ਹੀ ਭਾਗੀ = ਹਿੱਸੇਦਾਰ ਹਨ, ਭਾਵ ਇਨ੍ਹਾਂ ਛਿਆਂ ਦਾ ਪਾਪ ਇਕ-ਸਮਾਨ ਹੈ ॥੬॥

**ਰਕਤ ਬਿੰਦ ਕਰ ਸੰਭਵੈ; ਜੋ ਨਰ ਭੁੰਚਤ ਮਾਸ ॥**

ਮਾਂ ਦੀ ਰਕਤ = ਰੱਤ, ਖ਼ੂਨ ਅਤੇ ਪਿਤਾ ਦੇ ਬਿੰਦ = ਵੀਰਜ, ਇਨ੍ਹਾਂ ਮਲੀਨ ਅੰਗਾਂ ਕਰਿ = ਕਰਕੇ ਬੱਕਰੇ ਆਦਿ ਜੀਵ ਸੰਭਵੈ = ਪੈਦਾ ਹੁੰਦੇ ਹਨ, ਜੋ = ਜਿਹੜਾ ਨਰ = ਮਨੁੱਖ ਇਨ੍ਹਾਂ ਜੀਵਾਂ ਦਾ ਮਾਸ ਭੁੰਚਤ = ਖਾਣਾ ਕਰਦਾ ਹੈ।

**ਨਰਕ ਪਰੇ ਨਿਕਸੇ ਨਹੀਂ; ਯਾਵਤ ਇੰਦੁ ਵਿਭਾਸ ॥੭॥**

ਉਹ ਮਨੁੱਖ ਨਰਕਾਂ ਵਿਚ ਪਰੇ = ਪਿਆ ਹੋਇਆ ਤਦੋਂ ਤਕ ਨਰਕਾਂ ਵਿੱਚੋਂ ਨਿਕਸੇ = ਨਿਕਲੇਗਾ ਨਹੀਂ ਯਾਵਤ = ਜਦੋਂ ਤਕ ਇੰਦੁ = ਚੰਦ੍ਰਮਾ ਤੇ ਵਿਭਾਸ = ਸੂਰਜ ਇਸ ਸੰਸਾਰ ਅੰਦਰ ਹਨ, ਭਾਵ ਜਦੋਂ ਤਕ ਸੰਸਾਰ

ਅੰਦਰ ਸੂਰਜ ਤੇ ਚੰਦ੍ਰਮਾ ਰਹਿਣਗੇ, ਤਦੋਂ ਤਕ ਮਾਸ ਖਾਣ ਵਾਲਾ ਮਨੁੱਖ ਨਰਕਾਂ ਵਿਚ ਦੁੱਖ ਭੋਗਦਾ ਰਹੇਗਾ। ਦੂਜਾ ਭਾਵ ਇਹ ਵੀ ਲਿਆ ਜਾਂਦਾ ਹੈ ਕਿ ਜਿਸ ਮਨੁੱਖ ਨੇ ਮਾਸ ਖਾ ਲਿਆ, ਮਾਨੋ ਉਸਨੇ ਮਾਤਾ-ਪਿਤਾ ਨੂੰ ਖਾਣਾ ਕੀਤਾ ਹੈ, ਫੇਰ ਜੋ ਮਾਤਾ ਪਿਤਾ ਦੇ ਮਾਰਨ ਦਾ ਪਾਪ ਹੈ ਉਹ ਪਾਪ ਮਾਸ ਖਾਣ ਵਾਲੇ ਨੂੰ ਲੱਗਦਾ ਹੈ ॥੭॥

## ਸਰਬ ਸੁਕ੍ਰ ਬ੍ਰਹਮਾ ਅਹੈ; ਬਿਸ਼ਨੁ ਪਲਦ ਪ੍ਰਕਾਸ਼ ॥

ਜੋ ਸਰਬ = ਸਾਰੇ ਜੀਵਾਂ ਦੇ ਅੰਦਰ ਸੁਕ੍ਰ = ਵੀਰਜ ਦੀ ਅੰਸ ਹੈ ਉਹ ਬ੍ਰਹਮਾ ਦਾ ਰੂਪ ਹੈ ਕਿਉਂਕਿ ਬ੍ਰਹਮਾ ਸੰਸਾਰ ਦੀ ਰਚਨਾ ਕਰਦਾ ਮੰਨਿਆ ਹੈ। ਤਿਵੇਂ ਵੀਰਜ ਤੋਂ ਸਰੀਰ ਉਤਪੰਨ ਹੁੰਦੇ ਹਨ ਇਸ ਕਰਕੇ ਵੀਰਜ ਬ੍ਰਹਮਾ ਦਾ ਰੂਪ ਹੈ। ਫੇਰ ਜੋ ਸਾਰੇ ਸਰੀਰ ਅੰਦਰ ਪਲਦ = ਮਾਸ ਦਾ ਪ੍ਰਕਾਸ਼ ਹੋ ਰਿਹਾ ਹੈ, ਭਾਵ ਜੋ ਮਾਸ ਦਿਸ ਰਿਹਾ ਹੈ ਉਹ ਸਭ ਬਿਸਨੁ = ਵਿਸ਼ਨੂੰ ਦਾ ਰੂਪ ਹੈ, ਕਿਉਂਕਿ ਵਿਸ਼ਨੂੰ ਨੂੰ ਸਭ ਦਾ ਪਾਲਣਹਾਰ ਮੰਨਿਆ ਹੈ, ਉਸ ਕਰਕੇ ਸਭ ਜੀਵ ਪਲ ਰਹੇ ਹਨ, ਪਲਣ ਕਰਕੇ ਸਰੀਰ ਦਾ ਮਾਸ ਵੱਧਦਾ ਹੈ, ਮਾਸ ਦੇ ਹੋਣ ਨਾਲ ਸਰੀਰ ਦਾ ਪ੍ਰਕਾਸ਼ ਚੰਗਾ ਹੁੰਦਾ ਹੈ, ਇਸ ਲਈ ਮਾਸ ਵਿਸ਼ਨੂੰ ਦਾ ਰੂਪ ਹੈ।

## ਈਸ਼੍ਵਰ ਅਸਤ ਸੰਘਾਤ ਹੈ; ਤਾਂ ਤੇ ਮਤ ਭਖ ਮਾਸ ॥੮॥

ਈਸ਼੍ਵਰ = ਜੋ ਸਭ ਸਰੀਰਾਂ ਦੇ ਅੰਦਰ ਅਸਤ = ਹੱਡੀਆਂ ਦਾ ਸੰਘਾਤ = ਢਾਂਚਾ ਇਕੱਠ ਹੈ ਉਹ ਈਸ਼੍ਵਰ = ਸ਼ਿਵਜੀ ਦਾ ਰੂਪ ਹੈ ਕਿਉਂਕਿ ਸ਼ਿਵਜੀ ਸਭ ਦਾ ਸੰਘਾਰ ਕਰਦਾ ਹੈ ਤੇ ਸੰਘਾਰ ਕਰਨ ਲਈ ਚਿੱਤ ਦਾ ਕਠੋਰ ਹੋਣਾ ਜ਼ਰੂਰੀ ਹੈ, ਇਸ ਲਈ ਜਿਸ ਪ੍ਰਕਾਰ ਸ਼ਿਵਜੀ ਦਾ ਚਿੱਤ ਕਠੋਰ ਹੈ, ਤਿਵੇਂ ਹੱਡੀਆਂ ਕਠੋਰ, ਸਖ਼ਤ ਹਨ ਅਰਥਾਤ ਵੀਰਜ, ਮਾਸ ਤੇ ਹੱਡੀਆਂ ਇਨ੍ਹਾਂ ਤਿੰਨਾਂ ਚੀਜ਼ਾਂ ਕਰਕੇ ਸਾਰਾ ਸੰਸਾਰ ਬਣਿਆ ਹੋਇਆ ਹੈ, ਤਾਂ ਤੇ = ਤਿਸ ਕਰਕੇ ਹੇ ਮਨੁੱਖ! ਤੂੰ ਮਤੁ = ਮਤਾਂ ਮਾਸ ਭਖ = ਖਾਣਾ ਕਰ। ਕਿਉਂਕਿ ਜੋ ਮਨੁੱਖ ਮਾਸ ਖਾਂਦਾ ਹੈ ਉਸਨੇ ਮਾਸ ਨਹੀਂ ਬਲਕਿ ਤਿੰਨਾਂ ਦੇਵਤਿਆਂ ਨੂੰ ਖਾਣਾ ਕੀਤਾ ਹੈ ਜੋ ਪਾਪ ਤਿੰਨਾਂ ਮਹਾਨ ਦੇਵਤਿਆਂ ਨੂੰ ਮਾਰਨ ਦਾ ਹੈ, ਉਹ ਪਾਪ ਮਾਸ ਖਾਣ ਵਾਲੇ ਨੂੰ ਲੱਗਦਾ ਹੈ। ਇਸ ਕਰਕੇ ਮਾਸ ਦਾ ਤਿਆਗ ਕਰਨਾ ਚਾਹੀਦਾ ਹੈ ॥੮॥ ਜੈਸਾ ਕਿ :

**ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥**
**ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥** *(ਅੰਗ ੧੩੭੪)*

**ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥**
**ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥** *(ਅੰਗ ੧੩੭੭)*

## ਇਤੀ ਮਾਸ ॥੩॥

ਮਾਸ ਦਾ ਪ੍ਰਕਰਣ ਏਥੇ ਇਤੀ = ਸਮਾਪਤ ਹੁੰਦਾ ਹੈ ॥੩॥

## ਅਥ ਵੇਸਵਾ ਵਰਨਨੰ ॥

ਅਥ = ਹੁਣ ਵੇਸਵਾ = ਚਰਿਤ੍ਰਹੀਨ ਆਪਣੇ ਆਚਰਣ ਤੋਂ ਡਿੱਗੀ ਹੋਈ ਔਰਤ ਨਾਲ ਸੰਬੰਧ ਬਣਾਉਣ ਤੋਂ ਹੋਣ ਵਾਲੇ ਨੁਕਸਾਨ ਦਾ ਸਮਾਜ ਵਿਚ ਕਲੰਕਿਤ ਹੋਣ ਦਾ ਵਰਣਨ ਕਰਦੇ ਹਨ।

## ਜਪ ਤਪ ਬ੍ਰਤ ਬਿਤ ਅਵਧ ਜਸ; ਵਿਦਯਾ ਸੁਕੁਲ ਉਦਾਰ ॥

ਜਪ = ਮੰਤ੍ਰਾਂ ਦਾ ਜਾਪ ਕੀਤਾ ਹੋਇਆ, ਤਪ = ਤਪੱਸਿਆ ਕੀਤੀ ਹੋਈ, ਬ੍ਰਤ = ਨਿਯਮ ਬਿਤ = ਧਨ

ਅਵਧ = ਉਮਰ, ਜਸ = ਵਡਿਆਈ ਵਿੱਦਿਆ ਸੁਕੁਲ = ਚੰਗੀ ਕੁਲ ਅਤੇ ਉਦਾਰ = ਸ੍ਰੇਸ਼ਟਤਾਈ ਆਦਿ ਜੋ ਵੀ ਹੋਰ ਸ਼ੁਭ ਗੁਣ ਹਨ।

## ਸ਼ੀਘਰ ਕਟੈ ਗਨਿਕਾ ਸਕਲ; ਜੈਸੇ ਲਤਾ ਕੁਠਾਰ ॥੯॥

ਇਨ੍ਹਾਂ ਸਕਲ = ਸਭਨਾਂ ਨੂੰ ਗਨਿਕਾ = ਵੇਸ਼ਵਾ ਇਸ ਪ੍ਰਕਾਰ ਸ਼ੀਘਰ = ਛੇਤੀ ਹੀ ਕਟੈ = ਕੱਟ ਦੇਂਦੀ ਹੈ, ਜਿਸ ਪ੍ਰਕਾਰ ਕੋਮਲ ਜਿਹੀ ਲਤਾ = ਵੇਲ ਨੂੰ ਕੁਠਾਰ = ਕੁਹਾੜਾ ਕੱਟ ਦੇਂਦਾ ਹੈ, ਇਉਂ ਜੋ ਮਨੁੱਖ ਵੇਸ਼ਵਾਗਾਮੀ ਹੋ ਗਿਆ, ਉਸਦਾ ਜਪ ਤਪ ਵੀ ਨਾਸ਼ ਹੋ ਜਾਂਦਾ ਹੈ, ਸਾਰੇ ਰੱਖੇ ਹੋਏ ਬਰਤ ਜਾਂ ਨਿਯਮ ਵੀ ਭੰਗ ਹੋ ਜਾਂਦੇ ਹਨ, ਧਨ ਵੀ ਖ਼ਤਮ ਹੋ ਜਾਂਦਾ ਹੈ, ਵਿਕਾਰਾਂ ਨੂੰ ਭੋਗਣ ਵਾਲੇ ਮਨੁੱਖ ਦੀ ਉਮਰ ਵੀ ਘੱਟ ਜਾਂਦੀ ਹੈ ਅਤੇ ਲੋਕ ਅਪਮਾਨ ਕਰਦੇ ਹਨ, ਸਮਾਜ ਵਿਚ ਮਨੁੱਖ ਮੂੰਹ ਦਿਖਾਉਣ ਦੇ ਜੋਗ ਨਹੀਂ ਰਹਿੰਦਾ, ਅਜਾਮਲ ਵਾਂਗੂੰ ਪੜ੍ਹੀ ਹੋਈ ਸਭ ਵਿੱਦਿਆ ਵੀ ਨਾਸ਼ ਹੋ ਜਾਂਦੀ ਹੈ। ਵੇਸ਼ਵਾ ਮਨੁੱਖ ਦੀ ਚੰਗੀ ਕੁਲ ਤੇ ਉਸਦੀ ਉਦਾਰਤਾਈ ਨੂੰ ਮੂਲੋਂ ਹੀ ਪੁੱਟ ਕੇ ਰੱਖ ਦੇਂਦੀ ਹੈ। ਇਸ ਲਈ ਸਮਾਜ ਅੰਦਰ ਮਨੁੱਖ ਨੂੰ ਵੇਸ਼ਵਾ ਦਾ ਤਿਆਗ ਕਰਨਾ ਹੀ ਸ੍ਰੇਸ਼ਟ ਹੈ। ਕਿਉਂਕਿ ਵੇਸ਼ਵਾ ਇਕ ਬਲਦੀ ਹੋਈ ਅਗਨੀ ਦਾ ਕੁੰਡ ਹੈ, ਜਿਸਦਾ ਸੁੰਦਰ ਸਰੂਪ ਬਾਲਨ ਦੀ ਨਿਆਈਂ ਹੈ ਜਿਸ ਵਿਚ ਕਾਮੀ ਮਨੁੱਖ ਆਪਣਾ ਧਨ, ਧਰਮ, ਜੋਬਨ ਅਵਸਥਾ, ਅਰੋਗਤਾ, ਉਮਰ, ਬਲ, ਸੁਜੱਸ, ਪਾਠ-ਪੂਜਾ, ਭਜਨ-ਸਿਮਰਨ, ਦਾਨ-ਪੁੰਨ ਆਦਿ ਸ਼ੁਭ ਗੁਣਾਂ ਦਾ ਹਵਨ ਕਰ ਦੇਂਦੇ ਹਨ ॥੯॥

## ਸੁਰਾ ਮਾਸ ਗਨਿਕਾ ਤ੍ਰਿਤੀ; ਮਨ ਕਾ ਮਣਕਾ ਜਾਸ ॥

ਸੁਰਾ = ਸ਼ਰਾਬ ਦਾ ਪੀਣਾ, ਮਾਸ ਦਾ ਖਾਣਾ ਅਤੇ ਗਨਿਕਾ = ਵੇਸ਼ਵਾ ਨਾਲ ਵਿਸ਼ੇ ਭੋਗਣੇ, ਇਹ ਤ੍ਰਿਤੀ = ਤਿੰਨੇ ਚੀਜ਼ਾਂ ਨੂੰ ਜਾਸ = ਜਿਸ ਮਨੁੱਖ ਨੇ ਆਪਣੇ ਮਨ ਕਾ = ਦਾ ਮਣਕਾ ਬਣਾਇਆ ਹੋਇਆ ਹੈ, ਭਾਵ ਮਣਕੇ ਵਾਂਗ ਮਨ ਵਿਚ ਪਰੋਏ ਹੋਏ ਹਨ ਅਤੇ ਇਨ੍ਹਾਂ ਦੀ ਹੀ ਮਾਲਾ ਫੇਰਦਾ ਰਹਿੰਦਾ ਹੈ, ਭਾਵ ਇਨ੍ਹਾਂ ਦੀ ਹੀ ਚਿਤਵਨੀ ਵਿਚ ਲੱਗਾ ਰਹਿੰਦਾ ਹੈ।

## ਤਿਨ ਸੰਗੇ ਦੁਖੁ ਹੋਤ ਹੈਂ; ਤਿਨ ਸੰਗੇ ਦੁਖ ਨਾਸ ॥੧੦॥

ਤਿਨ = ਤਿਨ੍ਹਾਂ ਦੇ ਸੰਗੇ = ਸਾਥ ਭਾਵ ਇਨ੍ਹਾਂ ਨਾਲ ਪ੍ਰੀਤੀ ਕਰਨ ਕਰਕੇ ਦੁੱਖ ਪ੍ਰਾਪਤ ਹੋਤ = ਹੁੰਦਾ ਹੈ ਅਤੇ ਤਿਨ = ਤਿਨ੍ਹਾਂ ਨਾਲੋਂ ਸੰਗੇ = ਸੰਗਨ, ਸੰਕੋਚ ਕੀਤਿਆਂ ਦੁੱਖ ਨਾਸ਼ ਹੋ ਜਾਂਦੇ ਹਨ, ਇਸ ਲਈ ਇਸਦਾ ਤਿਆਗ ਕਰਨਾ ਹੀ ਜੋਗ ਹੈ ॥੧੦॥

## ਇਤੀ ਵੇਸ਼ਯਾ ॥੪॥

ਵੇਸ਼ਵਾ ਦਾ ਪ੍ਰਕਰਣ ਏਥੇ ਇਤੀ = ਸਮਾਪਤ ਹੁੰਦਾ ਹੈ ॥੪॥

## ਅਥ ਪਰ ਨਾਰੀ ਨਿਸ਼ੇਧ ਵਰਨਨੰ ॥

ਅਥ = ਹੁਣ ਪਰ = ਪਰਾਈ ਨਾਰੀ = ਇਸਤ੍ਰੀ ਦਾ ਨਿਸ਼ੇਧ = ਖੰਡਨ ਵਰਨਨੰ = ਕਥਨ ਕਰਦੇ ਹਨ।

## ਕੁਲ ਖੈ ਕਲਹਿ ਕਲੇਸ਼ ਉਰ; ਧਨ ਹਤ ਧਰਮ ਪ੍ਰਹਾਰ ॥

ਪਰਾਈ ਇਸਤ੍ਰੀ ਨਾਲ ਵਿਸ਼ੇ ਭੋਗਣ ਤੋਂ ਜੋ ਨੁਕਸਾਨ ਹੁੰਦਾ ਹੈ, ਕਵੀ ਜੀ ਉਹ ਵਰਣਨ ਕਰਦੇ ਹਨ ਕਿ ਪਰਾਈ ਇਸਤ੍ਰੀ ਨਾਲ ਸੰਬੰਧ ਬਣਾਉਣ ਕਰਕੇ ਮਨੁੱਖ ਦੀ ਆਪਣੀ ਕੁਲ ਖਯ = ਨਾਸ਼ ਹੋ ਜਾਂਦੀ ਹੈ

ਆਪਣੇ ਪਰਿਵਾਰ, ਸੰਬੰਧੀਆਂ, ਸਮਾਜ ਨਾਲ ਕਲਹਿ = ਲੜਾਈ ਪਈ ਰਹਿੰਦੀ ਹੈ, ਮਨੁੱਖ ਦੇ ਆਪਣੇ ਉਰ = ਹਿਰਦੇ ਅੰਦਰ ਸਦਾ ਕਲੇਸ਼ ਪਿਆ ਰਹਿੰਦਾ ਹੈ ਕਿ ਕਿਤੇ ਕਿਸੇ ਨੂੰ ਪਤਾ ਨਾ ਲੱਗ ਜਾਵੇ ਜਾਂ ਕੋਈ ਬਿਮਾਰੀ ਨਾ ਲੱਗ ਜਾਵੇ, ਫੇਰ ਪਰਾਈ ਇਸਤ੍ਰੀ ਧਨ ਨੂੰ ਵੀ ਹਤ = ਨਾਸ਼ ਕਰਨ ਵਾਲੀ ਹੈ ਅਤੇ ਧਰਮ ਨੂੰ ਵੀ ਪ੍ਰਹਾਰ = ਨਾਸ਼ ਕਰਨ ਵਾਲੀ ਹੈ, ਭਾਵ ਮਨੁੱਖ ਨੂੰ ਧਰਮ ਤੋਂ ਹੀਣਾ ਕਰ ਦੇਂਦੀ ਹੈ॥

## ਇਤ ਉਤ ਅਪਜਸ ਲੁਭਤ ਸਠ; ਜੋ ਭੋਗਤ ਪਰ ਨਾਰਿ ॥੧੧॥

ਇਤ ਉਤ = ਏਥੇ ਉਥੇ ਭਾਵ ਲੋਕ-ਪ੍ਰਲੋਕ ਵਿਚ ਐਸੇ ਲੁਭਤ = ਲੁਭਾਇਮਾਨ ਸਠ = ਮੂਰਖ ਪੁਰਖ ਦਾ ਅਪਜਸ = ਨਿਰਾਦਰ ਹੁੰਦਾ ਹੈ, ਜੋ=ਜਿਹੜਾ ਪਰ = ਪਰਾਈ ਨਾਰਿ = ਇਸਤ੍ਰੀ ਨਾਲ ਵਿਸ਼ੇ ਭੋਗਣਾ ਕਰਦਾ ਹੈ ॥੧੧॥

## ਨਿਜ ਯੁਵਤੀ ਕੇ ਹੋਤ ਹੀ; ਸਠ ਲਪਟਹਿ ਪਰ ਨਾਰਿ ॥

ਨਿਜ = ਆਪਣੀ ਵਿਆਹੁਤਾ ਯੁਵਤੀ = ਇਸਤ੍ਰੀ ਦੇ ਘਰ ਵਿਚ ਹੋਤ = ਹੁੰਦਿਆਂ ਫੇਰ ਵੀ ਸਠ=ਮੂਰਖ ਮਨੁੱਖ ਪਰ = ਪਰਾਈ ਨਾਰਿ = ਇਸਤ੍ਰੀ ਨਾਲ ਲਪਟਹਿ = ਲਪਟਦਾ, ਵਿਸ਼ੇ ਭੋਗਣ ਜਾਂਦਾ ਹੈ। ਐਸਾ ਮਨੁੱਖ ਤਾਂ ਕਾਂ ਦੇ ਤੁਲ ਹੈ ਭਾਵ ਕਾਂ ਵਰਗਾ ਸੁਭਾਅ ਰੱਖਦਾ ਹੈ।

## ਭਰੇ ਤਾਲ ਸਭ ਠੌਰ ਪਰ; ਕਾਕ ਅਚੈ ਘਟ ਵਾਰਿ ॥੧੨॥

ਜਿਸ ਪ੍ਰਕਾਰ ਸਭ = ਸਾਰੀਆਂ ਠੌਰ = ਥਾਵਾਂ ਪਰ = ਉੱਪਰ ਅਨੇਕਾਂ ਤਾਲ = ਤਲਾਅ ਪਾਣੀ ਨਾਲ ਭਰੇ ਹੁੰਦੇ ਹਨ ਪਰ ਕਾਕ = ਕਾਂ ਆ ਕੇ ਘਟ = ਘੜੇ ਦਾ ਵਾਰਿ = ਪਾਣੀ ਅਚੈ = ਪੀਣਾ ਕਰਦਾ ਹੈ, ਭਾਵ ਅਨੇਕਾਂ ਥਾਵਾਂ 'ਤੇ ਪਾਣੀ ਹੈ ਪਰ ਕਾਂ ਉਨ੍ਹਾਂ ਥਾਵਾਂ ਤੋਂ ਪਾਣੀ ਨਹੀਂ ਪੀਂਦਾ ਜੋ ਕਿਸੇ ਨੇ ਸੁੱਚੇ ਪਾਣੀ ਨਾਲ ਘੜਾ ਭਰ ਕੇ ਰੱਖਿਆ ਹੁੰਦਾ ਹੈ, ਉਸ ਵਿੱਚੋਂ ਪਾਣੀ ਪੀ ਉਸ ਪਾਣੀ ਨੂੰ ਅਸ਼ੁੱਧ ਕਰ ਦੇਂਦਾ ਹੈ, ਤਿਵੇਂ ਤਲਾਅ ਦੀ ਨਿਆਈਂ ਘਰ ਵਿਚ ਬਹੁਤ ਸੁੰਦਰ ਵਿਆਹੁਤਾ ਇਸਤ੍ਰੀ ਹੈ ਮੂਰਖ ਕਾਮੀ ਪੁਰਖ ਉਸ ਨੂੰ ਛੱਡ ਕੇ ਬਾਹਰ ਪਰਾਈ ਇਸਤ੍ਰੀ ਨਾਲ ਵਿਭਚਾਰ ਕਰਨ ਜਾਂਦਾ ਹੈ, ਭਾਵ ਜਿਵੇਂ ਕਾਂ ਦੂਸਰੇ ਦਾ ਘੜਾ ਅਪਵਿੱਤਰ ਕਰ ਦੇਂਦਾ ਹੈ ਤਿਵੇਂ ਐਸਾ ਕਾਮੀ ਪੁਰਖ ਪਰ-ਇਸਤ੍ਰੀ ਦਾ ਪਤੀਬ੍ਰਤਾ ਧਰਮ ਵਿਗਾੜ ਦੇਂਦਾ ਹੈ। ਪ੍ਰੰਤੂ ਉਸਦੇ ਆਪਣੇ ਸਾਰੇ ਸੁਖ ਨਾਸ਼ ਹੋ ਜਾਂਦੇ ਹਨ॥੧੨॥

## ਇਤੀ ਪਰ ਇਸਤ੍ਰੀ ॥੫॥

ਪਰ = ਪਰਾਈ ਇਸਤਰੀ ਦੇ ਪ੍ਰਕਰਣ ਦੀ ਇਥੇ ਇਤੀ = ਸਮਾਪਤੀ ਹੁੰਦੀ ਹੈ।

## (ਅਕਰਣ ਦੋਖੀ)

## ਦੋਹਰਾ ॥

## ਮ੍ਰਿਗ ਝਖ ਸੰਤਨ ਵਿਹਤ ਬ੍ਰਿਤ; ਤ੍ਰਿਣ ਸਿੰਬਲ ਸੰਤੋਖ ॥

ਮ੍ਰਿਗ = ਹਿਰਨ, ਝਖ = ਮੱਛੀ ਅਤੇ ਸੰਤਨ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੀ ਬ੍ਰਿਤ = ਉਪਜੀਵਿਕਾ ਵਿਹਤ = ਵੇਦ ਵਿਧੀ ਅਨੁਸਾਰ ਮਰਯਾਦਾ ਵਾਲੀ ਹੈ। ਹਿਰਨ ਦੀ ਉਪਜੀਵਿਕਾ ਤ੍ਰਿਣ = ਘਾਹ ਹੈ, ਮੱਛੀ ਦੀ ਉਪਜੀਵਿਕਾ ਸਿੰਬਲ = ਜਾਲਾ ਹੈ ਅਤੇ ਸੰਤ ਜਨਾਂ ਦੀ ਉਪਜੀਵਿਕਾ ਸੰਤੋਖ ਹੈ, ਭਾਵ ਇਹ ਤਿੰਨੇ ਕਿਸੇ ਨੂੰ ਦੁੱਖ ਨਹੀਂ ਦੇਂਦੇ।

## ਲੁਭਧਕ ਝੀਵਰ ਦੁਸ਼ਟ ਜਨ; ਕਰਹਿੰ ਅਕਾਰਣ ਦੋਖ॥੧੩॥

ਪਰ ਲੁਭਧਕ = ਸ਼ਿਕਾਰੀ ਹਿਰਨਾਂ ਦਾ ਸ਼ਿਕਾਰ ਕਰ ਦੇਂਦੇ ਹਨ, ਝੀਵਰ = ਮਾਛੀ, ਮਾਹੀਗੀਰ ਮੱਛੀਆਂ ਨੂੰ ਫੜ ਕੇ ਮਾਰਦੇ ਹਨ ਅਤੇ ਦੁਸ਼ਟ ਜਨ = ਖੋਟੇ ਮਨੁੱਖ ਸੰਤ-ਜਨਾਂ ਨੂੰ ਦੁੱਖ ਦੇਂਦੇ ਹਨ ਇਉਂ ਇਹ ਤਿੰਨ ਅਕਾਰਣ = ਬਿਨਾਂ ਕਾਰਣ ਤੋਂ ਦੋਖ = ਕਸ਼ਟ ਦੇਂਦੇ ਹਨ, ਭਾਵ ਹਿਰਨ, ਮੱਛੀ ਅਤੇ ਸੰਤ ਜਨ ਆਪਣੀ ਉਪਜੀਵਿਕਾ ਲਈ ਕਿਸੇ ਨੂੰ ਵੀ ਦੁਖ ਨਹੀਂ ਦੇਂਦੇ, ਪਰ ਫੇਰ ਵੀ ਦੇਖੋ ਇਨ੍ਹਾਂ ਦਾ ਕੀ ਹਾਲ ਹੁੰਦਾ ਹੈ। ਜਦੋਂ ਇਹੋ ਜਿਹੇ ਨਿਰਦੋਸ਼ਾਂ ਦਾ ਇਹ ਹਾਲ ਹੈ ਤਾਂ ਫੇਰ ਜਿਹੜੇ ਕਿਸੇ ਪਸ਼ੂ, ਜਾਨਵਰ ਦਾ ਗਲ ਵੱਢ ਕੇ ਮਾਸ ਖਾਂਦੇ ਹਨ, ਉਨ੍ਹਾਂ ਦਾ ਕੀ ਹਾਲ ਹੋਵੇਗਾ, ਭਾਵ ਬਹੁਤ ਬੁਰਾ ਹਾਲ ਹੋਵੇਗਾ॥੧੩॥ ਜੈਸਾ ਕਿ :

**ਮਾਸੁ ਖਾਨਿ ਗਲ ਵਢਿਕੈ ਹਾਲੁ ਤਿਨਾੜਾ ਕਉਣੁ ਹੋਵਸੀ।** *(ਭਾਈ ਗੁਰਦਾਸ ਜੀ, ਵਾਰ ੨੫, ਪਉੜੀ ੧੭)*

**ਮਾਸ ਖਾਨਿ ਗਲਿ ਛੁਰੀ ਦੇ ਹਾਲੁ ਤਿਨਾੜਾ ਕਉਣੁ ਅਲੋਆ॥** *(ਵਾਰ ੩੭, ਪਉੜੀ ੨੧)*

ਅੱਗੇ ਇਨ੍ਹਾਂ ਉਪਰੋਕਤ ਕਥਨ ਕੀਤੇ ਸੱਤਾਂ ਵਿਸ਼ਿਆਂ ਦਾ ਖੋਟਾ ਫਲ ਦੱਸਦੇ ਹਨ ਕਿ ਕਿਸ ਕਿਸ ਵੱਡੇ ਤੋਂ ਵੱਡੇ ਮਨੁੱਖ ਨੇ ਇਨ੍ਹਾਂ ਵਿਸ਼ਿਆਂ ਕਰਕੇ ਦੁੱਖ ਪ੍ਰਾਪਤ ਕੀਤਾ ਹੈ।

## ਛਪੈ ਛੰਦ॥

## ਜੂਪ ਸੰਗ ਤੇ ਧਰਮਤਾਤ; ਅਤਿ ਬਿਪਤਿ ਲਹੀ ਬਨ॥

ਜੂਪ = ਜੂਏ ਦਾ ਸੰਗ = ਸਾਥ ਕਰਨ ਤੋਂ ਧਰਮਤਾਤ = ਧਰਮ ਪੁੱਤਰ ਯੁਧਿਸ਼ਟਰ ਆਦਿ ਪੰਜਾਂ ਪਾਂਡਵਾਂ ਨੇ ਬਨ = ਜੰਗਲ ਵਿਚ ਅਤਿ = ਅਤਿਅੰਤ ਬਿਪਤਿ = ਮੁਸੀਬਤ ਲਹੀ = ਪ੍ਰਾਪਤ ਕੀਤੀ।

**ਸਾਖੀ ਪੰਜਾਂ ਪਾਂਡਵਾਂ ਦੀ :** ਜਿਸ ਸਮੇਂ ਪਾਂਡੂ ਦੇ ਪੰਜੇ ਪੁੱਤਰ (ਯੁਧਿਸ਼ਟਰ, ਭੀਮਸੈਨ, ਅਰਜੁਨ, ਨਕੁਲ, ਸਹਿਦੇਵ) ਬਹੁਤ ਸੁੰਦਰ ਰਾਜਭਾਗ ਕਰ ਰਹੇ ਸਨ, ਤਦੋਂ ਇਨ੍ਹਾਂ ਦੀ ਬਿਭੂਤੀ ਨੂੰ ਦੇਖ ਕੇ ਦੁਰਯੋਧਨ ਦਿਨ-ਬਦਿਨ ਅੰਦਰੋਂ-ਅੰਦਰੀਂ ਸੜਦਾ ਰਹਿੰਦਾ ਸੀ, ਉਹ ਸੋਚਦਾ ਸੀ ਕਿ ਜਦੋਂ ਤਕ ਮੈਂ ਪਾਂਡਵਾਂ ਦਾ ਰਾਜ-ਭਾਗ ਨਾ ਖੋਹ ਲਵਾਂ, ਤਦੋਂ ਤਕ ਮੇਰਾ ਜੀਵਣਾ ਨਿਸਫਲ ਹੈ। ਦੁਰਯੋਧਨ ਦੀਆਂ ਐਸੀਆਂ ਗੱਲਾਂ ਨੂੰ ਸੁਣ ਕੇ ਉਸਦਾ ਮਾਮਾ ਸ਼ਕੁਨੀ ਕਹਿਣ ਲੱਗਾ ਕਿ ਜਿਸ ਯੁਧਿਸ਼ਟਰ ਦੀ ਵਿਭੂਤੀ ਨੂੰ ਦੇਖ ਕੇ ਤੂੰ ਇਤਨਾ ਦੁਖੀ ਹੋ ਰਿਹਾ ਹੈ, ਉਸ ਬਿਭੂਤੀ ਨੂੰ ਮੈਂ ਜੂਏ ਵਿਚ ਜਿੱਤ ਕੇ ਤੈਨੂੰ ਦੇ ਸਕਦਾ ਹਾਂ। ਤੂੰ ਯੁਧਿਸ਼ਟਰ ਨੂੰ ਬੁਲਾ। ਤਦ ਯੁਧਿਸ਼ਟਰ ਨੂੰ ਬੁਲਾਉਣ ਲਈ ਬਿਦਰ ਨੂੰ ਭੇਜਿਆ ਅਤੇ ਏਧਰ ਸ਼ਕੁਨੀ ਨੇ ਦੁਰਯੋਧਨ ਨੂੰ ਕਹਿ ਕੇ ਕਾਰੀਗ਼ਰਾਂ ਨੂੰ ਆਗਿਆ ਦਿੱਤੀ ਕਿ ਸਾਡੇ ਲਈ ਇਕ ਇਹੋ ਜਿਹੀ ਸਭਾ ਤਿਆਰ ਕਰੋ, ਜੋ ਇਕ ਕੋਹ ਲੰਮੀ, ਇਕ ਕੋਹ ਚੌੜੀ ਹੋਵੇ, ਜਿਸ ਵਿਚ ਹਜ਼ਾਰ ਖੰਭੇ ਅਤੇ ਸੌ ਦਵਾਰ ਹੋਣ। ਬਾਹਰ ਦਾ ਦਰਵਾਜ਼ਾ ਸਭਨਾਂ ਦਾ ਸਫਟਕ ਮਣੀ ਨਾਲ ਬਣਾਇਆ ਜਾਵੇ। ਤਦੋਂ ਬਹੁਤ ਚਤੁਰ ਕਾਰੀਗਰਾਂ ਨੇ ਉਹ ਸਭਾ ਬਹੁਤ ਥੋੜ੍ਹੇ ਸਮੇਂ ਵਿਚ ਬਣਾ ਕੇ ਤਿਆਰ ਕਰ ਦਿੱਤੀ ਅਤੇ ਉਸ ਵਿਚ ਬਹੁਤ ਸੁੰਦਰ-ਸੁੰਦਰ ਸੋਨੇ ਦੇ ਆਸਣ ਵਿਛਾ ਦਿੱਤੇ ਗਏ। ਉੱਧਰੋਂ ਯੁਧਿਸ਼ਟਰ ਵੀ ਬਿਦਰ ਜੀ ਦੇ ਨਾਲ ਆ ਗਿਆ। ਆ ਕੇ ਸਭਨਾਂ ਨਾਲ ਮਿਲਿਆ ਫੇਰ ਧ੍ਰਿਤਰਾਸ਼ਟਰ ਤੇ ਗੰਧਾਰੀ ਨੂੰ ਵੀ ਨਮਸਕਾਰ ਕੀਤੀ, ਰਾਤ ਕੱਟਣ ਤੋਂ ਬਾਅਦ ਅਗਲੇ ਦਿਨ ਸਾਰੇ ਸੂਰਬੀਰ, ਤੇਜਸ੍ਵੀ, ਮਹਾਂਰਥੀ ਸਭਾ ਵਿਚ ਆ ਗਏ ਅਤੇ ਜੂਆ ਆਰੰਭ ਹੋਇਆ, ਜਿਸ ਜੂਏ ਵਿਚ ਧਰਮ ਪੁੱਤਰ ਯਧਿਸ਼ਟਰ ਇਕ-ਇਕ ਕਰਕੇ ਆਪਣਾ ਸਾਰਾ ਰਾਜਭਾਗ ਹਾਰ ਗਿਆ ਤੇ ਜੂਏ ਨੇ ਐਸੀ ਮੱਤ ਮਾਰ ਦਿੱਤੀ ਕਿ ਆਪਣੀ ਘਰਵਾਲੀ ਦਰੋਪਤੀ ਵੀ ਦਾਅ 'ਤੇ ਲਾਅ ਦਿੱਤੀ ਤੇ ਸ਼ਕੁਨੀ ਦੇ ਛਲ ਕਪਟ ਦੇ ਜੂਏ ਵਿਚ ਉਹ ਵੀ ਹਾਰ ਦਿੱਤੀ। ਜਿਸ ਦੀ ਸਭਾ ਵਿਚ ਸਾੜੀ ਉਤਾਰ ਕੇ ਬੇਪਤੀ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਭਗਵਾਨ ਨੇ ਉਸਦੀ ਪੱਤ ਰੱਖੀ ਤੇ ਬੇ-ਪੜਦ ਹੋਣ ਤੋਂ ਬਚਾਇਆ। ਜੈਸਾ ਕਿ :

**ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ ॥**

*(ਸਵਈਏ ਮਹਲੇ ਚਉਥੇ ਕੇ, ਅੰਗ ੧੪੦੦)*

ਫੇਰ ਉਨ੍ਹਾਂ ਨੇ ਇਕ ਐਸਾ ਦਾਉ ਲਗਾਇਆ ਕਿ ਜੋ ਵੀ ਦਾਉ ਹਾਰੇ, ਉਹ ਬਾਰਾਂ ਸਾਲ ਬਨੋਬਾਸ ਭੋਗੇ ਤੇ ਤੇਰ੍ਹਵਾਂ ਸਾਲ ਗੁਪਤ ਵਾਸ ਕਰਨਾ ਜੇ ਪਤਾ ਲੱਗ ਗਿਆ ਤਾਂ ਫੇਰ ਦੁਬਾਰਾ ਬਾਰ੍ਹਾਂ ਸਾਲ ਬਨੋਬਾਸ ਭੋਗੇ ਤੇ ਇਹ ਦਾਉ ਵੀ ਧਰਮ ਪੁੱਤਰ ਹਾਰ ਗਿਆ ਤੇ ਫੇਰ ਬਾਰ੍ਹਾਂ ਸਾਲ ਜੰਗਲਾਂ ਵਿਚ ਨਿਵਾਸ ਪਾਉਣਾ ਕੀਤਾ ਤੇ ਅਤੇ ਦੁੱਖ ਸਹਾਰਨਾ ਕੀਤੇ।

ਸੋ ਭਾਵ ਇਹ ਹੈ ਕਿ ਇਕ ਜੂਏ ਦੇ ਕਾਰਨ ਪੰਜਾਂ ਪਾਂਡਵਾਂ ਦੀ ਐਸੀ ਦੁਰਦਸ਼ਾ ਹੋਈ, ਸ੍ਰੀ ਦਸਮ ਗ੍ਰੰਥ ਸਾਹਿਬ ਅੰਦਰ ਵੀ ਐਸਾ ਪ੍ਰਮਾਨ ਮਿਲਦਾ ਹੈ। ਜੈਸਾ ਕਿ :

**ਸਭ ਤੇ ਜਗ ਜੂਆ ਬੁਰੋ; ਕੋਊ ਨ ਖੇਲਹੁ ਰਾਇ ॥੩੧॥** *(ਸ੍ਰੀ ਦਸਮ ਗ੍ਰੰਥ, ਚਰਿਤ੍ਰ ੧੫੭)*

## ਮਾਸ ਸੰਗ ਇਕ ਭੂਪ ਭਯੋ ਬਕ, ਦਯੋ ਸ੍ਰਾਪੁ ਮੁਨਿ ॥

ਮਾਸ ਦਾ ਸੰਗ = ਸਾਥ ਕਰਨ ਵਾਲਾ ਭਾਵ ਮਾਸ ਖਾਣ ਦਾ ਸ਼ੌਕੀਨ ਇਕ ਭੂਪ = ਰਾਜਾ ਭਯੋ = ਹੋਇਆ ਹੈ, ਜਿਸਨੂੰ ਇਕ ਮੁਨਿ = ਮੁਨੀ ਨੇ ਬਕ = ਬਗਲੇ ਬਣਨ ਦਾ ਸ੍ਰਾਪ ਦਯੋ = ਦੇ ਦਿੱਤਾ ਸੀ। ਜਿਸਦਾ ਸਾਰਾ ਪ੍ਰਸੰਗ ਇਸ ਪ੍ਰਕਾਰ ਹੈ ਕਿ ਇਕ ਰਾਜੇ ਨੂੰ ਮਾਸ ਖਾਣ ਦਾ ਬੜਾ ਸ਼ੌਕ ਸੀ, ਉਹ ਹਰ ਰੋਜ਼ ਮਾਸ ਖਾਂਦਾ ਹੁੰਦਾ ਸੀ, ਤੇ ਹਿਰਨ ਆਦਿ ਜਾਨਵਰਾਂ ਦਾ ਆਪ ਸ਼ਿਕਾਰ ਕਰਦਾ ਹੁੰਦਾ ਸੀ। ਇਕ ਦਿਨ ਰਾਜਾ ਸ਼ਿਕਾਰ ਦੀ ਭਾਲ ਵਿਚ ਇਕੱਲਾ ਹੀ ਸੰਘਣੇ ਜੰਗਲ ਵਿਚ ਚਲਾ ਗਿਆ। ਉਥੋਂ ਇਕ ਹਿਰਨ ਇਸਦੇ ਅੱਗੋਂ ਦੀ ਨਿਕਲਿਆ ਜੋ ਦੌੜਦਾ-ਦੌੜਦਾ ਇਕ ਮੁਨੀ ਦੀ ਕੁਟੀਆ ਵਿਚ ਵੜ ਗਿਆ। ਉਸਦੇ ਮਗਰ ਹੀ ਰਾਜਾ ਚਲਾ ਗਿਆ। ਮੁਨੀ ਅੱਖਾਂ ਬੰਦ ਕਰਕੇ ਸਮਾਧੀ ਲਾਈ ਬੈਠਾ ਸੀ, ਰਾਜੇ ਨੇ ਬੇਰਹਿਮੀ ਨਾਲ ਮੁਨੀ ਦੀ ਕੁਟੀਆ ਦੇ ਅੰਦਰ ਹੀ ਉਸ ਹਿਰਨ ਨੂੰ ਮਾਰ ਦਿੱਤਾ। ਖੜਾਕ ਹੋਣ ਤੋਂ ਮੁਨੀ ਦੀ ਸਮਾਧੀ ਖੁੱਲ੍ਹੀ ਤੇ ਆਪਣੇ ਕੋਲ ਇਕ ਹਿਰਨ ਮਰਿਆ ਦੇਖਿਆ। ਮੁਨੀ ਜੀ ਨੂੰ ਬਹੁਤ ਦਇਆ ਆਈ ਤੇ ਰਾਜੇ ਨੂੰ ਕਿਹਾ ਕਿ ਇਸ ਬੇਜ਼ੁਬਾਨ ਨੇ ਤੇਰਾ ਕੀ ਵਿਗਾੜਿਆ ਸੀ ? ਜੋ ਇਤਨੀ ਬੇਰਹਿਮੀ ਨਾਲ ਇਸਨੂੰ ਕਤਲ ਕਰ ਦਿੱਤਾ ਤੇ ਦੂਜਾ ਸਾਡੀ ਪਵਿੱਤਰ ਕੁਟੀਆ ਵਿਚ ਬੇਜ਼ੁਬਾਨੇ ਜੀਵ ਦਾ ਖ਼ੂਨ ਡੋਲ ਦਿੱਤਾ ਹੈ, ਤੀਜਾ ਤੂੰ ਸਾਡੀ ਤਪੱਸਿਆ ਭੰਗ ਕੀਤੀ ਹੈ। ਤਦੋਂ ਕ੍ਰੋਧਵਾਨ ਹੋ ਕੇ ਮੁਨੀ ਨੇ ਰਾਜੇ ਨੂੰ ਸਰਾਪ ਦਿੱਤਾ ਕਿ ਤੂੰ ਮਾਸ ਦੇ ਲਈ ਜੀਵਾਂ ਨੂੰ ਮਾਰਦਾ ਫਿਰਦਾ ਹੈਂ, ਜਾ ਤੂੰ ਮਰ ਕੇ ਬਗਲਾ ਬਣ ਤੇ ਡੱਡੀਆਂ-ਮੱਛੀਆਂ ਦਾ ਮਾਸ ਖਾਂਦਾ ਰਹੁ।

ਇਸ ਪ੍ਰਕਾਰ ਮਾਸ ਦੇ ਲਾਲਚ ਕਾਰਨ ਰਾਜੇ ਨੇ ਮੁਨੀ ਤੋਂ ਬਗਲੇ ਦਾ ਸਰਾਪ ਪ੍ਰਾਪਤ ਕਰ ਲਿਆ ਤੇ ਮਰ ਕੇ ਬਗਲਾ ਬਣਨਾ ਪਿਆ।

## ਯਾਦਵ ਨੰਦਨ ਨਾਸ ਭਏ; ਮਦ ਪਾਨ ਕਰਯੋ ਜਬ ॥

ਜਬ = ਜਦੋਂ ਯਾਦਵ = ਯਦੁਵੰਸ਼ੀ ਨੰਦਨ = ਪੁੱਤ੍ਰਾਂ ਨੇ ਮਦ = ਸ਼ਰਾਬ ਨੂੰ ਪਾਨ = ਪੀਣਾ ਕਰਯੋ = ਕੀਤਾ, ਤਦੋਂ ਬੁੱਧੀ ਭ੍ਰਿਸ਼ਟ ਹੋਣ ਕਰਕੇ ਉਹ ਆਪਸ ਵਿਚ ਲੜ ਕੇ ਸਾਰੇ ਨਾਸ਼ ਹੋ ਗਏ ਹਨ।

**ਸਾਖੀ ਯਾਦੁਵੰਸ਼ੀਆਂ ਦੇ ਨਾਸ਼ ਹੋਣ ਦੀ :** ਜਿਸ ਸਮੇਂ ਯਾਦਵ ਬਹੁਤ ਹੰਕਾਰੀ ਹੋ ਗਏ ਸਨ ਤਾਂ ਕ੍ਰਿਸ਼ਨ ਜੀ ਨੇ ਸੋਚਿਆ ਕਿ ਜੇਕਰ ਇਨ੍ਹਾਂ ਦਾ ਹੁੰਦਿਆਂ-ਹੁੰਦਿਆਂ ਨਾਸ਼ ਨਾ ਕੀਤਾ ਤਾਂ ਮੇਰੇ ਮਗਰੋਂ ਲੋਕਾਂ ਨੂੰ ਦੰਡ ਦੇਣਗੇ। ਇਸ ਖ਼ਿਆਲ ਨੂੰ ਲੈ ਕੇ ਬਿਭਾਸ ਛੇਤਰ ਵਿਚ ਕ੍ਰਿਸ਼ਨ ਜੀ ਨੇ ਦੁਰਬਾਸ਼ਾ ਆਦਿ ਰਿਖੀਆਂ ਦੀ ਪਰਿਵਾਰ ਸਮੇਤ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇਉਂ ਜਦੋਂ ਦੋ ਤਿੰਨ ਮਹੀਨੇ ਰਿਖੀਆਂ ਨੂੰ ਬਿਭਾਸ

ਛੇਤਰ ਵਿਚ ਰਹਿੰਦਿਆਂ ਹੋ ਗਏ। ਇਕ ਦਿਨ ਦੁਰਬਾਸਾ ਰਿਖੀ ਜੀ ਆਪਣੀ ਮੌਜ ਵਿਚ ਨਦੀ ਦੇ ਕਿਨਾਰੇ ਉੱਤੇ ਸਮਾਧੀ ਵਿਚ ਲਿਵਲੀਨ ਸਨ। ਜਦੋਂ ਯਾਦਵਾਂ ਨੂੰ ਪਤਾ ਲੱਗਾਂ ਕਿ ਕ੍ਰਿਸ਼ਨ ਜੀ ਦੇ ਗੁਰੂ ਆਏ ਹਨ ਤਦ ਸਾਰੇ ਯਾਦਵਾਂ ਦੇ ਬੱਚੇ ਰਲ ਕੇ ਜਾਮਵੰਤੀ ਦੇ ਪੁੱਤਰ ਸਾਂਬੇ[1] ਨੂੰ ਇਸਤ੍ਰੀਆਂ ਵਾਲੇ ਬਸਤ੍ਰ ਪਵਾ ਕੇ ਉਸਦੇ ਪੇਟ ਨਾਲ ਲੋਹੇ ਦਾ ਬਾਟਾ (ਤਸਲਾ) ਬੰਨ੍ਹ ਕੇ ਦੁਰਬਾਸ਼ਾ ਰਿਖੀ ਦੇ ਕੋਲ ਚਲੇ ਗਏ। ਦੁਰਬਾਸਾ ਰਿਖੀ ਨੂੰ ਬੰਦਨਾ ਕਰਕੇ ਬੇਨਤੀ ਕੀਤੀ ਕਿ ਰਿਖੀ ਜੀ! ਇਸ ਗਰਭਵਤੀ ਔਰਤ ਦੇ ਪੇਟੋਂ ਕੀ ਹੋਵੇਗਾ ਲੜਕਾ ਜਾਂ ਲੜਕੀ? ਰਿਖੀ ਜੀ ਪਹਿਲਾਂ ਤਾਂ ਚੁੱਪ ਰਹੇ, ਜਦੋਂ ਕੁਝ ਨਾ ਬੋਲੇ ਤਾਂ ਉਹ ਬਾਲਕ ਕਹਿਣ ਲੱਗੇ ਕਿ ਰਿਖੀ ਜੀ! ਤੁਸੀਂ ਕਾਹਦੇ ਸਰਬੱਗ ਹੋ। ਤਿੰਨ ਮਹੀਨੇ ਹੋ ਗਏ ਸਾਡਾ ਨਿਉਂਦਾ ਖਾਂਦਿਆਂ ਨੂੰ ਇਹ ਤੁਸੀਂ ਦੱਸ ਨਹੀਂ ਸਕਦੇ। ਦੁਰਬਾਸ਼ਾ ਜੀ ਨੇ ਫੇਰ ਵੀ ਕ੍ਰਿਸ਼ਨ ਜੀ ਦੇ ਪੁੱਤਰ ਜਾਣ ਕੇ ਕੁਝ ਨਾ ਕਿਹਾ। ਪ੍ਰੰਤੂ ਜਦੋਂ ਵਾਰ-ਵਾਰ ਕਹੀ ਗਏ ਤਾਂ ਰਿਖੀ ਨੇ ਕਿਹਾ ਕਿ ਬੱਚਿਓ! ਹਾਸਾ ਮਖ਼ੌਲ ਆਪਣੇ ਹਾਣਦਿਆਂ ਨਾਲ ਕਰਨਾ ਚਾਹੀਦਾ ਹੈ, ਮੈਨੂੰ ਤੰਗ ਨਾ ਕਰੋ, ਤੁਸੀਂ ਚਲੇ ਜਾਓ। ਪਰ ਫੇਰ ਵੀ ਬਾਲਕ ਨਾ ਹਟੇ। ਆਖ਼ਿਰਕਾਰ ਵਾਰ-ਵਾਰ ਸਤਾਉਣ ਕਰਕੇ ਰਿਖੀ ਜੀ ਨੇ ਗ਼ੁੱਸੇ ਵਿਚ ਆ ਕੇ ਇਹ ਬਚਨ ਕੀਤਾ ਕਿ ਇਸਦੇ ਪੇਟੋਂ ਉਹ ਜਨਮੇਗਾ, ਜੋ ਤੁਹਾਡੀ ਯਾਦਵਾਂ ਦੀ ਕੁਲ ਦਾ ਨਾਸ਼ ਕਰ ਦੇਵੇਗਾ। ਇਹ ਫਲ ਤੁਹਾਨੂੰ ਜ਼ਰੂਰ ਭੋਗਣਾ ਪਵੇਗਾ।

ਜਦੋਂ ਇਹ ਗੱਲ ਕ੍ਰਿਸ਼ਨ ਜੀ, ਉਗਰਸੈਨ ਆਦਿ ਸਭ ਨੂੰ ਪਤਾ ਲੱਗੀ ਤਾਂ ਬਹੁਤ ਦੁਖੀ ਹੋਏ। ਜਦੋਂ ਲੋਹੇ ਦਾ ਬਾਟਾ ਸਾਂਬੇ ਦੇ ਪੇਟ ਨਾਲੋਂ ਖੋਲ੍ਹਿਆ ਤਾਂ ਉਸ ਲੋਹੇ ਦੇ ਬਾਟੇ ਵਿੱਚੋਂ ਇਕ ਲੋਹੇ ਦਾ ਮੂਸਲ ਨਿਕਲਿਆ। ਉਸ ਵੇਲੇ ਕ੍ਰਿਸ਼ਨ ਜੀ ਨੇ ਉਹ ਲੋਹੇ ਦਾ ਬਾਟਾ (ਤਸਲਾ) ਬਿਭਾਸ ਛੇਤਰ ਵਿਚ ਜਮਨਾ ਦੇ ਕਿਨਾਰੇ ਰਤਵਾਉਣਾ ਸ਼ੁਰੂ ਕੀਤਾ, ਰੇਤਦਿਆਂ-ਰੇਤਦਿਆਂ ਉਥੇ ਬਰੇਤੀ ਪੈਦਾ ਹੋ ਗਈ ਤੇ ਬਰੇਤੀ ਉੱਤੇ ਬਹੁਤ ਸਾਰੇ ਦੱਭ ਦੇ ਬੂਟੇ ਪੈਦਾ ਹੋ ਗਏ। ਬਾਕੀ ਜੋ ਥੋੜ੍ਹਾ ਜਿਹਾ ਚਾਰ ਉਂਗਲਾਂ ਦਾ ਲੋਹੇ ਦਾ ਮੂਸਲ ਬਚਿਆ ਸੀ ਉਹ ਰੇਤਦਿਆਂ ਹੱਥ ਵਿੱਚੋਂ ਛੁੱਟ ਕੇ ਜਮੁਨਾ ਵਿਚ ਡਿੱਗ ਪਿਆ ਤੇ ਉਹ ਮਛਲੀ ਨਿਗਲ ਗਈ, ਉਸ ਮੱਛੀ ਨੂੰ ਇਕ ਸ਼ਿਕਾਰੀ ਨੇ ਜਾਲ ਵਿਚ ਫਸਾ ਕੇ ਘਰ ਲੈ ਆਂਦਾ। ਜਦੋਂ ਮੱਛੀ ਦੋ ਫਾੜ ਕੀਤੀ ਤਾਂ ਵਿੱਚੋਂ ਲੋਹੇ ਦਾ ਟੁਕੜਾ ਨਿਕਲਿਆ। ਉਸ ਲੋਹੇ ਨੂੰ ਚੰਗਾ ਲੋਹਾ ਸਮਝ ਕੇ ਆਪਣੇ ਬਾਣ ਦੇ ਅੱਗੇ ਲਾ ਲਿਆ। ਉੱਧਰ ਜੋ ਰੇਤੇ ਹੋਏ ਲੋਹੇ ਤੋਂ ਬਿਭਾਸ ਛੇਤਰ ਵਿਚ ਬਹੁਤ ਸਾਰੇ ਦੱਭ ਦੇ ਬੂਟੇ ਪੈਦਾ ਹੋਏ ਸੀ, ਉਹ ਤਲਵਾਰ ਵਰਗੇ ਤਿੱਖੇ ਸਨ ਅਤੇ ਜਿਨ੍ਹਾਂ ਦੀਆਂ ਨੋਕਾਂ ਨੇਜ਼ਿਆਂ ਵਾਂਗ ਤਿੱਖੀਆਂ ਸਨ (ਇਹ ਸਭ ਇਕ ਕੁਦਰਤ ਦਾ ਕ੍ਰਿਸ਼ਮਾ ਸੀ ਜੋ ਅਣਹੋਣੀ ਗੱਲ ਹੋਈ) ਜਦੋਂ ਸਾਰੇ ਯਾਦਵ ਬਿਭਾਸ ਛੇਤਰ ਵਿਚ ਇਕੱਠੇ ਹੋ ਕੇ ਸ਼ਰਾਬਾਂ ਪੀਣ ਅਤੇ ਜੂਆ ਖੇਡਣ ਲਗ ਪਏ। ਸ਼ਰਾਬ ਦੇ ਨਸ਼ੇ ਵਿਚ ਜੂਆ ਖੇਡਦੇ-ਖੇਡਦੇ ਆਪਸ ਵਿਚ ਲੜਨ ਲੱਗ ਪਏ ਤੇ ਇਕ ਦੂਸਰੇ ਦੇ ਪੁੱਟ-ਪੁੱਟ ਕੇ ਦੱਭ ਮਾਰਨ ਲੱਗ ਪਏ, ਕੁਝ ਸ਼ਸਤ੍ਰਾਂ ਨਾਲ ਲੜਨ ਲੱਗ ਪਏ। ਇਉਂ ਸਾਰੇ ਹੀ ਯਾਦਵ ਆਪਸ ਵਿਚ ਇਕ ਦੂਸਰੇ ਦੇ ਰੇਤੇ ਹੋਏ ਮੂਸਲੇ ਤੋਂ ਪੈਦਾ ਹੋਈ ਦੱਭ ਅਤੇ ਕੁਝ ਸ਼ਸਤ੍ਰਾਂ ਨਾਲ ਲੜਦੇ-ਲੜਦੇ ਮਰ ਗਏ। ਬਾਕੀ ਇਕ ਕ੍ਰਿਸ਼ਨ ਜੀ ਬਚੇ ਸਨ, ਕ੍ਰਿਸ਼ਨ ਜੀ ਪ੍ਰਭਾਵ ਛੇਤਰ ਦੇ ਜੰਗਲ ਵਿਚ ਗੋਡੇ ਉੱਪਰ ਪੈਰ ਰੱਖ ਕੇ ਬਿਰਾਜਮਾਨ ਹੋ ਗਏ। ਕ੍ਰਿਸ਼ਨ ਜੀ ਦੇ ਸੱਜੇ ਪੈਰ ਵਿਚ ਪਦਮ ਸੀ, ਜੋ ਧੁੱਪ ਦੇ ਲਿਸ਼ਕਾਰੇ ਨਾਲ ਬੜਾ ਚਮਕਦਾ ਸੀ। ਉਸ ਚਮਕ ਨੂੰ ਦੂਰੋਂ ਹੀ ਵੇਖ ਕੇ ਸ਼ਿਕਾਰੀ ਨੇ ਸਮਝਿਆ ਕਿ ਇਹ ਕਿਸੇ ਹਿਰਨ ਦੀ ਅੱਖ ਹੈ। ਇਸ ਖ਼ਿਆਲ ਦੇ ਅਨੁਸਾਰ ਸ਼ਿਕਾਰੀ ਨੇ ਉਹੋ ਤੀਰ (ਜਿਸਨੂੰ ਮੱਛੀ ਦੇ ਪੇਟੋਂ ਨਿਕਲਿਆ ਲੋਹੇ ਦਾ ਟੁਕੜਾ ਲਾਇਆ ਹੋਇਆ ਸੀ) ਖਿੱਚ ਕੇ ਮਾਰਿਆ, ਜੋ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਆ ਵੱਜਾ, ਜਿਸ ਕਾਰਨ ਉਹ ਵੀ ਆਪਣਾ ਸਰੀਰ ਤਿਆਗ ਗਏ।

ਸੋ ਸਾਖੀ ਤੋਂ ਭਾਵ ਕਿ ਸ਼ਰਾਬ ਪੀਣ ਦੇ ਨਾਲ ਕਿੱਡੇ-ਕਿੱਡੇ ਵੱਡੇ ਸੂਰਮੇ ਮਾਰੇ ਗਏ।

---

੧. ਜੈਸਾ ਕਿ ਸ੍ਰੀ ਦਸਮ ਗ੍ਰੰਥ ਵਿਚ ਕਥਨ ਹੈ:
ਸਾਂਬ ਹੁਤੋ ਇਕ ਕਾਨ੍ਹ ਕੋ ਬਾਲਕ ਜਾਂਬਵਤੀ ਹੁ ਤੇ ਸੋ ਚਲਿ ਆਯੋ॥੨੨੮੯॥ *(ਸ੍ਰੀ ਦਸਮ ਗ੍ਰੰਥ, ਪੰਨਾ ੫੪੪)*

# ਕ੍ਰੀਚਕ ਥੇ ਸੌ ਭ੍ਰਾਤ; ਕਾਮ ਕਰ ਨਾਸ ਭਏ ਸਭ॥

ਕ੍ਰੀਚਕ = ਰਾਜਾ ਕੇਕਯ ਦਾ ਪੁੱਤ੍ਰ ਅਤੇ ਰਾਜਾ ਵਿਰਾਟ ਦਾ ਸਾਲਾ, ਇਹ ਸੌ ਭ੍ਰਾਤ = ਭਰਾ ਸਨ ਜੋ ਕ੍ਰੀਚਕ ਦੀ ਕਾਮ ਵਾਸ਼ਨਾ ਕਰਿ = ਕਰਕੇ ਸਭ = ਸਾਰੇ ਹੀ ਭੀਮਸੈਨ ਦੇ ਹੱਥੋਂ ਨਾਸ ਭਏ = ਹੋ ਗਏ ਸਨ।

**ਸਾਖੀ ਕ੍ਰੀਚਕ ਕੀ :** ਜਿਸ ਸਮੇਂ ਪਾਂਡਵ ਜੂਏ ਵਿਚ ਆਪਨਾ ਸਭ ਕੁਝ ਹਾਰ ਗਏ, ਜੂਏ ਦੀ ਸ਼ਰਤ ਮੁਤਾਬਕ ਇਨ੍ਹਾਂ ਨੇ ਬਾਰ੍ਹਾਂ ਸਾਲ ਬਨ ਵਿਚ ਅਤੇ ਇਕ ਸਾਲ ਗੁਪਤ ਰਹਿ ਕੇ ਕੱਟਣਾ ਸੀ। ਜਦੋਂ ਬਾਰ੍ਹਾਂ ਸਾਲ ਪੂਰੇ ਹੋ ਗਏ ਤੇ ਤੇਰ੍ਹਵਾਂ ਸਾਲ ਗੁਪਤ ਹੋਣ ਲਈ ਆਇਆ, ਤਦੋਂ ਪਾਂਡਵ ਆਪਨਾ ਭੇਸ ਬਦਲਾ ਕੇ ਵਿਰਾਟ[੧] ਰਾਜੇ ਦੇ ਪਾਸ ਨੌਕਰ ਹੋ ਕੇ ਰਹਿਣ ਲੱਗੇ। ਯੁਧਿਸ਼ਟਰ ਨੇ ਆਪਣਾ 'ਕੰਕ' ਨਾਮ ਰਖਵਾ ਕੇ ਵਿਰਾਟ ਰਾਜੇ ਦੇ ਕੋਲ ਰਹਿਣ ਲੱਗਾ। ਭੀਮ ਸੈਨ ਆਪਣਾ 'ਬੱਲਵ' ਨਾਮ ਰੱਖਵਾ ਕੇ ਰਸੋਈਆ ਹੋ ਕੇ ਰਿਹਾ, ਅਰਜਨ 'ਬਿਹੰਡਲਾ' ਨਾਮ ਰਖਵਾ ਕੇ ਰਾਜੇ ਦੀ ਪੁੱਤਰੀ ਨੂੰ ਨਿਰਤਕਾਰੀ ਸਿਖਾਉਣ ਲੱਗ ਪਿਆ, ਸਹਿਦੇਵ ਆਪਣਾ 'ਤੰਤਪਾਲ' ਨਾਮ ਰਖਵਾ ਕੇ ਗਊਆਂ ਦੇ ਤਬੇਲੇ ਵਿਚ ਗਊਆਂ ਦੀ ਸਾਂਭ-ਸੰਭਾਲ ਕਰਨ ਲੱਗਾ। ਨਕੁਲ 'ਗ੍ਰੰਥਕ' ਨਾਮ ਰਖਵਾ ਕੇ ਘੋੜਿਆਂ ਦੀ ਰਖਵਾਲੀ ਕਰਨ ਲੱਗਾ ਅਤੇ ਦ੍ਰੋਪਤੀ 'ਸੈਰੰਧ੍ਰੀ' ਬਣ ਕੇ ਵਿਰਾਟ ਰਾਜੇ ਦੀ ਰਾਣੀ ਸੁਦੇਸਨਾ ਦੇ ਕੋਲ ਉਸਦੀ ਦਾਸੀ ਬਣ ਕੇ ਰਹਿਣ ਲੱਗੀ। ਇਸ ਪ੍ਰਕਾਰ ਜਦੋਂ ਉਹ ਸਾਲ ਵੀ ਬੀਤਣ 'ਤੇ ਆ ਗਿਆ। ਤਦੋਂ ਦ੍ਰੋਪਤੀ ਨੂੰ ਵਿਰਾਟ ਰਾਜੇ ਦੇ ਸੈਨਾਪਤੀ ਕ੍ਰੀਚਕ ਨੇ ਵੇਖਿਆ ਤਾਂ ਉਹ ਦੇਖਦਿਆਂ ਸਾਰ ਹੀ ਕਾਮ ਵਾਸ਼ਨਾ ਦੇ ਅਧੀਨ ਦ੍ਰੋਪਤੀ ਦੇ ਸਰੂਪ 'ਤੇ ਮੋਹਿਤ ਹੋ ਗਿਆ। ਉਸ ਨਾਲ ਮਿਲਣ ਦੀਆਂ ਅਨੇਕਾਂ ਗੱਲਾਂ ਸੋਚਣ ਲੱਗਾ। ਇਕ ਦਿਨ ਇਸਨੇ ਦ੍ਰੋਪਤੀ ਨੂੰ ਪਕੜ ਲਿਆ, ਦ੍ਰੋਪਤੀ ਉਸ ਕੋਲੋਂ ਛੁੱਟ ਕੇ ਸਭਾ ਵਿਚ ਆ ਗਈ ਜਿਥੇ ਵਿਰਾਟ ਰਾਜਾ ਸਿੰਘਾਸਨ 'ਤੇ ਸੁਸ਼ੋਭਿਤ ਸੀ, ਭੀਮਸੈਨ ਵੀ ਖੜ੍ਹਾ ਸੀ, ਪਰ ਕਾਮ ਵਿਚ ਅੰਨ੍ਹੇ ਹੋਏ ਕ੍ਰੀਚਕ ਨੇ ਕਿਸੇ ਦੀ ਕੋਈ ਸੰਗ ਸ਼ਰਮ ਨਾ ਕੀਤੀ ਤੇ ਉਹ ਵੀ ਮਗਰੇ-ਮਗਰੇ ਆ ਗਿਆ ਤੇ ਸਭਾ ਵਿਚ ਸਭ ਦੇ ਸਾਹਮਣੇ ਜ਼ਬਰਦਸਤੀ ਦ੍ਰੋਪਤੀ ਨੂੰ ਪਕੜ ਲਿਆ। ਨਾ ਵਿਰਾਟ ਰਾਜਾ ਕੁਝ ਬੋਲ ਸਕਿਆ ਤੇ ਨਾ ਹੀ ਦ੍ਰੋਪਤੀ ਦੇ ਪੰਜ ਪਤੀ ਕੁਝ ਬੋਲ ਸਕੇ। ਤਦ ਦ੍ਰੋਪਤੀ ਨੇ ਕ੍ਰੀਚਕ ਨੂੰ ਕਿਹਾ ਕਿ ਹੁਣ ਦਿਨ ਹੈ, ਸਭ ਦੇ ਸਾਹਮਣੇ ਮੇਰੀ ਇਜ਼ਤ ਨੂੰ ਕਿਉਂ ਰੋਲਦਾ ਹੈਂ। ਮੈਨੂੰ ਜਿਥੇ ਤੂੰ ਬੁਲਾਏਂਗਾ ਮੈਂ ਰਾਤ ਨੂੰ ਉਥੇ ਆਪ ਹੀ ਆ ਜਾਵਾਂਗੀ। ਤਦ ਉਹ ਦ੍ਰੋਪਤੀ ਨੂੰ ਕਹਿਣ ਲੱਗਾ ਕਿ ਰਾਤ ਨੂੰ ਪਾਠਸ਼ਾਲਾ ਵਿਚ ਆ ਜਾਵੀਂ, ਜੇਕਰ ਨਾ ਆਈ ਤਾਂ ਕੱਲ੍ਹ ਨੂੰ ਹੋਰ ਕਰੜੀ ਸਜ਼ਾ ਵੀ ਮਿਲੇਗੀ। ਤਦ ਰੋਂਦੀ ਹੋਈ ਦ੍ਰੋਪਤੀ ਭੀਮ ਸੈਨ ਕੋਲ ਆਈ ਤੇ ਸਾਰੀ ਗੱਲ ਕਹਿ ਸੁਣਾਈ, ਉਸ ਵੇਲੇ ਭੀਮ ਸੈਨ ਨੇ ਕਿਹਾ ਕਿ ਰਾਤ ਨੂੰ ਤੂੰ ਨਹੀਂ ਮੈਂ ਆਪ ਜਾਵਾਂਗਾ। ਤਦ ਰਾਤ ਨੂੰ ਭੀਮ ਸੈਨ ਉਸਦੀ ਸੇਜਾ 'ਤੇ ਆਪ ਜਾ ਕੇ ਬੈਠ ਗਿਆ। ਜਦੋਂ ਕ੍ਰੀਚਕ ਆਇਆ ਤੇ ਕਾਮ ਵਿਚ ਅੰਨ੍ਹੇ ਹੋਏ ਨੇ ਜਦੋਂ ਉਸ ਨੂੰ ਹੱਥ ਪਾਇਆ, ਤਦ ਬੇਅੰਤ ਬਲ ਵਾਲੇ ਭੀਮ ਨੇ ਉਸਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਅਤੇ ਕ੍ਰੀਚਕ ਨੂੰ ਚੁੱਕ ਕੇ ਛੱਤ ਦੇ ਸ਼ਤੀਰ ਦੇ ਹੇਠਾਂ ਦੇ ਦਿੱਤਾ। ਅਗਲੇ ਦਿਨ ਜਦ ਲੋਕਾਂ ਨੂੰ ਪਤਾ ਲੱਗਾ ਤਾਂ ਕ੍ਰੀਚਕ ਦੇ ਸੌ ਭਰਾ ਆਏ ਤੇ ਉਸਦਾ ਸਸਕਾਰ ਕਰਨ ਲਈ ਉਸ ਨੂੰ ਲੈ ਕੇ ਚੱਲੇ, ਤਦ ਦ੍ਰੋਪਤੀ ਨੂੰ ਵੀ ਨਾਲ ਬੰਨ੍ਹ ਲਿਆ ਕਿ ਇਸਦੇ ਕਾਰਨ ਸਾਡੇ ਭਰਾ ਦੀ ਮੌਤ ਹੋਈ ਹੈ, ਉਸ ਵੇਲੇ ਭੀਮ ਸੈਨ ਨੇ ਉਜਾੜ ਵਿਚ ਪਹੁੰਚ ਕ੍ਰੀਚਕ ਦੇ ਸੌ ਦੇ ਸੌ ਭਰਾ ਹੀ ਚਿਖਾ ਵਿਚ ਸੁੱਟ-ਸੁੱਟ ਕੇ ਮਾਰ ਮੁਕਾਏ, ਇਕ ਬ੍ਰਾਹਮਣ ਬਚ ਗਿਆ ਸੀ। ਉਸਨੂੰ ਤਾਂ ਨਾ ਮਾਰਿਆ ਕਿ ਬ੍ਰਾਹਮਣ ਹੱਤਿਆ ਲੱਗੇਗੀ, ਤਦ ਉਸਦੀ-ਜ਼ੁਬਾਨ ਫੜ੍ਹ ਕੇ ਮਸਲ ਦਿੱਤੀ ਤੇ ਉਸਨੂੰ ਗੂੰਗਾ ਕਰ ਦਿੱਤਾ।

ਸੋ ਭਾਵ ਇਹ ਹੈ ਕਿ ਕਾਮ ਵਾਸ਼ਨਾ ਦੇ ਵੇਗ ਵਿਚ ਅੰਨ੍ਹਾ ਹੋਇਆ ਰਾਜਾ ਆਪ ਤਾਂ ਮਰਿਆ ਹੀ,

---

੧. **ਵਿਰਾਟ**—ਅਲਵਰ ਅਤੇ ਜੈਪੁਰ ਦੇ ਪਾਸ ਦਾ ਮਤਸਯ ਦੇਸ਼, ਵਿਰਾਟ ਦੇਸ਼ ਦਾ ਪ੍ਰਧਾਨ ਨਗਰ, ਜੋ ਦਿੱਲੀ ਤੋਂ ਦੱਖਣ ੧੦੫ ਮੀਲ ਜੈਪੁਰ ਪਾਸ ਹੈ, ਪਾਂਡਵ ਜੂਏ ਵਿਚ ਹਾਰ ਕੇ ਇਕ ਸਾਲ ਏਥੇ ਹੀ ਲੁਕ ਕੇ ਰਹੇ ਸਨ।

ਨਾਲ ਆਪਣੇ ਸੌ ਭਰਾਵਾਂ ਨੂੰ ਲੈ ਡੁੱਬਿਆ ਅਰਥਾਤ ਕਾਮ ਵਿਚ ਅੰਨ੍ਹਾ ਹੋਇਆ ਮਨੁੱਖ ਆਪ ਤਾਂ ਕਲੰਕਿਤ ਹੁੰਦਾ ਹੀ ਹੈ ਪਰ ਨਾਲ ਦੇ ਸੰਗੀਆਂ ਨੂੰ ਵੀ ਕਲੰਕਿਤ ਕਰ ਦੇਂਦਾ ਹੈ।

ਨੋਟ : ਅੱਗੇ ੬. ਅਹਿੰਸਾ ਤੇ ਰਾਜੇ ਪ੍ਰੀਖਤ ਦੀ ਅਤੇ ੭. ਚੋਰੀ ਤੇ ਸ਼ਿਵ ਰਾਜਾ ਦੀ ਸਾਖੀ ਲਾ ਕੇ ਸਪੱਸ਼ਟ ਕੀਤਾ ਹੈ

## ਨ੍ਰਿਪ ਮ੍ਰਿਗੀਯਾ ਕਰ ਪ੍ਰੀਖਤ ਹਤਯੋ; ਚੋਰੀ ਕਰ ਸ਼ਿਵ ਭੂਪ ਹਤਿ॥

ਨ੍ਰਿਪ = ਰਾਜਾ ਪ੍ਰੀਖਤ ਮ੍ਰਿਗੀਯਾ = ਹਿਰਨ ਦਾ ਸ਼ਿਕਾਰ ਕਰਨ ਕਰਿ = ਕਰਕੇ ਹਤਯੋ = ਨਾਸ਼ ਹੋ ਗਿਆ ਅਤੇ ਚੋਰੀ ਕਰਨ ਕਰਿ = ਕਰਕੇ ਸਿਵ = ਸ਼ਿਵੀ ਭੂਪ = ਰਾਜਾ ਹਤਿ = ਨਾਸ਼ ਹੋ ਗਿਆ।

**ਸਾਖੀ ਰਾਜੇ ਪ੍ਰੀਛਤ ਕੀ :** ਰਾਜਾ ਪ੍ਰੀਛਤ ਮਹਾਂਭਾਰਤ ਦੇ ਸੂਰਬੀਰ ਧਨੁਖਧਾਰੀ ਅਰਜਨ ਦਾ ਪੋਤਰਾ ਅਤੇ ਅਭਿਮੰਨੂ ਦਾ ਪੁੱਤਰ ਸੀ। ਇਹ ਇੰਦ੍ਰਪ੍ਰਸਥ ਅਤੇ ਹਸਤਨਾਪੁਰ ਦਾ ਮਾਲਕ ਬਣ ਕੇ ਰਾਜ ਕਰਦਾ ਰਿਹਾ। ਇਹ ਬਹੁਤ ਧਰਮੀ ਰਾਜਾ ਹੋਇਆ ਹੈ। ਇਕ ਦਿਨ ਇਸਨੇ ਸੋਚਿਆ ਕਿ ਜਿਸ ਕਲਿਜੁਗ ਦੇ ਉਪੱਦ੍ਰਵਾਂ ਤੋਂ ਭੈ-ਭੀਤ ਹੋ ਕੇ ਮੇਰੇ ਬਜ਼ੁਰਗ ਹਿਮਾਲਯ ਵਿਚ ਜਾ ਕੇ ਬਰਫ਼ ਵਿਚ ਮਰਨਾ ਪ੍ਰਵਾਨ ਕਰ ਗਏ, ਪਰ ਕਲਿਜੁਗ ਵਿਚ ਰਾਜ ਕਰਨਾ ਪ੍ਰਵਾਨ ਨਾ ਕੀਤਾ। ਮੈਂ ਦੇਖਾਂ ਕਿ ਮੇਰੇ ਰਾਜ ਵਿਚ ਇਸਦਾ ਕੀ ਪ੍ਰਭਾਵ ਹੈ। ਇਹ ਘੋੜੇ 'ਤੇ ਚੜ੍ਹ ਕੇ ਬਾਹਰ ਨੂੰ ਚੱਲ ਪਿਆ। ਤਦ ਕਲਿਜੁਗ ਨੇ ਇਕ ਭਿਆਨਕ ਰੂਪ ਧਾਰਨ ਕਰਕੇ ਆਪਣਾ ਪ੍ਰਭਾਵ ਦਿਖਾਇਆ ਕਿ ਇਕ ਬਲਦ ਜਿਸ ਦੀਆਂ ਲੱਤਾਂ ਟੁੱਟੀਆਂ ਹਨ ਤੇ ਇਕ ਲੱਤ ਦੇ ਸਹਾਰੇ ਤੁਰ ਰਿਹਾ ਹੈ ਅਤੇ ਕਲਿਜੁਗ ਕਸਾਈ ਦਾ ਰੂਪ ਧਾਰ ਕੇ ਉਸ ਨੂੰ ਕੁੱਟ ਰਿਹਾ ਹੈ। ਜਦੋਂ ਪ੍ਰੀਛਤ ਨੇ ਕਲਿਜੁਗ ਨੂੰ ਉਸ ਬਲਦ ਤਾਈਂ ਕੁੱਟਦੇ ਦੇਖਿਆ ਤਾਂ ਉਸਨੇ ਤੁਰੰਤ ਆਪਣੇ ਧਨੁਸ਼ ਬਾਨ ਨੂੰ ਸੰਭਾਲਿਆ ਤੇ ਜਦੋਂ ਉਸਨੂੰ ਮਾਰਨ ਲੱਗਾ ਤਾਂ ਉਸਨੇ ਕਿਹਾ ਤੂੰ ਮੈਨੂੰ ਮਾਰ ਨਹੀਂ ਸਕਦਾ, ਕਿਉਂਕਿ ਮੈਨੂੰ ਪਰਮੇਸ਼ਰ ਨੇ ਰਾਜ ਬਖ਼ਸ਼ਿਆ ਹੈ ਅਤੇ ਤੈਨੂੰ ਵੀ। ਆਪਾ ਇਕ ਸਮਝੌਤਾ ਕਰ ਲੈਂਦੇ ਹਾਂ ਤਾਂ ਪ੍ਰੀਛਤ ਨੇ ਕਿਹਾ ਕਿ ਸਮਝੌਤਾ ਇਹੋ ਹੀ ਹੈ ਕਿ ਜਿੱਥੋਂ ਤਕ ਮੇਰੇ ਰਾਜ ਦੀ ਹੱਦ ਹੈ, ਤੂੰ ਉਸਤੋਂ ਬਾਹਰ ਚਲਾ ਜਾਹ। ਕਲਿਜੁਗ ਨੇ ਕਿਹਾ ਕਿ ਇਹ ਨਹੀਂ ਹੋ ਸਕਦਾ ਕਿਉਂਕਿ ਤੂੰ ਤਾਂ ਥੋੜ੍ਹਾ ਸਮਾਂ ਰਾਜ ਕਰ ਕੇ ਚਲਾ ਜਾਣਾ ਹੈ, ਪਰ ਮੇਰਾ ਰਾਜ 'ਚਾਰ ਲਖ ਬੱਤੀ ਹਜ਼ਾਰ' ਵਰ੍ਹੇ ਤਕ ਰਹੇਗਾ। ਇਕ ਗੱਲ ਤਾਂ ਹੋ ਸਕਦੀ ਹੈ ਕਿ ਤੂੰ ਇਕ ਨਿਯਮ ਬਣਾ ਕੇ ਜਿਥੇ-ਜਿਥੇ ਕਹੇਂਗਾ, ਮੈਂ ਉਥੇ-ਉਥੇ ਨਿਵਾਸ ਕਰ ਲਵਾਂਗਾ, ਜਿਥੇ ਨਹੀਂ ਕਹੇਂਗਾ ਉਥੇ ਨਹੀਂ ਜਾਵਾਂਗਾ ਪਰ ਰਹਾਂਗਾ ਤੇਰੇ ਰਾਜ ਵਿਚ ਹੀ। ਤਦ ਪ੍ਰੀਛਤ ਨੇ ਕਿਹਾ ਕਿ :

੧. ਜਿਥੇ ਕੋਈ ਨਾਮ ਜਪਦਾ ਹੈ, ਤੂੰ ਉਥੇ ਨਹੀਂ ਜਾਵੇਂਗਾ।
੨. ਜਿਥੇ ਕੋਈ ਦਾਨ-ਪੁੰਨ ਕਰਦਾ ਹੈ, ਤੂੰ ਉਥੇ ਨਹੀਂ ਜਾਵੇਂਗਾ।
੩. ਜਿਥੇ ਸਤਿਸੰਗਤ ਹੋ ਰਹੀ ਹੋਵੇ, ਤੂੰ ਉਥੇ ਨਹੀਂ ਜਾਵੇਂਗਾ।
੪. ਸਤ ਪ੍ਰਤੱਗੀ ਧਰਮੀ ਮਨੁੱਖ ਕੋਲ ਵੀ ਤੂੰ ਨਹੀਂ ਜਾਵੇਂਗਾ।

ਇਹ ਸੁਣ ਕੇ ਕਲਿਜੁਗ ਨੇ ਕਿਹਾ ਕਿ ਫੇਰ ਮੈਂ ਕਿਥੇ ਜਾਵਾਂ। ਤਦ ਰਾਜੇ ਪ੍ਰੀਛਤ ਨੇ ਕਿਹਾ ਕਿ ਜਿਥੇ ਕੋਈ ਝੂਠ ਬੋਲਦਾ ਹੈ, ਵਿਭਚਾਰ ਕਰਦਾ ਹੋਵੇ, ਸ਼ਰਾਬ ਪੀਂਦਾ ਹੋਵੇ, ਜੀਵ ਹਿੰਸਾ ਕਰਦਾ ਹੋਵੇ, ਜੂਆ ਖੇਡਦਾ ਹੋਵੇ, ਇਹੋ ਜਿਹੇ ਨਖਿੱਧ ਕਰਮ ਜਿਥੇ ਹੋਣ, ਉਥੇ ਤੇਰਾ ਵਾਸਾ ਹੋਵੇਗਾ। ਤਦ ਕਲਿਜੁਗ ਨੇ ਕਿਹਾ ਕਿ ਤੂੰ ਧਰਮੀ ਰਾਜਾ ਹੈਂ ਮੇਰੇ ਨਾਲ ਇਤਨਾ ਕੁ ਇਨਸਾਫ਼ ਤਾਂ ਕਰ ਕਿ ਇਨ੍ਹਾਂ ਮਾੜਿਆਂ ਟਿਕਾਣਿਆਂ ਤੋਂ ਕੋਈ ਇਕ ਤਾਂ ਚੰਗਾ ਟਿਕਾਣਾ ਦੱਸ ਜਿਥੇ ਮੇਰਾ ਨਿਵਾਸ ਹੋਵੇ। ਤਦ ਰਾਜੇ ਪ੍ਰੀਛਤ ਨੇ ਕਿਹਾ ਕਿ ਸੋਨੇ ਦੇ ਉੱਪਰ ਵੀ ਤੇਰਾ ਵਾਸਾ ਹੋਵੇਗਾ। ਕਲਿਜੁਗ ਨੇ ਸਵੀਕਾਰ ਕੀਤਾ। ਫੇਰ ਇਕ ਦਿਨ ਰਾਜਾ ਪ੍ਰੀਛਤ ਸ਼ਿਕਾਰ ਖੇਡਣ ਲਈ ਜੰਗਲ ਵਿਚ ਗਿਆ, ਰਾਜੇ ਨੇ ਖ਼ਿਆਲ ਨਾ ਕੀਤਾ ਕਿ ਮੇਰੇ ਸਿਰ ਉੱਪਰ ਸੋਨੇ ਦਾ ਮੁਕਟ ਪਹਿਨਿਆ

ਹੋਇਆ ਹੈ, ਕਲਿਜੁਗ ਨੇ ਸੂਖਮ ਰੂਪ ਧਾਰ ਕੇ ਉਸਦੇ ਮੁਕਟ ਵਿਚ ਪ੍ਰਵੇਸ਼ ਕਰ ਲਿਆ ਤੇ ਰਾਜੇ ਦੀ ਬੁੱਧੀ ਭ੍ਰਿਸ਼ਟ ਕਰ ਦਿੱਤੀ। ਰਾਜੇ ਨੇ ਬਹੁਤ ਕੋਸ਼ਿਸ਼ ਕੀਤੀ ਪਰ ਕੋਈ ਸ਼ਿਕਾਰ ਪ੍ਰਾਪਤ ਨਾ ਹੋਇਆ। ਤਦ ਇਕ ਹਿਰਨ ਰਾਜੇ ਦੇ ਅੱਗੋਂ ਨਿਕਲਿਆ ਜੋ ਯਤਨ ਕਰਨ 'ਤੇ ਵੀ ਪਕੜਿਆ ਨਾ ਗਿਆ। ਤਦ ਹਿਰਨ ਨੂੰ ਭਾਲਦਾ-ਭਾਲਦਾ ਸੰਘਣੇ ਜੰਗਲ ਵਿਚ ਚਲਾ ਗਿਆ ਜਿਥੇ ਵਿਭਾਂਡਵ (ਵਿਭਾਂਡਕ) ਰਿਖੀ ਤਪ ਕਰ ਰਿਹਾ ਸੀ, ਰਾਜੇ ਨੇ ਉਸਨੂੰ ਪੁੱਛਿਆ ਕਿ ਮੇਰਾ ਸ਼ਿਕਾਰ ਤੇਰੇ ਸਾਹਮਣਿਓਂ ਲੰਘ ਕੇ ਕਿਸ ਪਾਸੇ ਵੱਲ ਗਿਆ ਹੈ ? ਰਾਜੇ ਦੀ ਬੁੱਧੀ ਉਸ ਵੇਲੇ ਭ੍ਰਿਸ਼ਟ ਹੋ ਚੁੱਕੀ ਸੀ ਕਿਉਂਕਿ ਇਹ ਸਵਾਲ ਰਿਖੀ ਨੂੰ ਪੁੱਛਣ ਵਾਲਾ ਹੀ ਨਹੀਂ ਸੀ। ਰਿਖੀ ਸਮਾਧੀ ਵਿਚ ਲੀਨ ਸੀ। ਜਦੋਂ ਪੁੱਛਣ ਤੋਂ ਕੋਈ ਉੱਤਰ ਨਾ ਦਿੱਤਾ ਤਾਂ ਰਾਜੇ ਨੇ ਕਿਹਾ ਕਿ ਮੈਨੂੰ ਉੱਤਰ ਦੇਣ ਦੀ ਬਜਾਇ ਅੱਖਾਂ ਬੰਦ ਕਰਕੇ ਪਖੰਡ ਕਰ ਰਿਹਾ ਹੈਂ, ਤੂੰ ਮੈਨੂੰ ਕੁਝ ਦਸ ਕਿਉਂ ਨਹੀਂ ਰਿਹਾ, ਇਹ ਮੇਰਾ ਨਿਰਾਦਰ ਹੈ। ਹੁਣ ਬਦਲੇ ਵਿਚ ਤੈਨੂੰ ਵੀ ਨਿਰਾਦਰ ਹੀ ਦੇ ਕੇ ਜਾਵਾਂਗਾ। ਤਦੋਂ ਇਸਨੇ ਧਨੁਸ਼ ਦੇ ਗੋਛੇ ਨਾਲ ਉਥੇ ਲਾਗੇ ਤੋਂ ਇਕ ਮਰਿਆ ਹੋਇਆ ਸੱਪ ਚੁੱਕ ਕੇ ਉਸ ਦੇ ਗਲ ਵਿਚ ਪਾ ਦਿੱਤਾ ਤੇ ਰਾਜਾ ਪ੍ਰੀਛਤ ਵਾਪਸ ਮਹਿਲਾਂ ਵਿਚ ਚਲਾ ਗਿਆ। ਜਦੋਂ ਇਸਨੇ ਮੁਕਟ ਲਾਹ ਕੇ ਰੱਖ ਦਿੱਤਾ ਤਾਂ ਫੇਰ ਖ਼ਿਆਲ ਆਇਆ ਕਿ ਮੇਰੇ ਕੋਲੋਂ ਕਿੱਡਾ ਮਾੜਾ ਕੰਮ ਹੋ ਗਿਆ ਹੈ, ਮੈਂ ਤਾਂ ਉਸ ਵੰਸ਼ ਵਿੱਚੋਂ ਹਾਂ ਜਿਥੇ ਰਿਸ਼ੀਆਂ-ਮੁਨੀਆਂ ਦਾ ਬਿਅੰਤ ਸਤਿਕਾਰ ਕੀਤਾ ਜਾਂਦਾ ਸੀ। ਮੈਂ ਉਸ ਰਿਖੀ ਕੋਲੋਂ ਜਾ ਕੇ ਖਿਮਾ ਮੰਗਦਾ ਹਾਂ ਕਿਉਂਕਿ ਰਿਖੀ ਬਖ਼ਸ਼ ਦੇਂਦੇ ਹੁੰਦੇ ਹਨ। ਉੱਧਰ ਰਿਖੀ ਅਜੇ ਸਮਾਧੀ ਵਿਚ ਹੀ ਇਸਥਿਤ ਸੀ, ਇਸ ਰਿਖੀ ਦਾ ਸ਼ਿਸ਼ ਸਿੰਙੀ ਰਿਖੀ ਸੀ, ਜਿਸ ਦਾ ਤਪ ਪਰਵਾਨ ਹੋਣ ਤੋਂ ਉਸਨੂੰ ਬ੍ਰਹਮ ਲੋਕ ਵਿੱਚੋਂ ਵਾਕ ਸਿਧੀ ਦਾ ਵਰ ਮਿਲ ਗਿਆ ਸੀ ਕਿ ਮੈਂ ਜੋ ਵੀ ਵਾਕ ਕਹਾਂ, ਉਹ ਪੂਰਾ ਹੋ ਜਾਵੇ। ਇਹ ਵਰ ਪ੍ਰਾਪਤ ਕਰਕੇ ਬ੍ਰਹਮ ਲੋਕ ਤੋਂ ਵਾਪਿਸ ਆ ਰਿਹਾ ਸੀ। ਜਦੋਂ ਇਸਨੇ ਆ ਕੇ ਆਪਣੇ ਗੁਰੂ ਦੀ ਅਜਿਹੀ ਹਾਲਤ ਦੇਖੀ ਤਾਂ ਆਪਣੇ ਗੁਰੂ ਦਾ ਨਿਰਾਦਰ ਸਹਿਣ ਨਾ ਕਰ ਸਕਿਆ ਤੇ ਇਸ ਨੇ ਸਰਾਪ ਦਿੱਤਾ ਕਿ ਜਿਸ ਨੇ ਮੇਰੇ ਗੁਰੂ ਦੇ ਗਲ ਵਿਚ ਮਰਿਆ ਸੱਪ ਪਾ ਕੇ ਮੇਰੇ ਗੁਰੂ ਦਾ ਅਪਮਾਨ ਕੀਤਾ ਹੈ, ਉਸ ਦੀ ਅੱਜ ਤੋਂ ਸੱਤਵੇਂ ਦਿਨ ਸੱਪ ਡੰਗਿਆਂ ਹੀ ਮੌਤ ਹੋਵੇ। ਸਰਾਪ ਦੇ ਕੇ ਇਹ ਥੋੜ੍ਹਾ ਜਿਹਾ ਸ਼ਾਂਤ ਹੋਇਆ। ਤਦੋਂ ਵਿਭਾਂਡਵ ਰਿਖੀ ਨੇ ਆਪਣੇ ਨੇਤ੍ਰ ਖੋਲ੍ਹੇ ਤੇ ਸਾਹਮਣੇ ਆਪਣੇ ਸ਼ਿਸ਼ ਨੂੰ ਥੋੜ੍ਹਾ ਕ੍ਰੋਧ ਦੇ ਸਹਿਤ ਬੈਠਾ ਦੇਖਿਆ। ਰਿਖੀ ਜਾਣਦਾ ਸੀ ਕਿ ਮੇਰਾ ਸ਼ਿਸ਼ ਬਹੁਤ ਕ੍ਰੋਧੀ ਹੈ। ਆਪਣੇ ਗਲ ਵਿਚ ਮਰਿਆ ਸੱਪ ਦੇਖ ਕੇ ਰਿਖੀ ਨੇ ਆਪਣੇ ਦਿਬ ਨੇਤ੍ਰਾਂ ਨਾਲ ਦੇਖਿਆ ਕਿ ਮੇਰੇ ਗਲੇ ਵਿਚ ਰਾਜੇ ਪ੍ਰੀਛਤ ਨੇ ਸੱਪ ਪਾਇਆ ਹੈ। ਰਿਖੀ ਨੇ ਆਪਣੇ ਸ਼ਿਸ਼ ਨੂੰ ਪੁੱਛਿਆ ਕਿ ਮੇਰੇ ਗਲੇ ਵਿਚ ਮਰਿਆ ਸੱਪ ਦੇਖ ਕੇ ਕੋਈ ਸਰਾਪ ਤਾਂ ਨਹੀਂ ਦੇ ਦਿੱਤਾ। ਅੱਗੋਂ ਸਿੰਙੀ ਰਿਖੀ ਨੇ ਕਿਹਾ ਕਿ ਉਹ ਸ਼ਿਸ਼ ਹੀ ਕਾਹਦਾ ਜੋ ਆਪਣੇ ਗੁਰੂ ਦਾ ਅਪਮਾਨ ਸਹਿਣ ਕਰ ਲਵੇ। ਇਸ ਲਈ ਮੈਂ ਇਹ ਸਰਾਪ ਦੇ ਦਿੱਤਾ ਕਿ ਅੱਜ ਤੋਂ ਸੱਤਵੇਂ ਦਿਨ ਨੂੰ ਸੱਪ ਦੇ ਡੰਗਿਆਂ ਉਸਦੀ ਮੌਤ ਹੋ ਜਾਵੇ। ਤਦ ਵਿਭਾਂਡਵ ਰਿਖੀ ਨੇ ਕਿਹਾ ਕਿ ਹੇ ਪੁੱਤਰ ! ਇਹ ਬਹੁਤ ਮਾੜਾ ਕੰਮ ਹੋਇਆ ਕਿਉਂਕਿ ਅਜਿਹਾ ਧਰਮੀ ਰਾਜਾ ਸੰਸਾਰ ਵਿਚ ਕਦੇ-ਕਦੇ ਪੈਦਾ ਹੁੰਦਾ ਹੈ, ਇਹ ਰਾਜਾ ਪ੍ਰੀਛਤ ਸੀ। ਸ਼ਿਸ਼ ਨੇ ਕਿਹਾ ਕਿ ਇਹੋ ਜਿਹੇ ਧਰਮੀ ਰਾਜੇ ਨੇ ਐਸਾ ਖੋਟਾ ਕੰਮ ਕਿਉਂ ਕੀਤਾ ? ਰਿਖੀ ਨੇ ਕਿਹਾ ਕਿ ਕਲਿਜੁਗ ਨੇ ਉਸਦੇ ਮੁਕਟ ਵਿਚ ਪ੍ਰਵੇਸ਼ ਕਰ ਕੇ ਉਸਦੀ ਬੁੱਧ ਭ੍ਰਿਸ਼ਟ ਕਰਕੇ ਉਸਦੇ ਕੋਲੋਂ ਇਹ ਕੰਮ ਕਰਵਾਇਆ ਹੈ। ਪਰ ਹੁਣ ਕੁਝ ਨਹੀਂ ਹੋ ਸਕਦਾ। ਤੂੰ ਜਾਹ ਤੇ ਉਸਨੂੰ ਜਾਣਕਾਰੀ ਦੇ ਕਿ ਉਹ ਸੱਤਾਂ ਦਿਨਾਂ ਵਿਚ ਆਪਣੀ ਕਲਿਆਣ ਦਾ ਕੋਈ ਕਾਰਜ ਕਰ ਲਵੇ, ਤਾਂ ਸਿੰਙੀ ਰਿਖੀ ਨੇ ਆਪਣੇ ਗੁਰਦੇਵ ਦਾ ਹੁਕਮ ਮੰਨਦਿਆਂ, ਰਾਜੇ ਪ੍ਰੀਛਤ ਨੂੰ ਸੂਚਨਾ ਦਿੱਤੀ ਕਿ ਮੇਰੇ ਗੁਰੂ ਦੇ ਗਲ ਵਿਚ ਤੇਰੇ ਦੁਆਰਾ ਸੱਪ ਪਾਉਣ ਦੇ ਕਾਰਨ ਮੇਰੇ ਕੋਲੋਂ ਸਰਾਪ ਦਾ ਬਚਨ ਕਿਹਾ ਗਿਆ ਹੈ, ਹੁਣ ਤੇਰੀ ਮੌਤ ਅੱਜ ਤੋਂ ਸੱਤਵੇਂ ਦਿਨ ਨੂੰ ਹੋ ਹੀ ਜਾਣੀ ਹੈ। ਇਸ ਲਈ ਇਸ ਦੇ ਵਿਚ-ਵਿਚ ਹੀ ਤੂੰ ਆਪਣੀ ਕਲਿਆਣ ਦਾ ਕੋਈ ਉਪਾਅ ਕਰ ਲੈ, ਇਹ ਮੇਰੇ ਗੁਰੂ ਦਾ ਹੁਕਮ ਹੈ। ਇਹ ਸੁਣ ਕੇ ਰਾਜਾ ਬਹੁਤ ਚਿੰਤਤ ਹੋਇਆ ਅਤੇ ਤੁਰੰਤ ਇਕ

ਸ਼ੀਸ਼ ਮਹਿਲ ਬਣਾਉਣ ਦਾ ਹੁਕਮ ਦਿੱਤਾ, ਜੋ ਬਹੁ ਫੁਰਤੀ ਨਾਲ ਗੰਗਾ ਦੇ ਕਿਨਾਰੇ ਪਾਣੀ ਵਿਚ ਬਣਾਇਆ ਗਿਆ। ਜਿਥੇ ਇਹ ਸ਼ੀਸ਼ ਮਹਿਲ ਬਣਾਇਆ ਸੀ, ਉਸਦੇ ਖੰਡਰਾਤ ਅੱਜ ਵੀ ਮੌਜੂਦ ਹਨ। ਉਹ ਮੇਰਠ ਦੇ ਕੋਲ ਪ੍ਰੀਛਤ ਕਿਲ੍ਹਾ ਮੌਜੂਦ ਹੈ ਅਤੇ ਨਾਂ 'ਤੇ ਇਕ ਸ਼ਹਿਰ ਵੱਸਿਆ ਹੋਇਆ ਹੈ, ਜੋ ਅੱਜ ਵੀ ਮੌਜੂਦ ਹੈ[੧]। ਰਾਜੇ ਨੇ ਆਪਣੀ ਕਲਿਆਣ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿਚ ਮੰਨੀ। ਸੁਕਦੇਵ ਮੁਨੀ ਨੂੰ ਸੁਨੇਹਾ ਭੇਜਿਆ, ਪਰ ਸੁਕਦੇਵ ਮੁਨੀ ਨੇ ਆਉਣ ਤੋਂ ਨਾਂਹ ਕਰ ਦਿੱਤੀ ਕਿ ਇਸ ਰਾਜੇ ਨੇ ਰਿਖੀ ਦਾ ਅਪਮਾਨ ਕੀਤਾ ਹੈ, ਤਦ ਨਾਰਦ ਮੁਨੀ ਕੋਲ ਪਹੁੰਚਿਆ ਅਤੇ ਬੜੇ ਤਰੀਕੇ ਦੇ ਨਾਲ ਸੁਕਦੇਵ ਮੁਨੀ ਤੋਂ ਪ੍ਰਸ਼ਨ ਪੁੱਛਿਆ ਕਿ ਹੇ ਮਹਾਂ ਮੁਨੀ ਜੀ ! ਇਕ ਮਨੁੱਖ ਖ਼ੂਹ 'ਤੇ ਬੈਠਾ ਸੀ ਤੇ ਉਥੇ ਇਕ ਨੇਤ੍ਰਹੀਨ ਰਸਤਾ ਭੁੱਲ ਕੇ ਖੂਹ ਵੱਲ ਸਿੱਧਾ ਹੋ ਗਿਆ, ਉਸ ਸੁਜਾਖੇ ਪੁਰਖ ਨੇ ਉਸਨੂੰ ਦੱਸਿਆ ਨਹੀਂ ਕਿ ਤੇਰੇ ਅੱਗੇ ਖ਼ੂਹ ਹੈ, ਉਹ ਅੰਨ੍ਹਾ ਪੁਰਖ ਸਿੱਧਾ ਖ਼ੂਹ ਵਿਚ ਡਿੱਗ ਪਿਆ ਜਿਸ ਕਰਕੇ ਉਸਦੀ ਮੌਤ ਹੋ ਗਈ। ਤੁਸੀਂ ਦੱਸੋ ਕਿ ਇਸਦਾ ਪਾਪ ਕਿਸਨੂੰ ਲੱਗਾ। ਸੁਕਦੇਵ ਮੁਨੀ ਨੇ ਕਿਹਾ ਕਿ ਇਸਦਾ ਪਾਪ ਉਸ ਸੁਜਾਖੇ ਪੁਰਖ ਨੂੰ ਲੱਗੇਗਾ ਜਿਸਨੇ ਅੰਨ੍ਹੇ ਪੁਰਖ ਨੂੰ ਖ਼ੂਹ ਵਿਚ ਡਿੱਗਣ ਤੋਂ ਬਚਾਇਆ ਨਹੀਂ। ਤਦ ਨਾਰਦ ਜੀ ਕਹਿਣ ਲੱਗੇ ਕਿ ਇਸੇ ਤਰ੍ਹਾਂ ਦਾ ਇਕ ਪਾਪ ਤੁਹਾਨੂੰ ਲੱਗਣ ਲੱਗਾ ਹੈ। ਅੱਜ ਇਕ ਧਰਮੀ ਰਾਜਾ ਵਿਵੇਕ ਵੈਰਾਗ ਦੇ ਨੇਤ੍ਰਾਂ ਤੋਂ ਹੀਣਾ ਸੰਸਾਰ ਦੇ ਖ਼ੂਹ ਵਿਚ ਡਿੱਗਣ ਲੱਗਾ ਹੈ, ਜੇਕਰ ਤੁਸੀਂ ਨੇਤ੍ਰਾਂ ਵਾਲਿਆਂ ਨੇ ਉਸਨੂੰ ਨਾ ਬਚਾਇਆ ਤਾਂ ਇਸਦਾ ਪਾਪ ਤੁਹਾਨੂੰ ਲੱਗੇਗਾ। ਤਦ ਸੁਕਦੇਵ ਮੁਨੀ ਜੀ ਤੁਰੰਤ ਰਾਜੇ ਪ੍ਰੀਛਤ ਕੋਲ ਪਹੁੰਚੇ, ਕਥਾ ਆਰੰਭ ਹੋਈ। ਸ਼ੀਸ਼ ਮਹਿਲ ਐਸਾ ਸੀ ਕਿ ਜਿਥੇ ਇਕ ਨਿੱਕੀ ਤੋਂ ਨਿੱਕੀ ਕੀੜੀ ਵੀ ਤੁਰਦੀ ਨਜ਼ਰ ਆਉਂਦੀ ਸੀ। ਮੌਤ ਤੋਂ ਬਚਣ ਲਈ ਰਾਜੇ ਨੇ ਹਰ ਹੀਲੇ ਤੇ ਹਰ ਇੰਤਜ਼ਾਮ ਕੀਤੇ। ਉੱਧਰ ਧਨੰਤਰ ਵੈਦ ਨੂੰ ਪਤਾ ਲੱਗਾ ਕਿ ਰਾਜੇ ਪ੍ਰੀਛਤ ਨੂੰ ਸੱਪ ਨੇ ਡੰਗਣਾ ਹੈ, ਉਸਦੇ ਬਚਾਉਣ ਲਈ ਉਹ ਵੀ ਚੱਲ ਪਿਆ ਅਤੇ ਤੱਛਕ ਨਾਗ ਦੇਹ ਪਲਟ ਕੇ ਬੰਦੇ ਦੇ ਰੂਪ ਵਿਚ ਜਾਂਦਾ ਮਿਲਿਆ। ਇਸਨੇ ਪੁੱਛਿਆ ਕਿ ਤੂੰ ਕੌਣ ਹੈਂ ਅਤੇ ਕਿਥੇ ਚੱਲਿਆ ਹੈਂ ? ਉਸਨੇ ਜਵਾਬ ਦਿੱਤਾ ਕਿ ਮੈਂ ਧਨੰਤਰ ਵੈਦ ਹਾਂ ਮੈ ਧਨੰਤਰੀ ਵਿੱਦਿਆ ਨਾਲ ਸੱਪ ਡੰਗੇ ਪ੍ਰਾਣੀ ਨੂੰ ਮਰਨ ਨਹੀਂ ਦੇਵਾਂਗਾ। ਮੈਨੂੰ ਪਰਮਾਤਮਾ ਨੇ ਅਮਰ ਦ੍ਰਿਸ਼ਟੀ ਦਿੱਤੀ ਹੈ। ਅੱਗੋਂ ਤੱਛਕ ਨਾਗ ਨੇ ਕਿਹਾ ਕਿ ਮੈਂ ਉਸਨੂੰ ਮਾਰਨ ਚੱਲਿਆ ਹਾਂ, ਮੇਰਾ ਨਾਮ ਤੱਛਕ ਨਾਗ ਹੈ। ਤੇਰਾ ਤੇ ਮੇਰਾ ਕੋਈ ਮੇਲ ਨਹੀਂ ਹੈ। ਆਪਣੇ ਤੋਂ ਅਲੱਗ ਹੋਣ ਤੋਂ ਪਹਿਲਾਂ ਆਖ਼ਰੀ ਸਮਰੱਥਾ ਦਾ ਪ੍ਰਯੋਗ ਕਰਕੇ ਵੇਖ ਲਈਏ। ਤੱਛਕ ਨਾਗ ਨੇ ਆਪਣੀ ਸਮਰੱਥਾ ਨਾਲ ਪਾਸ ਹੀ ਉੱਗੇ ਹੋਏ ਪਿੱਪਲ ਨੂੰ ਫੂਕ ਮਾਰ ਕੇ ਸੁਆਹ ਕਰ ਦਿੱਤਾ। ਧਨੰਤਰ ਵੈਦ ਨੇ ਆਪਣੀ ਅੰਮ੍ਰਿਤ ਦ੍ਰਿਸ਼ਟੀ ਨਾਲ ਮੁੜ ਹਰਾ ਭਰਾ ਕਰ ਦਿੱਤਾ। ਇਸ ਤੋਂ ਬਾਅਦ ਦੋਵੇਂ ਅਲੱਗ-ਅਲੱਗ ਰਸਤੇ 'ਤੇ ਚੱਲ ਪਏ। ਤੱਛਕ ਨਾਗ ਨੇ ਧੋਖੇ ਨਾਲ ਧਨੰਤਰ ਦੀ ਪਿੱਠ 'ਤੇ ਡੰਗ ਮਾਰ ਕੇ ਰਸਤੇ ਵਿਚ ਹੀ ਮਾਰ ਦਿੱਤਾ। ਤਦ ਪ੍ਰੀਛਤ ਦੇ ਮਹਿਲਾਂ ਪਾਸ ਜਾ ਕੇ ਦੇਖਿਆ ਕਿ ਉਥੇ ਰਾਤ ਦਿਨ ਦੇ ਸਖ਼ਤ ਪਹਿਰੇ ਹਨ ਅਤੇ ਸਾਰਾ ਮਹਿਲ ਸ਼ੀਸ਼ਿਆਂ ਦਾ ਹੀ ਹੈ, ਜਦੋਂ ਸੱਤਵੇਂ ਦਿਨ ਕਥਾ ਦਾ ਭੋਗ ਪਿਆ, ਜੋ ਫੁਲਵਾੜੀ ਵਿੱਚੋਂ ਫੁੱਲਾਂ ਦੀ ਟੋਕਰੀ ਪੂਜਾ ਲਈ ਮੰਗਵਾਈ ਗਈ, ਤਦ ਤੱਛਕ ਨਾਗ ਆਪਣਾ ਸੂਖਮ ਰੂਪ ਧਾਰ ਕੇ ਉਸਦੇ ਵਿਚ ਲੁਕ ਕੇ ਬੈਠ ਗਿਆ। ਜਦੋਂ ਮੱਥਾ ਟੇਕਣ ਵੇਲੇ ਰਾਜੇ ਨੇ ਫੁੱਲ ਆਪਣੇ ਮੱਥੇ ਨੂੰ ਲਾਇਆ ਤਾਂ ਰਿਖੀ ਦਾ ਕਿਹਾ ਹੋਇਆ ਬਚਨ ਸੱਤ ਹੋਇਆ ਤੇ ਤੱਛਕ ਨਾਗ ਨੇ ਡੰਗ ਮਾਰ ਕੇ ਉਸਨੂੰ ਉਸ ਵੇਲੇ ਮਾਰ ਦਿੱਤਾ।

ਸੋ ਭਾਵ ਇਹ ਹੈ ਕਿ ਜੀਵ ਹਿੰਸਾ ਕਰਨ ਗਏ ਰਾਜੇ ਪ੍ਰੀਛਤ ਨੂੰ ਅਖ਼ੀਰ ਰਿਖੀ ਦੇ ਸਰਾਪ ਕਰਕੇ ਮਰਨਾ ਹੀ ਪਿਆ।

---

੧. ਇਸ ਤੋਂ ਥੋੜ੍ਹੀ ਕੁ ਦੂਰ ਗੰਗਾ ਦੇ ਕਿਨਾਰੇ ਸ਼ੁਕਰਤਾਲ ਨਾਂ ਦੀ ਜਗ੍ਹਾ ਹੈ, ਉਥੋਂ ਦੇ ਪੁਜਾਰੀ ਦੱਸਦੇ ਹਨ ਕਿ ਭਾਗਵਤ ਦੀ ਕਥਾ ਪ੍ਰੀਛਤ ਰਾਜੇ ਨੇ ਏਥੇ ਸੁਣੀ ਸੀ, ਉਸੇ ਯਾਦ ਵਿਚ ਅੱਜ ਵੀ ਉਥੇ ਭਾਗਵਤ ਦੀ ਕਥਾ ਹੁੰਦੀ ਹੈ। ਦੋਨਾਂ ਗੱਲਾਂ ਵਿੱਚੋਂ ਕਿਹੜੀ ਗੱਲ ਠੀਕ ਹੈ ਇਹ ਪਰਮਾਤਮਾ ਜਾਣੇ। ਪਰ ਸਾਡੀ ਤੁਕ ਦੇ ਸਿਧਾਂਤ ਨਾਲ ਮਿਲਦੀ ਵਿਚਾਰ ਸਾਖੀ ਵਿਚ ਆ ਚੁੱਕੀ ਹੈ।

**ਸਾਖੀ ਰਾਜੇ ਸ਼ਿਵੀ ਦੀ :** ਇਕ ਸ਼ਿਵੀ ਨਾਮ ਦਾ ਰਾਜਾ ਸੀ ਜੋ ਵੱਡਾ ਪਰਉਪਕਾਰੀ ਵੀ ਸੀ। ਸ਼ਿਵੀ ਰਾਜੇ ਉੱਪਰ ਇਕ ਦੁਸ਼ਮਨ ਰਾਜੇ ਨੇ ਚੜ੍ਹਾਈ ਕਰ ਦਿੱਤੀ। ਜਦੋਂ ਦੁਸ਼ਮਨ ਨੇੜੇ ਆ ਗਿਆ, ਤਦ ਰਾਜੇ ਨੇ ਆਪਣੇ ਜੋਤਸ਼ੀ ਬੁਲਾਏ ਅਤੇ ਉਨ੍ਹਾਂ ਕੋਲੋਂ ਪੁੱਛਿਆ ਕਿ ਇਸ ਦੁਸ਼ਮਨ ਰਾਜੇ ਕੋਲੋਂ ਮੇਰੀ ਜਿੱਤ ਕਿਸ ਪ੍ਰਕਾਰ ਹੋਵੇਗੀ ? ਤਦ ਜੋਤਸ਼ੀਆਂ ਨੇ ਜੋਤਿਸ਼ ਸ਼ਾਸਤ੍ਰਾਂ ਨੂੰ ਵਿਚਾਰ ਕੇ ਦੱਸਿਆ ਕਿ ਜੋ ਸ਼ੱਤਰੂ ਰਾਜੇ ਦੀ ਤੋਪ ਵਿਚ ਤਾਜ਼ੇ ਵੱਢੇ ਬੱਕਰੇ ਦਾ ਲਹੂ ਪਾਵੇਗਾ, ਉਹ ਜਿੱਤੇਗਾ। ਤਦ ਉਹ ਕਿਸੇ ਦੀ ਸਲਾਹ ਲਏ ਤੇ ਬਿਨਾਂ ਭੇਸ ਬਦਲਾ ਕੇ ਰਾਤ ਨੂੰ ਵੈਰੀ ਰਾਜੇ ਦੀ ਤੋਪ ਵਿਚ ਲਹੂ ਪਾਉਣ ਲਈ ਗਿਆ। ਤਦੋਂ ਰਾਜੇ ਦੀ ਸਿਪਾਹੀਆਂ ਨੇ ਚੋਰ ਜਾਣ ਕੇ ਉਸਨੂੰ ਕੁੱਟ-ਕੁੱਟ ਕੇ ਹੀ ਮਾਰ ਦਿੱਤਾ।

ਸੋ ਚੋਰੀ ਦੇ ਕਾਰਨ ਇਹ ਸ਼ਿਵੀ ਰਾਜਾ ਮਾਰਿਆ ਗਿਆ।

## ਪੁਨ ਪਰ ਨਾਰੀ ਕੀ ਪ੍ਰੀਤਿ ਕਰਿ; ਸੀਸ ਦਏ ਦਸ ਲੰਕਪਤਿ ॥੧੪॥

ਪੁਨ = ਫੇਰ ਪਰ = ਪਰਾਈ ਨਾਰੀ = ਇਸਤ੍ਰੀ ਭਾਵ ਰਾਮਚੰਦ੍ਰ ਜੀ ਦੀ ਪਤਨੀ ਸੀਤਾ ਨਾਲ ਪ੍ਰੀਤੀ ਕਰਿ = ਕਰਕੇ ਲੰਕਪਤਿ = ਲੰਕਾ ਦੇ ਮਾਲਕ ਰਾਵਣ ਨੂੰ ਆਪਣੇ ਦਸ ਦੇ ਦਸ ਸੀਸ = ਸਿਰ ਦੇਣੇ ਪਏ, ਭਾਵ ਜਿਸ ਸਮੇਂ ਲਛਮਨ ਨੇ ਰਾਵਣ ਦੀ ਭੈਣ ਸੂਪਨਖਾ ਦਾ ਨੱਕ ਕੱਟ ਦਿੱਤਾ ਸੀ ਤਦ ਉਹ ਰੋਂਦੀ-ਰੋਂਦੀ ਆਪਣੇ ਭਰਾ ਰਾਵਣ ਕੋਲ ਆਈ ਤੇ ਉਸਨੂੰ ਬਦਲਾ ਲੈਣ ਲਈ ਕਿਹਾ, ਪਰ ਰਾਵਣ ਨੇ ਕੋਈ ਧਿਆਨ ਨਾ ਦਿੱਤਾ। ਤਦ ਸੂਪਨਖਾ ਨੇ ਕਿਹਾ ਕਿ ਮੈਂ ਤੇਰੇ ਲਈ ਬਹੁਤ ਸੁੰਦਰ ਇਸਤ੍ਰੀ ਲੈਣ ਲਈ ਗਈ ਸੀ। ਬਾਹਰ ਜੰਗਲ ਵਿਚ ਇਕ ਕੁਟੀਆ ਅੰਦਰ ਦੋ ਛਤਰੀ ਅਤੇ ਇਕ ਬਹੁਤ ਸੁੰਦਰ ਇਸਤ੍ਰੀ ਰਹਿੰਦੀ ਹੈ। ਇਹ ਸੁਣ ਕੇ ਰਾਵਣ ਨੇ ਭੇਸ ਬਦਲਾ ਕੇ ਸੀਤਾ ਨੂੰ ਕੁਟੀਆ ਵਿੱਚੋਂ ਚੁੱਕ ਲਿਆਂਦਾ। ਜਿਸ ਕਾਰਨ ਰਾਮਚੰਦ੍ਰ ਜੀ ਨੇ ਰਾਵਣ ਨਾਲ ਯੁੱਧ ਕਰ ਕੇ ਉਸਦੇ ਵਰਦਾਨ ਵਿਚ ਪ੍ਰਾਪਤ ਹੋਏ ਦਸੇ ਸਿਰ ਕੱਟ ਦਿੱਤੇ ਸਨ। ਏਥੋਂ ਤਕ ਕਿ ਰਾਵਣ ਦੀ ਮੜ੍ਹੀ 'ਤੇ ਕੋਈ ਦੀਵਾ ਜਗਾਉਣ ਵਾਲਾ ਵੀ ਨਾ ਰਿਹਾ ॥੧੫॥ ਜੈਸਾ ਕਿ :

**ਇਕੁ ਲਖੁ ਪੂਤ ਸਵਾ ਲਖੁ ਨਾਤੀ ॥ ਤਿਹ ਰਾਵਨ ਘਰ ਦੀਆ ਨ ਬਾਤੀ ॥੨॥**

*(ਆਸਾ ਕਬੀਰ ਜੀ, ਅੰਗ ੪੮੧)*

ਇਤੀ ਅਹਿੰਸਾ ੬, ਇਤੀ ਚੋਰੀ ੭ ਸਮਾਪਤੰ।
ਇਥੇ ਅਹਿੰਸਾ ਤੇ ਚੋਰੀ ਪ੍ਰਕਰਣ ਦੀ ਸਮਾਪਤੀ ਹੈ।

## ਦੋਹਰਾ ॥

## ਇਕ ਇਕ ਕੀ ਸੰਗਤ ਕੀਏ; ਭਏ ਨਰੋਤਮ ਨਾਸ ॥

ਸੋ, ਦੇਖੋ ਇਕ ਇਕ ਵਿਸ਼ੇ ਕੀ = ਦੀ ਸੰਗਤ ਕੀਏ = ਕਰਨ ਤੋਂ (ਨਰ + ਉਤਮ) ਉਤਮ = ਸ੍ਰੇਸ਼ਟ, ਬਹਾਦਰ ਸੂਰਮੇ ਨਰ = ਮਨੁੱਖ ਵੀ ਨਾਸ ਭਏ = ਹੋ ਗਏ।

## ਜਾ ਮੈਂ ਸਾਤੋਂ ਵਿਜ਼ਸ਼ਨ ਹੈਂ; ਕਥਾ ਕਹੈ ਕੋ ਤਾਸ ॥੧੫॥

ਫੇਰ ਜਾ = ਜਿਸ ਮਨੁੱਖ ਦੇ ਮੈ = ਵਿਚ ਇਹ ਸਾਤੋ = ਸੱਤੇ ਹੀ ਵਿਸ਼ਿਆਂ ਦੀਆਂ ਵਿਜ਼ਸਨ = ਆਦਤਾਂ ਹਨ, ਤਾਸ = ਉਸ ਮਨੁੱਖ ਦੀ ਕੀ ਕਥਾ ਕਹੇ ਕਹਿਣੀ ਕਰੀਏ **ਵਾ:** ਉਸਦੀ ਕਥਾ ਕੌਣ ਕਹਿ ਸਕਦਾ ਹੈ ॥੧੫॥ ਜੈਸਾ ਕਿ :

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥**
**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥** *(ਆਸਾ ਰਵਿਦਾਸ ਜੀ, ਅੰਗ ੪੮੬)*

**ਦੋਹਰਾ ॥**

**ਤ੍ਰਯੋਦਸ ਦੋਹੇ ਇਕ ਛਪਾ; ਤੋਟਕ ਏਕ ਬਤਾਇ ॥**

ਅਧਿਆਇ ਦੀ ਸਮਾਪਤੀ 'ਤੇ ਛੰਦਾਂ ਦੀ ਗਿਣਤੀ ਕਰਕੇ ਦੱਸਦੇ ਹਨ ਕਿ ਇਸ ਬਾਰ੍ਹਵੇਂ ਅਧਿਆਇ ਦੇ ਵਿਚ ਤ੍ਰੌਦਸ = (੩ + ੧੦) ਤੇਰ੍ਹਾਂ ਦੋਹੇ = ਦੋਹਰੇ, ਇਕ ਛਪਾ ਅਤੇ ਇਕ ਤੋਟਕ ਛੰਦ ਬਤਾਇ = ਕਥਨ ਕੀਤਾ ਹੈ।

**ਪੰਦਰਾ ਕਹੇ ਸਲੋਕ ਸਭ; ਲੋਕ ਪ੍ਰਲੋਕ ਸਹਾਇ ॥੧॥**

ਸਤ = ਸਾਰੇ ਸਲੋਕ ਪੰਦਰਾਂ ਕਹੇ = ਕਥਨ ਕੀਤੇ ਹਨ, ਜਿਨ੍ਹਾਂ ਸਲੋਕਾਂ ਦਾ ਸਿਧਾਂਤ ਲੋਕ ਅਤੇ ਪ੍ਰਲੋਕ ਦੋਨਾਂ ਥਾਈਂ ਹੀ ਸਹਾਇ = ਮਦਦਗਾਰ ਹੋਵੇਗਾ ॥੧੭॥

**ਇਤਿ ਸ੍ਰੀ ਸਾਰੁਕਤਾਵਲੀ; ਤਿਹ ਦ੍ਵਾਦਸ ਅਧਯਾਇ ॥**

ਜੋ ਸ੍ਰੀ = ਸੁਭਾਇਮਾਨ ਸਾਰੁਕਤਾਵਲੀ ਗ੍ਰੰਥ ਹੈ ਤਿਹ = ਤਿਸਦਾ ਦ੍ਵਾਦਸ = ਬਾਰ੍ਹਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

**ਸਪਤ ਵਿਯਸ਼ਨ ਵਰਨਨ ਕਰੇ; ਕਵਿ ਹਰਿਦਯਾਲ ਸੁਭਾਇ ॥੨॥**

ਜਿਸ ਅੰਦਰ ਕਵੀ ਹਰਦਿਆਲ ਜੀ ਨੇ ਸੁਭਾਇ = ਸ੍ਰੇਸ਼ਟ ਭਾਵਨਾ ਪ੍ਰੇਮ ਧਾਰਨ ਕਰਕੇ ਸਪਤ = ਸੱਤਾਂ ਵਿਸ਼ਿਆਂ ਦੀਆਂ ਵਯਸਨ = ਆਦਤਾਂ ਦਾ ਵਰਣਨ ਕੀਤਾ ਹੈ ॥੨॥੧੨॥

## ਤੇਰ੍ਹਵਾਂ ਅਧਿਆਇ

**ਅਥ ਤ੍ਰੌਦਸ ਅਧਯਾਇ ਪ੍ਰਾਰੰਭ ॥**

ਅਥ = ਹੁਣ ਤ੍ਰੌਦਸ = ਤੇਰ੍ਹਵਾਂ ਅਧਿਆਇ ਪ੍ਰਾਰੰਭ ਹੁੰਦਾ ਹੈ।

**ਦੋਹਰਾ ॥ ਅਥ ਤ੍ਰੌਦਸ ਅਧਯਾਇ ਮੈਂ; ਇੰਦ੍ਰਯ ਵਿਖਅਨ ਨਿੰਦ ॥**

ਅਥ = ਹੁਣ ਸਾਰੁਕਤਾਵਲੀ ਗ੍ਰੰਥ ਦੇ ਤ੍ਰੌਦਸ = ਤੇਰ੍ਹਵੇਂ ਅਧਿਆਇ ਦੇ ਮੈ = ਵਿਚ ਕਵੀ ਹਰਦਿਆਲ ਜੀ ਇੰਦ੍ਰੀਆਂ ਦੇ ਵਿਖਅਨ = ਵਿਸ਼ਿਆਂ ਨੂੰ ਨਿੰਦ = ਨਿੰਦਣਾ ਕਰਨਗੇ।

**ਦੁਰਜਨ ਕੀ ਨਿੰਦਾ ਕਰੇਂ; ਕਹਿ ਕੇ ਤੇਈ ਛੰਦ ॥੧॥**

ਅਤੇ ਦੁਰਜਨ = ਖੋਟੇ ਪੁਰਖਾਂ ਕੀ = ਦੀ ਵੀ ਨਿੰਦਾ ਕਰਨਗੇ, ਕੁਲ ਤੇਈ ਛੰਦ ਆਖ ਕਰਕੇ ਭਾਵ ਕੁਲ ਤੇਈ ਛੰਦਾਂ ਦੇ ਅੰਦਰ ਖੋਟੇ ਮਨੁੱਖਾਂ ਅਤੇ ਇੰਦ੍ਰੀਆਂ ਦੇ ਵਿਸ਼ਿਆਂ ਦੀ ਨਿੰਦਿਆ ਦਾ ਪ੍ਰਕਰਣ ਇਸ ਅਧਿਆਇ ਦੇ ਅੰਦਰ ਆਵੇਗਾ ॥੧॥

**ਕਾਮ ਬਰੋਬਰ ਬਯਾਧ ਨਹਿ; ਸਤ੍ਰੁ ਨ ਮੋਹ ਸਮਾਨ ॥**

ਇਸ ਸੰਸਾਰ ਦੇ ਅੰਦਰ ਕਾਮ ਦੇ ਬਰੋਬਰ = ਸਮਾਨ ਹੋਰ ਕੋਈ ਬਯਾਧ = ਰੋਗ ਨਹੀਂ ਹੈ ਕਿਉਂਕਿ ਹੋਰ

ਬਿਮਾਰੀਆਂ ਤਾਂ ਇਸੇ ਜਨਮ ਅੰਦਰ ਦੁੱਖ ਦੇਂਦੀਆਂ ਹਨ ਪਰ ਕਾਮ ਰੂਪੀ ਬਿਮਾਰੀ ਜਨਮ-ਜਨਮ ਦੇ ਦੁੱਖਾਂ ਦੀ ਦਾਤੀ ਹੈ, ਜਿਸਨੂੰ ਇਹ ਬਿਮਾਰੀ ਲੱਗ ਜਾਂਦੀ ਹੈ, ਸਦੀਆਂ ਤਕ ਉਸਦੇ ਮੁਖ 'ਤੇ ਕਲੰਕ ਲੱਗ ਜਾਂਦਾ ਹੈ।

ਫੇਰ ਮੋਹ ਦੇ ਸਮਾਨ ਹੋਰ ਕੋਈ ਸਤ੍ਰੁ = ਦੁਸ਼ਮਨ ਨਹੀਂ ਹੈ, ਭਾਵ ਸਭ ਤੋਂ ਵੱਡਾ ਦੁਸ਼ਮਨ ਮੋਹ ਹੈ, ਜੋ ਖਿਨ-ਖਿਨ ਕਾਲ ਵਿਚ ਦੁੱਖ ਦੇਣ ਵਾਲਾ ਹੈ, ਅਤੇ ਕਈ ਜਨਮਾਂ ਦਾ ਕਾਰਣ ਬਣ ਜਾਂਦਾ ਹੈ।

## ਆਨ ਅਗਨਿ ਨਹਿ ਕ੍ਰੋਧ ਸਮ; ਸੁਖ ਨ ਸਮਾਨ ਗਿਆਨ ॥੧॥

ਕ੍ਰੋਧ = ਗ਼ੁੱਸੇ ਦੇ ਸਮ = ਸਮਾਨ ਆਨ = ਹੋਰ ਕੋਈ ਅਗਨਿ = ਅੱਗ ਨਹੀਂ ਹੈ[੧], ਭਾਵ ਬਾਹਰਲੀ ਅੱਗ ਨਾਲ ਸੜਨ ਕਰਕੇ ਜ਼ਖ਼ਮ ਠੀਕ ਹੋ ਜਾਂਦਾ ਹੈ ਪਰ ਕ੍ਰੋਧ ਦਾ ਸੜਿਆ ਹੋਇਆ ਰਾਜ਼ੀ ਨਹੀਂ ਹੁੰਦਾ। ਏਥੇ ਵੀ ਦੁੱਖ ਭੋਗਦਾ ਹੈ ਅਤੇ ਅੱਗੇ ਵੀ ਨਰਕਾਂ ਦਾ ਦੁੱਖ ਭੋਗਦਾ ਹੈ।

ਫੇਰ ਤੱਤ੍ਵ ਸਰੂਪ ਦੇ ਗਿਆਨ ਪ੍ਰਾਪਤ ਹੋਣ ਦੇ ਸਮਾਨ = ਤੁਲ ਸੰਸਾਰ ਅੰਦਰ ਹੋਰ ਕੋਈ ਸੁੱਖ ਨਹੀਂ ਹੈ, ਕਿਉਂਕਿ ਹੋਰ ਸਾਰੇ ਸੁੱਖ ਅਨਿਤ, ਨਾਸ਼ ਹੋਣ ਵਾਲੇ ਹਨ ਪਰ ਇਹ ਸੁੱਖ ਜਿਸਨੂੰ ਪ੍ਰਾਪਤ ਹੋ ਜਾਂਦਾ ਹੈ, ਉਸਦੇ ਅੰਦਰੋਂ ਕਦੀ ਨਾਸ਼ ਨਹੀਂ ਹੁੰਦਾ॥੧॥

## ਕਰੀ ਕਾਮ ਆਮਿਖ ਮਤਸ; ਮ੍ਰਿਗ ਸੂਰ ਰੂਪ ਪਤੰਗ ॥

ਕਾਮ ਦੀ ਵਾਸ਼ਨਾ ਕਰਕੇ ਕਰੀ = ਹਾਥੀ ਵੱਸ ਹੋ ਜਾਂਦਾ ਹੈ, ਅਮਿਖ = ਮਾਸ ਦੀ ਬੋਟੀ ਦੇ ਲਾਲਚ ਕਰਕੇ ਮਤਸ = ਮੱਛੀ ਮਰ ਜਾਂਦੀ ਹੈ, ਸੂਰ = ਸ਼ਬਦ ਦੇ ਵਿਸ਼ੇ ਕਰਕੇ ਹਿਰਨ ਫੰਧਕ ਦਾ ਸ਼ਿਕਾਰ ਬਣ ਜਾਂਦਾ ਹੈ ਅਤੇ ਰੂਪ ਦੇ ਵਿਸ਼ੇ ਕਰਕੇ ਪਤੰਗ = ਭੰਬਟ ਅੱਗ ਵਿਚ ਸੜ ਜਾਂਦਾ ਹੈ।

## ਅਲਿ ਸੁਗੰਧ ਇਤਯਾਦਿ ਹਤ; ਇੱਕ ਇੱਕ ਇੰਦ੍ਰਯ ਸੰਗ ॥੨॥

ਅਲਿ = ਭੌਰਾ ਸੁਗੰਧੀ ਕਾਰਨ ਇਤਿਆਦਿ ਇਹ ਪੰਜੇ ਜੀਵ ਇਕ ਇਕ ਇੰਦ੍ਰ ਦਾ ਸੰਗ = ਸਾਥ ਕਰਕੇ ਹਤ = ਨਾਸ਼ ਹੋ ਜਾਂਦੇ ਹਨ॥੨॥

ਅੱਗੇ ਪੰਜਾਂ ਵਿਸ਼ਿਆਂ ਦੇ ਨਾਮ ਦੱਸਦੇ ਹਨ:

## ਸੂਰ ਸਪਰਸ ਰਸ ਰੂਪ ਗੰਧ; ਪਾਂਚੋ ਕਾਰਣ ਨਾਸ ॥

ਸੂਰ = ਸ਼ਬਦ ਸਪਰਸ਼ = ਛੂਹਣਾ, ਰਸ = ਸੁਆਦ, ਰੂਪ = ਸੁੰਦਰਤਾ ਅਤੇ ਗੰਧ = ਸੁਗੰਧੀ ਇਹ ਪਾਂਚੋ = ਪੰਜੇ ਜੀਵਾਂ ਦੇ ਨਾਸ਼ ਦਾ ਕਾਰਨ ਹਨ। ਭਾਵ ਸ਼ਬਦ, ਆਵਾਜ਼ ਸੁਣ ਕੇ ਹਿਰਨ ਮਾਰਿਆ ਜਾਂਦਾ ਹੈ, ਸਪਰਸ਼ ਦੇ ਕਾਰਨ ਹਾਥੀ ਕਾਬੂ ਹੋ ਜਾਂਦਾ ਹੈ, ਹਾਥੀ ਨੂੰ ਫੜਨ ਵਾਲੇ ਬਹੁਤ ਡੂੰਘਾ ਟੋਆ ਪੁੱਟ ਕੇ ਉੱਪਰ ਕਾਨਿਆਂ ਦੀ ਛੱਤ ਪਾ ਕੇ ਕਾਗਜ਼ਾਂ ਦੀ ਹਥਨੀ ਬਣਾ ਕੇ ਖੜ੍ਹੀ ਕਰ ਦੇਂਦੇ ਹਨ, ਹਾਥੀ ਅੰਦਰ ਕਾਮ ਵਾਸ਼ਨਾ ਅਧਿਕ ਹੋਣ ਕਾਰਨ ਉਹ ਜਦੋਂ ਇਸ ਤਰੀਕੇ ਨਾਲ ਖੜ੍ਹੀ ਹਥਨੀ ਦੇਖਦਾ ਹੈ ਤਾਂ ਕਾਮ ਵਿਚ ਮਸਤ ਹੋਇਆ ਹਾਥੀ ਉਸ ਨਾਲ ਸਪਰਸ਼ ਹੁੰਦਾ ਤਦ ਉਸੇ ਵੇਲੇ ਟੋਏ ਵਿਚ ਡਿੱਗ ਪੈਂਦਾ ਹੈ, ਜਿਸਨੂੰ ਕਈ ਦਿਨ ਭੁੱਖਾ ਰੱਖ ਕੇ ਕੁੰਡੇ ਨਾਲ ਕਾਬੂ ਕੀਤਾ ਜਾਂਦਾ ਹੈ। ਰਸ ਭਾਵ ਜੀਭ ਦੇ ਸੁਆਦ ਕਾਰਨ ਮੱਛੀ ਡੂੰਘੇ ਪਾਣੀ ਨੂੰ ਤਿਆਗ ਕੇ ਕੁੰਡੀ ਵਿਚ ਲਟਕੇ ਮਾਸ ਨੂੰ ਜਦੋਂ ਮੁਖ ਵਿਚ ਪਾਉਂਦੀ ਹੈ ਤਾਂ ਮਾਹੀਗੀਰ ਮੱਛੀ ਨੂੰ ਪਕੜ ਕੇ ਬਾਹਰ ਕੱਢ ਲੈਂਦਾ ਹੈ, ਪਾਣੀ ਤੋਂ ਵਿਛੜਨ ਕਾਰਨ ਉਸਦੀ ਮੌਤ ਹੋ ਜਾਂਦੀ ਹੈ। ਰੂਪ ਭਾਵ ਦੀਵੇ ਦੀ ਮੱਚਦੀ ਲਾਟ

---

੧. ਅੱਗ ਕਈ ਪ੍ਰਕਾਰ ਦੀ ਮੰਨੀ ਹੈ ਜਿਵੇਂ ਜਠਰ ਅਗਨੀ, ਡੌਂ ਅਗਨੀ (ਜੰਗਲ ਦੀ ਅੱਗ), ਬੜਵਾ ਅਗਨੀ (ਸਮੁੰਦਰ ਦੀ ਅੱਗ), ਪ੍ਰਤੱਖ ਚੁੱਲ੍ਹੇ ਵਿਚ ਬਲਦੀ ਅਗਨੀ, ਤ੍ਰਿਸ਼ਨਾ ਦੀ ਅਗਨੀ, ਚਿੰਤਾ ਦੀ ਅਗਨੀ ਅਤੇ ਕ੍ਰੋਧ ਦੀ ਅਗਨੀ ਆਦਿ।

ਨੂੰ ਦੇਖ ਉਸ ਉੱਪਰ ਮੋਹਿਤ ਹੋ ਕੇ ਉਸਦੇ ਆਲੇ-ਦੁਆਲੇ ਘੁੰਮਦਾ ਹੋਇਆ ਅਖ਼ੀਰ ਉਸਦੇ ਵਿਚ ਪੈ ਕੇ ਭਸਮ ਹੋ ਜਾਂਦਾ ਹੈ ਜਾਂ ਆਪਣੇ ਖੰਭ ਸਾੜ ਬੈਠਦਾ ਹੈ, ਅਤੇ ਭੌਰਾ ਸੁਗੰਧੀ ਦੇ ਲੋਭ ਕਾਰਨ ਕਮਲ ਦੇ ਫੁੱਲ ਵਿਚ ਜਾ ਕੇ ਬੈਠ ਜਾਂਦਾ ਹੈ ਤੇ ਰਾਤ ਵੇਲੇ ਜਦੋਂ ਕਮਲ ਆਪਣੀ ਪੰਖੜੀਆਂ ਬੰਦ ਕਰਦਾ ਹੈ, ਤਦੋਂ ਭੌਰਾ ਵਿੱਚੇ ਹੀ ਬੰਦ ਹੋ ਕੇ ਮਰ ਜਾਂਦਾ ਹੈ ਅਤੇ ਅਗਲੇ ਦਿਨ ਜਦੋਂ ਅਤਰ ਕੱਢਣ ਵਾਲੇ ਗਾਂਧੀ ਆਉਂਦੇ ਹਨ ਤਾਂ ਉਹ ਭੌਰੇ ਸਮੇਤ ਹੀ ਬੰਦ ਕਮਲ ਨੂੰ ਕੜਾਹਿਆਂ ਵਿਚ ਪਾ ਕੇ ਕਾੜ੍ਹ ਦੇਂਦੇ ਹਨ।

ਸੋ ਭਾਵ ਇਹ ਪੰਜੇ ਜੀਵ ਬਹੁਤ ਸੁੰਦਰ ਤੇ ਬਲ ਵਾਲੇ ਹੁੰਦੇ ਹਨ, ਪਰ ਆਪੋ-ਆਪਣੇ ਵਿਸ਼ਿਆਂ ਵਿਚ ਲੱਗ ਕਰ ਕੇ ਨਾਸ਼ ਹੋ ਜਾਂਦੇ ਹਨ, ਇਹ ਪੰਜ ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਨਾਸ਼ ਦਾ ਕਾਰਨ ਹਨ।

## ਜੋ ਜਨ ਪਾਂਚੋਂ ਵਸ ਭਏ; ਕਥਾ ਕਹੇ ਕੋ ਤਾਸ ॥੩॥

ਪਰ ਜੋ = ਜਿਹੜੇ ਜਨ = ਪੁਰਖ ਇਨ੍ਹਾਂ ਪਾਂਚੋ = ਪੰਜਾਂ ਵਿਸ਼ਿਆਂ ਦੇ ਵਸਿ = ਅਧੀਨ ਭਏ = ਹੋਏ ਪਏ ਹਨ, ਫੇਰ ਤਾਸ = ਉਨ੍ਹਾਂ ਦੀ ਕੌਣ ਕਥਾ ਕਹਿ ਸਕਦਾ ਹੈ॥੩॥

## ਦੁਰਜਨ ਸੰਗ ਨ ਕੀਜੀਏ; ਬਚਨ ਨ ਤਾਂਹਿ ਬਖਾਨ ॥

ਦੁਰਜਨ = ਖੋਟੇ ਮਨੁੱਖਾਂ ਦਾ ਕਦੇ ਵੀ ਸੰਗ = ਸਾਥ ਨਾ ਕੀਜੀਏ = ਕਰੋ, ਭਾਵ ਤਿਨ੍ਹਾਂ ਪਾਸ ਕਦੇ ਵੀ ਬੈਠਣਾ ਨਾ ਕਰੋ ਅਤੇ ਤਾਂਹਿ = ਉਨ੍ਹਾਂ ਨਾਲ ਬਚਨ ਬਿਲਾਸ ਵੀ ਬਖਾਨ = ਕਥਨ ਨਾ ਕਰੋ। ਜੈਸਾ ਕਿ:

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥** *(ਸਲੋਕ ਕਬੀਰ ਜੀ, ਅੰਗ ੧੩੭੧)*

ਅੱਗੇ ਦ੍ਰਿਸ਼ਟਾਂਤ ਦੇਂਦੇ ਹਨ ਕਿ:

## ਕਰ ਕਲਾਲਨੀ ਦੁਗਧ ਭੀ; ਪਰ ਤਿਹ ਸਭ ਮਦ ਜਾਨ ॥੪॥

ਜੇਕਰ ਕਲਾਲਨੀ = ਸ਼ਰਾਬ ਵੇਚਣ ਵਾਲੇ ਦੀ ਔਰਤ ਦੇ ਕਰ = ਹੱਥ ਵਿਚ ਦੁਗਧ = ਦੁੱਧ ਭੀ = ਵੀ ਫੜਿਆ ਹੋਵੇ, ਪਰ ਫੇਰ ਵੀ ਸਭ = ਸਾਰੇ ਲੋਕ ਤਿਹ = ਉਸਨੂੰ ਮਦ = ਸ਼ਰਾਬ ਹੀ ਜਾਨ = ਜਾਨਣਗੇ ਕਿ ਇਹ ਸ਼ਰਾਬ ਲਈ ਜਾਂਦੀ ਹੈ ਤਿਵੇਂ ਕੋਈ ਚੰਗਾ ਮਨੁੱਖ ਵੀ ਹੋਵੇ ਜੇਕਰ ਉਹ ਖੋਟੇ ਮਨੁੱਖਾਂ ਦਾ ਸੰਗ ਕਰੇਗਾ ਤਾਂ ਸਿਆਣੇ ਲੋਕ ਉਸਨੂੰ ਵੀ ਉਨ੍ਹਾਂ ਵਰਗਾ ਖੋਟਾ ਹੀ ਸਮਝਣਗੇ। ਇਸ ਲਈ ਕਦੇ ਵੀ ਬੁਰੀ ਸੰਗਤ ਵਿਚ ਨਹੀਂ ਜਾਣਾ ਚਾਹੀਦਾ॥੪॥

## ਸੋਰਠਾ ॥ ਤੁਲ ਦੁਸ਼ਟ ਮਿਰਦੰਗ; ਪਿੰਡ ਤੁੰਡ ਮੈਂ ਜਬ ਪਰੇ ॥

ਦੁਸਟ = ਖੋਟਾ ਮਨੁੱਖ ਮਿਰਦੰਗ = ਢੋਲਕੀ ਦੇ ਤੁਲ = ਸਮਾਨ ਹੈ ਕਿਉਂਕਿ ਜਬ = ਜਦੋਂ ਤਕ ਮੂਰਖ ਮਨੁੱਖ ਦੇ ਤੁੰਡ = ਮੁੱਖ ਵਿਚ ਕੁਝ ਪਦਾਰਥ ਪੈਂਦਾ ਰਹੇ ਅਤੇ ਢੋਲਕੀ ਦੇ ਮੁਖ ਵਿਚ ਆਟੇ ਦਾ ਪਿੰਡ = ਪਿੰਡਾ, ਧਾਮਾ ਲੱਗਦਾ ਰਹੇ।

## ਤਬ ਲਗ ਬੋਲਤ ਚੰਗ; ਨਾ ਤਰ ਨਿੰਦ ਕੁਰਸ ਕਰੇ ॥੫॥

ਤਬ = ਤਦੋਂ ਲਗ = ਤਕ ਹੀ ਇਹ ਦੋਵੇਂ ਚੰਗ = ਚੰਗਾ ਬੋਲਤ = ਬੋਲਦੇ ਹਨ, ਨਾ ਤਰ = ਨਹੀਂ ਤਾਂ ਦੁਸ਼ਟ ਪੁਰਖ ਨਿੰਦ = ਅਪਕੀਰਤੀ ਕਰਨ ਲੱਗ ਪੈਂਦੇ ਹਨ ਅਤੇ ਢੋਲਕੀ ਕੁਰਸ = ਖੋਟਾ ਰਸ, ਬੇਰਸੀ ਕਰ ਦੇਂਦੀ ਹੈ। ਭਾਵ ਜੇਕਰ ਢੋਲਕੀ ਨੂੰ ਧਾਮਾ ਲੱਗਦਾ ਰਹੇ ਤਾਂ ਅਵਾਜ਼ ਚੰਗੀ ਆਉਂਦੀ ਹੈ, ਜੇਕਰ ਧਾਮਾ ਨਾ ਲੱਗੇ

ਤਾਂ ਫਟੇ ਹੋਏ ਬਾਂਸ ਵਾਂਗ ਬੋਲਣ ਲੱਗ ਪੈਂਦੀ ਹੈ ਤੇ ਬੇ-ਰਸੀ ਹੋ ਜਾਂਦੀ ਹੈ, ਤਿਵੇਂ ਦੁਸ਼ਟ ਲੋਭੀ ਮਨੁੱਖ ਨੂੰ ਧਨ, ਪਦਾਰਥ ਦੇਂਦੇ ਰਹੋ ਤਦੋਂ ਤਕ ਜੀ-ਜੀ ਕਰਦਾ ਰਹੇਗਾ, ਨਹੀਂ ਤਾਂ ਨਿੰਦਿਆ ਕਰਨ ਲੱਗ ਪੈਂਦਾ ਹੈ, ਇਸ ਲਈ ਦੁਸ਼ਟ ਪੁਰਖਾਂ ਦਾ ਤਿਆਗ ਹੀ ਠੀਕ ਹੈ॥੫॥

## ਦੋਹਰਾ॥ ਯੱਦਪਿ ਵਕਤਾ ਸਰਬ ਵਿਤ; ਅਰੁ ਸ੍ਰੋਤਾ ਖਲ ਹੋਇ॥

ਯਦਪਿ = ਭਾਵੇਂ ਵਕਤਾ = ਬਕਤਬ ਕਰਨ ਵਾਲਾ, ਬੋਲਣ ਵਾਲਾ ਕਥਾਕਾਰ ਸਰਬ = ਸਾਰੇ ਵੇਦਾਂ ਸ਼ਾਸਤ੍ਰਾਂ ਦੇ ਸਿਧਾਂਤ ਨੂੰ ਵਿਤ = ਜਾਣਦਾ ਵੀ ਹੋਵੇ ਅਰ = ਅਤੇ ਅੱਗੇ ਸ੍ਰੋਤਾ = ਸੁਣਨ ਵਾਲਾ ਖਲ = ਮੂਰਖ ਹੋਇ = ਹੋਵੇ।

## ਬਚਨ ਫਲੇ ਨਹਿ ਤਾਸ ਮਨ; ਜੌਂ ਅਨੇਕ ਜੁਗ ਖੋਇ॥੬॥

ਤਾਸ = ਉਸ ਮੂਰਖ ਮਨੁੱਖ ਦੇ ਮਨ = ਹਿਰਦੇ ਅੰਦਰ ਬਕਤੇ ਦੇ ਕਹੇ ਹੋਏ ਬਚਨ ਫਲੇ = ਫਲੀਭੂਤ ਨਹੀਂ ਹੋਣਗੇ, ਜੌਂ = ਜੇਕਰ ਸਮਝਾਉਣ ਵਾਸਤੇ ਅਨੇਕਾਂ ਜੁਗ ਵੀ ਖੋਇ = ਬਤੀਤ ਕਰ ਦੇਵੇ, ਭਾਵ ਭਾਂਤ-ਭਾਂਤ ਦੇ ਦ੍ਰਿਸ਼ਟਾਂਤ, ਪ੍ਰਮਾਣਾਂ, ਸਾਖੀਆਂ ਦੇ ਸਹਿਤ ਉਪਦੇਸ਼ ਕਰਦਿਆਂ ਹੋਇਆਂ ਜੇਕਰ ਅਨੇਕਾਂ ਜੁਗ ਵੀ ਬੀਤ ਜਾਣ, ਭਾਵ ਬਹੁਤ ਸਮਾਂ ਉਪਦੇਸ਼ ਕਰਦੇ ਰਹੋ ਪਰ ਮੂਰਖ ਮਨੁੱਖ ਨੂੰ ਇਕ ਵੀ ਬਚਨ ਨਹੀਂ ਲੱਗੇਗਾ। ਜਿਵੇਂ ਪਾਣੀ ਵਿਚ ਪਿਆ ਹੋਇਆ ਪੱਥਰ ਭਾਵੇਂ ਅਨੇਕਾਂ ਜੁਗ ਵੀ ਬਤੀਤ ਕਰ ਦੇਵੇ, ਜਦੋਂ ਉਸਨੂੰ ਬਾਹਰ ਕੱਢਿਆ ਜਾਵੇ ਤਾਂ ਉਸੇ ਤਰ੍ਹਾਂ ਸੁੱਕੇ ਦਾ ਸੁੱਕਾ ਅਤੇ ਕਠੋਰ ਰਹੇਗਾ, ਤਿਵੇਂ ਵਿਦਵਾਨ ਮਨੁੱਖ ਦਾ ਉਪਦੇਸ਼ ਮੂਰਖ ਮਨੁੱਖ ਨੂੰ ਨਹੀਂ ਲੱਗਦਾ, ਉਹ ਉਪਦੇਸ਼ ਵੱਲੋਂ ਸੱਖਣਾ ਹੀ ਰਹਿੰਦਾ ਹੈ। ਜੈਸਾ ਕਿ:

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥**
**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥੧੫੮॥** *(ਸਲੋਕ ਕਬੀਰ ਜੀ, ਅੰਗ ੧੩੭੨)*

## ਜੈਸੇ ਸੁੰਦਰ ਸੁੰਦਰੀ; ਖੋੜਸ ਕਰੈ ਸਿੰਗਾਰ॥

ਜੈਸੇ = ਜਿਸ ਪ੍ਰਕਾਰ ਬਹੁਤ ਸੁੰਦਰ = ਸੋਹਣੇ ਰੂਪ ਵਾਲੀ ਸੁੰਦਰੀ = ਇਸਤ੍ਰੀ ਆਪਣੇ ਪਤੀ ਨੂੰ ਪ੍ਰਸੰਨ ਕਰਨ ਦੇ ਲਈ ਖੋੜਸ = ਸੋਲ੍ਹਾਂ ਪ੍ਰਕਾਰ ਦੇ ਸ਼ਿੰਗਾਰ ਕਰਦੀ ਹੈ।[੧]

## ਤੱਦਪਿ ਨਿਹਫਲ ਸਭਸ ਹੀ[੨]; ਜੌਂ ਦ੍ਰਿਗ ਬਿਨ ਭਰਤਾਰ॥੭॥

ਤੱਦਪਿ = ਤਦ ਵੀ ਉਹ ਸਭਸ = ਸਾਰੇ ਸ਼ਿੰਗਾਰ ਨਿਹਫਲ = ਵਿਅਰਥ ਹਨ, ਜੌਂ = ਜੇਕਰ ਉਸਦਾ ਭਰਤਾਰ = ਪਤੀ ਦ੍ਰਿਗ = ਨੇਤ੍ਰਾਂ ਤੋਂ ਬਿਨ = ਬਗ਼ੈਰ ਅੰਨ੍ਹਾ ਹੈ, ਭਾਵ ਪਤੀ ਦੀ ਪ੍ਰਸੰਨਤਾ ਦੇ ਲਈ ਸ਼ਿੰਗਾਰ ਕੀਤਾ ਸੀ ਪਰ ਜੇਕਰ ਉਸਨੇ ਦੇਖਿਆ ਹੀ ਨਹੀਂ ਤਾਂ ਉਹ ਪਹਿਨਿਆ ਸ਼ਿੰਗਾਰ ਵਿਅਰਥ ਹੈ, ਤਿਵੇਂ ਹੀ

---

੧. ਕਾਵਯ ਗ੍ਰੰਥਾਂ ਵਿਚ ਸਰੀਰ ਦੀ ਸ਼ੋਭਾ ਨੂੰ ਵਧਾਉਣ ਵਾਲੇ ਸੋਲ੍ਹਾਂ ਸਿੰਗਾਰ ਇਹ ਲਿਖੇ ਹਨ:
**ਪ੍ਰਥਮ ਸਕਲ ਸੁਚਿ ਮੱਜਨ ਅਮਲਵਾਸ ਜਾਵਕ ਸੁਦੇਸ ਕੇਸ ਪਾਸ਼ ਕੋ ਸੁਧਾਰਬੋ।**
**ਅੰਗਰਾਗ ਭੂਸਣ ਵਿਵਿਧ ਮੁਖਵਾਸ ਰੰਗ ਕਜਲ ਕਲਿਤ ਲੋਲ ਲੋਚਨ ਨਿਹਾਰਬੋ।**
**ਬੋਲਨ ਹਸਨ ਮ੍ਰਿਦੁਚਲਨ ਚਿਤੌਨ ਚਾਰੁ ਪਲ ਪਲ ਪਤਿਵ੍ਰਤ ਪ੍ਰੀਤਿ ਪ੍ਰਤਿਪਾਰਬੋ।**
**ਕੇਸ਼ੋਦਾਸ ਸਵਿਲਾਸ ਕਰਹੋ ਕੁੰਵਰਿ ਰਾਧੇ ਇਹ ਵਿਧਿ ਸੋਰਹਿ ਸਿੰਗਾਰਨ ਸਿੰਗਾਰਬੋ।**
**ਤ੍ਰੈ ਕਾਲੇ ਦੋ ਉਜਲੇ ਪਤਲੇ ਪੰਜ ਪ੍ਰਕਾਰ। ਚਾਰ ਕਠਨ ਦੋ ਚੀਕਨੇ ਯਹ ਸੋਲਾਂ ਸ਼ਿੰਗਾਰ।** *(ਰਸਿਕ ਪ੍ਰਿਯਾ)*
੨. ਪਾਠਾਂਤ੍ਰ—ਸਰਬ ਹੀ।

ਵਿਦਵਾਨ ਨੇ ਜੇਕਰ ਵੇਦਾਂ ਸ਼ਾਸਤ੍ਰਾਂ ਨਾਲ ਭੇਦ ਦਾ ਖੰਡਨ ਅਤੇ ਅਭੇਦ ਦਾ ਮੰਡਨ ਕਰਨ ਰੂਪ ਸੋਲ੍ਹਾ ਸ਼ਿੰਗਾਰ ਵੀ ਕੀਤੇ ਹੋਣ ਪਰ ਸ੍ਰੋਤਾ ਰੂਪੀ ਪਤੀ ਵਿਚਾਰ ਰੂਪੀ ਨੇਤ੍ਰਾਂ ਤੋਂ ਬਿਨਾਂ ਹੈ ਤਾਂ ਫੇਰ ਸੁਰਤੀਆਂ ਸਿਮਰਤੀਆਂ ਦੇ ਪ੍ਰਮਾਨ ਦੇਣ ਸਭ ਨਿਸਫਲ ਹਨ॥੭॥

ਅੱਗੇ **ਦ੍ਰਿਸ਼ਟਾਂਤ** ਤੇ ਫੇਰ **ਦਾ ਦ੍ਰਿਸ਼ਟਾਂਤ** ਦੇ ਕਰਕੇ ਸੰਤ ਜਨਾਂ ਦੀ ਮਹਿਮਾ, ਦੁਰਲੱਭਤਾ ਕਥਨ ਕਰਦੇ ਹਨ :

## ਦਾਦੁਰ ਕਰ ਕੁਖ ਭਰਣ ਮੈਂ; ਤਤਪਰ ਨਾਗ ਅਨੇਕ ॥

ਪਹਿਲਾਂ ਦ੍ਰਿਸ਼ਟਾਂਤ ਰੂਪ ਵਿਚ ਕਥਨ ਕਰਦੇ ਹਨ ਕਿ ਦਾਦੁਰ = ਡੱਡੂਆਂ ਕਰ = ਕਰਕੇ ਕੁਖ = ਪੇਟ ਭਰਨ ਮੈਂ = ਵਿਚ ਅਨੇਕ = ਅਨੇਕਾਂ ਦੀ ਨਾਗ = ਸੱਪ ਤਤਪਰ = ਤਿਆਰ-ਬਰ-ਤਿਆਰ ਰਹਿੰਦੇ ਹਨ।

## ਸਮਰੱਥ ਧਰਨੀ ਧਰਨ ਮੈਂ; ਸੇਖਨਾਗ ਹੀ ਏਕ ॥੮॥

ਪਰ ਧਰਨੀ = ਧਰਤੀ ਦੇ ਧਰਨ = ਧਾਰਨ ਕਰਨ ਮੈ = ਵਿਚ ਭਾਵ ਧਰਤੀ ਨੂੰ ਚੁੱਕਣ ਲਈ ਸਮਰਥ = ਸਰਬ ਸ਼ਕਤੀਵਾਨ ਏਕ = ਇਕ ਸ਼ੇਸ਼ਨਾਗ[੧] ਹੀ ਹੈ॥੮॥

ਅੱਗੇ **ਦਾ ਦ੍ਰਿਸ਼ਟਾਂਤ** ਦੇ ਰੂਪ ਵਿਚ ਕਥਨ ਕਰਦੇ ਹਨ।

## ਉਦਰ ਭਰਣ ਤਤਪਰ ਭਏ; ਭੇਖੀ ਸੰਤ ਅਨੰਤ ॥

ਏਸੇ ਤਰ੍ਹਾਂ ਉਦਰ = ਪੇਟ ਭਰਨ ਲਈ ਕੇਵਲ ਭੇਖੀ = ਲਿਬਾਸ ਧਾਰਨ ਵਾਲੇ ਦੰਭੀ ਸੰਤ ਅਨੰਤ = ਅਨੇਕਾਂ ਹੀ ਤਤਪਰ = ਸਾਵਧਾਨ, ਤਿਆਰ ਭਏ = ਹੋਏ ਫਿਰਦੇ ਹਨ, ਭਾਵ ਸੰਸਾਰ ਅੰਦਰ ਭੇਖੀ ਸੰਤ ਬਹੁਤ ਹਨ ਜੋ ਸੰਤਾਂ ਵਾਲਾ ਲਿਬਾਸ ਧਾਰਨ ਕਰਕੇ ਕੇਵਲ ਆਪਣੇ ਪੇਟ ਭਰਨ ਦਾ ਕਾਰਜ ਹੀ ਕਰਦੇ ਹਨ।

## ਜਗਤ ਜਲਧ ਕੇ ਤਰਣ ਮੈਂ; ਵਿਰਲਾ ਕੋਇਕ ਸੰਤ ॥੯॥

ਪਰ ਇਸ ਜਗਤ = ਸੰਸਾਰ ਜਲਧ = ਸਮੁੰਦਰ ਕੇ = ਦੇ ਤਰਣ = ਪਾਰ ਕਰਨ ਮੈਂ = ਵਿਚ ਕੋਇਕ = ਇਕ ਇਕ ਅੱਧਾ ਵਿਰਲਾ = ਟਾਵਾਂ-ਟਾਵਾਂ ਹੀ ਸੰਤ ਸਮਰੱਥ ਹੈ॥੯॥

## ਨਿੰਦਕ ਕ੍ਰਿਤਘਨ ਪਿਸਨ ਜਨ; ਪੁਨ ਜਿਹ ਕ੍ਰੋਧ ਬਿਸਾਲ ॥

ਨਿੰਦਕ = ਅਪਕੀਰਤੀ ਕਰਨ ਵਾਲਾ, ਕ੍ਰਿਤਘਨ = ਕੀਤੇ ਉਪਕਾਰ ਨੂੰ ਭੁਲਾਉਣ ਵਾਲਾ, ਪਿਸਨ = ਚੁਗ਼ਲੀ ਕਰਨ ਵਾਲਾ ਜਨ = ਮਨੁੱਖ ਪੁਨ = ਫੇਰ ਜਿਹ = ਜਿਸਦੇ ਅੰਦਰ ਬਿਸਾਲ = ਬਹੁਤ ਜ਼ਿਆਦਾ ਕ੍ਰੋਧ = ਗ਼ੁੱਸਾ ਹੈ।

---

੧. **ਸ਼ੇਸ਼ਨਾਗ** : ਨਾਗਵੰਸ਼ ਅਤੇ ਪਤਾਲ ਦਾ ਰਾਜਾ, ਪੁਰਾਣਾਂ ਵਿਚ ਕਥਾ ਹੈ ਕਿ ਇਸਦੇ ਇਕ ਹਜ਼ਾਰ ਸਿਰ ਹਨ, ਜੋ ਵਿਸ਼ਨੂੰ ਭਗਵਾਨ ਉੱਤੇ ਛਾਇਆ ਕਰਦੇ ਹਨ, ਕਈ ਕਹਿੰਦੇ ਹਨ ਕਿ ਸੱਤ ਪਤਾਲ ਇਸਦੇ ਸਿਰ 'ਤੇ ਹਨ। ਵਿਸ਼ਨੂੰ ਪੁਰਾਣ ਲਿਖਦਾ ਹੈ ਕਿ ਜਦ ਕਦੀ ਇਹ ਉਬਾਸੀ ਲੈਂਦਾ ਹੈ ਤਾਂ ਭੂਚਾਲ ਆ ਜਾਂਦਾ ਹੈ। ਹਰ ਇਕ ਕਲਪ (੪, ੩੨, ੦੦੦੦੦੦੦ ਵਰ੍ਹਿਆਂ) ਦੇ ਅੰਤ ਵਿਚ ਇਹ ਮੂੰਹ ਵਿੱਚੋਂ ਅਗਨਿ ਕੱਢਦਾ ਹੈ, ਜਿਸ ਨਾਲ ਸਾਰੇ ਲੋਕ ਭਸਮ ਹੋ ਜਾਂਦੇ ਹਨ। ਇਸਦਾ ਰੂਪ ਇਉਂ ਦੱਸਿਆ ਹੈ : "ਊਦਾ ਰੰਗ, ਗਲ ਵਿਚ ਚਿੱਟੀ ਮਾਲਾ, ਇਕ ਹੱਥ ਵਿਚ ਹਲ ਤੇ ਦੂਸਰੇ ਵਿਚ ਚੱਟੂ" ਇਸਨੂੰ ਅਨੰਤ ਵੀ ਆਖਦੇ ਹਨ ਇਸਦੀ ਇਸਤ੍ਰੀ ਦਾ ਨਾਮ 'ਅਨੰਤ ਸ਼੍ਰੀਸ਼ਾ' ਹੈ। ਕਈ ਇਸ ਨੂੰ ਵਾਸੁਕਿ ਹੀ ਮੰਨਦੇ ਹਨ, ਪਰ ਕਈ ਉਸ ਤੋਂ ਵੱਖਰਾ ਸਮਝਦੇ ਹਨ, ਪੁਰਾਣਾਂ ਵਿਚ ਇਸਨੂੰ ਕਸ਼ਯਪ ਅਤੇ ਕਦ੍ਰ ਦਾ ਪੁੱਤਰ ਕਰਕੇ ਮੰਨਿਆ ਹੈ ਅਤੇ ਬਲਰਾਮ ਨੂੰ ਇਸਦਾ ਅਵਤਾਰ ਦੱਸਿਆ ਹੈ। ਇਸਦੀ ਕੁੰਜ ਨੂੰ ਮਣਿਦ੍ਵੀਪ ਅਤੇ ਇਸਦੇ ਘਰ ਨੂੰ ਮਣਿਭਿੱਤਿ ਜਾਂ ਮਣਿਮੰਡਪ ਆਖਦੇ ਹਨ।

## ਚਾਰੋਂ ਕਰਮੋਂ ਕੇ ਸੂਪਚ; ਪੰਚਮ ਜਾਤ ਚੰਡਾਲ ॥੧੦॥

ਇਹ ਚਾਰੇ ਕਰਮੋਂ = ਕਰਮਾਂ ਕੇ = ਦੇ ਸੂਪਚ = ਚੰਡਾਲ ਹਨ ਅਤੇ ਪੰਜਵੀਂ ਪ੍ਰਤੱਖ ਉਨ੍ਹਾਂ ਦੀ ਜਾਤ = ਜਾਤੀ ਚੰਡਾਲ ਬਣ ਜਾਂਦੀ ਹੈ ॥੧੦॥

## ਸਰਪ ਕ੍ਰੂਰ ਖਲ ਕ੍ਰੂਰ ਹੈ; ਸਰਪਨ ਤੇ ਖਲ ਕ੍ਰੂਰ ॥

ਇਸ ਸੰਸਾਰ ਅੰਦਰ ਸਰਪ = ਸੱਪ ਬਹੁਤ ਕ੍ਰੂਰ = ਕਰੜਾ, ਸਖ਼ਤ, ਬੁਰਾ ਮੰਨਿਆ ਹੈ ਅਤੇ ਦੂਜਾ ਖਲ = ਮੂਰਖ ਵੀ ਕ੍ਰੂਰ = ਕਰੜਾ, ਬੁਰਾ ਮੰਨਿਆ ਹੈ। ਪਰ ਸਰਪਨ = ਸੱਪ ਤੇ = ਤੋਂ ਖਲ = ਮੂਰਖ ਮਨੁੱਖ ਜ਼ਿਆਦਾ ਕ੍ਰੂਰ = ਕਰੜਾ, ਬੁਰਾ ਹੈ।

## ਮੰਤ੍ਰੌਖਧਿ ਕਰ ਸਰਪ ਵਸ; ਖਲ ਕੋ ਮੰਤ੍ਰ ਨ ਮੂਰ ॥੧੧॥

ਕਿਉਂਕਿ (ਮੰਤ੍ਰ + ਔਖਧਿ) ਸੰਤਾਂ ਦੇ ਜਾਪ ਔਖਧਿ = ਦਵਾਈਆਂ ਦੇ ਕਰਕੇ ਸਰਪ = ਸੱਪ ਤਾਂ ਵੱਸ = ਅਧੀਨ ਹੋ ਜਾਂਦਾ ਹੈ ਪਰ ਖਲ = ਮੂਰਖ ਮਨੁੱਖ ਕੋ = ਦੇ ਵਸ ਕਰਨ ਲਈ ਨਾ ਕੋਈ ਮੰਤ੍ਰ ਹੈ ਅਤੇ ਨਾ ਹੀ ਕੋਈ ਮੂਰ = ਦਵਾਈ ਹੈ ਭਾਵ ਸੱਪ ਦੇ ਡੰਗੇ ਦਾ ਤਾਂ ਇਲਾਜ ਹੈ ਪਰ ਮੂਰਖ ਮਨੁੱਖ ਦੇ ਡੰਗੇ ਦਾ ਕੋਈ ਇਲਾਜ ਨਹੀਂ ਅਰਥਾਤ ਮੂਰਖ ਮਨੁੱਖ ਦਾ ਕੋਈ ਗੁਰੂ ਪੀਰ, ਮੰਤ੍ਰ ਨਹੀਂ ਹੈ ॥੧੧॥

***ਪ੍ਰਸ਼ਨ :*** *ਕੀ ਇਹੋ ਜਿਹੇ ਮੂਰਖ ਮਨੁੱਖ ਦੀ ਸੰਗਤ ਕਰਕੇ ਮਹਾਤਮਾ ਜਨ ਵੀ ਆਪਣਾ ਸੁਭਾਅ ਬਦਲ ਦੇਂਦੇ ਹਨ ?*
***ਉੱਤਰ :***

## ਸੰਗ ਦੋਖ ਕਰ ਸੰਤ ਜਨ; ਕਬੀ ਨ ਵਿਕ੍ਰਯ ਧਾਰ ॥

ਪਹਿਲਾਂ ਤਾਂ ਮਹਾਤਮਾ ਜਨ ਕਿਸੇ ਮੂਰਖ ਮਨੁੱਖ ਦਾ ਸੰਗ ਨਹੀਂ ਕਰਦੇ, ਪਰ ਜੇਕਰ ਉਨ੍ਹਾਂ ਦਾ ਕਿਤੇ ਸੰਗ ਹੋ ਜਾਵੇ ਤਾਂ ਉਨ੍ਹਾਂ ਦੀ ਮਾੜੀ ਸੰਗੁ = ਸੰਗਤ ਦੇ ਦੋਖ = ਦੋਸ਼ ਕਰਿ = ਕਰਕੇ ਸੰਤ = ਮਹਾਤਮਾ ਜਨ ਕਬੀ = ਕਦੇ ਵੀ ਵਿਕ੍ਰਯ = ਉਲਟੀ ਕਿਰਿਆ ਧਾਰ = ਧਾਰਨ ਨਹੀਂ ਕਰਦੇ।

## ਚੰਦਨ ਨਾਗਨ ਕਰ ਢਪਯੋ; ਤੱਦਪਿ ਧਰੈ ਨ ਮਾਰ ॥੧੨॥

ਦ੍ਰਿਸ਼ਟਾਂਤ ਕਥਨ ਕਰਦੇ ਹਨ ਕਿ ਜਿਸ ਪ੍ਰਕਾਰ ਚੰਦਨ ਭਾਵੇਂ ਨਾਗਨ = ਸੱਪਾਂ ਕਰ = ਕਰਕੇ ਢਪਯੋ = ਢਕਿਆ ਵੀ ਹੋਵੇ, ਤੱਦਪਿ = ਤਦ ਵੀ ਉਹ ਸੱਪਾਂ ਦੀ ਮਾਰ = ਜ਼ਹਿਰ ਨੂੰ ਧਰੈ = ਧਾਰਨ ਨਹੀਂ ਕਰਦਾ। ਉਲਟਾ ਸੱਪਾਂ ਨੂੰ ਆਪਣੀ ਸੀਤਲਤਾ ਨਾਲ ਸ਼ਾਂਤੀ ਪ੍ਰਦਾਨ ਕਰੇਗਾ, ਭਾਵ ਜਿਵੇਂ ਸੱਪਾਂ ਦੇ ਸੰਗ ਕਰਕੇ ਚੰਦਨ ਆਪਣਾ ਸੁਭਾਅ ਨਹੀਂ ਤਿਆਗਦਾ, ਤਿਵੇਂ ਮੂਰਖ ਦੇ ਸੰਗ ਦੋਖ ਕਰਕੇ ਸੰਤ ਜਨ ਆਪਣਾ ਸੁਭਾਅ ਨਹੀਂ ਤਿਆਗਦੇ ॥੧੨॥ ਜੈਸਾ ਕਿ :

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥**
**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥** *(ਸਲੋਕ ਕਬੀਰ ਜੀ, ਅੰਗ ੧੩੭੩)*

**ਸਾਧ ਕੁਸੰਗਤ ਮੈ ਰਹੈ ਤਿਸ ਨ ਬਿਕਾਰ ਲਗੰਤ ॥**
**ਜਯੋਂ ਚੰਦਨ ਸਰਪਨ ਵਿਖੇ ਸੀਤਲਤਾ ਨ ਤਜੰਤ ॥੧੮॥** *(ਚਾਣਕਯ ਨੀਤੀ, ਅਧਿ: ੪)*

**ਗੁਰ ਬਾਕਨਿ ਕੋ ਰਿਦੈ ਬਸਾਵੈ। ਜੇ ਅਸ ਨਰ ਕੁਸੰਗ ਕਬਿ ਪਾਵੈ ॥**
**ਨਹਿੰ ਬਿਗਰੈ ਨਿਸ਼ਚਾ ਦ੍ਰਿੜ੍ਹ ਰਹੇ। ਜਥਾ ਅਚਲ ਇਕ ਥਲ ਥਿਰ ਅਹੇ ॥੩੦॥**

**ਜਿਮ ਚੰਦਨ ਬਾਵਨ ਤਰੁ ਸੀਤਲ। ਚਹੁੰ ਦਿਸਿ ਮਹਿ ਅਹਿ ਲਪਟੈਂ ਹੀ ਤਲ।**
**ਤਊ ਨ ਸੀਤ ਤਜਿ ਬਿਖ ਕੋ ਲੇਤਿ। ਸਰਪਨ ਕੋ ਸੀਤਲ ਕਰਿ ਦੇਤਿ ॥੩੧॥**
**ਤਿਮ ਗੁਰਮੁਖਿ ਜੇ ਧਸਹਿਂ ਕੁਸੰਗ। ਤਹਿਂ ਭੀ ਦੇਤਿ ਆਪਨੋ ਰੰਗ।**
**ਤਿਨਕੇ ਅਵਗੁਨ ਆਪ ਨ ਕਰੈਂ। ਸੁਭ ਗੁਨ ਕਹਿ ਕਹਿ ਉਰ ਮਹੁ ਧਰੈਂ ॥੩੨॥**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੩, ਅੰਸੂ ੬੪)*

## ਨੀਚਨੁ ਪਰ ਉਪਕਾਰ ਜੋ; ਕੋਪ ਹੇਤ, ਨਹਿ ਸ਼ਾਂਤ ॥

ਨੀਚਨੁ = ਭੈੜੇ, ਦੁਸ਼ਟ ਮਨੁੱਖਾਂ ਪਰ = ਉੱਪਰ ਜੋ ਉਪਕਾਰ = ਭਲਿਆਈ ਕਰਨੀ ਹੈ, ਉਹ ਕੇਵਲ ਕੋਪ = ਕ੍ਰੋਧ ਦਾ ਹੀ ਹੇਤ = ਕਾਰਣ ਬਣਦੀ ਹੈ, ਪਰ ਅੰਦਰ ਸ਼ਾਂਤ = ਸ਼ਾਂਤੀ ਨਹੀਂ ਆ ਸਕਦੀ।

## ਜਿਉਂ ਸਰਪਨ ਪੈ ਪਾਨ ਭੀ; ਕੇਵਲ ਵਿਖ ਵਰਧਾਂਤ ॥੧੩॥

ਜਿਉਂ = ਜਿਵੇਂ ਸਰਪਨ = ਸੱਪਾਂ ਨੂੰ ਪੈ = ਦੁੱਧ ਪਾਨ = ਪਿਲਾਉਣ ਕਰਕੇ ਵੀ ਕੇਵਲ = ਸਿਰਫ਼ ਉਨ੍ਹਾਂ ਦੇ ਅੰਦਰ ਵਿਖ = ਵਿਹੁ ਹੀ ਵਰਧਾਂਤ = ਵੱਧਦੀ ਹੈ, ਭਾਵ ਜਿਵੇਂ ਦੁੱਧ ਤਾਂ ਅੰਮ੍ਰਿਤ ਰੂਪ ਹੈ ਪਰ ਸੱਪਾਂ ਦੇ ਮੁਖ ਵਿਚ ਗਿਆ ਹੋਇਆ ਵਿਹੁ ਰੂਪ ਹੋ ਜਾਂਦਾ ਹੈ, ਤਿਵੇਂ ਨੀਚ ਮਨੁੱਖਾਂ ਉੱਪਰ ਉਪਕਾਰ ਕਰਨਾ ਉਲਟਾ ਪੈ ਜਾਂਦਾ ਹੈ ॥੧੩॥

***ਪ੍ਰਸ਼ਨ :*** *ਕੀ ਅਨ-ਅਧਿਕਾਰੀ ਮਨੁੱਖ ਨੂੰ ਉਪਦੇਸ਼ ਦੇਣਾ ਯੋਗ ਹੈ ?*
***ਉੱਤਰ :*** ਨਹੀਂ, ਅਨ-ਅਧਿਕਾਰੀ ਮਨੁੱਖ ਨੂੰ ਕਦੇ ਵੀ ਉਪਦੇਸ਼ ਨਾ ਦੇਣਾ ਕਰੇ, ਜੋ ਵੀ ਦੇਵੇਗਾ ਉਸਨੂੰ ਦੁੱਖ ਪ੍ਰਾਪਤ ਹੋਵੇਗਾ, ਇਸ ਗੱਲ ਨੂੰ ਅੱਗੇ ਦ੍ਰਿਸ਼ਟਾਂਤ ਰੂਪ ਵਿਚ ਕਥਨ ਕਰਦੇ ਹਨ।

ਇਕ ਵਾਰ ਸਰਦੀ ਦਾ ਸਮਾਂ ਸੀ, ਉੱਪਰੋਂ ਵਰਖਾ ਹੋ ਰਹੀ ਸੀ ਅਤੇ ਠੰਢੀ-ਠੰਢੀ ਹਵਾ ਚੱਲ ਰਹੀ ਸੀ, ਜੰਗਲ ਵਿਚ ਇਕ ਰੁੱਖ ਦੇ ਉੱਪਰ ਚਿੜੀ ਆਪਣੇ ਆਲ੍ਹਣੇ ਵਿਚ ਅਨੰਦ ਪੂਰਬਕ ਬੈਠੀ ਹੋਈ ਸੀ, ਤਦੋਂ ਕੋਈ ਬਾਂਦਰ ਠੰਢ ਨਾਲ ਕੰਬਦਾ ਹੋਇਆ ਉਸੇ ਰੁੱਖ ਦੇ ਹੇਠਾਂ ਆ ਕੇ ਬੈਠ ਗਿਆ। ਉਸਨੂੰ ਕੰਬਦਾ ਹੋਇਆ ਦੇਖ ਕਰਕੇ ਚਿੜੀ ਦੇ ਮਨ ਵਿਚ ਦਇਆ ਆਈ ਅਤੇ ਉਪਦੇਸ਼ ਦੇਣ ਲੱਗੀ ਕਿ :

## ਦ੍ਵੈ ਕਰ ਦ੍ਵੈ ਪਗ ਆਹਿ ਤਵ; ਦਿਸ੍ਯਤ ਪੁਰਖ ਅਕਾਰ ॥

ਹੇ ਭਾਈ ! ਤਵ = ਤੇਰੇ ਦ੍ਵੈ = ਦੋ ਕਰ = ਹੱਥ ਤੇ ਦ੍ਵੈ = ਦੋ ਪਗ = ਪੈਰ ਆਹਿ = ਹਨ ਅਤੇ ਤੇਰਾ ਅਕਾਰ = ਸਰੀਰ ਦਾ ਢਾਂਚਾ ਪੁਰਖ = ਮਨੁੱਖਾਂ ਵਰਗਾ ਦ੍ਰਿਸ੍ਯਤ = ਦਿਖਦਾ ਹੈ।

## ਸੀਤ ਵਾਤ ਕੇ ਘਾਤ ਹਿਤ; ਕਯੋਂ ਨਹਿ ਕਰੋ ਅਗਾਰ ॥੧੪॥

ਫੇਰ ਤੂੰ ਇਸ ਸੀਤ = ਠੰਢੀ-ਠੰਢੀ ਚੱਲ ਰਹੀ ਵਾਤ = ਹਵਾ ਕੇ = ਦੇ ਘਾਤ = ਨਾਸ ਹਿਤ = ਵਾਸਤੇ ਆਪਣਾ ਅਗਾਰ = ਘਰ ਕਿਉਂ ਨਹੀਂ ਬਣਾ ਲੈਣਾ ਕਰਹਿ = ਕਰਦਾ। ਦੇਖ ਮੈਂ ਛੋਟੀ ਜਿਹੀ ਚਿੜੀ ਵੀ ਆਪਣਾ ਆਲ੍ਹਣਾ ਬਣਾ ਕੇ ਇਸ ਸਰਦੀ ਦੀ ਰੁੱਤ ਅੰਦਰ ਆਰਾਮ ਨਾਲ ਬੈਠੀ ਹਾਂ, ਪਰ ਤੂੰ ਤਾਂ ਸਭ ਤਰ੍ਹਾਂ ਕਰਕੇ ਸਮਰੱਥ ਹੈਂ, ਜੋ ਕੁਝ ਬਣਾਉਣਾ ਚਾਹੇ ਬਣਾ ਸਕਦਾ ਹੈਂ ॥੧੪॥

## ਸੂਚੀ ਮੁਖ ਵਿਭਚਾਰਨੀ; ਰੰਡੇ ਪੰਡਿਤ ਰਾਰ ॥

ਇਹ ਸੁਣ ਕੇ ਅੱਗੋਂ ਬਾਂਦਰ ਕਹਿਣ ਲੱਗਾ ਕਿ ਹੇ ਸੂਚੀ = ਸੂਈ ਵਰਗੇ ਮੁਖ = ਮੂੰਹ ਵਾਲੀਏ, ਹੇ

ਵਿਭਚਾਰਨੀ = ਦੋਨਾਂ ਪਾਸੇ ਭਾਵ ਥਾਂ-ਥਾਂ 'ਤੇ ਵਿਚਰਨ ਵਾਲੀਏ, ਹੇ ਰੰਡੇ = ਰੰਡੀਏ! ਤੂੰ ਮੇਰੇ ਵਰਗੇ ਪੰਡਿਤ = ਵਿਦਵਾਨ, ਵਿਚਾਰਵਾਨ ਨਾਲ ਰਾਰ = ਝਗੜਾ ਕਰਦੀ ਹੈਂ, ਤੂੰ ਮੈਨੂੰ ਉਪਦੇਸ਼ ਦੇ ਰਹੀ ਹੈਂ।

## ਨਹਿ ਬਲ ਨਿਜ ਗ੍ਰਿਹਿ ਰਚਨ ਮੈਂ; ਸਮਰੱਥ ਹਤ ਤਵ ਦ੍ਵਾਰ ॥੧੫॥

ਇਹ ਠੀਕ ਹੈ ਕਿ ਮੇਰੇ ਵਿਚ ਨਿਜ = ਆਪਣਾ ਗ੍ਰਿਹਿ = ਘਰ ਬਣਾਉਣ ਦਾ ਬਲ ਨਹੀਂ ਹੈ, ਭਾਵ ਮੈਂ ਆਪ ਆਪਣਾ ਘਰ ਤੇਰੇ ਵਾਂਗ ਨਹੀਂ ਬਣਾ ਸਕਦਾ, ਪਰ ਤਵ = ਤੇਰੇ ਦ੍ਵਾਰ = ਦੁਆਰੇ ਭਾਵ ਤੇਰੇ ਘਰ ਨੂੰ ਹਤ = ਨਾਸ਼ ਕਰਨ, ਢਾਹੁਣ ਲਈ ਮੈਂ ਸਮਰੱਥ ਹਾਂ। ਇਹ ਕਹਿ ਕੇ ਛੇਤੀ ਨਾਲ ਉਸ ਰੁੱਖ ਉੱਪਰ ਚੜ੍ਹ ਕੇ ਉਸ ਵਿਚਾਰੀ ਚਿੜੀ ਦਾ ਆਲ੍ਹਣਾ ਤੋੜ ਦਿੱਤਾ॥੧੫॥

## ਜੈਸੇ ਕੈਸੇ ਪੁਰਖ ਕੋ; ਦੈ ਉਪਦੇਸ਼ ਨ ਸੰਤ ॥

ਏਸੇ ਕਰਕੇ ਜੈਸੇ ਕੈਸੇ ਭਾਵ ਅਨ-ਅਧਿਕਾਰੀ, ਹੰਕਾਰੀ ਪੁਰਖਾਂ ਨੂੰ ਸੰਤ = ਮਹਾਤਮਾ ਜਨ ਉਪਦੇਸ਼ ਨਹੀਂ ਦੈ = ਦੇਣਾ ਕਰਦੇ।

## ਮੂਰਖ ਕਪਿ, ਬਿਨ ਗ੍ਰਿਹਿ ਕਰੀ; ਚਟਕਾ ਜੋ ਗ੍ਰਿਹਿਵੰਤ ॥੧੬॥

ਦੇਖੋ ਜੋ = ਜਿਹੜੀ ਚਟਕਾ = ਚਿੜੀ ਗ੍ਰਿਹਿਵੰਤ = ਆਪਣੇ ਘਰ ਵਾਲੀ ਸੀ, ਭਾਵ ਜਿਸ ਚਿੜੀ ਕੋਲ ਆਪਣਾ ਆਲ੍ਹਣਾ ਸੀ ਪਰ ਮੂਰਖ = ਬੇ-ਸਮਝ ਕਪਿ = ਬਾਂਦਰ ਨੇ ਉਹ ਚਿੜੀ ਦਾ ਆਲ੍ਹਣਾ ਢਾਹ ਕੇ ਗ੍ਰਿਹਿ = ਘਰ ਤੋਂ ਬਿਨਾਂ ਕਰ ਦਿੱਤੀ। ਇਸ ਲਈ ਅਧਿਕਾਰੀ ਤੇ ਅਨ-ਅਧਿਕਾਰੀ ਦੀ ਪਰਖ ਕਰਕੇ ਹੀ ਸੰਤ ਜਨ ਉਪਦੇਸ਼ ਦੇਂਦੇ ਹਨ॥੧੬॥

## ਊਚੇ ਥਿਤ ਊਚੌ ਨਹੀਂ; ਊਚੋ ਗੁਣ ਕਰ ਹੋਇ ॥

ਹੇ ਭਾਈ! ਊਚੇ = ਉੱਚੇ ਅਸਥਾਨ ਦੇ ਉੱਪਰ ਥਿਤ = ਇਸਥਿਤ ਹੋਣ ਕਰਕੇ, ਬੈਠਣ ਕਰਕੇ ਕੋਈ ਮਨੁੱਖ ਊਚੌ = ਉੱਚਾ ਨਹੀਂ ਹੋ ਜਾਂਦਾ, ਊਚੋ = ਉੱਚਾ ਤਾਂ ਗੁਣਾਂ ਨੂੰ ਧਾਰਨ ਕਰ = ਕਰਕੇ ਹੋਇ = ਹੋਇਆ ਜਾਂਦਾ ਹੈ।

## ਕਾਕ ਅਟਾਰੀ ਪਰ ਬਹੇ; ਪਰ ਕਯਾ ਖਗਪਤਿ ਸੋਇ ॥੧੭॥

ਦੇਖੋ ਕਾਕ = ਕਾਂ ਜੇਕਰ ਅਟਾਰੀ = ਮਕਾਨ ਦੀ ਉੱਪਰਲੀ ਛੱਤ ਪਰ = ਉੱਪਰ ਬਹੇ = ਬੈਠ ਜਾਵੇ ਪਰ ਕਯਾ = ਕੀ ਸੋਇ = ਉਹ ਉੱਪਰ ਬੈਠਣ ਨਾਲ ਖਗਪਤਿ = ਪੰਛੀਆਂ ਦਾ ਰਾਜਾ ਗਰੁੜ, ਹੰਸ ਬਣ ਜਾਏਗਾ ਭਾਵ ਨਹੀਂ, ਉਹ ਕਾਂ ਹੀ ਰਹੇਗਾ, ਤਿਵੇਂ ਮੂਰਖ ਮਨੁੱਖ ਜੇਕਰ ਉੱਚੀ ਜਗ੍ਹਾ ਆਪਣਾ ਆਸਣ ਲਾ ਕੇ ਬੈਠ ਜਾਣ ਤਾਂ ਉਹ ਪੂਜਨੇ ਜੋਗ ਨਹੀਂ ਬਣ ਜਾਂਦੇ, ਉਹ ਮੂਰਖ ਹੀ ਰਹਿੰਦੇ ਹਨ॥੧੭॥

## ਨੀਚਨ ਕੀ ਸੰਗਤ ਕਰੇ; ਨੱਸੇ ਬੇਗ ਬੈਰਾਗ ॥

ਨੀਚਨ = ਨੀਚ, ਸਾਕਤ ਮਨੁੱਖਾਂ ਕੀ = ਦੀ ਸੰਗਤ ਕਰੇ = ਕਰਨ ਤੋਂ ਵੈਰਾਗ ਬੇਗ = ਛੇਤੀ ਨੱਸੇ = ਨਾਸ਼ ਹੋ ਜਾਂਦਾ ਹੈ ਕਿਉਂਕਿ ਨੀਚ ਮਨੁੱਖਾਂ ਨੇ ਵਿਸ਼ਿਆਂ ਦੀਆਂ ਗੱਲਾਂ ਕਰਨੀਆਂ ਹੁੰਦੀਆਂ ਹਨ, ਵਿਸ਼ਿਆਂ ਵਿਚ ਲੱਗਣ ਕਰਕੇ ਫੇਰ ਵੈਰਾਗ ਨਹੀਂ ਰਹਿੰਦਾ।

ਅੱਗੇ ਤਿੰਨ ਦ੍ਰਿਸ਼ਟਾਂਤ ਕਥਨ ਕਰਦੇ ਹਨ ਕਿ ਜਿਸ ਪ੍ਰਕਾਰ ਵੈਰਾਗ ਦੀ ਅਵਸਥਾ ਨੀਚ ਮਨੁੱਖਾਂ ਦੀ ਕੁਸੰਗਤ ਨਾਲ ਛੇਤੀ ਨਾਸ਼ ਹੋ ਜਾਂਦੀ ਹੈ।

## ਪਰਾਧੀਨ ਭੀ ਸੁਖ ਨਸੇ; ਅੱਭ੍ਰ ਛਾਯ ਤ੍ਰਿਣ ਆਗ ॥੧੮॥

ਜਿਵੇਂ ਪਰਾਧੀਨ = ਪਰਾਏ ਦੇ ਅਧੀਨ ਰਹਿਣ ਨਾਲ ਸਾਰੇ ਸੁਖ ਨਸੇ = ਨਸ਼ਟ ਹੋ ਜਾਂਦੇ ਹਨ, ਜਿਵੇਂ ਅੱਭ੍ਰ = ਬੱਦਲਾਂ ਦੀ ਛਾਯ = ਛਾਂ ਛੇਤੀ ਨਾਸ਼ ਹੋ ਜਾਂਦੀ ਹੈ ਅਤੇ ਤ੍ਰਿਣ = ਕੱਖਾਂ ਦੀ ਆਗ = ਅੱਗ ਵੀ ਬਹੁਤਾ ਚਿਰ ਨਹੀਂ ਰਹਿੰਦੀ, ਤਿਵੇਂ ਨੀਚ ਮਨੁੱਖਾਂ ਦੀ ਕੁਸੰਗਤ ਕਰਕੇ ਵੈਰਾਗ ਛੇਤੀ ਹੀ ਨਾਸ਼ ਹੋ ਜਾਂਦਾ ਹੈ॥੧੮॥

ਅੱਗੇ ਸੰਸਾਰ ਦੀ ਭੇਡ ਚਾਲ ਦਰਸਾਉਂਦੇ ਹੋਏ ਇਕ ਸਾਖੀ ਦੇ ਦ੍ਰਿਸ਼ਟਾਂਤ ਦੁਆਰਾ ਕਥਨ ਕਰਦੇ ਹਨ।

## ਕਬਿੱਤ ॥

## ਕੋਊ ਏਕ ਬਿੱਪ੍ਰ ਆਇ, ਸੰਭੂ ਬਨ ਮੈਂ ਮਨਾਇ;
## ਤਾਂਬ੍ਰ ਪਾਤ੍ਰ ਕੋ ਦਬਾਇ, ਲਿੰਗ ਲਿੰਗ ਕਯੋ ਹੈ ॥

ਕੋਊ = ਕੋਈ ਇਕ ਬਿੱਪ੍ਰ = ਬ੍ਰਾਹਮਣ ਬਹੁਤ ਵੱਡਾ ਵਿਦਵਾਨ ਤੇ ਕਰਮਕਾਂਡੀ ਇੱਕ ਨਗਰ ਵਿੱਚ ਆਇ = ਆਇਆ ਅਤੇ ਮਹਾਂਦੇਵ ਜੀ ਦਾ ਨੇਮ ਨਾਲ ਪੂਜਨ ਕਰਿਆ ਕਰਦਾ ਸੀ, ਇਕ ਦਿਨ ਉਹ ਯਾਤਰਾ 'ਤੇ ਨਿਕਲਿਆ, ਪੂਜਾ ਅਤੇ ਖਾਣ ਪੀਣ ਦੇ ਸਾਰੇ ਬਰਤਨ ਵੀ ਨਾਲ ਲੈ ਲਏ, ਤਦੋਂ ਤੁਰਦਾ ਹੋਇਆ ਥੱਕ ਗਿਆ ਤਾਂ ਬੈਠ ਕੇ ਕੁੱਝ ਸਮਾਂ ਆਰਾਮ ਕੀਤਾ ਅਤੇ ਫੇਰ ਇਸ਼ਨਾਨ ਕਰਕੇ ਬਨ = ਜੰਗਲ ਵਿਚ ਸੰਭੂ = ਸ਼ਿਵਜੀ ਨੂੰ ਮਨਾਇ = ਪੂਜਣਾ ਕੀਤਾ। ਫੇਰ ਭੋਜਨ ਬਣਾ ਕੇ ਖਾਧਾ ਜਦੋਂ ਚੱਲਣ ਲੱਗਾ ਤਾਂ ਮਨ ਵਿਚ ਇੱਛਾ ਫੁਰੀ ਕਿ ਮੈਂ ਵਾਪਸ ਤਾਂ ਏਸੇ ਰਸਤੇ ਹੀ ਆਉਣਾ ਹੈ, ਫੇਰ ਇਤਨੇ ਤਾਂਬੇ ਦੇ ਬਰਤਨ ਨਾਲ ਕੀ ਕਰਾਂਗਾ। ਏਥੇ ਉਜਾੜ ਹੈ ਕੋਈ ਦੇਖਦਾ ਵੀ ਨਹੀਂ ਹੈ ਮੈਂ ਇਸਨੂੰ ਏਥੇ ਦਬਾ ਕੇ ਰਸਤੇ ਦੀ ਪਹਿਚਾਣ ਲਈ ਚਿੰਨ੍ਹ ਕਰ ਦੇਂਦਾ ਹਾਂ।

ਇਹ ਸੋਚ ਕੇ ਉਸ ਬ੍ਰਾਹਮਣ ਨੇ ਤਾਂਬ੍ਰ = ਤਾਂਬੇ ਦੇ ਪਾਤ੍ਰ = ਬਰਤਨ ਕੋ = ਨੂੰ ਉੱਥੇ ਦਬਾਇ = ਦਬਾ ਕੇ ਉੱਪਰ ਮਿੱਟੀ ਦੇ ਲਿੰਗ = ਸ਼ਿਵਲਿੰਗ ਦਾ ਲਿੰਗ = ਚਿੰਨ੍ਹ ਕਯੋ = ਕਰ ਦਿੱਤਾ ਤੇ ਉਹ ਆਪ ਅਗਾਂਹ ਨੂੰ ਚਲਾ ਗਿਆ।

## ਤਹਾਂ ਅਨੇਕ ਜਨ ਆਏ, ਲਿੰਗ ਦੇਖ ਲਿੰਗ ਕੀਏ;
## ਲਿੰਗ ਅਰਚਏ ਕਰ, ਜਨ ਜੂਥ ਗਯੋ ਹੈ ॥

ਉਸਦੇ ਜਾਣ ਤੋਂ ਬਾਅਦ ਤਹਾਂ = ਉੱਥੇ ਹੋਰ ਅਨੇਕ = ਅਨੇਕਾਂ ਜਨ = ਮਨੁੱਖ ਆਏ, ਉਨ੍ਹਾਂ ਨੇ ਉੱਥੇ ਲਿੰਗ = ਸ਼ਿਵਲਿੰਗ ਦੇਖ ਕਰਕੇ ਮਨ ਵਿਚ ਵਿਚਾਰਿਆ ਕਿ ਏਥੇ ਸ਼ਿਵਲਿੰਗ ਬਣਾਉਣ ਦਾ ਮਹਾਤਮ ਹੋਵੇਗਾ ਜਾਂ ਇਹ ਖ਼ੁਦ ਭਗਵਾਨ ਨੇ ਆਪ ਬਣਾਇਆ ਹੈ ਇਉਂ ਸੋਚ ਵਿਚਾਰ ਕਰ ਕੇ ਉਨ੍ਹਾਂ ਸਾਰਿਆਂ ਨੇ ਅਨੇਕਾਂ ਲਿੰਗ = ਸ਼ਿਵਲਿੰਗ ਬਣਾ ਦਿੱਤੇ, ਫੇਰ ਲਿੰਗ = ਸ਼ਿਵਲਿੰਗਾਂ ਦਾ ਅਰਚਏ = ਪੂਜਣ ਕਰਕੇ ਉਨ੍ਹਾਂ ਜਨ = ਮਨੁੱਖਾਂ ਦਾ ਜੂਥ = ਸਮੁਦਾਇ ਉੱਥੋਂ ਚਲਿਆ ਗਿਆ।

## ਭੂਸੁਰ ਜੌ ਆਯੋ, ਦੇਖ ਲਿੰਗ ਬਿਸਮਾਯੋ;
## ਕਹੂੰ ਏਕ ਲਿੰਗ ਹੂੰ ਤੇ, ਲਿੰਗ ਝੁੰਡ ਨਿਰਮਯੋ ਹੈ ॥

ਜੌ = ਜਦੋਂ ਉਹ ਭੂਸੁਰ = ਬ੍ਰਾਹਮਣ ਤੀਰਥ ਯਾਤਰਾ ਕਰਕੇ ਵਾਪਸ ਆਯੋ = ਆਇਆ ਤਾਂ ਉੱਥੇ ਹਜ਼ਾਰਾਂ ਲਿੰਗ = ਸ਼ਿਵਲਿੰਗ ਦੇਖ ਕਰਕੇ ਬਹੁਤ ਬਿਸਮਾਯੋ = ਹੈਰਾਨ ਹੋਇਆ ਅਤੇ ਕਹਿਣ ਲੱਗਾ ਕਿ ਕਹੂੰ = ਕਿਤੇ

ਏਕ = ਇਕ ਸ਼ਿਵਲਿੰਗ ਹੂੰ ਤੇ = ਤੋਂ ਹੀ ਇਹ ਲਿੰਗ = ਸ਼ਿਵਲਿੰਗਾਂ ਦਾ ਝੁੰਡ ਨਿਰਮਯੋ = ਪੈਦਾ ਹੋ ਗਿਆ ਹੈ, ਭਾਵ ਮੈਂ ਤਾਂ ਰਸਤੇ ਦੀ ਪਛਾਣ ਲਈ ਇਥੇ ਇਕ ਸਿਵਲਿੰਗ ਦਾ ਚਿੰਨ੍ਹ ਬਣਾਇਆ ਸੀ ਪਰ ਇਥੇ ਤਾਂ ਲੋਕਾਂ ਨੇ ਸ਼ਿਵਲਿੰਗਾਂ ਦਾ ਝੁੰਡ ਹੀ ਬਣਾ ਦਿੱਤਾ।

## ਪਾਤ੍ਰ ਨਹਿੰ ਪਾਏ, ਤਬ ਬਿਪ੍ਰ ਯੌਂ ਅਲਾਏ;
## ਤਾਂਹਿ ਪਾਤ੍ਰ ਲਿੰਗ ਚਿੰਨ੍ਹ ਕੀਨੋਂ, ਮੂੜ੍ਹੋਂ ਨ ਲਖਯੋ ਹੈ ॥੧੯॥

ਫੇਰ ਉਹ ਸ਼ਿਵਲਿੰਗ ਢਾਹ-ਢਾਹ ਕੇ ਆਪਣਾ ਤਾਂਬੇ ਦਾ ਬਰਤਨ ਲੱਭਣ ਲੱਗ ਪਿਆ ਜਦੋਂ ਕਿਤਨੇ ਸਾਰੇ ਢਾਹ ਕੇ ਵੀ ਪਾਤ੍ਰ = ਭਾਂਡਾ ਨਹੀਂ ਪ੍ਰਾਪਤ ਕੀਤਾ, ਤਬ = ਤਦੋਂ ਉਸ ਬਿਪ੍ਰ = ਬ੍ਰਾਹਮਣ ਨੇ ਯੌਂ = ਇਸ ਤਰ੍ਹਾਂ ਅਲਾਏ = ਕਹਿਣਾ ਕੀਤਾ ਕਿ ਮੈਂ ਤਾਂ ਉੱਥੇ ਆਪਣੇ ਤਾਂਬੇ ਦੇ ਪਾਤ੍ਰ = ਬਰਤਨ ਦਾ ਲਿੰਗ = ਸ਼ਿਵਲਿੰਗ ਬਣਾ ਕੇ ਚਿੰਨ੍ਹ = ਨਿਸ਼ਾਨ ਲਾਉਣਾ ਕੀਤਾ ਸੀ ਕਿ ਜਾਂਦੀ ਵਾਰੀ ਰਸਤੇ ਦੀ ਪਛਾਣ ਕਰਦਾ ਹੋਇਆ ਇਹ ਬਰਤਨ ਲੈ ਜਾਵਾਂਗਾ ਪਰ ਮੂੜ੍ਹੋਂ = ਮੂਰਖ ਮਨੁੱਖਾਂ ਨੇ ਇਹ ਨਹੀਂ ਲਖਯੋ = ਜਾਨਣਾ ਕੀਤਾ, ਉਨ੍ਹਾਂ ਨੇ ਬੇ-ਸਮਝੀ ਕਾਰਨ ਏਥੇ ਸ਼ਿਵਲਿੰਗ ਹੀ ਸ਼ਿਵਲਿੰਗ ਬਣਾ ਦਿੱਤੇ ॥੧੯॥

## ਸੋਰਠਾ ॥ ਜਗ ਕੀ ਭੇਡਾਚਾਲ; ਚਲਤੇ ਕੇ ਪਾਛੈ ਚਲੈਂ ॥

ਇਸ ਉਪਰੋਕਤ ਕਬਿੱਤ ਦੀ ਵਿਚਾਰ ਤੋਂ ਇਹ ਹੀ ਸਿੱਧ ਹੁੰਦਾ ਹੈ ਕਿ ਇਸ ਜਗ = ਸੰਸਾਰ ਕੀ = ਦੀ ਭੇਡਾਚਾਲ = ਭੇਡਾਂ ਵਰਗੀ ਤੋਂ ਚਾਲੀ ਰੀਤੀ ਹੈ, ਇਕ ਚਲਤੇ = ਚੱਲਦੇ ਹੋਏ ਕੇ = ਦੇ ਪਾਛੈ = ਮਗਰ ਹੀ ਸਾਰੇ ਤੁਰ ਪੈਂਦੇ ਹਨ, ਭਾਵ ਭੇਡਾਂ ਦਾ ਇਹ ਸੁਭਾਅ ਹੈ ਕਿ ਜਿੱਧਰ ਨੂੰ ਇਕ ਤੁਰ ਪਈ, ਬਾਕੀ ਦੀਆਂ ਸਾਰੀਆਂ ਉਸਦੇ ਪਿੱਛੇ ਚੱਲ ਪੈਂਦੀਆਂ ਹਨ, ਭਾਵੇਂ ਖੂਹ ਵਿਚ ਡਿੱਗ ਕੇ ਮਰ ਜਾਣ, ਤਿਵੇਂ ਮੂਰਖ ਜੀਵ ਇਕ ਦੇ ਮਗਰ ਲੱਗ ਪੈਂਦੇ ਹਨ।

## ਪਰਮਾਰਥ ਨ ਸਮ੍ਹਾਲ; ਦੇਖੋ ਜਗ ਕੀ ਮੂੜ੍ਹਤਾ ॥੨੦॥

ਪ੍ਰੰਤੂ ਪਰਮਾਰਥ = ਅਸਲ ਰਸਤੇ ਨੂੰ ਨਹੀਂ ਸਮ੍ਹਾਲ = ਸੰਭਾਲਦੇ, ਭਾਵ ਉਸਦੀ ਵਿਚਾਰ ਕੋਈ ਨਹੀਂ ਕਰਦੇ, ਇਹ ਦੇਖੋ ਸੰਸਾਰ ਦੀ ਕਿਹੋ ਜਿਹੀ ਮੂੜ੍ਹਤਾ = ਮੂਰਖਤਾ ਹੈ ॥੨੦॥ ਜੈਸਾ ਕਿ :

**ਭੇਡ ਚਾਲ ਨਰ ਮੰਦਨ ਕੇਰੀ। ਹੋਤਿ ਪ੍ਰਵਿਰਤਿ ਅਪਰ ਕੋ ਹੇਰੀ ॥੩੨॥**
**ਬੁਰੀ ਭਲੀ ਨਹਿ ਕਰਤ ਬਿਚਾਰਿ।..... ॥੩੩॥** *(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੪੬)*

## ਦੋਹਰਾ ॥
## ਫਲ ਕਰਕੇ ਤਰੁ ਤਰੇ ਹ੍ਵੈ; ਨਿੰਮ੍ਰਤ ਅਤਿ ਸ੍ਰੁਤਿਵੰਤ ॥

ਜਿਸ ਪ੍ਰਕਾਰ ਫਲ ਦੇ ਲੱਗਣ ਕਰਕੇ ਤਰੁ = ਬ੍ਰਿਛ ਤਰੇ = ਹੇਠਾਂ ਨੂੰ ਝੁਕ ਜਾਂਦਾ ਹੈ, ਤਿਵੇਂ ਸ੍ਰੁਤਿਵੰਤ = ਗਿਆਨਵਾਨ, ਸੂਝਵਾਨ ਪੁਰਸ਼ ਵੇਦਾਂ ਸ਼ਾਸਤ੍ਰਾਂ ਦਾ ਗਿਆਨ ਪ੍ਰਾਪਤ ਕਰਕੇ ਅਤਿ = ਅਤਿਅੰਤ ਨਿੰਮ੍ਰਤ = ਨਿਮਰਤਾ ਵਾਲਾ ਹੋ ਜਾਂਦਾ ਹੈ। ਜੈਸਾ ਕਿ :

**ਊਚੈ ਪਦ ਕੋ ਪਾਇ ਨਿਮਾਈ। ਉੱਤਮ ਸੋ ਜਗ ਬਿਖੈ ਗਿਨਾਈਂ।**
**ਫਲ ਕੋ ਪਾਇ ਤਰੋਵਰੁ ਜੋਈ। ਸ਼ਾਖਾ ਝੁਕੈ ਧਰਨਿ ਪਰ ਸੋਈ ॥੫੪॥**

*(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤ: ਅਧਿ: ੪੮)*

## ਸੂਕੇ ਬ੍ਰਿਖ ਜਯੋਂ ਤੁਟਤ ਹੈਂ; ਝੁਕਤ ਨਹੀਂ ਖਲ ਜੰਤ ॥੨੧॥

ਜਯੋਂ = ਜਿਸ ਪ੍ਰਕਾਰ ਸੂਕੇ = ਸੁੱਕੇ ਹੋਏ ਰੁੱਖ ਝੁਕਦੇ ਨਹੀਂ ਹਨ ਪਰ ਤੁਟਤ = ਟੁੱਟ ਜ਼ਰੂਰ ਜਾਂਦੇ ਹਨ, ਤਿਵੇਂ ਖਲ = ਮੂਰਖ ਜੀਵ ਗ੍ਰੰਥਾਂ ਦੇ ਗਿਆਨ ਨੂੰ ਪ੍ਰਾਪਤ ਕਰਕੇ ਵੀ ਕਿਸੇ ਦੇ ਅੱਗੇ ਝੁਕਦੇ ਨਹੀਂ ਹਨ, ਭਾਵ ਨਿਮਰਤਾ ਧਾਰਨ ਨਹੀਂ ਕਰਦੇ, ਹੰਕਾਰ ਨਾਲ ਗਰਦਨ ਉੱਚੀ ਰੱਖਦੇ ਹਨ ॥੨੧॥

## ਕਬਿੱਤ ॥ ਨੀਰ ਕਰ ਸਿੱਖੀ ਕੇ ਨਿਵਾਰਨ ਮੋਂ ਸਮਰਥ;
## ਛਾਯਾ ਕਰ ਦਿਵਾਕਰ ਆਤਪ ਨਿਵਾਰੀਯੇ ॥

ਜਿਵੇਂ ਨੀਰ = ਪਾਣੀ ਕਰ = ਕਰਕੇ ਮਨੁੱਖ ਸਿੱਖੀ = ਅੱਗ ਕੇ = ਦੇ ਨਿਵਾਰਨ = ਬੁਝਾਉਣ ਮੋਂ = ਵਿੱਚੋਂ ਸਮਰਥ = ਯੋਗ ਹੋ ਜਾਂਦਾ ਹੈ **ਵਾ:** ਪਾਣੀ ਅੱਗ ਨੂੰ ਬੁਝਾਉਣ ਲਈ ਸਮਰੱਥ ਹੈ ਅਤੇ ਛਾਯਾ = ਛਾਂ ਕਰਕੇ ਦਿਵਾਕਰ = ਸੂਰਜ ਦੀ ਆਤਪ = ਧੁੱਪ ਨੂੰ ਨਿਵਾਰੀਯੇ = ਨਵਿਰਤ ਕਰ ਲਿਆ ਜਾਂਦਾ ਹੈ।

## ਸਮਦ ਮਤੰਗ ਵਸ ਹੋਤ ਤੀਖੇ ਕੁੰਡੇ ਕਰ;
## ਧੇਨੁ ਭੈਂਸ ਰਾਸਭ ਕੋ ਦੰਡ ਕਰ ਟਾਰੀਯੇ ॥

ਸਮਦ = ਸਹਿਤ ਮਦ ਦੇ ਮਸਤ ਹੋਇਆ ਮਤੰਗ = ਹਾਥੀ ਤਿੱਖੇ ਕੁੰਡੇ ਕਰਕੇ ਵਸ = ਅਧੀਨ ਹੋ ਜਾਂਦਾ ਹੈ, ਫੇਰ ਧੇਨੁ = ਗਊ, ਭੈਂਸ = ਮੱਝ ਅਤੇ ਰਾਸਭ = ਗਧੇ ਕੋ = ਨੂੰ ਦੰਡ = ਡੰਡੇ ਕਰ = ਕਰਕੇ ਟਾਰੀਯੇ = ਦੂਰ ਕਰ ਦੇਈਦਾ ਹੈ।

## ਭੇਖਜ ਕੀ ਸੰਗ੍ਰਹਿ ਕਰ ਬਯਾਧ ਕੋ ਪ੍ਰਹਾਰ ਕਰੈ;
## ਮੰਤ੍ਰਨ ਕੇ ਬਲ ਤੇ ਭੁਜੰਗ ਮਾਰ ਡਾਰੀਯੇ ॥

ਅਨੇਕਾਂ ਭੇਖਜ = ਦਵਾਈਆਂ ਦੇ ਸੰਗ੍ਰਹਿ = ਇਕੱਠ ਕਰ = ਕਰਕੇ ਬਯਾਧ = ਰੋਗਾਂ ਨੂੰ ਪ੍ਰਹਾਰ = ਨਾਸ਼ ਕਰੈ = ਕਰ ਲਈਦਾ ਹੈ, ਫੇਰ ਮੰਤ੍ਰਾਂ ਕੇ = ਦੇ ਬਲ ਨਾਲ ਭੁਜੰਗ = ਸੱਪ ਦੀ ਮਾਰ = ਜ਼ਹਿਰ ਨੂੰ ਡਾਰੀਯੇ = ਝਾੜ ਲਈਦਾ ਹੈ।

## ਨਿਗਮ ਕਰੀ ਯੌਂ ਰਚੀ ਭੇਖਜ ਸਕਲ ਕੇਰੀ;
## ਪਰ ਨੀਚ ਨਰ ਕੀ ਨ ਔਖਧਿ ਉਚਾਰੀਯੇ ॥੨੨॥

ਯੌਂ = ਇਸ ਪ੍ਰਕਾਰ ਨਿਗਮ ਕਰੀ = ਅਯੁਰ ਵੇਦ ਵਾਲਿਆਂ, ਹਕੀਮਾਂ ਨੇ ਸਾਰੀਆਂ ਬਿਮਾਰੀਆਂ ਕੇਰੀ = ਦੀ ਭੇਖਜ = ਔਖਧੀ ਰਚੀ = ਰਚਨਾ, ਕਹਿਣਾ ਕੀਤੀ ਹੈ, ਪਰ = ਪ੍ਰੰਤੂ ਨੀਚ ਨਰ = ਮਨੁੱਖਾਂ ਕੀ = ਦੀ ਔਖਧਿ = ਦਵਾਈ ਕਿਸੇ ਵੀ ਵੈਦ ਹਕੀਮ ਉਚਾਰੀਯੇ = ਕਥਨ ਨਹੀਂ ਕੀਤੀ ॥੨੨॥

## ਦੋਹਰਾ ॥ ਮਤ ਪ੍ਰਤੀਤ ਖਲ ਕੀ ਕਰੋ; ਸੁਕੁਲ ਜਬੀ ਵਿਦ੍ਵਾਨ ॥

ਹੇ ਭਾਈ! ਇਸ ਕਰਕੇ ਖਲ = ਮੂਰਖ ਮਨੁੱਖਾਂ ਕੀ = ਦੀ ਪ੍ਰਤੀਤੀ ਮਤਾਂ ਕਰਨੀ ਕਰੋ, ਜਬੀ = ਜੇਕਰ ਉਹ ਸੁਕੁਲ = ਚੰਗੀ ਕੁਲ ਦਾ ਜਾਂ ਵਿਦਵਾਨ ਵੀ ਹੋਵੇ।

## ਚੰਦਨ ਕੇ ਘਰਸਨ ਕਰੇ; ਦਾਹਤ ਪ੍ਰਗਟ ਕ੍ਰਿਸਾਨੁ ॥੨੩॥

ਜਿਵੇਂ ਚੰਦਨ ਕੇ = ਦੇ ਤਾਈਂ ਜ਼ੋਰ ਨਾਲ ਘਰਸਨ = ਘਸਾਉਣ ਕਰੀਏ ਤਾਂ ਉਸ ਵਿੱਚੋਂ ਕ੍ਰਿਸਾਨੁ = ਅੱਗ

ਪ੍ਰਗਟ ਹੋ ਕੇ ਦਾਹਤ = ਸਾੜ ਦੇਂਦੀ ਹੈ, ਭਾਵ ਚੰਦਨ ਦੀ ਲੱਕੜੀ ਬਹੁਤ ਉੱਤਮ ਮੰਨੀ ਹੈ ਪਰ ਜੇਕਰ ਉਸਨੂੰ ਜ਼ੋਰ ਨਾਲ ਘਸਾਉਣਾ ਕਰੀਏ ਤਾਂ ਉਸ ਵਿੱਚੋਂ ਅੱਗ ਪੈਦਾ ਹੋ ਕੇ ਸਾਰੇ ਜੰਗਲ ਨੂੰ ਸਾੜ ਕੇ ਸੁਆਹ ਕਰ ਦੇਂਦੀ ਹੈ। ਏਸੇ ਤਰ੍ਹਾਂ ਜੇਕਰ ਮੂਰਖ ਮਨੁੱਖ ਚੰਗੀ ਕੁਲ ਵਿਚ ਜਨਮਿਆ ਹੋਵੇ, ਭਾਵੇਂ ਬਹੁਤ ਵਿਦਵਾਨ ਵੀ ਹੋਵੇ, ਫੇਰ ਵੀ ਉਹ ਦੁੱਖ ਹੀ ਦੇਵੇਗਾ। ਇਸ ਲਈ ਮੂਰਖ ਬੰਦੇ ਉੱਪਰ ਕੋਈ ਵਿਸ਼ਵਾਸ ਨਹੀਂ ਕਰਨਾ ਚਾਹੀਦਾ ॥੨੩॥

## ਬੀਸ ਦੋਹਰੇ ਦੋ ਕਬਿੱਤ; ਏਕ ਸੋਰਠਾ ਜਾਨੁ ॥

ਅਧਿਆਇ ਦੀ ਸਮਾਪਤੀ 'ਤੇ ਛੰਦਾਂ ਦੀ ਗਿਣਤੀ ਕਥਨ ਕਰਦੇ ਹਨ ਕਿ ਇਸ ਅਧਿਆਇ ਦੇ ਅੰਦਰ ਬੀਸ = ਵੀਹ ਦੋਹਰੇ, ਦੋ ਕਬਿੱਤ ਆਏ ਹਨ ਅਤੇ ਇਕ ਸੋਰਠਾ ਆਇਆ ਹੋਇਆ ਜਾਨ = ਜਾਨਣਾ ਕਰੋ।

## ਤੀਨ ਬੀਸ ਸਭ ਛੰਦ ਹੈਂ; ਹ੍ਰਿਦੈ ਸਰੋਰਹੁ ਭਾਨੁ ॥੧॥

ਇਸ ਤਰੀਕੇ ਨਾਲ ਸਾਰੇ ਤੀਨ ਬੀਸ (੩ + ੨੦) = ਤੇਈ ਛੰਦ ਆਏ ਹਨ, ਜੋ ਹਿਰਦੇ ਰੂਪੀ ਸਰੋਰਹੁ = ਸਰੋਵਰ ਵਿੱਚੋਂ ਪੈਦਾ ਹੋਣ ਵਾਲੇ ਵਿਚਾਰ ਰੂਪੀ ਕਮਲ ਨੂੰ ਭਾਨੁ = ਸੂਰਜ ਵਾਂਗ ਖਿੜਾਉਣ ਵਾਲੇ ਹਨ ॥੧॥

***ਨੋਟ :*** ਇਸ ਤੇਰਵੇਂ ਅਧਿਆਇ ਵਿਚ ਕਵੀ ਜੀ ਨੇ ਵੀਹ ਦੋਹਰੇ ਦੋ ਕਬਿੱਤ ਤੇ ਇਕ ਸੋਰਠਾ ਕਿਹਾ ਹੈ ਇਉਂ ਕੁੱਲ ਤੇਈਂ ਛੰਦ ਕਹੇ ਹਨ, ਪਰ ਗਿਣਤੀ ਵਿਚ ਦੋਹਰੇ ਉੱਨੀ, ਦੋ ਕਬਿੱਤ ਤੇ ਦੋ ਸੋਰਠੇ ਹਨ, ਇਸ ਪ੍ਰਕਾਰ ਤੇਈ ਛੰਦ ਪੂਰੇ ਹਨ।

## ਇਤਿ ਸ੍ਰੀ ਸਾਰੁਕਤਾਵਲੀ; ਤਾਸ ਤ੍ਰੌਦਸੋ ਅਧ੍ਯਾਇ ॥

ਜੋ ਸ੍ਰੀ = ਸੁਭਾਇਮਾਨ ਸਾਰੁਕਤਾਵਲੀ ਗ੍ਰੰਥ ਹੈ, ਤਾਸ = ਤਿਸਦਾ ਤ੍ਰੌਦਸੋ = ਤੇਰ੍ਹਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਨਿੰਦੈ ਖਲ ਇੰਦ੍ਰੈ ਵਿਖਯ; ਮੁਕਤ ਨਮਿੱਤ ਵਿਹਾਇ ॥੨॥੧੩॥

ਜਿਸ ਅਧਿਆਇ ਦੇ ਅੰਦਰ ਖਲ = ਮੂਰਖ ਮਨੁੱਖ ਅਤੇ ਇੰਦ੍ਰੀਆਂ ਦੇ ਵਿਸ਼ਿਆਂ ਨੂੰ ਨਿੰਦੈ = ਨਿੰਦਣਾ ਕੀਤਾ ਹੈ। ਮੁਕਤੀ ਦੀ ਇੱਛਾ ਵਾਲਾ ਆਪਣੀ ਕਲਿਆਣ ਦੇ ਨਮਿੱਤ = ਵਾਸਤੇ ਇਨ੍ਹਾਂ ਨੂੰ ਵਿਹਾਇ = ਬਤੀਤ, ਨਾਸ਼ ਕਰ ਦੇਵੇ ॥੨॥੧੩॥

### ਚੌਧਵਾਂ ਅਧਿਆਇ

## ਅਥ ਚੌਦਸ ਅਧ੍ਯਾਇ ਪ੍ਰਾਰੰਭ ॥

ਅਥ = ਹੁਣ ਸਾਰੁਕਤਾਵਲੀ ਗ੍ਰੰਥ ਦਾ ਚੌਦਸ (੪ + ੧੦) = ਚੌਦ੍ਹਵਾਂ ਅਧਿਆਇ ਪ੍ਰਾਰੰਭ ਹੁੰਦਾ ਹੈ।

## ਦੋਹਰਾ ॥ ਸਿਖ੍ਯਾ ਵਰਨੈਂ ਚੌਦਸੇ; ਚੌਦਸ ਛੰਦ ਉਚਾਰ ॥

ਇਸ ਸਾਰੁਕਤਾਵਲੀ ਗ੍ਰੰਥ ਦੇ ਅੰਦਰ ਪੰਡਿਤ ਹਰਦਿਆਲ ਜੀ ਚੌਦਸੇ = ਚੌਦ੍ਹਵੇਂ ਅਧਿਆਇ ਦੇ ਵਿਚ ਚੌਦਸ = ਚੌਦਾਂ ਛੰਦ ਉਚਾਰ = ਉਚਾਰਣ ਕਰਕੇ ਉੱਤਮ ਸਿੱਖਿਆ ਵਰਨੈਂ = ਵਰਣਨ ਕਰਦੇ ਹਨ।

## ਬੇਗ ਤ੍ਰਿਤਾਪ ਪ੍ਰਹਾਰ ਹ੍ਵੈ; ਜਿਉਂ ਘਨ ਬਾਰ ਬਿਆਰ ॥੧॥

ਜਿਸ ਸਿੱਖਿਆ ਨੂੰ ਹਿਰਦੇ ਵਿਚ ਵਸਾਉਣ ਕਰਕੇ ਤ੍ਰਿਤਾਪ = ਤਿੰਨੇ (ਆਧੀ, ਬਿਆਧੀ, ਉਪਾਧੀ) ਤਾਪ ਇਸ ਪ੍ਰਕਾਰ ਬੇਗ = ਛੇਤੀ ਹੀ ਪ੍ਰਹਾਰ = ਨਾਸ਼ ਹ੍ਵੈ = ਹੋ ਜਾਣਗੇ, ਜਿਉਂ = ਜਿਵੇਂ ਬਾਰ = ਪਾਣੀ ਵਾਲੇ ਘਨ = ਬੱਦਲਾਂ ਨੂੰ ਬਿਆਰ = ਹਵਾ ਛੇਤੀ ਉਡਾ ਕੇ ਲੈ ਜਾਂਦੀ ਹੈ॥੧॥

## ਨਰਾਜ ਛੰਦ ॥
## ਹਿਤੀਖਣਾਂ ਜਹਾਂ ਅਹੇ; ਤਹਾਂ ਨਹੀਂ ਮਨੀਖਣਾਂ ॥

ਜਹਾਂ = ਜਿੱਥੇ (ਹਿਤ + ਈਖਣਾਂ) ਹਿਤ = ਪ੍ਰੇਮ ਦੀ ਈਖਣਾਂ = ਅੱਖ ਭਾਵ ਇੱਛਾ ਪੂਰਬਕ ਪੜ੍ਹਾਉਣ ਵਾਲਾ ਅਹੇ = ਹੈ, ਤਹਾਂ = ਉੱਥੇ (ਮਨ + ਈਖਣਾਂ) ਮਨ ਦੀ ਈਖਣਾਂ = ਅੱਖ ਭਾਵ ਬੁੱਧੀ ਦੇ ਸਹਿਤ ਕੋਈ ਪੜ੍ਹਨ ਵਾਲਾ ਨਹੀਂ ਹੈ।

## ਮਨੀਖਣਾਂ ਜਹਾਂ ਅਹੇ; ਤਹਾਂ ਨਹੀਂ ਹਿਤੀਖਣਾਂ ॥

ਜਹਾਂ = ਜਿਥੇ (ਮਨ + ਈਖਣਾਂ) ਮਨ ਦੀ ਈਖਣਾਂ = ਅੱਖ ਭਾਵ ਬੁੱਧੀਵਾਨ ਪੜ੍ਹਨ ਵਾਲਾ ਹੈ, ਤਹਾਂ = ਉੱਥੇ (ਹਿਤ + ਈਖਣਾਂ) ਹਿਤ = ਪ੍ਰੇਮ ਦੀ ਈਖਣਾਂ = ਅੱਖ ਭਾਵ ਪ੍ਰੇਮ ਦੀ ਇੱਛਾ ਪੂਰਬਕ ਪੜ੍ਹਾਉਣ ਵਾਲਾ ਕੋਈ ਨਹੀਂ ਹੈ। ਇਨ੍ਹਾਂ ਦੋਨਾਂ ਦਾ ਸੰਜੋਗ ਹੋਣਾ ਦੁਰਲੱਭ ਹੈ।

**ਅਥਵਾ** ਜਿਥੇ ਹਿਤੀਖਣਾਂ = ਹਿਤ ਦੀ ਇੱਛਾ ਭਾਵ ਮੋਖ ਦੀ ਇੱਛਾ ਵਾਲਾ ਹੈ, ਉਥੇ ਮਨੀਖਣਾਂ = ਬੁੱਧੀਵਾਨ ਉਪਦੇਸ਼ ਕਰਤਾ ਨਹੀਂ ਹੈ।

ਜਿਥੇ ਮਨੀਖਣਾਂ = ਬੁੱਧੀਵਾਨ ਉਪਦੇਸ਼ ਕਰਤਾ ਹੈ, ਉਥੇ ਹਿਤੀਖਣਾਂ = ਮੋਖ ਦੀ ਇੱਛਾ ਵਾਲੀ ਨਹੀਂ ਹੈ।

**ਅਥਵਾ** ਜਿਥੇ ਹਿਤੀਖਣਾਂ = ਕਲਿਆਣ ਦੀ ਇੱਛਾ ਉਤਪੰਨ ਹੋ ਜਾਂਦੀ ਹੈ, ਉੱਥੇ ਮਨੀਖਣਾਂ = ਮਨ ਦੀਆਂ ਇੱਛਾ ਪ੍ਰਬਲ ਨਹੀਂ ਹੁੰਦੀਆਂ।

ਜਿਥੇ ਮਨੀਖਣਾਂ = ਮਨ ਦੀਆਂ ਇੱਛਾਵਾਂ ਪ੍ਰਬਲ ਹੋ ਰਹੀਆ ਹਨ, ਭਾਵ ਅਨੇਕਾਂ ਸੰਕਲਪ ਵਿਕਲਪ ਉੱਠਦੇ ਰਹਿੰਦੇ ਹਨ, ਉੱਥੇ ਹਿਤੀਖਣਾਂ = ਮੋਖ ਦੀ ਇੱਛਾ ਉਤਪੰਨ ਨਹੀਂ ਹੁੰਦੀ।

## ਸਮਾਦਿ ਵੇਦ ਵੇਦ ਭੀ; ਸੁ ਦੁਰਲਭੰ ਉਭੈ ਅਹੇ ॥

ਏਸੇ ਤਰ੍ਹਾਂ (ਸਮ + ਆਦਿ) ਸਮ, ਦਮ ਸ਼ਰਧਾ ਆਦਿ ਗੁਣਾਂ, ਸਾਧਨਾ ਦੇ ਸਹਿਤ ਵੀ ਹੋਵੇ ਅਤੇ ਨਾਲ ਵੇਦਾਂ ਆਦਿ ਦੀ ਵਿੱਦਿਆ ਦਾ ਵੀ ਪੂਰਨ ਵੇਦ = ਜਾਣਕਾਰ, ਗਿਆਤਾ ਹੋਵੇ, ਸੋ ਇਹ ਉਭੈ = ਦੋਵੇਂ ਚੀਜ਼ਾਂ ਕਿਸੇ ਇਕ ਮਨੁੱਖ ਅੰਦਰ ਹੋਣੀਆਂ ਦੁਰਲਭੰ = ਕਠਨ ਅਹੇ = ਹਨ।

## ਯਥੌਖਧੀ ਸੁਆਦਵੰਤ; ਬਯਾਧ ਮੂਲ ਤੇ ਦਹੇ ॥੧॥

ਦ੍ਰਿਸ਼ਟਾਂਤ ਕਥਨ ਕਰਦੇ ਹਨ ਕਿ (ਯਥ + ਔਖਧੀ) ਯਥ = ਜਿਸ ਪ੍ਰਕਾਰ ਔਖਧੀ = ਦਵਾਈ ਸੁਆਦਵੰਤ = ਸੁਆਦ ਵਾਲੀ ਭਾਵ ਮਿੱਠੀ ਵੀ ਹੋਵੇ ਤੇ ਬਯਾਧ = ਰੋਗ ਨੂੰ ਮੂਲ = ਮੁੱਢ ਤੋਂ ਦਹੇ = ਸਾੜ, ਖ਼ਤਮ ਕਰ ਦੇਵੇ, ਐਸੀ ਦਵਾਈ ਵੀ ਦੁਰਲੱਭ ਹੈ, ਤਿਵੇਂ ਹੀ ਚਤੁਸ਼ਟੇ ਸਾਧਨ ਸੰਪੰਨ ਅਤੇ ਵੇਦ ਵਿੱਦਿਆ ਵੀ ਜਾਣਦਾ ਹੋਵੇ, ਐਸਾ ਸੰਤ ਵੀ ਦੁਰਲੱਭ ਹੈ॥੧॥

ਅੱਗੇ ਦੁਨੀਆਂ ਨੂੰ ਮਤਲਬ ਪ੍ਰਸਤ ਕਥਨ ਕਰਦੇ ਹਨ।

## ਛਪੈ ਛੰਦ ॥

## ਬਿਰਖ ਹੀਨ ਫਲ ਚੀਨ; ਬਿਹੰਗਮ ਬੇਗ ਤਿਆਗੈ ॥

ਦ੍ਰਿਸ਼ਟਾਂਤ ਰੂਪ ਵਿਚ ਕਥਨ ਕਰਦੇ ਹਨ ਕਿ ਬਿਰਖ = ਰੁੱਖਾਂ ਨੂੰ ਫਲਾਂ ਤੋਂ ਹੀਨ = ਰਹਿਤ ਹੋਇਆ ਚੀਨ = ਜਾਣ ਕੇ ਬਿਹੰਗਮ = ਪੰਛੀ ਬੇਗ = ਛੇਤੀ ਹੀ ਉਸ ਰੁੱਖ ਨੂੰ ਤਿਆਗੈ = ਛੱਡ ਕੇ ਚਲੇ ਜਾਂਦੇ ਹਨ, ਭਾਵ ਜਦੋਂ ਤਕ ਬ੍ਰਿਛ ਦੇ ਨਾਲ ਫਲ ਲੱਗੇ ਹੁੰਦੇ ਹਨ ਤਦੋਂ ਤਕ ਪੰਛੀ ਬੜੇ ਪ੍ਰੇਮ ਨਾਲ ਬ੍ਰਿਛ ਦੇ ਉੱਪਰ ਆ ਕੇ ਬੈਠਦੇ ਤੇ ਫਲ ਖਾਂਦੇ ਹਨ, ਜਦੋਂ ਫਲ ਮੁੱਕ ਜਾਂਦੇ ਹਨ, ਪੱਤੇ ਝੜ ਜਾਂਦੇ ਹਨ, ਤਦੋਂ ਉਹੀ ਪੰਛੀ ਉਸ ਬ੍ਰਿਛ ਨੂੰ ਛੱਡ ਕੇ ਉੱਡ ਜਾਂਦੇ ਹਨ।

## ਕਾਨਨ ਦਗਧੋ ਦੇਖ; ਹਰਨ ਆਦਿਕ ਸਭ ਭਾਗੈ ॥

ਕਾਨਨ = ਜੰਗਲ ਨੂੰ ਡੌਂ ਅਗਨੀ ਨਾਲ ਦਗਧੋ = ਸੜਦਾ ਦੇਖ ਕਰਕੇ ਹਿਰਨ ਆਦਿ ਪਸ਼ੂ, ਜਾਨਵਰ ਸਭ = ਸਾਰੇ ਉਸਨੂੰ ਛੱਡ ਕੇ ਭਾਗੈ = ਭੱਜ ਜਾਂਦੇ ਹਨ, ਭਾਵ ਜਦੋਂ ਤਕ ਜੰਗਲ ਹਰਿਆਵਲਤਾ ਨਾਲ ਹਰਿਆ-ਭਰਿਆ ਹੁੰਦਾ ਹੈ, ਤਦੋਂ ਤਕ ਹਿਰਨ ਆਦਿ ਸਭ ਜੀਵ ਉਸ ਵਿਚ ਨਿਵਾਸ ਕਰਦੇ ਹਨ, ਉੱਥੋਂ ਹੀ ਆਪੋ-ਆਪਣੀ ਉਪਜੀਵਿਕਾ ਪ੍ਰਾਪਤ ਕਰਦੇ ਹਨ, ਪਰ ਜਦੋਂ ਉਸ ਜੰਗਲ ਨੂੰ ਅੱਗ ਲੱਗ ਜਾਂਦੀ ਹੈ ਤਾਂ ਸਾਰੇ ਹੀ ਉਸਨੂੰ ਛੱਡ ਕੇ ਦੌੜ ਜਾਂਦੇ ਹਨ, ਉਸਦੀ ਰੱਖਿਆ ਕੋਈ ਨਹੀਂ ਕਰਦਾ।

## ਫੂਲ ਮਾਲ ਨਿਰਗੰਧ; ਗਲੇ ਤੇ ਤਜਾਗੈ ਸਭ ਨਰ ॥

ਫੁੱਲਾਂ ਦੀ ਮਾਲਾ ਨੂੰ ਸੁਗੰਧੀ ਵਾਲੀ ਅਤੇ ਸੁੰਦਰ ਜਾਣ ਕੇ ਉਸਨੂੰ ਮਨੁੱਖ ਗਲੇ ਵਿਚ ਪਾ ਕੇ ਰੱਖਦੇ ਹਨ, ਪਰ ਜਦੋਂ ਫੁੱਲਾਂ ਦੀ ਮਾਲਾ ਨਿਰਗੰਧ = ਸੁਗੰਧੀ ਤੋਂ ਬਿਨਾਂ ਹੋ ਕੇ ਸੁੱਕਣ ਲੱਗ ਜਾਂਦੀ ਹੈ, ਭਾਵ ਫੁੱਲ ਮੁਰਝਾ ਜਾਂਦੇ ਹਨ, ਤਦੋਂ ਸਭ = ਸਾਰੇ ਮਨੁੱਖ ਉਸ ਮਾਲਾ ਨੂੰ ਆਪਣੇ ਗਲੇ ਤੋਂ ਲਾਹ ਕੇ ਤਜਾਗੈਂ = ਤਿਆਗ, ਸੁੱਟ ਦੇਂਦੇ ਹਨ।

## ਸਾਰਸ ਤਜਾਗੈ ਬੇਗ; ਨੀਰ ਬਿਨ ਪੇਖ ਸਰੋਵਰ ॥

ਸਾਰਸ = ਕੂੰਜ ਜਿਹੇ ਪੰਛੀਆਂ ਦਾ ਜੋੜਾ ਸਰੋਵਰ = ਤਲਾਅ ਨੂੰ ਨੀਰ = ਪਾਣੀ ਤੋਂ ਬਿਨ = ਬਗ਼ੈਰ ਹੋਇਆ ਪੇਖ = ਵੇਖ ਕਰਕੇ ਬੇਗ = ਛੇਤੀ ਹੀ ਉਸਨੂੰ ਤਜਾਗੈ = ਛੱਡ ਦੇਂਦਾ ਹੈ।

## ਪੁਨ ਗਨਿਕਾ ਨਿਰਧਨ ਨਰ ਤਜੈ; ਭ੍ਰਿਸ਼ਟ ਨ੍ਰਿਪਤ ਭ੍ਰਿਤ ਤਜਤ ਹੀ ॥

ਪੁਨ = ਫੇਰ ਗਨਿਕਾ = ਵੇਸ਼ਵਾ ਨਿਰਧਨ = ਧਨ ਤੋਂ ਹੀਣੇ ਕੰਗਾਲ ਨਰ = ਮਨੁੱਖ ਨੂੰ ਤਜੈ = ਤਿਆਗ ਦੇਂਦੀ ਹੈ, ਭਾਵ ਜਦੋਂ ਤਕ ਮਨੁੱਖ ਦੇ ਪਾਸ ਧਨ ਹੁੰਦਾ ਹੈ, ਤਦੋਂ ਤਕ ਵੇਸ਼ਵਾ ਉਸ ਨਾਲ ਭੋਗ ਬਿਲਾਸ ਕਰਦੀ ਹੈ, ਜਦੋਂ ਉਸਨੂੰ ਕੰਗਾਲ ਹੋਇਆ ਦੇਖਦੀ ਹੈ ਤਾਂ ਉਸਨੂੰ ਤਿਆਗ ਦੇਂਦੀ ਹੈ। ਜੈਸਾ ਕਿ :

**ਰੀਤਿ ਨ ਜਾਨਤ ਪ੍ਰੀਤਿ ਕੀ ਪੈਸਨ ਕੀ ਪਰਤੀਤ ॥**
**ਬਿੱਛੂ ਬਿਸੀਅਰੁ ਬੇਸਜਾ ਕਹੋ ਕਵਨ ਕੇ ਮੀਤ ॥੪੩॥** *(ਸ੍ਰੀ ਦਸਮ ਗ੍ਰੰਥ, ਚਰਿਤ੍ਰ ੧੬, ਪੰਨਾ ੮੩੨)*

ਫੇਰ ਜਦੋਂ ਨ੍ਰਿਪਤਿ = ਰਾਜਾ ਆਪਣੇ ਧਰਮ, ਰਾਜਨੀਤੀ ਤੋਂ ਭ੍ਰਿਸ਼ਟ = ਡਿੱਗ ਜਾਂਦਾ ਹੈ, ਭਾਵ ਧਰਮ ਤੋਂ ਬੇਮੁਖ ਹੋ ਕੇ ਨੀਤੀ ਦੇ ਅਨੁਸਾਰ ਨਿਆਂ ਨਹੀਂ ਕਰਦਾ ਤੇ ਉਸਦਾ ਰਾਜਭਾਗ ਵੀ ਖੁੱਸ ਜਾਂਦਾ ਹੈ, ਤਦੋਂ ਉਸਦੇ ਭ੍ਰਿਤ = ਨੌਕਰ ਉਸਨੂੰ ਤਜਤ = ਛੱਡ ਜਾਂਦੇ ਹਨ।

## ਜਨ ਸਗਲੇ ਸ੍ਵਾਰਥ ਵਸ ਰਮੇ; ਕੋ ਕਾਂਹੂ ਪ ਜਾਰੋ ਨਹੀਂ ॥੨॥

ਇਸ ਪ੍ਰਕਾਰ ਇਹ ਸਗਲੇ = ਸਾਰੇ ਜਨ = ਲੋਕ ਸ੍ਵਾਰਥ = ਆਪੋ-ਆਪਣੇ ਪ੍ਰਯੋਜਨ ਵਸਿ = ਅਧੀਨ ਹੋ ਕੇ ਰਮੇ = ਤੁਰੇ ਫਿਰਦੇ ਹਨ, ਕੋ = ਕੋਈ ਵੀ ਕਾਹੂੰ = ਕਿਸੇ ਦਾ ਪਜਾਰੋ = ਪਿਆਰਾ ਨਹੀਂ ਹੈ, ਭਾਵ ਸਭ ਦੁਨੀਆਂ ਆਪਣੇ ਮਤਲਬ ਦੀ ਹੈ ॥੨॥

## ਦੋਹਰਾ ॥

## ਪਸੁ ਧਨ ਅਧਨ, ਕਨਕ ਅਰਧ; ਅਹੈ ਸਰਬ ਧਨ ਧਾਨ ॥

ਹਾਥੀ, ਘੋੜੇ, ਗਊ, ਮੱਝ ਆਦਿ ਪਸੁ = ਪਸ਼ੂਆਂ ਦਾ ਧਨ ਅਧਨ = ਧਨ ਨਹੀਂ ਹੈ ਕਿਉਂਕਿ ਜੇਕਰ ਕੋਈ ਦਿਨੇ ਉਸ ਦਾ ਮੁੱਲ ਪਾ ਗਿਆ ਤੇ ਰਾਤ ਨੂੰ ਹੀ ਉਸਦੇ ਪ੍ਰਾਨ ਨਿਕਲ ਗਏ ਤਾਂ ਉਸਦਾ ਕੱਖ ਵੀ ਨਹੀਂ ਵੱਟਿਆ ਜਾਵੇਗਾ। ਕਨਕ = ਸੋਨਾ ਅਰਧ = ਅੱਧਾ ਧਨ ਕਥਨ ਕੀਤਾ ਜਾਂਦਾ ਹੈ ਕਿਉਂਕਿ ਲੋੜ ਪੈਣ 'ਤੇ ਅੱਧਾ ਕੁ ਕੰਮ ਆ ਹੀ ਜਾਂਦਾ ਹੈ। ਧਾਨ = ਅਨਾਜ ਸਰਬ = ਸਾਰਾ ਧਨ ਹੈ। ਕਿਉਂਕਿ ਜੇਕਰ ਭੁੱਖ ਲੱਗੀ ਹੋਵੇ ਤੇ ਕੋਲ ਬਹੁਤ ਪੈਸਾ ਹੋਵੇ ਪਰ ਅੰਨ ਨਹੀਂ ਤਾਂ ਪੈਸੇ ਨਾਲ ਪੇਟ ਦੀ ਭੁੱਖ ਨਹੀਂ ਮਿਟਦੀ, ਭੁੱਖ ਨਾਲ ਜੀਵ ਦੇ ਪ੍ਰਾਨ ਨਿਕਲਦੇ ਜਾਂਦੇ ਹਨ ਤੇ ਅੰਨ ਪ੍ਰਾਣਾਂ ਦੀ ਰੱਖਿਆ ਕਰਦਾ ਹੈ। ਇਸ ਲਈ ਅੰਨ ਨੂੰ ਸਾਰਾ ਧਨ ਕਥਨ ਕੀਤਾ ਹੈ।

## ਮਿਤ੍ਰ ਸੀਲ ਬਿੱਦਯਾ ਤ੍ਰਿਤੀ; ਅਤਿਸੈ ਧਨ ਕੀ ਖਾਨ ॥੩॥

ਫੇਰ ਚੰਗੇ ਮਿਤ੍ਰ = ਦੋਸਤ ਹੋਣੇ, ਸੀਲ = ਨੇਕ ਸੁਭਾਅ ਹੋਣਾ ਅਤੇ ਤ੍ਰਿਤੀ = ਤੀਜੀ ਵਿੱਦਿਆ ਵੀ ਪੜ੍ਹੀ ਹੋਣੀ ਇਹ ਤਿੰਨੇ ਅਤਿਸੈ ਕਰਕੇ ਧਨ ਕੀ = ਦੀ ਖਾਨ ਹਨ, ਇਹ ਧਨ ਮੁੱਕਣ ਵਾਲਾ ਨਹੀਂ ਹੈ ॥੩॥

## ਬਿਨਾਭਜਾਸ ਬਿੱਦਯਾ ਨਹੀਂ; ਬਿਦਜਾ ਬਿਨ ਧਨ ਨਾਂਹਿ ॥

ਪੁਨਾ ਪੁਨਾ ਅਭਿਆਸ ਕੀਤੇ ਤੋਂ ਬਿਨਾਂ ਵਿੱਦਿਆ ਫਲੀਭੂਤ ਨਹੀਂ ਹੁੰਦੀ ਅਤੇ ਵਿੱਦਿਆ ਤੋਂ ਬਿਨਾਂ ਧਨ ਦੀ ਪ੍ਰਾਪਤੀ ਨਹੀਂ ਹੁੰਦੀ।

## ਬਿਨਾ ਦਰਬ ਨਹਿ ਮਿਤ੍ਰ ਕੋ; ਮਿਤ੍ਰ ਬਿਨਾਂ ਬਲ ਕਾਂਹਿ ॥੪॥

ਫੇਰ ਦਰਬ = ਧਨ ਤੋਂ ਬਿਨਾ = ਬਗ਼ੈਰ ਕੋਈ ਮਿੱਤ੍ਰ ਨਹੀਂ ਬਣਦਾ ਅਤੇ ਮਿੱਤ੍ਰਾਂ ਤੋਂ ਬਿਨਾਂ ਕਾਂਹਿ = ਕਾਹਦਾ ਬਲ = ਜ਼ੋਰ ਹੈ ॥੪॥

## ਤਬ ਲਗ ਹੀ ਗੁਣ ਗੌਰਵਤਾ; ਜਬ ਲਗ ਕਹੇ ਨ ਦੇਹ ॥

ਇਸ ਮਨੁੱਖ ਦੇ ਗੁਣ ਅਤੇ ਗੌਰਵਤਾ = ਵਡਿਆਈਆਂ ਤਬ = ਤਦੋਂ ਲਗ = ਤਕ ਹੀ ਹਨ, ਜਬ = ਜਦੋਂ ਲਗ = ਤਕ ਇਹ ਕਿਸੇ ਨੂੰ ਇਹ ਨਹੀਂ ਕਹੇ = ਕਹਿੰਦਾ ਕਿ ਮੈਨੂੰ ਕੁਝ ਦੇਹ = ਦੇਣਾ ਕਰ, ਭਾਵ ਜਦੋਂ ਤਕ ਇਹ ਕਿਸੇ ਅੱਗੇ ਹੱਥ ਅੱਡ ਕੇ ਮੰਗਦਾ ਨਹੀਂ ਹੈ।

## ਦੇਹ ਕਹੇ ਤੇ ਖੇਹ ਸਭ; ਗੁਣ ਗੌਰਵ ਪਿਠ ਦੇਹ ॥੫॥

ਜਦੋਂ ਇਹ ਮਨੁੱਖ ਕਿਸੇ ਅੱਗੇ ਹੱਥ ਅੱਡ ਕੇ ਕਹੈ = ਕਹਿੰਦਾ ਹੈ, ਮੈਨੂੰ ਕੁਝ ਦੇਹ = ਦੇਣਾ ਕਰੋ, ਤਦੋਂ ਸਭ ਗੁਣ ਆਦਿ ਖੇਹ = ਮਿੱਟੀ ਵਿਚ ਮਿਲ ਜਾਂਦੇ ਹਨ ਅਤੇ ਗੁਣ ਤੇ ਗੌਰਵ = ਵਡਿਆਈਆਂ ਪਿੱਠ ਦੇਹ = ਦੇ ਜਾਂਦੀਆਂ ਹਨ ॥੫॥

## ਮੰਤ੍ਰੌਖਧਿ ਸਿਧਿ ਅਵਧ ਧਨ; ਮੈਥਨ ਦਾਨ ਕੁਸੇਵ ॥

(ਮੰਤ੍ਰ + ਔਖਧਿ) ਕਿਸੇ ਦੇਵੀ ਦੇਵਤੇ ਦੇ ਮੰਤ੍ਰਾਂ ਦਾ ਜਾਪ ਕੀਤਾ ਹੋਵੇ, ਕੋਈ ਔਖਧਿ = ਦਵਾਈ ਦਾ ਭੇਤ ਪਤਾ ਹੋਵੇ, ਕੋਈ ਸਿਧਿ = ਸਿਧੀ (ਅਲੌਕਿਕ, ਸ਼ਕਤੀ) ਪ੍ਰਾਪਤ ਹੋਈ ਹੋਵੇ, ਅਵਧਿ = ਸ਼ਸਤ੍ਰ, ਧਨ = ਦੌਲਤ **ਵਾ:** ਧਨ ਦਾ ਅਵਧਿ = ਖ਼ਜ਼ਾਨਾ ਪ੍ਰਾਪਤ ਹੋਇਆ ਹੋਵੇ, ਮੈਥਨ = ਇਸਤ੍ਰੀ ਨਾਲ ਸੰਬੰਧ ਕੀਤਾ ਹੋਵੇ, ਕੁਝ ਪਦਾਰਥ ਦਾਨ ਕੀਤਾ ਹੋਵੇ ਅਤੇ ਕਿਸੇ ਕੁਸੇਵ = ਖੋਟੇ ਮਨੁੱਖ ਦੀ ਸੇਵਾ ਕੀਤੀ ਹੋਵੇ।

## ਦੁਰਭੋਜਨ ਇਨ ਅਸ਼ਟ ਕੋ; ਸੁਧੀ ਨ ਪ੍ਰਗਟ ਕਰੇਵ ॥੬॥

ਮਦ ਮਾਸ ਰੂਪੀ ਦੁਰਭੋਜਨ = ਖੋਟਾ ਭੋਜਨ ਖਾਧਾ ਹੋਵੇ, ਇਨ੍ਹਾਂ ਅਸ਼ਟ = ਅੱਠਾਂ ਚੀਜ਼ਾਂ ਕੋ = ਨੂੰ ਸੁਧੀ = ਸ੍ਰੇਸ਼ਟ ਬੁੱਧੀਵਾਨ ਮਨੁੱਖ ਲੋਕਾਂ ਵਿਚ ਪ੍ਰਗਟ ਨਹੀਂ ਕਰੇਵ = ਕਰਦੇ।

ਇਹ ਉਪਰੋਕਤ ਨੌਂ ਗੱਲਾਂ ਰਾਜਨੀਤੀ ਅਨੁਸਾਰ ਛੁਪਾ ਕੇ ਹੀ ਰੱਖਣੀਆਂ ਚਾਹੀਦੀਆਂ ਹਨ। ਮੰਤ੍ਰ ਵੀ ਗੁਪਤ ਜਪਿਆ ਹੋਵੇ ਤਾਂ ਉਸਦਾ ਫਲ ਮਿਲਦਾ ਹੈ, ਦਵਾਈ ਵੀ ਮਰੀਜ਼ ਦੇ ਰੋਗ ਨੂੰ ਤਦੋਂ ਦੂਰ ਕਰ ਦੇਂਦੀ ਹੈ, ਜਦੋਂ ਮਰੀਜ਼ ਨੂੰ ਉਸ ਦਵਾਈ ਦਾ ਕੋਈ ਭੇਤ ਨਹੀਂ ਪਤਾ ਹੁੰਦਾ। ਸਿਧੀ (ਗੁਪਤ ਸ਼ਕਤੀ) ਇਹ ਸ਼ਕਤੀ ਵੀ ਗੁਪਤ ਹੀ ਰੱਖਣੀ ਚਾਹੀਦੀ ਹੈ, ਜਦੋਂ ਇਸਦਾ ਲੋਕਾਂ ਨੂੰ ਪਤਾ ਚੱਲਦਾ ਹੈ ਤਾਂ ਕਈ ਵਾਰੀ ਜਾਨ ਵੀ ਚਲੀ ਜਾਂਦੀ ਹੈ। ਜਿਵੇਂ ਜਮਦਗਨੀ ਰਿਖੀ ਦੀ ਗੁਪਤ ਸ਼ਕਤੀ (ਕਾਮਧੇਨ ਗਊ) ਦਾ ਸਹੰਸਰ ਬਾਹੂ ਨੂੰ ਪਤਾ ਲੱਗਣ ਤੋਂ ਉਸਨੇ ਰਿਖੀ ਨੂੰ ਜਾਨੋਂ ਹੀ ਮਾਰ ਦਿੱਤਾ ਸੀ। ਫੇਰ ਅਵਧਿ = ਸ਼ਸਤ੍ਰ ਬੁੱਕਲ ਵਿਚ ਹੀ ਹੋਣਾ ਚਾਹੀਦਾ ਹੈ। ਧਨ ਵੀ ਗੁਪਤ ਰਹੇ ਤਾਂ ਠੀਕ ਹੈ ਜੇਕਰ ਕਿਸੇ ਨੂੰ ਪਤਾ ਲੱਗ ਜਾਵੇ ਤਾਂ ਚੋਰੀ ਹੋਣ ਦਾ ਡਰ ਰਹਿੰਦਾ ਹੈ। ਵਿਸ਼ੇ ਭੋਗ ਭਾਵ ਗ੍ਰਿਹਸਤ ਵੀ ਪੜਦੇ ਦੇ ਵਿਚ ਠੀਕ ਹੁੰਦਾ ਹੈ। ਦਾਨ ਵੀ ਗੁਪਤ ਕਰਨਾ ਚਾਹੀਦਾ ਹੈ ਕਿਉਂਕਿ ਜਦ ਲੋਕਾਂ ਦੇ ਸਾਹਮਣੇ ਦਾਨ ਪੁੰਨ ਕਰਦੇ ਹਾਂ ਤਾਂ ਉਹ ਕਿਤੇ ਨਾ ਕਿਤੇ ਆਪਣੀ ਵਡਿਆਈ, ਹੰਗਤਾ ਦਾ ਕਾਰਨ ਬਣ ਜਾਂਦਾ ਹੈ। ਫੇਰ ਕਿਸੇ ਮਾੜੇ ਬੰਦੇ ਦੀ ਸੇਵਾ ਕੀਤੀ ਹੋਵੇ ਤਾਂ ਉਹ ਵੀ ਗੁਪਤ ਰੱਖਣੀ ਚਾਹੀਦੀ ਹੈ ਕਿਉਂਕਿ ਪਤਾ ਲੱਗਣ ਤੋਂ ਉਸਦੇ ਬਰਾਬਰ ਹੀ ਬਦਨਾਮੀ ਹੋਵੇਗੀ। ਫੇਰ ਭੋਜਨ ਵੀ ਪੜਦੇ ਦੇ ਵਿਚ ਬੈਠ ਕੇ ਖਾਣਾ ਚਾਹੀਦਾ ਹੈ ਜਿਹੜਾ ਮਾਸ ਸ਼ਰਾਬ ਆਦਿ ਨਖਿਧ ਪਦਾਰਥ ਖਾਂਦਾ ਹੈ, ਰਾਜਨੀਤੀ ਅਨੁਸਾਰ ਉਸ ਨੂੰ ਵੀ ਆਪਣਾ ਖਾਣਾ ਗੁਪਤ ਹੀ ਰੱਖਣਾ ਚਾਹੀਦਾ ਹੈ ॥੬॥ ਜੈਸਾ ਕਿ :

**ਭੋਜਨ ਭਜਨ ਖ਼ਜ਼ਾਨਾ ਨਾਰੀ। ਯਹ ਚਾਰੋਂ ਪੜਦੇ ਕੇ ਅਧਿਕਾਰੀ ॥** *(ਤੁਲਸੀ ਜੀ)*

## ਅਰਥ ਨਾਸ ਮਨ ਤਾਪ ਹ੍ਵੈ; ਦੁਰ ਚਰਿਤ੍ਰ ਗ੍ਰਿਹ ਮਾਂਹਿ ॥

ਕਿਸੇ ਕਾਰਨ ਅਰਥ = ਧਨ ਨਾਸ਼ ਹੋ ਜਾਣਾ, ਮਨ ਨੂੰ ਕੋਈ ਤਾਪ = ਦੁੱਖ ਲੱਗਾ ਹੋਣਾ ਅਤੇ ਗ੍ਰਿਹ = ਘਰ ਦੇ ਮਾਂਹਿ = ਵਿਚ ਕੋਈ ਦੁਰ = ਖੋਟਾ ਚਰਿਤ੍ਰ ਹੋ ਗਿਆ ਹੋਵੇ, ਭਾਵ ਘਰ ਦੇ ਕਿਸੇ ਜੀਵ ਕੋਲੋਂ ਕੋਈ ਵਿਭਚਾਰ ਆਦਿ ਮਾੜਾ ਕਰਮ ਹੋ ਗਿਆ ਹੋਵੇ।

## ਮਾਨ ਭੰਗ ਬੰਚਕ ਕਹੂੰ, ਧੀਰ ਪਾਂਚ ਕਹਿ ਨਾਹਿ ॥੭॥

ਫੇਰ ਮਾਨ = ਆਦਰ, ਸਤਿਕਾਰ ਭੰਗ = ਨਾਸ਼ ਹੋ ਗਿਆ ਹੋਵੇ, ਭਾਵ ਕਿਸੇ ਥਾਂ ਅਪਮਾਨ ਹੋ ਗਿਆ ਹੋਵੇ ਅਤੇ ਕਹੂੰ = ਕਿਸੇ ਬੰਚਕ = ਠੱਗ ਨੇ ਠੱਗੀ ਮਾਰ ਲਈ ਹੋਵੇ, ਇਨ੍ਹਾਂ ਪਾਂਚ = ਪੰਜਾਂ ਚੀਜ਼ਾਂ ਨੂੰ ਧੀਰ = ਧੀਰਜਵਾਨ ਮਨੁੱਖ ਬਾਹਰ ਲੋਕਾਂ ਨੂੰ ਕਹਿ = ਆਖ ਕਰਕੇ ਨਹੀਂ ਸੁਣਾਉਂਦਾ, ਭਾਵ ਉਹ ਇਨ੍ਹਾਂ ਚੀਜ਼ਾਂ ਨੂੰ ਜਿਤਨਾ ਗੁਪਤ ਰੱਖੇਗਾ, ਉਤਨੀ ਉਸਦੀ ਇੱਜ਼ਤ ਬਣੀ ਰਹੇਗੀ ॥੭॥

## ਕਾਰਦਾਰ ਮੈਥੁਨ ਕਰਜ; ਗਰਭ ਚਾਰ ਜੋ ਏਹ॥

ਕਾਰਦਾਰ = ਨੌਕਰੀ, ਮੈਥੁਨ = ਇਸਤ੍ਰੀ ਨਾਲ ਸੰਬੰਧ, ਵਿਸ਼ੇ ਭੋਗ, ਕਰਜ = ਕਰਜ਼ਾ ਅਤੇ ਗਰਭ = ਪੇਟ ਵਿਚ ਬੱਚਾ ਹੋਣਾ, ਏਹ = ਇਹ ਜੋ = ਜਿਹੜੀਆਂ ਚਾਰ ਚੀਜ਼ਾਂ ਹਨ।

## ਪ੍ਰਥਮੇ ਸੁਖ ਪ੍ਰਾਪਤ ਕਰੈਂ; ਪਾਛੇ ਬਹੁ ਦੁਖ ਦੇਹ॥੮॥

ਇਨ੍ਹਾਂ ਚੀਜ਼ਾਂ ਵਿਚ ਜੀਵ ਪ੍ਰਥਮੇ = ਪਹਿਲਾਂ-ਪਹਿਲਾਂ ਤਾਂ ਸੁੱਖ ਪ੍ਰਾਪਤ ਕਰੈਂ = ਕਰਦੇ ਹਨ, ਪਰ ਪਾਛੇ = ਪਿੱਛੋਂ ਬਾਅਦ ਵਿਚ ਇਹ ਬਹੁਤ ਦੁੱਖ ਦੇਹ = ਦੇਣਾ ਕਰਦੀਆਂ ਹਨ।

ਅਰਥਾਤ ਜਦੋਂ ਮਨੁੱਖ ਪਹਿਲਾਂ-ਪਹਿਲਾਂ ਨੌਕਰੀ 'ਤੇ ਲੱਗਦਾ ਹੈ ਤੇ ਤਨਖ਼ਾਹ ਮਿਲਦੀ ਹੈ, ਤਦੋਂ ਤਾਂ ਬਹੁਤ ਖ਼ੁਸ਼ ਹੁੰਦਾ ਹੈ ਪਰ ਜਦੋਂ ਕੰਮ ਕਰਨਾ ਪੈਂਦਾ ਹੈ ਤਦੋਂ ਦੁੱਖ ਮੰਨਦਾ ਹੈ, ਇਸਤ੍ਰੀ ਨਾਲ ਸੰਬੰਧ ਬਣਾਉਣ ਲੱਗਿਆਂ ਵੀ ਪਹਿਲਾਂ ਬਹੁਤ ਸੁੱਖ ਮੰਨਦਾ ਹੈ ਪਰ ਜਦੋਂ ਸਰੀਰਕ ਕਮਜ਼ੋਰੀ ਜਾਂ ਕੋਈ ਬਿਮਾਰੀ ਲੱਗ ਜਾਂਦੀ ਹੈ, ਤਦੋਂ ਦੁੱਖ ਮੰਨਦਾ ਹੈ; ਏਸੇ ਤਰ੍ਹਾਂ ਜਦੋਂ ਮਨੁੱਖ ਕਰਜ਼ਾ ਚੁੱਕਦਾ ਹੈ ਤਾਂ ਬਹੁਤ ਸਾਰੇ ਪੈਸੇ ਦੇਖ ਕੇ ਖ਼ੁਸ਼ ਹੁੰਦਾ ਹੈ, ਪਰ ਜਦੋਂ ਕਰਜ਼ਾ ਦਿੱਤਾ ਨਹੀਂ ਜਾਂਦਾ, ਵਿਆਜ ਵੱਧ ਜਾਂਦਾ ਹੈ ਤਦੋਂ ਦੁਖੀ ਹੁੰਦਾ ਹੈ। ਫੇਰ ਗਰਭ ਧਾਰਨ ਵੇਲੇ ਪਹਿਲਾਂ ਤਾਂ ਇਸਤ੍ਰੀ ਬਹੁਤ ਸੁੱਖ ਮੰਨਦੀ ਹੈ, ਪਰ ਜਦੋਂ ਗਰਭ ਤਿਆਗਣ ਦਾ ਸਮਾਂ ਆਉਂਦਾ ਹੈ ਤਦੋਂ ਬਹੁਤ ਦੁੱਖ ਮੰਨਦੀ ਹੈ॥੮॥ ਜੈਸਾ ਕਿ :

**ਹਸਤੀ ਧਾਰੇ ਗਰਭ ਕੋ ਤਜਤ ਰੁਦੰਤੀ ਸੋਇ॥੨॥** *(ਸਾਰੁਕਤਾਵਲੀ, ਅਧਿ: ੭)*

## ਸੂਪਕਾਰ ਕਵਿ ਬੈਦ ਨ੍ਰਿਪ; ਸ਼ਸਤ੍ਰੀ ਮਰਮੀ ਜਾਨ॥

ਸੂਪਕਾਰ = ਰਸੋਈਆ (ਲਾਂਗਰੀ), ਕਵਿ = ਕਵੀ, ਬੈਦ = ਹਕੀਮ, ਨ੍ਰਿਪ = ਰਾਜਾ, ਸ਼ਸਤ੍ਰੀ = ਸ਼ਸਤ੍ਰ ਧਾਰੀ ਮਰਮੀ = ਭੇਤ ਜਾਨ = ਜਾਨਣ ਵਾਲਾ।

## ਸ੍ਵਾਮਿ ਬੰਦਿਨੀ ਮੁਗਧ ਨਰ; ਮਤ ਕੁਪਾਇ ਮਤਿਮਾਨ॥੯॥

ਸ੍ਵਾਮਿ = ਮਾਲਕ, ਬੰਦਿਨੀ = ਨਮਸਕਾਰ ਕਰਨ ਦੇ ਜੋਗ ਭਾਵ ਬਜ਼ੁਰਗ ਆਦਿ ਅਤੇ ਮੁਗਧ = ਮੂਰਖ ਨਰ = ਮਨੁੱਖ ਇਨ੍ਹਾਂ ਨੌਆਂ ਨੂੰ ਮਤਿਮਾਨ = ਬੁੱਧੀਵਾਨ ਪੁਰਖ ਮਤ = ਮਤਾਂ ਕੁਪਾਇ = ਕ੍ਰੋਧਵਾਨ ਨਾ ਕਰਨ ਭਾਵ ਇਨ੍ਹਾਂ ਨੂੰ ਤੰਗ ਨਾ ਕਰਨਾ ਕਰੇ॥੯॥

ਅਰਥਾਤ ਲਾਂਗਰੀ ਨੂੰ ਇਸ ਕਰਕੇ ਨਹੀਂ ਤੰਗ ਕਰਨਾ ਚਾਹੀਦਾ, ਕਿਉਂਕਿ ਉਹ ਕਿਤੇ ਕ੍ਰੋਧ ਵੱਸ ਹੋ ਕੇ ਭੋਜਨ ਵਿਚ ਕੁਝ ਮਿਲਾ ਕੇ ਨਾ ਦੇ ਦੇਵੇ।

ਕਵੀ, ਕਥਾਕਾਰ, ਪ੍ਰਚਾਰਕ ਨਾਲ ਇਸ ਕਰਕੇ ਨਹੀਂ ਵਿਗਾੜਨੀ ਚਾਹੀਦੀ, ਕਿਉਂਕਿ ਉਹ ਥਾਂ-ਥਾਂ 'ਤੇ ਜਾ ਕੇ ਭੰਡੀ ਪ੍ਰਚਾਰ ਨਾ ਕਰੇ।

ਹਕੀਮ, ਵੈਦ ਨਾਲ ਵੀ ਨਹੀਂ ਵਿਗਾੜਨੀ ਚਾਹੀਦੀ, ਕਿਉਂਕਿ ਉਹ ਗ਼ਲਤ ਦਵਾਈ ਨਾ ਦੇ ਦੇਵੇ।

ਰਾਜੇ ਨੂੰ ਵੀ ਤੰਗ ਨਹੀਂ ਕਰਨਾ ਚਾਹੀਦਾ ਕਿਉਂਕਿ ਉਸਦੀ ਹਕੂਮਤ ਦੇ ਅਧੀਨ ਰਹਿਣਾ ਹੁੰਦਾ ਹੈ, ਉਹ ਕ੍ਰੋਧਵਾਨ ਹੋ ਕੇ ਸਜ਼ਾ ਨਾ ਦੇ ਦੇਵੇ।

ਸ਼ਸਤ੍ਰ ਪਕੜ ਕੇ ਰੱਖਣ ਵਾਲੇ ਮਨੁੱਖ ਨਾਲ ਵੀ ਵਿਗਾੜਨੀ ਨਹੀਂ ਚਾਹੀਦੀ, ਕਿਉਂਕਿ ਉਹ ਕ੍ਰੋਧਵਾਨ ਹੋ ਕੇ ਸ਼ਸਤ੍ਰ ਹੀ ਮਾਰ ਸਕਦਾ ਹੈ।

ਘਰ ਦੇ ਭੇਤੀ ਨਾਲ ਵੀ ਵਿਗਾੜਨੀ ਨਹੀਂ ਚਾਹੀਦੀ, ਕਿਉਂਕਿ ਉਹ ਦੁਸ਼ਮਨਾਂ, ਵਿਰੋਧੀਆਂ ਨੂੰ ਸਾਰੇ

ਘਰ ਦੇ ਭੇਤ ਦੱਸ ਸਕਦਾ ਹੈ। ਮਾਲਕ ਨੂੰ ਤੰਗ ਨਹੀਂ ਕਰਨਾ ਚਾਹੀਦਾ, ਕਿਉਂਕਿ ਉਹ ਨੌਕਰੀ ਤੋਂ ਕੱਢ ਸਕਦਾ ਹੈ।

ਜੋ ਨਮਸਕਾਰ ਕਰਨ ਯੋਗ ਗੁਰੂ ਪੀਰ, ਬਜ਼ੁਰਗ ਹਨ, ਉਨ੍ਹਾਂ ਨੂੰ ਇਸ ਕਰਕੇ ਤੰਗ ਨਹੀਂ ਕਰਨਾ ਚਾਹੀਦਾ, ਕਿਉਂਕਿ ਉਹ ਕਿਤੇ ਬਦ-ਦੁਆ ਨਾ ਦੇ ਦੇਣ।

ਮੂਰਖ ਨਾਲ ਕਦੇ ਵੀ ਵਿਗਾੜਨੀ ਨਹੀਂ ਚਾਹੀਦੀ, ਕਿਉਂਕਿ ਉਹ ਦਸਾਂ ਲੋਕਾਂ ਵਿਚ ਖੜ੍ਹੇ ਦੀ ਇੱਜ਼ਤ ਨੂੰ ਕੁਝ ਪਲਾਂ ਵਿਚ ਹੀ ਮਿੱਟੀ ਵਿਚ ਰੋਲ ਸਕਦਾ ਹੈ। ਇਸ ਕਰਕੇ ਇਨ੍ਹਾਂ ਨੌਆਂ ਨੂੰ ਕਦੇ ਵੀ ਤੰਗ ਨਾ ਕਰਨਾ ਕਰੇ।

## ਅਰਥ ਪਤੀ ਨ੍ਰਿਪ ਅਤਿ ਤਪੀ; ਵਿਦਯਾਧਿਕ ਸਠ ਮਾਂਹਿ ॥

ਅਰਥ ਪਤੀ = ਧਨ ਦਾ ਮਾਲਕ, ਨ੍ਰਿਪ = ਰਾਜਾ ਅਤਿ = ਅਤਿਅੰਤ ਤੇਜ ਵਾਲਾ ਤਪੀ = ਤਪੱਸਵੀ (ਵਿਦਯ + ਅਧਿਕ) ਆਪਣੇ ਨਾਲੋਂ ਅਧਿਕ = ਜ਼ਿਆਦਾ ਵਿੱਦਿਆ ਪੜ੍ਹਿਆ ਹੋਇਆ ਵਿਦਵਾਨ ਅਤੇ ਇਨ੍ਹਾਂ ਮਾਂਹਿ = ਵਿਚ ਸਠ = ਮੂਰਖ ਮਨੁੱਖ।

## ਵਿਦੁਖ ਗੁਰੂ ਅਰਿ ਅਸ਼ਟ ਕੋ; ਧੀਰੋਤਰ ਦੇ ਨਾਹਿ ॥੧੦॥

ਵਿਦੁਖ = ਪੰਡਿਤ, ਗੁਰੂਦੇਵ ਅਤੇ ਅਰਿ = ਦੁਸ਼ਮਣ ਇਨ੍ਹਾਂ ਅਸ਼ਟ = ਅੱਠਾਂ ਕੋ = ਨੂੰ (ਧੀਰ + ਉੱਤਰ) ਧੀਰ = ਧੀਰਜਵਾਨ ਮਨੁੱਖ ਉੱਤਰ = ਜਵਾਬ ਨਹੀਂ ਨਾਹਿ = ਨਹੀਂ ਦੇ = ਦੇਣਾ ਕਰਦੇ, ਭਾਵ ਇਨ੍ਹਾਂ ਨਾਲ ਬਹਿਸਬਾਜ਼ੀ ਨਹੀਂ ਕਰਦੇ, ਕਿਉਂਕਿ ਇਸ ਵਿਚ ਆਪਣਾ ਹੀ ਨੁਕਸਾਨ ਹੁੰਦਾ ਹੈ ॥੧੦॥

## ਬਰ ਬਿਚਾਰ ਬਿੱਦਯਾ ਹੁਤੇ; ਬੁਧਿ ਬਿਨ ਬਿੱਦਯਾ ਨਾਸ ॥

ਵਿੱਦਿਆ ਤੋਂ ਵਿਚਾਰ ਜ਼ਿਆਦਾ ਬਰ = ਸ੍ਰੇਸ਼ਟ ਹੈ, ਕਿਉਂਕਿ ਬੁਧਿ = ਬੁੱਧੀ, ਅਕਲ ਤੋਂ ਬਿਨ = ਬਗ਼ੈਰ ਵਿੱਦਿਆ ਦੀ ਪ੍ਰਾਪਤੀ ਵਾਲਾ ਵਿਦਵਾਨ ਪੁਰਖ ਵੀ ਬਿਨਾਂ ਕਾਰਨ ਹੀ ਨਾਸ਼ ਹੋ ਜਾਂਦਾ ਹੈ। ਇਸ ਗੱਲ ਨੂੰ ਸਪੱਸ਼ਟ ਕਰਨ ਲਈ ਅੱਗੇ ਦ੍ਰਿਸ਼ਟਾਂਤ ਕਥਨ ਕਰਦੇ ਹਨ :

## ਬਿਨ ਬਿਚਾਰ ਜਯੋਂ ਕਾਰਕੈਂ; ਕੇਹਰਿ ਕਰਯੋ ਬਿਨਾਸ ॥੧੧॥

ਜਯੋਂ = ਜਿਵੇਂ ਬਹੁਤ ਸਾਰੀ ਵਿੱਦਿਆ ਪੜ੍ਹੇ ਹੋਏ ਕਾਰਕੈਂ = ਪੰਡਿਤਾਂ, ਵਿਦਵਾਨਾਂ ਨੂੰ ਬਿਨਾਂ ਵਿਚਾਰ ਤੋਂ ਹੋਣ ਕਰਕੇ ਕੇਹਰਿ = ਸ਼ੇਰ ਨੇ ਬਿਨਾਸ = ਨਾਸ਼ ਕਰਯੋ = ਕਰ ਦਿੱਤਾ ਸੀ ॥੧੧॥

**ਸਾਖੀ ਚਾਰ ਵਿਦਵਾਨ ਪੰਡਿਤਾਂ ਦੀ :** ਇਕ ਪੁਰਾਤਨ ਕਹਾਣੀ ਹੈ ਕਿ ਇਕ ਨਗਰ ਦੇ ਚਾਰ ਮੂਰਖ ਮਨੁੱਖ ਸਨ, ਉਹ ਕਾਂਸ਼ੀ ਵਿਚ ਵਿੱਦਿਆ ਪੜ੍ਹਨ ਚਲੇ ਗਏ, ਉਥੇ ਉਨ੍ਹਾਂ ਨੇ ਬਹੁਤ ਵਿੱਦਿਆ ਪ੍ਰਾਪਤ ਕੀਤੀ, ਵਿੱਦਿਆ ਦੇ ਨਾਲ-ਨਾਲ ਕੁਝ ਮੰਤ੍ਰ ਤੇ ਸੰਜੀਵਨੀ ਵਿੱਦਿਆ ਵੀ ਪ੍ਰਾਪਤ ਕੀਤੀ। ਪੜ੍ਹਾਈ ਸੰਪੂਰਣ ਹੋਣ ਤੋਂ ਬਾਅਦ ਜਦੋਂ ਉਹ ਆਪਣੇ ਨਗਰ ਨੂੰ ਪਰਤੇ ਤਾਂ ਰਸਤੇ ਵਿਚ ਜੰਗਲ ਆਇਆ। ਉਸ ਜੰਗਲ ਵਿਚ ਕੁਝ ਸ਼ੇਰ ਦੀਆਂ ਹੱਡੀਆਂ ਖਿਲਰੀਆਂ ਪਈਆਂ ਸਨ। ਉਨ੍ਹਾਂ ਚਾਰਾਂ ਨੇ ਵਿਚਾਰ ਕੀਤੀ ਕਿ ਆਪਣਾ ਨਗਰ ਵੀ ਨੇੜੇ ਆ ਰਿਹਾ ਹੈ, ਇਸ ਲਈ ਆਪਾਂ ਏਥੇ ਆਪਣੀ ਵਿੱਦਿਆ ਨੂੰ ਅਜ਼ਮਾ ਕੇ ਦੇਖ ਲਈਏ, ਐਵੇਂ ਕਿਤੇ ਨਗਰ ਵਿਚ ਜਾ ਕੇ ਝੂਠੇ ਨਾ ਪੈ ਜਾਈਏ। ਇਉਂ ਵਿਚਾਰ ਕਰਕੇ ਸਾਹਮਣੇ ਪਈਆਂ ਹੱਡੀਆਂ ਨੂੰ ਦੇਖ ਕੇ ਕਹਿੰਦੇ ਚੱਲੋ ਇਕ ਤਮਾਸ਼ਾ ਕਰਦੇ ਹਾਂ। ਇਉਂ ਕਹਿ ਕੇ ਇਕ ਨੇ ਆਪਣੀ ਵਿੱਦਿਆ ਤੇ ਮੰਤ੍ਰਾਂ ਦੇ ਬਲ ਨਾਲ ਉਹ ਸਾਰੀਆਂ ਹੱਡੀਆਂ ਇਕੱਠੀਆਂ ਕਰ ਦਿੱਤੀਆਂ ਤੇ ਦੂਸਰੇ ਨੇ ਆਪਣੀ ਵਿੱਦਿਆ ਤੇ ਮੰਤ੍ਰਾਂ ਦੇ

ਬਲ ਨਾਲ ਉਨ੍ਹਾਂ ਹੱਡੀਆਂ ਦਾ ਢਾਂਚਾ ਖੜ੍ਹਾ ਕਰ ਦਿੱਤਾ, ਤੀਸਰੇ ਨੇ ਆਪਣੀ ਵਿੱਦਿਆ ਮੰਤ੍ਰਾਂ ਦੇ ਬਲ ਨਾਲ ਉਸ ਪਿੰਜਰ ਵਿਚ ਮਾਸ ਤੇ ਖਲੜੀ ਚਾੜ੍ਹ ਦਿੱਤੀ ਅਤੇ ਚੌਥੇ ਨੇ ਬਿਨਾਂ ਵਿਚਾਰ ਕੀਤਿਆਂ ਆਪਣੀ ਵਿੱਦਿਆ ਤੇ ਮੰਤ੍ਰਾਂ ਦੇ ਬਲ ਨਾਲ ਉਸ ਵਿਚ ਪ੍ਰਾਣ ਪਾ ਦਿੱਤੇ, ਉਹ ਸ਼ੇਰ ਬਣ ਗਿਆ ਤੇ ਉੱਚੀ ਅਵਾਜ਼ ਵਿਚ ਗਰਜਿਆ, ਉਸ ਸ਼ੇਰ ਨੇ ਝੱਟ ਹੀ ਉਹ ਚਾਰੇ ਮਾਰ ਦਿੱਤੇ। ਸੋ ਭਾਵ ਉਨ੍ਹਾਂ ਕੋਲ ਵਿੱਦਿਆ ਤਾਂ ਬਹੁਤ ਸੀ, ਪਰ ਵਿਚਾਰ ਨਹੀਂ ਸੀ, ਜਦੋਂ ਉਨ੍ਹਾਂ ਨੇ ਢਾਂਚਾ ਬਣਾ ਕੇ ਉਸ ਵਿਚ ਸ਼ੇਰ ਦੀ ਖੱਲ ਪਾ ਦਿੱਤੀ, ਉਦੋਂ ਹੀ ਸਮਝ ਜਾਂਦੇ ਕਿ ਇਹ ਤਾਂ ਸ਼ੇਰ ਦਾ ਪਿੰਜਰ ਸੀ ਇਹ ਜਿਉਂਦਾ ਹੋ ਕੇ ਸਾਨੂੰ ਮਾਰ ਕੇ ਖਾ ਜਾਵੇਗਾ ਪਰ ਉਨ੍ਹਾਂ ਨੇ ਵਿਚਾਰ ਤੋਂ ਬਿਨਾਂ ਉਸ ਵਿਚ ਪ੍ਰਾਣ ਕਲਾ ਪਾ ਦਿੱਤੀ ਤੇ ਉਸ ਸ਼ੇਰ ਨੇ ਚਾਰੇ ਮਾਰ ਦਿੱਤੇ। ਇਸ ਤੋਂ ਇਹ ਸਿੱਧ ਹੋਇਆ ਕਿ ਵਿੱਦਿਆ ਨਾਲੋਂ ਵਿਚਾਰ ਸ੍ਰੇਸ਼ਟ ਹੈ।

ਏਸੇ ਗੱਲ ਨੂੰ ਅੱਗੇ ਹੋਰ ਸਪੱਸ਼ਟ ਕਰਦੇ ਹਨ:

## ਜਿਹ ਬਿਚਾਰ ਹੈ ਬਲ ਤਿਸੇ; ਬਿਨ ਬਿਚਾਰ ਬਲ ਨਾਂਹਿ॥

ਜਿਹ = ਜਿਸ ਮਨੁੱਖ ਕੋਲ ਵਿੱਦਿਆ ਦੇ ਨਾਲ ਸ੍ਰੇਸ਼ਟ ਵਿਚਾਰ ਹੈ, ਤਿਸੈ = ਉਸੇ ਦਾ ਬਲ = ਜ਼ੋਰ ਹੈ, ਵਿਚਾਰ ਤੋਂ ਬਿਨੁ = ਬਗ਼ੈਰ ਕੋਈ ਬਲ = ਜ਼ੋਰ, ਤਾਕਤ ਨਹੀਂ ਹੈ।

## ਏਕ ਪ੍ਰਮੱਤ ਨਾਹਰ ਬਨੇ; ਸਸੇ ਬਿਨਾਸਯੋ ਤਾਹਿ॥੧੨॥

ਅੱਗੇ ਇਕ ਕਹਾਣੀ ਦਾ ਦ੍ਰਿਸ਼ਟਾਂਤ ਦੇਂਦੇ ਹਨ ਕਿ ਜਿਸ ਪ੍ਰਕਾਰ ਬਨੈ = ਜੰਗਲ ਵਿਚ ਇਕ ਪ੍ਰਮੱਤ = ਵਿਸ਼ੇਸ਼ ਕਰਕੇ ਮਸਤ ਨਾਹਰ = ਸ਼ੇਰ ਪਸ਼ੂ ਪੰਛੀਆਂ ਨੂੰ ਮਾਰਦਾ ਰਹਿੰਦਾ ਸੀ, ਤਾਹਿ = ਉਸਨੂੰ ਇਕ ਛੋਟੇ ਜਿਹੇ ਸਸੇ = ਸਹੇ ਨੇ ਬਿਨਾਸਯੋ = ਮਾਰ ਦਿੱਤਾ ਸੀ॥੧੨॥ ਜੈਸਾ ਕਿ:

**ਕੇਹਰ ਬਪੁ ਝਾਈ ਨਿਰਖਿ ਪਰਯੋ ਕੂਪ ਅਗਯਾਨ॥੮॥** *(ਵਿਚਾਰਮਾਲਾ, ਬਿਸ੍ਰਾਮ ੧)*

**.....ਸਿੰਘ ਪ੍ਰਤਿਬਿੰਬ ਦੇਖਿ ਕੂਪ ਮੈ ਪਰਤ ਹੈ॥.....੧੬੦॥**

*(ਭਾਈ ਗੁਰਦਾਸ ਜੀ, ਕਬਿੱਤ ਸਵੱਯੇ)*

**ਸਾਖੀ ਸ਼ੇਰ ਅਤੇ ਸਹੇ ਦੀ:** ਇਕ ਜੰਗਲ ਵਿਚ ਇਕ ਬਹੁਤ ਹੀ ਮਸਤਿਆ ਹੋਇਆ ਸ਼ੇਰ ਰਹਿੰਦਾ ਸੀ, ਜੋ ਹਰ ਰੋਜ਼ ਅਨੇਕਾਂ ਜੀਵਾਂ ਨੂੰ ਮਾਰ ਦੇਂਦਾ ਸੀ, ਉਨ੍ਹਾਂ ਵਿੱਚੋਂ ਖਾਂਦਾ ਥੋੜ੍ਹਾ ਤੇ ਮਾਰ ਬਹੁਤੇ ਦੇਂਦਾ ਸੀ। ਸ਼ੇਰ ਦੇ ਇਸ ਰੋਜ਼-ਰੋਜ਼ ਦੇ ਕੰਮ ਤੋਂ ਜੰਗਲ ਦੇ ਬਾਕੀ ਪਸ਼ੂ, ਜਾਨਵਰ ਬਹੁਤ ਤੰਗ ਹੋਏ। ਤਦੋਂ ਸਭ ਨੇ ਜੰਗਲ ਵਿਚ ਪੰਚਾਇਤ ਬੁਲਾਈ, ਸਾਰੇ ਪਸ਼ੂ, ਪੰਛੀ, ਜਾਨਵਰ ਇਕੱਠੇ ਕੀਤੇ ਤੇ ਵਿਚਾਰ ਕੀਤੀ ਕਿ ਜੇਕਰ ਉਹ ਮਸਤਿਆ ਹੋਇਆ ਸ਼ੇਰ ਹਰ ਰੋਜ਼ ਏਸੇ ਤਰ੍ਹਾਂ ਕਰਦਾ ਰਿਹਾ ਤਾਂ ਅਸੀਂ ਥੋੜ੍ਹੇ ਦਿਨਾਂ ਵਿਚ ਹੀ ਮੁੱਕ ਜਾਵਾਂਗੇ। ਇਸ ਲਈ ਸਾਨੂੰ ਆਪਣੇ ਬਚਾਅ ਬਾਰੇ ਸੋਚਣਾ ਚਾਹੀਦਾ ਹੈ। ਉਸ ਵੇਲੇ ਸਾਰੇ ਇਕੱਠੇ ਹੋ ਕੇ ਸ਼ੇਰ ਦੇ ਕੋਲ ਪਹੁੰਚੇ। ਸ਼ੇਰ ਨੇ ਪੁੱਛਿਆ ਕਿ ਤੁਸੀਂ ਸਾਰੇ ਅੱਜ ਕਿਵੇਂ ਆਏ ਹੋ? ਤਦ ਕੁਝ ਆਗੂ ਜਾਨਵਰਾਂ ਨੇ ਕਿਹਾ ਕਿ ਹੇ ਮ੍ਰਿਗਰਾਜਨ! ਅਸੀਂ ਤੁਹਾਡੇ ਪਾਸ ਇਕ ਅਰਜ਼ ਕਰਨ ਲਈ ਆਏ ਹਾਂ। ਸ਼ੇਰ ਨੇ ਕਿਹਾ ਕਿ ਦੱਸੋ ਕੀ ਅਰਜ਼ ਕਰਨ ਆਏ ਹੋ?

ਜਾਨਵਰਾਂ ਨੇ ਕਿਹਾ ਕਿ ਤੁਸੀਂ ਲੋੜ ਅਨੁਸਾਰ ਖਾਣ ਤੋਂ ਬਾਅਦ ਵੀ ਅਨੇਕਾਂ ਜੀਵਾਂ ਨੂੰ ਮਾਰੀ ਜਾਂਦੇ ਹੋ ਭਾਵ ਖਾਂਦੇ ਘੱਟ ਤੇ ਸਾਡਾ ਨੁਕਸਾਨ ਜ਼ਿਆਦਾ ਕਰਦੇ ਹੋ, ਦੂਸਰਾ ਕਾਰਨ ਕਿ ਤੁਸੀਂ ਜੰਗਲ ਦੇ ਰਾਜੇ ਹੋ ਤੇ ਤੁਹਾਨੂੰ ਭੋਜਨ ਦੇ ਲਈ ਆਪ ਸ਼ਿਕਾਰ ਕਰਨ ਵਾਸਤੇ ਜਾਣਾ ਪੈਂਦਾ ਹੈ। ਤੀਸਰਾ ਸਾਡੇ ਸਾਰਿਆਂ ਦੇ ਮਨ ਵਿਚ ਇਹ ਡਰ ਛਾਇਆ ਰਹਿੰਦਾ ਹੈ ਕਿ ਪਤਾ ਨਹੀਂ ਤੁਸੀਂ ਕਿਸਨੂੰ ਮਾਰ ਦੇਵੋਗੇ।

ਸ਼ੇਰ ਨੇ ਕਿਹਾ ਕਿ ਸਿੱਧੀ ਗੱਲ ਕਰੋ ਜੋ ਵੀ ਤੁਸੀਂ ਕਰਨੀ ਚਾਹੁੰਦੇ ਹੋ, ਐਵੇਂ ਕਹਾਣੀਆਂ ਜਿਹੀਆਂ

ਨਾ ਪਾਓ। ਤਦੋਂ ਬਾਕੀ ਜਾਨਵਰਾਂ ਦੇ ਆਗੂ ਨੇ ਕਿਹਾ ਕਿ ਅਸੀਂ ਇਹ ਬੇਨਤੀ ਕਰਨ ਆਏ ਹਾਂ ਕਿ ਤੁਹਾਨੂੰ ਹੁਣ ਸ਼ਿਕਾਰ ਕਰਨ ਦੀ ਖੇਚਲ ਨਹੀਂ ਕਰਨੀ ਪਵੇਗੀ, ਸਾਡੇ ਵਿੱਚੋਂ ਆਪ ਹੀ ਹਰ ਰੋਜ਼ ਤੁਹਾਡੇ ਕੋਲ ਇਕ ਜਾਨਵਰ, ਪਸ਼ੂ ਆ ਜਾਇਆ ਕਰੇਗਾ ਤੇ ਤੁਸੀਂ ਏਥੇ ਬੈਠੇ-ਬੈਠੇ ਉਸਨੂੰ ਖਾ ਕੇ ਆਪਣਾ ਪੇਟ ਭਰ ਲਿਆ ਕਰੋ। ਸ਼ੇਰ ਮੰਨ ਗਿਆ। ਤਦੋਂ ਸਾਰੇ ਜਾਨਵਰ ਪ੍ਰਸੰਨ ਹੋ ਕੇ ਆਪੋ-ਆਪਣੇ ਟਿਕਾਣਿਆਂ 'ਤੇ ਪਹੁੰਚ ਗਏ। ਉਸ ਦਿਨ ਤੋਂ ਹਰ ਰੋਜ਼ ਵਾਰੀ ਅਨੁਸਾਰ ਇਕ ਜੀਵ ਸ਼ੇਰ ਕੋਲ ਭੇਜ ਦਿਆ ਕਰਨ ਤੇ ਬਾਕੀ ਦੇ ਜਾਨਵਰ ਨਿਸਚਿੰਤ ਹੋ ਕੇ ਜੰਗਲ ਵਿਚ ਵਿਚਰਦੇ ਰਹਿੰਦੇ। ਇਕ ਦਿਨ ਸਹੇ ਦੀ ਵਾਰੀ ਆ ਗਈ। ਸਹਾ ਬਹੁਤ ਚਲਾਕ ਹੁੰਦਾ ਹੈ, ਉਹ ਜਾਣ ਬੁੱਝ ਕੇ ਦੇਰੀ ਨਾਲ ਪਹੁੰਚਿਆ। ਸ਼ੇਰ ਨੇ ਨਰਾਜ਼ ਹੋ ਕੇ ਗੁੱਸੇ ਨਾਲ ਕਿਹਾ ਕਿ ਇਕ ਤਾਂ ਤੂੰ ਹੈ ਬਹੁਤ ਛੋਟਾ ਜਿਹਾ, ਤੇਰੇ ਨਾਲ ਮੇਰੀ ਭੁੱਖ ਵੀ ਨਹੀਂ ਮਿਟਣੀ, ਦੂਜਾ ਤੂੰ ਦੇਰੀ ਨਾਲ ਆਇਆ ਹੈਂ। ਤਦ ਖਰਗੋਸ਼ ਨੇ ਡਰਦੇ-ਡਰਦੇ ਕਿਹਾ ਕਿ ਮਹਾਰਾਜ ਜੀ! ਮੈਂ ਆਪਣੇ ਘਰੋਂ ਤਾਂ ਬਹੁਤ ਦੇਰ ਦਾ ਤੁਰਿਆ ਹੋਇਆ ਸਾਂ ਪਰ ਰਸਤੇ ਵਿਚ ਮੈਨੂੰ ਇਕ ਹੋਰ ਸ਼ੇਰ ਮਿਲ ਗਿਆ, ਉਸਨੇ ਮੈਨੂੰ ਬਹੁਤ ਗ਼ੁੱਸੇ ਨਾਲ ਕਿਹਾ ਕਿ ਮੈਂ ਤੈਨੂੰ ਖਾਣਾ ਹੈ। ਮੈਂ ਉਸਨੂੰ ਕਿਹਾ ਕਿ ਨਹੀਂ, ਇਸ ਜੰਗਲ ਦੇ ਰਾਜੇ ਨੇ ਮੈਨੂੰ ਬੁਲਾਇਆ ਹੈ, ਮੈਂ ਉਸਦਾ ਸ਼ਿਕਾਰ ਹਾਂ, ਤੂੰ ਮੈਨੂੰ ਨਹੀਂ ਖਾ ਸਕਦਾ। ਮੇਰੀ ਗੱਲ ਸੁਣ ਕੇ ਉਸਨੇ ਕਿਹਾ ਕਿ ਇਸ ਜੰਗਲ ਦਾ ਰਾਜਾ ਕੇਵਲ ਮੈਂ ਹਾਂ, ਫੇਰ ਮੈਂ ਉਸਨੂੰ ਆਪਣਾ ਛੋਟਾ ਭਰਾ ਦੇ ਕੇ ਆਪਣੀ ਜਾਨ ਬਚਾ ਕੇ ਤੁਹਾਡੇ ਕੋਲ ਆਇਆ ਹਾਂ। ਇਹ ਸੁਣ ਕੇ ਸ਼ੇਰ ਨੂੰ ਬਹੁਤ ਗ਼ੁੱਸਾ ਆਇਆ। ਉਸਨੇ ਕਿਹਾ ਕਿ ਤੇਰਾ ਸ਼ਿਕਾਰ ਤਾਂ ਮੈਂ ਬਾਅਦ ਵਿਚ ਕਰਾਂਗਾ, ਪਹਿਲਾਂ ਮੈਨੂੰ ਦੱਸ ਕਿ ਉਹ ਕਿਥੇ ਰਹਿੰਦਾ ਹੈ?

ਤਦ ਖਰਗੋਸ਼ ਉਸ ਮਸਤੇ ਹੋਏ ਸ਼ੇਰ ਨੂੰ ਇਕ ਖੂਹ ਦੇ ਕੋਲ ਲੈ ਗਿਆ ਤੇ ਉਸਦੀ ਛਾਤੀ ਹੇਠਾਂ ਹੋ ਕੇ ਖੂਹ ਦੇ ਪਾਣੀ ਵਿਚ ਪੈਂਦੇ ਪਰਛਾਵੇ ਵੱਲ ਇਸ਼ਾਰਾ ਕਰਕੇ ਸਹੇ ਨੇ ਸ਼ੇਰ ਨੂੰ ਕਿਹਾ ਕਿ ਉਹ ਦੇਖੋ, ਦੂਜਾ ਸ਼ੇਰ ਮੇਰੇ ਭਰਾ ਨੂੰ ਫੜ ਕੇ ਬੈਠਾ ਹੈ। ਸ਼ੇਰ ਨੇ ਖਰਗੋਸ਼ ਅਤੇ ਆਪਣੇ ਪਰਛਾਵੇਂ ਨੂੰ ਦੇਖ ਕੇ ਸੱਚ ਸਮਝ ਲਿਆ ਤੇ ਉੱਚੀ ਸਾਰੀ ਭਭਕ ਮਾਰੀ। ਅੱਗੋਂ ਖ਼ੂਹ ਵਿੱਚੋਂ ਦੂਣੀ ਭਭਕ ਦੀ ਆਵਾਜ਼ ਆਈ। ਤਦੋਂ ਉਸਨੂੰ ਮਾਰਨ ਦੇ ਲਈ ਸ਼ੇਰ ਨੇ ਖੂਹ ਵਿਚ ਛਲਾਂਗ ਮਾਰ ਦਿੱਤੀ ਤੇ ਖੂਹ ਵਿਚ ਡਿੱਗ ਪਿਆ ਅਤੇ ਗੋਤੇ ਖਾ ਕੇ ਵਿੱਚੇ ਮਰ ਗਿਆ। ਸਹਾ ਅਨੰਦ ਨਾਲ ਮੁੜ ਬਾਕੀ ਦੇ ਜਾਨਵਰਾਂ ਕੋਲ ਆ ਗਿਆ ਤੇ ਸ਼ੇਰ ਦੀ ਸਾਰੀ ਕਹਾਣੀ ਦੱਸ ਕੇ ਸਭ ਨੂੰ ਸ਼ੇਰ ਦੇ ਭੈ ਤੋਂ ਮੁਕਤ ਕੀਤਾ।

ਸੋ ਭਾਵ ਇਹ ਹੈ ਕਿ ਜਿਸ ਕੋਲ ਵਿਚਾਰ ਹੈ, ਉਸੀ ਕੋਲ ਅਸਲੀ ਤਾਕਤ ਹੈ। ਜੇਕਰ ਸਹਾ ਆਪਣੇ ਜ਼ੋਰ ਨਾਲ ਸ਼ੇਰ ਨੂੰ ਮਾਰਨਾ ਚਾਹੁੰਦਾ ਤਾਂ ਨਹੀਂ ਮਾਰ ਸਕਦਾ ਸੀ। ਇਸ ਲਈ ਉਸਨੇ ਵਿਚਾਰ ਦੇ ਬਲ ਨਾਲ ਉਸ ਮਸਤੇ ਹੋਏ ਸ਼ੇਰ ਨੂੰ ਮਾਰ ਦਿੱਤਾ।

***ਨੋਟ***: ਏਹੋ ਜਿਹੀਆਂ ਕਲਪਤ ਕਹਾਣੀਆਂ ਨੂੰ ਕਲਪ ਕੇ ਵਿੱਚੋਂ ਵਿਚਾਰ ਕੱਢਣ ਦੇ ਮਨੋਰਥ ਨਾਲ ਲਿਖਿਆ ਹੁੰਦਾ ਹੈ, ਇਸ ਲਈ ਉਸ ਸਿੱਖਿਆ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ, ਨਾਂ ਕਿ ਸਾਖੀਆਂ ਨੂੰ ਕਲਪਤ ਅਤੇ ਮਿਥਿਆ ਕਹਿ ਕੇ ਵਿਚਾਰ ਤੋਂ ਸੱਖਣੇ ਹੋਣਾ ਚਾਹੀਦਾ ਹੈ।

ਅੱਗੇ ਵਿਚਾਰਵਾਨ ਪੁਰਖ ਦੇ ਕਰਤੱਵ ਦੱਸਦੇ ਹਨ:

## ਦਵੈਯਾ ਛੰਦ॥ ਰਿਣ ਰਿਪੁ ਅਗਨਿ ਤ੍ਰਿ ਨਾਸ ਮਝਾਰੀ; ਕਰੇ ਬਿਲਮ ਨਹਿ; ਸਮਾ ਪਛਾਨ॥

ਰਿਣ = ਕਰਜ਼ੇ ਦੇ ਉਤਾਰਨ, ਰਿਪੁ = ਦੁਸ਼ਮਨ ਅਤੇ ਅਗਨਿ = ਅੱਗ ਇਨ੍ਹਾਂ ਤ੍ਰਿ = ਤਿੰਨਾਂ ਦੇ ਨਾਸ = ਖ਼ਤਮ ਕਰਨ ਦੇ ਮਝਾਰੀ = ਵਿਚ ਸਮਾ ਪਛਾਣ ਕੇ ਬਿਲਮ = ਦੇਰੀ ਨਹੀਂ ਕਰਨੀ ਚਾਹੀਦੀ, ਭਾਵ ਜਦੋਂ ਦਾਉ ਲੱਗੇ, ਤਦੋਂ ਇਨ੍ਹਾਂ ਦਾ ਨਾਸ਼ ਕਰ ਦੇਵੇਂ, ਨਹੀਂ ਤਾਂ ਇਹ ਵੱਧਦੇ-ਵੱਧਦੇ ਏਥੋਂ ਤਕ ਵੱਧ ਜਾਣਗੇ ਬਾਅਦ ਵਿਚ ਕਾਬੂ ਕਰਨਾ ਮੁਸ਼ਕਲ ਹੋ ਜਾਵੇਗਾ।

## ਕੰਨਯਾ ਦਾਨੇ ਧਰਮਾਰੰਭੇ; ਵਿਦਯਾ ਪਢਨੇ ਧਨ ਕੇ ਲਯਾਨ॥

ਕੰਨਿਆ ਦਾ ਦਾਨੇ = ਦਾਨ ਕਰਨਾ ਭਾਵ ਵਿਆਹ ਕਰਨ, (ਧਰਮ + ਅਰੰਭੇ) ਧਰਮ ਦੇ ਕਾਰਜ ਅਰੰਭੇ = ਪ੍ਰਾਰੰਭ ਕਰਨ ਨੂੰ, ਵਿੱਦਿਆ ਪਢਨੇ = ਪੜ੍ਹਨ ਲਈ ਅਤੇ ਧਨ ਕਮਾ ਕੇ ਲਿਆਉਣ ਲਈ।

## ਅਵਸਰ ਦੇਖ ਪਦਾਰਥ ਚਾਰੋਂ; ਕਰੇ ਸ਼ੀਘ੍ਰ ਜੋ, ਸੋ ਬੁਧਿਮਾਨ॥

ਅਵਸਰ = ਸਮਾ ਦੇਖ = ਵੇਖ ਕਰਕੇ ਇਹ ਚਾਰੇ ਪਦਾਰਥ ਭਾਵ ਚਾਰੇ ਕੰਮ ਜੋ = ਜਿਹੜਾ ਸ਼ੀਘ੍ਰ = ਛੇਤੀ ਕਰੇ = ਕਰ ਦੇਂਦਾ ਹੈ, ਸੋ = ਉਹ ਮਨੁੱਖ ਸ੍ਰੇਸ਼ਟ ਬੁਧਿਮਾਨ = ਬੁੱਧੀ ਵਾਲਾ ਹੈ।

## ਖਿਣ ਖਿਣ ਖੀਨ ਕਾਲ ਤਨ ਕਰ ਹੈ;
## ਭਲੋ ਕਾਲ ਫਿਰ ਮਿਲੈ ਨ ਪਾਨ॥੧੩॥

ਕਿਉਂਕਿ ਇਕ ਇਕ ਖਿਨ ਖਿਨ ਕਰਕੇ ਕਾਲ ਤਨੁ = ਸਰੀਰ ਨੂੰ ਖੀਨ = ਕਮਜ਼ੋਰ, ਨਾਸ਼ ਕਰੀ ਜਾ ਰਿਹਾ ਹੈ, ਇਸ ਲਈ ਫਿਰਿ = ਮੁੜ ਕੇ ਐਸਾ ਭਲੋ = ਚੰਗਾ ਕਾਲ = ਸਮਾਂ ਦੁਬਾਰਾ ਪਾਨ = ਹੱਥ ਵਿਚ ਆ ਕੇ ਮਿਲੈ = ਪ੍ਰਾਪਤ ਨਹੀਂ ਹੋਵੇਗਾ॥੧੩॥

## ਦੋਹਰਾ॥ ਨਾਰਿ ਕਲਹਿਣੀ ਗ੍ਰਾਮ ਘਰ; ਦੇਹ ਦੁਖੀ ਨ੍ਰਿਪ ਨੀਚ॥

ਜਿਸ ਮਨੁੱਖ ਦੀ ਨਾਰਿ = ਇਸਤ੍ਰੀ ਕਲਹਿਣੀ = ਲੜਾਕੂ, ਝਗੜਾਲੂ ਹੈ, ਜਿਸਦਾ ਘਰ ਗ੍ਰਾਮ = ਛੋਟਾ ਭਾਵ ਥੋੜ੍ਹੀ ਬਸਤੀ ਵਾਲੇ ਪਿੰਡ ਦੇ ਵਿਚਕਾਰ ਹੈ, ਜਿਸਦੀ ਦੇਹ = ਕਾਂਇਆ ਸਦਾ ਕਿਸੇ ਨਾ ਕਿਸੇ ਰੋਗ ਕਰਕੇ ਦੁਖੀ ਰਹਿੰਦੀ ਹੈ ਅਤੇ ਜਿਸ ਮਨੁੱਖ ਦੇ ਦੇਸ਼ ਦਾ ਨ੍ਰਿਪ = ਰਾਜਾ ਨੀਚ = ਨੀਵਾਂ, ਅਨਿਆਈ ਹੈ।

## ਪਰ ਵਸਿ ਪਾਂਚੋਂ ਨਰਨ ਕੋ; ਜੀਵਤ ਹੀ ਹੈ ਮੀਚ॥੧੪॥

ਫੇਰ ਪਰ = ਪਰਾਏ ਦੇ ਵਸਿ = ਅਧੀਨ ਰਹਿਣਾ, ਇਹ ਪਾਂਚੋ = ਪੰਜੇ ਚੀਜ਼ਾਂ ਨਰਨ = ਮਨੁੱਖਾਂ ਕੋ = ਦੇ ਜੀਵਤ = ਜਿਉਂਦਿਆਂ ਹੀ ਮੀਚ = ਮੌਤ ਦੇ ਸਮਾਨ ਹੈ, ਭਾਵ ਇਨ੍ਹਾਂ ਵਿਚ ਫਸਿਆ ਮਨੁੱਖ ਸਦਾ ਹੀ ਦੁਖੀ ਰਹਿੰਦਾ ਹੈ॥੧੪॥

## ਇਕ ਨਰਾਜ ਏਕੋ ਛਪਾ; ਏਕ ਦਵੈੱਯਾ ਛੰਦ॥

ਅਧਿਆਇ ਦੇ ਅਖ਼ੀਰ ’ਤੇ ਛੰਦਾਂ ਦੀ ਗਿਣਤੀ ਕਰਦੇ ਦੱਸਦੇ ਹਨ ਕਿ ਇਸ ਅਧਿਆਇ ਵਿਚ ਇਕ ਨਰਾਜ ਛੰਦ, ਇਕ ਛਪਾ ਛੰਦ ਤੇ ਇਕ ਦਵੈਯਾ ਛੰਦ ਆਇਆ ਹੈ।

## ਸ਼ੰਕਰ ਦੋਹੇ ਸੰਕਰੀ; ਚੌਦਸ ਛੰਦਾਨੰਦ॥੧੫॥

ਫੇਰ ਸ਼ੰਕਰ = ਗਿਆਰਾਂ ਦੋਹੇ = ਦੋਹਰੇ ਸੰਕਰੀ = ਕਲਿਆਣਕਾਰੀ ਹਨ, ਇਉਂ ਇਸ ਅਧਿਆਇ ਦੇ ਚੌਦਸ = ਚੌਦਾਂ (ਛੰਦ + ਅਨੰਦ) ਛੰਦ ਅਨੰਦ ਦੇਣ ਵਾਲੇ ਹਨ॥੧੫॥

## ਇਤਿ ਸ੍ਰੀ ਸਾਰੁਕਤਾਵਲੀ; ਤਿਹ ਚੌਦਸ ਅਧਯਾਇ॥

ਜੋ ਸ੍ਰੀ = ਸੁਭਾਇਮਾਨ ਸਾਰੁਕਤਾਵਲੀ ਗ੍ਰੰਥ ਹੈ, ਤਿਹ = ਉਸਦਾ ਚੌਦਸ = ਚੌਦ੍ਹਵਾਂ ਅਧਿਆਇ ਏਥੇ ਇਤਿ = ਸਮਾਪਤ ਹੁੰਦਾ ਹੈ।

## ਸਿਖ੍ਯਾ ਵਰਨੀ ਤਾਸ ਮੈਂ; ਕਵਿ ਹਰਿਦ੍ਯਾਲ ਸੁਭਾਇ ॥੨॥੧੪॥

ਤਾਸ = ਤਿਸ ਅਧਿਆਇ ਦੇ ਮੈ = ਵਿਚ ਕਵੀ ਹਰਦਿਆਲ ਜੀ ਨੇ ਸੁਭਾਇ = ਸ੍ਰੇਸ਼ਟ ਪ੍ਰੇਮ ਦੀ ਭਾਵਨਾ ਨਾਲ ਬਹੁਤ ਉੱਤਮ ਸਿੱਖਿਆ ਵਰਨੀ = ਵਰਣਨ ਕੀਤੀ ਹੈ॥੨॥੧੪॥

### ਪੰਦਰ੍ਹਵਾਂ ਅਧਿਆਇ

## ਅਥ ਪੰਦ੍ਰਸ ਅਧ੍ਯਾਇ ਪ੍ਰਾਰੰਭ ॥

ਅਥ = ਹੁਣ ਸਾਰੁਕਤਾਵਲੀ ਗ੍ਰੰਥ ਦਾ ਪੰਦ੍ਰਸ = ਪੰਦਰ੍ਹਵਾਂ ਅਧਿਆਇ ਪ੍ਰਾਰੰਭ ਹੁੰਦਾ ਹੈ।

## ਦੋਹਰਾ ॥ ਅਥ ਪੰਦ੍ਰਸ ਅਧ੍ਯਾਇ ਮੈਂ; ਮਿਸ੍ਰਤ ਇੱਕੀ ਛੰਦ ॥

ਅਥ = ਹੁਣ ਸਾਰੁਕਤਾਵਲੀ ਗ੍ਰੰਥ ਦੇ ਪੰਦ੍ਰਸ = ਪੰਦਰ੍ਹਵੇਂ ਅਧਿਆਇ ਦੇ ਮੈਂ = ਵਿਚ ਮਿਸ੍ਰਤ = ਰਲ-ਮਿਲੇ ਸਮੁੱਚੇ ਸਿਧਾਂਤ ਦੇ ਇੱਕੀ ਛੰਦ ਕਥਨ ਕਰਨਗੇ।

## ਪਟ ਹ੍ਵੈ ਸਠ, ਘਟ ਮੈਂ ਠਟੈ; ਇਤ ਉਤ ਮੈਂ ਆਨੰਦ ॥੧॥

ਜੇਕਰ ਇਨ੍ਹਾਂ ਇੱਕੀ ਛੰਦਾਂ ਦੇ ਸਿਧਾਂਤ ਨੂੰ ਕੋਈ ਸਠ = ਮੂਰਖ ਮਨੁੱਖ ਵੀ ਪਟ = ਪੜ੍ਹ ਕਰਕੇ ਆਪਣੇ ਘਟ = ਹਿਰਦੇ ਮੈਂ = ਵਿਚ ਠਟੈ = ਇਸਥਿਤ, ਧਾਰਨ ਕਰੇਗਾ ਉਹ ਵੀ ਪਟੁ = ਚਤੁਰ, ਸੂਝਵਾਨ ਹੋ ਜਾਵੇਗਾ, ਫੇਰ ਉਸਨੂੰ ਇਤ = ਏਥੇ ਅਤੇ ਉਤ = ਉੱਥੇ ਭਾਵ ਲੋਕ-ਪ੍ਰਲੋਕ ਮੈਂ = ਵਿਚ ਅਨੰਦ ਪ੍ਰਾਪਤ ਹੋਵੇਗਾ॥੧॥

ਅੱਗੇ ਹੋਣੀ ਦਾ ਪ੍ਰਭਾਵ ਦੱਸਦੇ ਹਨ ਕਿ ਕਿਵੇਂ ਹੋ ਕੇ ਰਹਿੰਦੀ ਹੈ।

## ਨਰਾਜ ਛੰਦ ॥ ਪਤਾਲ ਮੈਂ ਪ੍ਰਵੇਸ; ਇੰਦ੍ਰਲੋਕ ਮੈ ਪ੍ਰਵੇਸ਼ ਹ੍ਵੈ ॥

ਭਾਵੇਂ ਇਹ ਜੀਵ ਪਤਾਲ ਦੇ ਮੈਂ = ਵਿਚ ਜਾ ਕੇ ਪ੍ਰਵੇਸ਼ ਹੋ ਜਾਵੇ ਜਾਂ ਇੰਦ੍ਰਲੋਕ = ਇੰਦ੍ਰ ਦੇਵਤੇ ਦੇ ਲੋਕ ਸਵਰਗ ਵਿਚ ਪ੍ਰਵੇਸ਼ ਹੋ ਜਾਵੇ।

## ਗਿਰਿੰਦ ਜੋ ਸੁਮੇਰ ਚਾਰੁ; ਤਾਂਹਿ ਪੈ ਨਿਵੇਸ ਹ੍ਵੈ ॥

ਜੋ = ਜਿਹੜਾ ਸਾਰੇ ਗਿਰਿੰਦ = ਪਹਾੜਾਂ ਵਿੱਚੋਂ ਸਭ ਤੋਂ ਚਾਰੁ = ਸ੍ਰੇਸ਼ਟ, ਸੁੰਦਰ ਸੁਮੇਰ ਪਰਬਤ ਹੈ, ਭਾਵੇਂ ਕੋਈ ਤਾਂਹਿ = ਉਸਦੇ ਪੈ = ਉੱਪਰ ਸਿੱਧ ਬਣ ਕੇ ਨਿਵੇਸ = ਨਿਵਾਸ ਕਰ ਲਵੇ।

## ਜੁ ਮੰਤ੍ਰ ਭੇਖਜੰ ਕਰੇ; ਬਿਆਧ ਹਾਰ ਕਾਰਣੰ ॥

ਫੇਰ ਭਾਵੇਂ ਕੋਈ ਬਿਆਧ = ਰੋਗਾਂ ਦੇ ਹਾਰ = ਨਾਸ ਕਾਰਣੰ = ਕਰਨ ਵਾਸਤੇ ਜੋ ਵੇਦਾਂ-ਸ਼ਾਸਤ੍ਰਾਂ ਆਦਿ ਦੇ ਮੰਤ੍ਰ ਹਨ, ਉਨ੍ਹਾਂ ਮੰਤ੍ਰਾਂ ਦਾ ਜਾਪ ਜਾਂ ਭੇਖਜੰ = ਦਵਾਈ ਬੂਟੀ ਵੀ ਕਰੈ = ਕਰ ਲਵੇ।

## ਜੁ ਹੋਨਿ ਹੈ ਸੁ ਹੋਇ; ਅਤ੍ਰ ਹੇਤੁ ਨ ਬਿਚਾਰਣੰ ॥੧॥

ਜੁ = ਜਿਹੜੀ ਹੋਨਿ = ਹੋਣੀ ਹੈ ਸੁ = ਉਹ ਹੋਇ = ਹੋ ਕੇ ਹੀ ਰਹੇਗੀ, ਉਸ ਤੋਂ ਬਚਣ ਦਾ ਅਤ੍ਰ = ਹੋਰ ਦੂਜਾ ਕੋਈ ਹੇਤੁ = ਕਾਰਣ ਨਹੀਂ ਬਿਚਾਰਣੰ = ਵਿਚਾਰਿਆ ਜਾਂਦਾ॥੧॥

## ਦੋਹਰਾ ॥ ਮੂਰਖ ਕਾ ਬਲ ਮੌਨ ਹੈ; ਤਸਕਰ ਕਾ ਬਲ ਝੂਠ ॥

ਮੂਰਖ ਮਨੁੱਖ ਕਾ = ਦਾ ਬਲ = ਜ਼ੋਰ ਉਸਦੀ ਮੌਨ = ਚੁੱਪ ਵਿਚ ਹੈ ਭਾਵ ਜੇਕਰ ਮੂਰਖ ਸਭਾ ਵਿਚ ਚੁੱਪ ਕਰਕੇ ਬੈਠਾ ਰਹੇ ਤਾਂ ਉਹ ਭਲਾਮਾਨਸ ਲੱਗੇਗਾ। ਫੇਰ ਤਸਕਰ = ਚੋਰ ਦਾ ਬਲ = ਜ਼ੋਰ ਝੂਠ ਹੈ, ਭਾਵ ਜੇਕਰ ਉਹ ਝੂਠ ਬੋਲੀ ਜਾਵੇ ਕਿ ਮੈਂ ਚੋਰੀ ਨਹੀਂ ਕੀਤੀ, ਤਦ ਉਹ ਬਚ ਸਕਦਾ ਹੈ। ਜੇਕਰ ਚੋਰ ਚੋਰੀ ਕਰਕੇ ਆਖੇ ਕਿ ਮੈਂ ਚੋਰੀ ਕੀਤੀ ਹੈ ਤਾਂ ਉਸਨੂੰ ਸਜ਼ਾ ਮਿਲੇਗੀ।

## ਦੁਰਬਲ ਕੋ ਬਲ ਭੂਪ ਹੈ; ਸਿਸ ਬਲ ਰੋਵਨ ਰੂਠ ॥੨॥

ਏਸੇ ਤਰ੍ਹਾਂ ਦੁਰਬਲ = ਬਲਹੀਣ, ਗ਼ਰੀਬ ਮਨੁੱਖ ਕੋ = ਦਾ ਬਲ = ਜ਼ੋਰ, ਤਾਕਤ ਸਮੇਂ ਦਾ ਭੂਪ ਰਾਜਾ ਹੈ, ਭਾਵ ਉਹ ਰਾਜੇ ਅੱਗੇ ਜਾ ਕੇ ਪੁਕਾਰ ਕਰੇ ਅਤੇ ਸਿਸ = ਬੱਚੇ ਦਾ ਬਲ = ਜ਼ੋਰ ਜਾਂ ਰੋਵਨ = ਰੋਣ ਵਿਚ ਜਾਂ ਰੂਠ = ਰੁੱਸ ਜਾਣ ਵਿਚ ਹੈ, ਭਾਵ ਉਹ ਰੋ ਕੇ ਜਾਂ ਰੁੱਸ ਕੇ ਆਪਣੀ ਗੱਲ ਮੰਨਵਾ ਲੈਂਦਾ ਹੈ ॥੨॥

ਇਹ ਸਰੀਰ ਝੂਠਾ ਹੈ, ਇਸ ਗੱਲ ਨੂੰ ਸਿੱਧ ਕਰਦੇ ਹਨ :

## ਪ੍ਰਾਤ ਅੰਨ ਭੋਜਨ ਕਰਯੋ; ਸਾਂਝ ਸਮੇਂ ਦੁਤਿ ਨਾਸ ॥

ਜੋ ਪ੍ਰਾਤ = ਪ੍ਰਾਤਹਕਾਲ, ਸਵੇਰੇ ਅੰਨ = ਅਨਾਜ ਆਦਿ ਦਾ ਭੋਜਨ ਕਰਯੋ = ਕੀਤਾ ਹੈ, ਭਾਵ ਭੋਜਨ ਖਾਧਾ ਹੈ, ਸਾਂਝ = ਸੰਧਿਆ ਦੇ ਸਮੇਂ ਉਸ ਭੋਜਨ ਦੀ ਦੁਤਿ = ਸ਼ੋਭਾ, ਕ੍ਰਾਂਤੀ ਨਾਸ਼ ਹੋ ਜਾਂਦੀ ਹੈ, ਭਾਵ ਫੇਰ ਭੁੱਖ ਲੱਗ ਆਉਂਦੀ ਹੈ।

## ਤਿਹ ਰਸ ਕਰ ਉਪਜੈ ਜੁ ਤਨ; ਕਹਾਂ ਨਿੱਤਤਾ ਤਾਸ ॥੩॥

ਤਿਹ = ਤਿਸ ਭੋਜਨ ਦੇ ਰਸ ਭਾਵ ਰਕਤ ਬੀਰਜ ਕਰ = ਕਰਕੇ ਜੁ = ਜਿਹੜਾ ਇਹ ਤਨ = ਸਰੀਰ ਉਪਜੈ = ਪੈਦਾ ਹੋਇਆ ਹੈ, ਫੇਰ ਤਾਸ = ਤਿਸ ਸਰੀਰ ਦੀ ਨਿੱਤਤਾ = ਸਥਿਰਤਾ ਕਹਾ = ਕਿਥੇ ਰਹਿ ਸਕਦੀ ਹੈ, ਭਾਵ ਜਦੋਂ ਸਵੇਰ ਦਾ ਖਾਧਾ ਭੋਜਨ ਸ਼ਾਮ ਨੂੰ ਖ਼ਤਮ ਹੋ ਗਿਆ, ਉਸ ਭੋਜਨ ਤੋਂ ਇਸਤ੍ਰੀ ਦੇ ਅੰਦਰ ਰਕਤ ਤੇ ਮਨੁੱਖ ਦੇ ਅੰਦਰ ਬੀਰਜ ਦੀ ਉਤਪਤੀ ਹੋਈ, ਉਸ ਤੋਂ ਅੱਗੇ ਸਰੀਰ ਬਣਿਆ, ਫੇਰ ਉਸ ਸਰੀਰ ਦੀ ਸਥਿਰਤਾ ਕਿਵੇਂ ਰਹਿ ਸਕਦੀ ਹੈ ਭਾਵ ਨਹੀਂ ਰਹਿ ਸਕਦੀ ॥੩॥

## ਸੋਰਠਾ ॥ ਸਭ ਅਨਿੱਤ ਹੈ ਕਾਂਯ; ਸਭ ਵਿਭੂਤਿ ਖਿਨ ਭੰਗਰੀ ॥

ਸਭ = ਸਾਰੀਆਂ, ਕਾਂਯ = ਦੇਹਾਂ, ਅਨਿੱਤ = ਝੂਠੀਆਂ ਹਨ, ਸਭ = ਸਾਰੀ ਵਿਭੂਤਿ = ਧਨ, ਸੰਪਦਾ ਖਿਨ ਭੰਗਰੀ = ਥੋੜ੍ਹਾ ਚਿਰ ਰਹਿਣ ਵਾਲੀ ਭਾਵ ਨਾਸ਼ਵਾਨ ਹੈ। ਜੈਸਾ ਕਿ :

**ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥** *(ਮਾਰੂ ਸੋਲਹੇ ਮ: ੫, ਅੰਗ ੧੦੮੩)*

## ਨਿਕਟ ਕਾਲ ਨਿੱਤ ਆਇ; ਧਰਮ ਸੰਗ੍ਰਹਿ ਯੋਗ ਅਬ ॥੪॥

ਕਾਲ = ਮੌਤ ਨਿਤ = ਰੋਜ਼ਾਨਾ ਨਿਕਟਿ = ਨੇੜੇ ਆਇ = ਆ ਰਹੀ ਹੈ, ਇਸ ਲਈ ਆਪਣੇ ਕਲਿਆਣ ਦੇ ਲਈ ਅਬ = ਹੁਣ ਧਰਮ ਨੂੰ ਸੰਗ੍ਰਹਿ = ਇਕੱਤ੍ਰ ਕਰਨ ਯੋਗ ਹੈ ॥੪॥

## ਸ੍ਵੈਯਾ ॥ ਆਧਿ ਬਿਆਧ ਬਿਨਾ ਤਨ ਮਾਨਸ; ਮਾਨਸ ਜੋ ਅਪਨੋ ਜਬ ਹੇਰੇ ॥

ਜੋ = ਜਿਹੜਾ ਮਾਨਸ = ਮਨੁੱਖ ਜਬ = ਜਦੋਂ ਅਪਨੋ = ਆਪਣੇ ਤਨ = ਸਰੀਰ ਤੇ ਮਾਨਸ = ਮਨ ਨੂੰ

ਆਧਿ ਬਿਆਧਿ ਆਦਿ ਰੋਗਾਂ ਤੋਂ ਬਿਨਾ = ਬਗ਼ੈਰ ਹੇਰੇ = ਦੇਖਣਾ ਕਰੇ। ਆਧਿ ਰੋਗ ਜਿਵੇਂ ਚਿੰਤਾ, ਗ਼ਮ ਆਦਿ ਹੋਣੇ ਇਹ ਮਾਨਸੀ ਰੋਗ ਹਨ ਤੇ ਬਿਆਧ = ਸਰੀਰਕ ਰੋਗ ਹੋਣੇ, ਇਨ੍ਹਾਂ ਤੋਂ ਬਿਨਾਂ ਜਦੋਂ ਮਨੁੱਖ ਆਪਣੇ ਆਪ ਨੂੰ ਸੁਵਸਥ ਭਾਵ ਨਿਰੋਗੀ ਦੇਖਣਾ ਕਰੇ।

## ਅੰਨ ਪਟਾਦਿ ਅਨਾਥਨ ਕੇ ਘਰ; ਦ੍ਵੈ ਕਰ ਜੋਇ ਦਏ ਪੁਨ ਟੇਰੇ ॥

ਤਦੋਂ ਅੰਨ = ਅਨਾਜ, ਪਟਾਦਿ = ਬਸਤ੍ਰ ਆਦਿ ਪਦਾਰਥ ਲੈ ਕੇ ਅਨਾਥਨ = ਗ਼ਰੀਬਾਂ ਕੇ = ਦੇ ਘਰ ਵਿਚ ਦ੍ਵੈ = ਦੋਨੋ ਕਰ = ਹੱਥ ਜੋਰਿ = ਜੋੜ ਕੇ ਉਨ੍ਹਾਂ ਨੂੰ ਦਏ = ਦੇਣਾ ਕਰੇ ਅਤੇ ਪੁਨ = ਫੇਰ ਉਨ੍ਹਾਂ ਨੂੰ ਟੇਰੇ = ਕਹੇ।

## ਖਾਇ ਹੰਢਾਇ ਧਿਆਇ ਹਰੀ; ਚਿਰ ਜੀਵਹੁ ਜੀ ਤੁਮ ਬਾਂਧਵ ਮੇਰੇ ॥

ਹੇ ਭਾਈ! ਇਸ ਭੋਜਨ ਨੂੰ ਖਾਇ = ਖਾਣਾ ਕਰੋ, ਇਨ੍ਹਾਂ ਬਸਤ੍ਰਾਂ ਨੂੰ ਪਹਿਨ ਕੇ ਹੰਢਾਇ = ਹੰਢਾਉਣਾ ਕਰੋ ਅਤੇ ਹਰੀ = ਪਰਮਾਤਮਾ ਦੇ ਨਾਮ ਨੂੰ ਧਯਾਇ = ਅਰਾਧਣਾ ਕਰੋ। ਹੇ ਮੇਰੇ ਪਿਆਰੇ ਬਾਂਧਵ = ਸੰਬੰਧੀਓ! ਤੁਮ = ਤੁਸੀਂ ਚਿਰ ਜੀਵਹੁ = ਚਿਰੰਜੀਵੀ ਹੋਵੋ ਜੀ। ਫੇਰ ਉਹ ਆਪਣੇ ਦਿਲ ਵਿੱਚੋਂ ਅਸੀਸਾਂ ਦੇਂਦੇ ਹਨ ਕਿ ਪਰਮਾਤਮਾ ਤੈਨੂੰ ਸਦਾ ਅਰੋਗ ਰੱਖੇ। ਜੈਸਾ ਕਿ:

**ਪਿਖਹੁ ਗਰੀਬ ਅਨਾਥਨਿ ਜਹਾਂ। ਵਸਤ੍ਰ ਅਹਾਰ ਦੀਜੀਅਹਿ ਤਹਾਂ।**
**ਦੇਖਹੁ ਦੁਖੀ ਦਯਾ ਕੋ ਧਾਰਹੁ। ਜਥਾ ਸ਼ਕਤਿ ਤਿਹ ਦੁਖ ਨਿਰਵਾਰਹੁ ॥੫॥**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੧ ਅੰਸੂ ੩੯)*

## ਤਾਸ ਅਸੀਸਹਿ ਤੇ ਜਗਦੀਸ; ਕਰੇ ਮਨ ਸੁੱਧ ਸੁ ਸਾਂਝ ਸਵੇਰੇ ॥੫॥

ਤਾਸ = ਉਨ੍ਹਾਂ ਗ਼ਰੀਬਾਂ ਦੀਆਂ ਅਸੀਸਹਿ = ਅਸੀਸਾਂ ਤੇ = ਤੋਂ ਜਗਦੀਸ = ਪਰਮਾਤਮਾ ਖ਼ੁਸ਼ ਹੋ ਕੇ ਤੇਰਾ ਮਨ ਦਿਨ ਰਾਤ ਸੁੱਧ = ਉੱਜਲ ਕਰ ਦੇਵੇਗਾ **ਵਾ:** ਉਨ੍ਹਾਂ ਦੀਆਂ ਅਸੀਸਾਂ ਕਰਕੇ ਪਰਮਾਤਮਾ ਅਵਿੱਦਿਆ ਰੂਪੀ ਸਾਂਝ = ਰਾਤ ਤੋਂ ਗਿਆਨ ਰੂਪੀ ਸਵੇਰੇ = ਦਿਨ ਕਰ ਦੇਵੇਗਾ ॥੫॥

## ਦੋਹਰਾ ॥ ਗੁਣ ਸਫਟਕ ਕੋ ਜੋ ਅਹੈ; ਵਹੀ ਦੋਖ ਕੋ ਹੇਤ ॥

ਆਤਮਾ ਵਿਚ ਜਨਮ ਮਰਣ ਪਰਮਾਰਥ ਤੋਂ ਨਹੀਂ ਹੈ, ਇਸ ਗੱਲ ਨੂੰ ਸਿੱਧ ਕਰਨ ਲਈ ਦ੍ਰਿਸ਼ਟਾਂਤ ਕਥਨ ਕਰਦੇ ਹਨ ਕਿ ਜਿਸ ਪ੍ਰਕਾਰ ਸਫਟਕ ਮਣੀ (ਬਿਲੌਰ ਦਾ ਸ਼ੀਸ਼ਾ) ਕੋ = ਦੇ ਵਿਚ ਜੋ = ਜਿਹੜਾ ਸ਼ੁਧਤ ਵਾਲਾ ਗੁਣ ਅਹੈ = ਹੁੰਦਾ ਹੈ, ਵਹੀ = ਉਹੀ ਉਸਦੇ ਦੋਖ = ਦੋਸ਼, ਕੋ = ਦਾ ਹੇਤ ਕਾਰਨ ਬਣ ਜਾਂਦਾ ਹੈ, ਭਾਵ ਜੋ ਉੱਜਲ ਸਫਟਕ ਮਣੀ ਹੈ, ਉਸਦੇ ਕੋਲ ਜਿਹੋ ਜਿਹਾ ਰੰਗ ਰੱਖ ਦੇਈਏ, ਉਸੇ ਨੂੰ ਗ੍ਰਹਿਣ ਕਰ ਲੈਂਦੀ ਹੈ, ਭਾਵ ਜੇਕਰ ਲਾਲ ਰੰਗ ਦਾ ਫੁੱਲ ਮਣੀ ਦੇ ਪਾਸ ਰੱਖ ਦੇਈਏ ਤਾਂ ਉਸਦੀ ਲਾਲੀ ਨੂੰ ਸਫਟਕ ਮਣੀ ਗ੍ਰਹਿਣ ਕਰ ਲੈਂਦੀ ਹੈ ਅਰਥਾਤ ਉਸਦੀ ਉੱਜਲਤਾ ਹੀ ਦੋਸ਼ ਰੂਪ ਹੈ।

## ਤੈਸੇ ਸ੍ਵਾਸ੍ਰੇ ਆਤਮਾ; ਨਿਰਮਲ ਭੀ ਮਲ ਲੇਤ ॥੬॥

ਤੈਸੇ = ਤਿਸ ਪ੍ਰਕਾਰ ਸ੍ਵਾਸ੍ਰੇ = ਆਪਣੇ ਆਸਰੇ ਰਹਿਣ ਵਾਲਾ ਆਤਮਾ ਨਿਰਮਲ = ਉੱਜਲ ਹੈ ਪਰ ਫੇਰ ਵੀ ਦੂਸਰੇ ਦੀ ਮਲ = ਮੈਲ ਲੇਤ = ਗ੍ਰਹਿਣ ਕਰ ਲੈਂਦਾ ਹੈ, ਭਾਵ ਆਤਮਾ ਆਪਣੇ ਆਪ ਵਿਚ ਅਵਿੱਦਿਆ ਦੀ ਮਲੀਨਤਾ ਤੋਂ ਰਹਿਤ ਸ਼ੁੱਧ ਸਰੂਪ ਹੈ। ਰਾਗ, ਦ੍ਵੈਖ, ਜਨਮ ਮਰਣ ਇਹ ਅੰਤਹਕਰਨ ਦੇ ਧਰਮ ਹਨ ਪਰ

ਆਤਮਾ ਵਿਚ ਭਾਸਣ ਲੱਗ ਜਾਂਦੇ ਹਨ, ਵਾਸਤਵ ਵਿਚ ਕੁੱਝ ਵੀ ਨਹੀਂ ਹੈ। ਆਤਮਾ ਕਲਿਆਣ ਸਰੂਪ ਹੈ, ਇਸ ਗੱਲ ਨੂੰ ਸਿੱਧ ਕਰਨ ਲਈ ਅੱਗੇ ਕਥਨ ਕਰਦੇ ਹਨ॥੬॥

## ਨਰਾਜ ਛੰਦ॥ ਜਟਾਨ ਗੰਗ ਇੰਦੁ ਕੋ; ਸ਼ਿਵਾਰਧਾਂਗ ਧਾਰ ਹੋਂ॥

ਜਿਸ ਪ੍ਰਕਾਰ ਸ਼ਿਵਾਂ ਨੇ ਸਿਰ ਉੱਪਰ ਜਟਾਨ = ਜਟਾਵਾਂ ਅਤੇ ਜਟਾਵਾਂ ਵਿਚ ਗੰਗ = ਗੰਗਾ ਧਾਰਨ ਕੀਤੀ ਹੋਈ ਹੈ, ਮਸਤਕ ਉੱਪਰ ਦੂਜ ਦੇ ਇੰਦੁ = ਚੰਦ੍ਰਮਾ ਨੂੰ ਧਾਰਨ ਕੀਤਾ ਹੋਇਆ ਹੈ। ਫੇਰ (ਸਿਵ + ਅਰਧਾਂਗ) ਸਿਵ = ਸਿਵਜੀ ਨੇ ਖੱਬੇ ਪਾਸੇ ਆਪਣੀ ਅਰਧਾਂਗ = ਅਰਧੰਗਨੀ, ਘਰਵਾਲੀ (ਪਾਰਬਤੀ) ਧਾਰਨ ਕੀਤੀ ਹੋਈ ਹੈ।

## ਭੁਜੰਗ ਭੰਗ ਕੋ ਅਹਾਰ; ਹਾਰ ਮਾਰ ਮਾਰਿ ਹੋਂ॥

ਸ਼ਿਵਜੀ ਨੇ ਆਪਣੇ ਕੰਠ ਵਿਚ ਭੁਜੰਗ = ਸੱਪ ਦਾ ਹਾਰ ਪਾਇਆ ਹੋਇਆ ਹੈ, ਭੰਗ ਧਤੂਰੇ ਕੋ = ਦਾ ਅਹਾਰ = ਭੋਜਨ ਖਾਣਾ ਕਰਦਾ ਹੈ, ਫੇਰ ਜਿਸਨੇ ਮਾਰ = ਕਾਮ ਨੂੰ ਮਾਰਿ = ਮਾਰਿਆ ਹੋਇਆ ਹੈ।

## ਤ੍ਰਿਸ਼ੂਲ ਡੌਰੂ ਧੂਰ ਧਾਰ; ਰੁੰਡ ਮਾਲ ਆਬ੍ਰਿਤੰ॥

ਫੇਰ ਸ਼ਿਵਜੀ ਨੇ ਤ੍ਰਿਸ਼ੂਲ ਅਤੇ ਡੌਰੂ ਹੱਥ ਵਿਚ ਪਕੜਿਆ ਹੋਇਆ ਹੈ, ਸਾਰੇ ਸਰੀਰ ਉੱਪਰ ਮਸਾਣ ਦੀ ਧੂਰ = ਧੂੜੀ, ਭਸਮ ਧਾਰ = ਧਾਰਨ ਕੀਤੀ ਹੋਈ ਹੈ, ਫੇਰ ਰਾਖਸ਼ਾਂ ਨੂੰ ਮਾਰ-ਮਾਰ ਕੇ ਉਨ੍ਹਾਂ ਦੇ ਰੁੰਡ = ਸਿਰਾਂ ਦੀ ਮਾਲਾ ਬਣਾ ਕੇ ਗਲੇ ਵਿਚ ਪਹਿਨੀ ਹੋਈ ਹੈ ਇਤਿਆਦਿਕ ਬਿਭੂਤੀ ਕਰਕੇ ਸ਼ਿਵਜੀ ਆਬ੍ਰਿਤੰ = ਵਿਹੜੇ, ਲਪੇਟੇ ਹੋਏ ਹਨ ਭਾਵ ਇਤਨੀ ਵਿਭੂਤੀ ਧਾਰਨ ਕੀਤੀ ਹੋਈ ਹੈ।

## ਇਤਿ ਵਿਭੂਤਿ ਵਾਰ ਹੋਂ; ਤਥਾਪਿ ਮੈਂ ਸ਼ਿਵਾਕ੍ਰਿਤੰ॥੭॥

ਭਾਵੇਂ ਸ਼ਿਵਜੀ ਇਤਿ = ਇਤਨੀ ਬਿਭੂਤੀ ਵਾਰ = ਵਾਲਾ ਹੈ ਅਤੇ ਮੈਂ ਪੂਰਬੋਕਤ ਵਿਭੂਤੀ ਤੋਂ ਰਹਿਤ ਹਾਂ, ਭਾਵ ਨਾ ਮੇਰੀਆਂ ਜਟਾਵਾਂ ਹਨ, ਨਾ ਮੇਰੇ ਸਿਰ ਤੋਂ ਗੰਗਾ ਵਗਦੀ ਹੈ, ਨਾ ਤ੍ਰਿਸ਼ੂਲ, ਡੌਰੂ ਹੈ ਨਾ ਗਲੇ ਵਿਚ ਸੱਪ, ਨਾ ਖੋਪੜੀਆਂ ਦੀ ਮਾਲਾ, ਨਾ ਬਿਭੂਤੀ ਆਦਿ ਹੈ, ਤਥਾਪਿ = ਤਦ ਵੀ ਮੈਂ (ਸ਼ਿਵ + ਅਕ੍ਰਿਤੰ) ਸ਼ਿਵ = ਕਲਿਆਣ ਅਕ੍ਰਿਤੰ = ਸਰੂਪ ਹਾਂ ਅਰਥਾਤ ਵਿਭੂਤੀ ਭੇਦ ਦੇ ਨਾਲ ਭੇਦ ਦੂਰ ਨਹੀਂ ਹੁੰਦਾ। ਇਹ ਭੇਦ ਤਾਂ ਬਣਿਆ ਰਹੇਗਾ ਜੇਕਰ ਲਖਨਾ ਬਿਰਤੀ ਨਾਲ ਦੇਖੀਏ ਤਾਂ ਇਹ ਭੇਦ ਦੂਰ ਹੋ ਜਾਂਦਾ ਹੈ। ਸ਼ਿਵਜੀ ਦੀ ਮਹਾਨ ਵਿਭੂਤੀ ਨੂੰ ਤਿਆਗ ਦੇਈਏ ਤਾਂ ਜੋ ਚੇਤਨ ਉਸ ਵਿਚ ਹੈ ਉਹੀ ਚੇਤਨ ਸਰੂਪ ਮੇਰੇ ਵਿਚ ਹੈ। ਆਪਣੇ ਨਿਜ ਸਰੂਪ ਦੇ ਬੋਧ ਨਾਲ ਜੋ ਅਨੰਦ ਸ਼ਿਵਜੀ ਨੂੰ ਹੈ ਉਹੀ ਅਨੰਦ ਮੈਨੂੰ ਹੈ **ਵਾ:** ਜੋ ਗਿਆਨ ਸ਼ਿਵਜੀ ਕੋਲ ਹੈ ਉਹੀ ਗਿਆਨ ਮੇਰੇ ਕੋਲ ਹੈ, ਉਹ ਵੀ ਕਲਿਆਣ ਸਰੂਪ ਹੈ, ਮੈਂ ਵੀ ਕਲਿਆਣ ਸਰੂਪ ਹਾਂ॥੭॥

## ਸ੍ਵੈਯਾ॥ ਏਕ ਸਰੀਰ ਸੰਬੰਧ ਭਏ; ਜਨਮਾਂਤ੍ਰ ਕੀ ਗਨਤੀ ਕਛੁ ਨਾਹੀ॥

ਏਕ = ਇਕ ਸਰੀਰ ਦੇ ਸੰਬੰਧ ਭਏ = ਹੋਣ ਕਰਕੇ ਕਿਤਨੇ ਜਨਮ ਹੋਏ ਹਨ, ਉਨ੍ਹਾਂ ਜਨਮਾਂਤ੍ਰ = ਜਨਮਾਂ-ਜਨਮਾਂ ਕੀ = ਦੀ ਕਛੁ = ਕੁਝ ਵੀ ਗਿਣਤੀ ਨਹੀਂ ਹੋ ਸਕਦੀ **ਵਾ:** ਇਕ ਇਸ ਜਨਮ ਦੇ ਸਰੀਰ ਧਾਰਨ ਕਰਕੇ ਕਿਤਨੇ ਇਸਦੇ ਸੰਬੰਧ = ਸੰਬੰਧੀ, ਰਿਸ਼ਤੇਦਾਰ, ਮਿਤ੍ਰ ਆਦਿ ਹੋਏ ਹਨ, ਉਨ੍ਹਾਂ ਦੀ ਵੀ ਗਿਣਤੀ ਨਹੀਂ ਹੁੰਦੀ, ਫੇਰ ਜਿਹੜੇ ਹੋਰ ਅਨੇਕਾਂ ਜਨਮ ਪਿੱਛੇ ਧਾਰਨ ਕੀਤੇ ਸਨ, ਉਨ੍ਹਾਂ ਜਨਮਾਂ ਦੇ ਕਿਤਨੇ ਕੁ ਸੰਬੰਧੀ ਹੋਣਗੇ, ਉਨ੍ਹਾਂ ਦੀ ਵੀ ਕੁਝ ਗਿਣਤੀ ਨਹੀਂ ਕੀਤੀ ਜਾ ਸਕਦੀ।

## ਤਾਂ ਪਰ ਜੋ ਅਨੁਰਾਗ ਕਰੇ; ਸੁਤ ਮਾਤ ਪਿਤਾ ਤਰੁਨੀ ਧਨ ਮਾਹੀ॥

ਤਾਂ = ਉਸ ਸਰੀਰ ਦੇ ਬਣੇ ਸੰਬੰਧੀਆਂ ਦੇ ਪਰ = ਉੱਪਰ ਭਾਵ ਸੁਤ = ਪੁੱਤਰ, ਮਾਤ = ਮਾਂ ਪਿਤਾ = ਬਾਪ, ਤਰੁਨੀ = ਇਸਤ੍ਰੀ ਅਤੇ ਧਨ = ਦੌਲਤ ਦੇ ਮਾਹੀ = ਵਿਚ ਜੋ = ਜਿਹੜਾ ਮਨੁੱਖ ਅਨੁਰਾਗ = ਪ੍ਰੇਮ ਕਰੇ = ਕਰਦਾ ਹੈ ਭਾਵ ਮੇਰ ਜਣਾਉਂਦਾ ਹੈ।

## ਸਾਰ ਅਸਾਰ ਵਿਚਾਰਤ ਭੀ; ਤਜ ਸਾਰ, ਅਸਾਰ ਵਿਖੇ ਲਪਟਾਹੀ॥

ਫੇਰ ਮਨੁੱਖ ਸਾਰ = ਚੰਗਾ ਅਸਾਰ = ਮਾੜਾ ਵਿਚਾਰਤ = ਵਿਚਾਰਦਾ ਵੀ ਹੈ, ਭਾਵ ਆਤਮਾ ਸਤ ਰੂਪ ਹੈ ਤੇ ਸੰਸਾਰ ਅਸੱਤ ਰੂਪ ਹੈ, ਇਸ ਤਰ੍ਹਾਂ ਜਾਣਦਾ ਵੀ ਹੈ, ਪਰ ਫੇਰ ਵੀ ਸਾਰ = ਚੰਗਾ ਕਰਮ ਤਜਿ = ਤਿਆਗ ਕੇ ਅਸਾਰੁ = ਸਿੱਖਿਆ, ਝੂਠੇ ਕਰਮਾਂ ਵਿਖੇ = ਵਿਚ ਲਪਟਾਹੀ = ਲੰਪਟ ਹੋ ਜਾਂਦਾ ਹੈ।

## ਫੇਰ ਕਹੇਂ ਹਮ ਜੀਵਨ ਮੋਖ; ਸੁ ਏ ਕਲੂ ਕਾਲ ਕੇ ਲੱਖਣ ਆਹੀ॥੮॥

ਫੇਰ ਮਨੁੱਖ ਕਹੈ = ਆਖਦਾ ਹੈ ਕਿ ਹਮ = ਅਸੀਂ ਜੀਵਨ ਮੁਕਤ ਪੁਰਖ ਹਾਂ, ਭਾਵ ਕਰਮ ਖੋਟੇ ਤੇ ਗਿਆਨ ਦੀ ਗੱਲ ਕਰਨੀ, ਸੋ ਏ = ਇਹ ਕਲੂ = ਕਲਿਜੁਗ ਦੇ ਸਮੇਂ ਦੇ ਲਖਣ = ਲੱਛਨ ਆਹੀ = ਹਨ॥੮॥

## ਗ੍ਰੰਥ ਅਪਾਰ ਵਿਚਾਰ ਵਿਚਾਰ; ਗਵਾਰ ਮਹਾ ਮਦ ਕੇ ਸੁਖ ਝੂਲਾ॥

ਚਾਰੇ ਵੇਦ, ਅਠਾਰਾਂ ਪੁਰਾਣ, ਖਟ ਸ਼ਾਸਤ੍ਰ, ਸਤਾਈ ਸਿੰਮ੍ਰਿਤੀਆਂ ਆਦਿ ਅਪਾਰ = ਬਿਅੰਤ ਗ੍ਰੰਥਾਂ ਨੂੰ ਵਿਚਾਰ ਵਿਚਾਰ ਕੇ ਗਵਾਰ = ਮੂਰਖ ਮਨੁੱਖ ਮਹਾ = ਵੱਡੇ ਮਦ = ਹੰਕਾਰ ਦੇ ਵਿਚ ਸੁਖ ਜਾਣ ਕੇ ਝੂਲਾ = ਝੂਲ, ਮਸਤ ਹੋਇਆ ਫਿਰਦਾ ਹੈ।

## ਪੰਡਿਤ ਹ੍ਵੈ ਵਿਚਰੇ ਭਵ ਮੈਂ; ਨਿਜ ਪ੍ਰਯੋਜਨ ਡਾਰਿ ਦਯੋ ਅਨੁਕੂਲਾ॥

ਉਹ ਮੂਰਖ ਮਨੁੱਖ ਪੰਡਿਤ = ਵਿਦਵਾਨ ਹ੍ਵੈ = ਹੋ ਕਰਕੇ ਭਵ = ਸੰਸਾਰ ਦੇ ਮੈ = ਵਿਚ ਵਿਚਰੇ = ਵਿਚਰਦਾ ਹੈ, ਪਰ ਜੋ ਨਿਜ = ਆਪਣੀ ਕਲਿਆਣ ਦਾ ਅਨੁਕੂਲਾ = ਸੁਖਦਾਈ ਪਰਮ ਪ੍ਰਯੋਜਨ ਸੀ, ਉਹ ਡਾਰਿ = ਸੁੱਟ ਦਯੋ = ਦਿੱਤਾ ਹੈ, ਭਾਵ ਮਨੁੱਖਾ ਸਰੀਰ ਪਾ ਕੇ ਵਿੱਦਿਆ ਪੜ੍ਹ ਕੇ ਆਪਣੀ ਮੁਕਤੀ ਦੇ ਰਸਤੇ ਨੂੰ ਸਿੱਧ ਕਰਨਾ ਸੀ, ਉਹ ਨਹੀਂ ਕੀਤਾ।

## ਔਰਨ ਕੋ ਉਪਦੇਸ਼ ਬਤਾਵਤ; ਆਪ ਬੰਧਯੋ ਜੈਸੇ ਗੱਡ ਕੋ ਜੂਲਾ॥

ਉਹ ਔਰਨ = ਹੋਰਨਾਂ ਕੋ = ਨੂੰ ਤਾਂ ਉਪਦੇਸ਼ ਬਤਾਵਤ = ਦੱਸਦਾ ਹੈ ਕਿ ਇਹ ਸੰਸਾਰ ਸੁਪਨੇ ਦੀ ਨਿਆਈਂ ਹੈ, ਇਹ ਸਰੀਰ ਖਿਨਭੰਗਰ ਹੈ, ਇਸ ਸਰੀਰ ਦਾ ਕੁਝ ਵੀ ਭਰੋਸਾ ਨਹੀਂ, ਇਸ ਲਈ ਸ੍ਵਾਸ-ਸ੍ਵਾਸ ਪਰਮਾਤਮਾ ਦਾ ਨਾਮ ਜਪਨਾ ਕਰੋ, ਸੰਸਾਰ ਤੋਂ ਉਪਰਾਮ ਰਹੋ, ਪਰ ਆਪ ਸੰਸਾਰ ਦੇ ਪਦਾਰਥਾਂ ਦੇ ਨਾਲ ਇਸ ਤਰ੍ਹਾਂ ਬੰਧਯੋ = ਬੰਨ੍ਹਿਆ ਹੋਇਆ ਹੈ, ਜੈਸੇ = ਜਿਸ ਪ੍ਰਕਾਰ ਗੱਡ = ਗੱਡੇ ਕੋ = ਦਾ ਜੂਲਾ ਬੰਨ੍ਹਿਆ ਹੁੰਦਾ ਹੈ।

ਜੂਲਾ = ਗੱਡੇ ਰੱਥ ਆਦਿ ਦਾ ਉਹ ਡੰਡਾ ਜੋ ਪੰਜਾਲੀ ਦੀ ਸ਼ਕਲ ਦਾ ਹੁੰਦਾ ਹੈ ਤੇ ਮਜ਼ਬੂਤ ਰੱਸੇ ਨਾਲ ਗੱਡੇ ਦੇ ਮੂਹਰਲੇ ਹਿੱਸੇ ਨੂੰ ਬੰਨ੍ਹਿਆ ਹੁੰਦਾ ਹੈ, ਜਿਸ ਨਾਲ ਬੈਲ ਘੋੜੇ ਆਦਿ ਜੋੜੀਦੇ ਹਨ।

## ਸੁੰਦਰ ਊਪਰ ਤੇ ਵਹੁ ਦੀਸਤ; ਭੀਤਰ ਯੌਂ ਜਿਮ ਕਿਸੁਕ ਫੂਲਾ॥੯॥

ਵਹੁ = ਉਹ ਮਨੁੱਖ ਊਪਰ = ਉੱਪਰੋਂ ਭਾਵ ਬਾਹਰੋਂ ਤਾਂ ਬਸਤ੍ਰਾਂ ਆਦਿ ਕਰਕੇ ਬਹੁਤ ਸੁੰਦਰ = ਸੋਹਣਾ

ਦੀਸਤ = ਦਿੱਸਦਾ ਹੈ, ਪਰ ਭੀਤਰ = ਅੰਦਰੋਂ ਯੌਂ = ਇਸ ਪ੍ਰਕਾਰ ਗੁਣਾਂ ਤੋਂ ਖ਼ਾਲੀ ਹੈ, ਜਿਮ = ਜਿਸ ਪ੍ਰਕਾਰ ਕਿਸੁਕ = ਕੇਸੂ ਦਾ ਫੂਲਾ = ਫੁੱਲ ਬਾਹਰੋਂ ਸੋਹਣਾ ਲੱਗਦਾ ਹੈ ਪਰ ਉਸ ਵਿੱਚੋਂ ਕੋਈ ਖ਼ੁਸ਼ਬੂ ਨਹੀਂ ਆਉਂਦੀ।

**ਵਾ:** ਜਿਵੇਂ ਕੇਸੂ ਦਾ ਫੁੱਲ ਅੰਦਰੋਂ ਕਾਲਾ ਹੁੰਦਾ ਹੈ ਤਿਵੇਂ ਉਸਦਾ ਮਨ ਅੰਦਰੋਂ ਕਾਲਾ ਹੁੰਦਾ ਹੈ, ਲੋਕਾਂ ਦੇ ਧਨ ਨੂੰ ਚੁਰਾਉਣ ਦਾ ਉਪਾਉ ਹੀ ਸੋਚਦਾ ਰਹਿੰਦਾ ਹੈ॥੯॥

## ਦੇਹ ਸਿੰਗਾਰ, ਅਹਾਰ ਰਜੋਗੁਣ; ਮੂਢਨ ਸੰਗ, ਵਿਚਿਤ੍ਰਿਤ ਮੰਦਰ॥

ਵਸਤ੍ਰਾਂ, ਗਹਿਣਿਆਂ, ਸੁਗੰਧਿਤ ਪਦਾਰਥਾਂ ਕਰਕੇ ਦੇਹ ਦਾ ਸ਼ਿੰਗਾਰ ਕਰਨਾ, ਮਦ, ਮਾਸ, ਮਸਾਲੇ ਵਾਲੇ ਆਦਿ ਰਜੋਗੁਣੀ ਅਹਾਰ = ਭੋਜਨ ਖਾਣਾ, ਮੂਢਨ = ਮੂਰਖ ਮਨੁੱਖਾਂ ਦਾ ਸੰਗ = ਸਾਥ ਕਰਨਾ ਅਤੇ ਵਿਚਿਤ੍ਰਿਤ = ਚਿਤਰੇ ਹੋਏ, ਰੰਗਾਂ-ਰੰਗਾਂ ਦੇ ਮੰਦਰਾਂ ਵਿਚ ਨਿਵਾਸ ਕਰਨਾ।

## ਨਾਰਿ ਨਿਰੂਪਨ ਕਾਵਯ ਜੁ ਹੈਂ; ਪੁਨ ਮੈਥੁਨ ਆਠ ਜੁ ਗ੍ਰੰਥਨ ਅੰਦਰ॥

ਨਾਰਿ = ਇਸਤ੍ਰੀਆਂ ਦੀਆਂ ਜਾਤਾਂ, ਰੂਪ ਅੰਗਾਂ ਆਦਿ ਦਾ ਨਿਰੂਪਨ = ਵਰਣਨ ਕਰਨ ਵਾਲੇ ਜੁ = ਜਿਹੜੇ ਕਾਵ੍ਯ ਸ਼ਾਸਤ੍ਰ ਹਨ, ਉਨ੍ਹਾਂ ਦਾ ਪੜ੍ਹਨਾ ਜਾਂ ਪੜ੍ਹਾਉਣਾ ਪੁਨ = ਫੇਰ ਜੋ ਗ੍ਰੰਥਨ = ਗ੍ਰੰਥਾਂ ਦੇ ਅੰਦਰਿ = ਵਿਚ ਜੋ ਆਠ = ਅੱਠ ਪ੍ਰਕਾਰ ਦਾ ਮੈਥੁਨ = ਕਾਮ ਕਥਨ ਕੀਤਾ ਹੈ। ਦਿਨ ਰਾਤ ਉਸ ਕਾਮ ਦੇ ਵਿਚ ਪ੍ਰਵਿਰਤ ਹੋਣਾ। ਅੱਠ ਪ੍ਰਕਾਰ ਦਾ ਕਾਮ ਇਹ ਹੈ। ਜੈਸਾ ਕਿ :

**ਸ੍ਰਵਨ ਸਿਮਰਨ ਔ ਕੀਰਤਨ ਚਿਤਵਤ ਬਾਤ ਇਕੰਤ॥**
**ਦ੍ਰਿੜ ਸੰਕਲਪ ਪ੍ਰਯਤਨ ਤਨ ਪ੍ਰਾਪਤਿ ਅਸਟ ਕਹੰਤ॥੮॥** *(ਵਿਚਾਰਮਾਲਾ, ਬਿਸ੍ਰਾਮ ੪)*

## ਕਾਮਨਿ ਕੋ ਫਲ ਦੇਵਨ ਲੇਵਨ; ਕੰਦ੍ਰਪ ਕ੍ਰੋਧ ਲੋਭਾਦਿ ਕਲੰਦਰ॥

ਕਾਮਨਿ = ਇਸਤ੍ਰੀਆਂ ਕੋ = ਨੂੰ ਕੋਈ ਫਲ = ਪਦਾਰਥ ਦੇਵਨ = ਦੇਣਾ ਅਤੇ ਉਨ੍ਹਾ ਤੋਂ ਕੁਝ ਲੇਵਨ = ਲੈਣਾ। ਇਹ ਕੰਦ੍ਰਪ = ਕਾਮ, ਕ੍ਰੋਧ ਲੋਭਾਦਿ = ਲੋਭ, ਮੋਹ, ਹੰਕਾਰ ਆਦਿ ਕਲੰਦਰ = ਮਦਾਰੀ ਦੀ ਨਿਆਈਂ ਹਨ, ਜੋ ਮਨੁੱਖ ਨੂੰ ਬਾਂਦਰ ਵਾਂਗ ਨਚਾਉਂਦੇ ਰਹਿੰਦੇ ਹਨ।

## ਜੋ ਬਡਭਾਗ ਵਿਰਾਗ ਚਹੈ; ਤਬ ਤ੍ਯਾਗ ਦਏ ਇਤਿਆਦਿਕ ਸੁੰਦਰ॥੧੦॥

ਪਰ ਜੋ = ਜਿਹੜਾ ਬਡਭਾਗ = ਵੱਡੇ ਭਾਗਾਂ ਵਾਲਾ ਮਨੁੱਖ ਸੰਸਾਰ ਵੱਲੋਂ ਵਿਰਾਗ = ਉਪਰਾਮਤਾ ਚਹੈ = ਚਾਹੁੰਦਾ ਹੈ, ਤਬ = ਤਦ ਉਹ ਉਪਰੋਕਤ ਕਥਨ ਕੀਤੇ ਇਤਿਆਦਿਕ ਸੁੰਦਰ ਪਦਾਰਥ ਸਭ ਤਿਆਗ ਦਏ = ਦੇਵੇ, ਭਾਵ ਜਦੋਂ ਉਪਰੋਕਤ ਕਥਨ ਕੀਤੇ ਇਤਿਆਦਿਕ ਪਦਾਰਥਾਂ ਵੱਲੋਂ ਗਿਲਾਨੀ ਪੈਦਾ ਹੋਵੇਗੀ, ਤਦੋਂ ਹੀ ਵੈਰਾਗ ਦੀ ਪ੍ਰਾਪਤੀ ਹੋਵੇਗੀ॥੧੦॥

## ਕਾਮ ਕਹੇ ਮਮ ਰਾਖਤ ਜੋ; ਤਿੰਨ ਕੀ ਰਖ੍ਯਾ ਤਿੰਨ ਦੇਵ ਕਰੈਂਗੇ॥

ਕਾਮ = ਕਾਮਦੇਵ ਕਹੇ = ਆਖਦਾ ਹੈ ਕਿ ਜੋ = ਜਿਹੜੇ ਮਨੁੱਖ ਮਮ = ਮੈਨੂੰ ਰੋਕ ਕੇ ਭਾਵ ਸੰਜਮ ਵਿਚ ਰਾਖਤ = ਰੱਖਦੇ ਹਨ, ਤਿਨ = ਉਨ੍ਹਾਂ ਦੀ ਰੱਖਿਆ ਤਿੰਨ ਦੇਵ = ਤਿੰਨੇ ਵੱਡੇ ਦੇਵਤੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਆਪ ਕਰੈਂਗੇ = ਕਰਨਗੇ।

## ਜੋ ਮਮ ਤ੍ਯਾਗ ਕੁਭੂਮਿ ਬਿਖੇ; ਤਿੰਨ ਦੇਵ ਕੁਪੈਂ, ਤਿਨ੍ ਸੂਖ ਹਰੈਂਗੇ॥

ਜੋ = ਜਿਹੜੇ ਮਨੁੱਖ ਮਮ = ਮੈਨੂੰ ਕੁਭੂਖਿ = ਖੋਟੀ ਧਰਤੀ ਭਾਵ ਪਰ-ਇਸਤ੍ਰੀ, ਵੇਸ਼ਵਾ ਆਦਿ

ਬਿਖੇ = ਵਿਚ ਤਯਾਗਿ = ਤਿਆਗਣਗੇ ਭਾਵ ਵਿਸ਼ੇ ਭੋਗਣਗੇ, ਉਨ੍ਹਾਂ ਉੱਪਰ ਤਿੰਨ ਦੇਵ = ਦੇਵਤੇ ਕੁਪੈਂ = ਕ੍ਰੋਧਵਾਨ ਹੋਣਗੇ ਅਤੇ ਤਿਨ = ਉਨ੍ਹਾਂ ਦੇ ਸਾਰੇ ਸੂਖ = ਸੁੱਖ ਹਰੈਂਗੇ = ਖੋਹ ਲੈਣਗੇ।

## ਠੌਰ ਨਹੀਂ ਤਿੰਨ ਲੋਕ ਬਿਖੇ; ਤ੍ਰਿਨ ਜਯੋਂ ਭ੍ਰਮ ਹੈਂ, ਸ੍ਰਮ ਪੁੰਜ ਧਰੈਂਗੇ ॥

ਉਨ੍ਹਾਂ ਵਿਸ਼ਈ ਮਨੁੱਖਾਂ ਨੂੰ ਤਿੰਨਾਂ ਲੋਕਾਂ ਬਿਖੇ = ਵਿਚ ਕਿਤੇ ਵੀ ਠੌਰ = ਠਹਿਰਨ ਨੂੰ ਥਾਂ ਨਹੀਂ ਮਿਲੇਗੀ, ਉਹ ਤ੍ਰਿਨ = ਸੁੱਕੇ ਕੱਖ ਦੇ ਜਯੋਂ = ਵਾਂਗ ਭ੍ਰਮ ਹੈਂ = ਭਰਮਦੇ ਰਹਿਣਗੇ ਅਤੇ ਪੁੰਜ = ਸਮੂਹ ਸ੍ਰਮ = ਥਕੇਵੇਂ ਨੂੰ ਧਰੈਂਗੇ = ਧਾਰਨ ਕਰਨਗੇ ਭਾਵ ਬਿਅੰਤ ਦੁਖ ਸਹਾਰਨਗੇ।

## ਜਾਰਤ ਹੈਂ ਤਿੰਨ ਤਾਪ ਤਿਨੈ; ਮਮ ਧਾਰਤ , ਆਰੁਤ ਸਿੰਧੁ ਤਰੈਂਗੇ ॥੧੧॥

ਤਿਨੈ = ਉਨ੍ਹਾਂ ਵਿਸ਼ਈ ਮਨੁੱਖਾਂ ਨੂੰ ਆਧੀ-ਬਿਆਧੀ ਤੇ ਉਪਾਧੀ ਰੂਪੀ ਤਿੰਨੇ ਤਾਪ ਜਾਰਤ = ਸਾੜਦੇ ਰਹਿੰਦੇ ਹਨ, ਜਿਹੜੇ ਮਮ = ਮੈਨੂੰ ਮਨ, ਬਾਣੀ ਤੇ ਸਰੀਰ ਕਰਕੇ ਧਾਰਤ = ਧਾਰਨ ਕਰਕੇ ਰੱਖਦੇ ਹਨ, ਭਾਵ ਮੈਨੂੰ ਸੰਜਮ, ਕਾਬੂ ਕਰਕੇ ਰੱਖਦੇ ਹਨ, ਉਹ ਇਸ ਆਰਤ = ਦੁੱਖਦਾਈ ਸੰਸਾਰ ਰੂਪੀ ਸਿੰਧੁ = ਸਮੁੰਦਰ ਤੋਂ ਤਰੈਂਗੇ = ਤਰ ਜਾਣਗੇ ॥੧੧॥

## ਚੰਚਲ ਸੰਗਤ ਤੇ ਚਿਤ ਚੰਚਲ; ਅੰਚਲ ਦਾਗ ਲਗੇ ਕਿਲ ਖਾਸੋ ॥

ਹੇ ਭਾਈ! ਚੰਚਲ = ਇਸਤ੍ਰੀ ਦੀ ਸੰਗਤ ਕਰਨ ਤੋਂ ਪੁਰਸ਼ ਦਾ ਚਿਤ = ਮਨ ਚੰਚਲ = ਚਲਾਇਮਾਨ ਹੋ ਜਾਂਦਾ ਹੈ ਅਤੇ ਹਿਰਦੇ ਰੂਪੀ ਅੰਚਲ = ਪੱਲੇ ਵਿਚ ਕਿਲ = ਨਿਸ਼ਚੇ ਕਰਕੇ ਖਾਸੋ = ਬਹੁਤ ਵੱਡਾ ਦਾਗ = ਕਲੰਕ ਲੱਗ ਜਾਂਦਾ ਹੈ।

## ਤਾ ਸੋਂ ਕਦਾਚਿਤ ਬਾਚਤ ਨਾ; ਅਨਥਾ ਨਹਿ ਬਾਚਤ ਕੋਟਿ ਕਲਾ ਸੋਂ ॥

ਇਸ ਕਰਕੇ ਤਾ = ਉਸ ਪਰਾਈ ਇਸਤ੍ਰੀ ਦੀ ਸੰਗਤ ਕਰਨ ਨਾਲ ਕਦਾਚਿਤ = ਕਦੇ ਵੀ ਕੋਈ ਪੁਰਖ ਬਾਚਤ = ਬਚ ਨਹੀਂ ਸਕਦਾ, ਇਹ ਕੋਈ ਅਨਥਾ = ਝੂਠੀ ਗੱਲ ਨਹੀਂ ਹੈ, ਭਾਵੇਂ ਕੋਟਿ = ਕ੍ਰੋੜਾਂ ਕਲਾਂ ਸੋਂ = ਸ਼ਕਤੀਆਂ ਵਾਲਾ ਵੀ ਕਿਉਂ ਨਾ ਹੋਵੇ, ਉਹ ਵੀ ਬਚ ਨਹੀਂ ਸਕਦਾ **ਵਾ:** ਕ੍ਰੋੜਾਂ ਕਲਾ = ਜੁਗਤੀਆਂ ਕਰਕੇ ਵੀ ਨਹੀਂ ਬਚਿਆ ਜਾ ਸਕਦਾ।

## ਅੰਮ੍ਰਿਤ ਪਾਨ ਕਲਾਲ ਗ੍ਰਿਹੇ; ਪਰ ਜਾਨੇ ਸ਼ਰਾਬ ਸਭੀ ਅਕਲਾਂ ਸੋ ॥

ਦ੍ਰਿਸ਼ਟਾਂਤ ਦੇਂਦੇ ਹਨ ਕਿ ਕੋਈ ਮਨੁੱਖ ਕਲਾਲ = ਸ਼ਰਾਬ ਵੇਚਣ, ਕੱਢਣ ਵਾਲੇ ਗ੍ਰਿਹੇ = ਘਰ ਵਿਚ ਅੰਮ੍ਰਿਤ = ਦੁੱਧ ਪਾਨ = ਪੀ ਕਰਕੇ ਆਇਆ ਹੋਵੇ, ਪਰ ਸਭੀ = ਸਾਰੇ ਆਪਣੀ-ਆਪਣੀ ਅਕਲਾਂ = ਸਮਝ ਸੁ = ਉਹ ਪੁਰਸ਼ ਨਾਲ ਇਹੀ ਜਾਨੇ = ਜਾਨਣਗੇ ਕਿ ਇਹ ਸ਼ਰਾਬ ਪੀ ਕੇ ਆਇਆ ਹੈ। ਏਸੇ ਤਰ੍ਹਾਂ ਪਰਾਈ ਇਸਤ੍ਰੀ ਦੇ ਪਾਸ ਬੈਠਣ ਵਾਲੇ ਮਨੁੱਖ ਨੂੰ ਕੋਈ ਲੋਕ ਚੰਗਾ ਨਹੀਂ ਸਮਝਣਗੇ।

## ਨੀਚ ਕੀ ਸੰਗ ਤੇ ਮੀਚ ਭਲੀ; ਪਰਮਾਰਥ ਬੀਚ ਬਿਰੋਧ ਨ ਮਾਸੋ ॥੧੨॥

ਇਸ ਲਈ ਐਸੀ ਨੀਚ = ਮਾੜੀ ਪਰਾਈ ਇਸਤ੍ਰੀ, ਵੇਸ਼ਵਾ **ਵਾ:** ਨੀਚ = ਮੂਰਖ ਮਨੁੱਖ ਕੀ = ਦੀ ਸੰਗ = ਸੰਗਤ ਨਾਲੋਂ ਮੀਚ = ਮੌਤ ਭਲੀ = ਚੰਗੀ ਹੈ, ਕਿਉਂਕਿ ਇਸ ਨਾਲ ਪਰਮਾਰਥ ਦੇ ਰਸਤੇ ਵਿਚ ਮਾਸੋ = ਮਾਸਾ ਭਰ ਵੀ ਕੋਈ ਵਿਰੋਧ ਨਹੀਂ ਹੈ, ਭਾਵ ਜਿਵੇਂ ਦਾ ਤਿਉਂ ਉਸਦਾ ਪਰਮਾਰਥ ਸਹੀ ਬਣਿਆ ਰਹੇਗਾ, ਜੇਕਰ ਇਸਦਾ ਸੰਗ ਕਰੇਗਾ ਤਾਂ ਪਰਮਾਰਥ ਵਿਗੜ ਜਾਵੇਗਾ ॥੧੨॥

## ਢਿਗ ਛੈਲ ਤੇ ਮੈਲ ਲਗੇ ਦਿਲ ਕੋ; ਤਿਹ ਗੈਲ ਸੁਧੀ ਨ ਕਬੀ ਪਰਹੈ॥

ਰੂਪਵਾਨ, ਸੁੰਦਰ ਛੈਲ = ਇਸਤ੍ਰੀ ਦੇ ਢਿਗ = ਕੋਲ ਬੈਠਣ ਨਾਲ ਹੀ ਪੁਰਖ ਦੇ ਦਿਲ = ਮਨ ਕੋ = ਨੂੰ ਵਿਕਾਰਾਂ ਦੀ ਮੈਲ = ਮਲੀਨਤਾ ਲਗੇ = ਲੱਗ ਜਾਂਦੀ ਹੈ। ਇਸ ਕਰਕੇ ਸੁਧੀ = ਸੂਝਵਾਨ ਸਿਆਣਾ ਮਨੁੱਖ ਕਬੀ = ਕਦੇ ਵੀ ਤਿਹ = ਤਿਸ ਗੈਲ = ਰਸਤੇ ਨਹੀਂ ਪਰਹੈ = ਪੈਂਦਾ ਭਾਵ ਬੁੱਧੀਵਾਨ ਮਨੁੱਖ ਇਸ ਗੱਲ ਦਾ ਸਾਰ ਜਾਣ ਕੇ ਪਰ ਇਸਤ੍ਰੀ ਤੋਂ ਦੂਰ ਹੀ ਰਹਿੰਦਾ ਹੈ।

## ਮਦੁ ਪਾਨ ਸਮਾਨ ਧਿਆਨ ਤਿਸੇ; ਹਰਿਦਯਾਲ ਕਹੇ ਬਿਖ ਕੋ ਸਰ ਹੈ॥

ਵਿਕਾਰੀ ਮਨੁੱਖ ਨੂੰ ਤਿਸੇ = ਉਸ ਪਰ-ਇਸਤ੍ਰੀ ਦਾ ਧਿਆਨ ਮਦੁ = ਸ਼ਰਾਬ ਪਾਨ = ਪੀਣ ਦੇ ਸਮਾਨ ਤੁਲ ਹੈ, ਭਾਵ ਜਿਵੇਂ ਸ਼ਰਾਬ ਪੀ ਕੇ ਮਨੁੱਖ ਨੂੰ ਸੁੱਧ ਬੁੱਧ ਭੁੱਲ ਜਾਂਦੀ ਹੈ, ਤਿਵੇਂ ਪਰ-ਇਸਤ੍ਰੀ ਦੇ ਖ਼ਿਆਲ ਵਿਚ ਹੋਰ ਸਾਰੀ ਸੁੱਧ ਬੁੱਧ ਭੁੱਲ ਜਾਂਦੀ ਹੈ।

ਕਵੀ ਹਰਦਿਆਲ ਜੀ ਕਹੈ = ਕਥਨ ਕਰਦੇ ਹਨ, ਪਰ-ਇਸਤ੍ਰੀ ਮਾਨੋਂ ਇਕ ਤਰ੍ਹਾਂ ਦਾ ਬਿਖ = ਜ਼ਹਿਰ ਕੋ = ਦਾ ਹੀ ਸਰ = ਸਰੋਵਰ (ਤਲਾਅ) ਹੈ, ਭਾਵ ਜਿਵੇਂ ਥੋੜ੍ਹਾ ਜਿਹਾ ਜ਼ਹਿਰ ਖਾ ਕੇ ਮਨੁੱਖ ਦੀ ਮੌਤ ਹੋ ਜਾਂਦੀ ਹੈ ਤਿਵੇਂ ਪਰ-ਇਸਤ੍ਰੀ ਦੇ ਸੰਗ ਕਰਕੇ ਮਨੁੱਖ ਆਪਣੇ ਧਰਮ ਵੱਲੋਂ ਮਰ ਜਾਂਦਾ ਹੈ।

## ਜਿਹ ਹੇਰਨ ਤੇ ਹਿਰਦਾ ਹਲ ਹੈ; ਪ੍ਰਸ਼ਨੋਤਰ ਤੇ ਉਰ ਕੋ ਫਰ ਹੈ॥

ਜਿਹ = ਜਿਸ ਸੁੰਦਰ ਇਸਤ੍ਰੀ ਨੂੰ ਕੇਵਲ ਹੇਰਨ = ਦੇਖਣ ਨਾਲ ਹੀ ਵਿਕਾਰੀ ਮਨੁੱਖ ਦਾ ਹਿਰਦਾ = ਮਨ ਧਰਮ, ਮਰਯਾਦਾ ਵਲੋਂ ਹਲ = ਹਿੱਲ ਜਾਂਦਾ ਹੈ, ਫੇਰ (ਪ੍ਰਸ਼ਨੋ + ਉੱਤਰ) = ਗੱਲ ਬਾਤ ਕਰਨ ਨਾਲ ਉਹ ਇਸਤ੍ਰੀ ਮਨੁੱਖ ਦੇ ਉਰ = ਦਿਲ ਨੂੰ ਫਰ = ਫੜ ਲੈਂਦੀ ਹੈ।

## ਖਲ ਚੰਚਲ ਸੰਗਤ ਵਾਂਗ ਹਿਮਾਚਲ; ਜੋ ਪਰਹੈ ਗਰ ਹੈ ਗਰ ਹੈ॥੧੩॥

ਇਸ ਕਰਕੇ ਖਲ = ਮੂਰਖ **ਵਾ:** ਖਲ = ਨਿਸ਼ਚੇ ਕਰਕੇ ਚੰਚਲ = ਇਸਤ੍ਰੀ ਦੀ ਸੰਗਤ ਤਾਂ ਹਿਮਾਚਲ = ਹਿਮਾਲਯ ਪਹਾੜ, ਬਰਫ਼ੀਲੇ ਪਹਾੜ ਵਾਂਗ ਦੁੱਖਦਾਈ ਹੈ, ਜੋ = ਜਿਹੜਾ ਵੀ ਇਸ ਵਿਚ ਪਰਿਹੈ = ਪੈਂਦਾ ਹੈ, ਉਹ ਗਰ = ਗਲ ਜਾਂਦਾ ਹੈ, ਗਰ = ਗਲ ਜਾਂਦਾ ਹੈ ਇਹ ਦੋ ਵਾਰੀ ਗਲਣ ਦੀ ਗੱਲ ਕਹਿ ਕੇ ਨਿਸਚੇ ਵਾਚਕ ਸ਼ਬਦ ਬਣਾਇਆ ਹੈ॥੧੩॥

ਅੱਗੇ ਆਪਣੀ ਬੇਨਤੀ ਕਥਨ ਕਰਦੇ ਹਨ:

## ਰਘੁਬੀਰ ਰਿਦੇ ਹਮ ਜਾਨਤ ਭੀ; ਭਵ ਭੋਗ ਸਰੋਗ ਬੁਰੇ ਤੇ ਬੁਰੇ॥

ਹੇ ਰਘੁਬੀਰ = ਰਘੂ ਕੁਲ ਦੇ ਬਹਾਦਰ ਸੂਰਮੇ ਰਾਮ, ਪ੍ਰਭੂ ਜੀ! ਅਸੀਂ ਆਪਣੇ ਰਿਦੇ = ਹਿਰਦੇ ਦੇ ਵਿਚ ਇਹ ਗੱਲ ਜਾਨਤ = ਜਾਣਦੇ ਵੀ ਹਾਂ ਕਿ ਭਵ = ਸੰਸਾਰ ਦੇ ਭੋਗ = ਪਦਾਰਥ **ਵਾ:** ਵਿਸ਼ੇ ਭੋਗ ਸਰੋਗ = ਸਹਿਤ ਰੋਗਾਂ ਦੇ ਹਨ ਭਾਵ ਰੋਗ ਦੇਣ ਵਾਲੇ ਹਨ ਅਤੇ ਬੁਰੇ = ਭੈੜਿਆਂ ਤੋਂ ਵੀ ਬੁਰੇ = ਭੈੜੈ ਹਨ।

## ਪਰ ਪੂਰਬ ਪਾਪਨ ਕੇ ਬਲ ਤੇ; ਮਨ ਮੋਰ ਪਦਾਰਥ ਓਰ ਟੁਰੇ॥

ਪਰ = ਪ੍ਰੰਤੂ ਸਾਡੇ ਪੂਰਬ = ਪੂਰਬਲੇ ਬਹੁਤੇ ਪਾਪਨ = ਪਾਪਾਂ ਕੇ = ਦੇ ਬਲ = ਜੋਰ ਕਰਕੇ ਮੋਰ = ਮੇਰੇ ਮਨ ਪਦਾਰਥਾਂ ਓਰ = ਵੱਲ ਟੁਰੇ = ਤੁਰਦਾ ਹੈ, ਭਾਵ ਫੇਰ ਭੋਗਾਂ ਵਿਚ ਪ੍ਰਵਿਰਤ ਹੋ ਜਾਂਦਾ ਹੈ। ਇਨ੍ਹਾਂ ਭੋਗਾਂ ਬਾਰੇ ਜਾਣ ਕੇ ਵੀ ਇਨ੍ਹਾਂ ਤੋਂ ਉਪਰਾਮ ਨਹੀਂ ਹੁੰਦਾ।

## ਹਮ ਮੋਰਤ, ਜੋਰਤ ਨਾਂ ਰੁਚਿ ਸੋਂ; ਮੁਰ ਹੈ ਵਿਖਿਓਂ ਮਹਿ ਫੇਰ ਜੁਰੇ ॥

ਹੇ ਪ੍ਰਭੂ! ਹਮ = ਅਸੀਂ ਵਿਸ਼ਿਆਂ ਦਾ ਫਲ ਬੁਰਾ ਦੱਸ ਦੱਸ ਕੇ ਚਿੱਤ ਨੂੰ ਬਹੁਤ ਮੋਰਤ = ਮੋੜਦੇ ਵੀ ਹਾਂ, ਰੁਚਿ = ਰੁਚੀ ਨਾਲ ਜੋਰਤ = ਜੋੜਦੇ ਵੀ ਨਹੀਂ ਹਾਂ **ਵਾ:** ਅਸੀਂ ਵਿਸ਼ਿਆਂ ਵੱਲੋਂ ਮੋੜ ਕੇ ਤੇਰੇ ਨਾਮ ਵਿਚ ਜੋੜਨਾ ਕਰਦੇ ਹਾਂ, ਪਰ ਫੇਰ ਮੁਰਿ = ਮੁੜ ਕੇ ਵਿਸ਼ਿਆਂ ਦੇ ਵਿਚ ਜੁਰੇ = ਜੁੜ ਜਾਂਦਾ ਹੈ। ਇਸ ਵਿਚ ਮੇਰਾ ਆਪਣਾ ਕੋਈ ਵੀ ਜ਼ੋਰ ਨਹੀਂ ਚੱਲਦਾ।

## ਬਹੁ ਬਾਰ ਜੁਹਾਰ ਹਰੀ ਵਰ ਦੈ; ਤਵ ਛੋਰ ਕਹੂੰ ਨਹਿ ਚਿੱਤ ਫੁਰੇ ॥੧੪॥

ਇਸ ਲਈ ਹੇ ਹਰੀ = ਪ੍ਰਭੂ! ਤੇਰੇ ਚਰਨਾਂ ਉੱਪਰ ਮੈਂ ਬਹੁ = ਬਹੁਤ ਬਾਰ = ਵਾਰ ਜੁਹਾਰ = ਨਮਸਕਾਰ ਕਰਦਾ ਹਾਂ, ਤੂੰ ਮੈਨੂੰ ਇਹੋ ਵਰ = ਵਰਦਾਨ ਦੈ = ਦੇਣਾ ਕਰ ਕਿ ਤਵ = ਤੇਰੇ ਚਰਨ ਕਮਲਾਂ ਨੂੰ ਛੋਰਿ = ਛੱਡ ਕੇ ਹੋਰ ਕੋਈ ਵੀ ਫੁਰਨਾ ਮੇਰੇ ਚਿਤ ਵਿਚ ਫੁਰੇ = ਫੁਰਨਾ ਨਾ ਕਰੇ, ਭਾਵ ਤੈਨੂੰ ਛੱਡ ਕੇ ਮੇਰਾ ਚਿੱਤ ਹੋਰ ਕਿਸੇ ਪਾਸੇ ਵੱਲ ਵੀ ਨਹਿ = ਨਾ ਜਾਵੇ ॥੧੪॥

## ਰੂਆਲ ਛੰਦ ॥

## ਤਨ ਰਥ ਮਨ ਰਥਵਾਹੀ ਜਾਨੋ; ਪ੍ਰਬਲ ਦੁਸ਼ਟ ਇੰਦ੍ਰੈ ਹੈਂ ਘੋਰੇ ॥

ਹੇ ਭਾਈ! ਆਪਣੇ ਤਨ = ਸਥੂਲ ਸਰੀਰ ਨੂੰ ਰਥ ਤੇ ਮਨ ਨੂੰ ਰਥਵਾਹੀ = ਰਥਵਾਨ, ਰਥ ਨੂੰ ਚਲਾਉਣ ਵਾਲਾ ਜਾਨੋ = ਜਾਨਣਾ ਕਰੋ, ਅਤੇ ਜੋ ਪ੍ਰਬਲ = ਵਿਸ਼ੇਸ਼ ਬਲ ਵਾਲੇ ਦਸ ਦੁਸ਼ਟ ਇੰਦ੍ਰੇ ਹਨ, ਇਹ ਘੋਰੇ = ਘੋੜਿਆਂ ਦੀ ਨਿਆਈਂ ਹਨ।

## ਮਨ ਰਥਵਾਹੀ ਇੰਦ੍ਰਯ ਅਸ਼੍ਵਨ; ਸ਼ੁਭ ਮਾਰਗ ਮੈਂ ਬਲ ਕਰ ਟੋਰੇ ॥

ਮਨ ਰੂਪੀ ਰਥਵਾਹੀ = ਰਥਵਾਨ (ਰਥ ਚਲਾਉਣ ਵਾਲੇ) ਅਤੇ ਗਿਆਨ ਤੇ ਕਰਮ ਇੰਦ੍ਰਿਆਂ ਰੂਪੀ ਦਸ ਅਸ਼੍ਵਨ = ਘੋੜਿਆਂ ਨੂੰ ਸ਼ੁਭ = ਚੰਗੇ ਪਰਮਾਰਥ ਦੇ ਮਾਰਗ = ਰਸਤੇ ਵਿਚ ਬਲ ਕਰ = ਕਰਕੇ ਟੋਰੇ = ਤੋਰਨਾ ਚਾਹੀਦਾ ਹੈ।

## ਸ਼ੋਭਤ ਦੇਹ ਸਯੰਦਨ ਮਾਹਿ; ਜੀਵਾਤਮ ਕੋ ਪਰਮਾਤਮ ਜੋਰੇ ॥

ਜੋ ਦੇਹ = ਸਰੀਰ ਰੂਪੀ ਸਯੰਦਨ = ਰਥ ਮਾਹਿ = ਵਿਚ ਬੈਠਾ ਹੋਇਆ ਜੀਵਾਤਮਾ = ਜੀਵ ਦਾ ਆਤਮਾ ਰੂਪੀ ਅਸਵਾਰ ਸ਼ੋਭਤ = ਸੋਭਾ ਪਾ ਰਿਹਾ ਹੈ, ਉਸਨੂੰ ਪਰਮਾਤਮ = ਪ੍ਰਭੂ ਦੇ ਵਿਚ ਜੋਰੇ = ਜੋੜਨਾ ਕਰੇ।

## ਅਚੁਤ ਪੂਰਣ ਕਾਮ ਸ੍ਵਾਮਿ ਭਵ; ਬਿਸ਼ਨੁ ਵਹੀ ਜੋ ਦੁਬਿਧਾ ਛੋਰੇ ॥੧੫॥

ਇਸ ਭਵ = ਸੰਸਾਰ ਵਿਚ ਪਰਮਾਤਮਾ ਅਚੁਤ = ਅਗਿੜ, ਸਭ ਕਾਮ = ਕਾਮਨਾਵਾਂ ਨੂੰ ਪੂਰਣ = ਪੂਰੀਆਂ ਕਰਨ ਵਾਲਾ, ਸਭ ਦਾ ਸ੍ਵਾਮਿ = ਮਾਲਕ ਅਤੇ ਬਿਸ਼ਨ = ਵਿਸ਼ਨੂੰ ਆਦਿ ਰੂਪਾਂ ਨੂੰ ਧਾਰਨ ਵਾਲਾ ਹੈ, ਜੋ ਮਨੁੱਖ ਆਪਣੇ ਮਨ ਨੂੰ ਕਾਬੂ ਕਰਕੇ ਇੰਦ੍ਰਿਆਂ ਨੂੰ ਸ਼ੁਭ ਭਗਤੀ ਦੇ ਰਸਤੇ ਵਿੱਚੋਂ ਪਾ ਕੇ ਦੁਬਿਧਾ = ਦ੍ਵੈਤ-ਭਾਵ ਅਨੰਦ ਵਿਕਾਰਾਂ ਨੂੰ ਛੋਰੇ = ਛੱਡ ਦਿੰਦਾ ਹੈ, ਵਹੀ = ਉਹ ਮਨੁੱਖ ਉਸ ਪਰਮਾਤਮਾ ਦਾ ਸਰੂਪ ਹੀ ਬਣ ਜਾਂਦਾ ਹੈ ॥੧੫॥

ਪਰ-ਇਸਤ੍ਰੀ, ਵੇਸ਼ਵਾ ਦੇ ਸੰਬੰਧ ਨਾਲ ਜੋ ਨੁਕਸਾਨ ਹੁੰਦਾ ਹੈ, ਅੱਗੇ ਉਹ ਵਰਣਨ ਕਰਦੇ ਹਨ:

## ਕਬਿੱਤ ॥ ਪੁੰਨਨ ਕੋ ਆਰੀ ਹੈ; ਕਿ ਪਾਪਨ ਕੀ ਕਜਾਰੀ ਹੈ;

ਜੋ ਬਿਭਚਾਰ ਕਰਨ ਵਾਲੀ ਔਰਤ ਹੈ, ਉਹ ਮਨੁੱਖ ਦੇ ਪੁੰਨਨ = ਸਮੂਹ ਪੁੰਨ ਕਰਮਾਂ ਕੋ = ਨੂੰ ਨਾਸ਼ ਕਰਨ ਵਾਲੀ ਆਰੀ ਦੀ ਨਿਆਈਂ ਹੈ, ਭਾਵ ਜਿਵੇਂ ਆਰੀ ਲੱਕੜ ਨੂੰ ਕੱਟ ਦੇਂਦੀ ਹੈ ਤਿਵੇਂ ਆਪਣੇ ਧਰਮ ਤੋਂ ਡਿੱਗੀ ਹੋਈ ਔਰਤ, ਵੇਸ਼ਵਾ ਨਾਲ ਜੋ ਪੁਰਖ ਸੰਬੰਧ ਕਰਦਾ ਹੈ, ਉਹ ਔਰਤ ਉਸਦੇ ਸਾਰੇ ਕੀਤੇ ਪੁੰਨਾਂ ਨੂੰ ਕੱਟ ਕੇ ਰੱਖ ਦੇਂਦੀ ਹੈ। ਕਿ = ਜਾਂ ਐਸੀ ਇਸਤ੍ਰੀ ਪਾਪਨ = ਸਮੂੰਹ ਪਾਪਾਂ ਕੀ = ਦੀ ਕਜਾਰੀ = ਬਗ਼ੀਚੀ ਖਿੜੀ ਹੋਈ ਹੈ, ਭਾਵ ਮਾਨੋ ਕਿ ਮਨੁੱਖ ਦੇ ਪਾਪਾਂ ਨੇ ਹੀ ਉਸਦੀ ਮੂਰਤੀ ਧਾਰਨ ਕੀਤੀ ਹੋਈ ਹੈ।

## ਕਿ ਕੀਰਤਿ ਕੁਹਾਰੀ ਹੈ; ਕਿ ਧਨ ਕੋ ਕਟਾਰੀ ਹੈ ॥

ਕਿ = ਜਾਂ ਮਨੁੱਖ ਦੀ ਕੀਰਤਿ = ਕੀਰਤੀ, ਜੱਸ ਨੂੰ ਕੱਟਣ ਲਈ ਕੁਹਾਰੀ = ਕੁਹਾੜੀ ਦੀ ਨਿਆਈਂ ਹੈ, ਭਾਵ ਜਿਵੇਂ ਕੁਹਾੜੀ ਬ੍ਰਿਛਾਂ ਨੂੰ ਕੱਟ ਦੇਂਦੀ ਹੈ ਤਿਵੇਂ ਪਰ-ਇਸਤ੍ਰੀ ਮਨੁੱਖ ਦੇ ਜੱਸ ਨੂੰ ਕੱਟ ਦੇਂਦੀ ਹੈ ਕਿ = ਜਾਂ ਫੇਰ ਧਨ ਕੋ = ਨੂੰ ਦੂਰ ਕਰਨ ਵਾਲੀ ਕਟਾਰੀ ਦੀ ਨਿਆਈਂ ਹੈ।

## ਸ਼ਾਂਤਿ ਕੋ ਬੁਹਾਰੀ ਹੈ; ਕਿ ਕ੍ਰਾਂਤਿ ਕੋ ਕੁਠਾਰੀ ਹੈ;

ਪਰ-ਇਸਤ੍ਰੀ ਮਨੁੱਖ ਦੇ ਅੰਦਰੋਂ ਸ਼ਾਂਤਿ = ਸ਼ਾਂਤੀ ਨੂੰ ਬੁਹਾਰੀ = ਬਹੁਕਰ, ਝਾੜੂ ਵਾਂਗ ਹੂੰਝ ਕੇ ਲੈ ਜਾਂਦੀ ਹੈ, ਕਿ = ਜਾਂ ਇਹ ਪਰ-ਇਸਤ੍ਰੀ ਮਨੁੱਖ ਦੀ ਕ੍ਰਾਂਤਿ = ਕ੍ਰਾਂਤੀ, ਸ਼ੋਭਾ, ਸੁੰਦਰਤਾਈ ਕੋ = ਨੂੰ ਕੁਠਾਰੀ = ਕੁਠਾਲੀ ਦੇ ਵਾਂਗ ਗਾਲ ਦੇਂਦੀ ਹੈ, ਭਾਵ ਜਿਵੇਂ ਸੁਨਿਆਰਾ ਕੁਠਾਲੀ ਵਿਚ ਸੋਨੇ ਚਾਂਦੀ ਆਦਿ ਦੇ ਗਹਿਣੇ ਪਾ ਕੇ ਢਾਲ ਦੇਂਦਾ ਹੈ ਤਿਵੇਂ ਪਰ-ਇਸਤ੍ਰੀ ਮਨੁੱਖ ਦੀ ਸੁੰਦਰਤਾ ਨੂੰ ਢਾਲ ਦੇਂਦੀ ਹੈ, ਕਿਉਂਕਿ ਸਰੀਰ ਦੀ ਸੁੰਦਰਤਾਈ ਧਾਤੂ ਅੰਸ ਦੇ ਰੋਕਨੇ ਕਰਕੇ ਹੁੰਦੀ ਹੈ, ਜਦੋਂ ਪਰ-ਇਸਤ੍ਰੀ ਨਾਲ ਸੰਬੰਧ ਬਣਾਉਣ ਵਿਚ ਹੀ ਸਾਰੀ ਧਾਤੂ ਖ਼ਤਮ ਕਰ ਦਿੱਤੀ ਤਾਂ ਫੇਰ ਸਰੀਰ ਦੀ ਸੁੰਦਰਤਾ ਕਿਵੇਂ ਰਹੇਗੀ, ਭਾਵ ਨਹੀਂ ਰਹੇਗੀ।

## ਕ੍ਰਿਤਾਂਤ ਦੂਤੀ ਭਾਰੀ ਹੈ; ਕਿ ਕੁਲ ਕੋ ਅੰਗਾਰੀ ਹੈ ॥

(ਕ੍ਰਿਤ + ਅੰਤ) ਕੀ ਕ੍ਰਿਤ = ਕੀਤੇ ਹੋਏ ਪਰਪੰਚ ਦਾ ਅੰਤ ਕਰਨ ਵਾਲੇ ਯਮਰਾਜ ਦੇ ਨਰਕ ਰੂਪੀ ਘਰ ਦੇ ਵਿਚ ਭੇਜਣ ਵਾਲੀ ਮਾਨੋ ਇਹ ਪਰ-ਇਸਤ੍ਰੀ ਇਕ ਜਮਦੂਤਨੀ ਦੀ ਨਿਆਈਂ ਹੈ। ਕਿ = ਜਾਂ ਇਹ ਵਿਭਚਾਰਣ ਇਸਤ੍ਰੀ ਮਨੁੱਖ ਦੀ ਕੁਲ = ਵੰਸ਼ ਰੂਪੀ ਰੂੰ ਨੂੰ ਮੇਟਣ ਵਾਸਤੇ ਅੱਗ ਦੀ ਨਿਆਈਂ ਹੈ।

## ਚਿੰਤਾ ਮਹਤਾਰੀ ਹੈ; ਕਿ ਛਲ ਮੈਂ ਮਦਾਰੀ ਹੈ;

ਇਹ ਵਿਭਚਾਰ ਕਰਨ ਵਾਲੀ ਔਰਤ ਮਾਨੋ ਚਿੰਤਾ ਦੀ ਮਹਤਾਰੀ = ਮਾਂ ਹੈ ਕਿਉਂਕਿ ਇਸ ਨਾਲ ਸੰਬੰਧ ਕਰਨ ਵਾਲੇ ਕਰਕੇ ਮਨੁੱਖ ਦੇ ਅੰਦਰ ਕਈ ਚਿੰਤਾਵਾਂ ਜਨਮ ਲੈਂਦੀਆਂ ਹਨ, ਕਿ = ਜਾਂ ਇਹ ਛਲ = ਧੋਖਾ, ਫ਼ਰੇਬ ਕਰਨ ਵਿਚ ਮਦਾਰੀ ਦੀ ਨਿਆਈਂ ਹੈ, ਭਾਵ ਜਿਵੇਂ ਮਦਾਰੀ ਝੂਠੇ ਤਮਾਸ਼ੇ ਦਿਖਾ ਕੇ ਪੁਰਸ਼ਾਂ ਨੂੰ ਛਲ ਲੈਂਦਾ ਹੈ, ਤਿਵੇਂ ਇਸਤ੍ਰੀ ਆਪਣੇ ਹਾਵ-ਭਾਵ ਦਿਖਾ ਕੇ ਪੁਰਸ਼ ਦੇ ਚਿਤ ਨੂੰ ਛਲ ਲੈਂਦੀ ਹੈ।

## ਕਿ ਰੋਗ ਕੀ ਪਿਟਾਰੀ ਹੈ; ਕਿ ਕਲਹਿ ਕੀ ਦੁਆਰੀ ਹੈ ॥

ਕਿ = ਜਾਂ ਇਹ ਇਸਤ੍ਰੀ ਮਾਨੋ ਰੋਗਾਂ ਕੀ = ਦੀ ਪਿਟਾਰੀ ਭਰੀ ਹੋਈ ਹੈ, ਭਾਵ ਵਿਸ਼ੇ ਭੋਗਣ ਵਾਲੇ ਨੂੰ ਬਹੁਤ ਸਾਰੇ ਰੋਗ ਲੱਗ ਜਾਂਦੇ ਹਨ । ਜੈਸਾ ਕਿ :

**.....ਭੋਗੰ ਤ ਰੋਗੰ ॥** *(ਅੰਗ ੧੩੫੪)*

ਕਿ = ਜਾਂ ਫੇਰ ਕਲਹਿ = ਲੜਾਈ ਕੀ = ਦੀ ਮੁਖ ਦੁਆਰੀ ਹੈ ਭਾਵ ਵਿਭਚਾਰ ਕਰਨ ਵਾਲੀ ਔਰਤ ਨਾਲ ਸੰਬੰਧ ਬਣਾਉਣ ਵਾਲਾ ਮਨੁੱਖ ਕਈ ਵਾਰੀ ਉਸਦੀ ਖ਼ਾਤਿਰ ਆਪਣੇ ਪਰਿਵਾਰ, ਸੰਬੰਧੀਆਂ ਨਾਲ ਲੜ ਪੈਂਦਾ ਹੈ।

## ਗੁਣ ਕੂਪ ਘਾਰੀ ਹੈ; ਕਿ ਗਯਾਨ ਬਾਟਪਾਰੀ ਹੈ ॥

ਸ਼ੁਭ ਗੁਣਾਂ ਰੂਪੀ ਕੂਪ = ਖੂਹ ਨੂੰ ਡੇਗਣ ਵਾਲੀ ਘਾਰੀ ਦੇ ਸਮਾਨ ਹੈ ਭਾਵ ਜਿਵੇਂ ਖੂਹ ਦੀ ਮਣ ਵਿਚ ਸੁਰਾਖ ਹੋ ਜਾਂਦਾ ਹੈ, ਉਸ ਵਿਚ ਆਸੇ ਪਾਸੇ ਦਾ ਪਾਣੀ ਲੱਗਣ ਕਰਕੇ ਉਸਦੀ ਚਿਣਾਈ ਕਮਜ਼ੋਰ ਹੋ ਜਾਂਦੀ ਹੈ ਜਿਸ ਕਾਰਨ ਹੌਲੀ-ਹੌਲੀ ਉਹ ਖੂਹ ਢਹਿ ਜਾਂਦਾ ਹੈ, ਏਸੇ ਤਰ੍ਹਾਂ ਮਨੁੱਖ ਦੇ ਅੰਦਰੋਂ ਸ਼ੁਭ ਗੁਣਾਂ ਰੂਪੀ ਖੂਹ ਨੂੰ ਇਹ ਵਿਭਚਾਰਣ ਇਸਤ੍ਰੀ ਡੇਗਣ ਭਾਵ ਨਾਸ਼ ਕਰਨ ਵਾਲੀ ਹੈ ਕਿ = ਜਾਂ ਫੇਰ ਗਿਆਨ ਰੂਪੀ ਧਨ ਨੂੰ ਚੁਰਾਉਣ ਵਾਸਤੇ ਬਾਟਪਾਰੀ = ਰਸਤੇ ਵਿਚ ਠੱਗਣੀ ਦੇ ਸਮਾਨ ਹੈ **ਵਾ:** ਬਾਟ = ਰਸਤੇ ਨੂੰ ਪਾਰੀ = ਪਾੜਨ ਭਾਵ ਰੋਕਣ ਵਾਲੀ ਹੈ।

## ਐਸੀ ਨਾਰੀ ਬਿਭਚਾਰੀ; ਯਾਂ ਤੇ ਰਾਖੈ ਗਿਰਧਾਰੀ ਹੈ ॥੧੯॥

ਹੇ ਗਿਰਧਾਰੀ = ਪਹਾੜ ਨੂੰ ਉਠਾਉਣ ਵਾਲੇ ਕ੍ਰਿਸ਼ਨ, ਪ੍ਰਭੂ ਜੀ ! ਜੋ ਐਸੀ = ਅਜਿਹੀ ਬਿਭਚਾਰੀ = ਦੋਨੋਂ ਪਾਸੇ ਵਿਚਰਨ ਵਾਲੀ, ਬੁਰੇ ਚਾਲ ਚੱਲਣ ਵਾਲੀ ਨਾਰੀ = ਇਸਤ੍ਰੀ ਹੈ ਯਾਂ = ਇਸ ਤੇ = ਤੋਂ ਤੁਸੀਂ ਆਪ ਹੀ ਸਾਡੀ ਰਾਖੈ = ਰੱਖਿਆ ਕਰੋ ॥੧੯॥

ਅੱਗੇ ਮਨ ਨੂੰ ਵੱਸ ਕਰਨ ਲਈ ਇਕ ਕਹਾਣੀ ਦਾ ਸੌਖਾ ਜਿਹਾ ਦ੍ਰਿਸ਼ਟਾਂਤ ਦੇਂਦੇ ਹਨ :

## ਕਬਿੱਤ ॥ ਕੌਤਕ ਨਮਿਤ ਕਹੂੰ ਜਨ ਜਿੰਨ ਮੋਲ ਲੀਨੋ;

ਕਿਸੇ ਮਨੁੱਖ ਨੇ ਇਕ ਜਿੰਨ ਵੱਸ ਕੀਤਾ ਹੋਇਆ ਸੀ, ਉਹ ਪੁਰਖ ਉਸ ਭੂਤ ਨੂੰ ਲੈ ਕੇ ਬਜ਼ਾਰ ਵਿਚ ਵੇਚਨ ਆਇਆ। ਉਸਦਾ ਪੰਜ ਸੌ ਰੁਪਏ ਮੁੱਲ ਰੱਖ ਦਿੱਤਾ। ਉੱਥੇ ਇਕ ਬਹੁਤ ਵੱਡਾ ਸ਼ਾਹੂਕਾਰ ਆਇਆ, ਉਸਨੇ ਕੌਤਕ = ਤਮਾਸ਼ੇ ਨਮਿਤ = ਵਾਸਤੇ ਉਸ ਕੋਲੋਂ ਜਿੰਨ ਮੋਲ = ਮੁੱਲ ਲੀਨ = ਲੈ ਲੈਣਾ ਕੀਤਾ।

## ਗੁਣਾਗੁਣ ਚੀਨੋ ਖੇਦ ਮੋਦ ਭਯੋ ਜੀਨੋ ਹੈ ॥

ਉਸ ਜਿੰਨ ਦੇ (ਗੁਣ + ਅਗੁਣ) ਗੁਣ ਇਹ ਹਨ ਕਿ ਇਸਨੂੰ ਜੋ ਵੀ ਕੰਮ ਕਹੋਗੇ, ਉਹ ਕੰਮ ਪਲਾਂ ਵਿਚ ਕਰ ਦੇਵੇਗਾ ਅਤੇ ਅਗੁਣ ਇਹ ਹਨ ਕਿ ਜਦੋਂ ਇਸ ਕੋਲ ਕੋਈ ਕੰਮ ਨਹੀਂ ਰਿਹਾ ਤਾਂ ਇਹ ਤੈਨੂੰ ਮਾਰ ਦੇਵੇਗਾ। ਇਉਂ ਉਸਦੇ ਗੁਣ ਸੁਣ ਕੇ ਜੀਨੋ = ਹਿਰਦੇ ਵਿਚ ਮੋਦ = ਪ੍ਰਸੰਨਤਾ ਹੋਈ ਅਤੇ ਔਗੁਣ ਚੀਨੋ = ਜਾਣ ਕੇ ਬਹੁਤ ਖੇਦ = ਦੁੱਖ ਹੋਇਆ। ਇਸ ਪ੍ਰਕਾਰ ਉਸ ਸ਼ਾਹੂਕਾਰ ਨੇ ਉਹ ਜਿੰਨ ਖ਼ਰੀਦ ਲਿਆਂਦਾ।

## ਕਹੇ ਕਾਮ ਔਖੋ; ਝਟ ਕਰ ਹਟ ਦੇਤ ਪੋਖੋ;

ਸ਼ਾਹੂਕਾਰ ਨੇ ਉਸ ਜਿੰਨ ਨੂੰ ਆਪਣੇ ਘਰ ਲੈ ਆਂਦਾ, ਸ਼ਾਹੂਕਾਰ ਉਸਨੂੰ ਔਖੋ = ਕਠਿਨ ਤੋਂ ਕਠਿਨ ਕਾਮ = ਕੰਮ ਕਹੇ = ਆਖਣਾ ਕਰੇ ਕਿ ਫਲਾਣੇ ਦੇਸ਼ ਵਿਚ ਜਾ ਕੇ ਮੇਰਾ ਫਲਾਣਾ ਕੰਮ ਕਰ ਆ। ਸ਼ਾਹੂਕਾਰ ਦੇ ਕਹਿਣ ਵਿਚ ਤਾਂ ਥੋੜ੍ਹੀ ਬਹੁਤੀ ਦੇਰ ਲੱਗੇ ਪਰ ਉਹ ਜਿੰਨ ਝਟ = ਛੇਤੀ ਨਾਲ ਕੰਮ ਕਰਕੇ ਹਟ = ਮੁੜ ਕੇ ਦੁਬਾਰਾ ਪੋਖੋ = ਉੱਤਰ ਆਨ ਕੇ ਦੇ ਦੇਂਦਾ ਕਿ ਲਉ ਜੀ ਮੈਂ ਉਹ ਕੰਮ ਕਰ ਆਇਆ ਹਾਂ ਤੁਸੀਂ ਮੈਨੂੰ ਕੋਈ ਹੋਰ ਕੰਮ ਕਹਿਣਾ ਕਰੋ। ਥੋੜ੍ਹੇ ਕੁ ਦਿਨਾਂ ਵਿਚ ਹੀ ਸ਼ਾਹੂਕਾਰ ਦੇ ਸਾਰੇ ਕੰਮ ਮੁੱਕ ਗਏ। ਹੁਣ ਉਹ ਚਿੰਤਾਵਾਨ ਹੋ ਗਿਆ ਕਿ ਜੇਕਰ ਉਸਨੂੰ ਕੋਈ ਕੰਮ ਨਾ ਦੱਸਿਆ ਤਾਂ ਉਹ ਮੈਨੂੰ ਮਾਰ ਮੁਕਾਏਗਾ।

## ਭਯੋ ਧੋਖੋ ਭਾਰੀ ਮਨ ਸੁਤਾ ਮੰਤ੍ਰ ਲੀਨੋ ਹੈ॥

ਇਹ ਵਿਚਾਰ ਕੇ ਸੋਚਦਾ ਹੈ ਕਿ ਮੇਰੇ ਨਾਲ ਬਹੁਤ ਭਾਰੀ = ਵੱਡਾ ਧੋਖੋ = ਛਲ ਭਯੋ = ਹੋ ਗਿਆ ਹੈ, ਇਉਂ ਸੋਚਾਂ ਵਿਚ ਡੁੱਬੇ ਸ਼ਾਹੂਕਾਰ ਨੂੰ ਉਸਦੀ ਲੜਕੀ ਨੇ ਦੇਖਿਆ, ਜੋ ਬਹੁਤ ਹੀ ਅਕਲਮੰਦ ਸੀ। ਉਸਨੇ ਪੁੱਛਿਆ ਕਿ ਪਿਤਾ ਜੀ! ਕੀ ਗੱਲ ਹੋਈ ? ਤੁਸੀਂ ਬਹੁਤ ਚਿੰਤਾਤੁਰ ਦਿੱਸ ਰਹੇ ਹੋ। ਪਹਿਲਾਂ ਤਾਂ ਸ਼ਾਹੂਕਾਰ ਨੇ ਟਾਲ ਦਿੱਤਾ ਕਿ ਕੋਈ ਗੱਲ ਨਹੀਂ ਹੈ ਪਰ ਲੜਕੀ ਦੇ ਬਾਰ ਬਾਰ ਪੁੱਛਣ ਤੋਂ ਉਸਨੇ ਆਪਣੀ ਸਾਰੀ ਗੱਲ ਕਹਿ ਸੁਣਾਈ। ਇਹ ਸੁਣ ਕੇ ਉਸਦੀ ਲੜਕੀ ਨੇ ਕਿਹਾ ਕਿ ਪਿਤਾ ਜੀ! ਇਹ ਤਾਂ ਕੋਈ ਬਹੁਤ ਵੱਡੀ ਚਿੰਤਾ ਵਾਲੀ ਗੱਲ ਨਹੀਂ ਹੈ, ਤਦੋਂ ਸ਼ਾਹੂਕਾਰ ਨੇ ਆਪਣੀ ਸੁਤਾ = ਲੜਕੀ ਦੇ ਕੋਲੋਂ ਮੰਤ੍ਰ = ਸਲਾਹ ਲੀਨੋ = ਲੈਣਾ ਕੀਤੀ। ਲੜਕੀ ਨੇ ਦੱਸਿਆ ਕਿ :

## ਅਗ੍ਰ ਗਾਡੀ ਦਾਰ ਗੁਰ; ਯਾ ਪੈ ਚੜ੍ਹੌਤਰ ਤੂੰ;

ਹੇ ਪਿਤਾ ਜੀ! ਤੁਸੀਂ ਅਗ੍ਰ = ਘਰ ਦੇ ਵਿਹੜੇ ਵਿਚ ਇਕ ਬਹੁਤ ਗੁਰ = ਵੱਡੀ ਦਾਰ = ਲੱਕੜ ਭਾਵ ਬਾਂਸ ਆਦਿ ਗਾਡੀ = ਗੱਡ ਦੇਵੋ, ਜਦੋਂ ਜਿੰਨ ਕੰਮ ਕਰਕੇ ਆਵੇ ਤੇ ਤੁਹਾਡੇ ਕੋਲ ਹੋਰ ਕੋਈ ਕੰਮ ਨਾ ਹੋਵੇ ਤਾਂ ਤੁਸੀਂ ਉਸਨੂੰ ਕਹਿਣਾ ਕਿ ਤੂੰ ਯਾ = ਇਸ ਬਾਂਸ ਦੇ ਪੈ = ਓਪਰ (ਚੜ੍ਹ + ਉੱਤਰ) ਚੜ੍ਹ = ਚੜ੍ਹੀ ਜਾਹ ਅਤੇ ਉੱਤਰ = ਉੱਤਰੀ ਜਾਹ। ਉਸ ਸ਼ਾਹੂਕਾਰ ਨੇ ਉਸੇ ਤਰ੍ਹਾਂ ਹੀ ਕੀਤਾ।

## ਕਹਯੋ ਧਨੀ ਮਾਨਯੋ; ਯਾਂ ਤੇ ਭੂਤ ਬਲ ਖੀਨੋ ਹੈ॥

ਜਦੋਂ ਜਿੰਨ ਕੋਈ ਕਾਰਜ ਕਰਕੇ ਆਇਆ ਤੇ ਉਸਨੇ ਕਿਹਾ ਕਿ ਦੱਸੋ ਹੁਣ ਹੋਰ ਕੀ ਕੰਮ ਹੈ, ਤਦੋਂ ਸ਼ਾਹੂਕਾਰ ਨੇ ਕਿਹਾ ਕਿ ਬਾਕੀ ਤਾਂ ਮੇਰੇ ਕੰਮ ਹੋ ਗਏ ਹਨ ਤੂੰ ਇੰਞ ਕਰ ਕਿ ਇਸ ਲੰਮੀ ਲੱਕੜ ਦੇ ਉੱਪਰ ਚੜ੍ਹੀ ਜਾਹ ਅਤੇ ਉੱਤਰੀ ਜਾਹ। ਉਸ ਭੂਤ ਨੇ ਉਸ ਸ਼ਾਹੂਕਾਰ ਦੀ ਕਹੀ ਗੱਲ ਨੂੰ ਮਾਨਯੋ = ਮੰਨ ਲਿਆ ਤੇ ਉਸ ਲੱਕੜ ਉੱਪਰ ਚੜ੍ਹ ਕੇ ਉੱਤਰੀ ਜਾਵੇ ਯਾ ਤੇ = ਇਸ ਤਰ੍ਹਾਂ ਕਰਨ ਨਾਲ ਭੂਤ ਦਾ ਬਲ ਖੀਨੋ = ਨਾਸ਼ ਹੋ ਗਿਆ। ਇਉਂ ਥੱਕ ਹਾਰ ਕੇ ਸ਼ਾਹੂਕਾਰ ਦੇ ਚਰਨੀਂ ਜਾ ਪਿਆ ਤੇ ਕਹਿਣ ਲੱਗਾ ਕਿ ਤੂੰ ਜਿੱਤਿਆ ਤੇ ਮੈਂ ਹਾਰਿਆ। ਮੈਂ ਹੁਣ ਤੈਨੂੰ ਨਹੀਂ ਮਾਰਾਂਗਾ, ਤੂੰ ਮੈਨੂੰ ਹੁਣ ਆਪਣੇ ਵੱਸ ਕਰ ਲਿਆ ਹੈ। ਹੁਣ ਅੱਗੇ **ਦਾ ਦ੍ਰਿਸ਼ਟਾਂਤ** ਦੇ ਰੂਪ ਵਿਚ ਕਥਨ ਕਰਦੇ ਹਨ :

## ਕੈ ਸ੍ਵਰੂਪ ਲਾਵੈ ਕੈ ਸ੍ਵਰੂਪ ਗੀਤ ਗਾਵੈ;

ਏਸੇ ਤਰੀਕੇ ਨਾਲ ਮਨ ਰੂਪੀ ਭੂਤ ਪਦਾਰਥਾਂ ਵਿਚ ਲੱਗਣ ਕਰਕੇ ਵੱਸ ਨਹੀਂ ਹੋਵੇਗਾ, ਕੈ = ਜਾਂ ਤਾਂ ਇਸਨੂੰ ਆਪਣੇ ਨਿਜ ਸਰੂਪ ਦੇ ਧਿਆਨ ਵਿਚ ਲਾਵੈ = ਲਾਉਣਾ ਕਰੇ ਕੈ = ਜਾਂ ਜਦੋਂ ਧਿਆਨ ਵੱਲੋਂ ਉਥਾਨ ਹੋ ਜਾਵੇ ਤਾਂ ਨਿਜ ਸਰੂਪ ਦੇ ਗੀਤ ਗਾਵੈ = ਗਾਇਨ ਕਰਨ ਲੱਗ ਜਾਵੇ।

## ਐਸੇ ਸੰਤ ਜਨੋ ਨਿਜ ਮਨ; ਭੂਤ ਬਸ ਕੀਨੋ ਹੈ॥੧੭॥

ਐਸੇ = ਇਸ ਤਰੀਕੇ ਨਾਲ ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਨੇ ਨਿਜ = ਆਪਣਾ ਮਨ ਰੂਪੀ ਭੂਤ ਆਪਣੇ ਬਸ = ਅਧੀਨ ਕੀਨੋ = ਕੀਤਾ ਹੈ॥੧੭॥

ਏਥੇ ਗ੍ਰੰਥ ਦੀ ਸਮਾਪਤੀ ਹੋ ਗਈ ਹੈ। ਅੱਗੇ ਕਵੀ ਜੀ ਗ੍ਰੰਥ ਦੀ ਸਮਾਪਤੀ ਦੇ ਮੰਗਲ ਕਰਦੇ ਹਨ ਅਤੇ ਆਪਣੀ ਨਿਮਰਤਾ ਜਣਾਉਂਦੇ ਹੋਏ ਉਚਾਰਣ ਕਰਦੇ ਹਨ।

## ਦੋਹਰਾ ॥

## ਰਘੁਪਤਿ ਗਣਪਤਿ ਵਾਕਪਤਿ; ਤਿਨ ਪ੍ਰਤਿ ਨਿਤਪ੍ਰਤਿ ਬੰਦ ॥

ਰਘੁਪਤਿ = ਰਘੂਆਂ ਦੇ ਕੁਲ ਦੇ ਮਾਲਕ ਰਾਮ ਜੀ, ਗਣਪਤਿ = ਗਿਣਤੀ ਦੇ ਪਤੀ ਗਣੇਸ਼ ਜੀ ਅਤੇ ਵਾਕਪਤਿ = ਬਾਣੀ ਦੀ ਮਾਲਕ ਸੁਰਸਤੀ ਜੀ ਤਿਨ = ਉਨ੍ਹਾਂ ਦੇ ਪ੍ਰਤਿ = ਤਾਈਂ ਮੈ ਨਿਤਪ੍ਰਤਿ = ਨਿਤਾਪ੍ਰਤੀ, ਹਰ ਰੋਜ਼ ਹੱਥ ਜੋੜ ਕੇ ਬੰਦ = ਬੰਦਨਾ, ਨਮਸਕਾਰ ਕਰਦਾ ਹਾਂ।

## ਜਾਹਿੰ ਕ੍ਰਿਪਾ ਪ੍ਰਤਿਬੰਧ ਗਣ; ਪ੍ਰਤਿ ਹਤਿ ਭਏ ਕਮੰਦ ॥੧੮॥

ਜਾਹਿੰ = ਜਿਨ੍ਹਾਂ ਦੀ ਕ੍ਰਿਪਾ = ਮਿਹਰ ਕਰਕੇ ਗਣ = ਸਮੂਹ ਪ੍ਰਤਿਬੰਧ = ਰੁਕਾਵਟਾਂ, ਪਾਪਾਂ ਰੂਪੀ ਕਮੰਦ = ਫਾਹੇ ਪ੍ਰਤਿ = ਉਲਟੇ ਹਤ ਭਏ = ਹੋ ਗਏ **ਵਾ:** ਸਾਰੇ ਵਿਘਨ, ਫਾਹਿਆਂ ਪ੍ਰਤਿ = ਤਾਈਂ ਹਤ = ਨਾਸ਼ ਕੀਤਾ ਹੈ ਅਰਥਾਤ ਇਨ੍ਹਾਂ ਦੀ ਕਿਰਪਾ ਨਾਲ ਹੀ ਮੇਰਾ ਇਹ ਗ੍ਰੰਥ ਨਿਰਵਿਘਨਤਾ ਦੇ ਸਹਿਤ ਸਮਾਪਤ ਹੋਇਆ ਹੈ ॥੧੮॥

ਅੱਗੇ ਇਸੇ ਗ੍ਰੰਥ ਦੇ ਪੜ੍ਹਨ ਦਾ ਲਾਭ, ਫਲ ਕਥਨ ਕਰਦੇ ਹਨ।

## ਸਭਾ ਜਿੱਤ ਪਰਤਾਪ ਤੇ; ਸਭਾ ਜਿੱਤ ਪਰ ਆਪ ॥

ਹੇ ਭਾਈ! ਇਸ ਸਭਾ ਜਿੱਤ = ਸਾਰੁਕਤਾਵਲੀ ਗ੍ਰੰਥ ਦੇ ਪ੍ਰਤਾਪ ਕਰਕੇ ਵੱਡੇ ਵੱਡੇ ਵਿਦਵਾਨਾਂ ਦੀ ਸਭਾ ਨੂੰ ਮਨੁੱਖ ਪਰ = ਵਿਸ਼ੇਸ਼ ਕਰਕੇ ਆਪ ਹੀ ਜਿੱਤ ਲੈਂਦਾ ਹੈ।

## ਸਭਾ ਜਿੱਤ ਕੋ ਢਾਪ ਹੈ; ਸਭਾ ਜਿੱਤ ਕੋ ਜਾਪ ॥੧੯॥

ਜੋ ਮਨੁੱਖ ਵੱਡੀਆਂ-ਵੱਡੀਆਂ ਸਭਾਵਾਂ ਨੂੰ ਜਿੱਤਣ ਵਾਲੇ ਧੁਰੰਧਰ ਵਿਦਵਾਨ ਹਨ, ਉਨ੍ਹਾਂ ਮਨੁੱਖ ਕੋ = ਨੂੰ ਵੀ ਇਸ ਸਭਾ ਜਿੱਤ = ਸਾਰੁਕਤਾਵਲੀ ਗ੍ਰੰਥ ਕੋ = ਦਾ ਜਾਪ = ਅਭਿਆਸ ਕਰਨ ਵਾਲਾ ਮਨੁੱਖ ਢਾਪ = ਢੱਕ ਲੈਂਦਾ ਭਾਵ ਜਿੱਤ ਲੈਂਦਾ ਹੈ, ਭਾਵ ਇਸ ਗ੍ਰੰਥ ਦਾ ਜਾਪ ਸਭਾ ਨੂੰ ਜਿੱਤਣ ਵਾਲਿਆ ਨੂੰ ਆਪਣੇ ਅਧੀਨ ਕਰ ਲੈਂਦਾ ਹੈ ਕਿਉਂਕਿ ਇਸ ਗ੍ਰੰਥ ਵਿਚ ਸੂਖ਼ਮ ਰੂਪ ਨਾਲ ਅਜਿਹੇ ਪ੍ਰਕਰਣ ਲਿਖੇ ਹਨ ਜੋ ਵਿਦਵਾਨ ਦੇ ਬੋਲਣ, ਚੱਲਣ, ਵਿਆਖਿਆ ਕਰਨ ਵਿਚ ਮੱਦਦ ਦਿੰਦੇ ਹਨ, ਤੇ ਮਨੁੱਖ ਹਰ ਪੱਖ ਵਿਚ ਨਿਪੁੰਨ ਕਰ ਦੇਂਦੇ ਹਨ। ॥੧੯॥

ਅੱਗੇ ਗ੍ਰੰਥ ਨੂੰ ਪੜ੍ਹਨ ਦਾ ਢੰਗ ਦੱਸਦੇ ਹਨ ਕਿ :

## ਕਬਿੱਤ ॥ ਤਨ ਕੋ ਪਵਿਤ੍ਰ ਕਰ, ਮਨ ਕੋ ਪਵਿਤ੍ਰ ਕਰ;
## ਤੀਰਥ ਸ਼ਨਾਨ ਕੋ, ਜਹਾਨ ਜਸ ਜਾਨ ਹੈ ॥

ਆਪਣੇ ਤਨ = ਸਰੀਰ ਕੋ = ਨੂੰ ਪਵਿਤ੍ਰ = ਉੱਜਲ ਕਰ = ਕਰਕੇ ਭਾਵ ਇਸ਼ਨਾਨ ਕਰਕੇ ਅਤੇ ਮਨ ਕੋ = ਨੂੰ ਵੀ ਪਵਿਤ੍ਰ = ਸ਼ੁੱਧ ਕਰ = ਕਰਕੇ ਇਸ ਗ੍ਰੰਥ ਨੂੰ ਪੜ੍ਹਨਾ ਕਰੇ।

**ਵਾ:** ਜਿਵੇਂ ਗੰਗਾ, ਸਰਸਵਤੀ, ਪ੍ਰਾਗਰਾਜ ਆਦਿ ਤੀਰਥਾਂ 'ਤੇ ਕੀਤਾ ਸ਼ਨਾਨ = ਇਸ਼ਨਾਨ ਤਨ ਨੂੰ ਵੀ ਪਵਿੱਤ੍ਰ ਕਰਦਾ ਹੈ ਅਤੇ ਮਨ ਨੂੰ ਵੀ ਪਵਿੱਤ੍ਰ ਕਰਦਾ ਹੈ। ਤੀਰਥਾਂ ਦੇ ਇਸ਼ਨਾਨ ਦਾ ਜੱਸ ਸਾਰਾ ਜਹਾਨ = ਸੰਸਾਰ ਹੀ ਜਾਣਦਾ ਹੈ ਭਾਵ ਜਿਵੇਂ ਤੀਰਥਾਂ ਦੇ ਇਸ਼ਨਾਨ ਤਨ ਦੀ ਵੀ ਪਵਿੱਤ੍ਰਤਾ ਤੇ ਮਨ ਦੀ ਪਵਿਤ੍ਰਤਾ ਹੁੰਦੀ ਹੈ ਤਿਵੇਂ ਇਸ ਗ੍ਰੰਥ ਦੇ ਪੜ੍ਹਨ, ਵਿਚਾਰਨ ਨਾਲ ਤਨ ਮਨ ਉੱਜਲ ਹੁੰਦਾ ਹੈ।

## ਮਨ ਕੋ ਵਿਸੁਧ ਕਰ, ਜੀਵ ਕੋ ਪ੍ਰਬੁੱਧ ਕਰ; ਤੀਰਥੋਂ ਕੇ ਜਸ ਕਾ ਭੀ, ਗ੍ਰੰਥੋਂ ਦ੍ਵਾਰਾ ਗਯਾਨ ਹੈ॥

ਇਸ ਗ੍ਰੰਥ ਦਾ ਪੜ੍ਹਨਾ, ਵਿਚਾਰਨਾ ਮਨ ਕੋ = ਨੂੰ ਵਿਸੁਧ = ਵਿਸ਼ੇਸ਼ ਕਰਕੇ ਉੱਜਲ ਕਰ ਦੇਣ ਵਾਲਾ ਹੈ ਅਤੇ ਜੀਵ ਕੋ = ਨੂੰ ਪ੍ਰਬੁੱਧ = ਵਿਸ਼ੇਸ਼ ਕਰਕੇ ਗਿਆਨਵਾਨ ਕਰਨ ਵਾਲਾ ਹੈ, ਭਾਵ ਜੀਵ ਅੰਤਹਕਰਨ ਦੀ ਸ਼ੁੱਧੀ ਦੁਆਰਾ ਗਿਆਨ ਨੂੰ ਪ੍ਰਾਪਤ ਕਰਕੇ ਮੋਖ ਰੂਪ ਹੋ ਜਾਵੇਗਾ, ਫੇਰ ਜੋ ਤੀਰਥਾਂ ਦਾ ਬਿਅੰਤ ਜੱਸ ਹੋ ਰਿਹਾ ਹੈ, ਉਸ ਦਾ ਵੀ ਗ੍ਰੰਥਾਂ ਦੁਆਰਾ ਹੀ ਗਿਆਨ ਪ੍ਰਾਪਤ ਹੁੰਦਾ ਹੈ, ਭਾਵ ਤੀਰਥਾਂ ਦੀ ਮਹਿਮਾ ਵੇਦ, ਸ਼ਾਸਤ੍ਰ ਪੁਰਾਨ ਆਦਿ ਸਭ ਗ੍ਰੰਥ ਕਥਨ ਕਰਦੇ ਹਨ। ਉਨ੍ਹਾਂ ਗ੍ਰੰਥਾਂ ਨੂੰ ਪੜ੍ਹਨ-ਸੁਣਨ ਕਰਕੇ ਤੀਰਥਾਂ ਦੇ ਜੱਸ ਦਾ ਗਿਆਨ ਪ੍ਰਾਪਤ ਹੁੰਦਾ ਹੈ।

## ਤਾਂ ਤੇ ਸਭਾਜਿਤ ਗ੍ਰੰਥ, ਹਰਿਦਯਾਲ ਮੋਖ ਪੰਥ; ਭੇਦੇ ਚਿਤ ਜੜ੍ਹ ਗ੍ਰੰਥ, ਜਾਨੇ ਬੁਧਿਵਾਨ ਹੈ॥

ਤਾਂ ਤੇ = ਤਿਸੀ ਨਮਿਤ ਭਾਵ ਕਿਸੇ ਵਾਸਤੇ ਗ੍ਰੰਥ ਕਰਤਾ ਪੰਡਿਤ ਹਰਦਿਆਲ ਜੀ ਕਥਨ ਕਰਦੇ ਹਨ ਕਿ ਇਹ ਜੋ ਸਭਾਜਿਤ = ਸਾਰੁਕਤਾਵਲੀ ਗ੍ਰੰਥ ਹੈ, ਇਹ ਮੋਖ = ਮੁਕਤੀ ਦੇ ਗਿਆਨ ਰੂਪੀ ਪੰਥ = ਰਸਤੇ ਨੂੰ ਦੇਣ ਵਾਲਾ ਹੈ ਕਿਉਂਕਿ ਇਸ ਗ੍ਰੰਥ ਨੂੰ ਪੜ੍ਹ ਕੇ ਜੀਵ ਨਿਸ਼ਕਾਮ ਕਰਮਾਂ ਵਿਚ ਪ੍ਰਵਿਰਤ ਹੋਵੇਗਾ, ਨਿਸ਼ਕਾਮ ਕਰਮ ਕਰਨ ਨਾਲ ਹਿਰਦਾ ਸ਼ੁੱਧ ਹੋ ਜਾਵੇਗਾ ਤੇ ਸ਼ੁੱਧ ਹਿਰਦੇ ਵਿਚ ਗਿਆਨ ਪ੍ਰਾਪਤ ਹੋ ਜਾਵੇਗਾ।

ਫੇਰ ਜੋ ਚਿਤ = ਚੇਤਨ ਤੇ ਜੜ੍ਹ ਦੀ ਗ੍ਰੰਥ = ਗੰਢ ਪਈ ਹੋਈ ਹੈ ਭਾਵ ਸਤ, ਚਿਤ, ਅਨੰਦ ਸਰੂਪ ਬ੍ਰਹਮ ਨੂੰ ਅਸੱਤ, ਜੜ੍ਹ ਤੇ ਦੁੱਖ ਰੂਪ ਸਮਝਣਾ ਅਤੇ ਅਸੱਤ, ਜੜ੍ਹ ਤੇ ਦੁੱਖ ਰੂਪ ਦੇਹ ਨੂੰ ਸਤ, ਚਿੱਤ, ਅਨੰਦ ਰੂਪ ਸਮਝਣਾ। ਇਸ ਗੰਢ ਨੂੰ ਇਸ ਗ੍ਰੰਥ ਦੇ ਪੜ੍ਹਨ ਤੇ ਵਿਚਾਰਨ ਵਾਲੇ ਭੇਦੇ = ਨਾਸ਼ ਕਰ ਲੈਂਦੇ ਹਨ, ਇਉਂ ਬੁਧਿਵਾਨ = ਸੂਝਵਾਨ, ਸਿਆਣੇ ਮਨੁੱਖ ਸੱਤ ਤੇ ਅਸੱਤ ਦੀ ਵਿਚਾਰ ਨੂੰ ਜਾਨੇ = ਜਾਣ ਲੈਂਦੇ ਹਨ।

## ਜੈਸੇ ਊਚ ਨੀਚ ਮੀਚ, ਕਾਸ਼ੀ ਬੀਚ ਮੋਖ ਲਹੇ; ਤੀਨੋਂ ਦੇਵ ਵਰ ਦੀਨੋਂ, ਸੋਲਾਂ ਤੀਨੋਂ ਮਾਨ ਹੈਂ॥੨੦॥

ਜੈਸੇ = ਜਿਸ ਪ੍ਰਕਾਰ ਊਚ ਨੀਚ = ਉੱਚੀ, ਨੀਵੀਂ ਜਾਤੀ ਵਾਲੇ ਕਾਂਸ਼ੀ ਵਿਚ ਮੀਚ = ਮਰ ਕੇ ਮੋਖ = ਮੁਕਤੀ ਲਹੇ = ਪ੍ਰਾਪਤ ਕਰ ਲੈਂਦੇ ਹਨ, ਭਾਵ ਸ਼ਿਵਜੀ ਨੇ ਕਾਂਸ਼ੀ ਵਿਚ ਸਦਾ ਮੁਕਤੀ ਦਾ ਵਰ ਲਗਾਇਆ ਹੋਇਆ ਹੈ, ਇਸ ਕਾਂਸ਼ੀ ਨੂੰ ਤਿੰਨਾਂ ਵੱਡੇ ਦੇਵਤਿਆ ਨੇ ਵਰਦਾਨ ਦਿੱਤਾ ਹੋਇਆ ਹੈ, ਇਹ ਗੱਲ ਨੂੰ ਸੋਲ੍ਹਾਂ ਤੀਨੋਂ (੧੬ + ੩) = ਉੱਨੀਆਂ ਨੇ ਮਾਨ = ਮੰਨੀ ਹੈ॥੨੦॥

ਅਗਲੇ ਦੋਹਰੇ ਵਿਚ ਉਨ੍ਹਾਂ ਉੱਨੀਆਂ ਦੇ ਨਾਮ ਕਥਨ ਕਰਦੇ ਹਨ :

## ਦੋਹਰਾ॥ ਬੇਦ ਸ਼ਾਸਤ੍ਰ ਜੁਗ ਕਾਲ ਤ੍ਰੈ; ਸੁਰ ਨਰ ਵਾ ਦ੍ਵੈ ਲੋਕ॥

ਚਾਰ ਬੇਦ (੧. ਸ਼ਾਮਵੇਦ, ੨. ਰਿਗਵੇਦ, ੩. ਯਜੁਰ ਵੇਦ, ੪. ਅਥਰਣ ਵੇਦ), ਛੇ ਸ਼ਾਸਤ੍ਰ (੫. ਵਿਆਕਰਨ, ੬. ਨਯਾਯ, ੭. ਯੋਗ, ੮. ਮੀਮਾਂਸਾ, ੯. ਸਾਂਖਯ, ੧੦. ਵੇਦਾਂਤ), ਚਾਰ ਯੁਗ (੧੧. ਸਤਿਜੁਗ, ੧੨. ਤ੍ਰੇਤਾ, ੧੩. ਦੁਆਪਰ, ੧੪. ਕਲਿਜੁਗ) ਤ੍ਰੈ = ਤਿੰਨ ਕਾਲ = ਸਮੇਂ (੧੫. ਭੂਤਕਾਲ, ੧੬. ਭਵਿਖੱਤ, ੧੭. ਵਰਤਮਾਨ), ਸੁਰ = ਦੇਵਤੇ ਤੇ ਨਰ = ਮਨੁੱਖ ਵਾ = ਜਾਂ ਦ੍ਵੈ = ਦੋਵੇਂ ਲੋਕ (ਲੋਕ, ਪ੍ਰਲੋਕ)।

## ਹੈ ਪ੍ਰਮਾਣ ਉਨੀਸ ਮਹਿ; ਮੁਕਤਿ ਦ੍ਵਾਰ ਸ਼ਿਵ ਓਕ ॥੨੧॥

ਇਨ੍ਹਾਂ ਉਨੀਸ = ਉੱਨੀਆਂ ਮਹਿ = ਵਿਚ ਇਹ ਗੱਲ ਪ੍ਰਮਾਣ = ਪ੍ਰਵਾਣਿਤ ਹੈ ਕਿ ਸ਼ਿਵ = ਸ਼ਿਵਜੀ ਦਾ ਓਕ = ਘਰ ਭਾਵ ਕਾਂਸ਼ੀ ਮੁਕਤਿ = ਮੁਕਤੀ ਦਾ ਦ੍ਵਾਰ = ਦਰਵਾਜ਼ਾ ਹੈ। ਸੋ ਭਾਵ ਇਹ ਹੈ ਕਿ ਜਿਵੇਂ ਇਹ ਉੱਨੀ ਪ੍ਰਮਾਣ ਦੇਂਦੇ ਹਨ ਕਿ ਕਾਂਸ਼ੀ ਵਿਚ ਮਰਨ ਤੋਂ ਬਾਅਦ ਮੁਕਤੀ ਮਿਲ ਜਾਂਦੀ ਹੈ ਤਿਵੇਂ ਇਸ ਸਾਰੁਕਤਾਵਲੀ ਗ੍ਰੰਥ ਦੇ ਪੜ੍ਹਨ-ਸੁਣਨ ਅਭਿਆਸ ਕਰਨ ਨਾਲ ਜੀਵ ਦੀ ਕਲਿਆਨ ਹੋ ਜਾਂਦੀ ਹੈ॥੨੧॥

ਅੱਗੇ ਕਵੀ ਜੀ ਆਪਣੀ ਨਿਮਰਤਾ ਦਰਸਾਉਂਦੇ ਹਨ:

## ਸ੍ਵੈਯਾ ॥

## ਨਹਿ ਸੁੱਧ ਅਸੁੱਧ ਕੀ ਸੁੱਧ ਪਰੀ; ਮਮ ਬੁਧਿ ਅਸੁੱਧ ਹੁਤੀ ਅਘ ਧਾਮਾ ॥

ਹੇ ਕਵੀ ਜਨੋਂ! ਇਸ ਗ੍ਰੰਥ ਦੇ ਅੰਦਰ ਸੁੱਧ ਅਸੁੱਧ = ਸ਼ੁੱਧੀ ਅਸ਼ੁੱਧੀ , ਕਵਿਤਾ ਦੇ ਠੀਕ ਤੇ ਗ਼ਲਤ ਕੀ = ਦੀ ਮੈਨੂੰ ਕੋਈ ਸੁੱਧ = ਸੋਝੀ ਨਹੀਂ ਪਰੀ = ਪਈ ਕਿਉਂਕਿ ਮਮ = ਮੇਰੀ ਬੁਧਿ = ਮਤ ਤਾਂ ਅਘ = ਪਾਪਾਂ ਦਾ ਧਾਮਾ = ਘਰ ਬਣੀ ਹੋਈ ਹੈ, ਇਸ ਕਰਕੇ ਅਸੁੱਧ = ਅਪਵਿੱਤ੍ਰ, ਹੁਤੀ = ਹੋਈ ਪਈ ਹੈ।

## ਹਰਿਦਯਾਲ ਵਿਰੁਧ ਜੁ ਹੈ ਵਰਣਾਰਥ; ਸੁੱਧ ਕਰੋ ਤੁਮ ਹੇ ਕਵਿ ਸਯਾਮਾ ॥

ਕਵੀ ਹਰਦਿਆਲ ਜੀ ਕਥਨ ਕਰਦੇ ਹਨ ਕਿ ਇਸ ਮੇਰੇ ਗ੍ਰੰਥ ਵਿਚ ਜੁ = ਜਿਹੜਾ (ਵਰਣ + ਅਰਥ) ਵਰਣ = ਅੱਖਰ ਤੇ ਅਰਥ ਜੇਕਰ ਸਿਧਾਂਤ ਤੋਂ ਵਿਰੁਧ = ਉਲਟ ਹੋਵੇ ਤਾਂ ਹੇ ਸਯਾਮਾ = ਸਿਆਣੇ ਕਵਿ = ਕਵੀ ਜਨੋਂ! ਤੁਮ = ਤੁਸੀਂ ਆਪ ਹੀ ਉਸ ਨੂੰ ਸੁੱਧ = ਠੀਕ ਕਰੋ = ਕਰ ਲੈਣਾ ਅਤੇ ਮੇਰੀ ਭੁੱਲ ਦੀ ਖਿਮਾ ਬਖ਼ਸ਼ਣੀ।

ਗ੍ਰੰਥ ਦੀ ਸਮਾਪਤੀ ਦਾ ਸੰਮਤ ਦੱਸਦੇ ਹਨ ਕਿ:

## ਨਭ ਨਾਗ ਸਿਧੀ ਸਸਿ ਸੰਬਤ ਸਾਵਣ; ਮੰਗਲ ਥਿੱਤ ਛਟੀ ਪੱਖ ਸਯਾਮਾ ॥

ਨਭ = ਅਕਾਸ਼ ਜਿਵੇਂ ਅਕਾਸ਼ ਸ਼ੂਨਯ (ਖ਼ਾਲੀ) ਹੈ ਇਉਂ ਅਕਾਸ਼ ਤੋਂ ਭਾਵ ਸ਼ੂਨਯ = ੦, ਨਾਗ = ਸੱਪ ਇਨ੍ਹਾ ਦੀਆਂ ਕੁਲਾਂ ਦੀ ਗਿਣਤੀ ਨੌਂ ਹੈ (ਅਨੰਤ, ਵਾਸ਼ਕਿ, ਕੰਬਲ, ਕ੍ਰਕੋਟ, ਪਦਮ, ਮਹਾਪਦਮ, ਸ਼ੰਖ, ਕੁਲਿਕ, ਅਤੇ ਤੱਸ਼ਕ) ਇਸ ਪ੍ਰਕਾਰ ਸੱਪ ਤੋਂ ਭਾਵ ੯. ਸਿਧੀ = ਸਿੱਧੀਆਂ ਇਨ੍ਹਾਂ ਦੀ ਗਿਣਤੀ ਮੁਖ ਰੂਪ ਵਿਚ ਅੱਠ ਹੈ (ਅਨਿਮਾ, ਮਹਿਮਾ, ਗਰਿਮਾ, ਲਘਿਮਾ, ਪ੍ਰਾਪਤਿ, ਪ੍ਰਾਕਾਮਯ, ਈਸ਼ਿਤਾ, ਵਸ਼ਿਤਾ) ਇਉਂ ਸਿੱਧੀ ਤੋਂ ਭਾਵ ੮ ਸਸਿ = ਚੰਦ੍ਰਮਾ, ਅਕਾਸ਼ ਵਿਚ ਚੰਦ੍ਰਮਾ ਇਕ ਹੈ, ਇਉਂ ਚੰਦ੍ਰਮਾ ਤੋਂ ਭਾਵ ੧।

ਇਸ ਪ੍ਰਕਾਰ ਇਸਦੀ ਉਲਟੀ ਗਿਣਤੀ ਕਰਕੇ ੧੮੯੦ ਸੰਮਤ ਤੇ ਸਾਵਣ ਦਾ ਮਹੀਨਾ ਬਣਦਾ ਹੈ, ਉਸ ਦਿਨ ਮੰਗਲਵਾਰ, ਛਟੀ = ਛੇਵੀਂ ਥਿੱਤ ਅਤੇ ਸਯਾਮਾ = ਹਨੇਰੇ ਵਾਲਾ ਪੱਖ ਸੀ।

## ਚੁਹਣੀ ਪੁਰ ਮਾਹਿ ਅਰੰਭ ਕਰਯੋ;
## ਇਤਿ ਸ੍ਰੀ ਲਵਧਾਮ ਸਭਾਜਿਤ ਨਾਮਾ ॥੨੨॥

ਇਹ ਗ੍ਰੰਥ ਲਾਹੌਰ ਦੇ ਨਜ਼ਦੀਕ ਚੂਹਣੀ ਪੁਰ ਪਿੰਡ ਦੇ ਮਾਹਿ = ਵਿਚ ਅਰੰਭ ਕਰਯੋ = ਕੀਤਾ ਸੀ। ਇਹ ਸਭਾਜਿਤ = ਸਾਰੁਕਤਾਵਲੀ ਨਾਮਕ ਗ੍ਰੰਥ (ਲਵ + ਧਾਮ) ਸ੍ਰੀ ਰਾਮਚੰਦਰ ਜੀ ਦੇ ਸਪੁੱਤਰ ਲਵ = ਲਭੂ ਦੇ ਵਸਾਏ ਹੋਏ ਧਾਮ = ਘਰ ਭਾਵ ਲਾਹੌਰ ਵਿਚ ਇਤਿ = ਸਮਾਪਤ ਹੋਇਆ॥੨੨॥

ਅੱਗੇ ਇਸ ਪੰਦਰ੍ਹਵੇਂ ਅਧਿਆਇ ਵਿਚ ਆਏ ਛੰਦਾਂ ਦੀ ਗਿਣਤੀ ਕਰਕੇ ਦੱਸਦੇ ਹਨ:

## ਦੋਹਰਾ ॥ ਨੌਮਿ ਸ੍ਵੈਯੇ ਸੋਰਠਿਕ; ਤ੍ਰੈ ਕਬਿਤ ਲਲਤੇਕ ॥

ਇਸ ਪੰਦਰ੍ਹਵੇਂ ਅਧਿਆਇ ਦੇ ਵਿਚ ਨੌਂ ਸਵੱਈਏ, (ਸੋਰਠ + ਇਕ) ਇਕ ਸੋਰਠਾ, ਤ੍ਰੈ = ਤਿੰਨ ਕਬਿਤ ਅਤੇ (ਲਲਤ + ਏਕ) ਇਕ ਲਲਿਤ ਛੰਦ ਆਇਆ ਹੈ।

## ਦੋਹੇ ਪਾਂਚ ਨਰਾਜ ਦੁਇ; ਇਕੀ ਛੰਦ ਬਿਬੇਕ ॥੨੪॥

ਪਾਂਚ = ਪੰਜ, ਦੋਹੇ = ਦੋਹਰੇ, ਨਰਾਜ ਛੰਦ ਦੁਇ = ਦੋ ਆਏ ਹਨ, ਇਉਂ ਕੁਲ ਇੱਕੀ ਛੰਦ ਆਏ ਹਨ, ਜੋ ਬਿਬੇਕ = ਗਿਆਨ ਦੇਣ ਵਾਲੇ ਹਨ **ਵਾ:** ਬਿਬੇਕ = ਵਿਚਾਰਨਾ ਕਰੋ, ਕੁੱਲ ਇੱਕੀ ਛੰਦ ਆਏ ਹਨ ॥੨੪॥

***ਨੋਟ :*** ਇਸ ਅਧਿਆਇ ਵਿਚ ਕਵੀ ਜੀ ਨੇ ਨੌ ਸਵੱਈਏ, ਇਕ ਸੋਰਠਾ, ਤਿੰਨ ਕਬਿੱਤ, ਇਕ ਰੂਆਲ ਛੰਦ (ਲਲਤੇਨ) ਪੰਜ ਦੋਹਰੇ, ਦੋ ਨਰਾਜ ਛੰਦ ਇਸ ਪ੍ਰਕਾਰ ਇੱਕੀ ਛੰਦਾਂ ਦਾ ਜੋੜ ਕੀਤਾ ਹੈ, ਹੁਣ ਜਦੋਂ ਗਿਣਤੀ ਕਰੀਏ ਤਾਂ ਦੋਹਰੇ ਪੰਜ ਦੀ ਥਾਂ ਤੇ ਛੇ ਮਿਲਦੇ ਹਨ, ਇਸ ਲਿਹਾਜਣ ਛੰਦ ਇੱਕੀ ਦੇ ਥਾਂ, ਬਾਈ ਬਣ ਜਾਂਦੇ ਹਨ। ਪਰ ਕਵੀ ਜੀ ਨੇ ਇਥੇ ਇੱਕੀ ਲਿਖੇ ਹਨ, ਇਹ ਮੂਲ ਵਿਚ ਕਦੋਂ ਤੇ ਕਿਥੋਂ ਫ਼ਰਕ ਪਿਆ ਹੈ ਇਸ ਦਾ ਨਿਰਨਾ ਹੋਣਾ ਅਸੰਭਵ ਹੈ, ਵਿਦਵਾਨ ਇਸ ਪਾਸੇ ਧਿਆਨ ਦੇਣ ਜੇਕਰ ਕਿਸੇ ਕੋਲ ਪੁਰਾਣੀ ਲਿਖਤ ਅਨੁਸਾਰ ਇਹ ਗੱਲ ਸਾਬਤ ਹੁੰਦੀ ਹੋਵੇ ਤਾਂ ਦਾਸਾਂ ਨੂੰ ਲਿਖ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

ਆਖ਼ਿਰ ਜਾਪਦਾ ਹੈ ਕਿ ਲਿਖਤ ਵਿਚ ਕਵੀ ਜੀ ਨੇ ਨੌਮਿ ਸ੍ਵੈਯੇ ਦੀ ਥਾਂ ਆਠ ਸ੍ਵੈਯੇ ਲਿਖੇ ਹੋਣ ਤੇ ਦੋਹੇ ਖਟ ਲਿਖੇ ਹੋਣ, ਇਸ ਨਾਲ ਗਿਣਤੀ ੨੧ ਛੰਦ ਦੀ ਪੂਰੀ ਹੋ ਜਾਂਦੀ ਹੈ ਫੇਰ ਇਹ ਪਦ ਇਉਂ ਚਾਹੀਦਾ ਸੀ। ਜੈਸਾ ਕਿ :

**ਦੋਹਰਾ ॥ ਆਠ ਸ੍ਵੈਯੇ ਸੋਰਠਿਕ, ਤ੍ਰੈ ਕਬਿਤ ਲਲਤੇਨ॥**
**ਦੋਹੇ ਖਟ ਨਰਾਜ ਦੁਇ; ਇਕੀ ਛੰਦ ਬਿਬਕੋ ॥੨੧॥**

## ਇਤਿ ਸ੍ਰੀ ਸਾਰੁਕਤਾਵਲੀ; ਪੰਦ੍ਰਸ ਮਿਸ੍ਰਤ ਪਾਠ ॥

ਜੋ ਸ੍ਰੀ = ਸੁਭਾਇਮਾਨ ਸਾਰੁਕਤਾਵਲੀ ਨਾਮਕ ਗ੍ਰੰਥ ਹੈ, ਤਿਸਦਾ ਪੰਦ੍ਰਸ = ਪੰਦਰ੍ਹਵੇਂ ਅਧਿਆਇ ਵਿਚ ਮਿਸ੍ਰਤ = ਰਲੇ-ਮਿਲੇ ਸਿਧਾਂਤ ਵਾਲੇ ਪਾਠ ਦੀ ਏਥੇ ਇਤਿ = ਸਮਾਪਤੀ ਹੁੰਦੀ ਹੈ।

## ਸਭਾ ਜਿੱਤ ਕੇ ਛੰਦ ਸਭ; ਦੋ ਸੈ ਪਾਂਡਵ ਆਠ ॥੧੫॥

ਇਸ ਸਭਾਜਿਤ = ਸਾਰੁਕਤਾਵਲੀ ਗ੍ਰੰਥ ਦੇ ਸਭ = ਸਾਰੇ ਛੰਦ ਦੋ ਸੈ = ਸੌ ਪਾਂਡਵ = ਪੰਜ ਤੇ ਆਠ = ਅੱਠ ਭਾਵ ੨੫੮ ਛੰਦ ਆਏ ਹਨ।

| | | |
|---|---|---|
| ਭਾਵ ਪਹਿਲੇ ਅਧਿਆਇ ਵਿਚ | = | ੨੦ |
| ਦੂਸਰੇ ਅਧਿਆਇ ਵਿਚ | = | ੯ |
| ਤੀਸਰੇ ਅਧਿਆਇ ਵਿਚ | = | ੩੦ |
| ਚੌਥੇ ਅਧਿਆਇ ਵਿਚ | = | ੧੦ |
| ਪੰਜਵੇਂ ਅਧਿਆਇ ਵਿਚ | = | ੮ |
| ਛੇਵੇਂ ਅਧਿਆਇ ਵਿਚ | = | ੬ |
| ਸੱਤਵੇਂ ਅਧਿਆਇ ਵਿਚ | = | ੧੪ |
| ਅੱਠਵੇਂ ਅਧਿਆਇ ਵਿਚ | = | ੧੪ |
| ਨੌਵੇਂ ਅਧਿਆਇ ਵਿਚ | = | ੯ |

| | | |
|---|---|---|
| ਦਸਵੇਂ ਅਧਿਆਇ ਵਿਚ | = | ੧੪ |
| ਗਿਆਰ੍ਹਵੇਂ ਅਧਿਆਇ ਵਿਚ | = | ੨੭ |
| ਬਾਰ੍ਹਵੇਂ ਅਧਿਆਇ ਵਿਚ | = | ੧੭ |
| ਤੇਰ੍ਹਵੇਂ ਅਧਿਆਇ ਵਿਚ | = | ੨੫ |
| ਚੌਦਵੇਂ ਅਧਿਆਇ ਵਿਚ | = | ੧੬ |
| ਪੰਦਰ੍ਹਵੇਂ ਅਧਿਆਇ ਵਿਚ | = | ੨੪ |
| ਕੁਲ | = | ੨੪੩ |

ਹਰੇਕ ਅਧਿਆਇ ਦੇ ਅਖ਼ੀਰ ’ਤੇ ‘ਇਤਿ ਸ੍ਰੀ ਸਾਰੁਕਤਾਵਲੀ’ ਵਾਲੇ ਛੰਦ ੧੫ ਆਏ ਹਨ। ਇਸ ਪ੍ਰਕਾਰ ੨੪੩ + ੧੫ = ੨੫੮ ਛੰਦ ਆਏ ਹਨ।

ਇਨ੍ਹਾਂ ਸਾਰੇ ਅਧਿਆਇਆਂ ਵਿਚ ਮੁਖ, ਰੂਪ ਵਿਚ ਤਾਂ ਜੋ ਸ਼ੁਰੂ ’ਤੇ ਕਿਹਾ ਸੀ ਕਿ ‘ਨਉ ਘਟ ਦ੍ਵੈ ਸਤ ਮੂਲ ਬ੍ਰਿਤ’ ਭਾਵ ਦੋ ਸੌ ਵਿੱਚੋਂ ਨੌਂ ਘੱਟ ੧੯੧ ਛੰਦ ਮੂਲ ਹਨ। ਬਾਕੀ ਦੇ ਛੰਦ ਕਵੀ ਜੀ ਦੀ ਉਕਤ ਹਨ।

(ਸਾਰੁਕਤਾਵਲੀ ਗ੍ਰੰਥ ਸਮਾਪਤੰ)

# ਭਾਵਰਸਾਂਮ੍ਰਿਤ

# ਭਾਵਰਸਾਂਮ੍ਰਿਤ

## ਉਥਾਨਕਾ

**ਦੋਹਰਾ॥ ਏਕੁੰਕਾਰਾ ਸਤਿਗੁਰੂ ਤਿਹਿ ਪ੍ਰਸਾਦਿ ਸਚੁ ਹੋਇ॥**
**ਵਾਹਿਗੁਰੂ ਜੀ ਕੀ ਫਤੇ ਵਿਘਨ ਵਿਨਾਸਨ ਸੋਇ॥੧॥** *(ਸ੍ਰੀ ਨਾਨਕ ਪ੍ਰਕਾਸ਼, ਪੂਰਬਾਰਧ, ਅਧਿ: ੧)*

ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਨੇ ਜੋ ਸੰਸਾਰ 'ਤੇ ਕ੍ਰਿਪਾਲੂ, ਦਿਆਲੂ ਹੋ ਕੇ ਅਨੁਗ੍ਰਹਿ ਕੀਤਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰਗੁਣ ਰੂਪ ਧਾਰ ਕੇ ਨਿਰਮਲ ਪੰਥ ਦਾ ਨਿਰਮਾਣ ਕੀਤਾ ਅਤੇ ਦਸ ਜਾਮੇ ਧਾਰਨ ਕਰਕੇ ਸੰਸਾਰ ਦੇ ਭਲੇ ਲਈ ਅਨੇਕਾਂ ਕਰਤੱਬ ਕੀਤੇ, ਜੋ ਗੁਰੂ ਨਾਨਕ ਦੇਵ ਜੀ ਨੇ:

**ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥**
*(ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੫)*

ਅਤੇ ਏਸੇ ਨਿਰਮਲ ਪੰਥ ਨੂੰ ਦਸਮੇ ਜਾਮੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ੫੨ ਕਵੀ ਰੱਖ ਕੇ ਅਨੇਕਾਂ ਰਚਨਾਵਾਂ ਸੰਸਾਰ ਦੇ ਭਲੇ ਲਈ ਕਰਵਾਈਆਂ ਅਤੇ ਅਨੇਕਾਂ ਸੰਸਕ੍ਰਿਤ ਗ੍ਰੰਥਾਂ ਦੇ ਭਾਸ਼ਾ ਵਿਚ ਉਲੱਥੇ ਕਰਵਾਏ ਅਤੇ ਗੁਰੂ ਨਾਨਕ ਸਾਹਿਬ ਦੇ ਚਲਾਏ ਨਿਰਮਲ ਪੰਥ ਨੂੰ ਵਿਗਸਤ ਕੀਤਾ, ਜਿਥੇ ਆਪ ਜੀ ਤੋਂ ਅਨੇਕਾਂ ਗੁਰਸਿੱਖ ਵਰੋਸਾਏ, ਉਥੇ ਇਕ ਸੰਤ ਭਾਈ ਮਾਨ ਸਿੰਘ ਜੀ ਕਲਗੀਧਰ ਪਾਤਸ਼ਾਹ ਜੀ ਦੇ ਖ਼ੁਸ਼ੀਆਂ ਦੇ ਪਾਤਰ ਬਣੇ, ਪੂਰਨ ਗੁਰਸਿੱਖ ਨਾਮ ਬਾਨੀ ਦੇ ਰਸੀਏ ਸੰਤ ਭਾਈ ਮਾਨ ਸਿੰਘ ਜੀ ਹੋਏ, ਇਹਨਾਂ ਦੇ ਸ਼ਿਸ਼ ਪੰਡਿਤ ਗੁਲਾਬ ਸਿੰਘ ਜੀ ਸੰਸਾਰ ਦੇ ਪ੍ਰਸਿੱਧ ਵਿਦਵਾਨਾਂ ਵਿੱਚੋਂ ਹੋਏ ਹਨ, ਜਿਨ੍ਹਾਂ ਨੇ ਇਹ ਗ੍ਰੰਥ ਜਾਨੇ, ਭਾਵਰਸਾਂਮ੍ਰਿਤ ਗ੍ਰੰਥ ਲਿਖਿਆ ਹੈ, ਲੇਖਕ ਦੀ ਸੰਖੇਪ ਜਾਣਕਾਰੀ ਲਈ ਅੱਗੇ ਉਹਨਾਂ ਦਾ ਜੀਵਨ ਅਤੇ ਜੋ ਗ੍ਰੰਥਾਂ ਦੀ ਰਚਨਾ ਕੀਤੀ ਹੈ, ਉਹਨਾਂ ਦਾ ਵੇਰਵਾ ਦਿੰਦੇ ਹਾਂ। ਇਸ ਮਹਾਨ ਵਿਦਵਾਨ ਦਾ ਜਨਮ ਪਾਕਿਸਤਾਨ ਵਿਚ ਜ਼ਿਲ੍ਹਾ ਲਾਹੌਰ ਤਹਿਸੀਲ ਚੂਹਣੀਆਂ ਦੇ ਨਗਰ ਸੇਖਵ (ਸੇਖਮ)[੧] ਵਿਚ ਚੱਬੇ ਗੋਤ ਦੇ ਜ਼ਿਮੀਦਾਰ ਪਿਤਾ (ਰਾਇਆ) ਦੇ ਘਰ ਮਾਤਾ (ਗੌਰੀ) ਦੀ ਕੁਖ ਤੋਂ ਸੰਮਤ ੧੭੮੯ ਬਿਕ੍ਰਮੀ ਨੂੰ ਜਨਮ ਹੋਇਆ, ਖ਼ਾਨਦਾਨੀ ਗੁਰੂ ਘਰ ਦੇ ਸ਼ਰਧਾਲੂ ਹੋਣ ਕਰਕੇ ਪੁੱਤਰ ਦਾ ਨਾਮਕਰਨ ਕੀਤਾ, ਇਸ ਸਹਿਜਧਾਰੀ ਗੁਰਸਿੱਖ ਪਰਿਵਾਰ ਨੇ ਬਾਲਕ ਦਾ ਨਾਮ ਗੁਲਾਬਾ ਰੱਖਿਆ। ਮਾਤਾ ਦੀ ਗੋਦ ਤੋਂ ਪਿਤਾ ਦੇ ਆਂਗਨ, ਤੁਰਨ ਫਿਰਨ ਬਾਲ ਅਵਸਥਾ ਹੰਢਾਉਂਦਿਆਂ ਵੱਡੇ ਹੋਏ, ਬਚਪਨ ਦਾ ਦੂਸਰਾ ਦੌਰਾ ਸ਼ੁਰੂ ਹੋਇਆ। ਜਿਸ ਦੇ ਵਿਚ ਖਾਣ-ਪੀਣ ਅਤੇ ਮਾਤਾ-ਪਿਤਾ ਤੇ ਪਰਿਵਾਰ ਦੇ ਮੋਹ ਦੀਆਂ ਜੰਜੀਰਾਂ ਜਕੜ ਕੇ ਰੱਖਦੀਆਂ ਹਨ, ਪਰ ਇਹ ਮਹਾਨ ਪੁਰਸ਼ ਆਮ ਬੱਚਿਆਂ ਨਾਲੋਂ ਨਿਰਾਲਾ ਸੀ। ਜਨਮ ਤੋਂ ਪਿਛਲੇ ਜਨਮ ਜਨਮਾਤ੍ਰਾਂ ਦੇ ਸੰਸਕਾਰਾਂ ਕਰਕੇ ਉਪਰਾਮਤਾ ਵਾਲੀ ਬਿਰਤੀ ਸੀ। ਬਚਪਨ ਵਿਚ ਜੋ ਬੱਚਿਆਂ ਨੂੰ ਖੇਡਾਂ ਪਿਆਰੀਆਂ ਹੁੰਦੀਆਂ ਹਨ, ਗੁਲਾਬ ਸਿੰਘ ਇਹਨਾਂ ਖੇਡਾਂ ਤੋਂ ਉਪਰਾਮ ਸਨ ਅਤੇ ਜ਼ਿਮੀਦਾਰਾਂ ਘਰਾਣਾ ਹੋਣ ਕਰਕੇ ਜੋ ਬੱਚਿਆਂ ਨੂੰ ਅੱਗੇ ਵੱਛੇ ਚਾਰਨ ਲਈ ਭੇਜਿਆਂ ਜਾਂਦਾ ਹੈ, ਪਰ ਗੁਲਾਬ ਸਿੰਘ ਇਨ੍ਹਾਂ ਤੋਂ ਵੀ ਉਪਰਾਮ ਸੀ, ਆਪਣੇ ਹੀ ਪਿੰਡ ਵਿਚ ਰਹਿਣ ਵਾਲੇ ਸੰਤ ਮਾਨ ਸਿੰਘ ਜੀ ਪਾਸੋਂ ਗੁਰੂ ਘਰ ਦੀ ਵਿੱਦਿਆ ਪੜ੍ਹਨੀ ਆਰਭ ਕਰ ਦਿੱਤੀ, ਇਹਨਾਂ ਦੀ ਨਿਰਮਲ ਬੁੱਧ ਦਾ ਪ੍ਰਭਾਵ ਸੰਤ ਮਾਨ ਸਿੰਘ ਜੀ ਦੇ ਵੀ ਪਿਆ ਕਿ ਹੋਣਹਾਰ

---

੧. ਇਹ ਸੇਖਵ ਪਿੰਡ ਪਤੋ ਕੀ ਮੰਡੀ ਤੋਂ ਚਾਰ ਮੀਲ ਪੱਕੀ ਸੜਕ ਦੇ ਕੰਢੇ ਉੱਪਰ ਕੱਚੀ ਕੋਠੀ ਤੋਂ ਚਾਰ ਪੰਜ ਕੋਹ ਦੇ ਕਰੀਬ ਹੈ, ਪੰਡਿਤ ਜੀ ਦੀ ਯਾਦਗਾਰ ਵਿਚ ਇਥੇ ਖੂਹ ਵੀ ਹੈ।

ਵਿਦਿਆਰਥੀ ਹੈ ਭਾਵੇਂ ਉਹ ਆਪ ਚੰਗੇ ਵਿਦਵਾਨ ਸਨ, ਪਰ ਉਹਨਾਂ ਦੇ ਆਪਣੇ ਵਿਦਿਆਰਥੀ ਨੂੰ ਆਪਣੇ ਨਾਲੋਂ ਵੀ ਵਧੇਰੇ ਵਿਦਵਾਨ ਬਣਾਉਣ ਲਈ ਸੋਚਿਆ ਅਤੇ ਗੁਰਮਤਿ ਦੀ ਪੂਰੀ ਵਿੱਦਿਆ ਪੜ੍ਹ ਕੇ ਸੋਲਾਂ ਵਰ੍ਹਿਆਂ ਦੀ ਉਮਰ ਵਿਚ ਉੱਘੇ ਵਿਦਵਾਨ ਬਣ ਗਏ। ਸੰਤ ਮਾਨ ਸਿੰਘ ਜੀ ਨੇ ਕੇਵਲ ਵਿੱਦਿਆ ਹੀ ਨਹੀਂ ਦਿੱਤੀ, ਸਗੋਂ ਪੂਰਨ ਸਾਧੂਆਂ ਵਾਲਾ ਜੀਵਨ ਵੀ ਪ੍ਰਦਾਨ ਕੀਤਾ। ਗੁਲਾਬ ਸਿੰਘ ਜੀ ਨੂੰ ਮਹਾਂਪੁਰਸ਼ਾਂ ਦੀ ਸੰਗਤ ਨੇ ਸੰਸਾਰ ਵੱਲੋਂ ਪੂਰੀ ਤਰ੍ਹਾਂ ਉਪਰਾਮ ਕਰ ਦਿੱਤਾ ਅਤੇ ਮਹਾਂਪੁਰਸ਼ਾਂ ਨੇ ਵਿੱਦਿਆ ਵਿਚ ਹੋਰ ਤਰੱਕੀ ਕਰਨ ਲਈ ਇਨ੍ਹਾਂ ਨੂੰ ਕਾਸ਼ੀ ਭੇਜਿਆ, ਇਨ੍ਹਾਂ ਦੇ ਮਨ ਵਿਚ ਭੀ ਹੋਰ ਵਿਦਿਆ ਪੜ੍ਹਨ ਦਾ ਸ਼ੌਂਕ ਸੀ, ਸੰਤ ਮਾਨ ਸਿੰਘ ਜੀ ਨੂੰ ਪਤਾ ਸੀ ਕਿ ਕਾਂਸ਼ੀ ਦੇ ਪੰਡਿਤ ਗੁਲਾਬ ਸਿੰਘ ਨੂੰ ਜ਼ਿਮੀਦਾਰ ਹੋਣ ਕਰਕੇ ਵਿਦਿਆ ਨਹੀਂ ਪੜ੍ਹਾਉਣਗੇ। ਇਸ ਲਈ ਉਨ੍ਹਾਂ ਨੇ ਸਾਧੂ ਬਾਣਾ ਧਾਰਨ ਕਰਨ ਦੀ ਰਾਏ ਦਿੱਤੀ। ਪੰਡਿਤ ਗੁਲਾਬ ਸਿੰਘ ਜੀ ਸਾਧੂ ਬਾਣਾ ਧਾਰਨ ਕਰਕੇ ਕਾਂਸ਼ੀ, ਪੁੱਜ ਗਏ ਅਤੇ ਪਾਠਸ਼ਾਲਾ ਵਿਚ ਵਿਦਿਆ ਪੜ੍ਹਨ ਲੱਗੇ ਅਤੇ ਪੜ੍ਹਨ ਵਿਚ ਕੋਈ ਮੁਸ਼ਕਲ ਨਹੀਂ ਆਈ ਅਤੇ ਸਾਧੂ ਲਿਬਾਸ ਹੋਣ ਕਰਕੇ ਸਭ ਤਰ੍ਹਾਂ ਦੀਆਂ ਸਹੂਲਤਾਂ ਪ੍ਰਾਪਤ ਹੋ ਗਈਆਂ। ਕਾਂਸ਼ੀ ਦੇ ਪ੍ਰਸਿੱਧ ਅਚਾਰੀਆ ਬ੍ਰਾਹਮਣ ਦੇ ਕੋਲੋਂ ਸੰਸਕ੍ਰਿਤ ਵਿੱਦਿਆ ਪੜ੍ਹਨੀ ਸ਼ੁਰੂ ਕਰ ਦਿੱਤੀ। ਪੜ੍ਹਦੇ ਨੂੰ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ, ਇਸ ਦੇ ਪੜ੍ਹਾਉਣ ਵਾਲੇ ਆਚਾਰੀਆ ਨੂੰ ਗੁਲਾਬ ਸਿੰਘ ਦੇ ਜ਼ਿਮੀਦਾਰ ਹੋਣ ਦਾ ਪਤਾ ਲੱਗ ਗਿਆ। ਜਾਤ ਦੇ ਅਭਿਮਾਨੀ ਬ੍ਰਾਹਮਣ ਨੇ ਇਹ ਕਹਿ ਕੇ ਪਾਠਸ਼ਾਲਾ ਵਿਚੋਂ ਬਾਹਰ ਕੱਢ ਦਿੱਤਾ ਕਿ ਤੂੰ ਵੈਸ਼ ਜਾਤੀ ਵਿਚੋਂ ਹੋਣ ਕਰਕੇ ਵੇਦ ਵਿੱਦਿਆ ਦਾ ਅਧਿਕਾਰ ਨਹੀਂ ਰੱਖਦਾ। ਭਾਈ ਗੁਲਾਬ ਸਿੰਘ ਨੇ ਬੜੇ ਤਰਲੇ ਲਏ, ਬੜੀਆਂ ਮਿੰਨਤਾਂ ਕੀਤੀਆਂ ਕਿ ਤੁਸੀਂ ਐਸਾ ਨਾ ਕਰੋ, ਪਰ ਹੰਕਾਰੀ ਬ੍ਰਾਹਮਣ ਨੇ ਇਕ ਨਾ ਸੁਣੀ। ਇਕੋ ਹੀ ਗੱਲ 'ਤੇ ਅੜਿਆ ਰਿਹਾ ਕਿ ਵੇਦ ਵਿੱਦਿਆ ਪੜ੍ਹਨ ਤੇ ਪੜ੍ਹਾਉਣ ਦਾ ਅਧਿਕਾਰ ਕੇਵਲ ਬ੍ਰਾਹਮਣਾਂ ਨੂੰ ਹੈ। ਛਤ੍ਰੀ ਵੇਦ ਵਿੱਦਿਆ ਪੜ੍ਹ ਤਾਂ ਸਕਦਾ ਹੈ, ਪਰ ਪੜ੍ਹਾਉਣ ਦਾ ਅਧਿਕਾਰ ਉਸ ਕੋਲ ਵੀ ਨਹੀਂ ਹੈ ਤੇ ਵੈਸ਼ ਜਾਤੀ ਦੇ ਲੋਕ ਕੇਵਲ ਸੁਣ ਸਕਦੇ ਹਨ ਪੜ੍ਹਨ ਦਾ ਅਧਿਕਾਰ ਨਹੀਂ ਰੱਖਦੇ ਅਤੇ ਸ਼ੂਦਰ ਨਾ ਪੜ੍ਹ ਸਕਦੇ ਹਨ ਨਾ ਹੀ ਸੁਣ ਸਕਦੇ ਹਨ। ਏਸ ਵਿਧਾਨ ਅਨੁਸਾਰ ਜ਼ਿਮੀਦਾਰ ਵੈਸ਼ ਜਾਤੀ ਨਾਲ ਸੰਬੰਧ ਰੱਖਦੇ ਹਨ। ਇਹ ਮਨੁੱਖ ਜਾਤੀ ਨੂੰ ਚਾਰ ਥਾਵਾਂ 'ਤੇ ਵੰਡਣ ਵਾਲੀ ਮੰਨੂੰ ਸੋਚ ਨੇ ਤਿੰਨ ਵਰਣਾਂ ਦੇ ਲੋਕਾਂ ਨੂੰ ਵਿੱਦਿਆ ਤੋਂ ਵਾਂਝਾ ਰੱਖਿਆ। ਸਤਯੁੱਗ, ਤ੍ਰੇਤਾ, ਦੁਆਪਰ ਤਕ ਬ੍ਰਾਹਮਣ ਜਾਤੀ ਦੇ ਲੋਕਾਂ ਨੇ ਇਹ ਵੇਦ ਵਿੱਦਿਆ ਦੇ ਗਿਆਨ ਤੋਂ ਤਿੰਨ ਵਰਣਾਂ ਦੇ ਲੋਕਾਂ ਨੂੰ ਵਾਂਝਾ ਰੱਖਣ ਦਾ ਪਾਪ ਕੀਤਾ। ਵੇਦ ਵਿੱਦਿਆ ਦਾ ਅਧਿਕਾਰੀ ਨਿਰਮਲ ਬੁੱਧ ਵਾਲਾ ਵਿੱਦਿਆ ਦੇ ਲਈ ਆਚਾਰੀਆਂ ਦੇ ਅੱਗੇ ਇਉਂ ਤਰਲੇ ਲੈ ਰਿਹਾ ਹੈ ਜਿਵੇਂ ਕੋਈ ਭੁੱਖਾ ਤੇ ਪਿਆਸਾ ਰੋਟੀ ਅਤੇ ਪਾਣੀ ਲਈ ਤਰਲੇ ਲੈਂਦਾ ਹੋਵੇ, ਪਰ ਏਸ ਆਚਾਰੀਆ ਨੇ ਸਾਫ਼ ਜਵਾਬ ਦੇ ਦਿੱਤਾ ਕਿ ਤੈਨੂੰ ਵਿੱਦਿਆ ਨਹੀਂ ਪੜ੍ਹਾ ਸਕਦਾ, ਪਰ ਜਿੰਨੇ ਸਮੇਂ ਵਿਚ ਗੁਲਾਬ ਸਿੰਘ ਜੀ ਪੰਡਿਤ ਕੋਲ ਪੜ੍ਹਦੇ ਰਹੇ। ਜਾਤੀ ਤੋਂ ਅਨਜਾਣ ਹੋਣ ਕਰਕੇ ਗੁਲਾਬ ਸਿੰਘ ਨੂੰ ਲਾਇਕ ਵਿਦਿਆਰਥੀ ਸਮਝ ਕੇ ਅਤੇ ਆਗਿਆਕਾਰੀ ਸੁਭਾਅ ਤੋਂ ਪ੍ਰਭਾਵਿਤ ਹੋ ਕੇ ਆਪਣੇ ਘਰ ਆਪਣੇ ਬੱਚੇ ਦੇ ਖਿਡਾਵੇ ਦਾ ਯੋਗ ਸਮਝਿਆ। ਇਸ ਲਈ ਇਹ ਪੰਡਿਤ ਜੀ ਦੇ ਘਰ ਨਿਵਾਸ ਰੱਖਦਾ ਸੀ ਅਤੇ ਬੱਚੇ ਦੇ ਖਿਡਾਉਣ ਦੇ ਨਾਲ ਨਾਲ ਬ੍ਰਾਹਮਣੀ ਦੇ ਨਾਲ ਘਰ ਦੇ ਕੰਮ-ਕਾਜ ਵਿਚ ਪੂਰਾ ਹੱਥ ਵਟਾਉਂਦਾ ਸੀ। ਬ੍ਰਾਹਮਣੀ ਅਤੇ ਬ੍ਰਾਹਮਣ ਇਸ ਦੀ ਸੇਵਾ 'ਤੇ ਬਹੁਤ ਖ਼ੁਸ਼ ਸਨ। ਅਧਿਆਪਕ ਬ੍ਰਾਹਮਣ ਕੰਮ ਦੇ ਲਾਲਚ ਵਿਚ ਗੁਲਾਬ ਸਿੰਘ ਨੂੰ ਘਰੋਂ ਤੋਰਨਾ ਨਹੀਂ ਚਾਹੁੰਦਾ ਸੀ, ਹੁਣ ਵਿੱਦਿਆ ਤੋਂ ਬਿਨਾਂ ਗੁਲਾਬ ਸਿੰਘ ਇਨ੍ਹਾਂ ਦੇ ਘਰ ਵਿਚ ਰਹਿਣਾ ਨਹੀਂ ਚਾਹੁੰਦਾ ਸੀ। ਪਰ ਦਾਨਿਆਂ ਦੇ ਕਥਨ ਅਨੁਸਾਰ ਕਿ ਜ਼ਰੂਰਤ ਕਾਢ ਦੀ ਮਾਂ ਹੈ। ਗੁਲਾਬ ਸਿੰਘ ਨੇ ਇਕ ਵਿਉਂਤ ਸੋਚੀ ਕਿ ਵਿੱਦਿਆ ਪ੍ਰਾਪਤੀ ਲਈ ਮੇਰਾ ਇਹ ਢੰਗ ਕਾਮਯਾਬ ਹੋ ਸਕਦਾ ਹੈ ਤੇ ਕੁੱਝ ਤਾਂ ਬੱਚਾ ਪਹਿਲਾਂ ਹੀ ਹਰ ਵਕਤ ਖਿਡਾਉਣ ਕਰਕੇ ਮੇਰਾ ਪਿਆਰ ਕਰਦਾ ਹੈ, ਮੈਂ ਇਸ ਬੱਚੇ ਦਾ ਦਿਲ ਹੋਰ ਵੀ ਆਪਣੇ ਵੱਲ ਖਿੱਚ ਲਵਾਂ, ਇਸ ਦੇ ਨਾਲ ਬ੍ਰਾਹਮਣੀ ਦਾ ਦਿਲ ਹੋਰ ਚੰਗਾ ਕੰਮ ਕਰਕੇ ਅਤੇ ਆਗਿਆ ਵਿਚ ਰਹਿ ਕੇ ਇਸ ਦਾ ਦਿਲ ਜਿੱਤ ਲਵਾਂ ਫਿਰ ਹੋ ਸਕਦਾ ਹੈ ਕਿ ਬ੍ਰਾਹਮਣ ਮੈਨੂੰ ਵਿੱਦਿਆ

ਪੜ੍ਹਾ ਦੇਵੇ, ਅਤੇ ਇਹ ਵਿਉਂਤ ਇਸ ਦੀ ਕਾਮਯਾਬ ਹੋ ਗਈ। ਬ੍ਰਾਹਮਣਾਂ ਦਾ ਢਾਈ ਵਰ੍ਹਿਆਂ ਦਾ ਬੱਚਾ ਆਪਣੇ ਮਾਤਾ-ਪਿਤਾ ਦੇ ਨਾਲੋਂ ਗੁਲਾਬ ਸਿੰਘ ਦੀ ਲੋੜ ਜ਼ਿਆਦਾ ਰੱਖਣ ਲੱਗਾ। ਉਹ ਘੜੀ ਦੋ ਘੜੀ ਲਈ ਵੀ ਗੁਲਾਬ ਸਿੰਘ ਤੋਂ ਪਰ੍ਹੇ ਨਹੀਂ ਸੀ ਹੁੰਦਾ। ਜੇ ਕਿਤੇ ਪੰਜ ਸੱਤ ਘੜੀਆਂ ਗੁਲਾਬ ਸਿੰਘ ਕਿਸੇ ਕਾਰਜ ਦੇ ਕਾਰਨ ਕਿਤੇ ਚੱਲਿਆ ਜਾਂਦਾ ਤਾਂ ਬੱਚਾ ਵਿਲਕਣ ਲੱਗ ਜਾਂਦਾ ਅਤੇ ਮੁੱਖ ਤੋਂ ਗਾਬਾ-ਗਾਬਾ ਰਹਿ ਕੇ ਰੋਂਦਾ ਤੇ ਬ੍ਰਾਹਮਣੀ ਨੂੰ ਘਰ ਦਾ ਕੰਮ ਨਾ ਕਰਨ ਦਿੰਦਾ, ਜਦੋਂ ਗੁਲਾਬ ਸਿੰਘ ਘਰ ਆਉਂਦਾ ਤਾਂ ਬੱਚਾ ਖ਼ੁਸ਼ ਹੋ ਕੇ ਉਸ ਦੀਆਂ ਲੱਤਾਂ ਨੂੰ ਚਿੰਬੜ ਜਾਂਦਾ। ਜਦੋਂ ਗੁਲਾਬ ਸਿੰਘ ਨੇ ਦੇਖ ਲਿਆ ਕੇ ਬੱਚਾ ਮੇਰੇ ਮੋਹ ਦੇ ਜਾਲ ਵਿਚ ਫਸ ਗਿਆ ਹੈ ਤਾਂ ਇਕ ਦਿਨ ਅਚਾਨਕ ਕਿਸੇ ਗੱਲੋਂ ਗੁੱਸੇ ਹੋ ਕੇ ਬਿਨਾਂ ਦੱਸੇ ਘਰ ਤੋਂ ਬਾਹਰ ਚਲਿਆ ਗਿਆ ਅਤੇ ਸਵੇਰ ਤੋਂ ਲੈ ਕੇ ਸ਼ਾਮ ਤਕ ਘਰ ਪਰਤਿਆ, ਹੁਣ ਅੱਗੇ ਦੋ ਚਹੁੰ ਘੜੀਆਂ ਵਿਚੋਂ ਗੁਲਾਬ ਸਿੰਘ ਆ ਜਾਂਦਾ ਸੀ, ਤੇ ਪਹਿਰ, ਡੇਢ ਪਹਿਰ ਲੰਘਣ ਤੋਂ ਵੀ ਗੁਲਾਬ ਸਿੰਘ ਨਾ ਆਇਆ ਤਾਂ ਬੱਚੇ ਨੇ ਰੋ-ਰੋ ਕੇ ਆਪਣਾ ਬੁਰਾ ਹਾਲ ਕਰ ਲਿਆ ਅਤੇ ਨਰਾਜ਼ ਹੋ ਕੇ ਧਰਤੀ ਤੇ ਲੇਟਣਾ ਸ਼ੁਰੂ ਕਰ ਦਿੱਤਾ। ਬੱਚੇ ਨੇ ਸਾਰਾ ਦਿਨ ਨਾ ਕੁਝ ਖਾਧਾ ਤੇ ਨਾ ਕੁਝ ਪੀਤਾ, ਮੁਖੋਂ ਗਾਬਾ ਹੀ ਗਾਬਾ ਦੀ ਆਵਾਜ਼ ਨਿਕਲਦੀ ਰਹੀ। ਮਾਂ ਦੇ ਚੁੱਪ ਕਰਾਇਆਂ, ਪਿਉ ਦੇ ਚੁੱਪ ਕਰਾਇਆਂ ਬੱਚਾ ਚੁੱਪ ਨਹੀਂ ਹੋਇਆ ਅਤੇ ਬੱਚੇ ਨੂੰ ਗ਼ਮ ਦੇ ਵਿਚ ਬੁਖ਼ਾਰ ਚੜ੍ਹ ਗਿਆ। ਮਾਤਾ ਪਿਤਾ ਨੇ ਇਕਲੌਤੇ ਬੇਟੇ ਦੀ ਇਹ ਹਾਲਤ ਪਹਿਲਾਂ ਕਦੇ ਦੇਖੀ ਨਹੀਂ ਸੀ। ਬੱਚੇ ਦੇ ਹਾਲਾਤ ਇਹੋ ਜਿਹੇ ਬਣ ਗਏ, ਕਿ ਜੇ ਗੁਲਾਬ ਸਿੰਘ ਘਰ ਨਾ ਆਇਆ ਤਾਂ ਬੱਚਾ ਜੀਵਤ ਨਹੀਂ ਰਹੇਗਾ। ਬੱਚੇ ਦੀ ਹਾਲਤ ਨੇ ਬੱਚੇ ਦੀ ਮਾਂ ਨੂੰ ਇਤਨਾ ਕਮਜ਼ੋਰ ਕਰ ਦਿੱਤਾ ਕਿ ਬੱਚੇ ਦੀ ਮਾਂ ਵੀ ਸਾਰਾ ਦਿਨ ਕੁਝ ਖਾ ਪੀ ਨਹੀਂ ਸਕੀ, ਜਦੋਂ ਪਾਠਸ਼ਾਲਾ ਵਿਚੋਂ ਪੜ੍ਹਾ ਕੇ ਬ੍ਰਾਹਮਣ ਘਰ ਪਰਤਿਆ ਤਾਂ ਘਰ ਦੇ ਹਾਲਾਤ ਚਿੰਤਾ ਦਾ ਵਿਸ਼ਾ ਬਣ ਗਏ, ਘਰ ਵਿਚ ਰੋਟੀ ਨਹੀਂ ਪੱਕੀ, ਦਾਲ ਸਬਜ਼ੀ ਨਹੀਂ ਬਣੀ ਤੇ ਘਰ ਦਾ ਸਾਰਾ ਕੰਮ ਖਿੰਡਿਆ ਪਿਆ ਹੈ, ਬ੍ਰਾਹਮਣੀ ਆਪਣੇ ਪਤੀ ਦੇ ਪੈਰ ਫੜ ਲਏ ਅਤੇ ਮਿੰਨਤ ਕਰਕੇ ਕਿਹਾ ਕਿ ਜੇ ਤੁਸੀਂ ਮੈਨੂੰ ਅਤੇ ਆਪਣੇ ਬੱਚੇ ਨੂੰ ਜੀਵਤ ਦੇਖਣਾ ਚਾਹੁੰਦੇ ਹੋ ਤਾਂ ਗੁਲਾਬ ਸਿੰਘ ਨੂੰ ਜਿਥੇ ਵੀ ਹੈ ਮਨਾ ਕਿ ਘਰ ਲੈ ਕੇ ਆਵੋ, ਆਪਣੀ ਘਰਵਾਲੀ ਦੀ ਮਿੰਨਤ ਤਰਲੇ ਅਤੇ ਬੱਚੇ ਦੀ ਹਾਲਤ ਨੇ ਬ੍ਰਾਹਮਣ ਨੂੰ ਇੰਨਾ ਕਮਜ਼ੋਰ ਕਰ ਦਿੱਤਾ ਤੇ ਉਹ ਗੁਲਾਬ ਸਿੰਘ ਨੂੰ ਲੱਭਣ ਲਈ ਆਪਣੇ ਨਿਵਾਸ ਥਾਂ, ਪਾਠਸ਼ਾਲਾ ਤੋਂ ਅੱਗੇ ਗੰਗਾ ਦੇ ਕਿਨਾਰੇ ਚੌਕੜਾ ਮਾਰੀ ਗੁਲਾਬ ਸਿੰਘ ਨੂੰ ਦੇਖਿਆ ਅਤੇ ਬਾਂਹੋ ਫੜ ਕੇ ਥੋੜ੍ਹੇ ਜਿਹੇ ਗੁੱਸੇ ਅਤੇ ਪ੍ਰੇਮ ਦੇ ਲਹਿਜੇ ਵਿਚ ਕਿਹਾ, ਕਿ ਨਿੱਕੀ ਜਿਹੀ ਗੱਲ ਪਿੱਛੇ ਗ਼ੁੱਸੇ ਹੋ ਕੇ ਇਥੇ ਆ ਬੈਠਾ ਹੈਂ ਜਾ ਕੇ ਦੇਖ ਬੱਚੇ ਦਾ ਕੀ ਹਾਲ ਹੋ ਗਿਆ ਹੈ ਮਾਂ ਪੁੱਤਰ ਦੋਵੇਂ ਹੀ ਵਿਲਕ ਰਹੇ ਹਨ, ਮੇਰੀ ਘਰਵਾਲੀ ਨੇ ਹਮੇਸ਼ਾਂ ਤੈਨੂੰ ਪੁੱਤਰਾਂ ਵਾਂਗ ਰੱਖਿਆ ਹੈ, ਨਿੱਕੀ ਜਿਹੀ ਗੱਲ ਪਿੱਛੇ ਘਰੋਂ ਆ ਗਿਆ ਹੈ, ਘਰ ਨੂੰ ਚੱਲ ਤਾਂ ਗੁਲਾਬ ਸਿੰਘ ਜੀ ਨੇ ਵਿਦਿਆਰਥੀਆਂ ਵਾਲਾ ਧਰਮ ਪਾਲਦੇ ਹੋਇਆਂ ਬੜੀ ਨਿਮਰਤਾ ਨਾਲ ਨਮਸਕਾਰ ਕੀਤੀ ਅਤੇ ਕਿਹਾ ਹੇ ਗੁਰਦੇਵ ! ਮੈਂ ਹੁਣ ਘਰ ਨਹੀਂ ਜਾ ਸਕਦਾ। ਰਹੀ ਗੱਲ ਰੋਣ ਵਾਲਿਆਂ ਦੀ ਇਹ ਤਾਂ ਮੇਰੀ ਧਰਮ ਦੀ ਮਾਂ ਹੈ, ਮੈਨੂੰ ਜਿਸ ਮਾਂ ਨੇ ਜਨਮ ਦਿੱਤਾ, ਜਿਸ ਪਿਤਾ ਦੇ ਮੇਰੇ ਉੱਤੇ ਬਹੁਤ ਆਸਾਂ ਸਨ, ਜਿਨ੍ਹਾਂ ਦਾ ਮੈਂ ਇਕਲੌਤਾ ਬੇਟਾ ਹਾਂ। ਇਸ ਵਿੱਦਿਆ ਦੇ ਕਾਰਨ ਮੈਂ ਉਨ੍ਹਾਂ ਦੇ ਰੋਣ ਤੇ ਵਿਲਕਣ ਦੀ ਪ੍ਰਵਾਹ ਨਾ ਕੀਤੀ ਤੇ ਉਨ੍ਹਾਂ ਨੂੰ ਛੱਡ ਕੇ ਕਾਂਸ਼ੀ ਆਇਆ ਸਾਂ ਜੇ ਰੋਣਾ ਮੇਰਾ ਮਾਰਗ ਰੋਕ ਸਕਦਾ ਤਾਂ ਫਿਰ ਸਕੀ ਮਾਂ ਦੇ ਰੋਣ ਹੋਰ ਕਿਸ ਦਾ ਰੋਣਾ ਪ੍ਰਬੱਲ ਹੋ ਸਕਦਾ ਹੈ, ਜੇ ਕਾਂਸ਼ੀ ਆਉਣ ਦੇ ਮਾਰਗ ਨੂੰ ਮਾਤਾ-ਪਿਤਾ ਦਾ ਰੋਣਾ ਨਹੀਂ ਰੋਕ ਸਕਿਆ ਤਾਂ ਕਾਂਸ਼ੀ ਤੋਂ ਜਾਣ ਦੇ ਮਾਰਗ ਨੂੰ ਮਾਂ-ਬੱਚੇ ਦਾ ਰੋਣਾ ਮੈਨੂੰ ਰੋਕ ਨਹੀਂ ਸਕੇਗਾ। ਇਹ ਸੁਣ ਕੇ ਬ੍ਰਾਹਮਣ ਦੇ ਪੈਰਾਂ ਹੇਠਾਂ ਤੋਂ ਜ਼ਮੀਨ ਖਿਸਕ ਗਈ ਅਤੇ ਉਸਨੂੰ ਆਪਣਾ ਸੰਸਾਰ ਉੱਜੜਦਾ ਨਜ਼ਰ ਆਇਆ ਜੇ ਇਹ ਘਰ ਨਾ ਗਿਆ ਤਾਂ ਬੱਚਾ ਨਹੀਂ ਬਚੇਗਾ ਤੇ ਬੱਚੇ ਦਾ ਮਰਨਾ ਦੇਖ ਕੇ ਬੱਚੇ ਦੀ ਮਾਂ ਵੀ ਨਹੀਂ ਬਚੇਗੀ ਅਤੇ ਜੀਵਨ ਇੱਡਾ ਵੱਡਾ ਵਿਦਵਾਨ ਹੋਣ ਦੇ ਬਾਵਜੂਦ ਵੀ ਸੰਸਾਰੀ ਪੱਖ ਤੋਂ ਨਰਕ ਸਮਾਨ ਹੋ ਜਾਏਗਾ ਅਤੇ ਗੁਲਾਬ ਸਿੰਘ ਦੀ ਦ੍ਰਿੜ੍ਹਤਾ ਵਾਲੀਆਂ ਗੱਲਾਂ ਨੇ ਯਕੀਨ ਕਰਾ ਦਿੱਤਾ ਸੀ ਕਿ ਇਹ ਆਪਣੇ ਧਰਮ ਦਾ ਦ੍ਰਿੜ੍ਹ ਵਿਸ਼ਵਾਸੀ ਵਿਦਿਆਰਥੀ ਹੈ। ਫਿਰ ਵੀ ਪੰਡਿਤ ਜੀ ਨੇ ਬਾਰ

ਬਾਰ ਘਰ ਜਾਣ ਲਈ ਕਿਹਾ ਅਤੇ ਸਾਫ ਸੁਥਰੀ ਗੱਲ ਪੰਡਿਤ ਨੂੰ ਕਹਿ ਸੁਣਾਈ ਕਿ ਕਾਂਸ਼ੀ ਵਿਚ ਮੈਨੂੰ ਮੇਰਾ ਵਿੱਦਿਆ ਦਾ ਸ਼ੌਕ ਲੈ ਕੇ ਆਇਆ ਜੇ ਇਸ ਦੀ ਪੂਰਤੀ ਨਹੀਂ ਹੁੰਦੀ ਤਾਂ ਫਿਰ ਇਥੇ ਰਹਿਣ ਦਾ ਕੋਈ ਮਤਲਬ ਨਹੀਂ। ਜੇ ਵਿੱਦਿਆ ਪੜ੍ਹਾਉਣ ਵੱਲੋਂ ਤੁਹਾਡਾ ਜਵਾਬ ਹੈ ਤਾਂ ਮੇਰਾ ਘਰ ਜਾਣ ਤੋਂ ਵੀ ਜਵਾਬ ਹੈ। ਇਹ ਸੁਣ ਕੇ ਪੰਡਿਤ ਸੋਚੀ ਪੈ ਗਿਆ, ਇਕ ਪਾਸੇ ਇਸਤ੍ਰੀ ਪੁੱਤਰ ਦਾ ਮੋਹ, ਦੂਜੇ ਪਾਸੇ ਬ੍ਰਾਹਮਣਾਂ ਦੀ ਬਣਾਈ ਹੋਈ ਮਰਯਾਦਾ ਦਾ ਉਲੰਘਣ ਗੌਂ ਭਨਾਵੇ ਜੌਂ ਭਾਵੇਂ ਗਿੱਲੇ ਹੋਣ ਇਸ ਅਖਾਣ ਦੇ ਵਾਂਗੂੰ ਇਸ ਧਰਮ ਸੰਕਟ ਵਿਚੋਂ ਨਿਕਲਣ ਦੀ ਵਿਉਂਤ ਸੋਚਣ ਲੱਗਾ, ਉਸ ਨੂੰ ਇਹ ਗੱਲ ਸੁੱਝੀ ਕਿ ਜੇ ਗੁਲਾਬ ਸਿੰਘ ਮੇਰੀ ਗੱਲ ਨਾਲ ਸਹਿਮਤ ਹੋ ਜਾਵੇ ਤਾਂ ਇਸ ਦਾ ਵਿੱਦਿਆ ਪੜ੍ਹਨ ਦਾ ਮਕਸਦ ਵੀ ਪੂਰਾ ਹੋ ਜਾਵੇਗਾ ਅਤੇ ਵੇਦ ਮਰਯਾਦਾ ਭੀ ਰਹਿ ਜਾਵੇਗੀ ਅਤੇ ਮੇਰਾ ਪਰਿਵਾਰ ਭੀ ਬਚ ਜਾਵੇਗਾ ਤਾਂ ਉਸ ਨੇ ਕਿਹਾ ਗੁਲਾਬ ਸਿੰਘ ਮੈਂ ਤੈਨੂੰ ਹੋਰ ਵਿਦਿਆਰਥੀਆਂ ਦੀ ਤਰ੍ਹਾਂ ਪੋਥੀ ਖੋਲ੍ਹ ਕੇ ਪੜ੍ਹਾਉਣ ਦਾ ਢੰਗ ਨਹੀਂ ਵਰਤਾਂਗਾ, ਹੋਰ ਵਿਦਿਆਰਥੀ ਪੋਥੀ ਖੋਲ ਕੇ ਪੜ੍ਹਦੇ ਹਨ, ਮੈਂ ਤੈਨੂੰ ਸਾਰੇ ਗ੍ਰੰਥ ਜੋ ਜ਼ਰੂਰੀ ਹਨ ਆਪ ਬੋਲ ਕੇ ਸੁਣਾਵਾਂਗਾ ਤੇ ਸੁਣਾਉਣ ਵਿਚ ਐਸਾ ਢੰਗ ਵਰਤਾਂਗਾ ਕਿ ਜਿਹੜੇ ਪ੍ਰਸ਼ਨ ਹੋਣਗੇ ਉਸ ਦੇ ਆਪ ਹੀ ਉੱਤਰ ਦਿੰਦਾ ਜਾਵਾਂਗਾ। ਇਸ ਨਾਲ ਧਰਮ ਦਾ ਵਿਧਾਨ ਵੀ ਨਹੀਂ ਟੁੱਟੇਗਾ ਤੇ ਤੂੰ ਪੜ੍ਹ ਵੀ ਜਾਵੇਂਗਾ, ਕਿਉਂਕਿ ਸੁਨਣ ਦਾ ਅਧਿਕਾਰ ਵੈਸ਼ਾਂ ਦੇ ਕੋਲ ਹੈ, ਮੈਂ ਤੈਨੂੰ ਅਜਿਹੇ ਤਰੀਕੇ ਨਾਲ ਪੜ੍ਹਾਵਾਂਗਾ ਕਿ ਸਾਰੇ ਗ੍ਰੰਥ ਸਾਂਗੋਪਾਗ ਤੈਨੂੰ ਸੁਣ ਕੇ ਸਮਝ ਆ ਜਾਣ ਤੇ ਤੇਰੇ ਸ਼ੰਕਿਆਂ ਦੇ ਉੱਤਰ ਆਪ ਹੀ ਦਿੰਦਾ ਜਾਵਾਂਗਾ। ਜੇ ਤੈਨੂੰ ਇਸ ਤਰ੍ਹਾਂ ਪੜ੍ਹਨਾ ਮਨਜ਼ੂਰ ਹੈ ਤਾਂ ਇਹ ਸਮਝ ਲੈ ਮੇਰੀ ਇਸਤ੍ਰੀ ਤੇ ਬੱਚੇ ਦੇ ਬਚਣ ਦਾ ਅਸਾਨ ਤੇਰਾ ਮੇਰੇ 'ਤੇ ਹੋਵੇਗਾ ਜੇ ਤੈਨੂੰ ਮਨਜ਼ੂਰ ਹੈ ਤਾਂ ਘਰ ਚੱਲ। ਮੈਂ ਤੈਨੂੰ ਲੈਣ ਲਈ ਆਇਆ ਹਾਂ ਤਾਂ ਗੁਲਾਬ ਸਿੰਘ ਨੇ ਪੰਡਿਤ ਦਾ ਵਿੱਦਿਆ ਪੜ੍ਹਾਉਣ ਲਈ ਇਤਨਾ ਮਨ ਜਾਣਾ ਗੁਰੂ ਨਾਨਕ ਸਾਹਿਬ ਦੀ ਬਖ਼ਸ਼ਿਸ਼ ਸਮਝੀ ਤੇ ਆਪਣੇ ਵਿੱਦਿਆ ਗੁਰੂ ਦੇ ਚਰਨੀਂ ਹੱਥ ਲਾ ਕੇ ਉਨ੍ਹਾਂ ਦੇ ਘਰ ਆ ਪਹੁੰਚੇ, ਅੱਗੇ ਨਾਲੋਂ ਵੀ ਵੱਧ ਸ਼ੌਂਕ ਨਾਲ ਵਿੱਦਿਆ ਗੁਰੂ ਦੀ ਪਤਨੀ ਅਤੇ ਪੁੱਤਰ ਦੀ ਸੇਵਾ ਕਰਨੀ ਅਰੰਭ ਕਰ ਦਿੱਤੀ ਅਤੇ ਬ੍ਰਾਹਮਣੀ ਨੇ ਭੀ ਗੁਲਾਬ ਸਿੰਘ ਦੀ ਵਿੱਦਿਆ ਪੜ੍ਹਨ ਵਿਚ ਮਦਦ ਕੀਤੀ। ਬ੍ਰਾਹਮਣ ਨੂੰ ਕਿਹਾ ਜਿਵੇਂ ਇਹ ਸ਼ੌਂਕ ਨਾਲ ਸੇਵਾ ਕਰ ਰਿਹਾ ਹੈ, ਉਸੇ ਤਰ੍ਹਾਂ ਤੁਸੀਂ ਵੀ ਇਸ ਨੂੰ ਪ੍ਰੇਮ ਨਾਲ ਵਿੱਦਿਆ ਪੜ੍ਹਾਓ ਤਾਂ ਪੰਡਿਤ ਨੇ ਵੀ ਆਪਣੇ ਕੀਤੇ ਵਾਅਦੇ ਅਨੁਸਾਰ ਸੰਥਾ ਸੁਨਾਉਣੀ ਸ਼ੁਰੂ ਕਰ ਦਿੱਤੀ। ਅਜਿਹੇ ਢੰਗ ਨਾਲ ਗ੍ਰੰਥ ਸੁਣਾਏ ਕਿ ਪੋਥੀ ਖੋਲ ਕੇ ਪੜ੍ਹਨ ਨਾਲੋਂ ਵੀ ਜ਼ਿਆਦਾ ਸਮਝ ਆਏ ਤੇ ਕੁਝ ਪੰਡਿਤ ਗੁਲਾਬ ਸਿੰਘ ਤੇ ਰੱਬੀ ਮਿਹਰ ਐਸੀ ਸੀ ਕਿ ਸੁਣ ਕੇ ਸਾਰੀ ਵਿੱਦਿਆ ਕੰਠ ਹੁੰਦੀ ਗਈ। ਪੰਡਿਤ ਜੀ ਨੇ ਇਕ ਅਧਿਕਾਰ ਗੁਲਾਬ ਸਿੰਘ ਜੀ ਨੂੰ ਦੇ ਰੱਖਿਆ ਕਿ ਜਿੰਨੀ ਸੰਥਾ ਸੁਣ ਕੇ ਸਿਮ੍ਰਤੀ ਵਿਚ ਆ ਜਾਵੇ ਗੁਲਾਬ ਸਿੰਘ ਦੇ ਕਹਿਣ ਤੋਂ ਉਤਨਾ ਹੀ ਪੜ੍ਹਾਉਂਦੇ ਸਨ, ਜਦੋਂ ਗੁਲਾਬ ਸਿੰਘ ਕਹਿ ਦਿੰਦਾ ਕਿ ਮੈਂ ਇਤਨੀ ਸੰਥਾ ਹੀ ਪਕਾ ਸਕਦਾ ਹਾਂ, ਉਥੇ ਹੀ ਰੁੱਕ ਜਾਂਦੇ। ਇਹ ਸੰਥਾ ਨੂੰ ਸੁਣ ਕਿ ਕੇਵਲ ਪਕਾਉਂਦੇ ਨਹੀਂ ਸਨ ਬਲਕਿ ਉਨ੍ਹਾਂ ਹੀ ਸ਼ਬਦਾਂ ਵਿਚ ਰੂ-ਬ-ਰੂ ਲਿਖ ਲੈਂਦੇ ਸਨ। ਕਾਂਸ਼ੀ ਦੇ ਇਤਿਹਾਸ ਵਿਚ ਇਹੋ ਜਿਹਾ ਹੋਣਹਾਰ ਵਿਦਿਆਰਥੀ ਸਦੀਆਂ ਵਿਚ ਹੀ ਨਹੀਂ ਬਲਕਿ ਯੁੱਗਾਂ ਵਿਚ ਕਿਤੇ ਇਕ ਅੱਧਾ ਪੈਦਾ ਹੁੰਦਾ ਹੈ। ਗੁਲਾਬ ਸਿੰਘ ਜੀ ਨੇ ਐਸਾ ਨਵਾਂ ਇਤਿਹਾਸ ਸਿਰਜ ਦਿੱਤਾ। ਫਿਰ ਇਨ੍ਹਾਂ ਨੇ ਸਾਰੇ ਗ੍ਰੰਥ ਲਿਖ ਕੇ ਆਪਣੇ ਕੋਲ ਰੱਖ ਲਏ ਅਤੇ ਵੇਦ ਵਿਦਿਆ ਪ੍ਰਾਪਤ ਕਰਕੇ ਤਿਆਗੀ, ਵੈਰਾਗੀ, ਵਿਰੱਕਤ ਸੰਤ ਹੋ ਗਏ। ਸੰਤ ਮਾਨ ਸਿੰਘ ਜੀ ਦੀ ਸੰਗਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਉਨ੍ਹਾਂ ਦੀ ਪ੍ਰੇਰਨਾ ਨਾਲ ਅੰਮ੍ਰਿਤ ਛੱਕ ਕੇ ਗੁਲਾਬੇ ਤੋਂ ਗੁਲਾਬ ਸਿੰਘ ਬਣੇ। ਵਿੱਦਿਆ ਗੁਰੂ ਸੰਤ ਮਾਨ ਸਿੰਘ ਜੀ ਨੂੰ ਹੀ ਮੰਨਦੇ ਹਨ ਇਕ ਦੋਹਰਾ ਪ੍ਰਬੋਧ ਚੰਦ੍ਰ ਨਾਟਕ ਗ੍ਰੰਥ ਵਿਚ ਲਿਖਿਆ ਮਿਲਦਾ ਹੈ, ਜਿਥੇ ਉਹ ਆਪਣੇ ਵਿੱਦਿਆ ਦਾਤੇ ਨੂੰ ਤਪੱਸਵੀ ਅਤੇ ਗਿਆਨ ਦਾ ਅਵਤਾਰ ਮੰਨਦੇ ਹਨ ਅਤੇ ਲਿਖਦੇ ਹਨ :

**ਦੋਹਰਾ॥ ਭਾਰਤ ਭੂਮਿ ਪੁਨੀਤ ਪਦ ਤਪੋ ਗਯਾਨ ਅਵਤਾਰ॥**
**ਮਾਨ ਸਿੰਘ ਗੁਰ ਕੋ ਨਮੋ ਤਾਰਣ ਕਰੁਣਾ ਸਾਰ॥੪॥**

*(ਪ੍ਰਬੋਯ ਚੰਦ੍ਰ ਨਾਟਕ, ਅੰਕ ੧੫)*

ਫਿਰ ਏਸੇ ਭਾਵਰਸਾਂਮ੍ਰਿਤ ਗ੍ਰੰਥ ਵਿਚ ਵੀ ਆਪਣੇ ਵਿੱਦਿਆ ਗੁਰੂ ਦੀ ਮਹਿਮਾ ਕਰਦੇ ਹੋਏ ਨਮਸਕਾਰ ਕਰਦੇ ਹਨ ਅਤੇ ਕਹਿੰਦੇ ਹਨ :

**ਦੋਹਰਾ॥ ਵਿਦਯਾ ਸਾਂਤਿ ਸੁਗਯਾਨ ਸੁਖ ਦਾਇਕ ਫਲ ਸੁਭ ਚਾਰ॥**
**ਮਾਨ ਸਿੰਘ ਗੁਰੁ ਕੇ ਸਦਾ ਬੰਦੋ ਪਾਦ ਉਦਾਰ॥੪॥** *(ਭਾਵਰਸਾਂਮ੍ਰਿਤ)*

ਏਸੇ ਹੀ ਭਾਵਰਸਾਂਮ੍ਰਿਤ ਦੇ ਅਖ਼ੀਰ ਵਿਚ ਵੀ ਦੋਹਰਾ ਲਿਖਦੇ ਹਨ :

**ਦੋਹਰਾ॥ ਜਾ ਪਦ ਪੰਕਜ ਹੇਰ ਕੈ ਹਰਯੋ ਨਿਖਲ ਭਵ ਭਾਰ॥**
**ਵਿਦਯਾ ਗੁਰੂ ਉਦਾਰ ਕੋ ਬੰਦੋ ਮਸਤਕ ਧਾਰ॥੧੨੯॥** *(ਭਾਵਰਸਾਂਮ੍ਰਿਤ)*

ਇਹ ਵਿਦਿਆ ਪੜ੍ਹ ਕੇ ਜਦੋਂ ਪੂਰਨ ਵਿਦਵਾਨ ਹੋ ਗਏ, ਇਨ੍ਹਾਂ ਨੇ ਆਪਣੇ ਵਿਦਿਆਰਥੀਪੁਣੇ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਇਆਂ, ਸਾਰੇ ਗ੍ਰੰਥਾਂ ਨੂੰ ਸੰਸਕ੍ਰਿਤ ਤੋਂ ਗੁਰਮੁਖੀ ਬੋਲੀ ਵਿਚ ਅਤੇ ਬ੍ਰਿਜ ਭਾਸ਼ਾ ਵਿਚ ਕਰ ਦਿੱਤਾ ਤਾਂਕਿ ਆਪਣੇ ਦੇਸ਼ ਵਾਸੀਆਂ ਨੂੰ ਤੇ ਵਿੱਦਿਆ ਦੀ ਲੋੜ ਰੱਖਣ ਵਾਲਿਆਂ ਨੂੰ ਬ੍ਰਾਹਮਣਾਂ ਦੀਆਂ ਮਿੰਨਤਾ ਨਾ ਕਰਨੀਆਂ ਪੈਣ, ਇਹ ਵਿਚਾਰ ਕਰਕੇ ਆਪ ਜੀ ਨੇ ਸੰਮਤ ੧੮੩੪ ਬਿਕ੍ਰਮੀ ਵਿਚ ਭਾਵਰਸਾਂਮ੍ਰਿਤ ਗ੍ਰੰਥ ਰਚਿਆ, ਉਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜੋਤੀ ਜੋਤ ਸਮਾਇਆ ਬਹੁਤਾ ਸਮਾਂ ਨਹੀਂ ਸੀ ਹੋਇਆ ਕੇਵਲ ੬੯ ਬਰਸ ਹੋਏ ਸਨ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ੧੭੬੫ ਬਿਕ੍ਰਮੀ ਸੰਮਤ ਤੇ ਕੱਤਕ ਸੁਦੀ ੫ ਨੂੰ ਜੋਤੀ ਜੋਤ ਸਮਾਏ ਸੋ ਆਪ ਜੀ ਨੇ ਸੰਮਤ ੧੮੩੪ ਵਿਚ ਭਾਵਰਸਾਂਮ੍ਰਿਤ ਅਤੇ ੧੮੩੪ ਵਿਚ ਹੀ ਵੇਦਾਂਤ ਦਾ ਸ਼੍ਰੋਮਣੀ ਗ੍ਰੰਥ ਮੋਖਸ਼ ਪੰਥ ਰਚਿਆ ਅਤੇ ੧੮੩੯ ਵਿਚ ਅਧਿਆਤਮ ਰਮਾਇਣ ਲਿਖੀ ਅਤੇ ੧੮੪੯ ਪ੍ਰਬੋਧ ਚੰਦ੍ਰ ਨਾਟਕ ਗ੍ਰੰਥ ਲਿਖਿਆ, ਜਿਸ ਨੂੰ ਪੜ੍ਹ ਕੇ ਕਾਂਸ਼ੀ ਦੇ ਬ੍ਰਾਹਮਣਾਂ ਦੀ ਈਰਖਾ ਦੀ ਅੱਗ ਇਤਨੀ ਭੜਕ ਗਈ ਕਿ ਬ੍ਰਾਹਮਣਾਂ ਨੂੰ ਕਾਂਸ਼ੀ ਵਿਚ ਵਿਦਵਾਨ ਬ੍ਰਾਹਮਣਾਂ ਦੀ ਸਭਾ ਇਕੱਤ੍ਰ ਕਰਨੀ ਪਈ, ਉਸ ਸਭਾ ਵਿਚ ਇਸ ਗੱਲ 'ਤੇ ਖੁੱਲ੍ਹ ਕੇ ਵਿਚਾਰ ਹੋਈ ਕਿ ਪੰਡਿਤ ਗੁਲਾਬ ਸਿੰਘ ਨੇ ਸਾਰੇ ਗ੍ਰੰਥ ਦੇਸ਼ ਭਾਸ਼ਾ ਵਿਚ ਤਿਆਰ ਕਰ ਦਿੱਤੇ ਤਾਂ ਫਿਰ ਸਾਡਾ ਬੁਰਾ ਹਾਲ ਹੋ ਜਾਵੇਗਾ। ਕਿਸੇ ਸਾਨੂੰ ਮੰਨਣਾ, ਪੂਜਣਾ ਨਹੀਂ, ਫ਼ੈਸਲਾ ਹੋਇਆ ਕਿ ਐਸਾ ਢੰਗ ਵਰਤੀਏ ਕਿ ਅੱਗੇ ਗੁਲਾਬ ਸਿੰਘ ਕੋਈ ਗ੍ਰੰਥ ਨਾ ਬਣਾਏ, ਪਿਛਲੇ ਗ੍ਰੰਥ ਉਸ ਦੇ ਲਿਖੇ ਹੋਏ ਫੂਕ ਦਿੱਤੇ ਜਾਣ। ਇਹ ਵਿਚਾਰ ਕਰਕੇ ਮੁਖੀ-ਮੁਖੀ ਬ੍ਰਾਹਮਣ ਪੰਡਿਤਾਂ ਦੀ ਇਕ ਮੰਡਲੀ ਸੰਤ ਮਾਨ ਸਿੰਘ ਜੀ ਦੇ ਅਸਥਾਨ 'ਤੇ ਪਹੁੰਚੀ, ਪਰਸਪਰ ਮੇਲ-ਮਿਲਾਪ ਕਰਕੇ ਜਦੋਂ ਸੰਤ ਮਾਨ ਸਿੰਘ ਜੀ ਨੇ ਆਸਣ ਗ੍ਰਹਿਣ ਕਰਨ ਲਈ ਬੇਨਤੀ ਕੀਤੀ ਅਤੇ ਪੁੱਛਿਆ ਕਿ ਇਹ ਹੰਸ ਮੰਡਲੀ ਕਿਧਰੋਂ ਆਈ ਹੈ। ਤੁਹਾਡੇ ਤਾਂ ਦਰਸ਼ਨਾਂ ਨੂੰ ਵੱਡੇ ਵੱਡੇ ਸ਼ਾਹੂਕਾਰ, ਅਮੀਰ ਰਾਜੇ ਲੋਕ ਤਰਸਦੇ ਹਨ, ਤੁਸੀਂ ਅੱਜ ਮੇਰੇ ਕੋਲ ਕਿਵੇਂ ਪਧਾਰੇ ਹੋ ਤਾਂ ਸਭਨਾਂ ਇਕਸੁਰ ਹੋ ਕੇ ਕਿਹਾ ਤਤਬੇਤੇ ਮਹਾਂਪੁਰਸ਼ੋ ਅਸੀਂ ਤੁਹਾਡੇ ਦਰ 'ਤੇ ਭਿਖਾਰੀ ਬਣ ਕੇ ਕੁਝ ਮੰਗਣ ਆਏ ਹਾਂ, ਪਰ ਮੰਗਾਂਗੇ ਤੇ ਜੇ ਆਪ ਜੀ ਖਾਲੀ ਨਾ ਮੋੜੋ ਤਾਂ ਸੰਤ ਮਾਨ ਸਿੰਘ ਜੀ ਨੇ ਕਿਹਾ, ਇਹ ਗੁਰੂ ਨਾਨਕ ਸਾਹਿਬ ਦਾ ਘਰ ਹੈ ਤੁਸੀਂ ਨਿਰਸੰਕੋਚ ਮੰਗੋ ਪਰ ਇਹ ਸੋਚ ਕਿ ਮੰਗਿਓ ਕਿ ਜੋ ਮੰਗੋਗੇ ਉਹ ਮੇਰੇ ਅਧਿਕਾਰ ਖੇਤਰ ਤੋਂ ਬਾਹਰ ਨਾ ਹੋਵੇ ਤਾਂ ਪੰਡਿਤਾਂ ਨੇ ਕਿਹਾ ਜੇ ਤੁਹਾਡੇ ਅਧਿਕਾਰ ਖੇਤਰ ਤੋਂ ਬਾਹਰ ਹੁੰਦਾ ਤਾਂ ਅਸੀਂ ਤੁਹਾਡੇ ਕੋਲੋਂ ਆਉਂਦੇ ਹੀ ਕਿਉਂ ਤਾਂ ਬ੍ਰਾਹਮਣਾਂ ਨੇ ਕਿਹਾ ਮੰਗਣ ਤੋਂ ਪਹਿਲਾਂ ਸਾਨੂੰ ਬਚਨ ਦਿਉ ਕਿ ਤੁਸੀਂ ਆਪਣੇ ਬਚਨ ਤੋਂ ਬਦਲੋਗੇ ਨਹੀਂ ਤਾਂ ਸੰਤ ਮਾਨ ਸਿੰਘ ਜੀ ਨੇ ਕਿਹਾ ਕਿ ਗੁਰੂ ਦਾ ਸਿੰਘ ਕਦੇ ਆਪਣੇ ਬਚਨ ਤੋਂ ਬਦਲਦਾ ਨਹੀਂ ਜਾਉ ਤੁਹਾਨੂੰ ਬਚਨ ਦਿੱਤਾ ਜੋ ਤੁਸੀਂ ਕਹੋਗੇ ਮੈਂ ਤੁਹਾਡਾ ਬਚਨ ਪੂਰਾ ਕਰਾਂਗਾ। ਪੰਡਿਤਾਂ ਨੇ ਕਿਹਾ ਕਿ ਇਕ ਤਾਂ ਆਪਣੇ ਸ਼ਿਸ ਗੁਲਾਬ ਸਿੰਘ ਨੂੰ ਹੁਕਮ ਕਰੋ ਕਿ ਅੱਗੇ ਤੋਂ ਕੋਈ ਗ੍ਰੰਥ ਨਾ ਲਿਖੇ ਅਤੇ ਜੋ ਹੁਣ ਤਕ ਲਿਖੇ ਗਏ ਹਨ ਉਹ ਸਾਰੇ ਗ੍ਰੰਥ ਸਾਡੇ ਹਵਾਲੇ ਕਰ ਦਿਤੇ ਜਾਣ। ਅਸੀਂ ਆਪਣੇ ਵਿਦਿਆਲੇ ਵਿਚ ਸਾਂਭ ਕੇ ਰੱਖਾਂਗੇ ਫਿਰ ਸੰਤ ਮਾਨ ਸਿੰਘ ਜੀ ਦੇ ਇਹ ਗੱਲ ਸਮਝ ਆਈ ਕਿ ਇਨ੍ਹਾਂ ਨੇ ਧੋਖੇ ਨਾਲ ਮੇਰੇ ਕੋਲੋਂ ਬਚਨ ਲੈ ਲਿਆ ਹੈ। ਮੈਨੂੰ ਇਨ੍ਹਾਂ ਦੀ ਕੁਟਲ ਨੀਤੀ ਦਾ ਪਤਾ ਨਹੀਂ ਸੀ, ਪਰ ਮੈਂ ਹੁਣ ਆਪਣੇ ਗੁਰੂ ਦੀ ਮਰਯਾਦਾ ਦਾ ਉਲੰਘਣ ਨਹੀਂ ਕਰਾਂਗਾ। ਜੈਸਾ ਕਿ :

**ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥** *(ਮਾਰੂ ਵਾਰ ਮ: ੫, ਅੰਗ ੧੦੯੯)*

ਮੈਂ ਜਿਸ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੰਗਤ ਕੀਤੀ ਹੈ, ਉਥੋਂ ਇਹੀ ਸਿੱਖਿਆ ਮਿਲੀ ਹੈ ਕਿ ਬਚਨ ਕਰਕੇ ਪਾਲਨਾ ਚਾਹੀਦਾ ਹੈ ਜਿਵੇਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਬਚਨ ਕਰਕੇ ਆਪਣੇ ਸੀਸ ਦਾ ਬਲੀਦਾਨ ਦੇ ਦਿੱਤਾ, ਪਰ ਬਚਨ ਛੋਟਾ ਨਹੀਂ ਹੋਣ ਦਿੱਤਾ ਤਾਂ ਸੰਤ ਮਾਨ ਸਿੰਘ ਜੀ ਨੇ ਕਿਹਾ ਹੇ ਬ੍ਰਾਹਮਣਾ ! ਤੁਸੀਂ ਚੰਗਾ ਨਹੀਂ ਕੀਤਾ। ਮੇਰੇ ਕੋਲੋਂ ਧੋਖੇ ਨਾਲ ਬਚਨ ਲਿਆ ਹੈ ਤੇ ਬਚਨ ਇਕ ਲਿਆ ਸੀ, ਤੁਸੀਂ ਹੁਣ ਇਸ ਵਿਚ ਇਕ ਹੋਰ ਸ਼ਾਮਲ ਕਰ ਲਿਆ ਹੈ। ਮੈਂ ਆਪਣੇ ਸ਼ਿਸ਼ ਗੁਲਾਬ ਸਿੰਘ ਨੂੰ ਹੋਰ ਕੋਈ ਵੀ ਗ੍ਰੰਥ ਭਾਸ਼ਾ ਵਿਚ ਲਿਖਣ ਤੋਂ ਰੋਕ ਦਿਆਂਗਾ ਪਰ ਤੁਸੀਂ ਐਸਾ ਕਿਉਂ ਕੀਤਾ ਲਿਖਣ ਵਿਚ ਸਭ ਨੂੰ ਸੁਤੰਤਰਤਾ ਹੁੰਦੀ ਹੈ ਤਾਂ ਪੰਡਿਤਾਂ ਨੇ ਕਿਹਾ ਕਿ ਸਾਰੇ ਗ੍ਰੰਥ ਭਾਸ਼ਾ ਵਿਚ ਹੋ ਗਏ ਤਾਂ ਸਾਡੇ ਕੋਲ ਕਿਸ ਨੇ ਆਉਣਾ ਹੈ। ਸਾਡੀ ਰੋਜ਼ੀ ਰੋਟੀ ਮਾਰੀ ਜਾਵੇਗੀ ਅਤੇ ਸਨਮਾਨ ਭੀ ਸੰਸਾਰ ਵਿਚ ਨਹੀਂ ਰਹੇਗਾ ਤਾਂ ਸੰਤ ਮਾਨ ਸਿੰਘ ਨੇ ਕਿਹਾ ਕਿ ਤੁਹਾਡਾ ਬਚਨ ਹੋਰ ਗ੍ਰੰਥ ਨਾ ਲਿਖਣ ਦਾ ਮੰਨ ਲਿਆ ਹੈ। ਗੁਲਾਬ ਸਿੰਘ ਹੋਰ ਗ੍ਰੰਥ ਨਹੀਂ ਲਿਖੇਗਾ ਪਰ ਤੁਸੀਂ ਦੂਸਰਾ ਬਚਨ ਆਪਣੀ ਮਰਜ਼ੀ ਨਾਲ ਹੀ ਜੋੜ ਲਿਆ ਹੈ ਕਿ ਜਿੰਨੇ ਗ੍ਰੰਥ ਹੁਣ ਤਕ ਲਿਖੇ ਹਨ ਉਨ੍ਹਾਂ ਨੂੰ ਕਿਉਂ ਮੰਗਦੇ ਹੋ ਇਹ ਤਾਂ ਕੋਈ ਵਾਜਿਬ ਬਾਤ ਨਹੀਂ ਹੈ ਤਾਂ ਪੰਡਿਤਾਂ ਨੇ ਕਿਹਾ ਗ੍ਰੰਥ ਮੰਗਣੇ ਭੀ ਤੁਹਾਡੇ ਦਿੱਤੇ ਹੋਏ ਬਚਨ ਦਾ ਹਿੱਸਾ ਹਨ। ਸਾਡੀ ਇਕੋ ਹੀ ਮੰਗ ਦੇ ਦੋ ਹਿੱਸੇ ਨਾ ਸਮਝੋ ਇਕ ਹੀ ਕਿਉਂਕਿ ਜੇ ਲਿਖੇ ਗ੍ਰੰਥ ਵੀ ਗੁਲਾਬ ਸਿੰਘ ਦੇ ਕੋਲ ਰਹੇ ਤਾਂ ਸਾਡਾ ਉਤਨਾ ਹੀ ਨੁਕਸਾਨ ਹੋਵੇਗਾ ਜਿੰਨਾ ਹੋਰ ਗ੍ਰੰਥ ਲਿਖਣ ਦਾ ਹੈ। ਸੰਤ ਮਾਨ ਸਿੰਘ ਜੀ ਨੇ ਭਰੇ ਹੋਏ ਮਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਇਹ ਪੰਕਤੀਆਂ ਚੇਤੇ ਕਰਦੇ ਹੋਏ ਕਿ :

**ਐਸੇ ਬ੍ਰਾਹਮਣ ਡੂਬੇ ਭਾਈ ॥**
**ਨਿਰਾਪਰਾਧ ਚਿਤਵਹਿ ਬੁਰਿਆਈ ॥੧॥** *(ਆਸਾ ਮ: ੫, ਅੰਗ ੩੭੨)*

ਅਤੇ ਗ੍ਰੰਥ ਪੰਡਿਤਾਂ ਦੇ ਹਵਾਲੇ ਕਰ ਦਿੱਤੇ, ਜਿਸ ਵੇਲੇ ਇਹ ਪੰਡਿਤਾਂ ਦੀ ਮੰਡਲੀ ਜਦੋਂ ਮਾਨ ਸਿੰਘ ਕੋਲ ਆਈ ਸੀ, ਉਸ ਵੇਲੇ ਪੰਡਿਤ ਗੁਲਾਬ ਸਿੰਘ ਜੀ ਡੇਰੇ ਵਿਚ ਨਹੀਂ ਸਨ ਤੇ ਜਦੋਂ ਡੇਰੇ ਵਿਚ ਵਾਪਸ ਆਏ ਤਾਂ ਸੰਤ ਮਾਨ ਸਿੰਘ ਜੀ ਨੂੰ ਉਦਾਸ ਬੈਠਿਆਂ ਦੇਖ ਕੇ ਪੁੱਛਿਆ ਕਿ ਅੱਜ ਉਪਰਾਮਤਾ ਦਾ ਕਾਰਨ ਤਾਂ ਸੰਤ ਮਾਨ ਸਿੰਘ ਜੀ ਨੇ ਭਰੇ ਮਨ ਨਾਲ ਬ੍ਰਾਹਮਣਾਂ ਦੀ ਕੁਟਲ ਨੀਤੀ ਨਾਲ ਗ੍ਰੰਥ ਲੈ ਜਾਣ ਦੀ ਤੇ ਅੱਗੇ ਤੋਂ ਗ੍ਰੰਥ ਨਾ ਲਿਖਣ ਦੀ ਵਾਰਤਾ ਕਹਿ ਸੁਣਾਈ। ਪੰਡਿਤ ਗੁਲਾਬ ਸਿੰਘ ਜੀ ਨੇ ਸਾਰੀ ਜ਼ਿੰਦਗੀ ਦੀ ਮਿਹਨਤ ਖੋ ਕੇ ਵੀ ਆਪਣੇ ਵਿੱਦਿਆ ਗੁਰੂ ਦੇ ਦਿੱਤੇ ਹੋਏ ਬਚਨ ਨੂੰ ਛੋਟਾ ਨਹੀਂ ਹੋਣ ਦਿੱਤਾ। ਬ੍ਰਹਮ ਗਿਆਨੀ ਵਿੱਦਿਆ ਦਾਤੇ ਸੰਤ ਮਾਨ ਸਿੰਘ ਜੀ ਨੇ ਇਨ੍ਹਾਂ ਦੇ ਨਿਸਚੇ ਨੂੰ ਦੇਖਦੇ ਹੋਇਆਂ ਕਿ ਕੋਈ ਗ੍ਰੰਥ ਤੁਹਾਡਾ ਲਿਖਿਆ ਹੋਇਆ ਅਗਰ ਡੇਰੇ ਤੋਂ ਬਾਹਰ ਹੈ ਤਾਂ ਮੈਨੂੰ ਦੱਸੋ ਤਾਂ ਉਨ੍ਹਾਂ ਨੇ ਚਾਰ ਗ੍ਰੰਥਾਂ ਦਾ ਨਾਂ ਲਿਆ ੧. ਭਾਵਰਸਾਂਮ੍ਰਿਤ, ੨. ਮੋਖਸ ਪੰਥ, ੩. ਅਧਿਆਤਮ ਰਮਾਇਣ, ੪. ਪ੍ਰਬੋਧ ਚੰਦ੍ਰ ਨਾਟਕ ਇਹ ਚਾਰ ਗ੍ਰੰਥ ਕੋਈ ਸਾਧੂ ਮੇਰੇ ਕੋਲੋਂ ਪੜ੍ਹਨ ਵਾਸਤੇ ਲੈ ਗਏ ਹਨ ਤਾਂ ਸੰਤ ਮਾਨ ਸਿੰਘ ਜੀ ਨੇ ਕਿਹਾ ਉਹ ਚਾਰ ਗ੍ਰੰਥ ਮੰਗਾਓ ਤੇ ਸੰਤ ਮਾਨ ਸਿੰਘ ਜੀ ਨੇ ਆਪਣੀ ਬਰਕਤਾਂ ਭਰੀ ਜ਼ੁਬਾਨ ਤੋਂ ਬਚਨ ਕੀਤਾ ਕਿ ਹੇ ਗੁਲਾਬ ਸਿੰਘ ! ਜਿਵੇਂ ਤੂੰ ਮੇਰੀ ਆਗਿਆ ਦਾ ਪਾਲਣ ਕਰਕੇ ਮੇਰੇ ਬਚਨ ਨੂੰ ਛੋਟਾ ਨਹੀਂ ਹੋਣ ਦਿੱਤਾ, ਮੈਂ ਹੁਣ ਤੈਨੂੰ ਵਰ ਦਿੰਦਾ ਹਾਂ ਕਿ ਤੇਰੇ ਚਾਰੇ ਗ੍ਰੰਥਾਂ ਦੀ ਪ੍ਰਸਿੱਧੀ ਸਾਰੀਆਂ ਸੰਪ੍ਰਦਾਵਾਂ ਵਿਚ ਹੋਵੇਗੀ ਅਤੇ ਰਹਿੰਦੀ ਦੁਨੀਆਂ ਤਕ ਇਨ੍ਹਾਂ ਗ੍ਰੰਥਾਂ ਦੁਆਰਾ ਤੂੰ ਅਮਰ ਰਹੇਂਗਾ ਅਤੇ ਚਾਰੇ ਗ੍ਰੰਥਾਂ ਦੀ ਮਹਾਨਤਾ ਸਦੀਵ ਰਹੇਗੀ। ਫਿਰ ਇਨ੍ਹਾਂ ਚਾਰੇ ਗ੍ਰੰਥਾਂ ਦੇ ਅੱਗੇ ਅਉਤਾਰੇ ਹੋ ਕੇ ਅੱਜ ਸਾਰੀਆਂ ਸੰਪ੍ਰਦਾਵਾਂ ਵਿਚ ਛਾਏ ਹੋਏ ਹਨ ਜੋ ਗ੍ਰੰਥ ਪੰਡਾਂ ਬੰਨ ਕੇ ਬ੍ਰਾਹਮਣ ਲੈ ਗਏ ਸਨ, ਉਹ ਉਨ੍ਹਾਂ ਨੇ ਸਾਰੇ ਅੱਗ ਲਾ ਕੇ ਫੂਕ ਦਿੱਤੇ ਅਤੇ ਕਈ ਪੁਰਾਣੇ ਵਿਦਵਾਨਾਂ ਇਹ ਭੀ ਖਿਆਲ ਹੈ ਕਿ ਵੇਦਾਂਤ ਮਤ ਦੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕਰਨ ਤੋਂ ਬਾਅਦ ਵੇਦਾਂ ਦਾ ਭੀ ਅਨੁਵਾਦ ਕੀਤਾ ਸੀ। ਪਰ ਸਿੱਖ ਜਗਤ

ਦੇ ਕੋਲ ਇਹ ਖ਼ਜ਼ਾਨਾ ਨਾ ਰਿਹਾ। ਇਹ ਘਾਟਾ ਸਿੱਖ ਜਗਤ ਨੂੰ ਦੂਸਰੀ ਵਾਰ ਪਿਆ। ਪਹਿਲੀ ਵਾਰ ਜੋ ਵਿੱਦਿਆ ਸਾਗਰ ਗ੍ਰੰਥ ਸਰਸੇ ਦੀ ਭੇਟ ਹੋਇਆ, ਜਿਸ ਦਾ ਵਜ਼ਨ ੯ ਮਣ ਤੋਲਿਆ ਗਿਆ ਸੀ। ਕਾਂਸ਼ੀ ਦੀ ਸਾਰੀ ਵਿੱਦਿਆ ਲਿਖਤ ਰੂਪ ਵਿਚ ਇਸ ਗ੍ਰੰਥ ਵਿਚ ਗੁੰਥਨ ਕਰ ਦਿੱਤੀ ਗਈ। ਇਸ ਦੇ ਵਿਚ ਭੀ ਵੇਦਾਂ ਦਾ ਅਨੁਵਾਦ ਕੀਤਾ ਗਿਆ ਸੀ। ਇਹ ਦੂਸਰੀ ਵਾਰ ਫੇਰ ਜੇ ਕਿਸੇ ਗੁਰਸਿੱਖ ਵਿਦਵਾਨ ਨੇ ਆਪਣੀ ਜ਼ਿੰਦਗੀ ਦੀ ਬਾਜ਼ੀ ਲਾ ਕੇ ਵੇਦਾਂ ਦੇ ਅਨੁਵਾਦ ਤਕ ਪਹੁੰਚ ਕੀਤੀ ਇਹ ਖ਼ਜ਼ਾਨਾ ਫੇਰ ਪੰਡਿਤਾਂ ਦੀ ਬੇਈਮਾਨੀ ਨਾਲ ਸਿੱਖ ਜਗਤ ਦੇ ਹੱਥੋਂ ਜਾਂਦਾ ਰਿਹਾ। ਪੰਡਿਤ ਗੁਲਾਬ ਸਿੰਘ ਜੀ ਦਾ ਕੈਸਾ ਜੀਵਨ ਰਿਹਾ ਹੈ ਕਿ ਪਹਿਲਾਂ ਤਾਂ ਵਿਦਿਆ ਪੜ੍ਹਨ ਵੇਲੇ ਕਾਂਸ਼ੀ ਦੇ ਬ੍ਰਾਹਮਣਾਂ ਦੀ ਕਿੰਨੀ ਮੁਸ਼ੱਕਤ ਕਰਨੀ ਪਈ। ਪਹਿਲਾਂ ਕਾਂਸ਼ੀ ਵਿਚ ਵਿੱਦਿਆ ਪੜ੍ਹਨ ਵੇਲੇ ਸੰਤਾਪ ਹੰਢਾਇਆ ਉਹ ਅਸੀਂ ਪਿੱਛੇ ਲਿਖ ਆਏ ਹਾਂ ਤੇ ਹੁਣ ਦੂਸਰੀ ਵਾਰ ਸਾਰੀ ਜ਼ਿੰਦਗੀ ਦੀ ਕੀਤੀ ਹੋਈ ਘਾਲਣਾ ਪੰਡਿਤਾਂ ਦੇ ਜ਼ੁਲਮ ਦਾ ਸ਼ਿਕਾਰ ਹੋ ਗਈ ਨਹੀਂ ਤਾਂ ਅੱਜ ਸਿੱਖ ਜਗਤ ਨੂੰ ਵੇਦ ਵਿੱਦਿਆ ਪੜ੍ਹਨ ਵਾਸਤੇ ਕਾਂਸ਼ੀ ਜਾਣ ਦੀ ਲੋੜ ਨਾ ਪੈਂਦੀ। ਇਸ ਦੇ ਨਾਲ ਹੀ ਇਕ ਛੋਟੀ ਜਿਹੀ ਵਾਰਤਾ ਪੰਡਿਤ ਗੁਲਾਬ ਸਿੰਘ ਜੀ ਦੀ ਵਿਰੱਕਤੀ ਦੀ ਝਲਕ ਦੇਣ ਵਾਲੀ ਲਿਖਦੇ ਹਾਂ। ਜਦੋਂ ਇਹ ਸਭ ਕੁਝ ਤਿਆਗ ਕੇ ਸਾਧੂ ਬਾਣੇ ਵਿਚ ਆ ਗਏ ਸਨ ਤਾਂ ਇਕ ਦਿਨ ਇਨ੍ਹਾਂ ਦੇ ਮਾਤਾ-ਪਿਤਾ ਇਨ੍ਹਾਂ ਨੂੰ ਮਿਲਣ ਵਾਸਤੇ ਡੇਰੇ ਵਿਚ ਆਏ ਮਾਤਾ-ਪਿਤਾ ਬਿਰਧ ਹੋ ਚੁੱਕੇ ਸਨ ਤੇ ਗੁਲਾਬ ਸਿੰਘ ਨੂੰ ਦੇਖ ਕੇ ਰੋਣ ਲੱਗ ਪਏ ਤਾਂ ਸੰਤ ਗੁਲਾਬ ਸਿੰਘ ਜੀ ਨੇ ਰੋਣ ਦਾ ਕਾਰਨ ਪੁੱਛਿਆ ਤਾਂ ਮਾਤਾ ਬੋਲੀ ਪੁੱਤਰ! ਮੈਂ ਕੀ ਕਹਾਂ ਸਾਡੇ ਰੋਣ ਦਾ ਕਾਰਨ ਇਹ ਹੈ ਕਿ ਇਕ ਤਾਂ ਤੂੰ ਸਾਡੀ ਇਕਲੌਤੀ ਸੰਤਾਨ ਹੈ, ਜਿੰਨੀ ਦੇਰ ਤਕ ਤੁਹਾਡਾ ਜਨਮ ਨਹੀਂ ਸੀ ਹੋਇਆ, ਉਤਨੀ ਦੇਰ ਮੈਂ ਤੇ ਤੇਰੇ ਪਿਤਾ ਜੀ ਗਮਾਂ ਦੇ ਸਮੁੰਦਰ ਵਿਚ ਡੁੱਬੇ ਹੋਏ ਸੀ, ਤੇਰਾ ਜਨਮ ਹੋਇਆ ਸਾਨੂੰ ਬੜੀ ਖ਼ੁਸ਼ੀ ਹੋਈ। ਅਸੀਂ ਸੋਚਣ ਲੱਗੇ ਕਿ ਪੁੱਤਰ ਦੇ ਜਨਮ ਲੈਣ ਨਾਲ ਸੰਸਾਰ ਵਿਚ ਸਾਡੀ ਹਿੱਸੇਦਾਰੀ ਹੋ ਗਈ ਹੈ। ਪੁੱਤਰ ਤੇਰੇ ਸੰਤ ਹੋ ਜਾਣ ਨਾਲ ਮੁੜ ਫੇਰ ਉਸੇ ਸ਼ੋਕ ਸਮੁੰਦਰ ਵਿਚ ਡਿੱਗ ਗਏ ਹਾਂ। ਜੇ ਤੂੰ ਸੰਤ ਹੋਣ ਤੋਂ ਪਹਿਲਾਂ ਗ੍ਰਿਹਸਥੀ ਬਣ ਕੇ ਸੰਤਾਨ ਪੈਦਾ ਕਰ ਲੈਂਦਾ, ਸਾਡੇ ਪੋਤਰੇ-ਪੋਤਰੀਆਂ ਹੋ ਜਾਂਦੇ ਫੇਰ ਸਾਧੂ ਹੋ ਜਾਂਦਾ, ਸਾਨੂੰ ਆਹ ਦੁੱਖ ਨਾ ਦੇਖਣਾ ਪੈਂਦਾ, ਅਸੀਂ ਇਹੋ ਹੀ ਸੋਚਾਂ ਸੋਚਦੇ ਸੰਸਾਰ ਤੋਂ ਤੁਰ ਜਾਵਾਂਗੇ ਕਿ ਜਗ ਵਿਚ ਸਾਡਾ ਕੋਈ ਨਹੀਂ ਹੈ। ਸਾਡਾ ਨਾਂ ਮਿਟ ਜਾਏਗਾ। ਜਿਸ ਦਾ ਨਾਂਮ ਮਿਟ ਜਾਏ ਉਹ ਜੈਸਾ ਹੋਇਆ ਜੈਸਾ ਨਾ ਹੋਇਆ ਇਕ ਬਰਾਬਰ ਹੈ ਕਿ ਹੇ ਪੁੱਤਰ! ਤੂੰ ਆਪ ਹੀ ਸੋਚ ਅਸੀਂ ਹੁਣ ਰੋਈਏ ਨਾ ਤਾਂ ਕੀ ਕਰੀਏ। ਇਹ ਸੁਣ ਕੇ ਪੰਡਿਤ ਗੁਲਾਬ ਸਿੰਘ ਜੀ ਨੇ ਇਉਂ ਕਿਹਾ ਕਿ ਹੇ ਮਾਤਾ! ਮੈਂ ਹੁਣ ਸਾਧੂ ਹੋ ਕੇ ਗ੍ਰਿਹਸਥੀ ਤਾਂ ਨਹੀਂ ਬਣ ਸਕਦਾ, ਇਸ ਨਾਲ ਸਾਧੂਪੁਣੇ ਨੂੰ ਕਲੰਕ ਲੱਗਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਗੱਲ ਆ ਚੁੱਕੀ ਹੈ ਜੈਸਾ ਕਿ:

**ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥੨੪੩॥** *(ਸਲੋਕ ਕਬੀਰ ਜੀ, ਅੰਗ ੧੩੭੭)*

ਤੇ ਰਹੀ ਗੱਲ ਤੁਹਾਡੇ ਨਾਮ ਰਹਿਣ ਦੀ ਜੇ ਮੈਂ ਗ੍ਰਿਹਸਥੀ ਹੋ ਭੀ ਜਾਵਾਂ ਤਾਂ ਜ਼ਰੂਰੀ ਨਹੀਂ ਮੇਰੇ ਪੁੱਤਰ ਹੋਵੇ, ਬਹੁਤ ਗ੍ਰਿਹਸਥੀ ਸੰਸਾਰ ਵਿਚ ਸੰਤਾਨਹੀਣ ਹੀ ਚਲੇ ਜਾਂਦੇ ਹਨ, ਅਗਰ ਐਸਾ ਮੇਰੇ ਨਾਲ ਹੋਇਆ ਤਾਂ ਫਿਰ ਤੁਹਾਡਾ ਨਾਮ ਕਿਵੇਂ ਰਹੇਗਾ। ਸੰਤਾਨ ਹੋਈ ਤੋਂ ਤਿੰਨ ਚਾਰ ਪੁਸ਼ਤਾਂ ਬਾਅਦ ਨਾਮ ਮਿੱਟਦਾ ਜਾਂਦਾ ਹੈ, ਮੈਂ ਤੁਹਾਡਾ ਨਾਮ ਸੰਸਾਰ ਵਿਚ ਸਦਾ ਅਮਰ ਕਰ ਦਿਆਂਗਾ ਕਿ ਹੁਣ ਮੈਂ ਜੋ ਵੀ ਗ੍ਰੰਥ ਲਿਖਾਂਗਾ, ਉਸ ਦੇ ਵਿਚ ਮੈਂ ਤੁਹਾਡੇ ਦੋਵਾਂ ਦਾ ਨਾਮ ਲਿਖਾਂਗਾ ਕਿ ਮੈਂ ਇਨ੍ਹਾਂ ਦਾ ਪੁੱਤਰ ਹਾਂ, ਇਸ ਲਿਹਾਜਣ ਤੁਹਾਡਾ ਨਾਮ ਹਮੇਸ਼ਾਂ ਰਹੇਗਾ ਤੇ ਮਾਤਾ ਪਿਤਾ ਨੂੰ ਸਤਿਕਾਰ ਨਾਲ ਵਿਦਾ ਕੀਤਾ ਅਤੇ ਕਿਹਾ ਜਿਤਨੀ ਦੇਰ ਤੁਹਾਡੇ ਹੱਥ ਪੈਰ ਤੇ ਸਰੀਰ ਚੱਲਦਾ ਹੈ, ਉਤਨੀ ਦੇਰ ਆਪਣੇ ਘਰ ਰਹੋ ਜਦੋਂ ਤੁਸੀਂ ਆਪਣੀ ਕਿਰਿਆ ਤੋਂ ਅਸਮਰਥ ਹੋ ਜਾਓ, ਤਦੋਂ ਮੈਂ ਆਪਣੇ ਡੇਰੇ ਵਿਚ ਤੁਹਾਨੂੰ ਰੱਖ ਕੇ ਅੰਤ ਵੇਲੇ ਤਕ ਤੁਹਾਡੀ ਸੇਵਾ ਕਰਾਂਗਾ ਅਤੇ ਪੰਡਿਤ ਜੀ ਇਹ ਬਚਨ ਨਿਭਾਇਆ। ਭਾਵਰਸਾਂਮ੍ਰਿਤ ਵਿਚ ਮੋਖ ਪੰਥ ਵਿਚ, ਪ੍ਰਬੋਧ ਚੰਦ੍ਰ ਨਾਟਕ ਵਿਚ ਉਨ੍ਹਾਂ ਨੇ ਆਪਣੇ ਮਾਤਾ ਦੇ ਨਾਮ ਨੂੰ ਗ੍ਰੰਥਾਂ ਵਿਚ ਲਿਖਿਆ ਜੈਸਾ ਕਿ:

**ਦੋਹਰਾ॥ ਗੌਰੀ ਰਾਇਆ ਮਾਤ ਪਿਤ ਸੇਖਵਾ ਨਗਰ ਉਦਾਰ॥**
**ਗੁਲਾਬ ਸਿੰਘ ਕੁਲ ਦੀਪ ਸੁਤ ਕਰਯੋ ਗ੍ਰੰਥ ਨਿਰਧਾਰ॥੧੨੫॥** *(ਭਾਵਰਸਾਂਮ੍ਰਿਤ)*

**ਦੋਹਰਾ॥ ਮਦਰ ਦੇਸ ਮੰਡਨ ਜਹਾਂ ਪੁਰਖ ਸੇਖਵ ਅਭਿਰਾਮ॥**
**ਰਾਯਾ ਜਨਕ ਪ੍ਰਸਿਧ ਜਗ ਜਨਨੀ ਗੌਰੀ ਨਾਮ॥** *(ਮੋਖ ਪੰਥ)*

**ਦੋਹਰ॥ ਗੌਰੀ ਜਨਨੀ ਲੋਕ ਮੈਂ ਰਾਇਆ ਜਨਕ ਮਹਾਨ॥**
**ਗੁਲਾਬ ਸਿੰਘ ਸੁਤ ਤਾਂਹਿ ਕੇ ਨਾਟਕ ਕੀਨ ਬਖਾਨ॥** *(ਪ੍ਰਬੋਧ ਚੰਦ੍ਰ ਨਾਟਕ)*

# ੧ੴ ਸਤਿਗੁਰ ਪ੍ਰਸਾਦਿ॥

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ ਪ੍ਰਭੂ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਭਾਵਰਸਾਂਮ੍ਰਿਤ ਗ੍ਰੰਥ ਲਿਖ੍ਯਤੇ।

(ਗ੍ਰੰਥ ਕਰਤਾ ਵੱਲੋਂ ਮੰਗਲ)

ਅਥ = ਹੁਣ ਪੰਡਿਤ ਗੁਲਾਬ ਸਿੰਘ ਜੀ ਭਾਵਰਸਾਂਮ੍ਰਿਤ ਨਾਮਕ ਗ੍ਰੰਥ ਲਿਖ੍ਯਤੇ = ਲਿਖਣਾ ਪ੍ਰਾਰੰਭ ਕਰਦੇ ਹਨ।

(ਭਾਵ + ਰਸ + ਅੰਮ੍ਰਿਤ) ਭਾਵ = ਪ੍ਰੇਮ ਦੇ ਰਸ ਵਾਲੇ ਅੰਮ੍ਰਿਤ ਰੂਪ ਬਚਨ ਜਿਸ ਵਿਚ ਰੱਖੇ ਹਨ, ਐਸਾ ਗ੍ਰੰਥ ਉਚਾਰਣ ਕਰਦੇ ਹਨ।

ਅੱਗੇ ਗ੍ਰੰਥ ਦੀ ਪ੍ਰਾਰੰਭਤਾ 'ਤੇ ਸਭ ਤੋਂ ਪਹਿਲਾਂ ਸ੍ਰੀ ਰਾਮ ਜੀ ਦੇ ਚਰਨਾਂ ਦਾ ਮੰਗਲ ਕਰਦੇ ਹਨ। ਪਹਿਲਾਂ ਕਵੀ ਜੀ ਦੀ ਰੀਤ ਅਨੁਸਾਰ ਅਰਥ ਹੈ।

## ਸ੍ਵੈਯਾ॥ ਸੇਤ ਕਰੇ ਜਿਨ ਸਾਗਰ ਪੈ; ਸਭ ਦੇਵਨ ਕੇ ਦੁਖ ਦੂਰ ਮਿਟਾਏ॥

ਜਿਨ = ਜਿਸ ਰਾਮਚੰਦ੍ਰ ਜੀ ਨੇ ਲੰਕਾ ਨੂੰ ਜਾਣ ਵੇਲੇ ਸਾਗਰ = ਸਮੁੰਦਰ ਦੇ ਪੈ = ਉੱਪਰ ਵੱਡੇ-ਵੱਡੇ ਪੱਥਰਾਂ ਦਾ ਸੇਤ = ਪੁਲ ਬਣਾਉਣਾ ਕਰੇ = ਕੀਤਾ ਅਤੇ ਸਭ = ਸਾਰੇ ਦੇਵਨ = ਦੇਵਤਿਆਂ ਕੇ = ਦੇ ਦੁੱਖ ਦੂਰ ਕਰਕੇ ਮਿਟਾਏ = ਨਾਸ਼ ਕਰ ਦਿੱਤੇ ਸਨ, ਭਾਵ ਰਾਵਣ ਨੇ ਵੱਡੇ-ਵੱਡੇ ਦੇਵਤੇ ਕੈਦ ਕੀਤੇ ਹੋਏ ਸਨ ਤੇ ਉਨ੍ਹਾਂ ਕੋਲੋਂ ਨੌਕਰਾਂ ਵਾਂਗ ਕੰਮ ਕਰਾਉਂਦਾ ਸੀ। ਜੈਸਾ ਕਿ :

**ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥ ਬੈਸੰਤਰੁ ਜਾ ਕੇ ਕਪਰੇ ਧੋਈ॥੩॥**

*(ਆਸਾ ਭਗਤ ਕਬੀਰ ਜੀ, ਅੰਗ ੪੮੧)*

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਵੀ ਐਸਾ ਕਥਨ ਕੀਤਾ ਹੋਇਆ ਹੈ, ਜੈਸਾ ਕਿ :

**ਰਾਵਣ ਬਾਚ॥ ਚਉਰ ਚੰਦ੍ਰੰ ਕਰੰ ਛਤ੍ਰ ਸੂਰੰ ਧਰੰ ਬੇਦ ਬ੍ਰਹਮਾ ਰਰੰ ਦੁਆਰ ਮੇਰੇ॥**
**ਪਾਕ ਪਾਵਕ ਕਰੰ ਨੀਰ ਬਰਣੰ ਭਰੰ ਜੱਛ ਬਿੱਦਿਆਧਰੰ ਕੀਨ ਚੇਰੇ॥**

*(ਸ੍ਰੀ ਦਸਮ ਗ੍ਰੰਥ, ਰਾਮ ਅਵਤਾਰ)*

ਸੋ ਐਸੇ ਦੇਵਤੇ ਰਾਵਣ ਨੇ ਕੈਦ ਵਿਚ ਰੱਖੇ ਹੋਏ ਸਨ, ਜੋ ਸ੍ਰੀ ਰਾਮਚੰਦ੍ਰ ਜੀ ਨੇ ਸਭ ਆਜ਼ਾਦ ਕਰ ਦਿੱਤੇ।

## ਰਾਵਣ ਕੇ ਦਸ ਸੀਸ ਕਟੇ; ਸੁ ਵਿਭੀਖਨ ਕੇ ਸਿਰ ਛਤ੍ਰ ਫਿਰਾਏ।

ਫੇਰ ਰਾਵਣ ਨਾਲ ਯੁੱਧ ਕਰਕੇ ਉਸਦੇ ਦਸ ਸਿਰ ਕੱਟੇ = ਕੱਟ ਦਿੱਤੇ ਗਏ ਅਤੇ ਉਸਦੇ ਛੋਟੇ ਭਰਾ ਵਿਭੀਖਨ ਕੇ = ਦੇ ਸਿਰ ਉੱਪਰ (ਲੰਕਾ ਦਾ ਰਾਜ ਤਖ਼ਤ ਦਾ) ਛਤ੍ਰ ਫਿਰਾਏ = ਫਿਰਾ, ਝੁਲਾ ਦਿੱਤਾ।

## ਗੌਤਮ ਨਾਰਿ ਉਧਾਰਿ ਕਰੀ; ਮਿਥਲਾਪਤਿ ਕੇ ਜਿਨ ਭੌਨ ਸੁਹਾਏ॥

ਫੇਰ ਗੌਤਮ ਰਿਖੀ ਦੀ ਨਾਰਿ = ਇਸਤ੍ਰੀ ਅਹੱਲਿਆ ਜੋ ਪੱਥਰ ਬਣੀ ਸੀ, ਉਸਦਾ ਉਧਾਰਿ = ਪਾਰ-ਉਤਾਰਾ ਕੀਤਾ ਅਤੇ ਮਿਥਲਾਪਤਿ = ਮਿਥਲਾ ਪੁਰੀ ਦੇ ਪਤਿ, ਮਾਲਕ ਰਾਜੇ ਜਨਕ ਕੇ = ਦੇ ਜਿਨ = ਜਿਸ ਰਾਮਚੰਦ੍ਰ ਜੀ ਨੇ ਭੌਨ = ਘਰ ਸੁਹਾਏ = ਸ਼ੋਭਨੀਕ ਬਣਾਏ।

**ਸਾਖੀ ਅਹੱਲਿਆ ਦੇ ਤਾਰਨ ਦੀ :** ਅਹੱਲਿਆ ਗੌਤਮ ਰਿਖੀ ਦੀ ਪਤਨੀ ਸੀ, ਜੋ ਬਹੁਤ ਹੀ ਸੁੰਦਰ ਸਰੂਪ ਵਾਲੀ ਸੀ, ਇਸਦੇ ਸੁੰਦਰ ਸਰੂਪ ਦੀ ਸਾਰੇ ਦੇਵਤਿਆਂ ਵਿਚ ਗੱਲ ਚੱਲਦੀ ਰਹਿੰਦੀ ਸੀ, ਇਕ ਦਿਨ ਚੰਦ੍ਰਮਾ ਦੇ ਕੋਲੋਂ ਇੰਦਰ ਨੇ ਗੌਤਮ ਰਿਖੀ ਦੀ ਇਸਤ੍ਰੀ ਅਹੱਲਿਆ ਬਾਰੇ ਸੁਣਿਆ ਕਿ ਗੌਤਮ ਰਿਖੀ ਦੀ ਇਸਤ੍ਰੀ ਵਰਗਾ ਦੁਨੀਆਂ ਵਿਚ ਹੋਰ ਕਿਸੇ ਦਾ ਰੂਪ ਨਹੀਂ ਹੈ, ਅਹੱਲਿਆ ਦੀ ਸਿਫ਼ਤ ਸੁਣ ਕੇ ਜਦੋਂ ਉਸਦੇ ਚਿਹਰੇ ਮੋਹਰੇ ਨੂੰ ਦੇਖਿਆ ਤਾਂ ਕਾਮ ਵੱਸ ਹੋ ਕੇ ਇੰਦਰ ਨੂੰ ਸੁੱਧ ਬੁੱਧ ਹੀ ਭੁੱਲ ਗਈ ਜੈਸਾ ਕਿ :

**ਦਿਪਤ ਦੀਪ ਦੁਤਿ ਬਪੁ ਪਿਖੀ ਬਾਸਵ ਭਯੋ ਪਤੰਗ॥**
**ਕਾਮ ਸਿੰਘ ਗਰਜਨ ਕਰਾ ਧੀਰਨ ਭਯੋ ਕਰੰਗ॥** *(ਸ੍ਰੀ ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ, ਪੰਨਾ ੪੧੨)*

ਪਹਿਲਾਂ ਇੰਦਰ ਨੇ ਸੂਰਜ ਦੇ ਅਭਿਮਾਨੀ ਦੇਵ ਨੂੰ ਪੁੱਛਿਆ ਕਿ ਮੇਰਾ ਅਹੱਲਿਆ ਨਾਲ ਮਿਲਾਪ ਕਿਸ ਤਰੀਕੇ ਨਾਲ ਹੋ ਸਕਦਾ ਹੈ। ਤਾਂ ਸੂਰਜ ਦੇਵਤਾ ਕਹਿਣ ਲੱਗਿਆ ਕਿ ਮੇਰੀ ਤੇਜ਼ ਰੌਸ਼ਨੀ ਕਰਕੇ ਤਾਂ ਇਸਤ੍ਰੀਆਂ ਲੁਕੀਆਂ ਰਹਿੰਦੀਆਂ ਹਨ, ਬਾਹਰ ਹੀ ਨਹੀਂ ਨਿਕਲਦੀਆਂ। ਫੇਰ ਇੰਦਰ ਨੇ ਚੰਦਰਮਾ ਨੂੰ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਸਦਾ ਪਤੀ ਗੌਤਮ ਰਿਖੀ ਕੁੱਕੜ ਦੀ ਬਾਂਗ ਸੁਣ ਕੇ ਪ੍ਰਭਾਤ ਵੇਲੇ ਉੱਠ ਕੇ ਪਹਿਰ ਰਾਤ ਰਹਿੰਦੀ ਨੂੰ ਗੋਦਾਵਰੀ ਵਿਚ ਇਸ਼ਨਾਨ ਕਰਨ ਲਈ ਜਾਂਦਾ ਹੈ,ਉਸ ਸਮੇਂ ਤੋਂ ਬਗ਼ੈਰ ਉਸਦੇ ਇਕੱਲੀ ਹੋਣ ਦਾ ਹੋਰ ਕੋਈ ਸਮਾਂ ਨਹੀਂ। ਇੰਦਰ ਚੰਦਰਮਾ ਨੂੰ ਕਹਿਣ ਲੱਗਾ ਕਿ ਤੂੰ ਮੇਰੀ ਸਹਾਇਤਾ ਕਰ, ਰਿਖੀ ਦੇ ਸਵੇਰੇ ਉੱਠਣ ਦੇ ਸਮੇਂ ਤੂੰ ਕੁੱਕੜ ਬਣ ਕੇ ਅੱਧੀ ਰਾਤ ਨੂੰ ਬਾਂਗ ਦੇ ਦੇਵੀਂ।

ਇੰਦਰ ਦਾ ਕਹਿਣਾ ਮੰਨ ਕੇ ਚੰਦਰਮਾ ਨੇ ਦੂਸਰੀ ਰਾਤ ਨੂੰ ਕੁੱਕੜ ਦਾ ਰੂਪ ਧਾਰ ਕੇ ਅੱਧੀ ਰਾਤ ਨੂੰ ਜਾ ਕੇ ਬਾਂਗ ਦੇ ਦਿੱਤੀ। ਬਾਂਗ ਨੂੰ ਸੁਣ ਕੇ ਗੌਤਮ ਰਿਖੀ ਉੱਠ ਕੇ ਪਰਨਾ ਲੈ ਕੇ ਇਸ਼ਨਾਨ ਕਰਨ ਲਈ ਗੋਦਾਵਰੀ ਵੱਲ ਤੁਰ ਪਿਆ। ਗੌਤਮ ਰਿਖੀ ਦੇ ਜਾਣ ਤੋਂ ਬਾਅਦ ਇੰਦਰ ਨੇ ਦੈਵੀ ਸ਼ਕਤੀ ਨਾਲ ਗੌਤਮ ਰਿਖੀ ਵਰਗਾ ਸਰੂਪ ਬਣਾ ਕੇ ਅਹੱਲਿਆ ਨਾਲ ਮਿਲ ਕੇ ਮਨ ਭਾਉਂਦੀਆਂ ਖ਼ੁਸ਼ੀਆਂ ਕੀਤੀਆਂ। ਜਿਸ ਵੇਲੇ ਗੌਤਮ ਰਿਖੀ ਗੋਦਾਵਰੀ ਵਿਚ ਇਸ਼ਨਾਨ ਕਰਨ ਲਈ ਵੜਿਆ ਤਾਂ ਗੰਗਾ ਗੋਦਾਵਰੀ ਵਿਚੋਂ ਅੰਤਰਜਾਮੀ ਨੇ ਗੰਗਾ ਦੇ ਰੂਪ ਵਿਚ ਆਵਾਜ਼ ਦਿੱਤੀ ਕਿ ਹੇ ਰਿਖੀ ਜੀ! ਤੁਹਾਡੇ ਇਸ਼ਨਾਨ ਦਾ ਅਜੇ ਸਮਾਂ ਨਹੀਂ ਹੈ ਅਜੇ ਤਾਂ ਅੱਧੀ ਰਾਤ ਦਾ ਸਮਾਂ ਹੈ, ਤੁਹਾਡੇ ਘਰ ਚੋਰ ਲੱਗੇ ਹੋਏ ਹਨ, ਜਲਦੀ ਜਾਉ ਤੇ ਆਪਣੇ ਘਰ ਦੀ ਸੰਭਾਲ ਕਰੋ।

ਇਹ ਗੱਲ ਸੁਣ ਕੇ ਰਿਖੀ ਗਿੱਲਾ ਪਰਨਾ ਨਿਚੋੜਦਾ ਬੜੇ ਗ਼ੁੱਸੇ ਵਿਚ ਜਲਦੀ ਬਾਹਰ ਆਇਆ। ਜਦੋਂ ਰਿਖੀ ਜੀ ਨੇ ਘਰ ਦੇ ਬਾਹਰ ਜਾ ਕੇ ਵੇਖਿਆ ਕਿ ਚੰਦਰਮਾ ਕੁੱਕੜ ਬਣ ਕੇ ਮੁਨਾਰੇ 'ਤੇ ਬੈਠਾ ਬੋਲ ਰਿਹਾ ਹੈ। ਸਾਰੀ ਸ਼ੈਤਾਨੀ ਚੰਦਰਮਾ ਦੀ ਜਾਣ ਕੇ ਗ਼ੁੱਸੇ ਵਿਚ ਆ ਕੇ ਬੜੇ ਜ਼ੋਰ ਨਾਲ ਗਿੱਲਾ ਪਰਨਾ ਚਲਾ

ਕੇ ਮਾਰਿਆ ਤਾਂ ਉਸਦੇ ਨਿਸ਼ਾਨ ਪੈ ਗਿਆ, ਜਿਸ ਨੂੰ ਚੰਦਰਮਾ ਦੇ ਕਲੰਕ ਲੱਗ ਗਿਆ ਆਖਦੇ ਹਨ, ਜੋ ਕਲੰਕ ਅੱਜ ਤਕ ਦੂਰ ਨਹੀਂ ਹੋ ਸਕਿਆ। ਫੇਰ ਰਿਖੀ ਜਦੋਂ ਅੰਦਰ ਜਾਣ ਲੱਗਿਆ ਤਾਂ ਆਪਣੀ ਲੜਕੀ ਅੰਜਨੀ ਨੂੰ ਪਹਿਰੇ 'ਤੇ ਖੜ੍ਹਾ ਵੇਖ ਕੇ ਪੁੱਛਣ ਲੱਗਾ ਕਿ ਅੰਦਰ ਕੌਣ ਹੈ ਤਾਂ ਅੰਜਨੀ ਨੇ ਮੱਧਮ ਜਿਹੀ ਆਵਾਜ਼ ਨਾਲ ਕਿਹਾ ਕਿ ਮਾਜਾਰ। (ਮਾਜਾਰ ਪਦ ਦੇ ਕਈ ਅਰਥ ਹਨ, ਜਿਵੇਂ ਚੋਰ, ਬਿੱਲਾ ਅਤੇ ਮਾਂ ਦਾ ਯਾਰ ਵੀ ਅਰਥ ਬਣ ਜਾਂਦਾ ਹੈ) ਉਸੇ ਵੇਲੇ ਅੰਜਨੀ ਨੂੰ ਆਪਣੀ ਮਾਂ ਦੇ ਪਾਪ ਕਰਨ ਵਿਚ ਮਿਲੀਭੁਗਤ ਜਾਣ ਕੇ ਸਰਾਪ ਦੇ ਦਿੱਤਾ ਕਿ ਤੂੰ ਕੁਆਰੀ ਹੀ ਮਾਂ ਬਣੇਗੀ। ਅੰਦਰ ਜਾ ਕੇ ਜਦੋਂ ਇੰਦਰ ਨੂੰ ਆਪਣੇ ਰੂਪ ਵਿਚ ਵੇਖਿਆ ਤਾਂ ਉਸਨੂੰ ਕਿਹਾ ਕਿ ਤੂੰ ਇਤਨੇ ਪਦਾਰਥ ਵਾਲਾ ਹੋ ਕੇ ਵੀ ਤ੍ਰਿਪਤ ਨਹੀਂ ਹੋਇਆ, ਤੇਰੇ ਘਰ ਵਿਚ ਸਭ ਕੁਝ ਹੈ, ਪਰ ਫੇਰ ਵੀ ਰਿਖੀਆਂ ਦੇ ਘਰ ਆ ਕੇ ਪਾਪ ਕਰਮ ਕਰਨ ਲੱਗ ਪਿਆ ਹੈ। ਜਾਹ ਜਿਸ ਇਕ ਭਗ ਦੇ ਕਾਰਨ ਤੂੰ ਇਥੇ ਆਇਆ ਹੈਂ, ਉਹ ਤੇਰੇ ਸਰੀਰ ਉੱਤੇ ਹਜ਼ਾਰਾਂ ਭਗਾਂ ਦੇ ਨਿਸ਼ਾਨ ਹੋ ਜਾਣ। ਰਿਖੀ ਦੇ ਕੋਲੋਂ ਸਰਾਪ ਦੇ ਬਚਨ ਸੁਣ ਕੇ ਇੰਦਰ ਦਾ ਸਰੀਰ ਫਿੱਟ ਗਿਆ, ਭਾਵ ਹਜ਼ਾਰਾਂ ਹੀ ਭਗਾਂ ਦੇ ਨਿਸ਼ਾਨ ਹੋ ਗਏ।

ਫੇਰ ਰਿਖੀ ਨੇ ਆਪਣੀ ਇਸਤਰੀ ਅਹੱਲਿਆ ਵੱਲ ਵੇਖਿਆ ਤੇ ਉਸਨੂੰ ਕਿਹਾ ਕਿ ਜਾਹ ਤੂੰ ਪੱਥਰ ਬਣ ਜਾਹ, ਰਿਖੀਆਂ ਦੇ ਕੋਲ ਰਹਿ ਕੇ ਵੀ ਤੇਰੇ ਅੰਦਰੋਂ ਵਿਸ਼ੇ ਵਾਸ਼ਨਾ ਖ਼ਤਮ ਨਹੀਂ ਹੋਈ (ਕਿਉਂਕਿ ਅਹੱਲਿਆ ਨੇ ਆਪਣੀ ਜੋਗਨੇਸੁਰੀ ਨਾਮ ਦੀ ਸਖੀ ਭੇਜ ਕੇ ਇੰਦਰ ਨੂੰ ਕੁਕਰਮ ਕਰਨ ਲਈ ਬੁਲਾਇਆ ਸੀ) ਇਹ ਸਰਾਪ ਦੇ ਬਚਨ ਸੁਣ ਕੇ ਅਹੱਲਿਆ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਜਿਸ ਤਰ੍ਹਾਂ ਦਾ ਮੈਂ ਪਾਪ ਕੀਤਾ ਹੈ, ਉਸਦਾ ਫਲ ਤਾਂ ਮੈਨੂੰ ਜ਼ਰੂਰ ਭੋਗਣਾ ਹੀ ਪਵੇਗਾ। ਪਰ ਮੇਰੇ 'ਤੇ ਕੁਝ ਤਰਸ ਕਰੋ ਕਿਉਂਕਿ ਫੇਰ ਵੀ ਮੈਂ ਤੁਹਾਡੀ ਪਤਨੀ ਹਾਂ। ਤੁਸੀਂ ਮੇਰੀ ਇਸ ਜੂਨ ਤੋਂ ਮੁਕਤੀ ਕਰ ਦੇਵੋ। ਰਿਖੀ ਨੇ ਕਿਹਾ ਕਿ ਇਹ ਸਰਾਪ ਹੁਣ ਵਾਪਸ ਨਹੀਂ ਹੋ ਸਕਦਾ। ਅਹੱਲਿਆ ਨੇ ਕਿਹਾ ਕਿ ਕਿਰਪਾ ਕਰਕੇ ਇਹੀ ਦੱਸ ਦੇਵੋ ਕਿ ਮੇਰੀ ਇਸ ਪੱਥਰ ਦੀ ਜੂਨ ਤੋਂ ਮੁਕਤੀ ਕਦੋਂ ਤੇ ਕਿਵੇਂ ਹੋਵੇਗੀ ? ਤਦ ਗੌਤਮ ਰਿਖੀ ਨੇ ਕਿਹਾ ਕਿ ਜਦੋਂ ਤ੍ਰੇਤੇ ਯੁੱਗ ਵਿਚ ਮਰਯਾਦਾ ਪ੍ਰਸ਼ੋਤਮ ਭਗਵਾਨ ਸ੍ਰੀ ਰਾਮਚੰਦਰ ਜੀ ਅਵਤਾਰ ਧਾਰਨਗੇ, ਉਹ ਜਦੋਂ ਏਧਰ ਆਏ ਤਾਂ ਉਨ੍ਹਾਂ ਦੇ ਚਰਨ ਛੂਹਣ ਨਾਲ ਤੇਰੀ ਪੱਥਰ ਜੂਨ ਤੋਂ ਮੁਕਤੀ ਹੋਵੇਗੀ। ਅਹੱਲਿਆ ਨੇ ਕਿਹਾ ਕਿ ਹੇ ਸੁਆਮੀ ਜੀ ! ਅਜੇ ਤਾਂ ਦੁਆਪਰ ਯੁੱਗ ਆਵੇਗਾ, ਇਸ ਤੋਂ ਬਾਅਦ ਤ੍ਰੇਤਾ ਯੁੱਗ ਆਵੇਗਾ। ਮੈਨੂੰ ਇਤਨਾ ਚਿਰ ਪੱਥਰ ਦੀ ਜੂਨ ਵਿਚ ਨਾ ਰੱਖੋ। ਤਦੋਂ ਗੌਤਮ ਰਿਖੀ ਨੇ ਕਿਹਾ ਕਿ ਪਹਿਲਾਂ ਤ੍ਰੇਤਾ ਯੁੱਗ ਹੀ ਆਵੇਗਾ। ਇਉਂ ਰਿਖੀ ਨੇ ਆਪਣੇ ਤਪ ਦੇ ਪ੍ਰਤਾਪ ਨਾਲ ਯੁੱਗ ਹੀ ਬਦਲਾ ਦਿੱਤਾ ਸੀ।

ਫੇਰ ਤ੍ਰੇਤੇ ਯੁੱਗ ਵਿਚ ਜਦੋਂ ਭਗਵਾਨ ਰਾਮ ਚੰਦਰ ਜੀ ਬਨਵਾਸ ਨੂੰ ਗਏ ਸਨ, ਤਦੋਂ ਉੱਥੇ ਇਸ ਪੱਥਰ ਦੀ ਸਿਲਾ ਬਣੀ ਅਹੱਲਿਆ ਨੂੰ ਆਪਣੇ ਚਰਨ ਛੁਹਾ ਕੇ ਉਸਨੂੰ ਮੁਕਤ ਕੀਤਾ ਸੀ। ਉਹ ਗੱਲ ਹੀ ਏਥੇ ਕਵੀ ਜੀ ਇਸ਼ਾਰੇ ਮਾਤਰ ਸਮਝਾ ਰਹੇ ਹਨ ਕਿ ਜਿਸ ਭਗਵਾਨ ਰਾਮਚੰਦਰ ਜੀ ਨੇ ਗੌਤਮ ਰਿਖੀ ਦੀ ਘਰਵਾਲੀ ਜੋ ਸਤਿਜੁੱਗ ਦੀ ਪੱਥਰ ਦੀ ਜੂਨ ਵਿਚ ਪਈ, ਉਸਨੂੰ ਆਪਣੇ ਪਾਵਨ ਚਰਨ ਛੁਹਾ ਕੇ ਮੁਕਤ ਕੀਤਾ ਸੀ।

ਅਤੇ ਮਿਥਲਾਪਤਿ ਰਾਜੇ ਜਨਕ ਜੀ ਦੇ ਘਰ ਵਿਚ ਜਾ ਕੇ ਉਨ੍ਹਾਂ ਦੀ ਸਪੁੱਤਰੀ ਸੀਤਾ ਜੀ ਨਾਲ ਵਿਆਹ ਕਰਕੇ ਉਨ੍ਹਾਂ ਦੇ ਘਰ ਨੂੰ ਸ਼ੋਭਨੀਕ ਬਣਾ ਦਿੱਤਾ।

**ਸੀਯ ਸਮੇਤ ਨਮੋ ਤਿਨ ਕੋ;**
**ਇਕ ਆਸਨ ਬੈਠ ਮਹਾਂ ਹਰਖਾਏ ॥੧॥**

ਤਿਨ = ਉਨ੍ਹਾਂ ਭਗਵਾਨ ਰਾਮਚੰਦਰ ਜੀ ਕੋ = ਨੂੰ ਸੀਯ = ਸੀਤਾ ਜੀ ਦੇ ਸਮੇਤ ਹੀ ਨਮੋ = ਨਮਸਕਾਰ

ਹੈ, ਜੋ ਅਯੁੱਧਿਆ ਦੇ ਵਿਚ ਇਕ ਹੀ ਆਸਨ ਭਾਵ ਤਖ਼ਤ 'ਤੇ ਬੈਠ ਕੇ ਮਹਾਂ = ਬਹੁਤ ਹਰਖਾਏ = ਪ੍ਰਸੰਨ ਹੋ ਰਹੇ ਹਨ ॥੧॥

**ਦੂਸਰਾ ਅਰਥ**

**ਸੇਤ ਕਰੇ ਜਿਨ ਸਾਗਰ ਪੈ; ਸਭ ਦੇਵਨ ਕੇ ਦੁਖ ਦੂਰ ਮਿਟਾਏ ॥**

ਜਿਨ = ਜਿਸ ਗੁਰੂ ਨਾਨਕ ਸਾਹਿਬ ਨੇ ਇਸ ਸੰਸਾਰ-ਸਮੁੰਦਰ ਦੇ ਉੱਪਰ ਪਰਮਾਤਮਾ ਦੇ ਨਾਮ, ਜੱਸ ਦਾ ਸੇਤ = ਪੁਲ ਬੰਨ੍ਹਣਾ ਕੀਤਾ ਹੈ, ਫੇਰ ਸਭ ਦੇਵਨ = ਸ੍ਰੇਸ਼ਟ ਮਨੁੱਖ[੧] ਦੇ ਜੰਮਣ ਮਰਨ ਰੂਪੀ ਦੁੱਖ ਦੂਰ ਕਰਕੇ ਨਾਸ਼ ਕਰ ਦਿੱਤੇ ਹਨ।

**ਰਾਵਣ ਕੇ ਦਸ ਸੀਸ ਕਟੇ; ਸੁ ਬਿਭੀਖਨ ਕੇ ਸਿਰ ਛਤ੍ਰ ਫਿਰਾਏ ॥**

ਹੰਕਾਰ ਰੂਪੀ, ਅਗਿਆਨ ਰੂਪੀ ਰਾਵਣ ਦੇ ਪੰਜਾਂ ਵਿਸ਼ਿਆਂ ਤੇ ਪੰਜਾਂ ਵਿਕਾਰਾਂ ਰੂਪੀ ਦਸ ਸਿਰ ਕਟੇ = ਕੱਟ ਦਿੱਤੇ ਹਨ ਅਤੇ (ਵਿ+ਭੈ+ਈਖਨ) ਵਿ = ਵਿਸ਼ੇਸ਼ ਕਰਕੇ ਭੈ ਦੀ ਈਖਨ = ਇੱਛਾ ਵਾਲੇ ਭਾਵ ਭੈ ਨੂੰ ਧਾਰਨ ਵਾਲੇ ਅਰਥਾਤ ਜਿਨ੍ਹਾਂ ਨੇ ਵਿਸ਼ੇਸ਼ ਕਰਕੇ ਪਰਮੇਸ਼ਰ ਦੇ ਭੈ ਨੂੰ ਧਾਰਨਾ ਕੀਤਾ ਹੈ, ਉਨ੍ਹਾਂ ਦੇ ਅੰਤਹਕਰਨ ਰੂਪੀ ਸਿਰ ਉੱਪਰ ਜਿਸ ਗੁਰੂ ਨੇ ਪ੍ਰਭੂ ਦੀ ਅਭੇਦਤਾ ਰੂਪੀ ਛਤ੍ਰ ਫੇਰਨਾ ਕੀਤਾ ਹੈ। ਜੈਸਾ ਕਿ :

**ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥**

*(ਸ੍ਰੀ ਦਸਮ ਗ੍ਰੰਥ, ਅਕਾਲ ਉਸਤਤ)*

**ਗੋਤਮ ਨਾਰਿ ਉਧਾਰਿ ਕਰੀ; ਮਿਥਲਾਪਤਿ ਕੇ ਜਿਨ ਭੌਨ ਸੁਹਾਏ ॥**

(ਗੋ+ਤਮ) ਗੋ = ਇੰਦ੍ਰੀਆਂ ਤੇ ਤਮ = ਅਗਿਆਨਤਾ ਦਾ ਅੰਧਕਾਰ, ਇਸਦੇ ਨਾਲ ਮਿਲੀ ਹੋਈ ਬੁੱਧੀ ਰੂਪੀ ਨਾਰਿ = ਇਸਤਰੀ ਦਾ ਪਾਰ-ਉਤਾਰਾ ਕੀਤਾ, ਭਾਵ ਇੰਦ੍ਰੀਆਂ ਦੇ ਵਿਸ਼ੇ ਮੇਟ ਦਿੱਤੇ ਅਤੇ ਅਗਿਆਨਤਾ ਦਾ ਅੰਧਕਾਰ ਵੀ ਨਾਸ਼ ਕਰ ਦਿੱਤਾ। ਇਉਂ ਬੁੱਧੀ ਨੂੰ ਛੁਡਾਉਣਾ ਕੀਤਾ, ਫੇਰ ਜਿਨ = ਜਿਸ ਗੁਰੂ ਨੇ (ਮਿਥਲਾ+ਪਤਿ) ਮਿਥਲਾ = ਮਿਥਿਆ ਦੇਹੀ ਦੇ ਪਤਿ = ਪਤੀ ਮਨ ਦੇ ਅੰਤਹਕਰਨ ਰੂਪੀ ਘਰ ਨੂੰ ਸੁਹਾਏ = ਸ਼ੋਭਨੀਕ ਬਣਾ ਦਿੱਤਾ ਹੈ।

**ਸੀਯ ਸਮੇਤ ਨਮੋ ਤਿਨ ਕੋ; ਇਕ ਆਸਨ ਬੈਠ ਮਹਾਂ ਹਰਖਾਏ ॥੧॥**

ਸ਼ਰਧਾ ਰੂਪੀ ਸੀਯ = ਸੀਤਾ ਦੇ ਸਮੇਤ ਤਿਨ = ਉਨ੍ਹਾਂ ਗੁਰਾਂ ਭਾਵ ਗੁਰੂ ਨਾਨਕ ਸਾਹਿਬ ਕੋ = ਨੂੰ ਨਮੋ = ਨਮਸਕਾਰ ਹੈ ਜਿਨ੍ਹਾਂ ਦੀ ਕਿਰਪਾ ਦੇ ਸਦਕਾ ਸਿੱਖ ਇਕ = ਏਕਤਾ ਰੂਪੀ ਆਸਨ ਦੇ ਉੱਪਰ ਬੈਠ = ਇਸਥਿਤ ਹੋ ਕੇ ਬਹੁਤ ਹਰਖਾਏ = ਅਨੰਦ ਨੂੰ ਪ੍ਰਾਪਤ ਕਰਦਾ ਹੈ ॥੧॥

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

## ਸ੍ਵੈਯਾ ॥

## ਕਲਿ ਕੇ ਸਭ ਦੂਖ ਨਿਵਾਰਨ ਕੋ; ਭਵਤਾਰਨ ਕੋ ਜਗ ਭੀਤਰ ਆਏ ॥

ਸ੍ਰੀ ਗੁਰੂ ਨਾਨਕ ਦੇਵ ਜੀ ਕਲਿ = ਕਲਿਜੁਗ ਕੇ = ਦੇ ਅੰਦਰ ਸਾਰੀ ਦੁਨੀਆਂ ਦੇ ਸਭ = ਸਾਰੇ ਦੂਖ = ਕਸ਼ਟਾਂ ਨੂੰ ਨਿਵਾਰਨ = ਨਵਿਰਤ ਕਰਨ ਕੋ = ਦੇ ਲਈ ਅਤੇ ਕਲਿਜੁਗੀ ਜੀਵਾਂ ਨੂੰ ਨਾਮ, ਭਗਤੀ

੧. ਜੈਸਾ ਕਿ : ਸਾਧ ਕਰਮ ਜੇ ਪੁਰਖ ਕਮਾਵੈ॥ ਨਾਮ ਦੇਵਤਾ ਜਗਤ ਕਹਾਵੈ॥ *(ਬਚਿੱਤ੍ਰ ਨਾਟਕ, ਅਧਿ: ੨)*

ਦੇ ਰਸਤੇ ਪਾ ਕੇ ਭਵ = ਸੰਸਾਰ-ਸਮੁੰਦਰ ਤੋਂ ਤਾਰਨ = ਪਾਰ ਮੁਕਤੀ ਰੂਪੀ ਕਿਨਾਰ 'ਤੇ ਪਹੁੰਚਾਉਣ ਲਈ ਜਗ = ਸੰਸਾਰ ਦੇ ਭੀਤਰ = ਵਿਚ ਆਏ ਹਨ।

## ਜਗ ਜੀਰਣ ਸਾਧਨ ਦੂਰ ਕਰੇ; ਦ੍ਰਿੜ ਸਾਧਨ ਰਾਮਹਿ ਨਾਮ ਬਤਾਏ ॥

ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜ ਧੂਣੀਆਂ ਲਾਉਣੀਆਂ, ਜਲਧਾਰੇ ਕਰਨੇ, ਕਪਾਲੀ ਆਸਨ ਆਦਿ ਜੀਰਣ = ਪੁਰਾਣੇ ਸਾਧਨ ਦੂਰ ਕਰੇ = ਕਰ ਦਿੱਤੇ ਹਨ ਤੇ ਇਸ ਕਲਿਜੁਗ ਦੇ ਭਿਆਨਕ ਸਮੇਂ ਤੋਂ ਬਚਣ ਲਈ ਇੱਕੋ ਇਕ ਰਾਮਹਿ = ਪਰਮਾਤਮਾ ਦਾ ਨਾਮ ਹੀ ਦ੍ਰਿੜ = ਪੱਕਾ ਸਾਧਨ ਬਤਾਏ = ਦੱਸਿਆ ਹੈ। ਜੈਸਾ ਕਿ :

**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥** *(ਗਉੜੀ ਬੈਰਾਗਣਿ ਰਵਿਦਾਸ ਜੀ, ਅੰਗ ੩੪੬)*

**ਕਲ ਮਹਿ ਰਾਮ ਨਾਮੁ ਸਾਰੁ ॥** *(ਧਨਾਸਰੀ ਮ: ੧, ਅੰਗ ੬੬੨)*

## ਤਜ ਭੋਗ ਰਮੇ ਹਰਿ ਮਾਹਿ ਭਲੇ; ਸਭ ਸੇਵਕ ਕੇ ਦੁਖ ਦੂਰ ਮਿਟਾਏ ॥

ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਦੇ ਵਿਸ਼ੇ, ਪਦਾਰਥਾਂ ਨੂੰ ਤਜ = ਤਿਆਗ ਕੇ ਭਲੇ = ਭਲੀ ਪ੍ਰਕਾਰ ਹਰਿ = ਪਰਮਾਤਮਾ ਦੇ ਮਾਹਿ = ਵਿਚ ਰਮੇ = ਮਿਲੇ ਹੋਏ ਹਨ **ਵਾ :** ਜਿਹੜੇ ਸਿੱਖ ਸੰਸਾਰ ਦੇ ਵਿਸ਼ੇ ਭੋਗ ਤਿਆਗ ਕੇ ਹਰੀ ਦੇ ਸਰੂਪ ਵਿਚ ਭਲੀ ਪ੍ਰਕਾਰ ਰਮੇ = ਰੰਗੇ ਗਏ ਹਨ, ਉਨ੍ਹਾਂ ਸਭ = ਸਾਰੇ ਸੇਵਕ = ਦਾਸਾਂ ਕੇ = ਐਸੇ ਦੁੱਖ ਗੁਰੂ ਜੀ ਨੇ ਦੂਰ ਕਰਕੇ ਮਿਟਾਏ = ਨਾਸ਼ ਕਰ ਦਿੱਤੇ ਹਨ।

## ਕਰੁਣਾਨਿਧਿ ਨਾਨਕ ਕੇ ਪਦ ਮੰਜੁਲ; ਬੰਦਤ ਹੌਂ ਮਮ ਨੀਤ ਸਹਾਏ ॥੨॥

ਐਸੇ ਕਰੁਣਾ = ਮਿਹਰ ਦੇ ਨਿਧਿ = ਸਮੁੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਕੇ = ਦੇ ਮੰਜੁਲ = ਉੱਜਲ ਪਦ = ਚਰਨ ਕਮਲਾਂ ਕੇ = ਦੇ ਉੱਪਰ ਮੈਂ (ਕਵੀ ਗੁਲਾਬ ਸਿੰਘ) ਬੰਦਤ = ਨਮਸਕਾਰ ਕਰਦਾ ਹਾਂ, ਜੋ ਨੀਤ = ਨਿਤਾਪ੍ਰਤਿ ਮਮ = ਮੇਰੇ ਸਹਾਏ = ਸਹਾਇਕ, ਮਦਦਗਾਰ ਹਨ **ਵਾ :** ਐਸੇ ਗੁਰੂ ਜੀ ਮੇਰੀ ਸਹਾਇਤਾ ਕਰਨ ਤਾਂ ਜੋ ਮੈਨੂੰ ਇਸ ਗ੍ਰੰਥ ਦੀ ਰਚਨਾ ਵਿਚ ਕੋਈ ਵੀ ਵਿਘਨ ਨਾ ਪਵੇ॥੨॥

### ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

### ਸ੍ਵੈਯਾ ॥

## ਜਿਹ ਨਾਮ ਉਚਾਰਤ ਦੂਖ ਮਿਟੇ; ਸੁਖ ਸੰਪਤਿ ਹੋਇ ਸਦਾ ਗ੍ਰਿਹਿ ਵਾਸੀ ॥

ਜਿਹ = ਜਿਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਉਚਾਰਤ = ਉਚਾਰਣ ਕਰਦਿਆਂ ਹੀ ਸਾਰੇ ਜਨਮਾਂ ਜਨਮਾਤ੍ਰਾਂ ਦੇ ਦੂਖ = ਕਸ਼ਟ ਮਿਟੇ = ਮਿਟ ਜਾਂਦੇ ਹਨ [ਕਿਉਂਕਿ ਗੋਬਿੰਦ ਸਿੰਘ ਪਰਮਾਤਮਾ ਦਾ ਹੀ ਨਾਮ ਹੈ ਭਾਵ (ਗੋ+ਬਿੰਦ) ਗੋ = ਵੇਦਾਂ ਕਰਕੇ ਬਿੰਦ = ਜਾਨਣੇ ਜੋਗ ਸਿੰਘ = ਸਾਰ ਰੂਪ, ਸ਼ਿਰੋਮਣੀ ਪਰਮਾਤਮਾ] ਅਤੇ ਸੁੱਖਾਂ ਦੀ ਸੰਪਤਿ = ਬਿਭੂਤੀ ਦਾ ਸਦਾ = ਹਮੇਸ਼ਾਂ ਗ੍ਰਿਹਿ = ਘਰ ਵਿਚ ਵਾਸੀ = ਨਿਵਾਸ ਹੋਇ = ਹੋ ਜਾਂਦਾ ਹੈ।

**ਅਥਵਾ :** ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲੈਂਦਿਆਂ ਸਾਰੇ ਪਾਪ ਦੂਰ ਹੋ ਜਾਂਦੇ ਹਨ, ਪਾਪ ਦੂਰ ਹੋਣ ਤੋਂ ਪਿੱਛੋਂ ਅੰਤਹਕਰਨ ਦੀ ਸ਼ੁੱਧੀ ਹੋ ਜਾਂਦੀ ਹੈ, ਅੰਤਹਕਰਨ ਦੀ ਸ਼ੁੱਧੀ ਹੋਣ ਤੋਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਗਿਆਨ ਦੁਆਰਾ ਜੰਮਣ-ਮਰਨ ਰੂਪੀ ਦੁੱਖ ਮਿਟ ਜਾਂਦੇ ਹਨ। ਫੇਰ ਸਾਰੇ ਸੁੱਖ ਅਤੇ ਸੰਪਤਿ = ਧਨ,

ਦੌਲਤ ਦਾ ਸਦਾ ਘਰ ਵਿਚ ਵਾਸਾ ਹੋ ਜਾਂਦਾ ਹੈ **ਵਾ** : ਆਤਮ ਸੁਖ ਰੂਪੀ ਸੰਪਦਾ ਦਾ ਹਿਰਦੇ ਰੂਪੀ ਘਰ ਵਿਚ ਵਾਸਾ ਹੋ ਜਾਂਦਾ ਹੈ।

## ਕ੍ਰਿਤ ਪੂਰਬ ਪਾਪ ਮਿਟੇ ਸਭ ਹੀ; ਅਰਿ ਕੇ ਦਲ ਹੋਹਿ ਸਭੈ ਖਿਨ ਨਾਸੀ ॥

ਫੇਰ ਪੂਰਬ = ਪੂਰਬਲੇ, ਪਿਛਲੇ ਜਨਮਾਂ ਦੇ ਕ੍ਰਿਤ = ਕੀਤੇ ਹੋਏ ਪਾਪ ਸਭ = ਸਾਰੇ ਹੀ ਮਿਟੇ = ਨਾਸ਼ ਹੋ ਜਾਂਦੇ ਹਨ ਅਤੇ ਅਰਿ = ਦੁਸ਼ਮਣ ਦੀਆਂ ਦਲ = ਫ਼ੌਜਾਂ ਸਭੈ = ਸਾਰੀਆਂ ਇਕ ਖਿਨ ਵਿਚ ਹੀ ਨਾਸੀ = ਨਾਸ਼ ਹੋ ਜਾਂਦੀਆਂ ਹਨ।

## ਹਿਤ ਮਾਨਵ ਦੇਹ ਧਰੀ ਜਗ ਮੈਂ; ਪਰਿਪੂਰਨ ਰੂਪ ਸਦਾ ਅਬਿਨਾਸ਼ੀ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵ = ਮਨੁੱਖਤਾ ਦੇ ਹਿਤ = ਭਲੇ ਲਈ ਹੀ ਇਸ ਜਗ = ਸੰਸਾਰ ਮੈਂ = ਵਿਚ ਦੇਹ ਧਰੀ = ਧਾਰਨਾ ਕੀਤੀ ਹੈ, ਪ੍ਰੰਤੂ ਪਰੀਪੂਰਨ ਸਦਾ = ਸਦੀਵ ਕਾਲ ਅਬਿਨਾਸੀ = ਨਾਸ਼ ਤੋਂ ਰਹਿਤ ਬ੍ਰਹਮ ਦਾ ਹੀ ਸਰੂਪ ਹਨ। ਉਸ ਪਰਮਾਤਮਾ ਨੇ ਹੀ ਗੁਰੂ ਗੋਬਿੰਦ ਸਿੰਘ ਦਾ ਸਰੂਪ ਧਾਰਨ ਕੀਤਾ ਹੈ।

## ਗੁਰ ਗੋਬਿੰਦ ਕੇ ਪਦ ਪੰਕਜ ਸੇ;
## ਸੁ ਭਜੋ ਉਰ ਮੈ ਨਿਤ ਜੋਤ ਪ੍ਰਕਾਸ਼ੀ ॥੩॥

ਐਸੇ ਸ੍ਰੀ ਗੁਰੂ ਗੋਬਿੰਦ ਜੀ ਕੇ = ਦੇ ਪਦ = ਚਰਨ ਪੰਕਜ = ਕਮਲਾਂ ਸੇ = ਵਰਗੇ ਉੱਜਲ, ਨਿਰਲੇਪ ਹਨ **ਵਾ**: ਜਿਵੇਂ ਕਮਲ ਪਾਣੀ ਵਿਚ ਰਹਿੰਦਾ ਪਾਣੀ ਤੋਂ ਨਿਰਲੇਪ ਹੈ ਤਿਵੇਂ ਗੁਰੂ ਜੀ ਦੇ ਚਰਨ ਮਾਇਆ, ਪਦਾਰਥਾਂ ਵਿਚ ਰਹਿੰਦੇ ਹੋਏ ਵੀ ਉਸਦੇ ਮੋਹ ਤੋਂ ਨਿਰਲੇਪ ਹਨ, ਜਿਵੇਂ ਕਮਲ ਵਿੱਚੋਂ ਸੁਗੰਧੀ ਆਉਂਦੀ ਹੈ, ਤਿਵੇਂ ਗੁਰੂ ਜੀ ਦੇ ਚਰਨਾਂ ਵਿਚ ਭਾਉ-ਭਗਤੀ ਦੀ ਸੁਗੰਧੀ ਆ ਰਹੀ ਹੈ। ਸੁ = ਉਨ੍ਹਾਂ ਚਰਨਾਂ ਕਮਲਾਂ ਨੂੰ ਮੈਂ ਨਿਤ = ਸਦਾ ਆਪਣੇ ਉਰ = ਹਿਰਦੇ ਵਿਚ ਭਜੋ = ਸਿਮਰਨਾ ਕਰਦਾ ਹਾਂ, ਜੋ ਜੋਤ = ਸੂਰਜ ਵਾਂਗ ਪ੍ਰਕਾਸ਼ੀ = ਪ੍ਰਕਾਸ਼ਵਾਨ ਹਨ **ਵਾ**: ਜੋਤਿ = ਗਿਆਨ ਦੀ ਰੌਸ਼ਨੀ ਦੇ ਕੇ ਅਗਿਆਨਤਾ ਦੇ ਹਨੇਰੇ ਨੂੰ ਨਾਸ਼ ਕਰਦੇ ਹਨ ॥੩॥

### ਵਿੱਦਿਆ ਦਾਤੇ ਦਾ ਮੰਗਲ

## ਦੋਹਰਾ ॥ ਵਿਦਯਾ ਸਾਂਤਿ ਸੁਗਯਾਨ ਸੁਖ; ਦਾਇਕ ਫਲ ਸੁਭ ਚਾਰ ॥

ਜਿਹੜੇ ਮੇਰੇ ਵਿੱਦਿਆ ਗੁਰੂ ਮੈਨੂੰ ਬ੍ਰਹਮ ਵਿੱਦਿਆ, ਆਤਮਿਕ ਸਾਂਤਿ = ਸ਼ਾਂਤੀ, ਸੁਗਯਾਨ = ਸ੍ਰੇਸ਼ਟ ਆਤਮ ਗਿਆਨ, ਸੁਖ = ਅਨੰਦ ਅਤੇ ਚਾਰ ਸੁਭ = ਸ੍ਰੇਸ਼ਟ ਫਲਾਂ (ਧਰਮ, ਅਰਥ, ਕਾਮ, ਮੋਖ) ਦੇ ਦਾਇਕ = ਦੇਣ ਵਾਲੇ ਹਨ **ਵਾ**: ਵਿਦਿਆ, ਸ਼ਾਂਤੀ, ਗਿਆਨ ਤੇ ਸੁਖ ਰੂਪੀ ਚਾਰ ਸ੍ਰੇਸ਼ਟ ਫਲ ਦੇਣ ਵਾਲੇ ਹਨ।

## ਮਾਨ ਸਿੰਘ ਗੁਰੁ ਕੇ ਸਦਾ; ਬੰਦੋਂ ਪਾਦ ਉਦਾਰ ॥੪॥

ਮੈਂ ਆਪਣੇ ਐਸੇ ਗੁਰੂ ਮਾਨ ਸਿੰਘ ਜੀ ਕੋ = ਦੇ ਉਦਾਰ = ਸ੍ਰੇਸ਼ਟ ਪਾਦ = ਚਰਨਾਂ ਉੱਪਰ ਸਦਾ = ਹਮੇਸ਼ਾਂ ਬੰਦੋਂ = ਨਮਸਕਾਰ ਕਰਦਾ ਹਾਂ ॥੪॥

ਅੱਗੇ ਕਵੀ ਜੀ ਇਸ ਭਾਵਰਸਾਮ੍ਰਿਤ ਗ੍ਰੰਥ ਦੇ ਪੜ੍ਹਨ, ਵਿਚਾਰਨ ਦਾ ਫਲ ਦੱਸਦੇ ਹਨ।

## ਦੋਹਰਾ॥ ਕੰਠ ਅਚੇ ਜਹਿ ਦੁਖ ਮਿਟੇ; ਪਾਵੈ ਸੂਖ ਉਦਾਰ॥

ਜਹਿ = ਜਿਸ ਅੰਮ੍ਰਿਤ ਰਸ ਨਾਲ ਭਰੇ ਇਹ ਭਾਵਰਸਾਮ੍ਰਿਤ ਗ੍ਰੰਥ ਦੇ ਸਿਧਾਂਤ ਨੂੰ ਕੰਠ = ਗਲੇ ਦੁਆਰਾ ਅਚੇ = ਪੀਣਾ ਕਰੇਗਾ, ਭਾਵ ਇਸਦੇ ਸਿਧਾਂਤ ਨੂੰ ਹਿਰਦੇ ਵਿਚ ਧਾਰਨ ਕਰੇਗਾ, ਉਸਦੇ ਸੰਸਾਰ ਦੇ ਸਾਰੇ ਦੁਖ ਮਿਟੇ = ਮਿਟ ਜਾਣਗੇ ਅਤੇ ਉਹ ਉਦਾਰ = ਸ੍ਰੇਸ਼ਟ ਸੁੱਖ ਪਾਵੈ = ਪ੍ਰਾਪਤ ਕਰ ਲਵੇਗਾ।

## ਭਾਵਰਸਾਂਮ੍ਰਿਤ ਗ੍ਰੰਥ ਯਹਿ; ਭਾਖੋਂ ਹਰਿ ਉਰਧਾਰ॥੫॥

ਯਹਿ = ਇਹ ਜੋ (ਭਾਵ+ਰਸ+ਅੰਮ੍ਰਿਤ) ਭਾਵ = ਪ੍ਰੇਮ ਦੇ ਰਸਦਾਇਕ ਅੰਮ੍ਰਿਤ ਰੂਪੀ ਬਚਨਾਂ ਦਾ ਗ੍ਰੰਥ ਹੈ, ਮੈਂ ਹਰਿ = ਪਰਮਾਤਮਾ ਨੂੰ ਆਪਣੇ ਉਰ = ਹਿਰਦੇ ਵਿਚ ਧਾਰ = ਧਾਰਨ ਕਰਕੇ ਭਾਵ ਪਰਮੇਸ਼ਰ ਦੇ ਪਰਾਇਣ ਹੋ ਕੇ ਉਸ ਗ੍ਰੰਥ ਨੂੰ ਭਾਖੋਂ = ਉਚਾਰਣ ਕਰਦਾ ਹਾਂ॥੫॥

## ਦੀਰਘ ਤ੍ਰਿਭੰਗੀ ਛੰਦ॥[੧]

## ਔਧ ਵਿਲਾਸੀ, ਸੁਤੇ ਪ੍ਰਕਾਸੀ; ਗਿਆਨ ਨਿਵਾਸੀ ਦਾਨ ਰਤੇ॥

ਸ੍ਰੀ ਰਾਮ ਚੰਦਰ ਜੀ ਔਧ = ਅਯੁੱਧਿਆ ਵਿਚ ਵਿਲਾਸੀ = ਕੌਤਕ ਕਰਦੇ ਰਹੇ, ਸੁਤੇ ਹੀ ਪ੍ਰਕਾਸੀ = ਪ੍ਰਕਾਸ਼ ਰੂਪ ਹਨ, ਗਿਆਨ ਦੇ ਵਿਚ ਨਿਵਾਸੀ = ਨਿਵਾਸ ਰੱਖਣ ਵਾਲੇ ਭਾਵ ਗਿਆਨਵਾਨ ਹਨ ਅਤੇ ਦਾਨ ਕਰਨ ਵਿਚ ਜਿਨ੍ਹਾਂ ਦੀ ਰਤੇ = ਪ੍ਰੀਤੀ ਹੈ।

## ਰਾਜ ਜਿ ਹਾਸੀ, ਮੂਲ ਫਲਾਸੀ; ਤਰ ਤਲ ਵਾਸੀ, ਬੀਰ ਮਤੇ॥[੨]

ਜਿਨ੍ਹਾਂ ਨੇ ਅਯੁੱਧਿਆ ਦੇ ਰਾਜ ਭਾਗ ਨੂੰ ਹਾਸੀ = ਹੱਸ ਕੇ ਠੁਕਰਾ ਦਿੱਤਾ ਸੀ ਤੇ ਪਿਤਾ ਜੀ ਦੀ ਆਗਿਆ ਮੰਨ ਕੇ ਚੌਦਾਂ ਸਾਲ ਦੇ ਬਨਵਾਸ ਲਈ ਤੁਰ ਪਏ ਸਨ, ਉੱਥੇ ਜੰਗਲਾਂ ਦੇ ਵਿਚ ਕੰਦ ਮੂਲ ਅਤੇ ਫਲਾਸੀ = ਫਲ ਆਦਿ ਖਾਣੇ ਕੀਤੇ (ਮੂਲ = ਜੋ ਧਰਤੀ ਵਿਚ ਹੋਣ ਵਾਲੇ ਜਿਵੇਂ ਗਾਜਰ, ਮੂਲੀ ਆਦਿ ਅਤੇ ਫਲ = ਬ੍ਰਿਛਾਂ ਨੂੰ ਲੱਗਣ ਵਾਲੇ ਸੇਬ, ਅੰਬ, ਅਮਰੂਦ ਆਦਿ), ਫੇਰ ਤਰ = ਰੁੱਖਾਂ ਦੇ ਤਲ = ਹੇਠਾਂ ਵਾਸੀ = ਨਿਵਾਸ ਕੀਤਾ ਅਤੇ ਸਦਾ ਬੀਰ = ਸੂਰਮਤਾਈ ਦੇ ਵਿਚ ਮਤੇ = ਮਸਤ ਰਹਿੰਦੇ ਸਨ।

## ਕਰਬੂਰ ਬਿਨਾਸੀ ਕਾਨਨਿ ਵਾਸੀ; ਲੰਕ ਵਿਨਾਸੀ ਵਾਕ ਸਤੇ॥

ਕਰਬੂਰ = ਦੈਂਤਾਂ ਨੂੰ ਬਿਨਾਸੀ = ਨਾਸ਼ ਕਰਨ ਵਾਲੇ ਹਨ, ਕਾਨਨਿ = ਜੰਗਲਾਂ ਵਿਚ ਜਿਨ੍ਹਾਂ ਨੇ ਵਾਸੀ = ਵੱਸਣਾ ਕੀਤਾ ਹੈ, ਫੇਰ ਲੰਕਾ ਨੂੰ ਵਿਨਾਸੀ = ਨਾਸ਼ ਕੀਤਾ ਹੈ, ਜਿਨ੍ਹਾਂ ਦੇ ਵਾਕ = ਬਚਨ ਵੀ

---

੧. ਇਹ ਤ੍ਰਿਭੰਗੀ ਛੰਦ ਦਾ ਕੋਈ ਭੇਦ ਨਹੀਂ ਹੈ, ਕੇਵਲ ਵੀ ਤ੍ਰਿਭੰਗੀ ਇਕ ਥਾਂ ਲਿਖੇ ਜਾਣ ਕਾਰਨ ਦੀਰਘ (ਲੰਮਾ) ਸਤੋਤ੍ਰ ਹੈ। ਕਈ ਕਵੀਆਂ ਨੇ ਗਣਛੰਦ, ਤ੍ਰਿਭੰਗੀ ਨੂੰ 'ਦੀਰਘ' ਪਦਵੀ ਦਿੱਤੀ ਹੈ। ਉਸ ਦਾ ਲੱਛਣ ਹੈ—ਚਾਰ ਚਰਣ, ਪ੍ਰਤਿ ਚਰਣ ਛੇ ਨਗਣ, ਦੋ ਸਗਣ, ਇਕ ਭੱਗਣ, ਇਕ ਮਗਣ ਫੇਰ ਇਕ ਸਗਣ ਅੰਤ ਗੁਰੁ। ਕੁੱਲ ੩੪ ਅੱਖਰ।
**ਵਾ:** ਪਿੰਗਲ ਵਿਚ ਇਸਦਾ ਇਹ ਰੂਪ ਵੀ ਮੰਨਿਆ ਗਿਆ ਹੈ, ਬੱਤੀ ਮਾਤ੍ਰਾਂ ਹੋਣ, ਤਿੰਨ ਥਾਈਂ ਭੰਗ ਪਵੇ ਅਨੁਪ੍ਰਾਸੀ ਨਾ ਹੋਵੇ।

੨. ਕਈ ਪੋਥੀਆਂ ਵਿਚ ਇਸ ਤੁਕ ਦਾ ਪਾਠ ਇਸ ਤਰ੍ਹਾਂ ਵੀ ਆਉਂਦਾ ਹੈ:
**ਤਜ ਰਾਜ ਜਿਹਾ ਸੀ, ਮੂਲ ਫਲਾਸੀ; ਸੂਰ ਹੁਲਾਸੀ, ਬੀਰ ਮਤੇ।**

ਸਤੇ = ਸੱਚੇ ਹਨ, ਭਾਵ ਜਦੋਂ ਵਿਭੀਖਨ ਸ੍ਰੀ ਰਾਮ ਚੰਦਰ ਜੀ ਨੂੰ ਮਿਲਣ ਵਾਸਤੇ ਆਇਆ ਸੀ ਤਾਂ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਆਉ ਲੰਕੇਸ਼! ਕਿ ਹੇ ਲੰਕਾ ਦੇ ਰਾਜੇ ਆਉ! ਵਿਭੀਖਨ ਨੇ ਰਾਮ ਜੀ ਦੇ ਚਰਨਾਂ 'ਤੇ ਨਮਸਕਾਰ ਕੀਤੀ। ਜਦੋਂ ਸ੍ਰੀ ਰਾਮ ਚੰਦਰ ਜੀ ਨੇ ਰਾਵਣ ਨੂੰ ਮਾਰ ਦਿੱਤਾ ਤਾਂ ਲੰਕਾ ਦਾ ਰਾਜ ਭਾਗ ਜਿੱਤ ਕੇ ਵਿਭੀਖਨ ਨੂੰ ਦੇ ਦਿੱਤਾ ਤੇ ਆਪਣੇ ਕਹੇ ਬਚਨ ਸਤ ਕਰਕੇ ਵਿਖਾਏ।

## ਜਯ ਜਯ ਰਘੁਨਾਇਕ, ਜਨ ਸੁਖਦਾਇਕ;
## ਅਰਿ ਦਲ ਘਾਯਕ ਭੂਮ ਪਤੇ ॥੬॥

ਹੇ ਰਘੁਨਾਯਕ = ਰਘੂਆਂ ਦੀ ਕੁਲ ਦੇ ਨਾਇਕ, ਸ਼ਿਰੋਮਣ ਸ੍ਰੀ ਰਾਮ ਜੀ! ਤੁਹਾਡੀ ਜੈ ਜੈ ਕਾਰ ਹੋਵੇ, ਤੁਸੀਂ ਆਪਣੇ ਜਨ = ਸੇਵਕਾਂ ਨੂੰ ਸੁਖਦਾਇਕ = ਸੁੱਖ ਦੇਣ ਵਾਲੇ ਹੋ, ਅਰਿ = ਦੁਸ਼ਮਨਾਂ ਦੀਆਂ ਦਲ = ਫ਼ੌਜਾਂ ਨੂੰ ਘਾਯਕ = ਨਾਸ਼ ਕਰਨ ਵਾਲੇ ਹੋ ਅਤੇ ਭੂਮ = ਧਰਤੀ ਦੇ ਪਤੇ = ਪਤੀ, ਮਾਲਕ ਹੋ ॥੬॥

## ਰਿਖ ਨਾਰਿ ਉਧਾਰੀ, ਸਵਰੀ ਤਾਰੀ; ਰਾਵਣ ਆਰੀ ਦੇਵਨ ਤੇ ॥

(ਦੂਸਰਾ ਪਾਠ ਦੇਵਨਤੇ)

ਹੇ ਸ੍ਰੀ ਰਾਮ ਚੰਦਰ ਜੀ! ਤੁਸੀਂ ਰਿਖ = ਗੌਤਮ ਰਿਖੀ ਦੀ ਨਾਰਿ = ਇਸਤਰੀ (ਅਹੱਲਿਆ) ਉਧਾਰੀ = ਤਾਰਨਾ ਕੀਤੀ ਹੈ, ਸਵਰੀ = ਭੀਲਣੀ[1] ਵੀ ਤਾਰੀ = ਤਾਰਨਾ ਕੀਤੀ ਹੈ। ਰਾਵਣ ਦੇ ਆਰੀ = ਵੈਰੀ ਹੋਏ ਅਤੇ ਦੇਵਨ ਤੇ = ਦੇਵਤਿਆਂ ਵਾਸਤੇ ਰਾਵਣ ਵੈਰੀ ਨੂੰ ਮਾਰਨਾ ਕੀਤਾ। **ਵਾ:** ਦੇਵ = ਦੇਵਤਿਆਂ ਨਾਲ ਨਤੇ = ਪ੍ਰੇਮ ਪਾਉਣ ਵਾਲੇ ਹੋਏ।

## ਸ਼ਿਵ ਚਾਂਪ ਬਿਦਾਰੀ, ਸਾਗਰ ਤਾਰੀ; ਰਣ ਅਰਿ ਮਾਰੀ, ਸੀਲ ਰਤੇ ॥

ਹੇ ਰਾਮ ਜੀ! ਜਿਸ ਵੇਲੇ ਤੁਸੀਂ ਸੀਤਾ ਜੀ ਨੂੰ ਵਿਆਹੁਣ ਲਈ ਗਏ, ਤਦੋਂ ਸੀਤਾ ਸੁਅੰਬਰ ਵੇਲੇ ਸ਼ਿਵਜੀ ਦੇ ਚਾਂਪ = ਧਨੁੱਖ[2] ਨੂੰ ਬਿਦਾਰੀ = ਨਾਸ਼ ਕੀਤਾ। ਸਾਗਰ = ਸਮੁੰਦ੍ਰ ਤੋਂ ਹਨੂੰਮਾਨ ਵਰਗਿਆਂ ਨੂੰ ਤਾਰੀ = ਤਾਰ ਦਿੱਤਾ ਛਲਾਂਗ ਨਾਲ ਹੀ ਸਾਗਰ ਲੰਘ ਗਿਆ ਸੀ। ਰਣ = ਯੁੱਧ ਦੇ ਮੈਦਾਨ ਵਿਚ ਅਰਿ = ਦੁਸ਼ਮਨਾਂ ਨੂੰ ਮਾਰੀ = ਮਾਰਨ ਵਾਲੇ ਹੋ ਅਤੇ ਸੀਲ = ਸ਼ਾਂਤੀ ਸੁਭਾਅ ਵਿਚ ਰਤੇ = ਰੰਗੇ ਹੋਏ ਹੋ।

## ਸ੍ਰੁਤ ਕੁੰਡਲ ਧਾਰੀ; ਅਲਕੈਂ ਕਾਰੀ; ਆਭ ਨਿਆਰੀ ਰੂਪ ਅਤੇ ॥

ਹੇ ਰਾਮ ਜੀ! ਤੁਸੀਂ ਸ੍ਰੁਤ = ਕੰਨਾਂ ਵਿਚ ਕੁੰਡਲ ਧਾਰੀ = ਧਾਰਨ ਕੀਤੇ ਹੋਏ ਹਨ, ਤੁਹਾਡੀਆਂ

---

੧. **ਸਬਰੀ** : ਸ਼ਵਰ ਗੋਤ ਦੀ ਇਸਤਰੀ ਸੀ, ਜਿਸ ਦੀ ਬਦਸ਼ਕਲ ਕਰਕੇ ਇਸਦਾ ਪਤੀ ਇਸਨੂੰ ਜੰਗਲ ਵਿਚ ਛੱਡ ਗਿਆ ਸੀ, ਇਹ ਪੰਪਾਸਰ ਦੇ ਕਿਨਾਰੇ ਰਹਿੰਦੀ ਸੀ, ਇਸ ਨੇ ਮਤੰਗ ਰਿਖੀ ਦੀ ਬਹੁਤ ਸੇਵਾ ਕੀਤੀ ਸੀ, ਜਦੋਂ ਸ੍ਰੀ ਰਾਮ ਚੰਦਰ ਜੀ ਬਨਬਾਸ ਸਮੇਂ ਇਸਦੇ ਆਸ਼ਰਮ 'ਤੇ ਠਹਿਰੇ ਸਨ, ਤਦੋਂ ਇਸ ਕੋਲੋਂ ਬੇਰ ਆਦਿ ਫਲ ਖਾ ਕੇ ਬਹੁਤ ਪ੍ਰਸੰਨ ਹੋਏ, ਇਹ ਰਾਮ ਚੰਦਰ ਜੀ ਦੇ ਦੇਖਦੇ ਦੇਖਦੇ ਹੀ ਚਿਤਾ ਬਣ ਕੇ ਭਸਮ ਹੋ ਗਈ। ਕਈ ਇਸ ਦੇ ਜੂਠੇ ਬੇਰ ਖਾਣ ਦਾ ਵੀ ਜ਼ਿਕਰ ਕਰਦੇ ਹਨ।

੨. ਵਾਲਮੀਕ ਕਾਂਡ ੧, ਅ: ੬੭ ਵਿਚ ਇਸ ਧਨੁੱਖ ਬਾਬਤ ਲਿਖਿਆ ਹੈ ਕਿ ਜਦੋਂ ਸ਼ਿਵਜੀ ਨੇ ਰਾਜੇ ਦਕਸ਼ ਦਾ ਜਗ ਨਾਸ਼ ਕਰ ਦਿੱਤਾ ਸੀ, ਤਦੋਂ ਦੇਵਰਾਤ ਨਾਮਕ ਜਨਕ ਦੇ ਪਾਸ ਸ਼ਿਵਜੀ ਨੇ ਇਮਾਨਤ ਦੇ ਵਜੋਂ ਇਹ ਧਨੁੱਖ ਉਸਦੇ ਪਾਸ ਰੱਖਿਆ ਸੀ, ਉਹ ਧਨੁੱਖ ਇਤਨਾ ਭਾਰਾ ਸੀ ਕਿ ਉਸਨੂੰ ਉਠਾ ਕੇ ਸ੍ਰੀ ਰਾਮ ਜੀ ਪਾਸ ਲਿਆਉਣ ਲਈ ੫੦੦੦ (ਪੰਜ ਹਜ਼ਾਰ) ਆਦਮੀ ਲੱਗੇ ਸਨ। ਸੀਰਧ੍ਵਜ ਰਾਜੇ ਨੇ ਇਹ ਪ੍ਰਤੱਗਿਆ ਕੀਤੀ ਸੀ ਕਿ ਜੋ ਵੀ ਸ਼ਿਵਜੀ ਦੇ ਧਨੁੱਖ 'ਤੇ ਚਿੱਲਾ ਚੜ੍ਹਾਵੇਗਾ, ਉਹ ਜਾਨਕੀ ਨੂੰ ਵਰੇਗਾ। ਸੋ ਸ੍ਰੀ ਰਾਮ ਚੰਦਰ ਜੀ ਨੇ ਧਨੁੱਖ ਪਰ ਚਿੱਲਾ ਹੀ ਨਹੀਂ ਚੜ੍ਹਾਇਆ ਬਲਕਿ ਖਿੱਚ ਕੇ ਦੋ ਟੁਕੜੇ ਕਰ ਦਿੱਤੇ ਸਨ।

ਅਲਕੈਂ = ਜ਼ੁਲਫ਼ਾਂ ਕਾਰੀ = ਕਾਲੀਆਂ ਕਾਲੀਆਂ ਹਨ, ਤੁਹਾਡੀ ਆਭ = ਸ਼ੋਭਾ ਨਿਆਰੀ = ਵੱਖਰੀ ਹੀ ਹੈ, ਆਪ ਜੀ ਦਾ ਰੂਪ = ਸਰੂਪ ਅਤੇ = ਅਤਿਅੰਤ ਹੀ ਸੁੰਦਰ ਹੈ।

## ਜਯ ਜਯ ਰਘੁਨਾਇਕ, ਜਨ ਸੁਖਦਾਇਕ;
## ਅਰਿ ਦਲ ਘਾਯਕ ਭੂਮ ਪਤੇ ॥੭॥

ਹੇ ਰਘੁਨਾਇਕ = ਰਘੂਆਂ ਦੀ ਕੁਲ ਦੇ ਨਾਇਕ, ਸ਼ਿਰੋਮਣ ਸ੍ਰੀ ਰਾਮ ਚੰਦਰ ਜੀ! ਤੁਹਾਡੀ ਜੈ ਜੈ ਕਾਰ ਹੋਵੇ, ਤੁਸੀਂ ਆਪਣੇ ਜਨ = ਸੇਵਕਾਂ ਨੂੰ ਸੁਖਦਾਇਕ = ਸੁੱਖ ਦੇਣ ਵਾਲੇ ਹੋ; ਅਰਿ = ਦੁਸ਼ਮਨ ਦੀਆਂ ਦਲ = ਫ਼ੌਜਾਂ ਨੂੰ ਘਾਯਕ = ਨਾਸ਼ ਕਰਨ ਵਾਲੇ ਹੋ ਅਤੇ ਭੂਮ = ਧਰਤੀ ਦੇ ਪਤੇ = ਪਤੀ, ਮਾਲਕ ਹੋ ॥੭॥

ਕਵੀ ਜੀ ਐਸੇ ਰਾਮ ਜੀ ਦੀ ਉਪਮਾ ਕਰਕੇ ਹੁਣ ਅੱਗੇ ਪ੍ਰਾਰਥਨਾ ਕਰਦੇ ਹਨ ਅਤੇ ਨਵਿਰਤੀ ਪੱਖ ਜਾਂ ਪ੍ਰਵਿਰਤੀ ਪੱਖ ਦੀ ਗੱਲ ਕਰਦੇ ਹਨ ਕਿ ਦੋਨਾਂ ਵਿੱਚੋਂ ਕਿਸੇ ਇਕ ਪਾਸੇ ਲਾ ਕੇ ਸਾਡਾ ਭਲਾ ਕਰੋ।

## ਸ੍ਵੈਯਾ ॥
## ਕੈ ਮਹਿ ਮੰਡਲ ਰਾਜ ਦਿਜੈ;
## ਨਹਿ ਏਕ ਕਮੰਡਲ ਹੀ ਕਰ ਮਾਂਹੀ ॥

ਹੇ ਪ੍ਰਭੂ! ਕੈ = ਜਾਂ ਤਾਂ ਮੈਨੂੰ ਸਾਰੀ ਮਹਿ = ਧਰਤੀ ਦੇ ਮੰਡਲ = ਗੋਲਾਕਾਰ ਘੇਰੇ ਦਾ ਰਾਜ ਭਾਗ ਦਿਜੈ = ਦੇਣਾ ਕਰ, ਨਹਿ = ਨਹੀਂ ਤਾਂ ਫੇਰ ਏਕ = ਇਕ ਕਮੰਡਲ = ਲੋਟਾ ਹੀ ਕਰ = ਹੱਥ ਮਾਂਹੀ = ਵਿਚ ਪਕੜਾ ਦੇਣਾ ਕਰ, ਭਾਵ ਜੇ ਤਾਂ ਪ੍ਰਵਿਰਤੀ ਵਿਚ ਪਾਉਣਾ ਹੈ ਤਾਂ ਸਾਰੀ ਦੁਨੀਆਂ ਦਾ ਰਾਜ ਭਾਗ ਬਖ਼ਸ਼ ਦੇ ਤਾਂ ਕਿ ਮੈਨੂੰ ਕੋਈ ਘਾਟਾ ਨਾ ਰਹੇ ਅਤੇ ਕਿਸੇ ਕੋਲੋਂ ਕੁਝ ਮੰਗਣ ਦੀ ਲੋੜ ਨਾ ਪਵੇ, ਬਸ ਹੁਕਮ ਕਰਾਂ ਤੇ ਸਾਰਾ ਕੁਝ ਹਾਜ਼ਰ ਹੋ ਜਾਵੇ ਅਤੇ ਜੇਕਰ ਇਹ ਕੁਝ ਨਹੀਂ ਦੇਣਾ ਤੇ ਨਵਿਰਤੀ ਪੱਖ ਵਿੱਚੋਂ ਪਾਉਣਾ ਹੈ ਤਾਂ ਫੇਰ ਇਕ ਲੋਟਾ ਮੇਰੇ ਹੱਥ ਵਿਚ ਪਕੜਾ ਦੇ, ਜੋ ਮੈਂ ਹੱਥ ਵਿਚ ਪਕੜ ਕੇ ਲੋਕਾਂ ਕੋਲੋਂ ਮੰਗ ਕੇ ਰੋਟੀ ਖਾਵਾਂ ਭਾਵ ਸਾਧੂ ਬਣ ਕੇ ਵਿਚਰਾਂ।

## ਕੈ ਤਨ ਮਾਹਿ ਪਟੰਬਰ ਦੈ; ਨਹਿ ਏਕ ਮ੍ਰਿਗੰਬਰ ਹੀ ਜਗ ਮਾਂਹੀ ॥

ਕੈ = ਜਾਂ ਤਾਂ ਤਨ = ਸਰੀਰ ਉੱਪਰ ਪਹਿਨਣ ਦੇ ਲਈ (ਪਟ+ਅੰਬਰ) ਪਟ = ਰੇਸ਼ਮੀ ਅੰਬਰ = ਬਸਤ੍ਰ ਭਾਵ ਸੋਹਣੀਆਂ ਸੋਹਣੀਆਂ ਪੁਸ਼ਾਕਾਂ ਦੈ = ਦੇਣੀਆਂ ਕਰ, ਨਹਿ = ਨਹੀਂ ਤਾਂ ਏਕ = ਇਕ ਮ੍ਰਿਗੰਬਰ = ਹਿਰਨ ਦੀ ਖੱਲ (ਮ੍ਰਿਗਛਾਲਾ) ਦੇਣੀ ਕਰ ਤਾਂ ਜੋ ਮੈਂ ਉਹੀ ਪਹਿਨ ਕੇ ਜਗ = ਸੰਸਾਰ ਮਾਂਹੀ = ਵਿਚ ਵਿਚਰਦਾ ਫਿਰਾਂ।

## ਹਾਟਕ ਧਾਮ ਨਿਵਾਸ ਦਿਜੈ; ਨਹਿ ਪਰਨ ਕੁਟੀ ਸੁਖ ਸੋਂ ਬਨ ਮਾਂਹੀ ॥

ਹੇ ਪ੍ਰਭੂ! ਜਾਂ ਤਾਂ ਹਾਟਕ = ਸੋਨੇ ਦੇ ਧਾਮ = ਘਰ ਭਾਵ ਸੁਨਹਿਰੀ ਮਹੱਲਾਂ ਵਿਚ ਮੈਨੂੰ ਨਿਵਾਸ = ਵਾਸਾ ਦਿਜੈ = ਦੇਣਾ ਕਰ, ਨਹਿ = ਨਹੀਂ ਤਾਂ ਪਰਨ = ਪੱਤਿਆਂ ਦੀ ਕੁਟੀ = ਕੁਟੀਆ ਮੈਨੂੰ ਜੰਗਲ ਵਿਚ ਦੇ ਦਿਉ, ਤਾਂ ਜੋ ਮੈਂ ਸੁੱਖ ਦੇ ਸੋਂ = ਨਾਲ ਬਨ = ਜੰਗਲ ਦੇ ਮਾਂਹੀ = ਵਿਚ ਰਹਿਣਾ ਕਰਾਂ।

## ਦੋਨਨ ਮੈ ਪ੍ਰਭੁ ਏਕ ਦਿਜੈ; ਸਭ ਹੀ ਫਲ ਤੇ ਪਦ ਪੰਕਜ ਮਾਂਹੀ ॥੮॥

ਹੇ ਮੇਰੇ ਪ੍ਰਭੁ = ਪਰਮਾਤਮਾ! ਪਰਵਿਰਤੀ ਜਾਂ ਨਵਿਰਤੀ ਪੱਖ ਇਨ੍ਹਾਂ ਦੋਨਨ = ਦੋਵਾਂ ਮੈਂ = ਵਿੱਚੋਂ

ਏਕ = ਇਕ ਚੀਜ਼ ਮੈਨੂੰ ਦਿਜੈ = ਦੇਣਾ ਕਰ, ਕਿਉਂਕਿ ਸਭ = ਸਾਰੇ ਫਲ ਤੇ = ਤੇਰੇ ਹੀ ਪਦ = ਚਰਨਾਂ ਪੰਕਜ = ਕਮਲਾਂ ਮਾਂਹੀ = ਵਿਚ ਹਨ ॥੮॥

## ਸ੍ਵੈਯਾ ॥

## ਕੈ ਪੁਰ ਸੌਧ ਵਿਖੈ ਗਜ ਦੰਤ; ਪਲੰਘਨ ਮਾਹਿ ਸਵੋਂ ਜਗ ਮਾਂਹੀ ॥

ਹੇ ਪ੍ਰਭੂ ! ਜੇ ਪ੍ਰਵਿਰਤੀ ਪੱਖ ਵਿਚ ਪਾਉਣਾ ਹੈ ਤਾਂ ਫੇਰ ਇਤਨਾ ਕੁ ਧਨ ਪਦਾਰਥ ਦੇ ਕਿ ਇਸ ਜਗ = ਸੰਸਾਰ ਵਿਚ ਮੈਂ ਪੁਰ = ਸ਼ਹਿਰ ਦੇ ਅੰਦਰ ਸੌਧ = ਰਾਜ ਮਹਲਾਂ ਵਰਗੇ ਮੰਦਰਾਂ ਵਿਖੇ = ਵਿਚ ਗਜ = ਹਾਥੀ ਦੇ ਦੰਤ = ਦੰਦਾਂ ਨਾਲ ਜੜਤਕਾਰੀ ਕੀਤੇ ਪਲੰਘਨ = ਪਲੰਘਾਂ ਉੱਪਰ ਸਵੋਂ = ਸੌਣਾ ਕਰਾਂ।

## ਕੈ ਬਨ ਕੇਰ ਬਿਖੈ ਤ੍ਰਿਣ ਕੋਮਲ; ਡਾਰ ਸਵੋਂ, ਨ ਬਰੋਂ ਪੁਰ ਮਾਂਹੀ ॥

ਕੈ = ਜਾਂ ਫੇਰ ਨਵਿਰਤੀ ਪੱਖ ਐਸਾ ਦੇਹ ਕਿ ਮੈਂ ਫ਼ਕੀਰ ਬਣ ਕੇ ਬਨ = ਜੰਗਲ ਕੇਰ = ਦੇ ਬਿਖੈ = ਵਿਚ ਕੋਮਲ = ਨਰਮ ਨਰਮ ਤ੍ਰਿਣ = ਘਾਹ ਹੇਠਾਂ ਡਾਰ = ਸੁੱਟ ਕੇ ਉਸ ਉੱਪਰ ਸਵੋਂ = ਸੌਣਾ ਕਰਾਂ ਅਤੇ ਭੁੱਲ ਕੇ ਵੀ ਕਦੇ ਪੁਰ = ਸ਼ਹਿਰ ਦੇ ਮਾਂਹੀ = ਵਿਚ ਬਰੋਂ = ਵੜਨਾ ਨਾ ਕਰਾਂ।

## ਭੌਨ ਰੰਗੀਨ ਕੈ ਦ੍ਵਾਰ ਵਿਖੇ; ਭੱਟ ਗਾਇ ਕਬਿੱਤ ਕਿ ਮੋਹਿ ਜਗਾਂਹੀ ॥

ਹੇ ਮੇਰੇ ਪ੍ਰਭੂ ! ਜੇਕਰ ਪ੍ਰਵਿਰਤੀ ਪੱਖ ਵਿਚ ਰੱਖਣਾ ਹੈ ਤਾਂ ਫੇਰ ਇਤਨੀ ਕੁ ਅਮੀਰੀ ਬਖ਼ਸ਼ੀ ਕਿ ਮੇਰੇ ਰੰਗੀਨ = ਰੰਗਾਂ ਰੰਗਾਂ ਦੇ ਬਣੇ ਭੌਨ = ਘਰਾਂ ਕੇ = ਦੇ ਦ੍ਵਾਰ = ਦਰਵਾਜ਼ਿਆਂ ਵਿਖੇ = ਵਿਚ ਖੜ੍ਹੇ ਹੋ ਕਰਕੇ ਭੱਟ = ਕਵੀ ਜਨ ਕਬਿੱਤ = ਕਵਿਤਾਵਾਂ ਗਾਇ = ਗਾ ਗਾ ਕੇ ਮੋਹਿ = ਮੈਨੂੰ ਸੁੱਤੇ ਨੂੰ ਆ ਕੇ ਜਗਾਂਹੀ = ਜਗਾਉਣਾ ਕਰਨ।

## ਨਾਤਰ ਪਰਨ ਕੁਟੀ ਤਟ ਪਾਦਪ; ਬੋਲ ਸਿਖੀ ਮੁਹਿ ਕੋ ਬਨ ਮਾਂਹੀ ॥੯॥

ਨਾਤਰ = ਨਹੀਂ ਤਾਂ ਕਿਸੇ ਪਾਦਪ = ਰੁੱਖ ਦੇ ਤਟ = ਕਿਨਾਰੇ ਪਰਨ = ਪੱਤਿਆਂ ਦੀ ਕੁਟੀ = ਕੁਟੀਆ ਵਿਚ ਮੈਂ ਸੌਣਾ ਕਰਾਂ ਅਤੇ ਉੱਥੇ ਸੁੱਤੇ ਹੋਏ ਨੂੰ ਸਿਖੀ = ਮੋਰ ਬੋਲ ਕਰਕੇ ਮੁਹਿ = ਮੈਨੂੰ ਜਗਾਉਣ ਭਾਵ ਐਸਾ ਨਵਿਰਤੀ ਪੱਖ ਗ੍ਰਹਿਣ ਕਰਕੇ ਬਨ = ਜੰਗਲ ਦੇ ਮਾਂਹੀ = ਵਿਚ ਇਕਾਂਤ ਅਸਥਾਨ 'ਤੇ ਤਪੱਸਿਆ ਕਰਾਂ ॥੯॥

## ਸ੍ਵੈਯਾ ॥

## ਕੰਜ ਪ੍ਰਭਾ ਦ੍ਰਿਗ ਚੰਦ੍ਰ ਮੁਖੀ; ਗਜ ਗਾਮਨਿ ਨਾਰਿ ਦਿਜੇ ਘਰ ਮਾਂਹੀ ॥

ਹੇ ਪ੍ਰਭੂ ਜੀ ! ਜੇਕਰ ਪ੍ਰਵਿਰਤੀ ਪੱਖ ਵਿਚ ਪਾਉਣਾ ਹੈ ਤਾਂ ਫੇਰ ਮੇਰੇ ਘਰ ਦੇ ਮਾਂਹੀ = ਵਿਚ ਐਸੀ ਸੁੰਦਰ ਨਾਰਿ = ਇਸਤ੍ਰੀ ਦਿਜੇ = ਦੇਣਾ ਕਰ ਜਿਸਦੇ ਦ੍ਰਿਗ = ਨੇਤ੍ਰ ਦੀ ਪ੍ਰਭਾ = ਸੋਭਾ ਕੰਜ = ਕਮਲ ਫੁੱਲ ਦੇ ਸਮਾਨ ਹੋਵੇ, ਚੰਦ੍ਰ = ਚੰਦਰਮਾ ਵਰਗਾ ਮੁਖੀ = ਮੁਖੜਾ ਸੋਹਣਾ ਹੋਵੇ ਅਤੇ ਜਿਸਦੀ ਗਾਮਨਿ = ਤੋਰ ਗਜ = ਹਾਥੀ ਦੇ ਵਾਂਗ ਮਸਤ ਹੋਵੇ।

## ਨਾਤਰ ਸ਼ਾਂਤਿ ਬਧੂ ਅਤਿ ਸੁੰਦਰ; ਰਾਮ ਦਿਜੇ ਹਮਰੇ ਉਰ ਮਾਂਹੀ ॥

ਨਾਤਰ = ਨਹੀਂ ਤਾਂ ਆਤਮਿਕ ਸ਼ਾਂਤਿ = ਸ਼ਾਂਤੀ ਰੂਪੀ ਬਧੂ = ਇਸਤ੍ਰੀ ਜੋ ਅਤਿ = ਅਤਿਅੰਤ ਹੀ ਸੁੰਦਰ = ਸੋਹਣੀ ਹੈ, ਭਾਵ ਜਿਸ 'ਤੇ ਗਿਆਨ, ਵੈਰਾਗ ਰੂਪੀ ਨੇਤ੍ਰ ਕਮਲ ਵਾਂਗ ਖਿੜੇ ਹੋਏ ਹਨ, ਚੰਦਰਮਾ

ਵਤ ਜਿਸਦਾ ਮੁਖ ਪ੍ਰਕਾਸ਼ਵਾਨ ਹੈ ਅਤੇ ਹਾਥੀ ਵਤ ਹੌਲੀ ਹੌਲੀ ਆਤਮ ਸਰੂਪ ਵਿਚ ਗਮਨ ਕਰਨ ਵਾਲੀ ਹੈ।

ਹੇ ਮੇਰੇ ਰਾਮ = ਪ੍ਰਭੂ ! ਐਸੀ ਸ਼ਾਂਤੀ ਰੂਪੀ ਨਾਰੀ ਹਮਰੇ = ਮੇਰੇ ਉਰ = ਹਿਰਦੇ ਦੇ ਵਿਚ ਦੇਣਾ ਕਰ **ਵਾ :** ਸ਼ਾਂਤੀ ਰੂਪੀ ਇਸਤ੍ਰੀ ਦੇਣਾ ਕਰ, ਮੇਰੇ ਹਿਰਦੇ ਵਿਚ ਐਸੀ ਇੱਛਾ ਲੱਗ ਰਹੀ ਹੈ।

## ਕੈ ਘਰ ਮਾਂਹਿ ਸੁ ਭੂਤ ਦਿਜੈ; ਕਿ ਵਿਭੂਤਿ ਦਿਜੈ ਜੁ ਮਲੋਂ ਤਨ ਮਾਂਹੀ॥

ਹੇ ਪ੍ਰਭੂ ! ਕੈ = ਜਾਂ ਤਾਂ ਮੇਰੇ ਘਰ ਮਾਂਹਿ = ਵਿਚ ਸੁ = ਸ੍ਰੇਸ਼ਟ ਭੂਤ = ਬਿਭੂਤੀ (ਧਨ, ਪਦਾਰਥ) ਦਿਜੈ = ਦੇਣਾ ਕਰ, ਕਿ = ਜਾਂ ਫੇਰ ਵਿਭੂਤਿ = ਭਸਮ ਦਿਜੈ = ਦੇਣਾ ਕਰੋ ਜੁ = ਜਿਹੜੀ ਮੈਂ ਆਪਣੇ ਤਨ = ਸਰੀਰ ਦੇ ਮਾਂਹੀ = ਵਿਚ, ਉੱਪਰ ਮਲੋਂ = ਮਲ ਲਵਾਂ **ਵਾ :** ਭਗਤੀ ਰੂਪੀ ਬਿਭੂਤੀ ਦੇਣਾ ਕਰੋ ਜਿਸਨੂੰ ਮੈਂ ਆਪਣੇ ਤਨ = ਸੂਖਮ ਸਰੀਰ (ਮਨ) ਨੂੰ ਮਲੋਂ = ਮਲਨਾ ਕਰਾਂ, ਭਾਵ ਮਨ ਵਿਚ ਵਸਾਉਣਾ ਕਰਾਂ।

## ਕੈ ਘਰ ਮਾਂਹਿ ਨਿਵਾਸ ਕਰੋਂ; ਕਿ ਫਿਰੋਂ ਜਗ ਦੇਵ ਨਦੀ ਤਟ ਮਾਂਹੀ॥੧੦॥

ਹੇ ਪ੍ਰਭੂ ! ਕੈ = ਜਾਂ ਤਾਂ ਮੈਨੂੰ ਇਤਨੀ ਕੁ ਧਨ ਦੌਲਤ ਦੇ ਕਿ ਮੈਂ ਸੁੱਖ ਆਰਾਮ ਨਾਲ ਘਰ ਦੇ ਮਾਂਹਿ = ਵਿਚ ਨਿਵਾਸ = ਵੱਸਣਾ ਕਰੋਂ = ਕਰਾਂ, ਕਿ = ਜਾਂ ਫੇਰ ਮੈਨੂੰ ਐਸਾ ਬਿਰਕਤ ਬਣਾ ਕਿਉਂਕਿ ਮੈਂ ਜਗ = ਸੰਸਾਰ ਵਿਚ ਦੇਵ ਨਦੀ = ਦੇਵਤਿਆਂ ਦੀ ਨਦੀ ਗੰਗਾ ਜੀ ਦੇ ਤਟ = ਕਿਨਾਰੇ ਮਾਂਹੀ = ਵਿਚ ਫਿਰੋਂ = ਫਿਰਦਾ ਰਹਾਂ।

**ਅਥਵਾ** ਮੈਂ ਸਰੂਪ ਰੂਪੀ ਘਰ ਦੇ ਵਿਚ ਨਿਵਾਸ ਕਰਾਂ ਅਤੇ ਸਤਿਸੰਗਤ ਰੂਪੀ ਗੰਗਾ ਨਦੀ ਦੇ ਕਿਨਾਰੇ ਵਿਚਰਨਾ ਕਰਾਂ, ਭਾਵ ਸੰਗਤ ਵਿਚ ਵੱਸਣਾ ਕਰਾਂ॥੧੦॥

## ਸ੍ਵੈਯਾ॥

## ਕੈ ਖੜਗਾਗਰ ਦੰਤ ਦਲੋਂ ਕਟ; ਕੈ ਬਨ[1] ਵਾਸ, ਦਯਾ ਉਰ ਮਾਂਹੀ॥

ਹੇ ਪ੍ਰਭੂ ! ਕੈ = ਜਾਂ ਤਾਂ ਮੈਨੂੰ ਅਜਿਹਾ ਸੂਰਬੀਰ ਯੋਧਾ ਬਣਾ ਦੇ ਕਿ ਮੈਂ (ਖੜਗ+ਅਗਰ) ਖੜਗ = ਖੰਡੇ ਦੀ ਧਾਰ ਦੇ ਅਗਰ = ਅੱਗੇ ਦੰਤ = ਦੈਂਤਾਂ ਦੀਆਂ ਦਲੋਂ = ਫ਼ੌਜਾਂ ਕਟ = ਨਾਸ਼ ਕਰ ਦੇਵਾਂ, ਕੈ = ਜਾਂ ਬਨ = ਜੰਗਲ ਵਿਚ ਵਾਸ = ਨਿਵਾਸ ਦੇਣਾ ਕਰ ਅਤੇ ਮੇਰੇ ਉਰ = ਹਿਰਦੇ ਮਾਂਹੀ = ਵਿਚ ਦਇਆ ਭਰ ਦੇਵੋ **ਵਾ :** ਗਿਆਨ ਰੂਪ ਖੜਗ ਲੈ ਕੇ ਕਾਮ ਕ੍ਰੋਧ ਰੂਪੀ ਦੈਂਤਾਂ ਦੀਆਂ ਫ਼ੌਜਾਂ ਨੂੰ ਨਾਸ਼ ਕਰ ਦੇਵਾਂ ਅਤੇ ਜੀਵਾਂ ਉੱਪਰ ਦਇਆ ਰੱਖਾਂ ਤੇ ਸੰਗਤ ਰੂਪੀ ਬਨ ਵਿਚ ਵੱਸਣਾ ਕਰਾਂ।

## ਕੈ ਮਣਿ ਮਾਲ ਦਿਜੈ ਉਰ ਮੈਂ; ਨਹਿ ਰਾਮ ਦਿਜੈ ਜਪਨੀ ਕਰ ਮਾਂਹੀ।

ਹੇ ਪ੍ਰਭੂ ! ਕੈ = ਜਾਂ ਤਾਂ ਮੈਨੂੰ ਮਣਿ = ਮਣੀਆਂ ਦੀਆਂ ਮਾਲ = ਮਾਲਾਂ ਦਿਜੈ = ਦੇਣੀਆਂ ਕਰ ਜੋ ਮੈਂ ਆਪਣੇ ਉਰ = ਗਲ ਮੈਂ = ਵਿਚ ਧਾਰਨ ਕਰਾਂ; ਨਹਿ = ਨਹੀਂ ਤਾਂ ਹੇ ਰਾਮ = ਪ੍ਰਭੂ ! ਇਕ ਜਪਨੀ = ਰੁਦ੍ਰਾਖ, ਕਾਠ ਆਦਿ ਦੀ ਮਾਲਾ ਦਿਜੈ = ਦੇਣੀ ਕਰ, ਜੋ ਮੈਂ ਆਪਣੇ ਕਰ = ਹੱਥ ਮਾਂਹੀ = ਵਿਚ ਫੜ ਕੇ ਫੇਰਦਾ ਰਹਾਂ।

## ਕੈ ਜਗ ਭੀਖ ਅਹਾਰ ਕਰੋਂ, ਕਿ ਦਿਵੋਂ ਜਨ ਬਾਂਛਤ ਹੀ ਛਿਤ ਮਾਂਹੀ॥

ਹੇ ਪ੍ਰਭੂ ! ਕੈ = ਜਾਂ ਮੈਨੂੰ ਐਸਾ ਬਿਰਕਤ ਸਾਧੂ ਬਣਾ ਦੇ ਕਿ ਮੈਂ ਜਗ = ਸੰਸਾਰ ਵਿਚ ਭੀਖ = ਭਿਖਸ਼ਾ ਦਾ ਅਹਾਰ = ਭੋਜਨ ਮੰਗ ਕੇ ਖਾਣਾ ਕਰੋਂ = ਕਰਾਂ; ਕਿ = ਜਾਂ ਫੇਰ ਮੈਨੂੰ ਇਤਨਾ ਕੁ ਧਨ ਪਦਾਰਥ

---

੧. ਪਾਠਾਂਤ੍ਰ—ਬਟ = ਬੋਹੜ ਦੇ ਹੇਠਾਂ ਨਿਵਾਸ ਦੇਵੋ।

ਦਿਵੋਂ = ਦੇਣਾ ਕਰੋ ਕਿ ਮੈਂ ਇਸ ਛਿਤ = ਧਰਤੀ ਮਾਂਹੀ = ਵਿਚ ਜਨ = ਮਨੁੱਖਾਂ ਨੂੰ ਬਾਂਛਤ = ਮਨ ਭਾਉਂਦੇ ਪਦਾਰਥ ਦੇਣਾ ਕਰਾਂ।

**ਕੈ ਜਸ ਸੋਂ ਸਭ ਭੂਮਿ ਭਰੋਂ; ਨਹਿ ਜਾਇ ਬਸੋਂ ਹਰਿ ਕੇ ਪੁਰ ਮਾਂਹੀ ॥੧੧॥**

ਹੇ ਪ੍ਰਭੂ! ਕੈ = ਜਾਂ ਤਾਂ ਮੈਨੂੰ ਇਸ ਸੰਸਾਰ ਅੰਦਰ ਇਤਨੀ ਕੁ ਤਰੱਕੀ ਬਖ਼ਸ਼ੋ ਕਿ ਸਭ = ਸਾਰੀ ਭੂਮਿ = ਧਰਤੀ ਮੇਰੇ ਜੱਸ ਸੋਂ = ਨਾਲ ਭਰੋ = ਭਰ ਜਾਵੇ, ਨਹੀਂ ਤਾਂ ਇਹੋ ਜਿਹਾ ਬਿਰਕਤ ਬਣਾਉਣਾ ਕਰ ਕਿ ਹੇ ਹਰਿ = ਪ੍ਰਭੂ! ਤੇਰੀ ਭਗਤੀ ਕਰਕੇ ਤੇਰੇ ਪੁਰ = ਨਗਰ ਬੈਕੁੰਠ ਧਾਮ ਮਾਂਹੀ = ਵਿਚ ਜਾਇ = ਜਾ ਕੇ ਬਸੋਂ = ਵੱਸ ਜਾਵਾਂ ॥੧੧॥

## ਸ੍ਵੈਯਾ ॥

**ਜੋਗ ਦਿਜੈ ਕਿ ਦਿਜੈ ਘਰ ਭੋਗ; ਕਿ ਨੀਤਿ ਦਿਜੇ ਕਿ ਅਤੀਤ ਬਨਾਹੀ ॥**

ਹੇ ਪ੍ਰਭੂ! ਜਾਂ ਮੈਨੂੰ ਜੋਗ ਸਾਧਨ, ਮਾਰਗ ਦਿਜੈ = ਦੇਣਾ ਕਰ ਕਿ = ਜਾਂ ਘਰ ਵਿਚ ਸਭ ਭੋਗ = ਪਦਾਰਥ ਦਿਜੈ = ਦੇਣਾ ਕਰ, ਕਿ = ਜਾਂ ਨੀਤਿ = ਰਾਜਨੀਤੀ ਦਿਜੇ = ਦੇਣਾ ਕਰ ਕਿ = ਜਾਂ ਫੇਰ ਅਤੀਤ = ਬਿਹੰਗਮ ਸਾਧੂ ਬਨਾਹੀ = ਬਣਾ ਦੇਣਾ ਕਰ।

**ਦਾਸਨ ਕੇ ਗਨ ਮੋਹਿ ਦਿਜੇ; ਨਹਿ ਆਪਨ ਦਾਸ ਕਿਜੇ ਜਗ ਮਾਂਹੀ ॥**

ਹੇ ਪ੍ਰਭੂ! ਜਾਂ ਤਾਂ ਮੈਨੂੰ ਦਾਸਨ = ਸੇਵਕਾਂ ਕੇ = ਦੇ ਗਨ = ਸਮੂਹ ਭਾਵ ਬਿਅੰਤ ਸੇਵਕ ਮੇਰੀ ਸੇਵਾ ਵਾਸਤੇ ਮੋਹਿ = ਮੈਨੂੰ ਦਿਜੇ = ਦੇਣਾ ਕਰ। ਨਹਿ = ਨਹੀਂ ਤਾਂ ਫੇਰ ਇਸ ਜਗ = ਸੰਸਾਰ ਮਾਂਹੀ = ਵਿਚ ਮੈਨੂੰ ਤੂੰ ਆਪਣਾ ਦਾਸ = ਸੇਵਕ ਕਿਜੇ = ਕਰ ਲੈ।

**ਕੈ ਮਣਿ ਹੇਮ ਵਿਮਾਨ ਦਿਜੇ; ਨਹਿ ਨਾਮ ਦਿਜੇ ਹਮਰੇ ਉਰ ਮਾਂਹੀ ॥**

ਹੇ ਪ੍ਰਭੂ! ਕੈ = ਜਾਂ ਤਾਂ ਮਣਿ = ਮਣੀਆਂ ਨਾਲ ਜੜਿਆ ਹੋਇਆ ਹੇਮ = ਸੋਨੇ ਦਾ ਵਿਮਾਨ = ਸੁਖ ਪਾਲਕੀਆਂ ਦਿਜੇ = ਦੇਣਾ ਕਰ, ਜਿਸਦੇ ਵਿਚ ਮੈਂ ਅਨੰਦ ਲੈਣਾ ਕਰਾਂ, ਨਹਿ = ਨਹੀਂ ਤਾਂ ਆਪਣਾ ਨਾਮ ਹਮਰੇ = ਮੇਰੇ ਉਰ = ਹਿਰਦੇ ਮਾਂਹੀ = ਵਿਚ ਦਿਜੇ = ਦੇਣਾ ਕਰ, ਜਿਸ ਨੂੰ ਜਪ ਕੇ ਮੈਂ ਤੇਰੇ ਨਾਲ ਅਭੇਦ ਹੋ ਜਾਵਾਂ।

**ਦੋਨਨ ਮੈ ਪ੍ਰਭ ਏਕ ਦਿਜੇ; ਅਬ ਢੀਲ ਬਨੇ ਨਹਿ ਤੇ ਉਰ ਮਾਂਹੀ ॥੧੨॥**

ਹੇ ਮੇਰੇ ਪ੍ਰਭ = ਪਰਮਾਤਮਾ! ਇਨ੍ਹਾਂ ਦੋਨਨ = ਦੋਵਾਂ ਚੀਜ਼ਾਂ ਦੇ ਮੈ = ਵਿੱਚੋਂ ਮੈਨੂੰ ਇਕ ਜ਼ਰੂਰ ਦਿਜੇ = ਦੇਣਾ ਕਰ। ਅਬ = ਹੁਣ ਤੇ = ਤੇਰੇ ਉਰ = ਹਿਰਦੇ ਮਾਂਹੀ = ਵਿਚ ਕਿਸੇ ਪ੍ਰਕਾਰ ਦੀ ਕੋਈ ਢੀਲ = ਢਿੱਲ ਨਹੀਂ ਬਨੇ = ਬਣਨੀ ਚਾਹੀਦੀ ॥੧੨॥

## ਸ੍ਵੈਯਾ ॥

**ਜਾਨੁ ਭੁਜਾ ਕਟ ਕੇਹਰ ਕੇ ਸਮ; ਕੰਜ ਪ੍ਰਭਾ ਦ੍ਰਿਗ ਹੈਂ ਮਦ ਮਾਤੇ ॥**

ਜੇਕਰ ਕਿਸੇ ਪੁਰਸ਼ ਦੀਆਂ ਜਾਨੁ = ਗੋਡਿਆਂ ਤਕ ਲੰਮੀਆਂ ਭੁਜਾ = ਬਾਹਵਾਂ ਹੋਣ, ਕਟ = ਲੱਕ ਕੇਹਰ = ਸ਼ੇਰ ਕੇ = ਦੇ ਸਮ = ਸਮਾਨ ਪਤਲਾ ਹੋਵੇ, ਕੰਜ = ਕੌਲ ਫੁੱਲ ਵਾਂਗ ਕਿਸੇ ਦੇ ਦ੍ਰਿਗ = ਨੇਤਰਾਂ ਦੀ

ਪ੍ਰਭਾ = ਸੋਭਾ ਹੋਵੇ, ਜੋ ਨੇਤ੍ਰ ਮਦ = ਮਸਤੀ ਵਿਚ ਮਾਤੇ = ਮਸਤ ਹੋਏ ਪਏ ਹੋਣ, ਭਾਵ ਐਸੀ ਕਿਸੇ ਦੇ ਸਰੀਰ ਦੀ ਸ਼ੋਭਾ ਹੋਵੇ।

## ਕੋਟ ਸੁਰਾਂਗਨ ਨਾਚਤ ਹੈਂ; ਅਰੁ ਗੰਧ੍ਰਬ ਆਇ ਸਭੇ ਪੁਰ ਗਾਤੇ॥

ਕਿਸੇ ਮਨੁੱਖ ਦੇ ਵਿਹੜੇ ਵਿਚ ਕੋਟ = ਕਰੋੜਾਂ (ਸੁਰ+ਆਂਗਨ) ਸੁਰ = ਦੇਵਤਿਆਂ ਦੀਆਂ ਆਂਗਨ = ਇਸਤ੍ਰੀਆਂ ਨਾਚਤ = ਨਿਰਤਕਾਰੀ ਕਰਦੀਆਂ ਹੋਣ, ਅਰੁ = ਅਤੇ ਗੰਧ੍ਰਬ = ਦੇਵਤਿਆਂ ਦੇ ਰਾਗੀ ਸਭੇ = ਸਾਰੀ ਪੁਰ = ਨਗਰੀ ਵਿਚ ਆਇ = ਆ ਕੇ ਗਾਤੇ = ਗਾਉਂਦੇ ਹੋਣ, ਭਾਵ ਬਾਹਰੋਂ ਵੀ ਇਤਨਾ ਵੱਡਾ ਪ੍ਰਭਾਵ ਹੋਵੇ।

## ਭੌਨ ਭੰਡਾਰ ਅਪਾਰ ਭਰੇ ਧਨ; ਯਾ ਬਿਧ ਆਪ ਰਚੀ ਸੁ ਬਿਧਾਤੇ॥

ਕਿਸੇ ਦੇ ਭੌਨ = ਘਰ ਦੇ ਵਿਚ ਅਪਾਰ = ਬਿਅੰਤ ਧਨ ਦੇ ਭੰਡਾਰ = ਖ਼ਜ਼ਾਨੇ ਭਰੇ ਪਏ ਹੋਣ; ਇਹ ਬਿਧਾਤੇ = ਫਲ ਪ੍ਰਦਾਤੇ ਈਸ਼ਰ ਨੇ ਆਪ ਹੀ ਇਸ ਤਰ੍ਹਾਂ ਦੀ ਬਿਧ = ਵਿਧੀ ਰਚੀ = ਰਚਨਾ ਕੀਤੀ ਹੋਵੇ।

## ਯੌ ਬਿਧਿ ਯਾਹਿ ਭਈ ਤੁ ਕਹਾ;
## ਜਬ ਜਾਨਕੀ ਨਾਥ ਕੇ ਰੰਗ ਨ ਰਾਤੇ॥੧੩॥

ਜੇਕਰ ਯੌ = ਇਸ ਤਰ੍ਹਾਂ ਦੀ ਬਿਧਿ = ਵਿਧੀ ਯਾਹਿ = ਏਥੇ ਭਈ = ਹੋ ਵੀ ਗਈ ਤੁ = ਤਦ ਕਹਾ = ਕੀ ਹੋਇਆ, ਜਬ = ਜਦੋਂ ਜਾਨਕੀ = ਸੀਤਾ ਦੇ ਨਾਥ = ਪਤੀ ਸ੍ਰੀ ਰਾਮ ਭਗਵਾਨ ਜੀ ਦੇ ਰੰਗ = ਪ੍ਰੇਮ ਵਿਚ ਹੀ ਨਾ ਰਾਤੇ = ਰੰਗੇ ਗਏ, ਭਾਵ ਜੇਕਰ ਅੰਦਰ ਪ੍ਰਭੂ ਦੀ ਪ੍ਰੀਤੀ ਨਹੀਂ ਹੈ ਤਾਂ ਇਹ ਉਪਰੋਕਤ ਕਥਨ ਕੀਤੇ ਸੁੱਖ ਦੇ ਸਾਧਨ ਸਭ ਵਿਅਰਥ ਹਨ॥੧੩॥ ਜੈਸਾ ਕਿ :

**ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥੧॥**

*(ਗਉੜੀ ਬਾਵਨ ਅਖਰੀ ਮ: ੫, ਅੰਗ ੨੫੩)*

ਅੱਗੇ ਹੋਰ ਬਿਭੂਤੀ ਗਿਣਦੇ ਹਨ ਕਿ:

## ਸ੍ਵੈਯਾ॥
## ਹੇਮ ਗਲੇ ਅਰੁ ਸੀਸ ਉਤੰਸ;
## ਉਠਾਇ ਸੁ ਪਾਦ ਮਹਾਂ ਹਿਨਨਾਤੇ॥

ਜੇਕਰ ਕਿਸੇ ਮਨੁੱਖ ਕੋਲ ਐਸੇ ਘੋੜੇ ਰੱਖੇ ਹੋਣ, ਜਿਨ੍ਹਾਂ ਦੇ ਗਲ ਵਿਚ ਹੇਮ = ਸੋਨੇ ਦੇ ਹਾਰ ਪਾਏ ਹੋਣ, ਅਰੁ = ਅਤੇ ਸੀਸ = ਸਿਰ ਉੱਪਰ ਉਤੰਸ = ਮੁਕਟ ਪਾਇਆ ਹੋਵੇ, ਭਾਵ ਸੋਨੇ ਦੇ ਗਹਿਣਿਆਂ ਨਾਲ ਸ਼ਿੰਗਾਰੇ ਹੋਣ, ਉਹ ਘੋੜੇ ਆਪਣੇ ਅਗਲੇ ਪਾਦ = ਪੈਰ ਉਠਾਇ = ਚੁੱਕ ਕੇ ਮਹਾਂ = ਬਹੁਤ ਸੁੰਦਰ ਹਿਨਨਾਤੇ = ਹਿਣਕਦੇ ਹੋਣ।

## ਕੋਟ ਤੁਰੰਗ ਕੁਰੰਗ ਸੇ ਕੂਦਤ; ਦੌਰ ਪ੍ਰਭੰਜਨ ਕੋ ਜਿਨ ਜਾਤੇ॥

ਇਹੋ ਜਿਹੇ ਕੋਟ = ਕਰੋੜਾਂ ਤੁਰੰਗ = ਘੋੜੇ ਕੁਰੰਗ = ਹਿਰਨਾਂ ਸੇ = ਵਾਂਗ ਕੂਦਤ = ਕੁੱਦਦੇ ਹੋਏ ਇਤਨੀ

ਤੇਜ਼ ਦੌਰ = ਦੌੜਦੇ ਹੋਣ; ਜੋ ਪ੍ਰਭੰਜਨ = ਹਵਾ ਕੋ = ਨੂੰ ਵੀ ਜਿਨ = ਜਿੱਤ ਜਾਤੇ = ਜਾਂਦੇ ਹੋਣ, ਭਾਵ ਹਵਾ ਨੂੰ ਵੀ ਮਾਤ ਪਾ ਜਾਂਦੇ ਹੋਣ, ਇਹੋ ਜਿਹੇ ਸੁੰਦਰ ਘੋੜੇ ਵੀ ਕਿਸੇ ਨੇ ਰੱਖੇ ਹੋਣ।

## ਦਿੱਗਜ ਸੇ ਗਜ ਭੌਨ ਦੁਆਰ; ਸੁ ਝੂਲਤ ਹੈਂ ਮਦਰਾ ਮਦ ਮਾਤੇ ॥

ਫੇਰ ਕਿਸੇ ਕੋਲ ਦਿੱਗਜ = ਦਿਸ਼ਾਪਾਲ[1] ਸੇ = ਵਰਗੇ ਵੱਡੇ-ਵੱਡੇ ਗਜ = ਹਾਥੀ ਭੌਨ = ਘਰ ਦੇ ਦੁਆਰ = ਬੂਹੇ ਦੇ ਅੱਗੇ ਖੜੇ ਹੋਣ, ਜੋ ਮਦਰਾ = ਸ਼ਰਾਬ ਦੇ ਮਦ = ਨਸ਼ੇ ਵਿਚ ਮਾਤੇ = ਮਸਤ ਹੋਏ ਝੂਲਤ = ਝੂਲਦੇ ਹੋਣ।

## ਯੌਂ ਬਿਧਿ ਯਾਹਿ ਭਈ ਤੁ ਕਹਾਂ; ਜਬ ਜਾਨਕੀ ਨਾਥ ਕੇ ਰੰਗ ਨ ਰਾਤੇ ॥੧੪॥

ਜੇਕਰ ਯੌਂ = ਇਸ ਪ੍ਰਕਾਰ ਦੀ ਬਿਧਿ = ਵਿਧੀ ਯਾਹਿ = ਇਥੇ ਭਈ = ਹੋ ਵੀ ਗਈ ਤੁ = ਤਦ ਕਹਾ = ਕੀ ਹੋਇਆ, ਜਬ = ਜਦੋਂ ਜਾਨਕੀ = ਸੀਤਾ ਦੇ ਨਾਥ = ਪਤੀ ਸ੍ਰੀ ਰਾਮ ਭਗਵਾਨ ਜੀ ਕੇ = ਦੇ ਰੰਗ = ਪ੍ਰੇਮ ਵਿਚ ਨ = ਨਹੀਂ ਰਾਤੇ = ਰੰਗੇ ਗਏ, ਭਾਵ ਪ੍ਰਭੂ ਦੀ ਪ੍ਰੀਤੀ ਤੋਂ ਬਿਨਾਂ ਇਹ ਹਾਥੀ ਘੋੜੇ ਆਦਿ ਮਾਲ ਸਭ ਵਿਅਰਥ ਹਨ ॥੧੪॥

## ਸ੍ਵੈਯਾ ॥

## ਕੋਟਕ ਬਿੰਜਨ ਹਾਟਕ ਭਾਂਜਨ; ਡਾਰ ਸੁ ਸੌਂਧ ਬਿਖੇ ਮਿਲ ਖਾਤੇ ॥

ਭਾਵੇਂ ਕੋਈ ਇਤਨਾ ਅਮੀਰ ਹੋਵੇ ਕਿ ਕੋਟਕ = ਕਰੋੜਾਂ ਭਾਵ ਛੱਤੀ ਪ੍ਰਕਾਰ ਦੇ ਬਿਅੰਤ ਬਿੰਜਨ = ਭੋਜਨ ਹਾਟਕ = ਸੋਨੇ ਦੇ ਭਾਂਜਨ = ਬਰਤਨਾਂ ਵਿਚੋਂ ਡਾਰ = ਪਾ ਕੇ ਸੌਂਧ = ਘਰ ਬਿਖੇ = ਵਿਚ ਆਪਣੇ ਪਰਿਵਾਰ, ਸੰਬੰਧੀਆਂ ਆਦਿ ਨਾਲ ਮਿਲ ਕੇ ਖਾਤੇ = ਖਾਂਦਾ ਹੋਵੇ।

## ਭੂਪ ਜਿਤੇ ਭਵਮੰਡਲ ਕੇ ਪੁਨ; ਹੋਹਿ ਰਥੀ ਸੁ ਜਿਨੇ ਪੁਰ ਸਾਤੇ ॥

ਪੁਨ = ਫੇਰ ਭਵਮੰਡਲ = ਗੋਲਾਕਾਰ ਇਲਾਕੇ ਭਾਵ ਧਰਤੀ ਦੇ ਉੱਪਰ ਜਿਤੇ = ਜਿਤਨੇ ਵੀ ਭੂਪ = ਰਾਜੇ ਹੋਣ, ਉਨ੍ਹਾਂ ਸਾਰੇ ਰਾਜਿਆਂ ਨੂੰ ਅਤੇ ਸੱਤਾਂ ਪੁਰੀਆਂ ਨੂੰ ਰਥੀ = ਸੂਰਮਾ ਹੋਹਿ = ਹੋ ਕੇ ਜਿਨੇ = ਜਿੱਤ ਲਿਆ ਹੋਵੇ।

## ਔਰਨ ਛਤ੍ਰ ਉਤਾਰ ਭਲੀ ਬਿਧ; ਆਪਨ ਸੀਸ ਸੁ ਛਤ੍ਰ ਫਿਰਾਤੇ ॥

ਔਰਨ = ਹੋਰਨਾਂ ਦੇ ਸਿਰ ਤੋਂ ਛਤ੍ਰ ਉਤਾਰ = ਲਾਹ ਕਰਕੇ ਬੜੇ ਭਲੀ = ਚੰਗੇ ਬਿਧ = ਤਰੀਕੇ ਨਾਲ ਆਪਨ = ਆਪ ਦੇ ਸੀਸ = ਸਿਰ ਉੱਪਰ ਉਹ ਛਤ੍ਰ ਫਿਰਾਤੇ = ਫਿਰਾ ਵੀ ਲਿਆ ਹੋਵੇ, ਭਾਵ ਚੱਕ੍ਰਵਰਤੀ ਬਾਦਸ਼ਾਹ ਬਣ ਕੇ ਇਤਨੀ ਸਮੱਗਰੀ ਕੋਲ ਵੀ ਹੋਵੇ।

---

੧. ਦਿਗਜ਼ = ਦਿਸ਼ਾ ਦਾ ਹਾਥੀ, ਪੁਰਾਣਾਂ ਵਿਚ ਅੱਠ ਦਿਸ਼ਾ ਵਿਚ ਅੱਠ ਹਾਥੀ ਮੰਨੇ ਹਨ, ਜੋ ਪ੍ਰਿਥਵੀ ਨੂੰ ਥੰਮ੍ਹੀ ਖਲੋਤੇ ਹਨ: ਪੂਰਵ ਵਿਚ ਐਰਾਵਤ, ਪੂਰਵ-ਦੱਖਣ ਕੋਣ ਵਿਚ ਪੁੰਡਰੀਕ, ਦੱਖਣ ਵਿਚ ਵਾਮਨ, ਦੱਖਣ-ਪੱਛਮ ਵਿਚ ਕੁਮੁਦ, ਪੱਛਮ ਵਿਚ ਅੰਜਨ, ਪੱਛਮ-ਉੱਤਰ ਵਿਚ ਪੁਸਪਦੰਤ, ਉੱਤਰ ਵਿਚ ਸਾਰਵਭੋਗ ਅਤੇ ਉੱਤਰ-ਪੂਰਵ ਵਿਚ ਸੁਪ੍ਰਤੀਕ, ਇਨ੍ਹਾਂ ਅੱਠਾਂ ਦੀਆਂ ਹਥਣੀਆਂ ਯਥਾਕ੍ਰਮ ਇਸ ਪ੍ਰਕਾਰ ਹਨ: ਅਭਰਮੁ, ਕਪਿਲਾ, ਪਿੰਗਲਾ, ਅਨੁਪਮਾ, ਅੰਜਨਵਤੀ, ਸ਼ੁਭਦੰਤੀ, ਅੰਜਨਾ ਅਤੇ ਤਾਮ੍ਰਕਰਣੀ।

## ਯੌ ਬਿਧਿ ਯਾਹਿ ਭਈ ਤੁ ਕਹਾਂ; ਜਬ ਜਾਨਕੀ ਨਾਥ ਕੇ ਰੰਗ ਨ ਰਾਤੇ ॥੧੫॥

ਜੇਕਰ ਯੌ = ਇਸ ਪ੍ਰਕਾਰ ਦੀ ਬਿਧੀ ਏਥੇ ਭਈ = ਹੋ ਵੀ ਗਈ ਤਾਂ ਕਹਾ = ਕੀ ਹੋਇਆ, ਜਬ = ਜਦੋਂ ਜਾਨਕੀ = ਸੀਤਾ ਦੇ ਨਾਥ = ਪਤੀ ਸ੍ਰੀ ਰਾਮ ਭਗਵਾਨ ਜੀ ਦੇ ਰੰਗ = ਪ੍ਰੇਮ ਵਿੱਚੋਂ ਨਹੀਂ ਰਾਤੇ = ਰੰਗੇ ਗਏ, ਭਾਵ ਪ੍ਰਭੂ ਦੀ ਪ੍ਰੀਤੀ ਤੋਂ ਬਿਨਾਂ ਇਤਨੀ ਬਿਭੂਤੀ ਤੇ ਤਾਕਤ ਸਭ ਵਿਅਰਥ ਹੈ॥੧੫॥

## ਸ੍ਵੈਯਾ ॥ ਬੈਠ ਬਧੂ ਕੁਚ ਕੁੰਕਮ ਕੇ ਸਰ; ਤੀਖਨ ਸੋਂ ਜੁ ਕਰੇ ਜਗ ਹਾਤੇ ॥

ਜੇਕਰ ਕਿਸੇ ਦੇ ਘਰ ਇਹੋ ਜਿਹੀ ਬਧੂ = ਇਸਤਰੀ ਲਕਸਣਾਂ ਵਾਲੀ ਹੋਵੇ ਜਿਸ ਦੇ ਕੁਚ = ਅਸਥਾਨ ਬੈਠ = ਬੈਠਮੇ ਭਾਵ ਗੋਲਕਾਰ ਲਾਟੂ ਦੀ ਨਿਆਈਂ ਕੁੰਕਮ = ਕੇਸਰ ਕੇ = ਦੇ ਸਰ = ਸਦਰਸ਼ ਲਾਲ ਹੋਣ **ਵਾ** : (ਸਰ ਪਦ ਵਿਸ਼ਰਾਮ ਤੋਂ ਅੱਗੇ ਵੀ ਅੱਧੀ ਤੁੱਕ ਨਾਲ ਲਾਉਣਾ) ਫੇਰ ਇਉਂ ਅਰਥ ਕਰਨਾ ਕਿ ਕਿਸੇ ਦੀ ਇਸਤ੍ਰੀ ਆਪਣੇ ਅਸਥਨਾਂ ਨੂੰ ਕੁੰਕਮ = ਕੇਸਰ ਚੰਦਨ ਆਦਿ ਘਸਾ ਕੇ ਲੇਪ ਕਰਦੀ ਹੋਵੇ, ਫੇਰ ਉਹ ਅਸਥਨ ਸਰ = ਤੀਰਾਂ ਦੇ ਵਾਂਗ ਤੀਖਨ = ਤਿੱਖੇ ਹੋਣ ਜੁ = ਜਿਹੜੇ ਜਗ = ਸੰਸਾਰ ਨੂੰ ਹਾਤੇ = ਨਾਸ਼ ਕਰਦੇ ਹੋਣ, ਭਾਵ ਜਿਨ੍ਹਾਂ ਵੱਲ ਵੇਖ ਕੇ ਵਿਸ਼ਈ ਮਨੁੱਖਾਂ ਦੇ ਚਿਤ ਡੋਲ ਜਾਂਦੇ ਹੋਣ।

## ਆਪ ਸਮਾਨ ਜਨੇ ਸੁਤ ਸੁੰਦਰ; ਯਾ ਜਗ ਝੁੰਡਨ ਝੁੰਡ ਸੁਹਾਤੇ ॥

ਐਸੀਆਂ ਸੁੰਦਰ ਇਸਤ੍ਰੀਆਂ ਆਪ = ਆਪਣੇ ਸਮਾਨ = ਵਰਗੇ ਹੀ ਸੁੰਦਰ = ਸੋਹਣੇ ਸੁਤ = ਪੁੱਤਰਾਂ ਨੂੰ ਜਨੇ = ਪੈਦਾ ਕਰਨ, ਫੇਰ ਯਾ = ਇਸ ਜਗ = ਸੰਸਾਰ ਵਿਚ ਅਜਿਹੇ ਸੁੰਦਰ ਪੁੱਤਰਾਂ ਦੇ ਝੁੰਡਨ ਝੁੰਡ = ਝੁੰਡਾਂ ਦੇ ਝੁੰਡ, ਟੋਲਿਆਂ ਦੇ ਟੋਲੇ ਸੁਹਾਤੇ = ਸ਼ੋਭਦੇ ਹੋਣ।

## ਬੀਰ ਤਥਾ ਗੁਣਵਾਨ ਮਹਾਂ; ਪੁਨ ਮਾਤ ਪਿਤਾ ਸੁਖ ਮੈਂ ਲਲਚਾਤੇ ॥

ਫੇਰ ਉਹ ਲੜਕੇ ਬਹੁਤ ਬੀਰ = ਬਹਾਦਰ ਤਥਾ = ਅਤੇ ਮਹਾਂ = ਬਹੁਤ ਗੁਣਵਾਨ = ਗੁਣਾਂ ਦੇ ਸਹਿਤ ਹੋਣ ਪੁਨ = ਫਿਰ ਮਾਤਾ ਪਿਤਾ ਆਪਣੇ ਪੁੱਤਰਾਂ ਦੇ ਸੁੱਖ ਦੇ ਵਿਚ ਲਲਚਾਤੇ = ਲਲਚਾਉਂਦੇ ਹੋਣ ਕਿ ਇਹ ਸਾਨੂੰ ਬਹੁਤ ਸੁੱਖ ਦੇਣਗੇ **ਵਾ**: ਉਹ ਪੁੱਤਰ ਆਪਣੇ ਮਾਤਾ-ਪਿਤਾ ਦੇ ਸੁੱਖ ਵਿਚ ਲਲਚਾਉਂਦੇ ਹੋਣ ਕਿ ਅਸੀਂ ਆਪਣੇ ਮਾਤਾ-ਪਿਤਾ ਨੂੰ ਸੁੱਖ ਦੇਣਾ ਕਰੀਏ।

## ਯੌ ਬਿਧਿ ਯਾਹਿ ਭਈ ਤੁ ਕਹਾਂ; ਜਬ ਜਾਨਕੀ ਨਾਥ ਕੇ ਰੰਗ ਨ ਰਾਤੇ ॥੧੬॥

ਕਵੀ ਜੀ ਕਥਨ ਕਰਦੇ ਹਨ ਕਿ ਜੇਕਰ ਯੌ = ਇਸ ਪ੍ਰਕਾਰ ਦੀ ਬਿਧਿ = ਵਿਧੀ ਯਾਹਿ = ਇਸ ਥਾਂ 'ਤੇ ਭਈ = ਹੋ ਵੀ ਗਈ ਤੁ = ਤਦ ਕਹਾਂ = ਕੀ ਹੋਇਆ, ਭਾਵ ਘਰ ਵਿਚ ਬਹੁਤ ਸੁੰਦਰ ਇਸਤ੍ਰੀਆਂ ਵੀ ਹਨ, ਸੂਰਬੀਰ, ਗੁਣਵਾਨ ਪੁੱਤਰ ਵੀ ਹਨ ਜੋ ਹਰ ਪ੍ਰਕਾਰ ਕਰਕੇ ਆਗਿਆ ਵਿਚ ਚੱਲਦੇ ਹਨ, ਜੇ ਇਹ ਕੁਝ ਹੋ ਵੀ ਗਿਆ ਤਾਂ ਕੀ ਹੋਇਆ, ਜਬ = ਜਦੋਂ ਜਾਨਕੀ = ਸੀਤਾ ਦੇ ਨਾਥ = ਪਤੀ ਸ੍ਰੀ ਰਾਮ ਭਗਵਾਨ ਜੀ ਕੇ = ਦੇ ਰੰਗ = ਪ੍ਰੇਮ ਵਿਚ ਰਤੇ = ਰੰਗੇ, ਤਦਾਕਾਰ ਨਾ ਹੋਏ, ਭਾਵ ਪ੍ਰਭੂ ਦੇ ਪ੍ਰੇਮ ਤੋਂ ਬਿਨਾਂ ਇਹ ਸਭ ਕੁਝ ਵਿਅਰਥ ਹੈ॥੧੬॥

## ਸ੍ਵੈਯਾ ॥

## ਜਿਨ ਕੇ ਰਥ ਨੇਮ ਦਰਾਰਨ ਤੇ; ਸਤ ਸਾਗਰ ਹੈਂ ਅਬ ਲੌ ਜਗ ਮਾਂਹੀ ॥

ਇਸ ਦੁਨੀਆਂ ਅੰਦਰ ਬਹੁਤ ਵੱਡੇ-ਵੱਡੇ ਬਲੀ ਲੋਕ ਪੈਦਾ ਹੋਏ ਹਨ। ਜਿਨ = ਜਿਨ੍ਹਾਂ ਕੇ = ਦੇ ਰਥਾਂ

ਦੇ ਨੇਮ = ਪਹੀਆਂ ਦੇ ਚੱਲਣ ਕਰਕੇ ਧਰਤੀ ਵਿਚ ਪਈਆਂ ਦਰਾਰਨ = ਦਰਜਾਂ, ਤ੍ਰੇੜਾਂ ਉੱਪਰ ਅਬ = ਹੁਣ ਲੌਂ = ਤਕ ਸੱਤ ਸਾਗਰ = ਸਮੁੰਦਰ ਜਗ = ਸੰਸਾਰ ਮਾਂਹੀ = ਵਿਚ ਵਗ ਰਹੇ ਹਨ।

ਅਰਥਾਤ ਇਸ ਧਰਤੀ ਉੱਪਰ ਇਕ ਪ੍ਰਿਅਬ੍ਰਿਤ ਨਾਮ ਦਾ ਚੱਕ੍ਰਵਰਤੀ ਰਾਜਾ ਹੋਇਆ ਹੈ। ਉਸ ਨੇ ਸੋਚਿਆ ਕਿ ਮੇਰੇ ਦੇਸ਼ ਵਿਚ ਰਾਤ ਨਾ ਪਵੇ ਤੇ ਸਾਰੀ ਪਰਜਾ ਦਿਨ ਦੇ ਚਾਨਣ ਵਿਚ ਸੁਖੀ ਵਸੇ। ਇਸ ਲਈ ਉਸਨੇ ਆਪਣੇ ਕਾਰੀਗਰਾਂ ਨੂੰ ਆਖ ਕੇ ੧੨ ਜੋਜਨ ਦੇ ਆਕਾਰ ਦਾ ਇਕ ਮਣੀਆਂ ਦਾ ਰੱਥ ਬਣਵਾਇਆ। ਜੋ ਮਣੀਆਂ ਰਾਤ ਨੂੰ ਚਮਕ ਕੇ ਸੂਰਜ ਵਾਂਗ ਪ੍ਰਕਾਸ਼ ਕਰਦੀਆਂ। ਉਹ ਰੱਥ ਸੂਰਜ ਨੇ ਆਪਣੀਆਂ ਤੇਜ਼ ਕਿਰਨਾਂ ਨਾਲ ਸਾੜ ਦਿੱਤਾ। ਰਾਜੇ ਨੇ ਫੇਰ ਆਪਣੇ ਕਾਰੀਗਰਾਂ ਨੂੰ ਹੁਕਮ ਕੀਤਾ ਕਿ ਤੁਸੀਂ ਹੁਣ ਉਸਦੇ ਨਾਲੋਂ ਦੂਣਾ ੨੪ ਜੋਜਨ ਦੇ ਆਕਾਰ ਦਾ ਰੱਥ ਬਣਾਉ। ਜਦੋਂ ਕਾਰੀਗਰਾਂ ਨੇ ਬਣਾ ਕੇ ਤਿਆਰ ਕੀਤਾ, ਤਦੋਂ ਉਹ ਵੀ ਸੂਰਜ ਨੇ ਆਪਣੇ ਤੇਜ ਨਾਲ ਭਸਮ ਕਰ ਦਿੱਤਾ। ਫੇਰ ਤੀਜਾ ਰੱਥ ੪੮ ਜੋਜਨ ਦਾ ਬਣਾਇਆ, ਪਰ ਉਹ ਵੀ ਸੂਰਜ ਨੇ ਸਾੜ ਕੇ ਸੁਆਹ ਕਰ ਦਿੱਤਾ। ਇਸ ਪ੍ਰਕਾਰ ਰਾਜੇ ਪ੍ਰਿਅਬ੍ਰਿਤ ਨੇ ਮੁੜ-ਮੁੜ ਪਹਿਲੇ ਨਾਲੋਂ ਦੂਣੇ ਸੱਤ ਵਾਰ ਰੱਥ ਬਣਾਏ ਪਰ ਸੂਰਜ ਨੇ ਉਹ ਸਾਰੇ ਹੀ ਸਾੜ ਦਿੱਤੇ। ਫੇਰ ਜਦੋਂ ਰਾਜੇ ਨੇ ਉਨ੍ਹਾਂ ਸਭਨਾਂ ਨਾਲੋਂ ਹੋਰ ਦੂਣੇ ਵੱਡੇ ਆਕਾਰ ਦਾ ਅੱਠਵਾਂ ਰੱਥ ਤਿਆਰ ਕਰਵਾਇਆ ਤਾਂ ਸੂਰਜ ਨੇ ਪਰਮੇਸ਼ਰ ਅੱਗੇ ਬੇਨਤੀ ਕੀਤੀ। ਸੂਰਜ ਦੀ ਬੇਨਤੀ ਸੁਣ ਕੇ ਪ੍ਰਭੂ ਨੇ ਆਕਾਸ਼ ਬਾਣੀ ਦੁਆਰਾ ਰਾਜੇ ਨੂੰ ਸਮਝਾਇਆ ਕਿ ਕੁਦਰਤ ਦੀ ਬਰਾਬਰੀ ਨਹੀਂ ਕਰਨੀ ਚਾਹੀਦੀ ਜੋ ਮੇਰੀ ਇੱਛਾ ਅਨੁਸਾਰ ਰਚਨਾ ਹੋ ਗਈ ਹੈ ਉਹੀ ਰੱਖਣੀ ਚਾਹੀਦੀ ਹੈ ਹੋਰ ਆਪਣੀ ਮਰਜ਼ੀ ਨਾਲ ਨਵੀਨ ਰਚਨਾ ਨਾ ਕਰੋ ਤਦੋਂ ਰਾਜਾ ਹਟਿਆ ਸੀ। ਸੋ ਜਿਹੜੇ ਸੱਤ ਰੱਥ ਰਾਜੇ ਨੇ ਬਣਾਏ ਸੀ, ਉਨ੍ਹਾਂ ਦੀ ਪੈੜਾਂ ਵਿਚ ਪਾਣੀ ਇਕੱਠਾ ਹੋਣ ਤੋਂ ਉਹ ਸਮੁੰਦਰ ਦਾ ਰੂਪ ਧਾਰਨ ਕਰ ਗਏ, ਭਾਵ ਰਾਜਾ ਪ੍ਰਿਅਬ੍ਰਿਤ ਇਤਨਾ ਬਲਵਾਨ ਸੀ।

## ਜਿਨ ਚਾਪਨ ਗੋਸ਼ਨ ਕੇ ਬਲ ਤੇ; ਸਭ ਸੈਲ ਬਟੋਰ ਧਰੇ ਧਰ ਮਾਂਹੀ ॥

ਫੇਰ ਦੁਨੀਆਂ ਵਿਚ ਐਸੇ ਰਾਜੇ ਵੀ ਹੋਏ ਹਨ ਜਿਨ = ਜਿਨ੍ਹਾਂ ਨੇ ਚਾਪਨ = ਧਨੁੱਖ ਤੇ ਗੋਸ਼ਨ = ਤੀਰਾਂ, ਕਮਾਨ ਦੇ ਕਿਨਾਰਿਆਂ ਕੇ = ਦੇ ਬਲ = ਜ਼ੋਰ ਤੇ = ਨਾਲ ਸਭ = ਸਾਰੇ ਸੈਲ = ਪਹਾੜ ਬਟੋਰ = ਇਕੱਠੇ ਕਰਕੇ ਧਰ = ਧਰਤੀ ਦੇ ਇਕ ਪਾਸੇ ਮਾਂਹੀ = ਵਿਚ ਧਰੇ = ਰੱਖ ਦਿੱਤੇ ਸਨ ਅਰਥਾਤ ਇਸ ਧਰਤੀ ਉੱਪਰ ਇਕ ਪ੍ਰਿਥੂ ਰਾਜਾ ਹੋਇਆ ਹੈ, ਜਦੋਂ ਪ੍ਰਿਥੂ ਰਾਜੇ ਸਾਰਾ ਰਾਜ ਭਾਗ ਸਾਂਭ ਲਿਆ ਤਾਂ ਵੇਖਿਆ ਕਿ ਪ੍ਰਿਥਵੀ ਜੰਗਲਾਂ ਅਤੇ ਪਹਾੜਾਂ ਨਾਲ ਭਰੀ ਪਈ ਹੈ। ਤਦ ਇਸਨੇ ਜੰਗਲ ਸਾਫ਼ ਕੀਤੇ ਅਤੇ ਆਪਣੀ ਕਮਾਨ ਨਾਲ ਪਰਬਤਾਂ ਨੂੰ ਧਕੇਲ ਕੇ ਕਿਨਾਰੇ ਕੀਤਾ। ਇਹ ਭੀ ਮੰਨਿਆ ਜਾਂਦਾ ਹੈ ਕਿ ਉਸ ਸਮੇਂ ਪਰਬਤਾਂ ਨੂੰ ਖੰਭ ਲੱਗੇ ਹੁੰਦੇ ਸਨ, ਜੋ ਉੱਡ ਕਰਕੇ ਕਿਸੇ ਵੱਸਦੇ ਹੋਏ ਸ਼ਹਿਰ ਦੇ ਉੱਪਰ ਬੈਠ ਜਾਂਦੇ ਤੇ ਉਸ ਨੂੰ ਖ਼ਤਮ ਕਰ ਦੇਂਦੇ ਸਨ, ਸਾਰੀ ਦੁਨੀਆਂ ਇਨ੍ਹਾਂ ਤੋਂ ਬਹੁਤ ਦੁਖੀ ਸੀ। ਇਨ੍ਹਾਂ ਨੇ ਰਾਜੇ ਪ੍ਰਿਥੂ ਦੇ ਸ਼ਹਿਰ ਨੂੰ ਦਬਾ ਲਿਆ ਤਦ ਰਾਜੇ ਪ੍ਰਿਥੂ ਨੇ ਇਸ ਪਾਸੇ ਹੋ ਕੇ ਆਪਣੇ ਤੀਰਾਂ ਨਾਲ ਇਨ੍ਹਾਂ ਦੇ ਪਰ ਕੱਟ ਦਿੱਤੇ ਅਤੇ ਗੋਸ਼ੇ ਨਾਲ ਇਕੱਠਾ ਕਰਕੇ ਧਰਤੀ ਦੇ ਇਕ ਪਾਸੇ ਧਰ ਦਿੱਤੇ।

***ਨੋਟ :*** ਇਹ ਸਾਰੀ ਕਥਾ ਪੁਰਾਤਨ ਗ੍ਰੰਥਾਂ ਪੁਰਾਣਾਂ ਆਦਿ ਵਿਚ ਆਈ ਹੋਈ ਦਾ ਕਵੀ ਜੀ ਨੇ ਇਸ਼ਾਰਾ ਦਿੱਤਾ ਹੈ। ਇਸ ਨੂੰ ਇਤਿਹਾਸ, ਜਾਂ ਮਿਥਿਆਸ ਦੀ ਗੱਲ ਛੱਡ ਕੇ ਸਿਧਾਂਤ ਵੱਲ ਧਿਆਨ ਦੇਣਾ ਚਾਹੀਦਾ ਹੈ। ਜੈਸਾ ਕਿ :

**ਮਾਨੋ ਮਹਾ ਪ੍ਰਿਥੁ ਲੈ ਕੇ ਕਮਾਨ ਸੁ ਭੂਧਰ ਭੂਮਿ ਤੇ ਨਜਾਰੇ ਕਰੇ ਹੈਂ ॥੧੯॥**

*(ਸ੍ਰੀ ਦਸਮ ਗ੍ਰੰਥ, ਉਕਤ ਬਿਲਾਸ)*

ਕਹਿੰਦੇ ਹਨ ਕਿ ਇਸ ਮੈਨਾਕ ਨਾਮੇ ਪਰਬਤ ਰਾਜੇ ਤੋਂ ਡਰਦਾ ਹੋਇਆ ਸਮੁੰਦਰ ਦੇ ਵਿਚ ਅੱਜ ਤਕ ਲੁਕਿਆ ਬੈਠਾ ਹੈ।

## ਸੁਰ ਰਾਜ ਡਰੇ ਜਿਨ ਕੇ ਬਲ ਤੇ; ਯਮਰਾਜ ਜਿਤੇ ਜਿਹਨੇ ਜਗ ਮਾਂਹੀ॥

ਫੇਰ ਰਾਵਣ ਤੇ ਮੇਘਨਾਦ ਵਰਗੇ ਐਸੇ ਬਲੀ ਰਾਖਸ਼ ਹੋਏ ਹਨ ਜਿਨ = ਜਿਨ੍ਹਾਂ ਦੇ ਬਲ ਤੇ = ਤੋਂ ਸੁਰ = ਦੇਵਤਿਆਂ ਦਾ ਰਾਜ = ਰਾਜਾ ਇੰਦ੍ਰ ਵੀ ਡਰੇ = ਡਰਦਾ ਸੀ। ਮੇਘਨਾਦ ਨੇ ਇੰਦ੍ਰ ਨੂੰ ਜਿੱਤ ਕੇ ਲੰਕਾ ਵਿਚ ਲਿਆ ਕੇ ਆਪਣਾ ਨੌਕਰ ਬਣਾਇਆ ਸੀ, ਇੰਦ੍ਰ ਤੋਂ ਮਾਲੀ ਦਾ ਕੰਮ ਕਰਾਉਂਦਾ ਸੀ **ਵਾ:** ਮਹਿਖੇ ਦੈਂਤ ਤੋਂ ਵੀ ਇੰਦ੍ਰ ਡਰਦਾ ਸੀ। ਜੈਸਾ ਕਿ :

**ਅਭਿਮਾਨ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ॥**
**ਜੀਤ ਲਏ ਤਿਨਿ ਦੇਵਤੇ ਤਿਹੁ ਲੋਕੀ ਰਾਜੁ ਕਮਾਇਆ॥**
**ਵਡਾ ਬੀਰ ਅਖਾਇ ਕੈ ਸਿਰ ਉਪਰਿ ਛਤ੍ਰ ਫਿਰਾਇਆ॥**
**ਦਿਤਾ ਇੰਦ੍ਰ ਨਿਕਾਲ ਕੈ; ਤਿਨਿ ਗਿਰ ਕੈਲਾਸੁ ਤਕਾਇਆ॥**
**ਡਰ ਕੈ ਹਥੋਂ ਦਾਨਵੀ ਦਿਲ ਅੰਦਰਿ ਤ੍ਰਾਸ ਵਧਾਇਆ॥**
**ਪਾਸ ਦੁਰਗਾ ਦੇ ਇੰਦ੍ਰ ਆਇਆ॥੩॥** *(ਸ੍ਰੀ ਦਸਮ ਗ੍ਰੰਥ, ਚੰਡੀ ਦੀ ਵਾਰ)*

ਫੇਰ ਇਸ ਸੰਸਾਰ ਵਿਚ ਰਾਵਣ ਐਸਾ ਬਲੀ ਸੀ ਜਿਹ = ਜਿਸ ਨੇ ਯਮਰਾਜ = ਧਰਮ ਰਾਜੇ, ਕਾਲ ਨੂੰ ਵੀ ਜਿਤੇ = ਜਿੱਤ ਲਿਆ ਸੀ, ਭਾਵ ਕਾਲ ਨੂੰ ਪਾਵੇ ਨਾਲ ਬੰਨ੍ਹਿਆ ਹੋਇਆ ਸੀ।

## ਮਨ ਤੇ ਜਗ ਭੀਤਰ ਨਾਹਿ ਰਹੇ; ਅਬ ਔਰ ਰਹੇ ਕਹੁ ਕੋ ਜਗ ਮਾਂਹੀ॥੧੭॥

ਆਪਣੇ ਮਨ ਨੂੰ ਸਮਝਾਉਂਦੇ ਹੋਏ ਪੰਡਿਤ ਗੁਲਾਬ ਸਿੰਘ ਜੀ ਕਥਨ ਕਰਦੇ ਹਨ ਕਿ ਹੇ ਮਨ = ਮਨਾਂ! ਤੇ = ਉਹ ਇਤਨੇ ਵੱਡੇ-ਵੱਡੇ ਬਲੀ ਰਾਜੇ ਇਸ ਜਗ = ਸੰਸਾਰ ਦੇ ਭੀਤਰ = ਵਿਚ ਨਾਹਿ = ਨਹੀਂ ਰਹੇ ਹਨ, ਅਬ = ਹੁਣ ਕਹੋ = ਦੱਸੋ ਔਰ = ਹੋਰ ਇਸ ਵਰਤਮਾਨ ਸਮੇਂ ਅੰਦਰ ਜਗ = ਸੰਸਾਰ ਦੇ ਮਾਂਹੀ = ਵਿਚ ਕੋ = ਕਿਹੜੇ ਸਦਾ ਰਹੇ = ਰਹਿਣਗੇ, ਭਾਵ ਕੋਈ ਵੀ ਸਦਾ ਨਹੀਂ ਰਹੇਗਾ, ਅੰਤ ਨੂੰ ਸਭਨਾਂ ਨੇ ਮਰ ਕੇ ਚਲੇ ਜਾਣਾ ਹੈ॥੧੭॥ ਜੈਸਾ ਕਿ :

**ਚਲਿ ਚਲਿ ਗਈਆਂ ਪੰਖੀਆਂ ਜਿਨੀ ਵਸਾਏ ਤਲ॥**
**ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ॥੬੬॥** *(ਸਲੋਕ ਸੇਖ ਫਰੀਦ ਕੇ, ਅੰਗ ੧੩੮੧)*

**ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥**
**ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥** *(ਰਾਮਕਲੀ ਓਅੰਕਾਰੁ, ਅੰਗ ੯੩੬)*

## ਸ੍ਵੈਯਾ॥

## ਦਸ ਚਾਰ ਸੁ ਭੌਨ ਰਚੇ ਜਿਨ ਕੇ; ਇਕ ਆਹਿ ਬਲੀ ਭਵਮੰਡਲ ਮਾਂਹੀ॥

ਜਿਨ = ਜਿਨ੍ਹਾਂ ਕੇ = ਦੇ ਦਸ+ਚਾਰ = ਚੌਦਾਂ ਭੌਨ = ਲੋਕ ਰਚੇ ਬਣਾਏ ਹੋਏ ਹਨ, ਇਕ ਅਜਿਹੇ ਬਲੀ = ਬਲ ਵਾਲੇ ਲੋਕ ਇਕ ਭਵਮੰਡਲ = ਸੰਸਾਰ ਮਾਂਹੀ = ਵਿਚ ਹਨ, ਭਾਵ ਬ੍ਰਹਮ ਜੀ ਨੇ ਚੌਦਾਂ ਲੋਕ ਰਚੇ **ਵਾ:** ਦੱਖ ਪ੍ਰਜਾਪਤਿ ਵਰਗੇ ਅਨੇਕਾਂ ਰਾਜੇ ਹੋਏ ਹਨ, ਜਿਨ੍ਹਾਂ ਨੇ ਕਈ ਮੁਲਕ ਸ਼ਹਿਰ ਰਚੇ ਅਤੇ ਅਨੰਤ ਪ੍ਰਕਾਰ ਦੀ ਰਚਨਾ ਕੀਤੀ।

## ਜਿਨ ਕੇ ਦਸ ਚਾਰ ਸੁ ਭੌਨ ਬਲੀ; ਇਕ ਤਯਾਗ ਗਏ ਤ੍ਰਿਣ ਜਯੋਂ ਧਰ ਮਾਂਹੀ॥

ਇਕ ਅਜਿਹੇ ਬਲੀ = ਬਲ ਵਾਲੇ ਰਾਜੇ ਹੋਏ, ਜਿਨ੍ਹਾਂ ਨੇ ਆਪਣੀ ਤਾਕਤ ਨਾਲ ਇਹ ਦਸ+ਚਾਰ = ਚੌਦਾਂ

ਭੌਨ = ਲੋਕ ਜਿਨ = ਜਿੱਤ ਕੇ ਆਪਣੇ ਅਧੀਨ ਕੀਤੇ ਅਤੇ ਇਕ ਐਸੇ ਵੀ ਹੋਏ ਜੋ ਇਨ੍ਹਾਂ ਚੌਦਾਂ ਲੋਕਾਂ ਦੇ ਰਾਜ ਭਾਗ ਨੂੰ ਇਸ ਧਰ = ਧਰਤੀ ਮਾਂਹੀ = ਵਿਚ ਤ੍ਰਿਣ = ਕੱਖ ਜਯੋਂ = ਵਾਂਗ ਨਿਕੰਮੇ ਜਾਣ ਕੇ ਤਯਾਗ = ਛੱਡ ਗਏ ਹਨ। ਜਿਵੇਂ ਪਰਸਰਾਮ ਜੀ ਨੇ ਇੱਕੀ ਵਾਰ ਛੱਤ੍ਰੀਆਂ ਨੂੰ ਮਾਰ ਕੇ ਉਨ੍ਹਾਂ ਕੋਲੋਂ ਰਾਜ ਖੋਹ ਕੇ ਬ੍ਰਾਹਮਣਾਂ ਨੂੰ ਦਿੱਤਾ।

## ਦਸ ਚਾਰ ਸੁ ਭੌਨ ਕੁ ਭੋਗਤ ਹੈਂ; ਇਕ ਏਕਹਿ ਰਾਜ ਕਰੇ ਜਗ ਮਾਂਹੀ ॥

ਇਕ ਅਜਿਹੇ ਤਾਕਤਵਰ ਰਾਜੇ ਹੋਏ ਜੋ ਦਸ+ਚਾਰ = ਚੌਦਾਂ ਲੋਕਾਂ ਦੇ ਰਾਜ ਭਾਗ ਨੂੰ ਇਕੱਲੇ ਹੀ ਭੋਗਤ = ਭੋਗਦੇ ਸਨ ਅਤੇ ਇਕ ਇਸ ਸੰਸਾਰ ਵਿਚ ਏਕਹਿ = ਇਕੱਲੇ-ਇਕੱਲੇ ਦੇਸ਼ ਵਿਚ ਰਾਜ ਭਾਗ ਕਰ ਰਹੇ ਹਨ।

## ਦਸ ਬੀਸਕ ਗ੍ਰਾਮ ਕੁ ਰਾਜ ਲਹੇ; ਨਰ ਕਯੋਂ ਗਰਬੈ ਅਪਨੇ ਉਰ ਮਾਂਹੀ ॥੧੮॥

ਹੁਣ ਵਰਤਮਾਨ ਸਮੇਂ ਦੇ ਵਿਚ ਦਸ ਬੀਸਕ = ਦਸਾਂ ਵੀਹਾਂ ਕੁ ਗ੍ਰਾਮ = ਪਿੰਡਾਂ ਦਾ ਰਾਜ ਲਹੇ = ਲੈ ਕਰਕੇ ਹੇ ਨਰ = ਮਨੁੱਖ ! ਤੂੰ ਆਪਣੇ ਉਰ = ਹਿਰਦੇ ਵਿਚ ਕਯੋਂ = ਕਿਸ ਲਈ ਗਰਬੈ = ਹੰਕਾਰ ਕਰਦਾ ਹੈਂ ? ਭਾਵ ਪੂਰੀ ਧਰਤੀ ਉੱਪਰ ਹਕੂਮਤ ਕਰਨ ਵਾਲੇ ਵੱਡੇ-ਵੱਡੇ ਬਲੀ ਰਾਜੇ ਸਭ ਕੁਝ ਏਥੇ ਛੱਡ ਕੇ ਖ਼ਾਲੀ ਹੱਥੀਂ ਇਸ ਸੰਸਾਰ ਤੋਂ ਕੂਚ ਕਰ ਗਏ ਹਨ। ਫੇਰ ਕੁਝ ਕੁ ਪਿੰਡਾਂ ਦੀ ਚੌਧਰਤਾ ਲੈ ਕੇ ਅੱਜ ਦਾ ਮਨੁੱਖ ਆਪਣੀ ਚੌਧਰਤਾ ਦੇ ਹੰਕਾਰ ਵਿਚ ਹੀ ਫੁੱਲਿਆ ਫਿਰਦਾ ਹੈ। ਪਰਮਾਦੀ ਹੋਇਆ ਵਿਸ਼ਿਆਂ ਵਿਚ ਲੰਪਟ ਹੋਇਆ ਰਹਿੰਦਾ ਹੈ, ਮਾਇਆ ਦੇ ਨਸ਼ੇ ਵਿਚ ਲੋਕਾਂ ਨੂੰ ਦੁੱਖ ਦੇਂਦਾ ਹੈ। ਸਦਾ ਆਪਣੇ ਧਨ ਪਦਾਰਥ ਦੇ ਹੰਕਾਰ ਵਿਚ ਅੰਨ੍ਹਾ ਹੋਇਆ ਰਹਿੰਦਾ ਹੈ। ਐਸੇ ਰਾਜਿਆਂ ਦੀ ਦੁਰਦਸ਼ਾ ਦਾ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਇਸ ਪ੍ਰਕਾਰ ਜ਼ਿਕਰ ਕੀਤਾ ਹੈ॥੧੮॥ ਜੈਸਾ ਕਿ :

**ਵਸੈ ਛਹਬਰ ਲਾਇ ਕੈ ਪਰਨਾਲੀਂ ਹੁਇ ਵੀਹੀਂ ਆਵੈ।**
**ਲਖ ਨਾਲੇ ਉਛਲ ਚਲਨਿ ਲਖ ਪਰਵਾਹੀ ਵਾਹ ਵਹਾਵੈ।**
**ਲਖ ਨਾਲੇ ਲਖ ਵਾਹਿ ਵਹਿ ਨਦੀਆ ਅੰਦਰਿ ਰਲੇ ਰਲਾਵੈ।**
**ਨਉ ਸੈ ਨਦੀ ਨੜਿੰਨਵੈ ਪੂਰਬਿ ਪਛਮਿ ਹੋਇ ਚਲਾਵੈ।**
**ਨਦੀਆ ਜਾਇ ਸਮੁੰਦ ਵਿਚਿ ਸਾਗਰ ਸੰਗਮੁ ਹੋਇ ਮਿਲਾਵੈ।**
**ਸਤਿ ਸਮੁੰਦ ਗੜਾੜ ਮਹਿ ਜਾਇ ਸਮਾਹਿ ਨ ਪੇਟੁ ਭਰਾਵੈ।**
**ਜਾਇ ਗੜਾੜੁ ਪਤਾਲ ਹੇਠਿ ਹੋਇ ਤਵੇ ਦੀ ਬੂੰਦ ਸਮਾਵੈ।**
**ਸਿਰ ਪਤਿਸਾਹਾਂ ਲਖ ਲਖ ਇੰਨਣੁ ਜਾਲਿ ਤਵੇ ਨੋ ਤਾਵੈ।**
**ਮਰਦੇ ਖਹਿ ਖਹਿ ਦੁਨੀਆਂ ਦਾਵੈ।੧੫।** *(ਭਾਈ ਗੁਰਦਾਸ ਜੀ, ਵਾਰ ੨੫, ਪਉੜੀ ੧੫)*

## ਦੋਹਰਾ ॥

## ਰੇ ਮਨ ਚੰਚਲ ਤੂੰ ਸਦਾ; ਭਜਯੋ ਨ ਹਰਿ ਕੋ ਨਾਮ ॥

ਰੇ = ਹੇ ਮੇਰੇ ਮਨਾਂ ! ਤੂੰ ਸਦਾ = ਸਦੀਵ ਕਾਲ ਚੰਚਲ = ਚਲਾਇਮਾਨ ਹੀ ਰਿਹਾ, ਤੂੰ ਕਦੇ ਵੀ ਹਰਿ = ਪਰਮਾਤਮਾ ਕੋ = ਦਾ ਨਾਮ ਇਕਾਗਰ ਹੋ ਕੇ ਭਜਯੋ = ਸਿਮਰਨਾ ਨਹੀਂ ਕੀਤਾ।

## ਰਹਯੋ ਵਿਸ਼ੇ ਲਪਟੰਤ ਹੀ; ਜੈ ਹੈਂ ਜਮ ਕੇ ਧਾਮ ॥੧੯॥

ਤੂੰ ਸਦਾ ਵਿਸ਼ੇ = ਵਿਕਾਰਾਂ ਦੇ ਵਿਚ ਹੀ ਲਪਟੰਤ = ਲਿਪਾਇਮਾਨ ਰਹਯੋ = ਰਿਹਾ ਹੈਂ ਇਨ੍ਹਾਂ ਵਿਕਾਰਾਂ

ਵਿਚ ਲੱਗਣ ਕਰਕੇ ਤੂੰ ਅੰਤ ਨੂੰ ਜਮ = ਯਮਰਾਜ ਕੇ = ਦੇ ਧਾਮ = ਘਰ ਭਾਵ ਨਰਕਾਂ ਵਿਚ ਜੈ ਹੈਂ = ਜਾਣਾ ਕਰੇਂਗਾ ॥੧੯॥

## ਸ੍ਵੈਯਾ ॥

## ਧਨ ਈਸ ਦਯੋ ਜਗ ਭੀਤਰ ਜੋ; ਬਿਨ ਬੁੱਧਿ ਗਏ ਨ ਕਛੂ ਫਲ ਪਾਏ ॥

ਈਸ = ਈਸ਼ਵਰ ਨੇ ਇਸ ਜਗ = ਸੰਸਾਰ ਭੀਤਰ = ਵਿਚ ਜੋ = ਜਿਹੜਾ ਧਨ ਪਦਾਰਥ ਆਦਿ ਦਯੋ = ਦਿੱਤਾ ਹੈ, ਇਸ ਧਨ ਨਾਲ ਧਰਮ ਦੇ ਕਰਮ, ਗ਼ਰੀਬਾਂ ਦੀ ਪਾਲਣਾ ਆਦਿ ਪੁੰਨ ਕਰਮ ਕਰਨੇ ਸਨ, ਪਰ ਬੁੱਧੀ ਤੋਂ ਬਿਨ = ਬਗ਼ੈਰ ਅਕਲਹੀਣ ਮਨੁੱਖਾਂ ਕੋਲੋਂ ਉਹ ਧਨ ਵਿਅਰਥ ਹੀ ਚਲਾ ਗਿਆ, ਉਨ੍ਹਾਂ ਨੇ ਕਛੂ = ਕੁਝ ਵੀ ਫਲ ਪਾਏ = ਪ੍ਰਾਪਤ ਨਹੀਂ ਕੀਤਾ।

## ਸੁਭ ਸੰਤਨ ਕੀ ਨਹਿ ਸੇਵ ਕਰੀ; ਅਰੁ ਬਿਪ੍ਰਨ ਤੇ ਨਹਿ ਯੱਗ ਕਰਾਏ ॥

ਸੁਭ = ਸ੍ਰੇਸ਼ਟ ਸੰਤਨ = ਸ਼ਾਂਤ-ਚਿਤ ਮਹਾਤਮਾ ਜਨਾਂ ਕੀ = ਦੀ ਸੇਵ = ਟਹਿਲ ਵੀ ਨਹੀਂ ਕਰੀ = ਕੀਤੀ ਅਰੁ = ਅਤੇ ਨਹਿ = ਨਾ ਹੀ ਬਿਪ੍ਰਨ = ਬ੍ਰਾਹਮਣਾਂ ਤੇ = ਤੋਂ ਯਗ ਆਦਿ ਕਰਾਏ।

## ਨਹਿ ਕੂਪ ਖਨੇ ਜਲ ਹੇਤ ਕਬੀ; ਧਰ ਭੀਤਰ ਨਾ ਜਲ ਤਾਲ ਬਨਾਏ ॥

ਉਸ ਮਾਇਆ ਨਾਲ ਲੋਕਾਂ ਦੇ ਜਲ = ਪਾਣੀ ਪੀਣ ਹੇਤ = ਵਾਸਤੇ ਕਬੀ = ਕਦੇ ਕੂਪ = ਖੂਹ ਵੀ ਖਨੇ = ਪੁੱਟਣਾ ਨਹੀਂ ਕੀਤੇ ਅਤੇ ਪਸ਼ੂ, ਜਾਨਵਰਾਂ ਆਦਿ ਦੇ ਲਈ ਇਸ ਧਰਤੀ ਭੀਤਰਿ = ਵਿਚ ਨਾ ਹੀ ਜਲ = ਪਾਣੀ ਦੇ ਤਾਲ = ਸਰੋਵਰ ਬਨਾਏ = ਬਣਾਉਣਾ ਕੀਤੇ।

## ਬਲ ਹੀਨਨ ਕੋ ਦੁਖ ਦਾਨ ਦਏ;
## ਨਹਿ ਦੀਨਨ ਕੇ ਦੁਖ ਦੂਰ ਮਿਟਾਏ ॥੨੦॥

ਜਿਹੜੇ ਬਲ ਤੋਂ ਹੀਨਨ = ਹੀਣ ਕਮਜ਼ੋਰ, ਮਜ਼ਲੂਮ ਸਨ, ਉਨ੍ਹਾਂ ਕੋ = ਨੂੰ ਦੁਖ ਹੀ ਦਾਨ ਵਿਚ ਦਿੱਤੇ, ਹੋਰ ਕੁਝ ਵੀ ਕਦੇ ਦਾਨ ਨਹੀਂ ਦਿੱਤਾ ਅਤੇ ਨਹਿ = ਨਾ ਹੀ ਦੀਨਨ = ਗ਼ਰੀਬਾਂ ਕੇ = ਦੇ ਦੁੱਖ ਦੂਰ ਕਰਕੇ ਮਿਟਾਏ = ਮੇਟਣਾ ਕੀਤੇ ਅਰਥਾਤ ਇਨ੍ਹਾਂ ਸ਼ੁੱਭ ਕਰਮਾਂ ਵਿਚ ਈਸ਼ਵਰ ਦੀ ਦਿੱਤੀ ਦੌਲਤ ਵਰਤਣੀ ਚਾਹੀਦੀ ਸੀ ਪਰ ਮਨੁੱਖ ਨੇ ਉਹ ਧਨ ਵਿਸ਼ਿਆਂ ਵਿਕਾਰਾਂ, ਨਸ਼ਿਆਂ ਆਦਿ ਬੁਰੀਆਂ ਆਦਤਾਂ ਵਿਚ ਹੀ ਲੁਟਾ ਦਿੱਤਾ। ਚੰਗੇ ਪਾਸੇ ਉਸ ਧਨ ਦੀ ਵਰਤੋਂ ਨਹੀਂ ਕੀਤੀ॥੨੦॥ ਜੈਸਾ ਕਿ :

**ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥**
**ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥੩॥** *(ਆਸਾ ਕਬੀਰ ਜੀ, ਅੰਗ ੪੮੦)*

ਅੱਗੇ ਚਾਰ ਪ੍ਰਕਾਰ ਦੇ ਮਨੁੱਖਾਂ ਦੇ ਲੱਛਣ ਕਥਨ ਕਰਦੇ ਹਨ।

## ਸ੍ਵੈਯਾ ॥

## ਅਪਨੇ ਹਿਤ ਤਯਾਗ ਕਰੇ ਪਰ ਕੋ ਹਿਤ; ਤੇ ਨਰ ਉਤਮ ਹੈਂ ਜਗ ਮਾਂਹੀ ॥

ਜਿਹੜੇ ਮਨੁੱਖ ਅਪਨੇ = ਆਪ ਦੇ ਹਿਤ = ਭਲੇ ਨੂੰ ਤਯਾਗ = ਛੱਡ ਕਰਕੇ ਪਰ = ਪਰਾਇਆ ਕੋ = ਦਾ ਹਿਤ = ਭਲਾ ਕਰੇ = ਕਰਦੇ ਹਨ ਤੇ = ਉਹ ਨਰ = ਮਨੁੱਖ ਇਸ ਜਗ = ਸੰਸਾਰ ਮਾਂਹੀ = ਵਿਚ ਉਤਮ = ਸ੍ਰੇਸ਼ਟ ਹੈਂ = ਹਨ।

## ਅਪਨੇ ਹਿਤ ਸੰਗ, ਕਰੇ ਪਰ ਕੋ ਹਿਤ; ਨਰ ਆਹਿ ਸਮਾਨ ਵਹੀ ਭਵ ਮਾਂਹੀ ॥

ਜਿਹੜੇ ਮਨੁੱਖ ਅਪਨੇ = ਆਪ ਦੇ ਹਿਤ = ਭਲੇ ਦੇ ਸੰਗ = ਨਾਲ ਨਾਲ ਪਰ = ਪਰਾਇਆਂ ਕੋ = ਦਾ ਵੀ ਹਿਤ = ਭਲਾ ਕਰੇ = ਕਰਦੇ ਹਨ, ਭਾਵ ਦੂਸਰੇ ਦਾ ਕੋਈ ਕੰਮ ਸੰਵਾਰਨ ਲੱਗਿਆਂ ਉਸਦੇ ਵਿਚ ਆਪਣੇ ਭਲੇ ਦੀ ਵੀ ਆਸ ਰੱਖਣੀ ਐਸੀ ਸੋਚ ਵਾਲੇ ਉਹ ਨਰ = ਮਨੁੱਖ ਇਸ ਭਵ = ਸੰਸਾਰ ਮਾਂਹੀ = ਵਿਚ ਸਮਾਨ = ਮੱਧਮ ਮਨੁੱਖ ਹਨ।

## ਅਪਨੇ ਹਿਤ, ਨਾਸ ਕਰੇ ਪਰ ਕੋ ਹਿਤ; ਰਾਕਸ ਹੈਂ ਨਰ ਤੇ ਜਗ ਮਾਂਹੀ ॥

ਜਿਹੜੇ ਮਨੁੱਖ ਕੇਵਲ ਆਪਣੇ ਹਿਤ = ਭਲੇ ਵਾਸਤੇ ਪਰ = ਪਰਾਇਆਂ ਕੋ = ਦਾ ਹਿਤ = ਭਲਾ ਨਾਸ਼ ਕਰੇ = ਕਰ ਦੇਂਦੇ ਹਨ, ਭਾਵ ਗ਼ਰੀਬਾਂ ਦੇ ਮਕਾਨ ਢਾਹ ਕੇ ਉੱਥੇ ਆਪਣੇ ਮਹੱਲ ਛੱਤ ਲੈਣੇ ਜਾਂ ਕੁਝ ਜ਼ਮੀਨ, ਧਨ ਬਦਲੇ ਆਪਣੇ ਸੰਬੰਧੀਆਂ ਨੂੰ ਮਾਰ ਦੇਣਾ ਜਿਵੇਂ ਰਾਜੇ ਲੋਕ ਆਪਣੇ ਸਕੇ ਭਰਾਵਾਂ, ਪਿਤਾ ਆਦਿ ਨੂੰ ਮਾਰ ਕੇ ਆਪ ਰਾਜ-ਗੱਦੀ ਉੱਪਰ ਬੈਠ ਜਾਂਦੇ ਸਨ, ਤੇ = ਉਹ ਨਰ = ਮਨੁੱਖ ਇਸ ਜਗ = ਸੰਸਾਰ ਮਾਂਹੀ = ਵਿਚ ਰਾਕਸ = ਦੈਂਤ ਰੂਪ ਹਨ।

## ਬਿਨਾਹੀ ਅਪਨੇ ਹਿਤ, ਨਾਸ ਕਰੇ ਪਰ ਕੋ ਹਿਤ; ਤੇ ਨਰ ਕੌਨ ਕਹਾਂਹੀ ॥੨੧॥

ਜਿਹੜੇ ਮਨੁੱਖ ਅਪਨੇ = ਆਪ ਦੇ ਹਿਤ = ਭਲੇ ਤੋਂ ਬਿਨ = ਬਗ਼ੈਰ ਹੀ ਪਰ = ਪਰਾਇਆਂ ਕੋ = ਦੇ ਹਿਤ = ਭਲੇ ਨੂੰ ਨਾਸ ਕਰੇ = ਕਰ ਦੇਂਦੇ ਹਨ, ਭਾਵ ਆਪਣਾ ਕੋਈ ਮਤਲਬ ਨਾ ਹੋਣਾ ਬਿਨਾਹੀ = ਨਾਸ ਕਰ ਲਵੇ, ਆਪਣੇ ਭਲੇ ਨੂੰ ਆਪਣੇ ਆਪ ਦਾ ਵੀ ਬੁਰਾ ਕਰ ਲਵੇ, ਫੇਰ ਵੀ ਦੂਸਰੇ ਦਾ ਚੰਗਾ ਹੁੰਦਾ ਦੇਖ ਕੇ ਉਸਦਾ ਨੁਕਸਾਨ ਕਰ ਦੇਣਾ ਤੇ = ਉਨ੍ਹਾਂ ਨਰ = ਮਨੁੱਖਾਂ ਨੂੰ ਮੈਂ ਕੌਨ = ਕੀ ਕਹਾਂਹੀ = ਕਹਿਣਾ ਕਰਾਂ **ਵਾ:** ਉਹ ਆਪਣੇ ਆਪ ਨੂੰ ਕੌਣ ਕਹਾਂਹੀ = ਅਖਵਾਉਣਗੇ, ਭਾਵ ਉਹ ਤਾਂ ਦੁਸ਼ਟਾਂ ਵਿੱਚੋਂ ਵੀ ਮਹਾਂ ਦੁਸ਼ਟ ਪੁਰਖ ਹਨ ॥੨੧॥

## ਸ੍ਵੈਯਾ ॥

## ਧਨ ਪਾਵਨ ਕੋ ਜਿ ਜਹਾਜ ਸਜੇ; ਬਿਨ ਭਾਗਨ ਤੈ ਜਲ ਸਿੰਧੁ ਡੁਬਾਈ ॥

ਧਨ = ਦੌਲਤ ਨੂੰ ਪਾਵਨ = ਪ੍ਰਾਪਤ ਕਰਨ ਦੇ ਲਈ ਸਮੁੰਦਰੀ ਜਹਾਜ ਸਜੇ = ਬਣਾ ਭਾਵ ਸਾਮਾਨ ਨਾਲ ਲੱਦ ਕੇ ਵਪਾਰ ਕਰਨ ਲਈ ਸਮੁੰਦਰੀ ਬੇੜਿਆਂ ਨੂੰ ਵਿਲਾਇਤ ਵਿਚ ਲੈ ਕੇ ਜਾਣ ਲਈ ਤਿਆਰ ਹੋਵੇ, ਪਰ ਭਾਗਨ = ਸ੍ਰੇਸ਼ਟ ਕਰਮਾਂ ਤੋਂ ਬਿਨ = ਬਗ਼ੈਰ ਉਹ ਵੱਡੇ-ਵੱਡੇ ਬੇੜੇ ਜਲ = ਪਾਣੀ ਦੇ ਸਿੰਧੁ = ਸਮੁੰਦਰ ਵਿਚ ਹੀ ਡੁਬਾਈ = ਡੁੱਬ ਗਏ।

## ਸੁ ਖਨੇ ਬਹੁ ਬਾਰਨ ਭੂਮ ਘਨੀ; ਧਰ ਤੇ ਨਹ ਏਕ ਵਿਰਾਟਕ ਪਾਈ ॥

ਸੋ ਫੇਰ ਬਹੁ = ਬਹੁਤ ਬਾਰਨ = ਵਾਰ ਘਨੀ = ਬਹੁਤ ਸਾਰੀ ਭੂਮ = ਧਰਤੀ ਖਨੀ = ਪੁੱਟਣਾ ਕੀਤੀ ਕਿ ਲੋਕਾਂ ਦਾ ਧਰਤੀ ਵਿਚ ਧਨ ਦੱਬਿਆ ਹੁੰਦਾ ਹੈ, ਮੈਂ ਉਹ ਪ੍ਰਾਪਤ ਕਰ ਲਵਾਂ ਪਰ ਉਸ ਧਰ = ਧਰਤੀ 'ਤੇ = ਤੋਂ ਏਕ = ਇਕ ਵਿਰਾਟਕ = ਕੌਡੀ ਵੀ ਪਾਈ = ਪ੍ਰਾਪਤ ਨਾ ਹੋਈ।

## ਨ੍ਰਿਪ ਕੀ ਧਰਿ ਆਯੁਧ ਸੇਵ ਕਰੇ; ਭਿਰ ਸੰਘਰ ਮਾਂਹਿ ਸੁਅੰਗ ਤੁੜਾਈ ॥

ਫੇਰ ਆਯੁਧ = ਸ਼ਸਤ੍ਰ ਧਰਿ = ਧਾਰਨ ਕਰਕੇ ਭਾਵ ਹੱਥ ਵਿਚ ਸ਼ਸਤ੍ਰ ਪਕੜ ਕੇ ਨ੍ਰਿਪ = ਰਾਜੇ ਕੀ = ਦੀ

ਸੇਵ = ਟਹਿਲ ਕਰੇ = ਕੀਤੀ ਕਿ ਰਾਜਾ ਖ਼ੁਸ਼ ਹੋ ਕੇ ਕੁਝ ਮਾਇਆ ਦੇ ਦੇਵੇਗਾ, ਉਸਦੀ ਖ਼ਾਤਿਰ ਸੰਘਰ = ਯੁੱਧ ਦੇ ਮੈਦਾਨ ਵਿਚ ਦੁਸ਼ਮਨਾਂ ਨਾਲ ਭਿਰ = ਲੜ ਕੇ ਆਪਣੇ ਅੰਗ ਵੀ ਤੁੜਾਈ = ਤੁੜਾ ਲਏ ਤਾਂ ਵੀ ਕੁਝ ਨਾ ਮਿਲਿਆ।

## ਬਿਧ ਲੋਕਹਿ ਲੌਂ ਜਬ ਦੌਰ ਫਿਰੇ;
## ਫਲ ਪਾਵਤ ਨਾ ਬਿਨ ਭਾਗ ਸਹਾਈ ॥੨੨॥

ਭਾਵੇਂ ਕੋਈ ਇਸ ਲੋਕ ਤੋਂ ਲੈ ਕੇ ਬਿਧ = ਬ੍ਰਹਮਾ ਦੇ ਲੋਕਹਿ = ਲੋਕ ਲੌਂ = ਤੱਕ ਵੀ ਜਬ = ਜਦ ਦੌਰ = ਭੱਜ ਕੇ ਫਿਰੇ = ਫਿਰ ਆਵੇ ਪਰ ਫੇਰ ਵੀ ਭਾਗ = ਸ੍ਰੇਸ਼ਟ ਕਰਮਾਂ ਦੇ ਸਹਾਈ = ਸਹਾਇਕ ਹੋਣ ਤੋਂ ਬਿਨ = ਬਗ਼ੈਰ ਕੋਈ ਵੀ ਫਲ ਪਾਵਤ = ਪ੍ਰਾਪਤ ਨਹੀਂ ਹੁੰਦਾ ॥੨੨॥

## ਦੋਹਰਾ ॥
## ਬਿਨਾ ਭਾਗ ਜਗ ਸੁਖ ਕਹਾਂ; ਮੋਖ ਕਹਾਂ ਨਰ ਹੋਇ ॥

ਹੇ ਭਾਈ ! ਇਸ ਲਈ ਭਾਗ = ਸ੍ਰੇਸ਼ਟ ਕਰਮਾਂ ਤੋਂ ਬਿਨਾ = ਬਗ਼ੈਰ ਜਗ = ਸੰਸਾਰ ਅੰਦਰ ਕਹਾਂ = ਕਿੱਥੇ ਸੁਖ ਹੈ ਤੇ ਫੇਰ ਨਰ = ਮਨੁੱਖ ਦੀ ਮੋਖ = ਕਲਿਆਣ ਕਹਾਂ = ਕਿੱਥੇ ਹੋ ਸਕਦੀ ਹੈ, ਭਾਵ ਜਦੋਂ ਵਿਵਹਾਰ ਹੀ ਸਿੱਧ ਨਹੀਂ ਤਾਂ ਫੇਰ ਮੁਕਤੀ ਕਿੱਥੋਂ ਹੋ ਸਕਦੀ ਹੈ।

## ਭੋਗ ਮੋਖ ਨਰ ਜੋ ਚਹੈ; ਪੁੰਨ ਕਮਾਵੈ ਸੋਇ ॥੨੩॥

ਜੋ = ਜਿਹੜਾ ਨਰ = ਮਨੁੱਖ ਇਸ ਸੰਸਾਰ ਦੇ ਭੋਗ = ਪਦਾਰਥ ਅਤੇ ਅੰਤ ਨੂੰ ਪਰਮਾਰਥ ਵਿਚ ਮੋਖ = ਮੁਕਤੀ ਚਹੈ = ਚਾਹੁੰਦਾ ਹੈ, ਸੋਇ = ਉਹ ਮਨੁੱਖ ਪੁੰਨ ਕਰਮਾਂ ਨੂੰ ਕਮਾਵੈ = ਕਮਾਉਣਾ ਕਰੇ, ਤਦ ਇਹ ਸਭ ਪਦਾਰਥ ਪ੍ਰਾਪਤ ਹੋ ਜਾਣਗੇ, ਭਾਵ ਲੋਕ-ਪ੍ਰਲੋਕ ਸੰਵਰ ਜਾਵੇਗਾ ॥੨੩॥

## ਸ੍ਵੈਯਾ ॥
## ਘਰ ਭੀਤਰ ਹੇਮ ਭੰਡਾਰ ਭਰੇ; ਮੁਕਤਾ ਫਲ ਕੀ ਗਜ ਪੀਠ ਅੰਬਾਰੀ ॥

ਜਿਸ ਮਨੁੱਖ ਕੋਲ ਘਰ ਦੇ ਭੀਤਰਿ = ਵਿਚ ਹੇਮ = ਸੋਨੇ ਦੇ ਭੰਡਾਰ = ਖ਼ਜ਼ਾਨੇ ਭਰੇ ਪਏ ਹਨ ਅਤੇ ਮੁਕਤਾ = ਮੋਤੀਆਂ ਦੇ ਫਲਾਂ ਕੀ = ਦੀ ਗਜ = ਹਾਥੀ ਦੀ ਪੀਠ = ਪਿੱਠ ਉੱਪਰ ਅੰਬਾਰੀ = ਹੌਦੀ ਭਰੀ ਹੋਵੇ **ਵਾ** : ਹਾਥੀ ਦੀ ਪਿੱਠ ਜਿਤਨੇ ਮੋਤੀਆਂ ਦੇ ਅੰਬਾਰ ਲੱਗੇ ਹੋਣ।

## ਜਸ ਚੰਦ ਕੀਯੋ ਉਜਜਾਰ ਚਹੂੰ ਚਕ; ਨੂਤਨ ਹੈ ਤਨ ਰੋਗ ਨਿਵਾਰੀ ॥

ਕਿਸੇ ਮਨੁੱਖ ਦਾ ਜੱਸ ਚੰਦ = ਚੰਦ੍ਰਮਾ ਦੇ ਪ੍ਰਕਾਸ਼ ਵਾਂਗ ਚਹੂੰ ਚਕ = ਚਾਰੇ ਕੂੰਡਾਂ, ਦਿਸ਼ਾਵਾਂ ਵਿਚ ਉਜਜਾਰ = ਪ੍ਰਕਾਸ਼ ਫੈਲ ਰਿਹਾ ਹੋਵੇ। ਫੇਰ ਤਨ = ਸਰੀਰ ਨੂਤਨ = ਨਵੀਨ ਤੇ ਰੋਗ ਵੀ ਨਿਵਾਰੀ = ਨਵਿਰਤ ਹੋਏ ਹੋਣ, ਭਾਵ ਅਰੋਗੀ ਸਰੀਰ ਹੋਵੇ।

## ਰਤਿ ਕੇ ਸਮ ਸੁੰਦਰ ਔ ਹਿਤ ਕਾਰਣਿ, ਨਾਰਿ ਤਥਾ ਗੁਣ ਸੀਲ ਉਦਾਰੀ ॥

ਫੇਰ ਰਤਿ = ਰੱਤੀ (ਕਾਮਦੇਵ ਦੀ ਘਰਵਾਲੀ) ਕੇ = ਦੇ ਸਮ = ਸਮਾਨ ਸੁੰਦਰ ਔ = ਅਤੇ ਹਿਤ = ਪ੍ਰੇਮ

ਕਾਰਨਿ = ਕਰਨ ਵਾਲੀ ਨਾਰਿ = ਇਸਤਰੀ (ਘਰਵਾਲੀ) ਹੋਵੇ, ਤਥਾ = ਤਿਸ ਪ੍ਰਕਾਰ ਹੀ ਉਹ ਗੁਣਾਂ ਦੇ ਸਹਿਤ ਸੀਲ ਸੁਭਾਅ ਤੇ ਉਦਾਰੀ = ਸ੍ਰੇਸ਼ਟ ਹੋਵੇ।

## ਕ੍ਰਿਤਿ ਪੁੰਨ ਬਿਨਾ ਯਹਿ ਆਹਿ ਕਹਾਂ,
## ਬਿਧ ਪੁੰਨਨ ਨੀਰ ਰਚੀ ਫੁਲਵਾੜੀ ॥੨੪॥

ਹੇ ਭਾਈ ! ਯਹਿ = ਇਹ ਸਭ ਕੁਝ ਕ੍ਰਿਤਿ = ਕੀਤੇ ਹੋਏ ਪੁੰਨ ਕਰਮਾਂ ਤੋਂ ਬਿਨਾ = ਬਗ਼ੈਰ ਕਹਾਂ = ਕਿਥੋਂ ਆ ਕੇ ਪ੍ਰਾਪਤ ਹੋ ਸਕਦੇ ਹਨ, ਭਾਵ ਨਹੀਂ ਪ੍ਰਾਪਤ ਹੋ ਸਕਦੇ। ਇਹ ਤਾਂ ਬਿਧ = ਫਲ ਪ੍ਰਦਾਤੇ ਪ੍ਰਭੂ ਨੇ ਪੁੰਨਨ = ਪੁੰਨਾਂ ਦੇ ਨੀਰ = ਪਾਣੀ ਨਾਲ ਇਹ ਸਭ ਸੁੱਖਾਂ ਦੀ ਫੁਲਵਾੜੀ = ਬਗ਼ੀਚੀ ਰਚੀ = ਰਚਨਾ ਕੀਤੀ ਹੈ ॥੨੪॥

## ਸ੍ਵੈਯਾ ॥
## ਰੂਪ ਫਲੇ ਨਹਿ ਜੂਪ ਫਲੇ; ਜਨ ਮਾਂਗਤ ਭੀਖ ਫਿਰੇ ਜਗ ਮਾਂਹੀ ॥

ਕਵੀ ਜੀ ਪੁੰਨਾਂ ਦੀ ਉਪਮਾਂ ਕਰਦੇ ਹੋਏ ਕਥਨ ਕਰਦੇ ਹਨ ਕਿ ਇਸ ਸੰਸਾਰ ਵਿਚ ਨਾ ਹੀ ਕਿਸੇ ਮਨੁੱਖ ਦਾ ਸੁੰਦਰ ਸਰੂਪ ਫਲੇ = ਫਲਦਾ ਹੈ, ਕਿਉਂਕਿ ਸੁੰਦਰ ਸਰੂਪ ਵਾਲੇ ਐਸੇ ਬਿਅੰਤ ਮਨੁੱਖ ਹਨ, ਜਿਨ੍ਹਾਂ ਨੂੰ ਰੋਟੀ ਵੀ ਨਸੀਬ ਨਹੀਂ ਹੁੰਦੀ। ਜਿਵੇਂ ਛੇਵੇਂ ਪਾਤਸ਼ਾਹ ਜੀ ਨੇ ਜੋ ਗਵਾਲੀਅਰ ਦੇ ਕਿਲ੍ਹੇ ਵਿਚੋਂ ੫੨ ਉਮਰ ਭਰ ਦੇ ਕੈਦੀ ਛੁਡਵਾਏ ਸਨ, ਉਨ੍ਹਾਂ ਨੂੰ ਉੱਥੇ ਰੋਟੀ ਵੀ ਨਹੀਂ ਮਿਲਦੀ ਸੀ ਨਾ ਹੀ ਜੂਪ = ਜੂਆ ਫਲੇ = ਫਲਦਾ ਹੈ, ਜੇ ਇਕ ਦਿਨ ਕੋਈ ਧੇਲੀ ਜਿੱਤਦਾ ਹੈ ਤਾਂ ਅਗਲੇ ਦਿਨ ਹਵੇਲੀ ਵੀ ਹਾਰ ਆਉਂਦਾ ਹੈ, ਜਿਵੇਂ ਪਾਂਡਵਾਂ ਨੇ ਜੂਆ ਖੇਡਿਆ ਤਾਂ ਉਹ ਆਪਣਾ ਸਭ ਕੁਝ ਹਾਰ ਗਏ, ਜੇਕਰ ਕਹੋ ਕਿ ਕੈਰਵਾਂ ਨੂੰ ਜੂਆ ਫਲਿਆ ਹੈ ਕਿਉਂਕਿ ਉਹ ਪਾਂਡਵਾਂ ਦਾ ਸਭ ਕੁਝ ਜਿੱਤ ਗਏ ਸਨ ਤਾਂ ਉਨ੍ਹਾਂ ਦਾ ਵੀ ਬਾਅਦ ਵਿਚ ਕੁਝ ਨਾ ਰਿਹਾ। ਮਹਾਂਭਾਰਤ ਦੇ ਯੁੱਧ ਸਮੇਂ ਉਨ੍ਹਾਂ ਦੀ ਅਠਾਰਾਂ ਖੂਹਨੀ ਸੈਨਾ ਨਾਸ ਹੋ ਗਈ ਸੀ ਤੇ ਕੈਰਵਾਂ ਵਿੱਚੋਂ ਕੋਈ ਵੀ ਜਿਉਂਦਾ ਨਾ ਰਿਹਾ।

ਕਈ ਸੁੰਦਰ ਸਰੂਪ ਵਾਲੇ ਕਈ ਵੱਡੇ ਵੱਡੇ ਜੂਆ ਖੇਡਣ ਵਾਲੇ ਜਨ = ਲੋਕ ਇਸ ਜਗ = ਸੰਸਾਰ ਮਾਂਹੀ = ਵਿਚ ਭੀਖ = ਭਿਖਸ਼ਾ, ਖ਼ੈਰਾਤ ਮਾਂਗਤ = ਮੰਗਦੇ ਫਿਰੇ = ਫਿਰਦੇ ਹਨ।

## ਚਾਤੁਰਤਾ ਭੁਜ ਕੋ ਬਲ ਜੋ; ਵਹਿ ਨਾਹਿ ਫਲੇ ਪਿਖੀਏ ਜਗ ਮਾਂਹੀ ॥

ਜੋ = ਜਿਹੜੀ ਮਨੁੱਖਾਂ ਵਿਚ ਬੁੱਧੀ ਦੀ ਚਾਤੁਰਤਾ = ਚਲਾਕੀ ਅਤੇ ਜੋ ਭੁਜ = ਬਾਂਹਵਾਂ ਵਿਚ ਬਲ = ਜ਼ੋਰ, ਤਾਕਤ ਹੈ, ਵਹਿ = ਉਹ ਵੀ ਨਾਹਿ = ਨਹੀਂ ਫਲੇ = ਫਲਦੀ, ਇਹ ਤੁਸੀਂ ਆਪ ਇਸ ਜਗ = ਸੰਸਾਰ ਮਾਂਹੀ = ਵਿਚ ਪਿਖੀਏ = ਦੇਖ ਲੈਣਾ ਕਰੋ। ਵੱਡੀ-ਵੱਡੀ ਸਿਆਣਪ ਵਾਲੇ ਮਨੁੱਖ ਖ਼ਾਲੀ ਹੀ ਤੁਰੀ ਫਿਰਦੇ ਹਨ ਅਤੇ ਬਾਹਾਂ ਵਿਚ ਅਨੰਤ ਬਲ ਵਾਲੇ ਮਨੁੱਖ ਵੀ ਕੈਦ ਹੋਏ ਦੇਖੇ ਜਾਂਦੇ ਹਨ।

## ਮੂਰਖ ਕਾਤਰ ਚਾਤਰ ਬੀਰ; ਸੁ ਸੇਵਤ ਹੈਂ ਕੁਲ ਲਾਜ ਬਿਨਾਹੀ ॥

(ਅੰਨਵੈ ਅਨੁਸਾਰ) ਮੂਰਖ ਚਾਤਰ ਕਾਤਰ ਬੀਰ—ਭਾਵ ਬੜੇ ਬੜੇ ਚਾਤਰ = ਚਲਾਕ ਮਨੁੱਖ ਮੂਰਖ = ਬੇ-ਸਮਝ ਮਨੁੱਖਾਂ ਦੇ ਘਰ ਨੌਕਰ ਬਣੀ ਫਿਰਦੇ ਹਨ ਅਤੇ ਬੜੇ ਬੜੇ ਬੀਰ = ਬਹਾਦਰ ਸੂਰਮੇ ਮਨੁੱਖ ਕਾਤਰ = ਡਰਪੋਕ ਮਨੁੱਖਾਂ ਦਾ ਪਾਣੀ ਭਰਦੇ ਹਨ, ਸੁ = ਉਹ ਆਪਣੀ ਕੁਲ ਦੀ ਲਾਜ = ਲੱਜਾ ਸ਼ਰਮ ਤੋਂ ਬਿਨਾਂ ਹੀ ਉਨ੍ਹਾਂ ਦੀ ਸੇਵਾ ਕਰਦੇ ਹਨ।

## ਔਰ ਫਲੇ ਨਹਿ ਕੋ ਜਗ ਮੈਂ; ਕ੍ਰਿਤਿ ਪੁੰਨ ਫਲੇ ਦ੍ਰੁਮ ਜਯੋਂ ਰਿਤੁ ਮਾਂਹੀ ॥੨੫॥

ਇਸ ਲਈ ਹੇ ਭਾਈ! ਇਸ ਜਗ = ਸੰਸਾਰ ਦੇ ਮੈ = ਵਿਚ ਔਰ = ਹੋਰ ਕੋਈ ਵੀ ਚੀਜ਼ ਨਹਿ = ਨਹੀਂ ਫਲੇ = ਫਲਦੀ, ਮਨੁੱਖ ਦੇ ਕ੍ਰਿਤਿ = ਕੀਤੇ ਹੋਏ ਪੁੰਨ ਹੀ ਇਸ ਸੰਸਾਰ ਅੰਦਰ ਫਲੇ = ਫਲਦੇ ਹਨ, ਜਯੋਂ = ਜਿਵੇਂ ਬਸੰਤ ਰਿਤੁ = ਰੁੱਤ ਮਾਂਹੀ = ਵਿਚ ਦ੍ਰੁਮ = ਬ੍ਰਿਛ ਪ੍ਰਫੁੱਲਤ ਹੁੰਦੇ ਹਨ॥੨੫॥

## ਸ੍ਵੈਯਾ॥

## ਜੋ ਜਨ ਸੇਵਤ ਪਾਦ ਬਲੀ; ਜਨ ਭ੍ਰਿਤ ਭਏ ਪਿਖੀਏ ਜਗ ਮਾਂਹੀ॥

ਜੋ = ਜਿਹੜੇ ਮਨੁੱਖਾਂ ਦੇ ਭਾਵ ਰਾਜਿਆਂ ਦੇ ਪਾਦ = ਚਰਨਾਂ ਨੂੰ ਵੱਡੇ ਵੱਡੇ ਬਲੀ = ਬਲਵਾਨ ਸੂਰਮੇ ਸੇਵਤ = ਸੇਂਵਦੇ ਸਨ, ਸਮੇਂ ਦੇ ਬਦਲਦੇ ਹਾਲਾਤਾਂ ਨਾਲ ਉਹੀ ਰਾਜੇ ਲੋਕ ਇਸ ਜਗ = ਸੰਸਾਰ ਦੇ ਮਾਂਹੀ = ਵਿਚ ਭ੍ਰਿਤ = ਨੌਕਰ ਭਏ = ਹੋਏ ਪਿਖੀਏ = ਦੇਖੇ ਜਾ ਸਕਦੇ ਹਨ। ਜਿਵੇਂ ਪਾਂਡਵਾਂ ਕੋਲ ਰਾਜ ਭਾਗ ਸੀ ਜਦੋਂ ਜੂਏ ਵਿਚ ਸਭ ਕੁਝ ਹਾਰ ਗਏ ਤਾਂ ਜੰਗਲਾਂ ਵਿਚ ਦੁੱਖ ਭੋਗਦੇ ਹੋਏ ਇਕ ਸਾਲ ਵੈਰਾਟ ਰਾਜੇ ਦੇ ਕੋਲ ਨੌਕਰ ਬਣ ਕੇ ਰਹੇ।

## ਤੇ ਜਨ ਪੁੰਨ ਪ੍ਰਭਾਵ ਕੁ ਪਾਇ; ਸੁ ਭੂਪ ਭਏ ਭਵਮੰਡਲ ਮਾਂਹੀ॥

ਤੇ = ਉਹੀ ਜਨ = ਮਨੁੱਖ ਪੁੰਨਾਂ ਦੇ ਪ੍ਰਭਾਵ ਨੂੰ ਪਾਇ = ਪ੍ਰਾਪਤ ਕਰਕੇ ਸੋ ਫੇਰ ਦੁਬਾਰਾ ਇਸ ਭਵਮੰਡਲ = ਸੰਸਾਰ ਮਾਂਹੀ = ਵਿਚ ਭੂਪ = ਰਾਜੇ ਹੋ ਗਏ, ਭਾਵ ਜਦੋਂ ਕ੍ਰਿਸ਼ਨ ਭਗਵਾਨ ਨੇ ਕੌਰਵ ਤੇ ਪਾਂਡਵਾਂ ਦੀ ਸੁਲ੍ਹਾ ਕਰਾਉਣ ਲਈ ਕੌਰਵਾਂ ਦੇ ਰਾਜੇ ਦੁਰਜੋਧਨ ਨੂੰ ਕਿਹਾ ਕਿ ਤੂੰ ਉਨ੍ਹਾਂ ਨੂੰ ਪੰਜ ਕੁ ਪਿੰਡਾਂ ਦਾ ਰਾਜ ਭਾਗ ਦੇ ਦੇ ਤਾਂ ਉਸ ਨੇ ਕੋਰਾ ਜਵਾਬ ਦੇ ਦਿੱਤਾ ਕਿ ਭਗਵਾਨ ਜੀ! ਤੁਸੀਂ ਪੰਜ ਪਿੰਡਾਂ ਦੀ ਗੱਲ ਕਰਦੇ ਹੋ, ਮੈਂ ਉਨ੍ਹਾਂ ਨੂੰ ਸੂਈ ਦੇ ਨੱਕੇ ਜਿਤਨੀ ਜਗ੍ਹਾ ਵੀ ਨਹੀਂ ਦੇਣੀ। ਸੋ ਬਾਅਦ ਵਿਚ ਮਹਾਂਭਾਰਤ ਦਾ ਯੁੱਧ ਹੋਇਆ, ਉਹ ਦੁਰਜੋਧਨ ਆਪਣੇ ਭਰਾਵਾਂ ਸਮੇਤ ਮਾਰਿਆ ਗਿਆ, ਤਦੋਂ ਫੇਰ ਉਹ ਪਾਂਡਵ ਰਾਜ ਭਾਗ ਦੇ ਮਾਲਕ ਬਣੇ।

## ਪੁੰਨ ਗਏ ਨਰ ਭੀਖ ਗਹੇ; ਅਰੁ ਭਿੱਛਕ ਭੂਪ ਭਏ ਭਵ ਮਾਂਹੀ॥

ਜਦੋਂ ਮਨੁੱਖਾਂ ਦੇ ਕੋਲੋਂ ਪੁੰਨ ਕਰਮ ਗਏ = ਨਾਸ਼ ਹੋ ਗਏ, ਤਦੋਂ ਉਹ ਨਰ = ਮਨੁੱਖ ਭੀਖ = ਭਿਖਸ਼ਾ ਗਹੇ = ਗ੍ਰਹਿਣ ਕਰਨ ਲੱਗ ਪਏ, ਭਾਵ ਉਨ੍ਹਾਂ ਵੱਡੇ-ਵੱਡੇ ਰਾਜਿਆਂ ਨੂੰ ਭਿੱਖਿਆ ਮੰਗਣੀ ਪਈ, ਅਰੁ = ਅਤੇ ਜਦੋਂ ਪੁੰਨ ਇੱਕਠੇ ਹੋ ਗਏ, ਤਦੋਂ ਉਹੀ ਭਿੱਛਕ = ਭਿਖਾਰੀ ਦੁਬਾਰਾ ਇਸ ਸੰਸਾਰ ਵਿਚ ਭੂਪ = ਰਾਜੇ ਬਣ ਗਏ।

## ਔਰ ਫਲੇ ਨਹਿ ਕੋ ਜਗ ਮੈਂ ਕ੍ਰਿਤ ਪੁੰਨ ਫਲੇ; ਦ੍ਰੁਮ ਜਯੋਂ ਰਿਤੁ ਮਾਂਹੀ ॥੨੬॥

ਇਸ ਲਈ ਹੇ ਭਾਈ! ਇਸ ਜਗ = ਸੰਸਾਰ ਮੈਂ = ਵਿਚ ਔਰ = ਹੋਰ ਕੋਈ ਵੀ ਚੀਜ਼ ਨਹਿ = ਨਹੀਂ ਫਲੇ = ਫਲਦੀ, ਸਿਰਫ਼ ਮਨੁੱਖ ਦੇ ਕ੍ਰਿਤ = ਕੀਤੇ ਹੋਏ ਪੁੰਨ ਕਰਮ ਹੀ ਇਸ ਸੰਸਾਰ ਦੇ ਅੰਦਰ ਫਲੇ = ਫਲਦੇ ਹਨ, ਜਯੋਂ = ਜਿਵੇਂ ਬਸੰਤ ਰੁੱਤ ਦੇ ਮਾਂਹੀ = ਵਿਚ ਦ੍ਰੁਮ = ਬ੍ਰਿਛ ਆਦਿ ਸਾਰੀ ਬਨਸਪਤੀ ਪ੍ਰਫੁੱਲਤ ਹੁੰਦੀ ਹੈ॥੨੬॥

## ਸ੍ਵੈਯਾ॥ ਦੇਸ ਫਲੇ ਨ ਬਿਦੇਸ ਫਲੇ; ਕਛੁ ਪੂਰਬ ਉਤਰ ਮੋ ਫਲ ਨਾਂਹੀ॥

ਆਪਣੇ ਕੀਤੇ ਸ੍ਰੇਸ਼ਟ ਕਰਮਾਂ ਤੋਂ ਬਿਨਾਂ ਨਾ ਹੀ ਆਪਣਾ ਦੇਸ਼ ਫਲੇ = ਫਲਦਾ ਹੈ ਅਤੇ ਨਾ ਹੀ

ਬਿਦੇਸ = ਪਰਾਇਆ ਦੇਸ਼ ਫਲੇ = ਫਲਦਾ ਹੈ, ਭਾਵ ਨਾ ਆਪਣੇ ਦੇਸ਼ ਵਿਚ ਕੋਈ ਤਰੱਕੀ ਮਿਲਦੀ ਹੈ ਅਤੇ ਨਾ ਹੀ ਵਿਦੇਸ਼ ਵਿਚ ਜਾ ਕੇ ਕੁਝ ਹਾਸਲ ਹੁੰਦਾ ਹੈ, ਫੇਰ ਪੂਰਬ ਤੇ ਉੱਤਰ ਆਦਿ ਦਿਸ਼ਾਵਾਂ ਦੇ ਮੋ = ਵਿਚ ਵੀ ਜਾ ਕੇ ਕਛੁ = ਕੁਝ ਫਲ ਪ੍ਰਾਪਤ ਨਾਂਹੀ = ਨਹੀਂ ਹੁੰਦਾ ਹੈ।

## ਦਖਣ ਪਛਮ ਮਾਂਹਿ ਨਹੀਂ ਫਲ; ਨਾਹਿ ਅਹੇ ਸਰਤਾ ਤਟ ਮਾਂਹੀ ॥

ਫੇਰ ਦੱਖਣ ਤੇ ਪੱਛਮ ਦਿਸ਼ਾ ਦੇ ਮਾਂਹਿ = ਵਿਚ ਜਾ ਕੇ ਵੀ ਕੋਈ ਫਲ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਸਰਤਾ = ਨਦੀਆਂ ਆਦਿ ਦੇ ਤਟ = ਕਿਨਾਰਿਆਂ ਵਿਚ ਕੋਈ ਫਲ ਪ੍ਰਾਪਤ ਹੁੰਦਾ ਹੈ।

## ਬੈਠਨ ਨਾਂਹਿ ਫਲੇ ਜਗ ਮੈਂ; ਅਰੁ ਨਾਂਹਿ ਫਲੇ ਰਟਨੋ ਜਗ ਮਾਂਹੀ ॥

ਜੇਕਰ ਕੋਈ ਇਕ ਜਗ੍ਹਾ 'ਤੇ ਬੈਠਾ ਰਹੇ ਤਾਂ ਵੀ ਇਸ ਸੰਸਾਰ ਵਿਚ ਕੋਈ ਫਲ ਪ੍ਰਾਪਤ ਨਹੀਂ ਹੁੰਦਾ ਅਰੁ = ਅਤੇ ਜੇਕਰ ਕੋਈ ਇਸ ਜਗ = ਸੰਸਾਰ ਮਾਂਹੀ = ਵਿਚ ਰਟਨੋ = ਤੁਰੀ ਫਿਰੀ ਜਾਵੇ ਤਾਂ ਵੀ ਕੋਈ ਫਲ ਪ੍ਰਾਪਤ ਨਹੀਂ ਹੁੰਦਾ।

## ਔਰ ਫਲੇ ਨਹਿ ਕੋ ਜਗ ਮੈਂ; ਕ੍ਰਿਤਿ ਪੁੰਨ ਫਲੇ ਦ੍ਰੂਮ ਜਯੋਂ ਰਿਤੁ ਮਾਂਹੀ ॥੨੭॥

ਕਵੀ ਜੀ ਕਥਨ ਕਰਦੇ ਹਨ ਕਿ ਇਸ ਲਈ ਹੇ ਭਾਈ! ਇਸ ਜਗ = ਸੰਸਾਰ ਮੈ = ਵਿਚ ਔਰ = ਹੋਰ ਕੋਈ ਵੀ ਚੀਜ਼ ਨਹਿ = ਨਹੀਂ ਫਲੇ = ਫਲਦੀ, ਕੇਵਲ ਮਨੁੱਖ ਦੇ ਕ੍ਰਿਤਿ = ਕੀਤੇ ਪੁੰਨ ਕਰਮ ਹੀ ਇਸ ਸੰਸਾਰ ਦੇ ਅੰਦਰ ਫਲੇ = ਫਲਦੇ ਹਨ। ਜਯੋਂ = ਜਿਵੇਂ ਬਸੰਤ ਰਿਤੁ = ਰੁੱਤ ਦੇ ਮਾਂਹੀ = ਵਿਚ ਦ੍ਰੂਮ = ਬ੍ਰਿਛ ਆਦਿ ਸਾਰੀ ਬਨਸਪਤੀ ਪ੍ਰਫੁੱਲਤ ਹੁੰਦੀ ਹੈ॥੨੭॥

## ਸ੍ਵੈਯਾ ॥

## ਬਾਲਕ ਨਾਹਿ ਫਲੇ ਜਗ ਮੈਂ; ਅਰੁ ਜੋਬਨ ਮਾਹਿ ਕਛੂ ਫਲ ਨਾਂਹੀ ॥

ਬਾਲਕ = ਬਾਲ ਅਵਸਥਾ ਵੀ ਇਸ ਜਗ = ਸੰਸਾਰ ਮੈਂ = ਵਿਚ ਕੋਈ ਫਲ ਨਹੀਂ ਦੇਂਦੀ ਅਰੁ = ਅਤੇ ਜੋਬਨ = ਜਵਾਨੀ ਦੀ ਅਵਸਥਾ ਮਾਹਿ = ਵਿਚ ਵੀ ਕਛੂ = ਕੁੱਝ ਵੀ ਫਲ ਨਾਂਹੀ = ਨਹੀਂ ਹੈ।

## ਜਾਰਠ ਨਾਹਿ ਫਲੇ ਜਗ ਮੈਂ; ਅਰੁ ਬਾਂਧਵ ਨਾਹਿ ਫਲੇ ਜਗ ਮਾਂਹੀ ॥

ਫੇਰ ਜਾਰਠ = ਬੁਢੇਪਾ ਅਵਸਥਾ ਵੀ ਜਗ = ਸੰਸਾਰ ਮੈ = ਵਿਚ ਨਹੀਂ ਫਲੇ = ਫਲਦੀ ਸਗੋਂ ਬੁਢੇਪੇ ਵਿਚ ਤਾਂ ਕਈ ਵਾਰ ਆਪਣੇ ਧੀਆਂ ਪੁੱਤਰ ਹੀ ਅਪਮਾਨ ਕਰ ਦੇਂਦੇ ਹਨ ਅਰੁ = ਅਤੇ ਬਾਂਧਵ = ਸੰਬੰਧੀ ਆਦਿ ਵੀ ਇਸ ਜਗ = ਸੰਸਾਰ ਮਾਂਹੀ = ਵਿਚ ਕੋਈ ਫਲ ਨਹੀਂ ਦੇਂਦੇ।

## ਮੀਤ ਫਲੇ ਨਹਿ ਨੀਤ ਫਲੇ; ਕੁਲ ਰੀਤ ਫਲੇ ਭਵ ਮੈਂ ਕਹੁ ਕਾਂਹੀ ॥

ਨਾ ਹੀ ਬਹੁਤੇ ਮੀਤ = ਮਿੱਤ੍ਰ ਫਲਦੇ ਹਨ ਅਤੇ ਨਾ ਹੀ ਨੀਤ = ਰਾਜਨੀਤੀ ਪੜ੍ਹੀ ਹੋਈ ਫਲੇ = ਫਲਦੀ ਹੈ; ਕਈ ਅੰਗ੍ਰੇਜ਼ੀ, ਫ਼ਾਰਸੀ, ਸੰਸਕ੍ਰਿਤ ਆਦਿ ਪੜ੍ਹਨ ਵਾਲੇ ਵੀ ਲੂਣ ਤੇਲ ਵੇਚਦੇ ਫਿਰਦੇ ਹਨ। ਫੇਰ ਕਹੁ = ਦੱਸੋ ਕਿ ਆਪਣੀ ਕੁਲ ਦੀ ਰੀਤਿ = ਰਹੁ-ਰੀਤੀ ਭਵ = ਸੰਸਾਰ ਮੈਂ = ਵਿਚ ਕਾਂਹੀ = ਕਿੱਥੇ ਫਲੇਗੀ।

## ਔਰ ਫਲੇ ਨਹਿ ਕੋ ਜਗ ਮੈਂ, ਕ੍ਰਿਤਿ ਪੁੰਨ ਫਲੇ ਦ੍ਰੂਮ ਜਯੋਂ ਰਿਤੁ ਮਾਂਹੀ ॥੨੮॥

ਹੇ ਭਾਈ! ਇਸ ਲਈ ਇਸ ਜਗ = ਸੰਸਾਰ ਦੇ ਮੈਂ = ਵਿਚ ਔਰ = ਹੋਰ ਕੋਈ ਵੀ ਚੀਜ਼ ਨਹੀਂ

ਫਲੇ = ਫਲਦੀ ਸਿਰਫ਼ ਕ੍ਰਿਤਿ = ਕੀਤੇ ਹੋਏ ਪੁੰਨ ਕਰਮ ਇਉਂ ਫਲਦੇ ਹਨ ਜਿਵੇਂ ਬਸੰਤ ਰੁੱਤ ਆਉਣ ਤੋਂ ਦ੍ਰੂਮ = ਬ੍ਰਿਛ ਆਦਿ ਬਨਸਪਤੀ ਪ੍ਰਫੁੱਲਤ ਹੋ ਜਾਂਦੀ ਹੈ॥੨੮॥

## ਸ੍ਵੈਯਾ ॥

## ਨਾਂਹਿ ਫਲੇ ਜਗ ਮਾਹਿ ਨਿਸੇਸ; ਦਿਨੇਸ ਫਲੇ ਜਗ ਮੈਂ ਕਹੁ ਕਾਂਹੀ ॥

ਹੇ ਭਾਈ! ਇਸ ਜਗ = ਸੰਸਾਰ ਮਾਹਿ = ਵਿਚ (ਨਿਸ+ਏਸ) ਨਿਸ = ਰਾਤ ਦਾ ਏਸ = ਈਸ਼ਵਰ ਭਾਵ ਚੰਦਰਮਾ ਵੀ ਕੋਈ ਫਲੇ = ਫਲ ਨਹੀਂ ਦੇਂਦਾ, ਭਾਵ ਕਈ ਲੋਕ ਚੰਦ੍ਰਾਇਣੀ ਵਰਤ ਰੱਖਦੇ ਹਨ, ਕਈ ਚੰਦਰਮਾ ਦੀ ਪੂਜਾ ਆਦਿ ਕਰਦੇ ਹਨ ਪਰ ਇਹ ਵੀ ਕੁਝ ਫਲ ਨਹੀਂ ਦੇ ਸਕਦਾ। ਫੇਰ ਕਹੁ = ਦੱਸਣਾ ਕਰੋ ਕਿ (ਦਿਨ+ਏਸ) ਦਿਨ ਦਾ ਏਸ = ਈਸ਼ਵਰ ਭਾਵ ਸੂਰਜ ਇਸ ਸੰਸਾਰ ਵਿਚ ਕਾਂਹੀ = ਕਿਥੇ ਕੋਈ ਫਲ ਦੇਵੇਗਾ, ਭਾਵ ਸੂਰਜ ਦੀ ਪੂਜਾ ਵੀ ਕੋਈ ਫਲ ਨਹੀਂ ਦੇ ਸਕਦੀ।

## ਪੁੰਨ ਬਿਨਾ ਫਲ ਆਹਿ ਕਹਾਂ, ਬਿਧਿ ਲੋਕ ਸੁ ਭੂਮਿ ਰਸਾਤਲ ਮਾਂਹੀ ॥

ਫੇਰ ਕੋਈ ਬਿਧ = ਬ੍ਰਹਮ ਲੋਕ ਤਕ ਜਾਂ ਭੂਮਿ = ਧਰਤੀ ਤੋਂ ਲੈ ਕੇ ਰਸਾਤਲ = ਪਤਾਲ ਮਾਂਹੀ = ਵਿਚ ਭਰਮ ਆਵੇ, ਪਰ ਪੁੰਨਾਂ ਤੋਂ ਬਿਨਾ = ਬਗ਼ੈਰ ਕਹਾਂ = ਕਿਥੋਂ ਕੋਈ ਫਲ ਪ੍ਰਾਪਤ ਹੋਵੇਗਾ, ਭਾਵ ਕੋਈ ਫਲ ਨਹੀਂ ਪ੍ਰਾਪਤ ਹੋਵੇਗਾ।

## ਨਾਹਿ ਸੁਰੇਸ ਫਲੇ ਜਗ ਮੈ; ਸੁ ਮਹੇਸ ਫਲੇ ਜਗ ਮੈ ਕਹੁ ਕਾਂਹੀ ॥

ਨਾਹਿ = ਨਾ ਹੀ (ਸੁਰ+ਏਸ) ਸੁਰ = ਦੇਵਤਿਆਂ ਦਾ ਏਸ = ਈਸ਼ਵਰ ਭਾਵ ਇੰਦਰ ਦੀ ਪੂਜਾ ਇਸ ਜਗ = ਸੰਸਾਰ ਮੈ = ਵਿਚ ਕੋਈ ਫਲ ਦੇਂਦੀ ਹੈ ਅਤੇ ਫੇਰ ਦੱਸੋ ਕਿ ਮਹੇਸ = ਸ਼ਿਵਜੀ ਇਸ ਸੰਸਾਰ ਵਿਚ ਕਾਂਹੀ = ਕੀ ਫਲ ਦੇ ਦੇਵੇਗਾ, ਭਾਵ ਕਰਮਾਂ ਤੋਂ ਬਿਨਾਂ ਉਹ ਵੀ ਕੁਝ ਨਹੀਂ ਦੇ ਸਕਦੇ।

## ਔਰ ਫਲੇ ਨਹਿ ਕੋ ਜਗ ਮੈਂ, ਕ੍ਰਿਤਿ ਪੁੰਨ ਫਲੇ ਦ੍ਰੂਮ ਜਯੋਂ ਰਿਤੁ ਮਾਂਹੀ ॥੨੯॥

ਹੇ ਭਾਈ! ਇਸ ਲਈ ਇਸ ਜਗ = ਸੰਸਾਰ ਮੈਂ = ਵਿਚ ਔਰ = ਹੋਰ ਕੋਈ ਵੀ ਚੀਜ਼ ਨਹੀਂ ਫਲਦੀ, ਸਿਰਫ਼ ਕੀਤੇ ਹੋਏ ਪੁੰਨ ਇਉਂ ਫਲ ਦੇਂਦੇ ਹਨ, ਜਿਵੇਂ ਬਸੰਤ ਰਿਤੁ = ਰੁੱਤ ਮਾਂਹੀ = ਵਿਚ ਸਾਰੀ ਬਨਸਪਤੀ ਪ੍ਰਫੁੱਲਤ ਹੋ ਜਾਂਦੀ ਹੈ॥੨੯॥

ਅੱਗੇ ਕਵੀ ਗੁਲਾਬ ਸਿੰਘ ਜੀ ਕਰਮਾਂ (ਪਰਮੇਸ਼ਰ) ਦੀ ਅਗਾਧ ਗਤੀ ਦਾ ਵਰਣਨ ਕਰਦੇ ਹਨ।

## ਇਕ ਦੇਵਹਿ ਬੰਦਤ ਹੌਂ ਭਵ ਮੈਂ; ਜੋਇ ਚਾਤੁਰ ਤੇ ਖਲ ਸੇਵ ਕਹਾਏ ॥

ਹੇ ਭਾਈ! ਇਸ ਭਵ = ਸੰਸਾਰ ਦੇ ਮੈਂ = ਵਿਚ ਇਕ ਦੇਵਹਿ = ਪੂਜਨੀਕ ਪਰਮਾਤਮਾ ਨੂੰ ਹੀ ਮੇਰੀ ਬੰਦਤ = ਨਮਸਕਾਰ ਹੋਵੇ, ਜੋਇ = ਜਿਹੜਾ ਪਰਮਾਤਮਾ ਚਾਤੁਰ = ਚਲਾਕ ਮਨੁੱਖਾਂ ਤੇ = ਤੋਂ ਖਲ = ਮੂਰਖਾਂ ਦੀ ਸੇਵ = ਟਹਿਲ ਕਰਾਏ = ਕਰਵਾ ਦੇਂਦਾ ਹੈ।

## ਜਗ ਭਿੱਛਕ ਕੋ ਖਿਨ ਏਕ ਭਏ; ਮਹਿ ਮੰਡਲ ਰਾਜ ਕੋ ਸੂਖ ਭੁਗਾਏ ॥

ਜੋ ਪ੍ਰਭੂ ਇਸ ਸੰਸਾਰ ਦੇ ਅੰਦਰ ਇਕ ਭਿਛਕ = ਮੰਗਤੇ ਕੋ = ਨੂੰ ਇਕ ਖਿਨ ਦੇ ਸਮੇਂ ਭਏ = ਹੋਏ ਤੋਂ ਮਹਿ ਮੰਡਲ = ਧਰਤੀ ਦਾ ਰਾਜ ਭਾਗ ਬਖ਼ਸ਼ ਕੇ ਉਸਦੇ ਸਾਰੇ ਸੁਖ ਭੁਗਾਏ = ਭੁਗਤਾ ਦੇਂਦਾ ਹੈ।

## ਮਹਿ ਮੰਡਲ ਕੇ ਪਤਿ ਕੋ ਖਿਨ ਮੈਂ; ਦਰ ਹੀ ਦਰ ਮਾਹਿ ਸੁ ਭੀਖ ਮੰਗਾਏ ॥

ਫੇਰ ਮਹਿ ਮੰਡਲ = ਧਰਤੀ ਕੇ = ਦੇ ਪਤਿ = ਮਾਲਕ ਰਾਜੇ ਕੋ = ਨੂੰ ਇਕ ਖਿਨ ਦੇ ਸਮੇਂ ਮੈ = ਵਿਚ ਦਰ ਹੀ ਦਰ = ਦਰਾਂ ਦਰਾਂ ਦੇ ਮਾਹਿ = ਵਿਚ ਭੀਖ = ਭਿਖਸ਼ਾ ਮੰਗਾਏ = ਮੰਗਵਾ ਦੇਂਦਾ ਹੈ, ਜਿਵੇਂ ਦਾਰਾ ਸ਼ਿਕੋਹ ਤੇ ਸ਼ਾਹਜਹਾਂ ਦੀ ਹਾਲਤ ਹੋਈ ਸੀ। ਜੈਸਾ ਕਿ :

**ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥**
**ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥** *(ਸਾਰੰਗ ਭਗਤ ਕਬੀਰ ਜੀ, ਅੰਗ ੧੨੫੨)*

## ਭਵ ਮਾਂਹਿ ਅਗਾਧ ਗਤੀ ਤਿਨ ਕੀ;
## ਸਭ ਹਾਰ ਪਰੇ ਗਤਿ ਕੋਇ ਨ ਪਾਏ ॥੩੦॥

ਇਸ ਭਵ = ਸੰਸਾਰ ਦੇ ਮਾਂਹਿ = ਵਿਚ ਤਿਨ = ਤਿਸ ਪਰਮਾਤਮਾ **ਵਾ:** ਕਰਮਾਂ ਦੇ ਚੱਕਰ ਦੀ ਅਗਾਧ = ਬਹੁਤ ਡੂੰਘੀ ਗਤੀ = ਚਾਲ, ਰੀਤੀ ਹੈ, ਸਭ = ਸਾਰੇ ਲੋਕ ਥੱਕ ਹਾਰ ਪਏ ਹਨ ਪ੍ਰੰਤੂ ਤਿਸ ਪਰਮਾਤਮਾ **ਵਾ:** ਕਰਮਾਂ ਕੀ ਗਤਿ = ਗਤੀ ਨੂੰ ਕੋਈ ਵੀ ਪਾਏ = ਪ੍ਰਾਪਤ ਨਹੀਂ ਕਰ ਸਕਿਆ ॥੩੦॥

## ਸ੍ਵੈਯਾ ॥ ਜਗ ਬੀਰਨ ਕੇ ਕਰ ਤੀਰ ਹਰੇ;

ਉਹ ਪ੍ਰਭੂ ਇਸ ਜਗ = ਸੰਸਾਰ ਦੇ ਅੰਦਰ ਵੱਡੇ ਵੱਡੇ ਬੀਰਨ = ਸੂਰਮਿਆਂ ਕੇ = ਦੇ ਕਰ = ਹੱਥ ਵਿੱਚੋਂ ਤੀਰ ਕਮਾਨ ਹਰੇ = ਖੁਹਾ ਦਿੱਤੇ।

**ਸਾਖੀ ਅਰਜਨ ਦੇ ਤੀਰ ਖੁੱਸ ਜਾਣ ਦੀ :** ਕਵੀ ਜੀ ਇਸ ਤੁਕ ਵਿਚ ਮਹਾਂਭਾਰਤ ਦੇ ਯੋਧੇ, ਸੂਰਬੀਰ ਅਰਜਨ ਵੱਲ ਇਸ਼ਾਰਾ ਕਰਦੇ ਹਨ, ਜਿਸ ਸਮੇਂ ਦੁਆਪਰ ਯੁੱਗ ਦੇ ਅਵਤਾਰ ਭਗਵਾਨ ਕ੍ਰਿਸ਼ਨ ਜੀ ਨੇ ਆਪਣੀ ਦੇਹ ਦਾ ਅੰਤ ਸਮਾਂ ਨੇੜੇ ਦੇਖਿਆ ਕਿ ਹੁਣ ਥੋੜ੍ਹੇ ਕੁ ਸਮੇਂ ਵਿਚ ਇਸ ਦੇਹੀ ਨੂੰ ਤਿਆਗ ਜਾਣਾ ਹੈ, ਤਦੋਂ ਭਗਵਾਨ ਕ੍ਰਿਸ਼ਨ ਜੀ ਨੇ ਅਰਜਨ ਨੂੰ ਪਾਸ ਬੁਲਾ ਕੇ ਕਿਹਾ ਕਿ ਮੈਂ ਹੁਣ ਇਸ ਸੰਸਾਰ ਤੋਂ ਕੂਚ ਕਰ ਜਾਣਾ ਹੈ, ਤੂੰ ਮੇਰੀਆਂ ਗੋਪੀਆਂ ਨੂੰ ਰਡਵਾਸ ਕਟਵਾਉਣ ਦੇ ਲਈ ਦੁਆਰਕਾ ਤੋਂ ਹਸਤਨਾਪੁਰ ਲੈ ਜਾਣਾ ਕਰ। ਜਦ ਭਗਵਾਨ ਕ੍ਰਿਸ਼ਨ ਜੀ ਬੈਕੁੰਠ ਧਾਮ ਪਧਾਰ ਗਏ, ਤਦ ਅਰਜਨ ਦੁਆਰਕਾ ਤੋਂ ਗੋਪੀਆਂ ਲੈ ਕੇ ਹਸਤਨਾਪੁਰ ਨੂੰ ਚੱਲ ਪਿਆ। ਜਦ ਰਸਤੇ ਵਿਚ ਭੀਲਾਂ ਦਾ ਦੇਸ਼ ਆਇਆ ਤਾਂ ਏਕਲਵਯ ਨੇ ਅਰਜਨ ਨੂੰ ਲਲਕਾਰਿਆ ਕਿ ਹੇ ਅਰਜਨ ! ਤੂੰ ਉਹੋ ਹੀ ਹੈਂ ਜਿਸ ਨੇ ਮੈਨੂੰ ਗੁਰੂ ਦਰੋਣਾਚਾਰੀਆ ਪਾਸੋਂ ਸ਼ਸਤਰ ਵਿੱਦਿਆ ਸਿੱਖਣ ਨਹੀਂ ਦਿੱਤੀ ਸੀ, ਮੈਨੂੰ ਉਥੋਂ ਆਸ਼ਰਮ ਵਿੱਚੋਂ ਕਢਵਾ ਦਿੱਤਾ ਸੀ, ਫੇਰ ਤੇਰੇ ਕਰਕੇ ਗੁਰੂ ਦਰੋਣਾਚਾਰੀਆ ਨੇ ਮੇਰਾ ਸੱਜਾ ਅੰਗੂਠਾ ਦਖਸ਼ਣਾ ਵਿਚ ਲਿਆ। ਉਸ ਦਾ ਬਦਲਾ ਅੱਜ ਮੈਂ ਤੇਰੇ ਕੋਲੋਂ ਲੈਣਾ ਹੈ। ਦੇਖ ਭਾਵੇਂ ਮੇਰਾ ਸੱਜਾ ਅੰਗੂਠਾ ਵੀ ਕੱਟਿਆ ਹੋਇਆ ਤੇ ਤੇਰੇ ਦੋਵੇਂ ਅੰਗੂਠੇ ਸਾਬਤ ਹਨ ਪਰ ਫੇਰ ਵੀ ਮੈਂ ਤੇਰੇ ਨਾਲ ਜੰਗ ਕਰਨ ਨੂੰ ਤਿਆਰ ਹਾਂ। ਫੇਰ ਅਰਜਨ ਤੇ ਏਕਲਵਯ ਦਾ ਬਹੁਤ ਭਾਰੀ ਜੰਗ ਹੋਇਆ, ਤੀਰ ਚਲਾਉਂਦਿਆਂ-ਚਲਾਉਂਦਿਆਂ ਅਰਜਨ ਦੇ ਸਾਰੇ ਤੀਰ ਖ਼ਤਮ ਹੋ ਗਏ, ਜਦ ਅਰਜਨ ਕੋਲ ਕੇਵਲ ਇਕ ਤੀਰ ਬਾਕੀ ਰਹਿ ਗਿਆ ਤਾਂ ਅਰਜਨ ਨੇ ਹਾਰ ਮੰਨ ਲਈ ਤੇ ਭੀਲਾਂ ਨੇ ਸਾਰੀਆਂ ਗੋਪੀਆਂ ਬੰਦੀ ਬਣਾਉਣ ਲਈ ਘੇਰ ਲਈਆਂ। ਤਦੋਂ ਆਪਣੀ ਇੱਜ਼ਤ ਜਾਂਦੀ ਵੇਖ ਕੇ ਸਾਰੀਆਂ ਗੋਪੀਆਂ ਕਟਾਰਾਂ ਮਾਰ-ਮਾਰ ਕੇ ਪ੍ਰਾਣ ਤਿਆਗ ਗਈਆਂ। ਜਿਥੇ ਉਨ੍ਹਾਂ ਗੋਪੀਆਂ ਦਾ ਖ਼ੂਨ ਡੁੱਲ੍ਹਿਆ ਸੀ, ਉਸ ਥਾਂ ਦੀ ਮਿੱਟੀ ਨੂੰ 'ਗੋਪੀ ਚੰਦਨ' ਕਿਹਾ ਜਾਂਦਾ ਹੈ, ਜੈਸਾ ਕਿ :

**ਕਿਨਹੀ ਤਿਲਕੁ ਗੋਪੀ ਚੰਦਨ ਲਾਇਆ ॥** *(ਅੰਗ ੯੧੩)*

ਸੋ ਭਾਵ ਇਹ ਹੈ ਕਿ ਅਰਜਨ ਮਹਾਂਭਾਰਤ ਦੇ ਯੁੱਧ ਦਾ ਸਭ ਤੋਂ ਤਾਕਤਵਰ ਯੋਧਾ ਸੀ, ਉਸ ਨੇ ਆਪਣੇ ਤੀਰਾਂ ਦੇ ਨਿਸ਼ਾਨੇ ਨਾਲ ਵੱਡੇ ਵੱਡੇ ਵੈਰੀ ਨਾਸ਼ ਕੀਤੇ ਸਨ, ਪਰ ਸਮੇਂ ਨੇ ਐਸੀ ਕਰਵਟ ਲਈ ਕਿ ਮਹਾਂਬਲੀ ਅਰਜਨ ਨੂੰ ਵੀ ਭੀਲਾਂ ਦੇ ਅੱਗੇ ਹਾਰਨਾ ਪਿਆ। ਜੈਸਾ ਕਿ :

**ਸਮੇ ਬਿਨਾ ਨਰ ਕਿਆ ਕਰੇ ਸਮਾ ਸਮੇ ਬਲਵਾਨ।**
**ਅਰਜਨ ਗਵਾਈਆਂ ਗੋਪੀਆਂ, ਵਹੀ ਧਨਖ ਵਹੀ ਬਾਨ।** *(ਲੌਕਿਕ ਪ੍ਰਮਾਣ)*

## ਅਰੁ ਧੀਰਨ ਕੇ ਉਰ ਧੀਰ ਛੁਡਾਏ ॥

ਅਰੁ = ਅਤੇ ਵੱਡੇ ਵੱਡੇ ਧੀਰਨ = ਧੀਰਜਧਾਰੀਆਂ ਕੇ = ਦੇ ਉਰ = ਹਿਰਦੇ ਵਿੱਚੋਂ ਧੀਰ = ਧੀਰਜਤਾ ਛੁਡਾਏ = ਛੁਡਾ ਦਿੱਤੀ, ਜਿਵੇਂ ਜਦੋਂ ਰਾਮਚੰਦਰ ਜੀ ਬਨਵਾਸ ਨੂੰ ਚੱਲੇ ਤਾਂ ਉਨ੍ਹਾਂ ਦੇ ਪਿਤਾ ਰਾਜਾ ਦਸ਼ਰਥ ਜੀ ਧੀਰਜਤਾ ਨਾ ਰੱਖ ਸਕੇ ਤੇ ਵਿਛੋੜੇ ਵਿਚ ਆਪਣੇ ਪ੍ਰਾਣ ਤਿਆਗ ਦਿੱਤੇ ਸਨ। ਵਸ਼ਿਸ਼ਟ ਮੁਨੀ ਦੇ ਸੌ ਪੁੱਤਰ ਤਪ ਕਰਦੇ ਹੋਏ ਜਦੋਂ ਵਿਸ਼ਵਾਮਿੱਤਰ ਨੇ ਇਕ-ਇਕ ਕਰਕੇ ਮਾਰ ਦਿੱਤੇ, ਤਦੋਂ ਵਸ਼ਿਸ਼ਟ ਮੁਨੀ ਨੇ ਧੀਰਜਤਾ ਛੱਡ ਦਿੱਤੀ ਤੇ ਆਤਮ ਹੱਤਿਆ ਕਰਨ ਲਈ ਬਿਆਸ ਦਰਿਆ ’ਤੇ ਫਾਹੀ ਲੈਣ ਲੱਗਾ ਸੀ, ਸਤਿਲੁਜ ਵਿਚ ਡੁੱਬ ਕੇ ਮਰਨ ਲੱਗਾ ਸੀ, ਸਤਿਲੁਜ ਸੌ ਧਾਰਾਂ ਹੋ ਕੇ ਵਹਿਣ ਲੱਗ ਪਿਆ। ਫੇਰ ਸ੍ਰੀ ਕੇਸਗੜ੍ਹ ਸਾਹਿਬ ਦੇ ਪਾਸ ਪਹਾੜ ਦੇ ਪੱਥਰਾਂ ਨਾਲ ਸਿਰ ਟਕਰਾ ਕੇ ਮਰਨ ਲੱਗਾ ਸੀ। ਇਉਂ ਇਨ੍ਹਾਂ ਵੱਡੇ ਰਿਸ਼ੀ ਮੁਨੀਆਂ ਦੀ ਵੀ ਧੀਰਜਤਾ ਛੁਡਾ ਦਿੱਤੀ ਸੀ।

## ਖਲ ਕਾਤਰ ਕੋ ਮਹਿ ਮੰਡਲ ਮਹਿ; ਜਨ ਕੋਵਿਦ ਬੀਰਨ ਬੀਰ ਕਹਾਏ ॥

(ਅੰਨਵੈ ਅਨੁਸਾਰ) ਫੇਰ ਇਸ ਮਹਿ ਮੰਡਲ = ਧਰਤੀ ਦੇ ਮਹਿ = ਵਿਚ ਰਹਿਣ ਵਾਲੇ ਖਲ = ਮੂਰਖਾਂ ਨੂੰ ਕੋਵਿਦ = ਵਿਦਵਾਨ ਬਣਾ ਦਿੰਦਾ ਹੈ ਅਤੇ ਕਾਤਰ = ਡਰਪੋਕ ਜਨ = ਮਨੁੱਖ ਸਮੇਂ ਦੀ ਕਰਵਟ ਨਾਲ ਬੀਰਨ ਬੀਰ = ਸੂਰਮਿਆਂ ਦੇ ਸੂਰਮੇ ਕਹਾਏ = ਅਖਵਾਉਣ ਲੱਗ ਪੈਂਦੇ ਹਨ।

## ਗ੍ਰਿਹਿ ਦੋ ਡਗ ਨਾਹਿ ਚਲੇ ਪਗ ਸੋਂ; ਤਿਨ ਕੋ ਗਿਰਿ ਕੋਟਨ ਕੋਟ ਲੰਘਾਏ ॥

***ਪਹਿਲਾ ਅਰਥ :*** ਜੋ ਮਨੁੱਖ ਆਪਣੇ ਗ੍ਰਿਹਿ = ਘਰ ਵਿਚ ਸਭ ਐਸ਼ੋ-ਇਸ਼ਰਤ, ਨੌਕਰ ਚਾਕਰ ਹੋਣ ਦੇ ਕਾਰਨ ਕਦੇ ਦੋ ਡਗ = ਕਦਮ ਵੀ ਆਪਣੇ ਪਗ = ਪੈਰਾਂ ਦੇ ਸੋਂ = ਨਾਲ ਨਹੀਂ ਚੱਲੇ, ਤਿਨ = ਉਨ੍ਹਾਂ ਨੂੰ ਵੀ ਕੋਟਨ ਕੋਟ = ਕ੍ਰੋੜਾਂ ਹੀ ਗਿਰਿ = ਪਹਾੜਾਂ ਦੇ ਪਹਾੜ ਤੁਰਾ ਕੇ ਲੰਘਾਏ = ਲੰਘਾ ਦੇਂਦਾ ਹੈ। ਪਹਾੜਾਂ ਵਿਚ ਕਰੋੜਾਂ ਕਦਮ ਭਟਕਾਇਆ।

***ਦੂਜਾ ਅਰਥ :*** ਜਿਹੜਾ ਮਨੁੱਖ ਆਪਣੇ ਗ੍ਰਿਹਿ ਘਰ ਤੋਂ ਦੋ ਡਗ = ਕਦਮ ਨਹਿ = ਨਹੀਂ ਚੱਲ ਸਕਦਾ ਸੀ, ਤੁਰਨ ਵਿਚ ਆਸਮਰੱਥ ਸੀ ਭਾਵ ਪਿੰਗਲਾ ਸੀ ਉਸ ’ਤੇ ਕ੍ਰਿਪਾ ਹੋਈ ਤਿਨ = ਉਨ੍ਹਾਂ ਪਿਆਰਿਆਂ ਨੂੰ ਗਿਰਿ = ਪਹਾੜਾਂ ਦੇ ਕੋਟਨ ਕੋਟ = ਕਰੋੜਾਂ ਹੀ ਕਰੋੜਾਂ ਕਦਮਾਂ ਨਾਲ ਚੱਲਣ ਦੀ ਸਮਰਥਾ ਦੇ ਦਿੱਤੀ।

**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥** *(ਅੰਗ ੮੦੯)*

## ਭਵ ਮਾਹਿ ਅਗਾਧ ਗਤੀ ਤਿਨ ਕੀ;
## ਸਭ ਹਾਰ ਪਰੇ ਗਤਿ ਕੋਇ ਨ ਪਾਏ ॥੩੧॥

ਹੇ ਭਾਈ ! ਇਸ ਲਈ ਇਸ ਭਵ = ਸੰਸਾਰ ਮਾਹਿ = ਵਿਚ ਤਿਨ = ਤਿਸ ਪਰਮਾਤਮਾ **ਵਾ:** ਕਰਮਾਂ ਕੀ = ਦੀ ਗਤੀ = ਚਾਲ ਬਹੁਤ ਅਗਾਧ = ਡੂੰਘੀ ਹੈ, ਸਭ = ਸਾਰੇ ਜੀਵ ਆਪੋ-ਆਪਣਾ ਜ਼ੋਰ ਅਜ਼ਮਾ ਕੇ

ਥੱਕ ਹਾਰ ਪਏ ਹਨ ਪਰ ਉਸ ਪ੍ਰਭੂ ਦੀ ਗਤਿ = ਗਤੀ, ਚਾਲੀ ਨੂੰ ਕੋਇ = ਕੋਈ ਵੀ ਪਾਏ = ਪ੍ਰਾਪਤ ਨਾ ਕਰ ਸਕਿਆ ॥੩੧॥

## ਸ੍ਵੈਯਾ ॥

## ਸੁਤ ਪੰਡੁ ਮਹੀਪਤਿ ਕੇ ਜਿਹਨੇ; ਹਰ ਰਾਜਹਿ ਕਾਨਨ ਮਾਹਿ ਫਿਰਾਏ ॥

ਫੇਰ ਜਿਹ = ਜਿਸ ਪਰਮੇਸ਼ਰ ਨੇ ਪੰਡੁ = ਪਾਂਡੂ ਰਾਜੇ ਦੇ ਸੁਤ = ਪੁੱਤਰਾਂ (ਯੁਧਿਸ਼ਟਰ, ਭੀਮ ਸੈਨ ਤੇ ਅਰਜਨ ਕੁੰਤੀ ਦੇ ਉਦਰ ਤੋਂ ਅਤੇ ਸਹਿਦੇਵ ਤੇ ਨਕੁਲ ਮਾਂਦ੍ਰੀ ਦੇ ਉਦਰ ਤੋਂ) ਦੇ ਕੋਲੋਂ ਰਾਜਹਿ = ਰਾਜ ਭਾਗ ਹਰ = ਖੋਹ ਕਰਕੇ ਉਨ੍ਹਾਂ ਨੂੰ ਕਾਨਨ = ਜੰਗਲਾਂ ਦੇ ਮਾਹਿ = ਵਿਚ ਫਿਰਾਏ = ਫੇਰਨਾ ਕੀਤਾ, ਭਾਵ ਜਦੋਂ ਪੰਜੇ ਪਾਂਡਵ ਜੂਏ ਵਿਚ ਆਪਣਾ ਸਭ ਕੁਝ ਹਾਰ ਗਏ, ਤਦੋਂ ਜੂਏ ਵਿਚ ਰੱਖੀ ਸ਼ਰਤ ਮੁਤਾਬਕ ੧੨ ਸਾਲ ਬਨਬਾਸ ਵਿਚ ਫਲ ਫੁੱਲ ਖਾ ਕੇ ਬਤੀਤ ਕੀਤੇ ਅਤੇ ਇਕ ਸਾਲ ਗੁਪਤ ਵਾਸ ਵਿਚ ਵੈਰਾਟ ਰਾਜੇ ਦੇ ਕੋਲ ਨੌਕਰ ਰਹੇ।

## ਖਿਨ ਮਾਹਿ ਸੁ ਛਤ੍ਰ ਛਿਨਾਏ ਲਏ; ਦੁਰਜੋਧਨ ਕੇ ਤਨ ਭੂਮ ਰੁਲਾਏ ॥

ਇਕ ਖਿਨ = ਛਿਨ ਦੇ ਸਮੇਂ ਮਾਹਿ = ਵਿਚ ਹੀ ਪਾਂਡਵਾਂ ਦੇ ਸਿਰ ਤੋਂ ਰਾਜਭਾਗ ਦਾ ਛਤ੍ਰ ਛਿਨਾਏ = ਖੋਹ ਲਿਆ **ਵਾ:** ਇਕ ਛਿਨ ਵਿਚ ਕੈਰਵਾਂ ਦੇ ਸਿਰ ਤੋਂ ਛਤ੍ਰ ਖੋਹ ਲਿਆ, ਭਾਵ ਮਹਾਂਭਾਰਤ ਦੇ ਯੁੱਧ ਵਿਚ ਕੈਰਵਾਂ ਦੀ ਹਾਰ ਹੋਈ ਅਤੇ ਦੁਰਜੋਧਨ ਕੇ = ਦੇ ਤਨ = ਸਰੀਰ ਨੂੰ ਭੂਮ = ਧਰਤੀ ਦੇ ਵਿਚ ਰੁਲਾਏ = ਰੋਲ ਦਿੱਤਾ, ਭਾਵ ਕਹਿੰਦੇ ਹਨ ਕਿ ਦੁਰਯੋਧਨ ਦੇ ਸਾਰੇ ਸਰੀਰ ਨੂੰ ਗਾਂਧਾਰੀ ਨੇ ਆਪਣੀ ਦ੍ਰਿਸ਼ਟੀ ਨਾਲ ਬਜਰ ਦਾ ਬਣਾ ਦਿੱਤਾ ਸੀ, ਕੇਵਲ ਪੱਟਾਂ ਵਾਲਾ ਹਿੱਸਾ ਨਰਮ ਰਿਹਾ ਸੀ। ਭੀਮਸੈਨ ਨੇ ਉਸ ਜਗ੍ਹਾ ਗਦਾ ਮਾਰ ਮਾਰ ਕੇ ਦੁਰਯੋਧਨ ਨੂੰ ਮਾਰ ਮੁਕਾਇਆ ਸੀ। ਉਸਦਾ ਸਰੀਰ ਬਜਰ ਦਾ ਹੋਣ ਕਰਕੇ ਨਾ ਸੜਿਆ, ਨਾ ਗਿਲਝਾਂ ਆਦਿ ਨੇ ਖਾਧਾ ਜਿਸ ਕਰਕੇ ਉਹ ਧਰਤੀ ਵਿਚ ਹੀ ਰੁਲਦਾ ਰਿਹਾ। ਜੈਸਾ ਕਿ :

**ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥**
**ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝ ਨ ਖਾਈ ॥੨॥** *(ਧਨਾਸਰੀ ਭਗਤ ਨਾਮਦੇਵ ਜੀ, ਅੰਗ ੬੯੩)*

## ਨਲ ਸੇ ਮਹਿਪਾਲ ਕੇ ਰਾਜ ਹਰੇ; ਹਰੀਚੰਦ ਬਨਾਰਸ ਜਾਇ ਬਿਕਾਏ ॥

ਨਲ ਵਰਗੇ ਮਹਿਪਾਲ = ਰਾਜੇ ਦੇ ਕੋਲੋਂ ਸਾਰਾ ਰਾਜ ਭਾਗ ਹਰੇ = ਖੋਹ ਲਿਆ, ਭਾਵ ਰਾਜਾ ਨਲ ਨਿਸਧ ਦੇਸ਼ ਦੇ ਚੰਦ੍ਰਵੰਸ਼ੀ ਰਾਜਾ ਬੀਰਸੇਨ ਦਾ ਪੁੱਤਰ ਸੀ, ਇਸਦਾ ਵਿਆਹ ਵਿਦਰਭਪਤੀ ਭੀਮ ਦੀ ਪੁੱਤਰੀ ਦਮਯੰਤੀ ਨਾਲ ਹੋਇਆ ਸੀ, ਨਲ ਰਾਜੇ ਨੇ ਆਪਣੇ ਛੋਟੇ ਭਰਾ ਪੁਸ਼ਕਰ ਨਾਲ ਜੂਆ ਖੇਡਿਆ, ਜੂਏ ਵਿਚ ਰਾਜਾ ਨਲ ਹਾਰ ਗਿਆ ਤੇ ਇਸਦੇ ਭਰਾ ਨੇ ਇਸਨੂੰ ਘਰੋਂ ਕੱਢ ਦਿੱਤਾ ਸੀ, ਇਸਦਾ ਸਾਰਾ ਰਾਜ ਭਾਗ ਉਸ ਨੇ ਖੋਹ ਲਿਆ। ਤਦ ਰਾਜਾ ਨਲ ਜੰਗਲਾਂ ਵਿਚ ਭੁੱਖਾ ਪਿਆਸਾ ਦਿਨ ਕੱਟਦਾ ਰਿਹਾ। ਇਸਦੀ ਘਰਵਾਲੀ ਵੀ ਸੀਤਾ ਜੀ ਵਾਂਗ ਇਸਦੇ ਨਾਲ ਹੀ ਇਸਦੇ ਦੁੱਖਾਂ ਦੀ ਭਾਈਵਾਲ ਬਣੀ। ਜਦੋਂ ਜੰਗਲ ਵਿਚ ਭੁੱਖੇ ਦਿਨ ਕੱਟ ਰਹੇ ਸਨ, ਤਦੋਂ ਇੰਦ੍ਰ ਦੇਵ ਨੇ ਸੋਚਿਆ ਕਿ ਇਨ੍ਹਾਂ ਨੂੰ ਹੋਰ ਤੰਗ ਕੀਤਾ ਜਾਵੇ। ਉਹ ਕਬੂਤਰ ਬਣ ਕੇ ਸਾਹਮਣੇ ਆ ਬੈਠਾ। ਨਲ ਨੇ ਸੋਚਿਆ ਕਿ ਚੱਲੋ ਇਸ ਕਬੂਤਰ ਨੂੰ ਫੜ ਕੇ ਭੁੰਨ ਕੇ ਖਾਂਦੇ ਹਾਂ, ਕੁਝ ਭੁੱਖ ਤਾਂ ਦੂਰ ਹੋਵੇਗੀ। ਇਹ ਸੋਚ ਕੇ ਕਬੂਤਰ ਉੱਪਰ ਆਪਣਾ ਬਸਤਰ ਸੁੱਟਿਆ ਪਰ ਕਬੂਤਰ ਉਹ ਕੱਪੜਾ ਵੀ ਲੈ ਕੇ ਉੱਡ ਗਿਆ। ਅੰਤ ਫਿਰ ਇਸਨੇ ਜੂਏ ਵਿਚ ਆਪਣੇ ਭਰਾ ਪੁਸ਼ਕਰ ਨੂੰ ਜਿੱਤ ਕੇ ਆਪਣੀ ਵਿਭੂਤੀ ਵਾਪਸ ਲੈਣਾ ਕੀਤੀ ਸੀ। ਫੇਰ ਪਰਮਾਤਮਾ ਦੀ ਅਗਾਧ ਗਤੀ ਦੇਖਣਾ ਕਰੋ ਕਿ ਰਾਜੇ ਹਰੀਚੰਦ ਨੂੰ ਬਨਾਰਸ ਦੀ ਮੰਡੀ ਵਿਚ ਜਾ ਕੇ ਵਿਕਣਾ ਪਿਆ।

**ਸਾਖੀ ਰਾਜੇ ਹਰੀਚੰਦ ਦੀ :** ਰਾਜਾ ਹਰੀਚੰਦ ਜਿਸਨੂੰ ਹਰੀਸ਼ਚੰਦਰ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਇਹ ਸੂਰਜ ਵੰਸ਼ ਦਾ ਅਠਾਈਵਾਂ ਰਾਜਾ ਹੋਇਆ, ਇਸਦੇ ਪਿਤਾ ਦਾ ਨਾਮ ਰਾਜਾ ਤ੍ਰਿਸ਼ੰਕੂ ਸੀ। ਇਹ ਆਪਣੀ ਰਹਿਮਦਿਲੀ ਅਤੇ ਨਿਆਂ ਲਈ ਮਸ਼ਹੂਰ ਸੀ। ਇਕ ਦਿਨ ਇਸਦਾ ਪਿਤਾ ਰਾਜਾ ਤ੍ਰਿਸ਼ੰਕੂ ਵਸ਼ਿਸ਼ਟ ਮੁਨੀ ਜੀ ਨੂੰ ਜਾ ਕੇ ਕਹਿਣ ਲੱਗਾ ਕਿ ਹੇ ਮੁਨੀ ਜੀ! ਮੈਨੂੰ ਸਣਦੇਹਾ ਸਵਰਗ ਵਿਚ ਪਹੁੰਚਾ ਦੇਵੋ। ਅੱਗੋਂ ਵਸ਼ਿਸ਼ਟ ਮੁਨੀ ਨੇ ਕਿਹਾ ਕੇ ਹੇ ਰਾਜਨ! ਤੂੰ ਯਗ ਆਦਿ ਸ਼ੁਭ ਕਰਮ ਕਰ, ਫੇਰ ਸਰੀਰ ਤਿਆਗ ਕੇ ਸਵਰਗ ਵਿਚ ਜਾ ਕੇ ਰਹੇਂਗਾ। ਪਰ ਰਾਜਾ ਤ੍ਰਿਸ਼ੰਕੂ ਕਹਿਣ ਲੱਗਾ ਕਿ ਮੈਂ ਤਾਂ ਸਣਦੇਹੀ ਹੀ ਸਵਰਗਾਂ ਨੂੰ ਜਾਵਾਂਗਾ। ਇਹ ਕਹਿ ਕੇ ਵਸ਼ਿਸ਼ਟ ਮੁਨੀ ਨੂੰ ਆਖਿਆ ਕਿ ਫੇਰ ਮੈਂ ਆਪ ਜੀ ਨੂੰ ਗੁਰੂ ਹੀ ਨਹੀਂ ਧਾਰਦਾ। ਉਥੋਂ ਆ ਕੇ ਇਹ ਵਿਸ਼ਵਾਮਿੱਤਰ ਜੀ ਦਾ ਚੇਲਾ ਬਣਿਆ। ਵਿਸ਼ਵਾਮਿੱਤਰ ਨੇ ਰਾਜੇ ਤ੍ਰਿਸ਼ੰਕੂ ਨੂੰ ਕਿਹਾ ਕਿ ਮੈਂ ਤੈਨੂੰ ਸਣਦੇਹੀ ਸਵਰਗਾਂ ਵਿਚ ਪਹੁੰਚਾਵਾਂਗਾ। ਜਦੋਂ ਵਿਸ਼ਵਾਮਿੱਤਰ ਰਾਜੇ ਤ੍ਰਿਸ਼ੰਕੂ ਨੂੰ ਸਣਦੇਹੀ ਸਵਰਗ ਵਿਚ ਪਹੁੰਚਾਉਣ ਲੱਗਾ ਤਾਂ ਦੇਵਤਿਆਂ ਨੇ ਆਪਣੇ ਗੁਰੂ (ਵਸ਼ਿਸ਼ਟ ਮੁਨੀ) ਤੋਂ ਬੇਮੁਖ ਹੋਇਆ ਜਾਣ ਕੇ, ਸਵਰਗ ਵਿਚ ਥਾਂ ਨਾ ਦਿੱਤਾ। ਦੇਵਤੇ ਆਪਣੇ ਬਲ ਨਾਲ ਰਾਜੇ ਨੂੰ ਥੱਲੇ ਨੂੰ ਸੁੱਟਣ ਤੇ ਵਿਸ਼ਵਾਮਿੱਤਰ ਮੰਤ੍ਰਾਂ ਦੇ ਬਲ ਨਾਲ ਰਾਜੇ ਨੂੰ ਉੱਪਰ ਵੱਲ ਨੂੰ ਚੜ੍ਹਾਵੇ। ਉਸ ਵੇਲੇ ਰਾਜਾ ਤ੍ਰਿਸ਼ੰਕੂ ਵਿਚਾਲੇ ਹੀ ਰਹਿ ਗਿਆ (ਉਥੋਂ ਕਰਮਨਾਸਕਾ ਨਦੀ ਨਿਕਲਦੀ ਹੈ ਜਿਸਨੂੰ ਨੌਵੇਂ ਪਾਤਸ਼ਾਹ ਜੀ ਨੇ ਚਰਨ ਪਾ ਕੇ ਜੀਵਾਂ ਦੇ ਭੈੜੇ ਕਰਮਾਂ ਦਾ ਨਾਸ਼ ਕੀਤਾ ਸੀ) ਆਪਣੇ ਪਿਤਾ ਦੀ ਹਾਲਤ ਬਾਰੇ ਸੁਣ ਕੇ ਰਾਜਾ ਹਰੀਚੰਦ ਵਸ਼ਿਸ਼ਟ ਮੁਨੀ ਦੇ ਪੈਰੀਂ ਪੈ ਗਿਆ। ਇਹ ਗੱਲ ਜਾਣ ਕੇ ਵਿਸ਼ਵਾਮਿੱਤਰ ਇਸ ਨਾਲ ਬਹੁਤ ਗ਼ੁੱਸੇ ਹੋ ਗਿਆ ਕਿ ਮੈਂ ਇਸਦੇ ਪਿਓ ਨੂੰ ਸਣਦੇਹੀ ਸਵਰਗ ਵਿਚ ਪਹੁੰਚਾ ਰਿਹਾ ਹਾਂ ਤੇ ਇਹ ਮੇਰੀ ਸੇਵਕੀ ਛੱਡ ਕੇ ਮੇਰੇ ਦੁਸ਼ਮਨ ਵਸ਼ਿਸ਼ਟ ਮੁਨੀ ਦਾ ਚੇਲਾ ਬਣ ਗਿਆ ਹੈ। ਇਸ ਈਰਖਾ ਦੇ ਕਰਕੇ ਰਾਜੇ ਹਰੀਚੰਦ ਨੂੰ ਸਬਕ ਸਿਖਾਉਣ ਲਈ ਇਸਨੇ ਸੂਰ ਦਾ ਰੂਪ ਧਾਰਨ ਕਰਕੇ ਰਾਜੇ ਦਾ ਬਾਗ਼ ਪੁੱਟ ਦਿੱਤਾ। ਮਾਲੀ ਨੇ ਰਾਜੇ ਨੂੰ ਆ ਕੇ ਦੱਸਿਆ ਕਿ ਮਹਾਰਾਜ ਜੀ! ਆਪਣੇ ਬਾਗ਼ ਵਿਚ ਇਕ ਬਹੁਤ ਭਾਰੀ ਸੂਰ ਆਇਆ ਹੈ, ਜਿਸ ਨੇ ਸਾਰਾ ਬਾਗ਼ ਹੀ ਉਜਾੜ ਦਿੱਤਾ ਹੈ। ਰਾਜੇ ਨੇ ਅਜੇ ਕੋਈ ਪੁੰਨ ਦਾਨ ਨਹੀਂ ਸੀ ਕੀਤਾ। ਉਸ ਨੇ ਸੋਚਿਆ ਕਿ ਪਹਿਲਾਂ ਸੂਰ ਦਾ ਸ਼ਿਕਾਰ ਕਰ ਲਈਏ, ਫਿਰ ਹੀ ਕੋਈ ਦਾਨ ਪੁੰਨ ਕਰਾਂਗਾ। ਸੋ ਰਾਜਾ ਘੋੜੇ ਉੱਪਰ ਚੜ੍ਹ ਕੇ ਸੂਰ ਦਾ ਸ਼ਿਕਾਰ ਕਰਨ ਲਈ ਉਸਦੇ ਮਗਰ ਗਿਆ। ਸੂਰ ਜੰਗਲ ਵੱਲ ਭੱਜ ਗਿਆ। ਬਹੁਤ ਦੂਰ ਉਜਾੜ ਵਿਚ ਜਾ ਕੇ ਅਲੋਪ ਹੋ ਗਿਆ ਤੇ ਵਿਸ਼ਵਾਮਿੱਤਰ ਇਕ ਬ੍ਰਾਹਮਣ ਦਾ ਰੂਪ ਧਾਰ ਕੇ ਇਕ ਖੂਹ ਦੇ ਉੱਪਰ ਬੈਠ ਗਿਆ। ਰਾਜੇ ਨੂੰ ਬਹੁਤ ਪਿਆਸ ਲੱਗੀ ਹੋਈ ਸੀ। ਬੁੱਲ੍ਹ ਸੁੱਕਦੇ ਜਾਂਦੇ ਸਨ। ਮਾਸ਼ਕੀ ਕੋਈ ਨਹੀਂ ਸੀ ਤੇ ਦਾਨ ਵੀ ਅਜੇ ਕੋਈ ਨਹੀਂ ਕੀਤਾ ਸੀ। ਇਹ ਬ੍ਰਾਹਮਣ ਬਣਿਆ ਬੈਠਾ ਵਿਸ਼ਵਾਮਿੱਤਰ ਰਾਜੇ ਨੂੰ ਕਹਿਣ ਲੱਗਾ ਕਿ ਹੇ ਰਾਜਨ! ਤੂੰ ਮੈਨੂੰ ਏਥੇ ਦਾਨ ਕਰਨ ਲਈ ਸੰਕਲਪ ਕਰ ਦੇ। ਸੰਕਲਪ ਕੀਤਾ ਤੇ ਦਾਨ ਦਿੱਤਾ ਇਕੋ ਜਿਹਾ ਹੁੰਦਾ ਹੈ। ਰਾਜੇ ਨੇ ਦਾਨ ਕਰਨ ਦਾ ਸੰਕਲਪ ਕਰਕੇ ਪਾਣੀ ਪੀ ਲਿਆ। ਤਦ ਵਿਸ਼ਵਾਮਿੱਤਰ ਨੇ ਸਰਾਪ ਨਾਲ ਇਸਦੀ ਸਾਰੀ ਸਮੱਗਰੀ ਨਾਸ਼ ਕਰ ਦਿੱਤੀ। ਜਿਸ ਕਰਕੇ ਇੱਕੀ ਭਾਰ ਦਾਨ ਨਾ ਹੋ ਸਕਿਆ ਤਾਂ ਇਸਨੇ ਰਾਜੇ ਨੂੰ ਰਾਣੀ ਨੂੰ ਤੇ ਇਸਦੇ ਪੁੱਤਰ ਨੂੰ ਤਿੰਨ ਭਾਰ ਦੇ ਬਦਲੇ ਲੈ ਲਿਆ ਤੇ ਰਾਜ-ਭਾਗ ਵਿੱਚੋਂ ਕੱਢ ਦਿੱਤਾ ਤੇ ਰਾਜੇ ਨੂੰ ਕਿਹਾ ਕਿ ਤੂੰ ਆਪਣਾ ਦਾਨ ਦੇਣ ਦਾ ਪ੍ਰਣ ਪੂਰਾ ਕਰ। ਰਾਜੇ ਨੇ ਆਪਣੇ ਦਿਲ 'ਤੇ ਪੱਥਰ ਰੱਖ ਕੇ ਆਪਣੀ ਇਸਤਰੀ ਪੁੱਤਰ ਨੂੰ ਵੇਚਿਆ ਤੇ ਆਪ ਕਾਂਸੀ ਦੀ ਮੰਡੀ ਵਿਚ ਇਕ ਚੰਡਾਲ ਕੋਲ ਵਿਕਿਆ। ਜਿਥੇ ਇਹ ਸ਼ਮਸ਼ਾਨ ਭੂਮੀ ਵਿਚ ਮੁਰਦਿਆਂ ਨੂੰ ਸਾੜਦਾ ਸੀ ਤੇ ਚੰਡਾਲ ਵੱਲੋਂ ਹੁਕਮ ਸੀ ਕਿ ਸਵਾ ਰੁਪਇਆ ਲੈ ਕੇ ਫਿਰ ਕਿਸੇ ਨੂੰ ਸਸਕਾਰ ਕਰਨ ਦੇਣਾ।

ਸੋ ਇਸ ਪ੍ਰਕਾਰ ਇਨ੍ਹਾਂ ਨੂੰ ਇਕ ਵਰ੍ਹਾ ਗੁਜ਼ਰ ਗਿਆ, ਉਧਰ ਇਕ ਦਿਨ ਰਾਣੀ ਆਪਣੇ ਪੁੱਤਰ ਦੇ ਸਮੇਤ ਤੁਰੀ ਆਉਂਦੀ ਸੀ। ਉਸਦੇ ਪੁੱਤਰ ਦੇ ਸੱਪ ਲੜ ਗਿਆ ਤੇ ਉਸਦੀ ਮੌਤ ਹੋ ਗਈ। ਇਹ ਵਿਰਲਾਪ

ਕਰਦੀ ਹੋਈ ਪੁੱਤਰ ਦਾ ਸਸਕਾਰ ਕਰਨ ਲਈ ਸ਼ਮਸ਼ਾਨ ਭੂਮੀ ਦੇ ਕੋਲ ਆਈ। ਇਨ੍ਹਾਂ ਦੋਨਾਂ ਨੇ ਇਕ ਦੂਜੇ ਨੂੰ ਪਛਾਣ ਲਿਆ ਤੇ ਚਾਹਿਆ ਕਿ ਆਪਣੇ ਪੁੱਤਰ ਦੀ ਚਿਖਾ 'ਤੇ ਸੜ ਮਰੀਏ। ਪਰ ਰਾਜਾ ਹੌਸਲਾ ਕਰਕੇ ਕਹਿਣ ਲੱਗਾ ਕਿ ਮੇਰੇ ਮਾਲਕ ਦਾ ਹੁਕਮ ਹੈ ਕਿ ਸਵਾ ਰੁਪਇਆ ਲੈ ਕੇ ਫੇਰ ਕਿਸੇ ਨੂੰ ਸਸਕਾਰ ਕਰਨ ਦੇਣਾ, ਮੈਂ ਆਪਣੇ ਮਾਲਕ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦਾ। ਮੈਂ ਆਪਣੇ ਪੁੱਤਰ ਦਾ ਬਿਨਾਂ ਪੈਸਿਆਂ ਦੇ ਸਸਕਾਰ ਵੀ ਨਹੀਂ ਕਰ ਸਕਦਾ। ਰਾਣੀ ਵਿਰਲਾਪ ਕਰਦੀ ਹੋਈ ਸ਼ਮਸ਼ਾਨਘਾਟ ਦੇ ਬਾਹਰ ਆਪਣੇ ਪੁੱਤਰ ਦੀ ਲਾਸ਼ ਲੈ ਕੇ ਬੈਠ ਗਈ, ਰੋਂਦੀ-ਰੋਂਦੀ ਬੇਹੋਸ਼ ਹੋ ਗਈ। ਉਧਰੋਂ ਕੁਝ ਚੋਰ ਜੋ ਰਾਜੇ ਦੇ ਮਹਿਲਾਂ ਵਿੱਚੋਂ ਚੋਰੀ ਕਰਕੇ ਆ ਰਹੇ ਸਨ, ਉਨ੍ਹਾਂ ਨੇ ਸੁੱਖਣਾ ਸੁੱਖੀ ਸੀ ਕਿ ਜੇਕਰ ਚੋਰੀ ਦਾ ਮਾਲ ਬਹੁਤ ਸਾਰਾ ਹੱਥ ਲੱਗੇਗਾ ਤਾਂ ਅਸੀਂ ਮਾਲ ਦਾ ਕੁਝ ਹਿੱਸਾ ਸੰਤਾਂ ਭਗਤਾਂ ਨੂੰ ਦੇ ਦੇਵਾਂਗੇ। ਇਉਂ ਜਦੋਂ ਉਹ ਸ਼ਮਸ਼ਾਨਘਾਟ ਦੇ ਪਾਸ ਆਏ ਤਾਂ ਰਾਣੀ ਨੂੰ ਕੋਈ ਸੰਤਣੀ ਜਾਣ ਕੇ ਉਸਦੇ ਗਲ ਵਿਚ ਇਕ ਹੀਰਿਆਂ ਦਾ ਹਾਰ ਪਾ ਕੇ ਭੱਜ ਗਏ। ਉਧਰੋਂ ਚੋਰਾਂ ਦਾ ਪਿੱਛਾ ਕਰਦੇ-ਕਰਦੇ ਰਾਜੇ ਦੇ ਸਿਪਾਹੀ ਵੀ ਆ ਗਏ। ਉਨ੍ਹਾਂ ਨੇ ਰਾਣੀ ਨੂੰ ਚੋਰਾਂ ਨਾਲ ਰਲੀ ਜਾਣ ਕੇ ਫੜ ਕੇ ਰਾਜੇ ਦੇ ਦਰਬਾਰ ਵਿਚ ਪੇਸ਼ ਕਰ ਦਿੱਤਾ। ਤਦ ਰਾਜੇ ਨੇ ਉਸਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ ਕਿ ਇਸਨੂੰ ਕਤਲ ਕਰ ਦੇਵੋ। ਸਿਪਾਹੀ ਰਾਣੀ ਨੂੰ ਫੜ ਕੇ ਸ਼ਮਸ਼ਾਨਘਾਟ ਲੈ ਆਏ ਤੇ ਚੰਡਾਲ ਨੂੰ ਕਿਹਾ ਕਿ ਰਾਜੇ ਦਾ ਹੁਕਮ ਹੈ ਕਿ ਇਸਦਾ ਕਤਲ ਕਰ ਦਿੱਤਾ ਜਾਵੇ। ਚੰਡਾਲ ਨੇ ਆਪਣੇ ਨੌਕਰ ਰਾਜੇ ਹਰੀਚੰਦ ਨੂੰ ਕਿਹਾ ਕਿ ਇਸਨੂੰ ਕਤਲ ਕਰ ਦੇਵੋ। ਰਾਜੇ ਨੇ ਆਪਣੀ ਰਾਣੀ ਨੂੰ ਜਾਣਦਿਆਂ ਹੋਇਆਂ ਵੀ ਆਪਣੇ ਮਾਲਕ ਦਾ ਹੁਕਮ ਮੰਨ ਕੇ ਉਸਨੂੰ ਮਾਰਨ ਲਈ ਜਦੋਂ ਕਿਰਪਾਨ ਕੱਢੀ, ਤਦ ਉਸ ਵੇਲੇ ਭਗਵਾਨ ਨੇ ਪ੍ਰਗਟ ਹੋ ਕੇ ਹੱਥ ਫੜ ਲਿਆ। ਭਗਵਾਨ ਨੇ ਕਿਹਾ ਕਿ ਹੇ ਰਾਜਨ ਤੇਰਾ ਸਤ (ਦਾਨ) ਪੂਰਾ ਹੋ ਗਿਆ। ਭਗਵਾਨ ਨੇ ਸਾਰਾ ਰਾਜ-ਭਾਗ ਵੀ ਦੇ ਦਿੱਤਾ ਤੇ ਕਿਹਾ ਕਿ ਹੇ ਰਾਜਨ! ਮੰਗ, ਜੋ ਕੁਝ ਮੰਗਣਾ ਹੈ, ਰਾਜਾ ਕਹਿਣ ਲੱਗਾ ਕਿ ਹੇ ਭਗਵਾਨ ਜੀ! ਜੇ ਆਪ ਜੀ ਬਹੁਤ ਪ੍ਰਸੰਨ ਹੋਏ ਹੋ ਤਾਂ ਮੇਰੀ ਸਾਰੀ ਨਗਰੀ ਹੀ ਸਵਰਗ ਨੂੰ ਜਾਵੇ, ਐਸਾ ਵਰਦਾਨ ਬਖ਼ਸ਼ਿਸ਼ ਕਰੋ। ਭਗਵਾਨ ਨੇ ਖ਼ੁਸ਼ ਹੋ ਕੇ ਕਿਹਾ ਕਿ 'ਤਥਾਸਤੂ'। ਏਸੇ ਪ੍ਰਕਾਰ ਹੀ ਹੋਵੇਗਾ। ਜਦੋਂ ਸਵਰਗ ਨੂੰ ਜਾਣ ਲਈ ਬਿਬਾਣ ਚੜ੍ਹਾਅ ਲਏ। ਅਜੇ ਥੋੜ੍ਹਾ ਕੁ ਹੀ ਉੱਪਰ ਗਏ ਕਿ ਗਧਾ ਹੀਂਗ ਪਿਆ। ਹਰੀਚੰਦ ਨੂੰ ਹੰਕਾਰ ਹੋ ਗਿਆ ਤੇ ਸੋਚਦਾ ਹੈ ਕਿ ਹੇ ਹਰੀਚੰਦਾ! ਤੇਰੇ ਜਿਤਨਾ ਦਾਨੀ ਕੌਣ ਹੈ, ਜਿਸਦੇ ਗਧੇ ਵੀ ਸਵਰਗ ਨੂੰ ਚੱਲੇ ਹਨ। ਉਸ ਹੰਕਾਰ ਕਰਕੇ ਇਸਦੀ ਪੁਰੀ ਉਥੇ ਹੀ ਰੁਕ ਗਈ। ਕਈ ਇਸ ਤਰ੍ਹਾਂ ਵੀ ਕਹਿੰਦੇ ਹਨ ਕਿ ਹਰੀਚੰਦ ਆਪਣੀ ਨਗਰੀ ਸਮੇਤ ਸਵਰਗ ਵਿਚ ਚਲਾ ਗਿਆ ਸੀ। ਪਰ ਨਾਰਦ ਮੁਨੀ ਨੇ ਫ਼ਰੇਬ ਨਾਲ ਇਸਦੇ ਮੂੰਹੋਂ ਇਸਦੀ ਉਸਤਤੀ ਕਰਾਈ, ਜਿਸ ਕਰਕੇ ਇਸਦੇ ਪੁੰਨ ਨਾਸ਼ ਹੋਣ ਤੋਂ ਇਸਨੂੰ ਸਵਰਗ ਵਿੱਚੋਂ ਕੱਢ ਦਿੱਤਾ ਗਿਆ। ਜਦ ਇਹ ਸਵਰਗ ਵਿੱਚੋਂ ਡਿੱਗ ਰਿਹਾ ਸੀ ਤਾਂ ਇਸਨੇ ਈਸ਼ਵਰ ਤੋਂ ਆਪਣੀ ਭੁੱਲ ਬਖ਼ਸ਼ਾਈ ਤਾਂ ਬਖ਼ਸ਼ਿਆ ਗਿਆ ਅਤੇ ਹੇਠਾਂ ਨੂੰ ਆਉਂਦਾ ਹੋਇਆ ਉਥੇ ਹੀ ਰੁਕ ਗਿਆ।

ਸੋ ਭਾਵ ਇਹ ਹੈ ਕਿ ਹਰੀਚੰਦ ਵਰਗੇ ਵੱਡੇ ਵੱਡੇ ਰਾਜੇ ਵੀ ਉਸ ਪ੍ਰਭੂ ਦੀ ਅਗਾਧ ਗਤੀ ਨੂੰ ਨਹੀਂ ਪਾ ਸਕੇ ਤੇ ਸਮੇਂ ਦੀ ਕਰਵਟ ਨਾਲ ਮੰਡੀਆਂ ਵਿਚ ਵਿੱਕਣਾ ਪਿਆ ਸੀ।

## ਭਵ ਮਾਹਿ ਅਗਾਧ ਗਤੀ ਤਿਨ ਕੀ;
## ਸਭ ਹਾਰ ਪਰੇ ਗਤਿ ਕੋਇ ਨ ਪਾਏ ॥੩੨॥

ਇਸ ਭਵ = ਸੰਸਾਰ-ਸਮੁੰਦਰ ਦੇ ਮਾਹਿ = ਵਿਚ ਤਿਨ = ਤਿਸ ਪਰਮਾਤਮਾ **ਵਾ** : ਕਰਮਾਂ ਦੀ ਬਹੁਤ ਅਗਾਧ = ਡੂੰਘੀ ਗਤੀ = ਚਾਲ ਹੈ, ਸਭ = ਸਾਰੇ ਲੋਕ ਹਾਰ = ਥੱਕ ਪਏ ਹਨ, ਪਰ ਉਸ ਪ੍ਰਭੂ ਦੀ ਗਤਿ = ਗਤੀ ਨੂੰ ਕੋਈ ਵੀ ਨਹੀਂ ਪਾ ਸਕਿਆ ॥੩੨॥

## ਸ੍ਵੈਯਾ ॥

## ਸੁਰ ਕੇ ਪਤਿ ਕੋ ਗਹਿ ਕੈ ਜਿਹਨੇ; ਮਹਿ ਮੰਡਲ ਮੋ ਗਢ ਲੰਕ ਦਿਖਾਏ ॥

ਹੇ ਭਾਈ ! ਜਿਹਿ = ਜਿਸ ਪ੍ਰਭੂ ਨੇ **ਵਾ**: ਕਰਮਾਂ ਦੀ ਗਤੀ ਨੇ ਸੁਰ = ਦੇਵਤਿਆਂ ਕੈ = ਦੇ ਪਤਿ = ਮਾਲਕ ਇੰਦ੍ਰ ਕੋ = ਨੂੰ ਗਹਿ = ਪਕੜ ਕੇ ਇਸ ਮਹਿ ਮੰਡਲ = ਧਰਤੀ ਦੇ ਮੋ = ਵਿਚ ਲੰਕਾ ਦਾ ਗਢ = ਕਿਲ੍ਹਾ ਦਿਖਾਏ = ਵਿਖਾਉਣਾ ਕੀਤਾ, ਭਾਵ ਸਵਰਗ ਵਿਚ ਰਹਿਣ ਵਾਲੇ ਇੰਦਰ ਨੂੰ ਰਾਵਣ ਨੇ ਜਿੱਤ ਕੇ ਆਪਣੀ ਪੁਰੀ ਲੰਕਾ ਵਿਚ ਲਿਆ ਕੇ ਕੈਦ ਕੀਤਾ ਤੇ ਨੌਕਰਾਂ ਵਾਂਗ ਉਸ ਤੋਂ ਕੰਮ ਕਰਵਾਇਆ।

## ਗਢ ਕੰਚਨ ਸਾਗਰ ਕੀ ਪਰਖਾ; ਤਿਹ ਰਾਵਣ ਕੇ ਦਸ ਮੂੰਡ ਕਟਾਏ ॥

ਜੋ ਰਾਵਣ ਦੀ ਲੰਕਾ ਕੰਚਨ = ਸੋਨੇ ਦਾ ਹੀ ਗਢ = ਕਿਲ੍ਹਾ ਸੀ, ਤੇ ਉਸਦੇ ਉਦਾਲੇ ਸਾਗਰ = ਸਮੁੰਦਰ ਕੀ = ਦੀ ਹੀ ਪਰਖਾ = ਖਾਈ ਸੀ, ਤਿਹ = ਤਿਸ ਰਾਵਣ ਕੇ = ਦੇ ਕਰਮ ਗਤੀ **ਵਾ** : ਪ੍ਰਭੂ ਦੀ ਅਗਾਧ ਗਤੀ ਨੇ ਦਸ = ਦਸੇ ਮੂੰਡ = ਸਿਰ ਕਟਾਏ ਕਟਵਾ ਦਿੱਤੇ। ਜੈਸਾ ਕਿ :

**ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥**
**ਤਿਹ ਰਾਵਨ ਘਰ ਖਬਰਿ ਨ ਪਾਈ ॥੧॥** *(ਆਸਾ ਭਗਤ ਕਬੀਰ ਜੀ, ਅੰਗ ੪੮੧)*

## ਅਬ ਔਰਨ ਬਾਤ ਕਹਾ ਕਹੀਏ; ਹਰਿ ਤਾਤਹਿ ਕੇ ਪਦ ਸੰਗਲ ਪਾਏ ॥

ਅਬ = ਹੁਣ ਮੈਂ ਔਰਨ = ਹੋਰਾਂ ਦੀ ਕਹਾ = ਕੀ ਬਾਤ = ਗੱਲ ਕਹੀਏ = ਕਹਿਣਾ ਕਰਾਂ, ਇਸ ਕਰਮ ਗਤੀ **ਵਾ** : ਪ੍ਰਭੂ ਦੀ ਅਗਾਧ ਗਤੀ ਨੇ ਖ਼ੁਦ ਹਰਿ = ਭਗਵਾਨ ਕ੍ਰਿਸ਼ਨ ਜੀ ਦੇ ਤਾਤਹਿ = ਪਿਤਾ ਵਾਸੂਦੇਵ ਤੇ ਮਾਤਾ ਦੇਵਕੀ ਦੇ ਪਦ = ਪੈਰਾਂ ਨੂੰ ਸੰਗਲ ਪਾਏ = ਪਾ ਦਿੱਤੇ ਸਨ।

ਭਾਵ ਜਦੋਂ ਕੰਸ ਨੇ ਆਪਣੀ ਭੈਣ ਦੇਵਕੀ ਦਾ ਵਾਸੂਦੇਵ ਨਾਲ ਵਿਆਹ ਕਰ ਦਿੱਤਾ ਤੇ ਵਿਦਾ ਕਰਨ ਲਈ ਜਦੋਂ ਨਾਲ ਜਾ ਰਿਹਾ ਸੀ ਤਾਂ ਅਕਾਸ਼ ਬਾਣੀ ਹੋਈ ਕਿ ਤੇਰੀ ਭੈਣ ਦਾ ਅੱਠਵਾਂ ਬੱਚਾ ਤੇਰੀ ਮੌਤ ਦਾ ਕਾਰਨ ਹੋਵੇਗਾ, ਉਹ ਤੈਨੂੰ ਮਾਰਨਾ ਕਰੇਗਾ। ਇਹ ਸੁਣ ਕੇ ਉਸ ਨੇ ਆਪਣੀ ਭੈਣ ਤੇ ਭਣਵੱਈਏ ਨੂੰ ਬਿਨਾਂ ਕੁਝ ਦੱਸੇ ਕੈਦਖ਼ਾਨੇ ਵਿਚ ਸੁੱਟ ਦਿੱਤਾ ਅਤੇ ਹੱਥਾਂ ਵਿਚ ਹਥਕੜੀਆਂ ਤੇ ਪੈਰਾਂ ਨੂੰ ਸੰਗਲ ਪਾ ਦਿੱਤੇ ਕਿ ਕਿਤੇ ਇਹ ਭੱਜ ਨਾ ਜਾਣ।

## ਭਵ ਮਾਹਿ ਅਗਾਧ ਗਤੀ ਤਿਨ ਕੀ;
## ਸਭ ਹਾਰ ਪਰੇ ਗਤਿ ਕੋਇ ਨ ਪਾਏ ॥੩੩॥

ਇਸ ਲਈ ਹੇ ਭਾਈ ! ਇਸ ਭਾਵ = ਸੰਸਾਰ ਦੇ ਮਾਹਿ = ਵਿਚ ਤਿਨ = ਤਿਸ ਪਰਮਾਤਮਾ **ਵਾ** : ਕਰਮਾਂ ਕੀ = ਦੀ ਬਹੁਤ ਅਗਾਧ = ਡੂੰਘੀ ਗਤੀ = ਚਾਲ ਹੈ, ਸਭ = ਸਾਰੇ ਲੋਕ ਥੱਕ ਹਾਰ ਪਏ ਹਨ, ਪਰ ਕੋਈ ਵੀ ਪ੍ਰਭੂ ਦੀ ਗਤਿ = ਗਤੀ ਨੂੰ ਪਾਏ = ਪਾ ਨਹੀਂ ਸਕਿਆ ॥੩੩॥

## ਸ੍ਵੈਯਾ ॥

## ਕ੍ਰਿਤਿ ਪੂਰਬ ਆਹਿ ਸੁਭਾਸੁਭ ਜੋ; ਫਲ ਦੇਵਨ ਕੋ ਜਗ ਭੀਤਰਿ ਆਏ ॥

ਹੇ ਭਾਈ ! ਜੋ = ਜਿਹੜੇ ਪੂਰਬ = ਪੂਰਬਲੇ, ਪਹਿਲੇ ਜਨਮਾਂ ਦੇ ਵਿਚ (ਸੁਭ+ਅਸੁਭ) ਸੁਭ = ਚੰਗੇ ਅਤੇ

ਅਸੁਭ = ਮਾੜੇ ਕਰਮ ਕ੍ਰਿਤਿ = ਕੀਤੇ ਸਨ, ਉਹ ਜੀਵਾਂ ਦੇ ਆਪੋ-ਆਪਣੇ ਕਰਮ ਹੀ ਫਲ ਦੇਵਨ = ਦੇਣ ਵਾਸਤੇ ਜਗ = ਸੰਸਾਰ ਦੇ ਭੀਤਰਿ = ਵਿਚ ਆਏ ਹਨ।

## ਬਲ ਤੇ ਫਲ ਦੇਹ ਸਭੈ ਜਨ ਕੋ; ਜਗ ਨਾਹਿ ਸਕੇ ਤਿਹਿ ਕੋਇ ਮਿਟਾਏ ॥

ਉਹ ਚੰਗੇ ਮੰਦੇ ਕਰਮ ਆਪਣੇ ਬਲ = ਜ਼ੋਰ ਦੇ ਨਾਲ ਸਭੈ = ਸਾਰੇ ਜਨ = ਜੀਵਾਂ ਕੋ = ਨੂੰ ਫਲ ਦੇਹ = ਦੇਂਦੇ ਹਨ, ਉਨ੍ਹਾਂ ਕਰਮਾਂ ਨੂੰ ਇਸ ਜਗ = ਸੰਸਾਰ ਦੇ ਵਿਚ ਕੋਇ = ਕੋਈ ਵੀ ਮਿਟਾਏ = ਮੇਟ ਨਹੀਂ ਸਕਦਾ। ਜੈਸਾ ਕਿ :

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥** *(ਅੰਗ ੯੩੭)*

## ਨਿਸ ਪੇਖਨ ਡੀਲਹਿ ਤਾਰ ਸਮੰ; ਵਸ ਲੋਗਨ ਕੋ ਬਹੁ ਭਾਂਤਿ ਫਿਰਾਏ ॥

ਜਿਵੇਂ ਨਿਸ = ਰਾਤ ਨੂੰ ਡੀਲਹਿ = ਪੁਤਲੀਆਂ ਦਾ ਪੇਖਨ = ਤਮਾਸ਼ਾ ਦੇਖੀਦਾ ਹੈ, ਉਹ ਪੁਤਲੀਆਂ ਤਾਰ ਦੇ ਨਾਲ ਹਿਲਦੀਆਂ ਹਨ ਭਾਵ ਜਿਵੇਂ-ਜਿਵੇਂ ਤਾਰ ਫਿਰਦੀ ਹੈ ਤਿਵੇਂ ਤਿਵੇਂ ਉਹ ਪੁਤਲੀਆਂ ਚੇਸ਼ਟਾ ਕਰਦੀਆਂ ਹਨ, ਉਨ੍ਹਾਂ ਦੇ ਸਮੰ = ਸਮਾਨ ਹੀ ਕਰਮਾਂ ਦੀ ਗਤੀ ਲੋਗਨ = ਲੋਕਾਂ ਨੂੰ ਵਸ = ਅਧੀਨ ਕਰਕੇ ਬਹੁ = ਬਹੁਤ ਤਰ੍ਹਾਂ ਨਾਲ ਫਿਰਾਏ = ਫੇਰ ਰਹੀ ਹੈ।

## ਭਵ ਮਾਹਿ ਅਗਾਧ ਗਤੀ ਤਿਨ ਕੀ;
## ਸਭ ਹਾਰ ਪਰੇ ਗਤਿ ਕੋਇ ਨ ਪਾਏ ॥੩੪॥

ਇਸ ਲਈ ਇਸ ਭਵ = ਸੰਸਾਰ ਮਾਹਿ = ਵਿਚ ਤਿਨ = ਤਿਸ ਪਰਮਾਤਮਾ ਦੀ **ਵਾ** : ਕਰਮਾਂ ਦੀ ਗਤੀ = ਚਾਲ ਬਹੁਤ ਅਗਾਧ = ਡੂੰਘੀ ਹੈ, ਸਭ = ਸਾਰੇ ਜੀਵ ਥੱਕ ਹਾਰ ਪਏ ਹਨ, ਪਰ ਉਸ ਪ੍ਰਭੂ ਦੀ ਗਤਿ = ਗਤੀ ਨੂੰ ਕੋਈ ਵੀ ਨਹੀਂ ਪਾਏ = ਪਾ ਸਕਿਆ ॥੩੪॥

## ਦੋਹਰਾ ॥ ਖੋਟਨ ਕੀ ਸੰਗਤਿ ਕਰੇ; ਕਰੇ ਲੋਭ ਜਨ ਜੋਇ ॥

ਹੇ ਭਾਈ! ਜਿਹੜਾ ਵੀ ਪੁਰਖ ਇਸ ਸੰਸਾਰ ਅੰਦਰ ਖੋਟਨ = ਖੋਟੇ, ਮੂਰਖ ਮਨੁੱਖਾਂ ਕੀ = ਦੀ ਸੰਗਤ ਕਰੇਗਾ ਅਤੇ ਜਿਹੜਾ ਪੁਰਖ ਪਦਾਰਥਾਂ ਆਦਿ ਦਾ ਲੋਭ = ਲਾਲਚ ਕਰੇਗਾ।

## ਸੁਨੋ ਸਕਲ ਸਾਚੀ ਕਹੋਂ; ਦੁਖੀ ਹੋਇ ਜਗ ਸੋਇ ॥੩੫॥

ਹੇ ਭਾਈ! ਸਕਲ = ਸਾਰੇ ਮਨੁੱਖ ਹੀ ਮੇਰੀ ਗੱਲ ਸੁਨੋ = ਸੁਣ ਲਵੋ, ਮੈਂ ਇਹ ਸਾਰੀ = ਸੱਚੀ ਗੱਲ ਕਹੋਂ = ਕਹਿੰਦਾ ਹਾਂ ਕਿ ਉਹ ਮਨੁੱਖ ਇਸ ਜਗ = ਸੰਸਾਰ ਵਿਚ ਬਹੁਤ ਦੁਖੀ ਹੋਇ = ਹੋਵੇਗਾ ॥੩੫॥

## ਸ੍ਵੈਯਾ ॥
## ਤਿਲ ਤੇਲ ਕੇ ਸੰਗ ਲਹੇ ਦੁਖ ਕੋ; ਰਸ ਸੰਗਹਿ ਤੇ ਜਗ ਈਖ ਪਿੜਾਏ ॥

ਹੇ ਭਾਈ! ਸੰਗਹਿ = ਸੰਗਤ ਦਾ ਕੈਸਾ ਪ੍ਰਭਾਵ ਹੁੰਦਾ ਹੈ, ਦੇਖੋ ਤਿਲਾਂ ਨੇ ਤੇਲ ਕੇ = ਦੇ ਸੰਗਿ = ਸਾਥ ਕਰਕੇ ਦੁਖ = ਕਸ਼ਟ ਨੂੰ ਲਹੇ = ਪ੍ਰਾਪਤ ਕੀਤਾ ਭਾਵ ਤਿਲਾਂ ਵਿੱਚੋਂ ਤੇਲ ਕੱਢਣ ਲਈ ਉਨ੍ਹਾਂ ਨੂੰ ਕੋਹਲੂ ਵਿਚ ਪੀੜਿਆ ਜਾਂਦਾ ਹੈ। ਫੇਰ ਰਸ ਦੀ ਸੰਗਤ ਕਰਨ ਨਾਲ ਇਸ ਸੰਸਾਰ ਅੰਦਰ ਲੋਕ ਈਖ = ਗੰਨੇ ਨੂੰ ਪੀੜਾਏ = ਪੀੜਦੇ ਹਨ।

## ਫਲ ਸੰਗਤ ਪਾਦਪ ਈਟ ਸਹੇ; ਅਰੁ ਗੰਧ ਕਿ ਸੰਗਹਿ ਫੂਲ ਤਪਾਏ ॥

ਫਲਾਂ ਦੀ ਸੰਗਤ ਕਰਨ ਨਾਲ ਪਾਦਪ = ਬ੍ਰਿਛ ਈਟ = ਇੱਟਾਂ, ਰੋੜੇ ਸਹੇ = ਸਹਾਰਦਾ ਹੈ ਭਾਵ ਜਿਵੇਂ ਬੇਰੀਆਂ ਨਾਲੋਂ ਬੇਰ ਲਾਹੁਣ ਲਈ ਬੱਚੇ ਵੱਟੇ ਮਾਰ-ਮਾਰ ਬੇਰ ਝਾੜਦੇ ਹਨ। ਫੇਰ ਗੰਧ = ਸੁਗੰਧੀ ਦੀ ਸੰਗਤ ਕਰਨ ਕਰਕੇ ਫੁੱਲ ਤਪਾਏ ਜਾਂਦੇ ਹਨ, ਭਾਵ ਫੁੱਲਾਂ ਵਿੱਚੋਂ ਅਰਕ ਕੱਢਣ ਲਈ ਉਨ੍ਹਾਂ ਨੂੰ ਕੜਾਹਿਆਂ ਵਿਚ ਉਬਾਲਿਆ ਜਾਂਦਾ ਹੈ।

## ਕਰ ਤੰਦੁਲ ਸੰਗਤ ਕੋ ਜਗ ਮੈਂ; ਪੁਨ ਸੀਸ ਬਿਖੈ ਤੁਖ ਮੂਸਲ ਖਾਏ ॥

ਇਸ ਜਗ = ਸੰਸਾਰ ਮੈਂ = ਵਿਚ ਤੰਦੁਲ = ਚੌਲਾਂ ਦੀ ਸੰਗਤ ਨੂੰ ਕਰਨ ਕਰਿ = ਕਰਕੇ ਪੁਨ = ਫੇਰ ਤੁਖ = ਤੁਹ, ਛਿਲਕੇ ਆਪਣੇ ਸੀਸ = ਸਿਰ ਉੱਪਰ ਮੂਸਲ = ਮੋਹਲੇ ਖਾਏ = ਖਾਂਦੇ ਹਨ।

## ਤਿਲ ਈਖ ਸਮੰ ਕਰ ਖੋਟਨ ਸੰਗਤ; ਯਾ ਜਗ ਮੈ ਦੁਖ ਕੌਨ ਨ ਪਾਏ ॥੩੬॥

ਏਸੇ ਤਰੀਕੇ ਨਾਲ ਤਿਲਾਂ ਅਤੇ ਈਖ = ਗੰਨੇ ਦੇ ਸਮੰ = ਸਮਾਨ ਖੋਟਨ = ਖੋਟੇ, ਮੂਰਖ ਮਨੁੱਖਾਂ ਦੀ ਸੰਗਤ ਕਰਨ ਕਰਿ = ਕਰਕੇ ਯਾ = ਇਸ ਜਗ = ਸੰਸਾਰ ਮੈ = ਵਿਚ ਕੌਨ = ਕਿਹੜਾ ਮਨੁੱਖ ਹੈ ਜੋ ਦੁੱਖ ਪ੍ਰਾਪਤ ਨਹੀਂ ਕਰਦਾ, ਭਾਵ ਖੋਟੇ ਮਨੁੱਖਾਂ ਦੀ ਕੁਸੰਗਤ ਕਰਨ ਵਾਲਾ ਹਰੇਕ ਪ੍ਰਾਨੀ ਦੁੱਖ ਪ੍ਰਾਪਤ ਕਰਦਾ ਹੈ॥੩੬॥

ਅੱਗੇ ਦੋ ਸਵੱਈਆਂ ਵਿਚ ਲੋਭ ਦਾ ਪ੍ਰਕਰਣ ਦੱਸਦੇ ਹਨ।

## ਨਾਦ ਕਿ ਲੋਭ ਤਜੇ ਮ੍ਰਿਗ ਪਾਨ; ਸੁ ਬੀਨ ਸੁਨੇ ਅਹਿ ਆਪ ਬੰਧਾਏ ॥

ਨਾਦ = ਘੰਡੇਹੇੜੇ ਦੇ ਸ਼ਬਦ ਦੀ ਆਵਾਜ਼ ਨੂੰ ਸੁਣ ਕੇ ਉਸਦੇ ਲੋਭ = ਲਾਲਚ ਕਾਰਨ ਮ੍ਰਿਗ = ਹਿਰਨ ਆਪਣੇ ਪ੍ਰਾਨ ਤਜੇ = ਤਿਆਗ ਦੇਂਦਾ ਹੈ। ਸੋ ਫੇਰ ਬੀਨ ਦੀ ਆਵਾਜ਼ ਨੂੰ ਸੁਣਨ ਦੇ ਲੋਭ ਵਿਚ ਅਹਿ = ਸੱਪ ਆਪਣੇ ਆਪ ਨੂੰ ਬੰਧਾਏ = ਬੰਨ੍ਹਾ ਲੈਂਦਾ ਹੈ।

## ਮੀਨ ਸੁ ਤਯਾਗ ਅਗਾਧ ਜਲੰ; ਉਰ ਲੋਭ ਲਗੇ ਗਲ ਲੋਹ ਫਹਾਏ ॥

ਜੋ ਮੀਨ = ਮੱਛੀ ਹੈ ਸੁ = ਉਹ ਦਰਿਆ ਆਦਿ ਦੇ ਅਗਾਧ = ਡੂੰਘੇ ਜਲੰ = ਪਾਣੀ ਨੂੰ ਤਯਾਗ = ਛੱਡ ਕੇ ਆਪਣੇ ਮਨ ਵਿਚ ਮਾਸ ਆਦਿ ਦੀ ਬੋਟੀ ਦੇ ਲੋਭ = ਲਾਲਚ ਲੱਗਣ ਕਰਕੇ ਆਪਣੇ ਗਲ = ਗਲੇ ਵਿਚ ਲੋਹ = ਲੋਹੇ ਦੀ ਕੁੰਡੀ ਫਹਾਏ = ਫਸਾ ਲੈਂਦੀ ਹੈ।

## ਕਾਗਦ ਕੀ ਪੁਤਰੀ ਕਰਣੀ, ਵਸ ਮੱਤ ਗਇੰਦ ਸੁ ਅੰਕਸ ਖਾਏ ॥

ਕਾਗਦ = ਕਾਗ਼ਜ਼ਾਂ ਕੀ = ਦੀ ਬਣੀ ਹੋਈ ਕਰਣੀ = ਹਥਨੀ ਦੀ ਪੁਤਰੀ = ਪੁਤਲੀ ਦੇਖ ਕੇ ਗਇੰਦ = ਹਾਥੀ ਕਾਮ ਵਾਸ਼ਨਾ ਦੇ ਵਿਚ ਮਤ = ਮਸਤ ਹੋਇਆ ਉਸਦੇ ਵਸਿ = ਅਧੀਨ ਹੋ ਜਾਂਦਾ ਹੈ। ਫੇਰ ਉਹ ਸਾਰੀ ਜ਼ਿੰਦਗੀ ਮਹਾਵਤਾਂ ਕੋਲੋਂ ਸਿਰ ਵਿਚ ਅੰਕਸ = ਕੁੰਡੇ ਖਾਏ = ਖਾਂਦਾ ਰਹਿੰਦਾ ਹੈ, ਭਾਵ ਹਾਥੀ ਨੂੰ ਪਕੜਨ ਵਾਲੇ ਲੋਕ ਜੰਗਲ ਵਿਚ ਇਕ ਡੂੰਘਾ ਟੋਆ ਪੁੱਟ ਕੇ ਉਸਨੂੰ ਘਾਹ, ਕਾਨਿਆਂ ਆਦਿ ਨਾਲ ਢੱਕ ਕੇ ਉੱਪਰ ਕਲਬੂਤ ਭਾਵ ਕਾਗ਼ਜ਼ਾਂ ਦੀ ਹਥਨੀ ਬਣਾ ਕੇ ਖੜੀ ਕਰ ਦਿੰਦੇ ਹਨ, ਤਦ ਕਾਮ ਵਿਚ ਮਸਤ ਹੋਇਆ ਹਾਥੀ ਜਦੋਂ ਉਸ ਨਾਲ ਸਪਰਸ਼ ਕਰਨ ਲਈ ਆਉਂਦਾ ਹੈ, ਤਦ ਉਹ ਟੋਏ ਵਿਚ ਡਿੱਗ ਪੈਂਦਾ ਹੈ। ਫੇਰ ਉਹ ਲੋਕ ਉਸ ਨੂੰ ਕਈ ਦਿਨ ਭੁੱਖਾ ਰੱਖ ਕੇ, ਕੁੰਡੇ ਮਾਰ ਮਾਰ ਕੇ ਉਸਨੂੰ ਆਪਣੀ ਭਾਸ਼ਾ ਸਿਖਾ ਕੇ ਆਪਣੇ ਅਧੀਨ ਕਰ ਲੈਂਦੇ ਹਨ। ਜੈਸਾ ਕਿ :

**ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸ ॥੧॥**

*(ਗਉੜੀ ਕਬੀਰ ਜੀ, ਅੰਗ ੩੩੫)*

## ਯਾ ਭਵ ਮੰਡਲ ਮਾਹਿ ਸੁਨੋ; ਉਰ ਲੋਭ ਕਰੇ ਦੁਖ ਕੌਨ ਨ ਪਾਏ ॥੩੭॥

ਹੇ ਭਾਈ ! ਸੁਨੋ = ਸੁਣਨਾ ਕਰੋ ਯਾ = ਇਸ ਭਵ ਮੰਡਲ = ਸੰਸਾਰ ਦੇ ਮਾਹਿ = ਵਿਚ ਜਿਨ੍ਹਾਂ ਮਨੁੱਖਾਂ ਨੇ ਵੀ ਆਪਣੇ ਉਰ = ਹਿਰਦੇ ਵਿਚ ਲੋਭ = ਲਾਲਚ ਕਰੇ = ਕੀਤਾ ਹੈ, ਦੱਸੋ ਉਨ੍ਹਾਂ ਵਿੱਚੋਂ ਅਜਿਹਾ ਕੌਣ ਹੈ ਜਿਸਨੇ ਦੁੱਖ ਪ੍ਰਾਪਤ ਨਹੀਂ ਕੀਤਾ, ਭਾਵ ਲਾਲਚੀ ਜੀਵ ਨੂੰ ਦੁੱਖ ਜ਼ਰੂਰ ਪ੍ਰਾਪਤ ਹੁੰਦਾ ਹੈ ॥੩੭॥

## ਸ੍ਵੈਯਾ ॥

## ਗੀਝਨ ਮਾਸ ਗਹੇ ਮੁਖ ਮੈਂ; ਪੁਨ ਝੁੰਡਨ ਤੇ ਨਿਜ ਮੁੰਡ ਕਟਾਏ ॥

ਗੀਝਨ = ਗਿਲਝ ਮੁਰਦਾਰ ਦੇ ਮਾਸ ਦੇ ਲੋਭ ਵਿਚ ਆ ਕੇ ਉਸਨੂੰ ਆਪਣੇ ਮੁਖ = ਮੂੰਹ (ਚੁੰਝ) ਵਿਚ ਗਹੇ = ਪਕੜਦੀ ਹੈ, ਪੁਨ = ਫੇਰ ਗਿਲਝਾਂ ਦੇ ਝੁੰਡਨ = ਝੁੰਡ ਤੇ = ਤੋਂ ਨਿਜ = ਆਪਣਾ ਮੁੰਡ = ਸਿਰ ਕਟਾਏ = ਕਟਵਾਉਂਦੀ ਹੈ, ਭਾਵ ਮਾਸ ਦੇ ਲਾਲਚ ਵਿਚ ਆ ਜਦੋਂ ਗਿਲਝ ਮਾਸ ਦੀ ਬੋਟੀ ਨੂੰ ਤੋੜ ਕੇ ਮੂੰਹ ਵਿਚ ਪਾਉਂਦੀ ਹੈ ਤਾਂ ਬਾਕੀ ਦੀਆਂ ਗਿਲਝਾਂ ਉਸ ਕੋਲੋਂ ਮਾਸ ਖੋਹਣ ਲਈ ਉਸਦੇ ਮਗਰ ਪੈ ਜਾਂਦੀਆਂ ਹਨ ਅਤੇ ਸਿਰ ਵਿਚ ਚੁੰਝਾਂ ਮਾਰ-ਮਾਰ ਕੇ ਉਸਨੂੰ ਦੁੱਖ ਦੇਂਦੀਆਂ ਹਨ।

ਦੱਤਾ ਤ੍ਰੇ ਨੇ ਇਸ ਗਿਲਝ ਨੂੰ ਵੀ ਆਪਣਾ ਗੁਰੂ ਬਣਾਇਆ ਹੈ ਕਿ ਜਦੋਂ ਗਿਲਝ ਨੇ ਦੁਖੀ ਹੋ ਮਾਸ ਦੀ ਬੋਟੀ ਤਿਆਗ ਦਿੱਤੀ, ਤਦੋਂ ਉਹ ਬਾਕੀ ਦੀਆਂ ਗਿਲਝਾਂ ਉਸ ਮਾਸ ਦੇ ਮਗਰ ਪੈ ਗਈਆਂ ਤੇ ਉਹ ਆਪ ਸੁਖੀ ਹੋਈ। ਦੱਤਾ ਤ੍ਰੇ ਨੇ ਆਖਿਆ ਕਿ ਜਿਤਨਾ ਚਿਰ ਇਸਨੇ ਕਿਸੇ ਚੀਜ਼ ਦੀ ਪਕੜ ਰੱਖੀ, ਉਤਨਾ ਚਿਰ ਇਸਨੂੰ ਦੁੱਖ ਮਿਲਦਾ ਰਿਹਾ, ਜਦੋਂ ਇਸਨੇ ਤਿਆਗ ਦਿੱਤੀ ਤਦੋਂ ਇਸਨੂੰ ਸੁੱਖ ਪ੍ਰਾਪਤ ਹੋਇਆ। ਇਸ ਲਈ ਤਿਆਗ ਵਿਚ ਹੀ ਸੁੱਖ ਹੈ, ਇਉਂ ਉਸਨੂੰ ਆਪਣਾ ਗੁਰੂ ਮੰਨਿਆ ਦੱਤਾ ਤ੍ਰੇ ਇਸ ਤਰ੍ਹਾਂ ਚੌਥੀ ਗੁਰੂ ਧਾਰਨ ਕੀਤੇ ਸੀ, ਜਿਥੋਂ ਉਸ ਨੂੰ ਜੀਵਨ ਵਿਚ ਸਿੱਖਿਆ ਮਿਲਦੀ ਰਹੀ, ਤੇ ਉਹਨਾਂ ਨੂੰ ਗੁਰੂ ਮੰਨਦਾ ਰਿਹਾ।

## ਭ੍ਰਿੰਗ ਬਲੀ ਪਿਖ ਕੰਜ ਪ੍ਰਭਾ; ਉਰ ਲੋਭ ਲਗੇ ਤਿਹਿ ਮਾਹਿ ਬੰਧਾਏ ॥

ਭ੍ਰਿੰਗ = ਭੌਰਾ ਆਪਣੇ ਆਪ ਵਿਚ ਬਹੁਤ ਬਲੀ = ਬਲ ਵਾਲਾ ਜੀਵ ਹੈ, ਭਾਵ ਮੋਟੀ ਤੋਂ ਮੋਟੀ ਲੱਕੜ ਵਿਚ ਛੇਕ ਕਰਕੇ ਨਿਕਲ ਜਾਂਦਾ ਹੈ ਪਰ ਉਹ ਭੌਰਾ ਜਦੋਂ ਕੰਜ = ਕਮਲ ਦੀ ਪ੍ਰਭਾ = ਸੋਭਾ ਨੂੰ ਪਿਖਿ = ਵੇਖਦਾ ਹੈ, ਤਦ ਉਸਦੇ ਉਰ = ਮਨ ਅੰਦਰ ਲੋਭ = ਲਾਲਚ ਲਗੇ = ਲੱਗ ਆਉਂਦਾ ਹੈ ਅਤੇ ਉਸਦੀ ਸੁਗੰਧੀ ਵਿਚ ਮਗਨ ਹੋਇਆ ਉਸਦੇ ਮਾਹਿ = ਵਿਚ ਹੀ ਆਪਣੇ ਆਪ ਨੂੰ ਬੰਧਾਏ = ਕੈਦ ਕਰਵਾ ਲੈਂਦਾ ਹੈ, ਭਾਵ ਕਮਲ ਦੀ ਸੁਗੰਧੀ ਵਿਚ ਮਸਤ ਹੋਇਆ ਭੌਰਾ ਰਾਤ ਨੂੰ ਕਮਲ ਦੇ ਬੰਦ ਹੋਣ ਨਾਲ ਉਸਦੇ ਵਿਚ ਹੀ ਬੰਦ ਹੋ ਜਾਂਦਾ ਹੈ ਤੇ ਸਵੇਰ ਵੇਲੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਗਾਂਧੀ ਲੋਕ ਉਹ ਫੁੱਲ ਤੋੜ ਕੇ ਲੈ ਜਾਂਦੇ ਹਨ ਤੇ ਕੜਾਹਿਆਂ ਵਿਚ ਪਾ ਕੇ ਉਸ ਦਾ ਵੀ ਨਾਲ ਹੀ ਅਰਕ ਕੱਢ ਲੈਂਦੇ ਹਨ, ਇਉਂ ਭੌਰਾ ਉਨ੍ਹਾਂ ਫੁੱਲਾਂ ਦੇ ਨਾਲ ਆਪਣਾ ਆਪ ਖ਼ਤਮ ਕਰਵਾ ਲੈਂਦੇ ਹੈ।

## ਰੂਪ ਕੇ ਲੋਭ ਪਤੰਗ ਦਹੇ; ਅਰੁ ਚੋਗ ਕਿ ਲੋਭ, ਬਿਹੰਗ ਫਹਾਏ ॥

ਰੂਪ = ਅੱਗ ਦੇ ਸਰੂਪ ਨੂੰ ਦੇਖ ਕੇ ਉਸਦੇ ਲੋਭ = ਲਾਲਚ ਵਿਚ ਪਤੰਗ = ਪਰਵਾਨਾ ਆਪਣੇ ਆਪ ਨੂੰ ਦਹੇ = ਸਾੜ ਬੈਠਦਾ ਹੈ, ਅਰੁ = ਅਤੇ ਚੋਗ = ਚੋਗੇ ਦੇ ਲੋਭ = ਲਾਲਚ ਵਿਚ ਬਿਹੰਗ = ਪੰਛੀ ਆਪਣੇ ਆਪ ਨੂੰ ਫਹਾਏ = ਫਸਾ ਲੈਂਦੇ ਹਨ।

ਜਿਵੇਂ ਇਕ ਛੋਟਾ ਜਿਹਾ ਪ੍ਰਸੰਗ ਆਉਂਦਾ ਹੈ ਕਿ ਇਕ ਛੋਟਾ ਜਿਹਾ ਕਬੂਤਰ ਦਾ ਬੱਚਾ ਜੰਗਲ ਵਿਚ ਸੰਤਾਂ ਦੀ ਕੁਟੀਆ ਦੇ ਪਾਸ ਰਹਿੰਦਾ ਸੀ, ਸੰਤਾਂ ਨੇ ਉਸਨੂੰ ਚੋਗਾ ਪਾਉਣਾ ਸ਼ੁਰੂ ਕਰ ਦਿੱਤਾ, ਉਹ ਬੱਚਾ ਹੌਲੀ-ਹੌਲੀ ਵੱਡਾ ਹੋ ਗਿਆ। ਸੰਤ ਜਿਤਨਾ ਚਿਰ ਵੀ ਭਜਨ ਕੀਰਤਨ ਕਰਿਆ ਕਰਨ, ਉਹ ਉਤਨੀ ਦੇਰ ਤਕ ਸੁਣਦਾ ਰਿਹਾ ਕਰੇ। ਇਕ ਦਿਨ ਉਸ ਕਬੂਤਰ ਦਾ ਕਿਸੇ ਕਬੂਤਰੀ ਨਾਲ ਮਿਲਾਪ ਹੋ ਗਿਆ, ਦੋਹਾਂ ਦੇ ਸੰਬੰਧ ਕਰਕੇ, ਇਨ੍ਹਾਂ ਦੇ ਬੱਚੇ ਹੋ ਗਏ। ਇਕ ਦਿਨ ਕਬੂਤਰ ਆਪ ਕਿਤੇ ਬਾਹਰ ਦਾਨਾ ਚੁਗਣ ਗਿਆ ਹੋਇਆ ਸੀ, ਮਗਰੋਂ ਇਕ ਫੰਧਕ ਨੇ ਉਸਦੇ ਬੱਚੇ ਤੇ ਘਰਵਾਲੀ ਨੂੰ ਚੋਗੇ ਦਾ ਲਾਲਚ ਦੇ ਕੇ ਜਾਲ ਵਿਚ ਫਸਾ ਲਿਆ, ਉਧਰੋਂ ਉਹ ਕਬੂਤਰ ਵੀ ਆ ਗਿਆ ਤੇ ਆਪਣੇ ਬੱਚਿਆਂ ਨੂੰ ਜਾਲ ਵਿਚ ਫਸਿਆ ਦੇਖ ਕੇ ਮੋਹ ਦਾ ਮਾਰਿਆ ਆਪ ਵੀ ਜਾਲ ਵਿਚ ਜਾ ਫਸਿਆ। ਜਾਲ ਵਿਚ ਫਸਿਆ ਹੋਇਆ ਇਹ ਚਿਤਵਨੀ ਕਰਨ ਲੱਗ ਪਿਆ ਕਿ ਕਿਹੜੇ ਖੇਤ ਵਿਚ ਕਿਸ ਨੇ ਕਪਾਹ ਬੀਜੀ ਸੀ ? ਕਿਸ ਨੇ ਸੂਤ ਕੱਤਿਆ ਸੀ ? ਅਤੇ ਕਿਸ ਨੇ ਜਾਲ ਬਣਾਇਆ ਸੀ ? ਜਿਸ ਵਿਚ ਅਸੀਂ ਫਸੇ ਹੋਏ ਹਾਂ। ਕਬੂਤਰ ਅਜੇ ਇਨ੍ਹਾਂ ਹੀ ਸੋਚਾਂ ਵਿਚ ਸੀ ਕਿ ਇਤਨੇ ਚਿਰ ਨੂੰ ਫੰਧਕ ਨੇ ਉਨ੍ਹਾਂ ਨੂੰ ਮਾਰ ਲਿਆ। ਸੋ ਇਸ ਪ੍ਰਕਾਰ ਚੋਗੇ ਦੇ ਲਾਲਚ ਕਾਰਨ ਪੰਛੀ ਆਪਣੇ ਆਪ ਨੂੰ ਜਾਲ ਵਿਚ ਫਸਾ ਲੈਂਦੇ ਹਨ। ਜੈਸਾ ਕਿ :

**ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ ॥**

*(ਬਿਹਾਗੜਾ ਮ: ੪, ਅੰਗ ੫੩੮)*

## ਯਾ ਭਵ ਮੰਡਲ ਮਾਹਿ ਸੁਨੋ; ਉਰ ਲੋਭ ਜਗੇ, ਦੁਖੁ ਕੌਨ ਨ ਪਾਏ ॥੩੮॥

ਹੇ ਭਾਈ ! ਮੇਰੀ ਇਸ ਗੱਲ ਨੂੰ ਸੁਨੋ = ਸੁਣਨਾ ਕਰੋ, ਕਿ ਇਸ ਭਵਮੰਡਲ = ਸੰਸਾਰ ਦੇ ਮਾਹਿ = ਵਿਚ ਜਿਨ੍ਹਾਂ ਮਨੁੱਖਾਂ ਦੇ ਉਰ = ਹਿਰਦੇ ਅੰਦਰ ਵੀ ਲੋਭ = ਲਾਲਚ ਜਗੇ = ਜਾਗਿਆ, ਉਨ੍ਹਾਂ ਵਿੱਚੋਂ ਅਜਿਹਾ ਕੌਣ ਹੈ ਜਿਸ ਨੇ ਦੁੱਖ ਪ੍ਰਾਪਤ ਨਹੀਂ ਕੀਤਾ, ਭਾਵ ਜਿਸਦੇ ਅੰਦਰ ਲਾਲਚ ਜਾਗਿਆ ਹੈ, ਉਸ ਨੇ ਜ਼ਰੂਰ ਦੁਖ ਪਾਉਣਾ ਕੀਤਾ ਹੈ ॥੩੮॥

## ਸ੍ਵੈਯਾ ॥

## ਬਿਧਿ ਮਾਨਵ ਦੇਹ ਰਚੀ ਜਗ ਮੈਂ; ਇਹਿ ਤੇ ਸਭ ਲੋਗਨ ਕੋ ਹਿਤ ਹੋਈ ॥

ਬਿਧਿ = ਫਲ ਪ੍ਰਦਾਤੇ ਪ੍ਰਭੂ ਨੇ ਇਸ ਜਗ = ਸੰਸਾਰ ਦੇ ਮੈਂ = ਵਿਚ ਮਾਨਵ = ਮਨੁੱਖਾ ਦੇਹੀ ਰਚੀ = ਰਚਨਾ ਕੀਤੀ ਹੈ ਕਿ ਇਹਿ = ਇਸ ਦੇ ਕਰਕੇ ਸਭ = ਸਾਰੇ ਲੋਗਨ = ਲੋਕਾਂ ਕੋ = ਦਾ ਹਿਤ = ਭਲਾ ਹੋਈ = ਹੋਵੇਗਾ, ਭਾਵ ਇਸ ਦੇਹੀ ਅੰਦਰ ਜੀਵ ਬਾਕੀ ਦੀਆਂ ਜੂਨੀਆਂ ਦੇ ਜੀਵਾਂ ਦਾ ਵੀ ਭਲਾ ਕਰਿਆ ਕਰਨਗੇ।

## ਇਨ ਮੈਂ ਸੁਭ ਸਾਧਨ ਕੋ ਕਰਕੈ; ਜਗ ਕੀ ਪਦਵੀ ਨਹਿੰ ਹੇਰਤ ਕੋਈ ॥

ਇਨ = ਇਨ੍ਹਾਂ ਮਨੁੱਖਾ ਦੇਹਾਂ ਦੇ ਮੈਂ = ਵਿਚ ਜੀ ਸੁਭ = ਸ੍ਰੇਸ਼ਟ ਸਾਧਨਾ ਕੋ = ਨੂੰ ਕਰਕੇ ਮੁਕਤ ਹੋਈ ਜਾਣ ਲੱਗ ਪਏ ਅਤੇ ਜਗ = ਸੰਸਾਰ ਕੀ = ਦੀ ਜੰਮਣ ਮਰਨ ਰੂਪ ਪਦਵੀ ਵੱਲ ਕੋਈ ਵੀ ਹੇਰਤ = ਦੇਖਦਾ ਨਹਿੰ = ਨਹੀਂ ਸੀ।

## ਜਗ ਨਾਹਿ ਰਹੇ ਯਹਿ ਸੰਕ ਭਈ; ਪੁਨ ਭੂਖ ਪਯਾਸ ਰਚੇ ਬਿਧਿ ਦੋਈ ॥

ਉਸ ਸਮੇਂ ਬ੍ਰਹਮਾ ਨੂੰ ਯਹਿ = ਇਹ ਸੰਕ = ਸ਼ੰਕਾ ਭਈ = ਹੋ ਗਈ ਕਿ ਇਸ ਤਰੀਕੇ ਨਾਲ ਤਾਂ ਸਾਰੇ

ਸ਼ੁਭ ਸਾਧਨ ਕਰਕੇ ਮੁਕਤ ਹੋਈ ਜਾਣਗੇ ਅਤੇ ਇਹ ਜਗ = ਸੰਸਾਰ ਹੀ ਨਾਹਿ = ਨਹੀਂ ਰਹੇ = ਰਹੇਗਾ, ਫੇਰ ਉਸ ਬਿਧਿ = ਬਿਧਾਤੇ ਨੇ ਦੋਈ = ਦੋ ਭੂਖ = ਭੁੱਖ ਅਤੇ ਪਿਆਸ ਨੂੰ ਰਚੇ = ਰਚ, ਬਣਾ ਦਿੱਤਾ।

## ਜਿਸ ਤੇ ਸਭ ਸਾਧਨ ਧੂਰ ਮਿਲੇ; ਦੁਖ ਦੋਇ ਨਿਵਾਰਣ ਦੌਰਤ ਲੋਈ ॥੩੯॥

ਜਿਸ ਭੁੱਖ ਅਤੇ ਪਿਆਸ ਦੇ ਕਾਰਨ ਮਨੁੱਖਾਂ ਦੇ ਸਭ = ਸਾਰੇ (ਸਤ, ਸੰਤੋਖ, ਦਇਆ, ਧਰਮ ਆਦਿ) ਸ੍ਰੇਸ਼ਟ ਸਾਧਨ ਧੂਰ = ਮਿੱਟੀ ਵਿਚ ਮਿਲੇ = ਮਿਲ ਗਏ ਕਿਉਂਕਿ ਫੇਰ ਸਾਰੇ ਲੋਈ = ਲੋਕ ਇਨ੍ਹਾਂ ਦੋਈ = ਦੋਵੇਂ ਦੁੱਖਾਂ ਨੂੰ ਨਿਵਾਰਣ = ਦੂਰ ਕਰਨ ਲਈ ਏਧਰ-ਉਧਰ ਦੌਰਤ = ਦੌੜਨ ਲੱਗ ਪਏ ॥੩੯॥ ਜੈਸਾ ਕਿ :

**ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥** *(ਵਾਰ ਮਾਝ ਕੀ, ਮ: ੧, ਅੰਗ ੧੪੬)*

## ਸ੍ਵੈਯਾ ॥

## ਰੇ ਮਨ ਜੋ ਫਲ ਤੋਹਿ ਰਚਯੋ ਬਿਧਿ; ਪਾਵਹਿਗੋ ਤਜ ਸੰਕ ਪਿਸਾਚੀ ॥

ਰੇ = ਹੇ ਮੇਰੇ ਮਨਾਂ ! ਜੋ = ਜਿਹੜਾ ਸੁੱਖ ਜਾਂ ਦੁੱਖ ਰੂਪ ਫਲ ਬਿਧਾਤੇ ਨੇ ਤੋਹਿ = ਤੇਰੇ ਲਈ ਰਚਯੋ = ਰਚਨਾ ਕੀਤਾ ਹੈ, ਉਹ ਤੂੰ ਹੀ ਪਾਵਹਿਗੋ = ਪਾਉਣਾ ਕਰੇਗਾ, ਇਸ ਲਈ ਸੰਕ = ਸ਼ੰਕਾ ਰੂਪੀ ਪਿਸਾਚੀ = ਡਾਇਣ ਨੂੰ ਤਜਿ = ਤਿਆਗ ਦੇਣਾ ਕਰ।

## ਨਹਿ ਲਹੇ ਤਿਹਿ ਕੋ ਨਰ ਔਰ; ਸੁ ਦੌਰਨ ਮੈਂ ਮਤਿ ਕਾ ਹਿਤ ਰਾਚੀ ॥

ਤੇਰੇ ਲੇਖਾਂ ਵਿਚ ਲਿਖੇ ਉਨ੍ਹਾਂ ਸੁੱਖਾਂ ਅਤੇ ਦੁੱਖਾਂ ਨੂੰ ਔਰ = ਹੋਰ ਕੋਈ ਨਰ = ਮਨੁੱਖ ਨਹੀਂ ਲਹੇ = ਪ੍ਰਾਪਤ ਕਰ ਸਕਦਾ, ਸੋ ਤੂੰ ਵਿਅਰਥ ਏਧਰ-ਉਧਰ ਦੌੜਨ ਦੇ ਮੈਂ = ਵਿਚ ਕਾ = ਕਿਸ ਹਿਤ = ਵਾਸਤੇ ਆਪਣੀ ਮਤਿ = ਬੁੱਧੀ ਰਾਚੀ = ਰਚਾਈ ਹੋਈ ਹੈ।

## ਯੌਂ ਜੁਗ ਤੇ ਜੁਗ ਔਰਹਿ ਹੋਹਿ; ਸੁ ਤੋ ਫਲ ਤੋਹਿ ਮਿਲੇ ਬਿਧਿ ਸਾਚੀ ॥

ਯੌਂ = ਜੇਕਰ ਇਸ ਜੁਗ ਤੇ = ਤੋਂ ਬਦਲ ਔਰਹਿ = ਹੋਰ ਵੀ ਅਨੇਕਾਂ ਜੁਗ ਹੋਹਿ = ਹੋ ਜਾਣ ਸੁ ਤਾਂ ਵੀ ਉਹ ਤੇਰੇ ਕਰਮਾਂ ਦਾ ਲਿਖਿਆ ਫਲ ਤੋਹਿ = ਤੈਨੂੰ ਹੀ ਮਿਲੇਗਾ, ਜਿਵੇਂ ਅਹੱਲਿਆ ਦੇ ਕਰਮ ਦਾ ਫਲ ਭੁਗਤਾਉਣ ਲਈ ਦੁਆਪਰ ਤੋਂ ਪਹਿਲਾਂ ਤ੍ਰੇਤਾ ਯੁੱਗ ਵਿਚ ਉਸਦਾ ਉਧਾਰ ਰਾਮ ਜੀ ਨੇ ਕੀਤਾ ਸੀ। ਇਸ ਕਰਕੇ ਤੇਰੇ ਕਰਮਾਂ ਦਾ ਫਲ ਤੈਨੂੰ ਹੀ ਆ ਕੇ ਮਿਲੇਗਾ, ਇਹ ਸਾਚੀ = ਸੱਚਾ ਵਿਧੀ ਵਿਧਾਨ ਤੈਨੂੰ ਦੱਸਿਆ ਹੈ।

## ਹੋਇ ਪ੍ਰਸੰਨ ਸੁ ਰਾਮ ਭਜੋ; ਇਤ ਤੇ ਉਤ ਦੌਰਨ ਮੈਂ ਮਤਿ ਕਾਚੀ ॥੪੦॥

ਇਸ ਲਈ ਹੇ ਮਨਾਂ! ਤੂੰ ਪ੍ਰਸੰਨ = ਖ਼ੁਸ਼ ਹੋਇ = ਹੋ ਕਰਕੇ ਰਾਮ = ਪਰਮਾਤਮਾ ਦੇ ਨਾਮ ਨੂੰ ਭਜੋ = ਸਿਮਰਨਾ ਕਰ। ਜੈਸਾ ਕਿ :

**ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ ॥** *(ਸਿਰੀਰਾਗੁ ਮ: ੫, ਪੰਨਾ ੪੮)*

ਕਿਉਂਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ ਇਤ = ਏਧਰ ਤੇ = ਤੋਂ ਉਤ = ਉੱਧਰ ਦੌਰਨ = ਦੌੜਨ ਮੈਂ = ਵਿਚ ਭਟਕਣ ਵਾਲੀ ਮਤਿ = ਬੁੱਧੀ ਕਾਚੀ = ਕੱਚੀ ਹੈ, ਭਾਵ ਨਾਮ ਛੱਡ ਕੇ ਮਾਇਆ ਦੀ ਪ੍ਰਾਪਤੀ ਲਈ

ਦੇਸ਼ਾਂ ਦੇਸ਼ਾਤ੍ਰਾਂ ਵਿਚ ਭਟਕਣ ਨਾਲ ਕੁਝ ਵੀ ਪਰਮਾਰਥੀ ਲਾਭ ਨਹੀਂ ਹੋਵੇਗਾ, ਜੋ ਸਾਡੇ ਕਰਮਾਂ ਵਿਚ ਲਿਖਿਆ ਹੋਇਆ ਹੈ ਉਹ ਜ਼ਰੂਰ ਮਿਲ ਹੀ ਜਾਣਾ ਹੈ। ਇਸ ਲਈ ਸਦਾ ਪਰਮਾਤਮਾ ਦਾ ਨਾਮ ਸਿਮਰਨਾ ਕਰ॥੪੦॥

ਅਗਲੇ ਸਵੱਈਏ ਵਿਚ ਜੀਵ ਦੇ ਸੰਬੰਧੀ ਆਦਿ ਨੂੰ ਸਵਾਰਥੀ ਕਥਨ ਕਰਦੇ ਹਨ।

## ਸ੍ਵੈਯਾ॥

## ਜਿਹ ਲੋਗਨ ਕੇ ਹਿਤ ਪਾਪ ਕਰੇ; ਮਨ ਤੇ ਨਹਿ ਤੇ ਕੁਛ ਕਾਜ ਸਵਾਰੇ॥

ਹੇ ਜੀਵ! ਜਿਹ = ਜਿਨ੍ਹਾਂ ਲੋਗਨ = ਲੋਕਾਂ ਕੇ = ਦੇ ਹਿਤ = ਵਾਸਤੇ ਤੂੰ ਪਾਪ = ਮੰਦ ਕਰਮ ਕਰੇ = ਕਰਦਾ ਹੈਂ, ਹੇ ਮਨ = ਪਿਆਰੇ! ਤੇ = ਉਹ ਲੋਕ ਤੇ = ਤੇਰਾ ਕੁਛ = ਕੁਝ ਵੀ ਲੋਕ-ਪ੍ਰਲੋਕ ਦਾ ਕਾਜ = ਕਾਰਜ ਨਹੀਂ ਸਵਾਰੇ = ਸੰਵਾਰਨਗੇ।

## ਜਬ ਲੌ ਤਵ ਤੇ ਸੁਖ ਹੇਰਤ ਹੈਂ; ਤਬ ਹੀ ਮੁਖ ਮਾਹਿ ਪੁਕਾਰਤ ਥਾਰੇ॥

ਜੇ ਜੀਵ! ਜਬ = ਜਦੋਂ ਲੌ = ਤਕ ਉਹ ਸੰਬੰਧੀ ਆਦਿ ਲੋਕ ਤਵ = ਤੇਰੇ ਕੋਲੋਂ ਸੁਖ ਹੇਰਤ = ਦੇਖਦੇ ਹਨ, ਤਬ = ਤਦੋਂ ਤਕ ਹੀ ਉਹ ਆਪਣੇ ਮੁਖ ਵਿੱਚੋਂ ਪੁਕਾਰਤ = ਪੁਕਾਰ ਕੇ ਕਹਿੰਦੇ ਹਨ ਕਿ ਅਸੀਂ ਤਾਂ ਥਾਰੇ = ਤੇਰੇ ਹੀ ਹਾਂ, ਤੇਰੇ ਤੋਂ ਬਿਨਾਂ ਸਾਡਾ ਕੌਣ ਹੈ।

## ਤਰੁ ਮੈਂ ਫਲ ਹੇਰ ਬਿਹੰਗਮ ਕੇ ਗਨ; ਆਵਤ ਹੈਂ ਛਦ ਚੌਂਚ ਪਸਾਰੇ॥

ਤਰੁ = ਬ੍ਰਿਛ ਦੇ ਮੈਂ = ਵਿਚ ਫਲ ਲੱਗੇ ਹੇਰ = ਦੇਖ ਕੇ ਬਿਹੰਗਮ = ਪੰਛੀਆਂ ਕੇ = ਦੇ ਗਨ = ਸਮੂਹ ਆਪਣੇ ਛਦ = ਖੰਭ ਤੇ ਚੌਂਚ = ਚੁੰਝਾਂ ਨੂੰ ਪਸਾਰੇ = ਪਸਾਰਦੇ ਹੋਏ ਆਵਤ = ਆਉਂਦੇ ਹਨ।

## ਨਰ ਆਪਦ ਔ ਤਰੁ ਦਾਹਿ ਲਗੇ; ਨਰ ਔਰ ਬਿਹੰਗਮ ਦੂਰ ਪਧਾਰੇ॥੪੧॥

ਜੇਕਰ ਨਰ = ਮਨੁੱਖ ਨੂੰ ਆਪਦ = ਬਿਪਤਾ ਪੈ ਜਾਵੇ, ਔ = ਅਤੇ ਤਰੁ = ਬ੍ਰਿਛ ਨੂੰ ਦਾਹਿ = ਅੱਗ ਲਗੇ = ਲੱਗ ਜਾਵੇ ਤਦ ਮਨੁੱਖ ਦੇ ਸੰਬੰਧੀ ਔਰ = ਅਤੇ ਬਿਹੰਗਮ = ਪੰਛੀ ਦੂਰ ਪਧਾਰੇ = ਚਲੇ ਜਾਂਦੇ ਹਨ, ਭਾਵ ਬਿਪਤਾ ਦੇ ਸਮੇਂ ਕੋਈ ਵੀ ਨੇੜੇ ਨਹੀਂ ਆਉਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਕ ਸ਼ਬਦ ਇਸ ਸਿਧਾਂਤ ਨਾਲ ਮਿਲਦਾ ਆਉਂਦਾ ਹੈ॥੪੧॥ ਜੈਸਾ ਕਿ :

**ਪ੍ਰੀਤਮ ਜਾਨਿ ਲੇਹੁ ਮਨ ਮਾਹੀ॥**
**ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥੧॥ਰਹਾਉ॥**
**ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥**
**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥੧॥** *(ਸੋਰਠਿ ਮ: ੯, ਅੰਗ ੬੩੪)*

## ਸ੍ਵੈਯਾ॥

## ਮਨ ਕਯੋਂ ਧਨ ਕੋ ਬਹੁ ਭਾਂਤ ਚਹੈਂ; ਅਰੁ ਕਾ ਹਿਤ ਲੋਗਨ ਕੋ ਸੁ ਦੁਖਾਵੈਂ॥

ਹੇ ਮਨਾਂ, ਹੇ ਜੀਵ! ਤੂੰ ਕਯੋਂ = ਕਿਸ ਲਈ ਬਹੁ = ਬਹੁਤ ਭਾਂਤ = ਤਰੀਕਿਆਂ ਕਰਕੇ ਧਨ ਕੋ = ਨੂੰ ਚਹੈਂ = ਚਾਹੁੰਦਾ ਹੈਂ ਅਰੁ = ਅਤੇ ਕਾ = ਕਿਸ ਹਿਤ = ਵਾਸਤੇ ਤੂੰ ਲੋਗਨ = ਲੋਕਾਂ ਨੂੰ ਦੁਖਾਵੈਂ = ਦੁਖੀ ਕਰਦਾ ਹੈਂ।

## ਜਗ ਬੀਚ ਦੁਖੰਕੁਰ ਪਾਪ ਸੁਨੋ; ਮਨ ਕਾ ਹਿਤ ਤੂੰ ਬਹੁ ਭਾਂਤਿ ਕਮਾਵੈਂ॥

ਹੇ ਮਨ ! ਹੇ ਜੀਵ ! ਤੂੰ ਜਗ = ਸੰਸਾਰ ਬੀਚ = ਅੰਦਰ ਇਸ ਗੱਲ ਨੂੰ ਸੰਤਾਂ ਮਹਾਤਮਾ, ਗ੍ਰੰਥਾਂ ਦੁਆਰਾ ਸੁਨੋ = ਸੁਣਨਾ ਵੀ ਹੈ ਕਿ ਪਾਪ = ਮੰਦ ਕਰਮ (ਦੁਖ+ਅੰਕੁਰ) ਦੁੱਖਾਂ ਦਾ ਅੰਕੁਰ = ਅੰਗੂਰ, ਬੀਜ ਹਨ, ਪਰ ਫੇਰ ਵੀ ਤੂੰ ਕਾ = ਕਿਸ ਹਿਤ = ਵਾਸਤੇ ਉਨ੍ਹਾਂ ਪਾਪ ਕਰਮਾਂ ਨੂੰ ਬਹੁ = ਬਹੁਤ ਭਾਂਤਿ = ਤਰੀਕਿਆਂ ਨਾਲ ਕਮਾਵੈਂ = ਕਮਾਉਣਾ ਕਰਦਾ ਹੈਂ।

## ਹਰਿ ਪੁੰਨ ਕਥਾ ਤਟ ਤੀਰਥ ਮੈਂ; ਹਰਿ ਨਾਮ ਉਚਾਰਨ ਮੈਂ ਦੁਖੁ ਪਾਵੈਂ॥

ਹੇ ਜੀਵ ! ਹਰਿ = ਪਰਮਾਤਮਾ ਦੀ ਪੁੰਨ = ਪਵਿਤ੍ਰ ਕਥਾ ਨੂੰ ਸੁਣਨ ਅਤੇ ਤੀਰਥਾਂ ਦੇ ਤਟ = ਕਿਨਾਰਿਆਂ ਮੈ = ਵਿਚ ਬੈਠ ਕੇ ਹਰਿ ਪਰਮਾਤਮਾ ਦੇ ਨਾਮ ਉਚਾਰਨ ਮੈਂ = ਵਿਚ ਤੂੰ ਦੁੱਖ ਪਾਵੈਂ = ਪਾਉਣਾ ਮੰਨਦਾ ਹੈ, ਭਾਵ ਇਨ੍ਹਾਂ ਕੰਮਾਂ ਨੂੰ ਤੂੰ ਵਾਧੂ ਸਮਝਦਾ ਹੈਂ ਅਤੇ ਕਹਿੰਦਾ ਹੈਂ ਕਿ ਇਹ ਤਾਂ ਵੇਹਲਿਆਂ ਬੰਦਿਆਂ ਦੇ ਕੰਮ ਹਨ।

## ਅਬ ਨਾ ਸਮਝੋ, ਸਮਝੋਗੇ ਤਬੀ; ਜਮ ਕਿੰਕਰ ਜੌ ਸਿਰ ਦੰਡ ਲਗਾਵੈ॥੪੨॥

ਹੇ ਜੀਵ! ਜੇਕਰ ਤੂੰ ਅਬ = ਹੁਣ ਇਸ ਮਨੁੱਖਾ ਸਰੀਰ ਵਿਚ ਨਾ ਸਮਝੇ = ਸਮਝਿਆ ਤਾਂ ਫੇਰ ਤਬੀ = ਤਦੋਂ ਹੀ ਸਮਝੋਗੇ = ਸਮਝਣਾ ਕਰੇਂਗਾ, ਜੌ = ਜਦੋਂ ਜਮ = ਧਰਮ ਰਾਜੇ ਦੇ ਕਿੰਕਰ = ਦਾਸ ਭਾਵ ਜਮਦੂਤ ਤੇਰੇ ਸਿਰ ਉੱਪਰ ਦੰਡ = ਡੰਡਾ ਲਗਾਵੈ = ਲਗਾਉਣਗੇ, ਭਾਵ ਜਦੋਂ ਜਮਾਂ ਦਾ ਡੰਡਾ ਸਿਰ ਉੱਪਰ ਵੱਜਾ, ਤਦੋਂ ਸਮਝ ਪਵੇਗੀ ਕਿ ਮੈਨੂੰ ਮਨੁੱਖਾ ਜਨਮ ਕਿਸ ਵਾਸਤੇ ਮਿਲਿਆ ਸੀ॥੪੨॥ ਜੈਸਾ ਕਿ :

**ਕਹੁ ਕਬੀਰ ਤਬ ਹੀ ਨਰੁ ਜਾਗੈ॥**
**ਜਮ ਕਾ ਡੰਡੁ ਮੂੰਡ ਮਹਿ ਲਾਗੈ॥੩॥੨॥** *(ਗੋਂਡ ਭਗਤ ਕਬੀਰ ਜੀ, ਅੰਗ ੮੭੦)*

## ਸ੍ਵੈਯਾ॥

## ਤਨ ਧਾਰ ਕੇ ਨਾ ਉਪਕਾਰ ਕਰੇ; ਕਰ ਰਾਗ ਪਰਾਂਗਨ ਰੂਪ ਨਿਹਾਰੇ॥

ਹੇ ਜੀਵ! ਤੂੰ ਇਹ ਮਨੁੱਖਾ ਤਨ = ਸਰੀਰ ਧਾਰ = ਧਾਰਨ ਕੇ = ਕਰਕੇ ਕਦੇ ਵੀ ਕਿਸੇ ਦਾ ਉਪਕਾਰ = ਭਲਾ ਨਹੀਂ ਕਰੇ = ਕੀਤਾ, ਭਾਵ ਪਰਉਪਕਾਰ ਵਾਲੇ ਕੰਮ ਨਹੀਂ ਕੀਤੇ, ਸਗੋਂ (ਪਰ+ਅੰਗਨ) ਪਰ = ਪਰਾਈਆਂ ਅੰਗਨ = ਇਸਤ੍ਰੀਆਂ ਦੇ ਸੁੰਦਰ ਰੂਪਾਂ ਨੂੰ ਬੜਾ ਰਾਗ = ਪ੍ਰੇਮ ਕਰ = ਕਰਕੇ ਨਿਹਾਰੇ = ਤੱਕਦਾ ਰਿਹਾ ਹੈਂ। ਜੈਸਾ ਕਿ :

**ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥** *(ਗਉੜੀ ਕੀ ਵਾਰ, ਅੰਗ ੩੧੫)*

## ਜਗ ਜਾਚਕ ਦੀਨਨ ਕੇ ਗਨ ਜੇ; ਕਰ ਕੋਪ ਸਭੈ ਨਿਜ ਦ੍ਵਾਰ ਤੇ ਟਾਰੇ॥

ਇਸ ਜਗ = ਸੰਸਾਰ ਦੇ ਵਿਚ ਜੇ = ਜਿਹੜੇ ਜਾਚਕ = ਭਿਖਾਰੀਆਂ ਅਤੇ ਦੀਨਨ = ਗ਼ਰੀਬਾਂ ਕੇ = ਦੇ ਗਨ = ਸਮੂਹ, ਝੁੰਡ ਸਨ, ਤੂੰ ਬਹੁਤ ਕੋਪ = ਗ਼ੁੱਸਾ ਕਰ = ਕਰਕੇ ਉਹ ਸਭੈ = ਸਾਰੇ ਨਿਜ = ਆਪਣੇ ਦ੍ਵਾਰ = ਦਰਵਾਜ਼ੇ ਤੇ = ਤੋਂ ਟਾਰੇ = ਟਾਲ, ਦੂਰ ਕਰ ਦਿੱਤੇ, ਭਾਵ ਘਰ ਦੇ ਦਰਵਾਜ਼ੇ ਵਿਚ ਆਏ ਭਿਖਾਰੀ ਨੂੰ ਗ਼ੁੱਸੇ ਦੇ ਕੁਵਾਕ ਬੋਲ ਕੇ ਖ਼ਾਲੀ ਹੀ ਵਾਪਸ ਮੋੜ ਦੇਂਦਾ ਰਿਹਾ।

## ਬਲ ਹੀਨਨ ਕੇ ਸੁਭ ਕਾਜ ਜਿਤੇ; ਨਿਜ ਕਾਜਨ ਹੇਤ ਸਭੇ ਸੁ ਬਿਗਾਰੇ ॥

ਜਿਹੜੇ ਤੇਰੇ ਨਾਲੋਂ ਸਰੀਰਿਕ ਮਾਇਕੀ ਬਲ = ਜ਼ੋਰ ਵਿਚ ਹੀਨਨ = ਹੀਣ, ਕਮਜ਼ੋਰ ਸਨ, ਉਨ੍ਹਾਂ ਕੇ = ਦੇ ਜਿਤੇ = ਜਿਤਨੇ ਵੀ ਸੁਭ = ਚੰਗੇ ਕਾਜ = ਕੰਮ ਸਨ, ਉਹ ਤੂੰ ਨਿਜ = ਆਪਣੇ ਕਾਜਨ = ਕੰਮਾਂ ਨੂੰ ਸੰਵਾਰਨ ਹੇਤ = ਵਾਸਤੇ ਸਭੇ = ਸਾਰੇ ਹੀ ਬਿਗਾਰੇ = ਵਿਗਾੜ ਦਿੱਤੇ।

## ਜਗ ਮੈ ਸੁਭ ਕਾਜ ਬਿਸਾਰਤ ਹੌਂ; ਬਿਧ ਕੌਨ ਸੁਧਾ ਸੁਖ ਪਾਉਂ ਮੁਰਾਰੇ ॥੪੩॥

ਹੇ ਮੁਰਾਰੇ = ਮੁਰਾਰੀ ਪ੍ਰਭੂ! ਇਸ ਤਰੀਕੇ ਨਾਲ ਜੀਵ ਜਗ = ਸੰਸਾਰ ਮੈ = ਵਿਚ ਸੁਭ = ਸ੍ਰੇਸ਼ਟ ਕਾਜ = ਕੰਮ ਬਿਸਾਰਤ = ਵਿਸਾਰੀ ਬੈਠੇ ਹਨ, ਫਿਰ ਕੌਨ = ਕਿਸ ਬਿਧ = ਤਰੀਕੇ ਨਾਲ ਸੁਧਾ = ਅੰਮ੍ਰਿਤ ਰੂਪੀ ਸੁਖ ਪਾਂਉ = ਪਾ ਸਕਦੇ ਹਨ, ਭਾਵ ਕਿਤੇ ਸੁਖ ਨਹੀਂ ਮਿਲਣਗੇ ॥੪੩॥

## ਸ੍ਵੈਯਾ ॥

## ਜਗ ਨਾਹਿ ਕਰੀ ਗੁਰ ਸੇਵ ਭਲੀ; ਅਰੁ ਨਾ ਹਰਿ ਕੇ ਮੁਖ ਨਾਮ ਉਚਾਰੇ ॥

ਇਸ ਜਗ = ਸੰਸਾਰ ਦੇ ਵਿਚ ਪੂਰਨ ਸਤਿਗੁਰਾਂ ਦੀ ਭਲੀ = ਚੰਗੀ ਤਰ੍ਹਾਂ ਨਾਲ ਸੇਵ = ਟਹਿਲ ਵੀ ਨਹੀਂ ਕੀਤੀ **ਵਾ:** ਇਸ ਸੰਸਾਰ ਵਿਚ ਇਕ ਸਭ ਤੋਂ ਸ੍ਰੇਸ਼ਟ ਗੁਰੂ ਦੀ ਸੇਵਾ ਸੀ, ਉਹ ਵੀ ਨਹੀਂ ਕੀਤੀ ਅਰੁ = ਅਤੇ ਨਾ ਹੀ ਆਪਣੇ ਮੁਖ ਨਾਲ ਕਦੇ ਹਰਿ = ਪਰਮਾਤਮਾ ਕੇ = ਦੇ ਨਾਮ ਨੂੰ ਉਚਾਰੇ = ਉਚਾਰਨ ਕੀਤਾ।

## ਬਲ ਹੀਨਨ ਕੋ ਕਟੁ ਬੈਨ ਕਹੇ; ਮੁਖ ਮਾਹਿ ਅਚੇ ਭਵ ਮੈਂ ਮਦ ਖਾਰੇ ॥

ਜਿਹੜੇ ਵਿਚਾਰੇ ਕੋਈ ਸਰੀਰਕ, ਮਾਇਕੀ ਬਲ = ਤਾਕਤ ਤੋਂ ਹੀਨਨ = ਹੀਣ ਸਨ, ਉਨ੍ਹਾਂ ਕੋ = ਨੂੰ ਸਦਾ ਕਟੁ = ਕੌੜੇ ਬੈਨ = ਬਚਨ ਹੀ ਕਹੇ = ਆਖਣਾ ਕੀਤੇ ਅਤੇ ਆਪ ਭਵ = ਸੰਸਾਰ ਮੈਂ = ਅੰਦਰ ਆਪਣੇ ਮੁਖ ਮਾਹਿ = ਵਿਚ ਮਦ = ਸ਼ਰਾਬ ਵਰਗੇ ਖਾਰੇ = ਬਕਬਕੇ ਪਦਾਰਥ ਅਚੇ = ਛਕਣਾ ਕੀਤੇ ਹਨ।

## ਉਰ ਕੋਪ ਹੁਤਾਸਨ ਦਾਹਿ ਲਗੇ; ਜਗ ਲੋਕਨ ਕੇ ਘਰ ਪਾਵਕ ਜਾਰੇ ॥

ਮੇਰੇ ਆਪਣੇ ਉਰ = ਹਿਰਦੇ ਵਿਚ ਕੋਪ = ਕ੍ਰੋਧ ਰੂਪੀ ਹੁਤਾਸਨ = ਅਗਨੀ ਦਾ ਦਾਹਿ = ਸਾੜ ਲੱਗਾ ਹੋਇਆ ਹੈ, ਜਿਸ ਪਾਵਕ = ਅੱਗ ਦੇ ਸਾੜ ਨਾਲ ਜਗ = ਦੁਨੀਆਂ ਵਿਚ ਲੋਕਨ = ਲੋਕਾਂ ਕੇ = ਦੇ ਘਰ ਜਾਰੇ = ਸਾੜਨਾ ਕੀਤੇ।

## ਜਗ ਮੈਂ ਸੁਭ ਕਾਜ ਬਿਸਾਰਤ ਹੌਂ, ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ ॥੪੪॥

ਹੇ ਮੁਰਾਰੇ = ਮੁਰਾਰੀ ਪ੍ਰਭੂ! ਇਸ ਪ੍ਰਕਾਰ ਹੌਂ = ਮੈਂ ਇਸ ਜਗ = ਸੰਸਾਰ ਮੈ = ਵਿਚ ਸੁਭ = ਸ੍ਰੇਸ਼ਟ ਕਾਜ = ਕੰਮਾਂ ਨੂੰ ਬਿਸਾਰਤ = ਵਿਸਾਰੀ ਜਾਂਦਾ ਹਾਂ, ਫੇਰ ਕੌਨ = ਕਿਹੜੀ ਬਿਧਿ = ਵਿਧੀ ਕਰਕੇ ਸੁਧਾ = ਅੰਮ੍ਰਿਤ ਰੂਪੀ ਸੁੱਖਾਂ ਨੂੰ ਪਾਉਂ = ਪਾਉਣਾ ਕਰਾਂਗਾ, ਭਾਵ ਇਨ੍ਹਾਂ ਕਰਮਾਂ ਵਿਚ ਲੱਗ ਕੇ ਕਦੇ ਵੀ ਕੋਈ ਸੁਖ ਪ੍ਰਾਪਤ ਨਹੀਂ ਹੋਵੇਗਾ ॥੪੪॥

## ਸ੍ਵੈਯਾ ॥ ਨਹਿ ਪੂਜਨ ਦੇਵਨ ਕੋ ਕਰਿਓ; ਅਰੁ ਬਿਪ੍ਰਨ ਕੇ ਨਹਿ ਪਾਦ ਪਖਾਰੇ ॥

ਹੇ ਜੀਵ! ਤੂੰ ਕਿਸੇ ਦੇਵਨ = ਦੇਵਤੇ ਕੋ = ਦਾ ਵੀ ਪੂਜਨ ਨਹੀਂ ਕਰਿਓ = ਕੀਤਾ ਅਰੁ = ਅਤੇ ਨਹਿ = ਨਾ ਹੀ ਸਾਧੂ ਬਿਪ੍ਰਨ = ਬ੍ਰਾਹਮਣਾਂ ਕੇ = ਦੇ ਪਾਦ = ਚਰਨ ਪਖਾਰੇ = ਧੋਣਾ ਕੀਤੇ ਹਨ।

## ਨਿਜ ਪ੍ਰਾਨਨ ਪਾਲਨ ਹੇਤ ਸਦਾ; ਭਵ ਮੰਡਲ ਔਰਨ ਪ੍ਰਾਨ ਨਿਕਾਰੇ ॥

ਨਿਜ = ਆਪਣੇ ਪ੍ਰਾਨਨ = ਪ੍ਰਾਣਾਂ ਨੂੰ ਪਾਲਨ = ਰਿਸ਼ਟ ਪੁਸ਼ਟ ਕਰਨ ਦੇ ਹੇਤ = ਵਾਸਤੇ ਸਦਾ = ਹਮੇਸ਼ਾਂ ਇਸ ਭਵਮੰਡਲ = ਸੰਸਾਰ ਦੇ ਵਿਚ ਔਰਨ = ਹੋਰਨਾਂ ਜੀਵਾਂ ਦੇ ਪ੍ਰਾਣ ਨਿਕਾਰੇ = ਕੱਢਦਾ ਰਿਹਾ ਭਾਵ ਜੀਵ ਹਿੰਸਾ ਕੀਤੀ।

## ਉਰ ਤੇ ਸਭ ਪੁੰਨ ਬਿਸਾਰ ਦਯੋ; ਅਰੁ ਤੇ ਪਦ ਪੰਕਜ ਨਾ ਉਰ ਧਾਰੇ ॥

ਹੇ ਪ੍ਰਭੂ ! ਇਸ ਜੀਵ ਨੇ ਆਪਣੇ ਉਰ = ਹਿਰਦੇ ਤੇ = ਤੋਂ ਸਭ = ਸਾਰੇ ਪੁੰਨ ਕਰਮ ਬਿਸਾਰ = ਭੁਲਾ ਦਯੋ = ਦਿੱਤੇ ਹਨ ਅਰੁ = ਅਤੇ ਤੇ = ਤੇਰੇ ਪਦ ਪੰਕਜ = ਚਰਨ ਕਮਲ ਆਪਣੇ ਉਰ = ਹਿਰਦੇ ਵਿਚ ਧਾਰੇ = ਧਾਰਨਾ ਨਹੀਂ ਕੀਤੇ।

## ਜਗ ਮੈ ਸੁਭ ਕਾਜ ਬਿਸਾਰਤ ਹੌਂ; ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ ॥੪੫॥

ਹੇ ਮੁਰਾਰੇ = ਮੁਰਾਰੀ ਪ੍ਰਭੂ ! ਇਸ ਪ੍ਰਕਾਰ ਜੀਵ ਸੰਸਾਰ ਦੇ ਮੈ = ਵਿਚ ਸੁਭ = ਸ੍ਰੇਸ਼ਟ ਕਾਜ = ਕੰਮਾਂ ਨੂੰ ਬਿਸਾਰਤ = ਭੁਲਾਈ ਬੈਠਾ ਹੈ, ਫੇਰ ਕੌਨ = ਕਿਸ ਬਿਧਿ = ਤਰੀਕੇ ਨਾਲ ਸੁਧਾ = ਅੰਮ੍ਰਿਤ ਰੂਪੀ ਸੁਖ ਪਾਉਂ = ਪਾਉਣਾ ਕਰੇਗਾ, ਭਾਵ ਸ਼ੁਭ ਕਰਨੀ ਤੋਂ ਬਿਨਾਂ ਜੀਵ ਨੂੰ ਕਿਤੇ ਵੀ ਸੁਖ ਪ੍ਰਾਪਤ ਨਹੀਂ ਹੋਵੇਗਾ ॥੪੫॥

## ਸ੍ਵੈਯਾ ॥

## ਢਿਗ ਬੈਠ ਧਨੀ ਨਰ ਕੇ ਹਰਿ ਜੀ; ਨਿਜ ਪ੍ਰਾਨਨ ਰੋਕ ਸੁ ਬੈਨ ਉਚਾਰੇ ॥

ਹੇ ਹਰਿ = ਪ੍ਰਭੂ ਜੀ ! ਮੈਂ ਧਨੀ = ਧਨਵਾਨ, ਅਮੀਰ ਨਰ = ਮਨੁੱਖਾਂ ਕੇ = ਦੇ ਢਿਗ = ਪਾਸ ਬੈਠ ਕਰਕੇ ਨਿਜ = ਆਪਣੇ ਪ੍ਰਾਨਨ = ਪ੍ਰਾਣ, ਸਾਹ ਰੋਕ-ਰੋਕ ਕੇ ਉਨ੍ਹਾਂ ਨਾਲ ਬੈਨ = ਬਚਨ ਉਚਾਰੇ = ਉਚਾਰਣਾ, ਬੋਲਣਾ ਕੀਤੇ ਤਾਂ ਕਿ ਮੇਰੇ ਉੱਚੀ ਸਾਹ ਲੈਣ ਨਾਲ ਵੀ ਕਿਤੇ ਉਹ ਨਰਾਜ਼ ਨਾ ਹੋ ਜਾਣ ਤੇ ਖ਼ੁਸ਼ ਹੋ ਕੇ ਮੈਨੂੰ ਕੁਝ ਨਾ ਕੁਝ ਪਦਾਰਥ ਆਦਿ ਦੇ ਦੇਣਗੇ।

## ਨਹਿ ਬੈਠ ਤਪੋ ਬਨ ਮੈ ਹਰਿ ਜੀ; ਫਲ ਖਾਇ ਸਦਾ ਤਵ ਨਾਮ ਸੰਭਾਰੇ ॥

ਹੇ ਹਰਿ = ਪ੍ਰਭੂ ਜੀ ! ਮੈਂ ਤਪੋ = ਤਪੱਸਿਆ ਕਰਨ ਦੇ ਲਈ ਬਨ = ਜੰਗਲ ਵਿਚ ਬੈਠ ਕਰਕੇ ਫਲ ਫੁੱਲ ਖਾਇ = ਖਾ ਕੇ ਸਦਾ = ਹਮੇਸ਼ਾਂ ਤਵ = ਤੇਰੇ ਨਾਮ ਨੂੰ ਸੰਭਾਰੇ = ਚੇਤੇ ਨਹੀਂ ਕੀਤਾ।

## ਧਨ ਪਾਵਨ ਕੋ ਨਿਸ ਨੀਂਦ ਤਜੀ; ਹਰਿ ਪਾਵਨ ਕੋ ਨਹਿ ਨੈਨ ਉਘਾਰੇ ॥

ਹੇ ਪ੍ਰਭੂ ! ਮੈਂ ਧਨ ਨੂੰ ਪਾਵਨ = ਪ੍ਰਾਪਤ ਕਰਨ ਕੋ = ਦੇ ਵਾਸਤੇ ਨਿਸ = ਰਾਤਾਂ ਦੀ ਨੀਂਦ ਵੀ ਤਜੀ = ਤਿਆਗ ਦਿੱਤੀ, ਪਰ ਹੇ ਹਰਿ = ਹਰੀ ! ਤੈਨੂੰ ਪਾਵਨ = ਪ੍ਰਾਪਤ ਕਰਨ ਦੇ ਲਈ ਮੈਂ ਅੰਮ੍ਰਿਤ ਵੇਲੇ ਆਪਣੇ ਨੈਨ = ਨੇਤ੍ਰ ਵੀ ਉਘਾਰੇ = ਖੋਲਣਾ ਨਹੀਂ ਕੀਤੇ।

## ਜਗ ਮੈਂ ਸੁਭ ਕਾਜ ਬਿਸਾਰਤ ਹੌਂ,
## ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ ॥੪੬॥

ਹੇ ਮੁਰਾਰੇ = ਮੁਰਾਰੀ ਪ੍ਰਭੂ ! ਇਸ ਪ੍ਰਕਾਰ ਮੈਂ ਜਗ = ਸੰਸਾਰ ਦੇ ਮੈਂ = ਵਿਚ ਸੁਭ = ਸ੍ਰੇਸ਼ਟ ਕਾਜ = ਕੰਮ

ਬਿਸਾਰਤ = ਭੁਲਾਈ ਬੈਠਾ ਹਾਂ, ਫੇਰ ਕੌਣ = ਕਿਸ ਬਿਧੀ ਨਾਲ ਤੇਰੀ ਪ੍ਰਾਪਤੀ ਦਾ ਅੰਮ੍ਰਿਤ ਰੂਪੀ ਸੁਖ ਪਾਉਂ = ਪਾਉਣਾ ਕਰਾਂ, ਭਾਵ ਸ਼ੁਭ ਕਰਨੀ ਤੋਂ ਬਿਨਾਂ ਕੋਈ ਵੀ ਸੁੱਖ ਪ੍ਰਾਪਤ ਨਹੀਂ ਹੋਵੇਗਾ ॥੪੬॥

## ਸ੍ਵੈਯਾ ॥

## ਉਰ ਲੋਭ ਲਗੇ ਨਿਜ ਧਾਮ ਤਜੇ; ਦਿਸ ਪੱਛਮ ਕੇ ਮਗ ਮਾਂਹਿ ਪਧਾਰੇ ॥

ਜਦੋਂ ਮੇਰੇ ਉਰ = ਮਨ ਵਿਚ ਮਾਇਆ ਦਾ ਲੋਭ = ਲਾਲਚ ਲਗੇ = ਲੱਗਿਆ, ਤਦੋਂ ਮੈਂ ਨਿਜ = ਆਪਣਾ ਧਾਮ = ਘਰ ਤਜੇ = ਛੱਡ ਦਿੱਤਾ ਅਤੇ ਪੱਛਮ ਦਿਸ = ਦਿਸ਼ਾ ਕੇ = ਦੇ ਮਗ = ਰਸਤੇ ਮਾਹਿ = ਵਿਚ ਪਧਾਰੇ = ਚਲਾ ਗਿਆ, ਭਾਵ ਵਿਲਾਇਤ ਵੱਲ ਨੂੰ ਚੱਲ ਪਿਆ ਕਿ ਉਧਰੋਂ ਪੈਸੇ ਕਮਾ ਕੇ ਲਿਆਵਾਂਗਾ।

## ਜਗ ਪੁੰਨ ਹੁਲਾਸ ਸੁ ਪਾਇ ਉਠੇ; ਨਹਿ ਦਿੱਬਜ ਧੁਨੀ ਪੱਥ ਮਾਂਹਿ ਪਧਾਰੇ ॥

ਜਗ = ਸੰਸਾਰ ਵਿਚ ਪੁੰਨ ਕਰਮ ਦਾ ਹੁਲਾਸ = ਉਤਸ਼ਾਹ ਕਰਕੇ ਭਾਵ ਕਿਸੇ ਪੁਰਬ ਦੇ ਸਮੇਂ ਆਪਣੇ ਪਾਇ = ਪੈਰਾਂ ਨੂੰ ਉਠੇ = ਉਠਾ ਕਰਕੇ ਦਿਬਜ ਧੁਨੀ = ਗੰਗਾ ਦੇ ਵਿਚ ਇਸ਼ਨਾਨ ਕਰਨ ਵਾਸਤੇ ਉਸ ਪਥ = ਰਸਤੇ ਵਿਚ ਕਦੇ ਪਧਾਰੇ = ਜਾਣਾ ਹੀ ਨਹੀਂ ਕੀਤਾ।

## ਧਨ ਦੇਵਨ ਕੋ ਮੁਖ ਮੂੰਦ ਲਏ; ਅਰੁ ਲੇਵਨ ਕੋ ਸਭ ਦਾਂਤ ਨਿਕਾਰੇ ॥

ਕਿਸੇ ਗ਼ਰੀਬ ਮੰਗਤੇ ਆਦਿ ਨੂੰ ਧਨ ਦੇਵਨ = ਦੇਣ ਦੇ ਵੇਲੇ ਮੁਖ = ਮੂੰਹ ਹੀ ਮੂੰਦ = ਬੰਦ ਕਰ ਲਿਆ ਭਾਵ ਜੇਕਰ ਕੋਈ ਮੰਗਤਾ ਸਾਹਮਣੇ ਆ ਗਿਆ ਤਾਂ ਉਧਰ ਨੂੰ ਮੂੰਹ ਹੀ ਨਹੀਂ ਕਰਨਾ, ਦੂਸਰੇ ਪਾਸੇ ਨੂੰ ਮੂੰਹ ਕਰਕੇ ਉਸਨੂੰ ਬਿਨਾਂ ਕੁਝ ਦਿੱਤੇ ਅੱਗੇ ਲੰਘ ਜਾਣਾ ਅਰੁ = ਅਤੇ ਜਦੋਂ ਕਿਸੇ ਕੋਲੋਂ ਕੁਝ ਧਨ ਲੇਵਨ = ਲੈਣਾ ਹੁੰਦਾ ਹੈ, ਉਸ ਵੇਲੇ ਆਪਣੇ ਸਭ = ਸਾਰੇ ਦਾਂਤ = ਦੰਦ ਨਿਕਾਰੇ = ਕੱਢ ਕੇ ਦਿਖਾਲਦਾ ਭਾਵ ਪ੍ਰਸੰਨ ਹੋ ਕੇ ਧਨ ਲੈਂਦਾ ਹਾਂ।

## ਜਗ ਮੈਂ ਸੁਭ ਕਾਜ ਬਿਸਾਰਤ ਹੌਂ;
## ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ ॥੪੭॥

ਹੇ ਮੁਰਾਰੇ = ਮੁਰਾਰੀ ਪ੍ਰਭੂ ! ਮੈਂ ਇਸ ਪ੍ਰਕਾਰ ਕਰਕੇ ਜਗ = ਸੰਸਾਰ ਦੇ ਮੈ = ਵਿਚ ਸੁਭ = ਸ੍ਰੇਸ਼ਟ ਕਾਰਜ ਬਿਸਾਰਤ = ਭੁਲਾਈ ਬੈਠਾ ਹਾਂ, ਫੇਰ ਕੌਣ = ਕਿਹੜੀ ਬਿਧਿ = ਵਿਧੀ ਨਾਲ ਤੇਰੀ ਪ੍ਰਾਪਤੀ ਦਾ ਅੰਮ੍ਰਿਤ ਰੂਪੀ ਸੁਖ ਪਾਉਂ = ਪਾਉਣਾ ਕਰਾਂਗਾ, ਭਾਵ ਸ਼ੁਭ ਕਰਨੀ ਤੋਂ ਬਿਨਾਂ ਕੋਈ ਸੁਖ ਪ੍ਰਾਪਤ ਨਹੀਂ ਹੋਵੇਗਾ ॥੪੭॥

## ਦੋਹਰਾ ॥

## ਉੱਤਮ ਮੱਧਮ ਫਲ ਜਿਤੇ; ਪਾਵੇ ਜਗਤ ਮਝਾਰ ॥

ਹੇ ਜੀਵ ! ਜਿਤੇ = ਜਿਤਨੇ ਵੀ ਤੇਰੇ ਕਰਮਾਂ ਦੇ ਉੱਤਮ = ਚੰਗੇ ਅਤੇ ਮੱਧਮ = ਦਰਮਿਆਨੇ ਤੇ ਨੀਚ ਆਦਿ ਫਲ ਹਨ, ਉਹ ਤੂੰ ਇਸ ਜਗਤ = ਸੰਸਾਰ ਦੇ ਮਝਾਰ = ਵਿਚ ਵੀ ਪਾਵੇ = ਪਾਉਣਾ ਕਰੇਂਗਾ।

## ਕਰਮ ਬਿਰਖ ਪਾਲੇ ਲਹੇ; ਬਿਨਾ ਕਰਮ ਨਹਿ ਧਾਰ ॥੪੮॥

ਹੇ ਜੀਵ ! ਜਿਹੋ ਜਿਹੇ ਕਰਮਾਂ ਰੂਪੀ ਬਿਰਖ ਨੂੰ ਤੂੰ ਪਾਲੇ = ਪਾਲਣਾ ਕਰੇਂਗਾ, ਉਹੋ ਜਿਹੇ ਫਲ

ਲਹੇ = ਪ੍ਰਾਪਤ ਕਰ ਲਵੇਂਗਾ, ਤੂੰ ਆਪਣੇ ਮਨ ਵਿਚ ਇਹ ਗੱਲ ਧਾਰ = ਧਾਰਨ ਕਰ ਲੈ ਕਿ ਕਰਮਾਂ ਤੋਂ ਬਿਨਾ = ਬਗ਼ੈਰ ਤੈਨੂੰ ਕੋਈ ਵੀ ਫਲ ਪ੍ਰਾਪਤ ਨਹੀਂ ਹੋਵੇਗਾ॥੪੮॥

## ਸ੍ਵੈਯਾ ॥

## ਜਿਨ ਬਾਲਕ ਭਾਵ ਸੁ ਖੇਲ ਮਤੇ; ਨਹਿ ਬਿਦ੍ਯਾ ਲਈ ਜਗ ਮੈਂ ਰਸ ਭੀਨੀ ॥

ਜਿਨ = ਜਿਨ੍ਹਾਂ ਜੀਵਾਂ ਨੇ ਬਾਲਕ ਭਾਵ = ਬਾਲ ਅਵਸਥਾ ਵਿਚ ਖੇਲ = ਖੇਡਾਂ ਵਿਚ ਮਤੇ = ਮਸਤ ਹੋ ਕੇ ਬਚਪਨ ਦੀ ਉਮਰ ਵਿਅਰਥ ਗਵਾ ਦਿੱਤੀ ਅਤੇ ਜਗ = ਸੰਸਾਰ ਮੈ = ਵਿਚ ਰਸ = ਪ੍ਰੇਮ ਨਾਲ ਭੀਨੀ = ਭਿੱਜੀ ਹੋਈ ਬ੍ਰਹਮ ਵਿੱਦਿਆ ਵੀ ਨਹੀਂ ਲਈ = ਲੈਣਾ ਕੀਤੀ।

## ਜੋਬਨ ਮੈਂ ਰਸ ਭੋਗ ਕਰੇ; ਨ ਦਲੀ ਅਰਿ ਕੀ ਧੁਜਨੀ ਰਣ ਪੀਨੀ ॥

ਫੇਰ ਜੋਬਨ = ਜਵਾਨੀ ਦੀ ਅਵਸਥਾ ਮੈਂ = ਵਿਚ ਅਨੇਕਾਂ ਰਸਾਂ ਦੇ ਭੋਗ = ਪਦਾਰਥ ਖਾਣਾ ਕਰੇ = ਕੀਤੇ **ਵਾ:** ਵਿਸ਼ੇ ਭੋਗਾਂ ਦੇ ਰਸਾਂ ਨੂੰ ਮਾਨਣਾ ਕੀਤਾ, ਪਰ ਸੂਰਬੀਰ ਯੋਧਾ ਬਣ ਕੇ ਅਰਿ = ਦੁਸ਼ਮਨ ਕੀ = ਦੀ ਪੀਨੀ = ਕਰੜੀ, ਤਕੜੀ ਧੁਜਨੀ = ਫੌਜ ਦਲੀ = ਨਾਸ ਨਹੀਂ ਕੀਤੀ।

## ਨਹਿ ਆਤਮ ਰਾਮਹਿ ਗ੍ਯਾਨ ਲਯੋ;
## ਤਟ ਤੀਰਥ ਨਾ ਤਪਸਾ ਬਹੁ ਕੀਨੀ ॥

ਨਹਿ = ਨਾ ਹੀ ਆਪਣੀ ਆਤਮ ਤੇ ਰਾਮਹਿ = ਪਰਮਾਤਮਾ ਭਾਵ ਜੀਵ ਈਸ਼ ਦੀ ਏਕਤਾ ਦਾ ਗਿਆਨ ਲਯੋ = ਲੈਣਾ ਕੀਤਾ ਹੈ ਅਤੇ ਨਾ ਹੀ ਕਿਸੇ ਤੀਰਥ ਉੱਪਰ ਜਾ ਕੇ ਬਹੁਤ ਭਾਰੀ ਤਪਸਾ = ਤਪੱਸਿਆ ਕੀਨੀ = ਕੀਤੀ ਹੈ।

## ਫਲ ਪੁੰਨ ਅਧਾਰ ਸੁ ਮਾਨਵ ਦੇਹ; ਭਈ ਤਿਨ ਕੀ ਸੁ ਪੁੰਨ ਬਿਹੀਨੀ ॥੪੯॥

ਪੁੰਨ ਫਲ ਦੇ ਅਧਾਰ = ਆਸਰੇ ਇਹ ਸੁ = ਸ੍ਰੇਸ਼ਟ ਮਾਨਵ = ਮਨੁੱਖਾ ਦੇਹੀ ਪ੍ਰਾਪਤ ਹੋਈ ਪਰ ਜਿਨ੍ਹਾਂ ਨੇ ਬਾਲਕ ਅਵਸਥਾ ਖੇਡਾਂ ਵਿਚ ਲੰਘਾ ਦਿੱਤੀ, ਆਤਮ ਵਿਦਿਆ ਪ੍ਰਾਪਤ ਨਹੀਂ ਕੀਤੀ, ਜਵਾਨੀ ਵਿਸ਼ੇ ਭੋਗਾਂ ਵਿਚ ਲੰਘਾ ਦਿੱਤੀ, ਮੈਦਾਨੇ ਜੰਗ ਵਿਚ ਸੂਰਬੀਰਤਾ ਦੇ ਜੌਹਰ ਨਹੀਂ ਦਿਖਾਏ, ਜੀਵ ਈਸ਼ ਦੀ ਏਕਤਾ ਦਾ ਗਿਆਨ ਹਾਸਲ ਨਾ ਕੀਤਾ ਅਤੇ ਨਾ ਹੀ ਤੀਰਥਾਂ ਆਦਿ 'ਤੇ ਤਪੱਸਿਆ ਕੀਤੀ ਹੈ, ਤਿਨ = ਉਨ੍ਹਾਂ ਦੀ ਇਹ ਦੇਹੀ ਪੁੰਨਾਂ ਤੋਂ ਬਿਹੀਨੀ = ਹੀਣੀ ਭਈ = ਹੋ ਗਈ ਹੈ॥੪੯॥

## ਸ੍ਵੈਯਾ ॥

## ਜੋਬਨ ਊਪਰ ਜਾਰਠਤਾ; ਅਰੁ ਜੀਵਨ ਕੋ ਰਿਪ ਕਾਲ ਬਨਾਏ ॥

ਹਰੇਕ ਚੀਜ਼ ਦਾ ਕੋਈ ਨਾ ਕੋਈ ਵੈਰੀ ਹੁੰਦਾ ਹੈ ਜਿਵੇਂ ਜੋਬਨ = ਜਵਾਨੀ ਦੇ ਊਪਰ = ਉੱਤੇ ਜਾਰਠਤਾ = ਬੁਢੇਪਾ ਵੈਰੀ ਰੂਪ ਹੈ ਅਰੁ = ਅਤੇ ਜੀਵਨ = ਜ਼ਿੰਦਗੀ ਕੋ = ਦਾ ਰਿਪ = ਦੁਸ਼ਮਨ ਕਾਲ ਬਨਾਏ = ਬਣਾਇਆ ਹੋਇਆ ਹੈ।

## ਸੂਖਨ ਊਪਰਿ ਦੂਖ ਰਚੇ; ਕਰ ਸੰਪਦ ਆਪਦ ਫੇਰ ਦਿਖਾਏ ॥

ਸੂਖਨ = ਸੁੱਖਾਂ ਦੇ ਊਪਰਿ = ਉੱਤੇ ਦੂਖ = ਦੁੱਖ ਨੂੰ ਸ਼ੱਤਰੂ ਰਚੇ = ਬਣਾਇਆ ਹੈ, ਅਤੇ ਸੰਪਦ = ਬਿਭੂਤੀ,

ਧਨ ਪਦਾਰਥ ਆਦਿ ਦੇ ਕਰ = ਕਰਕੇ ਫੇਰ = ਮੁੜ ਉਸਦੇ ਉੱਪਰ ਆਪਦ = ਬਿਪਤਾ ਨੂੰ ਦੁਸ਼ਮਨ ਰੂਪ ਵਿਚ ਦਿਖਾਈ = ਦਿਖਾ ਦਿੱਤਾ ਹੈ।

## ਮੂਢਨ ਕੋ ਧਨ ਧਾਮ ਦਯੋ; ਪੁਨ ਕੋਵਿਦ ਕੋ ਗ੍ਰਿਹਿ ਭੀਖ ਮੰਗਾਏ ॥

ਮੂਢਨ = ਮੂਰਖ ਮਨੁੱਖਾਂ ਕੋ = ਨੂੰ ਧਨ = ਦੌਲਤ ਅਤੇ ਧਾਮ = ਘਰ ਆਦਿ ਸਭ ਕੁਝ ਦਯੋ = ਦੇ ਦਿੱਤਾ ਹੈ, ਪੁਨ = ਫੇਰ ਕੋਵਿਦ = ਵਿਦਵਾਨ ਪੁਰਖਾਂ ਨੂੰ ਉਨ੍ਹਾਂ ਦੇ ਗ੍ਰਿਹਿ = ਘਰ ਅੱਗੇ ਭੀਖ = ਭਿਖਸ਼ਾ ਮੰਗਾਏ = ਮੰਗਣ ਲਾ ਦਿੱਤਾ ਹੈ।

## ਯਾ ਬਿਧਿ ਮੈਂ ਬਿਧ ਭੂਲ ਸਮੇਂ; ਹਰਿ ਨਾਹਿ ਕਰੀ ਕਛੁ ਆਇ ਸਹਾਏ ॥੫੦॥

ਕਵੀ ਜੀ ਕਥਨ ਕਰਦੇ ਹਨ ਕਿ ਯਾ = ਇਸ ਤਰ੍ਹਾਂ ਦੀ ਬਿਧਿ = ਵਿਧੀ ਵਿਚ ਮੈਨੂੰ ਲੱਗਦਾ ਹੈ ਕਿ ਬਿਧ = ਬ੍ਰਹਮਾ ਜੀ ਭੂਲ = ਭੁੱਲ ਗਏ ਸਨ ਅਤੇ ਇਸ ਭੁੱਲ ਦੇ ਸਮੇਂ ਵਿਚ ਨਾ ਹੀ ਹਰਿ = ਵਿਸ਼ਨੂੰ ਜੀ ਨੇ ਆਇ = ਆ ਕੇ ਕੁਝ ਸਹਾਏ = ਸਹਾਇਤਾ ਕੀਤੀ ॥੫੦॥

## ਸ੍ਵੈਯਾ ॥

## ਤਨ ਕੇ ਬਲ ਨੇ ਅਬ ਪੀਠ ਦਈ; ਅਰੁ ਹਾਰ ਪਰੇ ਦ੍ਰਿਗ ਬਾਲ ਸੰਗਾਤੀ ॥

ਕਵੀ ਜੀ ਬ੍ਰਿਧ ਅਵਸਥਾ ਦੀ ਹਾਲਤ ਬਾਰੇ ਕਥਨ ਕਰਦੇ ਹਨ ਕਿ ਬ੍ਰਿਧ ਅਵਸਥਾ ਵਿਚ ਅਬ = ਹੁਣ ਤਨ = ਸਰੀਰ ਕੇ = ਦੇ ਜਵਾਨੀ ਵਾਲੇ ਬਲ = ਜ਼ੋਰ ਨੇ ਪੀਠ = ਪਿੱਠ ਦਈ = ਦੇ ਦਿੱਤੀ ਹੈ, ਭਾਵ ਜੋ ਜਵਾਨੀ ਵਿਚ ਸਰੀਰ ਵਿਚ ਤਾਕਤ ਸੀ, ਉਹ ਬੁਢੇਪੇ ਵਿਚ ਨਹੀਂ ਰਹਿੰਦੀ ਅਰੁ = ਅਤੇ ਦ੍ਰਿਗ = ਨੇਤ੍ਰ ਆਦਿ ਇੰਦ੍ਰੇ ਵੀ ਹਾਰ = ਥੱਕ ਪਰੇ = ਪਏ ਹਨ ਜੋ ਬਾਲ = ਬਚਪਨ ਦੇ ਸੰਗਾਤੀ = ਸੰਗੀ ਸਨ, ਭਾਵ ਬੁਢੇਪੇ ਵਿਚ ਨੇਤ੍ਰਾਂ ਦੀ ਦ੍ਰਿਸ਼ਟੀ ਕਮਜ਼ੋਰ ਹੋ ਜਾਂਦੀ ਹੈ, ਸਭ ਧੁੰਦਲਾ ਜਿਹਾ ਨਜ਼ਰ ਆਉਣ ਲੱਗ ਜਾਂਦਾ ਹੈ, ਸਦਾ ਪਾਣੀ ਵਹਿੰਦਾ ਰਹਿੰਦਾ ਹੈ।

## ਤਜ ਕੇ ਇਹ ਲੋਕ ਬਿਖੈ ਹਮ ਕੋ; ਚਲ ਆਪ ਗਏ ਸੁਰ ਲੋਕ ਸਜਾਤੀ ॥

ਮੇਰੇ ਸਜਾਤੀ = ਹਮ ਜਾਤੀ ਭਾਵ ਬਚਪਨ ਤੋਂ ਮੇਰੇ ਨਾਲ ਰਹਿਣ ਵਾਲੇ ਮੇਰੀ ਜਾਤੀ ਦੇ ਲੋਕ ਮੈਨੂੰ ਇਹ = ਇਸ ਲੋਕ = ਸੰਸਾਰ ਬਿਖੇ = ਵਿਚ ਤਜ = ਛੱਡ ਕਰਕੇ ਆਪ ਸੁਰ = ਦੇਵਤਿਆਂ ਦੇ ਲੋਕ ਵਿਚ ਚਲੇ ਗਏ ਹਨ, ਭਾਵ ਬੈਕੁੰਠ ਗਮਨ ਕਰ ਗਏ ਹਨ।

## ਜਗ ਮੀਤ ਸਖਾ ਮੁਖ ਫੇਰ ਗਏ; ਅਬ ਸੇਵਕ ਨਾਹਿ ਪੁਛੇ ਮਮ ਬਾਤੀ ॥

ਇਸ ਜਗ = ਸੰਸਾਰ ਦੇ ਅੰਦਰ ਮੇਰੇ ਸਖਾ = ਪਿਆਰੇ ਮੀਤ = ਮਿੱਤ੍ਰ ਵੀ ਮੇਰੇ ਤੋਂ ਮੁਖ = ਮੂੰਹ ਫੇਰ ਗਏ ਹਨ, ਭਾਵ ਮੇਰੇ ਵੱਲ ਦੇਖਦੇ ਤਕ ਵੀ ਨਹੀਂ ਅਤੇ ਅਬ = ਹੁਣ ਮੇਰੇ ਸੇਵਕ = ਦਾਸ, ਨੌਕਰ ਵੀ ਮਮ = ਮੇਰੀ ਕੋਈ ਬਾਤੀ = ਗੱਲ ਨਾਹਿ = ਨਹੀਂ ਪੁਛੇ = ਪੁੱਛਦੇ।

## ਮਮ ਆਹਿ ਪਲਾਂਗਮ ਹੇ ਤ੍ਰਿਸਨੇ;
## ਇਕ ਤੂੰ ਮਮ ਸੰਗ ਰਹੀ ਦਿਨ ਰਾਤੀ ॥੫੧॥

ਹੇ ਆਹਿ = ਸੱਪ ਦੇ ਵਾਂਗ ਵਲ ਮਾਰ ਕੇ (ਪਲ+ਆਂਗਮ) ਪਲ ਪਲ ਵਿਚ ਆਂਗਮ = ਆਉਣ ਜਾਣ

ਵਾਲੀ ਤ੍ਰਿਸਨੇ! **ਵਾ:** ਬਾਕੀ ਸਾਰੇ ਮੇਰੇ ਬਚਪਨ ਦੇ ਸੰਗੀ, ਮਿੱਤ੍ਰ ਏਥੋਂ ਤਕ ਕਿ ਮੇਰੇ ਇੰਦ੍ਰੇ ਵੀ ਮਮ = ਮੈਨੂੰ ਪਲਾਂਗਮ = ਛੱਡ ਕੇ ਦੌੜ ਗਏ ਆਹਿ = ਹਨ, ਪਰ ਹੇ ਤ੍ਰਿਸ਼ਨਾ! ਇਕ ਤੂੰ ਹੀ ਦਿਨ ਰਾਤ ਕਰਕੇ ਮਮ = ਮੇਰੇ ਸੰਗ = ਨਾਲ ਰਹੀ ਹੈਂ, ਭਾਵ ਬਚਪਨ ਤੋਂ ਲੈ ਕੇ ਹੁਣ ਬ੍ਰਿਧ ਅਵਸਥਾ ਤਕ ਪਲ ਪਲ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਤ੍ਰਿਸ਼ਨਾ ਫੁਰਦੀ ਰਹੀ, ਉਸ ਤ੍ਰਿਸ਼ਨਾ ਦੀ ਪੂਰਤੀ ਲਈ ਅਨੇਕਾਂ ਪਦਾਰਥਾਂ, ਧਨ ਦੇ ਮਗਰ ਮਗਰ ਦੌੜਦਾ ਰਿਹਾ, ਪਰ ਉਸਦੀ ਪੂਰਤੀ ਨਾ ਹੋ ਸਕੀ॥੫੧॥ ਜੈਸਾ ਕਿ :

**ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥੧॥ਰਹਾਉ॥**
**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥**
**ਪਰੈ ਪਰੈ ਹੀ ਕਉ ਲੁਝੀ ਹੇ॥੧॥** *(ਗਉੜੀ ਮ: ੫, ਅੰਗ ੨੧੩)*

ਹੇ ਤ੍ਰਿਸ਼ਨਾ! ਜੇਕਰ ਤੂੰ ਬਾਕੀ ਦੇ ਸੰਗੀ ਸਾਥੀਆਂ ਵਾਂਗ ਚਲੀ ਜਾਂਦੀ ਤਾਂ ਚੰਗਾ ਸੀ॥੫੧॥

## ਸ੍ਵੈਯਾ॥
## ਦ੍ਰਿਗ ਜੋਤ ਘਟੀ, ਕਟ ਹੈ ਲਟਕੀ; ਪਲਟੀ ਸਭ ਦੇਹ ਨ ਰਾਮ ਸੰਭਾਰੇ॥

ਮੇਰੇ ਦ੍ਰਿਗ = ਨੇਤ੍ਰਾਂ ਦੀ ਜੋਤਿ = ਰੌਸ਼ਨੀ ਘਟੀ = ਘੱਟ ਗਈ ਹੈ, ਕਟ = ਲੱਕ ਵੀ ਲਟਕੀ = ਲਟਕ ਗਿਆ, ਭਾਵ ਕੁੱਬਾ ਹੋ ਗਿਆ ਹੈ, ਇਥੋਂ ਤਕ ਕਿ ਸਭ = ਸਾਰੀ ਦੇਹ ਹੀ ਪਲਟੀ = ਪਲਟ ਗਈ ਹੈ, ਭਾਵ ਜਵਾਨੀ ਵਾਲਾ ਸਾਰਾ ਵੇਸ ਹੀ ਖ਼ਤਮ ਹੋ ਗਿਆ ਹੈ ਪਰ ਫੇਰ ਵੀ ਮੈਂ ਅਜੇ ਤਕ ਰਾਮ = ਪਰਮਾਤਮਾ ਦੇ ਨਾਮ ਨੂੰ ਸੰਭਾਰੇ = ਸੰਭਾਲਿਆ, ਚੇਤੇ ਨਹੀਂ ਕੀਤਾ।

## ਕਰ ਮੈਂ ਲਕੁਟੀ ਨ ਉਠੀ ਕਰ ਤੇ; ਧਰ ਮਾਂਹਿ ਲਟੀ ਸੁ ਮਹਾਂ ਅਬ ਹਾਰੇ॥

ਬਿਰਧ ਅਵਸਥਾ ਵਿਚ ਕਰ = ਹੱਥ ਮੈਂ = ਵਿਚ ਫੜੀ ਹੋਈ ਲਕੁਟੀ = ਸੋਟੀ ਵੀ ਕਰ = ਹੱਥ ਤੇ = ਨਾਲ ਨਹੀਂ ਉੱਠੀ = ਉੱਠਦੀ, ਜਦੋਂ ਕਿਤੇ ਉਹ ਸੋਟੀ ਧਰ = ਧਰਤੀ ਮਾਂਹਿ = ਵਿਚ, ਉੱਪਰ ਲਟੀ = ਡਿੱਗ ਜਾਂਦੀ ਹੈ ਤਾਂ ਚੁੱਕੀ ਨਹੀਂ ਜਾਂਦੀ, ਸੁ ਅਬ = ਹੁਣ ਮਹਾਂ = ਬਹੁਤ ਹਾਰੇ = ਥੱਕ ਗਿਆ ਹਾਂ।

## ਜਬ ਬਾਲਕ ਥੇ ਤਬ ਖੇਲ ਮਤੇ; ਤਰੁਨਾਪਨ ਮੈ ਸੁਭ ਕਾਜ ਬਿਗਾਰੇ॥

ਹੇ ਪ੍ਰਭੂ! ਜਬ = ਜਦੋਂ ਬਾਲਕ = ਬਚਪਨ ਦੀ ਅਵਸਥਾ ਵਿਚ ਥੇ = ਸਾਂ, ਤਬ = ਤਦੋਂ ਖੇਲ = ਖੇਡਾਂ ਦੇ ਵਿਚ ਮਤੇ = ਮਸਤ ਰਹੇ, ਫੇਰ ਤਰੁਨਾਪਨ = ਜਵਾਨੀ ਦੀ ਅਵਸਥਾ ਮੈ = ਵਿਚ ਸਾਰੇ ਸੁਭ = ਚੰਗੇ-ਚੰਗੇ ਕਾਜ = ਕੰਮ ਬਿਗਾਰੇ = ਵਿਗਾੜ ਦਿੱਤੇ।

## ਅਬ ਔਰ ਨ ਓਟ ਨਿਹਾਰਤ ਹੌਂ; ਸਰਣਾਗਤਿ ਹੌਂ ਜਲ ਭੂਧਰ ਤਾਰੇ॥੫੨॥

ਹੇ ਮੇਰੇ ਪ੍ਰਭੂ! ਅਬ = ਹੁਣ ਮੈਂ ਕਿਸੇ ਔਰ = ਹੋਰ ਦੀ ਓਟ = ਟੇਕ ਵੱਲ ਨਹੀਂ ਨਿਹਾਰਤ = ਦੇਖਦਾ ਹਾਂ, ਮੈਂ ਤੇਰੀ ਹੀ (ਸਰਣ+ਆਗਤਿ) ਸ਼ਰਣ ਵਿਚ ਆਗਤਿ = ਆ ਕੇ ਪ੍ਰਾਪਤ ਹੋਇਆ ਹਾਂ, ਜਿਵੇਂ ਤੂੰ ਤ੍ਰੇਤੇ ਜੁਗ ਦੇ ਅੰਦਰ ਰਾਮਚੰਦ੍ਰ ਦੇ ਰੂਪ ਵਿਚ ਜਲ = ਪਾਣੀ ਦੇ ਉੱਪਰ ਭੂਧਰ = ਪੱਥਰ ਤਾਰੇ = ਤਾਰ ਦਿੱਤੇ ਸਨ, ਤਿਵੇਂ ਮੈਨੂੰ ਵੀ ਤਾਰਨਾ ਕਰੋ॥੫੨॥

## ਸ੍ਵੈਯਾ ॥
## ਜਬ ਜੋਬਨ ਥਾ, ਜਨ ਪ੍ਰੀਤ ਕਰੇ; ਅਬ ਜਾਰਠ ਮਾਂਹਿ ਭਏ ਸਭ ਖਾਰੇ ॥

ਹੇ ਪ੍ਰਭੂ! ਜਬ = ਜਦੋਂ ਮੇਰੇ ਸਰੀਰ ਉੱਪਰ ਜੋਬਨ = ਜਵਾਨੀ ਦੀ ਅਵਸਥਾ ਥਾ = ਸੀ, ਤਦੋਂ ਮੇਰੀ ਸੁੰਦਰਤਾ ਕਰਕੇ ਜਾਂ ਕਮਾਈ ਕਰਨ ਕਰਕੇ ਸਾਰੇ ਜਨ = ਲੋਕ ਮੇਰੇ ਨਾਲ ਪ੍ਰੀਤ = ਪ੍ਰੀਤੀ ਕਰੇ = ਕਰਦੇ ਸਨ, ਅਬ = ਹੁਣ ਜਾਰਠ = ਬੁਢੇਪੇ ਦੀ ਅਵਸਥਾ ਮਾਂਹਿ = ਵਿਚ ਜਦੋਂ ਮੇਰੇ ਕੋਲੋਂ ਕੋਈ ਕੰਮ ਨਹੀਂ ਹੁੰਦਾ, ਉਹ ਪ੍ਰੀਤ ਕਰਨ ਵਾਲੇ ਸਾਰੇ ਮੇਰੇ ਖਾਰੇ = ਦੋਖੀ, ਵੈਰੀ ਬਣ ਗਏ, ਕੋਈ ਪਾਣੀ ਤਕ ਵੀ ਨਹੀਂ ਪੁੱਛਦਾ। ਜੈਸਾ ਕਿ :

**ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥**
**ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥੨॥** *(ਰਾਗ ਸੋਰਠਿ, ਭਗਤ ਕਬੀਰ ਜੀ, ਅੰਗ ੬੫੬)*

## ਨਹਿ ਹੈ ਅਧਿਕਾਰ ਕਛੂ ਤੁਮਰੋ; ਕਰ ਲੈ ਲਕੁਟੀ ਬਹੁ ਮੋਹਿ ਦੁਆਰੇ ॥

ਹੇ ਪ੍ਰਭੂ! ਉਹ ਪਰਿਵਾਰ ਦੇ ਲੋਕ ਹੁਣ ਬਿਰਧ ਅਵਸਥਾ ਵਿਚ ਇਸ ਪ੍ਰਕਾਰ ਕਹਿੰਦੇ ਹਨ ਕਿ ਹੇ ਬੁੱਢਿਆ! ਤੇਰਾ ਸਾਡੇ ਕੰਮਾਂ ਵਿਚ ਕਛੂ = ਕੋਈ ਵੀ ਅਧਿਕਾਰ = ਹੱਕ ਨਹੀਂ ਹੈ, ਤੂੰ ਚੁੱਪ ਕਰਕੇ ਕਰ = ਹੱਥ ਵਿਚ ਲਕੁਟੀ = ਸੋਟੀ ਲੈ ਕਰਕੇ ਮੋਹਿ = ਮੇਰੇ ਦੁਆਰੇ = ਦਰਵਾਜ਼ੇ, ਡਿਉਢੀ 'ਤੇ ਬਹੁ = ਬੈਠਣਾ ਕਰ ਤੇ ਉਥੇ ਬੈਠ ਕੇ ਘਰ ਦੀ ਰਾਖੀ ਰੱਖ ਕਿ ਕਿਤੇ ਘਰ ਵਿਚ ਕੋਈ ਕੁੱਤਾ, ਬਿੱਲਾ ਨਾ ਆ ਜਾਵੇ।

## ਇਮ ਭਾਖਤ ਹੈ ਕਰੁਨਾਨਿਧਿ ਰਾਮ; ਪਰੋਂ ਤੁ ਕਹੇ ਯਹਿ ਪਾਦ ਪਸਾਰੇ ॥

ਹੇ (ਕਰੁਨਾ+ਨਿਧਿ) ਕਰੁਨਾ = ਮਿਹਰ ਦੇ ਨਿਧਿ = ਖ਼ਜ਼ਾਨੇ, ਸਮੁੰਦਰ ਰੂਪ ਰਾਮ = ਪ੍ਰਭੂ! ਮੇਰੇ ਪਰਿਵਾਰ ਵਾਲੇ ਹੁਣ ਮੈਨੂੰ ਇਮ = ਇਸ ਪ੍ਰਕਾਰ ਭਾਖਤ = ਬੋਲਦੇ ਹਨ, ਜੇਕਰ ਕਿਤੇ ਮੈਂ ਥਕਾਵਟ ਦੇ ਕਾਰਨ ਮੰਜੇ ਉੱਪਰ ਲੰਮਾ ਪਰੋਂ = ਪੈ ਜਾਵਾਂ ਤੁ = ਤਦ ਆਣ ਕੇ ਕਹਿੰਦੇ ਹਨ ਕਿ ਕਿਸ ਤਰ੍ਹਾਂ ਯਹਿ = ਇਹ ਪਾਦ = ਪੈਰ ਪਸਾਰੇ = ਪਸਾਰ (ਲੰਮੀਆਂ ਤਾਣ ਕੇ) ਸੁੱਤਾ ਪਿਆ ਹੈਂ।

## ਅਬ ਔਰ ਨ ਓਟ ਨਿਹਾਰਤ ਹੌਂ;
## ਸਰਣਾਗਤਿ ਹੌਂ ਜਲ ਭੂਧਰ ਤਾਰੇ ॥੫੩॥

ਹੇ ਮੇਰੇ ਪ੍ਰਭੂ! ਅਬ = ਹੁਣ ਮੈਂ ਕਿਸੇ ਔਰ = ਹੋਰ ਦੀ ਓਟ = ਟੇਕ ਵੱਲ ਨਹੀਂ ਨਿਹਾਰਤ = ਦੇਖਦਾ ਹਾਂ, ਮੈਂ ਤੇਰੀ ਹੀ (ਸਰਣ + ਆਗਿਤ) ਸਰਣ ਵਿਚ ਆਗਤਿ = ਆ ਕੇ ਪ੍ਰਾਪਤ ਹੋਇਆ ਹਾਂ, ਜਿਵੇਂ ਤੂੰ ਤ੍ਰੇਤੇ ਜੁਗ ਦੇ ਅੰਦਰ ਰਾਮਚੰਦ੍ਰ ਜੀ ਦੇ ਰੂਪ ਵਿਚ ਜਲ = ਪਾਣੀ ਦੇ ਉੱਪਰ ਭੂਧਰ = ਪੱਥਰ ਤਾਰੇ = ਤਾਰ ਦਿੱਤੇ ਸਨ, ਤਿਵੇਂ ਹੁਣ ਮੈਨੂੰ ਵੀ ਤਾਰਨਾ ਕਰੋ ॥੫੩॥

## ਸ੍ਵੈਯਾ ॥ ਅਬ ਜਾਠਰ ਮੈ ਤਨ ਖੀਨ ਭਏ; ਅਰ ਦੂਰ ਭਏ ਮੁਖ ਦਾਂਤ ਹਮਾਰੇ ॥

ਅਬ = ਹੁਣ ਜਾਠਰ = ਬਿਰਧ ਅਵਸਥਾ ਦੇ ਮੈ = ਵਿਚ ਤਨ = ਸਰੀਰ ਖੀਨ = ਕਮਜ਼ੋਰ ਭਏ = ਹੋ ਗਿਆ ਹੈ, ਭਾਵ ਹੱਥ ਕੰਬਦੇ ਹਨ, ਪੈਰਾਂ ਨਾਲ ਚੱਲਿਆ ਨਹੀਂ ਜਾਂਦਾ, ਕੰਨਾਂ ਨਾਲ ਪੂਰਾ ਸੁਣਦਾ ਨਹੀਂ, ਅੱਖਾਂ ਨਾਲ ਸਾਫ਼ ਦਿਸਦਾ ਨਹੀਂ, ਜ਼ੁਬਾਨ ਨਾਲ ਸਾਫ਼ ਬੋਲਿਆ ਨਹੀਂ ਜਾਂਦਾ, ਇਉਂ ਸਾਰਾ ਸਰੀਰ ਹੀ ਕਮਜ਼ੋਰ ਹੋ ਗਿਆ ਹੈ ਅਰ = ਅਤੇ ਹਮਾਰੇ = ਮੇਰੇ ਮੁਖ ਦੇ ਵਿਚੋਂ ਕਾਂਤ = ਦੰਦ ਵੀ ਦੂਰ ਭਏ = ਹੋ ਗਏ ਹਨ, ਭਾਵ ਦੰਦ ਵੀ ਸਾਰੇ ਟੁੱਟ ਗਏ ਹਨ।

## ਜਨ ਮੋਹਿ ਕੋ ਭੋਜਨ ਸੋਇ ਧਰੇ; ਘਰ ਭੀਤਰ ਜੋ ਕਛੁ ਪਾਵਕ ਜਾਰੇ ॥

ਹੇ ਪ੍ਰਭੂ! ਮੇਰੇ ਪਰਿਵਾਰ ਦੇ ਜਨ = ਲੋਕ ਮੋਹਿ ਕੋ = ਮੇਰੇ ਅੱਗੇ ਸੋਇ = ਉਹ ਭੋਜਨ ਲਿਆ ਕੇ ਧਰੇ, ਜੋ = ਜਿਹੜਾ ਭੋਜਨ ਘਰ ਦੇ ਭੀਤਰ = ਵਿਚ ਕਛੁ = ਕੁਝ ਪਾਵਕ = ਅੱਗ ਨੇ ਜਾਰੇ = ਸਾੜਿਆ ਹੁੰਦਾ ਹੈ, ਭਾਵ ਜੋ ਬਚਿਆ ਹੋਇਆ ਭੋਜਨ ਹੁੰਦਾ ਹੈ ਜਿਸਨੂੰ ਕੋਈ ਨਹੀਂ ਖਾਂਦਾ, ਉਹ ਮੇਰੇ ਅੱਗੇ ਲਿਆ ਕੇ ਸੁੱਟ ਦੇਂਦੇ ਹਨ।

## ਮੁਖ ਤੇ ਕਛੁ ਭਾਖਤ ਹੋਂ ਜਬ ਹੀ; ਤੁ ਕਹੇਂ ਨਹਿ ਤੈ ਹਿਤ ਪੂਪ ਸਵਾਰੇ ॥

ਜਬ = ਜਦੋਂ ਮੈਂ ਆਪਣੇ ਮੁਖ ਤੇ = ਤੋਂ ਕਛੁ = ਕੁਝ ਭਾਖਤ = ਕਹਿੰਦਾ ਹਾਂ ਕਿ ਮੇਰੇ ਮੂੰਹ ਵਿਚ ਹੁਣ ਦੰਦ ਨਹੀਂ ਹਨ ਤੇ ਇਹ ਸਖ਼ਤ ਰੋਟੀਆਂ ਮੇਰੇ ਕੋਲੋਂ ਖਾਧੀਆਂ ਨਹੀਂ ਜਾਂਦੀਆਂ, ਥੋੜ੍ਹੀਆਂ ਨਰਮ ਰੋਟੀਆਂ ਦੇ ਦਿਆ ਕਰੋ, ਤੁ = ਤਾਂ ਅੱਗੋਂ ਕਹੇਂ = ਕਹਿੰਦੇ ਹਨ ਕਿ ਤੈ = ਤੇਰੇ ਹਿਤ = ਵਾਸਤੇ ਪੂਪ = ਪੂੜੇ ਸਵਾਰੇ = ਸਵਾਰਦੇ ਹਾਂ, ਭਾਵ ਗਰਮ ਗਰਮ ਪੂੜੇ ਤੈਨੂੰ ਦੇਂਦੇ ਹਾਂ, ਚੁੱਪ ਕਰਕੇ ਇਹ ਰੋਟੀ ਖਾਣੀ ਹੈ ਤਾਂ ਖਾ ਲੈ, ਨਹੀਂ ਤਾਂ ਭੁੱਖਾ ਬੈਠਾ ਰਹੁ।

## ਅਬ ਔਰ ਨ ਓਟ ਨਿਹਾਰਤ ਹੋ; ਸਰਣਾਗਤਿ ਹੋਂ ਜਲ ਭੂਧਰ ਤਾਰੇ ॥੫੪॥

ਹੇ ਮੇਰੇ ਪ੍ਰਭੂ! ਅਬ = ਹੁਣ ਮੈਂ ਕਿਸੇ ਔਰ = ਹੋਰ ਦੀ ਓਟ = ਟੇਕ ਵੱਲ ਨਹੀਂ ਨਿਹਾਰਤ = ਦੇਖਦਾ ਹਾਂ, ਮੈਂ ਤੇਰੀ ਹੀ (ਸਰਣ+ਆਗਤਿ) ਸ਼ਰਣ ਵਿਚ ਆਗਤਿ = ਆ ਕੇ ਪ੍ਰਾਪਤ ਹੋਇਆ ਹਾਂ। ਜਿਵੇਂ ਤੂੰ ਤ੍ਰੇਤੇ ਜੁਗ ਦੇ ਅੰਦਰ ਰਾਮਚੰਦ੍ਰ ਜੀ ਦੇ ਰੂਪ ਵਿਚ ਜਲ = ਪਾਣੀ ਦੇ ਉੱਪਰ ਭੂਧਰ = ਪੱਥਰ ਤਾਰੇ = ਤਾਰ ਦਿੱਤੇ ਸਨ, ਤਿਵੇਂ ਤੂੰ ਹੁਣ ਮੈਨੂੰ ਵੀ ਤਾਰਨਾ ਕਰ॥੫੪॥

## ਸ੍ਵੈਯਾ ॥

## ਨਹਿ ਦਾਨ ਦੀਏ ਦਿਜ ਮੰਡਲ ਕੋ; ਅਰੁ ਦਿੱਬਯ ਧੁਨੀ ਤਨ ਨਾਹਿ ਪਖਾਰੇ ॥

ਹੇ ਪ੍ਰਭੂ! ਮੈਂ ਇਸ ਸੰਸਾਰ ਅੰਦਰ ਦਿਜ = ਬ੍ਰਾਹਮਣਾਂ ਦੀ ਮੰਡਲ = ਮੰਡਲੀ ਨੂੰ ਕਦੇ ਕੁਝ ਦਾਨ ਵੀ ਨਹਿ = ਨਹੀਂ ਦੀਏ = ਦੇਣਾ ਕੀਤਾ, ਅਰੁ = ਅਤੇ ਨਾਹਿ = ਨਾ ਹੀ ਦਿਬਯ ਧੁਨੀ = ਗੰਗਾ ਨਦੀ 'ਤੇ ਜਾ ਕੇ ਤਨ = ਸਰੀਰ ਨੂੰ ਪਖਾਰੇ = ਧੋਣਾ ਕੀਤਾ, ਭਾਵ ਗੰਗਾ ਆਦਿ ਪਵਿੱਤ੍ਰ ਤੀਰਥ ਅਸਥਾਨਾਂ 'ਤੇ ਜਾ ਕੇ ਇਸ਼ਨਾਨ ਵੀ ਨਹੀਂ ਕੀਤਾ।

## ਨਹਿ ਮਾਤ ਸੁ ਤਾਤ ਕੀ ਸੇਵ ਕਰੀ; ਨਹਿ ਦੇਵਨ ਕੇ ਕੁਲ ਪੂਜ ਸਵਾਰੇ ॥

ਹੇ ਪ੍ਰਭੂ! ਨਹਿ = ਨਾ ਹੀ ਮੈਂ ਮਾਤ = ਮਾਤਾ ਤੇ ਤਾਤ = ਪਿਤਾ ਕੀ = ਦੀ ਸੇਵ = ਸੇਵਾ ਕਰੀ = ਕੀਤੀ ਹੈ, ਅਤੇ ਨਹਿ = ਨਾ ਹੀ ਦੇਵਨ = ਦੇਵਤਿਆਂ ਦੀਆਂ ਕੁਲਾਂ ਨੂੰ ਸਵਾਰੇ = ਸਵਾਰ ਭਾਵ ਚੰਗੀ ਤਰ੍ਹਾਂ ਨਾਲ ਪੂਜ = ਪੂਜਨਾ ਕੀਤਾ।

## ਲਰਕਾਪਨ ਮੈਂ ਤਰੁਣਾਪਨ ਮੈਂ; ਜਠਰਾਪਨ ਮੈਂ ਨਹਿ ਰਾਮ ਚਿਤਾਰੇ ॥

ਲਰਕਾਪਨ = ਬਾਲਪੁਣੇ ਮੈਂ = ਵਿਚ ਤਰੁਣਾਪਨ = ਜਵਾਨੀ ਮੈਂ = ਵਿਚ ਅਤੇ ਜਠਰਾਪਨ = ਬੁਢੇਪੇ ਦੇ ਮੈਂ = ਵਿਚ ਕਦੇ ਵੀ ਰਾਮ = ਪਰਮਾਤਮਾ ਨੂੰ ਚਿਤਾਰੇ = ਚੇਤੇ ਨਹੀਂ ਕੀਤਾ, ਭਾਵ ਜਿਵੇਂ ਪਿੱਛੇ ਕਹਿ ਆਏ ਹਨ ਕਿ ਬਚਪਨ ਖੇਡਾਂ ਵਿਚ ਲੰਘ ਗਿਆ, ਜਵਾਨੀ ਵਿਸ਼ਿਆਂ ਵਿਚ ਲੰਘ ਗਈ ਅਤੇ ਬੁਢੇਪਾ ਹੁਣ ਦੁੱਖਾਂ ਵਿਚ ਲੰਘ ਰਿਹਾ ਹੈ ਪਰ ਕਦੇ ਵੀ ਰੱਬ ਨੂੰ ਚੇਤੇ ਨਹੀਂ ਕੀਤਾ।

## ਅਬ ਔਰ ਨ ਓਟ ਨਿਹਾਰਤ ਹੋਂ; ਸਰਣਾਗਤਿ ਹੋਂ ਜਲ ਭੂਧਰ ਤਾਰੇ ॥੫੫॥

ਹੇ ਪ੍ਰਭੂ ! ਅਬ = ਹੁਣ ਮੈਂ ਕਿਸੇ ਔਰ = ਹੋਰ ਦੀ ਓਟ = ਟੇਕ ਵੱਲ ਨਹੀਂ ਨਿਹਾਰਤ = ਦੇਖਦਾ ਹਾਂ, ਮੈਂ ਤੇਰੀ ਹੀ (ਸਰਣ+ਆਗਤਿ) ਸ਼ਰਣ ਵਿਚ ਆਗਤਿ = ਆ ਕੇ ਪ੍ਰਾਪਤ ਹੋਇਆ ਹਾਂ। ਜਿਵੇਂ ਤੂੰ ਤ੍ਰੇਤੇ ਜੁਗ ਦੇ ਅੰਦਰ ਰਾਮਚੰਦ੍ਰ ਜੀ ਦੇ ਰੂਪ ਵਿਚ ਜਲ = ਪਾਣੀ ਦੇ ਉੱਪਰ ਭੂਧਰ = ਪੱਥਰ ਤਾਰੇ = ਤਾਰ ਦਿੱਤੇ ਸਨ, ਤਿਵੇਂ ਤੂੰ ਹੁਣ ਮੈਨੂੰ ਵੀ ਤਾਰਨਾ ਕਰ ॥੫੫॥

## ਸ੍ਵੈਯਾ ॥

## ਨਹਿ ਸੇਵ ਕਰੀ ਸਿਵ ਕੀ ਹਮਹੂੰ; ਅਰੁ ਨਾਹਿ ਗਜਾਨਨ ਆਸ ਹਮਾਰੇ ॥

ਨਹਿ = ਨਾ ਹੀ ਹਮਹੂੰ = ਅਸੀਂ ਸ਼ਿਵਜੀ ਦੇ ਉਪਾਸ਼ਕ ਬਣ ਕੇ ਉਸਦੀ ਸੇਵ = ਟਹਿਲ ਕਰੀ = ਕੀਤੀ ਅਰੁ = ਅਤੇ ਨਹਿ = ਨਾ ਹੀ (ਗਜ+ਆਨਨ) ਗਜ = ਹਾਥੀ ਦੇ ਆਨਨ = ਮੂੰਹ ਵਾਲੇ ਗਣੇਸ਼ ਦਾ ਉਪਾਸ਼ਕ ਬਣ ਕੇ ਉਸਦੀ ਆਸ = ਉਮੀਦ ਹਮਾਰੇ = ਆਪਣੇ ਮਨ ਵਿਚ ਧਾਰਨ ਕੀਤੀ।

## ਨਹਿੰ ਪੁੰਨ ਕਰੇ ਭਵ ਮੰਡਲ ਮੈ, ਅਰੁ ਪਾਪ ਕਰੇ ਜਗ ਮਾਂਹਿ ਕਰਾਰੇ ॥

ਇਸ ਭਵਮੰਡਲ = ਸੰਸਾਰ ਦੇ ਮੈਂ = ਵਿਚ ਪੁੰਨ ਕਰਮ ਕੋਈ ਵੀ ਨਹੀਂ ਕਰੇ = ਕੀਤਾ ਅਰੁ = ਅਤੇ ਪਾਪ = ਮੰਦ ਕਰਮ ਕਰਾਰੇ = ਕਰੜੇ ਜਗ = ਸੰਸਾਰ ਮਾਹਿ = ਅੰਦਰ ਕਰੇ = ਕੀਤੇ ਹਨ।

## ਨਹਿੰ ਹ੍ਵੈ ਤਰਬੋ ਯਹਿ ਸੰਕ ਮਿਟੀ; ਹਰਿ ਨਾਥ ਬਲੀ ਜੁ ਅਜਾਮਲ ਤਾਰੇ ॥

ਮੇਰਾ ਤਰਬੋ = ਤਰਣਾ ਨਹਿੰ = ਨਹੀਂ ਹ੍ਵੈ = ਹੋਵੇਗਾ, ਯਹਿ = ਇਹ ਸ਼ੰਕਾ ਤਾਂ ਮਿਟੀ = ਮਿਟ ਗਈ ਹੈ, ਕਿਉਂਕਿ ਹੇ ਸਭ ਦੇ ਨਾਥ = ਮਾਲਕ ਹਰਿ = ਪ੍ਰਭੂ ! ਤੂੰ ਬਹੁਤ ਹੀ ਬਲੀ = ਬਲ ਵਾਲਾ ਹੈਂ, ਤੂੰ ਤਾਂ ਅਜਾਮਲ ਵਰਗੇ ਮਹਾਂ ਪਾਪੀ ਵੀ ਇਸ ਸੰਸਾਰ ਸਮੁੰਦਰ ਤੋਂ ਤਾਰੇ = ਤਾਰ ਦਿੱਤੇ ਹਨ। ਜੈਸਾ ਕਿ :

**ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥** *(ਸੋਰਠਿ ਮ: ੯, ਅੰਗ ੬੩੨)*

**ਬੇਸੁਆ ਰਵਤ ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣੁ ਨਰਹਰੇ ॥** *(ਮਾਰੂ ਮ: ੪, ਅੰਗ ੯੯੫)*

## ਅਬ ਔਰ ਨ ਓਟ ਨਿਹਾਰਤ ਹੋਂ, ਸਰਣਾਗਤਿ ਹੋਂ ਜਲ ਭੂਧਰ ਤਾਰੇ ॥੫੬॥

ਹੇ ਮੇਰੇ ਪ੍ਰਭੂ! ਇਸ ਲਈ ਅਬ = ਹੁਣ ਮੈਂ ਔਰ = ਹੋਰ ਕਿਸੀ ਦੀ ਕੋਈ ਓਟ = ਟੇਕ ਵੱਲ ਨਿਹਾਰਤ = ਦੇਖਦਾ ਨਹੀਂ ਹਾਂ, ਮੈਂ ਤੇਰੀ ਹੀ (ਸਰਣ+ਆਗਤਿ) ਸ਼ਰਣ ਵਿਚ ਆਗਤਿ = ਆ ਕੇ ਪ੍ਰਾਪਤ ਹੋਇਆ ਹਾਂ, ਜਿਵੇਂ ਤੂੰ ਤ੍ਰੇਤੇ ਜੁਗ ਵਿਚ ਰਾਮਚੰਦ੍ਰ ਜੀ ਦੇ ਰੂਪ ਵਿਚ ਜਲ = ਪਾਣੀ ਦੇ ਉੱਪਰ ਭੂਧਰ = ਪੱਥਰ ਤਾਰੇ = ਤਾਰ ਦਿਤੇ ਸਨ, ਤਿਵੇਂ ਹੁਣ ਮੈਨੂੰ ਵੀ ਤਾਰਨਾ ਕਰ ॥੫੬॥

## ਦੋਹਰਾ ॥ ਰੇ ਮਨ ਪਾਲਨ ਸੀਲ ਕਉ; ਆਪਦ ਅਨਾਪਦ ਮਾਂਹਿ ॥

ਰੇ = ਹੇ ਮੇਰੇ ਮਨ ! ਭਾਵੇਂ ਆਪਦ = ਬਿਪਦਾ ਦਾ ਸਮਾ ਹੋਵੇ ਭਾਵੇਂ ਅਨਾਪਦ = ਸੁੱਖ ਦਾ ਸਮਾਂ ਹੋਵੇ, ਇਨ੍ਹਾਂ ਦੋਨਾਂ ਸਮਿਆਂ ਮਾਂਹਿ = ਵਿਚ ਤੂੰ ਸੀਲ = ਸ਼ਾਂਤ ਸੁਭਾਅ **ਵਾ:** ਜਤ ਸਤ ਕਉ = ਨੂੰ ਪਾਲਨ = ਪਾਲਣਾ ਕਰ।

## ਸਦਾ ਕਰੋ ਸੁਖ ਕੋ ਲਹੋ; ਤਨ ਲੌ ਡਾਰੋ ਨਾਂਹਿ ॥੫੭॥

ਜੇਕਰ ਤੂੰ ਸਦਾ = ਹਮੇਸ਼ਾਂ ਸੀਲ ਸੁਭਾਅ ਨੂੰ ਪਾਲਣਾ ਕਰੇਂਗਾ ਤਾਂ ਸੁੱਖਾਂ ਕੋ = ਨੂੰ ਲਹੋ = ਪ੍ਰਾਪਤ ਕਰੇਂਗਾ, ਇਸ ਸੀਲ ਸੁਭਾਅ ਨੂੰ ਤਨ = ਸਰੀਰ ਜਿਤਨੇ ਸਮੇਂ ਲੌ = ਤੱਕ ਡਾਰੋ = ਛੱਡਣਾ ਨਾ ਕਰੋ, ਭਾਵ ਜੇਕਰ ਸਰੀਰ ਦੀ ਬਾਜ਼ੀ ਵੀ ਲਾਉਣੀ ਪਵੇ ਤਾਂ ਵੀ ਆਪਣੇ ਜਤ ਸਤ, ਸ਼ੀਲ ਸੁਭਾਅ ਨੂੰ ਤਿਆਗਣਾ ਨਹੀਂ ॥੫੭॥

## ਸ੍ਵੈਯਾ ॥

## ਭਵ ਮੰਡਲ ਮਾਹਿ ਸੁ ਸੀਲ ਫਲੇ; ਪੁਨ ਸੀਲ ਪ੍ਰਲੋਕ ਬਿਖੇ ਫਲ ਜਾਏ ॥

ਇਸ ਭਵ ਮੰਡਲ = ਸੰਸਾਰ ਦੇ ਮਾਹਿ = ਵਿਚ ਸੁਸੀਲ = ਚੰਗਾ, ਸ਼ਾਂਤ ਸੁਭਾਅ ਹੀ ਫਲੇ = ਫਲਦਾ ਹੈ, ਪੁਨ = ਫੇਰ ਇਹ ਸ਼ੀਲ ਸੁਭਾਅ ਪ੍ਰਲੋਕ ਦੇ ਬਿਖੇ = ਵਿਚ ਫਲ ਜਾ ਕੇ ਦੇਂਦਾ ਹੈ, ਭਾਵ ਚੰਗੇ ਸੁਭਾਅ ਵਾਲੇ ਮਨੁੱਖ ਦੀ ਲੋਕ-ਪ੍ਰਲੋਕ ਵਿਚ ਇੱਜ਼ਤ ਹੁੰਦੀ ਹੈ।

## ਜਗ ਸੀਲ ਕੁ ਪਾਲਨ ਉਤਮ ਹੈ; ਤਨ ਆਪਦ ਤੇ ਨਹਿ ਸੀਲ ਗਵਾਏ ॥

ਜਗ = ਸੰਸਾਰ ਦੇ ਵਿਚ ਸ਼ੀਲ ਸੁਭਾਅ ਨੂੰ ਪਾਲਨ = ਪਾਲਣਾ ਹੀ ਸਭ ਤੋਂ ਉਤਮ = ਸ੍ਰੇਸ਼ਟ ਹੈ, ਜੇਕਰ ਕਰਮਾਂ ਅਨੁਸਾਰ ਤਨ = ਸਰੀਰ ਉੱਪਰ ਕੋਈ ਆਪਦ = ਬਿਪਤਾ ਆ ਜਾਵੇ ਤਾਂ ਵੀ ਆਪਣਾ ਸ਼ੀਲ ਸੁਭਾਅ ਗਵਾਏ = ਗਵਾਉਣਾ ਨਹੀਂ ਚਾਹੀਦਾ।

## ਤਨ ਧਾਰ ਰਹੇ ਜਗ ਭੀਤਰ ਜੋ; ਮਨ ਕੌਨ ਅਹੇ ਨਹਿ ਜੋ ਦੁਖ ਪਾਏ ॥

ਜੋ = ਜਿਹੜੇ ਵੀ ਪ੍ਰਾਣੀ ਇਸ ਜਗ = ਸੰਸਾਰ ਦੇ ਭੀਤਰ = ਵਿਚ ਤਨ = ਸਰੀਰ ਧਾਰ = ਧਾਰਨ ਕਰਕੇ ਰਹੇ ਹਨ, ਭਾਵ ਜਿਸ ਨੇ ਸੰਸਾਰ ਵਿਚ ਜਨਮ ਲਿਆ ਹੈ, ਹੇ ਮਨਾਂ! ਦਸ ਅਜਿਹਾ ਕੌਣ ਹੈ ਜੋ = ਜਿਸ ਨੇ ਕੋਈ ਦੁੱਖ ਨਹੀਂ ਪ੍ਰਾਪਤ ਕੀਤਾ, ਭਾਵ ਹਰੇਕ ਪ੍ਰਾਣੀ ਨੇ ਕੋਈ ਨਾ ਕੋਈ ਦੁਖ ਜ਼ਰੂਰ ਪ੍ਰਾਪਤ ਕੀਤਾ ਹੈ।

## ਨ੍ਰਿਪ ਪਾਂਡਵ ਸੇ ਬਨ ਮਾਹਿ ਬਸੇ; ਜਿਨ ਕੇ ਹਰਿ ਹੋਵਤ ਨੀਤ ਸਹਾਏ ॥੫੮॥

ਦੇਖੋ ਪਾਂਡਵ = ਪਾਂਡੂ ਨ੍ਰਿਪ = ਰਾਜੇ ਦੇ ਪੁੱਤਰ (ਯੁਧਿਸ਼ਟਰ, ਅਰਜਨ, ਭੀਮਸੈਨ, ਨਕੁਲ ਤੇ ਸਹਿਦੇਵ) ਵੀ ਬਨ = ਜੰਗਲਾਂ ਦੇ ਮਾਹਿ = ਵਿਚ ਜਾ ਕੇ ਬਸੇ = ਵੱਸੇ ਸਨ, ਭਾਵ ਉਨ੍ਹਾਂ ਨੂੰ ਵੀ ਰਾਜ ਭਾਗ ਛੱਡ ਕੇ ਜੰਗਲਾਂ ਵਿਚ ਅਨਗਿਣਤ ਦੁੱਖ ਸਹਾਰਨੇ ਪਏ, ਜਿਨ = ਜਿਨ੍ਹਾਂ ਕੇ = ਦੇ ਕੋਲ ਹਰਿ = ਸ੍ਰੀ ਕ੍ਰਿਸ਼ਨ ਜੀ ਨੀਤ = ਨਿਤਾਪ੍ਰਤੀ ਸਹਾਏ = ਸਹਾਇਕ ਹੁੰਦੇ ਸਨ। ਇਸ ਲਈ ਇਹ ਦੁਖ ਤਕਲੀਫ਼ਾਂ ਤੇ ਸੁਖ ਆਦਿ ਆਉਂਦੇ ਜਾਂਦੇ ਰਹਿੰਦੇ ਹਨ ਪਰ ਇਨ੍ਹਾਂ ਸੁੱਖਾਂ-ਦੁੱਖਾਂ ਵਿਚ ਲੱਗ ਕੇ ਆਪਣਾ ਸ਼ੀਲ ਸੁਭਾਅ ਨਹੀਂ ਤਿਆਗਣਾ ਚਾਹੀਦਾ ॥੫੮॥

## ਸ੍ਵੈਯਾ ॥

## ਜਿਹ ਨਾਮ ਉਚਾਰਤ ਦੂਖ ਮਿਟੇ; ਵਹਿ ਰਾਮ ਗਏ ਪਦ ਸੋਂ ਬਨ ਮਾਂਹੀ ॥

ਹੋਰ ਸੁਣੋ, ਜਿਹ = ਜਿਸ ਦਾ ਨਾਮ ਉਚਾਰਤ = ਉਚਾਰਣ ਕਰਦਿਆਂ ਸਾਰੇ ਦੂਖ = ਦੁੱਖ ਮਿਟੇ = ਮਿਟ ਜਾਂਦੇ ਹਨ, ਉਸ ਪ੍ਰਭੂ ਦਾ ਰੂਪ ਰਾਮਚੰਦ੍ਰ ਆਪਣੇ ਪਦ = ਪੈਰਾਂ ਸੋਂ = ਨਾਲ ਤੁਰ ਕੇ ਬਨ = ਜੰਗਲ ਮਾਂਹੀ = ਵਿਚ ਗਏ ਸਨ, ਭਾਵ ਆਪਣੇ ਪਿਤਾ ਦੀ ਆਗਿਆ ਮੰਨ ਕੇ ਸ੍ਰੀ ਰਾਮ ਚੰਦ੍ਰ ਜੀ ਚੌਦਾਂ ਸਾਲ ਦੇ ਲਈ ਬਨਵਾਸ ਵਿਚ ਗਏ ਸਨ।

# ਮਥੁਰਾ ਤਜਿ ਕਾਨ੍ਹ ਬਨੀ ਅਪਦਾ; ਮੁਚਕੰਦ ਹਰੀ ਤਿਨ ਕੀ ਗਿਰਿ ਮਾਂਹੀ ॥

ਜਰਾਸੰਧਿ ਦੇ ਮਿੱਤ੍ਰ ਕਾਲਯਵਨ ਨਾਲ ਜੰਗ ਕਰਨ ਦੇ ਕਾਰਣ ਜਿਸ ਸਮੇਂ ਕਾਨ੍ਹ = ਸ੍ਰੀ ਕ੍ਰਿਸ਼ਨ ਜੀ ਉੱਪਰ ਅਪਦਾ = ਬਿਪਤਾ ਬਨੀ = ਬਣ ਗਈ, ਤਦੋਂ ਕ੍ਰਿਸ਼ਨ ਜੀ ਮਥੁਰਾ ਨੂੰ ਤਜਿ = ਛੱਡ ਕੇ ਮੁਚਕੰਦ ਰਿਖੀ ਜਿਸ ਪਹਾੜ ਦੀ ਗੁਫ਼ਾ ਵਿਚ ਸੁੱਤਾ ਪਿਆ ਸੀ, ਤਿਨ = ਉਸ ਗਿਰਿ = ਪਹਾੜ ਦੀ ਗੁਫ਼ਾ ਮਾਂਹੀ = ਵਿਚ ਚਲੇ ਗਏ ਤੇ ਉੱਥੇ ਮੁਚਕੰਦ ਰਿਖੀ ਨੇ ਕ੍ਰਿਸ਼ਨ ਜੀ ਦੀ ਬਿਪਤਾ ਹਰੀ = ਨਾਸ਼ ਕੀਤੀ।

ਇਕ ਪੁਰਾਣਕ ਕਥਾ ਹੈ ਇਕ ਵਾਰ ਦੇਵਤਿਆਂ ਦੀ ਮਦਦ ਲਈ ਮੁਚਕੰਦ ਦੇਵਤਿਆਂ ਦੇ ਨਾਲ ਮਿਲ ਕੇ ਰਾਖਸ਼ਾਂ ਨਾਲ ਲੜਿਆ ਸੀ ਅਤੇ ਦੇਵਤਿਆਂ ਦੀ ਜਿੱਤ ਕਰਾਈ ਸੀ, ਇਸਨੇ ਦੇਵਤਿਆਂ ਤੋਂ ਵਰ ਲਿਆ ਕਿ ਮੈਂ ਦੇਰ ਤਕ ਸੁੱਤਾ ਰਹਾਂ ਅਤੇ ਜੋ ਮੈਨੂੰ ਜਗਾਵੇ, ਉਹ ਮੇਰੇ ਸਰੀਰ ਤੋਂ ਉਪਜੀ ਅਗਨੀ ਨਾਲ ਭਸਮ ਹੋ ਜਾਵੇ।

ਉਧਰ ਜਰਾਸੰਧਿ ਨੇ ਕ੍ਰਿਸ਼ਨ ਜੀ ਨਾਲ ਜੰਗ ਕਰਨ ਲਈ ਆਪਣੇ ਮਿੱਤ੍ਰ ਕਾਲਯਵਨ ਨੂੰ ਕਾਬਲ ਤੋਂ ਬੁਲਾਇਆ, ਉਹ ਫ਼ੌਜ ਲੈ ਕੇ ਕ੍ਰਿਸ਼ਨ ਜੀ ਨਾਲ ਲੜਿਆ, ਉਸ ਨੇ ਕ੍ਰਿਸ਼ਨ ਜੀ ਨੂੰ ਜੰਗ ਵਿਚ ਭਜਾ ਦਿੱਤਾ, ਤਦ ਕ੍ਰਿਸ਼ਨ ਜੀ ਭੱਜਦੇ ਹੋਏ ਉਸਨੂੰ ਆਪਣੇ ਪਿੱਛੇ ਲਾ ਕੇ ਉਥੇ ਲੈ ਗਏ ਜਿਥੇ ਮੁਚਕੰਦ ਰਿਖੀ ਸੁੱਤਾ ਪਿਆ ਸੀ। ਕ੍ਰਿਸ਼ਨ ਜੀ ਨੇ ਆਪਣਾ ਬਸਤ੍ਰ ਮੁਚਕੰਦ ਦੇ ਉੱਪਰ ਪਾ ਦਿੱਤਾ ਤੇ ਆਪ ਓਹਲੇ ਹੋ ਗਏ। ਉਧਰੋਂ ਜਦੋਂ ਕਾਲਯਵਨ ਆਇਆ ਤਾਂ ਉਸਨੇ ਕ੍ਰਿਸ਼ਨ ਸਮਝ ਕੇ ਲੱਤ ਮਾਰੀ ਤੇ ਕਿਹਾ ਕਿ ਪਹਿਲਾਂ ਅੱਗੇ ਲੱਗ ਕੇ ਭੱਜ ਆਇਆ ਹੈਂ ਤੇ ਹੁਣ ਏਥੇ ਬੜੇ ਆਰਾਮ ਨਾਲ ਸੁੱਤਾ ਪਿਆ ਹੈਂ, ਉਧਰ ਜਦੋਂ ਮੁਚਕੰਦ ਉੱਠਿਆ ਤਾਂ ਉਸਦੇ ਸਰੀਰ (ਨੇਤ੍ਰਾਂ ਤੋਂ) ਤੋਂ ਪੈਦਾ ਹੋਈ ਅਗਨੀ ਨਾਲ ਕਾਲਯਵਨ ਭਸਮ ਹੋ ਗਿਆ। ਜੈਸਾ ਕਿ :

**ਆਪ ਕੋ ਬਚਵਾਇ ਗਯੋ ਕਾਨ੍ਹ ਮੁਚਕੰਦ ਤੇ ॥**
**ਤਜੀ ਨੀਂਦ ਤਿਹ ਰਾਇ ਹੇਰਤ ਭਸਮ ਮਲੇਛ ਭੇ ॥** *(ਸ੍ਰੀ ਦਸਮ ਗ੍ਰੰਥ, ਕ੍ਰਿਸ਼ਨਾਵਤਾਰ)*

# ਬਲਬੀਰ ਪਿਤਾ ਰਘੁਬੀਰ ਪਿਤਾ; ਦੁਖ ਲੋਗ ਸਮਾਨ ਲਹੇ ਭਵ ਮਾਂਹੀ ॥

ਬਲ = ਬਲਭੱਦ੍ਰ ਦੇ ਬੀਰ = ਭਰਾ ਕ੍ਰਿਸ਼ਨ ਜੀ ਦੇ ਪਿਤਾ ਵਾਸੁਦੇਵ ਜੀ ਅਤੇ ਰਘੁਬੀਰ = ਰਘੂਆਂ ਦੀ ਕੁਲ ਦੇ ਬਹਾਦਰ ਸੂਰਬੀਰ ਸ੍ਰੀ ਰਾਮਚੰਦ੍ਰ ਜੀ ਦੇ ਪਿਤਾ ਦਸ਼ਰਥ ਜੀ ਇਨ੍ਹਾਂ ਨੇ ਆਮ ਲੋਗ = ਲੋਕਾਂ ਦੇ ਸਮਾਨ = ਬਰਾਬਰ ਹੀ ਭਵ = ਸੰਸਾਰ ਮਾਂਹੀ = ਵਿਚ ਦੁੱਖ ਪ੍ਰਾਪਤ ਕੀਤੇ ਹਨ।

ਅਰਥਾਤ ਵਾਸੁਦੇਵ ਜੀ ਨੂੰ ਕੰਸ ਨੇ ਕੈਦ ਕਰਕੇ ਸੰਗਲਾਂ ਨਾਲ ਬੰਨ੍ਹ ਕੇ ਰੱਖਿਆ ਸੀ, ਅਤੇ ਦਸ਼ਰਥ ਜੀ ਨੇ ਆਪਣੇ ਪੁੱਤਰ ਦੇ ਵਿਛੋੜੇ ਕਰਕੇ ਪ੍ਰਾਣ ਹੀ ਤਿਆਗ ਦਿੱਤੇ ਸਨ।

# ਕਹੁ ਰੇ ਮਨ ਕੌਨ ਸੁਖੀ ਜਗ ਮੈਂ; ਤਨ ਧਾਰ ਕੇ ਜੋ ਦੁਖ ਪਾਵਤ ਨਾਂਹੀ ॥੫੯॥

ਰੇ = ਹੇ ਮੇਰੇ ਮਨਾਂ ! ਕਹੁ = ਦੱਸ ਖਾਂ ਕਿ ਇਸ ਜਗ = ਸੰਸਾਰ ਮੈਂ = ਵਿਚ ਕੌਨ = ਕਿਹੜਾ ਮਨੁੱਖ ਸੁਖੀ ਹੈ, ਜੋ = ਜਿਹੜਾ ਤਨ = ਸਰੀਰ ਧਾਰ = ਧਾਰਨ ਕਰਕੇ ਦੁੱਖ ਪਾਵਤ = ਪ੍ਰਾਪਤ ਨਹੀਂ ਕਰਦਾ, ਭਾਵ ਹਰੇਕ ਨੂੰ ਦੁੱਖ ਪ੍ਰਾਪਤ ਹੋਇਆ ਹੈ॥੫੯॥

## ਸ੍ਵੈਯਾ ॥

## ਤਾਤ ਕੀ ਆਇਸ ਮਾਨ ਚਲੇ; ਜਿਨ ਕੇ ਪਦ ਪੰਕਜ ਪੂਜਤ ਲੋਈ ॥

ਦੇਖੋ, ਜਿਨ = ਜਿਨ੍ਹਾਂ ਕੇ = ਦੇ ਪਦ = ਚਰਨ ਪੰਕਜ = ਕਮਲਾਂ ਨੂੰ ਸਾਰੀ ਲੋਈ = ਲੋਕਾਈ ਪੂਜਤ = ਪੂਜਦੀ ਹੈ, ਉਹ ਸ੍ਰੀ ਰਾਮਚੰਦ੍ਰ ਜੀ ਆਪਣੇ ਤਾਤ = ਪਿਤਾ ਕੀ = ਦੀ ਆਇਸ = ਆਗਿਆ ਨੂੰ ਮਾਨ = ਮੰਨ ਕੇ ਚੌਦਾਂ ਸਾਲ ਦੇ ਬਨਵਾਸ ਲਈ ਚਲੇ = ਚੱਲ ਪਏ ਸਨ।

## ਰਾਜ ਬਿਭੂਤਿ ਤਜੀ ਛਿਨ ਮੈਂ; ਬਨ ਕੋ ਨਿਕਸੇ ਜਨਨੀ ਬਹੁ ਰੋਈ ॥

ਇਕ ਛਿਨ ਮੈਂ = ਵਿਚ ਹੀ ਸਾਰੀ ਰਾਜ ਭਾਗ ਦੀ ਬਿਭੂਤਿ = ਮਾਇਆ ਆਦਿ ਤਜੀ = ਤਿਆਗ ਦਿੱਤੀ ਸੀ, ਆਪਣੇ ਮਾਤਾ-ਪਿਤਾ ਦੇ ਚਰਨੀਂ ਮੱਥਾ ਟੇਕ ਕੇ ਜਦੋਂ ਬਨ = ਜੰਗਲ ਕੋ = ਨੂੰ ਨਿਕਸੇ = ਨਿਕਲ ਗਏ, ਤਦੋਂ ਉਨ੍ਹਾਂ ਦੀ ਜਨਨੀ = ਮਾਤਾ (ਕੌਸ਼ਲਿਆ) ਪੁੱਤ੍ਰ ਦੇ ਵਿਛੋੜੇ ਕਾਰਨ ਬਹੁ = ਬਹੁਤ ਰੋਈ ਸੀ।

## ਤੌਂ ਨ ਫਿਰੇ ਪੁਰ ਕੋ ਹਰਿ ਜੂ; ਜਬ ਭ੍ਰਾਤ ਗਹੇ ਕਰ ਮੈਂ ਪਦ ਦੋਈ ॥

ਹਰਿ = ਭਗਵਾਨ ਰਾਮਚੰਦ੍ਰ ਜੂ = ਜੀ ਤੌਂ = ਤਦ ਵੀ ਆਪਣੇ ਪੁਰ = ਨਗਰ (ਅਯੁੱਧਿਆ ਪੁਰੀ) ਵੱਲ ਕੋ = ਨੂੰ ਨਹੀਂ ਫਿਰੇ = ਮੁੜੇ ਸਨ, ਜਬ = ਜਦੋਂ ਰਾਮਚੰਦ੍ਰ ਜੀ ਦੇ ਭ੍ਰਾਤ = ਭਰਾ ਭਰਤ ਜੀ ਨੇ ਜੰਗਲ ਵਿਚ ਜਾ ਕੇ ਉਨ੍ਹਾਂ ਦੇ ਦੋਈ = ਦੋਵੇਂ ਪਦ = ਚਰਨ ਆਪਣੇ ਕਰ = ਹੱਥਾਂ ਨਾਲ ਗਹੇ = ਪਕੜੇ ਸਨ।

## ਧਰਮ ਬਰਾਬਰ ਰਾਜ ਨਹੀਂ; ਇਹ ਸੂਚਕ ਰਾਮ ਸਨਾਤਨ ਜੋਈ ॥੬੦॥

ਸ੍ਰੀ ਰਾਮਚੰਦ੍ਰ ਜੀ ਨੇ ਆਪਣੇ ਭ੍ਰਾਤਾ ਭਰਤ ਨੂੰ ਇਹ ਕਹਿ ਕੇ ਵਾਪਸ ਮੋੜ ਦਿੱਤਾ ਸੀ ਕਿ ਧਰਮ ਦੇ ਬਰਾਬਰ ਹੋਰ ਕੋਈ ਰਾਜ ਭਾਗ ਨਹੀਂ ਹੁੰਦਾ। ਮੇਰੇ ਪਿਤਾ ਨੇ ਮੈਨੂੰ ਬਨ ਵਿਚ ਜਾਣ ਲਈ ਕਿਹਾ ਹੈ, ਮੈਂ ਉਨ੍ਹਾਂ ਦਾ ਪੁੱਤ੍ਰ ਹਾਂ ਤੇ ਮੇਰਾ ਇਹ ਧਰਮ ਬਣਦਾ ਹੈ ਕਿ ਮੈਂ ਆਪਣੇ ਪਿਤਾ ਦੀ ਆਗਿਆ ਨੂੰ ਮੰਨਣਾ ਕਰਾਂ।

ਸੋ ਜੋ ਰਾਮ ਜੀ ਹਨ, ਉਨ੍ਹਾਂ ਨੇ ਇਹ ਸਨਾਤਨ = ਪੁਰਾਤਨ ਰੀਤੀ ਨੂੰ ਸੂਚਕ = ਜਣਾਉਣਾ ਕੀਤਾ, ਸੋ ਭਾਵ ਇਹ ਹੈ ਕਿ ਇਹੋ ਜਿਹੇ ਬਿਪਤਾ ਦੇ ਸਮੇਂ ਪੁਰਾਣੇ ਅਵਤਾਰਾਂ ਨੂੰ ਦੇਖਣੇ ਪਏ ਪਰ ਫੇਰ ਵੀ ਉਨ੍ਹਾਂ ਨੇ ਆਪਣਾ ਸ਼ੀਲ ਸੁਭਾਅ ਗਵਾਉਣਾ ਨਹੀਂ ਕੀਤਾ॥੬੦॥

## ਸ੍ਵੈਯਾ ॥

## ਧਰਿ ਮਾਨਵ ਦੇਹ ਸੁ ਭਾਰਥ ਖੰਡਹਿ; ਕਾ ਹਿਤ ਭੋਗਨ ਮੈਂ ਲਲਚਾਹੀ ॥

ਹੇ ਜੀਵ! ਨੌਂ ਖੰਡਾਂ ਵਿਚੋਂ ਸਭ ਤੋਂ ਸੁ = ਸ੍ਰੇਸ਼ਟ ਇਸ ਭਾਰਥ = ਮਹਾਂ ਭਾਰਤ ਖੰਡਹਿ = ਖੰਡ[੧] ਵਿਚ ਮਾਨਵ = ਮਨੁੱਖਾ ਦੇਹੀ ਧਰਿ = ਧਾਰਨ ਕਰਕੇ ਫੇਰ ਕਾ = ਕਿਸ ਹਿਤ = ਵਾਸਤੇ ਭੋਗਨ = ਭੋਗਾਂ ਦੇ ਮੈਂ = ਵਿਚ ਲਲਚਾਹੀ = ਲਲਚਾਉਂਦਾ ਹੈ। ਅੰਦਰ ਦੀ ਖਿੱਚ ਨੂੰ ਲਲਚਣਾ ਕਹਿੰਦੇ ਹਨ।

## ਜਗ ਦੂਰ ਤਜੋ ਗਜ ਬਾਜ ਰਥਾਦਿਕ; ਮਾਹਿ ਵਿਭੂਤਿ ਕਛੂ ਸੁਖ ਨਾਹੀ ॥

ਹੇ ਭਾਈ! ਇਸ ਕਰਮ ਭੂਮੀ ਭਾਰਤ ਖੰਡ ਵਿਚ ਜਨਮ ਲੈ ਕੇ ਲਾਲਚ ਵਿਚ ਨਾ ਫਸੋ, ਇਸ ਜਗ = ਸੰਸਾਰ

---

੧. **ਨੌਂ ਖੰਡਾਂ ਦਾ ਵੇਰਵਾ** : ਸਾਰੀ ਧਰਤੀ ਨੌਂ ਖੰਡਾਂ ਵਿਚ ਵੰਡੀ ਹੋਈ ਹੈ। ਰਾਜਾ ਅਜਨਾਭ ਦੇ ਪੁੱਤਰਾਂ ਦੇ ਨਾਵਾਂ 'ਤੇ ਇਨ੍ਹਾਂ ਖੰਡਾਂ ਦੇ ਨਾਮ ਰੱਖੇ ਗਏ, ਜਿਵੇਂ ਉਸਦੇ ਪੁੱਤਰ 'ਭਰਤ' ਦੇ ਨਾਮ 'ਤੇ ਭਾਰਤ ਖੰਡ ਦਾ ਨਾਮ ਰੱਖਿਆ ਗਿਆ। ਜੰਬੂ ਦੀਪ ਅੰਦਰ ☛

ਅੰਦਰ ਗਜ = ਹਾਥੀ, ਬਾਜ = ਘੋੜੇ ਅਤੇ ਰਥਾਦਿਕ = ਰਥ ਆਦਿ ਦੀ ਬਿਭੂਤੀ ਨੂੰ ਦੂਰ ਕਰਕੇ ਤਜੋ = ਤਿਆਗ ਦੇਵੋ, ਕਿਉਂ ਇਸ ਵਿਭੂਤਿ = ਧਨ ਪਦਾਰਥ ਮਾਹਿ = ਵਿਚ ਕਛੂ = ਕੁਝ ਵੀ ਸੁਖ ਨਹੀਂ ਹੈ ਕਿਉਂਕਿ ਅੰਤ ਨੂੰ ਇਹ ਸਭ ਕੁਝ ਛੱਡ ਕੇ ਪ੍ਰਲੋਕ ਨੂੰ ਖ਼ਾਲੀ ਹੱਥੀਂ ਜਾਣਾ ਪੈਂਦਾ ਹੈ।

**ਇਹ ਲੋਕ ਪ੍ਰਲੋਕ ਸੁ ਸੰਗ ਚਲੈ; ਇਕ ਧਰਮ ਕੁ ਸੰਚ ਧਰੋ ਉਰ ਮਾਂਹੀ ॥**

ਜੋ ਇਹ = ਇਸ ਲੋਕ ਅਤੇ ਪ੍ਰਲੋਕ ਵਿਚ ਸੰਗ = ਨਾਲ ਚਲੈ = ਚੱਲਦਾ ਹੈ, ਉਹ ਇਕ ਧਰਮ ਨੂੰ ਆਪਣੇ ਉਰ = ਹਿਰਦੇ ਮਾਂਹੀ = ਵਿਚ ਸੰਚ = ਇਕੱਤ੍ਰ ਕਰਕੇ ਧਰੋ = ਰੱਖਣਾ ਕਰੋ।

**ਅਬ ਔਰਨ ਬਾਤ ਕਹਾਂ ਕਹੀਏ;**
**ਰਘੁਬੀਰ ਬਿਭੂਤਿ ਤਜੀ ਛਿਨ[1] ਮਾਹੀ ॥੬੧॥**

ਹੇ ਭਾਈ ! ਅਬ = ਹੁਣ ਔਰਨ = ਹੋਰਨਾਂ ਦੀ ਬਾਤ = ਗੱਲ ਕਹਾਂ = ਕੀ ਕਹੀਏ = ਕਹਿਣਾ ਕਰੀਏ, ਦੇਖੋ ਰਘੁਬੀਰ = ਰਘੂਆਂ ਦੀ ਕੁਲ ਦੇ ਬਹਾਦਰ, ਸੂਰਬੀਰ ਸ੍ਰੀ ਰਾਮਚੰਦ੍ਰ ਜੀ ਨੇ ਇਕ ਛਿਨ ਵਿਚ ਹੀ ਸਾਰੀ ਰਾਜ ਭਾਗ ਦੀ ਬਿਭੂਤੀ ਤਜੀ = ਤਿਆਗ ਦਿੱਤੀ ਸੀ। **ਵਾ:** ਇਸ ਛਿਤ = ਧਰਤੀ ਦੇ ਉੱਪਰ ਇਕ ਛਿਨ ਵਿਚ ਹੀ ਤਿਆਗ ਦਿੱਤੀ ਸੀ ॥੬੧॥

**ਸ੍ਵੈਯਾ ॥**

**ਰਘੁ ਭੂਪ ਦਿਲੀਪ ਤਜੀ ਛਿਨ ਮੈ; ਅਰੁ ਜਾਇ ਬਸੇ ਸੁ ਤਪੋ ਬਨ ਮਾਂਹੀ ॥**

ਸੂਰਯਵੰਸ਼ੀ ਰਘੁ = ਰਘੂ ਰਾਜੇ ਦੇ ਪਿਤਾ ਦਿਲੀਪ ਰਾਜੇ ਨੇ ਵੀ ਇਕ ਛਿਨ ਵਿਚ ਹੀ ਸਾਰੀ ਵਿਭੂਤੀ ਤਜੀ = ਤਿਆਗ ਦਿੱਤੀ ਸੀ ਅਰੁ = ਅਤੇ ਤਪੋ = ਤਪੱਸਿਆ ਕਰਨ ਵਾਸਤੇ ਬਨ = ਜੰਗਲ ਦੇ ਮਾਂਹੀ = ਵਿਚ ਜਾਇ = ਜਾ ਕੇ ਬਸੇ = ਵੱਸ ਗਿਆ ਸੀ।

**ਅਜਨਾਭ ਕੁ ਨੰਦਨ ਤਜਾਗ ਬਿਭੂਤਿ; ਗਯੋ ਬਨ ਕੋ ਨ ਰਮੇ ਪੁਰ ਮਾਂਹੀ ॥**

ਅਜਨਾਭ ਰਾਜੇ ਕੁ = ਦਾ ਪੁੱਤਰ ਰਿਖਦੇਵ **ਵਾ:** ਭਰਤ **ਵਾ:** ਰਾਜਾ ਅਜ ਆਪਣੀ ਸਾਰੀ ਬਿਭੂਤੀ ਨੂੰ

---

☛ ਇਹ ਨੌਂ ਖੰਡ ਹਨ। ਜੋ ਨਦੀਆਂ ਮੇਰੂ ਪਰਬਤ ਤੋਂ ਹੇਠਾਂ ਉੱਤਰਦੀਆਂ ਹਨ, ਉਨ੍ਹਾਂ ਦੇ ਵਿਚਾਲੇ ਵਾਲੀ ਧਰਤੀ ਦਾ ਨਾਮ ਭਾਰਤ ਖੰਡ ਪਿਆ ਹੈ। ਬਾਕੀ ਦੇ ਪੁੱਤਰਾਂ ਦੇ ਨਾਮ ਤੇ ਬਾਕੀ ਖੰਡਾਂ ਦੇ ਨਾਮ ਪਏ ਹਨ। ਇਨ੍ਹਾਂ ਨੌਂ ਖੰਡਾਂ ਦੇ ਨਾਮ ਇਸ ਪ੍ਰਕਾਰ ਹਨ। ਜੈਸਾ ਕਿ : ਕੁਰੂ ਹਿਰਨਲਯ, ਇਲਾਬ੍ਰਤ, ਕੇਤਮਾਲ, ਹਰਿ ਵਰਖ, ਰੰਮਜ, ਭੱਦਰ ਕਿੰਪੁਰਖ ਨਵਖੰਡ ਹੈ ਯੁਤ ਭਾਰਤ॥ (ਛਤੀਸ ਗਿਆਨ) ਅਰਥਾਤ : ੧. ਕੁਰੂ, ਖੰਡ, ੨. ਹਿਰਨਮਯ ਖੰਡ, ੩. ਇਲਾਬ੍ਰਤ ਖੰਡ, ੪. ਕੇਤਮਾਲ ਖੰਡ, ੫. ਹਰਿਵਰਖ ਖੰਡ, ੬. ਰੰਮਯਕ ਖੰਡ, ੭. ਕਿੰਪੁਰਖ ਖੰਡ, ੮. ਭੱਦਰ ਖੰਡ, ੯. ਭਾਰਤ ਖੰਡ।

ਵਿਦਵਾਨਾਂ ਅਨੁਸਾਰ ਸੁਮੇਰ ਪਰਬਤ ਦੇ ਦੱਖਣ ਪਾਸੇ ਤਿੰਨ ਪਰਬਤ (ਹਿਮਾਲਯ, ਹੇਮਕੁੰਟ ਦੇ ਨਿਖੱਧ) ਹਨ। ਇਨ੍ਹਾਂ ਤਿੰਨਾਂ ਦੇ ਦੱਖਣ ਸਮੁੰਦ੍ਰ ਅਤੇ ਹਿਮਾਲਯ ਵਿਚਕਾਰ ਭਾਰਤ ਖੰਡ ਹੈ। ਹਿਮਾਲਯ ਅਤੇ ਹੇਮਕੁੰਟ ਵਿਚਕਾਰ ਕਿੰਪੁਰਖ ਖੰਡ ਹੈ, ਹੇਮਕੁੰਟ ਅਤੇ ਨਿਖਧ ਪਰਬਤ ਦੇ ਵਿਚਕਾਰ ਹਰਿਵਰਖ ਖੰਡ ਹੈ। ਇਸੇ ਤਰ੍ਹਾਂ ਸੁਮੇਰ ਦੇ ਪੂਰਬੀ ਪਾਸੇ ਮਾਲਯਵਾਨ ਪਰਬਤ ਹੈ। ਮਾਲਯਵਾਨ ਅਤੇ ਲਵਣ ਸਮੁੰਦ੍ਰ ਵਿਚਕਾਰ ਭੱਦਰ ਖੰਡ ਹੈ। ਸੁਮੇਰ ਦੇ ਪੱਛਮੀ ਤਰਫ਼ ਗੰਧਮਾਦਨ ਪਰਬਤ ਹੈ। ਗੰਧਮਾਦਨ ਪਰਬਤ ਅਤੇ ਲਵਣ ਸਮੁੰਦ੍ਰ ਵਿਚਕਾਰ ਕੇਤਮਾਲ ਖੰਡ ਹੈ। ਇਸੀ ਤਰ੍ਹਾਂ ਸੁਮੇਰ ਦੇ ਉੱਤਰੀ ਪਾਸੇ ਤਿੰਨ ਪਰਬਤ (ਨੀਲ ਪਰਬਤ, ਸ੍ਵੈਤ ਪਰਬਤ, ਸ੍ਰਿੰਗਵਾਨ ਪਰਬਤ) ਹਨ। ਨੀਲ ਅਤੇ ਸ੍ਵੈਤ ਪਰਬਤ ਵਿਚਕਾਰ ਰਮਯਕ ਖੰਡ ਹੈ। ਸ੍ਵੇਤ ਅਤੇ ਸ੍ਰਿੰਗਵਾਨ ਪਰਬਤ ਦੇ ਵਿਚਕਾਰ ਹਿਰਣਮਯ ਖੰਡ ਹੈ। ਉੱਤਰ ਦੇ ਖਾਰੇ ਸਮੁੰਦ੍ਰ ਅਤੇ ਸ੍ਰਿੰਗਵਾਨ ਪਰਬਤ ਦੇ ਵਿਚਕਾਰ ਕੁਰੂ ਖੰਡ ਹੈ ਅਤੇ ਸੁਮੇਰ ਪਰਬਤ ਦੇ ਚਾਰੇ ਪਾਸੇ ਫੈਲਿਆ ਇਲਾਬ੍ਰਤ ਖੰਡ ਹੈ।

੧. ਪਾਠਾਂਤ੍ਰ—ਛਿਤ।

ਤਯਾਗ = ਛੱਡ ਕੇ ਬਨ = ਜੰਗਲ ਨੂੰ ਤਪ ਕਰਨ ਲਈ ਚਲਾ ਗਿਆ ਜੋ ਫੇਰ ਮੁੜ ਕੇ ਪੁਰ = ਸ਼ਹਿਰ ਮਾਂਹੀ = ਵਿਚ ਨਹੀਂ ਰਮੇ = ਵਿਚਰਿਆ।

**ਮਹਿ ਮੰਡਲ ਰਾਜ ਕੁ ਤਯਾਗ ਦਯੋ; ਪੁਰ ਮੰਡਲ ਤਯਾਗਨ ਮੈਂ ਸ੍ਰਮ ਨਾਂਹੀ ॥**

ਹੇ ਭਾਈ! ਇਸ ਪ੍ਰਕਾਰ ਅਨੇਕਾਂ ਰਾਜਿਆਂ ਨੇ ਮਹਿ = ਪ੍ਰਿਥਵੀ ਮੰਡਲ ਦੇ ਰਾਜ ਭਾਗ ਕੁ = ਨੂੰ ਤੁਛ ਜਾਣ ਕੇ ਤਿਆਗ ਦਯੋ = ਦਿੱਤਾ ਹੈ, ਫੇਰ ਪੁਰ = ਪਿੰਡ ਆਦਿ ਨਿੱਕੇ-ਨਿੱਕੇ ਕਸਬਿਆਂ ਦਾ ਰਾਜ ਤਿਆਗਣ ਵਿਚ ਕਾਹਦਾ ਸ੍ਰਮ = ਕਸ਼ਟ ਹੈ, ਭਾਵ ਕੋਈ ਕਸ਼ਟ ਨਹੀਂ ਹੋਣਾ ਚਾਹੀਦਾ।

**ਅਬ ਔਰਨ ਬਾਤ ਕਹਾਂ ਕਹੀਏ; ਰਘੁਬੀਰ ਬਿਭੂਤਿ ਤਜੀ ਛਿਨ ਮਾਹੀ ॥੬੨॥**

ਹੇ ਭਾਈ! ਅਬ = ਹੁਣ ਔਰਨ = ਹੋਰਨਾਂ ਦੀ ਬਾਤ = ਗੱਲ ਕਹਾਂ = ਕੀ ਕਹੀਏ = ਕਹਿਣਾ ਕਰੀਏ, ਦੇਖੋ ਰਘੁਬੀਰ = ਰਘੂਆਂ ਦੀ ਕੁਲ ਦੇ ਬਹਾਦਰ ਸੂਰਬੀਰ ਸ੍ਰੀ ਰਾਮਚੰਦ੍ਰ ਜੀ ਨੇ ਸਾਰੀ ਰਾਜ ਭਾਗ ਦੀ ਬਿਭੂਤੀ ਇਕ ਛਿਨ ਦੇ ਮਾਹੀ = ਵਿਚ ਹੀ ਤਜੀ = ਤਿਆਗ ਦਿੱਤੀ ਸੀ ॥੬੨॥

## ਸ੍ਵੈਯਾ ॥

**ਬਨਿਤਾ ਸੁਤ ਰਾਜ ਬਿਭੂਤਨ ਮੈ, ਨਿਜ ਦੇਸਨ ਮੈ ਸੁਭ ਵੇਸਨ ਮਾਂਹੀ ॥**

ਹੇ ਭਾਈ! ਬਨਿਤਾ = ਇਸਤ੍ਰੀ, ਸੁਤ = ਪੁੱਤਰ, ਰਾਜ ਬਿਭੂਤਨ = ਬਿਭੂਤੀ ਮੈ = ਵਿਚ, ਫੇਰ ਨਿਜ = ਆਪਣੇ ਦੇਸਨ = ਦੇਸ਼ਾਂ ਮੈ = ਵਿਚ ਅਤੇ ਸੁਭ = ਚੰਗੇ ਚੰਗੇ ਵੇਸਨ = ਲਿਬਾਸਾਂ ਦੇ ਮਾਂਹੀ = ਵਿਚ।

**ਗਜਦੰਤ ਪਲੰਘ ਸੁ ਮੰਦਰ ਮੈ; ਬਹੁ ਬਿੰਜਨ ਔਰ ਪਟੰਬਰ ਮਾਂਹੀ ॥**

ਫੇਰ ਬਹੁਤ ਹੀ ਸੁ = ਸੋਹਣੇ ਸੋਹਣੇ ਮੰਦਰ = ਮਕਾਨਾਂ ਦੇ ਮੈ = ਵਿਚ ਗਜਦੰਤ = ਹਾਥੀ ਦੇ ਦੰਦਾਂ ਦੇ ਬਣੇ ਹੋਏ ਪਲੰਘਾਂ ਮੈਂ = ਵਿਚ, ਬਹੁ = ਬੇਅੰਤ ਪ੍ਰਕਾਰ ਦੇ ਬਿੰਜਨ = ਭੋਜਨ ਔਰ = ਅਤੇ ਪਟੰਬਰ = ਰੇਸ਼ਮੀ ਆਦਿ ਬਸਤ੍ਰਾਂ ਮਾਂਹੀ = ਵਿਚ।

**ਸੁਖ ਜੋ ਪਿਖੀਯੇ ਥਿਰ ਨਾਹਿ ਰਹੇ; ਇਹ ਹੇਰ ਤਜੇ ਬੁਧ ਯਾ ਜਗ ਮਾਂਹੀ ॥**

ਇਤਿਆਦਿ ਪਦਾਰਥਾਂ ਦੇ ਵਿਚ ਜੋ = ਜਿਹੜੇ ਸੁਖ ਪਿਖੀਯੇ = ਵੇਖੀਦੇ ਹਨ, ਉਹ ਸਦਾ ਥਿਰ = ਇਸਥਿਤ ਰਹਿਣ ਵਾਲੇ ਨਹੀਂ ਹਨ, ਇਹ ਨਾਸ਼ਵੰਤ ਹੇਰ = ਦੇਖ ਕਰਕੇ ਜਿਹੜਾ ਮਨੁੱਖ ਇਨ੍ਹਾਂ ਦੇ ਮੋਹ ਨੂੰ ਤਿਆਗ ਦੇਂਦਾ ਹੈ, ਉਹ ਮਨੁੱਖ ਹੀ ਯਾ = ਇਸ ਜਗ = ਸੰਸਾਰ ਦੇ ਮਾਂਹੀ = ਵਿਚ ਬੁਧ = ਅਕਲਮੰਦ ਹੈ।

**ਅਬ ਔਰਨ ਬਾਤ ਕਹਾ ਕਹੀਏ; ਰਘੁਬੀਰ ਬਿਭੂਤਿ ਤਜੀ ਛਿਨ ਮਾਂਹੀ ॥੬੩॥**

ਹੇ ਭਾਈ! ਅਬ = ਹੁਣ ਔਰਨ = ਹੋਰ ਕਿਸੇ ਦੀ ਕਹਾ = ਕੀ ਬਾਤ = ਗੱਲ ਕਰੀਏ = ਕਹਿਣਾ ਕਰੀਏ, ਦੇਖੋ ਰਘੁਬੀਰ = ਰਘੂਆਂ ਦੀ ਕੁਲ ਦੇ ਬਹਾਦਰ ਸੂਰਬੀਰ ਸ੍ਰੀ ਰਾਮਚੰਦ੍ਰ ਜੀ ਨੇ ਆਪਣੀ ਸਾਰੀ ਰਾਜ ਭਾਗ ਦੀ ਬਿਭੂਤਿ = ਬਿਭੂਤੀ ਇਕ ਛਿਨ ਮਾਂਹੀ = ਵਿਚ ਹੀ ਤਜੀ = ਤਿਆਗ ਦਿੱਤੀ ਸੀ ॥੬੩॥

## ਸ੍ਵੈਯਾ ॥

**ਕੰਜ ਪ੍ਰਭਾ ਦ੍ਰਿਗ, ਚੰਦ੍ਰ ਮੁਖੀ; ਗਜ ਗਾਮਨਿ ਨਾਰਿ ਤਜੇ ਘਰ ਮਾਂਹੀ ॥**

ਹੇ ਭਾਈ! ਰਾਜੇ ਭਰਥਰੀ ਤੇ ਗੋਪੀਚੰਦ ਵਰਗੇ ਤਿਆਗੀ ਰਾਜਿਆਂ ਨੇ ਕੰਜ = ਕਮਲ ਵਾਂਗ

ਪ੍ਰਭਾ = ਸ਼ੋਭਾ ਪਾਉਣ ਵਾਲੇ ਦ੍ਰਿਗ = ਨੇਤ੍ਰਾਂ ਵਾਲੀਆਂ, ਚੰਦ੍ਰ = ਚੰਦ੍ਰਮਾ ਵੱਤ ਚਮਕੀਲੇ ਮੁਖੀ = ਮੁਖੜੇ ਵਾਲੀਆਂ ਅਤੇ ਗਜ = ਹਾਥੀ ਦੇ ਵਾਂਗ ਮਸਤ ਗਾਮਨਿ = ਚਾਲ ਤੁਰਨ ਵਾਲੀਆਂ ਨਾਰਿ = ਇਸਤ੍ਰੀਆਂ ਘਰ ਦੇ ਮਾਂਹੀ = ਵਿਚ ਤਜੇ = ਛੱਡ ਦਿੱਤੀਆਂ।

## ਭੌਨ ਰੰਗੀਨ ਸਮੇਤ ਤਜੇ; ਸਭ ਭੋਗ ਬਿਲਾਸ ਹੁਤੇ ਘਰ ਮਾਂਹੀ ॥

ਇਕੱਲੀਆਂ ਇਸਤ੍ਰੀਆਂ ਹੀ ਨਹੀਂ ਬਲਕਿ ਰੰਗੀਨ = ਰੰਗਾਂ-ਰੰਗਾਂ ਦੇ ਭੌਨ = ਘਰ ਦੇ ਸਮੇਤ ਹੀ ਉਨ੍ਹਾਂ ਨੂੰ ਤਜੇ = ਤਿਆਗਿਆ ਹੈ ਜੋ ਘਰ ਦੇ ਮਾਂਹੀ = ਵਿਚ ਸਭ = ਸਾਰੇ ਭੋਗ = ਪਦਾਰਥ ਤੇ ਕਈ ਤਰ੍ਹਾਂ ਦੇ ਬਿਲਾਸ = ਕੌਤਕ ਹੁਤੇ = ਹੁੰਦੇ ਸਨ, ਭਾਵ ਜਿਨ੍ਹਾਂ ਘਰਾਂ ਦੇ ਵਿਚ ਹਰੇਕ ਸਹੂਲਤ ਸੀ, ਬਹੁਤ ਹੀ ਸੁੰਦਰ ਚਿਤ੍ਰਕਾਰੀ ਕੀਤੇ ਮਹੱਲ ਸਨ ਤੇ ਉਨ੍ਹਾਂ ਵਿਚ ਇਕ ਤੋਂ ਇਕ ਵੱਧ ਚੜ੍ਹ ਕੇ ਸੁੰਦਰ ਇਸਤ੍ਰੀਆਂ ਸਨ, ਇਹ ਸਭ ਕੁਝ ਹੀ ਉਨ੍ਹਾਂ ਨੇ ਤਿਆਗ ਦਿੱਤਾ ਸੀ।

## ਧੰਨ ਵਹੀ ਭਵ ਭੀਤਰ ਜੋ; ਤਨ ਧਾਰ ਮਹਾਂ ਤਪਸਾ ਨਿਰਬਾਹੀ ॥

ਵਹੀ = ਉਹੀ ਮਨੁੱਖ ਧਨ = ਧੰਨਤਾ ਦੇ ਜੋਗ ਹਨ, ਜੋ = ਜਿਹੜੇ ਇਸ ਭਵ = ਸੰਸਾਰ ਦੇ ਭੀਤਰ = ਵਿਚ ਮਨੁੱਖਾ ਤਨ = ਸਰੀਰ ਧਾਰ = ਧਾਰਨ ਕਰਕੇ ਮਹਾਂ = ਬਹੁਤ ਭਾਰੀ ਤਪਸਾ = ਤਪੱਸਿਆ ਵਿਚ ਆਪਣੀ ਜ਼ਿੰਦਗੀ ਦਾ ਨਿਰਬਾਹੀ = ਨਿਰਬਾਹ ਕਰਦੇ ਹਨ।

## ਅਬ ਔਰਨ ਬਾਤ ਕਹਾਂ ਕਹੀਏ; ਰਘੁਬੀਰ ਬਿਭੂਤਿ ਤਜੀ ਛਿਨ ਮਾਂਹੀ ॥੬੪॥

ਹੇ ਭਾਈ! ਅਬ = ਹੁਣ ਔਰਨ = ਹੋਰ ਕਿਸੇ ਦੀ ਕਹਾਂ = ਕੀ ਬਾਤ = ਗੱਲ ਕਹੀਏ = ਕਥਨ ਕਰਕੇ ਦੱਸੀਏ, ਦੇਖੋ ਰਘੁਬੀਰ = ਰਘੂਆਂ ਦੀ ਕੁਲ ਦੇ ਬਹਾਦਰ ਸੂਰਬੀਰ ਸ੍ਰੀ ਰਾਮਚੰਦ੍ਰ ਜੀ ਨੇ ਵੀ ਇਕ ਛਿਨ ਦੇ ਵਿਚ ਆਪਣੀ ਸਾਰੀ ਰਾਜ ਭਾਗ ਦੀ ਬਿਭੂਤਿ = ਬਿਭੂਤੀ ਤਜੀ = ਤਿਆਗ ਦਿੱਤੀ ਸੀ ॥੬੪॥

## ਸ੍ਵੈਯਾ ॥

## ਜੋ ਚਤੁਰਾਨਨ ਕੇ ਸੁਤ ਚਾਰ; ਗਹੀ ਨ ਬਿਭੂਤਿ ਰਮੇ ਹਰਿ ਮਾਂਹੀ ॥

ਹੇ ਭਾਈ! ਜੋ = ਜਿਹੜੇ (ਚਤੁਰ + ਆਨਨ) ਚਤੁਰ = ਚਾਰ ਆਨਨ = ਮੁੱਖਾਂ ਵਾਲੇ ਬ੍ਰਹਮਾ ਜੀ ਕੇ = ਦੇ ਚਾਰ ਸੁਤ = ਪੁੱਤਰ (ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ) ਹਨ, ਉਨ੍ਹਾਂ ਨੇ ਵੀ ਬਿਭੂਤਿ = ਮਾਇਆ ਗਹੀ = ਗ੍ਰਹਿਣ ਨਹੀਂ ਕੀਤੀ ਅਤੇ ਆਪਣੀ ਪੰਜ ਸਾਲ ਦੀ ਬੱਚਿਆਂ ਵਾਲੀ ਉਮਰ ਰਖਾ ਕੇ ਹਰਿ = ਵਿਸ਼ਨੂੰ ਜੀ ਦੇ ਚਰਨਾਂ ਮਾਂਹੀ = ਵਿਚ ਰਮੇ = ਵਿਚਰਦੇ ਰਹਿੰਦੇ ਹਨ।

## ਯੱਦਪਿ ਹੈ ਹਰਿ ਪੂਰਨ ਤੇ; ਅਬ ਲੌ ਰਤਿ ਹੈ ਸੁਭ ਸੰਤਨ ਮਾਂਹੀ ॥

ਯੱਦਪਿ = ਭਾਵੇਂ ਤੇ = ਉਹ ਚਾਹੇ ਭਰਾ ਹਰਿ = ਵਿਸ਼ਨੂੰ ਜੀ ਦੇ ਪ੍ਰੇਮ **ਵਾ:** ਹਰਿ = ਹਰੇਕ ਗੁਣ ਵਿਚ ਪੂਰਨ ਹਨ, ਪਰ ਫੇਰ ਵੀ ਅਬ = ਹੁਣ ਲੌ = ਤੱਕ ਸੁਭ = ਸ੍ਰੇਸ਼ਟ ਸੰਤ = ਮਹਾਤਮਾ ਜਨਾਂ ਦੇ ਚਰਨਾਂ ਮਾਂਹੀ = ਵਿਚ ਰਤਿ = ਪ੍ਰੀਤੀ ਹੈ, ਭਾਵ ਭਾਵੇਂ ਆਪ ਵੀ ਸੰਤ ਰੂਪ ਹਨ ਪਰ ਫੇਰ ਸੰਤਾਂ ਮਹਾਤਮਾ ਨਾਲ ਅਤਿਅੰਤ ਪ੍ਰੀਤੀ ਕਰਦੇ ਹਨ।

## ਸੇਸ ਸਮੀਪ ਸੁਨੇ ਹਰਿ ਕੋ ਜਸ; ਸੰਭੁ ਸਮੀਪ ਸਦਾ ਚਲ ਜਾਂਹੀ ॥

ਉਹ ਸਨਕਾਦਿਕ ਸੇਸ = ਸ਼ੇਸ਼ਨਾਗ ਦੇ ਸਮੀਪ = ਕੋਲ ਜਾ ਕੇ ਹਰ ਰੋਜ਼ ਅੰਮ੍ਰਿਤ ਵੇਲੇ ਹਰਿ = ਪਰਮਾਤਮਾ

ਕੋ = ਦਾ ਜੱਸ ਸੁਨੇ = ਸੁਣਦੇ ਹਨ ਅਤੇ ਫੇਰ ਸਦਾ = ਹਮੇਸ਼ਾਂ ਸੰਭੁ = ਸ਼ਿਵਜੀ ਦੇ ਸਮੀਪ = ਨੇੜੇ ਚਲੇ ਜਾਂਹੀ = ਜਾਂਦੇ ਹਨ, ਉਥੇ ਵੀ ਪਰਮਾਤਮਾ ਦੀ ਭਗਤੀ ਕਰਦੇ ਹਨ।

## ਹੋਵਤ ਹੈ ਗੁਣ ਉੱਤਮ ਨਾਸ; ਕੁਸੰਗਤ ਤੇ ਸਨਕਾਦਿ ਡਰਾਂਹੀ ॥੬੫॥

ਕਿਉਂਕਿ ਉਹ ਜਾਣਦੇ ਹਨ ਕਿ ਕੁਸੰਗਤ ਕਰਨ ਨਾਲ ਉਤਮ = ਸ੍ਰੇਸ਼ਟ ਗੁਣ ਨਾਸ ਹੋ ਜਾਂਦੇ ਹਨ, ਇਸ ਲਈ ਕੁਸੰਗਤ = ਖੋਟੇ ਮਨੁੱਖਾਂ ਦੇ ਸੰਗ ਤੇ = ਤੋਂ ਸਨਕਾਦਿ = ਸਨਕ ਸਨੰਦਨ, ਸਨਾਤਨ, ਸਨਤਕੁਮਾਰ ਆਦਿ ਬ੍ਰਹਮਾ ਦੇ ਪੁੱਤਰ ਵੀ ਡਰਾਂਹੀ = ਡਰਦੇ ਹਨ, ਇਸ ਲਈ ਖੋਟੇ ਮਨੁੱਖਾਂ ਦੀ ਕੁਸੰਗਤ ਤਿਆਗਣੀ ਚਾਹੀਦੀ ਹੈ ॥੬੫॥

## ਦੋਹਰਾ ॥

## ਆਨ ਜੀਵ ਕੀ ਕਜਾ ਕਥਾ; ਜੌ ਸਨਕਾਦਿ ਡਰਾਂਹਿ ॥

ਹੇ ਭਾਈ ! ਫੇਰ ਅਸੀਂ ਆਨ = ਹੋਰ ਕਿਸੇ ਆਮ ਜੀਵ ਕੀ = ਦੀ ਕਜਾ = ਕੀ ਕਥਾ = ਵਾਰਤਾ ਕਹਿਣੀ ਕਰੀਏ, ਜੌ = ਜਦੋਂ ਸਨਕਾਦਿ = ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਬ੍ਰਹਮਾ ਦੇ ਪੁੱਤਰ ਵੀ ਕੁਸੰਗਤ ਤੋਂ ਡਰਾਂਹਿ = ਡਰਦੇ ਹਨ।

## ਗੁਣ ਉਤਮ ਕੋ ਪਾਲੀਏ; ਸਾਵਧਾਨ ਮਨ ਮਾਂਹਿ ॥੬੬॥

ਇਸ ਲਈ ਉਤਮ = ਸ੍ਰੇਸ਼ਟ ਗੁਣਾਂ ਕੋ = ਨੂੰ ਹੀ ਸਦਾ ਪਾਲੀਏ = ਪਾਲਣਾ ਕਰੀਏ ਅਤੇ ਮਨ ਵਿਚ ਸਾਵਧਾਨ ਹੋਣਾ ਕਰੀਏ। **ਵਾ:** ਮਨ ਵਿਚ ਸਾਵਧਾਨ ਹੋ ਕੇ ਭਾਵ ਮਨ ਨੂੰ ਤਿਆਰ-ਬਰ-ਤਿਆਰ ਕਰਕੇ ਉੱਤਮ ਗੁਣਾਂ ਨੂੰ ਪਾਲਣਾ ਕਰੀਏ ॥੬੬॥

## ਸ੍ਵੈਯਾ ॥

## ਉੱਤਮ ਆਗ ਬਿਖੈ ਜਰਨੋ; ਜਿਮ ਜਾਇ ਮਰੇ ਜਗ ਮਾਂਹਿ ਪਤੰਗਾ ॥

ਸ੍ਰੇਸ਼ਟ ਗੁਣਾਂ ਨੂੰ ਕਦੇ ਵੀ ਨਾਸ਼ ਨਹੀਂ ਕਰਨਾ ਚਾਹੀਦਾ, ਗੁਣਾਂ ਨੂੰ ਤਿਆਗਣ ਨਾਲੋਂ ਆਗ = ਅੱਗ ਬਿਖੈ = ਵਿਚ ਜਰਨੋ = ਸੜ ਕੇ ਮਰ ਜਾਣਾ ਉਤਮ = ਸ੍ਰੇਸ਼ਟ ਹੈ, ਜਿਮ = ਜਿਸ ਪ੍ਰਕਾਰ ਜਗ = ਸੰਸਾਰ ਅੰਦਰ ਪਤੰਗਾ = ਪਰਵਾਨਾ ਅੱਗ ਉੱਪਰ ਜਾ ਕੇ ਸੜ ਮਰਦਾ ਹੈ।

## ਉੱਤਮ ਯਾ ਤਨ ਫੋੜ ਮਰੇ; ਗਿਰ ਕੇ ਭਵ ਮੈਂ ਨਰ ਸੈਲ ਉਤੰਗਾ ॥

ਜਾਂ ਫੇਰ ਇਸ ਭਵ = ਸੰਸਾਰ ਮੈ = ਵਿਚ ਉਤੰਗਾ = ਉੱਚੇ ਸੈਲ = ਪਹਾੜ ਤੋਂ ਨਰ = ਮਨੁੱਖ ਗਿਰ = ਡਿੱਗ ਕੇ ਆਪਣੇ ਯਾ = ਇਸ ਤਨ = ਸਰੀਰ ਨੂੰ ਫੋੜ = ਤੋੜ ਕੇ ਮਰੇ = ਮਰ ਜਾਣਾ ਵੀ ਉੱਤਮ ਸ੍ਰੇਸ਼ਟ ਹੈ।

## ਉੱਤਮ ਹੈ ਭਵ ਮਾਂਹਿ ਮਰੇ; ਕਰ ਡਾਰ ਮੁਖਾਂਤਰ ਭੀਮ ਭੁਜੰਗਾ ॥

ਇਹ ਵੀ ਭਵ = ਸੰਸਾਰ ਮਾਂਹਿ = ਵਿਚ ਮਰਨਾ ਉੱਤਮ = ਸ੍ਰੇਸ਼ਟ ਹੈ, ਜੋ ਭੀਮ = ਭਿਆਨਕ ਭੁਜੰਗ = ਸੱਪ ਦੇ (ਮੁਖ+ਅੰਤਰ) ਮੁਖ = ਮੂੰਹ ਦੇ ਅੰਤਰ = ਅੰਦਰ ਕਰ = ਹੱਥ ਡਾਰ = ਪਾਉਣਾ ਹੈ।

## ਜੀਵਤ ਨਾਹਿ ਕਰੇ ਕਬ ਹੀ; ਗੁਣ ਉੱਤਮ ਕੇ ਬਨ ਕੋ ਨਰ ਭੰਗਾ ॥੯੭॥

ਪਰ ਜੀਵਤ = ਜਿਉਂਦਿਆਂ ਹੋਇਆਂ ਕਬ = ਕਦੇ ਹੀ = ਵੀ ਨਰ = ਮਨੁੱਖ ਉੱਤਮ = ਸ੍ਰੇਸ਼ਟ ਗੁਣਾਂ ਦੇ ਬਨ = ਬਾਗ਼ ਕੋ = ਨੂੰ ਭੰਗ = ਨਾਸ਼ ਨਾ ਕਰਨਾ ਕਰੇ, ਭਾਵ ਮਰਨਾ ਪ੍ਰਵਾਨ ਕਰ ਲਵੇ ਪਰ ਗੁਣਾਂ ਨੂੰ ਕਦੇ ਵੀ ਤਿਆਗਣਾ ਨਾ ਕਰੇ ॥੯੭॥

***ਨੋਟ :*** ਇਸ ਸ੍ਵੈਯੇ ਵਿਚ ਅੱਗ ਵਿਚ ਸੜਨਾ ਅਤੇ ਪਰਬਤ ਤੇ ਚੜ ਕੇ ਮਰਨਾ ਅਤੇ ਸੱਪ ਦੇ ਮੂੰਹ ਵਿਚ ਹੱਥ ਪਾ ਕੇ ਮਰਨਾ ਇਹ ਤਿੰਨੇ ਮੌਤਾਂ ਦੁਖਦਾਈ ਹਨ, ਨਾਂ ਅੱਗ ਵਿਚ ਸੜਨਾ ਚੰਗਾ ਹੈ, ਨਾ ਪਹਾੜ ਤੋਂ ਡਿੱਗ ਕੇ ਖੁਦਕੁਸ਼ੀ ਕਰਨੀ ਚੰਗੀ ਹੈ, ਨਾ ਹੀ ਸੱਪ ਦੀ ਜ਼ਹਿਰ ਨਾਲ ਮਰਨਾ ਚੰਗਾ ਹੈ, ਪਰ ਇਹਨਾਂ ਤਿੰਨਾਂ ਨਾਲੋਂ ਚੌਥੀ ਮੌਤ ਉੱਤਮ ਗੁਣਾਂ ਨੂੰ ਤਿਆਗ ਕੇ ਜੀਵਤ ਰਹਿਣਾ ਇਹਨਾਂ ਨਾਲੋਂ ਭੀ ਮਾੜਾ ਹੈ, ਉੱਤਮ ਗੁਣਾਂ ਨੂੰ ਤਿਆਗ ਕਰਕੇ ਜੀਵਨ ਰਹਿਣ ਨਾਲੋਂ ਉਪਰੋਕਤ ਮੌਤਾਂ ਚੰਗੀਆਂ ਹਨ।

## ਦੋਹਰਾ ॥ ਗੁਣ ਮਾਰਗ ਸੂਧੇ ਚਲੋ; ਖਲ ਨਿੰਦਾ ਡਰ ਡਾਰ ॥

ਇਸ ਕਰਕੇ ਹੇ ਭਾਈ ! ਸ੍ਰੇਸ਼ਟ ਗੁਣਾਂ ਦੇ ਮਾਰਗ = ਰਸਤੇ ਉੱਪਰ ਸੂਧੇ = ਔਗੁਣਾਂ ਦੇ ਬਿੰਗ ਬਲ ਤੋਂ ਰਹਿਤ ਹੋ ਕੇ ਚਲੋ = ਚੱਲਦੇ ਰਹੋ ਅਤੇ ਖਲ = ਮੂਰਖ ਮਨੁੱਖਾਂ ਦੁਆਰਾ ਨਿੰਦਿਆ ਦੇ ਡਰ = ਭੈ ਨੂੰ ਡਾਰ = ਸੁੱਟ ਦੇਣਾ ਕਰੋ।

## ਬਿਧਿ ਖਲ ਕਛੁ ਐਸੇ ਰਚੇ; ਗੁਣ ਕੋ ਦੋਖ ਉਚਾਰ ॥੯੮॥

ਕਿਉਂਕਿ ਬਿਧਿ = ਬਿਧਾਤੇ ਨੇ ਕਛੁ = ਕੁਝ ਖਲ = ਮੂਰਖ ਮਨੁੱਖ ਐਸੇ = ਅਜਿਹੇ ਰਚੇ = ਰਚ ਦਿੱਤੇ ਹਨ, ਜੋ ਗੁਣਾਂ ਕੋ = ਨੂੰ ਵੀ ਦੋਖ = ਦੋਸ਼ ਉਚਾਰ = ਕਥਨ ਕਰਦੇ ਹਨ, ਭਾਵ ਹਰੇਕ ਗੁਣ ਵਿਚ ਦੋਸ਼ ਕੱਢਦੇ ਰਹਿੰਦੇ ਹਨ।

## ਸ੍ਵੈਯਾ ॥
## ਸੇਵ ਕਰੋਂ ਤੁ ਕਹੇਂ ਕੁਛ ਚਾਹਤ; ਨਾਹਿ ਕਰੋ ਤੁ ਕਹੇਂ ਢਿਠਤਾਈ ॥

ਹੇ ਪ੍ਰਭੂ ! ਜੇਕਰ ਮੈਂ ਕਿਸੇ ਦੀ ਸੇਵ = ਟਹਿਲ ਕਰੋਂ = ਕਰਦਾ ਹਾਂ ਤਾਂ ਲੋਕ ਕਹੇਂ = ਕਹਿੰਦੇ ਹਨ ਕਿ ਇਹ ਕੁਛ = ਕੁਝ ਚਾਹੁੰਦਾ ਹੋਵੇਗਾ, ਭਾਵ ਸਾਡੇ ਕੋਲੋਂ ਮੰਗਣ ਨੂੰ ਫਿਰਦਾ ਹੈ, ਜੇਕਰ ਮੈਂ ਸੇਵਾ ਨਾਹਿ = ਨਾ ਕਰੋ = ਕਰਾਂ ਤੁ = ਤਦ ਕਹੇਂ = ਆਖਦੇ ਹਨ ਕਿ ਇਹ ਬੜਾ ਢਿਠਤਾਈ = ਢੀਠ, ਬੇ-ਸਮਝ ਹੈ, ਜੋ ਕਿਸੇ ਦੀ ਸੇਵਾ ਆਦਿ ਹੀ ਨਹੀਂ ਕਰਦਾ।

## ਜੇ ਪਦ ਬੰਦਨ ਜਾਇ ਕਰੋਂ; ਤੁ ਕਹੇਂ ਹਮ ਤੇ ਉਰ ਮਾਂਹਿ ਡਰਾਈ ॥

ਜੇ = ਜੇਕਰ ਮੈਂ ਜਾਇ = ਜਾ ਕੇ ਕਿਸੇ ਨੂੰ ਆਦਰ ਮਾਨ ਦੇਣ ਲਈ ਉਸਦੇ ਪਦ = ਚਰਨਾਂ ਉੱਪਰ ਬੰਦਨ = ਨਮਸਕਾਰ ਕਰੋਂ = ਕਰ ਦੇਵਾਂ, ਤੁ = ਤਦ ਉਹ ਅੱਗੋਂ ਕਹੇਂ = ਆਖਦੇ ਹਨ ਕਿ ਇਹ ਹਮ = ਸਾਡੇ ਤੇ = ਤੋਂ ਆਪਣੇ ਉਰ = ਮਨ ਮਾਂਹਿ = ਵਿਚ ਡਰਾਈ = ਡਰ ਮੰਨਦਾ ਹੋਵੇਂਗਾ ਤਾਂ ਹੀ ਸਾਡੇ ਅੱਗੇ ਝੁਕਦਾ ਹੈਂ।

## ਨਾਂਹਿ ਕਰੋਂ ਤੁ ਕਹੇਂ ਯਹਿ ਮੂਰਖ; ਬ੍ਰਿਧਿ ਅਬ੍ਰਿਧਿ ਕੀ ਸਾਰ ਨ ਕਾਈ ॥

ਜੇਕਰ ਮੈਂ ਕਿਸੇ ਨੂੰ ਚਰਨ ਬੰਦਨਾ ਨਾਂਹਿ = ਨਾ ਕਰੋਂ = ਕਰਾਂ, ਤੁ = ਤਦ ਕਹੇਂ = ਆਖਦੇ ਹਨ ਕਿ

ਯਹਿ = ਇਹ ਤਾਂ ਮੂਰਖ = ਬੇ-ਸਮਝ ਹੈ, ਇਸਨੂੰ ਬ੍ਰਿਧਿ = ਵੱਡੇ ਅਬ੍ਰਿਧਿ = ਛੋਟੇ ਕੀ = ਦੀ ਕਾਈ = ਕੋਈ ਸਾਰ = ਖ਼ਬਰ, ਸਮਝ ਹੀ ਨਹੀਂ ਹੈ। ਜੈਸਾ ਕਿ :

**[1]ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾ ਪਤਿ।**
**ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ।**
**ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ।**
**ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤ।**
**ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ।**
**ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ।**
**ਕਾਈ ਗੱਲ ਨ ਮੇਵਨੀ ਜਿਥੇ ਕਢਾ ਝਤਿ।**
**ਏਥੇ ਓਥੈ ਨਾਨਕਾ ਕਰਤਾ ਰਖੈ ਪਤਿ॥੧॥** *(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂ:, ਅਧਿ: ੩੮)*

ਭਾਵ ਦੁਨੀਆਂ ਕਿਸੇ ਗੱਲ 'ਤੇ ਵੀ ਨਹੀਂ ਸਖਾਉਂਦੀ।

## ਜਾਨਤ ਹੈ ਜਨਕਾਤਮਜਾਪਤਿ; ਔਰ ਕਹੋਂ ਅਬ ਕਾਹਿ ਸੁਨਾਈ॥੬੯॥

ਹੇ (ਜਨਕ + ਆਤਮਜਾ + ਪਤਿ) ਰਾਜੇ ਜਨਕ ਦੀ ਆਤਮਜਾ = ਪੁੱਤਰੀ ਸੀਤਾ ਦੇ ਪਤਿ = ਪਤੀ ਸ੍ਰੀ ਰਾਮ ਭਗਵਾਨ ਜੀ! ਤੁਸੀਂ ਮੇਰੇ ਅੰਦਰ ਦੀ ਸਾਰੀ ਗੱਲ ਨੂੰ ਜਾਣਦੇ ਹੋ, ਫੇਰ ਮੈਂ ਅਬ = ਹੁਣ ਔਰ = ਹੋਰ ਕਿਸੇ ਨੂੰ ਕੀ ਕਹਿ ਕੇ ਸੁਨਾਈ = ਸੁਣਾਉਣਾ ਕਰਾਂ , ਭਾਵ ਤੈਨੂੰ ਕਹਿਣਾ ਕਰਦਾ ਹਾਂ ਕਿ ਮੇਰੇ ਪ੍ਰਭੂ! ਤੂੰ ਮੇਰੀ ਰੱਖਿਆ ਕਰ॥੬੯॥

## ਸ੍ਵੈਯਾ॥

## ਜਗ ਲਾਜ ਜਹਾਜ ਕਹੇ ਜੜਤਾ; ਬ੍ਰਤ ਧਾਰਨ ਤੇ ਖਲ ਦੰਭ ਉਚਾਰੇ॥

ਜੇਕਰ ਕੋਈ ਉੱਤਮ ਪੁਰਖ ਜਗ = ਸੰਸਾਰ ਵਿਚ ਲਾਜ = ਲੱਜਾ, ਸ਼ਰਮ ਦੇ ਜਹਾਜ਼ ਉੱਪਰ ਬੈਠਦਾ ਹੈ, ਭਾਵ ਲੋਕਾਂ ਦੀ ਸ਼ਰਮ ਰੱਖ ਕੇ ਭਲਮਾਨਸੀ ਦਿਖਾਉਂਦਾ ਹੈ ਤਾਂ ਲੋਕ ਉਸਨੂੰ ਜੜਤਾ = ਮੂਰਖ ਪੁਨੇ ਵਾਲਾ ਕਹੇ = ਕਹਿੰਦੇ ਹਨ। ਜੇਕਰ ਕੋਈ ਧਰਮ ਦੇ ਨਿਯਮਾਂ ਅਨੁਸਾਰ ਕੁਝ ਬ੍ਰਤ = ਵਰਤ, ਨਿਯਮ ਧਾਰਨ ਕਰਾਂ, ਤਦ ਖਲ = ਮੂਰਖ ਲੋਕ ਆਖਦੇ ਹਨ ਕਿ ਇਹ ਦੰਭ = ਪਖੰਡ ਕਰਦਾ ਹੈ।

## ਰਣ ਸੂਰ ਕੋ ਕ੍ਰੂਰ ਕਹੇਂ ਜਗ ਮੈਂ; ਰਿਜੁਭਾਵਹਿ ਬੁਧਿ ਬਿਹੀਨ ਪੁਕਾਰੇ॥

ਰਣ = ਯੁੱਧ ਦੇ ਮੈਦਾਨ ਅੰਦਰ ਜੋ ਸੂਰ = ਸੂਰਮਾ ਲੜਦਾ ਹੈ, ਵੈਰੀਆਂ ਨਾਲ ਲੋਹਾ ਲੈਂਦਾ ਹੈ, ਉਸ ਕੋ = ਨੂੰ ਲੋਕ ਜਗ = ਸੰਸਾਰ ਮੈਂ = ਵਿਚ ਕ੍ਰੂਰ = ਕਠੋਰ, ਕਰੜੇ ਸੁਭਾਅ ਵਾਲਾ ਕਹੇਂ = ਕਹਿੰਦੇ ਹਨ, ਜੋ ਰਿਜੁਭਾਵਹਿ = ਸਿੱਧੇ ਸਾਦੇ ਸੁਭਾਅ ਵਾਲਾ ਹੁੰਦਾ ਹੈ, ਉਸਨੂੰ ਲੋਕ ਬੁਧਿ = ਅਕਲ ਤੋਂ ਬਿਹੀਨ = ਰਹਿਤ ਬੇ-ਸਮਝ ਪੁਕਾਰੇ = ਕਥਨ ਕਰਦੇ ਹਨ।

## ਮਧ ਬੈਨਨ ਦੀਨ ਕਹੇ ਨਰ ਕੋ; ਜੋ ਬਖਾਨ ਕਰੈ ਸੁ ਵਾਚਾਲ ਬਿਚਾਰੇ॥

ਜੋ ਮਨੁੱਖ ਲੋਕਾਂ ਦੇ ਅਦਬ, ਸਤਿਕਾਰ ਲਈ ਮਧ = ਮਿੱਠੇ ਬੈਨਨ = ਬਚਨ ਬੋਲਦਾ ਹੈ, ਉਸ ਨਰ = ਮਨੁੱਖ ਕੋ = ਨੂੰ ਲੋਕ ਦੀਨ = ਗ਼ਰੀਬ, ਕੰਗਾਲ ਆਖਦੇ ਹਨ। ਜੋ = ਜਿਹੜਾ ਮਨੁੱਖ ਕੁਝ ਬਖਾਨ = ਕਥਨ ਕਰਦਾ

---

੧. ਇਹ ਸ਼ਬਦ ਭਾਈ ਬੰਨੋ ਜੀ ਦੀ ਬੀੜ ਦਾ ਹੈ।

ਹੈ, ਸੁ = ਉਸ ਨੂੰ ਵਾਚਾਲ = ਬਹੁਤ ਬੋਲਣ ਵਾਲਾ, ਬਕਬਾਦ ਕਰਨ ਵਾਲਾ ਬਿਚਾਰੇ = ਵਿਚਾਰਦੇ ਹਨ ਕਿ ਇਹ ਤਾਂ ਬੜਾ ਗਪੌੜੀ ਹੈ ਐਵੇਂ ਬੋਲੀ ਹੀ ਜਾਂਦਾ ਹੈ।

## ਗੁਣ ਕੌਨ ਅਹੇ ਗੁਣਵਾਨਨ ਕੋ; ਖਲ ਦੋਖਨ ਤੇ ਜੋਇ ਨਾਹਿ ਲਤਾਰੇ ॥੭੦॥

ਇਸ ਪ੍ਰਕਾਰ ਗੁਣਵਾਨ ਪੁਰਖਾਂ ਕੋ = ਦੇ ਅਜਿਹੇ ਕੌਨ = ਕਿਹੜੇ ਗੁਣ ਹਨ, ਜਿਹੜੇ ਖਲ = ਮੂਰਖ ਮਨੁੱਖਾਂ ਨੇ ਦੋਖਨ = ਦੋਸ਼ਾਂ ਦੇ ਨਾਲ ਨਹੀਂ ਲਤਾਰੇ = ਲਤਾੜਨਾ ਕੀਤੇ, ਭਾਵ ਗੁਣਵਾਨ ਮਨੁੱਖਾਂ ਦੇ ਹਰੇਕ ਗੁਣ ਨੂੰ ਮੂਰਖਾਂ ਨੇ ਦੋਸ਼ਾਂ ਦੇ ਸਹਿਤ ਕੀਤਾ ਹੈ ॥੭੦॥

## ਦੋਹਰਾ ॥

## ਜਗ ਰਚਨਾ ਅਦਭੁਤ ਰਚੀ; ਬ੍ਰਹਮਾ ਮਾਇਕ ਆਹਿ ॥

ਜੋ ਬ੍ਰਹਮਾ ਆਪ ਮਾਇਕ = ਮਾਇਕੀ, ਮਾਇਆ ਦਾ ਪੁਤਲਾ ਆਹਿ = ਹੈ, **ਵਾ:** ਬ੍ਰਹਮੇ ਨੇ ਮਾਇਕ = ਛਲ ਦੇ ਨਾਲ ਇਸ ਜਗ = ਸੰਸਾਰ ਦੀ ਰਚਨਾ = ਬਣਾਵਟ ਬਹੁਤ ਹੀ ਅਦਭੁਤ = ਅਨੋਖੀ ਰਚੀ = ਰਚਨਾ ਕੀਤੀ ਹੈ।

## ਕਹਿ ਅੰਮ੍ਰਿਤ ਕਹਿ ਬਿਖ ਮਈ; ਨਿਰਨੋ ਹੋਵਤ ਨਾਹਿ ॥੭੧॥

ਕਹਿ = ਕਿਤੇ ਤਾਂ ਇਹ ਰਚਨਾ ਅੰਮ੍ਰਿਤ ਵਰਗੀ ਮਿਠਾਸ ਵਾਲੀ ਹੋ ਰਹੀ ਹੈ, ਅਤੇ ਕਹਿ = ਕਿਤੇ ਬਿਖ = ਜ਼ਹਿਰ ਮਈ = ਰੂਪ ਹੈ, ਕੋਈ ਨਿਰਨੋ = ਨਿਰਣਾ, ਫ਼ੈਸਲਾ ਨਹੀਂ ਹੋਵਤ = ਹੁੰਦਾ, ਭਾਵ ਕਿਤੇ ਤਾਂ ਦੁਨੀਆਂ ਵਿਚ ਖ਼ੁਸ਼ੀਆਂ ਹੋ ਰਹੀਆਂ ਹਨ, ਕਿਤੇ ਰੋਣੇ ਪਿੱਟਣੇ ਪਏ ਹੋਏ ਹਨ ॥੭੧॥

ਅਗਲੇ ਸਵੱਈਏ ਵਿਚ ਇਸੇ ਦੀ ਹੋਰ ਵਿਆਖਿਆ ਕਰਦੇ ਹਨ।

## ਸ੍ਵੈਯਾ ॥

## ਕਹਿ ਬੀਨਨ ਤਾਲ ਮ੍ਰਿਦੰਗਨ ਕੀ ਧੁਨਿ; ਗਾਵਤ ਹੈਂ ਮਨ ਮੋਦ ਬਢਾਈ ॥

ਕਹਿ = ਕਿਤੇ ਵਿਆਹ ਆਦਿ ਦੀਆਂ ਖ਼ੁਸ਼ੀਆਂ ਵਿਚ ਬੀਨਨ = ਬੀਣਾਂ ਵੱਜ ਰਹੀਆਂ ਹਨ, ਕਿਤੇ ਤਾਲ = ਛੈਣੇ, ਮ੍ਰਿਦੰਗਨ = ਢੋਲਕੀਆਂ ਆਦਿ ਕੀ = ਦੀ ਧੁਨਿ = ਧੁਨੀ ਵਿਚ ਇਸਤ੍ਰੀਆਂ ਪੁਰਖ ਗੀਤ ਗਾਵਤ = ਗਾ ਰਹੇ ਹਨ ਅਤੇ ਮਨ = ਹਿਰਦੇ ਵਿਚ ਮੋਦ = ਖ਼ੁਸ਼ੀ ਨੂੰ ਬਢਾਈ = ਵਧਾ ਰਹੇ ਹਨ।

## ਕਹਿ ਰੋਵਤ ਹੈਂ ਨਰ ਨਾਰਿ ਮਹਾਂ; ਧਰ ਲੇਟਤ ਹੈਂ ਉਰ ਮੈਂ ਦੁਖ ਪਾਈ ॥

ਕਹਿ = ਕਿਤੇ ਕਿਸੇ ਪਿਆਰੇ ਸੰਬੰਧੀ ਆਦਿ ਮਰਨ 'ਤੇ ਨਰ = ਪੁਰਸ਼ ਤੇ ਨਾਰਿ = ਇਸਤ੍ਰੀਆਂ ਮਿਲ ਕੇ ਮਹਾਂ = ਬਹੁਤ ਰੋਵਤ = ਰੋ ਰਹੇ ਹੈਂ = ਹਨ; ਉਸ ਦੇ ਵਿਛੋੜੇ ਵਿਚ ਧਰ = ਧਰਤੀ ਉੱਪਰ ਲੇਟਤ = ਲੇਟਦੇ ਹੈਂ = ਹਨ ਅਤੇ ਆਪਣੇ ਉਰ = ਮਨ ਵਿਚ ਬਹੁਤ ਦੁਖ ਪਾਈ = ਪ੍ਰਾਪਤ ਕਰਦੇ ਹਨ।

## ਕਹਿ ਚੰਦਨ ਨੀਰ ਗੁਲਾਬ ਘਸੈ; ਸੁ ਸੰਧੂਰਹਿ ਕੀ ਸਿਰ ਮਾਂਗ ਬਨਾਈ ॥

ਕਹਿ = ਕਿਤੇ ਚੰਦਨ ਨੂੰ ਗੁਲਾਬ ਜਲ ਪਾ ਕੇ ਘਸੈ = ਘਸਾ ਰਹੇ ਹਨ; ਭਾਵ ਤਨ ਦੇ ਉੱਤੇ ਲਾਉਣ

ਲਈ ਸੁਗੰਧਿਤ ਪਦਾਰਥ ਦੀ ਤਿਆਰੀ ਹੋ ਰਹੀ ਹੈ ਸੁ = ਉਹ ਸੰਧੂਰਹਿ = ਸੰਧੂਰ ਦੇ ਨਾਲ ਸਿਰ ਉੱਪਰ ਵਾਲਾਂ ਦੀ ਚੀਰਨੀ ਨੂੰ ਹਟਾ ਕੇ ਇਸਤ੍ਰੀਆਂ ਮਾਂਗ ਬਨਾਈ = ਬਣਾ ਰਹੀਆਂ ਹਨ, ਭਾਵ ਮਾਂਗ ਵਿਚ ਸੰਧੂਰ ਭਰ ਰਹੀਆਂ ਹਨ।

## ਕਹਿ ਹਾਥਨ ਸੇ ਸੁ ਉਪਾਰ ਸਿਰੋਰਹਿ;
## ਮਾਂਗ ਜਹਾਂ ਤਹਿਂ ਭੂਮ ਰੁਲਾਈ ॥੭੨॥

ਕਹਿ = ਕਿਸੇ ਜਗ੍ਹਾ ਹਾਥਨ = ਹੱਥਾਂ ਸੇ = ਨਾਲ ਸੁ = ਉਹ ਸਿਰੋਰਹਿ = ਸਿਰ ਦੇ ਕੇਸ ਉਪਾਰ = ਪੁੱਟ ਕੇ ਜਹਾਂ = ਜਿਥੇ ਮਾਂਗ ਭਰੀ ਹੁੰਦੀ ਸੀ, ਤਹਿਂ = ਉੱਥੇ ਸੰਧੂਰ ਵਾਲੀ ਥਾਂ ਭੂਮ = ਧਰਤੀ ਦੇ ਉੱਪਰ ਮਿੱਟੀ ਵਿਚ ਰੁਲਾਈ = ਰੁਲ ਰਹੀ ਹੈ, ਜਿਵੇਂ ਬਾਬਰ ਦੇ ਸਮੇਂ ਏਮਨਾਬਾਦ ਵਿਚ ਪਠਾਣਾਂ ਦੀਆਂ ਇਸਤ੍ਰੀਆਂ ਨੂੰ ਸਿਰ ਤੋਂ ਫੜ ਕੇ ਮਿੱਟੀ ਵਿਚ ਰੋਲ ਦਿੱਤਾ ਸੀ ॥੭੨॥ ਜੈਸਾ ਕਿ :

**ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥**
**ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥**
**ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥** *(ਰਾਗ ਆਸਾ ਮ: ੧, ਅੰਗ ੪੧੭)*

## ਸ੍ਵੈਯਾ ॥
## ਕਹਿਂ ਕੋਵਿਦ ਬੈਠ ਬਿਚਾਰ ਕਰੇ; ਕਹਿ ਮੂੜ ਭਯਾਨਕ ਰਾਰ ਮਚਾਈ ॥

ਕਹਿਂ = ਕਿਤੇ ਕੋਵਿਦ = ਵਿਦਵਾਨ ਜਨ ਸੰਗਤ ਵਿਚ ਬੈਠ ਕਰਕੇ ਸੱਤ ਅਸੱਤ ਦੀ ਵਿਚਾਰ ਕਰੇ = ਕਰ ਰਹੇ ਹਨ ਤੇ ਕਹਿ = ਕਿਤੇ ਮੂੜ = ਮੂਰਖ ਲੋਕਾਂ ਨੇ ਬਹੁਤ ਭਯਾਨਕ = ਡਰਾਉਣੀ, ਖ਼ਤਰਨਾਕ ਰਾਰ = ਲੜਾਈ ਮਚਾਈ = ਸ਼ੁਰੂ ਕੀਤੀ ਹੋਈ ਹੈ।

## ਕਹਿ ਰੋਗ ਮਹਾਂ ਤਨ ਪਾਕ ਬਹੇ; ਕਹਿ ਸੌਰਭ ਸੁੰਦਰ ਦੇਤ ਦਿਖਾਈ ॥

ਕਹਿ = ਕਿਤੇ ਮਹਾਂ = ਬੜੇ ਵੱਡੇ ਕੋਹੜ ਆਦਿ ਦੇ ਰੋਗਾਂ ਦੇ ਲੱਗਣ ਕਾਰਨ ਤਨ = ਸਰੀਰ ਵਿਚੋਂ ਪਾਕ = ਪੀਕ ਬਹੇ = ਵਹਿ ਰਹੀ ਹੈ ਅਤੇ ਕਹਿ = ਕਿਤੇ ਸੌਰਭ = ਸੁਗੰਧੀ ਦੇ ਨਾਲ ਭਰੀ ਬੜੀ ਸੁੰਦਰ = ਸੋਹਣੀ ਰਚਨਾ ਦਿਖਾਈ ਦੇਤ = ਦੇ ਰਹੀ ਹੈ।

## ਬਿਖ ਮੇਲਿ ਸੁਧਾਰਸ ਸੰਗ ਕਿਧੌਂ; ਬਿਧ ਮਾਇਕ ਨੇ ਯਹਿ ਖੇਲ ਰਚਾਈ ॥

ਕਿਧੌਂ = ਜਾਂ ਫੇਰ ਬਿਖ = ਜ਼ਹਿਰ ਅਤੇ ਸੁਧਾਰਸ = ਅੰਮ੍ਰਿਤ ਦੋਨਾਂ ਨੂੰ ਸੰਗ = ਨਾਲ ਮਿਲਾ ਕੇ ਮਾਇਕ = ਮਾਇਆ ਦੇ ਪੁਤਲੇ **ਵਾ:** ਮਾਇਕ = ਛਲੀਏ ਬਿਧ = ਬ੍ਰਹਮਾ ਨੇ ਯਹਿ = ਇਹ ਖੇਲ = ਖੇਡ ਰਚਾਈ = ਰਚਾਉਣਾ ਕੀਤੀ ਹੈ **ਵਾ:** ਬਿਧ = ਬਿਧਾਤੇ ਨੇ ਮਾਇਕੀ ਖੇਡ ਦੀ ਇਹ ਰਚਨਾ ਬਣਾਉਣਾ ਕੀਤੀ ਹੈ।

## ਨਹਿ ਜਾਨ ਪਰੈ ਜਗ ਆਹਿ ਸੁਧਾਰਸ; ਕੈ ਬਿਖ ਕੀ ਬਿਧ ਬੇਲ ਬਨਾਈ ॥੭੩॥

ਇਹ ਨਿਰਣੇ ਕਰਕੇ ਕੁਝ ਵੀ ਜਾਨ = ਜਾਣਿਆ ਨਹੀਂ ਜਾਂਦਾ, ਭਾਵ ਸਮਝ ਨਹੀਂ ਪਰੈ = ਪੈਂਦੀ ਕਿ ਇਹ ਜਗ = ਸੰਸਾਰ ਸੁਧਾਰਸ = ਅੰਮ੍ਰਿਤ ਰੂਪ ਹੈ ਕੈ = ਜਾਂ ਫੇਰ ਬਿਧ = ਬਿਧਾਤੇ ਨੇ ਇਹ ਬਿਖ = ਜ਼ਹਿਰ ਕੀ = ਦੀ ਬੇਲ ਬਨਾਈ = ਬਣਾਉਣਾ ਕੀਤੀ ਹੈ ॥੭੩॥

## ਦੋਹਰਾ ॥

## ਹੈ ਜਗ ਦੁਖ ਕੀ ਖਾਨ ਹੀ; ਪੁੰਨ ਕਰੈ ਨਰ ਜੋਇ ॥

ਹੇ ਭਾਈ! ਅਸਲ ਵਿਚ ਤਾਂ ਇਹ ਜਗ = ਸੰਸਾਰ ਦੁੱਖਾਂ ਕੀ = ਦੀ ਖਾਨ = ਭੰਡਾਰ ਹੀ ਹੈ, ਪਰ ਜੋਇ = ਜਿਹੜਾ ਮਨੁੱਖ ਇਸ ਦੁਖ ਰੂਪ ਸੰਸਾਰ ਅੰਦਰ ਪੁੰਨ ਕਰਮ ਕਰੈ = ਕਰਦਾ ਹੈ।

## ਬ੍ਰਹਮ ਰੂਪ ਸੁਖ ਵਿਖੇ ਮੈਂ; ਹੇਰਤ ਹੈ ਜਨ ਸੋਇ ॥੭੪॥

ਸੋਇ = ਉਹ ਮਨੁੱਖ ਇਸ ਵਿਖੇ = ਵਿਸ਼ਿਆਂ, ਜ਼ਹਿਰ ਰੂਪ ਸੰਸਾਰ ਮੈ = ਵਿਚ ਸੁਖ ਰੂਪ ਬ੍ਰਹਮ ਨੂੰ ਹੇਰਤ = ਦੇਖ ਲੈਂਦਾ ਹੈ ॥੭੪॥

## ਦੋਹਰਾ ॥ ਮਾਨਵ ਦੇਹੀ ਪਾਇ ਕਰ; ਭਾਰਥ ਖੰਡ ਸੁ ਜੋਇ ॥

ਹੇ ਭਾਈ ! ਜੋਇ = ਜਿਹੜਾ ਮਨੁੱਖ ਇਸ ਭਾਰਤ ਖੰਡ ਦੀ ਕਰਮ, ਧਰਮ ਭੂਮੀ ਦੇ ਉੱਪਰ ਮਾਨਵ = ਮਨੁੱਖਾ ਦੇਹੀ = ਸਰੀਰ ਨੂੰ ਪਾਇ = ਪ੍ਰਾਪਤ ਕਰ = ਕਰਕੇ।

## ਪੁੰਨ ਕਰੈ ਨਹਿ ਜਗਤ ਮੈਂ; ਪਸ਼ੂ ਨ ਤਾ ਸਮ ਕੋਇ ॥੭੫॥

ਫੇਰ ਵੀ ਇਸ ਜਗਤ = ਸੰਸਾਰ ਦੇ ਮੈ = ਵਿਚ ਪੁਨਿ ਕਰਮ ਨਹੀਂ ਕਰੈ = ਕਰਦਾ, ਤਾ = ਉਸ ਦੇ ਸਮ = ਸਮਾਨ, ਵਰਗਾ ਕੋਇ = ਕੋਈ ਪਸ਼ੂ ਨਹੀਂ ਹੈ, ਭਾਵ ਇਸ ਰਿਸ਼ੀ ਮੁਨੀਆਂ ਦੀ ਪਵਿੱਤਰ ਧਰਤੀ ਉੱਪਰ ਰਹਿ ਕੇ ਮਨੁੱਖਾ ਜਨਮ ਧਾਰਨ ਕਰਕੇ ਵੀ ਜੇਕਰ ਕੋਈ ਪੁੰਨ ਕਰਮ ਨਹੀਂ ਕਰਦਾ, ਨਾਮ ਨਹੀਂ ਜਪਦਾ, ਉਸਨੂੰ ਪਸ਼ੂ ਵਰਗਾ ਹੀ ਸਮਝਣਾ ਚਾਹੀਦਾ ਹੈ ॥੭੫॥

ਅੱਗੇ ਦੋ ਸਵੱਈਆਂ ਵਿਚ ਮੂਰਖ ਮਨੁੱਖ ਦਾ ਹਾਲ ਦੱਸਦੇ ਹਨ :

## ਸ੍ਵੈਯਾ ॥

## ਸੁ ਵਿਡੂਰਯ ਕੀ ਪਿਠਰੀ ਖਲ ਕੋ; ਗਹਿ ਚੰਦਨ ਈਂਧਨ ਸਾਥ ਪਕਾਵੈ ॥

ਕਿਸੇ ਖਲ = ਮੂਰਖ ਮਨੁੱਖ ਕੋ = ਨੂੰ ਇਕ ਵਾਰ ਖੇਤ 'ਚੋਂ ਮਿੱਟੀ ਪੁੱਟਦਿਆਂ ਇਕ ਵਿਡੂਰਯ = ਮਣੀਆਂ ਕੀ = ਦੀ ਪਿਠਰੀ = ਦੇਗਚੀ ਲੱਭ ਗਈ, ਤਦ ਉਹ ਉਨ੍ਹਾਂ ਨੂੰ ਕੁਝ ਫਲ ਆਦਿ ਸਮਝ ਕੇ ਚੰਦਨ ਦੀਆਂ ਈਂਧਨ = ਲੱਕੜਾਂ ਦੀ ਅੱਗ ਬਾਲ ਕੇ ਉਸ ਅੱਗ ਦੇ ਸਾਥ = ਨਾਲ ਉਨ੍ਹਾਂ ਮਣੀਆਂ ਨੂੰ ਪਕਾਵੈ = ਪਕਾਉਣ ਲੱਗ ਪਿਆ।

## ਸੁਭ ਹਾਟਕ ਲਾਂਗਲ ਅੱਗ੍ਰ ਧਰੇ; ਜੜ ਭੂਮਿ ਖਨੇ ਦ੍ਰੁਮ ਆਕ ਜਮਾਵੈ ॥

ਬਹੁਤ ਸੁਭ = ਸ੍ਰੇਸ਼ਟ, ਸੁੰਦਰ ਹਾਟਕ = ਸੋਨੇ ਦਾ ਲਾਂਗਲ = ਫਾਲਾ ਬਣਾ ਕੇ ਹਲ ਦੇ ਅੱਗ੍ਰ = ਅੱਗੇ ਧਰੇ = ਧਰ, ਲਗਾ ਕੇ ਜੜ = ਮੂਰਖ ਮਨੁੱਖ ਭੂਮਿ = ਧਰਤੀ ਨੂੰ ਖਨੇ = ਪੁੱਟਦਾ, ਵਾਹੁੰਦਾ ਹੈ ਅਤੇ ਉਥੋਂ ਸੁੰਦਰ ਫਲਾਂ, ਫੁੱਲਾਂ ਵਾਲੇ ਬੂਟੇ ਪੁੱਟ ਕੇ ਆਕ = ਅੱਕ ਦੇ ਦ੍ਰੁਮ = ਬੂਟੇ ਜਮਾਵੈ = ਬੀਜਦਾ ਹੈ।

## ਖਲ ਛੇਦ ਕਪੂਰਨ ਖੰਡ ਕਰੇ; ਪੁਨ ਵਾਯਸ ਕੇ ਕੁਲ ਪੂਜ ਜਿਵਾਵੈ ॥

ਫੇਰ ਖਲ = ਮੂਰਖ ਮਨੁੱਖ ਕਪੂਰਨ = ਕਪੂਰ[੧] ਨੂੰ ਛੇਦ = ਕੱਟ ਕੇ ਉਸਦੇ ਖੰਡ = ਟੁਕੜੇ-ਟੁਕੜੇ

ਕਰੇ = ਕਰਦਾ ਹੈ। ਪੁਨ = ਫੇਰ ਉਨ੍ਹਾਂ ਟੁਕੜਿਆਂ ਨਾਲ ਵਾਯਸ = ਕਾਵਾਂ ਦੀਆਂ ਕੁਲਾਂ ਨੂੰ ਪੂਜ-ਪੂਜ ਕੇ ਉਨ੍ਹਾਂ ਨੂੰ ਜਿਵਾਵੈ = ਛਕਾਉਣਾ ਕਰਦਾ ਹੈ।

## ਤਿਮ ਹੀ ਯਹਿ ਭਾਰਥ ਖੰਡ ਲਹੇ; ਨਿਰਬੁਧਿ ਕਹਾਂ ਨਰ ਪੁੰਨ ਕਮਾਵੈ ॥੭੬॥

ਤਿਮ = ਤਿਵੇਂ ਹੀ ਯਹਿ = ਇਸ ਭਾਰਤ ਖੰਡ ਦੀ ਕਰਮ, ਧਰਮ ਭੂਮੀ ਤੇ ਜਨਮ ਲਹੇ = ਲੈ ਕਰਕੇ ਨਿਰਬੁਧਿ = ਬੁੱਧੀ ਤੋਂ ਹੀਣ ਮਨੁੱਖ ਕਹਾਂ = ਕਿਸ ਤਰ੍ਹਾਂ ਪੁੰਨ ਕਰਮ ਕਮਾਵੈ = ਕਮਾ ਸਕਦਾ ਹੈ, ਭਾਵ ਉਹ ਖੋਟੇ ਕੰਮਾਂ ਵਿਚ ਹੀ ਆਪਣਾ ਜੀਵਨ ਲੰਘਾ ਦੇਂਦਾ ਹੈ॥੭੬॥ ਜੈਸਾ ਕਿ :

**ਵਿਡੂਰਯ ਕੇ ਸਮ ਦੇਹ ਖਲ ਰਾਖਸ ਸਮ ਤਾ ਕੇ ਗੁਨ ਜਾਨੋਂ।**
**ਦੁਹਕਾਮ ਕਰੇ ਯਹਿ ਭੂਮਿ ਖਨੇ ਦ੍ਰੂਮ ਆਕ ਬਿਕਾਰ ਰਿਦ ਮਹਿ ਆਨੋਂ।**
**ਸੁਭ ਕਰਮ ਸਕਾਮ ਕਪੂਰ ਕਟੇ ਪੁਨ ਕਾਕ ਸਮਾਨ ਕੁਪਾਤ੍ਰ ਭਾਨੋਂ।**
**ਸੁਰ ਸੰਪਤ ਚੰਦਨ ਈਂਧਨ ਹੈ ਸੁਭ ਹਾਟ ਕਲਾਂ ਉਦਮ ਮਾਨੋਂ।**

## ਸ੍ਵੈਯਾ ॥

## ਊਖਰ ਦੇਸ ਕੁਨੀਰ ਪਿਵੇ; ਪੁਨ ਮੂੜ ਸੁਧਾਰਸ ਸੋਂ ਪਗ ਧੋਵੈ ॥

ਇਹ ਮੂਰਖ ਮਨੁੱਖ ਊਖਰ ਦੇਸ = ਕੱਲਰੀ ਧਰਤੀ ਦੇ ਵਿਚ ਇਕੱਠੇ ਹੋਏ ਕੁਨੀਰ = ਭੈੜੇ ਪਾਣੀ ਨੂੰ ਪਿਵੇ = ਪੀਣਾ ਕਰਦਾ ਹੈ, ਪੁਨ = ਫੇਰ ਮੂੜ = ਮੂਰਖ ਮਨੁੱਖ ਸੁਧਾਰਸ = ਅੰਮ੍ਰਿਤ ਦੇ ਸੋਂ = ਨਾਲ ਆਪਣੇ ਪਗ = ਪੈਰ ਧੋਵੈ = ਧੋਣਾ ਕਰਦਾ ਹੈ।

ਅਰਥਾਤ ਕੱਲਰੀ ਧਰਤੀ ਦੇ ਪਾਣੀ ਤੋਂ ਭਾਵ ਸ਼ਰਾਬ ਆਦਿ ਨਸ਼ੇ ਵਰਤਦਾ ਹੈ, ਅੰਮ੍ਰਿਤ ਨਾਲ ਪੈਰ ਧੋਣ ਤੋਂ ਭਾਵ ਖਾਣ ਪੀਣ ਜੋਗ ਜੋ ਪਦਾਰਥ ਅੰਮ੍ਰਿਤ ਰੂਪ ਸਨ, ਉਨ੍ਹਾਂ ਦੀ ਬੇਕਦਰੀ ਕਰਦਾ ਹੈ।

## ਕੋਦਹਿ ਕਾਗ ਉਡਾਵਨ ਕੇ ਹਿਤ; ਡਾਰ ਮਹਾਂ ਮਣਿ ਮੂੜ ਵਿਗੋਵੈ ॥

ਕੋਦਹਿ = ਕੋਧ੍ਰੇ[2] ਦੇ ਖੇਤ ਤੋਂ ਕਾਗ = ਕਾਂ ਉਡਾਵਨ = ਉਡਾਉਣ ਕੇ = ਦੇ ਹਿਤ = ਵਾਸਤੇ ਮਹਾਂ = ਬਹੁਤ ਸੁੰਦਰ ਮਣਿ = ਮਣੀਆਂ ਨੂੰ ਡਾਰ = ਸੁੱਟ-ਸੁੱਟ ਕੇ ਮੂੜ = ਮੂਰਖ ਮਨੁੱਖ ਵਿਗੋਵੈ = ਖ਼ਰਾਬ ਕਰ ਰਿਹਾ ਹੈ। ਅਰਥਾਤ ਵਿਸ਼ਿਆਂ ਰੂਪੀ ਕਾਵਾਂ ਵਾਸਤੇ ਬੇ-ਕੀਮਤੇ ਸ੍ਵਾਸ ਵਿਅਰਥ ਗੁਆ ਰਿਹਾ ਹੈ।

## ਕਾਟ ਕੇ ਚੰਦਨ ਕੇ ਬਿਰਵਾ; ਦ੍ਰਿੜ ਬਾੜ ਬੰਬੂਲ ਕਰੇ ਜੜ ਸੋਵੈ ॥

ਮੂਰਖ ਮਨੁੱਖ ਚੰਦਨ ਕੇ = ਦੇ ਬਿਰਵਾ = ਬ੍ਰਿਛ ਕਾਟ = ਕੱਟ ਕਰਕੇ ਬੰਬੂਲ = ਕਿੱਕਰਾਂ ਦੀ ਰਾਖੀ ਲਈ ਚੰਦਨ ਦੀਆਂ ਟਾਹਣੀਆਂ ਦੀ ਵਾੜ ਦ੍ਰਿੜ = ਚੰਗੀ ਤਰ੍ਹਾਂ ਪੱਕੀ ਕਰਕੇ ਫੇਰ ਸੋਵੈ = ਸੌਂਦਾ ਹੈ ਅਰਥਾਤ ਚੰਦਨ ਦੀ ਨਿਆਈ ਪਰਮਾਤਮਾ ਦੀ ਭਗਤੀ ਹੈ, ਉਸਨੂੰ ਛੱਡ ਕੇ ਕਿੱਕਰਾਂ ਦੀ ਨਿਆਈ ਭੂਤਾਂ ਪ੍ਰੇਤਾਂ ਦੀ ਉਪਾਸ਼ਨਾ ਵਿਚ ਲੱਗ ਜਾਣਾ।

---

੧. ਕਪੂਰ—ਸੰਗਯਾ-ਕਾਫ਼ੂਰ, ਇਹ ਇਕ ਬਿਰਛ ਅਤੇ ਉਸਦੇ ਰਸ ਤੋਂ ਤਿਆਰ ਕੀਤਾ ਚਿੱਟਾ ਸੁਗੰਧੀ ਵਾਲਾ ਪਦਾਰਥ ਹੈ, ਜੋ ਹਵਾ ਵਿਚ ਉੱਡ ਜਾਂਦਾ ਹੈ ਅਤੇ ਅੱਗ ਵਿਚ ਘੀ ਦੀ ਤਰ੍ਹਾਂ ਜਲਦਾ ਹੈ, ਇਸਨੂੰ ਆਰਤੀ ਦੇ ਸਮੇਂ ਵੀ ਜਲਾਉਂਦੇ ਹਨ, ਇਹ ਬਹੁਤ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਹੈ।

੨. ਕੋਦਹਿ = ਕੋਧਰਾ, ਬਾਥੂ ਜਿਹਾ ਇਕ ਘਾਹ ਹੁੰਦਾ ਹੈ, ਜਿਸਦਾ ਦਾਣਾ ਗ਼ਰੀਬ ਲੋਕ ਰਿੰਨ੍ਹ ਕੇ ਜਾਂ ਪੀਹ ਕੇ ਆਟੇ ਦੀ ਰੋਟੀ ਪਕਾ ਕੇ ਖਾਂਦੇ ਹਨ।

## ਮੂਰਖ ਯਾ ਤਨ ਪਾਲਨ ਕੇ ਹਿਤ; ਧਰਮ ਤਥਾ ਜਗ ਭੀਤਰ ਖੋਵੈ ॥੭੭॥

ਤਿਵੇਂ ਹੀ ਮੂਰਖ = ਬੇ-ਸਮਝ ਮਨੁੱਖ ਯਾ = ਇਸ ਤਨ = ਸਰੀਰ ਨੂੰ ਪਾਲਣ ਪੋਸ਼ਣ ਕੇ = ਦੇ ਹਿਤ = ਵਾਸਤੇ ਆਪਣੇ ਧਰਮ ਨੂੰ ਇਸ ਜਗ = ਸੰਸਾਰ ਦੇ ਭੀਤਰ = ਵਿਚ ਵਿਅਰਥ ਖੋਵੈ = ਗੁਆ ਦੇਂਦਾ ਹੈ ॥੭੭॥ ਜੈਸਾ ਕਿ :

**ਊਖਰ ਦੇਸ ਕੋ ਨੀਰ ਵਿਖੇ ਰਸ ਬ੍ਰਹਮਾਨੰਦ ਸੁਧਾਰਸ ਗਾਏ।**
**ਕੋਂਦਹ ਖੇਤ ਬਿਕਾਰ ਅਹੇ ਬਿਘਨਾ ਪੁਨ ਕਾਕ ਸਮਾਨਹ ਗਾਏ।**
**ਤਿਨ ਰਖਨੇ ਹਿਤ ਇਹ ਕਰੇ ਮਣੀਆ ਸਮ ਸਾਮ ਅਮੋਲ ਚਲਾਏ।**
**ਚੰਦਨ ਕਾ ਬਿਰਵਾ ਭਗਤੀ ਬਿਬੂਲੇ ਭੂਤਨ ਸੇਵ ਕਮਾਏ।**

ਅਨੇਕਾਂ ਮੁਸੀਬਤਾਂ ਪੈਣ ਤੋਂ ਬਚ ਜਾਣਾ ਇਹ ਪੂਰਬਲੇ ਕੀਤੇ ਪੁੰਨਾਂ ਕਾਰਨ ਹੀ ਬਚਾਅ ਹੁੰਦਾ ਹੈ, ਐਸਾ ਕਥਨ ਕਰਦੇ ਹਨ :

## ਸ੍ਵੈਯਾ ॥

## ਵਿਪਨੇ ਸੁ ਰਣੈ, ਭਵ ਸਤ੍ਰ ਜਿਨੇ; ਜਲ ਔ ਪੁਨ ਮੰਦਰ ਆਗ ਲਗਾਏ ॥

ਵਿਪਨੇ = ਭਿਆਨਕ ਜੰਗਲ ਵਿਚ, ਰਣੈ = ਜੁੱਧ ਦੇ ਮੈਦਾਨ ਵਿਚ, ਭਵ = ਸੰਸਾਰ ਅੰਦਰ ਸਤ੍ਰ = ਦੁਸ਼ਮਨ ਨੂੰ ਜਿਨੇ = ਜਿੱਤਣ ਸਮੇਂ, ਜਲ = ਪਾਣੀ ਵਿਚ ਡੁੱਬਣ ਤੋਂ ਬਚ ਜਾਣ ਸਮੇਂ ਔ = ਅਤੇ ਪੁਨ = ਫੇਰ ਮੰਦਰ = ਘਰ ਨੂੰ ਅੱਗ ਲਗਾਏ = ਲੱਗਣ ਕਰਕੇ।

## ਬਡ ਸਾਗਰ ਭੂਧਰ ਕੇ ਸਿਖਰੇ; ਸੁ ਭਯਾਨਕ ਸਿੰਘ ਕੈ ਸਾਮੁਹਿ ਆਏ ॥

ਬਡ = ਬਹੁਤ ਵੱਡੇ ਗਹਿਰੇ ਸਾਗਰ = ਸਮੁੰਦਰ ਵਿਚ, ਭੂਧਰ = ਪਹਾੜ ਸਿਖਰੇ = ਉੱਚੇ ਕੇ = ਦੇ ਸਿਖਰੇ = ਸਿਖਰ, ਚੋਟੀ ਤੋਂ ਡਿੱਗਣ ਸਮੇਂ, ਸੋ ਫੇਰ ਭਯਾਨਕ = ਡਰਾਉਣੇ ਸਿੰਘ = ਸ਼ੇਰ ਦੇ ਸਾਮੁਹਿ = ਸਾਹਮਣੇ ਆ ਜਾਣ ਤੋਂ ਬਚਾ ਹੋ ਗਿਆ ਹੋਵੇ।

## ਪਦ ਭੂਲ ਭੁਜੰਗਮ ਦੇਹ ਛੁਏ; ਜਨਨੀ ਜਠਰੰਤਰ ਆਇ ਸਮਾਏ ॥

ਭੂਲ = ਭੁੱਲ ਦੇ ਕਾਰਨ ਭੁਜੰਗਮ = ਸੱਪ ਦੇ ਦੇਹ = ਤਨ ਨੂੰ ਪਦ = ਪੈਰ ਛੁਏ = ਛੂਹ ਜਾਣ 'ਤੇ ਅਤੇ ਜਨਨੀ = ਮਾਤਾ ਦੇ ਜਠਰੰਤਰ = ਪੇਟ ਦੀ ਅਗਨੀ ਦੇ ਅੰਦਰ ਆਇ = ਆ ਕੇ ਸਮਾਏ = ਸਮਾ ਜਾਣ 'ਤੇ, ਭਾਵ ਮਾਤਾ ਦੇ ਪੇਟ ਵਿਚ ਆਉਣ 'ਤੇ।

## ਨਰ ਔਰ ਨ ਰੱਖਕ ਹੋਇ ਜਹਾਂ; ਤਾ ਰੱਖਕ ਪੂਰਬ ਪੁੰਨ ਕਮਾਏ ॥੭੮॥

ਜਹਾਂ = ਜਿਥੇ ਵੀ ਨਰ = ਮਨੁੱਖ ਦਾ ਔਰ = ਹੋਰ ਕੋਈ ਰੱਖਕ = ਰੱਖਿਆ ਕਰਨ ਵਾਲਾ ਨਹੀਂ ਹੁੰਦਾ, ਤਹ = ਉੱਥੇ ਮਨੁੱਖ ਦੇ ਪੂਰਬ = ਪਹਿਲੇ ਸਮੇਂ ਦੇ ਕਮਾਏ = ਕੀਤੇ ਹੋਏ ਪੁੰਨ ਕਰਨ ਦੀ ਰੱਖਕ = ਸਹਾਇਕ ਹੁੰਦੇ ਹਨ, ਭਾਵ ਐਸੀਆਂ ਮੁਸੀਬਤਾਂ ਵਿਚ ਪੂਰਬਲੇ ਕੀਤੇ ਪੁੰਨ ਹੀ ਰੱਖਿਆ ਕਰਦੇ ਹਨ ॥੭੮॥

## ਸ੍ਵੈਯਾ ॥ ਆਪਦ ਧੈਰਯ ਕੋ ਪਕਰੇ; ਅਰੁ ਸੰਪਦ ਮੈਂ ਸੁ ਖਿਮਾ ਉਰ ਮਾਹੀ ॥

ਹੇ ਭਾਈ ! ਆਪਦ = ਬਿਪਤਾ ਦੇ ਸਮੇਂ ਵਿਚ ਧੈਰਯ = ਧੀਰਜਤਾ ਨੂੰ ਪਕਰੇ = ਗ੍ਰਹਿਣ ਕਰੇ ਅਰੁ = ਅਤੇ

ਸੰਪਦ = ਧਨ, ਪਦਾਰਥ ਦੇ ਮੈਂ = ਵਿਚ ਉਰ = ਹਿਰਦੇ ਮਾਹੀ = ਅੰਦਰ ਖਿਮਾ ਵਾਲਾ ਸੁਭਾਅ ਧਾਰਨ ਕਰੇ। (ਖਿਮਾ = ਦੁੱਖ ਸੁੱਖ ਨੂੰ ਸਹਾਰਨ ਵਾਲੀ ਚਿਤ ਦੀ ਬਿਰਤੀ ਦਾ ਨਾਮ ਹੈ **ਵਾ:** ਮੁਆਫ਼ ਕਰਨ ਵਾਲਾ ਸੁਭਾਅ ਭਾਵ ਕੋਲ ਧਨ ਪਦਾਰਥ ਹੋਣ ਦੇ ਕਾਰਨ ਹੰਕਾਰ ਨਾ ਕਰੇ।)

## ਪੁੰਨ ਨਿਸੰਗ ਕਰੇ ਨ ਡਰੇ; ਪੁਨ ਪਾਪਨ ਤੇ ਸੁ ਡਰੇ ਮਨ ਮਾਹੀ ॥

ਪੁੰਨ = ਚੰਗੇ, ਸ੍ਰੇਸ਼ਟ ਕੰਮਾਂ ਨੂੰ ਨਿਸੰਗ = ਨਿਰਸੰਕੋਚ ਹੋ ਕੇ ਕਰੇ ਡਰੇ = ਡਰਨਾ ਨਾ ਕਰੇ, ਪੁਨ = ਫੇਰ ਪਾਪਨ = ਮੰਦ ਕਰਮਾਂ ਤੋਂ ਸਦਾ ਆਪਣੇ ਮਨ = ਚਿੱਤ ਮਾਹੀ = ਵਿਚ ਡਰੇ = ਡਰਨਾ ਕਰੇ।

## ਸੰਘਰ ਮਾਹਿ ਕਰੇ ਭੁਜ ਕੋ ਬਲ; ਪ੍ਰਾਣ ਤਜੈ ਰੁਚਿ ਹੈ ਜਸ ਮਾਹੀ ॥

ਸੰਘਰ = ਜੰਗ ਦੇ ਮਾਹਿ = ਵਿਚ ਭੁਜ = ਬਾਹਵਾਂ ਕੋ = ਦੇ ਬਲ = ਜ਼ੋਰ ਨਾਲ ਲੜਨਾ ਕਰੇ, ਜੇਕਰ ਆਪਣੀ ਜਸ = ਕੀਰਤੀ ਦੀ ਰੁਚਿ = ਰੁਚੀ ਹੈ ਕਿ ਲੋਕ ਮੇਰਾ ਜੱਸ ਕਰਨ ਤਾਂ ਫਿਰ ਯੁੱਧ ਦੇ ਮੈਦਾਨ ਵਿਚ ਹੀ ਆਪਣੇ ਪ੍ਰਾਣ ਤਜੈ = ਤਿਆਗਣਾ ਕਰੇ, ਭਾਵ ਵੈਰੀਆਂ ਨਾਲ ਲੜਦਾ ਹੋਇਆ ਵੀਰਗਤੀ ਨੂੰ ਪ੍ਰਾਪਤ ਹੋਵੇ।

## ਮਾਨਵ ਮਾਹਿ ਮਹਾਤਮ ਕੇ ਬ੍ਰਤ; ਧੰਨ ਵਹੀ ਜਿ ਧਰੇ ਜਗ ਮਾਹੀ ॥੭੯॥

ਮਾਨਵ = ਮਨੁੱਖਾਂ ਮਾਹਿ = ਵਿਚੋਂ ਮਹਾਤਮ = ਮਹਾਨ ਆਤਮਾਵਾਂ ਸੰਤ ਜਨਾਂ ਦੇ ਜੋ ਬ੍ਰਤ = ਨਿਯਮ ਧਾਰਨ ਕੀਤੇ ਹੋਏ ਹਨ, ਜਿ = ਜਿਹੜੇ ਮਨੁੱਖ ਇਸ ਜਗ-ਸੰਸਾਰ ਦੇ ਮਾਹੀ = ਵਿਚ ਸੰਤਾਂ ਮਹਾਤਮਾ ਵਾਲੇ ਉਹ ਨਿਯਮ ਧਰੇ = ਧਾਰਨ ਕਰਦੇ ਹਨ, ਵਹੀ = ਉਹ ਮਨੁੱਖ ਧੰਨ = ਧੰਨਤਾ ਜੋਗ ਹਨ ॥੭੯॥

## ਸ੍ਵੈਯਾ ॥

## ਪ੍ਰੀਤਿ ਕਰੇ ਹਰਿ ਕੇ ਯਸ ਸੌਂ; ਗੁਣ ਗੋਬਿੰਦ ਕੇ ਸੁ ਭਨੇ ਮੁਖ ਮਾਹੀ ॥

ਹੇ ਭਾਈ! ਹਰਿ = ਪਰਮਾਤਮਾ ਦੇ ਯਸ = ਵਡਿਆਈ ਦੇ ਸੌਂ = ਨਾਲ ਹਿਰਦੇ ਕਰਕੇ ਸਦਾ ਪ੍ਰੀਤਿ = ਪ੍ਰੀਤੀ ਕਰੇ ਅਤੇ ਗੋਬਿੰਦ = ਪਰਮਾਤਮਾ ਕੇ = ਦੇ ਗੁਣ ਸਦਾ ਆਪਣੇ ਮੁਖ ਮਾਹੀ = ਵਿਚ ਭਨੇ = ਉਚਾਰਣ ਕਰਦਾ ਰਹੇ।

## ਹਾਥਨ ਤੇ ਪੁੰਨ ਦਾਨ ਕਰੇ; ਪੁਨ ਸੀਸ ਧਰੇ ਗੁਰ ਕੇ ਪਦ ਮਾਂਹੀ ॥

ਆਪਣੇ ਹਾਥਨ = ਹੱਥਾਂ ਦੇ ਨਾਲ ਪੁੰਨ ਦਾਨ ਕਰੇ = ਕਰਦਾ ਰਹੇ (ਕਿਸੇ ਪੁਰਬ ਦੇ ਸਮੇਂ ਕੁਝ ਪਦਾਰਥ, ਮਾਇਆ ਆਦਿ ਗ਼ਰੀਬਾਂ ਨੂੰ ਅਰਪਨ ਕਰਨ ਨੂੰ ਪੁੰਨ ਆਖਦੇ ਹਨ ਅਤੇ ਜੋ ਸਦਾ ਸੁਤੇ-ਸਿਧ ਗ਼ਰੀਬਾਂ ਨੂੰ ਖ਼ੈਰਾਤ ਪਾਈ ਜਾਣੀ, ਇਸਦਾ ਨਾਮ ਦਾਨ ਹੈ।) ਪੁਨ = ਫੇਰ ਆਪਣੇ ਸੀਸ = ਸਿਰ ਨੂੰ ਗੁਰਾਂ ਕੇ = ਦੇ ਪਦ = ਚਰਨਾਂ ਮਾਂਹੀ = ਵਿਚ ਧਰੇ = ਧਰਨਾ ਕਰੇ।

## ਦੇਹ ਸਨੇਹ ਨ ਭੂਲ ਕਰੇ; ਅਰੁ ਸਾਧ ਸਨੇਹ ਸਦਾ ਨਿਰਬਾਹੀਂ ॥

ਕਦੇ ਭੂਲ = ਭੁੱਲ ਕਰਕੇ ਵੀ ਆਪਣੀ ਦੇਹੀ ਨਾਲ ਸਨੇਹ = ਮੋਹ ਨ ਕਰੇ, ਅਰੁ = ਅਤੇ ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਦੇ ਨਾਲ ਸਦਾ = ਹਮੇਸ਼ਾਂ ਸਨੇਹ = ਪ੍ਰੇਮ ਦਾ ਨਿਰਬਾਹੀਂ = ਨਿਰਬਾਹ ਕਰਨਾ ਕਰੇ, ਭਾਵ ਸੰਤਾਂ ਨਾਲ ਪ੍ਰੇਮ ਨੂੰ ਤੋੜ ਚਾੜ੍ਹਨਾ ਕਰੇ।

## ਮਾਨਵ ਮਾਹਿ ਮਹਾਤਮ ਕੇ ਬ੍ਰਤ; ਧੰਨ ਵਹੀ ਜਿ ਧਰੇ ਜਗ ਮਾਂਹੀ ॥੮੦॥

ਇਸ ਲਈ ਮਾਨਵ = ਮਨੁੱਖਾ ਦੇਹ ਦੇ ਮਾਹਿ = ਵਿਚ ਜੋ ਮਹਾਤਮ = ਸੰਤ ਜਨਾਂ ਦੇ ਬ੍ਰਤ = ਨਿਯਮ ਕਥਨ ਕੀਤੇ ਹਨ, ਜਿ = ਜਿਹੜਾ ਵੀ ਮਨੁੱਖ ਉਨ੍ਹਾਂ ਨਿਯਮਾਂ ਨੂੰ ਜਗ = ਸੰਸਾਰ ਮਾਂਹੀ = ਵਿਚ ਧਰੇ = ਧਾਰਨ ਕਰੇਗਾ, ਵਹੀ = ਉਹ ਮਨੁੱਖ ਧੰਨ = ਧੰਨਤਾ ਜੋਗ ਹੈ ॥੮੦॥

## ਸ੍ਵੈਯਾ ॥ ਸੇਸ ਧਰੇ ਧਰਣੀ ਸਿਰ ਮੈਂ, ਅਰੁ ਸੂਰ ਫਿਰੇ ਸੁ ਸਦਾ ਨਭ ਮਾਹੀ ॥

ਪੁਰਾਣਾਂ ਅਨੁਸਾਰ ਸੇਸ = ਸ਼ੇਸ਼ਨਾਗ[1] ਨੇ ਆਪਣੇ ਸਿਰ ਮੈਂ = ਵਿਚ ਧਰਣੀ = ਧਰਤੀ ਧਰੇ = ਧਾਰਨ ਕੀਤੀ, ਚੁੱਕੀ ਹੋਈ ਹੈ, ਅਰੁ = ਅਤੇ ਸੂਰ = ਸੂਰਜ ਵੀ ਆਪਣੇ ਨਿਯਮ ਅਨੁਸਾਰ, ਸਦਾ = ਹਮੇਸ਼ਾਂ ਨਭ = ਅਕਾਸ਼ ਦੇ ਮਾਹੀ = ਵਿਚ ਫਿਰੇ = ਫਿਰ ਰਿਹਾ ਹੈ।

## ਧਾਰਿ ਗਦਾ ਅਬ ਲੌਂ ਹਰਿ ਜੀ; ਬਲ ਦ੍ਵਾਰ ਰਹੇ ਸੁ ਪਤਾਲ ਕਿ ਮਾਹੀ ॥

ਹਰਿ = ਵਿਸ਼ਨੂੰ ਭਗਵਾਨ ਜੀ ਅਬ = ਹੁਣ ਲੌਂ = ਤੱਕ ਆਪਣੇ ਮੋਢੇ 'ਤੇ ਗਦਾ ਧਾਰਿ = ਰੱਖ ਕਰਕੇ ਪਤਾਲ ਕਿ = ਦੇ ਮਾਹੀ = ਵਿਚ ਬਲ ਰਾਜੇ ਦੇ ਦ੍ਵਾਰ = ਬੂਹੇ 'ਤੇ ਖਲੋ ਰਿਹਾ ਹੈ।

ਅਰਥਾਤ ਬਲਿ ਰਾਜਾ ਸਤਿਜੁੱਗ ਦੇ ਭਗਤ ਪ੍ਰਹਿਲਾਦ ਜੀ ਦਾ ਪੋਤ੍ਰਾ ਅਤੇ ਵਿਰੋਚਨ ਦਾ ਪੁੱਤਰ ਸੀ ਜੋ ਵਿੰਧਜਾ ਵਲੀ ਦੇ ਉਦਰ ਤੋਂ ਪੈਦਾ ਹੋਇਆ। ਇਹ ਐਸਾ ਪ੍ਰਤਾਪੀ ਰਾਜਾ ਸੀ ਕਿ ਇਸਨੇ ਇੰਦ੍ਰ ਨੂੰ ਜਿੱਤ ਕੇ ਤਿੰਨਾਂ ਲੋਕਾਂ ਵਿਚ ਆਪਣਾ ਰਾਜਭਾਗ ਸਥਾਪਿਤ ਕੀਤਾ। ਦੇਵਤਿਆਂ ਦੇ ਆਖੇ ਲੱਗ ਕੇ ਵਿਸ਼ਨੂੰ ਭਗਵਾਨ ਨੇ ਬਲਿ ਰਾਜੇ ਨੂੰ ਛਲਣ ਲਈ ਵਾਮਨ ਅਵਤਾਰ ਧਾਰਨ ਕੀਤਾ ਅਤੇ ਬਲਿ ਤੋਂ ਢਾਈ ਕੁ ਕਰਮਾਂ ਜ਼ਮੀਨ ਮੰਗੀ। ਬਲਿ ਰਾਜੇ ਨੇ ਦੈਂਤ ਗੁਰੂ ਸ਼ੁਕ੍ਰ ਦੇ ਵਰਜਣ ਤੋਂ ਵੀ ਜ਼ਮੀਨ ਦਾ ਸੰਕਲਪ ਵਾਮਨ ਨੂੰ ਦੇ ਦਿੱਤਾ। ਵਾਮਨ ਨੇ ਆਪਣਾ ਸਰੀਰ ਵਧਾ ਕੇ ਦੋ ਕਦਮਾਂ ਨਾਲ ਪ੍ਰਿਥਵੀ ਤੇ ਅਕਾਸ਼ ਮਿਣ ਲਏ, ਤੀਜੇ ਕਦਮ ਵਿਚ ਬਲਿ ਦਾ ਸਰੀਰ ਲੈ ਲਿਆ ਅਤੇ ਧਰਤੀ ਦੇ ਹੇਠਾਂ ਪਤਾਲ ਵਿਚ ਧੱਕ ਦਿੱਤਾ। ਇਸਦੀ ਭਗਤੀ ਦੇਖ ਕੇ ਬਲਿ ਨੂੰ ਪਤਾਲ ਦਾ ਰਾਜਾ ਥਾਪਿਆ ਅਤੇ ਉਸਦੀ ਬੇਨਤੀ ਅਨੁਸਾਰ ਉਸਦਾ ਦ੍ਵਾਰਪਾਲ ਹੋ ਕੇ ਰਹਿਣਾ ਅੰਗੀਕਾਰ ਕੀਤਾ। ਜੈਸਾ ਕਿ :

**ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ ॥੪॥੧॥**

*(ਰਾਗੁ ਮਾਰੂ, ਭਗਤ ਨਾਮਦੇਵ ਜੀ, ਅੰਗ ੧੧੦੫)*

## ਘੋਰ ਹਲਾਹਲ ਲੋਕ ਜਰੇ; ਦਿਢ ਸ਼ੰਕਰ ਨੀਤ ਧਰੇ ਗਰ ਮਾਹੀ ॥

ਜਦੋਂ ਸਮੁੰਦਰ ਰਿੜਕਨ ਵੇਲੇ ਉਸ ਵਿੱਚੋਂ ਘੋਰ = ਭਿਆਨਕ, ਦੁਖਦਾਇਕ ਹਲਾਹਲ = ਜ਼ਹਿਰ ਨਿਕਲੀ,

---

੧. **ਸ਼ੇਸ਼ਨਾਗ**—ਨਾਗਵੰਸ਼ ਅਤੇ ਪਤਾਲ ਦਾ ਰਾਜਾ। ਪੁਰਾਣਾਂ ਵਿਚ ਇਸਦੀ ਕਥਾ ਹੈ ਕਿ ਇਸਦੇ ੧੦੦੦ ਸਿਰ ਹਨ, ਜੋ ਵਿਸ਼ਨੂੰ ਭਗਵਾਨ ਦੇ ਉੱਪਰ ਛਾਇਆ ਕਰਦੇ ਹਨ। ਕਈ ਕਹਿੰਦੇ ਹਨ ਕਿ ਸੱਤ ਪਤਾਲ ਇਸਦੇ ਸਿਰ ਉੱਪਰ ਹਨ। ਵਿਸ਼ਨੂੰ ਪੁਰਾਣ ਲਿਖਦਾ ਹੈ ਕਿ ਜਦ ਕਦੀ ਇਹ ਉਬਾਸੀ ਲੈਂਦਾ ਹੈ ਤਾਂ ਭੁਚਾਲ ਆ ਜਾਂਦਾ ਹੈ। ਹਰੇਕ ਕਲਪ (੪੩੨੦੦੦੦੦੦੦ ਵਰ੍ਹਿਆਂ) ਦੇ ਅੰਤ ਵਿਚ ਇਹ ਮੂੰਹ ਵਿੱਚੋਂ ਅੱਗ ਕੱਢਦਾ ਹੈ, ਜਿਸ ਨਾਲ ਸਾਰੇ ਲੋਕ ਭਸਮ ਹੋ ਜਾਂਦੇ ਹਨ। ਇਸਦਾ ਰੂਪ ਇਓ ਦੱਸਿਆ ਹੈ, ਇਸਦਾ ਊਦਾ ਰੰਗ, ਗਲ ਵਿਚ ਚਿੱਟੀ ਮਾਲਾ ਇਕ ਹੱਥ ਵਿਚ ਹਲ ਤੇ ਦੂਸਰੇ ਵਿਚ ਚੱਟੂ ਹੈ। ਇਸਨੂੰ ਅਨੰਤ ਵੀ ਆਖਦੇ ਹਨ, ਇਸਦੀ ਇਸਤ੍ਰੀ ਦਾ ਨਾਮ ਅਨੰਤ ਸ਼ੀਸ਼ਾ ਹੈ। ਕਈ ਇਸਨੂੰ ਵਾਸੁਕਿ ਹੀ ਮੰਨਦੇ ਹਨ, ਪਰ ਕਈ ਉਸ ਤੋਂ ਵੱਖਰਾ ਸਮਝਦੇ ਹਨ। ਪੁਰਾਣਾਂ ਵਿਚ ਇਸਨੂੰ ਕਸ਼ਯਪ ਅਤੇ ਕਦ੍ਰ ਦਾ ਪੁੱਤਰ ਕਰਕੇ ਮੰਨਿਆ ਹੈ ਅਤੇ ਬਲਰਾਮ ਨੂੰ ਇਸਦਾ ਅਵਤਾਰ ਦੱਸਿਆ ਹੈ। ਇਸ ਦੀ ਕੁੰਜ ਨੂੰ ਮਣਿਦ੍ਵੀਪ ਅਤੇ ਇਸਦੇ ਘਰ ਨੂੰ ਮਣਿਭਿੱਤਿ ਜਾਂ ਮਣਿਮੰਡਪ ਆਖਦੇ ਹਨ।

ਜਿਸ ਨਾਲ ਲੋਕ ਬਹੁਤ ਜਰੇ = ਸੜਨ, ਦੁਖੀ ਹੋਣ ਲੱਗੇ, ਤਦੋਂ ਸ਼ੰਕਰ = ਸ਼ਿਵਜੀ ਨੇ ਉਹ ਜ਼ਹਿਰ ਨੀਤ = ਸਦਾ ਲਈ ਦਿਢ = ਪੱਕੀ ਤਰ੍ਹਾਂ ਕਰਕੇ ਆਪਣੀ ਗਰ = ਗਲੇ ਮਾਹੀ = ਵਿਚ ਧਰੇ = ਰੱਖ ਲੈਣਾ ਕੀਤੀ।

## ਪ੍ਰਾਣ ਸਮਾਨ ਧਰੇ ਬ੍ਰਤ ਕੋ; ਦੁਖ ਭੂਰ ਭਏ ਬ੍ਰਤ ਡਾਰਤ ਨਾਹੀ ॥੯੧॥

ਇਤਿਆਦਿਕ ਮਹਾਨ ਪੁਰਖਾਂ ਨੇ ਆਪਣੇ ਪ੍ਰਾਣ = ਸੁਆਸਾਂ ਦੇ ਸਮਾਨ = ਤੁਲ ਹੀ ਬ੍ਰਤ = ਨਿਯਮਾਂ ਕੋ = ਨੂੰ ਧਰੇ = ਧਾਰਨ ਕਰਕੇ ਰੱਖਿਆ ਹੋਇਆ ਹੈ।

ਭਾਵੇਂ ਉਨ੍ਹਾਂ ਨੂੰ ਜੀਵਨ ਕਾਲ ਵਿਚ ਭੂਰ = ਬਹੁਤੇ ਦੁਖ ਵੀ ਪ੍ਰਾਪਤ ਹੋਏ ਪਰ ਫੇਰ ਵੀ ਉਨ੍ਹਾਂ ਨੇ ਆਪਣੇ ਬ੍ਰਤ = ਨਿਯਮ ਨੂੰ ਤਿਆਗਿਆ ਨਹੀਂ ਹੈ। ਪਰ ਪ੍ਰਮਾਦੀ ਮਨੁੱਖ ਥੋੜੇ ਜਿਹੇ ਕਸ਼ਟ ਆਉਣ ਤੋਂ ਆਪਣਾ ਸਾਰਾ ਨਿਯਮ ਛੱਡ ਦੇਂਦਾ ਹੈ ॥੯੧॥

## ਸ੍ਵੈਯਾ ॥

## ਬਿਨ ਨਾਉ ਗਏ ਯਮ ਕੇ ਪੁਰ ਕੋ; ਜਗ ਭੋਗਨ ਕੀ ਜਿਨ ਗੈਲ ਲਈ ॥

ਪਰਮਾਤਮਾ ਦੇ ਨਾਉ = ਨਾਮ ਜਪਣ ਤੋਂ ਬਿਨ = ਬਗ਼ੈਰ ਉਹ ਮਨੁੱਖ ਯਮ = ਧਰਮਰਾਜ ਕੇ = ਦੇ ਪੁਰ = ਨਗਰ ਕੋ = ਨੂੰ ਭਾਵ ਯਮਪੁਰੀ ਵਿਚ ਗਏ ਹਨ, ਜਿਨ = ਜਿਨ੍ਹਾਂ ਨੇ ਜਗ = ਸੰਸਾਰ ਦੇ ਅੰਦਰ ਸਿਰਫ਼ ਵਿਸ਼ਿਆਂ, ਪਦਾਰਥਾਂ ਨੂੰ ਭੋਗਨ ਕੀ = ਦੀ ਹੀ ਗੈਲ = ਪਗਡੰਡੀ ਲਈ ਹੋਈ ਹੈ।

## ਹਰਿ ਕੇ ਪੁਨ ਪੰਥ ਚਲੇ ਨਰ ਜੇ; ਉਰ ਭੋਗਨ ਕੋ ਦ੍ਰਿਢ ਪੀਠ ਦਈ ॥

ਪੁਨ = ਫਿਰ ਜੇ = ਜਿਹੜੇ ਨਰ = ਮਨੁੱਖ ਹਰਿ = ਪਰਮਾਤਮਾ ਦੇ ਭਗਤੀ ਰੂਪੀ ਪੰਥ = ਰਸਤੇ ਦੇ ਉੱਪਰ ਚਲੇ = ਚੱਲਦੇ ਹਨ ਅਤੇ ਆਪਣੇ ਉਰ = ਹਿਰਦੇ ਅੰਦਰੋਂ ਸੰਸਾਰ ਦੇ ਵਿਸ਼ੇ, ਪਦਾਰਥਾਂ ਨੂੰ ਭੋਗਨ ਵੱਲੋਂ ਦ੍ਰਿਢ = ਪੱਕੀ ਤਰ੍ਹਾਂ ਪੀਠ = ਪਿੱਠ ਦਈ = ਦੇ ਦਿੱਤੀ ਹੈ।

## ਤਿਨ ਕੇ ਯਸ ਸੋਂ ਸਭ ਭੂਮਿ ਭਰੀ; ਅਬ ਲੌ ਤਿਹ ਨਾਮ ਕਥਾ ਸੁਨਈ ॥

ਤਿਨ = ਉਨ੍ਹਾਂ ਕੇ = ਦੇ ਜੱਸ ਸੋਂ = ਨਾਲ ਸਭ = ਸਾਰੀ ਭੂਮਿ = ਧਰਤੀ ਭਰੀ ਹੋਈ ਹੈ ਅਤੇ ਅਬ = ਹੁਣ ਲੌ = ਤੱਕ ਤਿਹ = ਉਨ੍ਹਾਂ ਦੇ ਨਾਮ ਦੀ ਕਥਾ = ਕਹਾਣੀ ਲੋਕਾਂ ਵਿਚ ਸੁਨਈ = ਸੁਣਾਈ ਜਾਂਦੀ ਹੈ। ਜੈਸਾ ਕਿ :

**ਸੁਣਿ ਸਾਖੀ ਮਨ ਜਪਿ ਪਿਆਰ ॥**
**ਅਜਾਮਲੁ ਉਧਰਿਆ ਕਹਿ ਏਕ ਬਾਰ ॥**
**ਬਾਲਮੀਕੈ ਹੋਆ ਸਾਧਸੰਗੁ ॥**
**ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥** *(ਬਸੰਤ ਮ: ੫, ਅੰਗ ੧੧੯੨)*

## ਮਨ ਰੇ ਹਰਿ ਕੇ ਅਬ ਪੰਥ ਚਲੋ; ਜਗ ਪਾਛਲ ਆਵ ਗਈ ਸੁ ਗਈ ॥੯੨॥

ਰੇ = ਹੇ ਮੇਰੇ ਪਿਆਰੇ ਮਨਾਂ ! ਤੂੰ ਅਬ = ਹੁਣ ਹਰਿ = ਪਰਮਾਤਮਾ ਕੇ = ਦੇ ਭਗਤੀ ਰੂਪੀ, ਸਤਸੰਗਤ ਰੂਪੀ ਪੰਥ = ਰਸਤੇ ਉੱਪਰ ਚਲੋ = ਚੱਲਣਾ ਕਰ, ਜਿਹੜੀ ਤੇਰੀ ਜਗ = ਸੰਸਾਰ ਅੰਦਰ ਪਾਛਲ = ਪਿਛਲੀ ਆਵ = ਉਮਰ ਲੰਘ ਗਈ ਹੈ, ਸੁ = ਉਹ ਤਾਂ ਹੁਣ ਲੰਘ ਗਈ ਹੈ, ਜਿਹੜੀ ਬਾਕੀ ਰਹਿੰਦੀ ਹੈ ਉਸਨੂੰ ਸੰਵਾਰਨਾ ਕਰ ॥੯੨॥

## ਸ੍ਵੈਯਾ ॥

## ਰਿਖਿ ਨਾਰਿ ਤਰੀ ਕਪਿ ਰੀਛ ਤਰੇ; ਸੁ ਲੰਗੂਰ ਤਰੇ ਜਿਹ ਨਾਮ ਉਚਾਰੇ ॥

ਦੇਖੋ ਰਾਮ ਨਾਮ ਦੇ ਆਸਰੇ ਲੱਗ ਕੇ ਗੌਤਮ ਰਿਖਿ = ਰਿਖੀ ਦੀ ਨਾਰਿ = ਇਸਤ੍ਰੀ ਅਹੱਲਿਆ ਜੋ ਰਿਖੀ ਦੇ ਸਰਾਪ ਕਰਕੇ ਸ਼ਿਲਾ ਬਣੀ ਸੀ, ਜਦੋਂ ਬਨਬਾਸ ਵਿਚ ਰਾਮਚੰਦ੍ਰ ਜੀ ਇਸਦੇ ਕੋਲ ਆਏ ਤਾਂ ਆਪਣੇ ਚਰਨਾਂ ਦਾ ਅੰਗੂਠਾ ਲਾ ਕੇ ਇਸਦਾ ਉਧਾਰ ਕੀਤਾ। ਫੇਰ ਕਪਿ = ਬਾਂਦਰਾਂ ਵਿੱਚੋਂ ਹਨੂੰਮਾਨ, ਰੀਛ = ਰਿੱਛਾਂ ਵਿੱਚੋਂ ਜਾਮਾਵੰਤ ਸੁ ਲੰਗੂਰਾਂ ਵਿੱਚੋਂ ਸੁਗ੍ਰੀਵ ਆਦਿਕ ਜਿਹ = ਜਿਸ ਰਾਮ ਨਾਮ ਨੂੰ ਉਚਾਰੇ = ਜਪ ਕੇ ਸਾਰੇ ਸੰਸਾਰ- ਸਮੁੰਦਰ ਤੋਂ ਤਰੇ = ਤਰ ਗਏ ਹਨ।

## ਬਨ ਭੀਲ ਸੁਤਾ ਜਿਹਿ ਨਾਮ ਤਰੀ; ਸੁ ਜਟਾਯੁ ਵਿਹੰਗਮ ਜਾਹਿ ਉਧਾਰੇ ॥

ਜਿਹਿ = ਜਿਸ ਰਾਮ ਨਾਮ ਦੇ ਆਸਰੇ ਬਨ = ਜੰਗਲ ਵਿਚ ਰਹਿੰਦੀ ਭੀਲਾਂ ਦੀ ਸੁਤਾ = ਪੁੱਤਰੀ ਭੀਲਣੀ ਤਰੀ = ਤਰ ਗਈ ਹੈ, ਸੋ ਜਟਾਊ ਨਾਮਾ ਵਿਹੰਗਮ = ਪੰਛੀ ਜਾਹਿ = ਜਿਸ ਰਾਮ ਨਾਮ ਨੇ ਉਧਾਰੇ = ਤਾਰਨਾ ਕੀਤਾ ਹੈ।

ਜਟਾਊ ਦਾ ਪ੍ਰਸੰਗ ਇਉਂ ਹੈ, ਪੁਰਾਣਾਂ ਅਨੁਸਾਰ ਇਹ ਸ਼ਯੇਨੀ ਦੇ ਉਦਰ ਤੋਂ ਸੂਰਜ ਦੇ ਰਥਵਾਹੀ ਅਰੁਣ ਦਾ ਪੁੱਤ੍ਰ ਸੀ, ਜੋ ਸੰਪਾਤੀ ਦਾ ਭਾਈ ਅਤੇ ਗਿਰਝਾਂ ਦਾ ਰਾਜਾ ਸੀ। ਇਹ ਰਾਜਾ ਦਸ਼ਰਥ ਦਾ ਮਿੱਤ੍ਰ ਸੀ। ਇਸ ਨੇ ਸੀਤਾ ਹਰਣ ਸਮੇਂ ਰਾਵਣ ਨਾਲ ਘੋਰ ਯੁੱਧ ਕੀਤਾ ਸੀ। ਰਾਵਣ ਦੇ ਖੜਗ ਨਾਲ ਜਟਾਊ ਜ਼ਖ਼ਮੀ ਹੋ ਕੇ ਜ਼ਮੀਨ 'ਤੇ ਡਿੱਗਾ। ਜਦ ਰਾਮਚੰਦ੍ਰ ਜੀ ਸੀਤਾ ਦੀ ਭਾਲ ਵਿਚ ਫਿਰ ਰਹੇ ਸਨ, ਤਦ ਇਸ ਨੇ ਸੀਤਾਹਰਣ ਦਾ ਪ੍ਰਸੰਗ ਸੁਣਾ ਕੇ ਪ੍ਰਾਣ ਤਿਆਗੇ ਸਨ ਤੇ ਰਾਮਚੰਦ੍ਰ ਜੀ ਨੇ ਇਸਦਾ ਉਧਾਰ ਕੀਤਾ ਸੀ।

## ਅਬ ਚੈਤਨ ਬਾਤ ਕਹਾ ਕਹੀਏ; ਜੜ ਭੂਧਰ ਨਾਮ ਤਰੇ ਨਿਧਿ ਖਾਰੇ ॥

ਹੇ ਭਾਈ! ਅਬ = ਹੁਣ ਚੈਤਨ = ਚੇਤਨਤਾ, ਤੁਰਨ ਫਿਰਨ ਵਾਲੇ ਜੀਵਾਂ ਦੀ ਤਾਂ ਮੈਂ ਕਹਾਂ = ਕੀ ਬਾਤ = ਗੱਲ ਕਹੀਏ = ਆਖਣੀ ਕਰਾਂ, ਇਸ ਰਾਮ ਨਾਮ ਕਰਕੇ ਤਾਂ ਜੜ = ਇਕ ਥਾਂ 'ਤੇ ਪਏ ਭੂਧਰ = ਪੱਥਰ ਵੀ ਖਾਰੇ ਨਿਧਿ = ਸਮੁੰਦਰ ਦੇ ਉੱਪਰ ਤਰੇ = ਤਰ ਗਏ ਸਨ।

## ਅਬ ਔਸਰ ਰਾਮ ਭਜੋ ਮਨ ਰੇ; ਦੁਖ ਮੇਟ ਤਰੋ ਭਵ ਸਾਗਰ ਪਾਰੇ ॥੯੩॥

ਰੇ = ਹੇ ਮੇਰੇ ਪਿਆਰੇ ਮਨਾਂ! ਅਬ = ਹੁਣ ਤੇਰੇ ਕੋਲ ਇਹ ਮਨੁੱਖਾ ਦੇਹੀ ਦਾ ਔਸਰ = ਸਮਾਂ ਹੈ, ਇਸ ਲਈ ਰਾਮ = ਪਰਮਾਤਮਾ ਦੇ ਨਾਮ ਨੂੰ ਭਜੋ = ਸਿਮਰਨਾ ਕਰ, ਅਤੇ ਜੰਮਣ ਮਰਨ ਦੇ ਦੁੱਖ ਨੂੰ ਮੇਟ = ਨਵਿਰਤ ਕਰਕੇ ਇਸ ਭਵ = ਸੰਸਾਰ ਸਾਗਰ = ਸਮੁੰਦਰ ਤੋਂ ਤੈਰ ਕੇ ਪਾਰੇ = ਪਾਰ ਹੋ ਜਾਣਾ ਕਰ॥੯੩॥

## ਸ੍ਵੈਯਾ ॥

## ਭਵ ਹਾਰਿਕ ਕੇਚਿਤ ਨੇਮ ਕਹੇਂ, ਯਮ ਹੀ ਭਵ ਹਾਰਿਕ ਔਰ ਬਖਾਨੇ ॥

ਭਵ = ਜਨਮ ਮਰਨ ਦੇ ਚੱਕਰ ਨੂੰ ਹਾਰਿਕ = ਨਾਸ਼ ਕਰਨ ਵਾਸਤੇ ਕੇਚਿਤ = ਕਈ ਨੇਮ ਸਾਧ ਕਹੇਂ = ਆਖਦੇ ਹਨ ਅਤੇ ਕੁਝ ਔਰ = ਹੋਰ ਲੋਕ ਯਮ ਸਾਧਨ ਨੂੰ ਭਵ = ਜੰਮਣ ਮਰਣ ਨੂੰ ਹਾਰਿਕ = ਮੇਟਣ ਦਾ ਸਾਧਨ ਬਖਾਨੇ = ਕਥਨ ਕਰਦੇ ਹਨ।

### ਨੋਟ—ਪੰਜ ਪ੍ਰਕਾਰ ਦਾ ਯਮ :

**ਯਮ** : ਮਨ ਅਤੇ ਇੰਦਰੀਆਂ ਦੇ ਰੋਕਣ ਦੇ ਵ੍ਰਤ ਨੂੰ ਯਮ ਕਹਿੰਦੇ ਹਨ, ਇਹ ਅੱਗੋਂ ਪੰਜ ਪ੍ਰਕਾਰ ਦਾ ਮੰਨਿਆ ਹੈ।

੧. **ਅਹਿੰਸਾ** : ਜੀਵਾਂ ਨੂੰ ਮਾਰਨ ਅਤੇ ਦੁਖਾਉਣ ਦਾ ਤਿਆਗ ਇਹ ਅੱਗੋਂ ਤਿੰਨ ਪ੍ਰਕਾਰ ਦੀ ਹੈ :

(ੳ) ਮਨ ਤੋਂ ਬੁਰਾ ਨ ਚਿਤਵਨਾ। (ਅ) ਜ਼ੁਬਾਨ ਤੋਂ ਫਿੱਕਾ ਨਾ ਬੋਲਣਾ। (ੲ) ਸਰੀਰ ਕਰਕੇ ਕਿਸੇ ਜੀਵ ਨੂੰ ਨਾ ਮਾਰਨਾ।

੨. **ਸਤ੍ਯ** : ਸੱਚ, ਝੂਠ ਦੇ ਤਿਆਗ ਦਾ ਵ੍ਰਤ, ਭਾਵ ਝੂਠ ਨਾ ਬੋਲੇ, ਸਦਾ ਸੱਚ ਬੋਲੇ।

੩. **ਅਸ੍ਤੇਯ** : ਚੋਰੀ ਦਾ ਤਿਆਗ ਭਾਵ ਸਰੀਰ ਨਾਲ ਕਿਸੇ ਦੀ ਚੀਜ਼ ਨਾ ਚੁੱਕੇ, ਮਨ ਦੇ ਪਾਪ ਨਾ ਲੁਕੋਵੇ, ਇਉਂ ਚੋਰੀ ਤੋਂ ਰਹਿਤ ਹੋਵੇ।

੪. **ਬ੍ਰਹਮਚਰਯ** : ਜਤ ਰੱਖ ਕੇ ਵਿੱਦਿਆ ਦਾ ਅਭਿਆਸ, ਭਾਵ ਅੱਠ ਪ੍ਰਕਾਰ ਦੇ ਕਾਮ ਤਿਆਗਣ ਨੂੰ ਜਤ ਕਹਿੰਦੇ ਹਨ।

(ੳ) ਗੱਲ ਕਰਨੀ (ਅ) ਗੱਲ ਸੁਣਨੀ (ੲ) ਇਕਾਂਤ (ਸ) ਅੰਗ ਪਰਸਣੇ (ਹ) ਪ੍ਰੇਮ ਨਾਲ ਦੇਖਣਾ (ਕ) ਹਿਰਦੇ ਨਾਲ ਲਾਉਣਾ (ਖ) ਮਨ ਵਿਚ ਚਿਤਵਣਾ (ਗ) ਭੋਗ।

੫. **ਅਪਰਿਗ੍ਰਹ** : ਧਨ ਆਦਿ ਜੋੜਣ ਦਾ ਤਿਆਗ।

### ਪੰਜ ਪ੍ਰਕਾਰ ਦਾ ਨੇਮ :

੧. **ਸੌਚ** : ਸਰੀਰ ਦੀ ਸੁਚ ਪਵਿੱਤਰਤਾ ਰੱਖਣੀ।

੨. **ਸੰਤੋਖ** : ਸਬਰ-ਇਹ ਅੱਗੋਂ ਦੋ ਪ੍ਰਕਾਰ ਦਾ ਹੈ।

**(ੳ) ਸੱਚਾ ਸੰਤੋਖ** : ਪਰਮਾਤਮਾ ਦੀ ਰਜਾ ਵਿਚ ਜੋ ਪਦਾਰਥ ਜਾਂ ਦੁੱਖ ਸੁੱਖ ਮਿਲੇ ਉਸ ਵਿਚ ਹੀ ਪ੍ਰਸੰਨ ਰਹਿਣਾ ਇਹ ਸੱਚਾ ਸੰਤੋਖ ਹੈ।

**(ਅ) ਕੱਚਾ ਸੰਤੋਖ** : ਪਦਾਰਥ ਹੱਥ ਨ ਆਉਣਾ ਪਰ ਉਪਰੋਂ ਸੰਤੋਖੀ ਹੋਣ ਦਾ ਦਿਖਾਵਾ ਕਰਨਾ, ਇਸ ਤਰ੍ਹਾਂ ਕਰਨ ਨਾਲ ਚਿੱਤ ਪ੍ਰਸੰਨ ਨਹੀਂ ਹੁੰਦਾ ਕੇਵਲ ਵਡਿਆਈ ਦੀ ਭੁੱਖ ਹੀ ਹੁੰਦੀ ਹੈ।

੩. **ਤਪ** : ਸੁਖ ਦੁਖ ਆਦਿ ਦਾ ਸਮ ਭਾਵ ਨਾਲ ਸਹਿਣਾ।

ਇਹ ਅੱਗੋਂ ਤਿੰਨ ਪ੍ਰਕਾਰ ਦਾ ਹੈ।

**(ੳ) ਤਾਮਸੀ ਤਪ** : ਭੁੱਖੇ ਤਿਹਾਏ ਰਹਿਣਾ, ਧੂਣੀ ਤਾਵਣੀ, ਜਲਧਾਰਾ ਕਰਨਾ ਇਹ ਤਾਮਸੀ ਤਪ ਹੈ।

**(ਅ) ਰਾਜਸੀ ਤਪ** : ਕੁਕਰਮਾ ਵੱਲੋਂ ਇੰਦਰੀਆਂ ਰੋਕਣੀਆਂ, ਸ੍ਰੇਸ਼ਟ ਸੇਵਾ ਆਦਿ ਕਰਨੀ ਰਾਜਸੀ ਤਪ ਹੈ।

**(ੲ) ਸਾਤਕੀ ਤਪ** : ਬਿਰਤੀ ਨੂੰ ਨਾਮ ਵਿਚ ਟਿਕਾਉਣਾ।

੪. **ਸ੍ਵਾਧ੍ਯਾਯ** : ਮੁਕਤਿ ਦਾਇਕ ਗ੍ਰੰਥਾਂ ਦਾ ਪੜ੍ਹਨ ਅਥਵਾ ਓਅੰਕਾਰ ਦਾ ਜਾਪ ਕਰਨਾ।

੫. **ਈਸ਼੍ਵਰ ਪ੍ਰਣਿਧਾਨ** : ਹਉਮੈ ਤਿਆਗ ਕੇ ਕਰਮਾਂ ਨੂੰ ਈਸ਼੍ਵਰ ਅਰਪਣ ਕਰਨਾ।

### ਗੁਰਮਤਿ ਅਨੁਸਾਰ ਪੰਜ ਪ੍ਰਕਾਰ ਦਾ ਯਮ :

**ਯਮ** : ਮਨ ਨੀਵਾਂ ਰੱਖਣਾ, ਆਪਣੇ ਗੁਣਾਂ ਤੋਂ ਸਦਾ ਨਿਰਮਾਣ ਰਹਿਣਾ।

ਇਹ ਵੀ ਅੱਗੋਂ ਪੰਜ ਪ੍ਰਕਾਰ ਦਾ ਹੈ।

(ੳ) **ਧਰਮ** : ਆਪਣੇ ਧਰਮ ਦੇ ਧਾਰਨੀ ਹੋਣਾ।

(ਅ) **ਧੀਰਜ** : ਸੁੱਖ, ਦੁੱਖ ਵਿਚ ਸਮ ਬਿਰਤੀ, ਚਿੱਤ ਦਾ ਟਿਕਾਉ, ਕਲੇਸ਼ ਵਿਚ ਮਨ ਦੀ ਇਸਥਿਤੀ ਰਹਿਣੀ ਇਸ ਦਾ ਨਾਮ ਧੀਰਜ ਹੈ।

(ੲ) **ਖਿਮਾ** : ਕਿਸੇ ਦੇ ਔਗੁਣ ਦੇਖ ਕੇ ਮੁਆਫ਼ ਕਰਨਾ, ਖੋਭ ਨਾ ਕਰਨਾ।

(ਸ) **ਦਇਆ** : ਕਿਸੇ ਦੂਸਰੇ ਦੇ ਦੁੱਖ ਨੂੰ ਦੇਖ ਕੇ ਚਿੱਤ ਦੇ ਦ੍ਰਵਣ ਨੂੰ ਦਇਆ ਕਹਿੰਦੇ ਹਨ ਭਾਵ ਕਿਸੇ ਦੁਖੀ ਨੂੰ ਦੇਖ ਕੇ ਉਸ ਦੀ ਸਹਾਇਤਾ ਕਰਨੀ।

(ਹ) **ਕੋਮਲ ਹਿਰਦਾ** : ਚਿੱਤ ਵਿਚ ਨਿਰਮਾਣਤਾਈ ਹੋਈ ਤੇ ਸਭ ਨੂੰ ਚੰਗਾ ਉਪਦੇਸ਼ ਦੇਣਾ ਅਤੇ ਆਪ ਸਭ ਤੋਂ ਨੀਵੇਂ ਬਣੇ ਰਹਿਣਾ।

ਗੁਰਮਤਿ ਅਨੁਸਾਰ ਪੰਜ ਪ੍ਰਕਾਰ ਦਾ ਨੇਮ (ਨਿਯਮ)

ਨਿਯਮ : ਅਸੂਲ ਬੰਨ੍ਹੀ ਹੋਈ ਗੱਲ ਭਾਵ ਆਪਣੇ ਆਪ ਨੂੰ ਗੁਰਮਤਿ ਦੇ ਅਨੁਸਾਰ ਨਿਯਮਬੰਦ ਰੱਖਣਾ।

ਇਹ ਵੀ ਪੰਜ ਪ੍ਰਕਾਰ ਕਰਕੇ ਸਮਝਣਾ :

(ੳ) **ਇਸ਼ਨਾਨ** : ਨਿਯਮ ਨਾਲ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ।

(ਅ) **ਪਾਠ** : ਗੁਰੂ ਦੇ ਸ਼ਬਦ ਨੂੰ ਪੜ੍ਹਨਾ ਸੁਣਨਾ ਤੇ ਗੁਰੂ ਦੇ ਸਿਧਾਂਤ ਤੋਂ ਬਿਨਾ ਹੋਰ ਕੋਈ ਵੀ ਮਿਥਿਆ ਗੱਲ ਨਾ ਆਪਣੇ ਕੰਨੀਂ ਪਾਉਣੀ ਤੇ ਨਾ ਹੀ ਕਰਨੀ।

(ੲ) **ਪੂਜਾ** : ਹਿਰਦੇ ਅੰਦਰ ਸਤਿਗੁਰਾਂ ਦੀ ਭਾਵਨਾ ਧਾਰਨ ਕਰਕੇ ਨਿਯਮ ਨਾਲ ਗੁਰਾਂ ਦਾ ਹੀ ਪੂਜਨ ਕਰਨਾ।

(ਸ) **ਅਬੋਲ** : ਜਿਤਨਾ ਚਿਰ ਨਿੱਤਨੇਮ ਦਾ ਪਾਠ ਕਰੇ ਉਤਨਾ ਚਿਰ ਕੋਈ ਹੋਰ ਬਚਨ ਨਾ ਬੋਲੇ।

(ਹ) **ਦੰਭ ਰਹਿਤ** : ਪਾਖੰਡ ਤੋਂ ਰਹਿਤ ਹੋਵੇ, ਭਾਵ ਗੁਰਾਂ ਦੇ ਸ਼ਬਦ ਦੀ ਹੀ ਕਮਾਈ ਕਰੇ ਤੇ ਮਨ, ਬਾਣੀ, ਸਰੀਰ ਕਰਕੇ ਪਵਿੱਤਰ ਰਹੇ, ਤੇ ਗੁਰੂ ਸ਼ਬਦ ਦਾ ਹੀ ਅਨੁਸਾਰੀ ਹੋ ਕੇ ਵਰਤੇ ਅਤੇ ਨਿਯਮ ਨਾਲ ਸਤਸੰਗਤ ਵਿਚ ਜਾ ਕੇ ਕਥਾ ਕੀਰਤਨ ਸ੍ਵਨ ਕਰੇ।

## ਇਕ ਤ੍ਯਾਗ ਕਹੇਂ ਇਕ ਦਾਨ ਕਹੇਂ, ਇਕ ਯੋਗ ਸੁ ਸਾਧਨ ਕੋ ਉਰਿ ਠਾਨੇ ॥

ਇਕ ਮੁਕਤੀ ਦਾ ਸਾਧਨ ਤਿਆਗ ਕਹੇਂ = ਕਥਨ ਕਰਦੇ ਹਨ, ਇਕ ਦਾਨ ਕਹੇਂ = ਕਥਨ ਕਰਦੇ ਹਨ ਅਤੇ ਇਕਨਾਂ ਨੇ ਯੋਗ ਸਾਧਨ ਨੂੰ ਸ੍ਰੇਸ਼ਟ ਮੰਨ ਕੇ ਆਪਣੇ ਉਰਿ = ਹਿਰਦੇ ਵਿਚ ਠਾਨੇ = ਇਸਥਿਤ ਕੀਤਾ ਹੋਇਆ ਹੈ।

## ਜਗ ਏਕ ਕਰੇਂ ਤਪਸਾ ਵਰ ਸਾਧਨ; ਤੀਰਥ ਵਾਸ ਸੁ ਏਕ ਪ੍ਰਮਾਨੇ ॥

ਇਕ ਲੋਕ ਸੰਸਾਰ ਅੰਦਰ ਤਾਮਸੀ ਤਪਸ = ਤਪੱਸਿਆ ਭਾਵ ਜਲ ਧਾਰੇ ਧੂਣੀਆਂ ਆਦਿਕ ਨੂੰ ਵਰ = ਸ੍ਰੇਸ਼ਟ ਸਾਧਨ ਮੰਨਦੇ ਹਨ ਅਤੇ ਇਕਨਾਂ ਨੇ ਤੀਰਥਾਂ ਉੱਪਰ ਨਿਵਾਸ ਕਰਨ ਨਾਲ ਮੁਕਤੀ ਦੀ ਪ੍ਰਾਪਤੀ ਪ੍ਰਮਾਨੇ = ਪ੍ਰਮਾਣਿਤ ਕੀਤੀ ਹੋਈ ਹੈ।

## ਭਵ ਹਾਰਿਕ ਬ੍ਰਤ ਸੁ ਏਕ ਭਨੇ;
## ਹਮ ਤੋ ਇਕ ਰਾਮਹਿ ਨਾਮ ਪਛਾਨੇ ॥੮੪॥

ਇਕ ਲੋਕ ਭਵ = ਸੰਸਾਰ ਵਿਚ ਜੰਮਣ ਮਰਨ ਦੇ ਚੱਕਰ ਨੂੰ ਹਾਰਿਕ = ਨਾਸ ਕਰਨ ਦਾ ਸਾਧਨ ਬਰਤ ਭਨੇ = ਕਥਨ ਕਰਦੇ ਹਨ, ਪ੍ਰੰਤੂ ਹਮ = ਅਸੀਂ ਤੋ = ਤਾਂ ਸੰਸਾਰ ਤੋਂ ਕਲਿਆਣ ਕਰਨ ਵਾਲਾ ਇਕ ਰਾਮਹਿ = ਪਰਮਾਤਮਾ ਦਾ ਨਾਮ ਹੀ ਪਛਾਨੇ = ਪਛਾਣਨਾ ਕੀਤਾ ਹੈ॥੮੪॥

## ਦੋਹਰਾ ॥ ਬਾਨਰ ਸੈਲ ਸੁ ਤਾਰਿਓ; ਰਘੁਵਰ ਸਾਗਰ ਧਾਰ ॥

ਸੁ = ਜਿਸ ਰਘੁਵਰ = ਰਘੂ ਕੁਲ ਦੇ ਸ੍ਰੇਸ਼ਟ ਸੂਰਬੀਰ ਸ੍ਰੀ ਰਾਮਚੰਦ੍ਰ ਜੀ ਨੇ ਸਾਗਰ = ਸਮੁੰਦਰ ਦੀ ਧਾਰ = ਧਾਰਾ ਵਿੱਚੋਂ ਬਾਨਰ = ਬਾਂਦਰਾਂ ਤੇ ਸੈਲ = ਪੱਥਰਾਂ ਨੂੰ ਤਾਰਿਓ = ਤਾਰ ਦਿੱਤਾ ਹੈ।

## ਤਯੋਂ ਹਮ ਕੋ ਨਹਿੰ ਤਾਰ ਹੋ; ਮਨ ਮੈਂ ਕੌਨ ਵਿਚਾਰ ॥੯੫॥

ਹੇ ਪ੍ਰਭੂ ਤਯੋਂ = ਤਿਵੇਂ ਤੁਸੀਂ ਹਮ = ਸਾਨੂੰ ਕੋ = ਕਿਉਂ ਨਹੀਂ ਇਸ ਸੰਸਾਰ-ਸਮੁੰਦਰ ਤੋਂ ਤਾਰ = ਪਾਰ ਕਰ ਰਹੇ ਹੋ, ਤੁਹਾਡੇ ਮਨ ਮੈਂ = ਵਿਚ ਕੌਨ = ਕਿਹੜੀ ਵਿਚਾਰ ਆਈ ਹੋਈ ਹੈ ॥੯੫॥

## ਸ੍ਵੈਯਾ ॥
## ਸੈਲ ਕਪੀਸਰ ਪਾਰ ਪਰੇ; ਇਹ ਭਾਂਤਿ ਸੁਨਯੋ ਹਰਿ ਜੀ ਬਲ ਤੋਰਾ ॥

ਸੈਲ = ਪੱਥਰ ਤੇ (ਕਪ+ਈਸਰ) ਕਪ = ਬਾਂਦਰ ਦਾ ਈਸਰ = ਦੇਵਤਾ ਭਾਵ ਹਨੂੰਮਾਨ ਸਾਰੇ ਬਾਂਦਰਾਂ ਸਮੇਤ ਸਮੁੰਦਰ ਤੋਂ ਪਾਰ ਪਰੇ = ਪੈ, ਹੋ ਗਿਆ ਸੀ, ਹੇ ਹਰਿ = ਪ੍ਰਭੂ ਜੀ! ਮੈਂ ਇਸ ਭਾਂਤਿ = ਤਰੀਕੇ ਦਾ ਤੋਰਾ = ਤੁਹਾਡਾ ਬਲ ਸੁਨਯੋ = ਸੁਣਿਆ ਹੈ, ਭਾਵ ਤੁਸੀਂ ਇਤਨੇ ਬਲੀ ਹੋ ਕਿ ਮਨੁੱਖਾਂ ਦੀ ਤਾਂ ਕੀ ਗੱਲ, ਤੁਸੀਂ ਤਾਂ ਪੱਥਰਾਂ 'ਤੇ ਬਾਂਦਰਾਂ ਨੂੰ ਵੀ ਤਾਰ ਦਿੱਤਾ ਸੀ।

## ਹੈ ਮਨ ਚੰਚਲ ਬਾਨਰ ਸੋਂ; ਅਰੁ ਸੈਲ ਸਮਾਨ ਸੁ ਚੀਤ ਕਠੋਰਾ ॥

ਹੇ ਪ੍ਰਭੂ ਜੀ! ਫੇਰ ਮੈਨੂੰ ਵੀ ਪਾਰ ਕਰੋ ਕਿਉਂਕਿ ਬਾਨਰ = ਬਾਂਦਰਾਂ ਸੋਂ = ਵਾਂਗ ਹੀ ਮੇਰਾ ਮਨ ਚੰਚਲ = ਚਲਾਇਮਾਨ ਹੈ ਅਰੁ = ਅਤੇ ਸੁ = ਉਹ ਸੈਲ = ਪੱਥਰਾਂ ਦੇ ਸਮਾਨ = ਤੁਲ ਮੇਰਾ ਚਿੱਤ ਕਠੋਰ = ਸਖ਼ਤ ਹੈ, ਭਾਵ ਸ਼ਰਧਾ, ਪ੍ਰੇਮ ਦੇ ਬਚਨਾਂ ਨਾਲ ਭਿੱਜਦਾ ਨਹੀਂ ਹੈ।

## ਨਾਹਿ ਕਰੀ ਤਪਸਾ ਤੁਮਰੇ ਬਲ; ਔਸਰ ਬੈਨ ਸੁਨੋ ਪ੍ਰਭ ਮੋਰਾ ॥

ਹੇ ਪ੍ਰਭੂ ਮੈਂ ਤੁਮਰੇ = ਤੇਰੇ ਬਲ = ਜ਼ੋਰ ਭਾਵ ਆਸਰੇ ਹੋ ਕੇ ਤੇਰੀ ਪ੍ਰਾਪਤੀ ਲਈ ਤਪਸਾ = ਤਪੱਸਿਆ ਵੀ ਨਹੀਂ ਕਰੀ = ਕੀਤੀ **ਵਾ:** ਨਾ ਹੀ ਹੁਣ ਤਪੱਸਿਆ ਕਰਨ ਦਾ ਸਮਾਂ ਹੈ ਅਤੇ ਨਾ ਹੀ ਤੁਹਾਨੂੰ ਮਿਲਣ ਲਈ ਪਹਿਲੇ ਜੁਗਾਂ ਵਰਗਾ ਸਰੀਰ ਵਿਚ ਕੋਈ ਬਲ ਹੈ, ਇਸ ਲਈ ਹੇ ਪ੍ਰਭੂ! ਇਸ ਔਸਰ = ਸਮੇਂ ਵਿਚ ਤੁਸੀਂ ਮੋਰਾ = ਮੇਰਾ ਇਕ ਬੇਨਤੀ ਦਾ ਬੈਨ = ਬਚਨ ਸੁਨੋ = ਸੁਣਨਾ ਕਰੋ।

## ਨਾਥ ਭਲੇ ਬਲਵਾਨ ਹੁਤੇ; ਮਮ ਦਾਸ ਕੀ ਬੇਰ ਭਯੋ ਬਲ ਥੋਰਾ ॥੯੬॥

ਹੇ ਮੇਰੇ ਨਾਥ = ਮਾਲਕ ਪ੍ਰਭੂ ਜੀ! ਪਹਿਲੇ ਜੁਗਾਂ ਦੇ ਭਗਤਾਂ ਦੇ ਉਧਾਰ ਕਰਨ ਵਾਲੀਆਂ ਕਥਾਵਾਂ ਤੋਂ ਪਤਾ ਚੱਲਦਾ ਹੈ ਕਿ ਤੁਸੀਂ ਪਹਿਲਾਂ ਭਲੇ = ਬਹੁਤ ਜ਼ਿਆਦਾ ਬਲਵਾਨ = ਤਾਕਤਵਰ ਹੁਤੇ = ਹੁੰਦੇ ਸੀ। ਪਰ ਹੁਣ ਮਮ = ਮੇਰੇ ਦਾਸ = ਸੇਵਕ ਕੀ = ਦੀ ਬੇਰ = ਵਾਰੀ ਤੁਹਾਡਾ ਬਲ ਕਿਉਂ ਥੋਰਾ = ਥੋੜ੍ਹਾ ਭਯੋ = ਹੋ ਗਿਆ ਹੈ ॥੯੬॥

ਅਗਲੇ ਸਵੱਈਏ ਵਿਚ ਪੰਡਿਤ ਗੁਲਾਬ ਸਿੰਘ ਜੀ ਪ੍ਰੇਮ ਦੇ ਭਰੇ ਹੋਏ ਬਚਨਾਂ ਨਾਲ ਪ੍ਰਭੂ ਦੇ ਤਾਈਂ ਗਿਲਾ ਸ਼ਿਕਵਾ ਕਰਦੇ ਹੋਏ ਕਹਿੰਦੇ ਹਨ ਕਿ ਹੇ ਪ੍ਰਭੂ ਮੈਨੂੰ ਲੱਗਦਾ ਹੈ ਕਿ ਹੁਣ ਤੁਸੀਂ ਵੀ ਲਾਲਚੀ ਹੋ ਗਏ ਹੋ, ਇਹ ਪ੍ਰੇਮ ਦੇ ਬਚਨ ਕਹਿੰਦੇ ਹਨ:

## ਸ੍ਵੈਯਾ ॥

## ਗਹਿ ਤੰਦੁਲ ਬਾਮਨ ਕੇ ਕਰ ਮੈਂ, ਤਬ ਆਪਦ ਤਾਹਿ ਕੀ ਦੂਰ ਨਿਵਾਰੀ ॥

ਕਿਉਂਕਿ ਜਿਸ ਵੇਲੇ ਗ਼ਰੀਬ ਬਾਮਨ = ਬ੍ਰਾਹਮਣ ਸੁਦਾਮਾ ਤੁਹਾਡੇ ਕੋਲ ਗਿਆ, ਤਦੋਂ ਪਹਿਲਾਂ ਉਸ ਕੇ = ਦੇ ਕਰ = ਹੱਥ ਮੈਂ = ਵਿੱਚੋਂ ਤੰਦੁਲ = ਚੌਲ ਗਹਿ = ਪਕੜ ਕਰਕੇ, ਤਬ = ਤਦੋਂ ਫੇਰ ਤਾਹਿ ਕੀ = ਉਸਦੀ ਸਾਰੀ ਆਪਦ = ਬਿਪਤਾ, ਗ਼ਰੀਬੀ ਦੂਰ ਕਰਕੇ ਨਿਵਾਰੀ = ਮੇਟ ਦਿੱਤੀ ਸੀ।

## ਗਜ ਕੰਜ ਦਏ ਤਬ ਗ੍ਰਾਹਿ ਕਟੇ;
## ਫਲ ਖਾਇਕੇ ਭੀਲ ਸੁਤਾ ਸੁ ਉਧਾਰੀ ॥

ਜਿਸ ਸਮੇਂ ਹਰੀਹਰ ਛੇਤ੍ਰ ਵਿਚ ਹਾਥੀ ਪਾਣੀ ਪੀਣ ਲਈ ਆਇਆ, ਤਦੋਂ ਤੰਦੂਏ ਨੇ ਇਸਨੂੰ ਆਪਣੀਆਂ ਤਾਰਾਂ ਵਿਚ ਫਸਾ ਕੇ ਹੇਠਾਂ ਪਾਣੀ ਵਿਚ ਖਿੱਚ ਲਿਆ, ਜਦੋਂ ਹਾਥੀ ਸਾਰਾ ਪਾਣੀ ਵਿਚ ਡੁੱਬ ਚੱਲਿਆ, ਕੇਵਲ ਸੁੰਡ ਹੀ ਬਾਹਰ ਰਹਿ ਗਈ ਸੀ, ਤਦੋਂ ਉਸ ਹਾਥੀ ਨੇ ਨਦੀ ਵਿਚ ਰੁੜ੍ਹਿਆ ਆਉਂਦਾ ਕਮਲ ਦਾ ਫੁੱਲ ਤੁਹਾਡੀ ਭੇਟ ਅਰਪਨ ਕੀਤਾ ਅਤੇ ਆਪਣੀ ਰੱਖਿਆ ਲਈ ਪੁਕਾਰ ਕੀਤੀ, ਤਬ = ਤਦੋਂ ਤੁਸੀਂ ਆਪਣਾ ਸੁਦਰਸ਼ਨ ਚੱਕ੍ਰ ਭੇਜ ਕੇ ਉਸ ਗ੍ਰਾਹਿ = ਤੰਦੂਏ ਦੀਆਂ ਸਾਰੀਆਂ ਤਾਰਾਂ ਕੱਟੀਆਂ ਤੇ ਉਸ ਹਾਥੀ ਨੂੰ ਬਚਾਇਆ।

ਫੇਰ ਭੀਲਾਂ ਦੀ ਪੁੱਤਰੀ ਭੀਲਣੀ ਨੇ ਜਦੋਂ ਤੁਹਾਨੂੰ ਰਾਮ ਰੂਪ ਵਿਚ ਫਲ ਅਰਪਨ ਕੀਤੇ, ਤਦੋਂ ਤੁਸੀਂ ਉਸਦੇ ਫਲ ਖਾਇਕੇ = ਖਾ ਕਰਕੇ ਫੇਰ ਉਸਨੂੰ ਸੰਸਾਰ ਤੋਂ ਉਧਾਰੀ = ਤਾਰਨਾ ਕੀਤਾ।

## ਗਲ ਫੂਲਨ ਮਾਲ ਗਹੀ ਕੁਬਜਾ; ਤਬ ਕੂਬਰ ਕੀ ਕਟ ਨਾਥ ਸਵਾਰੀ ॥

ਹੇ ਪ੍ਰਭੂ ਜੀ! ਜਦੋਂ ਤੁਸੀਂ ਕ੍ਰਿਸ਼ਨ ਰੂਪ ਵਿਚ ਮਥੁਰਾ ਵਿਚ ਗਏ ਸੀ, ਉਥੇ ਜਦੋਂ ਤੁਸੀਂ ਕੁਬਜਾ = ਕੰਸ ਦੀ ਨੌਕਰਾਣੀ (ਜੋ ਕੁੱਬੀ ਹੋਣ ਕਰਕੇ ਉਸਦਾ ਨਾਮ ਕੁਬਜਾ ਪਿਆ ਸੀ) ਦੇ ਕੋਲੋਂ ਫੂਲਨ = ਫੁੱਲਾਂ ਦੀ ਮਾਲਾ ਗਹੀ = ਗ੍ਰਹਿਣ ਕੀਤੀ, ਹੇ ਨਾਥ = ਮਾਲਕ ਪ੍ਰਭੂ ਜੀ ਤਬ = ਤਦੋਂ ਉਸ ਕੂਬਰ = ਕੁੱਬੀ ਕੀ = ਦੀ ਕਟ = ਕਮਰ ਸਿੱਧੀ ਕਰਕੇ ਸਵਾਰ ਦਿੱਤੀ ਸੀ।

## ਬਿਨ ਮੋਲ ਨ ਕਾਮ ਕਰੋ ਹਰਿ ਜੀ;
## ਜਗ ਲੋਗਨ ਕੀ ਗਤਿ ਤੈਂ ਉਰਿਧਾਰੀ ॥੯੭॥

ਹੇ ਹਰਿ = ਪ੍ਰਭੂ ਜੀ! ਮੈਨੂੰ ਇੰਜ ਲੱਗਦਾ ਹੈ ਕਿ ਬਿਨਾਂ ਮੋਲ = ਮੁੱਲ ਲਏ ਤੋਂ ਤੁਸੀਂ ਕਿਸੇ ਦਾ ਕੋਈ ਕੰਮ ਨਹੀਂ ਕਰਦੇ ਹੋ, ਤੈਂ = ਤੁਸਾਂ ਵਿਚ ਜਗ = ਸੰਸਾਰ ਦੇ ਦੁਨਿਆਵੀ ਲੋਗਨ = ਲੋਕਾਂ ਕੀ = ਦੀ ਗਤਿ = ਚਾਲ, ਰੀਤੀ ਆਪਣੇ (ਉਰਿ + ਧਾਰੀ) ਉਰਿ = ਹਿਰਦੇ ਵਿਚ ਧਾਰੀ = ਧਾਰਨਾ ਕੀਤੀ ਹੈ ॥੯੭॥

## ਸ੍ਵੈਯਾ ॥

## ਜਗ ਆਹਿ ਅਨਾਦਿ ਸਮੇ ਕੁ ਸੁਨੋ; ਹਮ ਦੂਖ ਸਹੇ ਤਿਹਿ ਮਾਹਿ ਕਰਾਰੇ ॥

ਹੇ ਪ੍ਰਭੂ! ਕੁ = ਜਿਵੇਂ ਇਹ ਜਗ = ਸੰਸਾਰ ਅਨਾਦਿ (ਅਨ + ਆਦਿ) ਆਦਿ ਤੋਂ ਅਨ = ਰਹਿਤ ਭਾਵ ਅਨਾਦੀ ਸਮੇਂ = ਕਾਲ ਦਾ ਆਹਿ = ਹੈ, ਤਿਵੇਂ ਤੁਸੀਂ ਸੁਨੋ = ਸੁਣਨਾ ਕਰੋ, ਤਿਹਿ = ਤਿਸ ਸੰਸਾਰ ਵਿਚ ਹਮ = ਅਸੀਂ ਬਹੁਤ ਕਰਾਹੇ = ਕਰੜੇ ਦੁਖ ਸਹੇ = ਸਹਾਰਨਾ ਕੀਤੇ ਹਨ।

## ਵਹਿ ਕੇਤਕ ਥੇ ਨਹਿ ਜਾਨ ਪਰੇ; ਅਬ ਔਰਨ ਕੋ ਡਰ ਪਾਹਿ ਹਮਾਰੇ ॥

ਵਹਿ = ਉਹ ਦੁੱਖ ਕੇਤਕ = ਕਿਤਨੇ ਕੁ ਥੇ = ਸੀ, ਇਹ ਗੱਲ ਜਾਨ = ਸਮਝ ਵਿਚ ਨਹੀਂ ਪਰੇ = ਪੈਂਦੀ, ਅਬ = ਹੁਣ ਔਰਨ = ਹੋਰ ਦੁੱਖਾਂ ਕੋ = ਦਾ ਡਰ ਹਮਾਰੇ = ਸਾਡੇ ਅੰਦਰ ਪਾਹਿ = ਪੈ ਰਿਹਾ ਹੈਂ ?

## ਜਗ ਦੂਖ ਹਰੇ ਹਰਿ ਨਾਮ ਬਲੀ; ਇਹ ਭਾਂਤਿ ਮਹਾਤਮ ਬੇਦ ਉਚਾਰੇ ॥

ਹੇ ਹਰੀ ! ਜਗਤ = ਸੰਸਾਰ ਦੇ ਸਾਰੇ ਦੂਖ = ਦੁੱਖਾਂ ਨੂੰ ਤੇਰਾ ਬਲੀ = ਬਲ ਵਾਲਾ ਨਾਮ ਹਰੇ = ਨਾਸ਼ ਕਰ ਦੇਂਦਾ ਹੈ, ਇਹ = ਇਸ ਭਾਂਤਿ = ਤਰੀਕੇ ਨਾਲ ਬੇਦ ਇਹ ਮਹਾਤਮ = ਫਲ ਉਚਾਰੇ = ਕਥਨ ਕਰਦਾ ਹੈ।

## ਜਗ ਕੇ ਸਭ ਦੂਖਨ ਮੋਹਿ ਹਰੋ; ਮੁਹਿ ਹਾਨਿ ਨਹੀਂ ਹਰਿ ਲਾਜ ਤੁਮਾਰੇ ॥੮੮॥

ਹੇ ਪ੍ਰਭੂ ! ਇਸ ਲਈ ਹੁਣ ਤੁਸੀਂ ਜਗ = ਸੰਸਾਰ ਅੰਦਰ ਮੇਰੇ ਸਾਰੇ ਦੁੱਖ ਹਰੋ = ਨਾਸ਼ ਕਰ ਦੇਵੋ, ਜੇ ਨਾ ਨਾਸ਼ ਕਰੋਗੇ ਤਾਂ ਮੁਹਿ = ਮੈਨੂੰ ਕੋਈ ਹਾਨਿ = ਘਾਟਾ ਨਹੀਂ ਹੈ ਕਿਉਂਕਿ ਮੈਂ ਤਾਂ ਪਹਿਲਾਂ ਹੀ ਦੁਖੀ ਸਾਂ ਪਰ ਹੇ ਹਰਿ = ਹਰੇ ਤੁਮਾਰੇ = ਤੁਹਾਡੇ ਨਾਮ ਨੂੰ ਲਾਜ ਲੱਗੇਗੀ, ਭਾਵ ਲੋਕੀ ਕਹਿਣਗੇ ਕਿ ਇਹ ਰੱਬ ਦੇ ਰਸਤੇ ਤੁਰਦਾ ਹੋਇਆ ਵੀ ਦੁਖੀ ਹੋ ਕੇ ਮਰਿਆ ਹੈ, ਇਤਨਾ ਨਾਮ ਜਪਦਾ ਸੀ, ਪਰਉਪਕਾਰ ਦੇ ਕੰਮ ਕਰਦਾ ਸੀ ਪਰ ਰੱਬ ਨੇ ਇਸਦੀ ਕੋਈ ਮਦਦ ਨਹੀਂ ਕੀਤੀ॥੮੮॥

## ਮਦਰਾ ਛੰਦ ॥

## ਜਾਤਿ ਬਿਹੀਨ ਸੁ ਭੀਲ ਤਰੀ; ਅਰੁ ਸੀਲ ਬਿਹੀਨ ਤਰੀ ਗਨਕਾ ॥

ਹੇ ਪ੍ਰਭੂ ! ਜੇਕਰ ਤੂੰ ਕਹੇਂ ਕਿ ਤੇਰੀ ਜਾਤੀ ਚੰਗੀ ਨਹੀਂ ਹੈ, ਇਸ ਲਈ ਮੈਂ ਤੈਨੂੰ ਨਹੀਂ ਤਾਰਨਾ ਹੈ, ਤਾਂ ਫੇਰ ਚੰਗੀ ਜਾਤਿ = ਜਾਤੀ ਤੋਂ ਬਿਹੀਨ = ਹੀਣੀ ਭੀਲ = ਭੀਲਣੀ (ਸਵਰੀ) ਤਰੀ = ਤਰ ਗਈ ਸੀ, ਅਰੁ = ਅਤੇ ਜੇਕਰ ਤੂੰ ਇਹ ਕਹੇਂ ਕਿ ਤੇਰੇ ਕਰਮ ਚੰਗੇ ਨਹੀਂ ਹਨ, ਤਾਂ ਫੇਰ ਸੀਲ = ਚੰਗੇ ਆਚਰਣ ਤੋ ਬਿਹੀਨ = ਹੀਣ ਗਨਕਾ = ਵੇਸ਼ਵਾ ਵੀ ਤੇਰਾ ਨਾਮ ਜਪਦੀ ਹੋਈ ਤਰੀ = ਤਰ ਗਈ ਸੀ। ਜੈਸਾ ਕਿ :

**ਗਨਿਕਾ ਉਧਰੀ ਹਰਿ ਕਹੈ ਤੋਤ ॥** *(ਬਸੰਤ ਮ: ੫, ਅੰਗ ੧੧੯੨)*

## ਰੂਪ ਬਿਹੀਨ ਤਰੀ ਕੁਬਜਾ; ਹਰਿਣਾਛਲ ਰੂਪ ਤਰੇ ਬਨ ਕਾ ॥

ਫੇਰ ਰੂਪ ਤੋਂ ਬਿਹੀਨ = ਹੀਣੀ ਕੁਬਜਾ ਮਾਲਣ ਵੀ ਤਰੀ = ਤਰ ਗਈ ਸੀ, ਜੇ ਕਹੇਂ ਕਿ ਤੂੰ ਛਲ ਕਰਦਾ ਹੈਂ, ਮੈਂ ਤੈਨੂੰ ਨਹੀਂ ਤਾਰਨਾ ਤਾਂ ਫੇਰ ਬਨ = ਜੰਗਲ ਕਾ = ਦਾ (ਹਰਿਣਾ+ਛਲ) ਛਲ ਕਰਨ ਵਾਲੇ ਹਰਿਣਾ = ਮ੍ਰਿਗ ਵੀ ਤਰੇ = ਤਰ ਗਿਆ ਸੀ, ਭਾਵ ਤਾਰਿਕ ਰਾਖਸ਼ਣੀ ਦਾ ਪੁੱਤਰ ਮਰੀਚ ਜੋ ਸੀਤਾ ਜੀ ਦੇ ਰਾਵਣ ਦੁਆਰ ਚੁਰਾਉਣ ਵੇਲੇ ਸੋਨੇ ਦਾ ਹਿਰਣ ਬਣ ਕੇ ਜੰਗਲ ਵਿਚ ਲੰਘਿਆ ਸੀ, ਰਾਮ ਚੰਦ੍ਰ ਜੀ ਨੇ ਤੀਰ ਨਾਲ ਮਾਰ ਕੇ ਉਸਦੀ ਕਲਿਆਣ ਕੀਤੀ ਸੀ।

## ਪਾਪਿ ਅਜਾਮਲ ਪਾਰ ਪਰੇ; ਰਘੁਨਾਯਕ ਬੈਨ ਸੁਨੋ ਜਨ ਕਾ ॥

ਜੇਕਰ ਕਹੇਂ ਕਿ ਤੂੰ ਬੜਾ ਵੱਡੀ ਪਾਪੀ ਹੈਂ ਇਸ ਕਰਕੇ ਨਹੀਂ ਤਾਰਨਾ, ਤਾਂ ਫੇਰ ਅਜਾਮਲ ਵਰਗਾ ਹੋਰ ਪਾਪੀ ਕੌਣ ਹੋਵੇਗਾ, ਉਹ ਅਜਾਮਲ ਪਾਪੀ ਵੀ ਸੰਸਾਰ-ਸਮੁੰਦਰ ਤੋਂ ਪਾਰ ਪਰੇ = ਪੈ ਗਿਆ ਹੈ। ਜੈਸਾ ਕਿ :

**ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥** *(ਸੋਰਠਿ ਮ: ੯, ਅੰਗ ੬੩੮)*

ਹੇ ਰਘੁਨਾਯਕ = ਰਘੂਆਂ ਦੀ ਕੁਲ ਦੇ ਸ਼ਿਰੋਮਣ ਸ੍ਰੀ ਰਾਮ ਭਗਵਾਨ ਜੀ ! ਇਸ ਲਈ ਮੇਰੇ ਜਨ = ਦਾਸ ਕਾ = ਦਾ ਵੀ ਬੇਨਤੀ ਵਾਲਾ ਬਚਨ ਸੁਨੋ = ਸੁਣਨਾ ਕਰੋ।

## ਵੈ ਗੁਣ ਨੇਮ ਤਜੇ ਹਮ ਨਾਥ; ਕਿ ਆਪ ਤਿਆਗ ਕਰਯੋ ਪ੍ਰਨ ਕਾ ॥੮੯॥

ਹੇ ਮੇਰੇ ਨਾਥ = ਮਾਲਕ ਪ੍ਰਭੂ ! ਜਾ ਤਾਂ ਵੈ = ਉਨ੍ਹਾਂ ਵਾਂਗ ਮੈਂ ਵੀ ਸ਼ੁਭ ਗੁਣ ਅਤੇ ਨੇਮ = ਨਿਯਮ ਆਦਿ ਤਜੇ = ਤਿਆਗੇ ਹੋਏ ਹਨ, ਭਾਵ ਉਨ੍ਹਾਂ ਨਾਲੋਂ ਵੀ ਗਿਰਿਆ ਹੋਇਆ ਮੇਰਾ ਜੀਵਨ ਹੈ, ਅਤੇ ਗਿਰਿਆਂ ਹੋਇਆਂ ਨੂੰ ਤੂੰ ਤਾਰਦਾ ਹੈਂ, ਕਿ = ਜਾਂ ਫੇਰ ਤੂੰ ਆਪ = ਆਪਣੇ ਪਤਿਤ ਪਾਵਨ ਸੁਭਾਅ ਵਾਲੇ ਪ੍ਰਣ ਦਾ ਤਿਆਗ ਕਰ ਦਿੱਤਾ ਹੈ ? ਅਰਥਾਤ ਮੈਂ ਪਾਪੀ ਤੇ ਤੂੰ ਪਾਪੀਆਂ ਨੂੰ ਤਾਰਨ ਵਾਲਾ ਹੈਂ, ਫੇਰ ਤਾਰਦਾ ਕਿਉਂ ਨਹੀਂ ਹੈਂ ?॥੮੯॥

## ਸ੍ਵੈਯਾ ॥

## ਗੁਣ ਥੋੜਹਿ ਤੇ ਪ੍ਰਭ ਰੀਝ ਰਹੇ, ਵਹਿ ਭੂਲ ਗਈ ਅਬ ਬਾਨ ਤੁਮਾਰੀ ॥

ਹੇ ਮੇਰੇ ਪ੍ਰਭੂ ! ਤੁਸੀਂ ਪਹਿਲਾਂ ਥੋੜੇ ਕੁ ਹੀ ਗੁਣਾਂ ਤੇ ਰੀਝ = ਪ੍ਰਸੰਨ ਹੋ ਜਾਂਦੇ ਸੀ, ਮੈਨੂੰ ਇੰਜ ਲੱਗਦਾ ਹੈ ਕਿ ਅਬ = ਹੁਣ ਵਹਿ = ਉਹ ਤੁਮਾਰੀ = ਤੇਰੀ ਬਾਨ = ਆਦਤ ਤੈਨੂੰ ਭੁੱਲ ਗਈ ਹੈ।

## ਫਲ ਫੂਲਨ ਤੇ ਬਨ ਭੀਲਸੁਤਾ; ਮਥੁਰ ਪੁਰ ਮੈ ਹਰਿ ਕੂਬਰਿ ਤਾਰੀ ॥

ਦੇਖੋ ਤੁਸੀਂ ਜੰਗਲ ਦੇ ਵਿਚ ਭੀਲਸੁਤਾ = ਭੀਲਾਂ ਦੀ ਲੜਕੀ ਭੀਲਣੀ (ਸਵਰੀ) ਦੇ ਹੱਥੋਂ ਫਲ ਫੁੱਲ ਖਾ ਕੇ ਹੀ ਉਸਦਾ ਉਧਾਰ ਕਰ ਦਿੱਤਾ ਕੋਈ ਉਸਦਾ ਜੀਵਨ ਜਾਂ ਜਪ ਤਪ ਨਹੀਂ ਵੇਖਿਆ, ਫੇਰ ਹੇ ਹਰਿ = ਪ੍ਰਭੂ ਜੀ ! ਕ੍ਰਿਸ਼ਨ ਰੂਪ ਵਿਚ ਮਥੁਰਾ ਪੁਰੀ ਦੇ ਅੰਦਰ ਕੁਬਰਿ = ਕੁੱਬੀ ਦਾ ਲੱਕ ਸਿੱਧਾ ਕਰਕੇ ਉਸਦਾ ਉਧਾਰ ਕੀਤਾ।

## ਗਨਕਾ ਗਜਰਾਜ ਉਧਾਰ ਕਰੇ; ਤਬ ਦਯਾਲ ਹੁਤੇ ਸੁ ਮੁਕੰਦ ਮੁਰਾਰੀ ॥

ਗਨਕਾ = ਵੇਸ਼ਵਾ ਤੇ ਗਜਰਾਜ = ਹਾਥੀਆਂ ਦਾ ਰਾਜਾ ਭਾਵ ਐਰਾਵਤੀ ਹਾਥੀ ਦਾ ਥੋੜ੍ਹਾ ਕੁ ਗੁਣ ਦੇਖ ਕੇ ਉਨ੍ਹਾਂ ਦਾ ਉਧਾਰ ਕਰ ਦਿੱਤਾ ਤੇ ਮੁਕੰਦ = ਮੁਕਤੀ ਦਾਤੇ, ਹੇ ਮੁਰਾਰੀ ਪ੍ਰਭੂ ! ਤਬ = ਤਦੋਂ ਤੁਸੀਂ ਬਹੁਤ ਦਯਾਲ = ਦਿਆਲੂ ਹੁਤੇ = ਹੁੰਦੇ ਸੀ।

## ਅਬ ਕੈ ਕਰੁਣਾ ਹਰਿ ਪੀਠ ਦਈ; ਅਰੁ ਕੈ ਫਰਯੋ ਕਰਿ ਕਾਗਦ ਕਾਰੀ ॥੯੦॥

ਹੇ ਹਰਿ = ਪ੍ਰਭੂ ! ਕੈ = ਜਾਂ ਅਬ = ਹੁਣ ਤੂੰ ਆਪਣੇ ਕਰੁਣਾ = ਕ੍ਰਿਪਾਲੂ ਸੁਭਾਅ ਨੂੰ ਪਿੱਠ ਦਈ = ਦੇ ਦਿੱਤੀ ਹੈ ਅਰੁ = ਅਤੇ ਕੈ = ਜਾਂ ਫੇਰ ਤੂੰ ਸਾਡੇ ਪਾਪਾਂ ਦਾ ਹਿਸਾਬ-ਕਿਤਾਬ ਕਰਨ ਲਈ ਸਾਡੇ ਲੇਖਾਂ ਦਾ ਕਾਰੀ = ਕਾਲਾ ਕਾਗਦ = ਕਾਗ਼ਜ਼ ਆਪਣੇ ਕਰਿ = ਹੱਥ ਵਿਚ ਫਰਯੋ = ਫੜ ਲਿਆ ਹੈ ॥੯੦॥

## ਦੋਹਰਾ ॥ ਕਾਗਦ ਲੇਖਾ ਜੌ ਕਰੋ; ਕਹਾਂ ਪੁਜਾਵੌਂ ਨਾਥ ॥

ਹੇ ਮੇਰੇ ਨਾਥ = ਮਾਲਕ ਪ੍ਰਭੂ ! ਜੌ = ਜੇਕਰ ਤੂੰ ਸਾਡੇ ਕਰਮਾਂ ਦਾ ਕਾਗ਼ਜ਼ ਦੇ ਉੱਪਰ ਲੇਖਾ-ਜੋਖਾ ਕਰੋਗੇ ਤਾਂ ਫੇਰ ਪੁਜਾਵੌਂ = ਪੂਰੀ ਕਹਾਂ = ਕਿੱਥੇ ਪਵੇਗੀ **ਵਾ:** ਮੈਂ ਤੇਰੇ ਨਾਲ ਮਿਲਣ ਲਈ ਕਿਵੇਂ ਪੁੱਜ ਸਕਦਾ ਹਾਂ, ਭਾਵ ਤੇਰੇ ਨਾਲ ਨਹੀਂ ਮਿਲ ਸਕਦਾ।

## ਔਗੁਨ ਮੇਰੇ ਬਖਸੀਏ; ਮਾਥੇ ਧਰੀਏ ਹਾਥ ॥੯੧॥

ਇਸ ਲਈ ਮੇਰੇ ਸਾਰੇ ਔਗੁਨ = ਗੁਨਾਹ ਬਖਸੀਏ = ਮੁਆਫ਼ ਕਰ ਦੇਣਾ ਕਰ ਅਤੇ ਮੇਰੇ ਮਾਥੇ = ਮੱਥੇ ਉੱਪਰ ਆਪਣੀ ਕਿਰਪਾ ਦਾ ਹਾਥ = ਹੱਥ ਧਰੀਏ = ਧਰਨਾ ਕਰ ॥੯੧॥

### ਸ੍ਵੈਯਾ ॥

## ਅਭਿਬੰਦਨ ਤੇ ਹਰਿ ਪਾਦਨ ਕੋ; ਜਗ ਮਾਹਿ ਪਿਖੇ ਸੁ ਉਦਾਰ ਉਦਾਰੀ ॥

ਹੇ ਮੇਰੇ ਹਰਿ = ਪ੍ਰਭੂ ! ਤੇ = ਤੇਰੇ ਪਾਦਨ = ਚਰਨ ਕਮਲਾਂ ਕੋ = ਨੂੰ ਮੈਂ ਆਪਣੇ ਅਭਿ = ਹਿਰਦੇ ਵਿੱਚੋਂ ਬੰਦਨ = ਨਮਸਕਾਰ ਕਰਦਾ ਹਾਂ, ਜੋ ਚਰਨ ਕਮਲ ਜਗ = ਸੰਸਾਰ ਦੇ ਮਾਹਿ = ਵਿਚ ਮੈਂ ਸਭ ਉਦਾਰ = ਸ੍ਰੇਸ਼ਟ ਤੋਂ ਵੀ ਉਦਾਰੀ = ਸ੍ਰੇਸ਼ਟ ਪਿਖੇ = ਵੇਖੇ ਹਨ।

## ਸਸਿ ਮੰਡਲ ਮੈਂ ਬਹੁ ਕ੍ਰਾਂਤਿ ਹੁਤੀ; ਪਿਖ ਆਨਨ ਤੇ ਸੁ ਲਗੈ ਅਬ ਖਾਰੀ ॥

ਹੇ ਪ੍ਰਭੂ ! ਸਸਿ ਮੰਡਲ = ਚੰਦ੍ਰਮਾ ਦੇ ਮੰਡਲ ਵਿਚ ਉਸ ਦੀ ਬਹੁ = ਬਹੁਤ ਕ੍ਰਾਂਤਿ = ਸ਼ੋਭਾ ਪ੍ਰਤੀਤ ਹੁਤੀ = ਹੁੰਦੀ ਸੀ, ਭਾਵ ਰਾਤ ਨੂੰ ਚੰਦ੍ਰਮਾ ਚਮਕਦਾ ਹੋਇਆ ਬਹੁਤ ਸੁੰਦਰ ਦਿਸਦਾ ਸੀ। ਪਰ ਹੁਣ ਤੇ = ਤੇਰਾ ਆਨਨ = ਮੁਖੜਾ ਪਿਖ = ਵੇਖ ਕੇ ਸੁ ਅਬ = ਹੁਣ ਉਸ ਚੰਦ੍ਰਮਾ ਦੀ ਸ਼ੋਭਾ ਖਾਰੀ = ਫਿੱਕੀ ਲੱਗਦੀ ਹੈ।

## ਦ੍ਰਿਗ ਕੰਜਨ ਤੇ ਸੁ ਉਦਾਰ ਖਿਰੇ; ਲਟਕੀ ਅਲਕੈਂ ਸ੍ਰੁਤਿ ਊਪਰ ਕਾਰੀ ॥

ਹੇ ਪ੍ਰਭੂ ! ਤੇ = ਤੇਰੇ ਸਰਗੁਨ ਸਰੂਪ ਵਿਚ ਦ੍ਰਿਗ = ਨੇਤ੍ਰ ਮੈਂ ਕੰਜਨ = ਕਮਲ ਨਾਲੋਂ ਵੀ ਉਦਾਰ = ਸ੍ਰੇਸ਼ਟ ਤੇ ਖਿਰੇ = ਖਿੜੇ ਹੋਏ ਵੇਖੇ ਹਨ, ਤੁਹਾਡੇ ਸ੍ਰੁਤਿ = ਕੰਨਾਂ ਦੇ ਉੱਪਰ ਤੁਹਾਡੇ ਕੇਸਾਂ ਦੀਆਂ ਕਾਲੀਆਂ-ਕਾਲੀਆਂ ਅਲਕੈਂ = ਜ਼ੁਲਫ਼ਾਂ ਲਟਕੀ = ਲਟਕ ਰਹੀਆਂ ਬਹੁਤ ਸ਼ੋਭ ਰਹੀਆਂ ਹਨ।

## ਸੁਭ ਕੁੰਡਲ ਛਾਇ ਕਪੋਲ ਰਹੇ; ਕਰ ਮਾਹਿ ਕਟੇ ਉਰ ਹਾਰ ਅਪਾਰੀ ॥੯੨॥

ਹੇ ਪ੍ਰਭੂ ! ਤੁਹਾਡੇ ਕੰਨਾਂ ਵਿਚ ਪਾਏ ਕੁੰਡਲ = ਵਾਲੇ ਤੁਹਾਡੀਆਂ ਕਪੋਲ = ਗੱਲਾਂ ਉੱਪਰ ਬਹੁਤ ਸੁਭ = ਚੰਗੇ ਛਾਇ = ਫੱਬ ਰਹੇ ਹਨ। ਤੁਹਾਡੇ ਕਰ = ਹੱਥ ਵਿਚ ਕਟੇ = ਕੜੇ ਪਹਿਨੇ ਹੋਏ ਹਨ ਅਤੇ ਉਰ = ਗਲੇ ਵਿਚ ਮੋਤੀ ਹੀਰਿਆਂ ਦਾ ਹਾਰ ਅਪਾਰੀ = ਬੇਅੰਤ ਸ਼ੋਭਾ ਪਾ ਰਿਹਾ ਹੈ ॥੯੨॥

### ਦੋਹਰਾ ॥

## ਖਿਮਾ ਉਲਾਹਨੇ ਕੋ ਕਰੋ; ਤੁਮ ਨਿਰਪੇਖ ਉਦਾਰ ॥

ਹੇ ਪ੍ਰਭੂ ! ਮੈਂ ਜੋ ਭੋਲੇਪਨ, ਅਨਜਾਣਪੁਣੇ ਵਿਚ ਤੁਹਾਨੂੰ ਉਲਾਹਨੇ = ਉਲਾਂਭੇ ਦਿੱਤੇ ਹਨ, ਉਨ੍ਹਾਂ ਕੋ = ਨੂੰ ਖਿਮਾ = ਮੁਆਫ਼ ਕਰੋ = ਕਰ ਦੇਵੋ, ਤੁਮ = ਤੁਸੀਂ ਤਾਂ ਨਿਰਪੇਖ = ਇੱਛਾ ਰਹਿਤ ਅਤੇ ਉਦਾਰ = ਸ੍ਰੇਸ਼ਟ ਹੋ।

## ਪ੍ਰੇਮ ਪੇਖ ਹਰਿ ਰੀਝ ਹੋ; ਭਗਵਨ ਭਗਤ ਉਧਾਰ ॥੯੩॥

ਹੇ ਹਰਿ = ਪ੍ਰਭੂ ਜੀ ! ਤੁਸੀਂ ਤਾਂ ਆਪਣੇ ਸੇਵਕਾਂ ਦਾ ਪ੍ਰੇਮ = ਪਿਆਰ ਪੇਖ = ਵੇਖ ਕਰਕੇ ਹੀ ਰੀਝ = ਪ੍ਰਸੰਨ ਹੁੰਦੇ ਹੋ ਅਤੇ ਉਨ੍ਹਾਂ ਭਗਤ = ਸੇਵਕਾਂ ਨੂੰ ਹੇ ਭਗਵਨ = ਭਗਵਾਨ ਜੀ ਸੰਸਾਰ-ਸਮੁੰਦਰ ਤੋਂ ਉਧਾਰ = ਤਾਰ ਦੇਂਦੇ ਹੋ ॥੯੩॥

## ਸ੍ਵੈਯਾ ॥

## ਨਭ ਮੈ ਸੁਰ ਲੋਕ ਰਚੇ ਹਰਿ ਜੀ; ਅਰੁ ਭੂਮਿ ਬਿਖੈ ਨਿਧ ਖੀਰ ਬਨਾਏ ॥

ਹੇ ਹਰਿ = ਪ੍ਰਭੂ ਜੀ! ਤੁਸੀਂ ਨਭ = ਅਕਾਸ਼ ਮੰਡਲ ਦੇ ਮੈ = ਵਿਚ ਸੁਰ ਲੋਕ = ਦੇਵਤਿਆਂ ਦੇ ਲੋਕ ਸਵਰਗ ਆਦਿ ਰਚੇ = ਬਣਾਉਣਾ ਕੀਤੇ ਹਨ ਅਰੁ = ਅਤੇ ਇਸ ਭੂਮਿ = ਧਰਤੀ ਦੇ ਬਿਖੈ = ਵਿਚ ਨਿਧ ਖੀਰ = ਸ਼ੀਰ ਸਮੁੰਦਰ ਬਨਾਏ = ਬਣਾਉਣਾ ਕੀਤਾ ਹੈ (ਖੀਰ ਸਮੁੰਦਰ—ਪੁਰਾਣਾਂ ਅਨੁਸਾਰ ਦੁੱਧ ਦਾ ਸਮੁੰਦਰ, ਜਿਸ ਵਿਚ ਵਿਸ਼ਨੂੰ ਜੀ ਸੌਂਦੇ ਹਨ, ਇਸੇ ਸਮੁੰਦਰ ਨੂੰ ਰਿੜਕ ਕੇ ਚੌਦਾਂ ਰਤਨਾਂ ਦਾ ਕੱਢਣਾ ਦੱਸਿਆ ਹੈ)।

## ਮਣਿ ਹੀਰਨ ਕੇ ਗਿਰ ਕੋਟ ਰਚੇ; ਫਲ ਫੂਲਨ ਕੇ ਬਨ ਕੋਟ ਉਪਾਏ ॥

ਮਣਿ = ਮਣੀਆਂ ਅਤੇ ਹੀਰਨ = ਹੀਰਿਆਂ ਆਦਿ ਦੇ ਕੋਟ = ਕ੍ਰੋੜਾਂ ਗਿਰ = ਪਹਾੜ ਰਚੇ = ਰਚਨਾ ਕੀਤੇ ਹਨ, ਫੇਰ ਫਲਾਂ ਅਤੇ ਫੁੱਲਾਂ ਦੇ ਕੋਟ = ਕ੍ਰੋੜਾਂ ਬਨ = ਜੰਗਲ ਉਪਾਏ = ਪੈਦਾ ਕੀਤੇ ਹਨ।

## ਸਭ ਲੋਗਨ ਕੋ ਪ੍ਰਭ ਪੋਖਤ ਹੋ; ਸਭ ਭੂਖ ਮਿਟੇ ਤੁਮ ਮੈਂ ਮਨ ਲਾਏ ॥

ਹੇ ਮੇਰੇ ਪ੍ਰਭੂ! ਤੁਸੀਂ ਸਭ = ਸਾਰੇ ਲੋਗਨ = ਲੋਕਾਂ ਕੋ = ਨੂੰ ਪੋਖਤ = ਪਾਲਦੇ ਹੋ; ਤੇਰੇ ਨਾਮ, ਧਿਆਨ ਵਿਚ ਮਨ ਲਾਏ = ਲਾਉਣ ਨਾਲ ਸਾਰੇ ਦੁਖ ਮਿਟ ਜਾਂਦੇ ਹਨ।

## ਬਿਨ ਪ੍ਰੇਮ ਕਹਾਂ ਫਲ ਫੂਲ ਦਏ;
## ਪਦ ਪੰਕਜ ਤੇ ਪਦ ਕੀ ਰਜ ਪਾਏ ॥੯੪॥

ਹੇ ਪ੍ਰਭੂ! ਤੇਰੇ ਨਾਲ ਪ੍ਰੇਮ ਕੀਤੇ ਤੋਂ ਬਿਨ = ਬਗ਼ੈਰ ਐਵੇਂ ਫਲ ਫੁੱਲ ਦਏ = ਅਰਪਨ ਕਰਨ ਨਾਲ ਤੇ = ਤੇਰੇ ਪਦ = ਚਰਨ ਪੰਕਜ = ਕਮਲਾਂ ਕੀ = ਦੀ ਰਜ = ਧੂੜੀ ਨੂੰ ਕਹਾਂ = ਕਿਥੇ ਕੋਈ ਪਾਏ = ਪਾ ਲਵੇਗਾ, ਭਾਵ ਤੂੰ ਕਿਸੇ ਦੀਆਂ ਭੇਟਾਵਾਂ ਨਾਲ ਖ਼ੁਸ਼ ਨਹੀਂ ਹੁੰਦਾ, ਬਲਕਿ ਉਸਦਾ ਪ੍ਰੇਮ ਵੇਖ ਕੇ ਉਸ ਉੱਪਰ ਰੀਝਦਾ ਹੈਂ ॥੯੪॥

## ਸ੍ਵੈਯਾ ॥

## ਵਰ ਕੌਨ ਮੰਗੋਂ ਤੁਮ ਤੇ ਹਰਿ ਜੀ; ਥਿਰ ਨਾਹਿ ਰਹੇ ਜਗ ਭੀਤਰ ਕੋਈ ॥

ਹੇ ਹਰਿ = ਪ੍ਰਭੂ ਜੀ! ਮੈਂ ਤੁਮ = ਤੁਹਾਡੇ ਤੇ = ਕੋਲੋਂ ਕੌਨ = ਕਿਹੜਾ ਵਰ ਮੰਗੋਂ = ਮੰਗਣਾ ਕਰਾਂ? ਕਿਉਂਕਿ ਇਸ ਜਗ = ਸੰਸਾਰ ਦੇ ਭੀਤਰ = ਵਿਚ ਕੋਈ ਵੀ ਵਸਤੂ ਥਿਰ = ਇਸਥਿਤ ਨਾਹਿ = ਨਹੀਂ ਰਹੇ = ਰਹਿਣ ਵਾਲੀ। ਜੈਸਾ ਕਿ:

> **ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥**
> **ਦੇਖਤ ਨੈਨ ਚਲਿਓ ਜਗੁ ਜਾਈ ॥੧॥** *(ਅੰਗ ੪੮੧)*

## ਨਹਿ ਰਾਜ ਰਹੇ ਗਜ ਬਾਜ ਰਹੇ; ਤਨ ਲੌ ਮਿਟ ਜਾਇ ਪਿਖੋਂ ਜਗ ਜੋਈ ॥

ਹੇ ਪ੍ਰਭੂ! ਨਹਿ = ਨਾ ਤਾਂ ਰਾਜ ਭਾਗ ਸਦਾ ਰਹੇ = ਰਹਿਣਾ ਹੈ, ਨਾ ਹੀ ਗਜ = ਹਾਥੀ ਤੇ ਬਾਜ = ਘੋੜੇ ਆਦਿ ਬਿਭੂਤੀ ਰਹੇ = ਰਹਿਣੀ ਹੈ, ਇਥੋਂ ਤਕ ਕਿ ਜੋਈ = ਜਿਹੜਾ ਸੰਸਾਰ ਅੰਦਰ ਆਪਣਾ ਸਰੀਰ ਪਿਖੋਂ = ਵੇਖ ਰਿਹਾ ਹਾਂ, ਇਹ ਤਨ = ਸਰੀਰ ਲੌ = ਤਕ ਵੀ ਸਭ ਕੁਝ ਮਿਟ = ਨਾਸ਼ ਹੋ ਜਾਇ = ਜਾਣਾ ਹੈ।

## ਬਿਨ ਤੈ ਪਦ ਕੰਜ ਲਹੇ ਨ ਕਹੂੰ ਸੁਖ; ਜੌ ਨਰ ਦੌਰ ਫਿਰੇ ਤਿਹੁੰ ਲੋਈ ॥

ਹੇ ਪ੍ਰਭੂ ! ਤੈ = ਤੇਰੇ ਪਦ = ਚਰਨ ਕੰਜ = ਕਮਲਾਂ ਤੋਂ ਬਿਨ = ਬਗ਼ੈਰ ਹੋਰ ਕਹੂੰ = ਕਿਸੇ ਥਾਂ ਵੀ ਕੋਈ ਸੁਖ ਲਹੇ = ਪ੍ਰਾਪਤ ਨਹੀਂ ਹੋ ਸਕਦਾ। ਜੌ = ਜੇਕਰ ਕੋਈ ਨਰ = ਮਨੁੱਖ ਤਿਹੁੰ = ਤਿੰਨਾਂ ਲੋਈ = ਲੋਕਾਂ ਵਿਚ ਦੌਰ = ਭੱਜ ਕੇ ਫਿਰੇ = ਫਿਰ ਵੀ ਆਵੇ ਤਾਂ ਵੀ ਕਿਤੋਂ ਕੋਈ ਸੁੱਖ ਨਹੀਂ ਪ੍ਰਾਪਤ ਹੋਵੇਗਾ।

## ਪਦ ਮੰਜੁਲ ਜੋ ਸਨਕਾਦਿ ਭਜੈ; ਤਿਨ ਕੀ ਪ੍ਰਭੁ ਸੇਵ ਦਿਜੇ ਮਮ ਸੋਈ ॥੯੫॥

ਹੇ ਪ੍ਰਭੂ ! ਜਿਹੜੇ ਤੇਰੇ ਮੰਜੁਲ = ਉੱਜਲ ਪਦ = ਚਰਨ ਕਮਲਾਂ ਨੂੰ ਬ੍ਰਹਮਾ ਦੇ ਪੁੱਤ੍ਰ ਸਨਕਾਦਿ = ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਆਦਿ ਭਜੈ = ਸਿਮਰਦੇ ਹਨ, ਤਿਨ = ਉਨ੍ਹਾਂ ਚਰਨ ਕਮਲਾਂ ਕੀ = ਦੀ ਉਹ ਸਿਮਰਨ ਕਰਨ ਵਾਲੀ ਮਮ = ਮੈਨੂੰ ਵੀ ਸੇਵ = ਟਹਿਲ ਦਿਜੇ = ਦੇਣਾ ਕਰ ॥੯੫॥

## ਸ੍ਵੈਯਾ ॥

## ਕਬਿ ਆਵਹਿਗੇ ਮਮ ਊਪਰ ਤੇ ਦਿਨ; ਦੇਹ ਰਟੈ ਮਮ ਗੰਗ ਕਿਨਾਰੇ ॥

ਹੇ ਪ੍ਰਭੂ ! ਮੇਰੇ ਊਪਰ = ਉੱਤੇ ਤੇ = ਉਹ ਦਿਨ ਕਬਿ = ਕਦੋਂ ਆਵਹਿਗੇ = ਆਉਣਗੇ, ਜਦੋਂ ਮੇਰੀ ਦੇਹੀ ਗੰਗਾ ਦੇ ਕਿਨਾਰੇ ਰਟੈ = ਫਿਰੇਗੀ, ਭਾਵ ਮੈਂ ਤੇਰਾ ਭਗਤ ਬਣ ਕੇ ਨਦੀ ਦੇ ਕਿਨਾਰੇ ਆਪਣੀ ਜ਼ਿੰਦਗੀ ਬਤੀਤ ਕਰਾਂਗਾ।

## ਸਭ ਹੀ ਜਗ ਤੇ ਮਨ[1] ਸਾਂਤਿ ਲਹੇ; ਮੁਖ ਨਾਮ ਸੁ ਸੀਸ ਗੰਗੋਦਿਕ ਧਾਰੇ ॥

ਫੇਰ ਜਦੋਂ ਸਭ = ਸਾਰੇ ਜਗ = ਸੰਸਾਰ ਵੱਲੋਂ ਹੀ ਮਨ ਸਾਂਤਿ = ਸ਼ਾਂਤੀ ਲਹੇ = ਪ੍ਰਾਪਤ ਕਰੇਗਾ, ਮੈਂ ਮੁਖ ਨਾਲ ਤੇਰਾ ਨਾਮ ਜਪਾਂਗਾ ਅਤੇ ਆਪਣੇ ਸੀਸ = ਸਿਰ ਦੇ ਉੱਪਰ (ਗੰਗ + ਉਦਕ) ਗੰਗ = ਗੰਗਾ ਦਾ ਉਦਕ = ਪਾਣੀ ਧਾਰੇ = ਧਾਰਨਾ, ਪਾਉਣਾ ਕਰਾਂਗਾ।

## ਪੁਨਿ ਬੈਠ ਸ਼ਿਲਾ ਤਟ ਪੈ[2]; ਹਰਿ ਜੀ; ਪਲਕੈ, ਦ੍ਰਿਗ ਮੇਲ ਕੈ ਨੀਤ ਚਿਤਾਰੇ ॥

ਪੁਨਿ = ਫੇਰ ਗੰਗਾ ਦੇ ਤਟ = ਕਿਨਾਰੇ ਤੇ ਸਿਲਾ = ਪੱਥਰ ਦੇ ਪੈ = ਉੱਪਰ ਬੈਠ ਕਰਕੇ ਹੇ ਹਰਿ = ਹਰੀ ਪਰਮੇਸ਼ਰ ਜੀ ! ਆਪ ਜੀ ਦੀ ਪਦਵੀ ਭਾਵ ਸਰੂਪ ਦੀ ਮੂਰਤੀ ਨੂੰ ਆਪਣੇ ਦ੍ਰਿਗ = ਨੇਤ੍ਰਾਂ ਦੀਆਂ ਪਲਕੈ = ਪਲਕਾਂ ਮੇਲ = ਬੰਦ ਕੈ = ਕਰਕੇ ਨੀਤ = ਨਿਤਾਪ੍ਰਤੀ ਚਿਤਾਰੇ = ਚੇਤੇ, ਯਾਦ ਕਰਦਾ ਰਹਾਂ।

## ਹਰਿ ਧ੍ਯਾਨ ਸਮੇ ਤਨ ਮੋਹਿ ਗਿਰੈ ਜਲ;
## ਮਾਤ ਸਮਾਨ ਸੁ ਗੰਗ ਸੰਭਾਰੇ ॥੯੬॥

ਹੇ ਹਰਿ = ਪ੍ਰਭੂ ! ਤੇਰੇ ਧਿਆਨ ਦੇ ਸਮੇ = ਵੇਲੇ ਮੇਰਾ ਤਨ = ਸਰੀਰ ਸਿਲਾ ਤੋਂ ਗੰਗਾ ਜੀ ਦੇ ਜਲ = ਪਾਣੀ ਵਿਚ ਗਿਰੇ = ਡਿੱਗ ਜਾਵੇ ਅਤੇ ਗੰਗਾ ਜੀ ਮੈਨੂੰ ਮਾਤ = ਮਾਂ ਦੇ ਸਮਾਨ = ਤਰ੍ਹਾਂ ਸੰਭਾਰੇ = ਸੰਭਾਲ ਲਏ, ਭਾਵ ਹੇ ਪ੍ਰਭੂ ! ਮੇਰੇ ਉੱਪਰ ਅਜਿਹੇ ਦਿਨ ਕਦੋਂ ਆਉਣਗੇ ਜਦੋਂ ਮੈਨੂੰ ਆਪਣੇ ਸਰੀਰ ਦੀ ਸੁੱਧ ਬੁੱਧ ਭੁੱਲ ਜਾਵੇਗੀ ਤੇ ਮੈਂ ਸਿਰਫ਼ ਤੇਰੇ ਹੀ ਧਿਆਨ ਵਿਚ ਜੁੜਿਆ ਰਹਾਂਗਾ ॥੯੬॥

---

੧. ਪਾਠਾਂਤ੍ਰ—ਪੁਨ।
੨. ਪਾਠਾਂਤ੍ਰ—ਖੀਨ।

## ਦੋਹਰਾ ॥ ਬਾਲਕ ਬ੍ਰਿਧ ਜੁਵਾ ਧਨੀ; ਹੈ ਸਭ ਕੋ ਅਧਿਕਾਰ ॥

ਸਰਬ ਸਾਂਝਾ ਧਰਮ ਕਥਨ ਕਰਦੇ ਹਨ ਕਿ ਭਾਵੇਂ ਕੋਈ ਬਾਲਕ = ਬੱਚਾ ਹੈ ਜਾਂ ਬ੍ਰਿਧ = ਬਜ਼ੁਰਗ ਹੈ, ਭਾਵੇਂ ਕੋਈ ਜੁਵਾ = ਜਵਾਨ ਹੈ ਜਾਂ ਧਨੀ = ਧਨਵਾਨ ਹੈ, ਇਹ ਸਭ = ਸਾਰਿਆ ਕੋ = ਨੂੰ ਹੀ ਅਧਿਕਾਰ = ਹੱਕ ਹੈ ਕਿ ਸਾਰੇ ਭਜਨ ਸਿਮਰਨ, ਦਾਨ-ਪੁੰਨ ਕਰਨ।

## ਅਰੁ ਫੁਨਿ ਬਰਖ ਪਚਾਸ ਤੇ; ਤਜੇ ਸਕਲ ਸੰਸਾਰ ॥੯੭॥

ਅਰੁ = ਅਤੇ ਜੇਕਰ ਪਹਿਲੀਆਂ ਅਵਸਥਾਵਾਂ ਵਿਚੋਂ ਨਾਮ ਨਹੀਂ ਜਪਿਆ ਗਿਆ ਤਾਂ ਫੁਨਿ = ਫੇਰ ਪਚਾਸ = ਪੰਜਾਹ ਬਰਖ = ਸਾਲਾਂ ਦਾ ਹੋਣ ਤੋਂ ਸਕਲ = ਸਾਰੇ ਸੰਸਾਰ ਦਾ ਮੋਹ ਤਜੇ = ਤਿਆਗ ਦੇਵੇ, ਭਾਵ ਪੰਜਾਹ ਸਾਲਾਂ ਤੋਂ ਬਾਅਦ ਇਕ ਵੀ ਸ੍ਵਾਸ ਬਿਰਥਾ ਨਾ ਜਾਣ ਦੇਵੇ ॥੯੭॥

## ਸ੍ਵੈਯਾ ॥
## ਜਿਨ ਕਾ ਜਗ ਭੀਤਰ ਮਾਨ ਘਟੇ;
## ਸੁ ਨਿਰਾਸ ਰਟੇ ਅਰਥੀ ਨਿਜ ਦ੍ਵਾਰੇ ॥

ਜਿਨ = ਜਿਨ੍ਹਾਂ ਮਨੁੱਖਾਂ ਕਾ = ਦਾ ਜਗ = ਸੰਸਾਰ ਭੀਤਰ = ਵਿਚ ਮਾਨ = ਆਦਰ, ਸਨਮਾਨ ਘਟੇ = ਘੱਟ ਜਾਵੇ ਅਤੇ ਸੁ = ਉਨ੍ਹਾਂ ਦੇ ਨਿਜ = ਆਪਣੇ ਦ੍ਵਾਰੇ = ਬੂਹੇ ਤੋਂ ਕੋਈ ਅਰਥੀ = ਮੰਗਤਾ ਨਿਰਾਸ = ਖ਼ਾਲੀ ਰਟੇ = ਚਲਿਆ ਜਾਵੇ।

## ਨਿਜ ਮੰਦਰ ਤੇ ਧਨ ਖੀਣ[1] ਭਏ; ਪਰਲੋਕ ਗਏ ਨਿਜ ਬੰਧੁ ਪਿਆਰੇ ॥

ਜਿਨ੍ਹਾਂ ਦੇ ਨਿਜ = ਆਪਣੇ ਮੰਦਰ = ਘਰ ਤੇ = ਤੋਂ, ਵਿੱਚੋਂ ਸਾਰਾ ਧਨ ਪਦਾਰਥ ਖੀਣ = ਨਾਸ਼ ਭਏ = ਹੋ ਜਾਵੇ ਅਤੇ ਜਿਨ੍ਹਾਂ ਦੇ ਨਿਜ = ਆਪਣੇ ਪਿਆਰੇ = ਪਿਆਰ ਵਾਲੇ ਬੰਧੂ = ਸੰਬੰਧੀ, ਰਿਸ਼ਤੇਦਾਰ ਵੀ ਪ੍ਰਲੋਕ ਚਲੇ ਗਏ ਹੋਣ, ਭਾਵ ਮਰ ਗਏ ਹੋਣ।

## ਤਨ ਮੰਡਲ ਜੋਬਨ ਪੀਠ ਦਈ; ਇਹ ਲੋਕ ਤਜੈ ਪ੍ਰਲੋਕ ਸਵਾਰੇ ॥

ਫੇਰ ਜਿਨ੍ਹਾਂ ਦੇ ਤਨ = ਸਰੀਰ ਦੇ ਮੰਡਲ = ਆਕਾਰ, ਢਾਂਚੇ ਵਿਚ ਜੋਬਨ = ਜਵਾਨੀ ਵੀ ਪੀਠ = ਪਿੱਠ ਦਈ = ਦੇ ਦਿੱਤੀ ਹੋਵੇ ਭਾਵ ਜਵਾਨੀ ਵੀ ਲੰਘ ਗਈ ਹੋਵੇ ਤਾਂ ਫੇਰ ਐਸੇ ਮਨੁੱਖ ਇਹ = ਇਸ ਲੋਕ ਦੇ ਮੋਹ ਨੂੰ ਤਜੇ = ਛੱਡ ਕਰਕੇ ਆਪਣਾ ਅੱਗੇ ਪ੍ਰਲੋਕ ਦੇ ਰਸਤੇ ਨੂੰ ਸਵਾਰੇ = ਸੰਵਾਰਨਾ ਕਰੇ।

## ਜਗ ਪਾਵਨ ਭੂਧਰ ਕੁੰਜ ਦਰੀ;
## ਨਰ ਜਾਇ ਵਸੇ ਵੁਹ ਗੰਗ ਕਿਨਾਰੇ ॥੯੮॥

ਅਤੇ ਜਗ = ਸੰਸਾਰ ਵਿਚ ਜੋ ਪਾਵਨ = ਪਵਿੱਤ੍ਰ ਭੂਧਰ = ਪਰਬਤ ਹਨ, ਉਨ੍ਹਾਂ ਪਰਬਤਾਂ ਦੀਆਂ ਦਰੀ = ਗੁਫ਼ਾਵਾਂ ਅਤੇ ਸੰਘਣੇ ਜੰਗਲਾਂ ਦੀਆਂ ਕੁੰਜ ਗਲੀਆਂ[1] ਵਿਚ ਵੁਹ = ਉਹ ਨਰ = ਮਨੁੱਖ ਜਾਇ = ਜਾ ਕੇ ਵਸੇ = ਵੱਸ ਜਾਵੇ ਜਾਂ ਫੇਰ ਗੰਗਾ ਨਦੀ ਦੇ ਕਿਨਾਰੇ ਬੈਠ ਕੇ ਪਰਮਾਤਮਾ ਦਾ ਸਿਮਰਨ ਕਰੇ ॥੯੮॥

---

੧. ਪਾਠਾਂਤ੍ਰ—ਖੀਨ।

## ਸ੍ਵੈਯਾ ॥

## ਪ੍ਰਾਤ ਸਮੇਂ ਪਿਖ ਪਾਵਨ ਨੀਰ; ਸੁ ਪਾਨ ਕਰੇ ਮੁਖ ਗੰਗ ਉਚਾਰੇ ॥

ਹੇ ਭਾਈ ! ਗੰਗਾ ਦੇ ਕਿਨਾਰੇ ਰਹਿ ਕੇ ਪ੍ਰਾਤ = ਸਵੇਰ ਦੇ ਸਮੇਂ = ਵੇਲੇ (ਅੰਮ੍ਰਿਤ ਵੇਲੇ) ਗੰਗਾ ਦਾ ਪਾਵਨ = ਪਵਿੱਤ੍ਰ ਨੀਰ = ਪਾਣੀ ਪਿਖ = ਵੇਖ ਕਰਕੇ ਸੁ = ਉਸ ਨੂੰ ਪਾਨ = ਪੀਣਾ ਕਰੇ ਅਤੇ ਮੁਖੋਂ ਗੰਗਾ ਜੀ ਦਾ ਨਾਮ ਉਚਾਰੇ = ਉਚਾਰਣਾ ਕਰੇ।

## ਪੂਰਬ ਓਰ ਕਰੇ ਮੁਖ ਕੋ; ਹਰਿ ਪਾਦਹਿ ਨੀਰ ਸਰੀਰ ਪਖਾਰੇ ॥

ਫੇਰ ਗੰਗਾ ਨਦੀ ਵਿਚ ਖਲੋ ਕੇ ਪੂਰਬ ਦਿਸ਼ਾ ਓਰ = ਵੱਲ ਆਪਣੇ ਮੁਖ ਕੋ = ਨੂੰ ਕਰਨਾ ਕਰੇ ਅਤੇ ਉਸ ਹਰਿ = ਪਰਮਾਤਮਾ ਦੇ ਪਾਦਹਿ = ਚਰਨਾਂ ਦੇ ਨੀਰ = ਜਲ ਨਾਲ ਆਪਣੇ ਸਰੀਰ = ਤਨ ਨੂੰ ਪਖਾਰੇ = ਧੋਣਾ ਕਰੇ, ਭਾਵ ਇਸ਼ਨਾਨ ਕਰੇ।

## ਬੈਠ ਸਿਲਾ ਤਲ ਨੈਨ ਮਿਲਾਇ; ਸੁ ਰਾਮ ਰਮਾਪਤਿ ਮੈਂ ਉਰ ਧਾਰੇ ॥

ਫੇਰ ਗੰਗਾ ਦੇ ਕਿਨਾਰੇ ਸਿਲਾ = ਪੱਥਰ ਤਲ = ਉੱਪਰ ਬੈਠ ਕੇ ਆਪਣੇ ਦੋਵੇਂ ਨੈਨ = ਨੇਤ੍ਰ ਮਿਲਾਇ = ਬੰਦ ਕਰਕੇ (ਰਮਾ + ਪਤਿ) ਰਮਾ = ਲਛਮੀ ਦੇ ਪਤਿ = ਪਤੀ ਰਾਮ = ਵਿਸ਼ਨੂੰ ਭਗਵਾਨ ਨੂੰ ਆਪਣੇ ਉਰ = ਹਿਰਦੇ ਮੈਂ = ਵਿਚ ਧਾਰੇ = ਧਾਰਨਾ ਕਰੇ।

## ਨਾਮ ਇਹੈ ਮੁਖ ਮਾਂਹਿ ਰਟੇ; ਹਰਿ ਦੀਨ ਦਯਾਲ ਮੁਕੰਦ ਮੁਰਾਰੇ ॥੯੯॥

ਅਤੇ ਆਪਣੇ ਮੁਖ ਮਾਂਹਿ = ਵਿਚੋਂ ਪਰਮਾਤਮਾ ਦੇ ਇਹ ਨਾਮ ਰਟੇ = ਉਚਾਰਣਾ ਕਰੇ ਕਿ ਹੇ ਹਰਿ = ਪ੍ਰਭੂ ! ਤੂੰ ਦੀਨ = ਗ਼ਰੀਬਾਂ ਉੱਪਰ ਦਯਾਲ = ਦਿਆਲਤਾ ਕਰਨ ਵਾਲਾ ਹੈਂ, ਮੁਕੰਦ = ਮੁਕਤੀ ਦਾਤਾ ਹੈਂ ਅਤੇ ਤੂੰ ਹੀ ਮੁਰਾਰੇ = ਮੁਰ ਨਾਮੇ ਦੈਂਤ ਨੂੰ ਮਾਰਨ ਵਾਲਾ ਹੈਂ॥੯੯॥

## ਸ੍ਵੈਯਾ ॥

## ਜਾਂ ਜਲ ਕੋ ਬਿਧਿ ਪਾਲ ਕਰਯੋ; ਪੁਨ ਪਾਵਨ ਬਾਵਨ ਪਾਦ ਪਖਾਰੇ ॥

ਜਾਂ = ਜਿਸ ਜਲ = ਪਾਣੀ ਕੋ = ਨੂੰ ਬਿਧ = ਬ੍ਰਹਮਾ ਨੇ ਪਾਲ = ਪਾਲਣਾ ਕਰਯੋ = ਕੀਤਾ ਤੇ ਇਹ ਜਲ ਪ੍ਰਾਪਤ ਕਿਵੇਂ ਹੋਇਆ ਸੀ, ਅਗਲੀ ਅੱਧੀ ਤੁਕ ਵਿਚ ਦੱਸਦੇ ਹਨ, ਕਿ ਜਦੋਂ ਬਾਵਨ ਅਵਤਾਰ ਧਾਰ ਕੇ ਦੋ ਕਰਮਾਂ ਵਿਚ ਤਿੰਨ ਲੋਕ ਮਿਣੇ ਸਨ, ਜਦੋਂ ਭਗਵਾਨ ਜੀ ਦਾ ਚਰਨ ਬ੍ਰਹਮ ਲੋਕ ਵਿਚ ਗਿਆ ਸੀ, ਇਹ ਪਾਦ = ਚਰਨ ਨੂੰ ਪਾਵਨ = ਪਵਿੱਤਰ ਸਮਝ ਕੇ ਬ੍ਰਹਮਾ ਜੀ ਨੇ ਜਲ ਨਾਲ ਪਖਾਰੇ = ਧੋਣਾ ਕੀਤਾ ਸੀ, ਪੁਨ = ਫੇਰ ਉਹ ਜਲ ਸੰਭਾਲਿਆ ਸੀ, ਜਿਸਨੂੰ ਗੰਗਾ ਕਿਹਾ ਜਾਂਦਾ ਹੈ, ਫਿਰ ਏਸੇ ਜਲ ਨੂੰ ਪਵਿੱਤਰ ਜਾਣ ਕੇ।

## ਸੰਕਰ ਪਾਵਨ ਹੇਰ ਉਰੇ; ਪੁਨ ਸੀਸ ਨਿਰੰਤਰ ਸੋ ਜਲ ਧਾਰੇ ॥

ਸੰਕਰ = ਸ਼ਿਵਜੀ ਨੇ ਉਸ ਜਲ ਨੂੰ ਆਪਣੇ ਉਰੇ = ਮਨ ਵਿਚ ਪਾਵਨ = ਪਵਿਤ੍ਰ ਹੇਰ = ਦੇਖ ਕਰਕੇ

---

੧. ਚਾਰੇ ਪਾਸਿਆਂ ਤੋਂ ਝਾੜ ਅਤੇ ਵੇਲਾਂ ਨਾਲ ਢਕਿਆ ਹੋਇਆ ਅਤੇ ਵਿਚਾਲੇ ਤੋਂ ਲੰਘਣ ਲਈ ਖ਼ਾਲੀ ਅਸਥਾਨ ਨੂੰ ਕੁੰਜ ਗਲੀਆਂ ਆਖਦੇ ਹਨ **ਵਾ:** ਜੰਗਲ ਦੀ ਗਲੀ, ਸੰਘਣੇ ਜੰਗਲ ਵਿਚ ਹਾਥੀ ਆਦਿਕ ਜੀਵਾਂ ਦੀ ਪਾਈ ਹੋਈ ਪਗਡੰਡੀ ਨੂੰ ਕੁੰਜ ਗਲੀ ਆਖਦੇ ਹਨ।

ਪੁਨ = ਫੇਰ ਸੋ = ਉਹ ਜਲ = ਪਾਣੀ ਨਿਰੰਤਰ = ਇਕ-ਰਸ ਆਪਣੇ ਸੀਸ = ਸਿਰ ਦੇ ਉੱਪਰ ਧਾਰੇ = ਧਾਰਨ ਕੀਤਾ।

## ਭੂਪ ਭਗੀਰਥ ਕੈ ਤਪਸਾ; ਪੁਨ ਜਾਂ ਜਲ ਸੋਂ ਕੁਲ ਭੂਪਤਿ ਤਾਰੇ ॥

ਭਗੀਰਥ ਭੂਪ = ਰਾਜੇ ਨੇ ਤਪਸਾ = ਤਪੱਸਿਆ ਕੈ = ਕਰਕੇ, ਪੁਨ = ਫੇਰ ਜਾ = ਜਿਸ ਜਲ ਨਾਲ ਆਪਣੀ ਕੁਲ ਦੇ ਵਡੇਰੇ ਸੱਠ ਹਜ਼ਾਰ ਭੂਪਤਿ = ਰਾਜਿਆਂ ਨੂੰ ਤਾਰੇ = ਤਾਰ ਦਿੱਤਾ ਭਾਵ ਸਗਰ ਰਾਜੇ ਦੇ ਸੱਠ ਹਜ਼ਾਰ ਪੁੱਤਰਾਂ ਦਾ ਉਧਾਰ ਕੀਤਾ।

ਗੰਗਾ ਦੇ ਧਰਤੀ ਉੱਪਰ ਆਉਣ ਦੀ ਸਾਰੀ ਸਾਖੀ ਇਸ ਪ੍ਰਕਾਰ ਹੈ :

**ਸਾਖੀ ਭਗੀਰਥ ਦੁਆਰਾ ਗੰਗਾ ਲਿਆਉਣ ਦੀ :** ਮਹਾਂਭਾਰਤ ਆਦਿ ਗ੍ਰੰਥ ਅਨੁਸਾਰ ਭਗੀਰਥ ਦਲੀਪ ਦਾ ਪੁੱਤਰ ਤੇ ਸੂਰਯਵੰਸ਼ੀ ਅਯੁੱਧਿਆ ਦਾ ਰਾਜਾ ਸੀ, ਇਸ ਦੇ ਸੱਤਵੇਂ ਥਾਂ ਭਾਵ ਸਭ ਤੋਂ ਪਹਿਲਾਂ ਇਸਦਾ ਵਡੇਰਾ ਰਾਜਾ ਸਗਰ ਹੋਇਆ ਹੈ। ਉਸਦੀ ਇਕ ਰਾਣੀ ਦੇ ਇਕ ਲਾਇਕ ਪੁੱਤਰ ਸੀ ਤੇ ਦੂਜੀ ਦੇ ਬਹੁਤ ਜ਼ਿਆਦਾ ੬੦,੦੦੦ (ਸੱਠ ਹਜ਼ਾਰ) ਪੁੱਤਰ ਸਨ। ਜਦ ਇਹ ਥੋੜ੍ਹੇ ਜਿਹੇ ਵੱਡੇ ਹੋਏ ਤਾਂ ਨਗਰ ਦੇ ਹੋਰਨਾਂ ਬੱਚਿਆਂ ਨੂੰ ਫੜ ਕੇ ਦਰਿਆ ਵਿਚ ਡੋਬ ਦਿਆ ਕਰਨ। ਲੋਕਾਂ ਨੇ ਰਾਜੇ ਨੂੰ ਕਿਹਾ ਕਿ ਤੇਰੇ ਪੁੱਤਰ ਤਾਂ ਬਹੁਤ ਉਪੱਦ੍ਰਵੀ ਹਨ। ਉਹ ਤਾਂ ਆਮ ਪਰਜਾ ਨੂੰ ਪਾਣੀ ਵਿਚ ਡੋਬੀ ਜਾ ਰਹੇ ਹਨ। ਰਾਜੇ ਨੇ ਕਿਹਾ ਕਿ ਪਹਿਲਾਂ ਮੈਂ ਇਕ ਜਗ ਕਰ ਲਵਾਂ, ਫੇਰ ਇਨ੍ਹਾਂ ਨਾਲ ਗੱਲ ਕਰਾਂਗਾ। ਜਗ ਕਰਨ ਲਈ ਇਸਨੇ ਇਕ ਘੋੜਾ ਛੱਡਿਆ ਤੇ ਉਸ ਘੋੜੇ ਨੂੰ ਵੇਖਣ ਲਈ ਇਸਨੇ ਆਪਣੇ ਸੱਠ ਹਜ਼ਾਰ ਪੁੱਤਰ ਸੈਨਾ ਸਮੇਤ ਮਗਰ ਲਾ ਦਿੱਤੇ। ਉੱਧਰ ਜਦੋਂ ਇੰਦਰ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਸੋਚਿਆ ਕਿ ਜੇਕਰ ਜਗ ਪੂਰਾ ਹੋ ਗਿਆ ਤਾਂ ਕਿਤੇ ਰਾਜਾ ਸਗਰ ਮੇਰੀ ਪਦਵੀ ਨਾ ਖੋਹ ਲਵੇ, ਇਸ ਤਰ੍ਹਾਂ ਵਿਚਾਰ ਕੇ ਇਸਨੇ ਇਹ ਘੋੜਾ ਅਲੋਪ ਕਰਕੇ ਜਿਥੇ ਕਪਲ ਮੁਨੀ ਤਪੱਸਿਆ ਕਰਦਾ ਸੀ (ਜੋ ਕਲਕੱਤੇ ਤੋਂ ਅੱਗੇ ੩੫ ਮੀਲ ਸਮੁੰਦਰ ਲਾਗੇ ਕਪਲ ਮੁਨੀ ਦੀ ਸਮਾਧ ਹੈ) ਉੱਥੇ ਪਤਾਲ ਪੁਰੀ ਵਿਚ ਕਪਲ ਮੁਨੀ ਸਮਾਧੀ ਲਾਈ ਬੈਠਾ ਸੀ। ਤਾਂ ਇੰਦਰ ਨੇ ਉਹ ਘੋੜਾ ਛੁਪਾ ਕੇ ਛਲ ਨਾਲ ਕਪਲ ਮੁਨੀ ਦੇ ਪਿਛਲੇ ਪਾਸੇ ਜਾ ਕੇ ਬੰਨ੍ਹ ਦਿੱਤਾ ਤੇ ਕਪਲ ਮੁਨੀ ਨੂੰ ਕੁਝ ਵੀ ਪਤਾ ਨਾ ਲੱਗਣ ਦਿੱਤਾ। ਉਹ ਰਾਜੇ ਦੇ ਸਾਰੇ ਪੁੱਤਰ ਘੋੜਾ ਭਾਲਦੇ-ਭਾਲਦੇ ਹੰਭ ਗਏ, ਅਖ਼ੀਰ ਉਹ ਥਾਂ ਪੁੱਟਦੇ ਪੁੱਟਦੇ ਸੌ ਜੋਜਨ ਜਦੋਂ ਹੇਠਾਂ ਤਕ ਗਏ ਤਾਂ ਉੱਥੇ ਕਪਲ ਮੁਨੀ ਸਮਾਧੀ ਲਾਈ ਬੈਠਾ ਸੀ। ਇਹ ਕਪਲ ਮੁਨੀ ਦੇ ਪਿੱਛੇ ਘੋੜਾ ਬੱਝਾ ਦੇਖ ਕੇ ਉਸਨੂੰ ਲੱਤਾਂ ਮਾਰਨ ਲੱਗ ਪਏ। ਕਹਿੰਦੇ ਕਿ ਤੂੰ ਸਾਡਾ ਘੋੜਾ ਚੁਰਾ ਲਿਆਂਦਾ ਹੈ। ਉਸ ਵੇਲੇ ਕਪਲ ਮੁਨੀ ਦੀ ਸਮਾਧੀ ਖੁੱਲ੍ਹੀ ਤੇ ਅੱਖਾਂ ਵਿੱਚੋਂ ਅਜਿਹੀ ਅੱਗ ਨਿਕਲੀ ਜਿਸ ਕਰਕੇ ਉਹ ਸੱਠ ਹਜ਼ਾਰ ਸਾਰੇ ਦੇ ਸਾਰੇ ਸੜ ਕੇ ਸੁਆਹ ਹੋ ਗਏ। ਤਦੋਂ ਰਿਖੀਆਂ ਨੇ ਵਿਚਾਰ ਕੀਤੀ ਕਿ ਰਾਜੇ ਦੇ ਪੁੱਤਰ ਬੇਗਤ ਹੋ ਕੇ ਮਰੇ ਹਨ, ਜੇਕਰ ਗੰਗਾ ਹੇਠਾਂ ਆ ਜਾਏ ਤੇ ਇਸ ਥਾਂ 'ਤੇ ਪਵੇ ਤਾਂ ਇਨ੍ਹਾਂ ਦੀ ਕਲਿਆਣ ਹੋ ਸਕਦੀ ਹੈ। ਉਹ ਗੰਗਾ ਬ੍ਰਹਮਾ ਜੀ ਦੇ ਪਾਸ ਕਮੰਡਲ ਵਿਚ ਹੈ। ਜਿਸ ਵੇਲੇ ਵਿਸ਼ਨੂੰ ਜੀ ਨੇ ਬਾਵਨ ਅਵਤਾਰ ਧਾਰਿਆ ਸੀ ਤਦੋਂ ਬ੍ਰਹਮ ਲੋਕ ਵਿਚ ਜਦੋਂ ਚਰਨ ਪਿਆ ਤਾਂ ਬ੍ਰਹਮਾ ਜੀ ਨੇ ਵਿਸ਼ਨੂੰ ਜੀ ਦੇ ਚਰਨ ਧੋ ਕੇ ਉਹ ਜਲ ਕਰਮੰਡਲ ਵਿਚ ਪਾ ਲਿਆ ਸੀ। ਇਸ ਖ਼ਿਆਲ ਨਾਲ ਗੰਗਾ ਨੂੰ ਬ੍ਰਹਮ ਪੁਰੀ ਤੋਂ ਪ੍ਰਿਥਵੀ ਉੱਤੇ ਲਿਆਉਣ ਲਈ ਰਾਜੇ ਸਗਰ ਨੇ ਆਪਣੇ ਦੂਜੇ ਪੁੱਤਰ ਨੂੰ ਰਾਜ ਭਾਗ ਦੇ ਕੇ ਆਪ ਤਪੱਸਿਆ ਕੀਤੀ। ਉਸ ਤੋਂ ਬਾਅਦ ਉਸਦੇ ਦੂਸਰੇ ਪੁੱਤਰ ਨੇ ਤਪੱਸਿਆ ਕੀਤੀ। ਇਉਂ ਤਪੱਸਿਆ ਕਰਦੇ-ਕਰਦੇ ਸੱਤਵੇਂ ਥਾਂ 'ਤੇ ਭਗੀਰਥ ਹੋਇਆ। ਇਸਨੇ ਗੰਗਾ ਨੂੰ ਪ੍ਰਿਥਵੀ ਉਪਰ ਲਿਆਉਣ ਵਾਸਤੇ ਹਿਮਾਲਯ ਦੇ ਗੋਕਰਣ ਅਸਥਾਨ 'ਤੇ ਘੋਰ ਤਪ ਕੀਤਾ ਤੇ ਬ੍ਰਹਮਾ ਨੂੰ ਪ੍ਰਸੰਨ ਕਰ ਲਿਆ। ਬ੍ਰਹਮਾ ਨੇ ਕਿਹਾ ਕਿ ਤੂੰ ਗੰਗਾ ਤਾਂ ਲੈ ਜਾ, ਪਰ ਇਹ ਤੇਰੇ ਕੋਲੋਂ ਸੰਭਾਲੀ ਨਹੀਂ ਜਾਣੀ। ਭਗੀਰਥ ਨੇ ਕਿਹਾ ਕਿ ਫਿਰ ਮੈਂ ਕੀ ਕਰਾਂ ?

ਬ੍ਰਹਮਾ ਜੀ ਕਹਿਣ ਲੱਗੇ ਕਿ ਜੇਕਰ ਤੂੰ ਸ਼ਿਵਜੀ ਨੂੰ ਪ੍ਰਸੰਨ ਕਰ ਲਵੇਂ ਤਾਂ ਉਹ ਇਸ ਗੰਗਾ ਨੂੰ ਗ੍ਰਹਿਣ ਕਰ ਸਕਦਾ ਹੈ ਤੇ ਫੇਰ ਇਹ ਧਾਰ ਬਣ ਕੇ ਚੱਲ ਸਕਦੀ ਹੈ।

ਫੇਰ ਭਗੀਰਥ ਨੇ ਛੇ ਮਹੀਨੇ ਸ਼ਿਵਜੀ ਦੀ ਆਰਾਧਣਾ ਕੀਤੀ ਤਾਂ ਸ਼ਿਵਜੀ ਨੇ ਖ਼ੁਸ਼ ਹੋ ਕੇ ਕਿਹਾ ਕਿ ਚੱਲੋ ਠੀਕ ਹੈ, ਵਿਸ਼ਨੂੰ ਦੇ ਚਰਨਾਂ ਦਾ ਪਵਿੱਤਰ ਜਲ ਮੇਰੀਆਂ ਜਟਾਵਾਂ ਦੇ ਵਿਚ ਪਾ ਦੇਵੋ। ਜਦ ਬ੍ਰਹਮਾ ਨੇ ਅਕਾਸ਼ ਤੋਂ ਗੰਗਾ ਭੇਜੀ, ਤਦ ਸ਼ਿਵਜੀ ਨੇ ਆਪਣਾ ਜਟਾ ਜੂਟ ਇਤਨਾ ਫੈਲਾ ਦਿੱਤਾ ਕਿ ਗੰਗਾ ਨੂੰ ਬਹੁਤ ਦੇਰ ਨਿਕਲਣ ਦਾ ਰਾਹ ਨਾ ਲੱਭਾ। ਅੰਤ ਨੂੰ ਭਗੀਰਥ ਦੀ ਪ੍ਰਾਰਥਨਾ ਮੰਨ ਕੇ ਸ਼ਿਵਜੀ ਨੇ ਜਟਾਂ ਵਿੱਚੋਂ ਗੰਗਾ ਕੱਢੀ। ਜਿਸਦੇ ਸੱਤ ਪ੍ਰਵਾਹ ਹੋਏ: ਹ੍ਰਾਦਿਨੀ, ਪਾਵਿਨੀ ਅਤੇ ਨਲਿਨੀ ਨਾਮਕ ਤਿੰਨ ਪ੍ਰਵਾਹ ਪੂਰਬ ਦੀ ਤਰਫ਼ ਵਹੇ। ਵੰਕਸ਼, ਸੀਤਾ ਅਤੇ ਸਿੰਧ ਨਾਮਕ ਤਿੰਨ ਪ੍ਰਵਾਹ ਪੱਛਮ ਵੱਲ ਵਹੇ ਅਤੇ ਇਕ ਭਗੀਰਥ ਦੇ ਰਥ ਪਿੱਛੇ ਤੁਰਿਆ। ਜਿਥੋਂ ਦੀ ਭਗੀਰਥ ਦਾ ਰਥ ਗਿਆ, ਉਸ ਪਿੱਛੇ ਹੀ ਗੰਗਾ ਦਾ ਪ੍ਰਵਾਹ ਵਹਿਣ ਲੱਗਾ। ਤੇ ਉਹ ਜਲ ਕਪਲ ਮੁਨੀ ਦੇ ਸਮਾਧ ਕੋਲ ਲਿਜਾ ਕੇ ਆਪਣੇ ਪਿੱਤਰਾਂ ਦਾ ਉਧਾਰ ਕੀਤਾ ਤੇ ਗੰਗਾ ਨੂੰ ਇਸ ਮਾਤ ਲੋਕ ਵਿਚ ਲਿਆਂਦਾ।

## ਸੋ ਜਲ ਪਾਵਨ ਮੈਂ ਪਰਸੋਂ;
## ਸੁ ਪਿਖੋਂ ਉਰ ਮੈਂ ਬਡ ਭਾਗ ਹਮਾਰੇ ॥੧੦੦॥

ਸੋ = ਉਹ ਭਗਵਾਨ ਦੇ ਚਰਨਾਂ ਦਾ ਪਾਵਨ = ਪਵਿੱਤ੍ਰ ਜਲ ਮੈਂ ਵੀ ਪਰਸੋਂ = ਸਪਰਸ਼ ਕਰਾਂ ਅਤੇ ਹਰ ਰੋਜ਼ ਉਸ ਜਲ ਨੂੰ ਪਿਖੋਂ = ਵੇਖ ਕੇ, ਭਾਵ ਉਸਦੇ ਦਰਸ਼ਨ ਕਰਕੇ ਉਸ ਵਿਚ ਇਸ਼ਨਾਨ ਕਰਾਂ, ਕਿਤੇ ਅਜਿਹੇ ਮੇਰੇ ਉਰ = ਹਿਰਦੇ ਅੰਦਰ ਵੀ ਬਡ = ਵੱਡੇ ਭਾਗ ਹੋ ਜਾਣ ਤਾਂ ਜੋ ਮੈਨੂੰ ਵੀ ਇਹ ਸੁਭਾਗ ਸਮਾਂ ਪ੍ਰਾਪਤ ਹੋ ਜਾਵੇ ॥੧੦੦॥

## ਸ੍ਵੈਯਾ ॥
## ਤ੍ਰਿਸ਼ਨਾ ਉਰ ਤੇ ਸਭ ਦੂਰ ਕਰੇ;
## ਸੁ ਖਿਮਾ ਪਰਿਪੂਰਨ ਕੋ ਉਰ ਧਾਰੇ ॥

ਹੇ ਭਾਈ! ਆਪਣੇ ਉਰ = ਹਿਰਦੇ ਵਿਚੋਂ ਸਭ = ਸਾਰੇ ਪਦਾਰਥਾਂ ਆਦਿ ਦੀ ਤ੍ਰਿਸ਼ਨਾ = ਤਮ੍ਹਾ ਖ਼੍ਵਾਹਿਸ਼ ਨੂੰ ਦੂਰ ਕਰੇ = ਕਰ ਦੇਵੋ, ਸੋ ਖਿਮਾ ਵਾਲੇ ਸੁਭਾਅ ਨੂੰ ਆਪਣੇ ਉਰਿ = ਹਿਰਦੇ ਵਿਚ ਪਰਿਪੂਰਨ = ਲਬਾ ਲਬ ਭਰ ਕੇ ਧਾਰੇ = ਧਾਰਨ ਕਰੋ।

## ਕਰੁਣਾ ਜਨ ਦੀਨਨ ਹੇਰ ਸਦਾ;
## ਪੁਨ ਪਾਪਨ ਤੇ ਮਨ ਪ੍ਰੀਤਿ ਨਿਵਾਰੇ ॥

ਦੀਨਨ = ਗ਼ਰੀਬ ਜਨ = ਮਨੁੱਖਾਂ ਵੱਲ ਸਦਾ = ਹਮੇਸ਼ਾਂ ਕਰੁਣਾ = ਦਿਆਲਤਾ ਦੀ ਦ੍ਰਿਸ਼ਟੀ ਨਾਲ ਹੇਰ = ਦੇਖਣਾ ਕਰੋ, ਪੁਨ = ਫੇਰ ਪਾਪਨ = ਪਾਪ ਕਰਮਾਂ ਦੀ ਆਪਣੇ ਮਨ ਤੇ = ਵਿੱਚੋਂ ਪ੍ਰੀਤਿ = ਪ੍ਰੀਤੀ ਨਿਵਾਰੇ = ਨਵਿਰਤ ਕਰ ਦੇਵੋ।

## ਪਦਵੀ ਸੁਭ ਸੰਤਨ ਕੀ ਪਕਰੇ; ਭਵ ਬੰਧਨ ਮੂਲ ਸੁ ਮੋਹ ਉਖਾਰੇ ॥

ਸੁਭ = ਸ੍ਰੇਸ਼ਟ ਜੀਵਨ ਵਾਲੇ ਸੰਤਨ = ਮਹਾਂਪੁਰਖਾਂ ਕੀ = ਦੀ ਪਦਵੀ = ਰੀਤੀ ਪਕਰੇ = ਗ੍ਰਹਿਣ ਕਰੇ ਅਤੇ ਭਵ = ਸੰਸਾਰ ਦੇ ਬੰਧਨ = ਜੰਜਾਲਾਂ ਦੇ ਮੂਲ = ਮੁੱਢ ਮੋਹ, ਅਗਿਆਨ ਨੂੰ ਉਖਾਰੇ = ਪੁੱਟ ਦੇਣਾ ਕਰੇ।

## ਜਨ ਕੋਵਿਦ ਪ੍ਰੀਤਿ ਸੁ ਨੀਤ ਕਰੇ; ਹਰਿ ਰੂਪ ਸਦਾ ਮਨ ਮਾਹਿ ਚਿਤਾਰੇ ॥੧੦੧॥

ਕੋਵਿਦ = ਵਿਦਵਾਨ, ਸਿਆਣੇ ਜਨ = ਮਨੁੱਖਾਂ ਦੇ ਨਾਲ ਨੀਤ = ਨਿਤਪ੍ਰਤੀ ਪ੍ਰੀਤਿ = ਪ੍ਰੀਤੀ ਕਰੇ ਅਤੇ ਹਰਿ = ਪਰਮਾਤਮਾ ਦੇ ਸਰੂਪ ਨੂੰ ਸਦਾ = ਹਮੇਸ਼ਾਂ ਆਪਣੇ ਮਨ = ਹਿਰਦੇ ਵਿਚ ਚਿਤਾਰੇ = ਯਾਦ ਕਰਦਾ ਰਹੇ ॥੧੦੧॥

ਅਗਲੇ ਤਿੰਨ ਸਵੱਈਆਂ ਵਿਚ ਪਰਮਾਤਮਾ ਦੇ ਸਰਗੁਣ ਸਰੂਪ ਦਾ ਜ਼ਿਕਰ ਕਰਦੇ ਹਨ :

## ਸ੍ਵੈਯਾ ॥

## ਕਿੰਚਤ ਹੈਂ ਅਲਿਕਾਂ ਸ੍ਰੁਤਿ ਊਪਰ; ਕੁੰਡਲ ਹੈਂ ਸੁਭ ਕਾਨਨ ਮਾਹੀ ॥

ਹੇ ਪ੍ਰਭੂ ! ਤੇਰੇ ਸਰਗੁਣ ਸਰੂਪ ਵਿਚ ਤੇਰੇ ਕੇਸਾਂ ਦੀਆਂ ਕਿੰਚਤ = ਥੋੜੀਆਂ ਅਲਿਕਾਂ = ਜ਼ੁਲਫ਼ਾਂ ਸ੍ਰੁਤਿ = ਕੰਨਾਂ ਦੇ ਊਪਰ = ਉੱਤੇ ਲਟਕ ਰਹੀਆਂ ਹਨ ਅਤੇ ਤੇਰੇ ਕਾਨਨ = ਕੰਨਾਂ ਦੇ ਮਾਹੀ = ਵਿਚ ਪਾਏ ਹੋਏ ਸੁਭ = ਸ੍ਰੇਸ਼ਟ ਕੁੰਡਲ ਬਹੁਤ ਸ਼ੋਭ ਰਹੇ ਹਨ।

## ਕੁੰਡਲ ਕੇ ਕਚ ਮੇਚਕ ਮੈਂ; ਲਸਕੈ ਤੜਿਤਾ ਘਨ ਮੇਚਕ ਮਾਹੀ ॥

ਉਹ ਕੰਨਾਂ ਦੇ ਵਿਚ ਪਾਏ ਕੁੰਡਲ = ਵਾਲੇ ਮੇਚਕ = ਕਾਲੇ ਕਚ = ਕੇਸਾਂ ਮੈਂ = ਵਿਚ ਇਉਂ ਚਮਕ ਰਹੇ ਹਨ, ਜਿਵੇਂ ਮੇਚਕ = ਕਾਲੇ ਘਨ = ਬੱਦਲਾਂ ਮਾਹੀ = ਵਿਚ ਤੜਿਤਾ = ਬਿਜਲੀ ਲਸਕੈ = ਚਮਕਦੀ ਹੈ।

## ਬੋਲ ਸਮੈ ਛਬ ਪੁੰਜ ਤਰੰਗ; ਕਪੋਲਨ ਸਾਗਰ ਤੇ ਨਿਕਸਾਹੀ ॥

ਜਦੋਂ ਤੁਸੀਂ ਕੁਝ ਬੋਲਦੇ ਹੋ ਤਾਂ ਬੋਲ = ਬੋਲਣ ਦੇ ਸਮੈ = ਵੇਲੇ ਤੁਹਾਡੀਆਂ ਕਪੋਲਨ = ਗੱਲ੍ਹਾਂ ਦੀ ਐਸੀ ਛਬ = ਸ਼ੋਭਾ ਫੱਬਦੀ ਹੈ ਜਿਵੇਂ ਸਾਗਰ = ਸਮੁੰਦਰ ਦੇ ਵਿੱਚੋਂ ਪੁੰਜ = ਸਮੂਹ ਤਰੰਗ = ਲਹਿਰਾਂ ਬਾਹਰ ਨਿਕਸਾਹੀ = ਨਿਕਲਦੀਆਂ ਹਨ।

## ਨੈਨ ਹਰੇ ਮਦ ਕੰਜਨ ਕੇ ਸਮ; ਆਨਨ ਕੇ ਸਸਿ ਕੋਟਿਕ ਨਾਂਹੀ ॥੧੦੨॥

ਹੇ ਪ੍ਰਭੂ ! ਤੁਹਾਡੇ ਨੈਨ = ਨੇਤ੍ਰ ਕੰਜਨ = ਕਮਲਾਂ ਕੇ = ਦੇ ਸਮ = ਸਮਾਨ ਹਨ ਪਰ ਉਸ ਕਮਲ ਦੇ ਮਦ = ਮਾਣ ਨੂੰ ਵੀ ਹਰੇ = ਨਾਸ਼ ਕਰਦੇ ਹਨ ਭਾਵ ਕਮਲ ਨਾਲੋਂ ਵੀ ਜ਼ਿਆਦਾ ਸੁੰਦਰ ਹਨ, ਤੁਹਾਡਾ ਆਨਨ = ਮੁਖੜਾ ਇਤਨਾ ਸੁੰਦਰ ਹੈ ਕਿ ਉਸਦੇ ਸਮਾਨ ਕੋਟਿਕ = ਕ੍ਰੋੜਾਂ ਸਸਿ = ਚੰਦ੍ਰਮਾ ਨਹੀਂ ਪੁੱਜ ਸਕਦੇ ॥੧੦੨॥

## ਸ੍ਵੈਯਾ ॥

## ਭ੍ਰਿਕੁਟੀ ਕੁਟਿਲਾ ਸੁਭ ਭਾਲ ਬਿਸਾਲ; ਸੁ ਕੁੰਕਮ ਕੀ ਯੁਗ ਰੇਖ ਸੁਹਾਈ ॥

ਹੇ ਪ੍ਰਭੂ ! ਤੁਹਾਡੇ ਭ੍ਰਿਕੁਟੀ = ਭਰਵੱਟੇ ਕੁਟਿਲਾ = ਟੇਢੇ ਕਮਾਨ ਦੇ ਸਦਰਸ਼ ਹਨ, ਤੁਹਾਡਾ ਭਾਲ = ਮੱਥਾ ਬਹੁਤ ਸੁਭ = ਸ੍ਰੇਸ਼ਟ ਤੇ ਬਿਸਾਲ = ਚੌੜਾ ਹੈ, ਉਸ ਚੌੜੇ ਮੱਥੇ ਉੱਪਰ ਕੁੰਕਮ = ਕੇਸਰ ਦੀਆਂ ਯੁਗ = ਦੋ ਰੇਖ = ਲਕੀਰਾਂ ਇਉਂ ਸੋਭ ਰਹੀਆਂ ਹਨ ਕਿ :

## ਯੁਗ ਕਾਂਚਨ ਕੇ ਸਰ ਲੈ ਰਤਿ ਨਾਹਿ; ਮਨੋ ਮਣਿ ਕੀ ਸੁ ਕਮਾਨ ਚਢਾਈ ॥

ਰਤਿ = ਰੱਤੀ ਦੇ ਨਾਹਿ = ਪਤੀ ਕਾਮਦੇਵ ਨੇ ਯੁਗ = ਦੋ ਕਾਂਚਨ = ਸੋਨੇ ਕੇ = ਦੇ ਸਰ = ਤੀਰ ਲੈ ਕਰਕੇ ਮਨੋ = ਮਾਨੋ ਮਣਿ = ਮਣੀਆਂ ਕੀ = ਦੀ ਕਮਾਨ 'ਤੇ ਚਢਾਈ = ਚੜ੍ਹਾਏ ਹੋਏ ਹਨ, ਭਾਵ ਦੋਨੇ ਭਰਵੱਟੇ ਤਾਂ ਮਣੀਆਂ ਦੀ ਕਮਾਨ ਵਾਂਗ ਹਨ ਅਤੇ ਮੱਥੇ ਉੱਪਰ ਕੇਸਰ ਦੀਆਂ ਦੋ ਲਕੀਰਾਂ ਇਹ ਸੋਨੇ ਦੇ ਤੀਰ ਹਨ।

## ਕਚ ਘੁੰਘਰਵੰਤ ਸੁ ਮੰਦ ਸਮੀਰ ਫੁਰੇ; ਤਿਨ ਕੀ ਛਬਿ ਯੌ ਮਨ ਆਈ ॥

ਹੇ ਪ੍ਰਭੂ! ਤੁਹਾਡੇ ਕਾਲੇ ਕਚ = ਕੇਸ ਘੁੰਘਰਵੰਤ = ਘੁੰਘਰਾਲੇ ਮੰਦ = ਹੌਲੀ-ਹੌਲੀ ਸਮੀਰ = ਹਵਾ ਫੁਰੇ = ਫੁਰਨ, ਚੱਲਣ ਨਾਲ ਸੁ = ਉਹ ਮੁੱਖ, ਅੱਖਾਂ ਵੱਲ ਨੂੰ ਆਉਂਦੇ ਹਨ, ਤਿਨ = ਉਨ੍ਹਾਂ ਵਾਲਾਂ ਕੀ = ਦੀ ਛਬਿ = ਸ਼ੋਭਾ ਮੇਰੇ ਮਨ ਵਿਚ ਯੌ = ਇਸ ਪ੍ਰਕਾਰ ਆਈ ਹੈ।

## ਸੁ ਮਨੋ ਮੁਖ ਕੰਜ ਅਮੋਦ ਗਹੇ; ਭ੍ਰਮਰਾਵਲ ਕਾ ਭ੍ਰਮ ਹੈ ਬਿਗਸਾਈ ॥੧੦੩॥

ਸੋ ਮਨੋ = ਮਾਨੋ ਕਿ ਆਪ ਜੀ ਦਾ ਮੁਖ = ਮੁਖੜਾ ਕੰਜ = ਕਮਲ ਵਰਗਾ ਖਿੜਿਆ ਹੋਇਆ ਹੈ, ਕੇਸ ਮਾਨੋ ਭ੍ਰਮਰਾਵਲ = ਭੌਰਿਆਂ ਦੀਆਂ ਕਤਾਰਾਂ ਵਾਂਗ ਬਿਗਸਾਈ = ਖ਼ੁਸ਼ ਹੋ ਕੇ ਅਮੋਦ = ਅਨੰਦ ਦੀ ਸੁਗੰਧੀ ਗਹੇ = ਗ੍ਰਹਿਣ ਕਰਨ ਲਈ ਤੁਹਾਡੇ ਚਿਹਰੇ 'ਤੇ ਭ੍ਰਮ = ਫਿਰ ਰਹੇ ਹਨ॥੧੦੩॥

## ਸ੍ਵੈਯਾ ॥ ਪਦ ਪਾਵਨ ਕੋਮਲ ਪੰਕਜ ਸੇ; ਅਰੁਣਾ ਨਖ ਅੰਗੁਲ ਕੇ ਸਿਖ ਮਾਂਹੀ ॥

ਹੇ ਪ੍ਰਭੂ! ਆਪ ਜੀ ਦੇ ਪਦ = ਚਰਨ ਪਾਵਨ = ਪਵਿੱਤ੍ਰ ਹਨ ਤੇ ਪੰਕਜ = ਕਮਲ ਸੇ = ਵਰਗੇ ਕੋਮਲ = ਨਰਮ ਹਨ ਅਤੇ ਆਪ ਜੀ ਦੇ ਚਰਨਾਂ ਦੀਆਂ ਅੰਗੁਲ = ਉਂਗਲਾਂ ਕੇ = ਦੇ ਸਿਖ = ਸ਼ਿਖਰ ਮਾਹੀ = ਵਿਚ ਆਪ ਜੀ ਦੇ ਅਰੁਣਾ = ਲਾਲ ਨਖ = ਨਹੁੰ ਵੀ ਬਹੁਤ ਸ਼ੋਭਾ ਪਾ ਰਹੇ ਹਨ।

## ਸੁਭ ਅੰਕੁਸ ਔ ਪੁਨ ਬਜ੍ਰ ਧੁਜਾ; ਕਿਲ ਕੰਜ ਲਸੇ[1] ਪਦ ਪੰਕਜ ਮਾਂਹੀ ॥

ਹੇ ਪ੍ਰਭੂ ! ਬਹੁਤ ਸੁਭ = ਸੁੰਦਰ ਅੰਕੁਸ = ਕੁੰਡੇ ਔ = ਅਤੇ ਪੁਨ = ਫੇਰ ਬਜ੍ਰ = ਧਨੁੱਖ ਦਾ ਧੁਜਾ = ਨਿਸ਼ਾਨ ਕਿਲ = ਨਿਸ਼ਚੇ ਕਰਕੇ ਤੁਹਾਡੇ ਪਦ = ਚਰਨ ਪੰਕਜ = ਕਮਲਾਂ ਮਾਂਹੀ = ਵਿਚ ਕੰਜ = ਕਮਲ ਵਾਂਗ **ਵਾ:** ਕੰਜਲ = ਕਮਲ ਸੇ = ਸਰੀਖਾ ਭਾਵ ਵਰਗਾ ਲਸੇ = ਚਮਕ ਰਿਹਾ ਹੈ।

## ਸਰਨਾਗਤ ਕੇ ਭਯ ਮੋਚਕ ਹੈਂ; ਇਕ ਬੰਦਨ ਤੇ ਭਵ ਫੰਧਨ ਜਾਂਹੀ ॥

ਹੇ ਪ੍ਰਭੂ! ਜਿਹੜਾ ਮਨੁੱਖ ਵੀ ਆਪ ਜੀ ਦੇ ਐਸੇ ਚਰਨ ਕਮਲਾਂ ਦੀ (ਸਰਨ+ਆਗਤ) ਸਰਨ = ਓਟ ਵਿਚ ਆਗਤ = ਆ ਕੇ ਪ੍ਰਾਪਤ ਹੁੰਦਾ ਹੈ, ਉਸ ਕੇ = ਦੇ ਸਭ ਪ੍ਰਕਾਰ ਦੇ ਭਯ = ਡਰ ਮੋਚਕ = ਕੱਟ ਦਿੰਦੇ ਹਨ। ਆਪ ਜੀ ਦੇ ਚਰਨ ਕਮਲਾਂ 'ਤੇ ਇਕ ਵਾਰ ਬੰਦਨ = ਨਮਸਕਾਰ ਕਰਨ ਨਾਲ ਭਵ = ਸੰਸਾਰ ਦੇ ਸਾਰੇ ਫੰਧਨ = ਫਾਹੇ ਨਾਸ ਹੋ ਜਾਂਹੀ = ਜਾਂਦੇ ਹਨ।

## ਧਰ ਮਾਨਵ ਦੇਹ ਸੁ ਭਾਰਥ ਖੰਡ; ਭਜੇ ਹਰਿ ਪਾਦ, ਤਰੇ ਜਗ ਮਾਂਹੀ ॥੧੦੪॥

ਇਸ ਲਈ ਹੇ ਭਾਈ! ਇਸ ਭਾਰਥ = ਭਾਰਤ ਦੇ ਖੰਡ = ਹਿੱਸੇ ਭਾਵ ਭਾਰਤ ਦੇਸ਼ ਦੀ ਕਰਮ ਭੂਮੀ

---

੧. ਪਾਠਾਂਤ੍ਰ—ਕੰਜਲ ਸੇ।

ਵਿਚ ਅਮੋਲਕ ਮਾਨਵ = ਮਨੁੱਖਾ ਦੇਹੀ ਧਰ = ਧਾਰਨ ਕਰਕੇ ਜਿਨ੍ਹਾਂ ਨੇ ਵੀ ਹਰਿ = ਪਰਮਾਤਮਾ ਦੇ ਪਾਦ = ਚਰਨ ਭਜੇ = ਸਿਮਰਨਾ ਕੀਤੇ ਹਨ, ਉਹ ਸਾਰੇ ਇਸ ਜਗ = ਸੰਸਾਰ-ਸਮੁੰਦਰ ਮਾਂਹੀ = ਵਿੱਚੋਂ ਤਰੇ = ਪਾਰ ਹੋ ਗਏ ਹਨ ॥੧੦੪॥

## ਸ੍ਵੈਯਾ ॥

## ਹਰਿ ਕੈ ਪਦ ਪੰਕਜ ਪ੍ਰੇਮ ਕਰੈ; ਨ ਕਰੈ ਹਰਿ ਵੇਮੁਖ ਲੋਗਨ ਸੰਗਾ ॥

ਹੇ ਭਾਈ! ਸਦਾ ਹਰਿ = ਪਰਮਾਤਮਾ ਕੈ = ਦੇ ਪਦ = ਚਰਨ ਪੰਕਜ = ਕਮਲਾਂ ਨਾਲ ਪ੍ਰੇਮ = ਪਿਆਰ ਕਰੈ = ਕਰਦਾ ਰਹੇ ਅਤੇ ਹਰਿ = ਪਰਮਾਤਮਾ ਤੋਂ ਵੇਮੁਖ = ਟੁੱਟੇ ਹੋਏ, ਸਾਕਤ ਲੋਗਨ = ਲੋਕਾਂ ਦਾ ਸੰਗਾ = ਸਾਥ ਕਦੇ ਵੀ ਨਾ ਕਰੈ = ਕਰਨਾ ਕਰੇ।

## ਨਹਿ ਆਪਨ ਮਾਨ ਸੁ ਭੂਲ ਚਹੇ; ਪੁਨ ਔਰਨ ਕੋ ਨ ਕਰੇ ਮਨ ਭੰਗਾ ॥

ਸੁ = ਉਹ ਆਪਨ = ਆਪ ਦਾ ਮਾਨ = ਆਦਰ, ਸਨਮਾਨ ਭੂਲ = ਭੁੱਲ ਕਰਕੇ ਵੀ ਨਹਿ = ਨਾ ਚਹੇ = ਚਾਹੁਣਾ ਕਰੇ, ਪੁਨ = ਫੇਰ ਔਰਨ = ਹੋਰਨਾਂ ਦੇ ਮਨ = ਹਿਰਦੇ ਨੂੰ **ਵਾ:** ਹੋਰਨਾਂ ਦੇ ਮਨ = ਮਾਨ, ਆਦਰ ਨੂੰ ਕਦੇ ਵੀ ਭੰਗਾ = ਨਾਸ਼ ਨਾ ਕਰੇ।

## ਸਭ ਔਰ ਤਜੇ ਜਗ ਰੰਗ ਮਹਾਂ; ਸੁ ਰਹੇ ਹਰਿ ਪੂਰਨ ਕੇ ਰਪ ਰੰਗਾ ॥

ਜਗ = ਸੰਸਾਰ ਦੇ ਅੰਦਰ ਔਰ = ਹੋਰ ਜੋ ਮਹਾਂ = ਬਹੁਤ ਤਰ੍ਹਾਂ ਦੇ ਰੰਗ = ਤਮਾਸ਼ੇ, ਅਨੰਦ ਆਦਿ ਹਨ, ਉਹ ਸਭ = ਸਾਰੇ ਤਜੇ = ਤਿਆਗਣਾ ਕਰੇ, ਸੁ ਕੇਵਲ ਹਰ ਜਗ੍ਹਾ ਪੂਰਨ = ਲਬਾਲਬ ਭਰੇ ਹੋਏ ਹਰਿ = ਪਰਮਾਤਮਾ ਕੇ = ਦੇ ਰੰਗ = ਪ੍ਰੇਮ ਰੰਗਾ = ਰੰਗ ਵਿਚ ਰਪ = ਰੰਗਨਾ ਕਰੇ।

## ਇਕ ਠੌਰ ਅਹਾਰ ਕਰੇ ਨ ਸਦਾ, ਸੁਭ ਸਤ ਧਰੇ ਬ੍ਰਿਤ ਨੀਰ ਬਿਹੰਗਾ ॥੧੦੫॥

ਐਸਾ ਜੀਵਨ ਧਾਰਨ ਵਾਲੇ ਸੰਤ ਜਨ ਇਕ ਠੌਰ = ਥਾਂ ਤੋਂ ਸਦਾ = ਹਮੇਸ਼ਾਂ ਅਹਾਰ = ਭੋਜਨ ਨਹੀਂ ਖਾਣਾ ਕਰਦੇ, ਉਹ ਸੁਭ = ਸ੍ਰੇਸ਼ਟ ਮਹਾਤਮਾ ਜਨ ਬਿਹੰਗਾ = ਪੰਛੀਆਂ ਦੀ ਤਰ੍ਹਾਂ ਆਪਣੀ ਬ੍ਰਿਤ = ਬਿਰਤੀ, ਉਪਜੀਵਕਾ ਧਰੇ = ਧਾਰਨ ਕਰਕੇ ਰੱਖਦੇ ਹਨ, ਜਿਵੇਂ ਪੰਛੀ ਨੀਰ = ਪਾਣੀ ਆਦਿ ਨੂੰ ਦੇਖ ਕੇ ਬੈਠਦੇ ਹਨ, ਭਾਵ ਪੰਛੀ ਸਦਾ ਇਕ ਥਾਂ ਤੋਂ ਭੋਜਨ ਨਹੀਂ ਛਕਦੇ, ਉਹ ਤਾਂ ਦਰੱਖ਼ਤ ਤੇ ਪਾਣੀ ਆਦਿ ਦੀ ਆਸ ਕਰਕੇ ਜਿਥੋਂ ਕੁਝ ਦਾਣਾ, ਚੋਗਾ ਮਿਲਿਆ, ਉਸਨੂੰ ਖਾ ਕੇ ਅੱਗੇ ਉਡਾਰੀ ਮਾਰ ਜਾਂਦੇ ਹਨ ॥੧੦੫॥ ਜੈਸਾ ਕਿ :

**ਪਰੰਦਏ ਨ ਗਿਰਾਹ ਜਰ ॥**
**ਦਰਖਤ ਆਬ ਆਸ ਕਰ ॥** *(ਮਾਝ ਕੀ ਵਾਰ, ਮ: ੧, ਅੰਗ ੧੪੪)*

## ਸ੍ਵੈਯਾ ॥

## ਬਿਧਿ ਏਕ ਅਨੀਤਿ ਕਰੀ ਜਗ ਮੈਂ; ਸੁਭ ਸੰਤਨ ਕੈ ਤਨ ਪੇਟ ਲਗਾਏ ॥

ਬਿਧਿ = ਬ੍ਰਹਮਾ ਨੇ ਇਸ ਜਗ = ਸੰਸਾਰ ਦੇ ਮੈ = ਵਿਚ ਏਕ = ਇਕ ਬਹੁਤ ਵੱਡੀ ਅਨੀਤਿ = ਅਯੋਗ ਗੱਲ ਕੀਤੀ ਹੈ, ਜੋ ਉਸ ਨੇ ਸੁਭ = ਸ੍ਰੇਸ਼ਟ ਜੀਵਨ ਵਾਲੇ ਮਹਾਤਮਾ ਜਨਾਂ ਕੈ = ਦੇ ਤਨ = ਸਰੀਰ ਨੂੰ ਪੇਟ = ਢਿੱਡ ਲਗਾ ਦਿੱਤੇ ਹਨ।

## ਮੁਖ ਚਾਰ ਨ ਫੇਰ ਬਿਚਾਰ ਕੀਯੋ, ਤ੍ਰਿਨ ਪੱਲਵ ਨਾਹਿ ਅਹਾਰ ਬਨਾਏ ॥

ਉਸ ਬ੍ਰਹਮਾ ਦੇ ਚਾਰ ਮੁਖ ਹਨ ਪਰ ਫੇਰ ਵੀ ਉਸ ਨੇ ਕੋਈ ਵਿਚਾਰ ਨਹੀਂ ਕੀਤੀ ਕਿ ਜੇਕਰ ਤੂੰ ਸੰਤਾਂ ਮਹਾਤਮਾਂ ਦੇ ਸਰੀਰ ਨੂੰ ਢਿੱਡ ਲਗਾ ਹੀ ਦਿੱਤੇ ਹਨ ਤਾਂ ਫੇਰ ਉਨ੍ਹਾਂ ਲਈ ਜੰਗਲ ਵਿਚ ਤ੍ਰਿਨ = ਘਾਹ ਤੇ ਪਲਵ = ਪੱਤੇ ਆਦਿ ਦਾ ਅਹਾਰ = ਭੋਜਨ ਕਿਉਂ ਨਹੀਂ ਬਨਾਏ = ਬਣਾਉਣਾ ਕੀਤਾ। ਜੈਸਾ ਕਿ :

**ਪੇਟ ਕੀ ਪਿਟਾਰੀ ਲਾਈ ਕ੍ਰੂਰ ਮੁਖ ਚਾਰੀ ਪੂਰ ਪੂਰ ਸਭ ਹਾਰੀ ਠਾਗੀ ਵਿਸ ਸਾਰੀ ਹੈ ॥੩॥**

*(ਵੈਰਾਗ ਸ਼ਤਕ, ਅਧਿ: ੫)*

## ਅਤਿ ਦੀਨ ਮਲੀਨ ਦੁਖੀ ਨਰ ਜੋ; ਤਿਨ ਕੇ ਘਰ ਭੀਤਰ ਭੀਖ ਮੰਗਾਏ ॥

ਇਸ ਸੰਸਾਰ ਵਿਚ ਜੋ = ਜਿਹੜੇ ਅਤਿ = ਅਤਿਅੰਤ ਦੀਨ = ਗ਼ਰੀਬ, ਮਲੀਨ = ਮੈਲੇ ਤੇ ਦੁਖੀ ਨਰ = ਮਨੁੱਖ ਹਨ, ਤਿਨ = ਉਨ੍ਹਾਂ ਕੇ = ਦੇ ਘਰਾਂ ਵਿਚ ਸੰਤ ਜਨਾਂ ਕੋਲੋਂ ਭੀਖ = ਭਿੱਖਿਆ ਮੰਗਾਏ = ਮੰਗਵਾ ਦਿੱਤੀ, ਭਾਵ ਸੰਤ ਜਨਾਂ ਨੂੰ ਇਸ ਪੇਟ ਦੇ ਭਰਨ ਲਈ ਦਰ ਦਰ 'ਤੇ ਜਾ ਕੇ ਮੰਗਣਾ ਪੈਂਦਾ ਹੈ।

## ਮਨ ਕੇ ਅਨੁਸਾਰ ਰਚੇ ਜਗ ਕੋ ਬਿਧਿ; ਜਾਨਤ ਹੋਂ ਨਹ ਸੀਖ ਬਨਾਏ ॥੧੦੬॥

ਹੇ ਬਿਧਿ = ਬ੍ਰਹਮਾ! ਤੂੰ ਆਪਣੇ ਮਨ ਕੇ = ਦੇ ਅਨੁਸਾਰ ਭਾਵ ਆਪਣੇ ਮਨ ਦੀ ਮਰਜ਼ੀ ਨਾਲ ਹੀ ਜਗ = ਸੰਸਾਰ ਕੋ = ਨੂੰ ਰਚੇ = ਰਚ, ਬਣਾ ਦਿੱਤਾ ਹੈ, ਮੈਂ ਜਾਨਤ = ਜਾਣਦਾ ਹੋਂ = ਹਾਂ ਕਿ ਹੇ ਬ੍ਰਹਮਾ! ਤੂੰ ਕਿਸੇ ਕੋਲੋਂ ਕੁਝ ਸਿੱਖ ਕੇ ਨਹੀਂ ਬਨਾਏ = ਬਣਾਉਣਾ ਕੀਤਾ ॥੧੦੬॥

ਉਪ੍ਰੋਕਤ ਸ੍ਵੈਯੇ ਵਿਚ ਉਲਾਂਭਾ ਦਿੱਤਾ ਕਿ ਤੂੰ ਐਸਾ ਸੰਤਾਂ ਲਈ ਕਿਉਂ ਕੀਤਾ, ਫਿਰ ਬ੍ਰਹਮਾ ਵਲੋਂ ਉੱਤਰ ਵਿਚ ਅਗਲਾ ਸ੍ਵੈਯਾ ਉਚਾਰਣ ਕੀਤਾ।

## ਸ੍ਵੈਯਾ ॥

## ਸੁਭ ਸੰਤ ਕਰੇ ਤਪਸਾ ਤਨ ਕੈ; ਮਨ ਕੈ ਹਰਿ ਸੇਵਤ ਧ੍ਯਾਨ ਲਗਾਏ ॥

ਸੁਭ = ਸ੍ਰੇਸ਼ਟ ਜੀਵਨ ਵਾਲੇ ਸੰਤ = ਮਹਾਤਮਾ ਜਨ ਆਪਣੇ ਤਨ = ਸਰੀਰ ਕੈ = ਕਰਕੇ ਤਪਸਾ = ਤਪੱਸਿਆ ਕਰਦੇ ਹਨ ਅਤੇ ਮਨ = ਹਿਰਦੇ ਕੈ = ਕਰਕੇ ਹਰਿ = ਪਰਮਾਤਮਾ ਨੂੰ ਸੇਵਤ = ਸੇਂਵਦੇ, ਭਾਵ ਉਸਦਾ ਨਾਮ ਧਿਆਉਂਦੇ ਹਨ ਅਤੇ ਉਸਦੇ ਸਰੂਪ ਦਾ ਧਿਆਨ ਲਗਾਏ = ਲਗਾਉਂਦੇ ਹਨ।

## ਜਿਨ ਕੇ ਪਦ ਤੀਰਥ ਤੇ ਅਤਿ ਪਾਵਨ; ਹੇਰਨ ਤੇ ਜਨ ਦੂਖ ਪਲਾਏ ॥

ਜਿਨ = ਜਿਨ੍ਹਾਂ ਸੰਤ ਜਨਾਂ ਕੇ = ਦੇ ਪਦ = ਚਰਨ ਤੀਰਥਾਂ ਤੇ = ਤੋਂ ਵੀ ਅਤਿ = ਅਤਿਅੰਤ ਪਾਵਨ = ਪਵਿੱਤਰ ਹਨ, ਉਨ੍ਹਾਂ ਦੇ ਦਰਸ਼ਨ ਹੇਰਨ = ਦੇਖਨ ਤੇ = ਤੋਂ ਹੀ ਜਨ = ਲੋਕਾਂ ਦੇ ਦੂਖ = ਕਸ਼ਟ ਪਲਾਏ = ਨਾਸ਼ ਹੋ ਜਾਂਦੇ ਹਨ।

## ਬਿਧਿ ਨੀਤਿ ਬਿਚਾਰ ਕਿਯੋ ਮਨ ਮੈਂ; ਸੁਭ ਸੰਤਨ ਕੇ ਤਨ ਪੇਟ ਲਗਾਏ ॥

ਇਹ ਬਿਧਿ = ਬਿਧਾਤੇ ਨੇ ਨੀਤਿ = ਨੀਤੀ ਦੀ, ਚੰਗੀ ਵਿਚਾਰ ਆਪਣੇ ਮਨ ਮੈਂ = ਵਿਚ ਕਿਯੋ = ਕੀਤੀ ਹੈ, ਜੋ ਸੁਭ = ਸ੍ਰੇਸ਼ਟ ਸੰਤਨ = ਮਹਾਤਮਾ ਜਨਾਂ ਕੇ = ਦੇ ਤਨ = ਸਰੀਰ ਨੂੰ ਪੇਟ = ਢਿੱਡ ਲਗਾਏ = ਲਗਾ ਦਿੱਤੇ ਹਨ।

## ਮਿਸ ਭੋਜਨ ਕੇ ਸੁ ਰਟੇ ਘਰ ਮੈਂ; ਪਦ ਤੀਰਥ ਤੇ ਜਨ ਪਾਪ ਮਿਟਾਏ ॥੧੦੭॥

ਕਿਉਂਕਿ ਸੰਤ ਜਨ ਭੋਜਨ ਮੰਗਣ ਦੇ ਮਿਸ = ਬਹਾਨੇ ਘਰਾਂ ਘਰਾਂ ਦੇ ਮੈਂ = ਵਿਚ ਰਟੇ = ਵਿਚਰਦੇ ਹਨ, ਉਨ੍ਹਾਂ ਦੇ ਤੀਰਥਾਂ ਤੇ = ਨਾਲੋਂ ਵੀ ਪਵਿੱਤਰ ਪਦ = ਚਰਨ ਘਰਾਂ ਵਿਚ ਪੈਣ ਕਰਕੇ ਜਨ = ਮਨੁੱਖਾਂ ਦੇ ਪਾਪ = ਮੰਦ ਕਰਮ ਮਿਟਾਏ = ਮਿਟ ਜਾਂਦੇ ਹਨ, ਜਿਸ ਕਰਕੇ ਉਨ੍ਹਾਂ ਦਾ ਵੀ ਭਲਾ ਹੋ ਜਾਂਦਾ ਹੈ ॥੧੦੭॥

ਅੱਗੇ ਸੰਤ ਜਨਾਂ ਦੇ ਸੁਭਾਅ ਬਾਬਤ ਕਥਨ ਕਰਦੇ ਹਨ :

## ਸ੍ਵੈਯਾ ॥ ਮਾਨ ਅਮਾਨ ਨਹੀਂ ਜਿਨ ਕੋ; ਸੁ ਨਹੀਂ ਧਨ ਨੀਰ ਤ੍ਰਿਖਾ ਉਰ ਭਾਰੀ ॥

ਜਿਨ = ਜਿਨ੍ਹਾਂ ਸੰਤ ਜਨਾਂ ਕੋ = ਨੂੰ ਮਾਨ = ਆਦਰ, ਅਮਾਨ = ਨਿਰਾਦਰ ਨਹੀਂ ਹੈ, ਭਾਵ ਆਪਣੇ ਆਦਰ ਦੀ ਇੱਛਾ ਨਹੀਂ ਹੁੰਦੀ ਤੇ ਨਿਰਾਦਰ ਹੋਣ 'ਤੇ ਮਨ ਵਿਚ ਕੋਈ ਗ਼ੁੱਸਾ, ਦ੍ਵੈਸ਼ ਨਹੀਂ ਆਉਂਦੀ ਅਤੇ ਉਨ੍ਹਾਂ ਦੇ ਉਰਿ = ਹਿਰਦੇ ਵਿਚ ਪਰਾਈ ਧਨ = ਦੌਲਤ ਰੂਪੀ ਨੀਰ = ਪਾਣੀ ਦੀ ਭਾਰੀ = ਬਹੁਤੀ ਤ੍ਰਿਖਾ = ਪਿਆਸਾ ਵੀ ਨਹੀਂ ਹੈ।

## ਜੀਵਨ ਆਸ ਨਹੀਂ ਉਰ ਮੈਂ; ਪੁਨ ਕਾਲਹ ਕੀ ਮਨ ਚਿੰਤ ਬਿਸਾਰੀ ॥

ਸੰਤ ਜਨਾਂ ਨੇ ਆਪਣੇ ਉਰ = ਮਨ ਮੈਂ = ਵਿਚ ਜੀਵਨ = ਜਿਉਣ ਦੀ ਆਸ = ਉਮੀਦ ਵੀ ਨਹੀਂ ਧਾਰੀ ਹੋਈ, ਪੁਨ = ਫੇਰ ਉਨ੍ਹਾਂ ਨੇ ਕਾਲਹ = ਮੌਤ ਕੀ = ਦੀ ਚਿੰਤ = ਚਿੰਤਾ ਵੀ ਆਪਣੇ ਮਨ ਵਿੱਚੋਂ ਬਿਸਾਰੀ = ਭੁਲਾ ਦਿੱਤੀ ਹੈ।

## ਹੈ ਉਰ ਮਾਂਹ ਖਿਮਾ ਪਰਿਪੂਰਨ, ਤੂਰਨ ਗ੍ਯਾਨ ਕਲਾ ਉਰ ਧਾਰੀ ॥

ਸੰਤ ਜਨਾਂ ਦੇ ਉਰ = ਹਿਰਦੇ ਮਾਂਹ = ਵਿਚ ਖਿਮਾ ਦਾ ਗੁਣ ਪਰਿਪੂਰਨ = ਲਬਾਲਬ ਭਰਿਆ ਹੋਇਆ ਹੈ ਅਤੇ ਨਿਜ ਸਰੂਪ ਦੇ ਗਿਆਨ ਦੀ ਕਲਾ = ਸ਼ਕਤੀ ਤੂਰਨ = ਛੇਤੀ ਹੀ ਆਪਣੇ ਉਰ = ਹਿਰਦੇ ਵਿਚ ਧਾਰੀ = ਧਾਰਨ ਕੀਤੀ ਹੋਈ ਹੈ।

## ਸੰਤ ਇਸੇ ਵਿਰਲੇ ਪਿਖੀਏ; ਭਵ ਮੰਡਲ ਮੈਂ ਜਨ ਕੋ ਸੁਖਕਾਰੀ ॥੧੦੮॥

ਇਸੇ = ਅਜਿਹੇ ਜੀਵਨ ਵਾਲੇ ਸੰਤ = ਸ਼ਾਂਤ-ਚਿਤ ਮਹਾਤਮਾ ਜਨ ਵਿਰਲੇ = ਟਾਵੇਂ ਟਾਵੇਂ ਹੀ ਪਿਖੀਏ = ਵੇਖੇ ਜਾਂਦੇ ਹਨ, ਜੋ ਇਸ ਭਵ = ਸੰਸਾਰ, ਮੰਡਲ = ਗੋਲਾਕਾਰ ਧਰਤੀ ਮੈ = ਵਿਚ ਜਨ = ਮਨੁੱਖਾਂ ਕੋ = ਨੂੰ ਸੁਖਕਾਰੀ = ਸੁੱਖ ਦੇਣ ਵਾਲੇ ਹਨ ॥੧੦੮॥

ਅਗਲੇ ਸਵੱਈਏ ਵਿਚ ਰੂਪਕ ਅਲੰਕਾਰ ਦੁਆਰਾ ਸੰਤਾਂ ਦੀ ਸੰਗਤ ਨੂੰ ਅੰਬਾਂ ਦਾ ਬਾਗ਼ ਕਥਨ ਕਰਦੇ ਹੋਏ ਸਾਧ ਸੰਗਤ ਦੀ ਮਹਿਮਾ ਕਥਨ ਕਰਦੇ ਹਨ :

## ਸ੍ਵੈਯਾ ॥

## ਜਗ ਸੂਰਜ ਆਤਪ ਦੂਖ ਮਿਟੇ; ਫਲ ਸੂਖ ਸੁ ਨਿੰਮ੍ਰਿਤ ਹੈ ਜਗ ਮਾਹੀ ॥

ਜਿਸ ਪ੍ਰਕਾਰ ਅੰਬ ਦੇ ਬਾਗ਼ ਵਿਚ ਜਾ ਕੇ ਅੰਬਾਂ ਦੀ ਛਾਂ ਹੇਠਾਂ ਬੈਠ ਕੇ ਸੂਰਜ ਦੀ ਧੁੱਪ ਮਿਟ ਜਾਂਦੀ ਹੈ, ਤਿਵੇਂ ਇਸ ਜਗ = ਸੰਸਾਰ ਦੇ ਅੰਦਰ ਸੰਤ ਸੰਗਤ ਰੂਪੀ ਅੰਬਾਂ ਦੇ ਬਾਗ਼ ਵਿਚ ਜਾ ਕੇ ਅਗਿਆਨ ਰੂਪੀ ਸੂਰਜ ਦੀ ਈਰਖਾ, ਤ੍ਰਿਸ਼ਨਾ, ਪਾਪਾਂ ਰੂਪੀ ਆਤਪ = ਧੁੱਪ ਦਾ ਦੂਖ = ਕਸ਼ਟ ਮਿਟੇ = ਨਾਸ਼ ਹੋ ਜਾਂਦਾ ਹੈ।

ਜਿਵੇਂ ਅੰਬਾਂ ਨੂੰ ਫਲ ਲੱਗਦਾ ਹੈ ਤੇ ਉਸਦੇ ਟਾਹਣੇ ਫਲਾਂ ਦੇ ਭਾਰ ਨਾਲ ਹੇਠਾਂ ਨੂੰ ਝੁਕ ਜਾਂਦੇ ਹਨ, ਤਿਵੇਂ ਸਾਧਸੰਗਤ ਵਿਚ ਸੁੱਖ ਰੂਪੀ ਫਲ ਲੱਗਦਾ ਹੈ ਅਤੇ ਸੰਤ ਜਨ ਇਸ ਜਗ = ਸੰਸਾਰ ਮਾਹੀ = ਵਿਚ ਅਤਿਅੰਤ ਨਿਮਰਤਾ ਦੇ ਗੁਣ ਨੂੰ ਧਾਰਨ ਰੂਪ ਝੁਕਦੇ ਹਨ।

## ਪਿਕ ਵਾਕ ਰਟੇ ਸੁਭ ਬੈਨ ਜਹਾਂ; ਨਿਜ ਬੋਧ ਸੁ ਸੌਰਭ ਹੈ ਜਗ ਮਾਹੀ ॥

ਜਿਸ ਪ੍ਰਕਾਰ ਅੰਬਾਂ ਦੇ ਬ੍ਰਿਛ ਉੱਪਰ ਪਿਕ = ਕੋਇਲ ਆਪਣੀ ਮਿੱਠੀ ਵਾਕ = ਅਵਾਜ਼ ਵਿਚ ਕੂ-ਕੂ ਰਟੇ = ਬੋਲਦੀ ਹੈ, ਤਿਵੇਂ ਸਾਧਸੰਗਤ ਵਿਚ ਸੰਤ ਜਨ ਸੁਭ = ਸ੍ਰੇਸ਼ਟ ਬੈਨ = ਬਚਨ ਬੋਲਦੇ ਹਨ, ਭਾਵ ਉਨ੍ਹਾਂ ਦੀ ਰਸਨਾ ਕੋਇਲ ਦੀ ਨਿਆਈਂ ਹੈ।

ਜਿਵੇਂ ਅੰਬਾਂ ਵਿੱਚੋਂ ਥੋੜ੍ਹੀ ਥੋੜ੍ਹੀ ਸੁਗੰਧੀ ਆਉਂਦੀ ਹੈ ਤਿਵੇਂ ਇਸ ਜਗ = ਸੰਸਾਰ ਮਾਹੀ = ਵਿਚ ਜੋ ਸੰਤ ਜਨਾਂ ਨੂੰ ਨਿਜ = ਆਪਣੇ ਸਰੂਪ ਦਾ ਬੋਧ = ਗਿਆਨ ਪ੍ਰਾਪਤ ਹੋਇਆ ਹੈ, ਇਹ ਬਹੁਤ ਸੁ = ਸ੍ਰੇਸ਼ਟ, ਸੁੰਦਰ ਸੌਰਭ = ਸੁਗੰਧੀ ਆ ਰਹੀ ਹੈ।

## ਸੁਭ ਸਾਧਨ ਪੱਲਵ ਛਾਜਤ ਹੈ; ਜਲ ਸਾਂਤਿ ਭਰੇ ਅਲਬਾਲਨ ਮਾਹੀ ॥

ਸਤ, ਸੰਤੋਖ, ਦਇਆ ਧਰਮ ਆਦਿ ਸੁਭ = ਸ੍ਰੇਸ਼ਟ ਸਾਧਨਾ ਰੂਪੀ ਪਲਵ = ਪੱਤੇ ਛਾਜਤ = ਫੱਬ ਰਹੇ ਹਨ ਅਤੇ ਸੰਤ ਜਨਾਂ ਦੇ ਹਿਰਦੇ ਰੂਪੀ ਅਲਬਾਲਨ[੧] = ਗੋਲ ਕਿਆਰੇ ਮਾਹੀ = ਵਿਚ ਸਾਂਤਿ = ਸ਼ਾਂਤੀ ਰੂਪੀ ਜਲ = ਪਾਣੀ ਭਰਿਆ ਹੋਇਆ ਹੈ।

## ਚਲ ਰੇ ਮਨ ਢੀਲ ਕਰੋ ਨ ਅਬੈ; ਸੁਭ ਸੰਤ ਰਸਾਲਨ ਕੇ ਬਨ ਮਾਹੀ ॥੧੦੯॥

ਆਪਣੇ ਮਨ ਨੂੰ ਸਿੱਖਿਆ ਦੇਂਦੇ ਹਨ ਕਿ ਰੇ = ਹੇ ਮੇਰੇ ਮਨਾਂ ! ਅਬੈ = ਹੁਣ ਤੂੰ ਕੋਈ ਢੀਲ = ਢਿੱਲ, ਦੇਰੀ ਨਾ ਕਰ। ਛੇਤੀ ਨਾਲ ਸੁਭ = ਸ੍ਰੇਸ਼ਟ ਸੰਤ = ਮਹਾਤਮਾ ਦੇ ਸੰਗਤ ਰੂਪੀ ਰਸਾਲਨ = ਰਸ ਵਾਲੇ ਬਨ = ਬਾਗ਼ ਦੇ ਮਾਹੀ = ਵਿਚ ਜਾਣਾ ਕਰ॥੧੦੯॥

## ਦੋਹਰਾ ॥ ਵਿਦਯਾ ਧਨ ਕੋ ਪਾਇ ਕਰ; ਨਿੰਮ੍ਰਿਤ ਪੁਰਖ ਉਦਾਰ ॥

ਉਦਾਰ = ਸ੍ਰੇਸ਼ਟ ਪੁਰਖ ਵਿੱਦਿਆ ਅਤੇ ਧਨ = ਦੌਲਤ, ਪਦਾਰਥ ਆਦਿ ਪਾਇ = ਪਾ ਕਰ = ਕਰਕੇ ਨਿਮਰਤਾ ਦੇ ਸਹਿਤ ਹੋ ਜਾਂਦੇ ਹਨ।

## ਕੀਰਤਿ ਯਾ ਜਗ ਮੈਂ ਘਨੀ; ਬਹੁਰੋ ਸੁਖ ਅਪਾਰ ॥੧੧੦॥

ਜਿਸ ਕਰਕੇ ਯਾ = ਇਸ ਜਗ = ਸੰਸਾਰ ਮੈ = ਵਿਚ ਉਨ੍ਹਾਂ ਦੀ ਘਨੀ = ਬਹੁਤ ਕੀਰਤਿ = ਵਡਿਆਈ ਹੁੰਦੀ ਹੈ ਅਤੇ ਬਹੁਰੋ = ਫੇਰ ਉਨ੍ਹਾਂ ਨੂੰ ਅਪਾਰ = ਬਿਅੰਤ ਸੁੱਖ ਵੀ ਪ੍ਰਾਪਤ ਹੋ ਜਾਂਦੇ ਹਨ॥੧੧੦॥

## ਸ੍ਵੈਯਾ ॥

## ਫਲ ਭੂਰ ਭਏ ਤਰ ਭੂਮਿ ਲਟੇ; ਅਰਥੀ ਨਹਿ ਲੇਵਨ ਮੈਂ ਦੁਖ ਪਾਵੈ ॥

ਜਦੋਂ ਫਲਾਂ ਵਾਲੇ ਬ੍ਰਿਛ ਨੂੰ ਭੂਰ = ਬਹੁਤ ਸਾਰੇ ਫਲ ਲੱਗ ਜਾਂਦੇ ਹਨ ਤਾਂ ਉਹ ਤਰ = ਬ੍ਰਿਛ

---

੧. **ਅਲਬਾਲਨ**—ਜੋ ਬ੍ਰਿਛ ਦੇ ਆਲੇ-ਦੁਆਲੇ ਪਾਣੀ ਪਾਉਣ ਲਈ ਵੱਟ ਜਿਹੀ ਕੀਤੀ ਹੁੰਦੀ ਹੈ, ਉਸਨੂੰ 'ਅਲਬਾਲਨ' ਆਖਦੇ ਹਨ।

ਭੂਮਿ = ਧਰਤੀ ਵੱਲ ਨੂੰ ਲਟੇ = ਲਟਕ, ਝੁਕ ਜਾਂਦਾ ਹੈ; ਤਾਂ ਕਿ ਅਰਥੀ = ਲੋੜਵੰਦ, ਸਵਾਲੀ ਨੂੰ ਉਹ ਫਲ ਲੈਣ ਲੱਗਿਆਂ ਕੋਈ ਦੁਖ = ਕਸ਼ਟ ਪਾਵੈ = ਪ੍ਰਾਪਤ ਨਾ ਹੋਵੇ।

## ਨਭ ਨੂਤਨ ਨੀਰ ਭਰੇ ਬਦਰਾ; ਲਟ ਭੂਮਿ ਵਿਖੈ ਜਲ ਧਾਰ ਬਹਾਵੈ ॥

ਜਿਸ ਸਮੇਂ ਨਭ = ਅਕਾਸ਼ ਅੰਦਰ ਬਦਰਾ = ਬੱਦਲਾਂ ਵਿਚ ਨੂਤਨ = ਨਵੀਨ ਨੀਰ = ਪਾਣੀ ਭਰੇ = ਭਰ ਜਾਂਦਾ ਹੈ, ਤਦੋਂ ਉਹ ਬੱਦਲ ਵੀ ਭੂਮਿ = ਧਰਤੀ ਵੱਲ ਨੂੰ ਲਟ = ਝੁਕ ਕੇ ਜਲ = ਪਾਣੀ ਦੀ ਧਾਰ = ਧਾਰਾ ਭਾਵ ਵਰਖਾ ਬਹਾਵੈ = ਵਰਸਾਉਂਦੇ ਹਨ।

## ਨਰ ਉਤਮ ਸੰਪਤਿ ਪਾਇ ਭਲੇ; ਤਜ ਊਰਧਤਾ ਉਪਕਾਰ ਕਮਾਵੈ ॥

ਤਿਵੇਂ ਹੀ ਉਤਮ = ਸ੍ਰੇਸ਼ਟ ਨਰ = ਮਨੁੱਖ ਭਲੇ = ਚੰਗੀ, ਭਾਵ ਬਹੁਤ ਸੰਪਤਿ = ਬਿਭੂਤੀ ਨੂੰ ਪਾਇ = ਪ੍ਰਾਪਤ ਕਰਕੇ ਆਪਣੇ ਊਰਧਤਾ = ਉੱਚੇਪਣ ਭਾਵ ਹੰਕਾਰ ਨੂੰ ਤਜ = ਤਿਆਗ ਕਰਕੇ ਉਪਕਾਰ = ਭਲਿਆਈ ਵਾਲੇ ਕਰਮ ਕਮਾਵੈ = ਕਮਾਉਣਾ ਕਰਦਾ ਹੈ, ਭਾਵ ਧਨ ਨੂੰ ਧਰਮ ਦੇ ਕੰਮਾਂ ਵਿਚ ਜਾਂ ਲੋੜਵੰਦਾਂ ਵਿਚ ਵੰਡਣਾ ਕਰਦਾ ਹੈ।

## ਗੁਣ ਨੀਰ ਫਲੰ ਧਨ ਦਾਨ ਕਰੇ; ਸੁਖ ਸੰਪਤਿ ਔ ਜਗ ਮੈ ਸੁਖ ਪਾਵੈ ॥੧੧੧॥

ਜਿਵੇਂ ਬੱਦਲ ਨੀਰ = ਪਾਣੀ ਵਰਸਾ ਦੇਂਦਾ ਹੈ ਅਤੇ ਬ੍ਰਿਛ ਵੀ ਫਲ ਦੂਜਿਆਂ ਨੂੰ ਦੇਂਦਾ ਹੈ ਤਿਵੇਂ ਇਹ ਗੁਣ ਧਾਰਨ ਕਰਕੇ ਮਨੁੱਖ ਧਨ ਨੂੰ ਗ਼ਰੀਬਾਂ, ਲੋੜਵੰਦਾਂ ਵਿਚ ਦਾਨ ਕਰਨਾ ਕਰੇ। ਜੋ ਮਨੁੱਖ ਦਾਨ ਕਰਦਾ ਹੈ ਉਸ ਨੂੰ ਸੁੱਖਾਂ ਦੀ ਸੰਪਤਿ = ਬਿਭੂਤੀ ਮਿਲਦੀ ਹੈ ਔ = ਅਤੇ ਉਹ ਮਨੁੱਖ ਇਸ ਜਗ = ਸੰਸਾਰ ਅੰਦਰ ਸਾਰੇ ਸੁੱਖ ਪਾਵੈ = ਪ੍ਰਾਪਤ ਕਰ ਲੈਂਦਾ ਹੈ ॥੧੧੧॥

## ਦੋਹਰਾ ॥

## ਗੁਣੀ ਗੁਰੂ ਉਪਦੇਸ਼ ਕੋ; ਰਾਖੋ ਮਨ ਨਿਰਧਾਰ ॥

ਹੇ ਭਾਈ ! ਗੁਣੀ = ਗੁਣਵਾਨ, ਸਿਆਣੇ ਮਨੁੱਖਾਂ ਦੀ ਕਹੀ ਹੋਈ ਗੱਲ ਅਤੇ ਗੁਰੂ ਦੇ ਉਪਦੇਸ਼ ਕੋ = ਨੂੰ ਨਿਰਧਾਰ = ਨਿਰਣਾ ਕਰਕੇ, ਭਾਵ ਚੰਗੀ ਤਰ੍ਹਾਂ ਸੋਚ ਵਿਚਾਰ ਨਾਲ ਆਪਣੇ ਮਨ = ਹਿਰਦੇ ਅੰਦਰ ਵਸਾ ਕੇ ਰਾਖੋ = ਰੱਖਣਾ ਕਰ।

## ਬੰਧਨ ਤੇਰੇ ਜਗਤ ਕੇ; ਮਿਟਤ ਨ ਲਾਗੇ ਬਾਰ ॥੧੧੨॥

ਹੇ ਭਾਈ ! ਗੁਰਾਂ ਦਾ ਉਪਦੇਸ਼ ਤੇਰੇ ਜਗਤ = ਸੰਸਾਰ ਕੇ = ਦੇ ਪਏ ਹੋਏ ਬੰਧਨ = ਜੰਜਾਲ = ਤੋੜ ਦੇਵੇਗਾ ਅਤੇ ਸਾਰੇ ਬੰਧਨਾਂ ਨੂੰ ਮਿਟਤ = ਨਾਸ਼ ਹੁੰਦਿਆਂ ਕੋਈ ਬਾਰ = ਦੇਰੀ ਨਹੀਂ ਲਾਗੇ = ਲੱਗੇਗੀ ॥੧੧੨॥

## ਸ੍ਵੈਯਾ ॥

## ਗੁਰ ਬੈਨ ਮਹਾ ਤਮ ਹਾਰਿਕ ਜੇ; ਵਹਿ ਆਇ ਪਰੇ ਅਬ ਕਾਨ ਹਮਾਰੇ ॥

ਹੇ ਭਾਈ ! ਗੁਰੂ ਸਾਹਿਬ ਜੀ ਦੇ ਬੈਨ = ਬਚਨ ਜੇ = ਜਿਹੜੇ ਮਹਾਂ = ਵੱਡੇ ਅਗਿਆਨਤਾ ਦੇ ਹਨੇਰੇ ਨੂੰ ਹਾਰਿਕ = ਨਾਸ਼ ਕਰਨ ਵਾਲੇ ਹਨ, ਵਹਿ = ਉਹ ਬਚਨ ਅਬ = ਹੁਣ ਹਮਾਰੇ = ਸਾਡੇ ਕਾਨ = ਕੰਨਾਂ ਵਿਚ ਪਰੇ = ਪੈ ਗਏ ਹਨ, ਭਾਵ ਮੈਨੂੰ ਹੁਣ ਗੁਰੂ ਦੀ ਸਿੱਖਿਆ ਪ੍ਰਾਪਤ ਹੋ ਗਈ ਹੈ।

## ਇਕ ਮੋਹੁ ਹੁਤੋ ਮਮ ਸੰਗ ਸਦਾ; ਗੁਰ ਬੈਨ ਸੁ ਪੂਤ ਵਹੀ ਹਨ ਡਾਰੇ ॥

ਇਕ ਜੋ ਪਦਾਰਥਾਂ, ਸਰੀਰਾਂ ਆਦਿ ਦਾ ਮੋਹ **ਵਾ:** ਅਗਿਆਨ ਸਦਾ = ਹਮੇਸ਼ਾਂ ਮਮ = ਮੇਰੇ ਸੰਗ = ਨਾਲ ਹੀ ਹੁਤੋ = ਹੁੰਦਾ ਸੀ, ਗੁਰੂ ਜੀ ਦੇ ਸੁ = ਸ੍ਰੇਸ਼ਟ ਪੂਤ = ਪਵਿੱਤਰ ਬੈਨ = ਬਚਨਾਂ ਦੇ ਨਾਲ ਵਹੀ = ਉਸ ਮੋਹ, ਅਗਿਆਨ ਨੂੰ ਹਨ = ਮਾਰ ਡਾਰੇ = ਸੁੱਟਿਆ ਹੈ।

## ਅਬ ਤੂਰਣ ਮੋਖ ਗਹਯੋ ਹਮ ਕੋ, ਨਹਿ ਛਾਡਤ ਹੈ ਬਿਨ ਪ੍ਰਾਨ ਨਿਕਾਰੇ ॥

ਅਬ = ਹੁਣ ਤੂਰਣ = ਛੇਤੀ ਹੀ ਹਮ = ਅਸਾਂ ਕੋ = ਨੂੰ ਮੋਖ = ਮੁਕਤੀ ਨੇ ਗਹਯੋ = ਗ੍ਰਹਿਣ ਕਰ ਲਿਆ ਹੈ, ਭਾਵ ਛੇਤੀ ਹੀ ਮੁਕਤੀ ਪ੍ਰਾਪਤ ਹੋ ਜਾਵੇਗੀ ਅਤੇ ਉਹ ਮੁਕਤੀ ਸਾਡੇ ਪ੍ਰਾਨ = ਸ੍ਵਾਸ ਨਿਕਾਰੇ = ਕੱਢੇ ਤੋਂ ਬਿਨ = ਬਗ਼ੈਰ ਸਾਨੂੰ ਨਹਿ = ਨਹੀਂ ਛਾਡਤ = ਛੱਡੇਗੀ।

## ਤ੍ਰਿਸ਼ਨੇ ਅਪਰਾਧ ਖਿਮਾ ਕਰੀਏ; ਹਮ ਛਾਡ ਚਲੇ ਅਬ ਸੰਗ ਤਿਹਾਰੇ ॥੧੧੩॥

ਹੇ ਤ੍ਰਿਸ਼ਨਾ ! ਤੂੰ ਮੇਰਾ ਅਪਰਾਧ = ਗੁਨਾਹ ਖਿਮਾ = ਮੁਆਫ਼ ਕਰੀਏ = ਕਰ ਦੇ ਕਿਉਂਕਿ ਅਬ = ਹੁਣ ਹਮ = ਅਸੀਂ ਤਿਹਾਰੇ = ਤੇਰੇ ਸੰਗ = ਸਾਥ ਨੂੰ ਛਾਡ = ਛੱਡ ਚੱਲੇ ਹਾਂ, ਭਾਵ ਅਸੀਂ ਹੁਣ ਸਤਿਗੁਰਾਂ ਦੇ ਉਪਦੇਸ਼ ਅਨੁਸਾਰ ਚੱਲਣ ਲੱਗ ਪਏ ਹਾਂ ॥੧੧੩॥

## ਸ੍ਵੈਯਾ ॥

## ਤਨ ਪ੍ਰਾਨ ਨ ਆਤਮ ਹੈ ਜਗ ਮੈ; ਦ੍ਰਿਗ ਆਦਿਕ ਆਤਮ ਮੂਲ ਨ ਹੋਈ ॥

ਹੇ ਭਾਈ ! ਇਸ ਜਗ = ਸੰਸਾਰ ਮੈ = ਵਿਚ ਤਨ = ਸਥੂਲ ਸਰੀਰ ਤੇ ਪ੍ਰਾਣ (ਪ੍ਰਾਣ, ਅਪਾਨ, ਸਮਾਨ, ਬਿਆਨ, ਉਦਿਆਨ) ਆਪਣੀ ਆਤਮਾ ਨਹੀਂ ਹੈ, ਫੇਰ ਦ੍ਰਿਗ = ਨੇਤ੍ਰ ਆਦਿ ਇੰਦ੍ਰੇ ਮੂਲ = ਕਦਾਚਿਤ ਵੀ ਆਤਮਾ ਨਹੀਂ ਹੋ ਸਕਦੇ।

## ਨਹਿ ਬੁੱਧਿ ਨ ਅਨੰਦ ਕੋਸ ਸੁਨੋ; ਅਵਿਭਾਸਕ ਦੀਪ ਅਹੇ ਸਮ ਸੋਈ ॥

ਨਹਿ = ਨਾ ਹੀ ਬੁੱਧਿ = ਬੁੱਧੀ ਆਤਮਾ ਅਤੇ ਸੁਨੋ = ਸੁਣਨਾ ਕਰੋ ਅਨੰਦ ਮਯ ਕੋਸ਼ ਵੀ ਆਤਮਾ ਦਾ ਸਰੂਪ ਨਹੀਂ ਹੈ। ਸੋਈ = ਉਹ ਆਤਮਾ ਤਾਂ ਦੀਪ = ਦੀਵੇ ਦੇ ਸਮ = ਸਮਾਨ ਅਵਿਭਾਸਕ = ਹਿਰਦੇ ਅੰਦਰ ਪ੍ਰਕਾਸ਼ ਕਰਨ ਵਾਲਾ ਪ੍ਰਕਾਸ਼ ਸਰੂਪ ਹੈ।

## ਤਨ ਆਦਿਕ ਪੰਚ ਅਨਾਤਮਤਾ; ਪੁਨ ਬੇਦ ਪੁਰਾਨ ਕਹੇ ਸਭ ਕੋਈ ॥

ਤਨ = ਸਰੀਰ ਪੰਚ = ਪੰਜੇ ਪ੍ਰਾਣ, ਕੋਸ਼ ਆਦਿ ਅਨਾਤਮਤਾ = ਆਤਮਾ ਦਾ ਸਰੂਪ ਨਹੀਂ ਹੈ, ਪੁਨ = ਫੇਰ ਇਸ ਗੱਲ ਨੂੰ ਤਾਂ ਚਾਰੇ ਬੇਦ ਤੇ ਅਠਾਰਾਂ ਪੁਰਾਣ ਆਦਿ ਸਭ = ਸਾਰੇ ਰਿਖੀ ਮੁਨੀ ਸਭ ਕੋਈ ਕਹੇ = ਆਖਦਾ ਹੈ।

## ਭਵ ਫੰਧਹ ਕੀ ਦ੍ਰਿੜ ਫਾਸ ਹੁਤੀ;
## ਗੁਰ ਬੈਨ ਅਸੀ ਖਿਨ ਭੀਤਰ ਖੋਈ ॥੧੧੪॥

ਜੋ ਭਵ = ਸੰਸਾਰ ਰੂਪੀ ਫੰਧਹ = ਫੰਧਕ ਕੀ = ਦੀ ਦੁੱਖਾਂ, ਬੰਧਨਾਂ ਰੂਪੀ ਦ੍ਰਿੜ = ਪੱਕੀ ਫਾਸ = ਫ਼ਾਹੀ

ਹੁਤੀ = ਹੁੰਦੀ ਸੀ, ਉਹ ਗੁਰੂ ਸਾਹਿਬ ਜੀ ਦੇ ਬੈਨ = ਬਚਨਾਂ ਰੂਪੀ ਅਸੀ = ਕਿਰਪਾਨ ਨੇ ਇਕ ਖਿਨ = ਛਿਨ ਦੇ ਸਮੇਂ ਭੀਤਰ = ਵਿਚ ਹੀ ਖੋਈ = ਨਾਸ਼ ਕਰ ਦਿੱਤੀ ਹੈ॥੧੧੪॥

## ਸ੍ਵੈਯਾ ॥

## ਗੁਰ ਬੇਦ ਸੁ ਤੀਰਥ ਨੇਮ ਮਹਾਂ; ਬ੍ਰਤ ਸੰਜਮ ਜੇ ਪਿਤ ਮਾਤ ਹਮਾਰੇ ॥

ਸੁ = ਸ੍ਰੇਸ਼ਟ ਗੁਰ = ਗੁਰੂ, ਚਾਰੇ ਬੇਦ, ਤੀਰਥ = ਪਵਿੱਤਰ ਅਸਥਾਨ, ਮਹਾਂ = ਬੇਅੰਤ ਨੇਮ = ਨਿਯਮ ਆਦਿ, ਬਰਤ, ਸੰਜਮ = ਇੰਦ੍ਰੇ ਕਾਬੂ ਵਿਚ ਰੱਖਣੇ ਅਤੇ ਜੇ = ਜਿਹੜੇ ਹਮਾਰੇ = ਸਾਡੇ ਪਿਤ ਮਾਤ = ਮਾਂ ਬਾਪ ਹਨ।

## ਹਰਿ ਭੂਮ ਸੁ ਨੀਰ ਸਮੀਰ ਬਲੀ; ਪੁਨ ਪਾਵਕ ਔਰ ਅਕਾਸ਼ ਉਦਾਰੇ ॥

ਜੋ ਹਰਿ = ਵਿਸ਼ਨੂੰ, ਭੂਮਿ = ਪ੍ਰਿਥਵੀ, ਸੁ = ਸ੍ਰੇਸ਼ਟ ਨੀਰ = ਪਾਣੀ ਤੇ ਬਲੀ = ਬਲ ਵਾਲੀ ਸਮੀਰ = ਹਵਾ ਪੁਨ = ਫੇਰ ਪਾਵਕ = ਅੱਗ ਔਰ = ਅਤੇ ਉਦਾਰੇ = ਸ੍ਰੇਸ਼ਟ ਅਕਾਸ਼ ਆਦਿ ਪੰਜ ਤੱਤ ਹਨ।

## ਤੁਮਰੇ ਉਪਕਾਰ ਸੁ ਗਯਾਨ ਲਏ; ਦ੍ਰਿੜ ਬੰਧਨ ਥੇ ਅਬ ਦੂਰ ਨਿਵਾਰੇ ॥

ਤੁਮਰੇ = ਤੁਹਾਡੇ ਉਪਕਾਰ ਕਰਕੇ ਹੀ ਮੈਂ ਆਪਣੇ ਨਿਜ ਸਰੂਪ ਦਾ ਸੁ = ਸ੍ਰੇਸ਼ਟ ਗਿਆਨ ਲਏ = ਪ੍ਰਾਪਤ ਕੀਤਾ ਹੈ ਜਿਹੜੇ ਮੈਨੂੰ ਪਹਿਲਾਂ ਕਰਮਾਂ-ਧਰਮਾਂ, ਹਉਮੈ ਆਦਿ ਦੇ ਦ੍ਰਿੜ = ਪੱਕੇ ਬੰਧਨ = ਜੰਜਾਲ ਪਏ ਹੋਏ ਥੇ = ਸਨ, ਉਹ ਅਬ = ਹੁਣ ਦੂਰ ਕਰਕੇ ਨਿਵਾਰੇ = ਨਵਿਰਤ ਕਰ ਲਏ ਹਨ।

## ਸਭ ਕੋ ਅਭਿਬੰਦਨ ਹੈ ਹਮਰੀ; ਹਮ ਹੂੰ ਪਰਮਾਤਮ ਧਾਮ ਸਿਧਾਰੇ ॥੧੧੫॥

ਹੁਣ ਤੁਹਾਨੂੰ ਸਭ = ਸਾਰਿਆਂ ਕੋ = ਨੂੰ ਹਮਰੀ = ਸਾਡੀ (ਅਭਿ+ਬੰਦਨ) ਅਭਿ = ਹਿਰਦੇ ਵਿੱਚੋਂ ਬੰਦਨ = ਨਮਸਕਾਰ ਹੈ, ਹਮ = ਅਸੀਂ ਹੁਣ ਹੂੰ = ਨਿਸ਼ਚੇ ਕਰਕੇ ਪਰਮਾਤਮ = ਪ੍ਰਭੂ ਦੇ ਧਾਮ = ਘਰ ਵਿਚ ਸਿਧਾਰ = ਚੱਲੇ ਹਾਂ॥੧੧੫॥

## ਸ੍ਵੈਯਾ ॥

## ਜੋ ਜਗ ਮਾਂਹਿ ਹਰੇ ਤਮ ਕੋ ਰਵਿ; ਤੋ ਜਗ ਮਾਂਹਿ ਸੁ ਤਾਪ ਲਗਾਈ ॥

ਜੋ = ਜਿਹੜਾ ਰਵਿ = ਸੂਰਜ ਇਸ ਜਗ = ਸੰਸਾਰ ਮਾਂਹਿ = ਵਿਚ ਤਮ = ਹਨੇਰੇ ਕੋ = ਨੂੰ ਹਰੇ = ਨਾਸ਼ ਕਰਦਾ ਹੈ, ਸੁ = ਉਹੀ ਸੂਰਜ ਇਸ ਜਗ = ਸੰਸਾਰ ਮਾਂਹਿ = ਵਿਚ ਧੁੱਪ ਤੋ = ਤੇ ਗਰਮੀ ਦੀ ਤਾਪ = ਤਪਸ਼ ਲਗਾਈ = ਲਗਾਉਂਦਾ ਹੈ।

## ਚੰਦ ਤਮਿਸ੍ਰ ਕੋ ਹਨ ਹੈ; ਤਿਨ ਤਾਪ ਨਹੀ, ਤਮ ਪੂਰ ਨ ਜਾਈ ॥

ਚੰਦ = ਚੰਦ੍ਰਮਾ ਵੀ ਤਮਿਸ੍ਰ = ਹਨੇਰੇ ਕੋ = ਨੂੰ ਹਨ = ਨਾਸ਼ ਕਰਦਾ ਹੈ ਅਤੇ ਤਿਨ = ਉਸਦੀ ਤਾਪ = ਤਪਸ਼ ਵੀ ਨਹੀਂ ਹੁੰਦੀ, ਪਰ ਉਸ ਕੋਲੋਂ ਤਮ = ਹਨੇਰਾ ਪੂਰ = ਪੂਰਾ, ਸਾਰਾ ਨਹੀਂ ਜਾਈ = ਜਾਂਦਾ ਭਾਵ ਚੰਦ੍ਰਮਾ ਕੋਲੋਂ ਹਨੇਰਾ ਪੂਰੀ ਤਰ੍ਹਾਂ ਨਾਲ ਖ਼ਤਮ ਨਹੀਂ ਹੁੰਦਾ। ਜੈਸਾ ਕਿ :

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥** *(ਅੰਗ ੪੬੩)*

## ਪੂਰਨ ਹੀ ਤਮ ਮਾਰਿ ਇਹਾਂ; ਗੁਰ ਬੇਦ ਸੁ ਆਨੰਦ ਮਾਹਿ ਸਮਾਈ ॥

ਪਰ ਪੂਰਨ = ਸਾਰਾ ਹੀ ਅਗਿਆਨਤਾ ਦਾ ਤਮ = ਹਨੇਰਾ ਇਹਾਂ = ਇਸ ਹਿਰਦੇ ਵਿਚੋਂ ਮਾਰਿ = ਨਾਸ਼ ਕਰਕੇ ਗੁਰੂ ਅਤੇ ਬੇਦ ਨੇ **ਵਾ:** ਗੁਰੂ ਦੇ ਬੇਦ = ਗਿਆਨ ਨੇ ਅਨੰਦ ਸਰੂਪ ਮਾਹਿ = ਵਿਚ ਸਮਾਈ ਕਰਾ ਦਿੱਤੀ ਹੈ।

## ਯਾ ਜਗ ਮੈ ਗੁਰ ਬੇਦਨ ਕੀ; ਉਪਮਾ ਸਮ ਢੂੰਢਤ ਨਾ ਕਛੁ ਪਾਈ ॥੧੧੬॥

ਕਵੀ ਜੀ ਕਥਨ ਕਰਦੇ ਹਨ ਕਿ ਯਾ = ਇਸ ਜਗ = ਸੰਸਾਰ ਦੇ ਮੈ = ਵਿਚ ਗੁਰੂ ਦੀ ਉਪਮਾ = ਵਡਿਆਈ ਦੀ ਸਮ = ਸਮਤਾ ਢੂੰਢਤ = ਲੱਭ ਰਿਹਾ ਹਾਂ ਪਰ ਕਛੁ = ਕੁਝ ਵੀ ਉਪਮਾ ਨਹੀਂ ਪਾਈ = ਪਾਉਣੀ ਕੀਤੀ, ਭਾਵ ਗੁਰੂ ਦੀ ਉਪਮਾ ਦੇ ਤੁਲ ਕੋਈ ਪਹੁੰਚ ਹੀ ਨਹੀਂ ਸਕਦਾ। ਬੇਦਨ = ਜੋ ਆਦਿ ਕਾਲ ਦੀ ਬਾਣੀ ਹੈ, ਇਸ ਵਿਚ ਭੀ ਗੁਰੂ ਤੁਲ ਹੋਰ ਕਿਸੇ ਦੀ ਉਪਮਾ ਕਹੀ ਨਹੀਂ ਜਾਂਦੀ। ਸੰਸਾਰ ਅਤੇ ਬੇਦਾਂ ਵਿਚ ਇਸ ਬਰਾਬਰ ਹੋਰ ਕੋਈ ਵਡਿਆਈ ਤੁਲ ਨਹੀਂ ਹੋ ਸਕਦੀ।

ਮਾਤਾ ਨੂੰ ਕਿਹੋ ਜਿਹੀ ਸੰਤਾਨ ਪੈਦਾ ਕਰਨੀ ਚਾਹੀਦੀ ਹੈ, ਉਸ ਦਾ ਕਥਨ ਕਰਦੇ ਹਨ।

## ਦੋਹਰਾ ॥ ਕੈ ਪਦਵੀ ਹਰਿ ਭਗਤਿ ਹੈ; ਕੈ ਅਰਿ ਕੋ ਦਲ ਨਾਸ ॥

ਸੰਸਾਰ ਦੇ ਅੰਦਰ ਤਿੰਨ ਪਦਵੀਆਂ ਹਨ ਕੈ = ਜਾਂ ਤਾਂ ਮਨੁੱਖ ਹਰਿ = ਪਰਮਾਤਮਾ ਦੀ ਭਗਤਿ = ਭਗਤੀ ਦੀ ਪਦਵੀ ਪ੍ਰਾਪਤ ਕਰੇ, ਕੈ = ਜਾਂ ਫੇਰ ਅਰਿ = ਦੁਸ਼ਮਨ ਦੀਆਂ ਦਲ = ਫ਼ੌਜਾਂ ਕੋ = ਨੂੰ ਜੁੱਧ ਵਿਚ ਨਾਸ਼ ਕਰੇ।

## ਕੈ ਸਿਰ ਲੌ ਧਨ ਦਾਨ ਹੈ; ਇਨ ਬਿਨ ਕ੍ਰਿਮ ਸਮ ਵਾਸ ॥੧੧੭॥

ਕੈ = ਜਾਂ ਫੇਰ ਐਸਾ ਦਾਨੀ ਹੋਵੇ ਕਿ ਆਪਣੇ ਸਿਰ ਲੌਂ = ਤਕ ਸਾਰਾ ਧਨ ਵੀ ਦਾਨ ਕਰ ਦੇਵੇ। ਇਨ੍ਹਾਂ ਤਿੰਨਾਂ ਪਦਵੀਆਂ ਤੋਂ ਬਿਨ = ਬਗ਼ੈਰ ਮਨੁੱਖ ਦਾ ਕ੍ਰਿਮ = ਕੀੜਿਆਂ ਦੇ ਸਮ = ਸਦਰਸ਼ ਵਾਸ = ਨਿਵਾਸ ਹੈ ॥੧੧੭॥ ਉਪ੍ਰੋਕਤ ਦੋਹਰੇ ਦਾ ਸਿਧਾਂਤ ਹੁਣ ਸ੍ਵੈਯੇ ਵਿਚ ਵਿਸਥਾਰ ਨਾਲ ਕਥਨ ਕਰਦੇ ਹਨ :

## ਸ੍ਵੈਯਾ ॥

## ਹਰਿ ਨਾਮ ਭਜੇ ਜਗ ਭੀਤਰ ਜੋ; ਜਨਨੀ ਸੁਤ ਯਾ ਬਿਧਿ ਕੋ ਉਪਜਾਏ ॥

ਹੇ ਭਾਈ ! ਜੋ = ਜਿਹੜਾ ਇਸ ਜਗ = ਸੰਸਾਰ ਦੇ ਭੀਤਰ = ਵਿਚ ਹਰਿ = ਪਰਮਾਤਮਾ ਦਾ ਨਾਮ ਭਜੇ = ਸਿਮਰਨਾ ਕਰੇ, ਜਨਨੀ = ਮਾਤਾ ਨੂੰ ਚਾਹੀਦਾ ਹੈ ਕਿ ਯਾ = ਇਸ ਬਿਧਿ = ਤਰ੍ਹਾਂ ਕੋ = ਦਾ ਭਗਤ ਪੁੱਤਰ ਉਪਜਾਏ = ਪੈਦਾ ਕਰੇ ਜੇ ਐਸਾ ਪੁੱਤਰ ਪੈਦਾ ਨਹੀਂ ਕਰ ਸਕਦੀ ਤਾਂ।

## ਅਥਵਾ ਜਨਨੀ ਸੁਤ ਸੋਇ ਜਨੇ; ਰਣ ਭੀਤਰ ਜੋ ਅਰਿ ਕੇ ਦਲ ਘਾਏ ॥

ਅਥਵਾ = ਜਾਂ ਫੇਰ ਜਨਨੀ = ਮਾਤਾ ਸੋਈ = ਉਹੋ ਜਿਹਾ ਸੂਰਮਾ ਸੁਤ = ਪੁੱਤਰ ਜਨੇ = ਪੈਦਾ ਕਰੇ, ਜੋ = ਜਿਹੜਾ ਰਣ = ਯੁੱਧ ਦੇ ਮੈਦਾਨ ਭੀਤਰ = ਵਿਚ ਜਾ ਕੇ ਅਰਿ = ਦੁਸ਼ਮਣਾਂ ਕੇ = ਦੇ ਦਲਾਂ ਨੂੰ ਘਾਏ = ਨਾਸ਼ ਕਰ ਦੇਵੇ ਜੇ ਐਸਾ ਵੀ ਪੁੱਤਰ ਪੈਦਾ ਨਹੀਂ ਕਰ ਸਕਦੀ ਤਾਂ ਫੇਰ ਐਸਾ ਦਾਨੀ ਪੁੱਤਰ ਪੈਦਾ ਕਰ।

## ਸਿਰ ਲੌ ਧਨ ਦਾਨ ਕਰੇ ਜਗ ਮੈ ਸੁਭ; ਕੈ ਜਨਨੀ ਸੁਤ ਸੋ ਨਿਪਜਾਏ ॥

ਜੋ ਸੁਭ = ਸ੍ਰੇਸ਼ਟ ਪੁਰਖ ਇਸ ਜਗ = ਸੰਸਾਰ ਮੈ = ਵਿਚ ਲੋੜ ਪੈਣ 'ਤੇ ਆਪਣੇ ਸਿਰ ਲੌਂ = ਤਕ ਸਾਰਾ

ਧਨ ਵੀ ਦਾਨ ਕਰੇ = ਕਰ ਦੇਵੇ, ਕੈ = ਜਾਂ ਫੇਰ ਜਨਨੀ = ਮਾਤਾ ਇਹੋ ਜਿਹਾ ਦਾਨੀ ਸੁਤ = ਪੁੱਤਰ ਨਿਪਜਾਏ = ਪੈਦਾ ਕਰੇ ਜੇ ਇਨ੍ਹਾਂ ਤਿੰਨਾਂ ਗੁਣਾਂ ਵਾਲਾ ਪੁੱਤਰ ਪੈਦਾ ਨਹੀਂ ਕਰ ਸਕਦੀ ਤਾਂ ਫੇਰ।

## ਇਨ ਤੀਨ ਬਿਨਾ ਕ੍ਰਿਮ ਕੇ ਸੁਤ ਕੇ ਹਿਤ; ਜੋਬਨ ਨਾਹਿ ਅਕਾਜ ਗਵਾਏ ॥੧੧੮॥

ਇਨ = ਇਨ੍ਹਾਂ ਤੀਨ = ਤਿੰਨਾਂ (ਭਗਤ, ਸੂਰਮਾ, ਦਾਨੀ) ਤੋਂ ਬਿਨਾ = ਬਗ਼ੈਰ ਕ੍ਰਿਮ = ਕੀੜਿਆਂ ਕੇ = ਦੇ ਵਰਗੇ ਸੁਤ = ਪੁੱਤਰ ਕੇ = ਦੇ ਹਿਤ = ਵਾਸਤੇ, ਮਾਤਾ ਐਵੇਂ ਆਪਣੀ ਜੋਬਨ = ਜਵਾਨੀ ਨੂੰ ਅਕਾਜ = ਵਿਅਰਥ ਗਵਾਏ = ਗਵਾਉਣਾ ਨਾ ਕਰੇ ॥੧੧੮॥ ਜੈਸਾ ਕਿ :

**ਜਨਨੀ ਜਨੈ ਤਾ ਭਗਤ ਜਨ ਕੈ ਦਾਤਾ ਕੈ ਸੂਰ।**
**ਨਾਹਿ ਤ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ।**

ਇਕ ਕਵੀ ਦੇ ਐਸੇ ਬਚਨ ਵੀ ਆਉਂਦੇ ਹਨ :

**ਸ੍ਵੈਯਾ॥ ਪ੍ਰੇਮ ਸੋਂ ਨੈਨ ਵਹੈ ਜਸ ਗਾਵਤ; ਨਾਚਤ ਸਵੇਦ ਚਲਯੋ ਸਭ ਅੰਗਾ।**
**ਕੈ ਰਨ ਮੈ ਗਹਿ ਖੱਗ ਭਲੀ ਬਿਧਿ, ਲੋਹੂ ਸੈਂ ਘਾਉ ਪਏ ਅਰਧੰਗਾ।**
**ਏ ਦੋਊ ਪੂਤ ਜਨੇ ਜਨਨੀ ਜਗ, ਔਰ ਸਭੈ ਸੁਤ ਕੀਟ ਪਤੰਗਾ।**
**ਜੱਗ ਕੋ ਠਾਕਰ ਜਗ ਕੋ ਜੀਵਨ, ਸੋ ਨਰ ਹੋਤ ਹੈ ਗੰਗ ਕੋ ਗੰਗਾ।**

## ਸੋਰਠਾ ॥ ਰੂਖ ਸੂਖ ਨਿਰਬਾਹ, ਮਾਟੀ ਮੈ ਯਹ ਤਨ ਸਦਾ ॥

ਹੇ ਭਾਈ! ਕਰਮਾਂ ਦੇ ਲਿਖੇ ਅਨੁਸਾਰ ਜੋ ਵੀ ਰੂਖ ਸੂਖ = ਰੁੱਖਾ ਸੁੱਖਾ ਭੋਜਨ ਮਿਲੇ, ਉਸਨੂੰ ਖਾ ਕੇ ਆਪਣੇ ਸਰੀਰ ਦਾ ਨਿਰਬਾਹ = ਗੁਜ਼ਾਰਾ ਕਰੇ, ਜੈਸਾ ਕਿ :

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥** *(ਸਲੋਕ ਫਰੀਦ ਜੀ, ਅੰਗ ੧੩੭੯)*

ਫੇਰ ਆਪਣੇ ਯਹ = ਇਸ ਤਨ = ਸਰੀਰ ਨੂੰ ਸਦਾ = ਹਮੇਸ਼ਾ ਮਾਟੀ = ਮਿੱਟੀ ਦਾ ਮੈ = ਰੂਪ ਕਰਕੇ ਦੇਖਣਾ ਕਰੇ। ਜੈਸਾ ਕਿ :

**ਮਾਟੀ ਏਕ ਸਗਲ ਸੰਸਾਰਾ ॥** *(ਭੈਰਉ ਮ: ੩, ਅੰਗ ੧੧੨੮)*

**ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ ॥** *(ਸਲੋਕ ਕਬੀਰ ਜੀ, ਅੰਗ ੧੩੬੭)*

## ਸੰਤਨ ਕੇ ਪਰ ਰਾਹਿ; ਆਸ ਤਿਆਗੋ ਆਨ ਕੀ ॥੧੧੯॥

ਸੰਤਨ = ਸ਼ਾਂਤ-ਚਿਤ ਮਹਾਤਮਾ ਜਨਾਂ ਕੇ = ਦੇ ਭਾਉ-ਭਗਤੀ, ਗਿਆਨ ਦੇ ਰਾਹਿ = ਰਸਤੇ ਵਿਚ ਪਰ = ਪੈਣਾ ਕਰੋ। ਜੈਸਾ ਕਿ :

**ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ ॥** *(ਕੇਦਾਰਾ ਮ: ੫, ਅੰਗ ੧੧੨੨)*

ਅਤੇ ਆਨ = ਹੋਰ ਪਦਾਰਥਾਂ, ਸੰਬੰਧੀਆਂ ਆਦਿ ਕੀ = ਦੀ ਆਸ = ਉਮੀਦ ਨੂੰ ਆਪਣੇ ਮਨ ਵਿੱਚੋਂ ਤਿਆਗੋ = ਛੱਡ ਦੇਵੋ ॥੧੧੯॥ ਜੈਸਾ ਕਿ :

**ਆਸ ਅਨਿਤ ਤਿਆਗਹੁ ਤਰੰਗ ॥** *(ਗਉੜੀ ਸੁਖਮਨੀ ਮ: ੫, ਅੰਗ ੨੯੫)*

## ਸ੍ਵੈਯਾ ॥

## ਜਗ ਮਾਨਵ ਦੇਹ ਮਿਲੇ ਨ ਸਦਾ; ਨਰ ਰਾਮ ਭਜੋ ਜਿਹ ਤੇ ਸੁਖ ਪਾਵੋ ॥

ਇਸ ਜਗ = ਸੰਸਾਰ ਵਿਚ ਸਦਾ = ਹਮੇਸ਼ਾਂ ਮਾਨਵ = ਮਨੁੱਖਾ ਦੇਹ = ਸਰੀਰ ਨ = ਨਹੀਂ ਮਿਲੇਗਾ। ਜੈਸਾ ਕਿ :

**ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥** *(ਗਉੜੀ ਮ: ੯, ਅੰਗ ੨੨੦)*

ਇਸ ਲਈ ਹੇ ਨਰ = ਮਨੁੱਖੋ ! ਰਾਮ = ਪਰਮਾਤਮਾ ਦਾ ਨਾਮ ਭਜੋ = ਸਿਮਰਨਾ ਕਰੋ, ਜਿਹ = ਜਿਸ ਤੇ = ਤੋਂ ਤੁਸੀਂ ਸੁਖ ਪਾਵੋ = ਪ੍ਰਾਪਤ ਕਰੋਗੇ।

## ਜਗ ਭੋਗ ਵਿਰਾਟਕ ਕੇ ਬਦਲੇ; ਨ ਅਮੋਲਕ ਲਾਲ ਅਕਾਜ ਗਵਾਵੋ ॥

ਜਗ = ਸੰਸਾਰ ਦੇ ਭੋਗ = ਪਦਾਰਥਾਂ, ਵਿਸ਼ਿਆਂ ਰੂਪੀ ਵਿਰਾਟਕ = ਕੌਡੀਆਂ ਕੇ = ਦੇ ਬਦਲੇ = ਵੱਟੇ, ਅਮੋਲਕ = ਬੇ-ਕੀਮਤੇ ਲਾਲਾਂ ਵਰਗਾ ਮਨੁੱਖਾ ਜਨਮ ਅਕਾਜ = ਵਿਅਰਥ ਨਾ ਗਵਾਵੋ = ਗਵਾਉਣਾ ਕਰੋ।

## ਲਰਕਾਪਨ ਜਾਠਰ ਮੈਂ ਬਲ ਖੀਨ; ਸੁ ਜੋਬਨ ਮੈਂ ਦ੍ਰਿਢ ਪੁੰਨ ਕਮਾਵੋ ॥

ਲਰਕਾਪਨ = ਬਚਪਨ ਦੀ ਅਵਸਥਾ ਵਿਚ ਅਤੇ ਜਾਠਰ = ਬੁਢੇਪੇ ਦੀ ਅਵਸਥਾ ਮੈਂ = ਵਿਚ ਸਰੀਰ ਦਾ ਬਲ = ਜ਼ੋਰ ਖੀਨ = ਨਾਸ਼, ਘੱਟ ਹੁੰਦਾ ਹੈ, ਇਨ੍ਹਾਂ ਦੋਨਾਂ ਅਵਸਥਾਵਾਂ ਵਿਚ ਕੋਈ ਕੰਮ ਨਹੀਂ ਹੋ ਸਕਦਾ। ਇਸ ਲਈ ਸੁ = ਉਹ ਜੋਬਨ = ਜਵਾਨੀ ਦੀ ਅਵਸਥਾ ਮੈ = ਵਿਚ ਦ੍ਰਿਢ = ਚੰਗੀ, ਪੱਕੀ ਤਰ੍ਹਾਂ ਪੁੰਨ ਕਰਮ ਕਮਾਵੋ = ਕਮਾਉਣਾ ਕਰੋ।

## ਸੁਭ ਸੀਖ ਇਹੈ ਜਨ ਮਾਨ ਚਲੋ;
## ਜਿਹ ਤੇ ਨਹਿ ਅੰਤ ਸਮੇਂ ਪਛੁਤਾਵੋ ॥੧੨੦॥

ਕਵੀ ਜੀ ਕਥਨ ਕਰਦੇ ਹਨ ਕਿ ਹੇ ਭਾਈ ਜਨੋਂ ! ਮੈਂ ਇਹੈ = ਇਹ ਸੁਭ = ਸ੍ਰੇਸ਼ਟ ਸੀਖ = ਸਿੱਖਿਆ ਕਥਨ ਕੀਤੀ ਹੈ, ਤੁਸੀਂ ਇਸ ਸਿੱਖਿਆ ਨੂੰ ਮਾਨ = ਮੰਨ ਕੇ ਚੱਲੋ = ਚੱਲਣਾ ਕਰੋ, ਜਿਹ ਤੇ = ਜਿਸ ਕਰਕੇ ਅੰਤ = ਅਖ਼ੀਰਲੇ ਸਮੇ = ਵੇਲੇ ਪਛੁਤਾਵੋ = ਪਛਚਾਤਪ ਨਹਿ = ਨਹੀਂ ਕਰੋਗੇ ॥੧੨੦॥

## ਸ੍ਵੈਯਾ ॥

## ਜਗ ਰੂਖਨ ਸੂਖਨ ਭੋਜਨ ਕੈ; ਫਲ ਫੂਲਨ ਕੈ ਤਨ ਪਾਲਨ ਕੀਜੈ ॥

ਹੇ ਭਾਈ ! ਜਗ = ਸੰਸਾਰ ਵਿਚ ਕਰਮਾਂ ਅਨੁਸਾਰ ਪ੍ਰਾਪਤ ਹੋਇਆ ਰੂਖਨ ਸੂਖਨ = ਰੁੱਖਾ ਸੁੱਖਾ ਭੋਜਨ ਛੱਕ ਕੈ = ਕਰਕੇ ਜਾਂ ਫਲ ਤੇ ਫੂਲਨ = ਫੁੱਲਾਂ ਕੈ = ਕਰਕੇ ਆਪਣੇ ਤਨ = ਸਰੀਰ ਨੂੰ ਪਾਲਨ = ਪਰਵਰਿਸ਼ ਕੀਜੈ = ਕਰੋ।

## ਜਗ ਬੈਠ ਜਹਾਂ ਤਹ ਠੌਰ ਭਲੇ; ਪ੍ਰਭ ਪਾਵਨ ਕੋ ਉਰਿ ਜਾਪ ਜਪੀਜੈ ॥

ਜਗ = ਸੰਸਾਰ ਅੰਦਰ ਜਹਾਂ = ਜਿਥੇ ਵੀ ਬੈਠ = ਬੈਠਣਾ ਕਰੋ ਤਹ = ਉਸੇ ਠੌਰ = ਥਾਂ ਨੂੰ ਭਲੇ = ਚੰਗੀ ਜਾਣ ਕੇ ਪ੍ਰਭ = ਪਰਮਾਤਮਾ ਨੂੰ ਪਾਵਨ = ਪ੍ਰਾਪਤ ਕਰਨ ਕੋ = ਦੇ ਵਾਸਤੇ ਆਪਣੇ ਉਰਿ = ਹਿਰਦੇ ਵਿਚ ਉਸਦੇ ਜਾਪ ਨੂੰ ਜਪੀਜੈ = ਜਪਨਾ ਕਰੋ **ਵਾ:** ਪਾਵਨ = ਪਵਿੱਤਰ ਪ੍ਰਭੂ ਦਾ ਜਾਪ ਜਪਣਾ ਕਰੋ।

**ਤ੍ਰਿਨ ਕੋਮਲ ਬੀਨ ਬਿਛਾਇ ਭਲੇ; ਦ੍ਰਿਗ ਨੀਦ ਭਰੇ ਧਰ ਮਾਹਿ ਸੁਈਜੈ ॥**

ਕੋਮਲ = ਨਰਮ ਨਰਮ ਤ੍ਰਿਣ = ਘਾਹ ਨੂੰ ਬੀਨ = ਚੁਣ ਕੇ ਭਲੇ = ਚੰਗੀ ਤਰ੍ਹਾਂ ਹੇਠਾਂ ਬਿਛਾਇ = ਵਿਛਾਉਣਾ ਕਰੇ, ਫੇਰ ਦ੍ਰਿਗ = ਨੇਤ੍ਰਾਂ ਵਿਚ ਨੀਂਦ ਭਰੇ = ਭਰ ਕੇ ਧਰ = ਧਰਤੀ ਮਾਹਿ = ਵਿਚ, ਉੱਪਰ ਸੁਈਜੈ = ਸੌਣਾ ਕਰੋ।

**ਧਨ ਕੇ ਪਤਿ[੧] ਮੂੜ ਬਯਾਕੁਲ ਬੈਨ;**
**ਸੁ ਭੂਪਤਿ ਕੇ ਨਹਿੰ ਪਾਸ ਬਹੀਜੈ ॥੧੨੧॥**

ਜਿਹੜੇ ਧਨ ਕੇ = ਦੇ ਪਤਿ = ਮਾਲਕ ਮੂੜ = ਮੂਰਖਤਾਈ ਅਤੇ ਬਯਾਕੁਲ = ਘਬਰਾਹਟ ਵਾਲੇ ਬੈਨ = ਬਚਨ ਬੋਲਦੇ ਹਨ, ਸੁ = ਉਨ੍ਹਾਂ ਭੂਪਨ = ਰਾਜਿਆਂ ਆਦਿ ਅਮੀਰਾਂ ਕੇ = ਦੇ ਪਾਸ ਬਹੀਜੈ = ਬੈਠਣਾ ਨਹਿ ਨਾ ਕਰੋ ॥੧੨੧॥

**ਸ੍ਵੈਯਾ ॥**

**ਸੈਲ ਸਿਲਾ ਤਲ ਸੇਜ ਕਰੈ; ਗਿਰ ਕੰਦਰ ਹੀ ਗ੍ਰਿਹਿ ਬਨ ਮਾਹੀ ॥**

ਹੇ ਭਾਈ! ਸੈਲ = ਪਹਾੜਾਂ ਦੀ ਸਿਲਾ ਦੇ ਤਲ = ਉੱਪਰ ਸੇਜ = ਸੇਜਾ ਬਣਾਉਣੀ ਕਰੇ, ਜਾਂ ਫੇਰ ਗਿਰ = ਪਹਾੜ ਦੀ ਕੰਦਰ = ਗੁਫ਼ਾ ਹੀ ਜਾਂ ਬਨ = ਜੰਗਲ ਮਾਹੀ = ਵਿਚ ਗ੍ਰਿਹਿ = ਘਰ ਬਣਾਉਣਾ ਕਰੇ, ਭਾਵ ਹੋਰ ਮਹੱਲਾਂ ਆਦਿ ਦੀ ਇੱਛਾ ਨਾ ਕਰੇ ਜਾਂ ਪੱਥਰ ਦੇ ਉੱਪਰ ਪੈ ਜਾਵੇ ਜਾਂ ਫੇਰ ਪਹਾੜਾਂ ਦੀ ਗੁਫ਼ਾਵਾਂ ਤੇ ਜੰਗਲਾਂ ਵਿਚ ਰੁੱਖਾਂ ਦੇ ਹੇਠਾਂ ਦਿਨ ਕੱਟ ਲਵੇ।

**ਪਾਦਪ ਛਾਲ ਸੁ ਚੀਰ ਧਰੈ; ਉਰ ਨਾਮ ਸਖਾ ਮ੍ਰਿਗ ਹੈ ਬਨ ਮਾਂਹੀ ॥**

ਬਹੁਤੇ ਬਸਤ੍ਰਾਂ ਦੀ ਵੀ ਇੱਛਾ ਨਾ ਕਰੇ ਪਾਦਪ = ਬ੍ਰਿਛਾਂ ਦੀ ਛਾਲ = ਛਿੱਲ ਦੇ ਸੁ = ਉਹ ਚੀਰ = ਬਸਤ੍ਰ ਧਰੇ = ਧਾਰਨ ਕਰੇ, ਉਰ = ਹਿਰਦੇ ਦੇ ਵਿਚ ਪਰਮਾਤਮਾ ਦਾ ਨਾਮ ਧਾਰਨ ਕਰੇ ਅਤੇ ਬਨ = ਜੰਗਲਾਂ ਦੇ ਮਾਂਹੀ = ਵਿਚ ਮ੍ਰਿਗ = ਹਿਰਨਾਂ ਨੂੰ ਹੀ ਆਪਣਾ ਸਖਾ = ਮਿੱਤ੍ਰ ਸਮਝਣਾ ਕਰੇ।

**ਭੋਜਨ ਪਾਦਪ ਕੇ ਫਲ ਹੈ; ਜਲ ਪਾਨ ਕਰੈ ਗਿਰਤਾ ਗਿਰ ਮਾਂਹੀ ॥**

ਪਾਦਪ = ਬ੍ਰਿਛਾਂ ਕੇ = ਦੇ ਫਲਾਂ ਦਾ ਬਿਅੰਤ ਭੋਜਨ ਹੈ ਉਹੋ ਹੀ ਪੇਟ ਭਰ ਕੇ ਖਾ ਲੈਣਾ ਕਰੇ ਅਤੇ ਜੋ ਗਿਰ = ਪਹਾੜਾਂ ਮਾਂਹੀ = ਵਿੱਚੋਂ ਪਾਣੀ ਗਿਰਤਾ = ਡਿੱਗਦਾ ਹੈ, ਉਹ ਜਲ = ਪਾਣੀ ਪਾਨ = ਪੀਣਾ ਕਰੇ ਅਤੇ ਆਪਣੀ ਪਿਆਸ ਬੁਝਾ ਲੈਣਾ ਕਰੇ।

**ਪੇਟ ਕੇ ਹੇਤ ਨ ਸੇਵਤ ਜੇ ਨਰ; ਤੇ ਨਰ ਈਸ਼ ਗਨੈ ਭਵ ਮਾਹੀ ॥੧੨੨॥**

ਜੇ = ਜਿਹੜੇ ਨਰ = ਮਨੁੱਖ ਆਪਣੇ ਪੇਟ = ਢਿੱਡ ਕੇ = ਦੇ ਭਰਨ ਹੇਤ = ਵਾਸਤੇ ਅਮੀਰਾਂ, ਹੰਕਾਰੀਆਂ ਮਨੁੱਖਾਂ ਕੀ ਸੇਵ = ਟਹਿਲ ਨਹੀਂ ਕਰੈ = ਕਰਦਾ ਤੇ ਉਪਰੋਕਤ ਕਥਨ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੈ, ਤੇ = ਉਹ ਨਰ = ਮਨੁੱਖ ਭਵ = ਸੰਸਾਰ ਦੇ ਮਾਹੀ = ਵਿਚ ਈਸ਼ = ਈਸ਼ਵਰ ਦਾ ਸਰੂਪ ਹੀ ਗਨੈ = ਜਾਨਣਾ ਕਰੋ ॥੧੨੨॥

---

੧. ਪਾਠਾਂਤ੍ਰ—ਸੇਵ ਕਰੇ।

## ਸ੍ਵੈਯਾ ॥

## ਧੰਨ ਭਈ ਤਿਨ ਕੀ ਜਨਨੀ; ਕਿਰਤਾਰਥ ਤਾਂ ਜਗ ਬੇਦਨ ਗਾਈ ॥

ਹੇ ਭਾਈ! ਤਿਨ = ਉਨ੍ਹਾਂ ਕੀ = ਦੀ ਜਨਨੀ = ਮਾਤਾ ਧੰਨ = ਧੰਨਤਾ ਜੋਗ ਭਈ = ਹੋਈ ਹੈ (ਜਿਸਨੇ ਯੋਗਯ ਪੁੱਤਰ ਨੂੰ ਜਨਮ ਦਿੱਤਾ ਹੈ) ਉਹ ਜਨਮ ਦੇਣ ਵਾਲੀ ਮਾਤਾ ਕਿਰਤਾਰਥ = ਸਫਲੀ ਹੋ ਗਈ ਹੈ, ਤਾਂ = ਉਨ੍ਹਾਂ ਸਿਮਰਨ ਕਰਨ ਵਾਲਿਆਂ ਦੀ ਉਪਮਾ ਜਗ = ਜਗਤ ਵਿਚ ਬੇਦਨ = ਵੇਦਾਂ ਆਦਿ ਸ਼ਸਤ੍ਰਾਂ ਨੇ ਵੀ ਗਾਈ = ਗਾਉਣਾ ਕੀਤੀ ਹੈ।

## ਕੁਲ ਪਾਵਨ ਜਾਂਹਿ ਕਰੀ ਸਗਰੀ; ਜਗ ਧੰਨ ਭਏ ਤਿਨ ਮੀਤ ਸਖਾਈ ॥

ਜਾਂਹਿ = ਜਿਸਨੇ ਸਗਰੀ = ਸਾਰੀ ਕੁਲ ਹੀ ਪਾਵਨ = ਪਵਿੱਤਰ ਕਰੀ = ਕਰ ਲਈ ਹੈ, ਜੈਸਾ ਕਿ:

**ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥** *(ਸਿਰੀਰਾਗੁ ਮ: ੩, ਅੰਗ ੨੮)*

ਅਤੇ ਤਿਨ = ਉਸ ਦੇ ਮੀਤ = ਮਿੱਤ੍ਰ ਤੇ ਸਖਾਈ = ਪਿਆਰ ਵਾਲੇ ਸੰਬੰਧੀ ਵੀ ਜਗ = ਸੰਸਾਰ ਵਿਚ ਧੰਨ = ਧੰਨਤਾ ਜੋਗ ਭਏ = ਹੋਏ ਹਨ।

## ਪਦ ਕੰਜਨ ਜਾਸ ਪੁਨੀਤ ਧਰਾ; ਰਜ ਪਾਵਨ ਤੇ ਜਨ ਪਾਪ ਮਿਟਾਈ ॥

ਜਾਸ = ਜਿਨ੍ਹਾਂ ਦੇ ਪਦ = ਚਰਨ ਕੰਜਨ = ਕਮਲਾਂ ਨਾਲ ਧਰਾ = ਧਰਤੀ ਵੀ ਪੁਨੀਤ = ਪਵਿੱਤਰ ਹੋ ਜਾਂਦੀ ਹੈ ਭਾਵ ਸਿਮਰਨ ਕਰਨ ਵਾਲੇ ਜਿਸ ਥਾਂ ਵੀ ਆਪਣੇ ਮੁਬਾਰਕ ਚਰਨ ਕਮਲ ਰੱਖਣ, ਉਹ ਧਰਤੀ ਪਵਿੱਤਰ ਹੋ ਜਾਂਦੀ ਹੈ ਫੇਰ ਉਨ੍ਹਾਂ ਦੇ ਚਰਨਾਂ ਦੀ ਪਾਵਨ = ਪਵਿੱਤਰ ਰਜ = ਧੂੜੀ ਤੇ = ਨਾਲ ਜਨ = ਪੁਰਸ਼ ਦੇ ਪਾਪ ਮਿਟਾਈ = ਮਿਟ ਜਾਂਦੇ ਹਨ।

## ਜੋ ਭਵਮੰਡਲ ਮਾਂਹਿ ਭਜੇ; ਖਿਨ ਏਕ ਇਕਾਗਰ ਰਾਮ ਸਹਾਈ ॥੧੨੩॥

ਜੋ = ਜਿਹੜਾ ਮਨੁੱਖ ਵੀ ਇਸ ਭਵਮੰਡਲ = ਸੰਸਾਰ ਮੰਡਲ ਵਿਚ ਇਕ ਖਿਨ ਮਾਤਰ ਸਮੇਂ ਵਿਚ ਵੀ ਇਕਾਗਰ ਚਿਤ ਕਰਕੇ ਪਰਮਾਤਮਾ ਦਾ ਨਾਮ ਭਜੇ = ਸਿਮਰਨਾ ਕਰਦਾ ਹੈ, ਉਸਦੀ ਰਾਮ = ਪਰਮਾਤਮਾ ਆਪ ਸਹਾਈ = ਸਹਾਇਤਾ ਕਰਦਾ ਹੈ ॥੧੨੩॥

ਪੰਡਿਤ ਗੁਲਾਬ ਸਿੰਘ ਜੀ ਏਥੇ ਆਪਣੀਆਂ ਅਮੋਲਕ ਵੀਚਾਰਾਂ ਦੀ ਸਮਾਪਤੀ ਕਰਦੇ ਹਨ, ਅੱਗੇ ਗ੍ਰੰਥ ਦੀ ਸਮਾਪਤੀ ਦਾ ਮੰਗਲ, ਗ੍ਰੰਥ ਅਤੇ ਸੰਤ ਜਨਾਂ ਦੀ ਉਸਤਤੀ ਕਰਦੇ ਹਨ:

## ਸ੍ਵੈਯਾ ॥

## ਯਹਿ ਭਾਵਰਸਾਂਮ੍ਰਿਤ ਕੰਠ ਧਰੇ; ਸੁ ਕੁਬੁਧਿ ਜਰਾ ਸਭ ਜਾਇ ਪਲਾਈ ॥

ਹੇ ਭਾਈ! ਯਹਿ = ਇਸ ਭਾਵਰਸਾਂਮ੍ਰਿਤ ਗ੍ਰੰਥ ਵਿਚ ਅਨੇਕ ਪ੍ਰਕਾਰ ਦੇ (ਭਾਵ+ਰਸ+ਅੰਮ੍ਰਿਤ) ਭਾਵ = ਪ੍ਰੇਮ ਦੇ ਰਸ ਵਾਲੇ ਅੰਮ੍ਰਿਤ ਰੂਪ ਬਚਨ ਕਥਨ ਕੀਤੇ ਹਨ, ਜੋ ਵੀ ਇਨ੍ਹਾਂ ਬਚਨਾਂ ਨੂੰ ਆਪਣੇ ਕੰਠ = ਗਲੇ ਵਿਚ ਧਰੇ = ਧਾਰਨ ਕਰੇਗਾ, ਭਾਵ ਹਿਰਦੇ ਵਿਚ ਵਸਾਏਗਾ, ਸੁ = ਉਸਦੀ ਸਭ = ਸਾਰੀ ਕੁਬੁਧਿ = ਖੋਟੀ ਬੁੱਧੀ ਜਰਾ = ਜੜ੍ਹਾਂ ਤੋਂ ਹੀ ਪਲਾਈ = ਭੱਜ ਜਾਇ = ਜਾਵੇਗੀ **ਅਥਵਾ**: ਸੁ = ਉਸਦੀ ਕੁਬੁਧਿ = ਖੋਟੀ ਬੁੱਧੀ ਅਤੇ ਅਗਿਆਨਤਾ ਦੀ ਜਰਾ = ਜੜ੍ਹਤਾ ਵਾਲੀ ਬੁੱਧ ਸਭ = ਸਾਰੀ ਪਲਾਈ = ਦੌੜ ਜਾਇ = ਜਾਵੇਗੀ।

**ਅਥਵਾ :** ਅਗਿਆਨਤਾ ਵਾਲੀ ਕੁਬੁਧਿ = ਖੋਟੀ ਬੁੱਧ ਨਾਸ ਹੋਣ ਤੋਂ ਗਿਆਨ ਪ੍ਰਾਪਤ ਕਰਕੇ ਫਿਰ ਜਰਾ = ਬੁਢਾਪੇ ਅਗਿਆਨ ਜਨ ਦੁਖ ਸਭ ਪਲਾਈ = ਦੌੜ ਜਾਇ = ਜਾਵੇਗਾ।

## ਸੁਖ ਦੇਵਪੁਰੀ ਸੁ ਰਮੇ ਸਦ ਹੀ; ਉਰਿ ਸਾਂਤਿ ਸੁਰਾਂਗਨ ਮੋਦ ਬਢਾਈ ॥

ਉਹ ਸੁੱਖਾਂ ਦੀ ਦੇਵਪੁਰੀ = ਬੈਕੁੰਠ ਪੁਰੀ ਵਿਚ ਸਦ = ਹਮੇਸ਼ਾਂ ਰਮੇ = ਵਿਚਰਦਾ ਰਹੇਗਾ, ਜੋ ਉਰਿ = ਹਿਰਦੇ ਵਿਚ ਸਾਂਤਿ = ਸ਼ਾਂਤੀ ਪ੍ਰਾਪਤ ਹੋਈ ਹੈ, ਇਹੀ ਮਾਨੋ ਸੁਰਾਂਗਨ = ਦੇਵਤਿਆਂ ਦੀਆਂ ਇਸਤ੍ਰੀਆਂ ਮੋਦ = ਪ੍ਰਸੰਨਤਾ ਬਢਾਈ = ਵਧਾ ਰਹੀਆਂ ਹਨ।

## ਅਮਰਾਤਮ ਦੇਵ ਭਯੋ ਜਗ ਮੈਂ; ਉਰ ਕਾਲ ਕਰਾਲ ਕੀ ਚਿੰਤ ਮਿਟਾਈ ॥

ਉਹ ਇਸ ਜਗ = ਸੰਸਾਰ ਮੈਂ = ਵਿਚ ਮਨੁੱਖ ਅਮਰਾਤਮ ਦੇਵ = ਪਰਮਾਤਮਾ ਦਾ ਸਰੂਪ ਹੀ ਭਯੋ = ਹੋ ਜਾਵੇਗਾ।

ਫੇਰ ਉਸ ਪੁਰਖ ਨੇ ਆਪਣੇ ਉਰ = ਮਨ ਵਿੱਚੋਂ ਕਰਾਲ = ਭਿਆਨਕ ਕਾਲ ਕੀ = ਦੀ ਚਿੰਤਾ ਹੀ ਮਿਟਾਈ = ਮੇਟ ਦਿੱਤੀ ਹੈ।

## ਵਹੁ ਔਰਨ ਕੇ ਦੁਖ ਦੂਰ ਕਰੇ; ਪਦ ਪਾਵਨ ਸੇਵਹਿ ਨੀਤ ਲੁਕਾਈ ॥੧੨੪॥

ਵਹੁ = ਉਹ ਪੁਰਖ ਦੁਨੀਆਂ ਅੰਦਰ ਔਰਨ = ਹੋਰਨਾਂ ਕੇ = ਦੇ ਦੁੱਖਾਂ ਨੂੰ ਦੂਰ ਕਰੈ = ਕਰਦਾ ਹੈ, ਅਤੇ ਉਸਦੇ ਪਾਵਨ = ਪਵਿੱਤਰ ਪਦ = ਚਰਨ ਕਮਲਾਂ ਨੂੰ ਸਾਰੀ ਲੁਕਾਈ = ਦੁਨੀਆਂ ਨੀਤ = ਨਿਤਾਪ੍ਰਤੀ ਸੇਵਹਿ = ਸੇਵਨਾ ਕਰਦੀ ਹੈ ॥੧੨੪॥

ਅਗਲੇ ਦੋਹਰੇ ਵਿਚ ਪੰਡਿਤ ਗੁਲਾਬ ਸਿੰਘ ਜੀ ਆਪਣੇ ਮਾਤਾ ਪਿਤਾ ਅਤੇ ਜਨਮ-ਭੂਮੀ ਬਾਰੇ ਲਿਖਦੇ ਹਨ :

## ਦੋਹਰਾ ॥ ਗੌਰੀ ਰਾਇਆ ਮਾਤ ਪਿਤ, ਸੇਖਵ ਨਗਰ ਉਦਾਰ ॥

ਹੇ ਭਾਈ ! ਮੇਰੀ ਮਾਤ = ਮਾਤਾ ਦਾ ਨਾਮ ਗੌਰੀ ਅਤੇ ਪਿਤ = ਬਾਪ ਦਾ ਨਾਮ ਰਾਇਆ ਹੈ, ਜਿਨ੍ਹਾਂ ਦੇ ਘਰ ਮੇਰਾ ਜਨਮ ਹੋਇਆ ਹੈ, ਫੇਰ ਮੇਰਾ ਸੇਖਵ (ਸੇਖਮ)[੧] ਨਗਰ ਬਹੁਤ ਹੀ ਉਦਾਰ = ਸ੍ਰੇਸ਼ਟ, ਸੋਹਣਾ ਹੈ।

## ਗੁਲਾਬ ਸਿੰਘ ਕੁਲ ਦੀਪ ਸੁਤ; ਕਰਯੋ ਗ੍ਰੰਥ ਨਿਰਧਾਰ ॥੧੨੫॥

ਪੰਡਿਤ ਜੀ ਕਥਨ ਕਰਦੇ ਹਨ ਕਿ ਮੈਂ ਗੁਲਾਬ ਸਿੰਘ ਨੇ ਉਨ੍ਹਾਂ ਦਾ ਸੁਤ = ਪੁੱਤਰ ਬਣ ਕੇ ਆਪਣੀ ਕੁਲ = ਵੰਸ਼ ਨੂੰ ਦੀਪ = ਦੀਵੇ ਵਾਂਗ ਰੌਸ਼ਨ ਕੀਤਾ ਹੈ, ਅਤੇ ਸੱਤ ਅਸੱਤ ਦਾ ਨਿਰਧਾਰ = ਨਿਰਣਾ ਕਰਕੇ ਇਹ ਭਾਵਰਸਾਂਮ੍ਰਿਤ ਗ੍ਰੰਥ ਦੀ ਰਚਨਾ ਕਰਯੋ = ਕੀਤੀ ਹੈ ॥੧੨੫॥

## ਦੋਹਰਾ ॥ ਬੰਦੋਂ ਸੀਤਾਪਤਿ ਸਦਾ; ਚਿਦਘਨ ਬ੍ਰਹਮ ਮੁਰਾਰਿ ॥

ਹੇ ਭਾਈ ! ਸੀਤਾ ਜੀ ਦੇ ਪਤਿ = ਪਤੀ ਭਗਵਾਨ ਸ੍ਰੀ ਰਾਮਚੰਦ੍ਰ ਜੀ ਨੂੰ ਮੈਂ ਸਦਾ = ਹਮੇਸ਼ਾਂ

---

੧. **ਸੇਖਵ (ਸੇਖਮ)**—ਇਹ ਪਿੰਡ ਜ਼ਿਲ੍ਹਾ ਲਾਹੌਰ, ਤਹਿਸੀਲ ਚੂਣੀਆਂ, ਥਾਣਾ ਸਰਾਇ ਮੁਗ਼ਲ ਵਿਚ ਹੈ। ਇਹ ਪਿੰਡ ਪੱਤੋਮੰਡੀ ਤੋਂ ਚਾਰ ਮੀਲ ਪੱਕੀ ਸੜਕ 'ਤੇ ਹੈ, ਕੱਚੀ ਕੱਠੀ ਤੋਂ ਤਿੰਨ ਚਾਰ ਕੋਹ ਦੇ ਕਰੀਬ ਹੈ, ਪੰਡਿਤ ਜੀ ਦੀ ਯਾਦਗਾਰ ਵਿਚ ਇਕ ਖੂਹ ਵੀ ਸੁਣੀਦਾ ਹੈ।

ਬੰਦੋਂ = ਨਮਸਕਾਰ ਕਰਦਾ ਹਾਂ ਜੋ (ਚਿਦ+ਘਨ) ਚਿਦ = ਚੇਤਨ ਸਰੂਪ, ਘਨ = ਬੱਦਲ ਵਾਂਗ ਸਿਆਮ ਰੰਗ ਵਾਲੇ **ਵਾ**: ਚਿਦਘਨ = ਸਤ ਚਿਤ ਅਨੰਦ ਸਰੂਪ, ਬ੍ਰਹਮ = ਵਿਆਪਕ ਅਤੇ ਮੁਰਾਰਿ = ਮੁਰ ਦੈਂਤ ਨੂੰ ਮਾਰਨ ਵਾਲੇ ਪ੍ਰਭੂ ਦਾ ਸਰੂਪ ਹਨ।

## ਤਿਲਕ ਰਾਜ ਦਿਯੋ ਭਗਤ ਕੋ; ਰਾਵਣ ਕੋ ਰਣ ਮਾਰ ॥੧੨੬॥

ਜਿਨ੍ਹਾਂ ਨੇ ਰਾਵਣ ਕੋ = ਨੂੰ ਰਣ = ਯੁੱਧ ਦੇ ਮੈਦਾਨ ਵਿਚ ਮਾਰ ਕਰ ਕੇ ਉਸਦੀ ਲੰਕ = ਸੋਨੇ ਦੀ ਲੰਕਾ ਦਾ ਰਾਜ ਭਾਗ ਉਸਦੇ ਭਰਾ ਅਤੇ ਆਪਨੇ ਪਿਆਰੇ ਭਗਤ ਭਭੀਖਣ ਨੂੰ ਦਿਯੋ = ਦੇ ਦਿੱਤਾ ਸੀ ॥੧੨੬॥

## ਦੋਹਰਾ ॥ ਗੁਰੁ ਨਾਨਕ ਗੋਬਿੰਦ ਕੇ; ਮੰਜੁਲ ਪਾਦ ਉਦਾਰ ॥

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਪਾਤਿਸ਼ਾਹੀਆਂ ਕੇ = ਦੇ ਜੋ ਮੰਜੁਲ = ਉੱਜਲ ਤੇ ਉਦਾਰ = ਸ੍ਰੇਸ਼ਟ ਪਾਦ = ਚਰਨ ਕਮਲ ਹਨ।

## ਨਿਸ ਦਿਨ ਬੰਦੋਂ ਜੋਰ ਕਰ; ਭਵ ਮੋਚਕ ਸੁਖਕਾਰ ॥੧੨੭॥

ਉਨ੍ਹਾਂ ਚਰਨ ਕਮਲਾਂ ਦੇ ਉੱਪਰ ਮੈਂ ਆਪਣੇ ਦੋਵੇਂ ਕਰ = ਹੱਥ ਜੋਰ = ਜੋੜ ਕਰਕੇ ਨਿਸ ਦਿਨ = ਰਾਤ ਦਿਨ ਬੰਦੋਂ = ਨਮਸਕਾਰ ਕਰਦਾ ਹਾਂ, ਜੋ ਚਰਨ ਭਵ = ਜੰਮਣ ਮਰਨ ਦੇ ਭੈ ਤੋਂ ਮੋਚਕ = ਛੁਡਾਉਣ ਵਾਲੇ ਅਤੇ ਸੁਖਕਾਰ = ਸੁਖ ਪੈਦਾ ਕਰਨ ਵਾਲੇ ਹਨ ॥੧੨੭॥

## ਦੋਹਰਾ ॥ ਜਾ ਪਦ ਪੰਕਜ ਹੇਰ ਕੈ; ਹਰਯੋ ਨਿਖਲ ਭਵ ਭਾਰ ॥

ਜਾ = ਜਿਨ੍ਹਾਂ ਦੇ ਪਦ = ਚਰਨ ਪੰਕਜ = ਕਮਲ ਹੇਰ = ਦੇਖ ਕੈ = ਕਰਕੇ ਹੀ ਨਿਖਲ = ਸਮੂਹ ਭਵ = ਸੰਸਾਰ ਦਾ ਭਾਰ = ਬੋਝ, ਦੁੱਖ ਹਰਯੋ = ਨਾਸ਼ ਹੋ ਗਿਆ ਹੈ।

## ਵਿਦਯਾ ਗੁਰੂ ਉਦਾਰ ਕੋ; ਬੰਦੋਂ ਮਸਤਕ ਧਾਰ ॥੧੨੮॥

ਅਜਿਹੇ ਉਦਾਰ = ਸ੍ਰੇਸ਼ਟ ਵਿੱਦਿਆ ਗੁਰੂ (ਸੰਤ ਮਾਨ ਸਿੰਘ ਜੀ) ਕੋ = ਦੇ ਚਰਨ ਕਮਲਾਂ ਉੱਪਰ ਮੈਂ ਆਪਣਾ ਮਸਤਕ = ਮੱਥਾ ਧਾਰ = ਰੱਖ ਕੇ ਬੰਦੋਂ = ਨਮਸਕਾਰ ਕਰਦਾ ਹਾਂ।

ਅੱਗੇ ਅਖ਼ੀਰਲੀ ਸਿੱਖਿਆ ਕਥਨ ਕਰਦੇ ਹਨ:

## ਸ੍ਵੈਯਾ[1] ॥

## ਮੋ ਮਦ ਕਾਛਰ ਲੋਹ ਦਗਾ ਮਲ; ਸੰਭ ਕਬੀ ਉਰ ਮਾਂਹਿ ਨ ਧਾਰੋ ॥

| ੧ | ੨ | ੩ | ੪ | ੫ | ੬ | ੭ |
|---|---|---|---|---|---|---|
| ਮੋ | ਮ | ਦ | ਕਾ | ਛ | ਰ | ਲੋ |
| ਹ | ਦ | ਗਾ | ਮ | ਲ | ਸੰ | ਭ |
| ਮੋਹ | ਮਦ | ਦਗਾ | ਕਾਮ | ਛਲ | ਰਸੰ | ਲੋਭ |

---

੧. ਇਸ ਸਵੱਈਏ ਦੇ ਅਰਥ ਦੇਖਣ ਨੂੰ ਕਠਨ ਲੱਗਦੇ ਹਨ, ਪਰ ਅੱਧੀ ਤੁਕ ਦੇ ਅੱਖਰ ਅੱਗੇ ਪਿੱਛੇ ਕਰਨ ਨਾਲ ਅਰਥ ਸਪੱਸ਼ਟ ਹੋ ਜਾਵੇਗਾ। ਇਸ ਲਈ ਪਹਿਲੇ ਸੱਤ ਅੱਖਰਾਂ ਨੂੰ ਅਲੱਗ ਕਰਕੇ ਅਗਲੇ ਸੱਤਾਂ ਨਾਲ ਜੋੜਨਾ ਕਿਉਂਕਿ ਇਸ ਦੇ ਵਿਚ ਪ੍ਰੇਹਲਿਕਾ ਅਲੰਕਾਰ ਹੈ।

ਅਰਥਾਤ ਪਰਿਵਾਰ ਦੇ ਮੋਹ, ਮਦ = ਨਸ਼ਾ, ਹੰਕਾਰ, ਦਗਾ = ਧੋਖਾ, ਕਾਮ = ਮੰਦ ਵਾਸ਼ਨਾ, ਕਾਮਨਾ, ਛਲ = ਫ਼ਰੇਬ, ਰਸੰ = ਰਸਾਂ ਕਸਾਂ ਦੀ ਇੱਛਾ ਅਤੇ ਲੋਭ = ਲਾਲਚ ਇਨ੍ਹਾਂ ਬੁਰੇ ਕੰਮਾਂ ਨੂੰ ਕਬੀ = ਕਦੇ ਵੀ ਆਪਣੇ ਉਰ = ਹਿਰਦੇ ਵਿਚ ਧਾਰੋ = ਧਾਰਨਾ ਨਾ ਕਰੋ।

## ਰਾਹ ਅਬੋ ਸਖਿ ਦੇ ਮਰਿਯੰਧਮ; ਮਾਵ ਸਦਾ ਉਰ ਤੇ ਨਹਿ ਟਾਰੋ ॥

| ੧ | ੨ | ੩ | ੪ | ੫ | ੬ | ੭ |
|---|---|---|---|---|---|---|
| ਰਾ | ਹ | ਅ | ਬੋ | ਸ | ਖਿ | ਦੇ |
| ਮ | ਰਿ | ਯੰ | ਧ | ਮ | ਮਾ | ਵ |
| ਰਾਮ | ਹਰਿ | ਅਯੰ | ਬੋਧ | ਸਮ | ਖਿਮਾ | ਦੇਵ |

ਅਰਥਾਤ ਰਾਮ, ਹਰਿ, ਅਯੰ = ਇਹ ਮੇਰਾ ਨਿਜ ਸਰੂਪ ਹਨ, ਬੋਧ = ਗਿਆਨ ਸਮ = ਸਮਤਾ, ਖਿਮਾ ਅਤੇ ਦੇਵ = ਪ੍ਰਕਾਸ਼ ਰੂਪ ਪ੍ਰਭੂ ਇਨ੍ਹਾਂ ਨੂੰ ਆਪਦੇ ਉਰ = ਹਿਰਦੇ ਵਿੱਚੋਂ ਕਦੇ ਵੀ ਟਾਰੋ = ਟਾਲਣਾ ਨਾ ਕਰੋ।

ਭਾਵ ਰਾਮ ਤੇ ਹਰਿ ਇਹ ਪ੍ਰਮਾਤਮਾ ਦੇ ਨਾਮ ਹਨ ਇਨ੍ਹਾਂ ਨਾਵਾਂ ਦੁਆਰਾ ਸਦਾ ਉਸ ਪ੍ਰਭੂ ਨੂੰ ਯਾਦ ਕਰੋ, ਸਾਰੇ ਸੰਸਾਰ ਨੂੰ ਆਪਣੇ ਸਮਾਨ ਦੇਖੋ ਕਿ ਇਨ੍ਹਾਂ ਵਿਚ ਵੀ ਇਕ ਪਰਮਾਤਮਾ ਹੀ ਵਿਆਪਕ ਹੈ, ਫੇਰ ਆਪਣੇ ਨਿਜ ਸਰੂਪ ਦਾ ਬੋਧ ਪ੍ਰਾਪਤ ਕਰੋ, ਸਮਾਨਤਾ ਤੇ ਖਿਮਾ ਇਨ੍ਹਾਂ ਗੁਣਾਂ ਨੂੰ ਸਦਾ ਮਨ ਵਿਚ ਵਸਾਓ ਅਤੇ ਪਰਮਾਤਮਾ ਦਾ ਚਿੰਤਨ ਕਰੋ।

## ਸਾਂਗੁ ਭਵੇ ਸੁਸ ਪੰਚ ਇਨੀ ਤਰ, ਜੋ ਦਨ ਦਾ ਥਲੋ ਨੇਤ ਸੰਭਾਰੋ ॥

| ੧ | ੨ | ੩ | ੪ | ੫ | ੬ | ੭ | ੮ | ੯ | ੧੦ |
|---|---|---|---|---|---|---|---|---|---|
| ਸਾਂ | ਗੁ | ਭ | ਵੇ | ਸੁ | ਸ | ਪੰ | ਚ | ਇ | ਨੀ |
| ਤ | ਰ | ਜੋ | ਦ | ਨ | ਦਾ | ਥ | ਲੋ | ਨੇ | ਤ |
| ਸਾਂਤ | ਗੁਰ | ਭਜੋ | ਵੇਦ | ਸੁਨ | ਸਦਾ | ਪੰਥ | ਚਲੋ | ਇਨੇ | ਨੀਤ |

ਅਰਥਾਤ ਸਾਂਤਿ = ਸ਼ਾਂਤੀ ਆਦਿ ਗੁਣਾਂ ਨੂੰ ਧਾਰਨ ਕਰੋ, ਗੁਰੂ ਨੂੰ ਭਜੋ = ਸਿਮਰਨਾ ਕਰੋ, ਵੇਦ ਆਦਿ ਧਾਰਮਿਕ ਪੁਸਤਕਾਂ ਪੜ੍ਹਨਾ, ਸੁਨ = ਸੁਣਨਾ ਕਰੋ, ਸਦਾ = ਹਮੇਸ਼ਾਂ ਧਰਮ ਦੇ ਪੰਥ = ਰਸਤੇ ਉੱਪਰ ਚਲੋ = ਚੱਲਣਾ ਕਰੋ ਇਨੇ = ਇਨ੍ਹਾਂ ਗੁਣਾਂ ਨੂੰ ਨੀਤ = ਨਿਤਾਪ੍ਰਤੀ ਸੰਭਾਰੋ = ਸੰਭਾਲਣਾ ਕਰੋ।

## ਜੌਂ ਇਨ ਤੇ ਹਰਿ ਨਾਹਿ ਮਿਲੇ; ਤਬ ਜਾਮਨ ਸਿੰਘ ਗੁਲਾਬ ਤੁਮਾਰੋ ॥੧੨੯॥

ਜੌਂ = ਜੇਕਰ ਇਨ = ਇਨ੍ਹਾਂ ਉਪੋਰਕਤ ਗੁਣਾਂ ਨੂੰ ਧਾਰਨ ਕਰਨ ਤੇ = ਤੋਂ ਵੀ ਹਰਿ = ਪਰਮਾਤਮਾ ਨਾਹਿ = ਨਾ ਮਿਲੇ ਤਬ = ਤਦੋਂ ਮੈਂ ਗੁਲਾਬ ਸਿੰਘ ਤੁਮਾਰੋ = ਤੁਹਾਡਾ ਜਾਮਨ = ਜ਼ਿੰਮੇਵਾਰ, ਗਵਾਹ ਬਣਾਂਗਾ ਕਿ ਕਿਉਂ ਨਹੀਂ ਪਰਮਾਤਮਾ ਦੀ ਪ੍ਰਾਪਤੀ ਹੋਈ ਅਰਥਾਤ ਇਨ੍ਹਾਂ ਗੁਣਾਂ ਨੂੰ ਧਾਰਨ ਕਰ ਕੇ ਪਰਮਾਤਮਾ ਦੀ ਪ੍ਰਾਪਤੀ ਜ਼ਰੂਰ ਹੋ ਜਾਵੇਗੀ॥੧੨੯॥

ਅੱਗੇ ਗ੍ਰੰਥ ਦੀ ਸਮਾਪਤੀ ਦਾ ਸੰਮਤ ਦੱਸਦੇ ਹਨ :

## ਸ੍ਵੈਯਾ ॥

## ਸਤ ਅਸਟਦਸਾ ਸੁਭ ਸੰਮਤ ਥੋ; ਪੁਨ ਤ੍ਰਿੰਸਤ ਚਾਰ ਭਏ ਅਧਿਕਾਈ ॥

(ਅਸਟ+ਦਸਾ) ਅਸਟ = ਅੱਠ, ਦਸਾ = ੧੦ ਭਾਵ ਅਠਾਰਾਂ ਸਤ = ਸੌ ਸੁਭ = ਸ੍ਰੇਸ਼ਟ ਸੰਮਤ ਥੋ = ਸੀ,

ਪੁਨ = ਫੇਰ ਤ੍ਰਿੰਸਤ = ਤੀਹ ਅਤੇ ਚਾਰ ਉਸਦੇ ਉੱਪਰ ਅਧਿਕਾਈ = ਅਧਿੱਕ ਭਏ = ਹੋਏ ਸਨ, ਅਰਥਾਤ ਅਠਾਰਾਂ ਸੌ ਚੌਂਤੀ (੧੮੩੪) ਬਿਕ੍ਰਮੀ ਸੰਮਤ ਸੀ ਜਦੋਂ ਗ੍ਰੰਥ ਬਣਿਆ ਸੀ।

## ਘਨ ਪੂਰ ਰਹੇ ਦਿਸ ਚਾਰ ਘਨੇ; ਪੁਨ ਮੰਦ ਸਮੀਰ ਸੁ ਬੂੰਦ ਸੁਹਾਈ ॥

ਉਸ ਸਮੇਂ ਚਾਰ = ਚਾਰੇ ਦਿਸ = ਦਿਸ਼ਾਵਾਂ ਵਿਚ ਘਨੇ = ਬਹੁਤ ਸੰਘਣੇ ਘਨ = ਬੱਦਲ ਪੂਰ ਰਹੇ ਸਨ, ਭਾਵ ਬੱਦਲ ਪਾਣੀ ਨਾਲ ਭਰੇ ਪਏ ਸਨ, ਪੁਨ = ਫੇਰ ਮੰਦ = ਹੌਲੀ-ਹੌਲੀ ਸੁ = ਸ੍ਰੇਸ਼ਟ ਸਮੀਰ = ਹਵਾ ਚੱਲ ਰਹੀ ਸੀ ਅਤੇ ਬਹੁਤ ਸੁਹਾਈ = ਸ਼ੋਭਨੀਕ ਨਿੱਕੀਆਂ-ਨਿੱਕੀਆਂ ਬੂੰਦ = ਕਣੀਆਂ ਪੈ ਰਹੀਆਂ ਸਨ।

## ਸਸਿ ਪੂਰਣਮਾ ਰਵਿ ਬਾਸੁਰ ਥੋ; ਸੁਧ ਹਾੜ ਸਮਾਪਤ ਕੀ ਤਿਥਿ ਪਾਈ ॥

ਉਸ ਵੇਲੇ ਅਕਾਸ਼ ਵਿਚ ਪੂਰਣਮਾ = ਪੂਰਨਮਾਸ਼ੀ ਦਾ ਸਸਿ = ਚੰਦ੍ਰਮਾ ਚੜ੍ਹਿਆ ਹੋਇਆ ਸੀ, ਭਾਵ ਪੂਰਨਮਾਸ਼ੀ ਦਾ ਦਿਨ ਸੀ ਅਤੇ ਰਵਿ = ਐਤਵਾਰ ਦਾ ਬਾਸੁਰ = ਦਿਨ ਥੋ = ਸੀ ਅਤੇ ਸੁਧ = ਸ੍ਰੇਸ਼ਟ ਹਾੜ ਮਹੀਨੇ ਦੀ ਸਮਾਪਤੀ ਕੀ = ਦੀ ਤਿਥਿ = ਤਾਰੀਖ਼ ਪਾਈ ਸੀ।

## ਦਿਨ ਤਾਹਿ ਸਮਾਪਤ ਗ੍ਰੰਥ ਭਯੋ; ਹਰਿ ਕੇ ਪਦ ਪੰਕਜ ਭੇਟ ਚੜ੍ਹਾਈ ॥੧੩੦॥

ਤਾਹਿ = ਤਿਸ ਦਿਨ ਇਹ ਭਾਵਰਸਾਂਮ੍ਰਿਤ ਨਾਮਕ ਗ੍ਰੰਥ ਸਮਾਪਤ ਭਯੋ = ਹੋਇਆ ਸੀ ਅਤੇ ਮੈਂ ਇਸ ਗ੍ਰੰਥ ਨੂੰ ਹਰਿ = ਪਰਮਾਤਮਾ ਕੇ = ਦੇ ਪਦ = ਚਰਨ ਪੰਕਜ = ਕਮਲਾਂ ਵਿਚ ਭੇਟ ਚੜ੍ਹਾਈ = ਚੜ੍ਹਾ ਦਿੱਤਾ, ਭਾਵ ਪਰਮਾਤਮਾ ਨੂੰ ਅਰਪਨ ਕਰ ਦਿੱਤਾ ॥੧੩੦॥

## ਇਤਿ ਸ੍ਰੀ ਮਤਿ ਮਾਨ ਸਿੰਘ ਚਰਨ ਸਿਖਤ ਗੁਲਾਬ ਸਿੰਘੇਨ

ਏਥੇ ਇਹ ਭਾਵਰਸਾਂਮ੍ਰਿਤ ਗ੍ਰੰਥ ਇਤਿ = ਸਮਾਪਤ ਹੈ, ਜੋ ਸ੍ਰੀ = ਸੁਭਾਇਮਾਨ, ਮਤਿ = ਬੁੱਧੀਵਾਨ ਮਾਨ ਸਿੰਘ ਜੀ ਦੇ ਚਰਨ ਦੇ ਸਿਖਤ = ਸਿੱਖ ਪੰਡਿਤ ਗੁਲਾਬ ਸਿੰਘ ਜੀ ਨੂੰ।

## ਗੌਰੀ ਰਾਇਆ ਆਤਮਜੇਨ ਵਿਚਰਤੇ ਭਾਵਰਸਾਂਮ੍ਰਿਤ ਸਮਾਪਤੰ ॥

ਆਤਮਜੇਨ = ਜਿਨ੍ਹਾਂ ਨੇ ਪੈਦਾ ਕੀਤਾ, ਉਹ ਮਾਤਾ ਗੌਰੀ ਜੀ ਅਤੇ ਪਿਤਾ ਰਾਇਆ ਜੀ ਸਨ, ਇਉਂ ਸੰਸਾਰ ਵਿਚ ਵਿਚਰਤੇ = ਵਿਚਰਦਿਆਂ ਹੋਇਆਂ ਇਹ ਭਾਵਰਸਾਂਮ੍ਰਿਤ ਗ੍ਰੰਥ ਸਮਾਪਤੰ = ਸੰਪੂਰਨ ਕੀਤਾ। ੧. ਭਾਵਰਸਾਂਮ੍ਰਿਤ ਗ੍ਰੰਥ ੧੮੩੪ ਵਿਚ ੨. ਮੋਖਪੰਥ ਸੰਮਤ ੧੮੩੫ ੩. ਅਧਿਆਤਮ ਰਮੈਯਣ ਛੰਦਾਵੰਦੀ ਵਿਚ ੧੮੩੯ ਵਿਚ ੪. ਪ੍ਰਬੋਧਚੰਦ੍ਰ ਨਾਟਕ ਸੰਮਤ ੧੮੪੯ ਵਿਚ ਰਚਿਆ ਕਵੀ ਜੀ ਦੇ ਇਹ ਚਾਰ ਗ੍ਰੰਥ ਹਨ।

(ਭਾਵਰਸਾਂਮ੍ਰਿਤ ਗ੍ਰੰਥ ਸਮਾਪਤੰ।)

# ਵਿਚਾਰ ਮਾਲਾ

ਕ੍ਰਿਤ ਕਵਿ ਪੰਡਿਤ ਅਨਾਥ ਜੀ ਲਿਖ੍ਯਤੇ

# ਵਿਚਾਰ ਮਾਲਾ

**ਉਥਾਨਕਾ :**

ਇਹ ਗ੍ਰੰਥ ਜਿਸ ਦਾ ਨਾਮ ਵਿਚਾਰਮਾਲਾ ਹੈ, ਇਸ ਦੀ ਉਥਾਨਕਾ, ਇਸ ਦੇ ਕਰਤਾ ਦਾ ਨਾਮ ਅਤੇ ਵਿਚਾਰ ਮਾਲਾ ਗ੍ਰੰਥ ਦੇ ਲਿਖਣ ਕਾਰਨ, ਤੇ ਇਹ ਗ੍ਰੰਥ ਕਦੋਂ ਅਤੇ ਕਿਵੇਂ ਲਿਖਿਆ ਗਿਆ ਭਾਵੇਂ ਬਹੁਤ ਵਿਸਥਾਰ ਨਾਲ ਤਾਂ ਨਹੀਂ ਪਰ ਫੇਰ ਵੀ ਕੁਝ ਲਿਖਣਾ ਬਣਦਾ ਹੀ ਹੈ ਭਾਵੇਂ ਸੰਖੇਪ ਰੂਪ ਦੇ ਵਿਚ ਹੀ ਹੋਵੇ। ਹਰ ਗ੍ਰੰਥ ਦੇ ਕਰਤਾ ਮੂਲ ਰੂਪ ਦੇ ਵਿਚ ਕੋਈ ਨਾ ਕੋਈ ਕਾਰਨ ਲੈ ਕੇ ਹੀ ਗ੍ਰੰਥ ਦੀ ਸੰਪਾਦਨਾ ਕਰਦੇ ਹਨ। ਗੀਤਾ ਦੀ ਰਚਨਾ ਮਹਾਂਭਾਰਤ ਦੇ ਜੰਗ ਵਿਚ ਅਰਜਨ ਦਾ ਕਾਰਨ ਲੈ ਕੇ ਹੋਂਦ ਵਿਚ ਆਏ। ਛੇ ਸ਼ਾਸਤ੍ਰ ਮਹਾਂਰਿਸ਼ੀ ਬਿਆਸ ਦੀ ਰਚਨਾ ਵੇਦਾਂ ਨੂੰ ਸੋਖਾ ਸਮਝਣ ਦੇ ਕਾਰਨ ਤੇ ਵੇਦ ਦੇ ਤਿੰਨ ਕਾਂਡ ਕਰਮ, ਉਪਾਸਨਾ, ਗਿਆਨ ਜੋ ਪਹਿਲਾਂ ਇਕੱਠੇ ਹੀ ਸਨ, ੮੦੦੦੦ ਸਲੋਕ ਕਰਮ ਕਾਂਡ ਦਾ, ੧੬੦੦੦ ਸਲੋਕ ਉਪਾਸ਼ਨ ਕਾਂਡ ਦਾ ਅਤੇ ੪੦੦੦ ਸਲੋਕ ਗਿਆਨ ਕਾਂਡ ਦਾ ਵੱਖਰਾ-ਵੱਖਰਾ ਕੀਤਾ ਗਿਆ, ਪਹਿਲਾਂ ਇਹ ਸਲੋਕ ਇਕੱਠੇ ਹੀ ਸਨ। ਫੇਰ ਵੇਦ ਦੇ ਛੇ ਅੰਗ ਭੀ ਇਸੇ ਕਾਰਨ ਦਾ ਸਿੱਟਾ ਹਨ ਕਿ ਲੋਕਾਂ ਨੂੰ ਵੇਦ ਸਮਝ ਆਵੇ। ਇਨ੍ਹਾਂ ਦੇ ਨਾਮ ਸਿੱਖਿਆ, ਕਲਪ, ਨਿਰੁਕਤ, ਜੋਤਿਸ਼, ਪਿੰਗੁਲ ਵਿਆਕਰਣ। ਹਰ ਗ੍ਰੰਥ ਇਸੇ ਤਰ੍ਹਾਂ ਕਾਰਨ ਕਾਰਜ ਭਾਵ ਸੰਬੰਧ ਅਨੁਸਾਰ ਜੇ ਵਿਚਾਰ ਮਾਲਾ ਦਾ ਗ੍ਰੰਥ ਲਿਖਣ ਦਾ ਕਾਰਜ ਹੋਇਆ ਤਾਂ ਇਸ ਦੇ ਪਿੱਛੇ ਅਨਾਥ ਪੁਰੀ ਜੀ ਦੇ ਗੁਰ ਭਾਈ ਜਿਸ ਦੇ ਦੋ ਨਾਮ ਪ੍ਰਚੱਲਿਤ ਹਨ, ਭਗਵਾਨਪੁਰੀ ਤੇ ਨਰੋਤਮ ਪੁਰੀ, ਪਰ ਸੰਪ੍ਰਦਾ ਵਿਚ ਭਗਵਾਨਪੁਰੀ ਨਾਮ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ, ਜਦੋਂ ਕਿ ਬਹੁਤ ਸਾਰੇ ਵਿਦਵਾਨਾਂ ਨੇ ਨਰੋਤਮ ਪੁਰੀ ਨਾਮ ਨੂੰ ਮੰਨਿਆ ਹੈ, ਸੰਪ੍ਰਦਾ ਵਿਚ ਨਰੋਤਮ (ਨਰ+ਉਤਮ) ਨਰਾਂ ਵਿਚੋਂ ਉੱਤਮ = ਸ੍ਰੇਸ਼ਟ ਭਗਵਾਨਪੁਰੀ ਜੀ ਹਨ, ਇਹ ਅਰਥ ਕੀਤਾ ਜਾਂਦਾ ਹੈ। ਇਸ ਗ੍ਰੰਥ ਦੇ ਕਰਤਾ ਅਨਾਥ ਪੁਰੀ ਜੀ ਅਤੇ ਦੂਸਰੇ ਭਗਵਾਨ ਪੁਰੀ ਜੀ (ਨਰੋਤਮ ਪੁਰੀ) ਆਪਸ ਵਿਚ ਗੁਰ ਭਾਈ ਸਨ, ਇਕੱਠੇ ਗੁਰੂ ਕੁਲ ਵਿਚ ਪੜ੍ਹੇ ਇਕੱਠਿਆਂ ਨੇ ਬਿਰੱਕਤੀ ਧਾਰਨ ਕੀਤੀ। ਪ੍ਰਾਲਬਧ ਅਨੁਸਾਰ ਅਨਾਥਪੁਰੀ ਜੀ ਕਸ਼ਮੀਰ ਵਿਚ ਟਿੱਕ ਗਏ ਤੇ ਭਗਵਾਨ ਪੁਰੀ ਜੀ (ਨਰੋਤਮ ਪੁਰੀ) ਵਿਚਰਦੇ ਹੋਏ ਗੁਜਰਾਤ ਦੇਸ਼ ਦੇ ਬੜੌਦੇ ਨਗਰ ਵਿਚ ਠਹਿਰੇ ਅਤੇ ਰਾਜਿਆਂ, ਮਹਾਰਾਜਿਆਂ ਕਰਕੇ ਪੂਜ ਹੋ ਗਏ। ਇਕ ਦਿਨ ਭਗਵਾਨ ਪੁਰੀ ਜੀ (ਨਰੋਤਮ ਪੁਰੀ) ਨੇ ਆਪਣੇ ਮਨ ਵਿਚ ਵਿਚਾਰ ਕੀਤਾ ਕਿ ਅਨਾਥ ਪੁਰੀ ਜੀ ਬਿਰਕਤ ਹੋ ਕੇ ਕਸ਼ਮੀਰ ਵਿਚ ਵਿਚਰੇ ਹਨ, ਉਨ੍ਹਾਂ ਦਾ ਨਿਸ਼ਚਾ ਦੇਖਣ ਵਾਸਤੇ ਕਿ ਜੋ ਵੇਦ ਵਿੱਦਿਆ ਪੜ੍ਹ ਕੇ ਉਨ੍ਹਾਂ ਦੀ ਅਵਸਥਾ ਅਭੇਦ ਨਿਸ਼ਚੇ ਵਾਲੀ ਹੈ ਜਾਂ ਭੇਦਭਾਵ ਦੇ ਸੰਸਕਾਰਾਂ ਵਾਲੇ ਹੋ ਗਏ ਹਨ, ਇਹ ਪ੍ਰੀਖਿਆ ਕਰਨ ਵਾਸਤੇ ਆਪਣੇ ਮਿੱਤ੍ਰ ਅਨਾਥਪੁਰੀ ਜੀ ਨੂੰ ਪੱਤ੍ਰਿਕਾ ਲਿਖੀ, ਇਹ ਪੱਤ੍ਰਿਕਾ ਉਨ੍ਹਾਂ ਤਕ ਪਹੁੰਚਾਈ। ਉਸ ਪੱਤ੍ਰਿਕਾ ਦੇ ਵਿਚ ਇਹ ਲਿਖਿਆ ਕਿ ਮੈਂ ਸੁਣਿਆ ਹੈ ਕਿ ਕਸ਼ਮੀਰ ਵਿਚ ਬਹੁਤ ਅਮੋਲਕ ਮਾਲਾ ਬਣਦੀਆਂ ਹਨ, ਇਸ ਲਈ ਪ੍ਰਮੇਸ਼ਰ ਚਿੰਤਨ ਕਰਨ ਲਈ ਵਡਮੁੱਲੀ ਮਾਲਾ ਭੇਜੋ, ਇਹ ਪੱਤ੍ਰਿਕਾ ਪੜ੍ਹ ਕੇ ਅਨਾਥਪੁਰੀ ਜੀ ਨੇ ਉਸ ਦਾ ਗੁੱਝਾ ਭੇਦ ਸਮਝਿਆ ਕਿ ਇਤਨੀ ਵੱਡੀ ਉੱਚੀ ਅਵਸਥਾ ਦੇ ਮਾਲਕ ਹੋ ਕੇ ਇਨ੍ਹਾਂ ਨੂੰ ਮਾਲਾ ਦੀ ਜ਼ਰੂਰ ਪੈ ਹੀ ਨਹੀਂ ਸਕਦੀ। ਜਿਵੇਂ ਗਡੀਰਨਾ ਤਾਂ ਬੱਚੇ ਨੂੰ ਤੁਰਨਾ ਸਿਖਾਉਣ ਵਾਸਤੇ ਹੁੰਦਾ ਹੈ, ਜਦੋਂ ਬੱਚਾ ਤੁਰਨ ਲੱਗ ਜਾਏ, ਫਿਰ ਗਡੀਰਨੇ ਨੂੰ ਕੌਣ ਪੁੱਛਦਾ ਹੈ। ਇਸ ਤਰ੍ਹਾਂ ਮਾਲਾ ਤਾਂ ਇਕ ਗਡੀਰਨੇ ਦੀ ਨਿਆਈ ਹੈ, ਜੋ ਸ਼ੁਰਆਤ ਵਿਚ ਲੋੜ ਹੈ, ਜਦੋਂ ਨਾਮ ਸੁਰਤ ਵਿਚ ਚਲਾ

ਗਿਆ ਤਾਂ ਹੱਥ ਵਿਚ ਮਾਲਾ ਦੀ ਤਾਂ ਕੀ ਜ਼ਰੂਰਤ ਹੋਣੀ ਹੈ ਤੇ ਮੁੱਖ ਵਿਚ ਨਾਮ ਜਪਣ ਲਈ ਜੀਭ ਦੀ ਵੀ ਲੋੜ ਨਹੀਂ ਪੈਂਦੀ, ਸੁਰਤ ਵਿਚ ਨਾਮ ਦੀ ਧੁਨ ਹੀ ਜੀਭ ਬਣ ਜਾਂਦੀ ਹੈ ਅਤੇ ਇਤਨੇ ਵੱਡੇ ਬਿਰੱਕਤ ਸਾਧੂ ਹੋ ਕੇ ਮਾਲਾ, ਵਡਮੁੱਲੀ ਮਾਲਾ ਦਾ ਤਾਂ ਕੋਈ ਅਰਥ ਹੀ ਨਹੀਂ ਬਣਦਾ ਕਿਉਂਕਿ ਪਰਮਾਤਮਾ ਵੱਡੇ ਮੁੱਲ ਦੀਆਂ ਮਾਲਾ ਨਾਲ ਪ੍ਰਸੰਨ ਨਹੀਂ ਹੁੰਦਾ ਇਹ ਮੇਰੀ ਅੰਤ੍ਰੀਵ ਅਵਸਥਾ ਦਾ ਭੇਦ ਜਾਨਣ ਲਈ ਮੇਰੇ ਗੁਰ ਭਾਈ ਨੇ ਪੱਤ੍ਰਿਕਾ ਵਿਚ ਲਿਖਿਆ ਹੈ ਤਾਂ ਫੇਰ ਅਨਾਥ ਪੁਰੀ ਜੀ ਨੇ ਇਹ ਸੋਚ ਕੇ ਕਿ ਮੈਂ ਆਪਣੇ ਗੁਰ ਭਾਈ ਨੂੰ ਅਜਿਹੀ ਮਾਲਾ ਭੇਜਾਂ ਜੋ ਅਮੋਲਕ ਵੀ ਹੋਵੇ, ਜਿਸ ਨੂੰ ਮੇਰਾ ਗੁਰ ਭਾਈ ਆਪ ਵੀ ਚਿੰਤਨ ਰੂਪ ਵਿਚ ਫੇਰਨਾ ਕਰੇ ਅਤੇ ਹੋਰਨਾਂ ਨੂੰ ਵੀ ਇਸ ਵਿਚਾਰਾਂ ਦੀ ਮਾਲਾ ਤੋਂ ਲਾਭ ਪ੍ਰਾਪਤ ਹੋਵੇ। ਇਹ ਸੋਚ ਕੇ ਇਸ ਗ੍ਰੰਥ ਦਾ ਨਾਮ ਹੀ ਸ੍ਰੇਸ਼ਟ ਵਿਚਾਰਾਂ ਦੇ ਸਿਧਾਂਤ ਰੂਪ ਮਣਕਿਆਂ ਨੂੰ ਆਪਣੀ ਬੁੱਧ ਰੂਪ ਸੂਈ ਦੇ ਨਾਲ ਪ੍ਰੇਮ-ਰੂਪ ਧਾਗਾ ਪਾ ਕੇ ਅਨੇਕਾਂ ਗ੍ਰੰਥਾਂ ਦੇ ਸਾਰ ਰੂਪ ਬਚਨਾਂ ਨੂੰ ਅੱਖਰ ਰੂਪ ਮਣਕਿਆਂ ਦੇ ਨਾਲ ਜੋੜ ਕੇ ਮਾਲਾ ਬਣਾਈ ਅਤੇ ਕਹਿ ਵੀ ਦਿੱਤਾ ਅੱਠਵੇਂ ਬਿਸ੍ਰਾਮ ਦੇ ੪੦ ਸਲੋਕ ਵਿਚ ਇਸ ਗੱਲ ਨੂੰ ਇਉਂ ਪ੍ਰਗਟ ਕੀਤਾ ਹੈ।

**ਦੋਹਰਾ॥ ਪੁਰੀ ਨਰੋਤਮ ਮਿਤ੍ਰ ਵਰੁ; ਖਰੋ ਅਤਿਥਿ ਭਗਵਾਨ॥**
**ਬਰਨੀ ਮਾਲ ਵਿਚਾਰ ਮੈਂ, ਤਿਹ ਆਗਯਾ ਪਰ ਮਾਨ॥੪੦॥**

ਇਸ ਵਿਚਾਰ ਮਾਲਾ ਨਾਮੇ ਗ੍ਰੰਥ ਦੇ ਪ੍ਰਗਟ ਹੋਣ ਦੀ ਇਹ ਸਾਰੀ ਉਥਾਨਕਾ ਹੈ, ਜੋ ਸੰਖੇਪ ਪਾਠਕਾਂ ਦੇ ਜਾਣਕਾਰੀ ਲਈ ਲਿਖ ਦਿੱਤੀ ਹੈ।

ਦਾਸਨਿ ਦਾਸ—
**ਹਰੀ ਸਿੰਘ**
ਜਥਾ ਰੰਧਾਵਾ

# ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਸਤਿ = ਨਾਸ ਤੋਂ ਰਹਿਤ, ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ ਵਾ: ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

# ਅਥ ਸ੍ਰੀ ਵਿਚਾਰਮਾਲਾ ਲਿਖ੍ਯਤੇ

ਅਥ = ਹੁਣ ਵਿਚਾਰ = ਖਿਆਲ ਭਾਵ ਸ੍ਰੇਸ਼ਟ ਸੱਤ ਅਸੱਤ ਦੇ ਨਿਰਣੇ ਦੀ ਚਰਚਾ ਦੇ ਅੱਖਰਾਂ ਦੀ ਮਾਲਾ ਭਾਵ ਸ੍ਰੇਸ਼ਟ ਅੱਖਰਾਂ ਰੂਪ ਮਣਕਿਆਂ ਸਿਧਾਂਤ ਰੂਪ ਧਾਗੇ ਨਾਲ ਬਿਬੇਕ ਬੁੱਧ ਰੂਪ ਸੂਈ ਦੇ ਨਾਲ ਗੁੰਥਨ ਕੀਤੀ ਹੋਈ ਵਿਚਾਰਾਂ ਦੀ ਮਾਲਾ ਦਾ ਗ੍ਰੰਥ ਲਿਖ੍ਯਤੇ = ਲਿਖਦੇ ਹਨ।

## ਪਹਿਲਾ ਬਿਸ੍ਰਾਮ

ਸ੍ਰੀ ਰਾਮ ਜੀ ਦਾ ਮੰਗਲ ਕਰਦੇ ਹਨ:

### ਦੋਹਰਾ ॥ ਨਮੋ ਨਮੋ ਸ੍ਰੀ ਰਾਮ ਜੂ; ਸਤਿ ਚਿਤ ਆਨੰਦ ਰੂਪ ॥

ਸ੍ਰੀ = ਸੁਭਾਏਮਾਨ ਰਾਮਚੰਦ੍ਰ ਜੂ = ਜੀ ਨੂੰ ਮੇਰੀ ਮਨ ਕਰਕੇ ਨਮੋ = ਨਮਸਕਾਰ ਹੈ, ਬਾਣੀ, ਸਰੀਰ ਕਰਕੇ ਵੀ ਨਮੋ = ਨਮਸਕਾਰ ਹੈ, ਜੋ ਸਤਿ = ਨਾਸ਼ ਤੋਂ ਰਹਿਤ, ਚਿਤ = ਚੇਤਨ ਤੇ ਅਨੰਦ ਰੂਪ ਪ੍ਰਭੂ ਦਾ ਹੀ ਸਰੂਪ ਹਨ **ਅਥਵਾ** ਜੋ ਸਰਗੁਣ ਸਰੂਪ ਵਿਚ ਸ੍ਰੀ ਰਾਮ ਜੀ ਹਨ, ਉਨ੍ਹਾਂ ਨੂੰ ਮੇਰੀ ਨਮੋ = ਨਮਸਕਾਰ ਹੈ ਅਤੇ ਜੋ ਸਤਿ, ਚੇਤਨ ਤੇ ਅਨੰਦ ਸਰੂਪ ਨਿਰਗੁਣ ਬ੍ਰਹਮ ਹੈ, ਉਸਨੂੰ ਵੀ ਮੇਰੀ ਨਮੋ = ਨਮਸਕਾਰ ਹੈ।

### ਜਿਹ ਜਾਨੇ ਜਗ ਸੂਪਨ ਵਤ; ਨਾਸੈ ਭ੍ਰਮ ਤਮ ਕੂਪ ॥੧॥

ਜਿਹ = ਜਿਸ ਬ੍ਰਹਮ ਦੇ ਜਾਨੇ = ਜਾਨਣ ਨਾਲ ਸਾਰਾ ਜਗ = ਸੰਸਾਰ ਸੂਪਨ = ਸੁਪਨੇ ਦੀ ਵਤ = ਨਿਆਈਂ ਮਿਥਿਆ ਪ੍ਰਤੀਤ ਹੋਣ ਲੱਗ ਜਾਂਦਾ ਹੈ ਅਤੇ ਭਰਮ ਰੂਪੀ ਤਮ = ਹਨੇਰੇ ਵਾਲੇ ਅੰਨ੍ਹੇ ਕੂਪ = ਖੂਹ ਦਾ ਨਾਸੈ = ਨਾਸ ਹੋ ਜਾਂਦਾ ਹੈ ਅਰਥਾਤ ਇਹ ਸੰਸਾਰ ਭਰਮ ਰੂਪ ਕਰਕੇ ਅੰਨ੍ਹੇ ਖੂਹ ਦੀ ਨਿਆਈਂ ਦੁਖ ਰੂਪ ਹੈ ਅਤੇ ਬ੍ਰਹਮ ਗਿਆਨ ਨਾਲ ਇਸ ਅਵਿੱਦਿਆ ਦੇ ਕਾਰਜ ਰੂਪ ਅਨਰਥ (ਸੰਸਾਰ ਦੀ) ਦੀ ਨਵਿਰਤੀ ਕਹੀ ਹੈ ਜੋ ਪਰਮਾਨੰਦ ਦੀ ਪ੍ਰਾਪਤੀ ਤੋਂ ਬਿਨਾਂ ਬਣਦੀ ਨਹੀਂ ਹੈ। ਇਸ ਲਈ ਪਰਮਾਨੰਦ ਦੀ ਪ੍ਰਾਪਤੀ ਜ਼ਰੂਰ ਹੋਵੇਗੀ ਅਤੇ ਪਰਮਾਨੰਦ ਦੀ ਪ੍ਰਾਪਤੀ ਕਰਾਉਣੀ ਹੀ ਇਸ ਗ੍ਰੰਥ ਦਾ ਪਰਮ ਪ੍ਰਯੋਜਨ ਹੈ।

***ਪ੍ਰਸ਼ਨ*** *: ਇਹ ਜੀਵ ਤਾਂ ਵਿਸ਼ਿਆਂ ਆਦਿ ਦੇ ਵਿਚ ਗ਼ਲਤਾਨ ਹੋਇਆ ਪਿਆ ਹੈ, ਫੇਰ ਇਹ ਬ੍ਰਹਮ ਨੂੰ ਕਿਸ ਪ੍ਰਕਾਰ ਜਾਣ ਸਕਦਾ ਹੈ?*

***ਉੱਤਰ*** *:*

### ਦੋਹਰਾ ॥ ਰਾਮ ਮਯਾ ਸਤਿਗੁਰੁ ਦਯਾ; ਸਾਧਸੰਗ ਜਬ ਹੋਇ ॥

ਹੇ ਭਾਈ! ਜਬ = ਜਦੋਂ ਰਾਮ = ਪਰਮਾਤਮਾ ਦੀ ਮਯਾ = ਮਿਹਰ ਹੁੰਦੀ ਹੈ ਭਾਵ ਈਸ਼ਵਰ ਦੇ ਧਿਆਨ ਕਰਕੇ ਜੋ ਚਿੱਤ ਦੀ ਇਕਾਗਰਤਾ ਹੋਈ, ਫੇਰ ਜਦੋਂ ਬ੍ਰਹਮ ਸ੍ਰੋਤ੍ਰੀ, ਬ੍ਰਹਮ ਨੇਸ਼ਠੀ ਸਤਿਗੁਰੂ ਦੀ ਦਯਾ = ਦਿਆਲਤਾ ਹੁੰਦੀ ਹੈ, ਭਾਵ ਸਤਿਗੁਰਾਂ ਦੀ ਸਿੱਖਿਆ ਦਾ ਤਤ ਸਿਧਾਂਤ ਸਾਖਿਆਤਕਾਰ ਹੋਣਾ ਅਤੇ ਜਦੋਂ ਸਾਧਸੰਗ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਹੋਇ = ਹੁੰਦੀ ਹੈ।

## ਤਬ ਪ੍ਰਾਣੀ ਜਾਨੈ ਕਛੂ; ਰਹਿਓ ਬਿਖੈ ਰਸ ਭੋਇ ॥੨॥

ਤਬ = ਤਦੋਂ ਹੀ ਇਹ ਪ੍ਰਾਣੀ = ਪ੍ਰਾਣਾਂਧਾਰੀ ਜੀਵ ਪਰਮਾਤਮਾ ਨੂੰ ਆਪਣਾ ਨਿਜ ਸਰੂਪ ਕਰਕੇ ਕਛੂ = ਕੁੱਝ ਜਾਨੈ = ਜਾਣਦਾ ਹੈ ਜਿਹੜਾ ਜੀਵ ਪਹਿਲਾਂ ਬਿਖੈ = ਵਿਸ਼ਿਆਂ ਦੇ ਰਸ = ਸੁਆਦਾਂ ਵਿਚ ਹੀ ਭੋਇ = ਭਿੱਜਿਆ, ਖੱਚਿਤ ਹੋਇਆ ਰਹਓ = ਰਹਿੰਦਾ ਹੈ।

ਸੋ ਬ੍ਰਹਮ ਆਤਮਾ ਦਾ ਅਭੇਦ, ਜੀਵ ਈਸ਼ ਦੀ ਏਕਤਾ ਇਸ ਗ੍ਰੰਥ ਦਾ ਵਿਸ਼ਾ ਹੈ। ਇਸ ਪ੍ਰਕਾਰ ਪਹਿਲੇ ਦੋਹਰੇ ਵਿਚ ਪ੍ਰਯੋਜਨ ਅਨੁਬੰਧ ਕਥਨ ਕੀਤਾ ਹੈ, ਦੂਸਰੇ ਦੋਹਰੇ ਵਿਚ ਵਿਸ਼ਯ ਅਨੁਬੰਧ ਕਥਨ ਕੀਤਾ ਹੈ। ਤੀਜਾ ਅਧਿਕਾਰੀ ਅਨੁਬੰਧ ਚੌਥੇ ਬਿਸ੍ਰਾਮ ਵਿਚ ਕਥਨ ਕਰਨਗੇ, ਇਨ੍ਹਾਂ ਤਿੰਨਾਂ ਅਨੁਬੰਧਾਂ ਦੇ ਬਣਨ ਨਾਲ ਸੰਬੰਧ ਅਨੁਬੰਧ ਆਪਣੇ ਆਪ ਹੀ ਸਿੱਧ ਹੋ ਜਾਂਦਾ ਹੈ ॥੨॥

ਇਸ ਰੀਤ ਅਨੁਸਾਰ ਅਨੁਬੰਧ ਕਥਨ ਕਰਕੇ ਅੱਗੇ ਆਪਣੇ ਵਿੱਦਿਆ ਗੁਰੂ ਦਾ ਮੰਗਲ ਅਤੇ ਗ੍ਰੰਥ ਰਚਨ ਦੀ ਪ੍ਰਤੱਗਯਾ ਕਥਨ ਕਰਦੇ ਹਨ :

## ਦੋਹਰਾ ॥ ਪਦ ਬੰਦਨ ਆਨੰਦ ਯੁਤ; ਕਰਿ ਸ੍ਰੀ ਦੇਵ ਮੁਰਾਰਿ ॥

ਸਭ ਤੋਂ ਪਹਿਲਾਂ ਮੈਂ ਮੁਰਾਰਿ = ਮੁਰ ਦੈਂਤ ਦਾ ਨਾਸ਼ ਕਰਨ ਵਾਲੇ ਪਰਮਾਤਮਾ ਵਿਚ ਅਭੇਦ ਹੋਏ ਸ੍ਰੀ = ਸੁਭਾਏਮਾਨ, ਦੇਵ = ਪੂਜਨੀਕ ਵਿੱਦਿਆ ਗੁਰੂ ਮੋਨੀ ਜੀ ਦੇ ਪਦ = ਚਰਨਾਂ ਉੱਪਰ ਆਨੰਦ = ਬੜੀ ਖ਼ੁਸ਼ੀ ਦੇ ਯੁਤ = ਸਹਿਤ ਬੰਦਨ = ਨਮਸਕਾਰ ਕਰਦਾ ਹਾਂ।

## ਵਿਚਾਰ ਮਾਲਾ ਬਰਨਨ ਕਰੋਂ; ਮੋਨੀ ਜੂ ਉਰ ਧਾਰਿ ॥੩॥

ਅਤੇ ਆਪਣੇ ਵਿੱਦਿਆ ਗੁਰੂ ਮੋਨੀ ਜੂ = ਜੀ ਨੂੰ ਆਪਣੇ ਉਰ = ਹਿਰਦੇ ਵਿਚ ਧਾਰਿ = ਧਾਰਨ, ਵਸਾ ਕਰਕੇ ਇਹ ਵਿਚਾਰ ਮਾਲਾ ਨਾਮ ਦਾ ਗ੍ਰੰਥ ਬਰਨਨ = ਕਥਨ, ਰਚਨਾ ਕਰੋ = ਕਰਦਾ ਹਾਂ ॥੩॥

***ਪ੍ਰਸ਼ਨ*** *: ਤੁਸੀਂ ਆਪਣੇ ਗੁਰੂ ਜੀ ਦਾ ਨਾਮ ਮੋਨੀ ਜੀ ਕਥਨ ਕੀਤਾ ਹੈ ?*

***ਉੱਤਰ*** : ਮੋਨ ਚਾਰ ਪ੍ਰਕਾਰ ਦਾ ਹੁੰਦਾ ਹੈ, (ਗੁੰਗ ਮੋਨ, ਜੜ੍ਹ ਮੋਨ, ਕਾਸ਼ਟ ਮੋਨ, ਗਿਆਨ ਮੋਨ)[੧] ਇਸ ਚਾਰ ਪ੍ਰਕਾਰ ਦੇ ਮੋਨ ਵਿੱਚੋਂ ਉਨ੍ਹਾਂ ਨੇ ਕਿਹੜਾ ਮੋਨ ਧਾਰਨ ਕੀਤਾ ਹੋਇਆ ਹੈ।

## (ਕਿੰ ਮੋਨੰ)

## ਦੋਹਰਾ ॥ ਯਹ ਮੈਂ, ਮਮ ਯਹਿ, ਨਾਹਿ ਮਮ; ਸਬ ਬਿਕਲਪ ਭਏ ਛੀਨ ॥

ਯਹ = ਇਹ ਮੈਂ ਹਾਂ (ਇਹ ਮੇਰਾ ਸਰੀਰ ਹੈ), ਯਹਿ = ਇਹ ਮਮ = ਮੇਰੇ ਸੰਬੰਧੀ ਪਦਾਰਥ ਹਨ, ਅਤੇ

---

੧. ਚਾਰ ਪ੍ਰਕਾਰ ਦਾ ਮੋਨ :

(**ੳ**) **ਗੁੰਗ ਮੋਨ** : ਜੋ ਕਿਸੇ ਬਿਮਾਰੀ ਦੇ ਕਾਰਨ ਜ਼ੁਬਾਨ ਬੰਦ ਹੋ ਜਾਣੀ ਜਾਂ ਜਨਮ ਤੋਂ ਹੀ ਜ਼ੁਬਾਨ ਬੰਦ ਹੋਣੀ ਕੁਝ ਬੋਲ ਨਾ ਸਕਨਾ, ਇਸਨੂੰ ਗੁੰਗ ਮੋਨ ਆਖਦੇ ਹਨ।

(**ਅ**) **ਜੜ੍ਹ ਮੋਨ** : ਕਿਸੇ ਵਿਦਵਾਨ ਦੇ ਅੱਗੇ ਕੋਈ ਗੱਲ ਨਾ ਆਉਣੀ ਤੇ ਚੁੱਪ ਕਰਕੇ ਖੜੋ ਜਾਣਾ ਜਿਵੇਂ ਗਾਂਗੇ ਤੇਲੀ ਦੀ ਚਰਚਾ ਦਾ ਜ਼ਿਕਰ ਆਉਂਦਾ ਹੈ, ਇਸਦਾ ਨਾਮ ਜੜ੍ਹ ਮੋਨ ਹੈ।

(**ੲ**) **ਕਾਸਟ ਮੋਨ** : ਕਾਸਟ ਭਾਵ ਲੱਕੜ ਵਾਂਗ ਸਖ਼ਤ ਹਠ ਧਾਰ ਕੇ ਕਿਸੇ ਮੰਤ੍ਰ ਆਦਿ ਦਾ ਜਾਪ ਕਰਨ ਵਾਸਤੇ ਕੋਈ ਸ਼ਿਲਾ ਆਦਿ ਕਰਨ ਲਈ ਚੁੱਪ ਧਾਰਨ ਨੂੰ ਕਾਸਟ ਮੋਨ ਆਖਦੇ ਹਨ।

(**ਸ**) **ਗਿਆਨ ਮੋਨ** : ਪਰਮਾਤਮਾ ਨੂੰ ਹੀ ਸਭ ਜਗ੍ਹਾ ਵਿਆਪਕ ਜਾਣ ਕੇ ਉਸਦੇ ਨਾਮ ਸਿਮਰਨ ਵਿਚ ਅੱਠੋ ਪਹਿਰ ਲੀਨ ਰਹਿਣਾ ਅਤੇ ਦੁਨੀਆਂ ਨਾਲ ਕੋਈ ਬੋਲ-ਚਾਲ ਨਾ ਹੋਣੀ ਭਾਵ ਕੋਈ ਸੰਸਾਰੀ ਗੱਲ ਨਾ ਕਰਨੀ, ਇਸਦਾ ਨਾਮ ਗਿਆਨ ਮੋਨ ਹੈ।

ਹੋਰਨਾਂ ਦੀਆਂ ਚੀਜ਼ਾਂ ਵੱਲ ਦੇਖ ਕੇ ਕਿ ਇਹ ਮਮ = ਮੇਰੇ ਨਾਹਿ = ਨਹੀਂ ਹਨ, ਇਹ ਸਬ = ਸਾਰੇ ਬਿਕਲਪ = ਸੰਦੇਹ ਛੀਨ = ਨਾਸ਼ ਭਏ = ਹੋ ਗਏ ਹਨ **ਵਾ:** (ਬਿ + ਕਲਪ) ਬਿ = ਵਿਸ਼ੇਸ਼ ਕਰਕੇ ਕਲਪ = ਕਲਪਨਾ ਕਰਨੀ, ਇਹ ਵੀ ਨਾਸ਼ ਹੋ ਗਈ ਹੈ।

## ਪਰਮਾਤਮ ਪੂਰਨ ਸਕਲ; ਜਾਨਿ ਮੋਨਤਾ ਲੀਨ ॥੪॥

ਪਰਮਾਤਮ = ਪ੍ਰਭੂ ਸਕਲ = ਸਾਰੇ ਬ੍ਰਹਮੰਡ ਵਿਚ ਪੂਰਨ = ਵਿਆਪਕ ਹੋ ਰਿਹਾ ਹੈ, ਉਸਨੂੰ ਆਪਣਾ ਨਿਜ ਸਰੂਪ ਜਾਨਿ = ਸਮਝ ਕਰਕੇ ਉਸਦੇ ਵਿਚ ਆਪਣੇ ਚਿੱਤ ਦੀ ਬਿਰਤੀ ਲੀਨ = ਮਿਲਾ ਦੇਣੀ, ਇਸ ਨੂੰ ਹੀ ਅਸਲੀ ਗਿਆਨ ਮੋਨਤਾ = ਮੋਨ ਕਹਿੰਦੇ ਹਨ **ਵਾ:** ਸਭ ਵਿਚ ਆਪਣਾ ਸਰੂਪ ਜਾਣ ਕੇ ਮੋਨ ਧਾਰਨ ਕੀਤਾ ਹੈ। ਇਸ ਪ੍ਰਕਾਰ ਮੇਰੇ ਵਿੱਦਿਆ ਗੁਰੂ ਜੀ ਗਿਆਨ ਮੋਨ ਦੇ ਵਿਚ ਇਸਥਿਤ ਹਨ ॥੪॥

**ਅਥਵਾ** (ਅੰਨਵੈ ਅਨੁਸਾਰ) ਅੰਨਮਯ, ਪ੍ਰਾਣਮਯ ਆਦਿ ਸਕਲ = ਸਭ ਕੋਸਾਂ ਤੋਂ ਪਰ੍ਹੇ ਜੋ (ਪਰਮ + ਆਤਮਾ) ਪਰਮ = ਵੱਡਾ ਆਤਮਾ ਹੈ ਉਸਨੂੰ ਪੂਰਨ = ਵਿਆਪਕ ਬ੍ਰਹਮ ਦਾ ਰੂਪ ਜਾਣ ਕਰਕੇ ਉਸਦੇ ਵਿਚ ਲੀਨ ਹੋਣਾ ਅਤੇ ਜੋ ਇਹ ਕਹਿਣਾ ਕਿ ਇਹ ਪੰਜ ਕੋਸ਼ ਹੀ ਮੇਰਾ ਸਰੂਪ ਹਨ, ਜਾਂ ਇਹ ਪੰਜ ਮਮ = ਮੇਰਾ ਦ੍ਰਿਸ਼ਯ ਹੈ ਇਤਿਆਦਿਕ ਇਹੋ ਜਿਹੇ ਵਿਕਲਪ = ਸੰਸੇ ਨਵਿਰਤ ਹੋਣ ਰੂਪ ਮੌਨ ਨੂੰ ਮੇਰੇ ਗੁਰੂ ਨੇ ਅੰਗੀਕਾਰ ਕੀਤਾ ਹੈ ॥੪॥

## ਗੁਰ ਉਸਤਤਿ

## ਦੋਹਰਾ ॥ ਮਾਤ ਤਾਤ ਭ੍ਰਾਤਾ ਸੁਹਿਰਦ; ਇਸਟ ਦੇਵ ਨ੍ਰਿਪ ਪ੍ਰਾਨ ॥

ਜੋ ਮਾਤ = ਮਾਂ, ਤਾਤ = ਪਿਤਾ, ਭ੍ਰਾਤਾ = ਭਰਾ, ਸੁਹਿਰਦ = ਮਿੱਤ੍ਰ, ਇਸਟ ਦੇਵ = ਆਪਣੀ ਕੁਲ ਦਾ ਪੂਜਯ ਦੇਵਤਾ, ਨ੍ਰਿਪ = ਰਾਜਾ ਅਤੇ ਆਪਣੇ ਪ੍ਰਾਨ = ਸ੍ਵਾਸ ਆਦਿ ਹਨ।

## ਅਨਾਥ ਸੁ ਗੁਰ ਸਭਤੇ ਅਧਿਕ; ਦਾਨ ਗਯਾਨ ਵਿਗਯਾਨ ॥੫॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਉਪਰੋਕਤ ਕਥਨ ਕੀਤੇ ਸਾਕ-ਸੰਬੰਧੀਆਂ ਆਦਿ ਸਭ = ਸਾਰਿਆਂ ਤੇ = ਨਾਲੋਂ ਗੁਰੂ ਅਧਿਕ = ਵੱਡਾ ਹੈ, ਕਿਉਂਕਿ ਉਹ ਰਿਸ਼ਤੇਦਾਰ ਆਦਿ ਦੁਨਿਆਵੀ ਸੁਖ ਤਾਂ ਦੇ ਸਕਦੇ ਹਨ ਪਰ ਆਤਮਿਕ ਸੁਖ ਨਹੀਂ ਦੇ ਸਕਦੇ ਅਤੇ ਗੁਰੂ ਗਯਾਨ = ਪ੍ਰੋਖ ਗਿਆਨ ਤੇ ਵਿਗਯਾਨ = ਅਪ੍ਰੋਖ ਗਿਆਨ ਦਾ ਦਾਨ ਦੇਣ ਵਾਲਾ ਹੈ **ਵਾ:** ਗਯਾਨ ਵਿਗਯਾਨ = ਗਿਆਨਾਂ ਵਿੱਚੋਂ ਆਤਮ ਗਿਆਨ ਦੇਣ ਵਾਲਾ ਹੈ ॥੫॥

## ਦੋਹਰਾ ॥ ਪ੍ਰਗਟ ਪੁਹਮ ਗੁਰ ਸੂਰ ਦੁਤਿ; ਜਨ ਮਨ ਨਲਿਨ ਪ੍ਰਕਾਸ ॥

ਹੇ ਭਾਈ! ਇਸ ਪੁਹਮ = ਧਰਤੀ ਦੇ ਉੱਪਰ ਗੁਰੂ ਦੀ ਦੁਤਿ = ਸ਼ੋਭਾ ਸੂਰ = ਸੂਰਜ ਦੇ ਪ੍ਰਕਾਸ਼ ਵਾਂਗ ਪ੍ਰਗਟ = ਪ੍ਰਤੱਖ ਹੈ, ਜੋ ਜਨ = ਸੇਵਕਾਂ ਦੇ ਮਨ ਰੂਪੀ ਨਲਿਨ = ਕਮਲਾਂ ਨੂੰ ਪ੍ਰਕਾਸ = ਖਿੜਾਉਣ ਵਾਲੇ ਹਨ **ਵਾ:** ਆਪਣੇ ਬਚਨਾਂ ਰੂਪੀ ਕਿਰਣਾਂ ਦੇ ਨਾਲ ਜਗਿਆਸੂਆਂ ਦੇ ਮਨ ਰੂਪੀ ਕਮਲ ਨੂੰ ਪ੍ਰਫੁੱਲਤ ਕਰਨ ਵਾਲੇ ਹਨ।

## ਅਨਾਥ ਕਮੋਦਨ ਬਿਮੁਖ ਜਨ; ਕਬਹੂ ਨ ਹੋਇ ਹੁਲਾਸ ॥੬॥

ਅਨਾਥ ਕਵੀ ਜੀ ਕਥਨ ਕਰਦੇ ਹਨ, ਗੁਰੂ ਤੋਂ ਬਿਮੁਖ = ਉਲਟੇ ਮੁਖ ਵਾਲੇ ਸਾਕਤ ਜਨ = ਪੁਰਖ ਕਮੋਦਨ = ਕਮੀਆਂ, ਨੀਲੋਫ਼ਰ (ਰਾਤ ਨੂੰ ਖਿੜਨ ਵਾਲੇ ਕਮਲ) ਦੀ ਨਿਆਈਂ ਹਨ। ਉਨ੍ਹਾਂ ਨੂੰ ਕਬਹੂ = ਕਦੇ

ਵੀ ਗੁਰੂ ਰੂਪੀ ਸੂਰਜ ਨੂੰ ਦੇਖ ਕੇ ਹੁਲਾਸ = ਪ੍ਰਸੰਨਤਾ, ਖ਼ੁਸ਼ੀ ਨਹੀਂ ਹੋਇ = ਹੁੰਦੀ; ਭਾਵ ਸੂਰਜ ਨੂੰ ਦੇਖ ਕਰਕੇ ਕਮੀਆਂ ਮੁਰਝਾ ਜਾਂਦੀਆਂ ਹਨ ਤਿਵੇਂ ਗੁਰੂ ਦਾ ਨਾਮ ਸੁਣ ਕੇ ਮਨਮੁਖ ਪੁਰਖ ਮੁਰਝਾ ਜਾਂਦੇ ਹਨ ॥੬॥

## ਦੋਹਰਾ ॥ ਟੇਰਤ ਸਤਿਗੁਰੁ ਮਯਾ ਕਰਿ; ਮੋਹ ਨੀਂਦ ਸੋਵੰਤ ॥

ਸਤਿਗੁਰੂ ਸਾਹਿਬ ਜੀ ਆਪਣੀ ਮਯਾ = ਮਿਹਰ ਦੀ ਦ੍ਰਿਸ਼ਟੀ ਕਰਿ = ਕਰਕੇ ਮੋਹ = ਮੋਹ ਦੀ ਨੀਂਦ ਵਿਚ ਸੋਵੰਤ = ਸੁੱਤੇ ਹੋਏ ਜੀਵ ਨੂੰ ਟੇਰਤ = ਸੱਦਦੇ, ਉੱਚੀ ਆਵਾਜ਼ ਨਾਲ ਪੁਕਾਰਦੇ ਹਨ ਕਿ ਹੇ ਭਾਈ ! ਤੂੰ ਇਸ ਅਮੋਲਕ ਮਨੁੱਖਾ ਜਨਮ ਨੂੰ ਪਾ ਕੇ ਐਵੇਂ ਵਿਅਰਥ ਵਿਸ਼ਿਆਂ, ਮੋਹ ਆਦਿ ਨੀਂਦ ਵਿਚ ਕਿਉਂ ਸੁੱਤਾ ਪਿਆ ਹੈ ?

## ਜਗਯੋ ਗਯਾਨ ਲੋਚਨ ਖੁਲੇ; ਸੁਪਨੋ ਭ੍ਰਮ ਬਿਸਰੰਤ ॥੭॥

ਜਦੋਂ ਗੁਰੂ ਦੀ ਕਿਰਪਾ ਸਦਕਾ ਸਿੱਖ ਇਸ ਮੋਹ ਦੀ ਨੀਂਦ ਤੋਂ ਜਗਯੋ = ਜਾਗਦਾ ਹੈ, ਤਦੋਂ ਇਸਦੇ ਗਿਆਨ ਰੂਪੀ ਲੋਚਨ = ਨੇਤ੍ਰ ਖੁਲੇ = ਖੁੱਲ੍ਹ ਜਾਂਦੇ ਹਨ ਅਤੇ ਜਿਵੇਂ ਪ੍ਰਤੱਖ ਨੀਂਦ ਵਿੱਚੋਂ ਜਾਗਣ ਤੋਂ ਸੁਪਨਾ ਖ਼ਤਮ ਹੋ ਜਾਂਦਾ ਹੈ, ਤਿਵੇਂ ਸੁਪਨੇ ਦੀ ਨਿਆਈਂ ਭਰਮ, ਹੰਕਾਰ ਆਦਿ ਅਧਿਆਸ ਬਿਸਰੰਤ = ਭੁੱਲ ਜਾਂਦਾ, ਨਵਿਰਤ ਹੋ ਜਾਂਦਾ ਹੈ ॥੭॥

## ਦੋਹਰਾ ॥ ਗੁਰ ਬਿਨੁ ਭ੍ਰਮ ਲਗ ਭੂਲਯੋ; ਭੇਦ ਲਹੇ ਬਿਨ ਸ੍ਵਾਨ ॥

ਗੁਰੂ ਤੋਂ ਬਿਨੁ = ਬਗ਼ੈਰ ਇਹ ਜੀਵ ਭਰਮ ਵਿਚ ਲੱਗ ਕਰਕੇ ਇਸ ਪ੍ਰਕਾਰ ਆਪਣੇ ਨਿਜ ਸਰੂਪ ਤੋਂ ਭੂਲਯੋ = ਭੁੱਲਿਆ ਹੋਇਆ ਹੈ, ਜਿਵੇਂ ਸੀਸ ਮਹਿਲ ਵਿਚ ਵੜਿਆ ਸ੍ਵਾਨ = ਕੁੱਤਾ ਭੇਦ = ਅਸਲੀਅਤ ਲਹੇ = ਜਾਣੇ ਤੋਂ ਬਿਨੁ = ਬਗ਼ੈਰ ਵਿਅਰਥ ਭੌਂਕ-ਭੌਂਕ ਕੇ ਹੀ ਮਰ ਗਿਆ ਸੀ, ਭਾਵ ਉਹ ਕੁੱਤਾ ਆਪਣੇ ਪ੍ਰਤਿਬਿੰਬ ਨੂੰ ਆਪਣੇ ਨਾਲੋਂ ਵੱਖਰਾ ਸਮਝ ਕੇ ਵਿਅਰਥ ਭੌਂਕਦਾ ਹੋਇਆ ਮਰ ਗਿਆ ਸੀ, ਤਿਵੇਂ ਜੀਵ ਗੁਰੂ ਤੋਂ ਬਿਨਾਂ ਆਪਣੇ ਨਿਜ ਸਰੂਪ ਨੂੰ ਨਹੀਂ ਜਾਣ ਪਾਉਂਦਾ ਜਿਸ ਕਰਕੇ ਵਿਅਰਥ ਵਿਸ਼ਿਆਂ, ਭਰਮ ਵਿਚ ਲੱਗ ਕੇ ਭੌਂਕਦਾ ਹੋਇਆ ਮਰ ਜਾਂਦਾ ਹੈ।

ਅੱਗੇ ਇਸੇ ਸਿਧਾਂਤ ਅਨੁਸਾਰ ਇਕ ਹੋਰ ਦ੍ਰਿਸ਼ਟਾਂਤ ਦੇਂਦੇ ਹਨ :

## ਕੇਹਰ ਬਪੁ ਝਾਈ ਨਿਰਖ; ਪਰਯੋ ਕੂਪ ਅਗਯਾਨ ॥੮॥

ਜਿਸ ਪ੍ਰਕਾਰ ਇਕ ਕੇਹਰ = ਸ਼ੇਰ ਖੂਹ ਵਿਚ ਆਪਣੇ ਬਪੁ = ਸਰੂਪ ਦਾ ਝਾਈ = ਪਰਛਾਵਾਂ, ਪ੍ਰਤਿਬਿੰਬ ਨਿਰਖ = ਦੇਖ ਕੇ ਅਗਿਆਨ ਕਾਰਨ ਕੂਪ = ਖੂਹ ਵਿਚ ਪਰਯੋ = ਡਿੱਗ ਪਿਆ ਸੀ, ਤਿਵੇਂ ਜੀਵ ਆਪਣੇ ਨਿਜ ਸਰੂਪ ਨੂੰ ਜਾਣੇ ਤੋਂ ਬਿਨਾਂ ਅਗਿਆਨ ਦੇ ਖੂਹ ਵਿਚ ਡਿੱਗਿਆ ਪਿਆ ਹੈ ॥੮॥

**ਸਾਖੀ ਸ਼ੇਰ ਦੇ ਖੂਹ ਵਿਚ ਡਿੱਗਣ ਦੀ :** ਇਕ ਜੰਗਲ ਵਿਚ ਇਕ ਬਹੁਤ ਹੀ ਮਸਤਿਆ ਹੋਇਆ ਸ਼ੇਰ ਰਹਿੰਦਾ ਸੀ, ਜੋ ਹਰ ਰੋਜ਼ ਅਨੇਕਾਂ ਜੀਵਾਂ ਨੂੰ ਮਾਰ ਦੇਂਦਾ ਸੀ, ਉਨ੍ਹਾਂ ਵਿੱਚੋਂ ਖਾਂਦਾ ਥੋੜ੍ਹਾ ਤੇ ਮਾਰ ਬਹੁਤੇ ਦੇਂਦਾ ਸੀ। ਸ਼ੇਰ ਦੇ ਇਸ ਰੋਜ਼-ਰੋਜ਼ ਦੇ ਕੰਮ ਤੋਂ ਜੰਗਲ ਦੇ ਬਾਕੀ ਪਸ਼ੂ, ਜਾਨਵਰ ਬਹੁਤ ਤੰਗ ਹੋਏ। ਤਦੋਂ ਸਭ ਨੇ ਜੰਗਲ ਵਿਚ ਪੰਚਾਇਤ ਬੁਲਾਈ, ਸਾਰੇ ਪਸ਼ੂ-ਪੰਛੀ, ਜਾਨਵਰ ਇਕੱਠੇ ਹੋਏ ਤੇ ਵਿਚਾਰ ਕੀਤੀ ਕਿ ਜੇਕਰ ਉਹ ਮਸਤਿਆ ਹੋਇਆ ਸ਼ੇਰ ਹਰ ਰੋਜ਼ ਏਸੇ ਤਰ੍ਹਾਂ ਕਰਦਾ ਰਿਹਾ ਤਾਂ ਅਸੀਂ ਥੋੜ੍ਹੇ ਦਿਨਾਂ ਵਿਚ ਹੀ ਮੁੱਕ ਜਾਵਾਂਗੇ। ਇਸ ਲਈ ਸਾਨੂੰ ਆਪਣੇ ਬਚਾਅ ਬਾਰੇ ਸੋਚਣਾ ਚਾਹੀਦਾ ਹੈ, ਉਸ ਵੇਲੇ ਸਾਰੇ ਇਕੱਠੇ ਹੋ ਕੇ ਸ਼ੇਰ ਦੇ ਕੋਲ ਪਹੁੰਚੇ। ਸ਼ੇਰ ਨੇ ਪੁੱਛਿਆ ਕਿ ਤੁਸੀਂ ਸਾਰੇ ਅੱਜ ਕਿਵੇਂ ਆਏ ਹੋ, ਤਦ ਕੁਝ ਆਗੂ ਜਾਨਵਰਾਂ

ਨੇ ਕਿਹਾ ਕਿ ਹੇ ਮ੍ਰਿਗਰਾਜਨ! ਅਸੀਂ ਤੁਹਾਡੇ ਪਾਸ ਇਕ ਅਰਜ਼ ਕਰਨ ਲਈ ਆਏ ਹਾਂ। ਸ਼ੇਰ ਨੇ ਕਿਹਾ ਕਿ ਦੱਸੋ ਕੀ ਅਰਜ਼ ਕਰਨ ਆਏ ਹੋ?

ਜਾਨਵਰਾਂ ਨੇ ਕਿਹਾ ਕਿ ਤੁਸੀਂ ਲੋੜ ਅਨੁਸਾਰ ਖਾਣ ਤੋਂ ਬਾਅਦ ਵੀ ਅਨੇਕਾਂ ਜੀਵਾਂ ਨੂੰ ਮਾਰੀ ਜਾਂਦੇ ਹੋ, ਭਾਵ ਖਾਂਦੇ ਘੱਟ ਤੇ ਸਾਡਾ ਨੁਕਸਾਨ ਜ਼ਿਆਦਾ ਕਰਦੇ ਹੋ। ਦੂਸਰਾ ਕਾਰਨ ਕਿ ਤੁਸੀਂ ਜੰਗਲ ਦੇ ਰਾਜੇ ਹੋ ਤੇ ਤੁਹਾਨੂੰ ਭੋਜਨ ਦੇ ਲਈ ਆਪ ਸ਼ਿਕਾਰ ਕਰਨ ਦੇ ਲਈ ਜਾਣਾ ਪੈਂਦਾ ਹੈ, ਤੀਸਰਾ ਸਾਡੇ ਸਾਰਿਆਂ ਦੇ ਮਨ ਵਿਚ ਇਹ ਡਰ ਛਾਇਆ ਰਹਿੰਦਾ ਹੈ ਕਿ ਪਤਾ ਨਹੀਂ ਤੁਸੀਂ ਕਿਸ ਨੂੰ ਮਾਰ ਦੇਵੋਗੇ?

ਸ਼ੇਰ ਨੇ ਕਿਹਾ ਕਿ ਸਿੱਧੀ ਗੱਲ ਕਰੋ ਜੋ ਵੀ ਤੁਸੀਂ ਕਰਨੀ ਚਾਹੁੰਦੇ ਹੋ, ਐਵੇਂ ਪਹੇਲੀਆਂ ਜਿਹੀਆਂ ਨਾ ਪਾਉ। ਤਦੋਂ ਬਾਕੀ ਜਾਨਵਰਾਂ ਦੇ ਆਗੂ ਨੇ ਕਿਹਾ ਕਿ ਅਸੀਂ ਇਹ ਬੇਨਤੀ ਕਰਨ ਆਏ ਹਾਂ ਕਿ ਤੁਹਾਨੂੰ ਹੁਣ ਸ਼ਿਕਾਰ ਕਰਨ ਦੀ ਖੇਚਲ ਨਹੀਂ ਕਰਨੀ ਪਵੇਗੀ। ਸਾਡੇ ਵਿੱਚੋਂ ਆਪ ਹੀ ਹਰ ਰੋਜ਼ ਤੁਹਾਡੇ ਕੋਲ ਜਾਨਵਰ, ਪਸ਼ੂ ਆ ਜਾਇਆ ਕਰੇਗਾ ਤੇ ਤੁਸੀਂ ਏਥੇ ਬੈਠੇ-ਬੈਠੇ ਉਸਨੂੰ ਖਾ ਕੇ ਆਪਣਾ ਪੇਟ ਭਰ ਲਿਆ ਕਰੋ। ਸ਼ੇਰ ਮੰਨ ਗਿਆ। ਤਦੋਂ ਸਾਰੇ ਜਾਨਵਰ ਪ੍ਰਸੰਨ ਹੋ ਕੇ ਆਪੋ-ਆਪਣੇ ਟਿਕਾਣਿਆਂ ’ਤੇ ਪਹੁੰਚ ਗਏ। ਉਸ ਦਿਨ ਤੋਂ ਹਰ ਰੋਜ਼ ਵਾਰੀ ਅਨੁਸਾਰ ਇਕ ਜੀਵ ਸ਼ੇਰ ਕੋਲ ਭੇਜ ਦਿਆ ਕਰਨ ਤੇ ਬਾਕੀ ਦੇ ਜਾਨਵਰ ਨਿਸਚਿਤ ਹੋ ਕੇ ਜੰਗਲ ਵਿਚ ਵਿਚਰਦੇ ਰਹਿੰਦੇ। ਇਕ ਦਿਨ ਸਹੇ (ਖ਼ਰਗੋਸ਼) ਦੀ ਵਾਰੀ ਆ ਗਈ। ਸਹਾ ਬਹੁਤ ਚਲਾਕ ਹੁੰਦਾ ਹੈ। ਉਹ ਜਾਣ-ਬੁੱਝ ਕੇ ਦੇਰੀ ਨਾਲ ਪਹੁੰਚਿਆ। ਸ਼ੇਰ ਨੇ ਨਰਾਜ਼ ਹੋ ਕੇ ਗ਼ੁੱਸੇ ਨਾਲ ਕਿਹਾ ਕਿ ਇਕ ਤਾਂ ਤੂੰ ਹੈਂ ਬਹੁਤ ਛੋਟਾ ਜਿਹਾ, ਤੇਰੇ ਨਾਲ ਮੇਰੀ ਭੁੱਖ ਵੀ ਨਹੀਂ ਮਿਟਣੀ, ਦੂਜਾ ਤੂੰ ਦੇਰੀ ਨਾਲ ਆਇਆ ਹੈਂ। ਤਦ ਸਹੇ ਨੇ ਡਰਦੇ-ਡਰਦੇ ਕਿਹਾ ਕਿ ਮਹਾਰਾਜ ਜੀ! ਮੈਂ ਆਪਣੇ ਘਰੋਂ ਤਾਂ ਬਹੁਤ ਦੇਰ ਦਾ ਤੁਰਿਆ ਹੋਇਆ ਸਾਂ। ਪਰ ਰਸਤੇ ਵਿਚ ਮੈਨੂੰ ਇਕ ਹੋਰ ਸ਼ੇਰ ਮਿਲ ਗਿਆ, ਉਸਨੇ ਮੈਨੂੰ ਬਹੁਤ ਗ਼ੁੱਸੇ ਨਾਲ ਕਿਹਾ ਕਿ ਮੈਂ ਤੈਨੂੰ ਖਾਣਾ ਹੈ। ਮੈਂ ਉਸਨੂੰ ਕਿਹਾ ਕਿ ਨਹੀਂ, ਇਸ ਜੰਗਲ ਦੇ ਰਾਜੇ ਨੇ ਮੈਨੂੰ ਬੁਲਾਇਆ ਹੈ, ਮੈਂ ਉਸਦਾ ਸ਼ਿਕਾਰ ਹਾਂ, ਤੂੰ ਮੈਨੂੰ ਨਹੀਂ ਖਾ ਸਕਦਾ। ਮੇਰੀ ਗੱਲ ਸੁਣ ਕੇ ਉਸਨੇ ਕਿਹਾ ਕਿ ਇਸ ਜੰਗਲ ਦਾ ਰਾਜਾ ਸਿਰਫ਼ ਮੈਂ ਹਾਂ। ਫੇਰ ਮੈਂ ਉਸਨੂੰ ਆਪਣਾ ਛੋਟਾ ਭਰਾ ਦੇ ਕੇ ਆਪਣੀ ਜਾਨ ਬਚਾ ਕੇ ਤੁਹਾਡੇ ਕੋਲ ਆਇਆ ਹਾਂ। ਇਹ ਸੁਣ ਕੇ ਸ਼ੇਰ ਨੂੰ ਬਹੁਤ ਗ਼ੁੱਸਾ ਆਇਆ। ਉਸਨੇ ਕਿਹਾ ਕਿ ਤੇਰਾ ਸ਼ਿਕਾਰ ਤਾਂ ਮੈਂ ਬਾਅਦ ਵਿਚ ਕਰਾਂਗਾ, ਪਹਿਲਾਂ ਤੂੰ ਮੈਨੂੰ ਇਹ ਦੱਸ ਕਿ ਉਹ ਕਿੱਥੇ ਰਹਿੰਦਾ ਹੈ?

ਤਦ ਖ਼ਰਗੋਸ਼ ਉਸ ਮਸਤੇ ਹੋਏ ਸ਼ੇਰ ਨੂੰ ਇਕ ਖੂਹ ਦੇ ਕੋਲ ਲੈ ਆਇਆ ਤੇ ਉਸਦੀ ਛਾਤੀ ਹੇਠਾਂ ਹੋ ਕੇ ਖੂਹ ਦੇ ਪਾਣੀ ਵਿਚ ਪੈਂਦੇ ਪਰਛਾਵੇਂ ਵੱਲ ਇਸ਼ਾਰਾ ਕਰਕੇ ਸਹੇ ਨੇ ਸ਼ੇਰ ਨੂੰ ਕਿਹਾ ਕਿ ਉਹ ਦੇਖੋ, ਦੂਜਾ ਸ਼ੇਰ ਮੇਰੇ ਭਰਾ ਨੂੰ ਫੜ ਕੇ ਬੈਠਾ ਹੈ। ਸ਼ੇਰ ਨੇ ਖ਼ਰਗੋਸ਼ ਅਤੇ ਆਪਣੇ ਪਰਛਾਵੇਂ ਨੂੰ ਦੇਖ ਕੇ ਸੱਚ ਸਮਝ ਲਿਆ ਤੇ ਉੱਚੀ ਸਾਰੀ ਭੱਬਕ ਮਾਰੀ। ਅੱਗੋਂ ਖੂਹ ਵਿੱਚੋਂ ਦੂਣੀ ਭੱਬਕ ਦੀ ਆਵਾਜ਼ ਆਈ। ਤਦੋਂ ਉਸਨੂੰ ਮਾਰਨ ਦੇ ਲਈ ਸ਼ੇਰ ਨੇ ਖੂਹ ਵਿਚ ਛਲਾਂਗ ਮਾਰ ਦਿੱਤੀ ਤੇ ਖੂਹ ਵਿਚ ਡਿੱਗ ਪਿਆ ਅਤੇ ਗੋਤੇ ਖਾ ਕੇ ਵਿੱਚੇ ਮਰ ਗਿਆ। ਸਹਾ ਅਨੰਦ ਨਾਲ ਮੁੜ ਬਾਕੀ ਦੇ ਜਾਨਵਰਾਂ ਕੋਲ ਆ ਗਿਆ ਤੇ ਸ਼ੇਰ ਦੀ ਸਾਰੀ ਕਹਾਣੀ ਦੱਸ ਕੇ ਸਭ ਨੂੰ ਸ਼ੇਰ ਦੇ ਭੈ ਤੋਂ ਮੁਕਤ ਕੀਤਾ।

ਸੋ ਭਾਵ ਇਹ ਹੈ ਜਿਸ ਪ੍ਰਕਾਰ ਸ਼ੇਰ ਨੇ ਆਪਣਾ ਪਰਛਾਵਾਂ ਦੇਖ ਕੇ ਆਪਣੇ ਸਰੂਪ ਨੂੰ ਸਮਝੇ ਤੋਂ ਬਿਨਾਂ ਆਪਣੀ ਜਾਨ ਗਵਾ ਲਈ, ਤਿਵੇਂ ਹੀ ਜੀਵ ਗੁਰੂ ਤੋਂ ਬਿਨਾਂ ਆਪਣੇ ਨਿਜ ਸਰੂਪ ਨੂੰ ਸਮਝਦਾ ਨਹੀਂ ਹੈ ਅਤੇ ਭਰਮ, ਅਗਿਆਨਤਾ ਦੇ ਖੂਹ ਵਿਚ ਡਿੱਗ ਕੇ ਆਪਣਾ ਅਮੋਲਕ ਮਨੁੱਖਾ ਜਨਮ ਵਿਅਰਥ ਗਵਾ ਲੈਂਦਾ ਹੈ। ਉਪਰੋਕਤ ਸਾਖੀ ਦਾ ਇਹੀ ਸਿਧਾਂਤ ਸਮਝਣਾ ਕਿਉਂਕਿ ਇਹੋ ਜਿਹੀਆਂ ਸਾਖੀਆਂ ਦ੍ਰਿਸ਼ਟਾਂਤ ਰੂਪ ਵਿਚ ਕਲਪ ਕੇ ਦਾ ਦ੍ਰਿਸ਼ਟਾਂਤ ਵਿਚ ਵਿਚ ਸਿਧਾਂਤ ਪ੍ਰਗਟਾਇਆਂ ਜਾਂਦਾ ਹੈ।

## ਦੋਹਰਾ ॥ ਪ੍ਰਗਟ ਅਵਨਿ ਕਰੁਣਾ ਅਰਣਵ; ਰਤਨ ਗਯਾਨ ਵਿਗਯਾਨ ॥

ਇਸ ਅਵਨਿ = ਧਰਤੀ ਦੇ ਉੱਪਰ ਗੁਰ ਪ੍ਰਗਟਿ = ਪ੍ਰਤੱਖ ਹੀ ਕਰੁਣਾ = ਦਇਆ ਦਾ ਅਰਣਵ = ਸਮੁੰਦਰ ਹੈ, ਜਿਵੇਂ ਸਮੁੰਦਰ ਵਿਚ ਅਨੇਕਾਂ ਰਤਨ ਨਿਕਲਦੇ ਹਨ, ਤਿਵੇਂ ਗੁਰੂ ਰੂਪੀ ਸਮੁੰਦਰ ਤੋਂ ਪ੍ਰੋਖ ਗਿਆਨ ਤੇ ਵਿਗਯਾਨ = ਵਿਸ਼ੇਸ਼ ਕਰਕੇ ਅਪ੍ਰੋਖ ਗਿਆਨ ਰੂਪੀ ਰਤਨ ਨਿਕਲਦੇ ਹਨ।

## ਬਚਨ ਲਹਰ ਤਨ ਪਰਸਤੇ; ਅਗਯਹੁ ਹੋਤ ਸੁਜਾਨ ॥੯॥

ਜਿਵੇਂ ਸਮੁੰਦਰ ਦੀਆਂ ਲਹਿਰਾਂ ਹੁੰਦੀਆਂ ਹਨ, ਤਿਵੇਂ ਸਤਿਗੁਰਾਂ ਦੇ ਬਚਨ = ਉਪਦੇਸ਼ ਰੂਪੀ ਲਹਰ = ਤਰੰਗਾਂ ਦਾ ਤਨ = ਸਰੀਰ ਨਾਲ ਪਰਸਤੇ = ਛੂੰਹਦਿਆਂ ਭਾਵ ਕੰਨਾਂ ਦੁਆਰਾ ਗੁਰਾਂ ਦੇ ਉਪਦੇਸ਼ ਦਾ ਸੰਬੰਧ ਹੁੰਦਿਆਂ ਹੀ ਜੀਵ ਅਗਯਹੁ = ਅਗਿਆਨੀ ਤੋਂ ਸੁਜਾਨ = ਸਮਝਦਾਰ, ਗਿਆਨਵਾਨ ਹੋਤ = ਹੋ ਜਾਂਦਾ ਹੈ ॥੯॥

## ਦੋਹਰਾ ॥ ਸੂਰ ਦਰਸ ਆਦਰਸ ਜਿਉਂ; ਹੋਤ ਅਗਨਿ ਉਦੋਤ ॥

ਜਿਉਂ = ਜਿਵੇਂ ਸੂਰ = ਸੂਰਜ ਦੇ ਦਰਸ = ਦਰਸ਼ਨ ਕਰਕੇ ਆਦਰਸ = ਆਤਸ਼ੀ ਸ਼ੀਸ਼ੇ ਵਿੱਚੋਂ ਅਗਨਿ = ਅੱਗ ਉਦੋਤ = ਪ੍ਰਗਟ ਹੋਤ = ਹੋ ਜਾਂਦੀ ਹੈ।

## ਤੈਸੇ ਗੁਰ ਪ੍ਰਸਾਦਿ ਤੈ; ਅਨੁਭਵ ਨਿਰਮਲ ਹੋਤ ॥੧੦॥

ਤੈਸੇ = ਤਿਵੇਂ ਹੀ ਗੁਰੂ ਦੀ ਪ੍ਰਸਾਦਿ = ਕਿਰਪਾ ਤੈ = ਨਾਲ ਹਿਰਦੇ ਦੇ ਅੰਦਰ ਨਿਰਮਲ = ਸ਼ੁੱਧ ਅਨੁਭਵ = ਗਿਆਨ ਪ੍ਰਾਪਤ ਹੋਤ = ਹੋ ਜਾਂਦਾ ਹੈ, ਭਾਵ ਜਿਵੇਂ ਸ਼ੀਸ਼ੇ ਵਿੱਚੋਂ ਪ੍ਰਗਟ ਹੋਈ ਅੱਗ ਸਭ ਕੁਝ ਸਾੜ ਦੇਂਦੀ ਹੈ, ਤਿਵੇਂ ਸ਼ੁੱਧ ਹਿਰਦੇ ਅੰਦਰ ਪ੍ਰਾਪਤ ਹੋਇਆ ਗਿਆਨ ਸਾਰੇ ਸੰਸਕਾਰਾਂ ਨੂੰ ਦਗਧ ਕਰ ਦੇਂਦਾ ਹੈ ॥੧੦॥

## ਦੋਹਰਾ ॥

## ਜਿਮ ਚੰਦਹਿ ਲਹਿ ਚੰਦ੍ਰਮਣਿ; ਅਮੀ ਦ੍ਰਵਤ ਤਿਹ ਕਾਲ ॥

ਜਿਮ = ਜਿਸ ਪ੍ਰਕਾਰ ਜਦੋਂ ਚੰਦ੍ਰਮਣਿ = ਚੰਦ੍ਰਕਾਂਤਾ ਮਣੀ ਚੰਦਹਿ = ਚੰਦ੍ਰਮਾ ਦੇ ਪ੍ਰਕਾਸ਼ ਨੂੰ ਲਹਿ = ਪ੍ਰਾਪਤ ਕਰਦੀ ਹੈ ਤਾਂ ਤਿਹ = ਉਸ ਕਾਲ = ਸਮੇਂ ਉਸ ਵਿੱਚੋਂ ਅਮੀ = ਅੰਮ੍ਰਿਤ ਦ੍ਰਵਤ = ਚੋਣ ਲੱਗ ਪੈਂਦਾ ਹੈ।

## ਗੁਰੁ ਮੁਖਿ ਨਿਰਖਤ ਸਿਖ ਕੋ; ਅਨੁਭਵ ਹੋਤ ਬਿਸਾਲ ॥੧੧॥

ਤਿਸ ਪ੍ਰਕਾਰ ਗੁਰੂ ਦਾ ਮੁਖਿ = ਮੁਖੜਾ, ਦਰਸ਼ਨ ਨਿਰਖਤ = ਦੇਖ ਕਰਕੇ ਸਿੱਖ ਕੋ = ਦਾ ਅਨੁਭਵ = ਗਿਆਨ ਬਿਸਾਲ = ਵੱਡਾ ਹੋਤ = ਹੋ ਜਾਂਦਾ ਹੈ, ਭਾਵ ਸ਼ਰਧਾ ਭਾਵਨਾ ਨਾਲ ਰਾਗ ਦ੍ਵੈਖ, ਸ਼ੰਕਾ ਤੋਂ ਬਿਨਾਂ ਹੋ ਕੇ ਗੁਰੂ ਦਾ ਦੀਦਾਰ ਕਰਨ ਨਾਲ ਅੰਦਰੋਂ ਸੰਸਯ ਰਹਿਤ ਸ਼ੁੱਧ ਗਿਆਨ ਪ੍ਰਾਪਤ ਹੋ ਜਾਂਦਾ ਹੈ ॥੧੧॥

## ਸਿਖਯੋਵਾਚ ॥

ਸਿੱਖ ਵੱਲੋਂ ਗੁਰੂ ਦੇ ਚਰਨਾਂ ਵਿਚ ਬੇਨਤੀ।

## ਦੋਹਰਾ ॥ ਹੌਂ ਸਰਣਾਗਤਿ ਰਾਵਰੇ; ਸ੍ਰੀ ਗੁਰੁ ਦੀਨ ਦਿਆਲ ॥

ਹੇ ਸ੍ਰੀ = ਸ਼ੋਭਾ ਦੇ ਮਾਲਕ, ਦੀਨ = ਗ਼ਰੀਬਾਂ ਉੱਪਰ ਦਿਆਲ = ਦਿਆਲਤਾ ਕਰਨ ਵਾਲੇ ਗੁਰੂ ਜੀ ! ਹੌਂ = ਮੈਂ ਰਾਵਰੇ = ਆਪ ਜੀ ਦੀ (ਸਰਣ + ਆਗਤਿ) ਸਰਣ = ਓਟ ਵਿਚ ਆਗਤਿ = ਆ ਕੇ ਪ੍ਰਾਪਤ ਹੋਇਆ ਹਾਂ।

## ਕ੍ਰਿਪਾ ਸਿੰਧੁ ਬੰਦੋਂ ਚਰਣ; ਹਰੋ ਕਠਿਨ ਉਰ ਸਾਲ ॥੧੨॥

ਹੇ ਕ੍ਰਿਪਾ = ਮਿਹਰ ਦੇ ਸਿੰਧੁ = ਸਮੁੰਦਰ ਗੁਰੂ ਜੀ ! ਮੈਂ ਤੁਹਾਡੇ ਚਰਣ ਕਮਲਾਂ ਦੇ ਉੱਪਰ ਬੰਦੋਂ = ਨਮਸਕਾਰ ਕਰਦਾ ਹਾਂ, ਤੁਸੀਂ ਮੇਰੇ ਉਰ = ਹਿਰਦੇ ਦੇ ਕਠਿਨ = ਔਖੇ ਸਾਲ = ਦੁੱਖ ਹਰੋ = ਨਾਸ਼ ਕਰੋ **ਵਾ:** ਹਿਰਦੇ ਅੰਦਰੋਂ ਅਗਿਆਨਤਾ ਦੇ ਕਰੜੇ ਦੁੱਖ ਨੂੰ ਨਾਸ਼ ਕਰ ਦੇਵੋ ॥੧੨॥ ਜੈਸਾ ਕਿ :

**ਸਤਿਗੁਰ ਆਇਓ ਸਰਣਿ ਤੁਹਾਰੀ ॥**
**ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ਰਹਾਉ॥**
**ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥**
**ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥੧॥**
**ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥**
**ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥** *(ਟੋਡੀ ਮ: ੫, ਅੰਗ ੭੧੩)*

## ਦੋਹਰਾ ॥ ਹੌਂ ਅਨਾਥ ਅਤਿਸੈ ਦੁਖੀ; ਡਰਯੋ ਦੇਖ ਸੰਸਾਰ ॥

ਹੇ ਗੁਰੂ ਜੀ ! ਹੌਂ = ਮੈਂ ਅਨਾਥ = ਯਤੀਮ ਹਾਂ ਭਾਵ ਮੇਰਾ ਕੋਈ ਸਹਾਰਾ ਨਹੀਂ ਹੈ, ਮੈਂ ਅਤਿਸੈ = ਬਹੁਤ ਦੁਖੀ ਹਾਂ, ਅਤੇ ਸੰਸਾਰ = ਜਗਤ ਦੇ ਅੰਦਰ ਜੰਮਣ ਮਰਣ ਦੇ ਦੁੱਖ ਨੂੰ ਦੇਖ = ਵੇਖ ਕਰਕੇ ਮੈਂ ਬਹੁਤ ਡਰਯੋ = ਭੈ-ਭੀਤ ਹੋਇਆ ਹਾਂ।

## ਡੂਬਤ ਹੋਂ ਭਵਸਿੰਧੁ ਮੈਂ; ਮੋਹਿ ਕਰੋ ਪ੍ਰਭ ਪਾਰ ॥੧੩॥

ਹੇ ਮੇਰੇ ਪ੍ਰਭ = ਮਾਲਕ ਸਤਿਗੁਰੂ ਜੀ ! ਮੈਂ ਇਸ ਭਵਸਿੰਧੁ = ਸੰਸਾਰ-ਸਮੁੰਦਰ ਦੇ ਮੈ = ਵਿਚ ਡੂਬਤ = ਡੁੱਬਦਾ ਜਾ ਰਿਹਾ ਹੋਂ = ਹਾਂ, ਤੁਸੀਂ ਮੈਨੂੰ ਇਸ ਭੈ-ਦਾਇਕ ਸੰਸਾਰ-ਸਮੁੰਦਰ ਤੋਂ ਪਾਰ ਮੁਕਤ ਰੂਪ ਕਿਨਾਰੇ 'ਤੇ ਲਗਾ ਦੇਵੋ ॥੧੩॥

## ਦੋਹਰਾ ॥ ਆਸਾ ਤ੍ਰਿਸਨਾ ਚਿੰਤ ਬਹੁ; ਏ ਡਾਇਣ ਘਰ ਮਾਹਿ ॥

ਆਸਾ = ਉਮੀਦ ਭਾਵ ਮਨ ਇੱਛਤ ਪਦਾਰਥਾਂ ਦੀ ਨਿਰੰਤਰ ਇੱਛਾ, ਤ੍ਰਿਸਨਾ = ਪਦਾਰਥਾਂ ਦੀ ਪ੍ਰਾਪਤੀ ਤੋਂ ਬਾਅਦ ਵੀ ਅਤ੍ਰਿਪਤੀ ਅਤੇ ਬਹੁ = ਬਹੁਤ ਸਾਰੀ ਚਿੰਤ = ਸੋਚ, ਚਿੰਤਾ ਵਾਲੀ ਬਿਰਤੀ **ਵਾ:** ਆਸਾ ਤ੍ਰਿਸ਼ਨਾ ਕਰਕੇ ਮੈਨੂੰ ਬਹੁਤ ਚਿੰਤਾ ਬਣੀ ਰਹਿੰਦੀ ਹੈ, ਏ = ਇਹ ਤਿੰਨੇ ਡਾਇਣ = ਡੈਣਾਂ, ਭੂਤਨੀਆਂ (ਆਸਾ, ਤ੍ਰਿਸ਼ਨਾ, ਚਿੰਤਾ) ਦੀ ਨਿਆਈਂ ਹਨ ਜੋ ਮੇਰੇ ਹਿਰਦੇ ਰੂਪੀ ਘਰ ਮਾਹਿ = ਵਿਚ ਵੱਸ ਰਹੀਆਂ ਹਨ।

## ਜੀਵਨ ਕਿਹ ਬਿਧਿ ਹੋਇ ਮਮ; ਹ੍ਰਿਦੈ ਸਿੰਮ੍ਰਿਤ ਕੋ ਖਾਹਿ ॥੧੪॥

ਹੇ ਗੁਰੂ ਜੀ ਫੇਰ ਮਮ = ਮੇਰਾ ਜੀਵਨ ਕਿਹ = ਕਿਸ ਬਿਧਿ = ਪ੍ਰਕਾਰ ਕਰਕੇ ਹੋਇ = ਹੋਵੇਗਾ, ਭਾਵ ਬ੍ਰਹਮ ਰੂਪ ਕਰਕੇ ਕਿਸ ਤਰ੍ਹਾਂ ਇਸਥਿਤੀ ਹੋਵੇਗੀ ਕਿਉਂਕਿ ਇਹ ਡੈਣਾਂ ਮੇਰੇ ਹਿਰਦੇ ਦੀ ਸਿੰਮ੍ਰਿਤ = ਯਾਦ ਸ਼ਕਤੀ ਕੋ = ਨੂੰ ਖਾਹਿ = ਖਾਈ ਜਾ ਰਹੀਆਂ ਹਨ ॥੧੪॥

## ਦੋਹਰਾ ॥ ਕਬਹੂੰ ਸੁਮਤਿ ਪ੍ਰਕਾਸ਼ ਚਿਤਿ; ਕਬਹੂੰ ਕੁਮਤਿ ਆਧੀਨ ॥

ਹੇ ਗੁਰੂ ਜੀ ਕਬਹੂੰ = ਕਦੇ ਤਾਂ ਮੇਰੇ ਚਿਤਿ = ਮਨ ਵਿਚ ਸੁਮਤਿ = ਸ੍ਰੇਸ਼ਟ ਮੱਤੀ ਦਾ ਪ੍ਰਕਾਸ਼ = ਚਾਨਣਾ ਹੋ ਜਾਂਦਾ ਹੈ ਅਤੇ ਕਬਹੂੰ = ਕਦੇ ਮੇਰਾ ਚਿੱਤ ਕੁਮਤਿ = ਖੋਟੀ ਮੱਤ ਦੇ ਆਧੀਨ = ਵੱਸ ਹੋ ਜਾਂਦਾ ਹੈ।

## ਬਿਬਨਾਰੀ ਕੇ ਕੰਤ ਜਿਉਂ; ਰਹਿਤ ਸਦਾ ਅਤਿ ਦੀਨ ॥੧੫॥

ਦ੍ਰਿਸ਼ਟਾਂਤ ਦੇਂਦੇ ਹਨ ਕਿ ਜਿਉਂ = ਜਿਵੇਂ ਬਿਬਨਾਰੀ = ਦੋ ਇਸਤ੍ਰੀਆਂ ਕੇ = ਦੇ ਕੰਤ = ਪਤੀ ਨੂੰ ਸਦਾ ਕਲੇਸ਼ ਹੀ ਬਣਿਆ ਰਹਿੰਦਾ ਹੈ, ਤਿਵੇਂ ਮੈਂ ਸਦਾ = ਹਮੇਸ਼ਾ ਅਤਿ = ਅਤਿਅੰਤ ਦੀਨ = ਗ਼ਰੀਬ, ਦੁਖੀ ਰਹਿਤ = ਰਹਿੰਦਾ ਹਾਂ ॥੧੫॥

## ਦੋਹਰਾ ॥ ਨਦੀ ਆਸਾ ਸ਼ੁਭ ਅਸ਼ੁਭ ਤਟ; ਭਰੀ ਮਨੋਰਥ ਨੀਰ ॥

ਹੇ ਗੁਰੂ ਜੀ ! ਮੇਰੇ ਅੰਦਰ ਆਸਾ ਰੂਪੀ ਨਦੀ ਚੱਲ ਰਹੀ ਹੈ, ਜਿਸਦੇ ਸ਼ੁਭ = ਚੰਗੀ ਵਿਚਾਰ ਅਸ਼ੁਭ = ਮੰਦੀ ਵਿਚਾਰ ਰੂਪੀ ਦੋ ਤਟ = ਕਿਨਾਰੇ ਹਨ, ਅਤੇ ਜੋ ਮਨੋਰਥ = ਸੰਕਲਪਾਂ-ਵਿਕਲਪਾਂ ਰੂਪੀ ਨੀਰ = ਪਾਣੀ ਨਾਲ ਭਰੀ ਹੋਈ ਹੈ।

## ਤ੍ਰਿਸਨਾ ਅਮਿਤ ਤਰੰਗ ਜਿਹ; ਭਵਰ ਭਰਮ ਗੰਭੀਰ ॥੧੬॥

ਜਿਹ = ਜਿਸ ਆਸਾ ਦੀ ਨਦੀ ਅੰਦਰ ਤ੍ਰਿਸ਼ਨਾ ਦੀਆਂ ਅਮਿਤ = ਬੇਅੰਤ ਤਰੰਗ = ਲਹਿਰਾਂ ਉੱਠ ਰਹੀਆਂ ਹਨ ਅਤੇ ਭਰਮ ਰੂਪੀ ਬਹੁਤ ਗੰਭੀਰ = ਡੂੰਘੀ ਭਵਰ = ਘੁੰਮਣ ਘੇਰੀ ਪੈ ਰਹੀ ਹੈ ॥੧੬॥

## ਦੋਹਰਾ ॥ ਰਾਗਾਦਿਕ ਜਲ ਜੰਤ ਬਹੁ; ਚਿੰਤਾ ਪ੍ਰਬਲ ਪ੍ਰਵਾਹ ॥

ਜਿਸ ਵਿਚ ਰਾਗ ਦ੍ਵੈਖ ਆਦਿ ਬਹੁ = ਬਹੁਤ ਸਾਰੇ ਜਲ = ਪਾਣੀ ਵਾਲੇ ਜੰਤ = ਜੀਵ ਹਨ ਅਤੇ ਚਿੰਤਾ ਰੂਪੀ ਪ੍ਰਬਲ = ਬਹੁਤ ਬਲ ਵਾਲਾ ਪ੍ਰਵਾਹ = ਪਾਣੀ ਦਾ ਵਹਿਣ ਚੱਲ ਰਿਹਾ ਹੈ।

## ਧ੍ਰਿਤ ਤਰੁ ਹਰਣੀ ਤਰਣ ਤਿਹ; ਬੇਦਨ[1] ਮੋ ਮਨ ਆਹ ॥੧੭॥

ਹੇ ਗੁਰੂ ਜੀ ! ਐਸੀ ਨਦੀ ਮੇਰੇ ਅੰਦਰੋਂ ਧ੍ਰਿਤ = ਧੀਰਜਤਾ ਰੂਪੀ ਤਰੁ = ਬ੍ਰਿਛ ਨੂੰ ਹਰਣੀ = ਨਾਸ਼ ਕਰਨ ਵਾਲੀ ਹੈ, ਫੇਰ ਤਿਹ = ਤਿਸ ਆਸਾ ਰੂਪੀ ਨਦੀ ਤੋਂ ਤਰਣ = ਪਾਰ ਕਿਸ ਪ੍ਰਕਾਰ ਹੋਇਆ ਜਾਵੇਗਾ, ਇਹ ਬੇਦਨ = ਪੀੜਾ ਮੋ = ਮੇਰੇ ਮਨ ਵਿਚ ਆਹ = ਹੈ ॥੧੭॥

ਅੱਗੇ ਫੇਰ ਸਿੱਖ ਹੋਰ ਦ੍ਰਿਸ਼ਟਾਂਤ ਦੁਆਰਾ ਆਪਣੀ ਦੁੱਖ ਦੀ ਹਾਲਤ ਕਥਨ ਕਰਦਾ ਹੈ।

## ਦੋਹਰਾ ॥ ਪ੍ਰਬਲ ਜੁਗਲ ਸ਼ੁਭ ਅਸ਼ੁਭ ਗਜ; ਭਿਰਤ ਸੁ ਰੋਸ ਬਢਾਇ ॥

ਹੇ ਗੁਰੂ ਜੀ ! ਸ਼ੁਭ = ਚੰਗੇ ਤੇ ਅਸ਼ੁਭ = ਮੰਦੇ ਸੰਕਲਪਾਂ ਰੂਪੀ ਪ੍ਰਬਲ = ਬਹੁਤ ਬਲ ਵਾਲੇ ਜੁਗਲ = ਦੋ ਗਜ = ਹਾਥੀ ਆਪਸ ਵਿਚ ਬਹੁਤ ਰੋਸ = ਗ਼ੁੱਸਾ ਬਢਾਇ = ਵਧਾ ਕਰਕੇ ਭਿਰਤ = ਭਿੜਦੇ ਹਨ।

## ਅਪਨੀ ਭੂਲਿ ਅਨਾਥ ਹੌਂ; ਪਰਿਓ ਮੱਧਜ ਤਿੰਹ ਆਇ ॥੧੮॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਹੇ ਗੁਰੂ ਜੀ ! ਹੌਂ = ਮੈਂ ਅਪਨੀ = ਆਪਣੀ ਭੂਲਿ = ਭੁੱਲ

---

੧. ਪਾਠਾਂਤ੍ਰ : ਬੇਧਤ।

ਕਰਕੇ ਭਾਵ ਬ੍ਰਹਮ ਆਤਮਾ ਨੂੰ ਨਾ ਜਾਨਣ ਕਰਕੇ ਤਿੰਹ = ਤਿਨ੍ਹਾਂ ਚੰਗੇ ਮੰਦੇ ਸੰਕਲਪਾਂ ਰੂਪੀ ਬਲ ਵਾਲੇ ਦੋ ਹਾਥੀਆਂ ਦੇ ਮੱਧਜ = ਵਿਚਕਾਰ ਆਇ = ਆ ਕੇ ਪਰਿਓ = ਪੈ ਗਿਆ, ਫਸ ਗਿਆ ਹਾਂ ॥੧੮॥

## ਦੋਹਰਾ ॥ ਕਬਹੂੰ ਨ ਮਨ ਥਿਰਤਾ ਗਹੀ; ਸਮਝਾਯੋ ਸੈ ਪੋਤ ॥

ਹੇ ਗੁਰੂ ਜੀ ! ਮੈਂ ਸੈ = ਸੈਂਕੜੇ ਪੋਤ = ਵਾਰ ਸਮਝਾਯੋ = ਸਮਝਾ ਕੇ ਵੀ ਦੇਖ ਲਿਆ ਹੈ, ਪਰ ਫੇਰ ਵੀ ਮੇਰੇ ਮਨ ਨੇ ਕਬਹੂੰ = ਕਦੇ ਵੀ ਥਿਰਤਾ = ਇਸਥਿਤਤਾ ਗਹੀ = ਗ੍ਰਹਿਣ ਨਹੀਂ ਕੀਤੀ। ਅੱਗੇ ਏਸੇ ਗੱਲ ਨੂੰ ਸਪੱਸ਼ਟ ਕਰਨ ਲਈ ਦ੍ਰਿਸ਼ਟਾਂਤ ਕਥਨ ਕਰਦੇ ਹਨ।

## ਜੈਸੇ ਮਰਕਟ ਬਿਰਛ ਪਰ; ਕਬਹੂੰ ਨ ਠਾਢੋ ਹੋਤ ॥੧੯॥

ਜੈਸੇ = ਜਿਸ ਪ੍ਰਕਾਰ ਬਿਰਛ = ਰੁੱਖਾਂ ਦੇ ਪਰ = ਉੱਪਰ ਬੈਠਾ ਮਰਕਟ = ਬਾਂਦਰ ਕਬਹੂੰ = ਕਦੇ ਵੀ ਠਾਢੋ = ਖੜ੍ਹਾ ਭਾਵ ਇਕ-ਰਸ ਅਚੱਲ ਨਹੀਂ ਹੋਤ = ਹੋ ਸਕਦਾ। ਭਾਵੇਂ ਬਾਜ਼ੀਗਰ ਦਾ ਹੀ ਸਿਖਾਇਆ ਹੋਇਆ ਕਿਉਂ ਨਾ ਹੋਏ, ਪਰ ਫੇਰ ਵੀ ਉਹ ਬਾਂਦਰ ਟਿਕ ਨਹੀਂ ਸਕਦਾ ਕਿਉਂਕਿ ਉਸਦਾ ਸੁਭਾਅ ਹੀ ਚੰਚਲ ਹੈ, ਬਿਲਕੁਲ ਏਸੇ ਤਰ੍ਹਾਂ ਮੈਂ ਵੀ ਬਾਜ਼ੀਗਰ ਵਾਂਗ ਹੋ ਕੇ ਇਸ ਮਨ ਰੂਪੀ ਬਾਂਦਰ ਨੂੰ ਬਹੁਤ ਤਰ੍ਹਾਂ ਨਾਲ ਸਮਝਾ ਕੇ ਟਿਕਾਉਣ ਦੀ ਕੋਸ਼ਿਸ਼ ਕਰਦਾ ਹਾਂ ਪਰ ਫੇਰ ਵੀ ਇਹ ਕਦੇ ਇਕਾਗਰ ਨਹੀਂ ਹੋਇਆ ॥੧੯॥

ਅੱਗੇ ਮਨ ਦੀ ਚੰਚਲਤਾ ਨੂੰ ਹੋਰ ਚਲਾਇਮਾਨ ਚੀਜ਼ਾਂ ਦੇ ਦ੍ਰਿਸ਼ਟਾਂਤ ਦੁਆਰਾ ਦੱਸਦੇ ਹਨ :

## ਦੋਹਰਾ ॥

## ਚਲਦਲ ਪਤ੍ਰ ਪਤਾਕ ਪਟ; ਦਾਮਨ ਕੱਛਪ ਮਾਥ ॥

ਜਿਵੇਂ ਚਲਦਲ = ਪਿੱਪਲ ਦੇ ਬ੍ਰਿਛ ਦਾ ਸਭ ਤੋਂ ਸਿਖਰ ਵਾਲਾ ਪਤ੍ਰ = ਪੱਤਾ ਬਿਨਾਂ ਹਵਾ ਤੋਂ ਹਿਲਦਾ ਰਹਿੰਦਾ ਹੈ, ਜਿਵੇਂ ਪਤਾਕ = ਝੰਡੀ ਦੇ ਸਭ ਤੋਂ ਅਗਲੇ ਹਿੱਸੇ ਦਾ ਪਟ = ਬਸਤ੍ਰ ਵੀ ਹਮੇਸ਼ਾ ਹਿਲਦਾ ਰਹਿੰਦਾ ਹੈ, ਜਿਵੇਂ ਦਾਮਨ = ਬਿਜਲੀ ਆਕਾਸ਼ ਵਿਚ ਇਕ ਛਿਨ ਤੋਂ ਵੀ ਪਹਿਲਾਂ ਚਮਕਾਰਾ ਮਾਰ ਕੇ ਚਲੀ ਜਾਂਦੀ ਹੈ, ਜਿਵੇਂ ਕੱਛਪ = ਕੱਛੂ ਦਾ ਮਾਥ = ਮੱਥਾ ਸਦਾ ਚੰਚਲ ਰਹਿੰਦਾ ਹੈ। ਭਾਵ ਉਸ ਦੀ ਸਿਰੀ ਕਦੇ ਖੋਪੜੀ ਦੇ ਵਿਚ ਕਦੇ ਖੋਪੜੀ ਦੇ ਬਾਹਰ ਰਹਿੰਦੀ ਹੈ

## ਭੂਤ ਦੀਪ ਦੀਪਕ ਸਿਖਾ; ਯੌਂ ਮਨ ਬਿਰਤਿ ਅਨਾਥ ॥੨੦॥

ਕਵੀ ਅਨਾਥ ਜੀ ਕਥਨ ਕਰਦੇ ਹਨ ਕਿ ਜਿਵੇਂ ਭੂਤ = ਭੂਤਾਂ ਦਾ ਦੀਪ = ਦੀਵਾ ਸਿਵਿਆਂ ਵਿਚ ਖਿਨ ਕਾਲ ਵਿਚ ਜਗ ਪੈਂਦਾ ਅਤੇ ਖਿਨ ਕਾਲ ਵਿਚ ਬੁਝ ਜਾਂਦਾ ਹੈ ਅਤੇ ਜਿਵੇਂ ਦੀਪਕ = ਦੀਵੇ ਦੀ ਲਾਟ ਦੀ ਸਿਖਾ = ਚੋਟੀ ਆਦਿ ਇਹ ਸਦਾ ਚੰਚਲ ਰਹਿੰਦੇ ਹਨ, ਬਿਲਕੁਲ ਯੌਂ = ਇਸੇ ਤਰ੍ਹਾਂ ਮੇਰੇ ਮਨ ਦੀ ਬਿਰਤਿ = ਬਿਰਤੀ ਦਾ ਹਾਲ ਹੈ ॥੨੦॥ ਜੈਸਾ ਕਿ :

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**
**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥** *(ਰਾਮਕਲੀ ਮ: ੧, ਅੰਗ ੮੭੬)*

## ਦੋਹਰਾ ॥ ਸਹਜ ਸੂਭਾਵ ਅਕਾਸ ਕੋ; ਪਾਵਕ ਝਰਪ ਚਲੰਤ ॥

ਜਿਵੇਂ ਸਹਜ ਸੂਭਾਵ = ਸੁਤੇ-ਸਿੱਧ ਹੀ ਆਕਾਸ਼ ਵੱਲ ਕੋ = ਨੂੰ ਪਾਵਕ = ਅੱਗ ਦੀ ਝਰਪ = ਝਪਟ, ਲਾਟ ਚਲੰਤ = ਚੱਲਦੀ ਹੈ, ਭਾਵ ਜਦੋਂ ਅੱਗ ਬਲਦੀ ਹੈ ਤਾਂ ਉਹ ਆਪਣੇ ਆਪ ਉੱਪਰ ਵੱਲ ਨੂੰ ਜਾਂਦੀ ਹੈ।

## ਚੰਚਲ ਸੁਤੈ ਅਨਾਦਿ ਕੋ; ਮਨ ਰਤਿ ਬਿਖੈ ਕਰੰਤ ॥੨੧॥

ਏਸੇ ਤਰੀਕੇ ਨਾਲ ਅਨਾਦਿ = ਅਨਾਦੀ ਕਾਲ ਕੋ = ਦਾ ਸੁਤੈ-ਸਿੱਧ ਹੀ ਮਨ ਦਾ ਸੁਭਾਅ ਚੰਚਲ = ਚਲਾਇਮਾਨ ਹੈ, ਜਿਸ ਕਰਕੇ ਇਹ ਮਨ ਬਿਖੈ = ਵਿਸ਼ਿਆਂ ਦੇ ਵਿਚ ਰਤਿ = ਪ੍ਰੀਤੀ ਕਰੰਤ = ਕਰਦਾ ਹੈ ॥੨੧॥

## ਦੋਹਰਾ ॥ ਜਗ ਸਾਚੋ ਮਿਥਯਾ ਕਿਧੋਂ; ਗਹਯੋ ਤਜਯੋ ਨਹਿ ਜਾਤ ॥

ਹੇ ਗੁਰੂ ਜੀ ! ਇਹ ਜਗ = ਸੰਸਾਰ ਸਾਚੋ = ਸੱਚਾ ਹੈ, ਕਿਧੋਂ = ਜਾਂ ਫੇਰ ਇਹ ਮਿਥਯਾ = ਝੂਠਾ ਹੈ, ਨਾ ਹੀ ਇਹ ਗਹਯੋ = ਪਕੜਿਆ ਜਾਂਦਾ ਹੈ ਅਤੇ ਨਹਿ = ਨਾ ਹੀ ਇਹ ਤਜਯੋ = ਤਿਆਗਿਆ ਜਾਤ = ਜਾਂਦਾ ਹੈ।

ਅੱਗੇ ਦ੍ਰਿਸ਼ਟਾਂਤ ਦੇਂਦੇ ਹਨ ਕਿ ਮੇਰੀ ਹਾਲਤ ਕੈਸੀ ਹੋ ਰਹੀ ਹੈ।

## ਗਹੀ ਚਚੂੰਦਰ ਸਰਪ ਜਿਉਂ; ਉਗਲਤ ਬਨਤ ਨ ਖਾਤ ॥੨੨॥

ਜਿਉਂ = ਜਿਵੇਂ ਸਰਪ = ਸੱਪ ਚਚੂੰਦਰ ਨੂੰ ਗਹੀ = ਗ੍ਰਹਿਣ, ਪਕੜ ਲਵੇ ਤਦ ਨਾ ਹੀ ਉਸਨੂੰ ਉਗਲਤ = ਉਗਲ ਸਕਦਾ, ਨਾ ਹੀ ਮੂੰਹ ਵਿੱਚੋਂ ਬਾਹਰ ਕੱਢ ਸਕਦਾ ਹੈ ਅਤੇ ਨਾ ਹੀ ਉਸਦਾ ਖਾਤ = ਖਾਣਾ ਬਨਤ = ਬਣਦਾ ਹੈ। ਕਿਉਂਕਿ ਇਹ ਗੱਲ ਆਮ ਹੀ ਪ੍ਰਸਿੱਧ ਹੈ ਕਿ ਜੇਕਰ ਸੱਪ ਚਚੂੰਦਰ ਨੂੰ ਪਕੜ ਲਏ ਤਦ ਦੁਰਗੰਧੀ ਦੇ ਕਾਰਨ ਉਸਨੂੰ ਖਾ ਨਹੀਂ ਸਕਦਾ ਅਤੇ ਖਾਣ ਤੋਂ ਕੋੜ੍ਹੀ ਹੋ ਜਾਂਦਾ ਹੈ। ਜੇਕਰ ਛੱਡ ਦੇਵੇ ਤਾਂ ਚਚੂੰਦਰ ਸੱਪ ਦੇ ਨੇਤ੍ਰ ਭੰਨ ਦੇਂਦੀ ਹੈ ਤੇ ਉਹ ਅੰਨ੍ਹਾ ਹੋ ਜਾਂਦਾ ਹੈ, ਇਸ ਪ੍ਰਕਾਰ ਸੱਪ ਚਚੂੰਦਰ ਨੂੰ ਪਕੜ ਕੇ ਬਹੁਤ ਦੁਖੀ ਹੁੰਦਾ ਹੈ, ਤਿਵੇਂ ਹੀ ਮੈਂ ਸੰਸਾਰ ਵਿਚ ਅਤਿਅੰਤ ਦੁਖੀ ਹੋ ਰਿਹਾ ਹਾਂ ॥੨੨॥

ਇਹ ਸਿੱਖ ਦੀਆਂ ਬੇਨਤੀਆਂ ਸੁਣ ਕੇ ਅੱਗੇ ਗੁਰੂ ਜੀ ਉੱਤਰ ਦੇਂਦੇ ਹਨ :

## ਦੋਹਰਾ ॥ ਸਮਾਧਾਨ ਗੁਰ ਕਹਿਤ ਹੈਂ; ਦਯਾ ਜੁਗਤਿ ਕਹਿ ਬੋਲ ॥

ਅੱਗੇ ਗੁਰੂ ਜੀ ਦਯਾ = ਕ੍ਰਿਪਾਲਤਾ ਦੇ ਜੁਗਤਿ = ਸੰਜੁਗਤ ਹੋ ਕੇ ਬੋਲ = ਬਚਨ ਕਹਿ = ਆਖ ਕਰਕੇ ਸਿੱਖ ਦੇ ਪ੍ਰਸ਼ਨਾਂ ਦਾ ਸਮਾਧਾਨ = ਉੱਤਰ ਕਹਿਤ = ਕਥਨ ਕਰਦੇ ਹਨ।

## ਮਮ ਬਚਨਨ ਮੈਂ ਆਨ ਤੂੰ; ਆਪਤ ਬਾਕ ਅਡੋਲ ॥੨੩॥

ਹੇ ਸਿੱਖ ! ਤੂੰ ਮਮ = ਮੇਰੇ ਬਚਨਨ = ਬਚਨਾਂ ਦੇ ਮੈਂ = ਵਿਚ ਵਿਸ਼ਵਾਸ ਆਨ = ਲਿਆਉਣਾ ਕਰ ਅਤੇ ਆਪਤ = ਯਥਾਰਥ ਬਕ = ਬਚਨ ਭਾਵ ਵੇਦ ਵਾਕਾਂ ਦੇ ਵਿਚ ਆਪਣੇ ਚਿੱਤ ਨੂੰ ਅਡੋਲ = ਡੋਲਣ ਤੋਂ ਰਹਿਤ ਕਰ ॥੨੩॥

## ਦੋਹਰਾ ॥ ਨਹਿ ਸੰਸੈ ਮਨ ਹੈ ਚਪਲ; ਦੁਹਕਰ ਗਤਿ ਅਤਿ ਆਹਿ ॥

ਹੇ ਸਿੱਖ ! ਜੋ ਤੂੰ ਆਖਦਾ ਹੈਂ ਕਿ ਮੇਰਾ ਮਨ ਟਿਕਦਾ ਨਹੀਂ ਹੈ, ਤੂੰ ਇਹ ਸੰਸੈ = ਸੰਸਾ ਨਾ ਕਰ, ਕਿਉਂਕਿ ਇਹ ਮਨ ਤਾਂ ਹੈ ਹੀ ਚਪਲ = ਚਲਾਇਮਾਨ, ਚੰਚਲ ਹੈ ਜਿਸ ਨੂੰ ਗਤਿ = ਗ੍ਰਹਿਣ, ਪਕੜਨਾ ਅਤਿ = ਅਤਿਅੰਤ ਹੀ ਦੁਹਕਰ = ਕਠਿਨ ਆਹਿ = ਹੈ।

## ਗੁਰ ਸ੍ਰੁਤਿ ਸੁਧ ਅਭਯਾਸ ਕਰ; ਨਿਹਚਲ ਕੀਜਤ ਤਾਹਿ ॥੨੪॥

ਪ੍ਰੰਤੂ ਗੁਰੂ ਦੁਆਰਾ ਸ੍ਰੁਤਿ = ਵੇਦ ਵਾਕਾਂ ਨੂੰ ਸ੍ਰਵਨ ਕਰਕੇ ਅਤੇ ਚਿਤ ਨੂੰ ਸੁਧ = ਨਿਰਮਲ ਕਰਕੇ ਗੁਰੂ

ਦੇ ਬਚਨਾਂ ਦਾ ਪੁਨਹ-ਪੁਨਹ ਅਭਿਆਸ ਕਰ = ਕਰਕੇ ਤਾਹਿ = ਤਿਸ ਮਨ ਨੂੰ ਨਿਹਚਲ = ਅਚੱਲ ਕੀਜਤ = ਕਰ ਲੈ ॥੨੪॥

## ਸਿਖਯੋਵਾਚ ॥

ਸਿੱਖ ਆਪਣੇ ਆਪ ਨੂੰ ਅਸਮਰੱਥ ਜਣਾਉਂਦਾ ਹੋਇਆ ਫੇਰ ਬੇਨਤੀ ਕਰਦਾ ਹੈ:

## ਦੋਹਰਾ ॥ ਹੌ ਬਿਖਈ ਅਤਿ ਅਜਿਤ ਮਨ; ਨਾਹਿਨ ਹੋਤ ਅਭਯਾਸ ॥

ਹੇ ਗੁਰੂ ਜੀ! ਹੌਂ = ਮੈਂ ਬਿਖਈ = ਵਿਸ਼ਈ ਹਾਂ ਭਾਵ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਵਿਸ਼ਿਆਂ ਦੇ ਵਿਚ ਫਸਿਆ ਪਿਆ ਹਾਂ, ਮੇਰਾ ਮਨ ਅਤਿ = ਬਹੁਤ ਅਜਿਤ = ਬੇ-ਕਾਬੂ ਹੈ, ਭਾਵ ਉਹ ਜਿੱਤਿਆ ਨਹੀਂ ਜਾਂਦਾ, ਮੇਰੇ ਕੋਲੋਂ ਤੁਹਾਡੇ ਬਚਨਾਂ ਦਾ ਅਭਿਆਸ ਨਹੀਂ ਹੋਤ = ਹੁੰਦਾ।

## ਤਾਂ ਤੇ ਪ੍ਰਭ ਤੁਮ ਪਦ ਸਰਣ; ਹਰਹੁ ਕਠਿਨ ਜਗ ਤ੍ਰਾਸ ॥੨੫॥

ਹੇ ਮੇਰੇ ਪ੍ਰਭ = ਮਾਲਕ ਗੁਰੂ ਜੀ! ਤਾਂ ਤੇ = ਤਿਸ ਕਰਕੇ ਹੀ ਮੈਂ ਤੁਮ = ਤੁਹਾਡੇ ਪਦ = ਚਰਨ ਕਮਲਾਂ ਦੀ ਸਰਣ = ਓਟ ਵਿਚ ਆਇਆ ਹਾਂ, ਤੁਸੀਂ ਮੇਰੇ ਅੰਦਰੋਂ ਜਗ = ਸੰਸਾਰ ਦਾ ਜੰਮਣ-ਮਰਣ ਰੂਪੀ ਕਠਿਨ = ਕਰੜਾ ਤ੍ਰਾਸ = ਡਰ ਹਰਹੁ = ਨਾਸ਼ ਕਰ ਦੇਵੋ ॥੨੫॥

## ਸ੍ਰੀ ਗੁਰੋ ਵਾਚ ॥

ਅੱਗੋਂ ਗੁਰੂ ਜੀ ਸਿੱਖ ਨੂੰ ਉਪਦੇਸ਼ ਦੇਂਦੇ ਹਨ:

## ਦੋਹਰਾ ॥ ਸੁਨ ਸਿਖ ਉਤਮ ਸਿਖ ਕਹੂੰ; ਜੋ ਚਾਹਤ ਨਿਜ ਸ੍ਰੇਯ ॥

ਹੇ ਸਿੱਖ! ਸੁਨ = ਸੁਣਨਾ ਕਰ, ਮੈਂ ਤੇਰੇ ਤਾਈਂ ਇਕ ਬਹੁਤ ਹੀ ਉੱਤਮ = ਸ੍ਰੇਸ਼ਟ ਸਿਖ = ਸਿੱਖਿਆ ਕਹੂੰ = ਕਹਿੰਦਾ ਹਾਂ, ਜੋ = ਜੇਕਰ ਤੂੰ ਨਿਜ = ਆਪਣੀ ਸ੍ਰੇਯ = ਕਲਿਆਣ ਚਾਹਤ = ਚਾਹੁੰਦਾ ਹੈਂ ਅਤੇ

## ਜਗ ਬੰਧਨ ਇੱਛਤ ਮੁਚਯੋ; ਤੌ ਸਤਸੰਗ ਕਰੇਯ ॥੨੬॥

ਜਗ = ਸੰਸਾਰ ਦੇ ਬੰਧਨ = ਜੰਜਾਲਾਂ ਤੋਂ ਮੁਚਯੋ = ਛੁੱਟਣ ਦੀ ਇੱਛਤ = ਇੱਛਾ ਕਰਦਾ ਹੈਂ, ਤੌਂ = ਤਦ ਨਿਤਾਪ੍ਰਤੀ ਇਕ-ਰਸ ਸਤਸੰਗ = ਸੰਤ ਜਨਾਂ ਦੀ ਸੰਗਤ ਕਰੇਯ = ਕਰਿਆ ਕਰ ॥੨੬॥

ਜੋ ਪਿੱਛੇ ਸਿੱਖ ਨੇ ਆਪਣੇ ਆਪ ਨੂੰ ਸੱਪ ਦੇ ਮੁੱਖ ਵਿਚ ਚਚੂੰਦਰ ਵਾਂਗ ਫਸਿਆ ਹੋਇਆ ਕਿਹਾ ਸੀ, ਉਸ ਦਾ ਉਪਾਅ ਕਥਨ ਕਰਦੇ ਹਨ:

## ਦੋਹਰਾ ॥ ਗਹੈ ਚਚੂੰਦਰ ਅਹਿ ਮਰੈ; ਤਜੈ ਦ੍ਰਿਗਨ ਕੀ ਹਾਨਿ ॥

ਹੇ ਸਿੱਖ! ਜੇਕਰ ਸੱਪ ਚਚੂੰਦਰ ਨੂੰ ਗਹੈ = ਪਕੜਦਾ, ਗ੍ਰਸਦਾ ਭਾਵ ਖਾਂਦਾ ਹੈ ਤਾਂ ਅਹਿ = ਸੱਪ ਕੋੜ੍ਹੀ ਹੋ ਕੇ ਮਰੈ = ਮਰਦਾ ਹੈ ਅਤੇ ਜੇਕਰ ਉਸਨੂੰ ਤਜੈ = ਛੱਡਦਾ ਹੈ ਤਾਂ ਉਸਦੇ ਦ੍ਰਿਗਨ = ਨੇਤ੍ਰਾਂ ਕੀ = ਦੀ ਹਾਨਿ = ਹਾਨੀ ਹੁੰਦੀ ਹੈ।

## ਜਲ ਪਾਵੈ ਸੁਖੁ ਹੋਤ ਹੈ; ਨਰ ਸਤਸੰਗ ਪ੍ਰਮਾਨ ॥੨੭॥

ਹਾਂ ਉਸਦਾ ਉਪਾਅ ਹੈ ਕਿ ਜੇਕਰ ਸੱਪ ਜਲ = ਪਾਣੀ ਵਿਚ ਪਾਵੈ = ਪੈ ਜਾਵੇ ਤੇ ਚਚੂੰਦਰ ਨੂੰ ਛੱਡ

ਕੇ ਆਪ ਤੇਜ਼ੀ ਨਾਲ ਮੁਖ ਮੋੜ ਲਵੇ, ਤਦੋਂ ਉਸਨੂੰ ਸੁਖ ਪ੍ਰਾਪਤ ਹੋਤ = ਹੋ ਸਕਦਾ ਹੈ, ਬਿਲਕੁਲ ਏਸੇ ਤਰ੍ਹਾਂ ਨਰ = ਮਨੁੱਖਾਂ ਵਾਸਤੇ ਸਤਸੰਗ = ਸੰਤ ਜਨਾਂ ਦੀ ਸੰਗਤ ਪ੍ਰਮਾਨ = ਪ੍ਰਵਾਣਨੀਕ ਹੈ, ਭਾਵ ਸਾਧਸੰਗਤ ਰੂਪੀ ਪਾਣੀ ਦੇ ਵਿਚ ਪੈ ਕੇ ਇਸ ਸੰਸਾਰ ਦੇ ਭਰਮ ਨੂੰ ਛੱਡ ਦੇਵੇ, ਤਾਂ ਇਸਨੂੰ ਵੀ ਆਤਮਿਕ ਸੁਖ ਪ੍ਰਾਪਤ ਹੋ ਸਕਦਾ ਹੈ ॥੨੭॥

## ਸੋਰਠਾ ॥ ਸ੍ਰੀ ਗੁਰ ਪਰਮ ਦਯਾਲੁ; ਅਸਰਨ ਸਰਨ ਉਦਾਰ ਅਤਿ ॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਸ੍ਰੀ = ਸ਼ੋਭਾ ਦੇ ਮਾਲਕ ਗੁਰੂ ਜੀ ਪਰਮ = ਬਹੁਤ ਵੱਡੇ ਦਯਾਲੁ = ਕ੍ਰਿਪਾਲੂ ਹਨ, ਜਿਨ੍ਹਾਂ ਨੂੰ ਅਸਰਨ = ਕੋਈ ਸ਼ਰਨ ਨਹੀਂ ਦੇਂਦਾ, ਉਨ੍ਹਾਂ ਨਿਆਸਰਿਆਂ ਨੂੰ ਆਪਣੀ ਸਰਨ = ਓਟ ਵਿਚ ਰੱਖ ਕੇ ਉਨ੍ਹਾਂ ਦਾ ਭਲਾ ਕਰਦੇ ਹਨ ਅਤੇ ਅਤਿ = ਅਤਿਸ਼ੈ ਕਰਕੇ ਬਹੁਤ ਉਦਾਰ = ਦਾਨੀ ਹਨ ਭਾਵ ਨਾਮ ਧਨ ਦੇ ਭੰਡਾਰੇ ਵੰਡਦੇ ਹਨ।

## ਜਨ ਅਨਾਥ ਉਰਸਾਲ; ਕ੍ਰਿਪਾ ਕਰਤ ਚਾਹਤ ਹਰਯੋ ॥੨੮॥

ਅਨਾਥ ਕਵੀ ਜੀ ਜਨ = ਦਾਸਾ ਭਾਵ ਧਾਰ ਕੇ ਕਥਨ ਕਰਦੇ ਹਨ ਕਿ ਹੇ ਗੁਰੂ ਜੀ ਮੈਂ ਆਪ ਉਰ = ਹਿਰਦੇ ਦੇ ਸਾਰੇ ਸਾਲ = ਦੁੱਖ ਹਰਯੋ = ਨਾਸ਼ ਕਰਨੇ ਚਾਹਤ = ਚਾਹੁੰਦਾ ਹਾਂ, ਤੁਸੀਂ ਮੇਰੇ ਉੱਪਰ ਆਪਣੀ ਕ੍ਰਿਪਾ = ਮਿਹਰ ਦੀ ਦ੍ਰਿਸ਼ਟੀ ਕਰਤ = ਕਰ ਦੇਵੋ **ਵਾ:** ਮੈਂ ਅਨਾਥ = ਯਤੀਮ ਜਨ = ਦਾਸ ਦੇ ਉਰ = ਮਨ ਵਿਚ ਅਗਿਆਨਤਾ ਦਾ ਭਾਰੀ ਸਾਲ = ਦੁੱਖ ਹੈ ਅਤੇ ਗੁਰੂ ਜੀ ਆਪਣੀ ਕਿਰਪਾ ਕਰਕੇ ਉਸ ਦੁੱਖ ਨੂੰ ਨਾਸ਼ ਕਰਨਾ ਚਾਹਤ = ਚਾਹੁੰਦੇ ਹਨ ॥੨੮॥

## ਇਤਿ ਸ੍ਰੀ ਵਿਚਾਰ ਮਾਲਾ ਸਿਖ ਅਸਿਖ ਪ੍ਰਿਥਮੰ ਬਿਸ੍ਰਾਮ ॥੧॥

ਸ੍ਰੀ = ਸੁਭਾਇਮਾਨ ਵਿਚਾਰ ਮਾਲਾ ਨਾਮ ਦੇ ਗ੍ਰੰਥ ਦੇ ਪ੍ਰਿਥਮ = ਪਹਿਲੇ ਬਿਸ੍ਰਾਮ = ਅਧਿਆਇ ਦੀ ਇਤਿ ਸਮਾਪਤੀ ਹੋਈ ਹੈ। ਇਸ ਵਿਚ ਸਿਖ = ਜਗਿਆਸੂ ਨੂੰ ਅਸਿਖ = ਅਸ਼ੀਰਵਾਦ ਦਿੱਤੀ ਹੈ ॥੧॥

### ਦੂਜਾ ਬਿਸ੍ਰਾਮ

## ਅਥ ਸੰਤ ਮਹਿਮਾ ਵਰਣਨੰ ਨਾਮ ਦ੍ਵਿਤੀਯ ਬਿਸ੍ਰਾਮ ਪ੍ਰਾਰੰਭ ॥

ਅਥ = ਹੁਣ ਪੰਡਿਤ ਅਨਾਥ ਜੀ ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਦੀ ਮਹਿਮਾ = ਵਡਿਆਈ ਵਰਣਨੰ = ਕਥਨ ਕਰਦੇ ਹੋਏ ਵਿਚਾਰ ਮਾਲਾ ਗੰਥ ਦਾ ਦ੍ਵਿਤੀਯ = ਦੂਜਾ ਬਿਸ੍ਰਾਮ = ਅਧਿਆਇ ਪ੍ਰਾਰੰਭ = ਸ਼ੁਰੂ ਕਰਦੇ ਹਨ।

## ਸਿਖਿਉ ਵਾਚ ॥

ਹੁਣ ਸਤਿਸੰਗਤ ਦੀ ਇੱਛਾ ਵਾਲਾ ਹੋਇਆ ਸਿੱਖ ਸੰਤ ਜਨਾਂ ਦੇ ਲੱਛਣ ਪੁੱਛਣ ਲਈ ਬੇਨਤੀ ਰੂਪ ਵਿਚ ਗੁਰੂ ਜੀ ਦੇ ਸਨਮੁਖ ਵਾਚ = ਕਥਨ ਕਰਦਾ ਹੈ।

## ਦੋਹਰਾ ॥ ਕਹੋ ਕ੍ਰਿਪਾ ਕਰਿ ਸਾਧ ਕੇ; ਲਖਣ ਸ੍ਰੀ ਗੁਰੁਦੇਵ ॥

ਹੇ ਸ੍ਰੀ = ਸ਼ੋਭਾ ਦੇ ਮਾਲਕ ਗੁਰਦੇਵ = ਪੂਜਨੀਕ ਗੁਰੂ ਜੀ! ਤੁਸੀਂ ਆਪਣੀ ਕ੍ਰਿਪਾ = ਮਿਹਰ ਦੀ

ਦ੍ਰਿਸ਼ਟੀ ਕਰਿ = ਕਰਕੇ ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਕੇ = ਦੇ ਲਖਣ = ਚਿੰਨ੍ਹ, ਨਿਸ਼ਾਨੀਆਂ ਕਹੋ = ਦੱਸਣਾ ਕਰੋ।

## ਜਾਹਿ ਨਿਰਖ ਹਿਤ ਆਪਨੋ; ਕਰੋਂ ਭਲੀ ਵਿਧਿ ਸੇਵ ॥੧॥

ਜਾਹਿ = ਜਿਨ੍ਹਾਂ ਲੱਛਣਾਂ ਨੂੰ ਸੰਤ ਜਨਾਂ ਦੇ ਵਿਚ ਨਿਰਖ = ਦੇਖ ਕਰਕੇ ਆਪਨੋ = ਆਪ ਦੇ ਹਿਤ = ਭਲੇ ਵਾਸਤੇ ਉਨ੍ਹਾਂ ਸੰਤਾਂ ਦੀ ਭਲੀ = ਚੰਗੀ ਵਿਧਿ = ਤਰ੍ਹਾਂ ਨਾਲ ਸੇਵ = ਟਹਿਲ ਕਰੋਂ = ਕਰਾਂ ॥੧॥

## ਸਾਧ ਲਖਣ ਵਰਣਨੰ; ਸ੍ਰੀ ਗੁਰਉ ਵਾਚ ॥

ਸਿੱਖ ਦੀ ਬੇਨਤੀ ਸੁਣ ਕੇ ਸ੍ਰੀ = ਸੁਭਾਇਮਾਨ ਗੁਰੂ ਜੀ ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਦੇ ਲਖਣ = ਚਿੰਨ੍ਹ, ਨਿਸ਼ਾਨੀਆਂ ਵਰਣਨੰ = ਕਥਨ ਕਰਦੇ ਹਨ।

## ਦੋਹਰਾ ॥ ਅਤਿ ਕ੍ਰਿਪਾਲੁ ਨਹਿ ਦ੍ਰੋਹਿ ਚਿਤ; ਸਹਨ ਸੀਲਤਾ ਸਾਰ ॥

ਹੇ ਸਿੱਖ ! ਸੰਤ ਜਨ ਅਤਿ = ਅਤਿਸ਼ੈ ਕਰਕੇ, ਅਤਿਅੰਤ ਕ੍ਰਿਪਾਲੁ = ਦਿਆਲੂ ਸੁਭਾਅ ਦੇ ਹੁੰਦੇ ਹਨ, ਭਾਵ ਕਿਸੇ ਪ੍ਰਯੋਜਨ ਤੋਂ ਬਿਨਾਂ ਹੀ ਕਿਰਪਾ ਕਰ ਦੇਂਦੇ ਹਨ, ਉਨ੍ਹਾਂ ਦੇ ਚਿਤ = ਮਨ ਵਿਚ ਕਿਸੇ ਪ੍ਰਕਾਰ ਦਾ ਕੋਈ ਦ੍ਰੋਹਿ = ਛਲ ਫ਼ਰੇਬ ਨਹੀਂ ਹੁੰਦਾ। ਫੇਰ ਸਹਨ ਸੀਲਤਾ = ਮਾਨ-ਅਪਮਾਨ ਵਿਚ ਇਕ-ਸਮਾਨ ਬਿਰਤੀ ਰੱਖਦੇ ਹਨ ਅਤੇ ਫੇਰ ਸਾਰੁ = ਸ੍ਰੇਸ਼ਟ ਜੀਵਨ ਵਾਲੇ ਹਨ।

## ਸਮ ਦਮ ਆਦਿ ਅਕਾਮ ਮਤਿ; ਮ੍ਰਿਦੁਲ ਸਰਬ ਉਪਕਾਰ ॥੨॥

ਉਨ੍ਹਾਂ ਨੇ ਸਮ = ਮਨ ਦੇ ਫੁਰਨੇ ਆਪਣੇ ਕਾਬੂ ਵਿਚ ਕੀਤੇ ਹੋਏ ਹਨ, ਦਮ = ਇੰਦ੍ਰੀਆਂ ਦਾ ਵਿਸ਼ਿਆਂ ਵੱਲੋਂ ਦਮਨ ਕੀਤਾ ਹੋਇਆ ਹੈ, ਆਦਿ = ਇਤਿਆਦਿਕ ਸਾਧਨ ਸੰਪੰਨ ਹੁੰਦੇ ਹਨ , ਉਨ੍ਹਾਂ ਦੀ ਮਤਿ = ਬੁੱਧੀ ਅਕਾਮ = ਕਾਮਨਾਵਾਂ ਤੋਂ ਰਹਿਤ ਹੁੰਦੀ ਹੈ, ਫੇਰ ਮ੍ਰਿਦੁਲ = ਕੋਮਲ, ਨਰਮ ਸੁਭਾਅ ਦੇ ਹੁੰਦੇ ਹਨ ਅਤੇ ਸਰਬ = ਸਾਰਿਆਂ ਉੱਪਰ ਉਪਕਾਰ = ਭਲਾ ਕਰਨ ਵਾਲੇ ਹੁੰਦੇ ਹਨ। ਜੈਸਾ ਕਿ :

**ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥** *(ਅੰਗ ੮੧੫)*

## ਦੋਹਰਾ ॥ ਆਤਮ ਵਿਤਜੁ ਅਨੀਹ ਸੁਚ; ਨਿਹਕੰਚਨ ਗੰਭੀਰ ॥

ਸੰਤ ਜਨ ਆਪਣੇ ਆਤਮ ਸਰੂਪ ਦੇ ਵਿਤਜੁ = ਬੇਤੇ, ਜਾਣੂ ਹਨ, ਅਨੀਹ = ਇੱਛਾ ਤੋਂ ਰਹਿਤ ਅਤੇ ਸੁਚ = ਪਵਿੱਤ੍ਰ ਜੀਵਨ ਵਾਲੇ ਹਨ, ਫੇਰ ਨਿਹਕੰਚਨ = ਸਰਬ ਤਿਆਗੀ ਤੇ ਗੰਭੀਰ ਡੂੰਘੇ ਆਸ਼ੇ ਵਾਲੇ ਹੁੰਦੇ ਹਨ।

## ਅਪ੍ਰਮੇਵ ਮਤਸਰ ਰਹਤ; ਮੁਨਿ ਤਪ ਸਾਂਤਿ ਸੁ ਧੀਰ ॥੩॥

ਅਪ੍ਰਮੇਵ = ਗਿਣਤੀ **ਵਾ:** ਪ੍ਰਮਾਦਤਾਈ ਤੋਂ ਰਹਿਤ ਹਨ, ਮਤਸਰ = ਈਰਖਾ ਤੋਂ ਵੀ ਰਹਿਤ ਹਨ, ਮੁਨਿ = ਮੰਨਨ ਸ਼ੀਲ, ਤਪ = ਤਪੱਸਵੀ, ਸ਼ਾਂਤਿ = ਸ਼ਾਂਤੀ ਅਤੇ ਸੁ = ਸ੍ਰੇਸ਼ਟ ਧੀਰ = ਧੀਰਜਤਾ ਆਦਿ ਸ਼ੁਭ ਗੁਣਾਂ ਦੇ ਸਹਿਤ ਹਨ **ਵਾ:** ਤਪ ਸਾਂਤਿ = ਸ਼ਾਂਤੀ ਰੂਪ ਜਿਨ੍ਹਾਂ ਦਾ ਤਪ ਹੈ ॥੩॥

## ਦੋਹਰਾ ॥ ਜਿਤ ਖਟ ਗੁਣ ਧ੍ਰਿਤਿਮਾਨ ਕਵਿ; ਮਾਨਦ ਆਪ ਅਮਾਨ ॥

ਜਿਤ = ਜਿਨ੍ਹਾਂ ਧ੍ਰਿਤਿਮਾਨ = ਧੀਰਜਵਾਨ ਕਵਿ = ਕਵੀ ਜਨਾਂ ਭਾਵ ਸੰਤ ਜਨਾਂ ਵਿਚ ਖਟ = ਛੇ ਗੁਣ

ਹੁੰਦੇ ਹਨ। (ਪ੍ਰਸ਼ਨ: ਉਹ ਛੇ ਗੁਣ ਕਿਹੜੇ ਹਨ?) ਉੱਤਰ: ੧. ਮਾਨਦ = ਸਭ ਨੂੰ ਸਤਿਕਾਰ ਦੇਣਾ, ੨. ਅਮਾਨ = ਮਾਣ, ਵਡਿਆਈ ਦੀ ਇੱਛਾ ਤੋਂ ਰਹਿਤ ਰਹਿਣਾ।

## ਸਤਿ ਪ੍ਰਤੀਤਿ ਅਨੀਤਿ ਗਤਿ; ਕਰੁਣਾ ਸੀਲ ਨਿਧਾਨ ॥੪॥

੩. ਸਤਿ = ਸੱਚ ਸਰੂਪ ਪਰਮਾਤਮ ਵਿਚ ਪ੍ਰਤੀਤਿ = ਭਰੋਸਾ ਰੱਖਦੇ ਹਨ, ੪. ਅਨੀਤਿ = ਖੋਟੀ ਨੀਤੀ ਗਤਿ = ਨਾਸ਼ ਕੀਤੀ ਹੋਈ ਹੈ, ੫. ਕਰੁਣਾ = ਦਇਆ ਦੇ ਸਮੁੰਦਰ ਹੁੰਦੇ ਹਨ, ਅਤੇ ੬. ਸੀਲ = ਨਰਮ ਸੁਭਾਅ ਦੇ ਨਿਧਾਨ = ਖ਼ਜ਼ਾਨੇ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵੀ ਸੰਤ ਜਨਾਂ ਦੇ ਛੇ ਪ੍ਰਕਾਰ ਦੇ ਲੱਛਣ ਇਸ ਪ੍ਰਕਾਰ ਕਥਨ ਕੀਤੇ ਹਨ॥੪॥ ਜੈਸਾ ਕਿ:

**ਮੰਤ੍ਰੰ ਰਾਮ ਰਾਮ ਨਾਮੰ ਧੵਾਨੰ ਸਰਬਤ੍ਰ ਪੂਰਨਹ ॥**
**ਗੵਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥**
**ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥**
**ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥**
**ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥**
**ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤੵਿਾਗਿ ਸਗਲ ਰੇਣੁਕਹ ॥**
**ਖਟ ਲਖੵਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪੦॥** *(ਅੰਗ ੧੩੫੭)*

## ਦੋਹਰਾ ॥ ਉਸਤਤਿ ਨਿੰਦਾ ਮਿਤ੍ਰ ਰਿਪੁ; ਸੁਖੁ ਦੁਖੁ ਊਚ ਰੁ ਨੀਚ ॥

ਉਸਤਤਿ = ਵਡਿਆਈ, ਨਿੰਦਾ = ਅਪਕੀਰਤੀ, ਮਿਤ੍ਰ = ਦੋਸਤ, ਰਿਪੁ = ਦੁਸ਼ਮਨ, ਸੁਖ, ਦੁੱਖ ਊਚ = ਉੱਚਾ ਰੁ = ਅਤੇ ਨੀਚ = ਨੀਵਾਂ।

## ਬ੍ਰਹਮਾ ਤ੍ਰਿਨ ਅੰਮ੍ਰਿਤ ਗਰਲ; ਕੰਚਨ ਕਾਚਨ ਬੀਚ ॥੫॥

ਬ੍ਰਹਮਾ ਤੋਂ ਤ੍ਰਿਨ = ਕੱਖ, ਅੰਮ੍ਰਿਤ ਤੇ ਗਰਲ = ਜ਼ਹਿਰ, ਕੰਚਨ = ਸੋਨੇ ਅਤੇ ਕਾਚਨ = ਕੱਚ ਆਦਿ ਦ੍ਵੰਦਵਾਦ ਬੀਚ = ਵਿਚ ਸੰਤ ਜਨਾਂ ਦੀ ਬਿਰਤੀ ਇਕ-ਰਸ ਰਹਿੰਦੀ ਹੈ।

## ਦੋਹਰਾ ॥ ਸਮਦਰਸੀ ਸੀਤਲ ਹ੍ਰਿਦੈ; ਗਤਿ ਉਦਬੇਗ ਉਦਾਰ ॥

ਸੰਤ ਜਨ ਮਿਤ੍ਰ-ਦੁਸ਼ਮਨ ਆਦਿ ਵਿਚ ਸਮਦਰਸੀ = ਇਕ-ਸਮਾਨ ਦ੍ਰਿਸ਼ਟੀ ਰੱਖਦੇ ਹਨ, ਉਨ੍ਹਾਂ ਦਾ ਹ੍ਰਿਦੈ = ਹਿਰਦਾ ਸਦਾ ਸੀਤਲ = ਠੰਢਾ, ਸ਼ਾਂਤ ਰਹਿੰਦਾ ਹੈ, ਉਨ੍ਹਾਂ ਦੇ ਸਭ ਉਦਬੇਗ = ਫੁਰਨੇ ਗਤਿ = ਨਾਸ਼ ਹੋ ਗਏ ਹਨ ਅਤੇ ਉਦਾਰ = ਦਾਨੀ ਸੁਭਾਅ ਵਾਲੇ ਦਾਤੇ ਹਨ।

## ਸੂਛਮ ਚਿਤ ਸੁ ਮਿਤ੍ਰ ਜਗ; ਚਿਦ ਬਪੁ ਨਿਰਹੰਕਾਰ ॥੬॥

ਚਿਤ ਨੂੰ ਬਹੁਤ ਸੂਛਮ = ਸੂਖਮ ਰੱਖਦੇ ਹਨ ਭਾਵ ਚਿਤ ਦੀ ਬਿਰਤੀ ਬਹੁਤ ਬਰੀਕ ਰੱਖਦੇ ਹਨ, ਸਾਰੇ ਜਗ = ਸੰਸਾਰ ਨੂੰ ਮਿੱਤ੍ਰ ਰੂਪ ਦੇਖਦੇ ਹਨ, ਚਿਦ = ਚੇਤਨ ਪ੍ਰਭੂ ਦਾ ਹੀ ਬਪੁ = ਸਰੂਪ ਹੋ ਜਾਂਦੇ ਹਨ, ਫੇਰ ਵੀ ਨਿਰਹੰਕਾਰ = ਹੰਕਾਰ ਤੋਂ ਰਹਿਤ ਹੁੰਦੇ ਹਨ॥੬॥

## ਦੋਹਰਾ ॥ ਸਰਬ ਮਿਤ੍ਰ ਨਿਹਕਲਪ ਮਨਿ; ਤਯਾਗੀ ਅਤਿ ਸੰਤੋਖ ॥

ਸੰਤ ਜਨ ਸਰਬ = ਸਾਰਿਆਂ ਨਾਲ ਮਿਤ੍ਰ = ਮਿੱਤ੍ਰਤਾ ਰੱਖਦੇ ਹਨ, ਮਨ ਵਿਚ ਨਿਹਕਲਪ = ਕਲਪਨਾ

ਤੋਂ ਰਹਿਤ ਹੁੰਦੇ ਹਨ, ਤਯਾਗੀ = ਤਿਆਗਵਾਨ ਅਤੇ ਅਤਿ = ਅਤਿਅੰਤ ਸੰਤੋਖ = ਸੰਤੁਸ਼ਟਤਾ ਦੇ ਸਹਿਤ ਹੁੰਦੇ ਹਨ।

## ਐਸ੍ਵਰਜ ਵਿਗਯਾਨ ਬਲ; ਜਾਨਤ ਬੰਧ ਰੁ ਮੋਖ ॥੭॥

ਰਿੱਧੀਆਂ ਸਿੱਧੀਆਂ ਰੂਪ ਐਸ੍ਵਰਜ = ਧਨ-ਸੰਪਦਾ ਦੇ ਸਹਿਤ ਹਨ, ਫੇਰ ਵਿਗਯਾਨ = ਵਿਸ਼ੇਸ਼ ਕਰਕੇ ਅਪ੍ਰੋਖ ਗਿਆਨ ਦੇ ਬਲ ਨਾਲ ਸੰਸਾਰ ਦੇ ਬੰਧ = ਬੰਧਨ ਰੁ = ਅਤੇ ਮੋਖ = ਮੁਕਤੀ ਨੂੰ ਜਾਨਤ ਜਾਣਦੇ ਹਨ ॥੭॥

## ਦੋਹਰਾ ॥ ਤਨ ਮਤਿ ਗਤਿ ਆਨੰਦ ਮਯ; ਗੁਣਾਤੀਤ ਨਿਸਪ੍ਰੇਹ ॥

ਸੰਤ ਜਨਾਂ ਨੇ ਆਪਣੇ ਤਨ = ਸਰੀਰ ਅੰਦਰੋਂ ਹੰਕਾਰ ਵਾਲੀ ਮਤਿ = ਅਕਲ ਗਤਿ = ਨਾਸ਼ ਕਰ ਲਈ ਹੈ, ਫੇਰ ਅਨੰਦ ਮਯ = ਸਰੂਪ ਹੋ ਗਏ ਹਨ, ਤਿੰਨਾਂ ਗੁਣਾਂ (ਰਜ, ਤਮ, ਸਤ) ਤੋਂ ਅਤੀਤ = ਅਸੰਗ ਹਨ ਅਤੇ ਨਿਸਪ੍ਰੇਹ = ਨਿਰਇੱਛਤ ਹਨ।

## ਬਿਗਤ ਕਲੇਸ਼ ਸ੍ਵਛੰਦ ਮਤਿ; ਸੰਤਾਂ ਭੂਖਣ ਏਹ ॥੮॥

ਉਨ੍ਹਾਂ ਨੇ ਪੰਜ ਪ੍ਰਕਾਰ ਦੇ ਕਲੇਸ਼ (ਅਵਿੱਦਿਆ, ਅਸੰਮਤਾ, ਅਭਿਨਿਵੇਸ਼, ਰਾਗ, ਦ੍ਵੈਖ) ਬਿਗਤ = ਵਿਸ਼ੇਸ਼ ਕਰਕੇ ਨਾਸ਼ ਕਰ ਲਏ ਹਨ, ਅਤੇ ਸ੍ਵਛੰਦ = ਸੁਤੰਤਰ ਮਤਿ = ਬੁੱਧੀ ਵਾਲੇ ਹਨ। ਇਤਿਆਦਿਕ ਇਹ ਜਿਤਨੇ ਵੀ ਗੁਣ ਕਥਨ ਕੀਤੇ ਹਨ, ਇਹ ਗੁਣ ਸੰਤਾਂ = ਸ਼ਾਂਤ-ਚਿਤ ਮਹਾਤਮਾ ਜਨਾਂ ਦੇ ਮਾਨੋ ਭੂਖਣ = ਗਹਿਣੇ ਹਨ ॥੮॥

## ਦੋਹਰਾ ॥
## ਸ੍ਵਸੰਵੇਦਯ ਨਹਿ ਕਹਿ ਸਕੋਂ; ਲੱਛਨ ਸੰਤ ਮਹੰਤ ॥

ਹੇ ਭਾਈ! ਜੋ ਮਹੰਤ = ਪੂਜਨੀਕ, ਮਹਾਨ ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਦੇ ਲੱਛਨ = ਚਿੰਨ੍ਹ, ਨਿਸ਼ਾਨੀਆਂ ਹਨ, ਉਹ ਪੂਰਨ ਰੂਪ ਵਿਚ ਮੈਂ ਸ੍ਵਸੰਵੇਦਯ[੧] = ਆਪਣੀ ਜਾਣਕਾਰੀ ਮੁਤਾਬਕ ਕੁਝ ਨਹੀਂ ਕਹਿ = ਆਖ ਸਕੋਂ = ਸਕਦਾ, ਭਾਵ ਮੌਤ ਦੇ ਨੇੜੇ ਇਸਥਿਤ ਹੋਇਆਂ ਵੀ ਕੋਈ ਭੈ ਨਹੀਂ ਫੇਰ ਚਿਦ ਜੜ੍ਹ ਗ੍ਰੰਥ ਦੀ ਨਵਿਰਤੀ ਅਤੇ ਨਿਰਾਵਰਨ ਸਰੂਪਾਨੰਦ ਦੀ ਪ੍ਰਾਪਤੀ ਇਤਿਆਦਿਕ ਜੋ ਸ੍ਵਸੰਵੇਦਯ ਲੱਛਣ ਹਨ, ਉਹ ਮੈਂ ਨਹੀਂ ਕਹਿ ਸਕਦਾ।

## ਪ੍ਰਸਵੇਦਯ ਕਹੇ ਕਛੂ; ਸੰਗ ਪ੍ਰਤਾਪ ਕਰੰਤ[੨] ॥੯॥

ਇਹ ਮੈਂ ਪਿੱਛੋਂ ਜੋ ਕਛੁ = ਕੁਝ ਵੀ ਸੰਤ ਜਨਾਂ ਦੀ ਮਹਿਮਾ ਕਥਨ ਕੀਤੀ ਹੈ, ਇਹ ਪ੍ਰਸੰਬੇਦਯ[੩] = ਦੂਜਿਆਂ ਦੁਆਰਾ ਜਾਣ ਕਰਕੇ ਭਾਵ ਵੇਦ ਸ਼ਾਸਤ੍ਰਾਂ **ਵਾ:** ਮਹਾਪੁਰਸ਼ਾਂ ਦੁਆਰਾ ਜਾਣ ਕਰਕੇ ਹੀ ਮਹਿਮਾ ਕਹੀ ਹੈ। ਐਸੇ ਸੰਤ ਜਨਾਂ ਦੀ ਸੰਗ = ਸੰਗਤ ਕਰਨ ਵਾਲੇ ਨੂੰ ਸੰਤ ਜਨ ਪ੍ਰਤਾਪ ਵਾਲਾ ਕਰੰਤ = ਕਰ ਦਿੰਦੇ ਹਨ, ਭਾਵ ਜੋ ਸੰਤ ਜਨਾਂ ਦੀ ਸੰਗਤ ਕਰਦਾ ਹੈ, ਦੁਨੀਆਂ ਅੰਦਰ ਉਸਦਾ ਵੀ ਜੱਸ ਹੋਣ ਲੱਗ ਪੈਂਦਾ ਹੈ ॥੯॥

ਅੱਗੇ ਸੰਤ-ਜਨ ਸੰਗਤ ਦੀ ਮਹਿਮਾ ਵਰਣਨ ਕਰਦੇ ਹਨ:

---

੧. ਸ੍ਵਸੰਵੇਦਯ: ਜੋ ਆਪਣੇ ਆਪ ਜਾਣਿਆ ਜਾਵੇ।
੨. ਪਾਠਾਂਤ੍ਰ: ਕਹੰਤ, ਅਰਥ: ਹੁਣ ਅੱਗੇ ਸੰਤ ਜਨਾਂ ਦੀ ਸੰਗ = ਸੰਗਤ ਦਾ ਪ੍ਰਤਾਪ ਕਹੰਤ = ਕਥਨ ਕਰਦੇ ਹਨ।
੩. ਪਰਸੰਬੇਦਯ: ਜੋ ਦੂਸਰੇ ਕਰਕੇ ਚੰਗੀ ਤਰ੍ਹਾਂ ਜਾਣਿਆ ਜਾਵੇ।

## ਦੋਹਰਾ ॥ ਸਤਸੰਗਤਿ ਨਿਜ ਕਲਪਤਰੁ; ਸਕਲ ਕਾਮਨਾ ਦੇਤ ॥

ਹੇ ਭਾਈ! ਸਤਸੰਗਤਿ = ਸ੍ਰੇਸ਼ਟ ਮਹਾਤਮਾਂ ਜਨਾਂ ਦੀ ਸੰਗਤ ਨਿਜ = ਆਪਣੇ ਆਪ ਵਿਚ ਇਕ ਕਲਪਤਰੁ[੧] = ਕਾਮਨਾ ਪੂਰੀ ਕਰਨ ਵਾਲੇ ਬ੍ਰਿਛ ਦੀ ਨਿਆਈਂ ਹੈ; ਜੋ ਸਕਲ = ਸਾਰੀਆਂ ਕਾਮਨਾ = ਇੱਛਾਵਾਂ ਨੂੰ ਦੇਤ = ਦੇਣ ਵਾਲੀ ਹੈ, ਭਾਵ ਸਭ ਇੱਛਾਵਾਂ ਨੂੰ ਸਹਿਜੇ ਹੀ ਪੂਰੀਆਂ ਕਰਨ ਵਾਲੀ ਹੈ।

## ਅੰਮ੍ਰਿਤ ਰੂਪੀ ਬਚਨ ਕਹਿ; ਤਿਹੂੰ ਤਾਪ ਹਰਿ ਲੇਤ ॥੧੦॥

ਜਿਸ ਸਤਿਸੰਗਤ ਵਿਚ ਸੰਤ ਜਨ ਅੰਮ੍ਰਿਤ ਰੂਪੀ ਮਿਠਾਸ ਵਾਲੇ ਬਚਨ ਕਹਿ = ਕਥਨ ਕਰਕੇ ਆਧਿ, ਬਿਆਧਿ ਤੇ ਉਪਾਧਿ ਰੂਪ ਤਿਹੂੰ = ਤਿੰਨੇ ਤਾਪਾਂ ਨੂੰ ਹਰਿ = ਨਾਸ਼ ਕਰ ਲੇਤ = ਲੈਂਦੇ ਹਨ (ਆਧਿ ਤਾਪ = ਮਾਨਸਿਕ ਰੋਗ, ਬਿਆਧਿ ਤਾਪ = ਸਰੀਰਕ ਰੋਗ ਅਤੇ ਉਪਾਧਿ ਤਾਪ = ਬਾਹਰੋਂ ਲੜਾਈ, ਝਗੜਾ ਕਲੇਸ਼ ਆਦਿ ਪੈ ਜਾਣਾ) ਅਰਥਾਤ ਸੰਗਤ ਵਿਚ ਆਉਣ ਨਾਲ ਸਾਰੇ ਰੋਗ, ਤਾਪ ਨਵਿਰਤ ਹੋ ਕੇ ਆਤਮਿਕ ਸ਼ਾਂਤੀ ਪ੍ਰਾਪਤ ਹੁੰਦੀ ਹੈ॥੧੦॥

## ਦੋਹਰਾ ॥ ਪਦ ਬੰਦਨ ਤਨ ਅਘ ਹਰਨ; ਤੀਰਥ ਮੈ ਪਦ ਦੋਇ ॥

ਸੰਤ ਜਨਾਂ ਦੇ ਪਦ = ਚਰਨ ਕਮਲਾਂ ਦੇ ਉੱਪਰ ਬੰਦਨ = ਨਮਸਕਾਰ ਕਰਨ ਨਾਲ ਤਨ = ਸਰੀਰ ਦੇ ਸਾਰੇ ਅਘ = ਪਾਪ ਹਰਨ = ਨਾਸ਼ ਹੋ ਜਾਂਦੇ ਹਨ, ਕਿਉਂਕਿ ਸੰਤ ਜਨਾਂ ਦੇ ਦੋਇ = ਦੋਨੇ ਪਦ = ਚਰਨ ਕਮਲਾਂ ਮੈ = ਵਿਚ ਹੀ ਸਾਰੇ ਤੀਰਥ = ਪਵਿੱਤ੍ਰ ਅਸਥਾਨ ਹਨ। ਜੈਸਾ ਕਿ:

**ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ ॥**

*(ਅੰਗ ੮੨੮)*

## ਸੰਭਾਖਨ ਚਿਤੁ ਸ਼ਾਂਤਿ ਕਰਿ; ਕ੍ਰਿਪਾ ਪਰਮ ਪਦ ਹੋਇ ॥੧੧॥

ਫੇਰ ਸੰਤ ਜਨਾਂ ਦਾ (ਸੰ + ਭਾਖਨ) ਸੰ = ਭਲੀ ਪ੍ਰਕਾਰ ਭਾਖਨ = ਬੋਲਣਾ ਭਾਵ ਜਦੋਂ ਸੰਤ ਜਨ ਆਪਣੀ ਰਸਨਾ ਤੋਂ ਬੋਲ ਕੇ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਤਾਂ ਉਹ ਉਪਦੇਸ਼ ਚਿਤ = ਹਿਰਦੇ ਨੂੰ ਈਰਖਾ, ਕ੍ਰੋਧ, ਹਉਮੈ

---

੧. ਕਲਪਤਰ: ਕਲਪ = ਕਲਪਨਾ ਪੂਰੀ ਕਰਨ ਵਾਲਾ ਤਰ = ਬ੍ਰਿਛ, ਮੰਨਿਆ ਜਾਂਦਾ ਹੈ ਕਿ ਇਸਦੇ ਹੇਠਾਂ ਜੋ ਵੀ ਕਲਪਨਾ ਕੀਤੀ ਜਾਵੇ, ਉਹ ਉਸੇ ਵੇਲੇ ਪੂਰੀ ਹੋ ਜਾਂਦੀ ਹੈ। ਇਕ ਪੁਰਾਣਿਕ ਕਥਾ ਹੈ ਜਿਸ ਸਮੇਂ ਸਮੁੰਦਰ ਰਿੜਕਿਆ ਗਿਆ ਸੀ, ਉਸ ਸਮੇਂ ਚੌਂਦਾਂ ਰਤਨਾਂ ਵਿੱਚੋਂ ਇਹ (ਕਲਪ-ਤਰ) ਇਕ ਰਤਨ ਰੂਪ ਵਿਚ ਨਿਕਲਿਆ ਜੋ ਇੰਦ੍ਰ ਨੂੰ ਦਿੱਤਾ ਗਿਆ, ਇੰਦ੍ਰ ਦੀ ਇਸਤ੍ਰੀ ਸਚੀ ਇਸਨੂੰ ਬਹੁਤ ਪਸੰਦ ਕਰਦੀ ਸੀ, ਜਦ ਕ੍ਰਿਸ਼ਨ ਜੀ ਇੰਦ੍ਰ ਨੂੰ ਮਿਲਨ ਲਈ ਸੁਰਗਲੋਕ ਗਏ, ਤਾਂ ਉਨ੍ਹਾਂ ਦੀ ਰਾਣੀ ਸਤਭਾਮਾ ਨੇ ਕ੍ਰਿਸ਼ਨ ਜੀ ਨੂੰ ਉਹ ਬ੍ਰਿਛ ਦ੍ਵਾਰਿਕਾ ਵਿਚ ਲੈ ਜਾਣ ਲਈ ਪ੍ਰੇਰਿਆ, ਜਿਸ ਤੋਂ ਇੰਦ੍ਰ ਅਤੇ ਕ੍ਰਿਸ਼ਨ ਜੀ ਵਿਚ ਬਹੁਤ ਘੋਰ ਯੁੱਧ ਹੋਇਆ। ਅੰਤ ਨੂੰ ਇੰਦ੍ਰ ਹਾਰ ਗਿਆ ਅਤੇ ਕ੍ਰਿਸ਼ਨ ਜੀ ਨੇ ਉਹ ਪਾਰਜਾਤ ਬ੍ਰਿਛ ਸਤਭਾਮਾ ਦੇ ਵਿਹੜੇ ਵਿਚ ਲਿਆ ਕੇ ਲਾ ਦਿੱਤਾ, ਕ੍ਰਿਸ਼ਨ ਜੀ ਦੇ ਦੇਹਾਂਤ ਪਿੱਛੋਂ ਇਹ ਬ੍ਰਿਛ ਆਪ ਹੀ ਇੰਦ੍ਰ ਲੋਕ ਨੂੰ ਚਲਾ ਗਿਆ। ਸੰਸਕ੍ਰਿਤ ਗ੍ਰੰਥਾਂ ਦੇ ਵਿਚ ਪੰਜ ਪ੍ਰਕਾਰ ਦੇ ਸੁਰਤਰ ਲਿਖੇ ਹਨ:

੧. ਮੰਦਾਰ, ੨. ਪਾਰਿਜਾਤ, ੩. ਸੰਤਾਨ, ੪. ਕਲਪਬ੍ਰਿਛ, ੫. ਹਰਿਚੰਦਨ।

ਮੁਸਲਮਾਨਾਂ ਦੇ ਮਤ ਵਿਚ ਵੀ ਇਨ੍ਹਾਂ ਬ੍ਰਿਛਾਂ ਦੇ ਨਾਲ ਦਾ ਇਕ 'ਸਿਦਰਤੁਲ ਮੁੰਤਹਾ" ਬ੍ਰਿਛ ਹੈ, ਜੋ ਸੱਤਵੇਂ ਅਸਮਾਨ ਵਿਚ ਖ਼ੁਦਾ ਦੇ ਬਾਗ਼ ਵਿਚ ਲੱਗਾ ਹੋਇਆ ਮੰਨਿਆ ਜਾਂਦਾ ਹੈ, ਹਜ਼ਰਤ ਮੁਹੰਮਦ ਸਾਹਿਬ ਜਦੋਂ ਬੁੱਰਾਕ (ਇਹ ਇਕ ਖੰਭਧਾਰੀ ਚਿੱਟਾ ਜਾਨਵਰ ਹੈ, ਜਿਸਦਾ ਕਦ ਖੱਚਰ ਅਤੇ ਗਦੇ ਦੇ ਵਿਚਕਾਰ ਹੈ, ਨੌਂਹ ਸ਼ੇਰ ਜਿਹੇ ਰੱਖਦਾ ਹੈ) 'ਤੇ ਚੜ੍ਹ ਕਰਕੇ ਉਸ ਥਾਂ ਪੁੱਜੇ, ਤਦ ਉਨ੍ਹਾਂ ਨੇ ਦੇਖਿਆ ਕਿ ਉਸ ਬ੍ਰਿਛ ਦੇ ਪੱਤੇ ਹਾਥੀ ਦੇ ਕੰਨਾਂ ਵਰਗੇ ਅਤੇ ਫਲ ਘੜੇ ਦੇ ਅਕਾਰ ਦੇ ਸਨ।

ਆਦਿ ਦੀ ਅੱਗ ਵੱਲੋਂ ਸ਼ਾਂਤਿ = ਠੰਢਾ, ਸ਼ਾਂਤੀ ਦੇ ਸਹਿਤ ਕਰ ਦੇਂਦਾ ਹੈ। ਸੰਤ ਜਨਾਂ ਦੀ ਕ੍ਰਿਪਾ = ਮਿਹਰ ਕਰਕੇ ਪਰਮ = ਵੱਡੀ ਕੈਵਲ ਮੋਖ ਰੂਪੀ ਪਦ = ਪਦਵੀ ਦੀ ਪ੍ਰਾਪਤੀ ਹੋਇ = ਹੋ ਜਾਂਦੀ ਹੈ ॥੧੧॥

## ਦੋਹਰਾ ॥ ਸਤਸੰਗਤਿ ਸੁਖ ਸਿੰਧੁ ਬਰੁ; ਮੁਕਤਾ ਨਿਜ ਕੈਵਲ ॥

ਹੇ ਸਿੱਖ ! ਸਤਿਸੰਗਤ ਸੁਖ ਦਾ ਬਹੁਤ ਬਰੁ = ਸ੍ਰੇਸ਼ਟ ਸਿੰਧੁ = ਸਮੁੰਦਰ ਹੈ, ਭਾਵ ਜਿਵੇਂ ਸਮੁੰਦਰ ਵਿਚ ਪਾਣੀ ਹੀ ਪਾਣੀ ਹੈ, ਤਿਵੇਂ ਸਤਿਸੰਗਤ ਵਿਚ ਸੁਖ ਹੀ ਸੁਖ ਹੈ। ਫੇਰ ਜਿਵੇਂ ਸਮੁੰਦਰ ਵਿਚ ਮੋਤੀ ਹੁੰਦੇ ਹਨ ਤਿਵੇਂ ਸਤਿਸੰਗਤ ਰੂਪੀ ਸਮੁੰਦਰ ਵਿਚ ਨਿਜ = ਆਪਣੇ ਆਪੇ ਵਿਚ ਅਭੇਦ ਹੋਣ ਰੂਪ ਕੈਵਲ ਮੋਖ ਰੂਪੀ ਮੁਕਤਾ = ਮੋਤੀ ਹਨ।

## ਆਸ਼ਜ ਪਰਮ ਅਗਾਧ ਅਤਿ; ਕੋ ਪੈਠੇ ਮਨ ਦਲਜ ॥੧੨॥

ਸਤਿਸੰਗਤ ਦਾ ਆਸ਼ਜ = ਸਿਧਾਂਤ ਸਮੁੰਦਰ ਦੇ ਵਾਂਗ ਅਤਿ = ਅਤਿਅੰਤ ਪਰਮ = ਵੱਡਾ ਤੇ ਅਗਾਧ = ਡੂੰਘਾ ਹੈ **ਵਾ:** ਜਿਵੇਂ ਸਮੁੰਦਰ ਵਿਚ ਗੰਭੀਰਤਾ ਹੁੰਦੀ ਹੈ, ਤਿਵੇਂ ਸਤਿਸੰਗਤ ਦਾ ਗੂੜ੍ਹ ਅਭਿਪ੍ਰਾਯ ਹੀ ਤਿਸ ਵਿਚ ਗੰਭੀਰਤਾ ਹੈ, ਜੇਕਰ ਐਸੇ ਸਤਿਸੰਗਤ ਰੂਪੀ ਸਮੁੰਦਰ ਵਿਚ ਕੋ = ਕੋਈ ਪੈਠੇ = ਪ੍ਰਵੇਸ਼ ਹੋਣਾ ਕਰੇ ਤਦ ਉਸ ਦੇ ਮਨ ਦੀਆਂ ਸਭ ਵਾਸ਼ਨਾਵਾਂ ਦਲਜ = ਦਲੀਆ ਜਾਂਦੀਆਂ ਹਨ **ਅਥਵਾ** ਸਤਿਸੰਗਤ ਦੇ ਗੂੜ੍ਹ ਸਿਧਾਂਤ ਵਿਚ ਕੋ = ਕੋਈ ਵਿਰਲਾ ਹੀ ਆਪਣੇ ਮਨ ਦੀਆਂ ਵਾਸ਼ਨਾਵਾਂ ਨੂੰ ਦਲਜ = ਦਲਮਲ, ਕਾਬੂ ਕਰਕੇ ਪੈਠੇ = ਬੈਠਦਾ ਹੈ।

**ਭਗਤ ਜਨਾ ਕੈ ਮਨਿ ਤਨਿ ਰੰਗੁ ॥ ਬਿਰਲਾ ਕੋਊ ਪਾਵੈ ਸੰਗੁ ॥**

*(ਗਉੜੀ ਸੁਖਮਨੀ ਮ: ੫, ਅੰਗ ੨੯੦)*

ਜੈਸਾ ਕਿ:

**ਜੈਸੇ ਜਲ ਬਰਨ ਬਰਨ ਸਰਬੰਗ ਰੰਗ, ਬਿਰਲੋ ਬਿਬੇਕੀ ਸਾਧ ਸੰਗਤਿ ਸਮਾਵਣੀ ॥...੧੦੩॥**

*(ਕਬਿੱਤ ਭਾਈ ਗੁਰਦਾਸ ਜੀ)*

## ਦੋਹਰਾ ॥ ਸਤਸੰਗਤਿ ਸੁਖ ਪਲਕ ਜੋ; ਮੁਕਤਿ ਨ ਤਾਸ ਸਮਾਨ ॥

ਹੇ ਸਿੱਖ ! ਸਤਿਸੰਗਤ ਦੇ ਵਿਚ ਜੋ = ਜਿਹੜਾ ਪਲਕ = ਅੱਖ ਝਮਕਨ ਜਿਤਨਾ ਵੀ ਸੁਖ ਪ੍ਰਾਪਤ ਹੋਣਾ ਹੈ, ਤਾਸ = ਉਸਦੇ ਸਮਾਨਿ = ਤੁਲ ਬੈਕੁੰਠ ਦੀਆਂ ਮੁਕਤਿ = ਮੁਕਤੀਆਂ ਵੀ ਨਹੀਂ ਪੁੱਜ ਸਕਦੀਆਂ। ਧਰਮ ਗ੍ਰੰਥਾਂ ਅੰਦਰ ਸੁਖ ਦਾ ਵੇਰਵਾ ਇਸ ਪ੍ਰਕਾਰ ਮਿਲਦਾ ਹੈ :

੧. ਸਾਰੀ ਧਰਤੀ ਦੇ ਜੀਵਾਂ ਨਾਲੋਂ ਚੱਕ੍ਰਵਰਤੀ ਰਾਜੇ ਕੋਲ ਸਭ ਤੋਂ ਵੱਧ ਸੁਖ ਹੁੰਦਾ ਹੈ ਭਾਵ ਚੱਕ੍ਰਵਰਤੀ ਰਾਜੇ ਤਕ ਧਰਤੀ ਦੇ ਸੁਖਾਂ ਦੀ ਸਮਾਪਤੀ ਹੈ।
੨. ਚੱਕ੍ਰਵਰਤੀ ਰਾਜੇ ਨਾਲੋਂ ਗੰਧਰਵ ਮਨੁੱਖਾਂ ਨੂੰ ਸੌ ਗੁਣਾ ਅਧਿਕ ਸੁਖ ਹੁੰਦਾ ਹੈ।
੩. ਗੰਧਰਵ ਮਨੁੱਖਾਂ ਨਾਲੋਂ ਦੇਵ ਗੰਧਰਵਾਂ ਨੂੰ ਸੌ ਗੁਣਾ ਅਧਿਕ ਸੁਖ ਹੁੰਦਾ ਹੈ।
੪. ਦੇਵ ਗੰਧਰਵਾਂ ਨਾਲੋਂ ਪਿੱਤਰ ਦੇਵਤਿਆਂ ਨੂੰ ਸੌ ਗੁਣਾ ਅਧਿਕ ਸੁਖ ਹੁੰਦਾ ਹੈ।
੫. ਪਿੱਤਰ ਦੇਵਤਿਆਂ ਨਾਲੋਂ ਅਜਾਨ ਦੇਵਤਿਆਂ ਨੂੰ ਸੌ ਗੁਣਾ ਅਧਿਕ ਸੁਖ ਹੁੰਦਾ ਹੈ।
੬. ਅਜਾਨ ਦੇਵਤਿਆਂ ਨਾਲੋਂ ਕਰਮ ਦੇਵਤਿਆਂ ਨੂੰ ਸੌ ਗੁਣਾ ਅਧਿਕ ਸੁਖ ਹੁੰਦਾ ਹੈ।
੭. ਕਰਮ ਦੇਵਤਿਆਂ ਨਾਲੋਂ ਮੁਖ ਦੇਵਤਿਆਂ ਨੂੰ ਸੌ ਗੁਣਾ ਅਧਿਕ ਸੁਖ ਹੁੰਦਾ ਹੈ।
੮. ਮੁਖ ਦੇਵਤਿਆਂ ਨਾਲੋਂ ਇੰਦ੍ਰ ਨੂੰ ਸੌ ਗੁਣਾ ਅਧਿਕ ਸੁਖ ਹੁੰਦਾ ਹੈ।

੯. ਇੰਦ੍ਰ ਨਾਲੋਂ ਬ੍ਰਹਸਪਤਿ ਨੂੰ ਸੌ ਗੁਣਾ ਅਧਿਕ ਸੁਖ ਹੁੰਦਾ ਹੈ।
੧੦. ਬ੍ਰਹਸਪਤਿ ਨਾਲੋਂ ਪਰਜਾਪਤਿ ਨੂੰ ਸੌ ਗੁਣਾ ਅਧਿਕ ਸੁਖ ਹੁੰਦਾ ਹੈ।
੧੧. ਪਰਜਾਪਤਿ ਨਾਲੋਂ ਬ੍ਰਹਮਾ ਨੂੰ ਸੌ ਗੁਣਾ ਅਧਿਕ ਸੁਖ ਹੁੰਦਾ ਹੈ।

ਪਰ ਇਨ੍ਹਾਂ ਸਾਰੇ ਸੁੱਖਾਂ ਨਾਲੋਂ ਕਈ ਗੁਣਾ ਅਧਿਕ ਸੁਖ ਸਤਸੰਗੀ ਨੂੰ ਇਕ ਪਲਕ ਮਾਤ੍ਰ ਵਿਚ ਪ੍ਰਾਪਤ ਹੋ ਜਾਂਦਾ ਹੈ। ਜੈਸਾ ਕਿ :

**ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥੧॥ਰਹਾਉ॥** *(ਸਾਰੰਗ ਮ: ੫, ਅੰਗ ੧੨੦੮)*

## ਬ੍ਰਹਮਾਦਿਕ ਇੰਦ੍ਰਾਦਿ ਭੁਵ; ਨਿਪਟ ਅਲਪ ਏ ਜਾਨ ॥੧੩॥

ਬ੍ਰਹਮਾ ਆਦਿ ਤਿੰਨੇ ਵੱਡੇ ਦੇਵਤੇ, ਇੰਦ੍ਰ, ਬ੍ਰਹਸਪਤਿ ਆਦਿ ਸ੍ਵਰਗ ਦੇ ਦੇਵਤੇ ਅਤੇ ਭੁਵ = ਪ੍ਰਿਥਵੀ ਦੇ ਰਾਜੇ ਆਦਿ ਨਿਪਟ = ਸਮੂਹ ਪਦਵੀਆਂ ਦੇ ਸੁਖ ਸਤਿਸੰਗਤ ਦੇ ਬਰਾਬਰ ਅਲਪ = ਤੁੱਛ ਮਾਤ੍ਰ ਜਾਨ = ਜਾਨਣਾ ਕਰੋ ॥੧੩॥

## ਦੋਹਰਾ ॥ ਜਗਤ ਮੋਹ ਫਾਸੀ ਅਜਰ; ਕਟੇ ਨ ਆਨ ਉਪਾਇ ॥

ਹੇ ਸਿੱਖ ! ਇਸ ਜਗਤ = ਸੰਸਾਰ ਵਿਚ ਮੋਹ ਦੀ ਫਾਸੀ = ਫਾਹੀ (ਅ + ਜਰ) ਜਰ = ਬੁਢੇਪੇ ਦੀ ਕਮਜ਼ੋਰੀ ਤੋਂ ਅ = ਰਹਿਤ ਜਵਾਨ, ਬਹੁਤ ਬਲ ਵਾਲੀ ਹੈ **ਵਾ:** ਅਜਰ = ਨਾ ਜਰੇ ਜਾਣ ਵਾਲੀ ਫਾਹੀ ਹੈ ਜੋ ਕਿਸੇ ਆਨ = ਹੋਰ ਕਰਮ ਕਾਂਡ ਦੇ ਉਪਾਇ = ਯਤਨ ਨਾਲ ਕਟੇ = ਕੱਟੀ ਨ = ਨਹੀਂ ਜਾ ਸਕਦੀ।

## ਜੋ ਨਿਜ ਸਤਸੰਗਤਿ ਕਰੈ; ਸਹਜ ਮੁਕਤ ਹੋ ਜਾਇ ॥੧੪॥

ਪਰ ਜੋ = ਜਿਹੜਾ ਮਨੁੱਖ ਨਿਜ = ਆਪਣੇ ਭਲੇ ਵਾਸਤੇ ਨਿਤਾਪ੍ਰਤੀ ਨਿਯਮ ਅਨੁਸਾਰ ਸਤਿਸੰਗਤ ਕਰੈ = ਕਰਦਾ ਹੈ, ਉਹ ਮਨੁੱਖ ਸਹਜ = ਸੁਭਾਵਿਕ, ਨਿਰਯਤਨ ਹੀ ਮੁਕਤ = ਕਲਿਆਣ ਨੂੰ ਪ੍ਰਾਪਤ ਹੋ ਜਾਇ = ਜਾਂਦਾ ਹੈ ॥੧੪॥

## ਦੋਹਰਾ ॥ ਕਾਮਧੇਨੁ ਅਰੁ ਕਲਪਤਰੁ; ਜੋ ਸੇਵਤ ਫਲ ਹੋਇ ॥

ਕਾਮਧੇਨ ਗਊ ਅਰੁ = ਅਤੇ ਕਲਪਤਰੁ = ਪਾਰਜਾਤ ਬ੍ਰਿਛ ਨੂੰ ਚਿਰੰਕਾਲ ਤਕ ਸੇਵਤ = ਪੂਜਨ ਕਰਕੇ ਜੋ = ਜਿਹੜਾ ਫਲ ਪ੍ਰਾਪਤ ਹੋਇ = ਹੋਣਾ ਹੈ।

**ਕਾਮਧੇਨ** : ਪੁਰਾਣਾਂ ਅਨੁਸਾਰ ਕਾਮਧੇਨ ਸ੍ਵਰਗ ਦੀ ਇਕ ਗਊ ਹੈ, ਜੋ ਸਮੁੰਦਰ ਰਿੜਕਣ ਸਮੇਂ ਉਸ ਵਿੱਚੋਂ ਨਿਕਲੀ ਸੀ। ਮੰਨਿਆ ਜਾਂਦਾ ਹੈ ਕਿ ਇਹ ਮਨ ਚਿਤਵੇ ਪਦਾਰਥ ਦੇਂਦੀ ਹੈ। ਇਹ ਗਾਂ ਵਿਸ਼ਨੂੰ ਨੇ ਬ੍ਰਹਮਾ ਨੂੰ ਦਿੱਤੀ ਸੀ, ਉਸ ਤੋਂ ਭ੍ਰਿੰਗੂ ਨੂੰ ਅਤੇ ਉਸ ਪਾਸੋਂ ਜਮਦਗਨਿ ਰਿਖੀ ਨੂੰ ਪ੍ਰਾਪਤ ਹੋਈ। ਜਦੋਂ ਸਹੰਸਰ ਬਾਹੂ ਨੇ ਜਮਦਗਨਿ ਰਿਖੀ ਨੂੰ ਮਾਰ ਦਿੱਤਾ, ਤਦੋਂ ਇਹ ਬ੍ਰਹਮ ਲੋਕ ਨੂੰ ਚਲੀ ਗਈ ਸੀ।

## ਸਤਸੰਗਤਿ ਛਿਨ ਏਕ ਮੈ; ਪ੍ਰਾਣੀ ਪਾਵੈ ਸੋਇ ॥੧੫॥

ਸੋਇ = ਉਹ ਸਾਰੇ ਫਲ ਸਤਿਸੰਗਤ ਦੇ ਵਿੱਚੋਂ ਇਕ ਛਿਨ ਮਾਤ੍ਰ ਸਮੇਂ ਮੈ = ਵਿਚ ਹੀ ਪ੍ਰਾਨੀ = ਪ੍ਰਾਨਾਧਾਰੀ ਜੀਵ ਪਾਵੈ = ਪਾ ਲੈਂਦਾ ਹੈ ॥੧੫॥

## ਦੋਹਰਾ ॥ ਪਾਰਸ ਮੈਂ ਅਰੁ ਸੰਤ ਮੈਂ; ਬਡੋ ਅੰਤਰੋ ਜਾਨ ॥

ਹੇ ਸਿੱਖ ! ਹੋਰ ਸੁਣ, ਪਾਰਸ (ਇਕ ਪੱਥਰ, ਜਿਸ ਦੇ ਛੂਹਣ ਨਾਲ ਲੋਹਾ ਸੋਨਾ ਹੋਣਾ ਮੰਨਿਆ ਜਾਂਦਾ

ਹੈ) ਵਿਚ ਅਰੁ = ਅਤੇ ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਮੈ = ਵਿਚ ਬਹੁਤ ਬਡੋ = ਵੱਡਾ ਅੰਤਰੋ = ਫ਼ਰਕ ਜਾਨ = ਜਾਨਣਾ ਕਰ।

## ਵਹਿ ਲੋਹਾ ਕੰਚਨ ਕਰੈ; ਯਹਿ ਕਰੈ ਆਪ ਸਮਾਨ ॥੧੬॥

ਵਹਿ = ਉਹ ਪਾਰਸ ਲੋਹੇ ਨੂੰ ਛੂਹ ਕੇ ਕੰਚਨ = ਸੋਨਾ ਕਰੈ = ਕਰ ਦਿੰਦਾ ਹੈ, (ਆਪਣੇ ਵਰਗਾ ਪਾਰਸ ਨਹੀਂ ਬਣਾ ਸਕਦਾ) ਪਰ ਯਹਿ = ਉਹ ਸੰਤ ਜਨ ਜਿਸ ਪ੍ਰਕਾਰ ਆਪ ਬ੍ਰਹਮ ਰੂਪ ਹਨ ਤਿਵੇਂ ਜਗਿਆਸੂ ਨੂੰ ਆਪ = ਆਪਣੇ ਸਮਾਨ = ਵਰਗਾ ਬ੍ਰਹਮ ਰੂਪ ਹੀ ਕਰ ਲੈਂਦੇ ਹਨ॥੧੬॥

## ਦੋਹਰਾ॥ ਬਿਧਵਤ ਜਗ ਕਰਤ ਸਦਾ; ਜੋ ਦ੍ਵਿਜ ਉਤਮ ਗੋਤ॥

ਜੋ = ਜਿਹੜੇ ਸਾਰਸੁਤ, ਪੌਲਸਤਯ ਆਦਿ ਉਤਮ = ਚੰਗੀ ਗੋਤ = ਕੁਲ, ਖ਼ਾਨਦਾਨ ਦੇ ਦ੍ਵਿਜ = ਬ੍ਰਾਹਮਣ ਹਨ (ਭਾਵ ਜਿਨ੍ਹਾਂ ਬ੍ਰਾਹਮਣਾਂ ਦਾ ਅੱਠ ਸਾਲ ਤੋਂ ਪਹਿਲਾਂ ਦਾ ਯਗਜੋ ਪਵੀਤ ਰੂਪ ਸੰਸਕਾਰ ਹੋਇਆ ਹੋਵੇ) ਐਸੇ ਬ੍ਰਾਹਮਣ ਵੇਦਾਂ ਦੀ ਆਗਿਆ ਅਨੁਸਾਰ ਬਿਧਵਤ = ਵਿਧੀ ਪੂਰਵਕ ਸਦਾ = ਸਦੀਵ ਅਗਨਿ ਹੋਤ੍ਰ ਰੂਪ ਯਗ ਕਰਤ = ਕਰਦੇ ਹਨ, ਉਸ ਯਗ ਦਾ ਫਲ ਜੋ ਸ਼ਾਸਤ੍ਰਾਂ ਵਿਚ ਕਥਨ ਕੀਤਾ ਹੋਇਆ ਹੈ। (ਯਗ ਕਈ ਕਿਸਮ ਦੇ ਹੁੰਦੇ ਹਨ ਜਿਵੇਂ ਅਸ੍ਵ ਮੇਧ, ਹਸਤ ਮੇਧ, ਗੈਂਡਾ ਮੇਧ, ਸਰਪ ਮੇਧ, ਨਰ ਮੇਧ ਆਦਿ।)

## ਸਾਧ ਨਿਕਟ ਚਲ ਜਾਤ ਹੀ; ਸੋ ਫਲੁ ਪਗੁ ਪਗੁ ਹੋਤ ॥੧੭॥

ਸੋ = ਉਹ ਕਈ ਯਗਾਂ ਦਾ ਫਲ ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਦੇ ਨਿਕਟ = ਨੇੜੇ ਚਲ = ਤੁਰ ਕੇ ਜਾਤ = ਜਾਂਦਿਆਂ ਹੀ ਪਗੁ ਪਗੁ = ਕਦਮ ਕਦਮ 'ਤੇ ਪ੍ਰਾਪਤ ਹੋਤ = ਹੋ ਜਾਂਦਾ ਹੈ, ਭਾਵ ਮਹਾਪੁਰਖਾਂ ਦੇ ਵੱਲ ਨੂੰ ਇਕ ਕਦਮ ਪੁੱਟਣ ਵਿਚ ਅਜਿਹੇ ਕਈ ਯਗਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ॥੧੭॥

## ਦੋਹਰਾ॥ ਦਯਾ ਆਦਿ ਤੇ ਧਰਮ ਸਭ; ਜਪੁ ਤਪੁ ਸੰਜਮ ਦਾਨ॥

ਜਪੁ = ਮੰਤ੍ਰਾਂ ਆਦਿ ਜਾਪ ਕਰਨਾ ਭਾਵ ਗਾਯਤ੍ਰੀ ਅਤੇ ਪ੍ਰਣਵ (ਓਅੰਕਾਰ) ਆਦਿ ਮੰਤ੍ਰਾਂ ਦਾ ਯਥਾ ਬਿਧਿ ਅਨੁਸਾਰ ਪੁਨਾ-ਪੁਨਾ ਉਚਾਰਨ ਕਰਨਾ, ਤਪੁ = ਸਰੀਰ ਕਰਕੇ ਕਰੜੀ ਤਪੱਸਿਆ ਕਰਨੀ, ਭਾਵ ਗਰਮੀ ਦੀ ਰੁੱਤ ਵਿਚ ਆਪਣੇ ਚਾਰੇ ਪਾਸੇ ਧੂਣੀਆਂ ਤਾਪ ਕੇ ਪੰਜਵੀਂ ਸੂਰਜ ਦੀ ਤਪਸ਼ ਸਹਾਰਨੀ, ਸੰਜਮੁ = ਇੰਦ੍ਰੀਆਂ ਦਾ ਦਮਨ ਕਰਨਾ ਦਾਨ = ਹਰ ਰੋਜ਼ ਧਨ ਪਦਾਰਥਾਂ ਆਦਿ ਨੂੰ ਲੋਕਾਂ ਵਿਚ ਵੰਡਣਾ ਅਤੇ ਦਯਾ = ਦੂਸਰੇ ਦੇ ਦੁੱਖ ਨੂੰ ਦੇਖ ਕੇ ਦ੍ਰਵ ਜਾਣਾ ਆਦਿ ਜੋ ਵੀ ਧਰਮ ਦੇ ਸਭ = ਸਾਰੇ ਕੰਮ ਹਨ।

## ਜੋ ਪ੍ਰਾਪਤਿ ਇਨ ਸਭਨ ਤੇ; ਸੋ ਸਤਸੰਗ ਪ੍ਰਮਾਨ ॥੧੮॥

ਇਨ੍ਹਾਂ ਸਾਰੇ ਕੰਮਾਂ ਨੂੰ ਕਰਨ ਤੇ = ਤੋਂ ਜੋ = ਜਿਹੜਾ ਫਲ ਪ੍ਰਾਪਤ ਹੁੰਦਾ ਹੈ, ਸੋ = ਉਹ ਫਲ ਸਤਿਸੰਗਤ ਵਿੱਚੋਂ ਸਹਿਜੇ ਹੀ ਪ੍ਰਮਾਨ = ਪ੍ਰਾਪਤ ਹੋਣਾ ਮੰਨਣਾ ਕਰੋ **ਵਾ:** ਉਹ ਫਲ ਸਤਿਸੰਗਤ ਵਿੱਚੋਂ ਹੀ ਪ੍ਰਾਪਤ ਹੋਵੇਗਾ। ਇਸ ਗੱਲ ਨੂੰ (ਪ੍ਰ + ਮਾਨ) ਪ੍ਰ = ਵਿਸ਼ੇਸ਼ ਕਰਕੇ ਮਾਨ = ਮੰਨਣਾ ਕਰੋ, ਕਿਉਂਕਿ ਦਇਆ ਆਦਿ ਸਭ ਧਰਮਾਂ ਦੀ ਪ੍ਰਾਪਤੀ ਸਤਿਸੰਗਤ ਦੇ ਵਿੱਚੋਂ ਹੀ ਹੁੰਦੀ ਹੈ॥੧੮॥

## ਦੋਹਰਾ॥ ਤੀਰਥ ਗੰਗਾਦਿਕ ਸਬੈ; ਕਰਿ ਨਿਸਚੈ ਸੇਵੈ ਜੁ॥

ਜਿਹੜੇ (ਗੰਗ + ਆਦਿਕ) ਗੰਗਾ, ਜਮੁਨਾ, ਸੁਰੱਸਤੀ ਆਦਿਕ ਸਬੈ = ਸਾਰੇ ਤੀਰਥ = ਪਵਿੱਤ੍ਰ ਅਸਥਾਨ

ਹਨ, ਇਨ੍ਹਾਂ ਪਵਿੱਤ੍ਰ ਅਸਥਾਨਾਂ ਉੱਪਰ ਆਪਣੀ ਕਲਿਆਣ ਹੋਣ ਦਾ ਨਿਸਚੈ = ਨਿਸ਼ਚਾ ਭਰੋਸਾ ਕਰਿ = ਕਰਕੇ ਇਨ੍ਹਾਂ ਨੂੰ ਸੇਵੈ = ਸੇਵਨ, ਪੂਜਨ ਕਰਨ ਨਾਲ ਜੁ = ਜਿਹੜਾ ਫਲ ਪ੍ਰਾਪਤ ਹੋਣਾ ਲਿਖਿਆ ਹੈ।

## ਸੋ ਕੇਵਲ ਸਤਸੰਗ ਮੈ; ਪ੍ਰਾਣੀ ਫਲ ਲੇਵੈਜੁ ॥੧੯॥

ਸੋ = ਉਹ ਫਲ ਸਤਿਸੰਗਤ ਦੇ ਮੈ = ਵਿਚ ਕੇਵਲ = ਸਿਰਫ਼ ਬੈਠਣ ਮਾਤ੍ਰ ਨਾਲ ਹੀ ਪ੍ਰਾਣੀ = ਜੀਵ ਲੇਵੈਜੁ = ਪ੍ਰਾਪਤ ਕਰ ਲੈਂਦਾ ਹੈ॥੧੯॥

## ਦੋਹਰਾ॥ ਬ੍ਰਹਮਾਦਿਕ ਦੇਵਾ ਸਕਲ; ਤਿਨ ਭਜ ਜੋ ਫਲੁ ਹੋਤ॥

ਬ੍ਰਹਮਾਦਿਕ = ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਜੋ ਸਕਲ = ਸਾਰੇ ਵੱਡੇ ਦੇਵਾ = ਦੇਵਤੇ ਹਨ, ਤਿਨ = ਉਨ੍ਹਾਂ ਨੂੰ ਭਜ = ਸਿਮਰ ਕਰਕੇ ਜੋ = ਜਿਹੜਾ ਫਲ ਪ੍ਰਾਪਤ ਹੋਤ = ਹੁੰਦਾ ਹੈ **ਵਾ:** ਹਿਰਨਗਰਭ ਤੋਂ ਆਦਿ ਲੈ ਕੇ ਸਭ ਦੇਵਤਿਆਂ ਦੀ ਉਪਾਸ਼ਨਾ ਦੇ ਨਾਲ ਜੋ ਚਿੱਤ ਦੀ ਇਕਾਗਰਤਾ ਰੂਪ ਫਲ ਪ੍ਰਾਪਤ ਹੁੰਦਾ ਹੈ।

## ਸਤਸੰਗਤਿ ਮੈ ਸਹਿਜ ਹੀ; ਵੇਗਹਿ ਹੋਤ ਉਦੋਤ॥੨੦॥

ਉਹ ਚਿੱਤ ਦੀ ਇਕਾਗਰਤਾ ਰੂਪੀ ਫਲ ਸਤਿਸੰਗਤ ਦੇ ਮੈ = ਵਿੱਚੋਂ ਸਹਿਜ = ਸੁਭਾਵਿਕ, ਨਿਰਯਤਨ ਹੀ ਵੇਗਹਿ = ਬਹੁਤ ਛੇਤੀ ਉਦੋਤ = ਪ੍ਰਗਟ ਹੋਤ = ਹੋ ਜਾਂਦਾ ਹੈ, ਭਾਵ ਸਤਿਸੰਗਤ ਵਿਚ ਬੈਠਣ ਕਰਕੇ ਮਨ ਵਿਕਾਰਾਂ ਵੱਲੋਂ ਸ਼ਾਂਤ ਹੋ ਜਾਂਦਾ ਹੈ ਅਤੇ ਇਕਾਗਰਤਾ ਨੂੰ ਪਕੜ ਲੈਂਦਾ ਹੈ।

## ਦੋਹਰਾ॥ ਬੇਦਾਦਿਕ ਵਿਦ੍ਯਾ ਸਭੈ; ਪਾਵੈ ਪੜ੍ਹੈ ਜੁ ਕੋਇ॥

(ਬੇਦ + ਆਦਿਕ) ਭਾਵ ਰਿਗਵੇਦ, ਸ਼ਾਮ ਵੇਦ, ਯਜੁਰ ਵੇਦ, ਅਥਰਬਣ ਵੇਦ ਇਨ੍ਹਾਂ ਤੋਂ ਆਦਿ ਅਯੁਰ ਆਦਿਕ ਚਾਰ ਉਪਵੇਦ, ਛੇ ਸ਼ਾਸਤ੍ਰ, ਅਠਾਰਾਂ ਪੁਰਾਣ, ਸਤਾਈ ਸਿੰਮ੍ਰਿਤੀਆਂ ਆਦਿ ਦੀ ਸਭੈ = ਸਾਰੇ ਵਿੱਦਿਆ ਨੂੰ ਕੋਇ = ਕੋਈ ਮਨੁੱਖ ਪੜ੍ਹੈ = ਪੜ੍ਹ ਕਰਕੇ ਜੁ = ਜਿਹੜਾ ਕੁਝ ਫਲ ਪਾਵੈ = ਪਾਉਣਾ ਕਰਦਾ ਹੈ **ਵਾ:** ਇਨ੍ਹਾਂ ਦੇ ਪੜ੍ਹਨ, ਵਿਚਾਰਨ ਨਾਲ ਜੋ ਬ੍ਰਹਮ ਆਤਮਾ ਦਾ ਅਭੇਦ ਨਿਸ਼ਚੈ ਰੂਪੀ ਜੋ ਫਲ ਪ੍ਰਾਪਤ ਹੋਣਾ ਹੈ।

## ਸਤਸੰਗਤਿ ਖਿਨ ਏਕ ਮੈਂ; ਹੋਇ ਸੁ ਅਨੁਭਵ ਲੋਇ॥੨੧॥

ਸੋ ਸਤਿਸੰਗਤ ਕਰਕੇ ਏਕ = ਇਕ ਖਿਨ = ਛਿਨ ਮਾਤ੍ਰ ਸਮੇਂ ਮੈ = ਵਿਚ ਜੀਵ ਨੂੰ ਲੋਇ = ਪ੍ਰਕਾਸ਼ ਸਰੂਪ ਪਰਮਾਤਮਾ ਦਾ ਅਨੁਭਵ = ਪ੍ਰਤੱਖ ਗਿਆਨ ਪ੍ਰਾਪਤ ਹੋਇ = ਹੋ ਜਾਂਦਾ ਹੈ, ਭਾਵ ਸਤਿਸੰਗਤ ਵਿਚ ਸਿਮਰਨ ਕਰਨ ਨਾਲ ਚਿੱਤ ਦੀ ਇਕਾਗਰਤਾ ਹੋ ਜਾਂਦੀ ਹੈ, ਇਕਾਗਰ ਚਿੱਤ ਵਿਚ ਪੁਰਖ ਬ੍ਰਹਮ ਆਤਮਾ ਦੀ ਅਭੇਦਤਾ ਨੂੰ ਨਿਸ਼ਚੇ, ਅਨੁਭਵ ਕਰ ਲੈਂਦਾ ਹੈ॥੨੧॥

## ਦੋਹਰਾ॥ ਕਿੰ ਸੁਮੇਰੁ ਕੈਲਾਸ਼ ਕਿੰ; ਸਭ ਤਰੁ ਤਰੈ ਰਹੰਤ॥

ਸੁਮੇਰ ਪਰਬਤ ਕਿੰ = ਕੀ ਹੈ, ਫੇਰ ਕੈਲਾਸ਼ ਪਰਬਤ ਕਿੰ = ਕੀ ਹੈ, ਸਭ = ਸਾਰੇ ਤਰੁ = ਬ੍ਰਿਛ ਵੀ ਤਰੈ = ਹੇਠਾਂ ਰਹੰਤ = ਰਹਿ ਜਾਂਦੇ ਹਨ।

**ਸੁਮੇਰ** : ਇਕ ਖ਼ਾਸ ਪਹਾੜ ਦਾ ਨਾਮ ਸੁਮੇਰ ਹੈ, ਜੋ ਭਾਗਵਤ ਅਤੇ ਵਿਸ਼ਨੁ ਪੁਰਾਣ ਅਨੁਸਾਰ ਸੁਵਰਨ (ਸੋਨੇ) ਦਾ ਕਥਨ ਕੀਤਾ ਹੈ, ਜਿਸ ਉੱਪਰ ਦੇਵਤਿਆਂ ਦੀਆਂ ਪੁਰੀਆਂ ਹਨ। ਸੁਮੇਰ ਦੀ ਬੁਲੰਦੀ ਚੌਰਾਸੀ ਹਜ਼ਾਰ ਯੋਜਨ ਲਿਖੀ ਹੈ ਤੇ ਸੋਲ੍ਹਾਂ ਹਜ਼ਾਰ ਯੋਜਨ ਜ਼ਮੀਨ ਵਿਚ ਗੱਡਿਆ ਹੋਇਆ ਦੱਸਿਆ ਹੈ, ਇਸ ਦੀ ਚੋਟੀ ਉੱਪਰ ਬੱਤੀ ਹਜ਼ਾਰ ਯੋਜਨ ਦਾ ਮੈਦਾਨ ਹੈ। ਜੁਗਰਾਫ਼ੀਏ ਦੀ ਡਿਕਸ਼ਨਰੀ ਅਨੁਸਾਰ ਰੁਦ੍ਰ ਹਿਮਾਲਯ

ਦਾ ਨਾਮ ਸੁਮੇਰ ਹੈ, ਜਿਸ ਵਿੱਚੋਂ ਗੰਗਾ ਨਿਕਲਦੀ ਹੈ। ਇਸ ਨੂੰ ਪੰਚ ਪਰਬਤ ਵੀ ਆਖਦੇ ਹਨ, ਕਿਉਂਕਿ ਇਸ ਦੀਆਂ ਪੰਜ ਚੋਟੀਆਂ ਹਨ: ੧. ਰੁਦ੍ਰ ਹਿਮਾਲਯ, ੨. ਵਿਸ਼ਨਪੁਰੀ, ੩. ਬ੍ਰਹਮਪੁਰੀ ੪. ਉਦਗਾਰੀਕੰਠ ਅਤੇ ੫. ਸ੍ਵਰਗਾਰੋਹਣ।

**ਕੈਲਾਸ**: ਕੈ = ਪਾਣੀ ਵਿਚ ਬਲੌਰ ਦੀ ਤਰ੍ਹਾਂ ਲਾਸ = ਲਿਸ਼ਕਣ ਵਾਲਾ ਪਰਬਤ। ਇਹ ਤਿੱਬਤ ਦੇ ਪੱਛਮ ਅਤੇ ਮਾਨਸਰੋਵਰ ਦੇ ਉੱਤਰ ਵਿਚ ਇਕ ਸੁੰਦਰ ਪਹਾੜ ਹੈ, ਜਿਸ ਨੂੰ ਚੀਨੀ 'ਕਿਯੁਨਲਨ' ਆਖਦੇ ਹਨ। ਪੁਰਾਣਾਂ ਅਨੁਸਾਰ ਇਹ ਸ਼ਿਵ ਅਤੇ ਕੁਬੇਰ ਦੇ ਰਹਿਣ ਦਾ ਪਰਬਤ ਹੈ। ਤਿੱਬਤ, ਚੀਨ ਅਤੇ ਹਿੰਦੁਸਤਾਨ ਤੋਂ ਆ ਕੇ ਹਜ਼ਾਰਾਂ ਯਾਤਰੂ ਇਸ ਦੀ ਪਰਦੱਖਣਾ ਕਰਦੇ ਹਨ।

ਸੋ ਭਾਵੇਂ ਇਹ ਪਹਾੜ ਬਹੁਤ ਨਾਮਵਰ ਹਨ ਪਰ ਫੇਰ ਵੀ ਇਹ ਬ੍ਰਿਛਾਂ ਵਿਚ ਸੁਗੰਧੀ ਨਹੀਂ ਭਰ ਸਕਦੇ ਜਾਂ ਬ੍ਰਿਛਾਂ ਨੂੰ ਸੋਨੇ ਤੇ ਚਾਂਦੀ ਵਰਗਾ ਨਹੀਂ ਬਣਾ ਸਕਦੇ।

## ਸਤਸੰਗਤਿ ਗਿਰ ਮਲਯ ਸਮ; ਸਭ ਤਰੁ ਮਲਯ ਕਰੰਤ ॥੨੨॥

ਸਤਿਸੰਗਤ ਤਾਂ ਮਲਯ = ਚੰਦਨ ਦੇ ਗਿਰ = ਪਹਾੜ ਦੀ ਸਮ = ਨਿਆਈਂ ਹੈ, ਜੋ ਸਭ = ਸਾਰੇ ਸਤਸੰਗੀ ਰੂਪੀ ਤਰੁ = ਬ੍ਰਿਛਾਂ ਨੂੰ ਮਲਯ = ਚੰਦਨ ਦੀ ਨਿਆਈਂ ਭਗਤੀ ਰੂਪੀ ਸੁਗੰਧੀ ਦੇ ਸਹਿਤ ਕਰੰਤ = ਕਰ ਦੇਂਦੀ ਹੈ ॥੨੨॥

## ਦੋਹਰਾ ॥

## ਮੁਕਤਿ ਦੁਆਰ ਪਾਲਕ ਚਤੁਰ; ਸਮ ਸੰਤੋਖ ਵਿਚਾਰ ॥

ਹੇ ਸਿੱਖ! ਮੁਕਤਿ = ਮੁਕਤੀ ਰੂਪੀ ਮਹੱਲ ਦੇ ਦੁਆਰ ਪਾਲਕ = ਦਰਵਾਨਚੀ ਚਤੁਰ = ਚਾਰ ਹਨ, ਪਹਿਲਾਂ ਸਮ = ਮਨ ਦੇ ਫੁਰਨਿਆਂ ਨੂੰ ਕਾਬੂ ਕਰਨਾ, ਦੂਜਾ ਸੰਤੋਖ = ਸੰਤੁਸ਼ਟਤਾ (ਯਥਾ ਲਾਭ ਤਥਾ ਸੰਤੁਸ਼ਟ) ਅਤੇ ਤੀਸਰਾ ਸੱਤ ਅਸੱਤ ਦੀ ਵਿਚਾਰ ਹੈ।

## ਚੌਥੇ ਸਤਸੰਗਤਿ ਧਰਮ[੧]; ਮਹਾ ਪੂਜ ਨਿਰਧਾਰ ॥੨੩॥

ਚੌਥਾ ਸਤਿਸੰਗਤ ਸਭ ਤੋਂ ਧਰਮ = ਦਰਵਾਨਚੀ ਹੈ, ਜੋ ਵਿਦਵਾਨ, ਸਤਸੰਗੀ ਜਨਾਂ ਨੇ ਮਹਾ = ਬਹੁਤ ਪੂਜ = ਪੂਜਨੀਕ ਨਿਰਧਾਰ = ਨਿਰਣੇ ਕੀਤਾ ਹੈ ॥੨੩॥

## ਦੋਹਰਾ ॥

## ਮੁਕਤਿ ਕਰਨ ਬੰਧਨ ਹਰਨ; ਬਹੁਤ ਜਤਨ ਜਗ ਭਬ੍ਯ ॥

ਇਸ ਜਗ = ਸੰਸਾਰ ਅੰਦਰ ਭਬ੍ਯ = ਵਿਦਵਾਨ ਪੁਰਖਾਂ ਨੇ ਭਾਵੇਂ ਮੁਕਤੀ ਕਰਨ ਅਤੇ ਸੰਸਾਰ ਦੇ ਬੰਧਨ = ਜੰਜਾਲ ਹਰਨ = ਨਾਸ਼ ਕਰਨ ਦੇ ਬਹੁਤ ਸਾਰੇ ਜਤਨ = ਉਪਾਅ ਕਥਨ ਕੀਤੇ ਹਨ।

## ਪੈਯਹਿ ਕੋਟਿ ਉਪਾਇ ਕਰ; ਸਤਸੰਗਤਿ ਕਰਤਬ੍ਯ ॥੨੪॥

ਕੋਟਿ = ਕ੍ਰੋੜਾਂ ਉਪਾਇ = ਯਤਨ ਕਰ = ਕਰਕੇ ਫੇਰ ਉਹ ਮੁਕਤੀ ਪੈਯਹ = ਪ੍ਰਾਪਤ ਕੀਤੀ ਜਾਂਦੀ ਹੈ **ਵਾ:** ਭਾਵੇਂ ਕ੍ਰੋੜਾਂ ਯਤਨ ਕਰਕੇ ਮੁਕਤੀ ਪ੍ਰਾਪਤ ਹੋ ਜਾਂਦੀ ਹੈ ਪਰ ਫੇਰ ਵੀ ਸਤਿਸੰਗਤ ਦਾ ਜੋ ਕਰਤਬ੍ਯ = ਕਰਤੱਬ ਇਹ ਸਾਰੇ ਸਾਧਨਾਂ ਨਾਲੋਂ ਉੱਤਮ ਕਰਨ ਜੋਗ ਹੈ ॥੨੪॥

---

੧. ਪਾਠਾਂਤ੍ਰ: ਪਰਮ = ਵੱਡਾ।

## ਦੋਹਰਾ ॥ ਔਰ ਧਰਮ ਜੇਤਕ ਜਗਤ; ਆਹਿ ਸਕਾਮ ਸਰੂਪ ॥

ਇਸ ਜਗਤ = ਸੰਸਾਰ ਵਿਚ ਔਰ = ਹੋਰ ਜੇਤਕ = ਜਿਤਨੇ ਵੀ ਧਰਮ ਹਨ, ਉਹ ਸਭ ਸਕਾਮ = ਸਹਿਤ ਕਾਮਨਾ, ਇੱਛਾ ਦਾ ਸਰੂਪ ਹੀ ਆਹਿ = ਹਨ।

## ਸਾਧਨ ਗ੍ਯਾਨ ਉਦੋਤ ਕੋ; ਹੈ ਸਤਸੰਗ ਅਨੂਪ ॥੨੫॥

ਪਰ ਆਤਮ ਗਿਆਨ ਨੂੰ ਉਦੋਤ = ਪ੍ਰਗਟ ਕਰਨ ਕੋ = ਦਾ ਸਾਧਨ ਅਨੂਪ = ਉਪਮਾ ਤੋਂ ਰਹਿਤ ਸਤਿਸੰਗਤ ਹੀ ਹੈ॥੨੫॥

## ਦੋਹਰਾ ॥ ਸ੍ਰੁਤਿ ਸਿੰਮ੍ਰਿਤਿ ਸ੍ਰੀ ਮੁਖ ਕਹਯੋ, ਸਤਸੰਗਤਿ ਜਗ ਸਾਰ ॥

ਸ੍ਰੁਤਿ = ਚਾਰੇ ਵੇਦ, ੨੭ ਸਿੰਮ੍ਰਿਤੀਆਂ ਅਤੇ ਸ੍ਰੀ ਮਦ ਭਾਗਵਤ ਵਿਚ ਕ੍ਰਿਸ਼ਨ ਜੀ ਨੇ ਵੀ ਆਪਣੇ ਮੁਖ ਦੁਆਰਾ ਇਹ ਕਹਯੋ = ਕਥਨ ਕੀਤਾ ਹੈ **ਵਾ:** ਸ੍ਰੀ = ਸੁਭਾਇਮਾਨ ਸਤਿਗੁਰੂ ਸਾਹਿਬ ਜੀ ਨੇ ਵੀ ਆਪਣੇ ਮੁਖਾਰਬਿੰਦ ਤੋਂ ਕਥਨ ਕੀਤਾ ਹੈ ਕਿ ਸਤਿਸੰਗਤ ਹੀ ਇਸ ਸੰਸਾਰ ਅੰਦਰ ਸਭ ਤੋਂ ਸਾਰ = ਸ੍ਰੇਸ਼ਟ ਹੈ।

## ਅਨਾਥ ਮਿਟਾਵੈ ਬਿਖਮਤਾ; ਦਰਸਾਵੈ ਸੁਵਿਚਾਰ ॥੨੬॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਸਤਿਸੰਗਤ ਬਿਖਮਤਾ = ਮੁਸੀਬਤ ਭੇਦ ਬੁੱਧੀ **ਵਾ:** (ਬਿਖ + ਮਤਾ) ਬਿਖ = ਵਿਸ਼ਿਆਂ ਵਾਲੀ ਮਤਾ = ਬੁੱਧਿ ਮਿਟਾਵੈ = ਮੇਟ ਦੇਂਦੀ ਹੈ ਅਤੇ ਸੁਵਿਚਾਰ = ਸ੍ਰੇਸ਼ਟ ਆਤਮ ਵਿਚਾਰ ਨੂੰ ਦਰਸਾਵੇ = ਦਰਸਾ, ਦਿਖਾ ਦੇਂਦੀ ਹੈ॥੨੬॥

## ਇਤਿ ਸ੍ਰੀ ਵਿਚਾਰ ਮਾਲਾ ਸਤਸੰਗਤਿ ਮਹਿਮਾ ਦੁਤੀਯੋ ਬਿਸ੍ਰਾਮ ॥੨॥

ਸ੍ਰੀ = ਸੁਭਾਏਮਾਨ ਵਿਚਾਰ ਮਾਲਾ ਨਾਮ ਦੇ ਗ੍ਰੰਥ ਦੇ ਦੁਤੀਯੋ = ਦੂਸਰੇ ਬਿਸ੍ਰਾਮ = ਅਧਿਆਇ ਦੀ ਇਤਿ = ਸਮਾਪਤੀ ਕੀਤੀ ਹੈ ਤੇ ਇਸ ਵਿਚ ਸਤਸੰਗਤਿ ਦੀ ਮਹਿਮਾ = ਸੋਭਾ ਪ੍ਰਗਟ ਕੀਤੀ ਹੈ॥੨॥

### ਤੀਜਾ ਬਿਸ੍ਰਾਮ ਪ੍ਰਾਰੰਭਾ

## ਅਥ ਗ੍ਯਾਨ ਭੂਮਿਕਾ ਵਰਣਨੰ ਨਾਮ ਤ੍ਰਿਤੀਯ ਬਿਸ੍ਰਾਮ ਪ੍ਰਾਰੰਭ ॥

ਅਥ = ਹੁਣ ਪੰਡਿਤ ਅਨਾਥ ਜੀ ਗਿਆਨ ਦੀਆਂ ਸੱਤ ਭੂਮਿਕਾ = ਪੌੜੀਆਂ, ਮੰਜ਼ਲਾਂ ਵਰਣਨੰ = ਕਥਨ ਕਰਦੇ ਹੋਏ ਵਿਚਾਰ ਮਾਲਾ ਗ੍ਰੰਥ ਦਾ ਤ੍ਰਿਤੀਯ = ਤੀਸਰਾ ਬਿਸ੍ਰਾਮ = ਅਧਿਆਇ ਪ੍ਰਾਰੰਭ = ਸ਼ੁਰੂ ਕਰਦੇ ਹਨ।

## ਸਿਖ੍ਯ ਵਾਚ ॥

ਸਿੱਖ ਗੁਰੂ ਦੇ ਸਨਮੁਖ ਆਪਣੀ ਬੇਨਤੀ ਕਥਨ ਕਰਦਾ ਹੈ।

## ਦੋਹਰਾ ॥ ਭੋ ਭਗਵਨ ਗੁਨ ਸਾਧ ਕੇ; ਮੈ ਜਾਨੇ ਨਿਰਧਾਰ ॥

ਭੋ = ਹੇ ਭਗਵਨ = ਗੁਰੂ ਜੀ ! ਜੋ ਤੁਸੀਂ ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਕੇ = ਦੇ ਗੁਣ, ਲੱਛਣ ਕਥਨ ਕੀਤੇ ਹਨ, ਉਹ ਲੱਛਣ ਮੈਂ ਨਿਰਧਾਰ = ਨਿਰਣੇ ਸਹਿਤ ਜਾਨੇ = ਜਾਣ ਲਏ ਹਨ।

## ਨਿਰਪੇਖਕ ਸੰਕਲਪ ਗਤਿ; ਹੈ ਸੁਖ ਸਿੰਧੁ ਅਪਾਰੁ ॥੧॥

ਕਿ ਸੰਤ ਜਨ ਨਿਰਪੇਖਕ = ਇੱਛਾ ਰਹਿਤ ਹੁੰਦੇ ਹਨ, ਉਨ੍ਹਾਂ ਦੇ ਸਾਰੇ ਸੰਕਲਪ = ਫੁਰਨੇ ਗਤਿ = ਨਾਸ਼ ਹੋ ਜਾਂਦੇ ਹਨ, ਉਹ ਤਾਂ ਅਪਾਰੁ = ਪਾਰਾਵਾਰ ਤੋਂ ਰਹਿਤ ਬਿਅੰਤ ਸੁੱਖਾਂ ਦੇ ਸਿੰਧੁ = ਸਮੁੰਦਰ ਰੂਪ ਹਨ ॥੧॥

## ਦੋਹਰਾ ॥ ਹੌਂ ਕਾਮੀ ਵੈ ਸੁਮਤਿ ਚਿਤ; ਮੋਹਿ ਨ ਆਵੈ ਬੂਝ ॥

ਹੇ ਗੁਰੂ ਜੀ ! ਹੌਂ = ਮੈਂ ਤਾਂ ਕਾਮੀ = ਕਾਮ ਵਾਸ਼ਨਾ ਵਿਚ ਫਸਿਆ ਹੋਇਆ ਹਾਂ ਅਤੇ ਵੈ = ਉਹ ਸੰਤ ਜਨ ਸੁਮਤਿ = ਸ੍ਰੇਸ਼ਟ ਮੱਤੀ ਵਾਲੇ ਤੇ ਚਿਤ = ਚੇਤਨ ਬ੍ਰਹਮ ਵਿਚ ਨਿਸ਼ਚਾ ਰੱਖਣ ਵਾਲੇ ਹਨ, ਮੋਹਿ = ਮੈਨੂੰ ਪ੍ਰਸ਼ਨ ਕਰਨ ਦੀ ਬੂਝ = ਸਮਝ ਨਹੀਂ ਆਵੈ = ਆਉਂਦੀ।

## ਕੈਸੇ ਹਿਤ ਉਪਦੇਸ ਕੀ; ਪਰੇ ਗੈਲ ਨਿਜ ਸੂਝ ॥੨॥

ਫੇਰ ਮੇਰੇ ਹਿਤ = ਭਲੇ ਕੀ = ਦੀ ਜੋ ਉਪਦੇਸ = ਸਿੱਖਿਆ ਹੈ, ਉਸ ਨਿਜ = ਆਪਣੇ ਮੁਕਤੀ ਦੇ ਗਿਆਨ ਰੂਪੀ ਗੈਲ = ਰਸਤੇ ਦੀ ਮੈਨੂੰ ਕੈਸੇ = ਕਿਸ ਪ੍ਰਕਾਰ ਸੂਝ = ਸਮਝ ਪਰੇ = ਪਵੇ ॥੨॥

## ਸ੍ਰੀ ਗੁਰੋ ਵਾਚ ॥

ਸੁਭਾਇਮਾਨ ਗੁਰੂ ਜੀ ਸਿੱਖ ਦਾ ਪ੍ਰਸ਼ਨ ਸੁਣ ਕੇ ਅੱਗੋਂ ਉੱਤਰ ਰੂਪ ਵਿਚ ਵਾਚ = ਕਥਨ ਕਰਦੇ ਹਨ।

## ਦੋਹਰਾ ॥

## ਕਹਤ ਸੰਤ ਜੇ ਸਹਜ ਹੀ; ਬਾਤ ਗੀਤ ਰੁਚਿ ਬੈਨ ॥

ਹੇ ਸਿੱਖ ! ਜੇ = ਜਿਹੜੇ ਸੰਤ = ਸ਼ਾਂਤ-ਚਿੱਤ ਮਹਾਤਮਾ ਜਨ ਸਹਜ = ਸੁਤੇ-ਸਿੱਧ, ਸੁਭਾਵਿਕ ਹੀ ਬਾਤ = ਗੱਲ ਕਹਿੰਦੇ ਹਨ ਜਾਂ ਪਰਮਾਤਮਾ ਦਾ ਗੀਤ = ਜੱਸ ਗਾਉਂਦੇ ਹਨ ਜਾਂ ਫੇਰ ਰੁਚਿ = ਪ੍ਰੇਮ ਨਾਲ ਬੈਨ = ਬਚਨ ਬੋਲਦੇ ਹਨ।

## ਤੇ ਤੇਰੇ ਤਨ ਦੁਖ ਹਰਨ; ਵਾਯਕ[1] ਸਭ ਸੁਖ ਦੈਨ ॥੩॥

ਤੇ = ਉਹ ਬਚਨ ਤੇਰੇ ਤਨ = ਸਰੀਰ ਦੇ ਦੁਖ = ਕਸ਼ਟ ਨੂੰ ਹਰਨ = ਨਾਸ਼ ਕਰਨ ਵਾਲੇ ਹਨ ਅਤੇ ਉਨ੍ਹਾਂ ਦੇ ਬਚਨ ਵਾਯਕ = ਮਹਾਂਵਾਕਾਂ ਦੀ ਨਿਆਈਂ ਸਭ = ਸਾਰੇ ਆਤਮਿਕ ਸੁਖ ਦੈਨ = ਦੇਣ ਵਾਲੇ ਹਨ **ਵਾ:** (ਦਾਯਕ ਸਭ ਸੁਖ ਚੈਨ) ਸਾਰੇ ਸੁਖ ਤੇ ਚੈਨ = ਸ਼ਾਂਤੀ ਆਦਿ ਗੁਣਾਂ ਨੂੰ ਦਾਯਕ = ਦੇਣ ਵਾਲੇ ਹਨ ॥੩॥

## ਦੋਹਰਾ ॥ ਬੋਲਤ ਸਹਜ ਸੁਭਾਇ ਜੋ; ਬਚਨ ਮਨੋਹਰ ਸੰਤ ॥

ਹੇ ਸਿੱਖ ! ਸੰਤ = ਸ਼ਾਂਤ-ਚਿੱਤ ਮਹਾਤਮਾ ਜਨ ਜੋ ਮਨੋਹਰ = ਮਨ ਨੂੰ ਚੁਰਾਉਣ ਵਾਲੇ ਸੁੰਦਰ ਬਚਨ ਸਹਜ ਸੁਭਾਇ = ਸੁਤੇ-ਸਿੱਧ ਹੀ ਬੋਲਤ = ਬੋਲਦੇ ਹਨ।

## ਸਪਤ ਭੂਮਿਕਾ ਗਯਾਨ ਕੀ; ਤਿਨ ਹੀ ਮੈਂ ਦਰਸੰਤ ॥੪॥

ਜੋ ਗਿਆਨ ਦੀਆਂ ਸਪਤ = ਸੱਤ ਭੂਮਿਕਾ = ਪੌੜੀਆਂ, ਮੰਜ਼ਲਾਂ ਹਨ, ਉਹ ਭੂਮਿਕਾ ਤਿਨ੍ਹਾਂ ਸੰਤ ਜਨਾਂ ਦੇ ਬਚਨਾਂ ਵਿਚ ਹੀ ਦਰਸੰਤ = ਦਿਖ ਜਾਂਦੀਆਂ ਹਨ ॥੪॥

---

੧. ਪਾਠਾਂਤ੍ਰ —ਦਾਯਕ।

## ਸਿਖ੍ਯ ਵਾਚ ॥

ਸਿੱਖ ਵੱਲੋਂ ਬੇਨਤੀ ਰੂਪ ਵਿਚ ਕਥਨ ਕਰਦੇ ਹਨ।

## ਦੋਹਰਾ ॥

## ਭੋ ਭਗਵਨ ਮੈਂ ਦੁਖਿਤ ਅਤਿ; ਔਰ ਨ ਕਛੂ ਸੁਹਾਇ ॥

ਭੋ = ਹੇ ਭਗਵਨ = ਗੁਰੂ ਜੀ! ਮੈਂ ਤਾਂ ਅਤਿ = ਅਤਿਅੰਤ ਦੁਖਿਤ = ਦੁਖੀ ਹਾਂ, ਮੈਨੂੰ ਔਰ = ਹੋਰ ਪਰਿਵਾਰ, ਪਦਾਰਥ ਆਦਿ ਕਛੂ = ਕੁਝ ਵੀ ਸੁਹਾਇ = ਚੰਗਾ ਨਹੀਂ ਲੱਗਦਾ।

## ਸਪਤ ਭੂਮਿਕਾ ਗ੍ਯਾਨ ਕੀ; ਕਹੀਯੈ ਮੋਹਿ ਸਮਝਾਇ ॥੫॥

ਜਿਹੜੀਆਂ ਤੁਸੀਂ ਗਿਆਨ ਦੀਆਂ ਸਪਤ = ਸੱਤ ਭੂਮਿਕਾ = ਪੌੜੀਆਂ ਕਥਨ ਕੀਤੀਆਂ ਹਨ, ਉਹ ਭੂਮਿਕਾ ਮੋਹਿ = ਮੈਨੂੰ ਵਿਸਤਾਰ ਸਹਿਤ ਸਮਝਾਇ = ਸਮਝਾ ਕੇ ਕਹੀਯੈ = ਕਹਿਣਾ ਕਰੋ ॥੫॥

## ਸ੍ਰੀ ਗੁਰੋ ਵਾਚ ॥

ਸ਼ੋਭਾ ਦੇ ਮਾਲਕ ਗੁਰੂ ਜੀ ਸਿੱਖ ਦੀ ਬੇਨਤੀ ਸੁਣ ਕੇ ਹੁਣ ਅੱਗੇ ਗਿਆਨ ਦੀਆਂ ਸੱਤ ਭੂਮਿਕਾ ਨੂੰ ਵਿਸਤਾਰ ਸਹਿਤ ਸਮਝਾਉਂਦੇ ਹਨ। ਪਹਿਲਾਂ ਸੱਤਾਂ ਭੂਮਿਕਾ ਦੇ ਨਾਮ ਦੱਸਦੇ ਹਨ।

## ਦੋਹਰਾ ॥ ਸੁਭ ਇਛਾ ਸੁਵਿਚਾਰਨਾ; ਤਨੂ ਮਾਨਸਾ ਸੁ ਹੋਇ ॥

ਹੇ ਸਿੱਖ! ਪਹਿਲੀ ਭੂਮਿਕਾ ਸੁਭ ਇੱਛਾ ਹੈ, ਦੂਸਰੀ ਸੁਵਿਚਾਰਨਾ = ਸ੍ਰੇਸ਼ਟ, ਸੱਤ-ਅਸੱਤ ਦੀ ਵਿਚਾਰ ਅਤੇ ਤੀਸਰੀ ਸ੍ਰੇਸ਼ਟ 'ਤਨੂ ਮਾਨਸਾ' ਨਾਮ ਦੀ ਭੂਮਿਕਾ ਹੁੰਦੀ ਹੈ।

## ਸਤ੍ਵਾਪਤਿ ਅਸੰਸਕਤ; ਪਦਾਰਥਾਭਾਵਨੀ ਸੋਇ ॥੬॥

ਚੌਥੀ ਭੂਮਿਕਾ ਸਤ੍ਵਾਪਤਿ = ਸੱਤ ਸਰੂਪ ਦੀ ਪ੍ਰਾਪਤੀ, ਪੰਜਵੀਂ ਭੂਮਿਕਾ ਅਸੰਸਕਤ = ਮਾਇਕੀ ਪਦਾਰਥਾਂ ਦੇ ਮੋਹ ਤੋਂ ਰਹਿਤ ਅਤੇ ਛੇਵੀਂ ਭੂਮਿਕਾ (ਪਦਾਰਥ + ਅਭਾਵਨੀ) ਹਿਰਦੇ ਵਿੱਚੋਂ ਪਦਾਰਥਾਂ ਦਾ ਅਭਾਵ ਹੋ ਜਾਣਾ ॥੬॥

## ਦੋਹਰਾ ॥ ਤੁਰੀਆ ਸਪਤਮ ਭੂਮਿਕਾ; ਹੇ ਸਿਖ ਇਹ ਨਿਰਧਾਰ ॥

ਫੇਰ ਸਪਤਮ = ਸੱਤਵੀਂ ਭੂਮਿਕਾ = ਪਉੜੀ ਤੁਰੀਆ ਅਵਸਥਾ ਹੈ। ਹੇ ਸਿੱਖ! ਇਹ ਸੱਤ ਗਿਆਨ ਦੀਆਂ ਭੂਮਿਕਾ ਨੂੰ ਤੂੰ ਨਿਰਧਾਰ = ਨਿਸ਼ਚੇ ਕਰਕੇ ਧਾਰਨਾ ਕਰ।

## ਜੋ ਕਛੁ ਅਬ ਸੰਸਯ ਕਰੋ; ਬਰਨੋਂ ਸੋ ਪਰਕਾਰ ॥੭॥

ਅਬ = ਹੁਣ ਜੋ = ਜਿਹੜਾ ਕਛੁ = ਕੁਝ ਤੂੰ ਸੰਸਯ = ਸੰਸਾ, ਪ੍ਰਸ਼ਨ ਕਰੋ = ਕਰੇਂਗਾ, ਸੋ = ਉਸੇ ਪ੍ਰਕਾਰ ਮੈਂ ਤੈਨੂੰ ਬਰਨੋਂ = ਵਰਣਨ, ਕਥਨ ਕਰਕੇ ਉੱਤਰ ਦੇਵਾਂਗਾ ॥੭॥

## ਸਿਖ੍ਯ ਵਾਚ ॥

ਸਿੱਖ ਵੱਲੋਂ ਬੇਨਤੀ ਰੂਪੀ ਵਿਚ ਕਥਨ ਕਰਦਾ ਹੈ:

## ਦੋਹਰਾ ॥

## ਭੋ ਭਗਵਨ ਲਘੁ ਮਤਿ ਸੋ ਮਮ; ਰਹਸ੍ਯ ਲਹ੍ਯੋ ਨਹਿ ਜਾਤ ॥

ਭੋ = ਹੇ ਭਗਵਨ = ਗੁਰੂ ਜੀ ! ਮਮ = ਮੇਰੀ ਤਾਂ ਮਤਿ = ਬੁਧਿ ਬਹੁਤ ਲਘੁ = ਛੋਟੀ, ਤੁਛ ਹੈ, ਮੇਰੇ ਕੋਲੋਂ ਇਨ੍ਹਾਂ ਭੂਮਿਕਾ ਦਾ ਰਹਸ੍ਯ = ਸਿਧਾਂਤ, ਨਿਚੋੜ ਲਹ੍ਯੋ = ਜਾਣਿਆ ਨਹੀਂ ਜਾਤ = ਜਾਂਦਾ।

## ਭਿੰਨ ਭਿੰਨ ਤਾ ਤੇ ਕਹੋ; ਗ੍ਯਾਨ ਭੂਮਿਕਾ ਸਾਤ ॥੮॥

ਤਾ = ਤਿਸ ਕਰਕੇ ਤੁਸੀਂ ਗਿਆਨ ਦੀਆਂ ਸਾਤ = ਸੱਤ ਭੂਮਿਕਾ = ਪਉੜੀਆਂ ਨੂੰ ਭਿੰਨ ਭਿੰਨ = ਵੱਖਰਾ-ਵੱਖਰਾ ਕਰਕੇ ਕਹੋ = ਕਹਿਣਾ ਕਰੋ ॥੮॥

## ਸ੍ਰੀ ਗੁਰੋ ਵਾਚ ॥ ਗ੍ਯਾਨ ਭੂਮਿਕਾ ਵਰਣਨੰ ॥

ਸੁਭਾਇਮਾਨ ਗੁਰੂ ਜੀ ਉਚਾਰਦੇ ਹਨ ਅਤੇ ਗਿਆਨ ਦੀਆਂ ਸੱਤ ਭੂਮਿਕਾ ਦਾ ਵਰਣਨ ਕਰਦੇ ਹਨ।

## ਦੋਹਰਾ ॥ ਬਿਖਿਆ ਬਿਖੈ ਭਈ ਦ੍ਵੈਖਤਾ; ਗੁਰ ਤੀਰਥ ਅਨੁਰਾਗ ॥

ਹੇ ਸਿੱਖ ! ਬਿਖਿਆ = ਵਿਸ਼ੇ-ਵਿਕਾਰਾਂ ਦੇ ਬਿਖੈ = ਵਿਚ ਦ੍ਵੈਖਤਾ = ਦ੍ਵੈਸ਼, ਵਿਰੋਧਤਾ ਭਈ = ਹੋ ਜਾਣੀ ਅਤੇ ਗੁਰੂ ਤੇ ਤੀਰਥ = ਪਵਿੱਤ੍ਰ ਅਸਥਾਨਾਂ **ਵਾ:** ਤੀਰਥ ਰੂਪ ਗੁਰੂ ਨਾਲ ਅਨੁਰਾਗ = ਪ੍ਰੇਮ ਪੈਦਾ ਹੋ ਜਾਣਾ।

## ਤਾਂ ਤੇ ਸੁਭ ਇਛਾ ਕਹੀ; ਕਥਾ ਸ੍ਰਵਨ ਮਨ ਲਾਗ ॥੯॥

ਫੇਰ ਪਰਮਾਤਮਾ ਦੀ ਪ੍ਰਾਪਤੀ ਵਾਲੀ ਕਥਾ ਨੂੰ ਸ੍ਰਵਨ = ਸੁਣਨ ਵਿਚ ਮਨ ਦਾ ਲਾਗ = ਲੱਗ, ਜੁੜ ਜਾਣਾ, ਤਾਂ ਤੇ = ਤਿਸ ਕਰਕੇ ਇਸ ਅਵਸਥਾ ਦਾ ਨਾਮ ਸੁਭ = ਚੰਗੀ ਇੱਛਾ ਰੂਪੀ ਭੂਮਿਕਾ ਕਹੀ = ਕਥਨ ਕੀਤੀ ਹੈ।

## ਦੋਹਰਾ ॥ ਭਗਵਤ ਰਤਿ ਗਤਿ ਆਨ ਮਤਿ; ਪ੍ਰੇਮ ਜੁਗਤਿ ਨਿਤ ਚਿਤ ॥

ਭਗਵਤ = ਭਗਵਾਨ ਨਾਲ ਰਤਿ = ਪ੍ਰੀਤੀ ਲੱਗ ਜਾਣੀ, ਆਨ = ਹੋਰ ਦ੍ਵੈਸ਼ ਵਾਲੀ ਮਤਿ = ਬੁੱਧਿ ਗਤਿ = ਨਾਸ਼ ਹੋ ਜਾਣੀ, ਨਿਤ = ਸਦੀਵ ਕਾਲ ਚਿੱਤ ਪ੍ਰਭੂ ਦੇ ਪ੍ਰੇਮ ਦੇ ਜੁਗਤਿ = ਸਹਿਤ ਹੋ ਜਾਣਾ, ਭਾਵ ਚਿੱਤ ਨੇ ਸਦਾ ਪ੍ਰੇਮ ਵਿਚ ਭਿੱਜੇ ਰਹਿਣਾ।

## ਗੁਣ ਗਾਵਤ ਪੁਲਕਤ ਹ੍ਰਿਦਯ; ਦਿਨ ਦਿਨ ਸਰਸ ਸੁ ਹਿਤ ॥੧੦॥

ਫੇਰ ਹ੍ਰਿਦਯ = ਮਨ ਦੁਆਰਾ ਪਰਮਾਤਮਾ ਦੇ ਗੁਣ ਗਾਵਤ = ਗਾਉਂਦਿਆਂ-ਗਾਉਂਦਿਆਂ ਪੁਲਕਤ = ਸਰੀਰ ਦੇ ਪੁਲਕਾਵਲੀ ਆ ਜਾਣੀ ਭਾਵ ਸਰੀਰ ਦੇ ਰੋਮ ਖੜ੍ਹੇ ਹੋ ਜਾਣੇ ਅਤੇ ਦਿਨ ਦਿਨ = ਹਰ ਰੋਜ਼, ਦਿਨ-ਬਦਿਨ ਸਰਸ = ਸਹਿਤ ਰਸ ਦੇ ਪ੍ਰਭੂ ਦਾ ਹਿਤ = ਪ੍ਰੇਮ ਵੱਧਦਾ ਜਾਣਾ ਇਤਿਆਦਿ ਸ਼ੁਭ ਗੁਣ ਪ੍ਰਾਪਤ ਹੋਣ ਤੋਂ ਸ਼ੁਭ ਇੱਛਾ ਭੂਮਿਕਾ ਅਖਵਾਉਂਦੀ ਹੈ ॥੧੦॥

## ਦੋਹਰਾ ॥ ਦੂਜੀ ਕਹੀ ਬਿਚਾਰਨਾ; ਉਪਜ੍ਯੋ ਤਤ੍ਵ ਬਿਚਾਰ ॥

ਹੇ ਸਿੱਖ ! ਗਿਆਨ ਦੀ ਦੂਸਰੀ ਭੂਮਿਕਾ ਸੁਬਿਚਾਰਨਾ ਕਹੀ = ਕਥਨ ਕੀਤੀ ਹੈ ਜਿਸ ਕਰਕੇ ਹਿਰਦੇ ਅੰਦਰ ਤਤ੍ਵ = ਸਿਧਾਂਤ ਰੂਪ ਬ੍ਰਹਮ ਦੀ ਪ੍ਰਾਪਤੀ, ਸੱਤ-ਅਸੱਤ ਦੀ ਸ੍ਰੇਸ਼ਟ ਵਿਚਾਰ ਉਪਜ੍ਯੋ = ਪੈਦਾ ਹੋ ਜਾਣੀ।

## ਏਕੰਤ ਹ੍ਵੈ ਸੋਧਨ ਲਗ੍ਯੋ; ਕੋ ਹੰ ਕੋ ਸੰਸਾਰੁ ॥੧੧॥

ਫੇਰ ਏਕੰਤ = ਇਕਾਂਤ ਅਸਥਾਨ ਵਿਚ **ਵਾ:** ਇਕੱਲਾ ਹ੍ਵੈ = ਹੋ ਕਰਕੇ ਇਹ ਸੋਧਨ = ਵਿਚਾਰਨ ਲਗ੍ਯੋ = ਲੱਗ ਜਾਣਾ ਕਿ ਹੰ = ਮੈਂ ਕੋ = ਕੌਣ ਹਾਂ ? ਅਤੇ ਇਹ ਸਾਰਾ ਸੰਸਾਰੁ = ਜਗਤ ਕੋ = ਕੀ ਹੈ ?

ਅਰਥਾਤ ਗੁਰੂ ਦੇ ਬਚਨਾਂ ਦੁਆਰਾ ਸੰਸਾਰ ਨੂੰ ਮਿਥਿਆ ਜਾਣ ਕੇ ਆਪਣੇ ਆਪ ਨੂੰ ਬ੍ਰਹਮ ਰੂਪ ਨਿਸ਼ਚੇ ਕਰੇ ॥੧੧॥

## ਦੋਹਰਾ ॥ ਤਨੂ ਮਾਨਸਾ ਸੁ ਤੀਸਰੀ; ਮਨ ਕੋ ਪ੍ਰਤ੍ਯਾਹਾਰ ॥

ਹੇ ਸਿੱਖ ! ਤੀਸਰੀ ਭੂਮਿਕਾ ਦਾ ਨਾਮ ਬਹੁਤ ਹੀ ਸੁ = ਸ੍ਰੇਸ਼ਟ ਤਨੂ ਮਾਨਸਾ = ਮਨ ਦੀ ਸੂਖਮਤਾ ਹੈ, ਜਿਸ ਕਰਕੇ ਮਨ ਕੋ = ਨੂੰ ਵਿਸ਼ਿਆ ਵੱਲੋਂ ਪ੍ਰਤ੍ਯਾਹਾਰ = ਰੋਕਨਾ ਹੁੰਦਾ ਹੈ, ਭਾਵ ਅੰਦਰਲੇ ਬਾਹਰਲੇ ਵਿਸ਼ਿਆਂ ਵੱਲੋਂ ਚਿੱਤ ਦਾ ਨਿਰੋਧ ਕਰਨਾ। ਰੋਕਣ ਨੂੰ ਹੀ ਪ੍ਰਤ੍ਯਾਹਾਰ ਕਿਹਾ ਹੈ।

## ਥਿਰ ਹ੍ਵੈ ਸੁਧ ਸਰੂਪ ਕੀ; ਰਾਖੈ ਨਿਤ ਸੰਭਾਰੁ ॥੧੨॥

ਆਪਣੇ ਸ਼ੁੱਧ ਸਰੂਪ ਵਿਚ ਬਿਰਤੀ ਕੀ = ਦੀ ਥਿਰ = ਇਸਥਿਤੀ ਹ੍ਵੈ = ਹੋ ਜਾਣੀ ਅਤੇ ਇਸ ਇਸਥਿਤੀ ਨੂੰ ਨਿਤ = ਸਦਾ ਸੰਭਾਰੁ = ਸੰਭਾਲ ਕੇ ਰਾਖੈ = ਰੱਖਣਾ ਕਰੇ, ਇਹ ਤੀਸਰੀ ਤਨੂ ਮਾਨਸਾ ਭੂਮਿਕਾ ਹੈ ॥੧੨॥

## ਦੋਹਰਾ ॥ ਚਤੁਰਥੀ ਸਤ੍ਵਾਪਤਿ ਯਹਿ; ਅਨੁਭਵ ਉਦੈ ਅਭੰਗ ॥

ਹੇ ਸਿੱਖ ! ਇਹ ਚਤੁਰਥੀ = ਚੌਥੀ ਭੂਮਿਕਾ ਸਤ੍ਵਾਪਤਿ = ਸਤ ਵਸਤੂ, ਬ੍ਰਹਮ ਦੀ ਪ੍ਰਾਪਤੀ ਦਾ ਨਾਮ ਹੈ, ਜਿਸ ਵਿਚ ਅਭੰਗ = ਨਾਸ਼ ਤੋਂ ਰਹਿਤ ਅਨੁਭਵ = ਪ੍ਰਤੱਖ ਗਿਆਨ ਉਦੈ = ਪ੍ਰਗਟ ਹੋ ਜਾਂਦਾ ਹੈ।

## ਆਤਮ ਜਗ ਦਰਸ੍ਯੋ ਭਲੇ; ਜ੍ਯੋਂ ਮਧ ਸਿੰਧੁ ਤਰੰਗ ॥੧੩॥

ਫੇਰ ਇਸ ਪ੍ਰਕਾਰ ਭਲੇ = ਚੰਗੀ ਤਰ੍ਹਾਂ ਜਗ = ਸੰਸਾਰ ਨੂੰ ਆਤਮ = ਆਪਣਾ ਆਪ, ਬ੍ਰਹਮ ਕਰਕੇ ਦਰਸ੍ਯੋ = ਦੇਖ ਲਈਦਾ ਹੈ, ਜ੍ਯੋਂ = ਜਿਵੇਂ ਸਿੰਧ = ਸਮੁੰਦਰ ਦੇ ਮਧ = ਵਿਚ ਤਰੰਗ = ਲਹਿਰਾਂ ਹਨ, ਭਾਵ ਲਹਿਰਾਂ ਵਿਚ ਵੀ ਪਾਣੀ ਹੈ ਅਤੇ ਸਮੁੰਦਰ ਦੇ ਵਿਚ ਵੀ ਪਾਣੀ ਹੈ, ਤਿਵੇਂ ਮੇਰੇ ਵਿਚ ਵੀ ਬ੍ਰਹਮ ਹੈ ਤੇ ਸਾਰੇ ਸੰਸਾਰ ਅੰਦਰ ਵੀ ਬ੍ਰਹਮ ਹੀ ਵਿਆਪਕ ਹੈ। ਅਰਥਾਤ ਬ੍ਰਹਮ ਚਿੰਤਨ ਕਰਨ ਕਰਕੇ ਜੋ ਸੰਸ੍ਯ ਵਿਪਰਯ ਤੋਂ ਰਹਿਤ ਤਤ੍ਵ ਸਾਖਿਆਤਕਾਰ ਹੋਣ ਕਰਕੇ ਆਤਮਾ ਵਿਚ ਨਾਮ, ਰੂਪ, ਪ੍ਰਪੰਚ ਦੀ ਮਿਥਿਆ ਰੂਪ ਕਰਕੇ ਪ੍ਰਤੀਤੀ ਹੁੰਦੀ ਹੈ, ਜਿਵੇਂ ਸਮੁੰਦਰ ਵਿਚ ਲਹਿਰਾਂ ਦੀ ਮਿਥਿਆ ਰੂਪ ਕਰਕੇ ਪ੍ਰਤੀਤ ਹੁੰਦੀ ਹੈ। ਇਉਂ ਅਵਸਥਾ ਦਾ ਨਾਮ ਗਿਆਨ ਦੀ ਚੌਥੀ ਭੂਮਿਕਾ ਸਤ੍ਵਾਪਤਿ ਹੈ ॥੧੩॥

## ਦੋਹਰਾ ॥ ਛੂਟਯੋ ਤਨ ਅਭਿਮਾਨ ਜਬ; ਨਿਸਚੈ ਕੀਯੋ ਸਰੂਪ ॥

ਹੇ ਸਿੱਖ ! ਜਬ = ਜਦੋਂ ਆਪਣੇ ਤਨ = ਸਰੀਰ ਦੇ ਬਲ ਦਾ ਅਭਿਮਾਨ = ਹੰਕਾਰ ਛੂਟਯੋ = ਛੁੱਟ ਜਾਵੇ ਅਤੇ ਆਪਣੇ ਨਿਜ ਸਰੂਪ ਵਿਚ ਨਿਸਚੈ = ਭਰੋਸਾ ਯਕੀਨ ਕੀਯੋ = ਕਰ ਲੈਣਾ **ਵਾ:** ਸਾਰਿਆਂ ਵਿਚ ਆਪਣੇ ਸਰੂਪ ਦਾ ਨਿਸ਼ਚਾ ਕਰ ਲੈਣਾ।

## ਅਸੰਸਕਤਿ ਯਹਿ ਭੂਮਿਕਾ; ਪੰਚਮ ਮਹਾਂ ਅਨੂਪ ॥੧੪॥

ਇਹ ਪੰਚਮ = ਪੰਜਵੀਂ ਮਹਾਂ = ਬਹੁਤ ਹੀ ਅਨੂਪ = ਉਪਮਾ ਤੋਂ ਰਹਿਤ ਸੁੰਦਰ ਅਸੰਸਕਤਿ = ਮਾਇਕੀ ਪਦਾਰਥਾਂ ਦੇ ਮੋਹ ਤੋਂ ਰਹਿਤ ਭੂਮਿਕਾ = ਗਿਆਨ ਦੀ ਪੌੜੀ ਹੈ ਅਰਥਾਤ ਚੌਥੀ ਭੂਮਿਕਾ ਵਿਚ ਜੋ ਬ੍ਰਹਮ

ਦਾ ਨਿਸ਼ਚੇ ਕੀਤਾ ਸੀ, ਉਸਦਾ ਪੁਨਾ-ਪੁਨਾ ਅਭਿਆਸ ਕਰਕੇ ਸਰੀਰ ਦੇ ਅਭਿਮਾਨ ਦੀ ਨਵਿਰਤੀ ਹੋ ਜਾਣੀ, ਭਾਵ ਪਰਾਏ ਸਰੀਰਾਂ ਵਾਂਗ ਆਪਣੇ ਸਰੀਰ ਦੀ ਪ੍ਰਤੀਤੀ ਹੋਣੀ। ਇਹ ਗਿਆਨ ਦੀ ਪੰਜਵੀਂ ਭੂਮਿਕਾ ਅਸੰਸਕਤਿ ਹੈ॥੧੪॥

## ਦੋਹਰਾ॥ ਕਹੇ ਪਦਾਰਥ ਬਿਧਿ[੧] ਲੌਂ; ਸਭ ਕੌ ਹੋਇ ਅਭਾਵ॥

ਇਸ ਲੋਕ ਤੋਂ ਲੈ ਕੇ ਜੋ ਬਿਧਿ = ਬ੍ਰਹਮ ਲੋਕ ਲੌਂ = ਤਕ ਪਦਾਰਥ ਕਹੇ = ਕਥਨ ਕੀਤੇ ਹਨ, ਇਨ੍ਹਾਂ ਸਭ = ਸਾਰੇ ਪਦਾਰਥਾਂ ਕੌ = ਦਾ ਮਨ ਵਿੱਚੋਂ ਮੋਹ ਅਭਾਵ = ਨਾਸ਼ ਹੋ ਜਾਣਾ ਅਰਥਾਤ ਜਿਵੇਂ ਸੁਨਿਆਰਾ ਸੋਨੇ ਦੇ ਗਹਿਣਿਆਂ ਦਾ ਜਾਣਕਾਰ ਹੁੰਦਿਆਂ ਹੋਇਆਂ ਵੀ ਸਾਰੇ ਗਹਿਣਿਆਂ ਨੂੰ ਸੋਨਾ ਰੂਪ ਹੀ ਸਮਝਦਾ ਹੈ, ਤਿਵੇਂ ਲੋਕ-ਪ੍ਰਲੋਕ ਦੇ ਪਦਾਰਥਾਂ ਨੂੰ ਅਧਿਸ਼ਠਾਨ ਬ੍ਰਹਮ ਰੂਪ ਪ੍ਰਤੀਤ ਕਰਨਾ।

## ਯਹ ਪਦਾਰਥਾਭਾਵਨੀ; ਖਸਟੀ ਭੂਮਿ ਲਖਾਵ॥੧੫॥

ਯਹ = ਇਸ ਦਾ ਨਾਮ ਪਦਾਰਥ ਅਭਾਵਨੀ ਹੈ, ਇਸਨੂੰ ਗਿਆਨ ਦੀ ਖਸਟੀ = ਛੇਵੀਂ ਭੂਮਿ = ਭੂਮਿਕਾ, ਪੌੜੀ ਲਖਾਵ = ਜਾਨਣਾ ਕਰੋ।੧੫॥

## ਦੋਹਰਾ॥ ਭਾਵਾਭਾਵ ਨ ਤਹਾਂ ਕਛੁ; ਸਪਤਮ ਤੁਰੀਆ ਮਾਹਿ॥

ਹੇ ਸਿੱਖ! ਜਿਹੜੀ ਗਿਆਨ ਦੀ ਸਪਤਮ = ਸੱਤਵੀਂ ਤੁਰੀਆ ਅਵਸਥਾ ਰੂਪੀ ਭੂਮਿਕਾ ਹੈ, ਉਸਦੇ ਮਾਹਿ = ਵਿਚ (ਭਾਵ + ਅਭਾਵ) ਭਾਵ = ਹੋਣਾ ਅਤੇ ਅਭਾਵ = ਨਾ ਹੋਣਾ ਆਦਿ ਕਛੁ = ਕੁਝ ਵੀ ਪ੍ਰਤੀਤ ਨਹੀਂ ਹੁੰਦਾ।

## ਮੈਂ ਤੂੰ ਤਹਾਂ ਨ ਸੰਭਵੈ; ਕਹਾਂ ਆਹਿ ਕਹਾਂ ਨਾਹਿ॥੧੬॥

ਤਹਾਂ = ਉਥੇ ਤੁਰੀਆ ਅਵਸਥਾ ਦੇ ਵਿਚ ਮੈਂ ਜਾਂ ਤੂੰ ਕਹਿਣਾ ਨਹੀਂ ਸੰਭਵੈ = ਬਣਦਾ, ਫੇਰ ਕਹਾਂ = ਕਿਤੇ ਆਹਿ = ਹੈ, ਕਹਾਂ = ਕਿਤੇ ਨਾਹਿ = ਨਹੀਂ ਹੈ, ਇਹ ਕਿਵੇਂ ਬਣੇਗਾ, ਭਾਵ ਉਥੇ ਕੁਝ ਵੀ ਕਹਿਣਾ ਨਹੀਂ ਬਣਦਾ॥੧੬॥

## ਸੋਰਠਾ॥ ਪ੍ਰਗਟ ਕਰੀ ਗੁਰਦੇਵ; ਸਪਤ ਭੂਮਿਕਾ ਗਿਆਨ ਕੀ॥

ਕਵੀ ਅਨਾਥ ਜੀ ਕਥਨ ਕਰਦੇ ਹਨ, ਪੂਜਨੀਕ ਗੁਰੂ ਜੀ ਨੇ ਗਿਆਨ ਦੀਆਂ ਸਪਤ = ਸੱਤ ਭੂਮਿਕਾ ਪ੍ਰਗਟ ਕਰਕੇ ਦੱਸੀਆਂ ਹਨ:

## ਅਨਾਥ ਲਹੈ ਨਿਜ ਭੇਵ; ਚਿਤ ਦੈ ਕਰੈ ਬਿਚਾਰ ਜੋ॥੧੭॥

ਅਨਾਥ = ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਜੋ = ਜਿਹੜਾ ਵੀ ਮਨੁੱਖ ਆਪਣਾ ਚਿੱਤ ਦੇ ਕਰਕੇ ਭਾਵ ਚਿੱਤ ਨੂੰ ਇਕਾਗਰ ਕਰਕੇ ਇਨ੍ਹਾਂ ਗਿਆਨ ਦੀਆਂ ਭੂਮਿਕਾਵਾਂ ਦੀ ਵਿਚਾਰ ਕਰੇਗਾ, ਉਹ ਮਨੁੱਖ ਨਿਜ = ਆਪਣੇ ਸਰੂਪ ਦਾ ਭੇਵ = ਭੇਦ, ਭਾਵ ਵਾਸਤਵ ਸਰੂਪ ਨੂੰ ਜਾਣ ਲਵੇਗਾ॥੧੭॥

## ਇਤਿ ਸ੍ਰੀ ਵਿਚਾਰ ਮਾਲਾ ਗਯਾਨ ਭੂਮਿਕਾ ਤ੍ਰਿਤੀਯੋ ਬਿਸ੍ਰਾਮ॥੩॥

ਸ੍ਰੀ = ਸੁਭਾਏਮਾਨ ਵਿਚਾਰ ਮਾਲਾ ਨਾਮ ਗ੍ਰੰਥ ਦੇ ਤ੍ਰਿਤੀਯੋ = ਤੀਸਰੇ ਬਿਸ੍ਰਾਮ = ਅਧਿਆਇ ਦੀ ਇਤਿ = ਸਮਾਪਤੀ ਕੀਤੀ ਹੈ ਤੇ ਇਸ ਪਾਠ ਵਿਚ ਗਿਆਨ ਦੀਆਂ ਸੱਤ ਭੂਮਿਕਾਵਾਂ ਦਾ ਕਥਨ ਕੀਤਾ ਹੈ॥੩॥

---

੧. ਪਾਠਾਂਤ੍ਰ—**ਬਿਬਿਧਿ, ਬੁਧਿ**: ਬਿਬਿਧਿ = ਅਨੇਕ ਤਰ੍ਹਾਂ ਦੇ **ਵਾ:** ਬਿ = ਵਿਸ਼ੇਸ਼ ਕਰਕੇ ਬਿਧਿ = ਦੇਵਤਿਆ ਤਕ ਬੁਧਿ = ਬੁੱਧੀ।

## ਚੌਥਾ ਬਿਸ੍ਰਾਮ

# ਅਥ ਗਿਆਨ ਸਾਧਨ ਵਰਣਨੰ ਨਾਮ ਚਤੁਰਥੋ ਬਿਸ੍ਰਾਮ ਪ੍ਰਾਰੰਭਾ ॥

ਅਥ = ਹੁਣ ਪੰਡਿਤ ਅਨਾਥ ਜੀ ਗਿਆਨ ਦੇ ਸਾਧਨ ਵਰਣਨੰ = ਕਥਨ ਕਰਦੇ ਹੋਏ ਵਿਚਾਰ ਮਾਲਾ ਗ੍ਰੰਥ ਦਾ ਚਤੁਰਥੋ = ਚੌਥਾ ਬਿਸ੍ਰਾਮ = ਅਧਿਆਇ ਪ੍ਰਾਰੰਭਾ = ਸ਼ੁਰੂ ਕਰਦੇ ਹਨ :

## ਸਿਖਹੁਵਾਚ ॥

ਸਿੱਖ ਗੁਰੂ ਦੇ ਚਰਨਾਂ ਵਿਚ ਬੇਨਤੀ ਰੂਪ ਵਿਚ ਪ੍ਰਸ਼ਨ ਕਰਦਾ ਹੈ।

## ਦੋਹਰਾ ॥

## ਭਗਵਨ ਮੈਂ ਜਾਨਯੋ ਭਲੇ; ਸਪਤ ਭੂਮਿਕਾ ਗ੍ਯਾਨ ॥

ਹੇ ਭਗਵਨ = ਗੁਰੂ ਜੀ ! ਜੋ ਤੁਸੀਂ ਗਿਆਨ ਦੀਆਂ ਸਪਤ = ਸੱਤ ਭੂਮਿਕਾ = ਪਉੜੀਆਂ, ਮੰਜ਼ਲਾਂ (ਸ਼ੁਭ ਇੱਛਾ, ਸੁਬਿਚਾਰ, ਤਨੂ ਮਾਨਸਾ, ਸਤ੍ਵਾਪਤਿ, ਅਸੰਸਕਤਿ, ਪਦਾਰਥਾਭਾਵਨੀ ਅਤੇ ਤੁਰੀਆ) ਕਥਨ ਕੀਤੀਆਂ ਹਨ, ਉਨ੍ਹਾਂ ਨੂੰ ਮੈਂ ਭਲੇ = ਚੰਗੀ ਤਰ੍ਹਾਂ ਜਾਨਯੋ = ਜਾਣ ਲਿਆ ਹੈ।

## ਨਿਰਮਲ ਗ੍ਯਾਨ ਉਦੋਤ ਕੋ; ਸਾਧਨ ਕੌਨ ਪ੍ਰਮਾਨ ॥੧॥

ਹੁਣ ਅਵਿੱਦਿਆ ਆਦਿ ਦੀ ਮਲ ਮਾਇਆ ਤੋਂ ਰਹਿਤ ਨਿਰਮਲ = ਸ਼ੁੱਧ ਗਿਆਨ ਦੇ ਉਦੋਤ = ਪ੍ਰਗਟ ਹੋਣ ਕੋ = ਦਾ ਸਾਧਣ ਦੱਸਣਾ ਕਰੋ, ਭਾਵ ਜਿਨ੍ਹਾਂ ਸਾਧਨਾ ਕਰਕੇ ਗਿਆਨ ਦੇ ਵਿਚ ਅਧਿਕਾਰ ਹੋਵੇ, ਉਹ ਸਾਧਨ ਕਥਨ ਕਰੋ ਅਤੇ ਜੋ ਪ੍ਰਤੱਖ ਖਟ ਪ੍ਰਮਾਣ ਹਨ ਇਨ੍ਹਾਂ ਵਿਚ ਕੌਨ = ਕਿਹੜੇ ਪ੍ਰਮਾਣ ਦੁਆਰਾ ਤਤ੍ਵ ਗਿਆਨ ਕਥਨ ਕੀਤਾ ਹੈ ॥੧॥

**ਖਟ ਪ੍ਰਮਾਣ :**

**੧. ਪ੍ਰਤੱਖ ਪ੍ਰਮਾਣ :** ਜੋ ਅੰਤਹਕਰਨ ਦੇ ਸੰਯੋਗ ਕਰਕੇ ਨੇਤ੍ਰਾਂ ਦੁਆਰਾ ਬਿਰਤੀ ਬਾਹਰ ਨਿਕਲ ਕੇ ਕਿਸੇ ਵਸਤੂ ਦਾ ਗਿਆਨ ਕਰਵਾਉਂਦੀ ਹੈ, ਇਹ ਪ੍ਰਤੱਖ ਗਿਆਨ ਹੈ। ਚਾਰ ਵਾਕੀਏ ਇਸ ਪ੍ਰਤੱਖ ਪ੍ਰਮਾਣ ਨੂੰ ਹੀ ਮੰਨਦੇ ਹਨ।

**੨. ਅਨੁਮਾਨ ਪ੍ਰਮਾਣ :** ਕਨਾਦ ਮੱਤ ਵਾਲੇ ਅਨੁਮਾਨ ਪ੍ਰਮਾਣ ਨੂੰ ਮੰਨਦੇ ਹਨ। ਅਨੁਮਾਨ ਲਗਾ ਕੇ ਦੇਖਣਾ, ਜਿਵੇਂ 'ਜਤ੍ਰ ਧੂੰਆਂ ਤਤ੍ਰ ਅਗਨੀ' ਧੂੰਏ ਤੋਂ ਅਗਨੀ ਦਾ ਅਨੁਮਾਨ ਲਾਇਆ ਜਾਂਦਾ ਹੈ ਕਿ ਜਿਥੋਂ ਧੂੰਆਂ ਨਿਕਲ ਰਿਹਾ ਹੈ ਉਥੇ ਅਗਨੀ ਵੀ ਹੋਵੇਗੀ।

**੩. ਉਪਮਾਨ ਪ੍ਰਮਾਣ :** 'ਨਿਆਇ ਸ਼ਾਸਤ੍ਰ' ਵਾਲੇ (ਗੌਤਮ ਜੀ) ਉਪਮਾਨ ਪ੍ਰਮਾਣ ਨੂੰ ਮੰਨਦੇ ਹਨ, ਕਿਸੇ ਹੋਰ ਚੀਜ਼ ਦੀ ਉਪਮਾ ਕਿਸੇ ਨੂੰ ਦੇ ਕੇ ਸਮਝਾਉਣ ਨੂੰ ਉਪਮਾਨ ਪ੍ਰਮਾਣ ਕਹਿੰਦੇ ਹਨ, ਜਿਵੇਂ ਕਿਸੇ ਨੇ ਗਵਯ (ਰੋਝ) ਨਹੀਂ ਦੇਖਿਆ, ਕਿਸੇ ਦੇ ਦੱਸਣ ਤੋਂ ਪਤਾ ਚੱਲਿਆ ਕਿ ਉਸਦਾ ਗਾਂ ਵਰਗਾ ਰੂਪ ਹੁੰਦਾ ਹੈ। ਗਾਂ ਦੇ ਗਲ ਵਿਚ ਝੁੱਲ ਜਿਹਾ ਹੁੰਦਾ ਹੈ ਪਰ ਗਵਯ ਦੇ ਨਹੀਂ ਹੁੰਦਾ। ਇਸ ਪ੍ਰਕਾਰ ਸਮਝਾਉਣ ਦੇ ਤਰੀਕੇ ਨੂੰ ਉਪਮਾਨ ਪ੍ਰਮਾਣ ਕਹਿੰਦੇ ਹਨ।

**੪. ਸ਼ਬਦ ਪ੍ਰਮਾਣ :** ਸਾਂਖ ਮਤ ਵਾਲੇ (ਕਪਲ ਜੀ) ਸ਼ਬਦ ਪ੍ਰਮਾਣ ਨੂੰ ਮੰਨਦੇ ਹਨ, ਯਥਾਰਥ ਬਕਤੇ ਦੇ ਕਥਨ ਕਰਨ ਦੁਆਰਾ ਸਮਝ ਲੈਣਾ, ਜਿਵੇਂ ਪਰਦੇਸ ਵਿਚ ਕਿਸੇ ਦਾ ਪਿਤਾ ਗਿਆ ਸੀ ਤੇ ਉਥੇ ਮਰ

ਗਿਆ, ਉਥੇ ਯਥਾਰਥ ਬਕਤੇ ਨੇ ਆ ਕੇ ਕਿਹਾ ਕਿ ਤੇਰਾ ਪਿਤਾ ਮਰ ਗਿਆ ਹੈ, ਇਉਂ ਯਥਾਰਥ ਬਕਤੇ ਤੋਂ ਸ਼ਬਦ ਸੁਣ ਕੇ ਨਿਸ਼ਚਾ ਹੋ ਜਾਣਾ, ਇਹ ਸ਼ਬਦ ਪ੍ਰਮਾਣ ਹੈ।

**੫. ਅਰਥਾਪਤੀ ਪ੍ਰਮਾਣ** : ਪੂਰਬ ਮਿਮਾਂਸਾ ਦਾ ਇਕ ਦੇਸੀ ਭਟ ਦਾ ਸ਼ਿਸ਼ ਪ੍ਰਭਾਕਰ ਇਸ ਪੰਜਵੇਂ ਅਰਥਾਪਤੀ ਪਰਮਾਣ ਨੂੰ ਮੰਨਦਾ ਹੈ। ਜਿਵੇਂ ਕੋਈ ਪੁਰਸ਼ ਦਿਨੇ ਤਾਂ ਕੁਝ ਖਾਂਦਾ ਨਹੀਂ, ਪ੍ਰੰਤੂ ਉਸ ਦਾ ਸਰੀਰ ਬਹੁਤ ਸਥੂਲ (ਮੋਟਾ) ਹੈ। ਉਹ ਸਥੂਲ ਸਰੀਰ ਤੋਂ ਅਰਥ ਕਰਕੇ ਸਮਝ ਲੈਂਦੇ ਹਨ ਕਿ ਇਹ ਰਾਤ ਨੂੰ ਜ਼ਰੂਰ ਭੋਜਨ ਖਾਂਦਾ ਹੋਵੇਗਾ। ਉਵੇਂ ਤਾਂ ਭੋਜਨ ਖਾਣ ਤੋਂ ਬਿਨਾਂ ਇਤਨਾ ਮੋਟਾ ਸਰੀਰ ਨਹੀਂ ਹੋ ਸਕਦਾ। ਇਸ ਤਰ੍ਹਾਂ ਅਰਥ ਕਰਕੇ ਸਮਝਣਾ ਕਿ ਇਹ ਲੁਕਵੀਂ ਖ਼ੁਰਾਕ ਜ਼ਰੂਰ ਖਾਂਦਾ ਹੋਵੇਗਾ। ਇਸਨੂੰ ਅਰਥਾਪਤੀ ਪ੍ਰਮਾਣ ਕਹਿੰਦੇ ਹਨ।

**੬. ਅਨੁਉਪਲਬਧੀ ਜਾਂ ਅਈਤੇਜਕ ਪ੍ਰਮਾਣ** : ਪੂਰਬ ਮਿਮਾਂਸਾ ਛੇਵਾਂ ਅਨੁਉਪਲਬਧੀ ਪ੍ਰਮਾਣ ਮੰਨਦਾ ਹੈ, ਅਪ੍ਰਤੀਤੀ ਨੂੰ ਅਨੁਉਪਲਬਧੀ ਕਹਿੰਦੇ ਹਨ ਜਾਂ ਜਿਸ ਕਥਨ ਦੇ ਬਕਤਾ ਦਾ ਪਤਾ ਨਹੀਂ, ਪਰ ਪਰੰਪਰਾ ਅਨੁਸਾਰ ਗੱਲ ਚੱਲੀ ਆਉਂਦੀ ਹੈ। ਇਹ ਅਈਤੇਜਕ (ਐਤਹਿਯ) ਪ੍ਰਮਾਣ ਹੈ। ਜੈਸਾ ਕਿ :

**ਪਰੰਪਰਾ ਕਹਨਾਵਤ ਜੋਈ। ਤਿੰਹ ਏਤਿਹਯ ਕਹਿਤ ਸਬ ਕੋਈ।** *(ਗਰਬ ਗੰਜਨੀ)*

ਜਿਵੇਂ ਕਿਸੇ ਵੇਦ ਜਾਂ ਸ਼ਾਸਤ੍ਰ ਵਿਚ ਇਹ ਗੱਲ ਨਹੀਂ ਲਿਖੀ ਹੁੰਦੀ ਕਿ ਫਲਾਣੀ ਥਾਂ ਪ੍ਰੇਤ ਰਹਿੰਦਾ ਹੈ। ਇਕ ਦੂਜੇ ਤੋਂ ਸੁਣ ਕੇ ਹੀ ਸਾਰੇ ਕਹੀ ਜਾਂਦੇ ਹਨ ਕਿ ਫਲਾਣੀ ਥਾਂ 'ਤੇ ਪ੍ਰੇਤ ਰਹਿੰਦਾ ਹੈ। ਇਉਂ ਇਹ ਪਰੰਪਰਾ ਚੱਲੀ ਆਉਂਦੀ ਹੈ। ਇਸਦਾ ਨਾਮ ਅਨੁਉਪਲਬਧੀ ਜਾਂ ਅਈਤੇਜਕ ਪ੍ਰਮਾਣ ਹੈ।

## ਦੋਹਰਾ ॥ ਭਗਵਨ ਤਿਮਰ ਨਾਸੈ ਨਹੀਂ; ਕਹਿ ਦੀਪਕ ਕੀ ਬਾਤ ॥

ਭਗਵਨ = ਹੇ ਗੁਰੂ ਜੀ ! ਜਿਵੇਂ ਹਨੇਰੇ ਵਿਚ ਖੜੋਤੇ ਹੋਇਆਂ ਦੀਪਕ = ਦੀਵੇ ਕੀ = ਦੀ ਬਾਤ = ਗੱਲ ਕਹਿ = ਆਖਣ ਨਾਲ ਤਿਮਰ = ਹਨੇਰਾ ਨਾਸੈ = ਦੂਰ ਨਹੀਂ ਹੁੰਦਾ, ਭਾਵ ਹਨੇਰੇ ਵਿਚ ਦੀਵਾ-ਦੀਵਾ ਕਹਿਣ ਨਾਲ ਹਨੇਰਾ ਦੂਰ ਨਹੀਂ ਹੁੰਦਾ ਸਗੋਂ ਦੀਵਾ ਜਗਾਉਣ ਨਾਲ ਹੀ ਹਨੇਰਾ ਦੂਰ ਹੁੰਦਾ ਹੈ।

## ਪੂਰਨ ਗਯਾਨ ਉਦੋਤ ਬਿਨ; ਹ੍ਰਿਦੈ ਭਰਮ ਨਹੀਂ ਜਾਤ ॥੨॥

ਤਿਵੇਂ ਹੀ ਪੂਰਨ ਬ੍ਰਹਮ ਦਾ **ਵਾ:** ਨਿਜ ਸਰੂਪ ਦਾ ਪੂਰਨ ਬ੍ਰਹਮ ਗਿਆਨ ਉਦੋਤ = ਪ੍ਰਗਟ ਤੋਂ ਬਿਨ = ਬਗ਼ੈਰ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਜਾਂ ਭੂਮਿਕਾ ਦੀ ਗਿਣਤੀ ਕਰਨ ਹਿਰਦੇ ਵਿਚ ਭਰਮ ਦੂਰ ਨਹੀਂ ਜਾਤ = ਜਾਂਦਾ, ਭਾਵ ਜੋ ਆਤਮਾ ਵਿਚ ਅਨਾਤਮਾ ਦੀ ਪ੍ਰਤੀਤੀ ਹੋ ਰਹੀ ਹੈ, ਇਹ ਭਰਮ ਪੂਰਨ ਗਿਆਨ ਨਾਲ ਹੀ ਨਵਿਰਤ ਹੋਵੇਗਾ, ਇਸ ਲਈ ਤੁਸੀਂ ਗਿਆਨ ਦੇ ਸਾਧਨ ਕਥਨ ਕਰੋ ॥੨॥

## ਸ੍ਰੀ ਗੁਰੋ ਵਾਚ ॥

ਸੁਭਾਇਮਾਨ ਗੁਰੂ ਜੀ ਸਿੱਖ ਦੀ ਬੇਨਤੀ ਸੁਣ ਕੇ ਅੱਗੇ ਗਿਆਨ ਦੇ ਸਾਧਨ ਕਥਨ ਕਰਦੇ ਹਨ।

## ਦੋਹਰਾ ॥

## ਪ੍ਰਿਥਮੈ ਜਗਤ ਅਸਕਤ ਤਜਿ; ਦਾਰਾ ਸੁਤ ਗ੍ਰਿਹ ਬਿਤ ॥

ਹੇ ਸਿੱਖ ! ਜੇਕਰ ਤੂੰ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਪ੍ਰਿਥਮੈ = ਸਭ ਤੋਂ ਪਹਿਲਾਂ ਜਗਤ = ਸੰਸਾਰ ਦਾ ਅਸਕਤ = ਮੋਹ ਤਜਿ = ਤਿਆਗਣਾ ਕਰ, ਫੇਰ ਆਪਣੀ ਦਾਰਾ = ਇਸਤ੍ਰੀ, ਸੁਤ = ਪੁੱਤਰ, ਗ੍ਰਿਹ = ਘਰ ਅਤੇ ਬਿਤ = ਧਨ ਆਦਿ ਵਿਚ ਵੀ ਮੋਹ ਦਾ ਤਿਆਗ ਕਰ।

## ਬਿਖਵਤ ਬਿਖੈ ਬਿਸਾਰ ਜਗ; ਰਾਗ ਦ੍ਵੈਖ ਅਤਿੱਤ ॥੩॥

ਇਸ ਜਗ = ਸੰਸਾਰ ਵਿਚ ਬਿਖੈ = ਵਿਸ਼ਿਆਂ ਨੂੰ ਬਿਖ = ਜ਼ਹਿਰ ਦੀ ਵਤ = ਨਿਆਈਂ ਦੁਖ ਰੂਪ ਜਾਣ ਕੇ ਬਿਸਾਰ = ਭੁਲਾਉਣਾ, ਤਿਆਗਣਾ ਕਰ। ਫੇਰ ਰਾਗ = ਬਿਨਾਂ ਕਾਰਨ ਕਿਸੇ ਨਾਲ ਪ੍ਰੇਮ ਅਤੇ ਦ੍ਵੈਖ = ਬਿਨਾਂ ਕਾਰਨ ਕਿਸੇ ਨਾਲ ਦ੍ਵੈਸ਼ ਭਾਵ ਨਫ਼ਰਤ ਈਰਖਾ ਕਰਨੀ ਇਸ ਸੁਭਾਅ ਨੂੰ ਵੀ ਅਤਿੱਤ = ਤਿਆਗਣਾ ਕਰ।

## ਦੋਹਰਾ ॥

## ਤ੍ਰਿਯ ਅਤਿ ਪ੍ਰਿਯ ਜੋ ਜਾਨ ਨਰ; ਕਰਤ ਪ੍ਰੀਤਿ ਅਧਿਕਾਇ ॥

ਹੇ ਸਿੱਖ! ਜੋ = ਜਿਹੜਾ ਨਰ = ਮਨੁੱਖ ਤ੍ਰਿਯ = ਇਸਤ੍ਰੀ ਨੂੰ ਅਤਿ = ਅਤਿਅੰਤ ਪ੍ਰਿਯ = ਪਿਆਰੀ ਜਾਨ = ਜਾਣ, ਸਮਝ ਕਰਕੇ ਅਧਿਕਾਇ = ਬਹੁਤ ਪ੍ਰੀਤਿ = ਪ੍ਰੀਤੀ, ਸਨੇਹ ਕਰਤ = ਕਰਦਾ ਹੈ।

## ਤੇ ਸਠ ਅਤਿ ਮਤਿ ਮੰਦ ਜਗ; ਬ੍ਰਿਥਾ ਧਰੀ ਨਰ ਕਾਂਇ ॥੪॥

ਤੇ = ਉਹ ਮਨੁੱਖ ਇਸ ਜਗ = ਸੰਸਾਰ ਵਿਚ ਅਤਿ = ਅਤਿਅੰਤ ਸਠ = ਮੂਰਖ ਤੇ ਮੰਦ = ਭੈੜੀ ਮਤਿ = ਅਕਲ ਵਾਲਾ ਹੈ, ਉਸਨੇ ਨਰ = ਮਨੁੱਖ ਕਾਂਇ = ਦੇਹੀ ਬ੍ਰਿਥਾ = ਵਿਅਰਥ ਹੀ ਧਰੀ = ਧਾਰਨ ਕੀਤੀ ਹੈ, ਭਾਵ ਇਹ ਮੁਕਤੀ ਦਾ ਸਾਧਨ ਮਨੁੱਖਾ ਸਰੀਰ ਵਿਅਰਥ ਗੁਆ ਲਿਆ ਹੈ ॥੪॥

## ਦੋਹਰਾ ॥

## ਅਸਥਿ ਮਾਸ ਅਰੁ ਰੁਧਿਰ ਤ੍ਵਚ; ਕਸਮਲ ਨਖ ਸਿਖ ਪੂਰਿ ॥

ਹੇ ਸਿੱਖ! ਜਿਸ ਇਸਤ੍ਰੀ ਦੇ ਸਰੀਰ ਨੂੰ ਦੇਖ ਕੇ ਮਨੁੱਖ ਦੇ ਮਨ ਵਿਚ ਕਾਮ ਵਾਸ਼ਨਾ ਜਾਗਦੀ ਹੈ, ਦੇਖ, ਉਸ ਇਸਤ੍ਰੀ ਵਿਚ ਹੈ ਕੀ? ਉਹ ਇਸਤ੍ਰੀ ਅਸਥਿ = ਹੱਡੀਆਂ, ਮਾਸ ਅਰੁ = ਅਤੇ ਰੁਧਿਰ = ਖ਼ੂਨ ਤੇ ਤ੍ਵਚ = ਚਮੜੀ ਦੇ ਸੁਮੇਲ ਤੋਂ ਬਣੀ ਹੈ, ਫੇਰ ਪੈਰਾਂ ਦੇ ਨਖ = ਨੌਂਹਾਂ ਤੋਂ ਲੈ ਕੇ ਸਿਰ ਦੀ ਸਿਖ = ਚੋਟੀ ਤਕ ਪੂਰਿ = ਪੂਰੀ ਕਸਮਲ = ਪਾਪਾਂ, ਵਿਕਾਰਾਂ ਨਾਲ ਭਰੀ ਹੋਈ ਹੈ।

## ਨਿਰਗੁਣ ਅਸੁਚ ਮਲੀਨ ਤਨ; ਤਯਾਗ ਆਗ ਜਯੋਂ ਦੂਰਿ ॥੫॥

ਨਿਰਗੁਣ = ਗੁਣਾਂ ਤੋਂ ਹੀਣੀ, ਅਸੁਚ = ਅਪਵਿੱਤ੍ਰ, ਮਲੀਨ ਤਨ = ਸਰੀਰ ਕਰਕੇ ਮੈਲੀ ਹੈ, ਇਸ ਲਈ ਹੇ ਸਿੱਖ! ਐਸੀ ਇਸਤ੍ਰੀ ਇਉਂ ਤਯਾਗ = ਛੱਡ ਦੇਣਾ ਕਰੋ ਜਯੋਂ = ਜਿਵੇਂ ਆਗ = ਅੱਗ ਤੋਂ ਦੂਰ ਹੋ ਜਾਈਦਾ ਹੈ, ਭਾਵ ਅੱਗ ਦੀ ਨਿਆਈਂ ਸਾੜਨ ਵਾਲੀ ਜਾਣ ਕੇ ਉਸਦਾ ਤਿਆਗ ਕਰ ॥੫॥

***ਨੋਟ:*** ਪਰਾਈ ਇਸਤ੍ਰੀ ਲਈ ਪੁਰਸ਼ ਨੂੰ ਤੇ ਪਰਾਏ ਪੁਰਸ਼ ਲਈ ਇਸਤ੍ਰੀ ਨੂੰ ਵਿਸ਼ਿਆਂ ਤੋਂ ਉਪਰਾਮ ਕਰਨ ਲਈ ਦ੍ਵੈਸ਼ ਦ੍ਰਿਸ਼ਟੀ ਦਾ ਕਥਨ ਕੀਤਾ ਹੈ, ਅਤੇ ਵਿਸ਼ਿਆਂ ਤੋਂ ਉਪਰਾਮ ਕਰਨ ਲਈ ਸਮੁੱਚੇ ਰੂਪ ਕਥਨ ਕੀਤਾ ਹੈ।

## ਦੋਹਰਾ ॥ ਅਹਿ ਬਿਖ ਤਨ ਕਾਟੈ ਚਢੈ; ਯਹ ਚਿਤਵਤ ਚਢਿ ਜਾਇ ॥

ਹੇ ਸਿੱਖ! ਅਹਿ = ਸੱਪ ਦੀ ਬਿਖ = ਜ਼ਹਿਰ ਸੱਪ ਦੁਆਰਾ ਤਨ = ਸਰੀਰ ਨੂੰ ਕਾਟੈ = ਕੱਟਣ ਨਾਲ ਚਢੈ = ਚੜ੍ਹਦੀ ਹੈ, ਪਰ ਇਹ ਕਾਮ ਰੂਪੀ ਜ਼ਹਿਰ ਇਸਤ੍ਰੀ ਦੇ ਚਿਤਵਤ = ਚਿੰਤਨ, ਯਾਦ ਕਰਨ ਨਾਲ ਹੀ ਚਢਿ = ਚੜ੍ਹ ਜਾਇ = ਜਾਂਦੀ ਹੈ।

## ਗਯਾਨ ਧਯਾਨ ਪੁਨ ਪ੍ਰਾਨ ਹੂੰ; ਲੇਤ ਮੂਲ ਜੁਤ ਖਾਇ ॥੬॥

ਫੇਰ ਇਸਤ੍ਰੀ ਦੀ ਚਿਤਵਨੀ ਮਨੁੱਖ ਦੇ ਪੜ੍ਹੇ ਸ਼ਾਸਤ੍ਰ ਗਿਆਨ, ਧਿਆਨ ਪੁਨ = ਫੇਰ ਪ੍ਰਾਨ = ਸ੍ਵਾਸਾਂ ਹੂੰ = ਨੂੰ ਮੂਲ = ਮੁੱਢ ਭਾਵ ਪੁੰਨਾਂ ਦੇ ਜੁਤ = ਸਮੇਤ ਹੀ ਖਾਇ = ਖਾ ਲੇਤ = ਲੈਂਦੀ ਹੈ, ਭਾਵ ਕਾਮੀ ਮਨੁੱਖ ਦਾ ਕੋਈ ਗਿਆਨ ਧਿਆਨ ਨਹੀਂ ਰਹਿੰਦਾ, ਵੱਡੇ-ਵੱਡੇ ਗਿਆਨਵਾਨ ਤੇ ਧਿਆਨ ਲਾਉਣ ਵਾਲੇ ਸਭ ਕਾਮ ਨੇ ਪਲੀਤ ਕੀਤੇ ਹਨ, ਫੇਰ ਇਸਤ੍ਰੀ ਦੇ ਚੱਕਰ ਵਿਚ ਕਈ ਵਾਰ ਪੁਰਸ਼ ਆਪਣੇ ਪ੍ਰਾਣ ਹੀ ਗਵਾ ਬੈਠਦਾ ਹੈ ॥੬॥

## ਦੋਹਰਾ ॥ ਮੈਥਨ ਅਸਟ ਪ੍ਰਕਾਰ ਜੋ; ਅਨਾਥ ਕਹਯੋ ਸ੍ਰੁਤਿ ਮਾਂਹਿ ॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਮੈਥਨ = ਕਾਮ ਅਸਟ = ਅੱਠ ਪ੍ਰਕਾਰ = ਕਿਸਮਾਂ ਦਾ ਹੈ ਜੋ ਸ੍ਰੁਤਿ = ਸੁਰਤੀਆਂ ਦੇ ਮਾਹਿ = ਵਿਚ ਵੀ ਕਹਯੋ = ਕਥਨ ਕੀਤਾ ਹੈ **ਵਾ:** ਸੁਰਤੀਆਂ ਵਿਚ ਦੇਖ ਕਰਕੇ ਕਿਹਾ ਹੈ।

## ਇਨ ਤੇ ਨਿਜ ਬਿਪ੍ਰੀਤ ਜੋ; ਬ੍ਰਹਮਚਰਜ ਕਹਿ ਤਾਹਿ ॥੭॥

ਇਨ੍ਹਾਂ ਅੱਠ ਪ੍ਰਕਾਰ ਦੇ ਕਾਮ ਤੇ = ਤੋਂ ਜੋ = ਜਿਹੜਾ ਨਿਜ = ਆਪ ਬਿਪ੍ਰੀਤਿ = ਉਲਟ ਚੱਲਦਾ ਹੈ, ਭਾਵ ਅੱਠ ਪ੍ਰਕਾਰ ਦੇ ਕਾਮ ਨੂੰ ਕਾਬੂ ਵਿਚ ਰੱਖਦਾ ਹੈ, ਤਾਹਿ = ਤਿਸ ਨੂੰ ਬ੍ਰਹਮਚਰਜ = ਬ੍ਰਹਮਚਾਰੀ ਕਹਿ = ਕਿਹਾ ਜਾਂਦਾ ਹੈ ॥੭॥

ਅੱਗੇ ਅੱਠੇ ਪ੍ਰਕਾਰ ਦਾ ਕਾਮ ਕਥਨ ਕਰਦੇ ਹਨ:

## ਦੋਹਰਾ ॥ ਸ੍ਰਵਨ ਸਿਮਰਣ ਔ ਕੀਰਤਨ; ਚਿਤਵਨ ਬਾਤ ਇਕੰਤ ॥

੧. ਸ੍ਰਵਨ = ਇਸਤ੍ਰੀ ਦੀਆਂ ਗੱਲਾਂ ਸੁਣਨੀਆਂ, ੨. ਸਿਮਰਣ = ਇਸਤ੍ਰੀ ਦੇ ਸੁੰਦਰ ਸਰੂਪ ਨੂੰ ਚੇਤੇ ਕਰਦੇ ਰਹਿਣਾ, ਔ = ਅਤੇ, ੩. ਕੀਰਤਨ = ਇਸਤ੍ਰੀ ਦੀ ਵਡਿਆਈ ਕਰਨੀ, ੪. ਚਿਤਵਨ = ਇਸਤ੍ਰੀ ਵੱਲ ਦੇਖਦੇ ਰਹਿਣਾ, ੫. ਇਕੰਤ = ਇਕਾਂਤ ਥਾਂ 'ਤੇ ਬੈਠ ਕੇ ਇਸਤ੍ਰੀ ਨਾਲ ਬਾਤ = ਗੱਲਾਂ ਕਰਨੀਆਂ।

## ਦ੍ਰਿੜ੍ਹ ਸੰਕਲਪ ਪ੍ਰਯਤਨ ਤਨ; ਪ੍ਰਾਪਤਿ ਅਸਟ ਕਹੰਤ ॥੮॥

੬. ਦ੍ਰਿੜ੍ਹ ਸੰਕਲਪ = ਇਸਤ੍ਰੀ ਨੂੰ ਪ੍ਰਾਪਤ ਕਰਨ ਦਾ ਪੱਕਾ ਇਰਾਦਾ ਕਰਨਾ, ੭. ਤਨ = ਸਰੀਰ ਕਰਕੇ ਇਸਤ੍ਰੀ ਨੂੰ ਪ੍ਰਾਪਤ ਕਰਨ ਲਈ ਪ੍ਰਯਤਨ = ਯਤਨ, ਢੰਗ ਤਰੀਕਾ ਕਰਨਾ, ੮. ਪ੍ਰਾਪਤਿ = ਇਸਤ੍ਰੀ ਪ੍ਰਾਪਤ ਕਰਕੇ ਉਸ ਨਾਲ ਸੰਬੰਧ ਬਣਾਉਣਾ, ਇਹ ਅਸਟ = ਅੱਠ ਪ੍ਰਕਾਰ ਦਾ ਕਾਮ ਕਹੰਤ = ਕਥਨ ਕੀਤਾ ਹੈ ॥੮॥

ਇਸ ਪ੍ਰਕਾਰ ਕਰਕੇ ਇਸਤਰੀ ਦੂਖਨ ਰੂਪ ਹੈ, ਹੁਣ ਅੱਗੇ ਪੁੱਤ੍ਰ ਨੂੰ ਦੂਖਨ ਰੂਪ ਕਥਨ ਕਰਦੇ ਹਨ:

## ਦੋਹਰਾ ॥ ਸੁਤ ਮੀਠੀ ਬਾਤੈਂ ਕਰੈ; ਮਨੋ ਮੋਹਨੀ ਮੰਤ ॥

ਹੇ ਸਿੱਖ! ਜੋ ਸੁਤ = ਪੁੱਤਰ ਮੀਠੀ = ਮਿੱਠੀਆ-ਪਿਆਰੀਆਂ, ਤੋਤਲੀਆਂ ਜਿਹੀਆਂ ਬਾਤੈ = ਗੱਲਾਂ ਕਰੈ = ਕਰਦਾ ਹੈ, ਉਹ ਮਨੋ = ਮਾਨੋ ਕਿ ਮੋਹਨੀ ਮੰਤ = ਮਨ ਨੂੰ ਵੱਸ ਕਰ ਲੈਣ ਵਾਲਾ ਮੰਤ੍ਰ, ਟੂਣਾ ਹੈ।

## ਸੁਨਿ ਸੁਨਿ ਆਨੰਦ ਪਾਵਹੀ; ਬਸ ਹੋਤ ਜਗਿ ਜੰਤ ॥੯॥

ਉਨ੍ਹਾਂ ਤੋਤਲੀਆਂ ਗੱਲਾਂ ਨੂੰ ਵਾਰ-ਵਾਰ ਸੁਨਿ ਸੁਨਿ = ਸ੍ਰਵਣ ਕਰ ਕਰਕੇ ਆਨੰਦ = ਖ਼ੁਸ਼ੀ ਪਾਵਹੀ = ਪਾਉਣਾ ਕਰਦੇ ਹਨ ਅਤੇ ਜਗਿ = ਸੰਸਾਰ ਦੇ ਜੰਤ = ਜੀਵ ਉਸਦੇ ਮੋਹ ਦੇ ਬਸ = ਅਧੀਨ ਹੋਤ = ਹੋ ਰਹੇ ਹਨ ॥੯॥

## ਦੋਹਰਾ ॥ ਕਾਜ ਅਕਾਜ ਲਹਯੋ ਨਹੀਂ; ਗਹਯੋ ਮੋਹ ਦ੍ਰਿੜ੍ਹ ਬੰਧ ॥

ਮੂਰਖ ਮਨੁੱਖਾਂ ਨੇ ਕਾਜ ਅਕਾਜ = ਚੰਗਾ ਮੰਦਾ ਕੰਮ ਲਹਯੋ = ਜਾਣਿਆ ਨਹੀਂ, ਭਾਵ ਕਿ ਕਿਸ ਕੰਮ ਨਾਲ ਮੁਕਤੀ ਮਿਲਦੀ ਹੈ ਅਤੇ ਕਿਸ ਕੰਮ ਨਾਲ ਬੰਧਨ ਪੈਂਦੇ ਹਨ ਸਗੋਂ ਮੋਹ ਦੇ ਦ੍ਰਿੜ੍ਹ = ਪੱਕੇ ਬੰਧ = ਬੰਧਨਾਂ ਵਿਚ ਗਹਯੋ = ਪਕੜਿਆ ਗਿਆ।

## ਸੁ ਗੁਰੁ ਖੋਜ ਮਗੁ ਨ ਚਹਯੋ; ਵਹਯੋ ਸਿੰਧ ਮਤਿ ਅੰਧ ॥੧੦॥

ਸੋ ਮੂਰਖ ਮਨੁੱਖਾਂ ਨੇ ਸੁ = ਸ੍ਰੇਸ਼ਟ ਗੁਰੂ ਨੂੰ ਖੋਜ = ਲੱਭ ਕੇ ਆਪਣੀ ਕਲਿਆਣ, ਗਿਆਨ ਦਾ ਮਗੁ = ਮਾਰਗ ਚਹਯੋ = ਚਾਹਣਾ ਨਾ ਕੀਤਾ, ਸਗੋਂ ਅੰਧ = ਅੰਨ੍ਹੀ ਮਤਿ = ਅਕਲ ਵਾਲੇ ਇਸ ਸੰਸਾਰ-ਸਮੁੰਦਰ ਦੇ ਵਿਚ ਹੀ ਵਹਯੋ = ਵਹਿ ਗਏ ॥੧੦॥

ਪੁੱਤ੍ਰ ਨੂੰ ਦੁੱਖ ਰੂਪ ਕਥਨ ਕਰਕੇ ਹੁਣ ਅੱਗੇ ਘਰ ਨੂੰ ਵੀ ਬੰਧਨ ਰੂਪ ਦਿਖਾਉਂਦੇ ਹਨ:

## ਸੋਰਠਾ ॥

## ਅੰਧ ਕੂਪ ਸਮ ਗ੍ਰੇਹ; ਪਚਯੋ ਨ ਜਾਨਯੋ ਮਰਮ ਸਠ ॥

ਹੇ ਸਿੱਖ! ਗ੍ਰੇਹ = ਘਰ ਤਾਂ ਅੰਧ ਕੂਪ = ਪਾਣੀ ਤੇ ਪੌਣ ਤੋਂ ਬਿਨਾਂ ਬਹੁਤ ਡੂੰਘੇ ਅੰਨ੍ਹੇ ਖੂਹ ਦੀ ਨਿਆਈਂ ਹੈ, ਸਠ = ਮੂਰਖ ਮਨੁੱਖ ਐਸੇ ਘਰ ਰੂਪੀ ਅੰਨ੍ਹੇ ਖੂਹ ਦੇ ਮੋਹ ਵਿਚ ਪਚਯੋ = ਫਸਿਆ ਪਿਆ ਹੈ ਪਰ ਇਸਨੇ ਇਸ ਤੋਂ ਨਿਕਲਣ, ਮੁਕਤ ਹੋਣ ਦਾ ਮਰਮ = ਭੇਦ ਨਹੀਂ ਜਾਨਯੋ = ਜਾਨਣਾ ਕੀਤਾ।

## ਬੰਧਯੋ ਸੁ ਪਸੁ ਵਤ ਨੇਹ; ਸੁਤ ਤ੍ਰਿਯ ਕ੍ਰੀੜਾ ਮ੍ਰਿਗ ਭਯੋ ॥੧੧॥

ਇਹ ਮੂਰਖ ਮਨੁੱਖ ਪਸੁ = ਪਸ਼ੂਆਂ ਦੇ ਵਤ = ਸਮਾਨ ਪਰਿਵਾਰ ਦੇ ਨੇਹ = ਮੋਹ ਰੂਪ ਰੱਸੇ ਨਾਲ ਬੰਧਯੋ = ਬੱਝਾ ਹੋਇਆ ਹੈ ਅਤੇ ਆਪਣੇ ਸੁਤ = ਪੁੱਤਰ, ਤ੍ਰਿਯ = ਇਸਤ੍ਰੀ ਆਦਿ ਨਾਲ ਕ੍ਰੀੜਾ = ਖੇਡਾਂ ਵਿਚ ਮ੍ਰਿਗ = ਹਿਰਨ ਵਾਂਗ ਮਸਤ ਭਯੋ = ਹੋਇਆ ਪਿਆ ਹੈ ॥੧੧॥

## ਦੋਹਰਾ ॥ ਦ੍ਰਬ ਦੁਖਦ ਤਿਹੁ ਭਾਂਤਿ; ਯਹਿ ਸੰਪਤਿ ਮਾਨਤ ਕੂਰ ॥

ਹੇ ਸਿੱਖ! ਇਹ ਦ੍ਰਬ = ਧਨ ਵੀ ਤਿਹੁ = ਉਨ੍ਹਾਂ ਤਿੰਨਾਂ (ਇਸਤ੍ਰੀ, ਪੁੱਤਰ ਤੇ ਘਰ) ਦੀ ਭਾਂਤਿ = ਤਰ੍ਹਾਂ ਦੁਖਦ = ਦੁੱਖ ਰੂਪ ਹੀ ਹੈ **ਵਾ:** ਇਹ ਧਨ ਤਿਹੁ = ਤਿੰਨ ਭਾਂਤਿ = ਤਰੀਕਿਆਂ ਕਰਕੇ ਦੁਖਦ = ਦੁੱਖ ਰੂਪ ਹੀ ਹੈ (ਉਹ ਤਿੰਨ ਤਰੀਕੇ ਅਗਲੇ ਦੋਹਰੇ ਵਿਚ ਕਥਨ ਕੀਤੇ ਹਨ) ਪਰ ਕੂਰ = ਝੂਠਾ ਮਨੁੱਖ ਇਸ ਧਨ ਨੂੰ ਹੀ ਆਪਣੀ ਸਾਰੀ ਸੰਪਤਿ = ਬਿਭੂਤੀ ਮਾਨਤ = ਮੰਨੀ ਬੈਠਾ ਹੈ **ਵਾ:** ਜੋ ਇਸ ਸੰਪਦਾ ਨੂੰ ਆਪਣੀ ਮੰਨਦਾ ਹੈ, ਉਹ ਮਨੁੱਖ ਝੂਠਾ ਸਮਝਣਾ ਚਾਹੀਦਾ ਹੈ **ਵਾ:** ਇਹ ਸੰਪਦਾ ਕੂਰ = ਝੂਠੀ ਭਾਵ ਨਾਸ਼ਵਾਨ ਹੈ ਪਰ ਮਨੁੱਖ ਇਸਦੇ ਲਾਲਚ ਵਿਚ ਇਸਨੂੰ ਹੀ ਆਪਣਾ ਸਭ ਕੁਝ ਮੰਨੀ ਬੈਠਾ ਹੈ।

## ਬਿਸਰਯੋ ਆਤਮ ਗਯਾਨ ਧਨੁ; ਸਭ ਸੁਖ ਸੰਪਤਿ ਮੂਰ ॥੧੨॥

ਇਸ ਝੂਠੀ ਮਾਇਆ ਦੇ ਲਾਲਚ ਕਾਰਨ ਮਨੁੱਖ ਨੂੰ ਆਤਮ = ਨਿਜ ਸਰੂਪ ਦਾ ਗਿਆਨ ਰੂਪੀ ਅਸਲੀ ਧਨ ਬਿਸਰਯੋ = ਭੁੱਲ ਗਿਆ ਹੈ, ਜੋ ਆਤਮ ਗਿਆਨ ਰੂਪੀ ਧਨ ਸਭ = ਸਾਰੇ ਸੁੱਖਾਂ ਅਤੇ ਸੰਪਤਿ = ਬਿਭੂਤੀ ਦਾ ਮੂਰ = ਮੁੱਢ ਸੀ **ਵਾ:** ਸਾਰੇ ਸੁਖ ਭਾਵ ਬ੍ਰਹਮ ਅਤੇ ਸੰਪਤੀ ਭਾਵ ਉਸ ਦੀ ਪ੍ਰਾਪਤੀ ਦਾ ਮੂਲ ਕਾਰਨ

ਆਤਮ ਗਿਆਨ ਰੂਪੀ ਧਨ ਹੀ ਹੈ, ਪਰ ਝੂਠੀ ਮਾਇਆ ਦੇ ਲਾਲਚ ਵਿਚ ਲੱਗ ਕੇ ਮਨੁੱਖ ਨੇ ਉਹ ਭੁਲਾ ਦਿੱਤਾ ਹੈ॥੧੨॥ ਜੈਸਾ ਕਿ :

**ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ॥੧॥ਰਹਾਉ॥**

*(ਰਾਗੁ ਆਸਾ, ਭਗਤ ਨਾਮਦੇਵ ਜੀ, ਅੰਗ ੪੮੬)*

ਅੱਗੇ ਧਨ ਨੂੰ ਤਿੰਨ ਤਰੀਕਿਆਂ ਕਰਕੇ ਦੁੱਖ ਰੂਪ ਕਥਨ ਕਰਦੇ ਹਨ :

## ਦੋਹਰਾ॥ ਬਹੁਤ ਜਤਨ[੧] ਪ੍ਰਾਨੀ ਕਰੈ; ਅਤਿ ਕਲੇਸਤਾ ਹੇਤ॥

ਹੇ ਸਿੱਖ! ਇਹ ਦੁਨਿਆਵੀ ਧਨ ਤਿੰਨਾਂ ਤਰੀਕਿਆ ਕਰਕੇ ਦੁੱਖ ਰੂਪ ਹੈ, ਪਹਿਲਾਂ ਇਸ ਧਨ ਦੀ ਪ੍ਰਾਪਤੀ ਲਈ ਪ੍ਰਾਨੀ = ਮਨੁੱਖ ਬਹੁਤ = ਬਿਅੰਤ ਜਤਨ = ਉੱਦਮ, ਉਪਰਾਲੇ ਕਰੈ = ਕਰਦਾ ਹੈ, ਜੋ ਅਤਿ = ਅਤਿਅੰਤ ਕਲੇਸਤਾ = ਦੁੱਖਾਂ ਦਾ ਹੇਤੁ = ਕਾਰਣ ਹਨ। ਇਸ ਪ੍ਰਕਾਰ ਇਹ ਧਨ ਪ੍ਰਾਪਤੀ ਕਾਲ ਦੇ ਵਿਚ ਬਹੁਤ ਦੁੱਖ ਰੂਪ ਹੈ।

## ਜੁਰੈ ਤਾਂ ਰਛਾ ਨਿਪਟ ਦੁਖ; ਜਾਇ ਤ ਪ੍ਰਾਨ ਸਮੇਤ॥੧੩॥

ਜੇਕਰ ਕਿਤੇ ਪੁੰਨ ਕਰਮਾਂ ਕਰਕੇ ਇਹ ਧਨ ਜੁਰੈ = ਜੁੜ ਜਾਵੇ, ਪ੍ਰਾਪਤ ਹੋ ਜਾਵੇ ਤਾਂ = ਤਦ ਇਸ ਧਨ ਦੀ ਰਛਾ = ਰੱਖਿਆ ਲਈ ਨਿਪਟ = ਸਮੂਹ, ਕੇਵਲ ਦੁੱਖ ਹੀ ਦੁੱਖ ਪ੍ਰਾਪਤ ਹੁੰਦੇ ਹਨ, ਭਾਵ ਉਸ ਧਨ ਨੂੰ ਲੋਕਾਂ ਤੋਂ ਲੁਕੋ ਕੇ ਸਾਂਭ-ਸਾਂਭ ਕੇ ਰੱਖਦਾ ਹੈ ਅਤੇ ਸਦਾ ਡਰ ਲੱਗਿਆ ਰਹਿੰਦਾ ਹੈ ਕਿ ਇਸ ਧਨ ਦਾ ਪਤਾ ਲੱਗਣ ਤੋਂ ਕਿਤੇ ਰਾਜਾ ਕੋਈ ਕਰ (ਟੈਕਸ) ਨਾ ਲਗਾ ਦੇਵੇ, ਜਾਂ ਇਸ ਧਨ ਨੂੰ ਕਿਤੇ ਅੱਗ ਨਾ ਲੱਗ ਜਾਵੇ ਜਾਂ ਕੋਈ ਚੋਰ ਚੋਰੀ ਕਰਕੇ ਨਾ ਲੈ ਜਾਵੇ, ਇਉਂ ਇਸਦੀ ਰੱਖਿਆ ਕਰਨ ਵਿਚ ਮਨੁੱਖ ਕਈ ਦੁੱਖ ਝੱਲਦਾ ਹੈ।

ਫੇਰ ਜਦੋਂ ਇਹ ਜਾਇ = ਜਾਂਦਾ ਹੈ, ਭਾਵ ਜਾਂ ਰਾਜਾ ਕਰ (ਟੈਕਸ) ਲਗਾ ਕੇ ਲੈ ਗਿਆ, ਜਾਂ ਚੋਰ ਚੋਰੀ ਕਰ ਲੈ ਗਿਆ ਜਾਂ ਅੱਗ ਨਾਲ ਭਸਮ ਹੋ ਗਿਆ ਜਾਂ ਕਿਸੇ ਹੋਰ ਕਾਰਨ ਨਾਲ ਧਨ ਨਾਸ਼ ਹੁੰਦਾ ਹੈ ਤ = ਤਾਂ ਕਈ ਵਾਰ ਇਹ ਮਨੁੱਖ ਦੇ ਪ੍ਰਾਣਾਂ ਦੇ ਸਮੇਤ ਹੀ ਜਾਂਦਾ ਹੈ, ਭਾਵ ਮਨੁੱਖ ਧਨ ਦੇ ਵਿਯੋਗ ਵਿਚ ਹੀ ਮਰ ਜਾਂਦਾ ਹੈ **ਵਾ:** ਜਦੋਂ ਇਹ ਧਨ ਜਾਂਦਾ ਹੈ ਤਾਂ ਪ੍ਰਾਣਾਂ ਦੇ ਵਿਯੋਗ ਦੇ ਸਮਾਨ ਦੁੱਖ ਪ੍ਰਾਪਤ ਹੁੰਦਾ ਹੈ। ਜੈਸਾ ਕਿ :

**ਨਰਾਜ ਛੰਦ॥ ਤ੍ਰਿਕਾਲ ਦ੍ਰਵਯ ਦੁਖ ਮਯ ਉਪਾਇ ਰਖ ਅੰਤ ਮੈਂ।**
**ਨਿਦਾਨ ਹੈ ਵਿਰੋਧ ਕੋ ਸੁ ਤਾਤ ਮਾਤ ਜੰਤ ਮੈਂ॥.....॥੧੨॥** *(ਸਾਰੁਕਤਾਵਲੀ, ਅਧਿ: ੮)*

**ਵਾ: ਸੰਚਨਿ ਪਾਲਨਿ ਨਾਸ ਮਝਾਰ ਦੁਖ ਦਾਯਕ ਧਨ ਕੋ ਨਿਰਧਾਰ।**

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੧, ਅੰਸੂ ੧੯)*

## ਦੋਹਰਾ॥ ਤਾਂ ਤੇ ਇਨ ਕੋ ਸੰਗੁ ਤੂੰ; ਛਾਡ, ਕੁਸਲ ਜੀਅ ਜਾਨਿ॥

ਹੇ ਸਿੱਖ! ਤਾਂ ਤੇ = ਤਿਸ ਵਾਸਤੇ ਤੂੰ ਇਨ੍ਹਾਂ (ਇਸਤ੍ਰੀ, ਪੁੱਤ੍ਰ, ਘਰ ਤੇ ਧਨ) ਦਾ ਸੰਗੁ = ਸਾਥ ਛਾਡ = ਛੱਡ ਕਰਕੇ ਹੀ ਆਪਣੇ ਜੀਅ = ਹਿਰਦੇ ਵਿਚ ਕੁਸਲ = ਸੁਖ, ਕਲਿਆਣ ਜਾਨਿ = ਜਾਨਣਾ ਕਰ। ਭਾਵੇਂ ਸੁਖ ਆਪਣੇ ਇਸ਼ਟ ਦੀ ਪ੍ਰਾਪਤੀ ਵਿਚ ਹੀ ਹੈ, ਪਰ ਅਨਿਸ਼ਟ ਦੀ ਨਵਿਰਤੀ ਕਰਕੇ ਵੀ ਸੁਖ ਪ੍ਰਾਪਤ ਹੋ ਜਾਂਦਾ ਹੈ।

---

੧. ਪਾਠਾਂਤ੍ਰ : 'ਬਹੁ ਉੱਦਮ'।

ਇਸ ਗੱਲ ਨੂੰ ਸਪੱਸ਼ਟ ਕਰਨ ਲਈ ਅੱਗੇ ਦ੍ਰਿਸ਼ਟਾਂਤ ਕਥਨ ਕਰਦੇ ਹਨ :

## ਮਾਨੋ ਬਿਖ ਤੇ ਸਰਪ ਤੇ; ਠਗ ਤੇ ਛੁਟਯੋ ਨਿਦਾਨ ॥੧੪॥

ਮਾਨੋ ਕੋਈ ਮਨੁੱਖ ਬਿਖ = ਜ਼ਹਿਰ ਤੇ = ਤੋਂ, ਸਰਪ = ਸੱਪ ਤੇ = ਤੋਂ ਅਤੇ ਕਿਸੇ ਠਗ ਤੇ = ਤੋਂ ਨਿਦਾਨ = ਅੰਤ ਵੇਲੇ ਛੁਟਯੋ = ਛੁੱਟ ਗਿਆ ਹੋਵੇ, ਤਦ ਉਹ ਆਪਣੇ ਆਪ ਨੂੰ ਬਹੁਤ ਸੁਖੀ ਮੰਨਦਾ ਹੈ ਕਿ ਮੈਂ ਉਨ੍ਹਾਂ ਤੋਂ ਬਚ ਗਿਆ ਹਾਂ। ਤਿਵੇਂ ਹੀ ਇਸਤ੍ਰੀ, ਪੁੱਤ੍ਰ, ਧਨ, ਘਰ ਆਦਿ ਦੇ ਮੋਹ ਨੂੰ ਤਿਆਗ ਕੇ ਜਦੋਂ ਆਤਮ ਗਿਆਨ ਪ੍ਰਾਪਤ ਹੋ ਗਿਆ, ਤਦੋਂ ਤੂੰ ਆਪਣੇ ਆਪ ਨੂੰ ਬਹੁਤ ਸੁਖੀ ਮੰਨੇਗਾ ਅਤੇ ਵਿਚਾਰੇਂਗਾ ਕਿ ਮੈਂ ਇਨ੍ਹਾਂ ਦੇ ਮੋਹ ਤੋਂ ਬਚ ਗਿਆ ਹਾਂ॥੧੪॥

## ਦੋਹਰਾ॥ ਜਗਤ ਖੇਦ ਮਹਿ ਪਰਹਿ ਜਿਨ; ਕੇਵਲ ਦੁਖਤਾ ਮਾਹਿ॥

ਹੇ ਸਿੱਖ ! ਇਸ ਲਈ ਇਸ ਜਗਤ = ਸੰਸਾਰ ਦੇ ਖੇਦ = ਦੁੱਖ ਮਹਿ = ਵਿਚ ਜਿਨ = ਮਤਾਂ ਪਰਹਿ = ਪੈਣਾ ਕਰੋ, ਕਿਉਂਕਿ ਇਸ ਸੰਸਾਰ ਮਾਹਿ = ਵਿਚ ਕੇਵਲ = ਸਿਰਫ਼ ਦੁਖਤਾ = ਦੁੱਖ ਹੀ ਦੁੱਖ ਹਨ।

## ਸਤਿ ਕਹੂੰ ਸਤਿ ਕਹੂੰ ਸਤਿ ਕਹੂੰ; ਸੁਖ ਸੁਪਨੇ ਹੂੰ ਨਾਹਿ॥੧੫॥

ਕਵੀ ਜੀ ਕਥਨ ਕਰਦੇ ਹਨ ਕਿ ਮੈਂ ਮਨ ਕਰਕੇ ਸਤਿ = ਸੱਚ ਕਹੂੰ = ਕਹਿੰਦਾ ਹਾਂ, ਬਾਣੀ ਕਰਕੇ ਵੀ ਸਤਿ = ਸੱਚ ਕਹੂੰ = ਕਹਿੰਦਾ ਹਾਂ ਅਤੇ ਸਰੀਰ ਕਰਕੇ ਵੀ ਸਤਿ = ਸੱਚ ਕਹੂੰ = ਕਹਿੰਦਾ ਹਾਂ, ਤਿੰਨ ਵਾਰ ਕਹਿਣ ਤੋਂ ਭਾਵ ਪ੍ਰਤੱਗਿਆ, ਨਿਸ਼ਚੇ ਨਾਲ ਕਥਨ ਕਰਦਾ ਹਾਂ ਕਿ ਇਸ ਸੰਸਾਰ ਦੇ ਅੰਦਰ ਸੁਪਨੇ ਵਿਚ ਵੀ ਕੋਈ ਸੁਖ ਨਹੀਂ ਹੈ॥੧੫॥

## ਦੋਹਰਾ॥ ਜਗ ਸਮੁੰਦ੍ਰ ਆਸਕਤ ਜਲ; ਕਾਮਾਦਿਕ ਬਹੁ ਜੰਤ॥

ਹੇ ਸਿੱਖ! ਇਹ ਜਗ = ਸੰਸਾਰ ਸਮੁੰਦਰ ਦੀ ਨਿਆਈਂ ਹੈ, ਜਿਸ ਵਿਚ ਆਸਕਤ = ਮੋਹ ਦਾ ਜਲ = ਪਾਣੀ ਭਰਿਆ ਹੋਇਆ ਹੈ, ਜਿਵੇਂ ਸਮੁੰਦਰ ਵਿਚ ਬਹੁਤ ਸਾਰੇ ਜਲ ਜੰਤੂ ਹੁੰਦੇ ਹਨ ਤਿਵੇਂ (ਕਾਮ + ਆਦਿਕ) ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਰੂਪੀ ਬਹੁ = ਬਿਅੰਤ ਜੰਤ = ਜੀਵ ਹਨ।

## ਭਰਮ ਭਵਰ ਤਾ ਮੈ ਫਿਰੈ; ਦੁਖ ਸੁਖ ਲਹਰ ਅਨੰਤ॥੧੬॥

ਤਾ = ਤਿਸ ਸੰਸਾਰ-ਸਮੁੰਦਰ ਦੇ ਮੈ = ਵਿਚ ਭਰਮ ਰੂਪੀ ਭਵਰ = ਘੁੰਮਣਘੇਰੀ ਫਿਰੈ = ਫਿਰ ਰਹੀ ਹੈ ਅਤੇ ਫੇਰ ਦੁੱਖ-ਸੁਖ ਰੂਪ ਅਨੰਤ = ਬਿਅੰਤ ਲਹਰ = ਤਰੰਗਾਂ ਉੱਠ ਰਹੀਆਂ ਹਨ॥੧੬॥

## ਦੋਹਰਾ॥ ਚਿੰਤਾ ਬੜਵਾ ਅਗਨਿ ਜਿਹ; ਤ੍ਰਿਸਨਾ ਪ੍ਰਬਲ ਸਮੀਰ॥

ਹੇ ਸਿੱਖ! ਜਿਹ = ਜਿਸ ਸੰਸਾਰ-ਸਮੁੰਦਰ ਵਿਚ ਚਿੰਤਾ ਰੂਪੀ ਬੜਵਾ ਅਗਨਿ = ਅੱਗ ਬਲ ਰਹੀ ਹੈ, ਅਤੇ ਤ੍ਰਿਸ਼ਨਾ ਰੂਪੀ ਪ੍ਰਬਲ = ਵਿਸ਼ੇਸ਼ ਬਲ ਵਾਲੀ ਸਮੀਰ = ਹਵਾ ਚੱਲ ਰਹੀ ਹੈ।

## ਜਿਹ ਜਹਾਜ ਯਾ ਮੈ ਪਰਯੋ; ਤਿਹ ਕਿਮ ਧੀਰ ਸਰੀਰ॥੧੭॥

ਐਸੇ ਸਮੁੰਦਰ ਵਿਚ ਜਿਹ = ਜਿਸ ਦਾ ਬੁੱਧ ਰੂਪੀ ਜਹਾਜ਼ ਪਰਯੋ = ਪੈ ਗਿਆ, ਤਿਹ = ਤਿਸ ਦਾ ਸਰੀਰ ਕਿਮ = ਕਿਸ ਪ੍ਰਕਾਰ ਧੀਰ = ਧੀਰਜਤਾ ਨੂੰ ਪ੍ਰਾਪਤ ਹੋ ਸਕਦਾ ਹੈ ਭਾਵ ਜਿਵੇਂ ਪ੍ਰਤੱਖ ਸਮੁੰਦਰ ਦੀ ਲਪੇਟ

ਵਿਚ ਆਇਆ ਮਨੁੱਖ ਬਚ ਨਹੀਂ ਸਕਦਾ, ਤਿਵੇਂ ਸੰਸਾਰ ਰੂਪੀ ਸਮੁੰਦਰ ਦੀ ਲਪੇਟ ਵਿਚ ਆਇਆ ਮਨੁੱਖ ਵੀ ਬਚ ਨਹੀਂ ਸਕਦਾ॥੧੭॥

## ਦੋਹਰਾ॥ ਅਪਨੋ ਚਿਤ ਦਰਾਸ ਭਯੋ; ਪਰ ਅਵਗੁਨ ਦਰਸੰਤ॥

ਹੇ ਸਿੱਖ! ਜਿਸ ਦਾ ਆਪਣਾ ਚਿਤ ਦਰਾਸ = ਖੋਟਾ ਭਯੋ = ਹੋਇਆ ਹੋਵੇ, ਉਸ ਮਨੁੱਖ ਨੂੰ ਹੀ ਪਰ = ਪਰਾਇਆਂ ਲੋਕਾਂ ਵਿਚ ਅਵਗੁਨ = ਗੁਨਾਹ ਦਰਸੰਤ = ਦਿੱਖਦੇ ਹਨ।

## ਦ੍ਰਿਸ੍ਰ ਦੋਖ ਤੇ ਪ੍ਰਗਟ ਜਯੋਂ; ਬਿਬ ਸਸਿ ਗਗਨ ਲਹੰਤ॥੧੮॥

ਦ੍ਰਿਸ਼ਟਾਂਤ ਰੂਪ ਵਿਚ ਕਥਨ ਕਰਦੇ ਹਨ ਕਿ ਜਯੋਂ = ਜਿਵੇਂ ਦ੍ਰਿਸ੍ਰ = ਨਜ਼ਰ ਦੇ ਦੋਖ = ਦੋਸ਼ ਕਰਕੇ ਪ੍ਰਗਟ ਹੀ ਗਗਨ = ਅਕਾਸ਼ ਵਿਚ ਰਾਤ ਨੂੰ ਬਿਬ = ਦੋ ਸਸਿ = ਚੰਦ੍ਰਮਾ ਲਹੰਤ=ਲਖੀਦੇ, ਪ੍ਰਤੀਤ ਹੁੰਦੇ ਹਨ॥੧੮॥

## ਦੋਹਰਾ॥ ਤਾਂ ਤੇ ਤਨ ਅਭਿਮਾਨ ਤਜ; ਅਜਰ ਫਾਸਿ ਬਰ ਆਹਿ॥

ਹੇ ਸਿੱਖ! ਤਾਂ ਤੇ = ਤਿਸ ਵਾਸਤੇ ਤੂੰ ਆਪਣੇ ਅੰਦਰੋਂ ਆਪਣੇ ਮਿਥਿਆ ਤਨ = ਸਰੀਰ ਦਾ ਅਭਿਮਾਨ = ਹੰਕਾਰ ਤਜਿ = ਤਿਆਗਣਾ ਕਰ, ਕਿਉਂਕਿ ਇਹ ਹੰਕਾਰ ਰੂਪੀ ਫਾਸਿ = ਫਾਹੀ ਬਰ = ਬੜੀ ਅਜਰ = ਅਕਟ, ਕੱਟਣ ਤੋਂ ਰਹਿਤ ਆਹਿ = ਹੈ।

## ਗਯਾਨ ਲੋਪ ਸੰਸਾਰ ਕਰ; ਕਬਹੂੰ ਨ ਗਹੀਏ ਤਾਹਿ॥੧੯॥

ਬ੍ਰਹਮ ਗਿਆਨ ਦੇ ਨਾਲ ਸੰਸਾਰ ਨੂੰ ਲੋਪ = ਢੱਕ ਕਰ = ਕਰਕੇ ਕਬਹੂੰ = ਕਦੇ ਵੀ ਤਿਸ ਸੰਸਾਰ ਵਿੱਚ ਹੰਕਾਰ ਨੂੰ ਗਹੀਏ = ਗ੍ਰਹਿਣ ਨਾ ਕਰੀਏ॥੧੯॥

## ਦੋਹਰਾ॥ ਸੁਖ ਬ੍ਰਹਮਾ ਇੰਦ੍ਰਾਦਿ ਕੇ; ਸੁਆਨ ਵਿਸ਼ਟ ਵਤ ਤਯਾਗ॥

ਹੇ ਸਿੱਖ! ਆਤਮ ਗਿਆਨ ਦੀ ਪ੍ਰਾਪਤੀ ਲਈ ਬ੍ਰਹਮਾ = ਬ੍ਰਹਮ ਪੁਰੀ, ਸ਼ਿਵ ਪੁਰੀ, ਵਿਸ਼ਨ ਪੁਰੀ ਤੇ ਇੰਦ੍ਰ ਆਦਿ ਦੀ ਸੁਰਗ ਪੁਰੀ ਦੇ ਭੋਗ ਪਦਾਰਥਾਂ ਦੇ ਸੁਖ ਸੁਆਨ = ਕੁੱਤੇ ਦੀ ਵਿਸ਼ਟ = ਬਿਸਟਾ, ਗੰਦਗੀ ਦੇ ਵਤ = ਸਮਾਨ ਗੰਦੇ, ਨਿਰਸ ਜਾਣ ਕਰਕੇ ਤਯਾਗ = ਛੱਡ ਦੇਣਾ ਕਰ।

## ਨਾਮ ਮਾਤ੍ਰ ਸੁਖ ਅਵਨਿ ਕੇ; ਭੂਲ ਨ ਏ ਅਨੁਰਾਗ॥੨੦॥

ਫੇਰ ਜੋ ਇਸ ਅਵਨਿ = ਪ੍ਰਿਥਵੀ ਕੇ = ਦੇ ਨਾਮ ਮਾਤ੍ਰ ਭਾਵ ਤੁੱਛ ਜਿਹੇ ਸੁਖ ਹਨ, ਏ = ਇਨ੍ਹਾਂ ਨਾਲ ਭੂਲ = ਭੁੱਲ ਕਰਕੇ ਵੀ ਅਨੁਰਾਗ = ਪ੍ਰੇਮ ਨਾ ਕਰ, ਕਿਉਂਕਿ ਜਦੋਂ ਵੱਡੇ-ਵੱਡੇ ਦੇਵਤਿਆਂ ਦੀਆਂ ਪੁਰੀਆਂ ਦੇ ਭੋਗ ਨਿਕੰਮੇ ਤੇ ਤੁੱਛ ਹਨ ਫੇਰ ਇਸ ਧਰਤੀ ਦੇ ਭੋਗਾਂ ਵਿਚ ਕਿਹੜਾ ਕੋਈ ਰਸ, ਸੁਖ ਹੋਵੇਗਾ, ਭਾਵ ਸੰਸਾਰ ਦੇ ਭੋਗਾਂ ਵਿਚ ਕੋਈ ਸੁਖ ਨਹੀਂ ਹੈ।

***ਪ੍ਰਸ਼ਨ :*** *ਜੇਕਰ ਵਿਸ਼ਿਆਂ ਵਿਚ ਸੁਖ ਨਹੀਂ ਹੈ, ਤਾਂ ਫੇਰ ਇਨ੍ਹਾਂ ਵਿਸ਼ਿਆਂ ਵਿਚ ਮਨੁੱਖਾਂ ਦੀ ਪ੍ਰਵਿਰਤੀ ਕਿਉਂ ਹੁੰਦੀ ਹੈ?*

***ਉੱਤਰ :*** ਇਹ ਸ਼ੰਕਾ ਦੀਰਘ ਵਿਚਾਰ ਤੋਂ ਬਿਨਾਂ ਹੋਣ ਕਰਕੇ ਹੁੰਦੀ ਹੈ ਅਤੇ ਪ੍ਰਵਿਰਤੀ ਦੇ ਨਾਲ ਸੁਖ ਨਹੀਂ ਬਲਕਿ ਕਲੇਸ਼ ਹੀ ਹੁੰਦਾ ਹੈ। ਇਸ ਗੱਲ ਨੂੰ ਸਪੱਸ਼ਟ ਕਰਨ ਲਈ ਅੱਗੇ ਤਿੰਨ ਦੋਹਰਿਆਂ ਵਿਚ ਦ੍ਰਿਸ਼ਟਾਂਤ ਕਥਨ ਕਰਦੇ ਹਨ।

## ਦੋਹਰਾ ॥ ਧਾਯੋ ਚਾਤ੍ਰਿਕ ਧੂਮ ਲਹਿ; ਸ੍ਵਾਂਤਿ ਬੂੰਦ ਕੋ ਮਾਨ ॥

ਜਿਵੇਂ ਕੋਈ ਚਾਤ੍ਰਿਕ = ਬਬੀਹਾ ਦੂਰ ਤੋਂ ਧੂਮ = ਧੂੰਏ ਦੇ ਬੱਦਲਾਂ ਨੂੰ ਆਇਆ ਲਹਿ = ਜਾਣ ਕੇ ਉਸ ਵਿਚ ਮੇਘ ਬੁੱਧੀ ਨਿਸ਼ਚੇ ਕਰਕੇ ਧਾਏ = ਦੌੜਦਾ ਹੈ ਅਤੇ ਆਪਣੀ ਪਿਆਸ ਬੁਝਾਉਣ ਵਾਲੀ ਸ੍ਵਾਂਤਿ = ਸ੍ਵਾਂਤੀ ਬੂੰਦ ਕੋ = ਨੂੰ ਮਾਨ = ਮੰਨ ਕਰਕੇ ਧੂੰਏ ਦੇ ਬੱਦਲਾਂ ਵਿਚ ਚਲਾ ਜਾਂਦਾ ਹੈ।

## ਮੂਰਖ ਪਰਯੋ ਬਿਚਾਰ ਬਿਨ; ਭਈ ਦ੍ਰਿਗਨ ਕੀ ਹਾਨਿ ॥੨੧॥

ਪਰ ਉਹ ਮੂਰਖ = ਬੇਸਮਝ ਬਬੀਹਾ ਬੱਦਲਾਂ ਦੀ ਵਿਚਾਰ ਤੋਂ ਬਿਨ = ਬਗ਼ੈਰ ਧੂੰਏ ਦੇ ਵਿਚ ਪਰਜੋ = ਪ੍ਰਵੇਸ਼ ਹੋ ਗਿਆ, ਜਿਸ ਕਾਰਨ ਉਸ ਨੂੰ ਸ੍ਵਾਂਤੀ ਬੂੰਦ ਦੀ ਪ੍ਰਾਪਤੀ ਰੂਪ ਕੋਈ ਲਾਭ ਨਹੀਂ ਹੋਇਆ, ਸਗੋਂ ਉਸਦੇ ਦ੍ਰਿਗਨ = ਨੇਤ੍ਰਾਂ ਕੀ = ਦੀ ਵੀ ਹਾਨਿ = ਹਾਨੀ ਭਈ = ਹੋ ਗਈ, ਭਾਵ ਧੂੰਏ ਨਾਲ ਬਬੀਹੇ ਦੀਆਂ ਅੱਖਾਂ ਖ਼ਰਾਬ ਹੋ ਜਾਂਦੀਆਂ ਹਨ ॥੨੧॥

## ਦੋਹਰਾ ॥

## ਨਾਰਿ ਪਰਾਈ ਸ੍ਵਪਨ ਮੈਂ; ਭੁਗਤੀ ਅਤਿ ਸੁਖ ਪਾਇ ॥

ਜਿਵੇਂ ਕਿਸੇ ਵਿਚਾਰਹੀਨ ਮਨੁੱਖ ਨੇ ਸ੍ਵਪਨ = ਸੁਪਨੇ ਦੇ ਮੈ = ਵਿਚ ਪਰਾਈ = ਬਿਗਾਨੀ ਨਾਰਿ = ਇਸਤ੍ਰੀ ਅਤਿ = ਅਤਿਅੰਤ ਸੁਖ ਪਾਇ = ਪ੍ਰਾਪਤ ਕਰਕੇ ਭੁਗਤੀ = ਭੋਗਣਾ ਕੀਤੀ, ਭਾਵ ਸੁਪਨੇ ਦੇ ਵਿਚ ਪਰ-ਇਸਤ੍ਰੀ ਦੇ ਨਾਲ ਕਾਮ ਕ੍ਰੀੜਾ ਕੀਤੀ ਹੋਵੇ।

## ਧਰਮ ਗਯੋ ਕੰਦ੍ਰਪ ਗਯੋ; ਅਸੁਚ ਭਯੋ ਰੁਖ ਸਯਾਇ ॥੨੨॥

ਜਿਸ ਕਰਕੇ ਸੰਤਾਨ ਦੀ ਪ੍ਰਾਪਤੀ ਦਾ ਕੋਈ ਲਾਭ ਨਹੀਂ ਹੁੰਦਾ, ਬਲਕਿ ਮਨੁੱਖ ਦਾ ਧਰਮ ਗਯੋ = ਚਲਾ ਜਾਂਦਾ ਹੈ, ਕੰਦ੍ਰਪ = ਬੀਰਜ ਵੀ ਗਯੋ = ਚਲਾ ਜਾਂਦਾ ਹੈ, ਬੀਰਜ ਦੇ ਨਿਕਲਣ ਕਾਰਨ ਸਰੀਰ ਅਸੁਚ = ਅਪਵਿੱਤਰ ਭਯੋ = ਹੋ ਜਾਂਦਾ ਹੈ, ਅਤੇ ਚਿਹਰਾ ਰੁੱਖਾ ਤੇ ਸਯਾਇ = ਕਾਲਾ ਹੋ ਜਾਂਦਾ ਹੈ ॥੨੨॥

ਏਸੇ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਸਿੱਖਾਂ ਨੂੰ ਐਸਾ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ। ਜੈਸਾ ਕਿ :

**ਛੰਦ ॥ ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥**
**ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥**
**ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ ॥**
**ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥** *(ਸ੍ਰੀ ਦਸਮ ਗ੍ਰੰਥ, ਚਰਿਤ੍ਰ ੨੧, ਪੰਨਾ ੮੪੨)*

## ਦੋਹਰਾ ॥

## ਚੋਗ ਦੇਖ ਜਯੋਂ ਪਰਤ ਖਗ; ਆਪ ਬੰਧਾਵਤ ਜਾਰ ॥

ਜਯੋਂ = ਜਿਵੇਂ ਚੋਗ = ਦਾਣੇ ਨੂੰ ਦੇਖ = ਦੇਖ ਕਰਕੇ ਖਗ = ਪੰਛੀ ਆਪਣੀ ਤ੍ਰਿਪਤੀ ਦੇ ਵਾਸਤੇ ਪ੍ਰਵਿਰਤੀ ਵਿਚ ਆ ਪਰਤ = ਪੈਂਦੇ ਹਨ, ਭਾਵ ਜਾਲ ਵਾਲੇ ਥਾਂ 'ਤੇ ਦਾਣੇ ਖਿਲਰੇ ਦੇਖ ਕੇ ਉਨ੍ਹਾਂ ਨੂੰ ਖਾਣ ਲਈ ਆਉਂਦੇ ਹਨ ਅਤੇ ਆਪਣੇ ਆਪ ਨੂੰ ਆਪ ਹੀ ਜਾਰ = ਜਾਲੇ ਵਿਚ ਬੰਧਾਵਤ = ਬੰਨ੍ਹਾ ਲੈਂਦੇ ਹਨ ਅਰਥਾਤ ਉਨ੍ਹਾਂ ਨੂੰ ਤ੍ਰਿਪਤੀ ਦਾ ਕੋਈ ਲਾਭ ਨਹੀਂ ਹੁੰਦਾ, ਇਸ ਦੇ ਉਲਟ ਸਗੋਂ ਆਪਣੇ ਆਪ ਨੂੰ ਜਾਲ ਵਿਚ ਕੈਦ ਕਰ ਲਿਆ।

ਅੱਗੇ **ਦਾ ਦ੍ਰਿਸ਼ਟਾਂਤ** ਦੇ ਰੂਪ ਵਿਚ ਕਥਨ ਕਰਦੇ ਹਨ:

## ਐਸੇ ਸੁਖ ਸਿਉਂ ਜਾਨਿ ਜਗ; ਬਸਿ ਭਏ ਹੀਨ ਬਿਚਾਰ ॥੨੩॥

ਐਸੇ = ਇਸ ਪ੍ਰਕਾਰ ਅਜਿਹੇ ਜਗ = ਸੰਸਾਰ ਦੇ ਸੁੱਖਾਂ ਨੂੰ ਸਤ ਜਾਨਿ = ਸਮਝ ਕਰਕੇ ਸ੍ਰੇਸ਼ਟ ਵਿਚਾਰ ਤੋਂ ਹੀਨ = ਰਹਿਤ ਮਨੁੱਖ ਉਨ੍ਹਾਂ ਵਿਸ਼ਿਆਂ ਦੇ ਸਿਉਂ = ਨਾਲ ਬਸਿ = ਅਧੀਨ ਹੋ ਰਿਹਾ ਹੈ, ਭਾਵ ਉਪਰੋਕਤ ਕਥਨ ਕੀਤੇ ਵਿਸ਼ੇ ਸੁੱਖਾਂ ਤੋਂ ਰਹਿਤ ਹਨ, ਪਰ ਫੇਰ ਵੀ ਵਿਚਾਰ ਹੀਨ ਮਨੁੱਖ ਉਨ੍ਹਾਂ ਵਿਸ਼ਿਆਂ ਦੇ ਅਧੀਨ ਹੋ ਕੇ ਕੇਵਲ ਦੁੱਖ ਹੀ ਅਨੁਭਵ ਕਰਦਾ ਹੈ ॥੨੩॥

ਅੱਗੇ ਵਿਚਾਰ ਹੀਨ ਮਨੁੱਖਾਂ ਦੀ ਨਿਰਲੱਜਤਾ ਨੂੰ ਕੁੱਤੇ ਦੇ ਦ੍ਰਿਸ਼ਟਾਂਤ ਦੁਆਰਾ ਪ੍ਰਗਟ ਕਰਦੇ ਹਨ।

## ਦੋਹਰਾ ॥ ਸ੍ਵਾਨ ਸ੍ਵ ਤ੍ਰਿਯ ਕੋ ਸੰਗ ਕਰਿ; ਰਹਤ ਘਰੀ ਉਰਝਾਇ ॥

ਸ੍ਵਾਨ = ਕੁੱਤਾ ਆਪਣੇ ਪਸ਼ੂ ਸੁਭਾਅ ਦੇ ਕਰਕੇ ਸ੍ਵ = ਆਪਣੀ ਤ੍ਰਿਯ = ਘਰਵਾਲੀ ਕੁੱਤੀ ਕੋ = ਦਾ ਸੰਗ = ਸੰਬੰਧ ਕਰਿ = ਕਰਕੇ ਘਰੀ = ਘੜੀ ਕੁ ਉਰਝਾਇ = ਉਲਝਿਆ ਰਹਤ = ਰਹਿੰਦਾ ਹੈ।

## ਜਗ ਪ੍ਰਾਣੀ ਤਾ ਕੋ ਹਸੈ; ਅਪਨੋ ਜਨਮੁ ਬਿਹਾਇ ॥੨੪॥

ਜਗ = ਸੰਸਾਰ ਦੇ ਪ੍ਰਾਣੀ = ਪ੍ਰਾਣਾਧਾਰੀ ਜੀਵ, ਮਨੁੱਖ ਤਾ = ਉਸ ਕੋ = ਨੂੰ ਦੇਖ ਕੇ ਹਸੈ = ਹੱਸਦੇ ਹਨ, ਇਹ ਉਨ੍ਹਾਂ ਦੀ ਨਿਰਲੱਜਤਾ ਹੈ, ਕਿਉਂਕਿ ਉਹ ਇਹ ਵਿਚਾਰ ਨਹੀਂ ਕਰਦੇ ਕਿ ਇਹ ਕੁੱਤਾ ਤਾਂ ਛੇ ਮਹੀਨਿਆਂ ਬਾਅਦ ਕਿਤੇ ਰੁੱਤ ਆਉਣ ਕਾਰਨ ਇਹ ਵਿਵਹਾਰ ਕਰਨ ਕਰਕੇ ਕਿਤਨੇ ਕਲੇਸ਼ ਨੂੰ ਅਨੁਭਵ ਕਰਦਾ ਹੈ ਅਤੇ ਅਸੀਂ ਇਸ ਕਰਮ ਵਿਚ ਹੀ ਅਪਨੋ = ਆਪਣਾ ਸਾਰਾ ਜਨਮ ਬਿਹਾਇ = ਬਤੀਤ ਕਰ ਦੇਂਦੇ ਹਾਂ, ਫੇਰ ਸਾਨੂੰ ਕਿਤਨਾ ਕੁ ਕਲੇਸ਼ ਪ੍ਰਾਪਤ ਹੋਵੇਗਾ, ਭਾਵ ਬਿਅੰਤ ਕਲੇਸ਼ ਪ੍ਰਾਪਤ ਹੋਵੇਗਾ ॥੨੪॥

## ਦੋਹਰਾ ॥ ਅਨਾਥ ਬਿਸਾਰੈ ਬਿਖੈ ਰਸ; ਸੰਤਨ ਜਾਨ ਮਲੀਨ ॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਸੰਤਨ = ਸ਼ਾਂਤ ਆਤਮਾ ਮਹਾਤਮਾ ਜਨਾਂ ਨੇ ਵਿਸ਼ਿਆਂ ਦੇ ਰਸ ਅਤਿਅੰਤ ਮਲੀਨ = ਮੈਲੇ ਜਾਣ ਕਰਕੇ ਬਿਸਾਰੈ = ਤਿਆਗ ਦਿੱਤੇ ਹਨ।

## ਤਾ ਉਚਿਸ੍ਰ ਸੋਂ ਰਤਿ ਕਰੈਂ; ਕਾਮੀ ਕਾਕ ਅਧੀਨ ॥੨੫॥

ਤਾ = ਉਨ੍ਹਾਂ ਉਚਿਸ੍ਰ = ਪਹਿਲਾਂ ਭੋਗੇ ਹੋਏ, ਜੂਠੇ ਵਿਸ਼ਿਆਂ ਦੇ ਸੋਂ = ਨਾਲ ਫੇਰ ਵੀ ਜੋ ਰਤਿ = ਪ੍ਰੀਤੀ ਕਰੈਂ = ਕਰਦਾ ਹੈ ਅਤੇ ਕਾਮੀ ਪੁਰਖ ਉਨ੍ਹਾਂ ਵਿਸ਼ਿਆਂ ਦੇ ਅਧੀਨ = ਕਾਬੂ ਹੁੰਦਾ ਹੈ, ਉਹ ਕਾਕ = ਕਾਂ ਦੀ ਨਿਆਈਂ ਹੈ, ਭਾਵ ਜਿਵੇਂ ਕਾਂ ਸਭ ਪੰਛੀਆਂ ਵਿਚ ਨੀਚ ਮੰਨਿਆ ਜਾਂਦਾ ਹੈ, ਤਿਵੇਂ ਉਹ ਮਨੁੱਖ ਵੀ ਸਭ ਮਨੁੱਖਾਂ ਵਿੱਚੋਂ ਨੀਚ ਸਮਝਿਆ ਜਾਂਦਾ ਹੈ ॥੨੫॥

## ਦੋਹਰਾ ॥ ਜਗ ਅਡੰਬਰ ਸੋਂ ਜਬ ਜਹਾਂ; ਉਪਜੈ ਨਿਜ ਨਿਰਵੇਦ ॥

ਜਬ = ਜਿਸ ਵੇਲੇ ਜਗ = ਸੰਸਾਰ ਨੂੰ ਅਡੰਬਰ = ਪਖੰਡ ਰੂਪ ਜਾਣ ਕਰਕੇ ਜਿਸ ਮਨੁੱਖ ਨੂੰ ਨਿਜ = ਆਪਣੇ ਹਿਰਦੇ ਅੰਦਰ ਨਿਰਵੇਦ = ਵੈਰਾਗ ਉਪਜੈ = ਪੈਦਾ ਹੋ ਗਿਆ ਹੈ।

## ਪਾਕ ਕਾਂਚੁਰੀ ਸਰਪ ਜਯੋਂ, ਛੁਟੈ ਸਹਜ ਜਗ ਖੇਦ ॥੨੬॥

ਜਯੋਂ = ਜਿਵੇਂ ਸਰਪ = ਸੱਪ ਆਪਣੀ ਪਾਕ = ਪੱਕੀ ਹੋਈ ਕਾਂਚੁਰੀ = ਕੁੰਜ ਨੂੰ ਸੁਖੈਨ ਹੀ ਉਤਾਰ ਦੇਂਦਾ

ਹੈ, ਤਿਵੇਂ ਉਸ ਵੈਰਾਗੀ ਮਨੁੱਖ ਕੋਲੋਂ ਜਗ = ਸੰਸਾਰ ਦੇ ਖੇਦ = ਦੁੱਖ ਸਹਜ = ਸੁਤੇ-ਸਿੱਧ ਹੀ ਛੁਟੈ = ਛੁੱਟ ਜਾਂਦੇ ਹਨ ॥੨੬॥

## ਦੋਹਰਾ ॥ ਬਿਖੈ ਬਾਸ਼ਨਾ ਤਜਾਗ ਕਰ; ਸ੍ਰਵਨ ਗਜਾਨ ਮੈ ਗ੍ਰੰਥ ॥

ਹੇ ਸਿੱਖ ! ਵੈਰਾਗ ਦੇ ਨਾਲ ਬਿਖੈ = ਵਿਸ਼ਿਆਂ ਦੀ ਬਾਸ਼ਨਾ = ਇੱਛਾ ਤਜਾਗ = ਛੱਡ ਕਰ = ਕਰਕੇ ਜਿਨ੍ਹਾਂ ਗ੍ਰੰਥਾਂ ਦੇ ਮੈ = ਵਿਚ ਗਿਆਨ ਪ੍ਰਾਪਤੀ ਬਾਰੇ ਕਥਨ ਕੀਤਾ ਹੈ **ਵਾ:** ਜੋ ਮੈ = ਨਿਜ ਸਰੂਪ ਦੇ ਗਿਆਨ ਵਾਲੇ ਗ੍ਰੰਥ ਉਨ੍ਹਾਂ ਗ੍ਰੰਥਾਂ ਨੂੰ ਸ੍ਰਵਨ = ਸੁਣਨਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ ! ਗਿਆਨ ਦਾਇਕ ਗ੍ਰੰਥਾਂ ਨੂੰ ਮੈਂ ਕਦੋਂ ਤਕ ਸੁਣਨਾ ਕਰਾਂ ?*

***ਉੱਤਰ :***

## ਸੋ ਤਬ ਲਗਿ ਜਬ ਲਗਿ ਭਲੇ; ਸਮਝੈ ਪੰਥ ਅਪੰਥ ॥੨੭॥

ਹੇ ਸਿੱਖ ! ਸੋ = ਉਹ ਗ੍ਰੰਥ ਤਬ = ਤਦੋਂ ਲਗਿ = ਤਕ ਸ੍ਰਵਣ ਕਰਦਾ ਰਹੁ, ਜਬ = ਜਦੋਂ ਲਗਿ ਤਕ ਭਲੇ = ਚੰਗੀ ਤਰ੍ਹਾਂ ਪੰਥ = ਚੰਗੇ ਰਸਤੇ ਅਤੇ ਅਪੰਥ = ਮਾੜੇ ਰਸਤੇ ਨੂੰ ਸਮਝੈ = ਸਮਝ ਲਵੇ, ਭਾਵ ਜਦੋਂ ਤਕ ਪਰਮਾਤਮਾ ਦੀ ਪ੍ਰਾਪਤੀ ਵਾਲੇ ਚੰਗੇ ਰਸਤੇ ਤੇ ਵਿਸ਼ਿਆਂ ਦੇ ਮਾੜੇ ਰਸਤੇ ਦੀ ਸਮਝ ਨਹੀਂ ਪੈਂਦੀ, ਤਦੋਂ ਤਕ ਗਿਆਨ ਦਾਇਕ ਗ੍ਰੰਥਾਂ ਦਾ ਸ੍ਰਵਨ ਕਰਦਾ ਰਹੁ ॥੨੭॥

## ਦੋਹਰਾ ॥ ਪਾਪ ਛੀਨ ਤਪ ਦਾਨ ਬਲਿ; ਹ੍ਰਿਦੈ ਸ਼ਾਂਤਿ ਗਤਿ ਰਾਗ ॥

ਹੇ ਸਿੱਖ ! ਜਿਸ ਮਨੁੱਖ ਨੇ ਤਪ = ਤਪੱਸਿਆ ਅਤੇ ਦਾਨ ਆਦਿ ਈਸ਼ਵਰ ਅਰਥ ਸ਼ੁਭ ਕਰਮ ਕਰਕੇ ਇਸ ਤਪ ਤੇ ਦਾਨ ਦੇ ਬਲਿ = ਜ਼ੋਰ ਨਾਲ ਆਪਣੇ ਜਨਮਾਂ ਜਨਮਾਂਤ੍ਰਾਂ ਦੇ ਪਾਪ ਛੀਨ = ਨਾਸ਼ ਕੀਤੇ ਹਨ, ਉਪਾਸ਼ਨਾ ਕਰਕੇ ਹ੍ਰਿਦੈ = ਅੰਤਹਕਰਨ ਵਿਚ ਸ਼ਾਂਤਿ = ਸ਼ਾਂਤੀ ਪ੍ਰਾਪਤ ਕੀਤੀ ਹੈ, ਭਾਵ ਚਿੱਤ ਨੂੰ ਇਕਾਗਰ ਕੀਤਾ ਹੈ, ਫੇਰ ਰਾਗ = ਮੋਹ ਵੀ ਗਤਿ = ਨਾਸ਼ ਕਰਕੇ ਵੈਰਾਗ ਸੰਯੁਕਤ ਹੋਇਆ ਹੈ।

## ਸੋ ਅਧਿਕਾਰੀ ਗਜਾਨ ਕੋ; ਭਯੋ ਮਮੁਖ ਬਡਭਾਗ ॥੨੮॥

ਸੋ = ਉਹ ਬਡਭਾਗ = ਵੱਡੇ ਭਾਗਾਂ ਵਾਲਾ ਮਮੁਖ = ਅਵਿੱਦਿਆ ਤਤ ਕਾਰਯ ਰੂਪ ਬੰਧ ਦੀ ਨਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਰੂਪ ਮੋਖ ਦੀ ਇੱਛਾ ਵਾਲਾ ਹੈ ਅਤੇ ਗਿਆਨ ਦੀ ਪ੍ਰਾਪਤੀ ਕੋ = ਦਾ ਅਧਿਕਾਰੀ = ਹੱਕਦਾਰ ਹੈ ॥੨੮॥

## ਦੋਹਰਾ ॥ ਤਤ੍ਵਮਸਿ ਅਹੰਬ੍ਰਹਮਾਸਮਿ; ਇਤਜਾਦਿਕ ਮਹਾਵਾਕ ॥

ਹੇ ਸਿੱਖ ! ਜੋ ਸ਼ਾਮਵੇਦ ਦਾ (ਤਤ੍ਵਮਸਿ) ਤਤ ਤੂੰ ਅਸਿ ਮਹਾਂਵਾਕ ਹੈ ਅਤੇ ਜੋ (ਅਹੰਬ੍ਰਾਹਮਾਸਮਿ) ਅਹੰ ਬ੍ਰਹਮ ਅਸਮੀ ਯਜੁਰਵੇਦ ਦਾ, ਇਤਜਾਦਿਕ ਭਾਵ ਚਾਰੇ ਵੇਦਾਂ ਦੇ ਮਹਾਂਵਾਕ ਹਨ :

੧. ਸ਼ਾਮਵੇਦ : ਤ੍ਵਤਮਸਿ, ੨. ਰਿਗਵੇਦ : ਪ੍ਰਗਯਾਨਮਾਨੰਦ, ੩. ਅਹੰ ਬ੍ਰਹਮਾਸਮੀ : ਯਜੁਰਵੇਦ, ੪. ਅਯੰ ਆਤਮਾ ਬ੍ਰਹਮ ਅਥਰਵਣ ਵੇਦ।

ਇਨ੍ਹਾਂ ਮਹਾਵਾਕਾਂ ਨੂੰ ਚੰਗੀ ਤਰ੍ਹਾਂ ਸਮਝ ਕੇ ਸਿੱਖ ਕਿਸ ਕੋਲੋਂ ਅੱਗੇ ਦੱਸਦੇ ਹਨ।

## ਗੁਰਮੁਖਿ ਸ੍ਰਵਣ ਕਰੈ ਭਲੇ; ਸਾਰ ਅਸਾਰਹਿ ਤਾਕ ॥੨੯॥

ਇਨ੍ਹਾਂ ਮਹਾਂਵਾਕਾਂ ਨੂੰ ਗੁਰਮੁਖਿ = ਗੁਰੂ ਦੇ ਮੁਖ ਦੁਆਰਾ ਭਲੇ = ਚੰਗੀ ਤਰ੍ਹਾਂ ਸ੍ਰਵਣ ਕਰੇ, ਇਸ ਨਾਲ

ਸਤ, ਚਿਤ ਤੇ ਅਨੰਦ ਸਰੂਪ ਬ੍ਰਹਮ ਨੂੰ ਸਾਰ ਰੂਪ ਅਤੇ ਅਸੱਤ ਜੜ ਤੇ ਦੁੱਖ ਰੂਪ ਸੰਸਾਰ ਨੂੰ ਅਸਾਰਹਿ = ਨਾਸ਼ਵਾਨ ਰੂਪ ਤਾਕ = ਤਕ, ਦੇਖ ਲਈਦਾ ਹੈ, ਭਾਵ ਸਤ ਚਿੱਤ ਅਨੰਦ ਸਰੂਪ ਬ੍ਰਹਮ ਨੂੰ ਗ੍ਰਹਿਣ ਕਰ ਲਈਦਾ ਹੈ ਅਤੇ ਅਸੱਤ ਜੜ੍ਹ ਦੁੱਖ ਰੂਪ ਸੰਸਾਰ ਨੂੰ ਤਿਆਗ ਦਈਦਾ ਹੈ ॥੨੯॥

ਇਹ ਸ੍ਰਵਣ ਦਾ ਸਰੂਪ ਕਥਨ ਕੀਤਾ ਹੈ, ਅੱਗੇ ਮੰਨਣ ਦਾ ਸਰੂਪ ਦੱਸਦੇ ਹਨ :

## ਦੋਹਰਾ ॥ ਜਗ ਪ੍ਰਾਨੀ ਬਿਖੇਪ ਚਿਤ; ਤਜੈ ਦੂਰ ਤਿਨ ਸੰਗ ॥

ਜਿਹੜੇ ਜਗਤ = ਸੰਸਾਰ ਦੇ ਪ੍ਰਾਨੀ = ਜੀਵਾਂ ਦੇ ਚਿੱਤ ਸਦਾ ਬਿਖੇਪ = ਚੰਚਲ ਰਹਿੰਦੇ ਹਨ, ਤਿਨ = ਉਨ੍ਹਾਂ ਮਨੁੱਖਾਂ ਦਾ ਦੂਰ ਤੋਂ ਹੀ ਸੰਗ = ਸਾਥ ਛੱਡ ਦੇਣਾ ਕਰ।

## ਬੈਠ ਇਕੰਤ ਸੁਤੰਤ੍ਰ ਹ੍ਵੈ; ਕਰੈ ਮਨਨ ਸਰਬੰਗ ॥੩੦॥

ਅਤੇ ਸਾਰੇ ਬੰਧਨਾਂ, ਜੰਜਾਲਾਂ ਆਦਿ ਤੋਂ ਸੁਤੰਤ੍ਰ = ਅਜ਼ਾਦ ਹੋ ਕੇ ਇਕੰਤ = ਇਕਾਂਤ ਥਾਂ 'ਤੇ ਬੈਠ = ਬੈਠਣਾ ਕਰੇ ਅਤੇ ਗੁਰੂ ਤੋਂ ਪ੍ਰਾਪਤ ਹੋਏ ਮਹਾਂਵਾਕਾਂ ਦਾ ਸਰਬੰਗ = ਸਾਰੇ ਅੰਗਾਂ ਕਰਕੇ ਮੰਨਨ ਕਰਨਾ ਕਰੇ ॥੩੦॥

## ਦੋਹਰਾ ॥

## ਨਿਤਪ੍ਰਤਿ ਕਰਤ ਬਿਚਾਰ ਕੋ; ਸਥਿਰਤਾ ਪਾਵੈ ਚਿਤ ॥

ਨਿਤਪ੍ਰਤਿ = ਹਰ ਰੋਜ਼ ਉਨ੍ਹਾਂ ਮਹਾਂਵਾਕਾਂ **ਵਾ:** ਸਤ ਅਸੱਤ ਦੀ ਵਿਚਾਰ ਕੋ = ਨੂੰ ਕਰਤ = ਕਰਦਿਆਂ ਜਦੋਂ ਚਿਤ = ਮਨ ਸਥਿਰਤਾ = ਇਸਥਿੱਤਤਾ ਪਾਏ = ਪ੍ਰਾਪਤ ਕਰ ਲੈਂਦਾ ਹੈ।

## ਬੋਧ ਉਦੈ ਛਿਨ ਛਿਨ ਕਰੈ; ਜਾਨਯੋ ਨਿਤ ਅਨਿਤ ॥੩੧॥

ਤਦੋਂ ਬੋਧ = ਆਤਮ ਗਿਆਨ ਨੂੰ ਛਿਨ-ਛਿਨ ਕਾਲ ਕਰਕੇ ਆਪਣੇ ਅੰਦਰ ਉਦੈ = ਪੈਦਾ ਕਰੇ, ਨਿਤ ਰੂਪ ਬ੍ਰਹਮ ਅਤੇ ਅਨਿਤ ਰੂਪ ਸੰਸਾਰ ਨੂੰ ਜਾਨਯੋ = ਜਾਨਣਾ ਕਰੇ ॥੩੧॥

## ਦੋਹਰਾ ॥ ਸੁਧ ਸਰੂਪ ਪ੍ਰਕਾਸ ਮੈ; ਕਛੁ ਪ੍ਰਵੇਸਤਾ ਹੋਇ ॥

ਜੋ ਪ੍ਰਕਾਸ਼ ਮਯ ਸ਼ੁਧ ਸਰੂਪ ਹੈ, ਜਦੋਂ ਕਛੁ = ਕੁਝ ਕੁ ਉਸ ਵਿਚ ਪ੍ਰਵੇਸਤਾ = ਲੀਨਤਾ, ਪਹੁੰਚ ਹੋਇ = ਹੋ ਜਾਵੇ।

## ਸਾਧਨ ਪਾਈ ਪ੍ਰੌਢਤਾ; ਨਿਧਯਾਸਨ ਕਹਿ ਸੋਇ ॥੩੨॥

ਅਤੇ ਸ੍ਰਵਣ, ਮੰਨਣ ਆਦਿ ਸਾਧਨਾਂ ਦੀ ਜਦੋਂ ਪ੍ਰੌਢਤਾ = ਪ੍ਰਪੱਕਤਾ ਪਾਈ = ਪਾ ਲਈ ਜਾਵੇ, ਤਦ ਉਸ ਪ੍ਰਪੱਕ ਅਵਸਥਾ ਨੂੰ ਨਿਧਿਆਸਣ ਕਹਿ = ਆਖਦੇ ਹਨ, ਭਾਵ ਹੇ ਸਿੱਖ ! ਤੂੰ ਗੁਰੂ ਮੁਖ ਦੁਆਰਾ ਪਹਿਲਾਂ ਮਹਾਂਵਾਕ ਸ੍ਰਵਣ ਕਰ, ਫੇਰ ਉਨ੍ਹਾਂ ਦਾ ਮੰਨਣ ਤੇ ਫੇਰ ਪੁਨਾ-ਪੁਨਾ ਅਭਿਆਸ ਭਾਵ ਨਿਧਿਆਸਣ ਕਰ ॥੩੨॥

## ਦੋਹਰਾ ॥ ਕਾਮਾਦਿਕ ਸਮਤਾ ਉਦੈ; ਭਏ ਸੁ ਯਹ ਪ੍ਰਕਾਰ ॥

ਹੇ ਸਿੱਖ ! ਫੇਰ ਬ੍ਰਹਮਾਕਾਰ ਬਿਰਤੀ ਸਮਤਾ ਉਦੈ = ਪੈਦਾ ਹੋਣ ਕਰਕੇ ਜਿਹੜੇ ਕਾਮਾਦਿਕ = ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਚਾਰ ਹਨ, ਉਹ ਯਹ = ਇਸ ਪ੍ਰਕਾਰ ਭਏ = ਹੋ ਜਾਂਦੇ ਹਨ।

## ਨਿਸ ਆਗਮ ਪ੍ਰਾਨੀ ਸਬੈ; ਹੋਤ ਅਲਪ ਸੰਚਾਰ ॥੩੩॥

ਜਿਸ ਪ੍ਰਕਾਰ ਨਿਸ = ਰਾਤ ਦੇ ਆਗਮ = ਆਉਣ ਤੋਂ ਸਬੈ = ਸਾਰੇ ਪ੍ਰਾਨੀ = ਪ੍ਰਾਣਾਧਾਰੀ ਜੀਵ ਅਲਪ = ਥੋੜ੍ਹੇ ਜਿਹੇ ਥਾਂ ਭਾਵ ਘਰ ਵਿਚ ਸੰਚਾਰ = ਇਕੱਠੇ ਹੋਤ = ਹੋ ਜਾਂਦੇ ਹਨ। ਏਸੇ ਤਰ੍ਹਾਂ ਕਾਮ, ਕ੍ਰੋਧ ਵਿਕਾਰ ਸਮਾਨ ਰੂਪ ਵਿਚ ਹੋ ਜਾਂਦੇ ਹਨ, ਭਾਵ ਪਹਿਲਾਂ ਵਿਸ਼ੇਸ਼ ਰੂਪ ਕਰਕੇ ਬਹੁਤ ਤੰਗ ਕਰਦੇ ਸਨ, ਹੁਣ ਸੂਖਮ ਰੂਪ ਵਿਚ ਹੋ ਜਾਂਦੇ ਹਨ ॥੩੩॥

## ਦੋਹਰਾ ॥ ਸਨੈ ਸਨੈ ਸਖਯਾਤਤਾ; ਉਦੈ ਭਈ ਜਬ ਜਾਹਿ ॥

ਹੇ ਸਿੱਖ ! ਜਬ = ਜਦੋਂ ਜਾਹਿ = ਜਿਸ ਕਿਸੇ ਜਗਯਾਸੂ ਨੂੰ ਸ੍ਰਵਣ, ਮੰਨਣ, ਨਿਧਿਆਸਣ ਕਰਦਿਆਂ ਹੋਇਆਂ ਸਨੈ ਸਨੈ = ਹੌਲੀ-ਹੌਲੀ ਆਪਣੇ ਸ਼ੁੱਧ ਸਰੂਪ ਦੀ ਸਿਖਿਆਤਤਾ ਉਦੈ = ਪ੍ਰਗਟ ਭਈ = ਹੋ ਗਈ।

## ਹੈ ਨਾਹੀ ਸੁਭ ਅਸੁਭ; ਸੁਖ ਦੁਖ ਨਹੀਂ ਦਰਸਾਹਿ[੧] ॥੩੪॥

ਤਦੋਂ ਐਸੀ ਅਵਸਥਾ ਬਣ ਜਾਵੇਗੀ ਕਿ ਆਪਣੀ ਆਤਮਾ ਵਿਚ ਸੁਭ = ਚੰਗਾ ਅਸੁਭ = ਮਾੜਾ ਕੁਝ ਨਹੀਂ ਹੈ, ਅਤੇ ਨਾ ਹੀ ਉਸ ਸਰੂਪ ਵਿਚ ਕੋਈ ਸੁਖ ਤੇ ਦੁਖ ਦਰਸਾਹਿ = ਦਿੱਸਦਾ ਹੈ, ਸਾਰੇ ਪਾਸੇ ਬ੍ਰਹਮ ਹੀ ਬ੍ਰਹਮ ਦ੍ਰਿਸ਼ਟੀ ਵਿਚ ਆਉਂਦਾ ਹੈ ॥੩੪॥ ਜੈਸਾ ਕਿ :

**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥**
**ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥** *(ਬਿਲਾਵਲ ਮ: ੫, ਅੰਗ ੮੪੬)*

**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥** *(ਕਾਨੜਾ ਮ: ੫, ਅੰਗ ੧੩੦੨)*

## ਦੋਹਰਾ ॥ ਚਲੀ ਪੂਤਰੀ ਲੌਨ ਕੀ; ਥਾਹਿ ਸਿੰਧ ਦੀ ਲੈਨ ॥

ਜਦੋਂ ਸਭ ਪਾਸੇ ਬ੍ਰਹਮ ਹੀ ਦ੍ਰਿਸ਼ਟੀ ਵਿਚ ਆ ਗਿਆ ਤਾਂ ਫੇਰ ਉਸਦਾ ਅਨੰਦ ਜਾਂ ਬ੍ਰਹਮ ਦਾ ਓੜਕ ਨਹੀਂ ਦੱਸ ਸਕੀਦਾ, ਜਿਵੇਂ ਇਕ ਲੌਨ = ਲੂਣ ਕੀ = ਦੀ ਪੂਤਰੀ = ਡਲੀ ਸਿੰਧ = ਸਮੁੰਦਰ ਕੀ = ਦੀ ਥਾਹਿ = ਡੂੰਘਾਈ ਲੈਨ = ਮਾਪਣ ਵਾਸਤੇ ਚਲੀ = ਜਾਵੇ।

## ਅਨਾਥ ਆਪ ਆਪੇ ਭਈ; ਪਲਟ ਕਹੈ ਕੋ ਬੈਨ ॥੩੫॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਉਹ ਲੂਣ ਦੀ ਡਲੀ ਆਪ ਪਾਣੀ ਵਿੱਚੋਂ ਬਣੀ ਸੀ ਤੇ ਉਸਦੇ ਵਿਚ ਜਾ ਕੇ ਆਪਣੇ ਆਪੇ (ਪਾਣੀ, ਸਮੁੰਦਰ) ਦਾ ਰੂਪ ਹੀ ਭਈ = ਹੋ ਗਈ, ਫੇਰ ਪਲਟ = ਮੁੜ ਕੇ ਉਹ ਕਿਸਨੂੰ ਕੋਈ ਬਚਨ ਆ ਕੇ ਕਹੇਗੀ ਭਾਵ ਜਦੋਂ ਉਸਦਾ ਕੋਈ ਵਜੂਦ ਹੀ ਨਾ ਰਿਹਾ ਤਾਂ ਫੇਰ ਉਸਨੇ ਕਿਸਨੂੰ ਵਾਪਸ ਆ ਕੇ ਦੱਸਣਾ ਸੀ, ਬਿਲਕੁਲ ਏਸੇ ਤਰ੍ਹਾਂ ਜਿਹੜਾ ਪ੍ਰਾਣੀ ਸ੍ਰਵਣ, ਮੰਨਣ, ਨਿਧਿਆਸਣ ਕਰਦਾ ਹੋਇਆ ਉਸ ਬ੍ਰਹਮ ਵਿਚ ਅਭੇਦ ਹੋ ਜਾਂਦਾ ਹੈ, ਉਹ ਮੁੜ ਕੇ ਉਸ ਨਾਲੋਂ ਵੱਖਰਾ ਨਹੀਂ ਹੁੰਦਾ ਤੇ ਤੂੰ ਤੂੰ ਮੈਂ ਮੈਂ ਵਾਲੇ ਬੋਲ ਨਹੀਂ ਬੋਲਦਾ। ਉਸਦੀ ਤਾਂ ਐਸੀ ਅਵਸਥਾ ਹੋ ਜਾਂਦੀ ਹੈ ॥੩੫॥ ਜੈਸਾ ਕਿ :

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥**
**ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥**
*(ਸਲੋਕ ਭਗਤ ਕਬੀਰ ਜੀ, ਅੰਗ ੧੩੭੫)*

---
੧. ਪਾਠਾਂਤ੍ਰ : ਦਰਸੈ ਤਾਹਿ।

## ਇਤਿ ਸ੍ਰੀ ਵਿਚਾਰ ਮਾਲਾ ਗਯਾਨ ਸਾਧਨ ਚਤੁਰਥੋ ਬਿਸ੍ਰਾਮ ॥੪॥

ਸ੍ਰੀ = ਸੁਭਾਏਮਾਨ ਵਿਚਾਰ ਮਾਲਾ ਨਾਮੇ ਗ੍ਰੰਥ ਦੇ ਚਤੁਰਥੋ = ਚੌਥੇ ਬਿਸ੍ਰਾਮ = ਅਧਿਆਇ ਦੀ ਇਤਿ = ਸਮਾਪਤੀ ਕੀਤੀ ਹੈ ਤੇ ਇਸ ਵਿਚ ਗਿਆਨ ਦੇ ਸਾਧਨਾਂ ਦਾ ਕਥਨ ਕੀਤਾ ਹੈ ॥੪॥

## ਪੰਚਮ ਬਿਸ੍ਰਾਮ ਪ੍ਰਾਰੰਭਾ

## ਸਿਖਯੋਵਾਚ

ਸਿਖ = ਸਿਖਿਆਰਥੀ, ਸ਼ਿਸ਼ ਵੱਲੋਂ ਬੇਨਤੀ ਰੂਪ ਵਿਚ ਬਚਨ = ਵਾਕ।

### ਦੋਹਰਾ ॥ ਸਾਧਨ ਗਯਾਨ ਲਹਯੋ ਭਲੇ; ਭਗਵਨ ਤੁਮ ਪ੍ਰਸਾਦਿ ॥

ਹੇ ਭਗਵਨ = ਗੁਰੂ ਜੀ ! ਤੁਮ = ਤੁਹਾਡੀ ਪ੍ਰਸਾਦਿ = ਕਿਰਪਾ ਸਦਕਾ ਮੈਂ ਗਿਆਨ ਦੀ ਪ੍ਰਾਪਤੀ ਵਾਲੇ ਸਾਧਨ ਨੂੰ ਤਾਂ ਭਾਵੇਂ ਭਲੇ = ਅੱਛੀ ਤਰ੍ਹਾਂ ਲਹਯੋ = ਜਾਣ ਲਿਆ ਹੈ।

### ਕਿਹਿ ਪ੍ਰਕਾਰ ਆਤਮ ਜਗਤ; ਮੋ ਮਨ ਅਧਿਕ ਬਿਖਾਦ ॥੧॥

ਆਤਮ = ਆਤਮਾ ਜਗਤ[1] ਸੰਸਾਰ ਵਿਚ ਕਿਹਿ = ਕਿਸ ਤਰ੍ਹਾਂ ਸੱਚ ਸਰੂਪ ਹੈ ਜਾਂ ਪ੍ਰਤੱਖ ਦਿਸਣ ਵਾਲਾ ਸੰਸਾਰ ਕਿਵੇਂ ਮਿਥਿਆ ਰੂਪ ਹੈ, ਜੇਕਰ ਆਤਮਾ ਨੂੰ ਸੱਚ ਸਰੂਪ ਕਹਿੰਦਾ ਹਾਂ ਤਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਨਾਲ ਇਸ ਦੀ ਨਵਿਰਤੀ ਨਹੀਂ ਹੋਣੀ ਚਾਹੀਦੀ, ਜੇਕਰ ਮਿਥਿਆ ਕਹਿੰਦਾ ਹਾਂ ਤਾਂ ਪ੍ਰਤੀਤ ਨਹੀਂ ਹੋਣੀ ਚਾਹੀਦੀ, ਇਹ ਮੋ = ਮੇਰੇ ਮਨ = ਰਿਦੇ ਵਿਚ ਅਧਿਕ = ਬਹੁਤਾ ਬਿਖਾਦ = ਝਗੜਾ ਚੱਲ ਰਿਹਾ ਹੈ ॥੧॥

## ਸ੍ਰੀ ਗੁਰੋ ਵਾਚ ॥

ਅੱਗੇ ਗੁਰੂ ਆਪਣੇ ਸਿੱਖ ਨੂੰ ਉੱਤਰ ਰੂਪ ਵਿਚ ਸਮਝਾਉਂਦੇ ਹਨ।

### ਦੋਹਰਾ ॥੧॥ ਅਹੋ ਪੁਤ੍ਰ ਕੀਜੈ ਨਹੀਂ; ਰੰਚਕ ਐਸੋ ਭਰਮੁ ॥

ਅਹੋ = ਹੇ ਪੁੱਤਰ ਭਾਵ ਪਿਆਰੇ ਸਿੱਖ ! ਤੈਨੂੰ ਰੰਚਕ = ਥੋੜ੍ਹੇ ਮਾਤਰ ਵੀ ਐਸੋ = ਅਜਿਹਾ ਭਰਮੁ = ਸੰਸਾ ਨਹੀਂ ਕੀਜੈ = ਕਰਨਾ ਚਾਹੀਦਾ ਕਿਉਂਕਿ :

### ਕਹਾ ਜਗਤ ਈਸ੍ਵਰ ਕਹਾ; ਯਹ ਸਭ ਮਨ ਕੇ ਭਰਮੁ ॥੨॥

ਇਹ ਜਗਤ = ਸੰਸਾਰ ਕਹਾ = ਕਿਸ ਤਰ੍ਹਾਂ ਮਿਥਿਆ ਰੂਪ ਹੈ ਤੇ ਈਸਰ ਕਹਾ = ਕਿਸ ਤਰ੍ਹਾਂ ਸੱਚ ਸਰੂਪ ਹੈ, ਯਹ = ਇਹ ਸਭ = ਸਾਰਾ ਤੇਰੇ ਮਨ = ਰਿਦੇ ਕੇ = ਦੇ ਭਰਮੁ = ਸੰਸੇ, ਵਹਿਮ ਹਨ ॥੨॥

### ਦੋਹਰਾ ॥ ਰਾਗ ਦ੍ਵੈਖ ਮਨ ਕੇ ਧਰਮ; ਤੂ ਤੋ ਮਨ ਨਹਿ ਹੋਇ ॥

ਕਿਸੇ ਨਾਲ ਰਾਗ = ਪ੍ਰੇਮ ਕਰਨਾ, ਕਿਸੇ ਨਾਲ ਦ੍ਵੈਖ = ਦ੍ਵੈਸ਼ ਕਰਨੀ, ਇਹ ਮਨ = ਚਿੱਤ ਕੇ = ਦੇ ਧਰਮ = ਨਿਯਮ ਹਨ। ਪਰੰਤੂ ਹੇ ਸਿਖ੍ਯ ! ਤੂੰ ਤੋ = ਤਾਂ ਮਨ = ਚਿੱਤ ਨਹੀਂ ਹੋਇ = ਹੋ ਭਾਵ ਤੂੰ ਮਨ ਸਰੂਪ ਨਹੀਂ ਹੈ। ਜੇਕਰ ਤੂੰ ਇਹ ਕਹੇਂ ਕਿ ਮਨ ਤੋਂ ਵੱਖਰਾ ਮੇਰਾ ਸਰੂਪ ਕੀ ਹੈ ਤਾਂ ਧਿਆਨ ਨਾਲ ਸੁਣਨਾ ਕਰ।

---

੧. ਪਾਠਾਂਤ੍ਰ—(ਜ + ਗਤ) ਜ = ਪੈਦਾ ਹੋਣ ਵਾਲਾ ਤੇ ਗਤ = ਨਾਸ਼ ਹੋਣ ਵਾਲਾ, ਸੋ ਕਹੀਏ ਜਗਤ।

## ਨਿਰਵਿਕਲਪ ਵਿਆਪਕ ਅਮਲ; ਸੁਖ ਸਰੂਪ ਤੂੰ ਸੋਇ ॥੩॥

ਜੋ ਨਿਰਵਿਕਲਪ = ਕਲਪਨਾ ਤੋਂ ਰਹਿਤ, ਸਾਰੇ ਥਾਵਾਂ ਤੇ ਵਿਆਪਕ = ਪਰੀਪੂਰਨ, ਅਵਿੱਦਿਆ, ਪਾਪਾਂ ਦੀ ਅਮਲ = ਮੈਲ ਤੋਂ ਰਹਿਤ ਸੁਖ = ਅਨੰਦ ਸਰੂਪ ਚੇਤਨ ਬ੍ਰਹਮ ਹੈ, ਸੋਇ = ਉਹ ਸਰੂਪ ਤੂੰ ਹੈਂ, ਭਾਵ ਉਹ ਤੇਰਾ ਅਸਲੀ ਸਰੂਪ ਹੈ ॥੩॥

## ਦੋਹਰਾ ॥ ਜਗ ਤੋ ਮੈਂ, ਤੂੰ ਜਗਤ ਮੈਂ; ਯੌ ਲਹਿ ਤਜ ਹੰਕਾਰ ॥

ਜਗ = ਸੰਸਾਰ ਤੋ = ਤੇਰੇ ਮੈਂ = ਵਿਚ ਹੈ ਤੇ ਤੂੰ ਜਗਤ = ਸੰਸਾਰ ਮੈਂ = ਵਿਚ ਹੈ, ਯੌ = ਇਸ ਤਰ੍ਹਾਂ ਲਹਿ = ਜਾਣ ਕੇ ਹੰਕਾਰ = ਹੰਗਤਾ ਮਮਤਾ ਨੂੰ ਤਜ = ਤਿਆਗ ਦੇਣਾ ਕਰ।

## ਮੈ ਮੇਰੀ ਸੰਕਲਪ ਤਜਿ; ਸੁਖਮੈ ਅਵਨਿ ਬਿਉਹਾਰ ॥੪॥

ਮੈਂ ਕਰਤਾ ਭੋਗਤਾ ਹਾਂ ਜਾਂ ਮੈਂ ਅਤੇ ਇਹ ਮੇਰੀ ਵਸਤੂ ਹੈ **ਵਾ:** ਮੈਂ ਮੇਰੀ ਦਾ ਸੰਕਲਪ = ਖ਼ਿਆਲ ਤਜਿ = ਤਿਆਗ ਦੇਣਾ ਕਰ ਅਤੇ ਸੁਖ = ਅਨੰਦ ਦੇ ਨਾਲ ਪ੍ਰਾਲਬਧ ਅਨੁਸਾਰ ਅਵਨਿ = ਧਰਤੀ ਉੱਤੇ ਬਿਉਹਾਰ = ਵਿਚਰਨਾ ਕਰ ॥੪॥

ਜੇਕਰ ਤੇਰੇ ਮਨ ਵਿਚ ਇਹ ਸੰਸਾ ਹੋ ਵੀ ਜਾਵੇ ਕਿ ਸੰਸਾਰ ਦੀ ਪ੍ਰਤੀਤ ਕਰਕੇ ਤੱਤ੍ਵ ਗਿਆਨ ਦੀ ਹਾਨੀ ਹੋਵੇਗੀ ਤਾਂ ਸੁਣਨਾ ਕਰ।

## ਦੋਹਰਾ ॥ ਅਗਯਾਨ ਨੀਂਦ ਸੁਪਨੋ ਜਗਤ; ਭਯੋ ਸੁਖਨ ਕਹੂੰ ਤ੍ਰਾਸ ॥

ਜਿਵੇਂ ਅਗਯਾਨ = ਬੇਸਮਝੀ ਦੇ ਕਾਰਨ ਨੀਂਦ = ਸੁੱਤਿਆਂ ਸੁਪਨੋ = ਸੁਪਨ ਅਵਸਥਾ ਵਿਚ ਜੀਵ ਨੂੰ ਕਿਤੇ ਜਗਤ = ਸੰਸਾਰ ਵਿਚ ਸੁਖਦ = ਸੁਖ ਤੇ ਕਹੂੰ = ਕਿਤੇ ਤ੍ਰਾਸ = ਡਰ ਭਾਵ ਦੁੱਖ ਪ੍ਰਤੀਤ ਭਯੋ = ਹੁੰਦਾ ਹੈ।

## ਗਯਾਨ ਭਯੋ ਜਾਗਯੋ ਜਬੈ; ਦ੍ਰਿਸ੍ਯਾਦ੍ਰਿਸ੍ਯ ਨ ਭਾਸ ॥੫॥

ਜਬੈ = ਜਦੋਂ ਜੀਵ ਜਾਗਯੋ = ਜਾਗਦਾ ਹੈ, ਤਦੋਂ ਸਾਰੀ ਗ੍ਯਾਨ = ਗਿਆਤ ਅਵਸਥਾ ਭਯੋ = ਹੋ ਆਉਂਦੀ ਹੈ ਕਿ ਮੈਂ ਤਾਂ ਸੁਪਨਾ ਦੇਖ ਰਿਹਾ ਸੀ, ਜੋ ਕੁਝ ਸੁਪਨੇ ਵਿਚ (ਦ੍ਰਿਸਟ + ਅਦ੍ਰਿਸਟ) ਦ੍ਰਿਸਟ = ਦੇਖਦਾ ਹੁੰਦਾ ਹੈ, ਉਹ ਅਦ੍ਰਿਸਟ = ਨਾ ਦਿਖਣ ਵਾਲਾ ਭਾਸ = ਪ੍ਰਤੀਤ ਹੋਣ ਲੱਗ ਜਾਂਦਾ ਹੈ ॥੫॥ ਜੈਸਾ ਕਿ :

> **ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥**
> **ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥**

*(ਸੋਰਠਿ ਭਗਤ ਰਵਿਦਾਸ ਜੀ, ਅੰਗ ੬੫੭)*

## ਦੋਹਰਾ ॥ ਛੁਧਾ ਪਿਆਸਾ[੧] ਸ਼ੋਕ ਪੁਨ; ਹਰਖ ਜਨਮ ਅਰੁ ਅੰਤ ॥

ਛੁਧਾ = ਭੁੱਖ ਤੇ ਪਿਆਸਾ = ਪਿਆਸ ਇਹ ਪ੍ਰਾਣਾਂ ਦਾ ਧਰਮ ਹੈ, ਪੁਨ = ਫੇਰ ਸ਼ੋਕ = ਗ਼ਮ ਤੇ ਹਰਖ = ਖ਼ੁਸ਼ੀ ਮਨ ਦਾ ਧਰਮ ਹੈ ਅਰੁ = ਅਤੇ ਸਥੂਲ ਸਰੀਰ ਦਾ ਜਨਮ = ਜੰਮਣਾ ਤੇ ਅੰਤ = ਅਖ਼ੀਰ ਭਾਵ ਮਰਨਾ ਇਹ ਧਰਮ ਹੈ।

## ਏ ਖਟ ਉਰਮੀ ਧਰਮ ਤਨ; ਆਤਮ ਰਹਿਤ ਅਨੰਤ ॥੬॥

ਏ = ਇਹ ਖਟ = ਛੇ ਉਰਮੀ = ਉਰਮੀਆਂ (ਲਹਿਰਾਂ), ਕਲੇਸ਼, ਵਿਕਾਰ ਤਨ = ਸਰੀਰ ਦੇ ਧਰਮ = ਨਿਯਮ

---

੧. ਪਾਠਾਂਤ੍ਰ—ਪਿਪਾਸਾ।

ਹਨ, ਭਾਵ ਸੰਸਾਰ ਸਮੰਦਰ ਦੇ ਵਿਚ ਸਰੀਰ ਦੀਆਂ ਇਹ ਛੇ ਲਹਿਰਾਂ ਹਨ **ਵਾ:** ਇਹ ਸਰੀਰ ਦੇ ਧਰਮ ਦੀਆਂ ਛੇ ਲਹਿਰਾਂ ਹਨ। ਪਰੰਤੂ ਆਤਮ = ਆਤਮਾ ਇਨ੍ਹਾਂ ਛੇ ਉਰਮੀਆਂ, ਵਿਕਾਰਾਂ ਤੋਂ ਰਹਿਤ ਅਨੰਤ = ਬੇਅੰਤ ਸਰੂਪ ਹੈ॥੬॥ ਜੈਸਾ ਕਿ :

**ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ਰਹਾਉ॥** *(ਅੰਗ ੮੬੮)*

**ਬਾਲਕ ਬੂਢਾ ਜੋ ਨਹਿੰ ਤਰੁਨਾ॥ ਜਾਹਿੰ ਕਦਾਚਿਤ ਜਨਮ ਨ ਮਰਨਾ॥**
**ਜਾ ਕੋ ਭੁਖ ਪਿਆਸ ਨ ਥੋਰੀ॥ ਜਿਹ ਬਿਸਰੇ ਤੇ ਹੈ ਦੁਖ ਘੋਰੀ॥** *(ਨਾਨਕ ਪ੍ਰਕਾਸ਼, ਅਧਿ: ੪੩)*

## ਦੋਹਰਾ॥

## ਜਨਮ ਅਸਤ ਅਰੁ ਬ੍ਰਿਧਿ ਪੁਨਿ; ਬਿਪ੍ਰਨ ਛਯ ਤਨ ਨਾਸ॥

ਜੋ ਜਨਮ = ਜੰਮਣਾ ਅਸਤ = ਟਿਕੇ ਰਹਿਣਾ ਅਰੁ = ਅਤੇ ਪੁਨਿ = ਫੇਰ ਜੁਆਨੀ ਤੇ ਬ੍ਰਿਧਿ = ਬੁਢਾਪਾ ਹੈ, ਇਉਂ ਬਿਪ੍ਰਨ = ਬਦਲਾਅ ਹੁੰਦਾ ਰਹਿੰਦਾ ਹੈ (ਭਾਵ ਜਨਮ, ਬਾਲਕ ਅਵਸਥਾ, ਬਾਲਕ ਅਵਸਥਾ ਤੋਂ ਕਿਸ਼ੋਰ, ਕਿਸ਼ੋਰ ਤੋਂ ਜੁਆਨੀ, ਜੁਆਨੀ ਤੋਂ ਬੁਢਾਪਾ ਅਤੇ ਬੁਢਾਪੇ ਤੋਂ ਮੌਤ) ਵੱਧਣਾ, ਘੱਟਣਾ ਤੇ ਛਯ = ਛੇਵਾਂ ਤਨ = ਸਰੀਰ ਦਾ ਨਾਸ = ਅੰਤ ਹੋਣਾ ਭਾਵ ਮੌਤ ਹੋ ਜਾਣੀ।

## ਖਟ ਬਿਕਾਰ ਯੇ[1] ਦੇਹ ਕੇ; ਆਤਮ ਸ੍ਵਯੰ ਪ੍ਰਕਾਸ॥੭॥

ਯੇ = ਇਹ ਖਟ = ਛੇ ਬਿਕਾਰ = ਦੋਸ਼ ਦੇਹ = ਸਰੀਰ ਕੇ = ਦੇ ਹਨ, ਪਰ ਆਤਮ = ਆਤਮਾ ਤਾਂ ਸ੍ਵਯੰ = ਸੁਤੇ ਪ੍ਰਕਾਸ਼ = ਚੇਤਨ ਸਰੂਪ ਹੈ॥੭॥

ਭਾਈ ਸੰਤੋਖ ਸਿੰਘ ਜੀ ਇਸ ਪ੍ਰਕਾਰ ਲਿਖਦੇ ਹਨ :

**ਜਨਮ ਅਸਤਿ ਅਰੁ ਵ੍ਰਿੱਧਿ ਪ੍ਰਣਾਮਾ॥ ਖੀਨ ਹੋਨ ਮਰਨੋ ਦੁਖ ਧਾਮਾ॥**
**ਖਟ ਬਿਕਾਰ ਆਤਮ ਮਹਿ ਨਾਹੀ॥** *(ਨਾਨਕ ਪ੍ਰਕਾਸ਼)*

ਈਸ਼ਰ ਦੇ ਛੇ ਗੁਣ :

**ਜਸੁ ਐਸ੍ਵਰਜ ਵਿਰਾਗ ਉਦਾਰ॥ ਲਛਮੀ ਗਯਾਨ ਸੁ ਪੂਰਨ ਧਾਰਿ॥...੪੭॥**

ਛੇ ਵਿਕਾਰ ਸਰੀਰ ਦੇ :

**ਖਟ ਵਿਕਾਰ ਜਨਮਨਿ ਅਰੁ ਮਰਨੇ। ਇਹ ਸਰੀਰ ਕੋ ਦੋਨਹੁ ਬਰਨੇ॥੪੭॥**
**ਛੁਧਾ ਤ੍ਰਿਖਾ ਦੁਇ ਪ੍ਰਾਨਨਿ ਕੇਰ॥ ਹਰਖ ਸ਼ੋਕ ਮਨ ਕੇ ਜੁਗ ਹੇਰਿ॥...੪੮॥**
*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੫, ਅੰਸੂ ੪੬)*

## ਦੋਹਰਾ॥ ਚਿਦਾਕਾਸ 'ਅਬਿਧ' ਅਮਲ; ਸਾਂਤਿ ਏਕ ਤਵ ਰੂਪ॥

(ਦੂਸਰਾ ਪਾਠ ਅਦ੍ਵੈ ਤੇ ਤਵ ਹੈ)

ਹੇ ਸਿੱਖ! ਜੋ ਤੇਰਾ ਸਰੂਪ ਚਿਦਾਕਾਸ = ਚੇਤਨ ਆਕਾਸ਼ ਅਬਿਧ = ਬਿੰਨਣ ਤੋਂ ਰਹਿਤ ਅਦ੍ਵੈ = ਦ੍ਵੈਸ਼ ਤੋਂ ਰਹਿਤ, ਅਵਿੱਦਿਆ, ਪਾਪਾਂ ਦੀ ਅਮਲ = ਮੈਲ ਤੋਂ ਰਹਿਤ ਹੈ, ਤੇ ਏਕ ਤਰ = ਇਕ-ਰਸ ਸਾਂਤਿ = ਸ਼ਾਂਤੀ ਰੂਪ = ਸਰੂਪ ਹੈ **ਵਾ:** ਇਕ ਤਵ = ਤੇਰਾ ਸਰੂਪ ਸ੍ਵਜਾਤੀ, ਵਿਜਾਤੀ ਤੇ ਸ੍ਵਗਤਿ ਭੇਦ ਤੋਂ ਰਹਿਤ ਹੈ, ਉਹ ਤੇਰਾ ਆਪਣਾ ਰੂਪ ਹੈ।

---

੧. ਪਾਠਾਂਤ੍ਰ—ਇਹ।

## ਜਨਮ ਮਰਨ ਕਿਤ ਸੰਭਵੈ, ਕਿਤ ਹੰਕਾਰ ਅਨੂਪ ॥੮॥

ਇਸ ਲਈ ਉਸ ਵਿਚ ਜਨਮ = ਜੰਮਣਾ ਮਰਨ = ਮਰਣਾ ਕਿਤ = ਕਿਸ ਤਰ੍ਹਾਂ ਸੰਭਵੈ = ਬਣ ਸਕਦਾ ਹੈ, ਭਾਵ ਨਹੀਂ ਬਣ ਸਕਦਾ ਅਤੇ ਅਨੂਪ = ਉਪਮਾ ਤੋਂ ਰਹਿਤ ਤੇਰੇ ਆਤਮ ਸਰੂਪ ਵਿਚ ਮੈਂ ਜੰਮਦਾ ਮਰਦਾ ਹਾਂ, ਇਹ ਹੰਕਾਰ = ਹੰਗਤਾ ਕਤ = ਕਿਵੇਂ ਬਣ ਸਕਦੀ ਹੈ, ਭਾਵ ਨਹੀਂ ਬਣ ਸਕਦੀ ਕਿਉਂਕਿ ਇਹ ਸਾਰਾ ਕੁਝ ਸਰੀਰ ਨਾਲ ਸੰਬੰਧਿਤ ਹੈ ॥੮॥

## ਦੋਹਰਾ ॥ ਬਿਖੈ ਭੋਗਤਾਸਥਾਨ ਤਨ[1]; ਸਾਧਿਕ ਇੰਦ੍ਰੀ ਜੋਇ ॥

ਜੋ ਸ਼ਬਦ, ਸਪਰਸ, ਰੂਪ ਰਸ ਗੰਧ ਬਿਖੈ = ਵਿਸ਼ੇ ਹਨ ਇਨ੍ਹਾਂ ਨੂੰ (ਭੋਗਤ + ਅਸਥਾਨ) ਅਸਥਾਨ = ਥਾਂ ਭਾਵ ਸਥੂਲ ਤਨ = ਸਰੀਰ ਭੋਗ = ਭੋਗਦਾ ਹੈ **ਵਾ:** ਇਨ੍ਹਾਂ ਨੂੰ ਭੋਗਤ = ਭੋਗਣ ਦਾ ਅਸਥਾਨ = ਥਾਂ ਸਥੂਲ ਸਰੀਰ ਹੈ, ਜੋਇ = ਜਿਹੜੀਆਂ ਕੰਨ, ਨੱਕ, ਅੱਖਾਂ ਆਦਿ ਇੰਦਰੀਆਂ ਹਨ ਇਹ ਵਿਸ਼ਿਆਂ ਦੇ ਸਾਧਿਕ = ਸਾਧਨ ਹਨ **ਵਾ:** ਜੋ ਇੰਦਰੀਆਂ ਹਨ, ਇਹ ਸਾਧਨਾਂ ਦੀ ਤਰ੍ਹਾਂ ਚਮਚੇ ਹਨ, ਭਾਵ ਵਿਸ਼ੇ ਭੋਗਣ ਵਾਸਤੇ ਹੱਲਾ-ਸ਼ੇਰੀ ਦੇਣ ਵਾਲੀਆਂ ਹਨ।

## ਆਹਿ ਭੋਗਤਾ ਬੁਧਿ ਮਨ, ਤੂੰ ਨ ਚਤੁਸ਼ਟਾ ਹੋਇ ॥੯॥

ਹੇ ਸਿੱਖ! ਤੇਰਾ ਸਥੂਲ ਸਰੀਰ ਹੀ **ਵਾ:** ਬੁੱਧੀ ਤੇ ਮਨ ਹੀ ਵਿਸ਼ਿਆਂ ਨੂੰ ਭੋਗਤਾ = ਭੋਗਣ ਵਾਲੇ ਹਨ, ਪਰ ਚਤੁਸ਼ਟਾ = ਚਾਰੇ ਅੰਤਹਕਰਣ ਇਹਨਾਂ ਦਾ ਭੋਗਤਾ ਨ = ਨਹੀਂ ਹੋਇ = ਹੋ ਸਕਦੇ ॥੯॥

## ਦੋਹਰਾ ॥ ਕਾਰਨ ਲਿੰਗ ਅਸਥੂਲਤਨ; ਬੁਧਿ ਮਨ ਇੰਦ੍ਰਯ ਪ੍ਰਾਨ ॥

ਅਵਿੱਦਿਆ ਰੂਪ ਕਾਰਨ ਸਰੀਰ, ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ, ਮਨ ਤੇ ਬੁੱਧਿ ਇਨ੍ਹਾਂ ਸਤਾਰਾਂ ਦਾ ਸਮੁਦਾਯ ਲਿੰਗ = ਸੂਖਮ ਸਰੀਰ ਹੈ ਤੇ ਪੰਜਾਂ ਤੱਤਾਂ ਦਾ ਰਚਿਤ ਅਸਥੂਲ = ਸਥੂਲ ਤਨ = ਸਰੀਰ ਹੈ।

## ਏ ਜੜ ਤੋਹਿ ਲਹੈ ਨਹੀ; ਤੂੰ ਚੈਤਨ ਪ੍ਰਮਾਨ ॥੧੦॥

ਏ = ਇਹ ਸਾਰੇ ਜੜ੍ਹ ਭਾਵ ਇਕ ਜਗ੍ਹਾ ਰਹਿਣ ਵਾਲੇ ਹਨ, ਇਸ ਲਈ ਇਹ ਆਪਣੇ ਆਪ ਤੋਹਿ = ਤੇਰੇ ਸਰੂਪ ਨੂੰ ਲਹੈ = ਜਾਣ ਨਹੀਂ ਸਕਦੇ, ਪਰ ਤੂੰ ਚੈਤਨ = ਚੇਤਨ ਸਰੂਪ ਆਪਣੇ ਆਪ ਨੂੰ (ਪ੍ਰ + ਮਾਨ) ਪ੍ਰ = ਵਿਸ਼ੇਸ਼ ਕਰਕੇ ਮਾਨ = ਮੰਨਣਾ ਕਰ ॥੧੦॥

## ਦੋਹਰਾ ॥ ਏਕ ਤੰਤ ਮੈਂ ਤ੍ਰਿਗੁਣਤਾ; ਅਰਝ ਗ੍ਰਿੰਥ ਬਹੁ ਭਾਇ ॥

ਜਿਵੇਂ ਏਕ = ਇਕ ਹੀ ਤਰ੍ਹਾਂ ਦੇ ਤੰਤ = ਧਾਗੇ ਮੈਂ = ਵਿਚ ਤ੍ਰਿਗੁਣਤਾ = ਤਿੰਨ ਤਰ੍ਹਾਂ ਦੇ ਰੰਗ, ਗੁਣ, ਰੂਪ, ਭਾਵ ਚਿੱਟਾ, ਪੀਲਾ ਤੇ ਲਾਲ ਹੁੰਦੇ ਹਨ, ਇਸਨੂੰ ਵਿਆਹ ਵਿਚ ਵਰਤਣ ਵਾਲੇ ਮੌਲੀ ਜਾਂ ਖਮਣੀ ਕਹਿੰਦੇ ਹਨ, ਇਉਂ ਤਿੰਨ ਰੰਗਾਂ ਦੇ ਧਾਗੇ ਅਰਝ = ਉਲਝ ਕੇ ਗ੍ਰਿੰਥ = ਗੰਢਾ ਦੇ ਰੂਪ ਵਿਚ ਬਹੁ = ਬਹੁਤ ਭਾਇ = ਤਰ੍ਹਾਂ ਦੇ ਦਿੱਸਦੇ ਹਨ (**ਵਾ:** ਇਸੇ ਤਰ੍ਹਾਂ ਇਕ ਬ੍ਰਹਮ ਰੂਪ ਧਾਗੇ ਦੀ ਸੱਤਾ ਪਾ ਕੇ ਤਿੰਨ ਗੁਣ ਭਾਵ ਰਾਜਸੀ, ਤਾਮਸੀ, ਸਾਂਤਕੀ ਸੁਭਾਵ ਵਾਲੀਆਂ ਨਾਨਾਂ ਤਰ੍ਹਾਂ ਦੀਆਂ ਜੀਵ ਰੂਪ ਗੰਢਾਂ ਬਣੀਆਂ ਹਨ।)

---

੧. ਪਾਠਾਂਤ੍ਰ—ਭੋਗ ਇਸਥਾਨ।

## ਤੈਸੇ ਸੁਧ ਸਰੂਪ ਮੈ; ਨਾਥ ਜਗਤ ਦਰਸਾਇ ॥੧੧॥

ਨਾਥ = ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਤੈਸੇ = ਉਸੇ ਤਰ੍ਹਾਂ ਹੀ ਤੇਰੇ ਸੁਧ ਸਰੂਪ ਮੈ = ਵਿਚ ਜਗਤ = ਸੰਸਾਰ ਮਿਥਿਆ ਰੂਪ ਦਰਸਾਇ = ਦਿੱਸਦਾ ਹੈ **ਵਾ:** ਸੰਸਾਰ ਕਲਪਤਦਾਤਮ ਸੰਬੰਧ ਰੂਪ ਪ੍ਰਤੀਤ ਹੁੰਦਾ ਹੈ ॥੧੧॥

## ਦੋਹਰਾ ॥ ਬਸਨ ਪੂਤਰੀ ਬਸਨ ਮਯ; ਨਾਨਾ ਅੰਗ ਅਨੂਪ ॥

ਜਿਵੇਂ ਬਸਨ = ਬਸਤਰ ਤੋਂ ਬਣੀ ਪੂਤਰੀ = ਮੂਰਤੀ ਬਸਨ = ਬਸਤਰ ਦਾ ਹੀ ਮਯ = ਰੂਪ ਹੁੰਦੀ ਹੈ, ਭਾਵੇਂ ਨਾਨਾ = ਅਨੇਕਾਂ ਤਰ੍ਹਾਂ ਦੇ ਅਤਿਅੰਤ ਅਨੂਪ = ਉਪਮਾ ਤੋਂ ਰਹਿਤ, ਭਾਵ ਸੁੰਦਰ ਅੰਗ ਹੁੰਦੇ ਹਨ।

## ਏਕ ਤੰਤ ਬਿਨੁ ਨਹਿ ਬੀਓ; ਤਯੋਂ ਸਭ ਸੁਧ ਸਰੂਪ ॥੧੨॥

ਉਹ ਸਭ ਕੁਝ ਏਕੁ = ਇਕ ਤੰਤ = ਧਾਗੇ ਤੋਂ ਬਿਨੁ = ਬਗ਼ੈਰ ਬੀਓ = ਦੂਸਰਾ ਹੋਰ ਕੁਝ ਵੀ ਨਹਿ = ਨਹੀਂ ਹੁੰਦਾ, ਤਯੋਂ = ਤਿਵੇਂ ਸਭ = ਸਾਰੇ ਸ਼ੁੱਧ ਸਰੂਪ ਹਨ।

**ਵਾ:** ਇਸੇ ਪ੍ਰਕਾਰ ਮਾਇਆ ਸਬਲ ਵੈਰਾਟ ਰੂਪ ਬਸਤਰ ਵਿਚ ਅਨੇਕਾਂ ਛੋਟੇ ਵੱਡੇ ਜੀਵ ਜੰਤਾਂ ਦੀ ਤਸਵੀਰ ਬਣੀ ਹੋਈ ਹੈ, ਪਰ ਇਕ ਸ਼ੁੱਧ ਸਰੂਪ ਬ੍ਰਹਮ ਰੂਪ ਧਾਗੇ ਤੋਂ ਬਗ਼ੈਰ ਹੋਰ ਕੁਝ ਵੀ ਨਹੀਂ ਹੈ ॥੧੨॥

## ਦੋਹਰਾ ॥ ਦੇਖਿ ਖਿਲੌਨੇ ਖਾਂਡ ਕੇ; ਆਨੰਦ ਭਯੋ ਮਨ ਮਾਹਿ ॥

ਖਾਂਡ = ਖੰਡ ਕੇ = ਦੇ ਬਣੇ ਖਿਲੌਨੇ = ਖਿਲਾਉਣੇ ਦੇਖਿ = ਵੇਖ ਕੇ ਬੱਚੇ ਦਾ ਮਨ ਚਿੱਤ ਮਾਹਿ = ਵਿਚ ਆਨੰਦ = ਪ੍ਰਸੰਨ ਭਯੋ = ਹੁੰਦਾ ਹੈ।

## ਚਾਹਿ ਕਰੀ ਜਬ ਬਸਤ ਕੀ; ਤਬ ਸਭ ਲੈ ਹ੍ਵੈ ਜਾਹਿ ॥੧੩॥

ਜਬ = ਜਦ ਬੱਚਾ ਖੰਡ ਦੇ ਬਣੇ ਖਿਲੌਨਿਆਂ ਵਿੱਚੋਂ ਕਿਸੇ ਇਕ ਬਸਤ = ਚੀਜ਼ (ਖਿਲੌਨੇ) ਦੇ ਖਾਣ ਕੀ = ਦੀ ਚਾਹਿ = ਇੱਛਾ ਕਰੀ = ਕਰਦਾ ਹੈ, ਤਬ = ਤਦ ਉਹ ਸਭ = ਸਾਰੇ ਖਿਡੌਣੇ ਲੈ = ਲੀਨ ਹ੍ਵੈ = ਹੋ ਜਾਹਿ = ਜਾਂਦੇ ਹਨ ਭਾਵ ਭੁਰ ਜਾਂਦੇ ਹਨ। **ਵਾ:** ਖਾਧੇ ਖਿਲੌਣੇ ਖੁਰ ਕੇ ਰਸ ਰੂਪ ਹੋ ਗਏ, ਖਿਲੌਣੇ ਦਾ ਰੂਪ ਸਮਾਪਤ ਹੋ ਗਿਆ, ਇਉਂ ਸੰਸਾਰ ਦੇ ਪਦਾਰਥ ਨਾਸ਼ ਰੂਪ ਹਨ ॥੧੩॥

## ਦੋਹਰਾ ॥ ਲਹਯੋ ਨ ਸੁਧ ਸਰੂਪ ਜਿਨਿ; ਕਹਾ ਲਹਯੋ ਤਿਨ ਕੂਰ ॥

ਜਿਨਿ = ਜਿਸ ਨੇ ਸੁਧ = ਨਿਰੋਲ (ਖ਼ਾਲਸ) ਸਰੂਪ ਨੂੰ ਲਹਯੋ = ਜਾਣਿਆ ਨ = ਨਹੀਂ ਹੈ, ਤਿਨ = ਉਸ ਕੂਰ = ਝੂਠੇ ਪੁਰਖ ਨੇ ਸੰਸਾਰ ਵਿਚ ਆ ਕੇ ਕਹਾ = ਕੀ ਲਹਯੋ = ਜਾਣਿਆ ਹੈ, ਭਾਵ ਕੁਝ ਵੀ ਪ੍ਰਾਪਤ ਨਹੀਂ ਕੀਤਾ।

## ਸਾਖਾ ਦਲ ਸੀਂਚਤ ਰਹਯੋ; ਯੌ ਨਹੀਂ ਸੀਂਚਯੋ ਮੂਰ ॥੧੪॥

ਉਸ ਪੁਰਖ ਨੂੰ ਤਾਂ ਇਸ ਤਰ੍ਹਾਂ ਜਾਨਣਾ ਕਰੋ ਜਿਵੇਂ ਕੋਈ ਸੱਜਣ ਸਾਖਾ = ਟਾਹਣੀਆਂ, ਦਲ = ਪੱਤਿਆਂ ਨੂੰ ਪਾਣੀ ਸੀਂਚਤ = ਸਿੰਜਦਾ ਰਹੇ। ਪਰ ਮੂਰ = ਮੁੱਢ ਨੂੰ ਪਾਣੀ ਨਹੀਂ = ਨਾ ਲਾਉਣਾ ਕਰੇ, ਇੰਜ ਟਾਹਣੀਆਂ ਤੇ ਪੱਤਿਆਂ ਉੱਤੇ ਪਾਣੀ ਦਾ ਛਿੜਕਾ ਕੀਤਿਆਂ ਕੀ ਅਸਰ ਹੋਵੇਗਾ ? ਭਾਵ ਕੋਈ ਵੀ ਅਸਰ ਨਹੀਂ ਹੋਵੇਗਾ।

ਇਸੇ ਤਰ੍ਹਾਂ ਜੇਕਰ ਕੋਈ ਪੁਰਖ ਚੇਤਨ ਪ੍ਰਕਾਸ਼ ਬ੍ਰਹਮ ਦਾ ਭਜਨ ਛੱਡ ਕੇ ਹੋਰ ਦੇਵੀ ਦੇਵਤਿਆਂ ਰੂਪ ਟਾਹਣੀਆਂ ਪੱਤਰਿਆਂ ਨੂੰ ਪੂਜਦਾ ਰਹੇ ਤਾਂ ਉਸ ਬ੍ਰਹਮ ਗਿਆਨ ਦੀ ਪ੍ਰਾਪਤੀ ਰੂਪ ਫਲ ਕੀ ਮਿਲੇਗਾ ? ਭਾਵ ਨਹੀਂ ਮਿਲੇਗਾ, ਸਗੋਂ ਉਹ ਤਾਂ ਟੇਢੀਆਂ ਜੂਨਾਂ ਵਿਚ ਹੀ ਭਟਕਾਦਾ ਰਹੇਗਾ॥੧੪॥ ਜੈਸਾ ਕਿ :

**ਕਾਹੇ ਕਉ ਪੂਜਤ ਪਾਹਨ ਕਉ ਕਛੁ ਪਾਹਨ ਮੈ ਪਰਮੇਸਰ ਨਾਹੀ॥** *(ਸ੍ਰੀ ਦਸਮ ਗ੍ਰੰਥ)*

**ਪਾਇ ਪਰੋ ਪਰਮੇਸਰ ਕੇ ਜੜ॥ ਪਾਹਨ ਮੈ ਪਰਮੇਸਰ ਨਾਹੀ॥** *(ਬਚਿੱਤ੍ਰ ਨਾਟਕ, ਪੰਨਾ ੪੬)*

## ਦੋਹਰਾ॥ ਜੈਸੇ ਸਾਂਚੇ ਮੈਂ ਪਰੇ; ਹੋਤ ਕਨਕ ਬਹੁ ਅੰਗ॥

ਜੈਸੇ = ਜਿਵੇਂ ਸਾਂਚੇ = ਸੰਚੇ ਮੈਂ = ਵਿਚ ਪਰੇ = ਪੈ ਕੇ ਕਨਕ = ਸੋਨਾ ਬਹੁ = ਬਹੁਤ ਅੰਗ = ਤਰ੍ਹਾਂ ਦਾ ਹੋਤ = ਹੋ ਜਾਂਦਾ ਹੈ, ਭਾਵ ਅਨੇਕ ਤਰ੍ਹਾਂ ਦਾ ਬਣ ਜਾਂਦਾ ਹੈ।

## ਨਾਨਾ ਵਤ ਯੌ ਬ੍ਰਹਮ ਮਯ; ਲੈ ਉਪਾਧ ਕੋ ਸੰਗ॥੧੫॥

ਯੌ = ਇਸੇ ਤਰ੍ਹਾਂ ਬ੍ਰਹਮ = ਵਿਆਪਕ ਮਯ = ਸਰੂਪ ਵਿਚ ਸਾਰਾ ਸੰਸਾਰ ਮਾਇਆ ਦੀ ਉਪਾਧ[1] = ਉਪਾਧੀ ਕੋ = ਦਾ ਸੰਗ = ਮਿਲਾਪ ਹੋਣ ਕਾਰਨ ਨਾਨਾ = ਅਨੇਕ ਵਤ = ਤਰ੍ਹਾਂ ਦਾ ਹੈ॥੧੫॥

## ਦੋਹਰਾ॥ ਮ੍ਰਿਦ ਬਿਕਾਰ ਮ੍ਰਿਦ ਮਯ ਸਕਲ; ਹਿਮ ਬਿਕਾਰ ਹਿਮ ਜਾਨ॥

ਜਿਵੇਂ ਮ੍ਰਿਦ = ਮਿੱਟੀ ਬਿਕਾਰ = ਬਦਲ ਕੇ ਘੜਾ ਆਦਿ ਬਹੁਤ ਤਰ੍ਹਾਂ ਦੇ ਬਰਤਨ ਰੂਪ ਵਿਚ ਬਣ ਜਾਂਦੀ ਹੈ, ਪਰ ਉਹ ਸਕਲ = ਸਾਰੇ ਮ੍ਰਿਦ = ਮਿੱਟੀ ਦੇ ਬਰਤਨ ਮਿੱਟੀ ਦਾ ਮਯ = ਰੂਪ ਹੀ ਹੁੰਦੇ ਹਨ, ਪਾਣੀ ਬਿਕਾਰ = ਬਦਲ ਕੇ ਹਿਮ = ਬਰਫ਼ ਬਣ ਜਾਂਦਾ ਹੈ, ਪਰ ਸੂਝਵਾਨ ਪੁਰਖ ਉਸ ਹਿਮ = ਬਰਫ਼ ਨੂੰ ਪਾਣੀ ਕਰਕੇ ਹੀ ਜਾਨ = ਜਾਣਦੇ ਹਨ।

## ਤੰਤ ਬਿਕਾਰ ਸੁ ਤੰਤ ਹੀ; ਯੌਂ ਆਤਮ ਜਗ ਮਾਨ॥੧੬॥

ਤੰਤ = ਧਾਗਾ ਬਿਕਾਰ = ਬਦਲ ਕੇ ਬਸਤਰ ਬਣ ਜਾਂਦਾ ਹੈ, ਪਰ ਸੁ = ਉਹ ਬਸਤਰ ਤੰਤ = ਧਾਗੇ ਦਾ ਰੂਪ ਹੀ ਹੁੰਦਾ ਹੈ। ਯੌ = ਇਸੇ ਤਰ੍ਹਾਂ ਹੀ ਜਗ = ਸੰਸਾਰ ਵਿਚ ਆਤਮ = ਆਤਮਾ ਭਾਵ ਪਰਮਾਤਮਾ ਨੂੰ ਮਾਨ = ਮੰਨਣਾ ਕਰੋ॥੧੬॥

## ਦੋਹਰਾ॥ ਦੇਖਯੋ ਰਜ ਮੈ ਸਰਪਤਾ; ਠੂਠਿ ਚੋਰ ਕੇ ਭਾਇ॥

ਰਜ = ਰੱਸੀ ਮੈ = ਵਿਚ ਸਰਪਤਾ = ਸੱਪ ਪੁਣਾ ਦੇਖਯੋ = ਵੇਖਿਆ ਅਤੇ ਠੂਠਿ = ਵੱਢੇ ਹੋਏ ਬ੍ਰਿਛ ਦੇ ਮੁੱਢ ਨੂੰ ਸਮਾਨ ਅੰਧਕਾਰ ਵਿਚ ਚੋਰ ਕੇ = ਦੇ ਭਾਇ = ਤਰ੍ਹਾਂ ਲੱਗੇ, ਭਾਵ ਉਸ ਨੂੰ ਚੋਰ ਮੰਨ ਬੈਠੇ ਜਾਂ ਚੋਰ ਦੇ ਤਰ੍ਹਾਂ ਭਾਇ = ਭਾਉਂਦਾ ਹੋਵੇ।

## ਰਜਤ ਬਿਚਾਰਿਓ ਸੁਕਤ ਮੈਂ; ਆਯੋ ਮਨ ਲਲਚਾਇ॥੧੭॥

ਸੁਕਤ = ਸਿੱਪੀ ਮੂ = ਵਿਚ ਰਜਤ = ਚਾਂਦੀ ਨੂੰ ਬਿਚਾਰਿਓ = ਵਿਚਾਰ ਕੇ ਮਨ = ਰਿਦੇ ਵਿਚ ਲਲਚਾਇ = ਲਾਲਚ ਆਯੋ = ਆ ਗਿਆ॥੧੭॥

---

੧. ਉਪਾਧ : ਰੁਤਬਾ, ਕਿਸੇ ਵਸਤੂ ਦੇ ਗਿਆਨ ਕਰਾਉਣ ਦਾ ਕਾਰਨ ਜੋ ਵਸਤੂ ਤੋਂ ਭਿੰਨ ਹੋਵੇ, ਜਿਸ ਤਰ੍ਹਾਂ ਘਟਾਕਾਸ਼ ਨੂੰ ਘੜਾ ਪ੍ਰਗਟ ਕਰਦਾ ਹੈ, ਪਰ ਆਕਾਸ਼ ਤੋਂ ਜੁਦਾ ਹੁੰਦਾ ਹੈ।

## ਦੋਹਰਾ॥ ਭਯੋ ਬਘੂਰਾ ਬਾਤ ਮੈ; ਅਗਨਿ ਚਿਨਗ ਬਹੁ ਅੰਗ॥

ਜਿਵੇਂ ਬਘੂਰਾ = ਵਾ-ਵਰੋਲਾ ਬਾਤ = ਹਵਾ ਦਾ ਮੈ = ਸਰੂਪ ਭਯੋ = ਹੁੰਦਾ ਹੈ, ਹਵਾ ਤੋਂ ਭਿੰਨ ਨਹੀਂ ਹੁੰਦਾ, ਅਗਨਿ = ਅੱਗ ਦੇ ਚਿਨਗ = ਚੰਗਿਆੜੇ ਬਹੁ = ਬਹੁਤ ਅੰਗ = ਅੰਗਾਂ, ਤਰ੍ਹਾਂ ਦੇ ਹੁੰਦੇ ਹਨ, ਪਰ ਉਹ ਅੱਗ ਹੀ ਹੁੰਦੇ ਹਨ, ਅੱਗ ਤੋਂ ਭਿੰਨ ਨਹੀਂ ਹੁੰਦੇ।

## ਬੀਜਹਿ ਮੈ ਤਰਵਰ ਯਥਾ; ਜਲ ਨਿਧਿ ਮਧਿ ਤਰੰਗ॥੧੮॥

ਯਥਾ = ਜਿਵੇਂ ਬੀਜਹਿ = ਬੀਜ ਮੈ = ਵਿਚ ਤਰਵਰ = ਦਰੱਖ਼ਤ ਹੁੰਦਾ ਹੈ, ਪਰ ਬੀਜ ਤੋਂ ਭਿੰਨ ਨਹੀਂ ਹੁੰਦਾ, ਇਸੇ ਤਰ੍ਹਾਂ ਜਲ = ਪਾਣੀ ਦਾ ਨਿਧਿ = ਖ਼ਜ਼ਾਨਾ ਸਮੁੰਦਰ ਹੁੰਦਾ ਹੈ, ਸਮੁੰਦਰ ਮਧਿ = ਵਿੱਚੋਂ ਹਵਾ ਦੇ ਕਾਰਨ ਬੇਅੰਤ ਤਰੰਗ = ਲਹਿਰਾਂ ਉੱਠਦੀਆਂ ਹਨ, ਪਰ ਉਹ ਲਹਿਰਾਂ ਸਮੁੰਦਰ ਤੋਂ ਵੱਖਰੀਆਂ ਨਹੀਂ ਹੁੰਦੀਆਂ॥੧੮॥ ਜੈਸਾ ਕਿ :

**ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੈਂ, ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਗੇ॥**

*(ਸ੍ਰੀ ਦਸਮ ਗ੍ਰੰਥ, ਅਕਾਲ ਉਸਤਤ, ਪੰਨਾ ੧੯)*

## ਦੋਹਰਾ॥ ਮਿਸਰੀ ਕੀ ਤੂੰਬੀ ਰਚੀ; ਰੰਗ ਰੂਪਤਾ ਆਹਿ॥

ਜਿਵੇਂ ਕਿਸੇ ਪੁਰਖ ਨੇ ਮਿਸਰੀ ਕੀ = ਦੀ ਤੂੰਬੀ = ਕੌੜ ਤੁੰਮੀ ਰਚੀ = ਬਣਾਈ ਹੋਵੇ ਤੇ (ਰੂਪ + ਤਾ) ਤਾ = ਉਸੇ ਤਰ੍ਹਾਂ ਦਾ ਰੰਗ ਰੂਪ = ਆਕਾਰ ਵੀ ਬਣਾ ਦਿੱਤਾ ਹੋਵੇ।

## ਖਾਨ ਲਗਯੋ ਜਬ ਭਰਮ ਤਜ; ਸੋ ਤਬ ਕਰਵੀ ਨਾਹਿ॥੧੯॥

ਜਬ = ਜਦ ਕੌੜ ਤੁੰਮੀ ਦਾ ਭਰਮ = ਭੁਲੇਖਾ ਤਜ = ਛੱਡ ਕੇ ਕੋਈ ਪੁਰਖ ਖਾਨ = ਖਾਣ ਲਗਯੋ = ਲੱਗਿਆ, ਤਬ = ਤਦ ਸੋ = ਉਹ ਕਰਵੀ = ਕੌੜੀ ਨਾਹਿ = ਨਾ ਲੱਗੀ॥੧੯॥

## ਦੋਹਰਾ॥ ਪਾਵਕ ਮੈ ਦੀਪਕ ਘਨੇ; ਨਭ ਮੈ ਘਟ ਮਟ ਨਾਮ॥

ਜਿਵੇਂ ਪਾਵਕ = ਅਗਨੀ ਮੈ = ਵਿਚ ਘਨੇ = ਬਹੁਤੇ ਦੀਪਕ = ਦੀਵੇ ਜਗਾਉਣ ਦੀ ਕਲਾ ਹੁੰਦੀ ਹੈ, ਘਟ = ਘੜੇ ਮੈ = ਵਿਚ ਨਭ = ਆਕਾਸ਼ ਦਾ ਪ੍ਰਤਿਬਿੰਬ ਪੈਣ ਨਾਲ ਘਟਾਕਾਸ਼ ਨਾਮ ਪੈ ਜਾਂਦਾ ਹੈ। ਮਕਾਨ ਵਿਚ ਆਕਾਸ਼ ਹੋਵੇ ਤਾਂ ਮਠਾਕਾਸ਼ ਨਾਮ ਪੈ ਜਾਂਦਾ ਹੈ।

## ਨੀਰ ਮਾਝ ਓਰਾ ਭਏ; ਯੌਂ ਜਗ ਆਤਮ ਰਾਮ॥੨੦॥

ਨੀਰ = ਪਾਣੀ ਮਾਝ = ਵਿਚ, ਬਰਫ਼ ਦੇ ਓਰਾ = ਗੜੇ ਭਏ = ਹੁੰਦੇ ਹਨ, ਯੌਂ = ਇਸੇ ਤਰ੍ਹਾਂ ਜਗ = ਸੰਸਾਰ ਵਿਚ ਆਤਮ ਰਾਮ ਪਰੀਪੂਰਨ ਹੈ॥੨੦॥

## ਦੋਹਰਾ॥ ਸਤ ਕਹੋਂ ਤੋ ਹੈ ਨਹੀਂ, ਮਿਥਯਾ ਕਹੋਂ ਤੋ ਆਹਿ॥

ਜੇ ਜਗਤ ਨੂੰ ਸਤ = ਸੱਚ ਕਹੋ = ਆਖਦੇ ਹਾਂ ਤੋ = ਤਾਂ ਇਹ ਇਸਥਿਤ ਰੂਪ ਦਿਸ ਨਹੀਂ ਰਿਹਾ, ਭਾਵ ਨਾਸ਼ਵਾਨ ਹੈ, ਜੇਕਰ ਮਿਥਯਾ = ਝੂਠਾ ਕਹੋ = ਆਖਦੇ ਹਾਂ ਤੋ = ਤਾਂ ਸਾਰਾ ਕੁਝ ਦਿਸ ਰਿਹਾ ਆਹਿ = ਹੈ।

## ਕਹਿ ਅਨਾਥ ਅਚਰਜ ਮਹਾਂ; ਅਕਹਿ ਕਹੀਐ ਕਾਹਿ॥੨੧॥

ਅਨਾਥ ਕਵੀ ਜੀ ਕਹਿ = ਕਥਨ ਕਰਦੇ ਹਨ ਕਿ ਇਹ ਗੱਲ ਮਹਾ = ਬਹੁਤੀ ਅਚਰਜ = ਅਸਚਰਜ,

ਹੈਰਾਨਗੀ ਵਾਲੀ ਹੈ, ਸਭ ਕੁਝ ਅਕਹਿ = ਕਥਨ ਤੋਂ ਰਹਿਤ ਹੈ, ਇਸ ਲਈ ਕਾਹਿ = ਕੀ ਕਹੀਐ = ਆਖਣਾ ਕਰੀਏ, ਭਾਵ ਕੁਝ ਵੀ ਆਖਿਆ ਨਹੀਂ ਜਾ ਸਕਦਾ ਕਿਉਂਕਿ ਜੇ ਸੱਚਾ ਕਹਿੰਦੇ ਹਾਂ ਤਾਂ ਸਭ ਕੁਝ ਤੁਰਦਾ ਜਾ ਰਿਹਾ ਹੈ ਅਤੇ ਜੇ ਝੂਠਾ ਕਹਿੰਦੇ ਹਾਂ ਤਾਂ ਵੀ ਕਹਿਆ ਨਹੀਂ ਜਾ ਸਕਦਾ ਕਿਉਂਕਿ ਸਭ ਕੁਝ ਸੱਚ ਦਿਸ ਰਿਹਾ ਹੈ॥੨੧॥

## ਇਤਿ ਸ੍ਰੀ ਵਿਚਾਰ ਮਾਲਾ ਉਪਦੇਸ਼ ਪੰਚਮੋ ਬਿਸ੍ਰਾਮ॥੫॥

ਸ੍ਰੀ = ਸੁਭਾਏਮਾਨ ਵਿਚਾਰ ਮਾਲਾ ਨਾਮੇ ਗ੍ਰੰਥ ਦੇ ਪੰਚਮੋ = ਪੰਜਵੇਂ ਬਿਸ੍ਰਾਮ = ਅਧਿਆਇ ਦੀ ਇਤਿ = ਸਮਾਪਤੀ ਕੀਤੀ ਹੈ। ਇਸ ਵਿਚ ਤਤ ਵਸਤੂ ਦਾ ਉਪਦੇਸ਼ ਕਥਨ ਕੀਤਾ ਹੈ॥੫॥

## ਛੇਵਾਂ ਬਿਸ੍ਰਾਮ ਪ੍ਰਾਰੰਭਾ

ਇਸ ਛੇਵੇਂ ਬਿਸ੍ਰਾਮ ਵਿਚ ਸੰਸਾਰ ਨੂੰ ਝੂਠਾ ਵਰਣਨ ਕਰਦੇ ਹਨ।
ਸਿੱਖਯੋ ਵਾਚ - ਸਿੱਖ ਵੱਲੋਂ ਬੇਨਤੀ ਰੂਪ ਵਿਚ ਕਥਨ ਕਰਦੇ ਹਨ।

### ਦੋਹਰਾ॥
### ਭੋ ਭਗਵਨ ਮੋ ਮਨ ਭਯੋ; ਸੰਸੈ ਦੇਹੁ ਨਿਵਾਰਿ॥

ਭੋ = ਹੇ ਭਗਵਨ = ਗੁਰੂ ਜੀ ! ਮੋ = ਮੇਰੇ ਮਨ = ਚਿੱਤ ਵਿਚ ਇਹ ਸੰਸੈ = ਸੰਸਾ, ਸ਼ੱਕ ਭਯੋ = ਹੋ ਗਿਆ ਕਿਰਪਾ ਕਰਕੇ ਤੁਸੀਂ ਉਸ ਦੀ ਨਿਵਾਰਿ = ਨਵਿਰਤੀ ਕਰ ਦੇਹੁ = ਦੇਵੋ। ਕਿ :

### ਜਗ ਮਿਥ੍ਯਾ ਕਿਹ ਬਿਧਿ ਕਹਿਯੋ; ਮੋ ਪ੍ਰਤਿ ਕਹੋ ਬਿਚਾਰ॥੧॥

ਜਗ = ਸੰਸਾਰ ਨੂੰ ਕਿਹ = ਕਿਸ ਬਿਧਿ = ਵਿਧੀ ਨਾਲ ਮਿਥ੍ਯਾ = ਝੂਠਾ ਕਹਿਯੋ = ਕਹਿਣਾ ਕੀਤਾ ਹੈ ? ਇਹ ਮੋ = ਮੇਰੇ ਪ੍ਰਤਿ = ਤਾਈਂ ਬਿਚਾਰ = ਨਿਰਨਾ, ਸੋਚ ਕੇ ਕਹੋ = ਦੱਸਣਾ ਕਰੋ॥੧॥
ਜਿਸ ਕਰਕੇ ਮੇਰਾ ਸੰਸਾ ਦੂਰ ਹੋ ਜਾਵੇ।

### ਸ੍ਰੀ ਗੁਰੋਵਾਚ॥ ਜਗ ਮਿਥ੍ਯਾ ਦ੍ਰਸਾਵਤ ਹੈ॥

ਗੁਰੂ ਦੇਵ ਜੀ ਆਪਣੀ ਸ੍ਰੀ = ਸੁਭਾਏਮਾਨ ਰਸਨਾ ਤੋਂ ਜਗਤ ਨੂੰ ਮਿਥਿਆ ਦਰਸਾਉਂਦੇ ਹੋਏ ਉੱਤਰ ਕਥਨ ਕਰਦੇ ਹਨ।

### ਦੋਹਰਾ॥ ਸੀਤਲ ਜਲ ਮ੍ਰਿਗ ਤ੍ਰਿਸ਼ਨ ਕੋ; ਗਗਨ ਕਮਲ ਕੀ ਬਾਸ॥

ਜਿਵੇਂ ਕੋਈ ਮਨੁੱਖ ਇਹ ਕਹਿਣਾ ਕਰੇ ਕਿ ਮ੍ਰਿਗ ਤ੍ਰਿਸਨਾ[੧] ਕੋ = ਦਾ ਜਲ = ਪਾਣੀ ਅਤਿਅੰਤ ਸੀਤਲ = ਠੰਢਾ ਹੁੰਦਾ ਹੈ। ਅਸਲ ਵਿਚ ਇਹ ਜਲ ਹੁੰਦਾ ਹੀ ਨਹੀਂ ਮ੍ਰਿਗ ਨੂੰ ਮਿਥਿਆ ਜਲ ਦਾ ਸਤ ਪ੍ਰਤੀਤ

---

੧. ਜਦ ਸੂਰਜ ਦੀਆਂ ਸਿੱਧੀਆਂ ਕਿਰਣਾਂ ਰੇਤਲੇ (ਮਾਰੂਥਲ) ਥਾਂ ਵਿਚ ਪੈਂਦੀਆਂ ਹਨ, ਤਦ ਰੇਤ ਦੀ ਚਮਕ ਨਾਲ ਮ੍ਰਿਗ ਨੂੰ ਪਾਣੀ ਦੀ ਭਰੀ ਝੀਲ ਦਿੱਸਣ ਲੱਗ ਜਾਂਦੀ ਹੈ, ਜਿਉਂ-ਜਿਉਂ ਮ੍ਰਿਗ ਉਸ ਵੱਲ ਜਾਂਦਾ ਹੈ, ਤਿਉਂ ਤਿਉਂ ਉਹ ਪਾਣੀ ਦੂਰ ਪ੍ਰਤੀਤ ਹੁੰਦਾ ਜਾਂਦਾ ਹੈ, ਅੰਤ ਨੂੰ ਸੂਰਜ ਦੀਆਂ ਕਿਰਣਾਂ ਢਲ ਕੇ ਤਿਰਛੀਆਂ ਹੋ ਜਾਂਦੀਆਂ ਹਨ ਅਤੇ ਪਾਣੀ ਦੀ ਥਾਂ ਕੇਵਲ ਮਾਰੂਥਲ ਪ੍ਰਤੀਤ ਹੋਣ ਲੱਗ ਜਾਂਦਾ ਹੈ, ਇਸੇ ਕਰਕੇ ਵਿਦਵਾਨਾਂ ਨੇ ਮ੍ਰਿਗ ਤ੍ਰਿਸ਼ਨਾ ਦਾ ਦ੍ਰਿਸ਼ਟਾਂਤ ਦੇ ਕੇ ਜਗਤ ਦੇ ਪਦਾਰਥਾਂ, ਮਾਇਆ ਦੇ ਭੋਗ ਵਿਲਾਸਾਂ ਨੂੰ ਮਿਥਿਆ ਨਿਸ਼ਚੇ ਕੀਤਾ ਹੈ।

ਹੋ ਰਿਹਾ ਹੈ। ਗਗਨ = ਅਕਾਸ਼ ਵਿਚ ਖਿੜੇ ਹੋਏ ਕਮਲ = ਕੌਲ ਫੁੱਲ ਕੀ = ਦੀ ਬਹੁਤ ਬਾਸ = ਸੁਗੰਧੀ ਆ ਰਹੀ ਹੈ।

## ਸੁੰਦਰ ਅਤਿ ਬੰਧਯਾ ਸੁਵਨ; ਐਸੋ ਜਗਤ ਪ੍ਰਕਾਸ਼ ॥੨॥

ਜਿਵੇਂ ਕੋਈ ਕਹਿਣ ਕਰੇ ਕਿ ਬੰਧਯਾ = ਬਾਂਝ ਇਸਤਰੀ ਦਾ ਸੁਵਨ = ਪੁੱਤਰ ਅਤਿ = ਬਹੁਤ ਸੁੰਦਰ = ਸੋਹਣਾ ਹੈ, ਹੇ ਸਿੱਖ ! ਜਿਸ ਤਰ੍ਹਾਂ ਇਹ ਉਪਰੋਕਤ ਚੀਜਾਂ ਅਸੱਤ ਵੀ ਅਰਥਾਕਾਰ ਪ੍ਰਤੀਤ ਹੁੰਦੀਆਂ ਹਨ, ਐਸੋ = ਇਸੇ ਤਰ੍ਹਾਂ ਇਸ ਜਗਤ = ਸੰਸਾਰ ਦਾ ਇਸਥਿਤ ਰੂਪ ਵਿਚ ਹੀ ਪ੍ਰਕਾਸ਼ = ਗਿਆਨ ਹੈ, ਭਾਵ ਇਹ ਸੰਸਾਰ ਸਦਾ ਕਾਇਮ ਰਹਿਣ ਵਾਲਾ ਦਿੱਸਦਾ ਹੈ॥੨॥

## ਦੋਹਰਾ ॥ ਜਿਉਂ ਨਭ ਮੈਂ ਕਲਪੀ ਘਨੀ; ਪੁਤਰੀ ਬਿਬਿਧ ਅਨੇਕ ॥

ਜਿਉ = ਜਿਵੇਂ ਨਭ = ਅਕਾਸ਼ ਮੈਂ = ਵਿਚ ਬੱਦਲਾਂ ਦੀਆਂ ਬਿਬਿਧ = ਕਈ ਤਰ੍ਹਾਂ ਦੀਆਂ ਘਨੀ = ਬਹੁਤ ਸਾਰੀਆਂ ਅਨੇਕ = ਬੇਅੰਤ ਹੀ ਪੁਤਰੀ = ਪੁਤਲੀਆਂ ਕਲਪੀ = ਕਲਪੀਆਂ, ਸੋਚੀਆਂ ਜਾਂਦੀਆਂ ਹਨ। ਭਾਵ ਕਲਪਨਾ ਮਾਤਰ ਦਿੱਸਦੀਆਂ ਹਨ, ਪਰੈ ਹੈ ਮਿਥਿਆ।

## ਕਰਤਿ ਜੁਧ ਅਤਿ ਕ੍ਰੋਧ ਜੁਤ; ਐਸੋ ਜਗਤ ਬਿਬੇਕ ॥੩॥

ਇਸ ਤਰ੍ਹਾਂ ਲੱਗਦਾ ਹੁੰਦਾ ਹੈ ਕਿ ਉਹ ਅਤਿ = ਬਹੁਤੇ ਕ੍ਰੋਧ = ਗ਼ੁੱਸੇ ਜੁਤ = ਸਹਿਤ ਹੋ ਕੇ ਜੁਧ = ਜੰਗ ਕਰਤ = ਕਰਦੀਆਂ ਹਨ, ਐਸੋ = ਅਜਿਹਾ ਹੀ ਜਗਤ = ਸੰਸਾਰ ਦਾ ਬਿਬੇਕ = ਵਿਚਾਰ ਹੈ॥੩॥

## ਦੋਹਰਾ ॥ ਅਨਾਥ ਸੂਪਨ ਕਾਂਹੂ ਨਰਹਿ; ਦਿਸਨ ਬਿਖੈ ਭ੍ਰਮ ਹੋਇ ॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਜਿਵੇਂ ਕਾਂਹੂ = ਕੋਈ ਨਰਹਿ = ਪੁਰਖ ਸੂਪਨ = ਸੁਪਨੇ ਵਿਚ ਸਫ਼ਰ ਤਹਿ ਕਰਨ ਲਈ ਚੱਲ ਪਿਆ ਹੋਵੇ ਤੇ ਉਸ ਨੂੰ ਦਿਸਨ = ਦਿਸ਼ਾ ਬਿਖੈ = ਵਿਚ ਭ੍ਰਮ = ਭੁਲੇਖਾ ਹੋਇ = ਹੋ ਜਾਵੇ, ਭਾਵ ਜਿਸ ਮਾਰਗ 'ਤੇ ਜਾਣਾ ਸੀ, ਉਸ ਰਸਤੇ ਦਾ ਭੁਲੇਖਾ ਖਾ ਕੇ ਕਿਸੇ ਹੋਰ ਰਸਤੇ ਪੈ ਗਿਆ ਹੋਵੇ।

## ਪੂਰਬ ਤਜਿ ਪਸਚਮਿ ਗਯੋ; ਤਿਹ ਬਿਖਾਦ ਜਗਿ ਸੋਇ ॥੪॥

ਪੂਰਬ = ਚੜ੍ਹਦੇ ਸੂਰਜ ਵਾਲਾ ਪਾਸਾ ਤਜਿ = ਛੱਡ ਕੇ ਪਸਚਮਿ = ਪੱਛਮ, ਲਹਿੰਦੇ ਵਾਲੇ ਪਾਸੇ ਚਲਾ ਗਯੋ = ਗਿਆ, ਕਾਫ਼ੀ ਰਸਤਾ ਤਹਿ ਕਰਨ ਤੋਂ ਬਿਖਾਦ = ਬਾਅਦ ਪਤਾ ਲੱਗਿਆ ਕਿ ਮੈਂ ਤਾਂ ਉਲਟ ਰਸਤੇ ਆ ਗਿਆ ਹਾਂ, ਫੇਰ ਤਿਹ = ਉਸ ਪੁਰਖ ਨੂੰ ਸੋਇ = ਉਸ ਭੁਲੇਖੇ ਕਾਰਨ ਬਿਖਾਦ = ਦੁਖੀ ਹੋਣਾ ਪੈਂਦਾ ਹੈ।

ਇਸੇ ਤਰ੍ਹਾਂ ਹੀ ਜਗਤ ਦੀ ਹਾਲਤ ਹੈ, ਜਗਤ ਇਕ ਸੁਪਨੇ ਵਾਂਗ ਹੈ, ਜੀਵ ਇਸ ਵਿਚ ਅਵਿੱਦਿਆ ਕਾਰਨ ਭੁੱਲਿਆ ਫਿਰਦਾ ਹੈ, ਜੀਵ ਦੇ ਕੇਵਲ ਕਲਪਨਾ ਤੋਂ ਬਗ਼ੈਰ ਹੋਰ ਕੁਝ ਵੀ ਪੱਲੇ ਨਹੀਂ ਪੈਂਦਾ, ਇਹ ਜੀਵ ਪ੍ਰਭੂ ਪ੍ਰਾਪਤੀ ਵਾਲੇ ਪਰਮਾਰਥ ਦੇ ਰਸਤੇ ਨੂੰ ਛੱਡ ਕੇ ਉਲਟ ਵਿਵਹਾਰਕ ਵਾਲੇ, ਸੰਸਾਰ ਵਾਲੇ ਪਾਸੇ ਵੱਲ ਤੁਰ ਪਿਆ ਹੈ, ਜਿਸ ਕਾਰਨ ਅਖ਼ੀਰ ਨੂੰ ਪਛਤਾਉਂਦਾ ਹੈ॥੪॥

## ਦੋਹਰਾ ॥ ਰਵਿ ਕੀ ਰਿਸਮ ਸਮੇਟਿ ਕੈ; ਕਰੀ ਗ੍ਰੰਥ ਰੁਚਿ ਮਾਲ ॥

ਜਿਵੇਂ ਕੋਈ ਪੁਰਖ ਇਹ ਕਹਿਣਾ ਕਰੇ ਕਿ ਮੈਂ ਰਵਿ = ਸੂਰਜ ਕੀ = ਦੀਆਂ ਰਿਸਮ = ਕਿਰਣ ਨੂੰ ਸਮੇਟਿ = ਇਕੱਠੀਆਂ ਕੈ = ਕਰਕੇ ਫੇਰ ਉਨ੍ਹਾਂ ਦੀਆਂ ਗ੍ਰੰਥ = ਗੰਢਾਂ ਮਾਰ ਕੇ ਬਹੁਤ ਰੁਚ = ਸੁੰਦਰ ਮਾਲ = ਮਾਲਾ ਬਣਾ ਲਈਏ।

## ਪਹਿਰੈ ਬੰਧਿਆ ਕੋ ਸੁਵਨ; ਸੋਭਾ ਬਨੀ ਬਿਸਾਲ ॥੫॥

ਉਸ ਮਾਲਾ ਨੂੰ ਬੰਧਿਆ = ਬਾਂਝ ਇਸਤਰੀ ਕੋ = ਦਾ ਸੁਵਨ = ਪੁੱਤਰ ਪਹਿਰੈ = ਪਹਿਨ ਲਵੇ ਤੇ ਉਸ ਦੇ ਗਲ ਵਿਚ ਪਈ ਮਾਲਾ ਬਿਸਾਲ = ਬੜੀ ਸੋਭ = ਫੱਬ ਰਹੀ ਹੈ ॥੫॥

## ਦੋਹਰਾ ॥ ਸਸੇ ਸ੍ਰਿੰਗ ਕੋ ਧਨੁਖ ਕਰਿ; ਗਗਨ ਪੁਰਖ ਲੀਏ ਜਾਹਿ ॥

ਸਸੇ = ਸਹੇ ਕੇ = ਦੇ ਸ੍ਰਿੰਗ = ਸਿੰਗਾਂ ਦਾ ਧਨੁਖ = ਤੀਰ ਕਮਾਨ ਬਣਾ ਕਰਿ = ਕਰਕੇ ਇਕ ਕੋਈ ਹੋਰ ਪੁਰਖ = ਮਨੁੱਖ ਗਗਨ = ਅਕਾਸ਼ ਵੱਲ ਲੀਏ = ਲਈ ਜਾਹਿ = ਜਾਂਦਾ ਸੀ।

## ਦੇਖ ਮਾਲ ਲਾਲਚ ਲਗਯੋ; ਪੁਨਿ ਪੁਨਿ ਮਾਂਗਤ ਤਾਹਿ ॥੬॥

ਬਾਂਝ ਔਰਤ ਦੇ ਪੁੱਤਰ ਦੇ ਗਲ ਵਿਚ ਪਈ ਮਾਲ = ਮਾਲਾ ਦੇਖ = ਵੇਖ ਕੇ ਉਸ ਦੇ ਦਿਲ ਵਿਚ ਲਾਲਚ = ਲੋਭ ਲਗਯੋ = ਲੱਗ ਭਾਵ ਆ ਗਿਆ ਤੇ ਪੁਨਿ ਪੁਨਿ = ਮੁੜ ਮੁੜ ਤਾਹਿ = ਉਸ ਤੋਂ ਮਾਲਾ ਮਾਂਗਤ = ਮੰਗਦਾ ਹੈ ॥੬॥

## ਦੋਹਰਾ ॥ ਵਹਿ ਮਾਂਗਤ ਵਹਿ ਦੇਤ ਨਹਿ; ਬਢੀ ਪਰਸਪਰ ਰਾਰਿ ॥

ਵਹਿ = ਉਹ ਅਕਾਸ਼ ਵੱਲ ਜਾਣ ਵਾਲਾ ਪੁਰਖ ਮਾਲਾ ਮਾਂਗਤ = ਮੰਗਦਾ ਹੈ, ਪਰ ਵਹਿ = ਉਹ ਬਾਂਝ ਇਸਤਰੀ ਦਾ ਪੁਤ੍ਰ ਮਾਲਾ ਦੇਤ = ਦਿੰਦਾ ਨਹਿ = ਨਹੀਂ ਹੈ, ਇਸ ਤਰ੍ਹਾਂ ਉਨ੍ਹਾਂ ਦੋਹਾਂ ਦੀ ਪਰਸਪਰ = ਆਪਸ ਵਿਚ ਰਾਰਿ = ਲੜਾਈ ਬਢੀ = ਵੱਧ ਗਈ।

## ਨਾ ਕਛੁ ਭਯੋ ਨ ਹੈ ਕਛੂ; ਐਸੋ ਜਗਤ ਬਿਚਾਰਿ ॥੭॥

ਨਾ ਹੀ ਕਛੁ = ਕੁਝ ਝਗੜਾ ਭਯੋ = ਹੋਇਆ, ਨ = ਨਾ ਹੀ ਕਛੁ = ਕੋਈ ਮਾਲਾ ਹੈ, ਐਸੋ = ਇਸੇ ਤਰ੍ਹਾਂ ਹੀ ਜਗਤ = ਸੰਸਾਰ ਦਾ ਬਿਚਾਰਿ = ਵਿਚਾਰ ਕਰੋ ਕਿ ਨਾ ਹੀ ਸੰਸਾਰ ਭੂਤ ਕਾਲ ਵਿਚ ਸੀ, ਨਾ ਹੀ ਹੁਣ ਵਰਤਮਾਨ ਸਮੇਂ ਵਿਚ ਹੈ ਅਤੇ ਨਾ ਹੀ ਅੱਗੇ ਭਵਿੱਖਤ ਸਮੇਂ ਵਿਚ ਹੋਵੇਗਾ ॥੭॥

## ਦੋਹਰਾ ॥ ਗਗਨ ਸਿੰਧ ਕੀ ਲਹਰ ਲੈ; ਆਨ ਬਨਾਯੋ ਧਾਮ ॥

ਜਿਵੇਂ ਕੋਈ ਸਿੰਧ = ਸਮੁੰਦਰ ਕੀ = ਦੀਆਂ ਲਹਰ = ਤਰੰਗਾਂ ਰੂਪ ਇੱਟਾਂ ਲੈ ਕੇ ਗਗਨ = ਅਕਾਸ਼ ਵਿਚ ਆਨ = ਆਣ, ਲਿਆ ਕੇ ਧਾਮ = ਘਰ ਬਨਾਯੋ = ਬਣਾ ਲਵੇ।

## ਐਸੋ ਪੂਰਨ ਬ੍ਰਹਮ ਮੈਂ; ਦੇਖਿ ਜਗਤ ਅਭਿਰਾਮ ॥੮॥

ਐਸੋ = ਇਸੇ ਤਰ੍ਹਾਂ ਹੀ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਮੈਂ = ਵਿਚ ਅਭਿਰਾਮ = ਸੁੰਦਰ ਜਗਤ = ਸੰਸਾਰ ਦੇਖਿ = ਵੇਖਿਆ ਜਾਂਦਾ ਹੈ ॥੮॥

## ਦੋਹਰਾ ॥ ਮ੍ਰਿਗ ਤ੍ਰਿਸ਼ਨਾ ਕੋ ਨੀਰ ਲੈ; ਸੀਂਚਯੋ ਨਭ ਅੰਭੋਜ ॥

ਮ੍ਰਿਗਤ੍ਰਿਸ਼ਨਾ ਕੋ = ਦਾ ਨੀਰ = ਪਾਣੀ ਲੈ ਕੇ ਨਭ = ਅਕਾਸ਼ ਵਿਚ ਅੰਭੋਜ = ਕਮਲ ਫੁੱਲਾਂ ਦੀ ਬਗ਼ੀਚੀ ਨੂੰ ਸੀਂਚਯੋ = ਸਿੰਜਿਆ ਭਾਵ ਸਿੰਚਣਾ ਕੀਤਾ।

## ਤਾ ਸੁਗੰਧ ਆਈ ਸਰਸ; ਆਹਿ ਜਗਤ ਯਹਿ ਖੋਜ ॥੯॥

ਤਾ = ਉਸ ਅਕਾਸ਼ ਵਿਚ ਖਿੜੇ ਹੋਏ ਕਮਲ ਫੁੱਲਾਂ ਦੀ ਸਰਸ = (ਸ + ਰਸ) ਸ = ਸਹਿਤ ਰਸ ਦੇ ਜਾਂ

ਬਹੁਤ ਹੀ ਸੁਗੰਧ = ਖ਼ੁਸ਼ਬੋ ਆਈ = ਆ ਰਹੀ ਹੈ, ਜਿਵੇਂ ਇਹ ਚੀਜ਼ਾਂ ਕਲਪਿਤ ਹਨ, ਇਸੇ ਤਰ੍ਹਾਂ ਹੀ ਯਹਿ = ਇਹ ਜਗਤ = ਸੰਸਾਰ ਦੀ ਖੋਜ = ਵਿਚਾਰ ਆਹਿ = ਹੈ ॥੯॥

## (ਸਿਖਯੋ ਵਾਚ)

## ਦੋਹਰਾ ॥ ਜਗਤ ਜਗਤ ਸਭ ਕੋ ਕਹੈ; ਅਰ ਪੁਨਿ ਦੇਖਿਐ ਨੈਨ ॥

ਸਭੁ = ਹਰ ਕੋ = ਕੋਈ ਜਗਤ ਜਗਤ = ਸੰਸਾਰ ਸੰਸਾਰ ਕਹੈ = ਕਹਿੰਦਾ ਹੈ ਅਰੁ = ਅਤੇ ਪੁਨਿ = ਫੇਰ ਨੈਨ = ਅੱਖਾਂ ਨਾਲ ਦੇਖੀਐ = ਦੇਖਣਾ ਵੀ ਕਰੀਦਾ ਹੈ।

## ਸੋ ਮਿਥਯਾ ਕਿਹ ਬਿਧਿ ਕਹੌਂ; ਆਰਤ ਜਨ ਸੁਖ ਦੈਨ ॥੧੦॥

ਹੇ ਆਰਤ = ਦੁਖੀ ਜਨ = ਪੁਰਖਾਂ ਨੂੰ ਸੁਖ = ਅਨੰਦ ਦੈਨ = ਦੇਣ ਵਾਲੇ ਗੁਰੋ ! ਮੈਂ ਸੋ = ਉਸ ਦਿੱਸਦੇ ਹੋਏ ਜਗਤ ਨੂੰ ਕਿਹ = ਕਿਸ ਬਿਧਿ = ਤਰੀਕੇ ਨਾਲ ਮਿਥਯਾ = ਝੂਠਾ ਕਹੌਂ = ਕਹਿਣਾ ਕਰਾਂ ॥੧੦॥

## (ਸ੍ਰੀ ਗੁਰੋ ਵਾਚ)

## ਦੋਹਰਾ ॥ ਰਜੁ ਦੇਖਿ ਪ੍ਰਾਣੀ ਘਨੈ; ਕਲਪੈ ਬਹੁਤ ਪ੍ਰਕਾਰ ॥

ਸਮਾਨ ਅੰਧਕਾਰ ਵਿਚ ਧਰਤੀ 'ਤੇ ਪਈ ਹੋਈ ਰਜੁ = ਰੱਸੀ ਨੂੰ ਦੇਖਿ = ਵੇਖ ਕੇ ਘਨੈ = ਬਹੁਤ ਸਾਰੇ ਸੰਸਾਰੀ ਪ੍ਰਾਣੀ = ਪੁਰਖ ਬਹੁਤ = ਅਨੇਕ ਪ੍ਰਕਾਰ = ਤਰ੍ਹਾਂ ਦੇ ਕਲਪੈ = ਕਲਪਦੇ ਹਨ ਭਾਵ ਅਨੁਮਾਨ ਲਾਉਂਦੇ ਹਨ।

## ਕੋਈ ਰਜ[1] ਕੋਈ ਸਰਪ ਕਹਿ; ਕੋਈ ਕਹਿ ਪੁਹਿਮਿ ਦਰਾਰਿ ॥੧੧॥

ਕੋਈ ਰਜ = ਰੱਸੀ, ਕੋਈ ਸਰਪ = ਸੱਪ ਕਹਿ = ਕਹਿੰਦਾ ਹੈ, ਕੋਈ ਉਸ ਨੂੰ ਪੁਹਿਮਿ = ਧਰਤੀ ਦੀ ਦਰਾਰਿ = ਤ੍ਰੇੜ ਕਹਿ = ਕਹਿੰਦਾ ਹੈ ॥੧੧॥

## ਦੋਹਰਾ ॥ ਸੁਕਤਿ ਨਿਰਖ ਬਹੁ ਭੇਦ ਲਹਿ; ਪ੍ਰਾਣੀ ਕਲਪੈ ਤਾਂਹਿ ॥

ਸੁਕਤਿ = ਸਿੱਪੀ ਪਈ ਹੋਈ ਨਿਰਖ = ਦੇਖ ਕੇ ਪ੍ਰਾਣੀ = ਪ੍ਰਾਣਾਧਾਰੀ ਜੀਵ ਬਹੁ = ਬਹੁਤ ਭੇਦ = ਤਰ੍ਹਾਂ ਦੀ ਤਾਂਹਿ = ਉਸ ਵਿਚ ਕਲਪੈ = ਕਲਪਨਾ ਲਹਿ = ਲਾਉਣਾ ਕਰਦੇ ਹਨ।

## ਕੋਈ ਭੋਡਰ ਕੋ ਰਜਤ ਕਹਿ; ਕੋ ਕਹਿ ਕਾਗਰ ਆਹਿ ॥੧੨॥

ਉਸ ਨੂੰ ਕੋਈ ਭੋਡਰ = ਅਬਰਕ (ਜੋ ਕਕੇ ਰੇਤੇ ਵਿਚ ਚਿੱਟੇ, ਚਮਕੀਲੇ ਕਣ ਚਮਕਦੇ ਹੁੰਦੇ ਹਨ) ਤੇ ਕੋ = ਕੋਈ ਰਜਤ = ਚਾਂਦੀ ਕਹਿ = ਕਹਿੰਦਾ ਹੈ, ਕੋ = ਕੋਈ ਉਸ ਨੂੰ ਕਾਗਰ = ਕਾਗ਼ਜ਼ ਕਹਿ = ਕਹਿੰਦਾ ਆਹਿ = ਹੈ ॥੧੨॥

## ਦੋਹਰਾ ॥ ਪੂਰਨ ਅਦ੍ਵੈ ਆਤਮਾ; ਅਭੈ ਅਚੱਲ ਅਪਾਰ ॥

ਜੋ ਆਤਮਾ = ਪਰਮੇਸ਼ਰ ਸਾਰੇ ਥਾਵਾਂ ਵਿਚ ਪੂਰਨ = ਵਿਆਪਕ, ਅਦ੍ਵੈ = ਦ੍ਵੈਤ ਤੋਂ ਰਹਿਤ, ਅਭੈ = ਡਰ

---

੧. ਪਾਠਾਂਤ੍ਰ—ਕੋ ਤਰੁ ਜਰ ਕੋ ਸਰਪ ਕਹਿ (ਕੋਈ ਤਰੁ = ਦਰੱਖ਼ਤ ਦੀ ਜਰ = ਜੜ੍ਹ ਕਹਿੰਦਾ ਹੈ।)

ਤੋਂ ਰਹਿਤ ਅਚੱਲ = ਇਸਥਿਤ ਰਹਿਣ ਵਾਲਾ ਤੇ ਅਪਾਰ = ਪਾਰਾਵਾਰ ਤੋਂ ਰਹਿਤ ਹੈ **ਵਾ:** ਅਪਾਰ = ਬੇਅੰਤ ਸਰੂਪ ਹੈ।

## ਮਿਥਯਾ ਹੀ ਕਲਪਯੋ ਘਨੋ; ਤਾ ਮੈਂ ਯਹਿ ਸੰਸਾਰ ॥੧੩॥

ਤਾ = ਉਸ ਮੈ = ਵਿਚ ਯਹਿ = ਇਸ ਸੰਸਾਰ = ਜਗਤ ਨੂੰ ਮਿਥਯਾ = ਝੂਠਾ ਹੀ ਘਨੋ = ਬਹੁਤ ਕਲਪਯੋ = ਕਲਪ, ਮੰਨ ਲਿਆ॥੧੩॥

## ਦੋਹਰਾ॥ ਆਨ ਭਿੰਨ ਨਹਿ ਤੋਇ ਤੇ; ਬੁਦਬੁਦ ਫੇਨ ਤਰੰਗ॥

ਬੁਦਬੁਦ = ਬੁਲਬੁਲੇ, ਫੇਨ = ਝੱਗ, ਤਰੰਗ = ਲਹਿਰਾਂ ਇਹ ਸਭ ਪਾਣੀ ਵਿੱਚੋਂ ਹੀ ਪੈਦਾ ਹੁੰਦੀਆਂ ਹਨ, ਇਹ ਤੋਇ = ਪਾਣੀ ਤੇ = ਤੋਂ ਭਿੰਨ = ਵੱਖ ਆਨ = ਹੋਰ ਕੁਝ ਵੀ ਨਹਿ = ਨਹੀਂ ਹੁੰਦਾ। ਜੈਸਾ ਕਿ :

**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥** *(ਆਸਾ ਭਗਤ ਨਾਮਦੇਵ, ਅੰਗ ੪੮੫)*

## ਯਾ ਪ੍ਰਕਾਰ ਸੰਸਾਰ ਯਹ; ਸੁਧ ਸ੍ਵਰੂਪ ਅਭੰਗ॥੧੪॥

ਯਾ = ਇਸ ਪ੍ਰਕਾਰ = ਤਰ੍ਹਾਂ ਯਹ = ਇਸ ਦਿੱਸਦੇ ਸੰਸਾਰ = ਜਗਤ ਵਿਚ ਅਭੰਗ = ਨਾਸ਼ ਤੋਂ ਰਹਿਤ ਸ਼ੁੱਧ ਸਰੂਪ ਪਰਮੇਸ਼ਰ ਦੀ ਚੇਤਨ ਸੱਤਾ ਤੋਂ ਬਗ਼ੈਰ ਹੋਰ ਕੁਝ ਵੀ ਨਹੀਂ ਹੈ॥੧੪॥

## ਦੋਹਰਾ॥ ਪੂਰਨ ਆਤਮ ਮੈ ਜਗਤ; ਕੰਚਨ ਮੁਹਰ ਪ੍ਰਕਾਰ॥

ਉਹ ਆਤਮ = ਪਰਮੇਸ਼ਰ ਅਤੇ ਸਾਰੇ ਜਗਤ = ਸੰਸਾਰ ਮੈ = ਵਿਚ ਇਸ ਤਰ੍ਹਾਂ ਪੂਰਨ = ਪਰੀਪੂਰਨ, ਵਿਆਪਕ ਹੈ, ਕਿਵੇਂ ਵਿਆਪਕ ਹੈ ? ਉੱਤਰ ਕੰਚਨ = ਸੋਨੇ ਦੀ ਮੁਹਰ = ਮੋਹਰ ਪ੍ਰਕਾਰ = ਵਾਂਗ ਹੈ ਭਾਵ ਜਿਵੇਂ ਸੋਨੇ ਦੀ ਮੋਹਰ ਉੱਤੇ ਸੋਨੇ ਦੇ ਅੱਖਰ ਹੁੰਦੇ ਹਨ।

## ਅਦ੍ਵੈ ਅਚੱਲ ਅਰੂਪ ਅਜ; ਮੁੰਦਰਾ ਨਾਮ ਅਸਾਰ॥੧੫॥

ਅਦ੍ਵੈ = ਦ੍ਵੈਤ ਤੋਂ ਰਹਿਤ, ਅਚੱਲ = ਇਸਥਿਤ ਰਹਿਣ ਵਾਲਾ, ਅਰੂਪ = ਰੂਪ ਤੋਂ ਰਹਿਤ ਅਜ = ਜਨਮ ਤੋਂ ਰਹਿਤ ਜਿਸ ਦਾ ਨਾਮ ਮੁੰਦਰਾ = ਮੋਹਰ ਛਾਪ ਹੈ, ਅਸਾਰ = ਨਾਸ਼ ਰੂਪ ਹੈ ਸਾਰ = ਸ੍ਰੇਸ਼ਟ ਨਹੀਂ, ਨਾ ਹੀ ਸ੍ਰੇਸ਼ਟ ਹੈ ਭਾਵ ਨਾਸ਼ ਰੂਪ ਮਿਥਿਆ ਰੂਪ ਹੈ॥੧੫॥

## ਦੋਹਰਾ॥ ਕਾਸਟ ਮੈਂ ਰਹਟਾ ਭਯੋ; ਰਹਟੇ ਮੈਂ ਭਯੋ ਫੇਰ॥

ਕਾਸਟ = ਲੱਕੜਾ ਮੈਂ = ਵਿੱਚੋਂ ਰਹਟਾ = ਚਰਖਾ ਭਯੋ = ਹੋ ਗਿਆ ਭਾਵ ਬਣ ਗਿਆ ਅਤੇ ਰਹਟੇ = ਚਰਖੇ ਮੈਂ = ਵਿਚ ਫੇਰ = ਗੇੜ, ਚੱਕਰ, ਤੱਕਲਾ ਭਯੋ = ਹੋ ਗਿਆ।

## ਪਰਯੋ ਤੂਲ ਤਾਂ ਫੇਰ ਮੈਂ; ਭਯੋ ਸੂਤ ਕੋ ਢੇਰ॥੧੬॥

ਜਦ ਤਾਂ = ਉਸ ਫੇਰ ਤੱਕਲੇ ਮੈਂ = ਵਿਚ ਤੂਲ = ਰੂੰਈ ਨੂੰ ਪਰਯੋ = ਪਾਉਣਾ ਕੀਤਾ, ਤਦ ਤਕਲੇ ਨਾਲ ਮਿਲ ਕੇ ਸੂਤ = ਸੂਤਰ ਕੋ = ਦਾ ਢੇਰ = ਅੰਬਾਰ ਭਯੋ = ਹੋ ਗਿਆ॥੧੬॥

## ਦੋਹਰਾ॥ ਬਸਨ ਭਯੋ ਤਾ ਸੂਤ ਮੌ; ਪੁਤਲੀ ਬਸਨ ਮੰਝਾਰ॥

ਤਾ = ਉਸ ਕੱਤੇ ਹੋਏ ਸੂਤ = ਸੂਤਰ, ਧਾਗੇ ਮੌ = ਵਿੱਚੋਂ ਬਸਨ = ਬਸਤਰ ਭਯੋ = ਹੋ ਗਿਆ, ਬਣ ਗਿਆ ਅਤੇ

ਮੀਨਾਕਾਰੀ ਕਰਨ ਵਾਲੇ ਕਾਰੀਗਰ ਨੇ ਉਸ ਬਸਨ = ਬਸਤਰ ਮੰਝਾਰ = ਵਿਚ ਕਈ ਤਰ੍ਹਾਂ ਦੀਆਂ ਪੁਤਲੀ = ਪੁਤਲੀਆਂ (ਮੂਰਤਾਂ) ਬਣਾ ਦਿੱਤੀਆਂ, ਭਾਵ ਉਸ ਬਸਤਰ ਉੱਪਰ ਸੁੰਦਰ ਬੇਲ ਬੂਟੀਆਂ ਬਣਾ ਦਿੱਤੀਆਂ।

## ਆਪਸ ਮੈ ਪੁਤਰੀ ਸਭੈ; ਕਰਤ ਪਰਸਪਰ ਰਾਰਿ ॥੧੭॥

ਫੇਰ ਉਹ ਸਭੈ = ਸਾਰੀਆਂ ਪੁਤਰੀ = ਪੁੱਤਲੀਆਂ ਆਪਸ = ਆਪੋ ਮੈ = ਵਿੱਚਦੀ ਪਰਸਪਰ = ਇਕ ਦੂਸਰੇ ਨਾਲ ਰਾਰਿ = ਝਗੜਾ ਕਰਤ = ਕਰਦੀਆਂ ਦਿੱਸਦੀਆਂ ਹਨ॥

***ਅੰਤ੍ਰੀਵ ਅਰਥ***—ਕਾਸਟ = ਲੱਕੜ ਦੀ ਨਿਆਈਂ ਬ੍ਰਹਮ ਉਸ ਵਿਚ ਮਾਇਆ ਰੂਪ ਰਹਟਾ = ਚਰਖਾ ਬਣਿਆ ਜਿਵੇਂ ਚਰਖਾ ਘੁੰਮਦਾ ਹੈ ਮਾਇਆ ਵੀ ਇਸੀ ਤਰ੍ਹਾਂ ਘੁੰਮਦੀ ਹੈ, ਮਾਇਆ ਰੂਪ ਚਰਖੇ ਵਿਚ ਤਮੋ ਗੁਣ ਦੀ ਪਰਧਾਨਤਾ ਰੂਪ ਫੇਰ = ਤਕਲਾ ਹੋਇਆ ਜਿਸ ਵਿਚ ਸੂਖਮ ਤੱਤਾਂ ਰੂਪ ਭਾਵ ਸ਼ਬਦ ਸਪਰਸ਼ ਰੂਪ ਆਦਿ ਤੂਲ = ਰੂੰ ਹੋਈ ਅਸਥੂਲ ਤੱਤਾਂ ਰੂਪ ਸੂਤ = ਸੂਤਰ ਧਾਗੇ ਹੋ ਗਏ। ਅਕਾਸ਼, ਪੌਣ, ਅੱਗ ਪਾਣੀ, ਧਰਤੀ ਇਉਂ ਸੂਤ ਦੇ ਢੇਰ ਦੀ ਨਿਆਈਂ ਸ੍ਰਿਸ਼ਟੀ ਹੋਈ ਤੇ ਪੰਜਾਂ ਤੱਤਾਂ ਦੇ ਧਾਗਿਆਂ ਤੋਂ ਸਰੀਰਾਂ ਰੂਪ ਬਸਤਰ ਹੋਏ ਅਤੇ ਜੀਵ ਪੁਤਲੀਆਂ ਦੀ ਨਿਆਈਂ ਹਨ। ਸਰੀਰਾਂ ਰੂਪ ਪੁਤਲੀਆਂ ਝਗੜਦੀਆਂ ਹਨ। ਦੱਸੋ ਇਸ ਅਗਿਆਨ ਦੇ ਝਗੜੇ ਦਾ ਬ੍ਰਹਮ ਰੂਪ ਕਾਸਟ = ਝਗੜੇ ਨਾਲ ਕੀ ਸੰਬੰਧ ਹੈ, ਕੋਈ ਨਹੀਂ, ਪੁਤਲੀਆਂ ਝੂਠੀਆਂ, ਝਗੜੇ ਝੂਠੇ, ਸੰਸਾਰ ਸੱਚੇ ਬ੍ਰਹਮ ਵਿਚ ਕਲਪਿਤ ਹੈ॥੧੭॥

ਨੋਟ : ਉਪ੍ਰੋਕਤ ੧੬, ੧੭ਵੇਂ ਦੋਹਰੇ ਦੇ ਅਰਥ ਨੂੰ ਅੰਤ੍ਰੀਵ ਭਾਵ ਵਿਚ ਇਕੱਠਾ ਕੀਤਾ ਗਿਆ ਹੈ।

## ਦੋਹਰਾ ॥ ਕਾਸ਼ਟ ਕੋ ਅਰੁ ਰਾਰ ਕੋ; ਕਹੋ ਕਹਾਂ ਸਨਬੰਧ ॥

ਦੱਸੋ ਕਾਸਟ = ਲੱਕੜੀ ਕੋ = ਦਾ ਅਰੁ = ਅਤੇ ਰਾਰ = ਲੜਾਈ ਕੋ = ਦਾ ਕਹੋ = ਦੱਸੋ ਕਹਾਂ = ਕੀ ਸਨਬੰਧ = ਮਿਲਾਪ ਹੈ ? ਭਾਵ ਕੋਈ ਸੰਬੰਧ ਨਹੀਂ ਹੈ। ਜੈਸਾ ਕਿ :

ਪ੍ਰਮਾਣ : **ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥**
**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥**

*(ਸਲੋਕ ਮ: ੯, ਅੰਗ ੧੪੨੭)*

## ਨ ਬਿਕਾਰ ਯੌ ਬ੍ਰਹਮ ਮੈਂ; ਕਲਪੈ ਪ੍ਰਾਣੀ ਅੰਧ ॥੧੮॥

ਯੌਂ = ਇਸੇ ਤਰ੍ਹਾਂ ਬ੍ਰਹਮ = ਵਿਆਪਕ ਪਰਮੇਸ਼ਰ ਮੈ = ਵਿਚ ਬਿਕਾਰ = ਵਿਗਾੜ, ਤਬਦੀਲੀ ਨ = ਨਹੀਂ ਹੈ, ਪਰੰਤੂ ਅੰਧ = ਅਗਿਆਨੀ ਪ੍ਰਾਣੀ = ਜੀਵ ਪਰਮਾਤਮਾ ਵਿਚ ਤਬਦੀਲੀ ਦੀ ਕਲਪੈ = ਕਲਪਨਾ ਮੰਨ ਲੈਂਦੇ ਹਨ।੧੮।

## ਦੋਹਰਾ ॥ ਬ੍ਰਹਮ ਰਤਨ ਨਿਰਮੋਲ ਨਿਜ; ਤਾ ਕੋ ਕ੍ਰਾਂਤਿ ਅਨੰਤ ॥

ਜੋ ਨਿਜ = ਆਪਣਾ ਆਪ ਰੂਪ ਬ੍ਰਹਮ = ਵਿਆਪਕ ਪਰਮੇਸ਼ਰ ਰੂਪ ਨਿਰਮੋਲ = ਅਮੋਲਕ ਰਤਨ = ਹੀਰਾ ਹੈ, ਤਾ = ਉਸ ਕੋ = ਦੀ ਅਨੰਤ = ਬੇਅੰਤ ਕ੍ਰਾਂਤਿ = ਸ਼ੋਭਾ ਹੈ।

## ਹੈ ਨਾਹੀਂ ਕਹਤੋ ਨ ਬਨੈ; ਐਸੋ ਜਗ ਦਰਸੰਤ ॥੧੯॥

ਜਦ ਬ੍ਰਹਮ ਤੋਂ ਬਗ਼ੈਰ ਹੋਰ ਵੀ ਚੀਜ਼ ਸਤਿ ਹੈ ਹੀ ਨਾਹੀਂ = ਨਹੀਂ ਤਾਂ ਫੇਰ ਕੁਝ ਕਹਤੋ = ਕਹਿਣਾ ਹੀ ਨ = ਨਹੀਂ ਬਨੈ = ਬਣਦਾ, ਐਸੋ = ਇਸੇ ਤਰ੍ਹਾਂ ਹੀ ਇਹ ਜਗ = ਸੰਸਾਰ ਦਰਸੰਤ = ਦਿੱਸਦਾ ਹੈ॥੧੯॥

## ਦੋਹਰਾ ॥

## ਕਹਿ ਅਨਾਥ ਕਾ ਸੋਂ ਕਹੋਂ; ਆਦਿ ਮਧਿ ਅਰੁ ਅੰਤਿ ॥

ਅਨਾਥ ਕਵੀ ਜੀ ਕਹਿ = ਕਥਨ ਕਰਦੇ ਹਨ ਕਿ ਉਸ ਪਰਮੇਸ਼ਰ ਤੋਂ ਬਗ਼ੈਰ ਕਾ = ਕਿਸ ਸੋਂ = ਨੂੰ ਕਹੋਂ = ਕਹਿਣਾ ਕਰਾਂ ਕਿ ਇਹ ਆਦਿ = ਮੁੱਢ, ਸ਼ੁਰੂ ਵਿਚ ਹੈ, ਜਾਂ ਮਧਿ = ਵਿਚਕਾਰਲੇ ਸਮੇਂ ਵਿਚ ਹੈ ਅਰੁ = ਅਤੇ ਇਹ ਅੰਤਿ = ਅਖ਼ੀਰ ਵਿਚ ਹੈ। ਇਹ ਤਾਂ ਇਉਂ ਹੈ:

## ਜਯੋਂ ਰਵਿ ਮੈਂ ਨਹੀਂ ਪਾਈਐ; ਨਿਸ ਬਾਸੁਰ ਕੋ ਤੰਤ ॥੨੦॥

ਜਯੋਂ = ਜਿਵੇਂ ਰਵਿ = ਸੂਰਜ ਮੈਂ = ਵਿਚ ਨਿਸ = ਰਾਤ ਬਾਸੁਰ = ਦਿਨ ਕੋ = ਦਾ ਤੰਤ = ਵਿਚਾਰ, ਭੇਦ ਨਹੀਂ ਪਾਈਐ = ਪਾਉਣਾ ਕਰੀਦਾ।

ਇਸ ਤਰ੍ਹਾਂ ਬ੍ਰਹਮ ਵਿਚ ਸੰਸਾਰ ਤੇ ਸਮਾਂ ਅਤੇ ਜੀਵ ਕਲਪਤ ਰੂਪ ਹਨ ॥੨੦॥

## ਇਤਿ ਸ੍ਰੀ ਵਿਚਾਰ ਮਾਲਾ ਜਗਤ ਮਿਥਯਾ ਖਸਟਮੋ ਬਿਸ੍ਰਾਮ ॥੬॥

ਸ੍ਰੀ = ਸੁਭਾਏਮਾਨ ਵਿਚਾਰ ਮਾਲਾ ਨਾਮੇ ਗ੍ਰੰਥ ਦੇ ਖਸਟਮੋ = ਛੇਵੇਂ ਬਿਸ੍ਰਾਮ = ਅਧਿਆਇ ਦੀ ਇਤਿ = ਸਮਾਪਤੀ ਕੀਤੀ ਹੈ ਤੇ ਇਸ ਵਿਚ ਬ੍ਰਹਮ ਸੱਤ ਤੇ ਜਗਤ ਮਿਥਿਆ ਦਰਸਾਇਆ ਹੈ ॥੬॥

## ਸੱਤਵਾਂ ਬਿਸ੍ਰਾਮ ਪ੍ਰਾਰੰਭਾ

## ਦੋਹਰਾ ॥ ਬਾਰੰ ਬਾਰ ਪਰਣਾਮ ਮਮ; ਸ੍ਰੀ ਗੁਰੁ ਦੀਨ ਦਯਾਲੁ ॥

ਹੇ ਮੇਰੇ ਸ੍ਰੀ = ਸੁਭਾਏਮਾਨ ਦੀਨ = ਗ਼ਰੀਬਾਂ ਤੇ ਦਯਾਲੁ = ਦਿਆਲੂ ਹੋਣ ਵਾਲੇ ਗੁਰੁ = ਗੁਰਦੇਵ ਜੀ! ਮਮ = ਮੈਂ ਬਾਰੰਬਾਰ = ਮੁੜ ਮੁੜ ਆਪ ਜੀ ਨੂੰ ਪਰਣਾਮ = ਨਮਸ਼ਕਾਰ ਕਰਦਾ ਹਾਂ, ਭਾਵ ਮੱਥਾ ਟੇਕਦਾ ਹਾਂ।

## ਜਗਤ ਭਰਮ ਨਾਸਯੋ ਸਹਜ; ਸੁਨਿ ਤਵ ਬਚਨ ਰਸਾਲ ॥੧॥

ਤਵ = ਤੁਹਾਡੇ ਰਸਾਲ = ਸੁੰਦਰ ਬਚਨ = ਬੋਲ ਸੁਨਿ = ਸ੍ਰਵਨ ਕਰਕੇ ਜੋ ਮੈਨੂੰ ਜਗਤ = ਸੰਸਾਰ ਸੱਤ ਦਾ ਭਰਮ = ਭੁਲੇਖਾ ਸੀ, ਉਹ ਹੁਣ ਸਹਜ = ਸੁਭਾਵਿਕ ਹੀ ਨਾਸਯੋ = ਨਾਸ਼ ਹੋ ਗਿਆ ਹੈ ॥੧॥

## ਦੋਹਰਾ ॥ ਭੋ ਭਗਵਨ ਤੁਮ ਮਯਾ ਤੇ; ਭਯੋ ਵਿਗਤ ਸੰਦੇਹ ॥

ਭੋ = ਹੇ ਭਗਵਨ = ਗੁਰਦੇਵ ਜੀ! ਤੁਮ = ਤੁਹਾਡੀ ਮਯਾ = ਕਿਰਪਾ ਤੇ = ਤੋਂ ਹੀ ਮੇਰੇ ਅੰਦਰੋਂ ਪ੍ਰਮਾਣਗਤ, ਪ੍ਰੇਮਯਗਤ ਆਦਿ ਸੰਦੇਹ = ਸੰਸਾ ਵਿਗਤ (ਵਿ + ਗਤ) ਵਿ = ਵਿਸ਼ੇਸ਼ ਕਰਕੇ ਗਤ = ਨਾਸ਼ ਭਯੋ = ਹੋ ਗਿਆ ਹੈ।

## ਸੁਧ ਸਰੂਪ ਲਹਯੋ ਭਲੇ; ਵਿਸਰਯੋ ਦੇਹ ਅਦੇਹ ॥੨॥

ਮੈਂ ਆਪਣੇ ਸ਼ੁੱਧ ਸਰੂਪ ਭਾਵ ਆਨੰਦ ਰੂਪ ਆਤਮਾ ਨੂੰ ਭਲੇ = ਚੰਗੀ ਤਰ੍ਹਾਂ ਲਹਯੋ = ਜਾਣ ਲਿਆ ਹੈ, ਜੋ ਪਹਿਲਾਂ ਵਿਸਰਯੋ = ਭੁੱਲਣ ਦਾ ਭਾਵ ਹੋਇਆ ਸੀ, ਉਹ ਹੁਣ ਦੇਹ ਵਿਚ ਇਸਥਿਤ ਹੋ ਗਿਆ ਹੈ ਕਿ ਮੈਂ ਅਦੇਹ = ਦੇਹ ਸੰਬੰਧ ਤੋਂ ਰਹਿਤ ਹਾਂ।

## ਅਗਜ ਤਗਜ ਨਹਿ ਸੁਭਾਸੁਭ ਨਹਿ; ਨਹਿ ਈਸੂਰ ਨਹਿ ਜੀਵ ॥

ਨਾ ਅਗਜ = ਅਗਿਆਨੀ ਤੇ ਨਹਿ = ਨਾ ਹੀ ਤਗਜ = ਗਿਆਨੀ, ਨਹਿ = ਨਾ ਹੀ (ਸੁਭ+ਅਸੁਭ) ਸੁਭ = ਚੰਗਾ ਨਾ ਅਸੁਭ = ਮਾੜਾ, ਨਹਿ = ਨਾ ਹੀ ਈਸੂਰ = ਐਸ੍ਵਰਯ ਸਰੂਪ ਤੇ ਨਾ ਹੀ ਜੀਵ ਹਾਂ।

## ਸਤ ਝੂਠ ਮੋ ਮੈਂ ਨਹੀਂ; ਅਮਲ ਸਮਲ ਤ੍ਰਿਯ ਪੀਵ ॥੩॥

ਮੋ = ਮੇਰੇ ਸਰੂਪ ਮੈ = ਵਿਚ ਸਤ = ਸੱਚ ਤੇ ਝੂਠ = ਮਿਥਿਆ ਨਹੀਂ ਹੈ, ਨਾ ਹੀ ਮੇਰਾ ਸਰੂਪ ਅਮਲ = ਮੈਲ ਤੋਂ ਰਹਿਤ ਹੈ ਤੇ ਨਾ ਹੀ ਸਮਲ = ਸਹਿਤ ਮੈਲ ਦੇ ਹੈ, ਨਾ ਹੀ ਤ੍ਰਿਯ = ਇਸਤਰੀ ਤੇ ਨਾ ਹੀ ਪੀਵ = ਪਤੀ ਦਾ ਭਰਮ ਹੈ ॥੩॥

## ਦੋਹਰਾ ॥

## ਆਸ੍ਰਮ ਬਰਨ ਨ ਦੇਵ ਨਰੁ; ਗੁਰੁ ਸਿਖੁ ਧਰਮ ਨ ਪਾਪ ॥

ਚਾਰ ਆਸ੍ਰਮ (ਬ੍ਰਹਮਚਰਯ, ਗ੍ਰਿਹਸਤ, ਵਾਨਪ੍ਰਸਥ, ਸੰਨਿਆਸ) ਚਾਰ ਵਰਨ (ਬ੍ਰਾਹਮਣ, ਛੱਤ੍ਰੀ, ਵੈਦ, ਸ਼ੂਦ) ਦੇਵ = ਦੇਵਤੇ ਨਰੁ = ਮਨੁੱਖ ਆਦਿ ਦਾ ਕੋਈ ਭਰਮ ਨ = ਨਹੀਂ ਹੈ, ਨਾ ਹੀ ਗੁਰੂ ਤੇ ਸਿਖ = ਸਿਖਿਆਰਥੀ ਦਾ ਭੇਦ ਹੈ, ਨਾ ਹੀ ਧਰਮ ਭਾਵ ਪੁੰਨ ਤੇ ਪਾਪ = ਮੰਦ ਕਰਮ ਦੀ ਕੋਈ ਵਿਚਾਰ ਹੈ।

## ਪੂਰਨ ਆਤਮ ਏਕ ਰਸ; ਨਹਿ ਘਟ ਬਢ ਮਾਪ ਅਮਾਪ ॥੪॥

ਮੇਰਾ ਆਤਮ = ਸ੍ਵੈ ਸਰੂਪ **ਵਾ:** ਆਤਮਾ = ਪਰਮਾਤਮਾ ਸਾਰੇ ਏਕ = ਇਕ-ਰਸ, ਪੂਰਨ = ਪਰੀਪੂਰਨ ਹੋ ਰਿਹਾ ਹੈ, ਨਹਿ = ਨਾ ਉਹ ਕਿਤੇ ਘਟ = ਘੱਟਦਾ ਹੈ, ਨਾ ਹੀ ਬਢ = ਵੱਧਦਾ ਹੈ ਅਤੇ ਉਹ ਅਮਾਪ = ਮਿਣਤੀ ਤੋਂ ਰਹਿਤ ਪਰਮੇਸ਼ਰ ਨਾ ਹੀ ਕਿਸੇ ਮਾਪ = ਮਿਣਤੀ ਵਿਚ ਆਉਂਦਾ ਹੈ ॥੪॥

## ਦੋਹਰਾ ॥ ਮਨ ਬੁਧਿ ਇੰਦ੍ਰਯ ਪ੍ਰਾਨ ਨਹਿ; ਪੰਚ ਭੂਤ ਹੰਉ ਨਾਂਹਿ ॥

ਮਨ, ਬੁੱਧ, ਇੰਦ੍ਰਯ = ਪੰਜ ਗਿਆਨ ਇੰਦ੍ਰੀਏ[੧] ਪੰਜ ਕਰਮ ਇੰਦਰੀਏ ਪੰਜ ਪ੍ਰਾਨ ਵੀ ਨਾਂਹਿ = ਨਹੀਂ ਹਾਂ ਅਤੇ ਨਹਿ = ਨਾ ਹੀ ਹੰਉ = ਮੈਂ ਪੰਚ = ਪੰਜ ਭੂਤ = ਤੱਤ ਹਾਂ।

## ਗਿਆਤਾ ਗਿਆਨ ਨ ਗੇਯ ਕਛੁ; ਨਹਿ ਸਬਹੂੰ ਸਬ ਮਾਂਹਿ ॥੫॥

ਨਾ ਹੀ ਕੋਈ ਗਿਆਤਾ = ਜਾਣਨ ਵਾਲਾ, ਗਿਆਨਵਾਨ, ਨਾ ਹੀ ਕੋਈ ਗਿਆਨ = ਬੋਧ ਅਤੇ ਨਾ ਹੀ ਕਛੁ = ਕੋਈ ਗੇਯ = ਸਮਝਣਯੋਗ ਵਸਤੂ ਹੈ, ਅਤੇ ਨਹਿ = ਨਾ ਹੀ ਮੈਂ ਸਬ = ਸਾਰਿਆਂ ਮਾਂਹਿ = ਵਿਚ ਹੂੰ = ਹਾਂ ਅਤੇ ਨਾ ਹੀ ਮੇਰੇ ਵਿਚ ਸਬ = ਸਾਰੇ ਹਨ ॥੫॥

ਅਰਥਾਤ—ਚੇਤਨ ਦੇ ਭਾਸ ਸਹਿਤ ਅੰਤਸ਼ਕਰਨ ਦੀ ਹੰਗਤਾ ਰੂਪ ਬਿਰਤੀ ਨੂੰ ਗਿਆਤਾ ਕਹਿੰਦੇ ਹਨ। ਚੇਤਨ ਦੇ ਭਾਸ ਸਹਿਤ ਅੰਤਸ਼ਕਰਨ ਦੀ ਕਿਰਿਆ ਰੂਪ ਬਿਰਤੀ ਨੂੰ ਗਿਆਨ ਕਹਿੰਦੇ ਹਨ। ਚੇਤਨ ਦੇ ਭਾਸ ਸਹਿਤ ਅੰਤਸ਼ਕਰਨ ਦੀ ਕਰਮ ਰੂਪ ਬਿਰਤੀ ਨੂੰ ਗੇਯ ਕਹਿੰਦੇ ਹਨ।

---

੧. ਪੰਜ ਗਿਆਨ ਇੰਦ੍ਰੇ : (ਅੱਖਾਂ, ਕੰਨ, ਨੱਕ, ਜੀਭ, ਤ੍ਵਚਾ (ਚਮੜੀ)।
ਪੰਜ ਕਰਮ ਇੰਦ੍ਰੇ : ਹੱਥ, ਪੈਰ, ਮੂੰਹ, ਗੁਦਾ ਤੇ ਲਿੰਗ।
ਪੰਜ ਪ੍ਰਾਨ : ਪ੍ਰਾਨ, ਅਪਾਨ, ਸਮਾਨ, ਉਦਾਨ, ਵਿਆਨ
ਪੰਜ ਤੱਤ : ਧਰਤੀ, ਪਾਣੀ, ਅਗਨੀ, ਹਵਾ, ਅਕਾਸ਼

## ਸੋਰਠਾ ॥ ਮੈਂ ਚੇਤੰਨ ਸ੍ਵਰੂਪ; ਇੰਦ੍ਰਜਾਲ ਵਤਿ ਜਗਤਿ ਯਹ ॥

ਮੈਂ ਚੇਤੰਨ = ਪ੍ਰਕਾਸ਼ ਸਰੂਪ ਬ੍ਰਹਮ ਦਾ ਸਰੂਪ ਹਾਂ, ਯਹ = ਇਹ ਜਗਤਿ = ਸੰਸਾਰ ਇੰਦ੍ਰਜਾਲ = ਮਦਾਰੀ ਦੇ ਤਮਾਸ਼ੇ ਵਤਿ = ਵਾਂਗ ਮਿਥਿਆ ਹੈ। (ਰਿਖੀਆਂ ਮੁਨੀਆਂ ਦਾ ਸਤ ਭੰਗ ਕਰਨ ਲਈ ਇੰਦਰ ਬਹੁਤੇ ਜਾਲ ਬਣਾਇਆ ਕਰਦਾ ਸੀ, ਇਸ ਲਈ ਇਸ ਦਾ ਨਾਮ ਇੰਦ੍ਰਜਾਲ ਹੋ ਗਿਆ)।

## ਮੈਂ ਤੂੰ ਕਥਾ ਅਨੂਪ ਯਹ; ਵਹਿ ਕਹਿਤ ਨ ਸੰਭਵੈ ॥੬॥

ਮੈਂ ਤੇ ਤੂੰ ਦੀ ਯਹ = ਇਹ ਕਥਾ = ਕਹਾਣੀ ਅਨੂਪ = ਉਪਮਾ ਤੋਂ ਰਹਿਤ ਹੈ, ਇਸ ਲਈ ਇਹ ਤੇ ਵਹਿ = ਉਹ ਕਹਿਤ = ਕਹਿਣਾ ਸੰਭਵੈ = ਬਣਦਾ ਨ = ਨਹੀਂ ਹੈ॥੬॥

## ਦੋਹਰਾ ॥ ਦੇਹੀ ਦੇਹ ਨ ਹੌਂ ਕਛੂ; ਮੁਕਤਿ ਬੰਧ ਨਹਿ ਹੋਇ ॥

ਹੌਂ = ਮੇਰੇ ਅੰਤਰ ਆਤਮ ਸਰੂਪ ਵਿਚ ਨਾ ਹੀ ਦੇਹੀ = ਜੀਵ ਨਾ ਹੀ ਪੰਜਾਂ ਤੱਤਾਂ ਤੋਂ ਬਣਿਆ ਦੇਹ = ਸਰੀਰ ਆਦਿ ਕਛੂ = ਕੁਝ ਹੈ, ਨਾ ਹੀ ਚਾਰ ਪ੍ਰਕਾਰ ਦੀ ਸਾਲੋਕਯ, ਸਮੀਪਯ, ਸਾਰੂਪਯ, ਸਾਯੁਜਯ ਆਦਿ ਮੁਕਤਿ = ਮੁਕਤੀ ਅਤੇ ਨਾਹਿ = ਨਾ ਹੀ ਸੰਸਾਰਕ ਬੰਧ = ਬੰਧਨ ਹੋਇ = ਹੁੰਦੇ ਹਨ।

## ਜਤੀ ਨ ਵਿਖਈ ਤਪ ਅਤਪ; ਨ ਹੌਂ ਏਕ ਨ ਦੋਇ ॥੭॥

ਉਥੇ ਨ = ਨਾ ਹੀ ਜਤੀ = ਯਤ ਰੱਖਣਾ ਨਾ ਹੀ ਵਿਖਈ = ਵਿਸ਼ੇਪੁਣਾ ਨਾ ਹੀ ਤਪ = ਤਪੱਸਵੀ ਪੁਣਾ ਅਤੇ ਨਾ ਅਤਪ = ਤਪੱਸਿਆ ਤੋਂ ਰਹਿਤ ਪੁਣਾ ਹੈ ਅਤੇ ਉਸੇ ਹੌਂ = ਮੇਰੇ ਅੰਤਰ ਆਤਮ ਸਰੂਪ ਵਿਚ ਨਾ ਹੀ ਏਕ = ਇਕ ਪੁਣਾ ਤੇ ਨਾ ਹੀ ਦੋਇ = ਦੂਜਾ ਪੁਣਾ ਹੈ॥੭॥

## ਦੋਹਰਾ ॥ ਪੂਰਬ ਪਸਚਮ ਉਰਧ ਅਧ; ਉਤਰ ਦਛਨ ਨਾਂਹਿ ॥

ਪੂਰਬ = ਚੜ੍ਹਦਾ ਪਾਸਾ, ਪਸਚਮ = ਛਿਪਦਾ ਪਾਸਾ, ਉਰਧ = ਉੱਚਾ ਭਾਵ ਅਕਾਸ਼ ਵਾਲਾ ਪਾਸਾ ਅਧ = ਨੀਵਾਂ ਪਤਾਲ ਵਾਲਾ ਪਾਸਾ, ਚਾਰ ਦਿਸ਼ਾਵਾਂ ਵਿੱਚੋਂ ਇਕ ਉੱਤਰ ਦਿਸ਼ਾ ਤੇ ਦਛਨ = ਦੱਖਣ ਆਦਿ ਉਥੇ ਕੁਝ ਵੀ ਨਾਂਹਿ = ਨਹੀਂ ਹੈ। ਭਾਵ ਦਿਸ਼ਾਵਾਂ ਆਦਿ ਦਾ ਭਰਮ ਵੀ ਨਹੀਂ ਹੈ।

## ਲਘੁ ਦੀਰਘੁ ਨਯਾਰੋ ਮਿਲਯੋ; ਨਹਿ ਬਾਹਰਿ ਨਹਿ ਮਾਂਹਿ ॥੮॥

ਉਥੇ ਨਾ ਹੀ ਲਘੁ = ਛੋਟਾ ਪੁਣਾ ਹੈ, ਨਾ ਹੀ ਦੀਰਘ = ਵੱਡਾ ਪੁਣਾ ਹੈ, ਨਾ ਹੀ ਨਯਾਰੋ = ਵੱਖਰਾਪਣ ਹੈ **ਵਾ:** ਨਾ ਹੀ ਕਿਤੇ ਵੱਖਰਾ ਹੋ ਕੇ ਮਿਲਯੋ = ਮਿਲਿਆ, ਲੀਨ ਹੋਇਆ ਬੈਠਾ ਹੈ, ਨਹਿ = ਨਾ ਹੀ ਬਾਹਰ ਕਿਸੇ ਅਸਥਾਨ ਵਿਚ ਹੈ, ਨਾ ਹੀ ਕਿਤੇ ਬਾਹਰ ਸੰਸਾਰ ਮਾਂਹਿ = ਵਿਚ ਹੈ॥੮॥

## ਦੋਹਰਾ ॥ ਨਹਿ ਉਤਪਤਿ ਨਹਿ ਬ੍ਰਿਧ ਲਯ; ਰੂਪ ਰੰਗ ਰਸ ਭੇਦ ॥

ਉਥੇ ਮੇਰੇ ਆਤਮ ਸਰੂਪ ਵਿਚ ਨਹਿ = ਨਾ ਹੀ ਉਤਪਤਿ = ਜੰਮਣਾ ਹੈ, ਨਹਿ = ਨਾ ਹੀ ਬ੍ਰਿਧ = ਬੁਢਾਪਾ ਹੈ, ਨਾ ਹੀ ਲਯ = ਲੀਨ ਭਾਵ ਮਰਨਾ ਹੈ ਅਤੇ ਨਾ ਹੀ ਕੋਈ ਛੋਟਾ ਵੱਡਾ ਰੂਪ = ਆਕਾਰ ਹੈ ਨਾ ਹੀ ਚਿੱਟਾ, ਕਾਲਾ, ਪੀਲਾ ਲਾਲ ਆਦਿ ਰੰਗ ਹੈ, ਨਾ ਹੀ ਹਾਰ, ਸ਼ਿੰਗਾਰ, ਕਰੁਣਾ ਆਦਿ ਰਸ ਹੈ, ਨਾ ਹੀ ਉਥੇ ਕੋਈ ਕਿਸੇ ਕਿਸਮ ਦਾ ਭੇਦ = ਫ਼ਰਕ ਹੈ **ਵਾ:** ਇਉਂ ਉਥੇ ਇਨ੍ਹਾਂ ਦਾ ਭੇਦ ਨਹੀਂ ਹੈ।

## ਨਹਿ ਜੋਗੀ ਭੋਗੀ ਨਹਿ; ਨਹਿ ਇਸਥਿਤ ਨਹਿ ਖੇਦ ॥੯॥

ਉਥੇ ਆਤਮਾ ਸਰੂਪ ਵਿਚ ਨਹਿ = ਨਾ ਹੀ ਜੋਗੀ = ਜੋਗਪੁਣਾ ਭਾਵ ਯੋਗ ਦਾ ਨੇਮ ਕਰਨ ਵਾਲਾ ਹੈ, ਨਾ ਹੀ ਭੋਗੀ = ਵਿਸ਼ਈ ਪੁਣਾ ਹੈ, ਨਹਿ = ਨਾ ਹੀ ਕਿਤੇ ਇਸਥਿਤ = ਟਿਕਾਣਾ ਹੈ, ਅਤੇ ਨਹਿ = ਨਾ ਹੀ ਉਥੇ ਕਿਸੇ ਤਰ੍ਹਾਂ ਦਾ ਜੰਮਣ ਮਰਣ ਆਦਿ ਦਾ ਖੇਦ = ਦੁੱਖ, ਕਲੇਸ਼ ਹੈ ॥੯॥

## ਦੋਹਰਾ ॥ ਮਲਿਨ ਨੈਨ ਕਰਿ ਦੇਖੀਏ; ਸਭ ਕਛੁ ਸਬ ਹੀ ਭਾਇ ॥

ਮਲਿਨ = ਮਲੀਨ ਨੈਨ = ਅੱਖਾਂ ਕਰਿ = ਕਰਕੇ ਕਿਸੇ ਪਾਸੇ ਦੇਖੀਏ = ਵੇਖਣਾ ਕਰੀਏ ਤਾਂ ਸਭ = ਸਾਰਾ ਕਛੁ = ਕੁਝ ਉਵੇਂ ਸਬ = ਸਭ ਭਾਇ = ਤਰ੍ਹਾਂ ਦਾ ਹੀ ਦਿੱਸਦਾ ਹੈ।

## ਅਮਲ ਦ੍ਰਿਸਟਿ ਜਬ ਰਵਿ ਲਹਯੋ; ਤਬ ਰਵ ਹੀ ਦਰਸਾਇ ॥੧੦॥

ਜਬ = ਜਦੋਂ ਅੱਖਾਂ ਅਮਲ = ਮੈਲ ਤੋਂ ਰਹਿਤ ਦ੍ਰਿਸਟਿ = ਦ੍ਰਿਸ਼ਟੀ ਕਰਕੇ ਰਵਿ = ਸੂਰਜ ਵੱਲ ਲਹਯੋ = ਦੇਖਿਆ ਜਾਂ ਸੂਰਜ ਨੂੰ ਜਾਣਿਆ, ਤਬ = ਤਦੋਂ ਸਾਰੇ ਰਵ = ਸੂਰਜ ਹੀ ਦਰਸਾਇ = ਦਿੱਸਦਾ ਹੈ ॥੧੦॥

## ਦੋਹਰਾ ॥ ਊਚ ਨੀਚ ਨਿਰਗੁਣ ਗੁਣੀ; ਰੰਕ ਨਾਥ ਅਰੁ ਭੂਪ ॥

ਊਚ = ਉੱਚਾ, ਨੀਚ = ਨੀਵਾਂ ਭਾਵ ਵੱਡਾ ਛੋਟਾ ਪੁਣਾ, ਨਿਰਗੁਣ = ਗੁਣਾਂ ਤੋਂ ਹੀਣਾ ਜਾਂ ਹੁਨਰ ਤੋਂ ਖ਼ਾਲੀ, ਗੁਣੀ = ਗੁਣਵਾਨ, ਰੰਕ = ਗ਼ਰੀਬ, ਨਾਥ = ਸੁਆਮੀ ਭਾਵ ਅਮੀਰ ਅਰੁ = ਅਤੇ ਭੂਪ = ਰਾਜਾ ਆਦਿ ਕੁਝ ਵੀ ਨਹੀਂ ਹੈ।

## ਹੌਂ ਘਟ ਬਢ ਕਾ ਸੋਂ ਕਹੋਂ; ਸਭ ਅਨੰਦ ਸ੍ਵਰੂਪ ॥੧੧॥

ਇਸ ਲਈ ਹੌਂ = ਮੈਂ ਘਟ ਬਢ = ਵੱਧ ਭਾਵ ਉੱਚਾ ਨੀਵਾਂ ਸ਼ਬਦ ਕਾ = ਕਿਸ ਸੋਂ = ਨੂੰ ਕਹੋਂ = ਕਹਿਣਾ ਕਰਾਂ, ਕਿਉਂਕਿ ਸਭ = ਸਾਰੇ ਤਾਂ ਅਨੰਦ = ਸੁਖ ਸਰੂਪ ਪਰਮੇਸ਼ਰ ਹੀ ਵਿਆਪਕ ਹੈ ॥੧੧॥

## ਦੋਹਰਾ ॥ ਮਨ ਉਨਮੇਖ ਜਗਤ ਭਯੋ; ਬਿਨ ਉਨਮੇਖ ਨਸਾਇ ॥

ਮਨ = ਚਿੱਤ ਦੇ ਉਨਮੇਖ = ਫੁਰਨੇ ਕਰਕੇ ਜਗਤ = ਸੰਸਾਰ ਪ੍ਰਤੀਤ ਭਯੋ = ਹੁੰਦਾ ਹੈ, ਜਦੋਂ ਮਨ ਦੇ ਉਨਮੇਖ = ਫੁਰਨੇ ਤੋਂ ਬਿਨ = ਬਗ਼ੈਰ ਸਭ ਕੁਝ ਨਸਾਇ = ਨਾਸ਼, ਖ਼ਤਮ ਹੋ ਜਾਂਦਾ ਹੈ।

## ਕਹੋ ਜਗਤ ਕਿਤ ਸੰਭਵੈ; ਮਨ ਹੀ ਜਹਾਂ ਬਿਲਾਇ ॥੧੨॥

ਕਹੋ = ਦੱਸੋ ਫੇਰ ਜਗਤ = ਸੰਸਾਰ ਦਾ ਸੱਤਯ ਰਹਿਣਾ ਇਹ ਕਿਤ = ਕਿਵੇਂ ਕਹਿਣਾ ਸੰਭਵੈ = ਬਣਦਾ ਹੈ, ਜਹਾਂ = ਜਿਥੇ ਮਨ ਦਾ ਫੁਰਨਾ ਹੀ ਬਿਲਾਇ = ਨਾਸ਼ ਹੋ ਗਿਆ ॥੧੨॥

## ਦੋਹਰਾ ॥ ਨਹਿ ਕਾਰਨ ਕਾਰਜ ਕਛੂ; ਨਾਹਿਨ ਕਾਲ ਨਹਿ ਦੇਸ ॥

ਨਹਿ = ਨਾ ਹੀ ਮਾਇਆ, ਮਲ, ਅਵਿੱਦਿਆ ਆਦਿ ਕਾਰਨ[1] = ਕਾਰਣ, ਹੇਤ, ਸਬੱਬ, ਨਾ ਹੀ

---

੧. ਵਿਦਵਾਨਾਂ ਨੇ ਦੋ ਪ੍ਰਕਾਰ ਦੇ ਕਾਰਨ ਮੰਨੇ ਹਨ।
(ੳ) ਨਿਮਿੱਤ ਕਾਰਣ : ਜਿਵੇਂ ਕੱਪੜੇ ਦਾ ਜੁਲਾਹਾ, ਖੱਡੀ ਨਲਕੀ ਆਦਿ।
(ਅ) ਉਪਾਦਾਨ ਕਾਰਣ : ਜਿਵੇਂ ਕੱਪੜੇ ਦਾ ਸੂਤ, ਘੜੇ ਦੀ ਮਿੱਟੀ ਆਦਿ।

ਕਛੂ = ਕੁਝ ਜੀਵ = ਈਸ੍ਵਰ ਆਦਿ ਕਾਰਜ = ਕੰਮ ਅਤੇ ਨਾਹਿਨ = ਨਾ ਹੀ ਭੂਤ, ਭਵਿੱਖ ਤੇ ਵਰਤਮਾਨ ਕਾਲ = ਸਮਾਂ ਅਤੇ ਨਹਿ = ਨਾ ਹੀ ਮਾਝਾ, ਮਾਲਵਾ, ਆਦਿ ਦੇਸ਼ ਜਾਂ ਭਾਰਤ, ਨੇਪਾਲ, ਚੀਨ ਆਦਿ ਦੇਸ਼।

## ਸ਼ਿਵ ਸ੍ਵਰੂਪ ਪੂਰਨ ਅਚੱਲ; ਸਜਾਤਿ ਵਿਜਾਤਿ ਨ ਲੇਸ ॥੧੩॥

ਉਸ ਸਿਵ = ਕਲਿਆਣ ਸ੍ਵਰੂਪ, ਪੂਰਣ = ਵਿਆਪਕ ਤੇ ਅਚੱਲ = ਚੱਲਣ ਤੋਂ ਰਹਿਤ ਪਰਮੇਸਰ ਵਿਚ ਸਜਾਤਿ = ਸਜਾਤੀ ਵਿਜਾਤਿ = ਵਿਜਾਤੀ ਆਦਿ ਦਾ ਲੇਸ = ਥੋੜੇ ਮਾਤਰ ਵੀ ਭੇਦ ਨ = ਨਹੀਂ ਹੈ ॥੧੩॥

## ਦੋਹਰਾ ॥ ਏਕ ਹੂੰ ਕਹਤ ਬਨੈ ਨਹੀਂ; ਦੋਇ ਕਹੋ ਕਿਹ ਭਾਇ ॥

ਉਸ ਪਰਮਾਤਮਾ ਨੂੰ ਏਕ ਹੂੰ = ਇਕ ਕਹਤ = ਕਹਿਣਾ ਵੀ ਬਨੈ = ਬਣਦਾ ਨਹੀਂ, ਜੇਕਰ ਦੋਇ = ਦੋ ਕਹੋ = ਕਹਿਣਾ ਕਰਾਂ ਤਾਂ ਕਿਹ = ਕਿਸੇ ਭਾਇ = ਤਰ੍ਹਾਂ ਕਹਿਣਾ ਕਰਾਂ ਕਿਉਂਕਿ ਦੂਸਰਾ ਉਸ ਵਰਗਾ ਕੋਈ ਹੋਰ ਹੋਵੇ ਤਾਂ ਆਖਾਂ, ਇਸ ਲਈ ਦੂਸਰਾ ਕਹਿਣਾ ਬਣਦਾ ਨਹੀਂ।

## ਪੂਰਨ ਰੂਪ ਵਿਹਾਇਸੀ; ਘਟ ਬਢ ਕਹਯੋ ਨ ਜਾਇ ॥੧੪॥

ਉਹ ਪੂਰਨ = ਪਰੀਪੂਰਨ ਰੂਪ = ਸਰੂਪ ਪਰਮੇਸ਼ਰ ਅਕਾਸ਼ ਵਾਂਗ ਸਾਰੇ ਥਾਵਾਂ ਵਿਚ ਬਿਹਾਇਸੀ = ਵਿਆਪਕ ਹੈ, ਉਸ ਨੂੰ ਤਿਆਗ ਕੇ ਘੱਟ ਜਾਂ ਬਢ = ਵੱਧ ਕੁਝ ਵੀ ਕਹਯੋ = ਆਖਿਆ ਨ = ਨਹੀਂ ਜਾਇ = ਜਾਂਦਾ ॥੧੪॥

## ਦੋਹਰਾ ॥ ਬਿਸ੍ਵ ਨ ਤੈਜਸ ਪ੍ਰਾਗਯ ਕਛੁ; ਨਹਿ ਤੁਰੀਆ ਤਾ ਮਾਂਹਿ ॥

ਉਸ ਮੇਰੇ ਆਤਮ ਸਰੂਪ ਵਿਚ ਜਾਗ੍ਰਤ ਅਵਸਥਾ ਦਾ ਅਭਿਮਾਨੀ ਬਿਸ੍ਵ ਨਾਮੇ ਜੀਵ ਵੀ ਨਹੀਂ ਹੈ, ਤੈਜਸ = ਸੁਪਨ ਅਵਸਥਾ ਦਾ ਅਭਿਮਾਨੀ ਜੀਵ ਵੀ ਨਹੀਂ ਹੈ, ਅਤੇ ਨਾ ਹੀ ਕਛੁ = ਕੁਝ ਸੁਖੋਪਤ ਅਵਸਥਾ ਦਾ ਅਭਿਮਾਨੀ ਪ੍ਰਾਗਯ ਨਾਮੇ ਜੀਵ ਹੈ ਅਤੇ ਨਹਿ = ਨਾ ਹੀ ਤਾ = ਉਸ ਮਾਹਿ = ਵਿਚ ਚੌਥੀ ਤੁਰੀਆ ਅਵਸਥਾ ਹੈ।

## ਸੋ ਸ੍ਵਰੂਪ ਨਿਜ ਗਿਆਨ ਘਨ; ਮੈਂ ਤੂੰ ਵਵਿਧ ਤਹ ਨਾਹਿ ॥੧੫॥

ਸੋ = ਉਹ ਨਿਜ = ਆਪਣੇ ਆਤਮਿਕ ਸਰੂਪ ਵਿਚ ਕੇਵਲ ਗਿਆਨ ਰੂਪ ਘਨ = ਬੱਦਲ ਦਾ ਹੀ ਖ਼ਜ਼ਾਨਾ ਹੈ (ਜਿਵੇਂ ਬੱਦਲਾਂ ਰਾਹੀਂ ਧਰਤੀ ਉੱਤੇ ਵਰਖਾ ਹੁੰਦੀ ਹੈ ਅਤੇ ਹਰਿਆਵਲਤਾ ਆ ਜਾਂਦੀ ਹੈ, ਇਸੇ ਤਰ੍ਹਾਂ ਜਦ ਬੁੱਧ ਰੂਪ ਧਰਤੀ ਉੱਤੇ ਉਪਦੇਸ਼ ਰੂਪੀ ਵਰਖਾ ਹੁੰਦੀ ਹੈ ਤਾਂ ਸ਼ਾਂਤੀ ਮਿਲਦੀ ਹੈ ਤਾਂ ਸ਼ੁਭ ਗੁਣਾਂ ਰੂਪੀ ਹਰਿਆਵਲਤਾ ਆ ਜਾਂਦੀ ਹੈ) ਤਹ = ਉਥੇ ਮੈਂ ਤੂੰ = ਮੇਰ ਤੇਰ ਤੇ ਵਵਿਧ = ਨਾਨਾਪੁਣਾ ਵੀ ਨਾਹਿ = ਨਹੀਂ ਹੈ ॥੧੫॥

## ਜਾਗ੍ਰਤ ਸ੍ਵਪਨ ਸੁਖੋਪਤਿ ਕੇ; ਅਭਿਮਾਨੀ ਏ ਆਹਿ ॥

ਜਾਗ੍ਰਤ, ਸੁਪਨ, ਸੁਖੋਪਤ ਤਿੰਨਾਂ ਅਵਸਥਾ ਕੇ = ਦੇ ਅਭਿਮਾਨੀ ਬਿਸ੍ਵ, ਤੈਜਸ ਤੇ ਪ੍ਰਾਗਯ ਨਾਮੇ ਏ = ਇਹ ਜੀਵ ਆਹਿ = ਹਨ।

## ਜੋ ਸਭ ਕੋ ਅਨੁਭਵ ਕਰੈ; ਚਿਦ ਸ੍ਵਰੂਪ ਕਹਿ ਤਾਹਿ ॥੧੬॥

ਜੋ = ਜਿਹੜਾ ਇਹਨਾਂ ਸਭ = ਸਾਰਿਆਂ ਕੋ = ਦਾ ਅਨੁਭਵ ਕਰੈ = ਕਰਦਾ ਹੈ, ਤਾਹਿ = ਉਸ ਨੂੰ ਚਿਦ = ਚੇਤਨ ਸ੍ਵਰੂਪ ਦਾ ਰੂਪ ਕਹਿ = ਆਖਿਆ ਜਾਂਦਾ ਹੈ ॥੧੬॥

## ਦੋਹਰਾ ॥ ਸਾਧਕ ਸਾਧਨ ਕਛੂ ਨਹੀ; ਨਾਥ ਸਿਧਿ ਨਾਹਿ ਕੋਇ ॥

ਉਸ ਅਵਸਥਾ ਵਿਚ ਨਹੀ = ਨਾ ਕਛੂ = ਕੋਈ ਸਾਧਕ = ਸਾਧਨ ਕਰਨ ਵਾਲਾ ਜਗਿਆਸੂ, ਨਾ ਹੀ ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ ਆਦਿ ਸਾਧਨ, ਨਾ ਹੀ ਨੌਂ ਨਾਥਾਂ ਵਿੱਚੋਂ ਕੋਇ = ਕੋਈ ਨਾਥ ਨਾ ਹੀ ਸਿਧਿ = ਸਿੱਧੀ ਨੂੰ ਪ੍ਰਾਪਤ ਕਰਨ ਵਾਲੇ ਚੌਰਾਸੀ ਸਿਧਾਂ ਵਿੱਚੋਂ ਕੋਈ ਸਿੱਧ ਹੈ।

## ਪ੍ਰਮਾਨ ਪ੍ਰਮਾਤਾ ਕੋ ਕਹੈ; ਅਨਾਥ ਪ੍ਰਮੇਯ ਨ ਹੋਇ ॥੧੭॥

ਉਥੇ ਪ੍ਰਮਾਣ (ਗਿਆਨ) ਪ੍ਰਮਾਤਾ (ਗਿਆਤਾ) ਪ੍ਰਮੇਯ (ਗੇਯ) ਰੂਪ ਤਿੰਨ ਵਸਤਾਂ ਵੀ ਕੋ = ਕੋਈ ਕਹੈ = ਕਹਿ ਨਹੀਂ ਸਕਦਾ।

**ਵਾ:** ਉਥੇ ਜੇ ਕੋ = ਕੋਈ ਕਹੈ = ਕਹਿਣਾ ਕਰੇ ਕਿ ਪ੍ਰਮਾਣ ਪਰਮਾਤਾ ਹੈ। ਅਨਾਥ ਕਵੀ ਜੀ ਕਹਿੰਦੇ ਹਨ ਉਥੇ ਪ੍ਰਮਾਣ ਪ੍ਰਮਾਤਾ ਤਾਂ ਕੀ ਉਥੇ ਤਾਂ ਪ੍ਰਮੇਯ ਵੀ ਨਹੀਂ ਹੋ ਸਕਦਾ॥੧੭॥

## ਦੋਹਰਾ ॥ ਸ਼ਾਸਤ੍ਰਾ ਸ਼ਾਸਤ੍ਰਨ ਕੋ ਨਹੀਂ; ਨਹਿ ਭਿਛਕ ਨਹਿ ਦਾਨ ॥

ਉਥੇ ਕੋ = ਕੋਈ ਵੀ ਸ਼ਾਸਤ੍ਰਾ = ਪੜ੍ਹਾਉਣ ਵਾਲਾ ਵੀ ਨਹੀਂ ਹੈ, ਨਾ ਹੀ ਕੋਈ ਸ਼ਾਸਤ੍ਰਨ = ਪੜ੍ਹਨ ਵਾਲਾ ਹੈ **ਵਾ:** ਨਾ ਹੀ ਉਥੇ ਕੋਈ ਛੇ ਸ਼ਾਸਤ੍ਰਾਂ ਵਿੱਚੋਂ (ਸਾਸਤ੍ਰ + ਅਸਾਸਤ੍ਰ) ਸਾਸਤ੍ਰ = ਆਗਿਆ ਕਰਨ ਵਾਲਾ ਹੈ ਅਤੇ ਨਾ ਹੀ ਉਥੇ ਕੋਈ ਅਸਾਸਤ੍ਰ = ਆਗਿਆ ਮੰਨਣ ਵਾਲਾ ਹੈ, ਨਹਿ = ਨਾ ਹੀ ਕੋਈ ਭਿਛਕ = ਮੰਗਤਾ ਹੈ ਨਾ ਹੀ ਕੋਈ ਦਾਨ ਦੇਣ ਵਾਲਾ ਹੈ।

## ਦੇਸ ਨ ਕਾਲ ਨ ਬਸਤੁ ਗੁਣ; ਬਾਦੀ ਬਾਦ ਨ ਹਾਨਿ ॥੧੮॥

ਉਥੇ ਨਾ ਹੀ ਕਿਸੇ ਦੇਸ ਦੀ ਹੱਦ ਹੈ ਨਾ ਹੀ ਕੋਈ ਕਾਲ = ਸਮੇਂ ਦੀ ਚਾਲ ਹੈ, ਨਾ ਹੀ ਕੋਈ ਵਿਸ੍ਵ, ਤੈਜਸ ਆਦਿ ਬਸਤੁ = ਵਸਤੂ ਹੈ, ਨਾ ਹੀ ਰਾਜਸੀ, ਤਾਮਸੀ ਆਦਿ ਗੁਣ ਹੈ, ਨਾ ਹੀ ਕੋਈ ਬਾਦੀ = ਝਗੜਾ ਕਰਨ ਵਾਲਾ ਝਗੜਾਲੂ ਹੈ ਤੇ ਨਾ ਹੀ ਕੋਈ ਬਾਦ = ਝਗੜਾ ਹੈ ਅਤੇ ਨਾ ਹੀ ਕੋਈ ਹਾਨਿ = ਹਾਨੀ ਹੈ॥੧੮॥

## ਦੋਹਰਾ ॥ ਵਿਧਿ ਨਿਖੇਧ ਨਹਿ ਥਪ ਅਥਪ; ਨਹਿ ਪ੍ਰਭੁ ਨਹਿ ਕੋ ਦਾਸੁ ॥

ਉਥੇ ਨਾ ਹੀ ਵਿਧਿ = ਚੰਗੇ ਕੰਮ ਹਨ, ਭਾਵ ਉਥੇ ਕੋਈ ਵੀ ਉਸਤਤ ਕਰਨ ਵਾਲਾ ਨਹੀਂ ਹੈ, ਨਹਿ = ਨਾ ਹੀ ਨਿਖੇਧ = ਮਾੜੇ ਕੰਮ ਹਨ ਭਾਵ ਮੰਦਾ ਬੋਲਣ ਵਾਲਾ ਨਹੀਂ ਹੈ, ਨਹਿ = ਨਾ ਹੀ ਥਪ = ਇਸਥਿਤੀ ਹੈ, ਨਾ ਹੀ ਕੋਈ ਅਥਪ = ਲੈ ਕਰਨ ਵਾਲਾ, ਭਾਵ ਨਾ ਹੀ ਮੌਤ ਹੈ, ਉਥੇ ਨਹਿ = ਨਾ ਹੀ ਕੋਈ ਪ੍ਰਭੁ = ਮਾਲਕ ਹੈ ਅਤੇ ਨਹਿ = ਨਾ ਹੀ ਕੋ = ਕੋਈ ਦਾਸੁ = ਸੇਵਕ ਹੈ।

## ਕੇਵਲ ਸ਼ੁਧ ਸਰੂਪ ਹੌਂ; ਪੂਰਨ ਸੁਤਹਿ ਪ੍ਰਕਾਸ਼ ॥੧੯॥

ਕੇਵਲ = ਸਿਰਫ਼ ਪੂਰਨ = ਪਰੀਪੂਰਨ ਸੁਤਹਿ = ਸੁਤੇ-ਸਿੱਧ ਪ੍ਰਕਾਸ਼ = ਗਿਆਨ ਸਰੂਪ ਤੇ ਸ਼ੁਧ ਸਰੂਪ ਬ੍ਰਹਮ ਹੀ ਵਿਆਪਕ ਹੈ॥੧੯॥

## ਸੋਰਠਾ ॥ ਧਯਾਤਾ ਧਯਾਨ ਨ ਧਯੇਯ; ਮਮ ਨਿਜ ਸੁਧ ਸ੍ਵਰੂਪ ਮੈਂ ॥

ਉਥੇ ਮਮ = ਮੇਰੇ ਨਿਜ = ਆਤਮ ਸ਼ੁਧ ਸਰੂਪ ਮੈਂ = ਵਿਚ ਨਾ ਹੀ ਧਯਾਤਾ = ਧਿਆਉਣ ਵਾਲਾ ਨਾ ਹੀ ਧਯਾਨ = ਦ੍ਰਿਸ਼ਟੀ ਤੇ ਨਾ ਹੀ ਧਯੇਯ = ਵਸਤੂ ਆਦਿ ਹੈ।

## ਉਪਾਦੇਯ ਨਹਿ ਹੇਯ; ਸਰਬ ਰੂਪ ਸਭ ਤੈ ਪਰੇ ॥੨੦॥

ਉਥੇ ਨਹਿ = ਨਾ ਹੀ ਕੁਝ ਉਪਾਦੇਯ = ਗ੍ਰਹਿਣ ਕਰਨ ਯੋਗ ਹੈ ਤੇ ਨਾ ਹੀ ਹੇਯ = ਤਿਆਗ ਕਰਨ ਯੋਗ ਹੈ, ਉਥੇ ਮੇਰਾ ਆਤਮ ਸਰੂਪ ਸਰਬ = ਸਾਰਿਆਂ ਰੂਪ = ਸਰੂਪਾਂ ਵਿਚ ਮਿਲਿਆ ਹੋਇਆ ਵੀ ਹੈ ਅਤੇ ਸਭ = ਸਾਰਿਆਂ ਤੈ = ਤੋਂ ਪਰੇ = ਦੂਰ ਵੀ ਹੈ ॥੨੦॥

## ਦੋਹਰਾ ॥

## ਕਹਯੋ ਸਿਖ ਅਨੁਭਵ ਸਬੈ; ਰਹਯੋ ਮੋਨ ਗਹਿ ਸੋਇ ॥

ਸਿਖ = ਸਿਖਿਆਰਥੀ ਆਪਣਾ ਸਬੈ = ਸਾਰਾ ਅਨੁਭਵ = ਤਜਰਬਾ, ਗਿਆਨ ਮੁਖ ਦੁਆਰਾ ਕਹਯੋ = ਕਥਨ ਕਰਕੇ ਸੁਣਾ ਦਿੱਤਾ ਤੇ ਸਿਖਿਆਰਥੀ ਸੋਇ = ਉਸ ਗਿਆਨ ਦੀ ਪ੍ਰਾਪਤੀ ਵਾਲੀ ਵਿਚਾਰ ਨੂੰ ਆਪਣੇ ਰਿਦੇ ਵਿਚ ਗਹਿ = ਪਕੜ, ਧਾਰਨ ਕਰਕੇ ਸਿੱਖ ਨੇ ਆਪਣਾ ਅਨੁਭਵ ਦੱਸਿਆ ਤਾਂ ਗੁਰੂ ਹਾਂ 'ਚ ਹਾਂ ਮਿਲਾ ਕੇ ਸੁਣਦੇ ਗਏ, ਸੋਇ = ਗੁਰੂ ਜੀ ਆਪ ਮੋਨ = ਚੁੱਪ ਗਯੋ = ਰਹੇ ਫਿਰ ਬੋਲੇ।

## ਬੋਲੇ ਦਾਸ ਅਨਾਥ ਕਹਿ; ਸੁ ਗੁਰੁ ਸਿਖ ਤਨ ਜੋਇ ॥੨੧॥

ਅਨਾਥ ਪੁਰੀ ਜੀ ਕਹਿੰਦੇ ਹਨ ਕਿ ਸਿੱਖ ਦਾ ਅਨੁਭਵ ਸੁਣ ਕੇ ਬੋਲੇ ਕਿ ਤੇਰਾ ਸੁ = ਸ੍ਰੇਸ਼ਟ ਇਹੀ ਤਨ = ਸਰੂਪ ਹੈ ਜੋ ਤੈਂ ਜੋਇ = ਦੇਖ ਲਿਆ ਹੈ।

**ਅਥਵਾ** ਕਵੀ ਅਨਾਥ ਜੀ ਕਥਨ ਕਰਦੇ ਹਨ ਕਿ ਜਦੋਂ ਸ੍ਰੇਸ਼ਟ ਗੁਰਦੇਵ ਦੇ ਦਾਸ = ਸੇਵਕ ਅਧਿਕਾਰੀ ਜੋਇ = ਤੱਕਿਆ, ਜਾਣਿਆ ਤਾਂ ਫੇਰ ਉਸ ਨੂੰ ਪ੍ਰਭੂ ਵਾਲਾ ਗਿਆਨ ਦਾ ਉਪਦੇਸ਼ ਦਿੱਤਾ ॥੨੧॥

## ਇਤਿ ਸ੍ਰੀ ਵਿਚਾਰ ਮਾਲਾ ਸਿਖ ਅਨੁਭਵ ਸਪਤਮੋ ਬਿਸ੍ਰਾਮ ਸਮਾਪਤੰ ॥

ਸ੍ਰੀ = ਸੁਭਾਏਮਾਨ ਵਿਚਾਰ ਮਾਲਾ ਨਾਮੇ ਗ੍ਰੰਥ ਦੇ ਸਪਤਮੋ = ਸਪਤਮੋ = ਸੱਤਵੇਂ ਬਿਸ੍ਰਾਮ = ਅਧਿਆਇ ਦੀ ਇਤਿ = ਸਮਾਪਤੀ ਕੀਤੀ ਹੈ, ਤੇ ਇਸ ਵਿਚ ਸਿੱਖ ਦਾ ਅਨੁਭਵ ਵਰਣਨ ਕੀਤਾ ਹੈ ॥੭॥

ਅੱਗੇ ਦਿੱਤੇ ਉਪਦੇਸ਼ ਦੀ ਪ੍ਰੀਖਿਆ ਕਰਨਗੇ।

## ਅੱਠਵਾਂ ਬਿਸ੍ਰਾਮ ਪ੍ਰਾਰੰਭਾ

## (ਗੁਰ ਪ੍ਰੀਛਾ ਕਹਿਤ ਹੈਂ)

## ਦੋਹਰਾ ॥ ਅਨੁਭਵ ਅੰਮ੍ਰਿਤ ਸਿਖ ਕੇ; ਉਦੈ ਭਯੋ ਚਿਤ ਚੈਨ ॥

ਸਿਖ = ਸਿਖਿਆਰਥੀ, ਸੇਵਕ ਕੇ = ਦੇ ਹਿਰਦੇ ਵਿਚ ਅੰਮ੍ਰਿਤ = ਮ੍ਰਿਤੂ ਰਹਿਤ ਕਰਨ ਵਾਲਾ ਬ੍ਰਹਮ ਅਨੁਭਵ = ਗਿਆਨ ਉਦੈ = ਪੈਦਾ ਭਯੋ = ਹੋਇਆ ਤਾਂ ਸੇਵਕ ਦੇ ਮਨ ਵਿਚ ਆਤਮਿਕ ਚੈਨ = ਸ਼ਾਂਤੀ ਆ ਗਈ।

## ਲੈਨ ਪ੍ਰੀਛਾ ਕੋ ਕਹੈਂ; ਗੁਰੁ ਕਰੁਣਾ ਰਸ ਬੈਨ ॥੧॥

ਗੁਰੁ = ਗੁਰਦੇਵ ਜੀ ਆਪਣੇ ਸੇਵਕ ਦੀ ਪ੍ਰੀਛਾ = ਪਰਖ ਲੈਣ ਵਾਸਤੇ ਕਰੁਣਾ = ਕਿਰਪਾ ਤੇ ਰਸ = ਰਸਦਾਇਕ ਬੈਨ = ਬਚਨ ਆਪਣੇ ਸੇਵਕ ਕੋ = ਨੂੰ ਕਹੈਂ = ਕਹਿੰਦੇ ਹਨ ॥੧॥

## ਦੋਹਰਾ ॥ ਪ੍ਰੀਛਾ ਨਿਜ ਵਿਗਜਾਨ ਕੀ; ਲੇਤ ਖੰਡ ਵਿਉਹਾਰ ॥

ਗੁਰਦੇਵ ਜੀ ਆਪਣੇ ਸੇਵਕ ਦੇ ਨਿਜ = ਆਪਣੇ ਵਿਗਜਾਨ (ਵਿ + ਗਜਾਨ) ਵਿ = ਵਿਸ਼ੇਸ਼ ਕਰਕੇ ਗਜਾਨ = ਗਿਆਨ ਕੀ = ਦੀ ਪ੍ਰੀਛਾ = ਪਰਖ ਲੇਤ = ਲੈਣਗੇ ਅਤੇ ਸੰਸਾਰ ਦੇ ਵਿਉਹਾਰ = ਕਾਰ-ਵਿਹਾਰਾਂ ਨੂੰ ਖੰਡ = ਕੱਟਣਾ ਕਰਨਗੇ ਭਾਵ ਖ਼ਾਤਮਾ ਕਰਨਗੇ **ਵਾ:** ਪਰਖਣਾ ਲੇਤ = ਲੈਣ ਵਾਸਤੇ ਸੰਸਾਰ ਦੇ ਬਿਉਹਾਰਾਂ ਨੂੰ ਖੰਡਨ ਕਰਨਗੇ।

## ਇਸਥਿਤ ਆਤਮਵਾਨ ਕੀ; ਉਪਦੇਸਤ ਨਿਰਧਾਰ ॥੨॥

ਆਤਮਵਾਨ = ਸ੍ਵੈ ਗਿਆਨ ਕੀ = ਦੀ ਇਸਥਿਤ = ਸਥਿਤੀ ਵੇਖ ਕੇ ਤੇ ਨਿਰਧਾਰ = ਨਿਰਨਾ ਕਰਕੇ ਉਪਦੇਸਤ = ਉਪਦੇਸ਼ ਦੇਣਗੇ ॥੨॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਜਾਨਯੋ ਅਬਿਨਾਸੀ ਅਜਰ; ਅਦ੍ਵੈ ਰੂਪ ਅਪਾਰ ॥

ਹੇ ਸਿੱਖ! ਤੂੰ ਅਦ੍ਵੈਖ = ਦ੍ਵੈਸ਼ ਤੋਂ ਰਹਿਤ, ਅਪਾਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਵਿਆਪਕ ਰੂਪ = ਸਰੂਪ, ਅਜਰ = ਸੜਨ ਤੋਂ ਰਹਿਤ, ਬੁਢਾਪੇ ਤੋਂ ਰਹਿਤ ਨਵੀਨ ਸਰੂਪ ਅਤੇ ਅਬਿਨਾਸੀ = ਨਾਸ਼ ਤੋਂ ਰਹਿਤ ਪਰਮੇਸ਼ਰ ਬਾਰੇ ਸਾਰਾ ਕੁਝ ਜਾਨਯੋ = ਜਾਣ ਲਿਆ ਹੈ।

## ਜਗ ਆਸਕਤ ਨਾ ਸੰਭਵੈ; ਸੁਨ ਸਿਖ ਸਤਜ ਵਿਚਾਰ ॥੩॥

ਇਸ ਲਈ ਹੁਣ ਤੇਰਾ ਜਗ = ਸੰਸਾਰ ਦੇ ਆਸਕਤ = ਮੋਹ ਵਿਚ ਫਸਣਾ ਸੰਭਵੈ = ਬਣਦਾ ਨਾ = ਨਹੀਂ ਹੈ, ਹੇ ਸਿਖ = ਸੇਵਕ! ਮੇਰੇ ਇਸ ਸਤਜ = ਸੱਚੇ ਵਿਚਾਰ ਨੂੰ ਬਹੁਤ ਹੀ ਧਿਆਨ ਨਾਲ ਸੁਨ = ਸੁਨਣਾ ਕਰ ॥੩॥

## ਦੋਹਰਾ ॥ ਜੌ ਕਹਿ ਕਰਹਿ ਕਹਾ ਬਿਖੈ; ਭਯੋ ਗਯਾਨ ਉਦੋਤ ॥

ਹੇ ਸੇਵਕ! ਜੌ = ਜੇਕਰ ਤੂੰ ਇਸ ਤਰ੍ਹਾਂ ਕਹਿ = ਕਹਿਣਾ ਕਰੇ ਕਿ ਬਿਖੈ = ਵਿਸ਼ੇ ਮੇਰਾ ਕਹਾ = ਕੀ ਵਿਗਾੜ ਕਰਹਿ = ਕਰ ਦੇਣਗੇ ਕਿਉਂਕਿ ਮੇਰੇ ਰਿਦੇ ਵਿਚ ਤਾਂ ਆਤਮ ਗਿਆਨ ਉਦੋਤ = ਪ੍ਰਗਟ ਭਯੋ = ਹੋ ਗਿਆ ਹੈ।

## ਬਿਖੈ ਸੰਗ ਮਤਿ ਭੰਗ ਹ੍ਵੈ; ਗਜਾਨ ਸਿਥਲਤਾ ਹੋਤ ॥੪॥

ਹੇ ਸੇਵਕ! ਬਿਖੈ = ਵਿਸ਼ੇ-ਵਿਕਾਰਾਂ ਦੇ ਸੰਗ = ਨਾਲ ਸ੍ਰੇਸ਼ਟ ਮਤਿ = ਅਕਲ ਭੰਗ = ਨਾਸ਼ ਹ੍ਵੈ = ਹੋ ਜਾਂਦੀ ਹੈ ਅਤੇ ਗਿਆਨ ਵੀ ਸਿਥਲਤਾ = ਕਮਜ਼ੋਰ ਹੋਤ = ਹੋ ਜਾਂਦਾ ਹੈ ॥੪॥

## ਦੋਹਰਾ ॥ ਆਤਮ ਸੁਧ ਲਹਯੋ ਨਹੀਂ; ਉਦਯੋ ਨ ਨਿਰਮਲ ਗਯਾਨ ॥

ਜਦ ਤਕ ਆਤਮ = ਆਪਣੇ ਆਪ ਨੂੰ ਸ਼ੁੱਧ ਸਰੂਪ ਲਹਯੋ = ਜਾਣਿਆ ਨਹੀਂ ਜਾਂਦਾ, ਤਦ ਤਕ ਨਿਰਮਲ = ਸ਼ੁੱਧ ਭਾਵ ਅਪ੍ਰੋਖ ਗਿਆਨ ਰਿਦੇ ਵਿਚ ਉਦਯੋ = ਪੈਦਾ ਨ = ਨਹੀਂ ਹੁੰਦਾ।

## ਮਲਿਨ ਬਿਖੈ ਵਿਵਹਾਰ ਰਤਿ; ਤਬ ਲਗਿ ਹੋਤ ਅਜਾਨ ॥੫॥

ਜਦ ਤਕ ਮਲਿਨ = ਗੰਦੇ ਬਿਖੈ = ਵਿਸ਼ੇ-ਵਿਕਾਰਾਂ ਤੇ ਸੰਸਾਰਕ ਬਿਵਹਾਰ = ਕਾਰੋ-ਵਿਹਾਰਾਂ ਵਿਚ ਰਤਿ = ਪ੍ਰੀਤੀ ਹੈ, ਤਬ = ਤਦੋਂ ਲਗਿ = ਤਕ ਜੀਵ ਆਪਣੇ ਸਰੂਪ ਤੋਂ ਅਜਾਨ = ਅਨਜਾਣ ਹੋਤ = ਹੋਇਆ ਰਹਿੰਦਾ ਹੈ ॥੫॥

## ਦੋਹਰਾ ॥ ਜੌਂ ਪੂਰਨ ਆਤਮ ਲਹਯੋ; ਤੌਂ ਕਿੰਚਤ ਵਿਵਹਾਰ ॥

ਹੇ ਸਿੱਖ ! ਜੌਂ = ਜੇਕਰ ਤੂੰ ਇਉਂ ਕਹੇਂ ਕਿ ਮੈਂ ਆਤਮ = ਆਤਮਾ ਨੂੰ ਪੂਰਨ = ਵਿਆਪਕ ਬ੍ਰਹਮ ਦਾ ਸਰੂਪ ਲਹਯੋ = ਜਾਣ ਲਿਆ ਹੈ, (ਮੇਰੇ ਉੱਤੇ ਬਿਧ ਨਿਖੇਧ ਕਰਮ ਕਿਥੋਂ ਹੋ ਸਕਦੇ ਹਨ) ਤੌਂ = ਤਾਂ ਫੇਰ ਤੂੰ ਕਿੰਚਤ = ਥੋੜ੍ਹੇ ਮਾਤਰ ਵਿਚ ਪ੍ਰਵਿਰਤੀ ਦੇ ਵਿਵਹਾਰ = ਕੰਮਾਂ-ਕਾਰਾਂ ਵਿਚ ਖਚਤ ਨਾ ਹੋਵੇ।

## ਸੋਹੰ ਜਾਨ, ਸੁ ਹੋਤ ਕਿਉਂ; ਜਗ ਜਨ ਦੀਨ ਪ੍ਰਕਾਰ ॥੬॥

ਸੋ = ਉਹ ਅਨੰਦ ਸਰੂਪ ਪਰਮਾਤਮਾ ਹੰ = ਮੈਂ ਹੂੰ ਜਿਸ ਨੇ ਅਜਿਹਾ ਜਾਣ ਲਿਆ ਹੈ, ਸੁ = ਉਹ ਮਹਾਤਮਾ ਜਗ = ਸੰਸਾਰੀ ਜਨ = ਪੁਰਖਾਂ ਦੇ ਪ੍ਰਕਾਰ = ਤਰ੍ਹਾਂ ਦੀਨ = ਦੁਖੀ = ਕਿਉਂ = ਕਿਵੇਂ ਹੋਤ = ਹੁੰਦੇ ਹਨ, ਭਾਵ ਦੁਖੀ ਨਹੀਂ ਹੁੰਦੇ ॥੬॥

## ਦੋਹਰਾ ॥ ਮੁਕਤਿ ਬਿਖੈ ਵੈਰਾਗ ਜੋ; ਬੰਧਨ ਬਿਖੈ ਸਨੇਹ ॥

ਹੇ ਸਿੱਖ ! ਬਿਖੈ = ਵਿਸ਼ਿਆਂ ਵਿਚ ਜੋ ਵੈਰਾਗ = ਉਪਰਾਮਤਾ, ਨਿਰਲੇਪਤਾ ਹੈ, ਉਹ ਮੁਕਤਿ = ਮੁਕਤੀ ਦਾ ਸਾਧਨ ਹੋਣ ਕਾਰਨ ਮੁਕਤੀ ਹੀ ਹੈ ਅਤੇ ਜੋ ਬਿਖੈ = ਵਿਸ਼ਿਆਂ ਵਿਚ ਸਨੇਹ = ਪ੍ਰੀਤੀ ਕਰਨੀ ਹੈ, ਉਹ ਮੁਕਤੀ ਹੋਣ ਲਈ ਬੰਧਨ = ਜੰਜਾਲਾਂ ਦਾ ਕਾਰਨ ਹੈ।

## ਯਹਿ ਸਭ ਗ੍ਰੰਥਨ ਕੋ ਮਤੋ; ਮਨੁ ਮਾਨੈ ਸੁ ਕਰੇਹਿ ॥੭॥

ਹੇ ਸਿੱਖ ! ਯਹਿ = ਇਹ ਸਭ = ਸਾਰੇ ਗ੍ਰੰਥਨ = ਗ੍ਰੰਥਾਂ ਕੋ = ਦਾ ਮਤੋ = ਸਿਧਾਂਤ ਹੈ[੧] ਜੋ ਤੇਰਾ ਮਨੁ = ਚਿੱਤ ਮਾਨੈ = ਮੰਨਦਾ ਹੈ, ਹੁਣ ਤੂੰ ਸੁ = ਉਹ ਕਰੇਹਿ = ਕਰਨਾ ਕਰ ॥੭॥ ਜੈਸਾ ਕਿ :

**ਅਬ ਤੂ ਸੀਝੁ ਭਾਵੈ ਨਹੀ ਸੀਝੈ ॥ ਕਾਰਜੁ ਸਵਰੈ ਮਨ ਪ੍ਰਭੁ ਧਿਆਈਜੈ ॥੬॥**

*(ਰਾਮਕਲੀ ਮ: ੫, ਅੰਗ ੯੧੩)*

## ਦੋਹਰਾ ॥ ਕ੍ਰਿਪਾ ਕਰਤ ਸਿੱਖ ਪਰ ਘਨੀ; ਗੁਰ ਸਰਨਾਈ ਰਾਇ ॥

ਗੁਰਦੇਵ ਜੀ ਆਪਣੇ ਸਿਖ = ਸੇਵਕ ਪਰ = ਉੱਤੇ ਘਨੀ = ਬਹੁਤ ਕ੍ਰਿਪਾ = ਦਇਆ ਦ੍ਰਿਸ਼ਟੀ ਕਰਤ = ਕਰਦੇ ਹਨ, ਜਿਸ ਦਇਆ ਦ੍ਰਿਸ਼ਟੀ ਦਾ ਸਦਕਾ ਰਾਇ = ਰਾਜਾ, ਪ੍ਰਕਾਸ਼ ਸਰੂਪ ਪਰਮੇਸ਼ਰ ਦੀ ਸਰਨਾਈ = ਸ਼ਰਨ ਵਿਚ ਪਾ ਦਿੰਦੇ ਹਨ।

## ਇਸਥਿਤ ਆਤਮਵਾਨ ਕੀ; ਕਹਿ ਪੁਨਿ ਪੁਨਿ ਦਰਸਾਇ ॥੮॥

ਆਤਮਵਾਨ = ਸ੍ਵੈ-ਸਰੂਪ ਦੇ ਗਿਆਨ ਦੀ ਪ੍ਰਾਪਤੀ ਕਰਨ ਵਾਲੇ ਕੀ = ਦੀ ਉਦਾਸੀਨਤਾ ਰੂਪ ਇਸਥਿਤ = ਸਥਿਤੀ ਨੂੰ ਦ੍ਰਿਸ਼ਟਾਂਤਾਂ ਦੁਆਰਾ ਪੁਨਿ ਪੁਨਿ = ਬਾਰ ਬਾਰ ਕਹਿ = ਆਖ ਕੇ ਦਰਸਾਇ = ਦਿਖਾਉਂਦੇ ਹਨ ॥੮॥

## ਦੋਹਰਾ ॥ ਜੈਸੇ ਭੁਜੇ ਅੰਨ ਮੈ; ਉਦਭਵਤਾ ਭਈ ਛੀਨ ॥

ਜੈਸੇ = ਜਿਸ ਪ੍ਰਕਾਰ ਭੁਜੇ = ਭੁੰਨੇ ਹੋਏ ਅੰਨ = ਅਨਾਜ ਮੈ = ਵਿਚ ਉਦਭਵਤਾ = ਪੈਦਾ ਹੋਣ ਦੀ ਤਾਕਤ ਛੀਨ = ਨਾਸ਼ ਭਈ = ਹੋ ਜਾਂਦੀ ਹੈ।

---

੧. ਜੈਸਾ ਕਿ : ਬੱਧੋਹਿਕੋ ਯੋ ਵਿਖਯਾਨੁ ਰਾਗੀ ਕੋ ਵਾ ਵਿਮੁਤਾਤੋ ਵਿਖਯੇ ਵਿਰਕ੍ਤ : ॥ *(ਸ੍ਰੁਤੀ)*

## ਤੈਸੇ ਆਤਮਵਾਨ ਕੀ; ਭਈ ਜਗਤਿ ਮਤਿ ਲੀਨ ॥੯॥

ਤੈਸੇ = ਉਸੇ ਤਰ੍ਹਾਂ ਆਤਮਵਾਨ = ਗਿਆਨਵਾਨ ਕੀ = ਦੀ ਮਤਿ = ਬੁੱਧੀ (ਸੰਸਾਰਾਕਾਰ ਬਿਰਤੀ ਬਣ ਕੇ) ਜਗਤਿ = ਸੰਸਾਰੀ ਮਤਿ = ਬੁੱਧੀ ਲੈ ਹੋ ਗਈ, ਨਵਿਰਤ ਹੋ ਗਈ। ਸੰਸਾਰ ਵੱਲੋਂ ਸੁੰਨ ਹੋ ਕੇ ਪਰਮੇਸ਼ਰ ਵਿਚ ਲੀਨ = ਮਿਲ ਗਈ ਭਾਵ ਪਰਮੇਸਰ ਦੇ ਪ੍ਰਾਪਤੀ ਵਾਲੇ ਗਿਆਨਵਾਨ ਪੁਰਸ਼ਾਂ ਦੀ ਬੁਧਿ ਬ੍ਰਹਮਾਕਾਰ ਹੋ ਜਾਂਦੀ ਹੈ ॥੯॥

## ਦੋਹਰਾ ॥ ਅਨਾਥ ਸੁਗਯਾਨੀ ਕੋਟਿ ਕੋ; ਨਿਸ੍ਚਯ ਨਿਜ ਮਤਿ ਏਕ ॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਜੇਕਰ ਕੋਟਿ = ਕਰੋੜਾਂ, ਸੁਗਯਾਨੀ = ਸ੍ਰੇਸ਼ਟ ਗਿਆਨਵਾਨਾਂ ਕੋ = ਦਾ ਸਮੁਦਾਯ ਇਕੱਠਾ ਹੋ ਜਾਵੇ ਤਾਂ ਉਨ੍ਹਾਂ ਦਾ ਨਿਸ੍ਚਯ = ਨਿਸ਼ਚੇ ਦੇ ਸਹਿਤ ਨਿਜ = ਆਪਣਾ ਏਕ = ਇੱਕੋ ਮਤਿ = ਸਿਧਾਂਤ, ਖ਼ਿਆਲ ਹੁੰਦਾ ਹੈ।

## ਏਕ ਅਗਿਆਨੀ ਕੇ ਹਿਯੇ; ਬਰਤਤ ਮਤੇ ਅਨੇਕ ॥੧੦॥

ਏਕ = ਇਕ ਅਗਿਆਨੀ = ਗਿਆਨ ਤੋਂ ਹੀਣੇ ਪੁਰਖ ਕੇ = ਦੇ ਹਿਯੇ = ਹਿਰਦੇ ਵਿਚ ਅਨੇਕ = ਬੇਅੰਤ ਹੀ ਮਤੇ = ਵਿਚਾਰ ਬਰਤਤ = ਚੱਲਦੇ ਰਹਿੰਦੇ ਹਨ ॥੧੦॥

## ਦੋਹਰਾ ॥ ਸੇਵਾ ਬਹੁਤ ਪ੍ਰਕਾਰ ਪੁਨ; ਅੰਗ ਤ੍ਰਾਸ ਕਰੈ ਕੋਇ ॥

ਇਕ ਕੋਈ ਸ਼ਰਧਾਲੂ ਪੁਰਖ (ਜਿਸ ਵਿਦਵਾਨ ਦੀ ਆਪਣੀ ਸੂਕ੍ਰਿਤ ਨਾ ਹੋਵੇ ਅਤੇ ਪ੍ਰਵਿਰਤੀ ਵਾਲੀ ਮਤ ਨਾ ਹੋਵੇ) ਐਸੇ ਗਿਆਨਵਾਨ ਨੂੰ ਬਸਤ੍ਰ, ਭੋਜਨ ਆਦਿਕ ਬਹੁਤ = ਬੇਅੰਤ ਪਰਕਾਰ = ਤਰ੍ਹਾਂ ਸੇਵਾ = ਟਹਿਲ ਕਰੇ ਪੁਨ = ਪੁਨਹ, ਫੇਰ ਭਾਵ ਦੂਸਰੇ ਪਾਸੇ ਕੋਇ = ਕੋਈ ਨਿਰਦਈ ਪੁਰਖ ਆਪਣੇ ਸੁਭਾਅ ਦੇ ਅਧੀਨ ਹੋ ਕੇ ਗਿਆਨਵਾਨ ਮਹਾਤਮਾ ਦੇ ਸਰੀਰ ਦੇ ਅੰਗ = ਅੰਗਾਂ ਨੂੰ ਕਈ ਤਰ੍ਹਾਂ ਦੇ ਤ੍ਰਾਸ = ਕਸ਼ਟ ਦੇ ਕੇ **ਵਾ:** ਸ਼ਸਤਰ ਦੇ ਨਾਲ ਮਾਰਨ ਦਾ ਤ੍ਰਾਸ = ਦੇ ਕੇ ਡਰਾਉਣਾ ਕਰੈ = ਕਰੇ।

## ਗਯਾਨੀ ਆਪਨ ਪੌਂ ਲਹੈ; ਤ੍ਰਿਪਤਿ ਕੁਪਤਿ ਨਹਿ ਹੋਇ ॥੧੧॥

ਗਯਾਨੀ = ਗਿਆਨਵਾਨ ਪੁਰਖ ਆਪਨ ਪੌਂ = ਆਪਣਾ ਆਪ ਲਹੈ = ਜਾਣਦਾ ਹੈ, ਭਾਵ ਗਿਆਨਵਾਨ ਸੁਖ ਦੁੱਖ ਨੂੰ ਆਪਣੇ ਪੂਰਬਲੇ ਕੀਤੇ ਕਰਮ ਦਾ ਫਲ ਜਾਣਦਾ ਹੈ, ਇਸੇ ਕਰਕੇ ਉਹ ਬਸਤਰ, ਭੋਜਨ ਛਕਾਉਣ ਵਾਲੇ ਨੂੰ ਤ੍ਰਿਪਤਿ = ਰੱਜ ਕੇ ਵਰ ਨਹਿ = ਨਹੀਂ ਦਿੰਦਾ ਅਤੇ ਦੁੱਖ ਦੇਣ ਉੱਪਰ ਕੁਪਤਿ = ਕ੍ਰੋਧਿਤ ਨਹਿ = ਨਹੀਂ ਹੋਇ = ਹੁੰਦਾ ॥੧੧॥

## ਵਿਖਯਾਨੰਦ ਨੰਦ ਸੰਸਾਰ ਹੈ; ਭਜਨਾਨੰਦ ਹਰਿ ਦਾਸ ॥

ਸੰਸਾਰ = ਸੰਸਾਰੀ ਪੁਰਸ਼ ਨੂੰ ਵਿਖਯਾਨੰਦ (ਵਿਖਯਾ + ਅਨੰਦ) ਵਿਖਯਾ = ਵਿਸ਼ਿਆਂ ਦਾ ਅਨੰਦ = ਸੁਖ ਹੈ, ਭਾਵ ਵਿਸ਼ਾ ਭੋਗਦਾ ਹੋਇਆ ਅਨੰਦ ਮਹਿਸੂਸ ਕਰਦਾ ਹੈ ਜੋ ਖਿਨ ਭੰਗਰ ਹੈ। ਅਨਿੱਤ ਹੈ ਨਿਤ ਨਹੀਂ। ਭਜਨਾਨੰਦ ਭਜਨਾ = ਜੱਸ ਪਰਮਾਤਮਾ ਦਾ ਅਨੰਦ ਰੂਪ ਮਹਿਸੂਸ ਹੁੰਦਾ ਹੈ। ਸੁ ਭੀ ਸਦਾ ਨਹੀਂ ਜਿਤਨਾ ਚਿਰ ਭਜਨ ਗਾਇਨ ਕਰਦਾ ਹੈ ਉਤਨਾ ਚਿਰ ਮਨ ਦੀ ਇਕਾਗਰਤਾ ਦੁਆਰਾ ਅਨੰਦ ਆਉਂਦਾ ਹੈ। ਜਦੋਂ ਭਜਨ ਦਾ ਸਾਧਨ ਇਕਾਗਰਤਾ ਨਾ ਰਹੇ, ਫੇਰ ਇਹ ਅਨੰਦ ਬੰਦ ਹੋ ਜਾਂਦਾ ਹੈ। ਸਦਾ ਨਹੀਂ, ਪਰ ਵਿਸ਼ਿਆਂ ਨਾਲੋਂ ਅਨੰਦ ਨਾਲ ਦਿੱਤੇ ਵਧੇਰੇ ਪੁੰਨ ਰੂਪ ਅਤੇ ਲਾਭਦਾਇਕ ਹੈ। ਭਗਤੀ ਦਾ ਇਕ ਅੰਗ ਰੂਪ ਹੈ।

## ਬ੍ਰਹਮਾਨੰਦ ਜੀਵਨ ਮੁਕਤਿ; ਭਈ ਬਾਸਨਾ ਨਾਸ ॥੧੨॥

ਜਿਸਦੀ ਬਾਸਨਾ = ਇੱਛਾ ਨਾਸ = ਨਵਿਰਤ ਭਈ = ਹੋ ਗਈ ਹੈ, ਉਹ ਪੁਰਸ਼ ਜੀਵਨ = ਜਿਉਂਦਾ ਹੀ ਮੁਕਤਿ = ਸੁਤੰਤਰ ਬੰਧਨਾਂ ਤੋਂ ਅਜ਼ਾਦ ਹੋ ਗਿਆ ਹੈ। ਉਸ ਨੂੰ ਅੱਠੇ ਪਹਿਰ ਬ੍ਰਹਮ = ਵਿਆਪਕ ਪਰਮਾਤਮਾ ਦਾ ਬ੍ਰਹਮ ਗਿਆਨ ਦੁਆਰਾ ਸ਼ਾਖਸ਼ਾਤ ਇਕ-ਰਸ ਅਨੰਦ = ਸੁਖ ਬਣਿਆ ਰਹਿੰਦਾ ਹੈ ਜੋ ਕਦੇ ਮੁੱਕਦਾ ਨਹੀਂ ਹੈ, ਇਹ ਅਨੰਦ ਬ੍ਰਹਮ ਗਿਆਨੀ ਨੂੰ ਹਮੇਸ਼ਾਂ ਬਣਿਆ ਰਹਿੰਦਾ ਹੈ ॥੧੨॥

**ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥੧॥** *(ਆਸਾ ਮ: ੧, ਅੰਗ ੪੬੬)*

## ਦੋਹਰਾ ॥ ਸ਼ਾਂਤਿ ਰੂਪ ਤਿਨ ਕੋ ਜਗਤ; ਜੇ ਉਰ ਸ਼ਾਂਤਿ ਮਹੰਤ ॥

ਜੇ = ਜਿਨ੍ਹਾਂ ਦੀ ਗਿਆਨ ਦੁਆਰਾ ਅਗਿਆਨ ਦੀ ਨਵਿਰਤੀ, ਸਾਰੀਆਂ ਇੱਛਾਵਾਂ ਦੀ ਨਵਿਰਤੀ ਹੋਣ ਤੋਂ ਬਾਅਦ ਆਪਣਾ ਚਿੱਤ ਸੇਵਾ ਸਿਮਰਨ ਦਾ ਸਦਕਾ, ਮਹੰਤ = ਬਹੁਤ ਹੀ ਸ਼ਾਂਤਿ = ਸ਼ਾਂਤੀ ਸਹਿਤ ਹੈ, ਤਿਨ = ਉਹਨਾਂ ਕੋ = ਨੂੰ ਸਾਰਾ ਜਗਤ = ਸੰਸਾਰ ਹੀ ਸ਼ਾਂਤੀ ਦੇ ਸਹਿਤ ਦਿੱਸਦਾ ਹੈ।

## ਤ੍ਰਿਬਿਧਿ ਤਾਪ ਜਿਨ ਉਰ ਜਰੇ; ਤੇ ਜਗ ਜਰਤ ਲਹੰਤ ॥੧੩॥

ਜਿਨ = ਜਿਨ੍ਹਾਂ ਦੇ ਉਰ = ਚਿੱਤ ਤ੍ਰਿਬਿਧਿ = ਤਿੰਨਾਂ ਤਰ੍ਹਾਂ ਦੇ ਆਧੀ, ਬਿਆਧੀ, ਉਪਾਧੀ ਰੂਪ ਤਾਪ = ਤਾਪਾਂ ਦੇ ਸਹਿਤ ਜਰੇ = ਸੜੇ ਹੋਏ ਹਨ ਤੇ = ਉਹਨਾਂ ਨੂੰ ਸਾਰਾ ਜਗ = ਜਗਤ ਹੀ ਜਰਤ = ਸੜਦਾ ਲਹੰਤ = ਦਿੱਸਦਾ ਹੈ ॥੧੩॥

## ਦੋਹਰਾ ॥ ਮੁਕਤਾਦਿਕ ਇਛਾ ਨਹੀਂ; ਨਿਸਪ੍ਰੇਹੀ ਪਰਮਾਨ ॥

ਸੇਵਾ ਸਿਮਰਨ ਵਾਲੇ ਗੁਰਮੁਖ ਜਨ ਨੂੰ, ਸਲੋਕ ਸਮੀਪ ਆਦਿ ਮੁਕਤੀਆਂ ਤੇ ਸੰਸਾਰਕ, ਸਵਰਗ ਆਦਿ ਦੇ ਸੁੱਖਾਂ ਦੀ ਇੱਛਾ = ਚਾਹਨਾ ਨਹੀਂ ਹੁੰਦੀ ਅਤੇ ਉਹ ਤਾਂ ਨਿਸਪ੍ਰੇਹੀ = ਨਿਰਇੱਛਤ ਹੋਣ ਕਰਕੇ ਰੱਬ ਦੀ ਦਰਗਾਹ ਚਿਵ ਪਰਮਾਨ = ਪ੍ਰਮਾਣਿਤ ਹੁੰਦੇ ਹਨ।

## ਆਤਮ ਸੁਖ ਨਿਤ ਤ੍ਰਿਪਤਿ ਜੇ; ਤਿਨ ਸਮਾਨ ਨਹੀਂ ਆਨ ॥੧੪॥

ਜੇ = ਜਿਹੜੇ ਆਤਮ = ਆਤਮਿਕ ਸੁਖ = ਅਨੰਦ ਦੇ ਸਹਿਤ ਹੋਣ ਕਾਰਨ ਨਿਤ = ਹਮੇਸ਼ਾਂ ਹੀ ਤ੍ਰਿਪਤਿ = ਰੱਜੇ ਰਹਿੰਦੇ ਹਨ, ਤਿਨ = ਉਨ੍ਹਾਂ ਸਮਾਨ = ਵਰਗਾ ਸੰਸਾਰ ਵਿਚ ਆਨ = ਹੋਰ ਕੋਈ ਵੀ ਨਹੀਂ ਹੈ ॥੧੪॥

## ਦੋਹਰਾ ॥ ਦ੍ਰਿਸ਼ਯ ਪਦਾਰਥ ਕੇ ਭਯੋ; ਜਿਨ ਕੇ ਸਹਜ ਅਭਾਵ ॥

ਜਿਨ = ਜਿਨ੍ਹਾਂ ਨਾਮ ਰੱਤੜੇ ਗੁਰਮੁਖਾਂ ਕੇ = ਦੇ ਰਿਦੇ ਵਿੱਚੋਂ ਸਹਜ = ਸੁਤੇ-ਸਿੱਧ ਹੀ ਸੰਸਾਰ ਦੇ ਦ੍ਰਿਸ਼ਯ = ਦਿੱਸ ਰਹੇ ਪਦਾਰਥਾਂ ਕੇ = ਦਾ ਅਭਾਵ = ਖ਼ਾਤਮਾ ਭਯੋ = ਹੋ ਗਿਆ ਹੈ।

## ਕਹਾ ਗਹੇ ਤਯਾਗੈ ਕਹਾ; ਛੂਟਯੋ ਭਾਵ ਅਭਾਵ ॥੧੫॥

ਉਨ੍ਹਾਂ ਨੇ ਕਹਾ = ਕੀ ਗਹੇ = ਗ੍ਰਹਿਣ, ਪਕੜਨਾ ਹੈ, ਕਹਾ = ਕੀ ਤਯਾਗੈ = ਛੱਡਣਾ ਹੈ ? ਕਿਉਂਕਿ ਉਨ੍ਹਾਂ ਦੇ ਚਿੱਤ ਵਿੱਚੋਂ ਤਾਂ ਭਾਵ = ਹੋਣਾ (ਹੋਂਦ) ਅਤੇ ਅਭਾਵ = ਨਾ ਹੋਣਾ (ਅਣਹੋਂਦ) ਦਾ ਇਹ ਦੋਵੇਂ ਹੀ ਛੂਟਯੋ = ਛੁੱਟ ਗਏ ਹਨ ॥੧੫॥

## ਦੋਹਰਾ ॥ ਜੈਸੇ ਦਿਨਕਰ ਕੇ ਉਦੈ; ਦੀਪਕ ਦੁਤਿ ਦੁਰ ਜਾਤਿ ॥

ਜੈਸੇ = ਜਿਵੇਂ ਦਿਨਕਰ = ਸੂਰਜ ਕੇ = ਦੇ ਉਦੈ = ਚੜ੍ਹਨ ਨਾਲ ਦੀਪਕ = ਦੀਵੇ ਦੀ ਦੁਤਿ = ਸ਼ੋਭਾ ਭਾਵ ਰੌਸ਼ਨੀ ਦੁਰ = ਛੁਪ ਜਾਤਿ = ਜਾਂਦੀ ਹੈ, ਭਾਵ ਮੱਧਮ ਪੈ ਜਾਂਦੀ ਹੈ।

## ਤੈਸੇ ਬ੍ਰਹਮਾਨੰਦ ਮੈ; ਆਨੰਦ ਸਬੈ ਬਿਲਾਤ ॥੧੬॥

ਤੈਸੇ = ਉਸੇ ਤਰ੍ਹਾਂ ਹੀ ਰਿਦੇ ਦੇ ਮੈ = ਅੰਦਰ ਬ੍ਰਹਮਾਨੰਦ = ਪਰਮਾਤਮਾ ਦੀ ਪ੍ਰਾਪਤੀ ਵਾਲਾ ਸੁਖ ਭਾਵ ਪਰਮਾਤਮਾ ਦੀ ਪ੍ਰਾਪਤੀ ਵਾਲਾ ਨਾਮ ਰੂਪੀ ਸੁਆਦ ਆਉਣ ਨਾਲ ਬਾਕੀ ਸਬੈ = ਸਾਰੇ ਆਨੰਦ ਸੁਖ ਬਿਲਾਤੈ = ਵਿਨਾਸ਼ ਭਾਵ ਫਿੱਕੇ ਪੈ ਜਾਂਦੇ ਹਨ ॥੧੬॥ ਜੈਸਾ ਕਿ :

**ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥** *(ਅੰਗ ੩੪੨)*

## ਦੋਹਰਾ ॥ ਗਰੁੜ ਤਹਾਂ ਬਾਹਨ ਸਬੈ; ਰਸ ਸਬ ਅਮੀ ਸਮੀਪ ॥

ਤਹਾਂ = ਉਥੇ ਹੀ ਸਬੈ = ਸਾਰੀਆਂ ਬਾਹਨ = ਅਸਵਾਰੀਆਂ ਆ ਜਾਂਦੀਆਂ ਹਨ, ਜਿਥੇ ਪੰਛੀਆਂ ਦਾ ਰਾਜਾ ਗਰੁੜ ਪੰਛੀ ਹੈ ਕਿਉਂਕਿ ਉਸ ਵਰਗੀ ਕੋਈ ਸਵਾਰੀ ਨਹੀਂ ਹੈ, ਇਸ ਕਰਕੇ ਭਗਵਾਨ ਵਿਸ਼ਨੂੰ ਜੀ ਨੇ ਇਸਨੂੰ ਆਪਣਾ ਵਾਹਨ ਬਣਾਇਆ ਹੈ ਇਉਂ ਅਮੀ = ਅੰਮ੍ਰਿਤ ਦੇ ਸਮੀਪ = ਨੇੜੇ ਸਬ = ਸਾਰੇ ਹੀ ਰਸ ਆ ਜਾਂਦੇ ਹਨ।

## ਗ੍ਯਾਨ ਦਿਵਾਕਰ ਕੈ ਉਦੈ; ਸਬ ਮਤ ਹ੍ਵੈ ਗਏ ਦੀਪ ॥੧੭॥

ਜਿਵੇਂ ਪ੍ਰਤੱਖ ਦਿਵਾਕਰ = ਸੂਰਜ ਕੇ = ਦੇ ਉਦੈ = ਪ੍ਰਗਟ, ਚੜ੍ਹਨ ਨਾਲ, ਸਾਰੇ ਦੀਵਿਆਂ ਦੀ ਰੌਸ਼ਨੀ ਫਿੱਕੀ ਪੈ ਜਾਂਦੀ ਹੈ, ਇਸੇ ਤਰ੍ਹਾਂ ਬ੍ਰਹਮ ਗਿਆਨ ਰੂਪੀ ਸੂਰਜ ਦੇ ਚੜ੍ਹਨ ਨਾਲ ਸਬ = ਸਾਰੇ ਮਤ = ਮੱਤਾਂ, ਭੇਖਾਂ ਰੂਪ ਦੀਪ = ਦੀਪਕ ਮੱਧਮ ਹ੍ਵੈ = ਹੋ ਗਏ ॥੧੭॥

## ਦੋਹਰਾ ॥ ਹੇਤ ਪ੍ਰੀਛਾ ਕੇ ਸੁ ਗੁਰ; ਖੰਡਿਓ ਜਗ ਵਿਵਹਾਰ ॥

ਸੁ = ਸ੍ਰੇਸ਼ਟ ਗੁਰ = ਗੁਰਦੇਵ ਨੇ ਆਪਣੇ ਸਿੱਖ ਦੀ ਪ੍ਰੀਛਾ = ਪਰੀਖਿਆ ਲੈਣ ਕੇ = ਦੇ ਹੇਤ = ਵਾਸਤੇ ਜਗ = ਸੰਸਾਰ ਦੇ ਵਿਵਹਾਰ = ਕੰਮਾਂ-ਕਾਰਾਂ ਦਾ ਖੰਡਿਓ = ਖੰਡਨ ਕੀਤਾ ਹੈ।

## ਕਹਤ ਸਿਖ ਅਨੰਦ ਯੁਤਿ; ਬਸ ਪ੍ਰਾਰਬਧ ਅਧਾਰ ॥੧੮॥

ਗੁਰਦੇਵ ਜੀ ਸਿਖ = ਸੇਵਕ ਨੂੰ ਅਨੰਦ = ਸੁਖ ਯੁਤਿ = ਸਹਿਤ ਬਚਨ ਕਹਤ = ਕਹਿੰਦੇ ਹਨ **ਵਾ:** ਜੇ ਸੇਵਕ ਅਨੰਦ ਦੇ ਸਹਿਤ ਕਹਿੰਦਾ ਹੈ ਕਿ ਸਰੀਰ ਦਾ ਅਧਾਰ = ਆਸਰਾ ਪ੍ਰਾਰਬਧ = ਪ੍ਰਾਲਬਧ ਭਾਵ ਜਿਸ ਕਰਮ ਕਰਕੇ ਸਰੀਰ ਬਣਿਆ ਹੈ ਸੁ ਕਹੀਏ ਪ੍ਰਾਲਬਧ ਕਰਮ ਹੈ, ਗਿਆਨਵਾਨ ਦੇ ਲਈ ਕਰਮ ਬੰਧਨ ਰੂਪ ਨਹੀਂ ਹੈ ਕਿਉਂਕਿ ਹੰਗਤਾ ਰਹਿਤ ਪ੍ਰਾਲਬਧ ਦੇ ਬਸ = ਅਧੀਨ ਉਸੇ ਤਰ੍ਹਾਂ ਸੁਤੇ-ਸਿਧ ਕਿਰਿਆ ਹੋਈ ਜਾਂਦੀ ਹੈ ॥੧੮॥

## ਸਿਖਯੋਵਾਚ ॥

## ਦੋਹਰਾ ॥ ਭਗਵਨ ਆਤਮਵਾਨ ਜੇ; ਲੀਲਾ ਵਤ ਕਰੈਂ ਭੋਗ ॥

ਹੇ ਭਗਵਨ = ਗੁਰਦੇਵ ਜੀ ! ਜੇ = ਜਿਹੜੇ ਆਤਮਵਾਨ = ਸ੍ਵੈ ਗਿਆਨ ਦੇ ਸਹਿਤ ਹਨ, ਉਹ ਬੱਚਿਆਂ

ਦੀ ਵਤ = ਤਰ੍ਹਾਂ ਲੀਲਾ = ਕੌਤਕ ਕਰੈਂ = ਕਰਦੇ ਹੋਏ ਕੇਵਲ ਪਰਮੇਸ਼ਰ ਦੇ ਹੁਕਮ ਅਨੁਸਾਰ ਇਸ ਦੇਹੀ ਨੂੰ ਪਾਲਣ ਵਾਸਤੇ ਪਦਾਰਥ ਛਕਦੇ ਛਕਾਉਂਦੇ ਹਨ। ਜੈਸਾ ਕਿ :

**ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥**
**ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥** *(ਮ: ੫, ਅੰਗ ੫੫੪)*

## ਬਸਤੁ ਬੁਧਿ ਕਛੁ ਨਾ ਗਹੈ; ਧੀਰਜਵਾਨ ਅਰੋਗ ॥੧੯॥

ਉਨ੍ਹਾਂ ਦੀ ਬੁਧਿ = ਬੁੱਧੀ ਕਛੁ = ਕਝ ਵੀ ਬਸਤੁ = ਵਸਤੂਆਂ ਨੂੰ ਗਹੈ = ਗ੍ਰਹਿਣ ਨਾ = ਨਹੀਂ ਕਰਦੀ, ਭਾਵ ਉਹ ਪਦਾਰਥਾਂ ਦੇ ਛਕਣ ਛਕਾਉਣ ਦਾ ਲੋਭ ਤੇ ਪਦਾਰਥਾਂ ਨੂੰ ਜੋੜਦੇ ਨਹੀਂ ਹਨ, ਜਿਹੋ ਜਿਹਾ ਮਿਲ ਗਿਆ ਪਰਮੇਸ਼ਰ ਦੇ ਹੁਕਮ ਅਨੁਸਾਰ ਉਹੋ ਜਿਹਾ ਹੀ ਛਕ ਲੈਂਦੇ ਹਨ, ਅਤੇ ਉਹ ਬੜੇ ਧੀਰਜਵਾਨ = ਧੀਰਜਤਾ ਦੇ ਸਹਿਤ ਤੇ ਹੰਗਤਾ ਮਮਤਾ ਰੂਪ **ਵਾ:** ਅਵਿੱਦਿਆ ਆਦਿ ਅਰੋਗ = ਰੋਗਾਂ ਤੋਂ ਰਹਿਤ ਹੁੰਦੇ ਹਨ ॥੧੯॥

## ਦੋਹਰਾ ॥

## ਅਗਯਾਨੀ ਆਸ਼ਕਤ ਮਤਿ; ਕਰੈ ਸੁ ਬੰਧਨ ਹੇਤੁ ॥

ਅਗਯਾਨੀ = ਗਿਆਨ ਤੋਂ ਹੀਣੇ ਪੁਰਖ ਦੀ ਮਤਿ = ਅਕਲ, ਬੁੱਧੀ ਸੰਸਾਰਕ ਪਦਾਰਥਾਂ ਦੇ ਵਿਚ ਆਸ਼ਕਤ = ਲਿਵਲੀਨ ਰਹਿੰਦੀ ਹੈ, ਇਸੇ ਕਰਕੇ ਸੁ = ਉਹ ਪਦਾਰਥ ਅਗਿਆਨੀ ਜੀਵ ਦੇ ਸੰਸਾਰਕ ਜੰਮਣ ਮਰਣ ਦੇ ਬੰਧਨ = ਜੰਜਾਲਾਂ ਦਾ ਹੇਤੁ = ਕਾਰਨ ਬਨਣਾ ਕਰੈ = ਕਰਦੇ ਹਨ ਕਿਉਂਕਿ ਅਗਿਆਨੀ ਦੀ ਕਿਰਿਆ ਦੀ ਹੰਗਤਾ ਸਹਿਤ ਹੈ ਇਸ ਲਈ ਉਸਦੀ ਕਿਰਿਆ ਕਰਮ ਬਣ ਕੇ ਦੁਖ ਤੇ ਸੁੱਖ ਦਾ ਹੇਤੂ ਹੈ।

## ਗਯਾਨੀ ਕੈ ਆਸ਼ਕਤ ਨਹਿ; ਤਜੈ ਨ ਕਛੁ ਗਹਿ ਲੇਤ ॥੨੦॥

ਗਯਾਨੀ = ਗਿਆਨਵਾਨ ਪੁਰਖ ਕੈ = ਦੇ ਇੰਦਰੇ ਸੰਸਾਰਕ ਪਦਾਰਥਾਂ ਜਾਂ ਕੰਮਾਂ-ਕਾਰਾਂ ਵਿਚ ਆਸਕਤ = ਲਿਵਲੀਨ ਨਹਿ = ਨਹੀਂ ਹੁੰਦੇ ਕਿਉਂਕਿ ਉਹ ਸੰਸਾਰਕ ਪਦਾਰਥਾਂ ਨੂੰ ਆਪਣੇ ਚਿੱਤ ਵਿੱਚੋਂ ਤਜੈ = ਤਿਆਗ ਦਿੰਦੇ ਹਨ, ਇਸ ਕਰਕੇ ਉਹ ਨਾ ਹੀ ਕੁਝ ਤਜੈ = ਤਿਆਗਦੇ ਹਨ ਤੇ ਨਾ ਹੀ ਕੁਝ ਗਹਿ = ਗ੍ਰਹਿਣ ਕਰਦੇ ਹਨ ਅਤੇ ਨਾ ਹੀ ਕੁਝ ਕਿਸੇ ਤੋਂ ਲੇਤ = ਲੈਣ ਦੀ ਇੱਛਾ ਕਰਦੇ ਹਨ ॥੨੦॥

## ਦੋਹਰਾ ॥ ਹੌਂ ਅੰਬੋਧ ਅਨੰਤ ਗਤਿ; ਪਰਸਯੋਂ ਚਿਤ ਸਮੀਰ ॥

ਹੌਂ = ਮੇਰਾ ਆਤਮ ਸਰੂਪ ਅਨੰਤ = ਬੇਅੰਤ ਅੰਬੋਧ (ਅੰਬ + ਓਧ) ਅੰਬ = ਪਾਣੀ ਦੇ ਭਰੇ ਓਧ = ਸਮੁੰਦਰ ਵਾਂਗ ਗਤਿ = ਮਰਯਾਦਾ ਵਿਚ ਰਹਿਣ ਵਾਲਾ ਹੈ **ਵਾ:** ਮਰਯਾਦਾ ਵਿਚ ਰਹਿਣ ਵਾਲਾ ਤੇ ਅਨੰਤ = ਅੰਤ ਤੋਂ ਰਹਿਤ ਬੇਅੰਤ ਸਰੂਪ ਹੈ, ਜਿਸ ਵੇਲੇ ਇਸ ਨੂੰ ਚਿਤ = ਚਿਤਵਨੀ ਰੂਪ ਸਮੀਰ = ਹਵਾ ਪਰਸਯੋ = ਛੂਹਣਾ ਕੀਤੀ, ਭਾਵ ਜਦੋਂ ਇਹ ਫੁਰਨਾ ਉੱਠਿਆ ਕਿ ਮੈਂ ਇਕ ਤੋਂ ਬਹੁਤੇ ਰੂਪ ਹੋਵਾਂ ਤਾਂ :

## ਬਹੁ ਕਲੋਲ ਤਾ ਮੈ ਉਠੀ; ਨਾਨ੍ਹਾ ਰੂਪ ਸਰੀਰ ॥੨੧॥

ਤਾ = ਉਸ ਵੇਲੇ ਬ੍ਰਹਮ ਰੂਪ ਸਮੁੰਦਰ ਮੈ = ਅੰਦਰੋਂ ਬਹੁ = ਬਹੁਤ ਸਾਰੀਆਂ ਬ੍ਰਹਮਾ, ਵਿਸ਼ਨੂੰ ਸ਼ਿਵਜੀ ਰੂਪ ਕਲੋਲ = ਲਹਿਰਾਂ ਉਠੀ = ਉੱਠੀਆਂ ਤੇ ਨਾਨ੍ਹਾ = ਅਨੇਕਾਂ ਜੀਵਾਂ ਦੇ ਸਰੀਰ ਰੂਪ ਬੁਲਬੁਲੇ ਪੈਦਾ ਹੋ ਗਏ ॥੨੧॥

## ਚਿਤ ਬਾਤ ਭਯੋ ਸਾਂਤਿ ਅਬਿ; ਜੀਵ ਲਹਿਰ ਭਈ ਲੀਨ ॥

ਹਿਰਦੇ ਦੀ ਚਿਤ = ਚਿਤਵਣੀ ਰੂਪ ਬਾਤ = ਹਵਾ ਅਬਿ = ਹੁਣ ਸਾਂਤਿ = ਠੰਢੀ ਭਾਵ ਬੰਦ ਭਯੋ = ਹੋ ਗਈ ਹੈ, ਇਸ ਲਈ ਜੀਵ ਰੂਪ ਲਹਰਿ = ਤਰੰਗਾਂ ਵੀ ਲੀਨ = ਵਿਲੀਨ ਭਈ = ਹੋ ਗਈਆਂ ਹਨ।

## ਕੇਵਲ ਰੂਪ ਅਨੰਦ ਹੌਂ; ਰਹਯੋ ਸੁਭਾਸੁਭ ਹੀਨ ॥੨੨॥

ਹੁਣ ਕੇਵਲ = ਸਿਰਫ਼ ਹੌਂ = ਮੈਂ ਅਨੰਦ = ਸੁਖ ਰੂਪ = ਸਰੂਪ ਹੀ ਰਹਯੋ = ਰਹਿ ਗਿਆ ਹਾਂ ਅਤੇ ਸੁਭਾਸੁਭ = ਚੰਗੇ ਮਾੜੇ ਖ਼ਿਆਲਾਂ ਤੋਂ ਹੀਨ = ਮੁਕਤ ਹੋ ਗਿਆ ਹਾਂ ॥੨੨॥

## ਦੋਹਰਾ ॥ ਇੰਦ੍ਰਾਦਿਕ ਇਛਾ ਕਰੈ; ਨਿਸਚਲ ਪਦ ਸੁ ਅਗਾਧ ॥

ਜੋ ਸੁ = ਉਸ ਬ੍ਰਹਮ ਸਰੂਪ ਦੀ ਅਗਾਧ = ਡੂੰਘੀ, ਉੱਚੀ ਨਿਸਚਲ = ਚੱਲਣ ਤੋਂ ਰਹਿਤ ਬ੍ਰਹਮਾਨੰਦ ਰੂਪੀ ਪਦ = ਪਦਵੀ ਹੈ, ਉਸ ਦੀ ਪ੍ਰਾਪਤੀ ਦੀ ਤਾਂ ਇੰਦ੍ਰਾਦਿਕ = ਇੰਦਰ ਆਦਿ ਸਾਰੇ ਦੇਵਤੇ ਵੀ ਇਛਾ = ਚਾਹਨਾ ਕਰੈਂ = ਕਰਦੇ ਹਨ।

## ਤਹਾਂ ਗਯਾਨਿ ਇਸਥਿਤ ਸਦਾ; ਮੈਂ ਤੂੰ ਯਹ ਵਹ ਬਾਧ ॥੨੩॥

ਤਹਾਂ = ਉਥੇ ਉਸ ਪਦਵੀ ਤੇ ਗਯਾਨਿ = ਗਿਆਨਵਾਨ ਸਦਾ = ਹਮੇਸ਼ਾਂ ਹੀ ਇਸਥਿਤ ਰਹਿੰਦੇ ਹਨ, ਜਿਥੇ ਮੈਂ ਤੂੰ = ਮੇਰ-ਤੇਰ ਅਤੇ ਯਹ = ਇਹ ਤੇ ਵਹ = ਉਹ ਦਾ ਝਗੜਾ ਵੀ ਬਾਧ = ਨਾਸ਼ ਹੈ, ਭਾਵ ਇਹ ਤੇ ਉਹ ਦਾ ਝਗੜਾ ਨਹੀਂ ਹੈ ॥੨੩॥

## ਦੋਹਰਾ ॥ ਜਾਗ੍ਰਤ ਸੂਪਨ ਤਹਾਂ ਨਹੀਂ; ਜਹਿ ਸੁਖੋਪਤਿ ਮਨ ਲੀਨ ॥

ਤਹਾਂ = ਉਥੇ ਜਾਗ੍ਰਤ = ਜਾਗਤ ਅਵਸਥਾ, ਸੂਪਨ = ਸੁਪਨ ਅਵਸਥਾ ਨਹੀਂ ਹੁੰਦੀ ਤੇ ਜਹਿ = ਜਿਥੇ ਮਨ = ਚਿੱਤ ਸੁਖੋਪਤਿ = ਸੁਖੋਪਤੀ ਅਵਸਥਾ ਵਿਚ ਲੀਨ = ਮਿਲ ਜਾਂਦਾ ਹੈ।

## ਮੈਂ ਤੂੰ ਤਹਾਂ ਨ ਸੰਭਵੈ; ਆਤਮ ਨਿਸਚਯ ਕੀਨ ॥੨੪॥

ਤਹਾਂ = ਉਥੇ ਮੈਂ ਤੂੰ = ਮੇਰ-ਤੇਰ ਕਹਿਣਾ ਹੀ ਸੰਭਵੈ = ਬਣਦਾ ਨ = ਨਹੀਂ, ਕੇਵਲ ਆਤਮ = ਆਪਣਾ ਆਪ ਨਿਸਚਯ = ਨਿਸ਼ਚੇ ਕੀਨ = ਕੀਤਾ ਹੈ ॥੨੪॥

## ਦੋਹਰਾ ॥

## ਗਯਾਨੀ ਕਰੈ ਅਨੇਕ ਕ੍ਰਮ; ਬਿਧਿ ਵਤ ਜਗ ਵਿਵਹਾਰ ॥

ਗਯਾਨੀ = ਗਿਆਨਵਾਨ ਅਨੇਕ = ਬਹੁਤ ਤਰ੍ਹਾਂ ਦੇ ਕ੍ਰਮ = ਕਰਮ ਕਰਦਾ ਹੈ, ਪਰ ਕਰਦਾ ਬਿਧਿ ਵਤ = ਕਈ ਤਰ੍ਹਾਂ ਦੇ ਨਾਲ ਜਗ = ਸੰਸਾਰਕ ਰੀਤੀ ਅਨੁਸਾਰ ਵੀ ਵਿਵਹਾਰ = ਕੰਮ-ਕਾਰ ਕਰੈ = ਕਰਦਾ ਹੈ।

## ਲਿਪੈ ਨ ਧੂਮਾਕਾਸ਼ ਜਯੋਂ; ਜਾਨਯੋ ਜਗਤ ਅਸਾਰ ॥੨੫॥

ਜਯੋਂ = ਜਿਵੇਂ (ਧੂਮ + ਆਕਾਸ਼) ਧੂਮ = ਧੂੰਏ ਨਾਲ ਅਕਾਸ਼ ਲਿਪੈ = ਲਿਪਾਏਮਾਨ, ਲਿਬੜਦਾ ਨ = ਨਹੀਂ ਹੈ, ਇਸੇ ਤਰ੍ਹਾਂ ਹੀ ਗਿਆਨਵਾਨ ਪੁਰਖ ਜਗਤ = ਸੰਸਾਰ ਨੂੰ ਅਸਾਰ = ਝੂਠਾ ਜਾਨਯੋ = ਜਾਣਦਾ ਹੈ ॥੨੫॥

## ਦੋਹਰਾ॥ ਜਾਗ੍ਰਤ ਮਾਂਹਿ ਸੁਖੁਪਤਿ ਸੀ; ਮਤਵਾਰੇ ਕੀ ਕੇਲ॥

ਗਿਆਨਵਾਨ ਪੁਰਖ ਜਾਗ੍ਰਤ = ਜਾਗਤ ਅਵਸਥਾ ਮਾਹਿ = ਵਿਚ ਹੁੰਦੇ ਹੋਏ ਵੀ ਅਗਿਆਨੀਆਂ ਦੀ ਅਵਸਥਾ ਸੀ = ਵਾਂਗ ਸੁਖੋਪਤ ਅਵਸਥਾ ਵਿਚ ਮਤਵਾਰੇ = ਮਸਤੀ ਕੀ = ਦੀ ਅਵਸਥਾ ਵਿਚ ਕੇਲ = ਕਰੀੜਾ (ਕੰਮ) ਕਰਦਾ ਹੈ।

## ਕਰੈ ਚੇਸਟਾ ਬਾਲ ਜਯੋਂ; ਆਤਮ ਸੁਖ ਰਹਯੋ ਝੇਲ॥੨੬॥

ਜਯੋਂ = ਜਿਵੇਂ ਬਾਲ = ਬਾਲਕ ਆਪਣੀ ਚੇਸਟਾ = ਹਰਕਤ, ਇੱਛਾ ਅਨੁਸਾਰ ਕੰਮ-ਕਾਰ ਕਰਦਾ ਹੈ, ਭਾਵ ਇੱਛਾ ਅਨੁਸਾਰ ਖੇਡਣਾ ਕਰਦਾ ਹੈ, ਇਉਂ ਗਿਆਨਵਾਨ ਪੁਰਖ ਆਤਮ = ਸ੍ਵੈ ਸੁਖ = ਅਨੰਦ ਵਿਚ ਰਹਿੰਦਾ ਹੈ, ਭਾਵ ਆਪਣੀ ਇੱਛਾ ਅਨੁਸਾਰ ਕੰਮ ਕਰਦਾ ਹੋਇਆ ਆਤਮਿਕ ਅਨੰਦ ਵਿਚ ਝੇਲ = ਮਿਲਿਆ ਹੁੰਦਾ ਹੈ, ਭਾਵ ਆਤਮਿਕ ਅਨੰਦ ਮਾਣਦਾ ਹੈ, ਕਿਸੇ ਵਿਉਹਾਰ ਵਿਚ ਨਹੀਂ ਫਸਦਾ॥੨੬॥

## ਸੋਰਠਾ॥ ਸ੍ਵਪਨ ਰਾਵ ਭਯੋ ਰੰਕ; ਪ੍ਰਾਣ ਤਜੈ ਤਹ ਛੁਧਾ ਵਸਿ॥

ਜਿਵੇਂ ਸ੍ਵਪਨ = ਸੁਪਨ ਅਵਸਥਾ ਵਿਚ ਕੋਈ ਰਾਵ = ਰਾਜਾ ਰੰਕ = ਕੰਗਾਲ ਭਯੋ = ਹੋ ਜਾਂਦਾ ਹੈ ਤੇ ਨਗਰਾਂ ਵਿਚ ਆਪਣੇ ਖਾਣ-ਪੀਣ ਲਈ ਦਰ ਦਰ ਭੀਖ ਮੰਗਦਾ ਫਿਰਦਾ ਹੈ, ਕਿਤੋਂ ਕੁਝ ਨਾ ਮਿਲਣ ਕਾਰਨ, ਛੁਧਾ = ਭੁੱਖ ਦੇ ਵਸਿ = ਅਧੀਨ ਹੋ ਕੇ ਤਹ = ਉਥੇ ਹੀ ਪ੍ਰਾਣ = ਸੁਆਸ ਤਜੈ = ਛੱਡ ਦਿੰਦਾ ਹੈ, ਭਾਵ ਮਰ ਜਾਂਦਾ ਹੈ।

## ਜਾਗੈ ਵਹੀ ਪ੍ਰਯੰਕ ਹਹਿ; ਵਿਸਮਯ ਕਹਿ ਹਰਖ ਪੁਨ॥੨੭॥

ਪਰੰਤੂ ਜਦ ਜਾਗੈ = ਜਾਗਦਾ ਹੈ ਤਾਂ ਵਹੀ = ਉਹੀ ਪ੍ਰਯੰਕ = ਪਲੰਘ ਹਹਿ = ਹੁੰਦਾ ਹੈ, ਤੇ ਪੁਨ = ਫੇਰ ਵਿਸਮਯ = ਹੈਰਾਨ ਹੋ ਕੇ ਹਰਖ = ਖ਼ੁਸ਼ੀ ਦੇ ਸਹਿਤ ਕਹਿ = ਕਹਿੰਦਾ ਹੈ ਕਿ ਮੈਂ ਤਾਂ ਐਵੇਂ ਭਰਮ ਵਿਚ ਸੀ, ਮੈਨੂੰ ਤਾਂ ਸੁਪਨਾ ਆਇਆ ਸੀ॥੨੭॥

## ਦੋਹਰਾ॥ ਆਸਾ ਤ੍ਰਿਸਨਾ ਨਹਿ ਕਛੂ; ਨਹਿ ਤਹਿ ਏਕ ਅਰ ਦੋਇ॥

ਉਥੇ ਆਸਾ ਤਿਸ਼ਨਾ **ਵਾ:** ਆਸਤਕ = ਰੱਬ ਉੱਤੇ ਭਰੋਸਾ ਰੱਖਣਾ, ਨਾਸਤਿਕ = ਰੱਬੀ ਹੋਂਦ ਤੋਂ ਮੁਨਕਰ ਆਦਿ ਕਛੂ = ਕੁਝ ਵੀ ਨਹਿ = ਨਹੀਂ ਹੈ, ਅਤੇ ਨਹਿ = ਨਾ ਹੀ ਤਹਿ = ਉਥੇ ਏਕ = ਇਕ ਅਰ = ਅਤੇ ਦੋਇ = ਦੋ ਦਾ ਝਗੜਾ ਹੈ।

## ਲਘ ਦੀਰਘ ਨਹਿ ਅਗੁਨ ਗੁਨ; ਚਿਦ ਸ੍ਵਰੂਪ ਮਮ ਸੋਇ॥੨੮॥

ਨਹਿ = ਨਾ ਹੀ ਲਘ = ਛੋਟਾ, ਦੀਰਘ = ਵੱਡਾ ਅਤੇ ਨਾ ਹੀ ਅਗੁਨ = ਅਵਗੁਣ ਤੇ ਗੁਨ = ਗੁਣਵਾਨ ਹੈ, ਉਥੇ ਤਾਂ ਕੇਵਲ ਸੋਇ = ਉਹ ਮਮ = ਮੇਰਾ ਸ੍ਵਰੂਪ = ਆਪਣਾ ਸਰੂਪ ਚਿਦ = ਚੇਤਨ ਬ੍ਰਹਮ ਹੀ ਦ੍ਰਿਸ਼ਟੀ ਆਉਂਦਾ ਹੈ॥੨੮॥

## ਦੋਹਰਾ॥ ਅਗਹ ਅਗੋਚਰੁ ਏਕ ਰਸ; ਨਿਰਬਚਨੀ ਨਿਰਵਾਨ॥

ਉਹ ਚੇਤਨ ਬ੍ਰਹਮ ਅਗਹ = ਗ੍ਰਹਿਣ, ਪਕੜਨ ਤੋਂ ਰਹਿਤ, ਅਗੋਚਰੁ = ਇੰਦਰੀਆਂ ਦੇ ਅਵਿਸ਼ੇ, ਏਕ = ਇਕ-ਰਸ ਰਹਿਣ ਵਾਲਾ ਤੇ ਨਿਰਬਚਨੀ = ਬੋਲਣ ਤੋਂ ਰਹਿਤ ਭਾਵ ਬਚਨਾਂ ਨਾਲ ਜਿਸ ਦਾ ਜੱਸ ਬਿਆਨ ਨਹੀਂ ਕੀਤਾ ਜਾਂਦਾ, ਨਿਰਵਾਨ = ਬੰਧਨਾਂ ਤੋਂ ਰਹਿਤ ਵਿਆਪਕ ਸਰੂਪ ਹੈ।

## ਅਨਾਥ ਨਾਹਿਨ ਕੋ ਭੂਮਿਕਾ; ਜਾ ਪਰ ਕਥੀਐ ਗ੍ਯਾਨ ॥੨੯॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਐਸੀ ਕੋ = ਕੋਈ ਵੀ ਭੂਮਿਕਾ = ਅਵਸਥਾ ਨਾਹਿਨ = ਨਹੀਂ ਹੈ, ਜਾ = ਜਿਸ ਪਰ = ਉੱਤੇ ਗ੍ਯਾਨ = ਗਿਆਨ ਬਾਰੇ ਕਥੀਐ = ਕਥਨ ਕਰੀਏ ॥੨੯॥

## ਸ੍ਰੀ ਗੁਰੋ ਵਾਚ ॥

ਸ੍ਰੀ ਗੁਰਦੇਵ ਜੀ ਆਪਣੇ ਸੇਵਕ ਨੂੰ ਬ੍ਰਹਮ ਵਿਚ ਪ੍ਰਪੱਕ ਨਿਸ਼ਚਾ ਦੇਖ ਕੇ ਉਸ ਦੇ ਨਿਸ਼ਚੇ ਦੀ ਸ਼ਲਾਘਾ ਰੂਪ ਵਾਚ = ਬਚਨ ਕਰਦੇ ਹਨ।

## ਦੋਹਰਾ ॥ ਧੰਨੁ ਧੰਨੁ ਸਿਖ ਉਦਾਰ ਮਤਿ; ਪਾਯੋ ਮਤੋ ਅਨੂਪ ॥

ਹੇ ਸਿਖ = ਸੇਵਕ ! ਤੂੰ ਮਨ ਕਰਕੇ ਵੀ ਧੰਨ = ਧੰਨਤਾ ਯੋਗ ਹੈਂ; ਤੂੰ ਬਾਣੀ ਕਰਕੇ ਵੀ ਧੰਨ = ਧੰਨਤਾਯੋਗ ਹੈਂ ਅਤੇ ਉਦਾਰ = ਸ੍ਰੇਸ਼ਟ ਮਤਿ = ਅਕਲ ਬੁੱਧੀ ਵਾਲਾ ਹੈਂ, ਜਿਸ ਨੇ ਅਨੂਪ = ਉਪਮਾ ਤੋਂ ਰਹਿਤ ਪ੍ਰਭੂ ਦੇ ਮਤੋ = ਸਿਧਾਂਤ ਨੂੰ ਆਪਣੇ ਹਿਰਦੇ ਵਿਚ ਪਾਯੋ = ਪਾਉਣਾ, ਧਾਰਨ ਕੀਤਾ ਹੈ।

## ਸੁ ਗੁਰੁ ਖੋਜ ਲੀਨੋ ਭਲੇ; ਭਯੋ ਸੁ ਸੁਧ ਸਰੂਪ ॥੩੦॥

ਤੂੰ ਸੁ = ਸ੍ਰੇਸ਼ਟ ਤੇ ਭਲੇ = ਚੰਗੇ ਗੁਣਾਂ ਵਾਲੇ ਬ੍ਰਹਮ ਸਰੋਤਰੀ, ਬ੍ਰਹਮ ਨੇਸ਼ਟੀ ਗੁਰੁ = ਗੁਰਦੇਵ ਨੂੰ ਖੋਜ = ਲੱਭ ਕੇ ਉਸ ਪਾਸੋਂ ਉਪਦੇਸ਼ ਲੀਨੋ = ਲੈਣਾ ਕੀਤਾ ਹੈ, ਸੁ = ਉਸ ਗੁਰਦੇਵ ਦੇ ਉਪਦੇਸ਼ ਨੂੰ ਕਮਾਉਣੇ ਕਰਕੇ ਤੂੰ ਵੀ ਸੁਧ = ਉੱਜਲ ਸਰੂਪ ਪ੍ਰਭੂ ਦਾ ਰੂਪ ਹੀ ਭਯੋ = ਹੋ ਗਿਆ ਹੈਂ ॥੩੦॥

## ਦੋਹਰਾ ॥
## ਸੁਨਿ ਬਿਚਾਰ ਠਹਿਰਾਇ ਹੈਂ; ਬਿਸਰਤ ਵਾਕ ਥਕਿ ਜਾਇ ॥

ਹੇ ਸੇਵਕ ! ਜਿਹੜੇ ਸਿੱਖ ਆਪਣੇ ਗੁਰਦੇਵ ਦੀ ਬਿਚਾਰ = ਸਿੱਖਿਆ ਨੂੰ ਸੁਨਿ = ਸ੍ਰਵਣ ਕਰਕੇ ਹਿਰਦੇ ਵਿਚ ਠਹਿਰਾਇ = ਠਹਿਰਾਉਣਾ, ਵਸਾਉਣਾ ਕਰਦੇ ਹੈਂ = ਹਨ, ਉਨ੍ਹਾਂ ਦੇ ਅੰਦਰੋਂ ਸੰਸਾਰੀ ਵਾਕ = ਸੰਸਕਾਰ ਵਿਸਰ ਜਾਂਦੇ ਹਨ ਅਤੇ ਮਨ ਦੀਆਂ ਵਾਸ਼ਨਾਵਾਂ ਵੀ ਥਕਿ = ਹਾਰ ਜਾਇ = ਜਾਂਦੀਆਂ ਹਨ। **ਵਾ:** ਬਿਸਰਤ = ਵਿਸਰਜਨ ਹੈ, ਬਿਸਰਤ = ਬਿਸਰ ਗਏ ਵਾਕ = ਬੋਲ ਬ੍ਰਹਮ ਨੂੰ ਜਾਣ ਕੇ ਅਕਹਿ ਹੋ ਗਏ, ਉਥੇ ਕੋਈ ਬਚਨ ਕਹਿਣਾ ਨਹੀਂ ਬਣਦਾ ਜਦੋਂ ਸ੍ਰਵਨ, ਮੰਨਣ ਨਿਧਿਆਸਣ ਤੋਂ ਵਾਹਕ ਸਖਿਆਤਕਾਰ ਹੋ ਜਾਂਦੀ ਹੈ।

## ਅਨਾਥ ਬਿਬੇਕੀ ਜਾਨਿ ਹੈਂ; ਗਾਇਬ ਬਾਜੀ ਪਾਇ ॥੩੧॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਇਹ ਬਿਬੇਕੀ = ਗਿਆਨਵਾਨ ਹੀ ਜਾਨਿ = ਜਾਣਦੇ ਹੈਂ = ਹਨ ਕਿ ਪਰਮੇਸ਼ਰ ਦੀ ਸੰਸਾਰਕ ਰਚਨਾ ਇਕ ਗਾਇਬ = ਗੁਪਤ ਬਾਜ਼ੀ ਪਾਇ = ਪਾਈ ਹੋਈ ਹੈ **ਵਾ:** ਬਾਜੀ = ਬਾਜ਼ੀਗਰ ਦੇ ਤਮਾਸ਼ੇ ਵਾਂਗ ਸੰਸਾਰ ਦੀ ਬਾਜੀ ਪਾਉਣਾ ਕੀਤੀ ਹੈ। ਜੈਸਾ ਕਿ :

**ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥**
**ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥ ਤਬ ਏਕੋ ਏਕੰਕਾਰਾ ॥** *(ਸੂਹੀ ਮ: ੫, ਅੰਗ ੭੩੬)*

## ਦੋਹਰਾ ॥ ਯਹਿ ਵਿਚਾਰਮਾਲਾ ਸਰਸ; ਬਹੁ ਬਿਧਿ ਰਚਯੋ ਵਿਚਾਰ ॥

ਯਹਿ = ਇਹ ਵਿਚਾਰਮਾਲਾ ਗ੍ਰੰਥ ਮੈਂ ਸਰਸ = ਸਹਿਤ ਰਸ ਦੇ ਭਾਵ ਬ੍ਰਹਮਾਨੰਦ ਦੇ ਰਸ ਸਹਿਤ ਬਹੁਤ

ਹੀ ਵਿਚਾਰ = ਘੋਖ ਕਰਕੇ ਬਾਅਦ ਵਿਚ ਬਹੁ = ਬਹੁਤ ਬਿਧਿ = ਤਰੀਕੇ ਨਾਲ ਰਚਯੋ = ਰਚਨਾ, ਬਣਾਉਣਾ ਕੀਤਾ ਹੈ। ਛੰਦਾ ਬੰਦੀ ਵਿਚ ਕਥਨ ਕੀਤੀ ਹੈ।

## ਸਾਧਨ ਸਿਧ ਪ੍ਰਗਟ ਕੀਏ; ਨਾਥ ਭਲੀ ਪਰਕਾਰ ॥੩੨॥

ਨਾਥ = ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਮੈਂ ਭਲੀ = ਚੰਗੀ ਪਰਕਾਰ = ਤਰ੍ਹਾਂ ਨਿਰਨਾ ਕਰਕੇ ਇਸ ਗ੍ਰੰਥ ਵਿਚ ਸਿਧ = ਮੁਕਤੀ ਦੇ ਸਾਧਨ ਪ੍ਰਗਟ = ਜ਼ਾਹਰ ਕੀਏ = ਕੀਤੇ ਹਨ ॥੩੨॥

ਹੁਣ ਇਸ ਵਿਚਾਰ ਮਾਲਾ ਗ੍ਰੰਥ ਦੇ ਪੜ੍ਹਨ ਸੁਨਣ ਵਾਲੇ ਅਧਿਕਾਰੀ ਦਾ ਸਰੂਪ ਕਥਨ ਕਰਦੇ ਹਨ।

## ਦੋਹਰਾ ॥ ਬੰਧਯੋਮਾਨ ਚਾਹਤ ਛੁਟਯੋ; ਯਹਿ ਨਿਸਚੈ ਮਨ ਮਾਹਿ ॥

ਜਿਹੜਾ ਕੋਈ ਸੰਸਾਰਕ, ਜੰਜਾਲਾਂ ਵਿਚ ਬੰਧਯੋਮਾਨ = ਬੱਝਾ ਹੋਇਆ ਆਪਣਾ ਛੁਟਯੋ = ਛੁਟਕਾਰਾ ਚਾਹਤ = ਚਾਹੁੰਦਾ ਹੈ, ਅਤੇ ਜਿਸਦੇ ਮਨ = ਚਿੱਤ ਮਾਹਿ = ਵਿਚ ਯਹਿ = ਇਸ ਗ੍ਰੰਥ ਪ੍ਰਤੀ ਨਿਸਚੈ = ਭਰੋਸਾ ਹੈ।

## ਵਿਚਾਰਮਾਲ ਤਾ ਪਰ ਰਚੀ; ਅਗਯ ਤਗਯ ਪਰ ਨਾਹਿ ॥੩੩॥

ਇਹ ਵਿਚਾਰਮਾਲਾ ਪੁਸਤਕ ਤਾ = ਉਸ ਪੁਰਖ ਪਰ = ਉੱਤੇ, ਵਾਸਤੇ ਰਚੀ = ਬਣਾਈ ਹੈ, ਜੋ ਮੰਦ (ਥੋੜ੍ਹੀ) ਬੁੱਧ ਵਾਲਾ ਤੇ ਮੁਕਤੀ ਦੀ ਇੱਛਾ ਵਾਲਾ ਹੈ, ਬਲਕਿ ਅਗਯ = ਅਗਿਆਨੀ, ਮੂਰਖ ਤੇ ਤਗਯ = ਗਿਆਨੀ ਪੁਰਖ ਪਰ = ਉੱਤੇ, ਵਾਸਤੇ ਨਾਹਿ = ਨਹੀਂ ਹੈ ਕਿਉਂਕਿ ਅਗਿਆਨੀ ਪਰ ਇਸ ਕਰਕੇ ਨਹੀਂ ਕਿ ਉਸ ਦੀ ਬੁੱਧ ਜੜ੍ਹਤਾ ਨੂੰ ਪ੍ਰਾਪਤ ਹੋਈ ਹੈ ਤੇ ਮਲ, ਵਿਖੇਪ ਹੋਣ ਕਰਕੇ ਉਸ ਦਾ ਅਧਿਕਾਰ ਨਹੀਂ ਹੈ ਕਿਉਂਕਿ ਉਹ ਇਸ ਗਿਆਨ ਨੂੰ ਸਮਝ ਨਹੀਂ ਸਕੇਗਾ ਅਤੇ ਗਿਆਨਵਾਨ ਪਹਿਲਾਂ ਹੀ ਬ੍ਰਹਮ ਨਿਸਚਾ ਕਰ ਚੁੱਕਾ ਹੈ, ਉਸ ਨੂੰ ਇਸ ਗਿਆਨ ਦੀ ਲੋੜ ਨਹੀਂ, ਇਸ ਕਰਕੇ ਗਿਆਨਵਾਨ ਵਾਸਤੇ ਇਹ ਗ੍ਰੰਥ ਨਹੀਂ ਰਚਿਆ ॥੩੩॥

## ਦੋਹਰਾ ॥ ਔਰ ਮਾਲ ਰਤਨਾਦਿ ਜੇ; ਘਾਤ ਹੋਤ ਤਿਨ ਹੇਤੁ ॥

ਔਰ = ਹੋਰ ਜੇ = ਜਿਹੜੀਆਂ ਰਤਨਾਦਿ = ਰਤਨ, ਹੀਰੇ, ਮੋਤੀ ਆਦਿ ਦੀਆਂ ਮਾਲ = ਮਾਲਾ ਹਨ, ਤਿਨ = ਉਨ੍ਹਾਂ ਮਾਲਾਂ ਹੇਤੁ = ਵਾਸਤੇ ਤਾਂ ਲਾਲਚੀ ਪੁਰਖ ਘਾਤ = ਮਰਨਾ ਹੋਤ = ਹੁੰਦਾ ਹੈ ਜਾਂ ਕਿਸੇ ਨੂੰ ਮਾਰ ਦਿੰਦਾ ਹੈ।

## ਅਦਭੁਤ ਮਾਲ ਵਿਚਾਰ ਯਹਿ; ਤਸਕਰ ਵਸਿ ਕਰਿ ਲੇਤ ॥੩੪॥

ਜਿਹੜੀ ਯਹ = ਇਹ ਅਦਭੁਤ = ਅਜੀਬ ਕਿਸਮ ਦੀ ਭਾਵ ਸ੍ਰੇਸ਼ਟ ਗਿਆਨ ਕਰਾਉਣ ਵਾਲੀ ਵਿਚਾਰ ਮਾਲ = ਮਾਲਾ ਪੁਸਤਕ ਹੈ, ਇਹ ਤਾਂ ਸ੍ਰੇਸ਼ਟ ਵਿਚਾਰਾਂ ਦੁਆਰਾ ਤਸਕਰ = ਚੋਰਾਂ ਨੂੰ ਵੀ ਵਸਿ = ਅਧੀਨ ਕਰ ਲੇਤ = ਲੈਂਦੀ ਹੈ ॥੩੪॥

## ਦੋਹਰਾ ॥ ਖਟ ਦਰਸਨ[1] ਕੀ ਮਾਲ ਜੋ; ਅਪਨੋ ਪੱਛ ਲਿਯੇ ਜੁ ॥

ਜੋ = ਜਿਹੜੀ ਖਟ ਛੇ ਦਰਸਨ = ਭੇਖਾਂ ਕੀ = ਦੀ ਮਾਲ = ਮਾਲਾ ਹੈ, ਉਹ ਜੁ = ਜੋ ਵੀ ਲੈਂਦੀਆਂ ਹਨ,

---

੧. ਜੋਗੀ ਜੰਗਮ ਸਰੇਵੜੇ ਸੰਨਿਆਸੀ ਅਉ ਦਰਵੇਸ।
ਛੇਵਾਂ ਜਾਮਾ ਬਿਪ੍ਰ ਕਾ ਜਾ ਮਹਿ ਮੀਨ ਨ ਮੇਖ। *(ਧਰਮ ਸ਼ਾਸਤ੍ਰ)*

ਅਪਨੋ = ਆਪੋ-ਆਪਣਾ ਪੱਛ = ਪੱਖ ਲਿਯੇ = ਲੈਂਦੀਆਂ ਹਨ ਅਰਥਾਤ ਆਪੋ-ਆਪਣਾ ਪੱਖ ਹੀ ਜ਼ਾਹਰ ਕਰਦੀਆਂ ਹਨ। ਕੋਈ ਭੇਖ ਕਹਿੰਦਾ ਹੈ ਇਹ ਮਾਲ ਰੁਦਰਾਖ ਦੀ ਚੰਗੀ ਹੈ, ਕੋਈ ਕਹਿੰਦਾ ਤੁਲਸੀ ਦੀ, ਕੋਈ ਮੂੰਗੇ ਦੀ, ਕੋਈ ਉਨ ਦੀ, ਆਦਿ।

## ਦ੍ਵੈਤ ਰਹਿਤ ਰੁਚਿ ਮਾਲ ਯਹਿ; ਸੋਭਤ ਸਭਨ ਹਿਯੇ ਜੁ ॥੩੫॥

ਯਹ = ਇਹ ਵਿਚਾਰ ਮਾਲਾ ਦ੍ਵੈਤ = ਦ੍ਵੈਸ਼ ਤੋਂ ਰਹਿਤ = ਬਗ਼ੈਰ ਤੇ ਰੁਚਿ = ਸੁੰਦਰ ਵਿਚਾਰਾਂ ਦੇ ਸਹਿਤ ਹੈ, ਇਸ ਲਈ ਜੁ = ਜੋ ਵੀ ਇਸ ਨੂੰ ਪੜ੍ਹਦੇ ਹਨ, ਉਨ੍ਹਾਂ ਸਭਨ = ਸਭਨਾਂ ਦੇ ਹਿਯੇ = ਹਿਰਦਿਆਂ ਵਿਚ ਸੋਭਤ = ਸ਼ੋਭਦੀ ਹੈ ॥੩੫॥

## ਦੋਹਰਾ ॥ ਰਾਵ ਰੰਕ ਮਨ ਭਾਵਤੀ; ਵਰਨਾਸ੍ਰਮ ਸੁਖ ਦੈਨ ॥

ਇਸ ਵਿਚਾਰਾਂ ਦੀ ਮਾਲਾ ਵਾਲੀ ਪੁਸਤਕ ਨੂੰ ਭਾਵੇਂ ਰਾਵ = ਰਾਜਾ ਹੋਵੇ ਜਾਂ ਰੰਕ = ਮੰਗਤਾ ਹੋਵੇ, ਜੋ ਵੀ ਭਾਵਨਾ ਦੇ ਸਹਿਤ ਪੜ੍ਹੇਗਾ ਜਾਂ ਸੁਣੇਗਾ, ਉਸ ਦੇ ਮਨ = ਚਿੱਤ ਨੂੰ ਭਾਵਤੀ = ਚੰਗੀ ਲੱਗੇਗੀ, ਅਤੇ ਵਰਨਾਸ੍ਰਮ = ਚਾਰੇ ਵਰਨਾਂ ਤੇ ਚਾਰੇ ਆਸ਼ਰਮਾਂ ਵਿੱਚੋਂ ਸਭਨਾਂ ਨੂੰ ਸੁਖ = ਅਨੰਦ ਦੈਨ = ਦੇਣ ਵਾਲੀ ਹੈ।

## ਰੁਚਿ ਵਿਚਾਰਮਾਲਾ ਰਚੀ; ਚਿਤਵਤ ਚਿਤੁ ਅਤਿ ਚੈਨ ॥੩੬॥

ਇਹ ਐਸੀ ਰੁਚਿ = ਸੁੰਦਰ ਵਿਚਾਰਾਂ ਦੀ ਮਾਲਾ ਰਚੀ = ਰਚਨਾ ਕੀਤੀ ਹੈ, ਇਸ ਨੂੰ ਚਿਤਵਤ = ਚੇਤੇ ਕਰਨ ਨਾਲ ਚਿਤੁ = ਮਨ ਵਿਚ ਅਤਿ = ਅਤਿਅੰਤ ਚੈਨ = ਸ਼ਾਂਤੀ ਆਉਂਦੀ ਹੈ ॥੩੬॥

## ਦੋਹਰਾ ॥ ਅਨਾਥ ਸ੍ਰਵਨ ਬਹੁਤੇ ਕੀਏ; ਕਹਯੋ ਬਹੁਤ ਪ੍ਰਕਾਰ ॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਮੈਂ ਬਹੁਤੇ = ਬੇਅੰਤ ਗ੍ਰੰਥ ਸ੍ਰਵਨ = ਸੁਣਨਾ ਤੇ ਪੜ੍ਹਨਾ ਕੀਏ = ਕੀਤੇ ਹਨ, ਜਿਨ੍ਹਾਂ ਵਿਚ ਬਹੁਤ = ਅਨੇਕ ਪ੍ਰਕਾਰ = ਤਰ੍ਹਾਂ ਦਾ ਵਾਦ-ਵਿਵਾਦ ਕਹਯੋ = ਕਥਨ ਕੀਤਾ ਹੋਇਆ ਹੈ।

## ਅਬ ਸੁ ਵਿਚਾਰ ਵਿਚਾਰ ਪੁਨ; ਕਰਨ ਨ ਪਰੈ ਵਿਚਾਰ ॥੩੭॥

ਅਬ = ਹੁਣ ਪੁਨ = ਪੁਨਾ ਭਾਵ ਫੇਰ ਵਾਰ ਵਾਰ ਵਿਚਾਰ = ਨਿਰਨਾ ਕਰ ਕਰ ਕੇ ਸੁ = ਉਹ ਵਿਚਾਰ = ਵਿਚਾਰਮਾਲਾ ਨਾਮੀ ਪੁਸਤਕ ਰਚਨਾ ਕੀਤੀ ਹੈ ਤਾਂ ਕਿ ਮੁੜ ਕੋਈ ਵਿਚਾਰ = ਨਿਰਨਾ, ਵਿਚਾਰ, ਸੋਚ ਨ = ਨਾ ਕਰਨੀ ਪਰੈ = ਪਵੇ ॥੩੭॥

## ਦੋਹਰਾ ॥ ਛਿਮਾ ਕਰੋ ਸਿਸ ਜਾਨ ਕੈ; ਹੇ ਕਵਿ ਮਹਾ ਪ੍ਰਬੁੱਧ ॥

ਹੇ ਮਹਾ = ਮਹਾਨ ਤੇ ਪ੍ਰਬੁੱਧ = ਵਿਸ਼ੇਸ਼ ਕਰਕੇ ਗਿਆਤ ਰੱਖਣ ਵਾਲੇ ਕਵਿ = ਕਵੀ ਜਨੋਂ ! ਜੇਕਰ ਮੇਰੀ ਇਸ ਪੁਸਤਕ ਵਿਚ ਕੋਈ ਸਿਧਾਂਤਕ ਗ਼ਲਤੀ ਹੋਵੇ ਜਾਂ ਬ੍ਰਹਮ ਦੀ ਪ੍ਰਾਪਤੀ ਤੋਂ ਉਲਟ ਕੋਈ ਵਾਰਤਾ ਹੋਵੇ, ਤਾਂ ਮੈਨੂੰ ਆਪਣਾ ਸਿਸ = ਬਾਲਕ ਜਾਣ ਕੈ = ਕਰਕੇ ਛਿਮਾ = ਮੁਆਫ਼ ਕਰੋ = ਕਰ ਦੇਣਾ ਕਰਿਓ।

## ਲੇਹੁ ਸੁਧਾਰ ਵਿਚਾਰਿ ਕੈ; ਅੱਖਰ ਸ਼ੁੱਧ ਅਸ਼ੁੱਧ ॥੩੮॥

ਅਸ਼ੁੱਧ = ਗ਼ਲਤ ਜਾਂ ਸ਼ੁੱਧ = ਸਹੀ ਅੱਖਰ ਦਾ ਵਿਚਾਰਿ = ਨਿਰਨਾ ਕੈ = ਕਰਕੇ ਸੁਧਾਰ = ਦਰੁਸਤ ਕਰ ਲੇਹੁ = ਲੈਣਾ ॥੩੮॥

## ਦੋਹਰਾ ॥ ਹੌਂ ਅਨਾਥ ਕੇਤਕ ਸੁਮਤਿ; ਵਰਨੌਂ ਮਾਲ ਵਿਚਾਰ ॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਹੌਂ = ਮੇਰੇ ਵਿਚ ਵਿਚਾਰਮਾਲਾ ਪੁਸਤਕ ਲਿਖਣ ਦੀ ਕੇਤਕ = ਕਿਤਨੀ ਕੁ ਸੁਮਤਿ = ਚੰਗੀ ਅਕਲ ਸੀ, ਉਹ ਮੈਂ ਵਰਤੀ ਹੈ।

## ਰਾਮ ਮਯਾ ਸਤਿਗੁਰੁ ਦਯਾ; ਸਾਧਸੰਗ ਨਿਰਧਾਰ ॥੩੯॥

ਇਹ ਤਾਂ ਰਾਮ = ਪ੍ਰਭੂ ਦੀ ਮਯਾ = ਕਿਰਪਾ, ਸਤਿਗੁਰੁ = ਸੱਚੇ ਗੁਰੂ ਦੀ ਦਯਾ = ਮੇਹਰ, ਬਖ਼ਸ਼ਿਸ਼ ਅਤੇ ਸਾਧਸੰਗ = ਸ੍ਰੇਸ਼ਟ ਜਨਾਂ ਦੀ ਸੰਗਤ ਦੁਆਰਾ ਨਿਰਧਾਰ = ਨਿਰਨਾ ਕਰਕੇ ਵਿਚਾਰਮਾਲਾ ਪੁਸਤਕ ਲਿਖੀ ਹੈ ॥੩੯॥

## ਦੋਹਰਾ ॥ ਪੁਰੀ ਨਰੋਤਮ[1] ਮਿਤ੍ਰ ਵਰੁ; ਖਰੋ ਅਤਿਥਿ ਭਗਵਾਨ ॥

ਅਨਾਥ ਕਵੀ ਜੀ ਕਥਨ ਕਰਦੇ ਹਨ ਕਿ ਨਰੋਤਮ ਪੁਰੀ ਜਾਂ ਭਗਵਾਨ ਪੁਰੀ ਜੀ ਨਾਮੀ ਪਰਮੇਸ਼ਰ ਦਾ ਭਜਨ ਕਰਨ ਵਾਲੇ ਅਤਿਥਿ = ਸਾਧੂ, ਬਿਹੰਗਮ ਮੇਰੇ ਖਰੋ = ਚੰਗੇ ਤੇ ਵਰੁ = ਸ੍ਰੇਸ਼ਟ, ਮਿਤ੍ਰ = ਮਿੱਤਰ ਹਨ।

## ਬਰਨੀ ਮਾਲ ਵਿਚਾਰ ਮੈਂ; ਤਿਹ ਆਗਯਾ ਪਰ ਮਾਨ ॥੪੦॥

ਤਿਹ = ਉਨ੍ਹਾਂ ਦੀ ਆਗਯਾ = ਹੁਕਮ ਪਰ = ਭਲੀ ਪ੍ਰਕਾਰ ਮਾਨ = ਮੰਨ ਕੇ ਮੈਂ ਇਹ ਵਿਚਾਰਮਾਲਾ ਨਾਮੀ ਪੁਸਤਕ ਬਰਨੀ = ਕਥਨ ਕੀਤੀ ਹੈ, ਭਾਵ ਬਣਾਉਣਾ ਕੀਤੀ ਹੈ ॥੪੦॥

## ਦੋਹਰਾ ॥ ਲਿਖੈ ਪੜ੍ਹੈ ਅਤਿ ਪ੍ਰੀਤਿ ਯੁਤ; ਅਰੁ ਪੁਨ ਕਰੈ ਵਿਚਾਰ ॥

ਜਿਹੜਾ ਇਸ ਪੁਸਤਕ ਦੇ ਸਿਧਾਂਤ ਨੂੰ ਅਤਿ = ਅਤਿਅੰਤ ਪ੍ਰੀਤਿ = ਪ੍ਰੀਤੀ ਦੇ ਯੁਤ = ਸਮੇਤ ਪੜ੍ਹੇ = ਪੜ੍ਹੇਗਾ ਜਾਂ ਲਿਖੈ = ਲਿਖੇਗਾ ਅਰੁ = ਅਤੇ ਪੁਨ = ਫੇਰ ਇਸ 'ਤੇ ਵਿਚਾਰ ਕਰੇ = ਕਰੇਗਾ।

## ਛਿਨ ਛਿਨ ਗਯਾਨ ਪ੍ਰਕਾਸ ਤਿਹਿੰ; ਹੋਇ ਸੁ ਰਵਿ ਪ੍ਰਕਾਰ ॥੪੧॥

ਜਿਵੇਂ ਸੂਰਜ ਦਾ ਪ੍ਰਕਾਸ਼ (ਚਾਨਣਾ) ਪਲ ਪਲ ਵਿਚ ਵੱਧਦਾ ਹੈ, ਸੁ = ਉਸੇ ਪ੍ਰਕਾਰ = ਤਰ੍ਹਾਂ ਹੀ ਉਸ ਪੁਰਖ ਦੇ ਰਿਦੇ ਵਿਚ ਗੁਰ-ਉਪਦੇਸ਼ ਰੂਪੀ ਸੂਰਜ ਦੀਆਂ ਗਿਆਨ ਰੂਪੀ ਕਿਰਨਾਂ ਦਾ ਵਾਧਾ ਹੋਵੇਗਾ ॥੪੧॥

ਅਨਾਥ ਕਵੀ ਜੀ ਨੇ ਜਿਨ੍ਹਾਂ ਜਿਨ੍ਹਾਂ ਧਾਰਮਿਕ ਪੁਸਤਕਾਂ ਦਾ ਵਿਚਾਰਮਾਲਾ ਪੁਸਤਕ ਲਿਖਣ ਵੇਲੇ ਸਹਾਰਾ ਲਿਆ ਹੈ, ਹੁਣ ਕਵੀ ਜੀ ਉਨ੍ਹਾਂ ਪੁਸਤਕਾਂ ਦਾ ਵੇਰਵਾ ਦਿੰਦੇ ਹਨ।

## ਦੋਹਰਾ ॥ ਗੀਤਾ ਭਗਵਤ ਕੋ ਮਤੋ; ਏਕਾਦਸ ਕੀ ਜੁਗਤਿ ॥

ਜੋ ਭਗਵਤ ਗੀਤਾ ਕੋ = ਦਾ ਮਤੋ = ਸਿਧਾਂਤ ਹੈ, ਉਸ ਦੇ ਏਕਾਦਸ = ਨਾਰਦ ਜੀ ਦਾ ਕਥਨ ਕੀਤਾ ਗ੍ਰੰਥ ਕੀ = ਦੀ ਜੁਗਤਿ = ਜੁਗਤੀ ਲੈ ਕੇ ਇਸ ਪੁਸਤਕ ਨੂੰ ਲਿਖਣਾ ਕੀਤਾ ਹੈ।

---

੧. ਪੁਰਾਣੇ ਸਾਧੂ ਇਸ ਨਰੋਤਮ ਪੁਰੀ ਜੀ ਦਾ ਨਾਮ ਨਰੋਤਮ ਪੁਰੀ ਲੈਂਦੇ ਸੀ, ਪਰ ਸੰਪ੍ਰਦਾ ਦੇ ਵਿਚ ਭਗਵਾਨਪੁਰੀ ਨਾਮ ਬਾਬਤ ਦੱਸਦੇ ਹਨ, ਅਨਾਥ ਪੁਰੀ ਤੇ ਨਰੋਤਮ ਪੁਰੀ ਜੀ ਦਾ ਪਰਸਪਰ ਬਹੁਤ ਪ੍ਰੇਮ ਸੀ। ਇਕੱਠੇ ਰਹਿ ਕੇ ਵਿਰਕਤੀ ਰੀਤੀ ਅਨੁਸਾਰ ਵਿਚਰੇ ਸਨ, ਅਨਾਥ ਪੁਰੀ ਜੀ ਕਸ਼ਮੀਰ ਵਿਚ ਰਹਿੰਦੇ ਸਨ ਤੇ ਨਰੋਤਮ ਪੁਰੀ ਜੀ ਗੁਜਰਾਤ ਦੇਸ਼ ਬਰੌਦੇ ਨਗਰ ਵਿਚ ਰਹਿੰਦੇ ਸਨ।

## ਅਸਟਾਬਕ੍ਰ ਵਸਿਸਟ ਮੁਨਿ; ਕਛੁਕ ਅਪਨੀ ਉਕਤਿ ॥੪੨॥

ਅਸਟਾ ਬਕਰ ਰਿਸ਼ੀ ਦੀ ਰਚਿਤ ਅਵਧੂਤ ਗੀਤਾ ਦਾ ਵਿਚਾਰ, ਵਸ਼ਿਸ਼ਟ ਮੁਨੀ ਦੇ ਯੋਗ ਵਸ਼ਿਸ਼ਟ ਗ੍ਰੰਥ ਵਿੱਚੋਂ ਸਿਧਾਂਤ ਲੈ ਕੇ ਅਤੇ ਕਛੁਕ = ਕੁਝ ਕੁ ਆਪਣੀ ਅਕਲ ਅਨੁਸਾਰ ਉਕਤਿ = ਕਥਨ ਕਰਕੇ ਇਹ ਪੁਸਤਕ ਲਿਖੀ ਹੈ ॥੪੨॥

(ਵਿਚਾਰਮਾਲਾ ਗ੍ਰੰਥ ਸਮਾਪਤ ਹੋਣ ਦੀ ਤਾਰੀਖ਼ ਦਾ ਵੇਰਵਾ)

## ਸੋਰਠਾ ॥ ਸਤ੍ਰਹ ਸੈ ਛਬੀਸ ਸੰਮਤ; ਮਾਘਵ ਮਾਸ ਸੁਭ ॥

ਸਤ੍ਰਹ = ਸਤਾਰਾਂ ਸੈ = ਸੌ ਛਬੀਸ = ਛੱਬੀ ਭਾਵ ੧੭੨੬ ਬਿਕ੍ਰਮੀ ਸੰਮਤ ਸੀ ਤੇ ਮਾਘਵ = ਮਾਘ ਦਾ ਸੁਭ = ਚੰਗਾ, ਸੁੰਦਰ ਮਾਸ = ਮਹੀਨਾ ਸੀ।

## ਮੋ ਮਤਿ ਜਿਤਕ ਹੁਤੀਸੁ, ਤੇਤਿਕ ਵਰਨੀ ਪ੍ਰਗਟ ਕਰਿ ॥੪੩॥

ਮੋ = ਮੇਰੀ ਜਿਤਕ = ਜਿਤਨੀ ਕੁ ਮਤਿ = ਅਕਲ ਹੁਤੀ = ਸੀ, ਸੁ = ਉਸ ਅਕਲ ਅਨੁਸਾਰ ਮੈਂ ਤੇਤਿਕ = ਉਤਨੀ ਕੁ ਅਕਲ ਦਾ ਇਸਤੇਮਾਲ ਕਰਕੇ ਮੈਂ ਇਹ ਵਿਚਾਰਮਾਲਾ ਨਾਮੀ ਪੁਸਤਕ ਵਰਨੀ = ਕਥਨ ਕਰਕੇ ਪ੍ਰਗਟ = ਜ਼ਾਹਰ ਕਰਨਾ ਕੀਤੀ ਹੈ, ਭਾਵ ਲਿਖਣਾ ਕੀਤੀ ਹੈ ॥੪੩॥

## ਇਤਿ ਸ੍ਰੀ ਵਿਚਾਰ ਮਾਲਾ ਨਾਮ ਅਸ਼੍ਟਮੋ ਬਿਸ੍ਰਾਮ ਸਮਾਪਤੰ ॥੮॥

ਸ੍ਰੀ = ਸੁਭਾਏਮਾਨ ਵਿਚਾਰ ਮਾਲਾ ਨਾਮੇ ਗ੍ਰੰਥ ਦੇ ਅਸ਼੍ਟਮੋ = ਅੱਠਵੇਂ ਬਿਸ੍ਰਾਮ = ਅਧਿਆਇ ਦੀ ਇਤਿ = ਸਮਾਪਤੀ ਕੀਤੀ ਅਤੇ ਇਸ ਵਿਚ ਗਿਆਨ ਤੋਂ ਗਿਆਨਵਾਨ ਦਾ ਨਿਸ਼ਚਾ ਅਤੇ ਗੁਰੂ ਵਲੋਂ ਸ਼ਲਾਘਾ ਦਾ ਸਿਧਾਂਤ ਅਤੇ ਗ੍ਰੰਥ ਦੀ ਬਣਤਰ ਵਿਚ ਜਿਨ੍ਹਾਂ ਗ੍ਰੰਥਾਂ ਵਿਚ ਸਿਧਾਂਤ ਲਿਆ ਉਨ੍ਹਾਂ ਗ੍ਰੰਥ ਦਾ ਨਾਮ ਲਿਖ ਕੇ ਵਿਚਾਰ ਮਾਲਾ ਨਾਮੇ ਗ੍ਰੰਥ ਦੀ ਸਮਾਪਤੰ = ਸਮਾਪਤੀ ਕਰ ਦਿੱਤੀ ਹੈ ॥੮॥

(ਵਿਚਾਰ ਮਾਲਾ ਗ੍ਰੰਥ ਸਮਾਪਤੰ)

# ਅਧਯਾਤਮ ਪ੍ਰਕਾਸ਼

ਕ੍ਰਿਤ ਕਵਿ ਸੁਖਦੇਵ ਜੀ

# ਅਧਯਾਤਮ ਪ੍ਰਕਾਸ਼

**ਉਥਾਨਕਾ :**

ਇਹ ਜੋ ਵੇਦਾਂਤ ਦਾ ਅਧਯਾਤਮ ਪ੍ਰਕਾਸ਼ ਗ੍ਰੰਥ ਹੈ, ਇਸ ਦੇ ਲਈ ਜੋ ਜਾਣਕਾਰੀ ਲਿਖਤਾਂ ਜਾਂ ਪਰੰਪਰਾ ਅਨੁਸਾਰ ਪ੍ਰਾਪਤ ਹੋਈ ਹੈ, ਉਹ ਇਸ ਪ੍ਰਕਾਰ ਹੈ ਕਿ ਸੰਪ੍ਰਦਾਵਾਂ ਦੇ ਪੁਰਾਣੇ ਮਹਾਂਪੁਰਸ਼ ਵਿਦਵਾਨਾਂ ਤੋਂ ਅੱਗੇ ਤੋਂ ਅੱਗੇ ਮਿਲਦੀ ਗਈ ਹੈ ਕਿ ਇਸ ਗ੍ਰੰਥ ਦੇ ਕਰਤਾ ਨਿਰਮਲੇ ਮਹਾਂਪੁਰਸ਼ ਜਿਨ੍ਹਾਂ ਦਾ ਨਾਮ ਸੁਖਦੇਵ ਸਿੰਘ ਸੀ, ਇਹ ਉਹ ਮਹਾਂਪੁਰਸ਼ ਹਨ, ਜਿਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਥਾਪੜਾ ਪ੍ਰਾਪਤ ਹੋਇਆ, ਕਾਂਸ਼ੀ ਜਾ ਕੇ ਵਿੱਦਿਆ ਪ੍ਰਾਪਤ ਕਰਨ ਦਾ ਰੁਝਾਨ ਸਿੱਖ ਜਗਤ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਸ਼ੁਰੂ ਹੋਇਆ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ ਨੂੰ ਬ੍ਰਹਮਚਾਰੀ ਭੇਸ ਵਿਚ ਵਿੱਦਿਆ ਪੜ੍ਹਨ ਲਈ ਕਾਂਸ਼ੀ ਭੇਜਿਆ ਸੀ, ਉਨ੍ਹਾਂ ਦੇ ਨਾਮ ਮਹਾਨਕੋਸ਼ ਵਿਚ ਇਸ ਪ੍ਰਕਾਰ ਮਿਲਦੇ ਹਨ : ੧. ਰਾਮ ਸਿੰਘ, ੨. ਕਰਮ ਸਿੰਘ, ੩. ਗੰਡਾ ਸਿੰਘ, ੪. ਵੀਰ ਸਿੰਘ, ੫. ਸ਼ੋਭਾ ਸਿੰਘ। ਇਨ੍ਹਾਂ ਤੋਂ ਹੀ ਨਿਰਮਲ ਪੰਥ ਅਰੰਭਤਾ ਮੰਨੀ ਜਾਂਦੀ ਹੈ ਭਾਵੇਂ ਲਿਖਤੀ ਪਰੂਫ ਤਾਂ ਨਹੀਂ ਮਿਲਿਆ, ਜੋ ਸੰਮਤ ਕਾਂਸ਼ੀ ਜਾਣ ਨੂੰ ਮਿਲਦਾ ਹੈ, ਉਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਤੇ ਇਨ੍ਹਾਂ ਉਨ੍ਹਾਂ ਪੰਜ ਸਿੰਘਾਂ ਦੀ ਵਿੱਦਿਆ ਪੜ੍ਹਨ ਦੀ ਰੁਚੀ ਦੇਖ ਕੇ ਉਤਸ਼ਾਹਤ ਹੋਏ ਪੰਡਿਤ ਸੁਖਦੇਵ ਸਿੰਘ ਜੀ ੧੭੪੭ ਤੋਂ ੧੭੫੦ ਬਿਕ੍ਰਮੀ ਦੇ ਲਗਭਗ ਬਨਾਰਸ ਕਾਂਸ਼ੀ ਦੇ ਵਿਚ ਆਪਣੀ ਵੇਦਾਂਤ ਵਿੱਦਿਆ ਦੀ ਧਾਂਕ ਜਮਾਂ ਚੁੱਕੇ ਸਨ ਕਿਉਂਕਿ ਜੋ ਸੁਖਦੇਵ ਸਿੰਘ ਜੀ ਨੇ ਇਤਨੀ ਜਲਦੀ ਕਾਮਯਾਬੀ ਵਿੱਦਿਆ ਪੜ੍ਹਨ ਵਿਚ ਕੀਤੀ ਹੈ, ਉਹ ਕਿਸੇ ਚਮਤਕਾਰ ਤੋਂ ਘੱਟ ਨਹੀਂ, ਇਸਦੇ ਪਿੱਛੇ ਜਾਪਦਾ ਹੈ ਕਿ ਥਾਪੜਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੀ, ਕਾਂਸ਼ੀ ਦੇ ਵੱਡੇ ਵੱਡੇ ਪ੍ਰਸਿੱਧ ਵਿਦਵਾਨਾਂ ਨੂੰ ਸਭਾ ਵਿਚ ਹਰਾਇਆ। ਜਿਸ ਕਰਕੇ ਇਨ੍ਹਾਂ ਖਿਆਲ ਕਾਂਸ਼ੀ ਵਿਚ ਬਹੁਤ ਫੈਲ ਗਿਆ, ਪਰ ਜੋ ਅਲਪ ਬੁੱਧੀ ਵਾਲੇ ਅਤੇ ਈਰਖਾਲੂ ਬ੍ਰਾਹਮਣ ਇਨ੍ਹਾਂ ਤੋਂ ਹਾਰ ਗਏ, ਉਹ ਇਨ੍ਹਾਂ ਨਾਲ ਦ੍ਵੈਸ਼ ਕਰਨ ਲੱਗੇ, ਉਨ੍ਹਾਂ ਦੀ ਵਿੱਦਿਆ ਦੇ ਵਿਚ ਤਾਂ ਕੋਈ ਪੇਸ਼ ਨਾ ਗਈ, ਜਿਵੇਂ ਭਗਤ ਕਬੀਰ ਜੀ ਨਿਰਾਦਰ ਕਰਵਾਉਣ ਵਾਸਤੇ ਜੱਗ ਕਰਾਉਣ ਦਾ ਕਬੀਰ ਵੱਲੋਂ ਝੂਠਾ ਪ੍ਰਚਾਰ ਕਰ ਦਿੱਤਾ ਸੀ ਤੇ ਭਗਵਾਨ ਜੀ ਨੇ ਆਪਣੇ ਭਗਤ ਜੀ ਲੱਜਾ ਰੱਖੀ ਸੀ ਤੇ ਜੱਗ ਸੰਪੂਰਨ ਕਰ ਦਿੱਤਾ ਸੀ, ਇਨ੍ਹਾਂ ਹੀ ਬ੍ਰਾਹਮਣ ਜਾਤੀ ਦੇ ਲੋਕਾਂ ਨੇ ਭਗਤ ਨਾਮਦੇਵ ਜੀ ਨੂੰ ਧੱਕੇ ਮਾਰ ਕੇ ਮੰਦਰ ਵਿਚੋਂ ਬਾਹਰ ਕੱਢ ਦਿੱਤਾ ਸੀ, ਇਸੇ ਤਰ੍ਹਾਂ ਪੰਡਿਤ ਸੁਖਦੇਵ ਸਿੰਘ ਜੀ ਦਾ ਨਿਰਾਦਰ ਕਰਨ ਲਈ ਪਰਚੇ ਤਿਆਰ ਕਰਕੇ ਘਰ-ਘਰ ਵਿਚ ਭੇਜ ਦਿੱਤੇ, ਜਿਸ ਵਿਚ ਲਿਖਿਆ ਪੰਜਾਬ ਪ੍ਰਾਂਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪਰਜਾ ਸ਼ੰਕਰਵਰਨ ਕਰ ਦਿੱਤੀ ਹੈ, ਜੋ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਿੰਘ ਹਨ, ਇਹ ਸ਼ੂਦ੍ਰ ਵਰਣ ਦੇ ਹੁੰਦੇ, ਕਿਉਂਕਿ ਇਨ੍ਹਾਂ ਦੇ ਵਿਚ ਨਿਊਨ ਜਾਤੀਆਂ ਦੇ ਲੋਕ ਅਤੇ ਉੱਚੀ ਜਾਤੀਆਂ ਦੇ ਬ੍ਰਾਹਮਣਾਂ ਨੂੰ ਇਕ ਥਾਂ ਹੀ ਖਾਣਾ ਖਵਾ ਦਿੰਦੇ ਹਨ, ਇਹ ਗੱਲ ਸਾਰੀ ਕਾਂਸ਼ੀ ਵਿਚ ਘੁਮਾ ਦਿੱਤੀ। ਸਾਰੀ ਕਾਂਸ਼ੀ ਦੇ ਬ੍ਰਾਹਮਣ ਜਿਨ੍ਹਾਂ ਨੇ ਪੰਡਿਤ ਸੁਖਦੇਵ ਸਿੰਘ ਜੀ ਤੋਂ ਖਿਲਾਫ਼ ਸਾਰੀ ਕਾਂਸ਼ੀ ਦੇ ਵਿਚ ਬ੍ਰਾਹਮਣ ਜਿਨ੍ਹਾਂ ਨੇ ਪੰਡਿਤ ਸੁਖਦੇਵ ਜੀ ਤੋਂ ਖਿਲਾਫ਼ ਸਾਰੀ ਕਾਂਸ਼ੀ ਵਿਚ ਵਿਦਰੋਹ ਫੈਲਾ ਦਿੱਤਾ ਕਿ ਜਿਸ ਦਾ ਨਾਮ ਸਿੰਘ ਹੈ, ਉਹ ਸ਼ੂਦਰ ਹੀ ਸਮਝਣਾ ਚਾਹੀਏ, ਉਸ ਸਮੇਂ ਜਾਤੀ ਵਿਤਕਰਾ ਬਹੁਤ ਜ਼ੋਰਾਂ 'ਤੇ ਸੀ। ਜਿਸ ਕਰਕੇ ਬ੍ਰਾਹਮਣਾਂ ਦੀ ਚਾਲ ਕਿਸੇ ਹੱਦ ਤਕ ਕਾਮਯਾਬ ਹੋ ਗਈ, ਪਰ ਕੁਝ ਵਿਦਵਾਨ ਬ੍ਰਾਹਮਣ ਅਦ੍ਵੈਤ

ਮਤ ਵਾਲੇ ਸੀ। ਉਹ ਵਿੱਦਿਆ ਦੀ ਕਦਰ ਵਾਲੇ ਹੋਏ ਇਨ੍ਹਾਂ ਵੱਲ ਹੋ ਗਏ। ਕੁਝ ਵਿਦਿਆਰਥੀ ਬ੍ਰਾਹਮਣ ਇਨ੍ਹਾਂ ਤੋਂ ਪੜ੍ਹੇ ਸਨ, ਉਹ ਵਿਦਿਆਰਥੀ ਬ੍ਰਾਹਮਣ ਈਰਖਾਲੂ ਬ੍ਰਾਹਮਣਾਂ ਨੂੰ ਉੱਤਰ ਦੇਣ ਲੱਗੇ। ਵਿਦਿਆਰਥੀ ਬ੍ਰਾਹਮਣਾਂ ਨੇ ਇਹ ਪ੍ਰਚਾਰ ਕੀਤਾ ਕਿ ਇਹ ਉਨ੍ਹਾਂ ਸਿੰਘਾਂ ਵਿਚੋਂ ਨਹੀਂ ਹਨ, ਇਨ੍ਹਾਂ ਦਾ ਨਾਮ ਤਾ ਸੁਖਦੇਵ ਹੈ ਅਤੇ ਅਰਥ ਕਰਕੇ ਸਮਝਾਇਆ ਅਤੇ ਪੰਡਿਤ ਜੀ ਨੇ ਵੀ ਇਹੀ ਅਰਥ ਸੋਚ ਰੱਖਿਆ ਕਿ ਸਿੰਘ ਨਾਮ ਪਰਮਾਤਮਾ ਦਾ ਹੈ ਅਤੇ ਦੇਵ ਨਾਮ ਵੀ ਪਰਮਾਤਮਾ ਦਾ ਹੈ, ਝੂਠੇ ਨਾਮਾਂ ਦੇ ਉੱਤੇ ਕਿਉਂ ਜਿੱਦ ਕਰਨੀ ਹੈ ਜੋ ਇਹਨਾਂ ਦਾ ਪ੍ਰਚੱਲਤ ਨਾਮ ਸੁੱਖਾ ਸਿੰਘ ਸੀ ਸਿੰਘ ਦੇ ਥਾਂ ਦੇਵ ਲਾ ਕੇ ਅਰਥ ਉਹੀ ਰੱਖਿਆ ਫਿਰ ਗ੍ਰੰਥ ਵਿਚ ਆਪਣੇ ਨਾਮ ਨੂੰ ਸੁਖਦੇਵ ਲਿਖਿਆ ਹੈ, ਇਸ ਕਰਕੇ ਫਿਰ ਬ੍ਰਾਹਮਣਾਂ ਦੇ ਵਿਚ ਮਿਲਵਰਤਣ ਵਧਿਆ ਅਤੇ ਦ੍ਵੈਸ਼ ਖ਼ਤਮ ਹੋਈ। ਕੁੱਝ ਵਿਦਿਆਰਥੀਆਂ ਨੇ ਇਕੱਠੇ ਹੋ ਕੇ ਪ੍ਰੇਰਨਾ ਕੀਤੀ ਕੋਈ ਵੇਦਾਂਤ ਦਾ ਛੋਟਾ ਗ੍ਰੰਥ ਅਜਿਹਾ ਤਿਆਰ ਕੀਤਾ ਜਾਏ ਜਿਸ ਦੇ ਵਿਚ ਵੇਦਾਂਤ ਦੀ ਡੂੰਘੀ ਵਿਚਾਰ ਸੋਖਿਆਂ ਪ੍ਰਾਪਤ ਹੋ ਜਾਵੇ ਅਤੇ ਵਿਦਿਆਰਥੀ ਨੂੰ ਵੇਦਾਂਤ ਦੇ ਸਿਧਾਂਤ ਦਾ ਪਦ ਪਦਾਰਥ ਸੋਖਾ ਪ੍ਰਾਪਤ ਹੋ ਜਾਵੇ।

ਜਿਸ ਕਰਕੇ ਸੰਸੇ ਨਵਿਰਤੀ ਹੋ ਕੇ ਸੰਸਾਰ-ਸਮੁੰਦਰ ਤੋਂ ਤਰਿਆ ਜਾਵੇ, ਇਹ ਵਿਦਿਆਰਥੀ ਦੀ ਬੇਨਤੀ ਮੰਨ ਕੇ ਪੰਡਿਤ ਸੁਖਦੇਵ ਜੀ ਬਹੁਤ ਸੁੰਦਰ ਵੇਦਾਂਤ ਦਾ ਸਿਧਾਂਤ ਸ਼ਬਦਾਂ ਵਿਚ ਇਕੱਠਾ ਕਰਕੇ ਅਧ ਯਾਤਮ ਪ੍ਰਕਾਸ਼ ਨਾਮ ਦੀ ਪੁਸਤਕ ਤਿਆਰ ਕੀਤੀ, ਜਿਸ ਦੇ ਵਿਦਵਾਨਾਂ ਨੇ ਬਹੁਤ ਸਾਰੇ ਟੀਕੇ ਬਣਾਏ, ਉਹ ਵੱਖਰੇ-ਵੱਖਰੇ ਟੀਕੇ ਉਪਲਬਧ ਭੀ ਹਨ, ਪਰ ਕੁੱਝ ਟੀਕੇ ਨਹੀਂ ਭੀ ਮਿਲਦੇ, ਦਾਸ ਨੇ ਪੰਜਾਂ ਗ੍ਰੰਥਾਂ ਦਾ ਇਕ ਜ਼ਿਲਦ ਵਿਚ ਜੋ ਟੀਕਾ ਕੀਤਾ ਹੈ, ਉਸ ਦਾ ਇਹ ਪੰਜਵਾਂ ਗ੍ਰੰਥ ਅਧਯਾਤਮ ਪ੍ਰਕਾਸ਼ ਹੈ, ਜੋ ਅਰਥ ਮੈਂ ਆਪਣੇ ਵਿੱਦਿਆ ਦਾਤੇ ਸੰਤ ਗਿਆਨੀ ਇੰਦਰਜੀਤ ਸਿੰਘ ਜੀ (ਰਕਬੇ ਵਾਲੇ) ਤੋਂ ਪੜ੍ਹੇ ਅਤੇ ਲਿਖੇ ਤੇ ਕੁੱਝ ਪੁਰਾਣੇ ਟੀਕੇ ਦੇਖੇ ਅਤੇ ਵਿਚਾਰੇ। ਕੁੱਝ ਮਹਾਨ ਕੋਸ਼ ਦੀ ਪਦ ਪਾਦਰਥਾਂ ਦੀ ਸਹਾਇਤਾ ਲੈ ਕੇ ਟੀਕਾ ਲਿਖਿਆ ਹੈ ਇਹ ਵਿਦਿਆਰਥੀ ਲਈ ਲਾਭਦਾਇਕ ਹੋਵੇਗਾ, ਵਿਦਵਾਨ ਸੱਜਣ ਇਸ ਨੂੰ ਬੱਚਿਆਂ ਵਾਲੀ ਖੇਡ ਸਮਝ ਕੇ ਖ਼ਿਮਾ ਕਰਨ ਵਾਰ-ਵਾਰ ਗਿਆਨੀ ਸਿੰਘ ਅਤੇ ਵਿਦਿਆਰਥੀਆਂ ਦੀ ਜੋ ਪ੍ਰੇਰਨਾ ਹੋਈ ਉਸ ਨੂੰ ਮੁਖ ਰੱਖ ਕੇ ਅਧਯਾਤਮ ਪ੍ਰਕਾਸ਼ ਪੰਜੇ ਗ੍ਰੰਥਾਂ ਦਾ ਟੀਕਾ ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਜੀ ਦੀ ਕਿਰਪਾ ਨਾਲ ਲਿਖਿਆ ਗਿਆ ਹੈ, ਬਸ ਗੁਰੂ ਦੀ ਟੇਕ ਲੈ ਕੇ ਆਰੰਭ ਕੀਤਾ ਸੀ ਤੇ ਗੁਰੂ ਨੇ ਕਿਰਪਾ ਕਰਕੇ ਸੰਪੂਰਨ ਕਰਾ ਦਿੱਤਾ ਹੈ। ਜੈਸਾ ਕਿ :

**ਮੂਕ ਉਚਰੈ ਸਾਸਤ੍ਰ ਖਟਿ ਪਿੰਗ ਗਿਰਨ ਚੜਿ ਜਾਇ ॥**
**ਅੰਧ ਲਖੈ ਬਧਰੋ ਸੁਨੈ ਜੋ ਕਾਲ ਕ੍ਰਿਪਾ ਕਰਾਇ ॥** *(ਸ੍ਰੀ ਦਸਮ ਗ੍ਰੰਥ, ਬਚਿੱਤ੍ਰ ਨਾਟਕ, ਅਧਿ: ੨)*

# ਅਥ ਅਧਯਾਤਮ ਪ੍ਰਕਾਸ਼ ਸਟੀਕ ਲਿਖਯਤੇ ॥

ਅਥ = ਹੁਣ ਅਧਯਾਤਮ = ਬ੍ਰਹਮ ਵਿੱਦਿਆ (ਬ੍ਰਹਮ ਗਿਆਨ) ਦੇ ਪ੍ਰਕਾਸ਼ = ਚਾਨਣੇ ਵਾਲਾ ਗ੍ਰੰਥ ਸਟੀਕ = ਅਰਥਾਂ ਦੇ ਸਹਿਤ ਲਿਖਯਤੇ = ਲਿਖਣਾ ਕਰਦੇ ਹਾਂ। ਪਹਿਲਾਂ ਵਸਤੂ ਨਿਰਦੇਸ਼ ਮੰਗਲ ਕਰਦੇ ਹਨ।

# ੧ਓ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ਓਂ = ਸਰਬ ਦਾ ਪ੍ਰਕਾਸ਼ਕ **ਵਾ:** ਉਚਾਰਣ ਮਾਤ੍ਰ ਸੇ ਸਰਬ ਕੀ ਰੱਖਯਾ ਕਰਨੇ ਵਾਲਾ, ਸਤਿ = ਤ੍ਰੈਈ ਕਾਲ ਅਬਾਧ ਰੂਪ, ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ। **ਅਥਵਾ** ਇਕ ਓਅੰਕਾਰ ਪਰਮਾਤਮਾ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

ਅੱਗੇ ਗ੍ਰੰਥ ਕਰਤਾ ਗ੍ਰੰਥ ਦੀ ਨਿਰਵਿਘਨ ਸਮਾਪਤੀ ਦੇ ਵਾਸਤੇ **ਵਾ:** ਸ੍ਰੇਸ਼ਟ ਕਵੀਆਂ ਦੀ ਪ੍ਰੰਪਰਾ ਦੀ ਰੀਤੀ ਅਨੁਸਾਰ ਨਿਰਗੁਣ ਬ੍ਰਹਮ ਦਾ ਮੰਗਲ ਕਰਦੇ ਹਨ।

## ਸ੍ਵੈਯਾ ॥

## ਥਾਵਰ ਜੰਗਮ ਜੀਵ ਜਿਤੇ; ਜਗ ਭਾਂਤਨ ਭਾਂਤਨ ਭੇਖ ਧਰੇ ਹੈਂ ॥

ਥਾਵਰ = ਇੱਕ ਜਗ੍ਹਾ ਟਿਕੇ ਰਹਿਣ ਵਾਲੇ (ਬ੍ਰਿਛ, ਪੱਥਰ ਆਦਿ), ਜੰਗਮ = ਤੁਰਨ-ਫਿਰਨ, ਵਿਚਰਨ ਵਾਲੇ (ਪਸ਼ੂ, ਪੰਛੀ, ਮਨੁੱਖ ਆਦਿ) ਜਿਤੇ = ਜਿਤਨੇ ਵੀ ਜੀਵ ਹਨ, ਇਨ੍ਹਾਂ ਸਭਨਾਂ ਨੇ ਜਗ = ਸੰਸਾਰ ਵਿਚ ਭਾਂਤਨ ਭਾਂਤਨ = ਤਰ੍ਹਾਂ ਤਰ੍ਹਾਂ ਦੇ ਭੇਖ = ਸਰੂਪ ਧਰੇ = ਧਾਰਨ ਕੀਤੇ ਹੈਂ = ਹੋਏ ਹਨ।

## ਤਾਂ ਮਹਿ ਸੱਤ ਚਿਦਾਨੰਦ ਏਕੁ; ਸੁ ਆਤਮ ਨਿਤ ਪ੍ਰਕਾਸ਼ ਕਰੇ ਹੈਂ ॥

ਤਾਂ = ਉਨ੍ਹਾਂ ਜੜ੍ਹ ਚੇਤਨ ਜੂਨਾਂ ਮਹਿ = ਵਿਚ ਸਤ ਚੇਤਨ ਤੇ ਅਨੰਦ ਸਰੂਪ ਜੋ ਇਕ ਆਤਮਾ ਹੈ, ਉਹ ਆਤਮਾ ਹੀ ਨਿਤ = ਸਦਾ ਹੀ ਸੱਤਾ ਦੇਣ ਰੂਪ ਪ੍ਰਕਾਸ਼ = ਚਾਨਣਾ ਕਰ ਰਿਹਾ ਹੈ।

## ਤਾਂ ਬਿਨ ਜਾਨਤ ਸਿੰਧੁ ਸੁ ਲਾਗਤ; ਜਾਨਤ ਗੋ ਪਦ ਤੁਲ ਤਰੇ ਹੈਂ ॥

ਤਾਂ = ਉਸ ਸਤ ਚਿਤ ਅਨੰਦ ਸਰੂਪ ਪਰਮਾਤਮਾ ਨੂੰ ਜਾਨਤ = ਜਾਣੇ ਤੋਂ ਬਿਨ = ਬਗ਼ੈਰ ਇਹ ਸੰਸਾਰ ਸਿੰਧੁ = ਸਮੁੰਦਰ ਵਾਂਗ ਡਰਾਵਨਾ, ਭਿਆਨਕ ਲਾਗਤ = ਲੱਗਦਾ ਹੈ, ਪ੍ਰਤੀਤ ਹੁੰਦਾ ਹੈ **ਵਾ**: ਆਪਣੇ ਆਪ ਤਰਨਾ ਬਹੁਤ ਕਠਿਨ ਹੈ ਅਤੇ ਉਸ ਪਰਮਾਤਮਾ ਨੂੰ ਆਤਮ ਸਰੂਪ ਜਾਨਤ = ਜਾਨਣ ਕਰਕੇ ਗੋ = ਗਾਂ ਦੇ ਪਦ = ਪੈਰਾਂ ਦੀ ਪੈੜ ਵਤ ਤੁੱਛ ਜਾਣ ਕੇ ਸੌਖਿਆਂ ਹੀ ਤਰ ਜਾਈਦਾ ਹੈ, ਭਾਵ ਜਿਵੇਂ ਗਾਂ ਦੇ ਖੁਰ ਵਾਲੀ ਥਾਂ ਵਿਚ ਪਾਣੀ ਭਰਿਆ ਹੋਵੇ ਤਾਂ ਉਸਨੂੰ ਸੌਖਿਆਂ ਇਕ ਲਾਂਘ ਵਿਚ ਹੀ ਪਾਰ ਕਰ ਜਾਈਦਾ ਹੈ, ਤਿਵੇਂ ਪਰਮਾਤਮਾ ਨੂੰ ਜਾਨਣ ਕਰਕੇ ਸੰਸਾਰ ਸਮੁੰਦਰ ਨੂੰ ਸੌਖਿਆਂ ਹੀ ਪਾਰ ਕਰ ਲਈਦਾ ਹੈ।

## ਬੰਦਤ ਤਾਹਿ ਸਦਾ ਸੁਖਦੇਵ; ਜੁ ਬ੍ਰਹਮ ਸਦਾ ਸਭਹੂੰ ਤੇ ਪਰੇ ਹੈਂ ॥੧॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਮੈਂ ਉਸ ਸਮਰਥ ਪਰਮਾਤਮਾ ਨੂੰ ਸਦਾ = ਹਮੇਸ਼ਾਂ ਬੰਦਤ = ਨਮਸ਼ਕਾਰ ਕਰਦਾ ਹਾਂ ਜੁ = ਜਿਹੜਾ ਬ੍ਰਹਮ = ਪਰਮਾਤਮਾ ਸਦਾ = ਸਦੀਵ ਕਾਲ ਰਹਿਣ ਵਾਲਾ ਹੈ ਅਤੇ ਮਨ, ਬੁੱਧ ਆਦਿ ਸਭਹੂੰ = ਸਾਰਿਆਂ ਤੇ = ਤੋਂ ਪਰ੍ਹੇ ਹੈ ॥੧॥

## ਦੋਹਰਾ ॥

## ਬ੍ਯਾਸ[੧] ਮਥਨਕਰ ਬੇਦ ਸਭ; ਸੂਤ੍ਰ ਜੋ ਕਾਢੇ ਸਾਰ ॥

ਬਿਆਸ ਰਿਖੀ ਜੀ ਨੇ ਸਭ = ਸਾਰੇ ਬੇਦ ਮਥਨ = ਵਿਚਾਰ ਕਰਿ = ਕਰਕੇ ਜੋ = ਜਿਹੜੇ ਸਾਰ = ਸਿਧਾਂਤ ਰੂਪ ਸੂਤ੍ਰ ਕਾਢੇ = ਕੱਢੇ ਸਨ।

[ਸੂਤ੍ਰ = ਸੰਖੇਪ ਬਚਨ, ਬਹੁਤੇ ਅਰਥ ਭਾਵਾਂ ਨੂੰ ਪ੍ਰਗਟ ਕਰਨ ਵਾਲਾ ਥੋੜ੍ਹੇ ਸ਼ਬਦਾਂ ਵਿਚ ਕਿਹਾ ਹੋਇਆ ਵਾਕ, ਕਿਸੇ ਵੀ ਛੰਦਾਂ, ਸਲੋਕਾਂ ਆਦਿ ਦੀ ਰਚਨਾ ਵਿਚ ਕੀਤਾ ਗਿਆ ਹੋਵੇ।]

---

੧. **ਬ੍ਯਾਸ** : ਇਹ ਇਕ ਰਿਖੀ ਦਾ ਨਾਮ ਹੈ, ਜੋ ਪਰਾਸਰ ਰਿਖੀ ਦਾ ਪੁੱਤਰ ਸੀ ਅਤੇ ਸਤਸਜੋਦਰ ਦੇ ਗਰਭ ਤੋਂ ਪੈਦਾ ਹੋਇਆ ਸੀ, ਇਸਦਾ ਰੰਗ ਕਾਲਾ ਹੋਣ ਕਰਕੇ ਇਸਦਾ ਨਾਮ ਕ੍ਰਿਸ਼ਨ ਵੀ ਹੈ, ਜਮਨਾ ਦੇ ਟਾਪੂ ਵਿਚ ਜਨਮ ਹੋਣ ਕਰਕੇ ਦ੍ਵੈ ਪਾਯਨ ਨਾਮ ਹੋ ਗਿਆ, ਫੇਰ ਵੇਦਾਂ ਦੀ ਵੰਡ ਅਤੇ ਪੁਰਾਣਾਂ ਦੀ ਕਥਾ ਦਾ ਵਿਸਤਾਰ ਕਰਨ ਕਰਕੇ ਇਸਦਾ ਨਾਮ ਵਿਆਸ ਪ੍ਰਸਿੱਧ ਹੋਇਆ। ਇਹ ਬਹੁਤ ਵੱਡਾ ਕਵੀ ਹੋਇਆ ਹੈ, ਇਸਨੇ ਵੇਦਾਂਤ ਸੂਤ੍ਰ ਰਚ ਕੇ ਛੇਵਾਂ ਦਰਸ਼ਨ ਕਾਇਮ ਕੀਤਾ।

## ਸ੍ਰੀ ਗੁਰਸ਼ੰਕ੍ਰ ਦੇਵ[੧] ਜੂ; ਕਰਯੋ ਬਹੁਤ ਵਿਸਤਾਰ ॥੨॥

ਸ੍ਰੀ = ਸ਼ੋਭਾਵਾਨ ਗੁਰ = ਪੂਜਨੀਕ ਸ਼ੰਕਰ ਦੇਵ ਜੂ = ਜੀ ਨੇ ਤਿਨ੍ਹਾਂ ਸੂਤਰਾਂ ਦਾ ਬਹੁਤ ਵਿਸਤਾਰ ਕੀਤਾ, ਭਾਵ ਵਖਿਆਨ ਕਰਕੇ ਬਹੁਤ ਪ੍ਰਚਾਰ ਕੀਤਾ ॥੨॥

## ਦੋਹਰਾ ॥

## ਤਿਨ ਗ੍ਰੰਥਨ ਕੋ ਸਮਝ ਮਤ; ਹਿਯ ਧਰ ਪਰਉਪਕਾਰ ॥

ਤਿਨ = ਉਨ੍ਹਾਂ ਵਖਿਆਨ ਰੂਪ ਗ੍ਰੰਥਾਂ ਕੋ = ਦੇ ਮਤ = ਤਾਤਪ੍ਰਯ (ਰਹੱਸ) ਨੂੰ ਸਮਝ ਕਰਕੇ, ਭਾਵ ਉਨ੍ਹਾਂ ਦੇ ਸਾਰ ਸਿਧਾਂਤ ਨੂੰ ਵਿਚਾਰ ਕਰਕੇ ਅਤੇ ਹਿਯ = ਹਿਰਦੇ ਵਿਚ ਪਰਉਪਕਾਰ = ਪਰਾਇਆਂ, ਦੂਜਿਆਂ ਦੇ ਭਲੇ ਵਾਸਤੇ ਖ਼ਿਆਲ ਧਰ = ਧਾਰਨ ਕਰਕੇ।

## ਭਾਖਾ ਕਰ ਸੁਖਦੇਵ ਕਵਿ; ਰਚਯੋ ਗ੍ਰੰਥ ਅਤਿਚਾਰ ॥੩॥

ਕਵਿ = ਕਵੀ ਸੁਖਦੇਵ ਸਿੰਘ ਜੀ ਕਥਨ ਕਰਦੇ ਹਨ ਕਿ ਮੈਂ ਭਾਖਾ = ਆਮ ਬੋਲ-ਚਾਲ ਵਾਲੀ ਬੋਲੀ ਵਿਚ ਇਹ ਅਤਿ = ਅਤਿਅੰਤ ਚਾਰ = ਸੁੰਦਰ ਗ੍ਰੰਥ ਰਚਯੋ = ਰਚਨਾ ਕੀਤਾ ਹੈ ॥੩॥

ਅੱਗੇ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ :

## ਦੋਹਰਾ ॥ ਜੈਸੇ ਰਵਿ ਕੇ ਤੇਜ ਤੇ; ਅੰਧਕਾਰ ਮਿਟ ਜਾਇ ॥

ਜੈਸੇ = ਜਿਸ ਪ੍ਰਕਾਰ ਰਵਿ = ਸੂਰਜ ਕੇ = ਦੇ ਤੇਜ = ਪ੍ਰਕਾਸ਼ ਦੇ ਤੇ = ਨਾਲ ਅੰਧਕਾਰ = ਹਨੇਰਾ ਮਿਟ ਜਾਇ = ਜਾਂਦਾ ਹੈ।

## ਅਧਯਾਤਮ ਪ੍ਰਕਾਸ ਤੇ; ਤਯੋਂ ਅਗਯਾਨ ਨਸਾਇ ॥੪॥

ਤਯੋਂ = ਤਿਵੇਂ ਹੀ ਇਸ ਅਧਿਆਤਮ ਪ੍ਰਕਾਸ਼ ਗ੍ਰੰਥ ਦੇ ਪੜ੍ਹਨ ਤੇ ਵਿਚਾਰਨ ਨਾਲ ਅੰਤਹਕਰਨ ਦੇ ਅੰਦਰੋਂ ਅਗਿਆਨਤਾ ਦਾ ਹਨੇਰਾ ਨਸਾਇ = ਨਾਸ਼ ਹੋ ਜਾਂਦਾ ਹੈ।

---

੧. **ਸ਼ੰਕ੍ਰ ਦੇਵ** : ਸ਼ੰਕਰਾਚਾਰਯ ਜੀ, ਜਿਸਨੂੰ ਹਿੰਦੂ ਸ਼ਿਵਜੀ ਦਾ ਅਵਤਾਰ ਮੰਨਦੇ ਹਨ, ਸ਼ੰਕਰਾਚਾਰਯ ਜੀ ਕੋਚਿਨ ਦੇਹ ਇਲਾਕੇ ਵਿਚ ਕਲਦੀ (ਕਾਲਪੀ) ਪਿੰਡ ਵਿਚ ਸੰਮਤ ੮੪੬ (ਸੰਨ ੭੮੮) ਵਿਚ ਸ਼ਿਵ ਗੁਰੂ ਬ੍ਰਾਹਮਣ ਦੇ ਘਰ ਮਾਤਾ ਵਸ਼ਿਸ਼ਠਾਂ ਦੀ ਕੁੱਖੋਂ ਸ਼ੰਕਰ ਦਾ ਜਨਮ ਹੋਇਆ। ਆਪ ਜੀ ਨੇ ਖਟ ਸ਼ਾਸਤ੍ਰ ਵੇਦ ਵੇਦਾਂਗ ਚੰਗੀ ਤਰ੍ਹਾਂ ਪੜ੍ਹ ਕੇ ਗੋਵਿੰਦ ਸੁਆਮੀ ਤੋਂ ਸੰਨਿਆਸ ਧਾਰਨ ਕੀਤਾ ਅਤੇ ਕਾਂਸੀ ਵਿਚ ਆਸਣ ਜਮਾ ਕੇ ਅਦ੍ਵੈਤ ਮੱਤ ਦਾ ਬਹੁਤ ਪ੍ਰਚਾਰ ਕੀਤਾ ਅਤੇ ਤਿੱਖੀ ਬੁੱਧੀ ਹੋਣ ਕਰਕੇ ਵਿੱਦਿਆ ਬਲ ਨਾਲ ਬਹੁਤ ਵਿਦਿਆਰਥੀ ਆਪਣੇ ਵੱਲ ਖਿੱਚ ਲਏ। ਮਗਧ ਦੀ ਰਾਜਧਾਨੀ ਮਹਿਖਮਤੀ ਦੇ ਪ੍ਰਧਾਨ ਅਤੇ ਲੋਕ ਪ੍ਰਸਿੱਧ ਪੰਡਿਤ ਮੰਡਨ ਮਿਸ੍ਰ ਅਤੇ ਉਸਦੀ ਅਦੁੱਤੀ ਪੰਡਿਤਾ ਇਸਤ੍ਰੀ ਭਾਰਤੀ ਨੂੰ ਸ਼ਾਸਤ੍ਰਾਰਥ ਵਿਚ ਜਿੱਤਣ ਕਰਕੇ ਸ਼ੰਕਰ ਦੀ ਸ਼ੁਹਰਤ ਭਾਰਤ ਵਿਚ ਬਹੁਤ ਫੈਲ ਗਈ। ਮੰਡਨ ਅਤੇ ਭਾਰਤੀ ਦੋਵੇਂ ਸ਼ੰਕਰ ਦੇ ਚੇਲੇ ਹੋ ਗਏ ਅਰ ਸੰਨਿਆਸ ਧਾਰ ਕੇ ਅਦ੍ਵੈਤ ਮੱਤ ਦਾ ਪ੍ਰਚਾਰ ਕਰਦੇ ਰਹੇ। ਸ਼ੰਕਰ ਨੇ ਕਈ ਥਾਂ ਅਨੇਕ ਵਿਦਵਾਨਾਂ ਉੱਪਰ ਫ਼ਤਹਿ ਪਾਈ ਅਤੇ ਬੌਧ ਧਰਮ ਨੂੰ ਭਾਰੀ ਸ਼ਿਕਸਤ ਦਿੱਤੀ, ਜਿਸ ਦਾ ਜ਼ਿਕਰ 'ਸ਼ੰਕਰ ਦਿਗ ਵਿਜਯ' ਵਿਚ ਮਾਧਵਾਚਾਰਯ ਨੇ ਲਿਖਿਆ ਹੈ। ਸ਼ੰਕਰਾਚਾਰਯ ਨੇ ਕਈ ਮੱਠ (ਆਸ਼ਰਮ) ਬਣਾਏ, ਜਿਨ੍ਹਾਂ ਵਿਚ ਸਭ ਤੋਂ ਪ੍ਰਸਿੱਧ ਸ਼੍ਰਿੰਗੇਰੀ ਮੱਠ ਹੈ, ਜੋ ਮੈਸੋਰ ਰਾਜ ਦੇ ਜ਼ਿਲ੍ਹੇ ਕਦੂਰ ਵਿਚ ਤੁੰਗਭਦ੍ਰਾ ਦੇ ਕਿਨਾਰੇ ਸ਼੍ਰਿੰਗਗਿਰੀ 'ਤੇ ਪ੍ਰਸਿੱਧ ਅਸਥਾਨ ਹੈ, ਇਸ ਥਾਂ ਆਪਣੇ ਲਾਇਕ ਚੇਲੇ ਮੰਡ ਨੂੰ ਜੋ ਇਸ ਵੇਲੇ ਸੁਰੇਸੂਰਾਚਾਰਯ ਕਰਕੇ ਪ੍ਰਸਿੱਧ ਸੀ। ਮਹੰਤ ਅਸਥਾਪਨ ਕੀਤਾ। ਸ਼ੰਕਰ ਨੇ ਵੇਦਾਂਤ ਸੂਤ੍ਰ, ਉਪਨਿਸ਼ਦਾਂ ਅਤੇ ਗੀਤਾ ਉੱਪਰ ਉੱਤਮ ਭਾਸ਼ਯ ਲਿਖੇ ਹਨ। ਸ਼ੰਕਰ ਜੀ ਆਸਾਮ ਦੇਸ਼ ਦੀ ਯਾਤ੍ਰਾ ਵਿਚ ਰੋਗੀ ਹੋ ਗਏ ਅਤੇ ੩੨ ਵਰ੍ਹੇ ਦੀ ਉਮਰ ਵਿਚ ਕੇਦਾਰਨਾਥ ਪਾਸ ਈਸਵੀ ਸੰਨ ੮੨੦ ਵਿਚ ਸਰੀਰ ਤਿਆਗ ਗਏ।

## ਦੋਹਰਾ ॥ ਗੁਰ ਸਿਖ ਕੋ ਸੰਬਾਦ ਅਰ; ਵੇਦ ਵਚਨ ਉਪਦੇਸ਼ ॥

ਇਸ ਗ੍ਰੰਥ ਵਿਚ ਗੁਰੂ ਅਤੇ ਸਿੱਖ ਕੋ = ਦਾ ਸੰਬਾਦ = ਸਵਾਲ-ਜਵਾਬ ਅਰ = ਅਤੇ ਵੇਦਾਂ ਦੇ ਬਚਨਾਂ ਦਾ ਯਥਾਰਥ ਉਪਦੇਸ਼ ਬਹੁਤ ਸੁਚੱਜੇ ਢੰਗ ਨਾਲ ਗੁੰਥਨ ਕੀਤਾ ਹੋਇਆ ਹੈ।

## ਅਧਯਾਤਮ ਪ੍ਰਕਾਸ਼ ਯਹ; ਭਾਖਾ ਸਰਸ ਸੁਵੇਸ਼ ॥੫॥

ਯਹ = ਇਹ ਅਧਯਾਤਮ ਪ੍ਰਕਾਸ਼ = ਬ੍ਰਹਮ ਵਿੱਦਿਆ ਦੇ ਚਾਨਣ ਦੇਣ ਵਾਲਾ ਗ੍ਰੰਥ ਭਾਖਾ = ਭਾਸ਼ਾ ਗ੍ਰੰਥਾਂ ਵਿਚ ਸਰਸ = ਸਹਿਤ ਰਸ ਦੇ **ਵਾ:** ਅਨੰਦ ਦੇ ਸਹਿਤ ਸੁਵੇਸ਼ = ਸ੍ਰੇਸ਼ਟ ਸਰੂਪ ਵਾਲਾ ਹੈ ॥੫॥

## ਮਮੁਖਯੂ ਲਛਨ

ਮੁਕਤੀ ਦੀ ਇੱਛਾ ਰੱਖਣ ਵਾਲੇ ਜਗਿਆਸੂ ਦੇ ਚਿੰਨ੍ਹ ਕਥਨ ਕਰਦੇ ਹਨ :

## ਦੋਹਰਾ ॥ ਅਧਿਕਾਰੀ ਜਗਯਾਸੁ ਅਰੁ; ਸਿਖ ਕਹਾਵੈ ਸੋਇ ॥

ਹੇ ਭਾਈ! ਅਧਿਕਾਰੀ = ਹੱਕ, ਅਧਿਕਾਰ ਰੱਖਣ ਵਾਲਾ, ਜਗਯਾਸੁ = ਗਿਆਨ ਦੀ ਇੱਛਾ ਵਾਲਾ ਅਰੁ = ਅਤੇ ਸਿਖ = ਸਿੱਖਿਆਰਥੀ ਸੋਇ = ਉਹੋ ਹੀ ਕਹਾਵੈ = ਅਖਵਾ ਸਕਦਾ ਹੈ।

## ਤਪ ਸਾਬਨ ਕਰ ਦੇਹ ਕੇ; ਪਾਤਕ ਡਾਰੈ ਧੋਇ ॥੬॥

(ਦੂਜਾ ਪਾਠ 'ਤਪਸਾ ਬਨ')

ਜੋ ਤਪ ਰੂਪੀ ਸਾਬਣ ਦੇ ਨਾਲ **ਵਾ:** ਤਪੱਸਿਆ ਰੂਪੀ ਬਨ = ਪਾਣੀ ਦੇ ਨਾਲ ਦੇਹ ਭਾਵ ਅੰਤਸ਼ਕਰਣ ਕੇ = ਦੇ ਪਾਤਕ = ਪਾਪ ਧੋਇ = ਧੋ ਕੇ ਡਾਰੈ = ਸੁੱਟ ਦੇਂਦਾ ਹੈ ॥੬॥

## ਛਪਯ ॥ ਬੇਦ ਸਿੰਮ੍ਰਿਤਿ ਜੇ ਕਹੇ; ਧਰਮ ਆਸ਼੍ਰਮ ਸੁ ਬਰਨਕੇ ॥

ਹੇ ਭਾਈ! ਚਾਰੇ ਆਸ਼ਰਮ (ਬ੍ਰਹਮਚਰਜ, ਗ੍ਰਿਹਸਤ, ਬਾਨਪ੍ਰਸਥ, ਸੰਨਿਆਸ) ਅਤੇ ਚਾਰੇ ਬਰਨਾਂ ਦੇ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ) ਦੇ ਧਰਮ = ਨਿਯਮ ਜੋ ਬੇਦਾਂ ਅਤੇ ਸਿੰਮ੍ਰਿਤੀਆਂ ਨੇ ਕਹੇ = ਕਥਨ ਕੀਤੇ ਹਨ।

## ਤਿਨ ਕਰ ਧੋਵੈ ਪਾਪ; ਜਨਮ ਜਨਮਾਂਤ੍ਰ ਤਨ ਕੇ ॥

ਤਿਨ = ਉਨ੍ਹਾਂ ਨਿਯਮਾਂ ਨੂੰ ਧਾਰਨ ਕਰਕੇ ਆਪਣੇ ਜਨਮ ਜਨਮਾਂਤ੍ਰ = ਅਨੇਕਾਂ ਜਨਮਾਂ ਦੇ **ਵਾ:** ਜਨਮ = ਇਸ ਪ੍ਰਾਪਤ ਮਨੁੱਖਾ ਜਨਮ ਅਤੇ ਜਨਮਾਂਤ੍ਰ = ਪੂਰਬਲੇ ਜਨਮਾਂ ਦੇ ਤਨ = ਅੰਤਸ਼ਕਰਣ ਦੇ ਪਾਪ ਦੀ ਮੈਲ ਨੂੰ ਧੋਵੈ = ਧੋਣਾ ਕਰੇ ਭਾਵ ਦੂਰ ਕਰੇ।

## ਫਲ ਅਭਿਲਾਖਾ ਛਾਡ; ਕਰਮ ਹਰਿ ਪ੍ਰੀਤਿ ਕਰੈ ਸਭ ॥

ਫੇਰ ਕਰਮ ਦੇ ਫਲ ਦੀ ਅਭਿਲਾਖਾ = ਇੱਛਾ ਛਾਡਿ = ਛੱਡ ਕਰਕੇ ਸਭ = ਸਾਰੇ ਕਰਮ ਹਰਿ = ਪਰਮੇਸ਼ਰ ਨੂੰ ਸਮਰਪਿਤ ਹੋ ਕੇ ਪ੍ਰੀਤੀ ਪੂਰਬਕ ਕਰਨਾ ਕਰੇ।

## ਰਿਦਯ ਵਿਮਲ ਜਬ ਹੋਇ; ਹੋਇ ਵੈਰਾਗਯ ਜੋਗਯ ਤਬ ॥

ਪੁਨਾ ਜਬ = ਜਦੋਂ ਰਿਦਯ = ਹਿਰਦਾ ਪਾਪਾਂ ਦੀ ਵਿਮਲ = ਮੈਲ ਤੋਂ ਰਹਿਤ, ਉੱਜਲ ਹੋਇ = ਹੋ ਜਾਵੇ, ਤਬ = ਤਦੋਂ ਹੀ ਜੀਵ ਆਪਣੇ ਆਪ ਨੂੰ ਵੈਰਾਗ ਦੇ ਜੋਗਯ = ਲਾਇਕ ਹੋਇਆ ਸਮਝਣਾ ਕਰੇ।

## ਸ੍ਰੁਤਿ ਯੁਗਤਿ ਸਹਿਤ ਉਪਦੇਸ਼; ਗੁਰ ਕਰੈ ਸਿੱਖ ਮਨ ਮੋ ਧਰੈ॥

ਫੇਰ ਜਦੋਂ ਗੁਰੂ ਸ੍ਰੁਤਿ = ਬੇਦ ਦੇ ਉਪਦੇਸ਼ ਨੂੰ ਯੁਗਤਿ = ਦਲੀਲਾਂ (ਦ੍ਰਿਸ਼ਟਾਂਤ) ਦੇ ਸਹਿਤ ਦੇਣਾ ਕਰੇ ਤਾਂ ਸਿੱਖ ਉਸ ਉਪਦੇਸ਼ ਨੂੰ ਸੁਣ ਕੇ ਆਪਣੇ ਮਨ ਦੇ ਮੋ = ਵਿਚ ਧਰੈ = ਧਾਰਨ ਕਰੇ।

## ਵਿਗਯਾਨ ਸਹਿਤ ਸੁਖਦੇਵ ਕਵਿ; ਸ਼ੁੱਧ ਗਯਾਨ ਮਾਰਗ ਚਰੈ॥੭॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਫੇਰ ਵਿਗਯਾਨ = ਵਿਸ਼ੇਸ਼ ਕਰਕੇ ਅਪ੍ਰੋਖ ਬੋਧ ਦੇ ਸਹਿਤ ਜੋ ਸ਼ੁੱਧ ਗਿਆਨ ਮਈ ਮਾਰਗ = ਰਸਤੇ ਦੇ ਉੱਪਰ ਚਰੈ = ਚੱਲਣਾ ਵਿਚਰਨਾ ਕਰੇ॥੭॥

## ਕੁੰਡਲੀਆ ਛੰਦ॥

## ਜੈਸੇ ਵਰਖਾ ਪਾਇ ਕਰ, ਜੋਤਤ ਖੇਤ ਕ੍ਰਿਸਾਨ॥

ਜੈਸੇ = ਜਿਸ ਪ੍ਰਕਾਰ ਵਰਖਾ = ਮੀਂਹ ਦੇ ਪਾਇ = ਪੈਣ ਕਰ = ਕਰਕੇ ਜ਼ਮੀਨ ਨੂੰ ਵੱਤਰ ਹੋਇਆ ਦੇਖ ਕੇ ਕ੍ਰਿਸਾਨ = ਜ਼ਿਮੀਂਦਾਰ ਖੇਤ ਵਿਚ ਹੱਲ ਜੋਤਤ = ਜੋੜ ਲੈਂਦਾ ਹੈ।

## ਤਯੋਂ ਪ੍ਰਾਰਬਧੈ ਪਾਇਕੇ; ਦੇਹ ਸੁ ਕਰਮਨ ਜਾਨ॥

ਤਯੋਂ = ਤਿਵੇਂ ਹੀ ਪ੍ਰਾਰਬਧੈ = ਦੇਹ ਦੇ ਅਰੰਭ ਕਰਨ ਵਾਲੇ ਕਰਮ **ਵਾ:** ਪਿਛਲੇ ਚੰਗੇ ਕਰਮਾਂ ਕਰਕੇ ਇਹ ਪੰਜਾਂ ਤੱਤਾਂ ਤੋਂ ਮਨੁੱਖਾ ਦੇਹੀ ਬਣੀ ਹੋਈ ਜਾਨ = ਜਾਨਣਾ ਕਰ।

## ਦੇਹ ਸੁਕਰਮਨ ਜਾਨ; ਖੈਂਚ ਇੰਦ੍ਰੀ ਮਨ ਸੋਧੈ॥

ਹੇ ਭਾਈ! ਇਹ ਮਨੁੱਖਾ ਦੇਹੀ ਸੁਕਰਮਨ = ਸ੍ਰੇਸ਼ਟ ਕਰਮਾਂ ਕਰਕੇ ਮਿਲੀ ਹੋਈ ਜਾਨ = ਜਾਨਣਾ ਕਰ ਅਤੇ ਆਪਣੀਆਂ ਦਸੇ ਇੰਦ੍ਰੀਆਂ ਤੇ ਮਨ ਨੂੰ ਖੈਂਚ = ਖਿੱਚ, ਰੋਕ ਕੇ ਇਨ੍ਹਾਂ ਨੂੰ ਸੋਧੈ = ਪਵਿੱਤਰ ਕਰ **ਵਾ:** ਇੰਦ੍ਰੀਆਂ ਨੂੰ ਰੋਕ ਕੇ ਮਨ ਨੂੰ ਸ਼ੁੱਧ ਕਰ।

## ਬੋਇ ਬੀਜ ਉਪਦੇਸ; ਬੇਦ ਬਚਨਨ ਗੁਰ ਬੋਧੈ॥

ਫੇਰ ਗੁਰੂ ਬੇਦਾਂ ਦੇ ਬਚਨਨ = ਬਚਨਾਂ ਦੁਆਰਾ ਬੋਧੈ = ਗਿਆਨ ਦਾ ਉਪਦੇਸ਼ ਦੇਣ ਉਸ ਉਪਦੇਸ਼ ਰੂਪੀ ਬੀਜ ਨੂੰ ਆਪਣੇ ਅੰਤਸ਼ਕਰਣ ਰੂਪੀ ਖੇਤ ਵਿਚ ਬੀਜਣਾ ਕਰੇ।

## ਤਬ ਉਪਜੈ ਵਿਗਯਾਨ; ਰੀਤਿ ਖੇਤੀ ਕਰ ਤੈਸੇ॥

ਤਬ = ਤਦੋਂ ਅੰਦਰ ਵਿਗਯਾਨ = ਸਰੂਪ ਦਾ ਸਾਖਸ਼ਾਤ ਗਿਆਨ ਉਪਜੈ = ਪ੍ਰਗਟ ਹੋਵੇਗਾ, ਇਸ ਪ੍ਰਕਾਰ ਜਿਵੇਂ ਖੇਤੀ ਦੀ ਰੀਤੀ ਹੈ ਤੈਸੇ = ਤਿਵੇਂ ਹੀ ਇਹ ਅੰਤ੍ਰੀਵ ਰੀਤੀ ਸਮਝਾਈ ਹੈ।

## ਅਨੁਭਵ ਸੁਖ ਤਬ ਲਹੈ; ਕਹੈ ਸੁਖ ਮਾਰਗ ਜੈਸੇ॥੮॥

ਸੁਖਦੇਵ ਕਵੀ ਜੀ ਕਥਨ ਕਰਦੇ ਹਨ, ਜੈਸੇ = ਜਿਸ ਪ੍ਰਕਾਰ ਇਹ ਅਧਯਾਤਮ ਪ੍ਰਕਾਸ਼ ਗ੍ਰੰਥ ਵਿਚ ਪਰਮਾਰਥ ਦਾ ਮਾਰਗ = ਰਸਤਾ ਦੱਸਿਆ ਹੈ, ਇਸ ਉੱਪਰ ਜਦੋਂ ਜੀਵ ਚੱਲੇਗਾ, ਤਬ = ਤਦੋਂ ਅਨੁਭਵਤਾ ਦੇ ਸੁਖ ਨੂੰ ਪ੍ਰਾਪਤ ਕਰ ਲਵੇਗਾ॥੮॥

## ਗੁਰੂ ਲੱਛਨ ॥ ਕਬਿੱਤ

ਇਸ ਕਬਿੱਤ ਵਿਚ ਗੁਰੂ ਦੀਆਂ ਨਿਸ਼ਾਨੀਆਂ ਕਥਨ ਕਰਦੇ ਹਨ:

**ਇਂਦ੍ਰਨ ਕੋ ਖੈਂਚਯੋ ਗਨ, ਸੋਧ ਕੀਨੋ ਹਾਥ ਮਨ;**
**ਪਰਉਪਕਾਰ ਹੀ ਲੌਂ ਤਨ ਭਾਈਯਤ ਹੈ ॥**

ਗਨ = ਸਮੂਹ ਦਸੇ ਇੰਦ੍ਰੀਆਂ ਕੋ = ਨੂੰ ਖੈਂਚਯੋ = ਖਿੱਚ ਕਰਕੇ ਭਾਵ ਰੋਕ ਕੇ ਮਨ ਨੂੰ ਸੋਧ = ਸ਼ੁੱਧ ਕਰਕੇ ਆਪਣੇ ਹਾਥ = ਹੱਥ ਵਿਚ ਭਾਵ ਅਧੀਨ ਕੀਨੋ = ਕੀਤਾ ਹੋਵੇ, ਪੁਨਾ ਸਰੀਰ ਪ੍ਰਯੰਤ ਜਿਨ੍ਹਾਂ ਨੂੰ ਪਰਉਪਕਾਰ = ਪਰਾਇਆਂ, ਦੂਜਿਆਂ ਦਾ ਭਲਾ ਕਰਨਾ ਹੀ ਭਾਈਯਤ = ਭਾਉਂਦਾ ਹੈ।

**ਬੇਦਨ ਬਖਾਨਬੇ ਕੋ, ਸਾਰਾਸਾਰ ਜਾਨਬੇ ਕੋ;**
**ਭੇਦ ਗ੍ਰੰਥ ਭਾਨਬੇ ਕੋ ਰੂਪ ਗਾਈਯਤ ਹੈ ॥**

ਫੇਰ ਬੇਦਨ = ਵੇਦਾਂ ਦੇ ਬਖਾਨਬੇ = ਵਖਿਆਨ ਕੋ = ਦਾ ਬਕਤਾ ਹੋਵੇ (ਸਾਰ+ਅਸਾਰ) ਸਾਰ = ਸੱਚ ਅਤੇ ਅਸਾਰ = ਅਸੱਤ, ਝੂਠ ਨੂੰ ਜਾਨਬੇ = ਜਾਨਣ ਵਾਲਾ ਹੋਵੇ ਭਾਵ ਸਤ ਬ੍ਰਹਮ ਹੈ ਅਤੇ ਅਸੱਤ ਸੰਸਾਰ ਹੈ ਇਹ ਗਿਆਨ ਵਾਲਾ ਹੋਵੇ। ਫੇਰ ਜੀਵ ਈਸ਼ ਦੇ ਭੇਦ ਵਾਲੀ ਗ੍ਰੰਥ = ਗੰਢ ਕੋ = ਨੂੰ ਭਾਨਬੇ = ਭੰਨਣ, ਨਾਸ਼ ਕਰਨ ਵਾਲਾ ਹੀ ਜਿਸ ਦਾ ਸਰੂਪ ਗਾਈਯਤ = ਗਾਇਆ ਜਾਂਦਾ ਹੈ, **ਵਾ:** ਆਪਣੇ ਆਤਮ ਸਰੂਪ ਦੇ ਜਸ ਨੂੰ ਗਾਉਂਦਾ ਹੋਵੇ।

**ਏਕ ਰੂਪ ਪਹਚਾਨਯੋ, ਸਭ ਹੀ ਮੈ ਸੋਈ ਜਾਨਯੋ;**
**ਆਪਤੇ ਨ ਜੁਦੋ ਮਾਨਯੋ ਯੌਂ ਬਤਾਈਯਤ ਹੈ ॥**

ਜਿਸ ਨੇ ਪਰਮਾਤਮਾ ਦਾ ਏਕ = ਇਕ ਸਰੂਪ ਹੀ ਪਹਿਚਾਨਿਆ ਹੈ ਅਤੇ ਸਭ = ਸਾਰਿਆਂ ਦੇ ਮੈ = ਵਿਚ ਨਿਸ਼ਚੇ ਕਰਕੇ ਸੋਈ = ਉਹੀ ਪਰਮਾਤਮਾ ਨੂੰ ਵਿਆਪਕ ਜਾਨਯੋ = ਜਾਨਣਾ ਕੀਤਾ ਹੈ ਆਪਣੇ ਤੋਂ ਵੀ ਪਰਮਾਤਮਾ ਨੂੰ ਜੁਦੋ = ਭਿੰਨ ਨਹੀਂ ਮੰਨਿਆ, ਯੌਂ = ਇਸ ਤਰੀਕੇ ਨਾਲ ਹੀ ਹੋਰਨਾਂ ਨੂੰ ਵੀ ਪਰਮਾਤਮਾ ਦੇ ਸਰੂਪ ਬਾਰੇ ਬਤਾਈਯਤ = ਦੱਸਦਾ ਹੈ।

**ਈਸ਼੍ਵਰ ਲੌਂ ਧਯਾਵੈ, ਜੀ ਮੈ ਭਗਤਿ ਦ੍ਰਿੜਾਵੈ;**
**ਜਬ ਐਸੋ ਗੁਰ ਪਾਵੈ ਤਾਂ ਸੋਂ ਗਯਾਨ ਪਾਈਯਤ ਹੈ ॥੯॥**

ਜੋ ਈਸ਼੍ਵਰ = ਪਰਮਾਤਮਾ ਪ੍ਰਯੰਤ ਧਯਾਵੈ = ਚਿੰਤਨ ਕਰਨ ਵਾਲਾ ਹੋਵੇ, ਹੋਰਨਾਂ ਪੁਰਖਾਂ ਦੇ ਜੀ = ਹਿਰਦੇ ਮੈ = ਵਿਚ ਪਰਮਾਤਮਾ ਦੀ ਭਗਤਿ = ਭਗਤੀ ਦ੍ਰਿੜਾਵੈ = ਦ੍ਰਿੜ੍ਹ ਕਰਵਾਉਂਦਾ ਹੈ, ਜਬ = ਜਦੋਂ ਐਸੋ = ਅਜਿਹੀਆਂ ਨਿਸ਼ਾਨੀਆਂ ਵਾਲਾ ਗੁਰੂ ਪਾਵੈ = ਪਾਈਦਾ ਹੈ, ਤਾਂ = ਉਸ ਗੁਰੂ ਦੇ ਸੋਂ = ਪਾਸੋਂ ਹੀ ਬ੍ਰਹਮ ਗਿਆਨ ਪਾਈਯਤ = ਪਾਈਦਾ ਹੈ ॥੯॥

ਜਦੋਂ ਅਜਿਹਾ ਗੁਰੂ ਪ੍ਰਾਪਤ ਹੋ ਜਾਵੇ ਤਾਂ:

**ਦੋਹਰਾ ॥ ਗੁਰ ਸਿਉਂ ਪੂਛੈ ਸਿਖ ਯਹ; ਨਮਸਕਾਰ ਕਰ ਪਾਨ ॥**

ਐਸੇ ਗੁਰੂ ਦੇ ਸਿਉਂ = ਪਾਸੋਂ ਸਿੱਖ ਆਪਣੇ ਦੋਵੇਂ ਪਾਨ = ਹੱਥ ਜੋੜ ਕਰ = ਕਰਕੇ ਅਤੇ ਨਮਸਕਾਰ = ਬੰਦਨਾ ਕਰਕੇ ਯਹ = ਇਹ ਪੂਛੈ = ਪੁੱਛਣਾ ਕਰੇ।

## ਨੀਕੇ ਕੈ ਮੋ ਸੋਂ ਕਹੋ; ਕਾ ਸੋਂ ਕਹੀਯਤ ਗ੍ਯਾਨ ॥੧੦॥

ਹੇ ਸਤਿਗੁਰੂ ਜੀ ! ਮੋ = ਮੇਰੇ ਸੋਂ = ਤਾਈਂ ਨੀਕੇ ਕੈ = ਚੰਗੀ ਤਰ੍ਹਾਂ, ਭਲੀ ਪ੍ਰਕਾਰ ਇਹ ਕਹੋ = ਕਹਿਣਾ ਕਰੋ ਕਿ ਗਿਆਨ ਕਾ ਸੋਂ = ਕਿਸ ਨੂੰ ਕਹੀਯਤ = ਕਹਿੰਦੇ ਹਨ ॥੧੦॥

## ਸ੍ਰੀ ਗੁਰੋ ਵਾਚ ॥

ਸ੍ਰੀ ਗੁਰੂ ਜੀ ਅੱਗੋਂ ਉੱਤਰ ਰੂਪ ਵਿਚ ਕਥਨ ਕਰਦੇ ਹਨ :

## ਦੋਹਰਾ ॥ ਭੂਲ ਗਯੋ ਅਗ੍ਯਾਨ ਤੇ; ਅਪੁਨੋ ਆਤਮ ਰੂਪ ॥

ਹੇ ਸਿੱਖ ! ਜੋ ਅਪੁਨੋ = ਆਪਣਾ ਆਤਮ ਸਰੂਪ ਅਗ੍ਯਾਨ = ਬੇ-ਸਮਝੀ ਦੇ ਤੇ = ਕਾਰਨ ਭੂਲ = ਭੁੱਲ ਗਯੋ = ਗਿਆ ਸੀ।

## ਤਾਹੀ ਕੋ ਫਿਰ ਜਾਨਬੋ; ਗਯਾਨ ਕਹਿਤ ਕਵਿ ਭੂਪ ॥੧੧॥

ਫਿਰ = ਪੁਨਾ ਤਾਹੀ = ਉਸੇ ਸਰੂਪ ਨੂੰ ਗੁਰਾਂ ਦੁਆਰਾ ਜਾਨਬੋ = ਜਾਣ ਲੈਣਾ, ਇਸੇ ਨੂੰ ਕਵਿ ਭੂਪ = ਰਾਜੇ ਕਵੀ ਭਾਵ ਸ਼ਿਰੋਮਣੀ ਕਵੀ ਭਾਵ ਤਤ ਬੇਤੇ ਜਨ ਗਿਆਨ ਕਹਿਤ = ਕਥਨ ਕਰਦੇ ਹਨ ॥੧੧॥

## ਸਿਖ੍ਯੋ ਵਾਚ ॥

ਸਿੱਖ ਆਪਣੀ ਬੇਨਤੀ ਕਥਨ ਕਰਦਾ ਹੈ :

## ਦੋਹਰਾ ॥ ਭਗਵਨ ਆਤਮ ਗ੍ਯਾਨ ਕੋ; ਜਾਨੋ ਕੈਸੀ ਭਾਂਤ ॥

ਭਗਵਨ = ਹੇ ਗੁਰੂ ਜੀ ! ਉਸ ਆਤਮ ਗਿਆਨ ਕੋ = ਨੂੰ ਕੈਸੀ = ਕਿਸ ਭਾਂਤ = ਤਰ੍ਹਾਂ ਭਾਵ ਕਿਹੜੇ ਢੰਗ ਨਾਲ ਜਾਨੋ = ਜਾਨਣਾ ਕਰਾਂ ?

## ਸੋਈ ਸਾਧਨ ਯੁਕਤਿ ਕਹੁ, ਜੌਂ ਮਨ ਆਵੈ ਸ਼ਾਂਤ ॥੧੨॥

ਹੇ ਗੁਰੂ ਜੀ ! ਸੋਈ = ਉਹੀ ਗਿਆਨ ਸਾਧਨਾ ਦੇ ਯੁਕਤਿ = ਸਹਿਤ ਮੈਨੂੰ ਕਹੋ ਭਾਵ ਚੰਗੇ ਤਰੀਕੇ ਨਾਲ ਮੈਨੂੰ ਸਮਝਾਉਣਾ ਕਰੋ, ਜੌਂ = ਜਿਸ ਕਰਕੇ ਮੇਰੇ ਮਨ = ਹਿਰਦੇ ਵਿਚ ਸ਼ਾਂਤ = ਸ਼ਾਂਤੀ ਆ ਜਾਵੇ ॥੧੨॥

## ਸ੍ਰੀ ਗੁਰੋ ਵਾਚ ॥

ਸ੍ਰੀ ਗੁਰੂ ਜੀ ਅੱਗੇ ਉੱਤਰ ਰੂਪ ਵਿਚ ਕਥਨ ਕਰਦੇ ਹਨ :

## ਦੋਹਰਾ ॥ ਸਾਧਨ ਚਾਰ ਕਹੈ ਗੁਰਨ; ਪ੍ਰਿਥਮੈ ਏਕ ਵੈਰਾਗ ॥

ਹੇ ਸਿੱਖ ! ਗੁਰਨ = ਗੁਰੂਆਂ, ਵੱਡਿਆਂ ਨੇ ਗਿਆਨ ਦੀ ਪ੍ਰਾਪਤੀ ਦੇ ਪਹਿਲਾਂ ਚਾਰ ਸਾਧਨ ਕਹੇ ਹਨ, ਉਨ੍ਹਾਂ ਚੌਹਾਂ ਵਿੱਚੋਂ ਪ੍ਰਿਥਮੈ = ਪਹਿਲਾ ਇਕ ਵੈਰਾਗ ਹੈ।

## ਪੁਨ ਵਿਵੇਕ ਸਮ ਦਮ ਅਵਰ, ਸੁਨ ਮਮੁਖਯੁ ਵਡਭਾਗ ॥੧੩॥

ਪੁਨ = ਫੇਰ ਦੂਜਾ ਸਾਧਨ ਬਿਬੇਕ ਹੈ, ਤੀਜਾ ਸਾਧਨ ਸਮ = ਮਨ ਦੇ ਸੰਕਲਪਾਂ ਦਾ ਤਿਆਗ

ਦਮ = ਇੰਦ੍ਰਿਆਂ ਨੂੰ ਵਸੀਕਾਰ ਕਰਨ ਅਵਰ = ਹੋਰ ਸ਼ਰਧਾ, ਉਪਰਾਮਤਾ, ਸਮਾਧਾਨ ਤੇ ਤਤਿਕ੍ਸ਼ਸ਼ਾ ਬਿਰਤੀ ਰੂਪੀ ਖਟ ਸੰਪਤੀ ਹੈ।

ਹੇ ਵਡਭਾਗ = ਵੱਡੇ ਭਾਗਾਂ ਵਾਲੇ ਸਿੱਖ! ਸੁਨ = ਸੁਣਨਾ ਕਰ, ਚੌਥਾ ਸਾਧਨ ਮਮੁਖਸੁ = ਮੁਕਤੀ ਦੀ ਇੱਛਾ ਹੈ ॥੧੩॥

**ਵੈਰਾਗ ਲਛਨ :** ਅੱਗੇ ਚਾਰ ਸਾਧਨਾਂ ਦੇ ਵਿੱਚੋਂ ਸਭ ਤੋਂ ਪਹਿਲਾਂ ਵੈਰਾਗ ਦੇ ਲੱਛਨ ਕਥਨ ਕਰਦੇ ਹਨ :

## ਦੋਹਰਾ ॥ ਬ੍ਰਹਮਾ ਇੰਦ੍ਰ ਆਦਿ ਲੌਂ; ਹੋਤ ਜੋ ਦੇਹ ਧਰ ਭੋਗ ॥

ਹੇ ਸਿੱਖ! ਬ੍ਰਹਮ ਪੁਰੀ, ਸ਼ਿਵ ਪੁਰੀ, ਇੰਦ੍ਰ ਪੁਰੀ ਆਦਿ ਪੁਰੀਆਂ ਲੌਂ = ਤੱਕ ਜੋ = ਜਿਹੜੇ ਵੀ ਦੇਹ ਧਾਰਨ ਕਰਕੇ ਭੋਗ ਪਦਾਰਥ ਜਾਂ ਪਦਾਰਥਾਂ ਦੇ ਅਨੰਦ ਪ੍ਰਾਪਤ ਹੋਤ = ਹੁੰਦੇ ਹਨ ਜਾਂ ਪ੍ਰਾਪਤ ਹੋਣ ਵਾਲੇ ਹਨ।

## ਕਾਕ ਬਿਸ੍ਰ ਸਮ ਜੇ ਗਿਨੈ; ਬੀਤਰਾਗ ਤੇ ਲੋਗ ॥੧੪॥

ਜੋ ਉਨ੍ਹਾਂ ਸਾਰਿਆਂ ਪਦਾਰਥਾਂ ਨੂੰ ਕਾਕ = ਕਾਂ ਦੀ ਬਿਸ੍ਰ = ਗੰਦਗੀ (ਵਿੱਠ) ਸਮ = ਸਮਾਨ ਨਿਕੰਮੇ ਜਾਣਦੇ ਹਨ ਤੇ = ਉਹ ਲੋਗ ਬੀਤਰਾਗ = ਵੈਰਾਗ ਵਾਲੇ ਹਨ। (ਬੀਤ+ਰਾਗ) ਜਿਨ੍ਹਾਂ ਦਾ ਰਾਗ = ਮੋਹ ਬੀਤ = ਗੁਜ਼ਰ ਗਿਆ ਹੈ, ਭਾਵ ਸਾਰੇ ਪਦਾਰਥਾਂ ਦਾ ਮੋਹ ਨਵਿਰਤ ਹੋ ਚੁੱਕਾ ਹੈ; ਉਹ ਵੈਰਾਗੀ ਪੁਰਖ ਹਨ ॥੧੪॥

**ਵਿਵੇਕ ਲਛਨ :** ਅੱਗੇ ਵਿਵੇਕ ਦੀ ਨਿਸ਼ਾਨੀ ਕਥਨ ਕਰਦੇ ਹਨ :

## ਦੋਹਰਾ ॥ ਦੇਹ ਪ੍ਰਪੰਚ ਅਨਿੱਤ ਹੈ; ਆਤਮ ਨਿਤ ਬਖਾਨ ॥

ਹੇ ਸਿੱਖ! ਇਹ ਦੇਹ = ਸਰੀਰ ਅਤੇ ਪ੍ਰਪੰਚ = ਸੰਸਾਰ ਅਨਿੱਤ = ਝੂਠਾ ਨਾਸ਼ਵੰਤ ਹੈ ਅਤੇ ਆਤਮਾ ਨੂੰ ਨਿਤ = ਸੱਚੀ ਬਖਾਨ = ਕਿਹਾ ਜਾਂਦਾ ਹੈ।

## ਸਾਰ ਅਸਾਰੈ ਜਾਨਬੋ; ਯਹਿ ਵਿਵੇਕ ਪਹਿਚਾਨ ॥੧੫॥

ਇਹ ਸਾਰ = ਸੱਤ ਅਸਾਰੈ = ਅਸੱਤ ਨੂੰ ਜਾਨਬੋ = ਜਾਣ ਲੈਣਾ, ਯਹਿ = ਇਹੀ ਵਿਵੇਕ ਪਹਿਚਾਨ = ਪਛਾਨਣਾ ਕਰੋ ॥੧੫॥

## ਅਥ ਖਟ ਸੰਪਤਿ ਲਖ੍ਯਣ ॥

## ਸ੍ਵੈਯਾ ॥ ਬਾਸਨ ਤ੍ਯਾਗ ਸਦਾ ਸਮ ਹੈ; ਦਮ ਬਾਹਰ ਬ੍ਰਿਤਿ ਕੋ ਨਿਗ੍ਰਹ ਠਾਨੋ ॥

ਹੇ ਸਿੱਖ! ਗਿਆਨ ਦੇ ਤੀਸਰੇ ਸਾਧਨ ਵਿਚ ਛੇ ਚੀਜ਼ਾਂ ਆਉਂਦੀਆਂ ਹਨ :

੧. ਸਦਾ = ਸਦੀਵ ਕਾਲ ਜੋ ਸਰਬ ਬਾਸਨ = ਵਾਸ਼ਨਾਵਾਂ ਦਾ ਤਿਆਗ ਕਰਨਾ ਹੈ, ਇਸਦਾ ਨਾਮ ਸਮ ਹੈ।

੨. ਜੋ ਇੰਦ੍ਰੀਆਂ ਦੀ ਬ੍ਰਿਤਿ = ਬਿਰਤੀ ਨੂੰ ਬਾਹਰਮੁਖ ਹੋਣ ਤੋਂ ਨਿਗ੍ਰਹ = ਰੋਕ ਕੇ ਅੰਤਰਮੁਖਤਾ ਵਿਚ ਠਾਨੋ = ਇਸਥਿਤ ਕਰਨਾ ਹੈ, ਇਸਦਾ ਨਾਮ ਦਮ ਹੈ।

## ਦੇਖਨ ਦੋਖ ਵਿਖੈ ਉਪਰਾਮ; ਤਿਤਿਛਾ ਯਹੈਂ ਸੁਖ ਜੋ ਦੁਖ ਮਾਨੋ ॥

੩. ਦੇਖਨ ਵਿਚ ਜੋ ਦੋਖ ਭਾਵ ਵਿਸ਼ਿਆਂ ਵਿਚ ਜੋ ਦੋਖ = ਦੋਸ਼, ਐਬ ਦੇਖਦੇ ਹਨ, ਇਸ ਨੂੰ ਉਪਰਾਮਤਾ ਕਹਿੰਦੇ ਹਨ।

੪. ਤਤਿਖਸ਼ਾ ਬਿਰਤੀ ਯਹੈ = ਇਹ ਹੈ, ਜੋ ਸੁਭਾਵਕ ਹੀ ਸੁਖ ਅਤੇ ਦੁਖ ਨੂੰ ਸਹਾਰਨਾ ਹੈ ਭਾਵ ਸੁਖ ਦੁਖ ਵਿਚ ਇਕ ਸਮਾਨ ਹੀ ਬਿਰਤੀ ਦਾ ਰਹਿਣਾ।

## ਸਾਸਨ ਬੇਦ ਅਚਾਰਯ ਕੀ ਯੌਂ ਪ੍ਰਮਾਨ ਹਿਯੇ; ਸ਼ਰਧਾ ਸੋ ਬਖਾਨੋ ॥

੫. ਬੇਦ ਅਤੇ ਅਚਾਰਯ = ਗੁਰੂ ਦੀ ਸਾਸਨ = ਆਗਿਆ ਨੂੰ ਹਿਰਦੇ ਵਿਚ ਪ੍ਰਮਾਨ = ਠੀਕ, ਨਿਸ਼ਚੇ ਕਰਕੇ ਮੰਨਣਾ ਇਸ ਨੂੰ ਸ਼ਰਧਾ ਬਖਾਨੋ = ਕਥਨ ਕਰਦੇ ਹਨ।

## ਏਕ ਹ੍ਵੈ ਚਿੱਤ ਸਮਾਧਿ ਵਸੈ; ਇਹ ਭਾਂਤ ਸਮਾਧਾਨ ਸਾਧਨ ਜਾਨੋ ॥੧੬॥

੬. ਏਕ = ਇਕਾਗਰ ਚਿੱਤ ਹੋ ਕਰਕੇ ਸਮਾਧਿ = ਸਮਾਧੀ ਦੇ ਵਿਚ ਵਸੈ = ਵੱਸਣਾ, ਟਿਕ ਜਾਣਾ ਇਹ = ਇਸ ਭਾਂਤ = ਪ੍ਰਕਾਰ ਸਮਾਧਾਨ ਸਾਧਨ ਦਾ ਸਰੂਪ ਜਾਨੋ = ਜਾਨਣਾ ਕਰੋ ਭਾਵ ਇਸੇ ਨੂੰ ਸਮਾਧਾਨ ਸਾਧਨ ਕਥਨ ਕਰਦੇ ਹਨ ॥੧੬॥

**ਅਥ ਮਮੁੱਛਤਾ ਲੱਛਨ** : ਅੱਗੇ ਮੁਕਤੀ ਦੀ ਇੱਛਾ ਦਾ ਕਥਨ ਕਰਦੇ ਹਨ :

## ਦੋਹਰਾ ॥ ਜਨਮ ਮਰਨ ਸੰਸਾਰ ਤੇ; ਕੈਸੇ ਛੁਟੀਏ ਮਿੱਤ ॥

ਹੇ ਮੇਰੇ ਮਿੱਤ = ਮਿੱਤ੍ਰ ਸਰੂਪ ਗੁਰੂ ਜੀ **ਵਾ**: ਹੇ ਮੇਰੇ ਮਿੱਤ੍ਰ ਰੂਪ ਮਨ ! ਜੰਮਣ ਮਰਣ ਦੇ ਦੁੱਖ ਰੂਪੀ ਸੰਸਾਰ ਤੇ = ਤੋਂ ਕੈਸੇ = ਕਿਸ ਪ੍ਰਕਾਰ ਛੁਟੀਏ = ਛੁੱਟਣਾ ਕਰੀਏ।

## ਵਹੈ ਮਮੋਛ ਬਖਾਨੀਏ; ਯਹੀ ਵਿਚਾਰੇ ਚਿੱਤ ॥੧੭॥

ਯਹੀ = ਇਹੀ ਜੋ ਚਿੱਤ = ਮਨ ਦੇ ਵਿਚ ਵਿਚਾਰੇ = ਵਿਚਾਰਨਾ ਹੈ, ਵਹੈ = ਓਹੀ ਮਮੋਛ = ਮੁਕਤੀ ਦੀ ਇੱਛਾ ਬਖਾਨੀਏ = ਕਥਨ ਕਰੀਦੀ ਹੈ ॥੧੭॥

(ਇਨ੍ਹਾਂ ਛੇ ਸਾਧਨਾਂ ਨੂੰ ਇਕ ਸਾਧਨ ਕਰਕੇ ਹੀ ਜਾਨਣਾ ਭਾਵ ਖਟ ਸੰਪਤੀ ਇਕ ਸਾਧਨ ਹੈ ਤੇ ਬਾਕੀ ਕਿਸਮਾਂ ਹਨ)।

## ਦੋਹਰਾ ॥ ਚਾਰੋਂ ਸਾਧਨ ਜੇ ਕਹੇ, ਇਨੋਂ ਯੁਕਤ ਜਬ ਹੋਇ ॥

ਕਵੀ ਜੀ ਕਥਨ ਕਰਦੇ ਹਨ ਕਿ ਇਹ ਜੇ = ਜੋ ਚਾਰੋਂ = ਚਾਰੇ (ਵੈਰਾਗ, ਬਿਬੇਕ, ਖਟ ਸੰਪਤਿ, ਮੋਖ ਇੱਛਾ) ਸਾਧਨ ਕਹੇ = ਕਥਨ ਕੀਤੇ ਹਨ, ਜਬ = ਜਦੋਂ ਕੋਈ ਸਿੱਖ, ਜਗਿਆਸੂ ਇਨ੍ਹਾਂ ਦੇ ਯੁਕਤ = ਸਹਿਤ ਹੋਇ = ਹੋ ਜਾਵੇ।

## ਤਬ ਜੋ ਪੂਛੈ ਆਤਮਾ; ਕਹੈਂ ਗੁਰੁ ਪੁਨ ਸੋਇ ॥੧੮॥

ਤਬ = ਤਦੋਂ ਜੋ ਵੀ ਆਤਮ ਦਾ ਸਰੂਪ ਗੁਰੂ ਪਾਸੋਂ ਪੂਛੈ = ਪੁੱਛਣਾ ਕਰੇ, ਪੁਨ = ਫੇਰ ਗੁਰੂ ਜੀ ਸੋਇ = ਉਹੀ ਆਤਮ ਸਰੂਪ ਬਾਰੇ ਕਹੈਂ = ਕਥਨ ਕਰਦੇ ਹਨ ॥੧੮॥

ਗੁਰੂ ਕੋਲ ਆਉਣ ਦਾ ਤਰੀਕਾ ਦੱਸਦੇ ਹਨ :

## ਦੋਹਰਾ ॥ ਨਮਸਕਾਰ ਡੰਡੌਤ ਕਰ; ਦਰਬ ਹਾਥ ਮੈ ਲਾਇ ॥

ਹੇ ਭਾਈ ! ਸਭ ਤੋਂ ਪਹਿਲਾਂ ਹਾਥ = ਹੱਥ ਮੈ = ਵਿਚ ਕੁਝ ਦਰਬ = ਧਨ ਆਦਿ ਭੇਟਾ ਲਾਇ = ਲਿਆ ਕੇ ਗੁਰੂ ਜੀ ਦੇ ਚਰਨਾਂ ਉੱਪਰ ਡੰਡੌਤ = ਡੰਡਵਤ ਨਮਸਕਾਰ = ਬੰਦਨਾ ਕਰੇ।

ਡੰਡੌਤ = ਡੰਡੇ ਵਾਂਗ ਸਿੱਧਾ ਜ਼ਮੀਨ ਦੇ ਉੱਪਰ ਲੰਮੇ ਪੈ ਕੇ ਨਮਸਕਾਰ ਕਰਨੀ। ਅਸ਼ਟਾਂਗ ਡੰਡੌਤ = ਸਰੀਰ ਦੇ ਅੱਠ ਅੰਗ (ਦੋ ਹੱਥ, ਦੋ ਪੈਰ, ਦੋ ਗੋਡੇ, ਮੱਥਾ ਤੇ ਨੱਕ) ਜ਼ਮੀਨ 'ਤੇ ਲਾ ਕੇ ਨਮਸਕਾਰ ਕਰਨੀ।

## ਕਹੋ ਗੁਰੂ ਜੀ ਆਤਮਾ; ਕਯੋਂ ਕਰ ਜਾਨਯੋ ਜਾਇ ॥੧੯॥

ਫੇਰ ਕਹੇ ਕਿ ਹੇ ਗੁਰੂ ਜੀ! ਮੈਨੂੰ ਇਹ ਕਹੋ = ਦੱਸਣਾ ਕਰੋ ਕਿ ਆਪਣੇ ਆਤਮ ਸਰੂਪ ਨੂੰ ਕਯੋਂ = ਕਿਵੇਂ ਕਰਿ = ਕਰਕੇ ਜਾਨਯੋ = ਜਾਣਿਆ ਜਾਇ = ਜਾ ਸਕਦਾ ਹੈ॥੧੯॥

## ਦੋਹਰਾ ॥ ਸਿੱਖਯ ਮਮੁਖਯੁ ਵਿਚਾਰ ਕੈ; ਬੋਲੇ ਗੁਰੂ ਦਯਾਲ ॥

ਇਸ ਤਰ੍ਹਾਂ ਸਿੱਖਯ = ਸਿੱਖ ਨੂੰ ਮਮੁਖਯੁ = ਮੁਕਤੀ ਦੀ ਇੱਛਾ ਵਾਲਾ ਵਿਚਾਰ ਕਰਕੇ ਦਯਾਲ = ਦਿਆਲੂ ਗੁਰੂ ਜੀ ਬੋਲੇ = ਕਥਨ ਕਰਦੇ ਹਨ।

## ਵਹੈ ਕਹਤ ਹੌਂ ਜੋ ਕਹਯੋ; ਅਰਜਨ ਸੋਂ ਗੋਪਾਲ ॥੨੦॥

ਹੇ ਸਿੱਖ! ਮੈਂ ਤੈਨੂੰ ਵਹੈ = ਉਹੀ ਉਪਦੇਸ਼ ਕਹਤ = ਕਹਿੰਦਾ ਹਾਂ, ਜੋ ਗੋਪਾਲ = ਕ੍ਰਿਸ਼ਨ ਜੀ ਨੇ ਅਰਜਨ ਦੇ ਸੋਂ = ਤਾਈਂ ਗੀਤਾ ਵਿਚ ਕਹਿਣਾ ਕੀਤਾ ਹੈ॥੨੦॥

## ਦੋਹਰਾ ॥ ਸ਼ਾਮ ਵੇਦ ਕੇ ਬਚਨ ਹੈਂ; ਤਤੂੰ ਅਸਿ ਪਦ ਤੀਨ ॥

ਹੇ ਸਿੱਖ! ਚਾਰ ਵੇਦਾਂ ਵਿੱਚੋਂ ਇਕ ਸ਼ਾਮ ਵੇਦ ਕੇ = ਦੇ ਬਚਨ ਹਨ, ਉਸ ਵਿਚ ਇਹ ਤੀਨ = ਤਿੰਨ ਪਦ = ਸ਼ਬਦ ਹਨ ਤਤੂੰ (ਤਤ + ਤੂੰ) ਤਤ = ਈਸ਼ਰ, ਤੂੰ = ਜੀਵ ਅਤੇ ਅਸਿ = ਬ੍ਰਹਮ।

## ਜਾਨਯੋ ਇਨ ਕੇ ਅਰਥ ਜਿਨ; ਲਹਯੋ ਸਾਰ ਤਿਨ ਚੀਨ ॥੨੧॥

ਜਿਨ = ਜਿਸ ਨੇ ਇਨ = ਇਨ੍ਹਾਂ ਤਿੰਨਾਂ ਪਦਾਂ ਕੇ = ਦੇ ਅਰਥ = ਭਾਵ, ਸਿਧਾਂਤ ਨੂੰ ਗੁਰੂ ਦੁਆਰਾ ਜਾਨਯੋ = ਜਾਣ ਲਿਆ ਹੈ, ਤਿਨ = ਉਸ ਨੇ ਸਾਰ ਵਸਤੂ ਨੂੰ ਚੀਨ = ਪਛਾਣ ਲੈਣਾ ਕੀਤਾ ਹੈ॥੨੧॥

## ਮਰਹਟਾ ਛੰਦ ॥ ਤਤਪਦ ਈਸ਼ ਜੀਵ ਤੂੰ ਪਦ ਹੈ; ਅਸਿ ਪਦ ਬ੍ਰਹਮ ਕਹਾਵੈ ॥

ਹੇ ਸਿੱਖ! ਤਤ ਪਦ ਦਾ ਵਾਚਯ ਅਰਥ ਈਸ਼ਵਰ ਹੈ, ਤੂੰ ਪਦ ਦਾ ਵਾਚਯ ਅਰਥ ਜੀਵ ਅਤੇ ਅਸਿ ਪਦ ਬ੍ਰਹਮ ਦਾ ਵਾਚਕ ਕਹਾਵੈ = ਅਖਵਾਉਂਦਾ ਹੈ।

## ਮਾਯਾ ਤੇ ਯਹ ਭੇਦ ਤੀਨ ਹ੍ਵੈ; ਏਕੈ ਬੇਦ ਬਤਾਵੈ ॥

ਯਹ = ਇਹ ਮਾਇਆ ਤੇ = ਤੋਂ ਕਰਕੇ ਹੀ ਤਿੰਨ ਭੇਦ = ਫ਼ਰਕ ਪ੍ਰਤੀਤ ਹੋ ਰਹੇ ਹਨ ਪ੍ਰੰਤੂ ਬੇਦ ਤਾਂ ਏਕੈ = ਇਕ ਬ੍ਰਹਮ ਦਾ ਬਤਾਵੈ = ਕਥਨ ਕਰਦਾ ਹੈ।

## ਸਿਖਯੋ ਵਾਚ ॥
## ਕਹੋ ਗੁਰੂ ਜੀ ਏਕ ਬ੍ਰਹਮ ਤੇ; ਤੀਨ ਭੇਦ ਕਯੋਂ ਭਾਖੈ ॥

ਹੇ ਗੁਰੂ ਜੀ! ਮੈਨੂੰ ਇਹ ਕਹੋ = ਦੱਸਣਾ ਕਰੋ ਕਿ ਏਕ = ਇਕ ਬ੍ਰਹਮ ਤੇ = ਤੋਂ ਤੁਸੀਂ ਇਹ ਤੀਨ = ਤਿੰਨ ਭੇਦ ਕਯੋਂ = ਕਿਸ ਵਾਸਤੇ ਭਾਖੈ = ਉਚਾਰਣ ਕੀਤੇ ਹਨ।

## ਕੈਸੇ ਭਏ ਕੌਣ ਕੇ ਕੀਨੇ; ਕੌਣ ਰੂਪ ਅਭਿਲਾਖੈ ॥੨੨॥

ਹੇ ਗੁਰੂ ਜੀ! ਇਹ ਤਿੰਨ ਭੇਦ ਕੈਸੇ = ਕਿਸ ਤਰ੍ਹਾਂ ਭਏ = ਹੋ ਗਏ ਹਨ? ਇਹ ਕੌਣ = ਕਿਸ ਕੇ = ਦੇ ਕੀਨੇ = ਕੀਤੇ ਹਨ? ਇਨ੍ਹਾਂ ਦਾ ਕੌਣ = ਕੀ ਸਰੂਪ ਹੈ? ਇਹ ਜਾਨਣ ਦੀ ਮੇਰੀ ਅਭਿਲਾਖੈ = ਇੱਛਾ ਹੈ ॥੨੨॥

## ਸ੍ਰੀ ਗੁਰ ਵਾਚ ॥ ਏਕ ਬ੍ਰਹਮ ਚੈਤਨ ਅਖੰਡ; ਤਾਂ ਤੇ ਉਪਜੀ ਇੱਛਾ ॥

ਹੇ ਸਿੱਖ! ਏਕ = ਇਕ ਜੋ ਬ੍ਰਹਮ ਚੈਤਨ = ਚੇਤੰਨਯ ਤੇ ਅਖੰਡ = ਨਾਸ਼ ਤੋਂ ਰਹਿਤ ਹੈ ਤਾਂ ਤੇ = ਤਿਸ ਤੋਂ ਇਕ ਇੱਛਾ ਉਪਜੀ = ਪੈਦਾ ਹੋਈ।

ਅਰਥਾਤ ਬ੍ਰਹਮ ਨੂੰ ਸ੍ਰਿਸ਼ਟੀ ਦੇ ਅਰੰਭ ਵਿਚ ਜੀਵਾਂ ਦੇ ਪ੍ਰਪੱਕ ਹੋਏ ਕਰਮ ਰੂਪ ਨਮਿਤ ਤੋਂ 'ਮੈਂ ਏਕ ਹੂੰ ਸੌ ਬਹੁਤ ਰੂਪ ਹੋਊਂ" ਐਸੀ ਇੱਛਾ ਹੋਈ।

## ਤਾਹੀ ਕੋ ਮਾਯਾ ਕਹੀਯਤ ਹੈ; ਨੀਕੇ ਸੁਨੀਓ ਸਿੱਛਾ।

ਹੇ ਸਿੱਖ! ਤਾਹੀ = ਉਸ ਇੱਛਾ ਕੋ = ਨੂੰ ਹੀ ਮਾਇਆ ਕਹੀਯਤ = ਕਹੀਦਾ ਹੈ, ਇਹ ਸਿੱਛਾ = ਸਿੱਖਿਆ ਨੀਕੇ = ਭਲੀ ਪ੍ਰਕਾਰ ਸੁਨੀਓ = ਸੁਣਨਾ ਕਰ।

## ਮਾਯਾ ਜੜ੍ਹ ਚੈਤੰਨ ਬ੍ਰਹਮ ਕੋ; ਤਾ ਮੇ ਭਯੋ ਅਭਾਸ ॥

ਪਰ ਉਹ ਮਾਇਆ ਆਪਣੇ ਆਪ ਵਿਚ ਜੜ੍ਹ = ਹਰਕਤ ਤੋਂ ਬਿਨਾਂ ਹੈ, ਤਾ = ਉਸ ਮਾਇਆ ਦੇ ਮੇ = ਵਿਚ ਚੇਤੰਨ ਬ੍ਰਹਮ ਕੋ = ਦਾ = ਅਭਾਸ = ਪ੍ਰਤੀਬਿੰਬ ਪ੍ਰਾਪਤ ਭਯੋ = ਹੋਇਆ ਹੈ।

## ਸਤ ਰਜ ਤਮ ਤੀਨੋ ਉਪਜਾਏ; ਤਿਨ ਤੇ ਦ੍ਵੈਤ ਬਿਲਾਸ ॥੨੩॥

ਉਸ ਤੋਂ ਅੱਗੇ ਸਤੋ ਗੁਣ ਰਜੋਗੁਣ ਤੇ ਤਮੋ ਗੁਣ ਇਹ ਤਿੰਨ ਗੁਣ ਉਪਜਾਏ = ਪੈਦਾ ਕੀਤੇ ਅਤੇ ਤਿਨ = ਉਨ੍ਹਾਂ ਗੁਣਾਂ ਤੇ = ਤੋਂ ਅੱਗੇ ਦ੍ਵੈਤ = ਦ੍ਵੈਸ਼ ਰੂਪ ਸੰਸਾਰ ਦਾ ਬਿਲਾਸ = ਕੌਤਕ, ਕਾਰਯ ਪੈਦਾ ਕੀਤਾ ਹੈ ॥੨੩॥

## ਮਰਹਟਾ ਛੰਦ ॥

## ਮਾਯਾ ਅਰੁ ਪ੍ਰਤਿਬਿੰਬ ਬ੍ਰਹਮ ਕੋ; ਗੁਨਨ ਸਹਿਤ ਦ੍ਵੈ ਕੀਨੇ ॥

ਮਾਇਆ ਅਰੁ = ਅਤੇ ਬ੍ਰਹਮ ਦੇ ਪ੍ਰਤੀਬਿੰਬ ਕੋ = ਨੂੰ ਗੁਨਨ = ਗੁਣਾਂ ਦੇ ਸਹਿਤ = ਸੰਯੁਕਤ ਦ੍ਵੈ = ਦੋ ਰੂਪ ਕਰ ਦਿੱਤਾ।

## ਏਕ ਮਾਹਿ ਸਤਗੁਣ ਅਧਿਕਾਨੋ; ਦੂਜੋ ਰਜ ਤਮ ਲੀਨੇ ॥

ਏਕ = ਇਕ ਮਾਹਿ = ਵਿਚ ਸਤੋਗੁਣ ਅਧਿਕਾਨੋ = ਅਧਿਕ ਹੈ ਅਤੇ ਦੂਜੋ = ਦੂਸਰੇ ਵਿਚ ਰਜੋ ਤੇ ਤਮੋ ਗੁਣ ਅਧਿਕਤਾ ਦੇ ਸਹਿਤ ਲੀਨੇ = ਸਮਾਏ ਹੋਏ ਹਨ।

## ਸਤ ਗੁਣ ਅਧਿਕ ਬਿੰਬ ਯੁਤ ਮਾਯਾ; ਸੋਈ ਈਸ਼ ਕਹਾਯੋ ॥

ਜਿਸ ਵਿਚ ਸਤੋਗੁਣ ਅਧਿਕ = ਬਹੁਤ ਹੈ ਅਤੇ ਬ੍ਰਹਮ ਦੇ ਪ੍ਰਤੀਬਿੰਬ ਦੇ ਯੁਤ = ਸੰਯੁਕਤ ਮਾਇਆ ਹੈ, ਸੋਈ = ਉਹੀ ਸਰੂਪ ਈਸ = ਈਸ਼ਵਰ ਕਹਾਯੋ = ਅਖਵਾਇਆ ਹੈ।

## ਤਮ ਗੁਨ ਅਧਿਕ ਬਿੰਬ ਯੁਤ ਮਾਯਾ; ਪ੍ਰਗਟ ਜੀਵ ਪਦ ਪਾਯੋ ॥੨੪॥

ਜਿਸ ਵਿਚ ਰਜੋ ਤਮੋ ਗੁਣ ਅਧਿਕ = ਬਹੁਤ ਹੈ ਅਤੇ ਬ੍ਰਹਮ ਦੇ ਪ੍ਰਤੀਬਿੰਬ ਦੇ ਯੁਤ = ਸੰਯੁਕਤ ਮਾਇਆ ਹੈ, ਉਸ ਨੇ ਪ੍ਰਗਟ = ਪ੍ਰਤੱਖ ਹੀ ਜੀਵ ਪਦ ਨੂੰ ਪਾਯੋ = ਪਾਉਣਾ ਕੀਤਾ ਹੈ ॥੨੪॥

## ਦੋਹਰਾ ॥ ਬਿੰਬਹਿ ਭੂਲਯੋ ਆਪਨੌਂ; ਤਮ ਗੁਨ ਕੇ ਅਧਿਕਾਰ ॥

ਤਮੋ ਗੁਣ ਦੀ ਅਧਿਕਾਰ = ਅਧਿਕਤਾ ਕਰਕੇ ਆਪਨੌਂ = ਆਪਣਾ ਯਥਾਰਥ ਸਰੂਪ ਬਿੰਬਹਿ = ਅਭਾਸ ਰੂਪ ਬ੍ਰਹਮ ਨੂੰ ਜੀਵ ਭੂਲਯੋ = ਭੁੱਲ ਗਿਆ ਹੈ।

## ਮਾਯਾ ਕਰੀ ਵਚਿਤ੍ਰਤਾ; ਕੀਨੇ ਜੀਵ ਅਪਾਰ ॥੨੫॥

ਮਾਇਆ ਨੇ ਬਹੁ ਵਚਿਤ੍ਰਤਾ = ਅਸਚਰਜਤਾ ਕਰੀ = ਕਰ ਦਿੱਤੀ ਕਿ ਜੀਵ ਅਪਾਰ = ਅਨੇਕਾਂ ਹੀ ਬਣਾ ਦਿਤੇ ॥੨੫॥

## ਦੋਹਰਾ ॥ ਸੋ ਪੀਛੈ ਕਰ ਕਹੇਂਗੇ; ਜੀਵਨ ਕੇ ਸਭ ਕਰਮ ॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਉਹ ਜੀਵਨ = ਜੀਵਾਂ ਕੇ = ਦੇ ਸਭ = ਸਾਰੇ ਕਰਮ ਆਦਿ ਇਸ ਗ੍ਰੰਥ ਦੇ ਪਿੱਛੇ ਭਾਵ ਬਾਅਦ ਵਿਚ ਕਹੇਂਗੇ = ਕਥਨ ਕਰਾਂਗੇ।

## ਅਬੈ ਕਹਤ ਹੋਂ ਈਸ਼ ਕੇ; ਰੂਪ ਸੀਲ ਗੁਣ ਧਰਮ ॥੨੬॥

ਅਬੈ = ਹੁਣ ਪਹਿਲਾਂ ਈਸ਼ = ਈਸ਼ਵਰ ਕੇ = ਦੇ ਰੂਪ = ਸਰੂਪ, ਸੀਲ = ਸੁਭਾਵ ਆਦਿਕ, ਸਰਬੱਗਤਾ ਆਦਿ ਗੁਣ ਅਤੇ ਪਰਜਾ ਨੂੰ ਪਾਲਣਾ ਆਦਿ ਧਰਮ ਕਹਤ ਹੋਂ = ਕਥਨ ਕਰਦਾ ਹਾਂ ॥੨੬॥

## ਅਥ ਤਤ ਪਦ ਈਸ ਬਰਨਨੰ ॥

ਤਤ ਪਦ ਦਾ ਵਾਚਯ ਅਰਥ ਜੋ ਈਸ਼ਵਰ ਹੈ, ਉਸਦਾ ਸਰੂਪ ਕਥਨ ਕਰਦੇ ਹਨ:

## ਸ੍ਵੈਯਾ ॥ ਸ਼ੁਧ ਸਤੋਗੁਨ ਕੇ ਗੁਨ ਤੇ; ਪ੍ਰਤਿਬਿੰਬ ਨ ਆਪਨੋ ਭੂਲ ਨ ਪਾਯੋ ॥

ਸ਼ੁਧ = ਨਿਰੋਲ ਸਤੋਗੁਨ ਕੇ = ਦੇ ਗੁਨ = ਪ੍ਰਭਾਵ, ਅਸਰ ਕਰਕੇ ਜੋ ਅਪਨੋ = ਆਪਣਾ ਪ੍ਰਤਿਬਿੰਬ = ਵਾਸਤਵ ਸਰੂਪ ਭੂਲ = ਭੁੱਲ ਨ = ਨਹੀਂ ਪਾਯੋ = ਪਾਇਆ।

## ਮਾਯਾ ਖੈਂਚ ਕਰੀ ਅਪਨੇ ਵਸਿ; ਈਸ਼੍ਵਰ ਹ੍ਵੈ ਸਰਬਗ ਕਹਾਯੋ ॥

ਸਗੋਂ ਮਾਇਆ ਖੈਂਚ = ਖਿੱਚ ਕਰਕੇ ਅਪਨੇ ਵਸਿ = ਅਧੀਨ ਕਰੀ = ਕਰ ਲਈ, ਇਸ ਪ੍ਰਕਾਰ ਸਰਬਗ = ਸਰਬ ਕਲਾ ਸਮਰੱਥ ਹੋ ਕਰਕੇ ਈਸ਼ਰ ਕਹਾਯੋ = ਅਖਵਾਇਆ।

## ਚੌਦਹਿ ਲੋਕ ਰਚੇ ਛਿਨ ਮੈ; ਅਰ ਮੇਟਤ ਹੈ ਜਬ ਚਾਹਿ ਮਿਟਾਯੋ ॥

ਉਸ ਈਸ਼ਵਰ ਨੇ ਫੇਰ ਚੌਦਹਿ = ਚੌਦਾਂ ਲੋਕ[੧] ਇਕ ਛਿਨ ਦੇ ਮੈ = ਵਿਚ ਰਚੇ = ਰਚ, ਬਣਾ ਲੈਣੇ ਕੀਤੇ

---

੧. ਉਪਰਲੇ ਸੱਤ ਲੋਕ: ੧. ਭੂਰ, ੨. ਭੁਵਰ, ੩. ਸੂਰ, ੪, ਮਹਰ, ੫. ਜਨ, ੬. ਤਪ, ੭. ਸਤਯ.
ਹੇਠਲੇ ਸੱਤ ਲੋਕ: ੧. ਅਤਲ, ੨. ਬਿਤਲ, ੩. ਸੁਤਲ, ੪. ਤਲਾਤਲ, ੫. ਰਸਾਤਲ, ੬. ਮਹਾਤਲ, ੭. ਪਤਾਲ। ਇਨ੍ਹਾਂ ਨੂੰ ਚੌਦਾਂ ਤਬਕ ਵੀ ਕਿਹਾ ਜਾਂਦਾ ਹੈ।

ਅਰ = ਅਤੇ ਫੇਰ ਜਬ = ਜਦੋਂ ਮਿਟਾਉਣ ਦੀ ਚਾਹਿ = ਇੱਛਾ ਹੁੰਦੀ ਹੈ ਤਦੋਂ ਛਿਨ ਵਿਚ ਹੀ ਮਿਟਾਯੋ = ਮੇਟ, ਨਾਸ਼ ਕਰ ਦੇਂਦਾ ਹੈ।

## ਸ਼ਕਤਿ ਅਨੰਤ ਕਹੈ ਸੁਖਦੇਵ; ਵਹੈ ਪੁਰਸ਼ੋਤਮ ਬੇਦਨ ਗਾਯੋ ॥੨੭॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਉਹ ਈਸ਼ਵਰ ਅਨੰਤ = ਬਿਅੰਤ ਸ਼ਕਤਿ = ਸ਼ਕਤੀਆਂ ਦਾ ਮਾਲਕ ਹੈ, ਵਹੈ = ਉਸਨੂੰ ਬੇਦਨ = ਬੇਦਾਂ ਨੇ ਪੁਰਸ਼ੋਤਮ = ਉੱਤਮ ਪੁਰਖ ਕਹਿ ਕੇ ਉਸਦਾ ਬਿਅੰਤ ਜਸ ਗਾਯੋ = ਗਾਉਣਾ ਕੀਤਾ ਹੈ ॥੨੭॥

## ਸ੍ਵੈਯਾ ॥ ਆਪਨ ਹੀ ਚਤੁਰਾਨਨ ਹ੍ਵੈ; ਸੁ ਸਥਾਵਰੁ ਜੰਗਮ ਜੀਵ ਉਪਾਵੈ ॥

ਉਹ ਈਸ਼੍ਵਰ ਆਪਨ = ਆਪ ਹੀ (ਚਤੁਰ+ਆਨਨ) ਚਤੁਰ = ਚਾਰ ਆਨਨ = ਮੂੰਹਾਂ ਵਾਲਾ ਬ੍ਰਹਮਾ ਰੂਪ ਹੋ ਕੇ ਸਥਾਵਰ = ਜੜ੍ਹ ਤੇ ਜੰਗਮ = ਚੇਤੰਨ ਜੀਵ ਉਪਾਵੈ = ਪੈਦਾ ਕਰ ਦਿੱਤੇ [ਜੜ੍ਹ = ਇਕ ਥਾਂ ਤੇ ਟਿਕੇ ਰਹਿਣ ਵਾਲੇ ਦਰੱਖ਼ਤ, ਪਹਾੜ ਆਦਿ, ਚੇਤਨ = ਤੁਰਨ ਫਿਰਨ ਵਾਲੇ ਮਨੁੱਖ, ਪਸ਼ੂ, ਜਾਨਵਰ, ਪੰਛੀ ਆਦਿ]।

## ਰੱਛਕ ਹੈ ਸਭ ਕੋ ਹਰਿ ਹ੍ਵੈ; ਅਰ ਜੀਵਕਾ ਤਾਹਿ ਕੀ ਤਾਹਿ ਪੁਚਾਵੈ ॥

ਆਪ ਹੀ ਵਿਸ਼ਨੂੰ ਰੂਪ ਹ੍ਵੈ = ਹੋ ਕਰਕੇ ਸਭ = ਸਾਰਿਆਂ ਕੋ = ਦਾ ਰੱਛਕ = ਰਖਵਾਲਾ ਬਣ ਰਿਹਾ ਹੈ, ਅਰ = ਅਤੇ ਜਿਥੇ ਜਿਥੇ ਕੋਈ ਜੀਵ ਪੈਦਾ ਕੀਤਾ ਹੈ, ਤਾਹਿ = ਉਸ ਦੀ ਜੀਵਕਾ = ਉਪਜੀਵਕਾ ਤਾਂਹਿ = ਉਥੇ ਹੀ ਪੁਚਾਵੈ = ਪਹੁੰਚਾਉਣੀ ਕਰਦਾ ਹੈ।

## ਰੁਦ੍ਰ ਹ੍ਵੈ ਅੰਤ ਸੰਘਾਰ ਕਰੈ ਸਭ; ਕਾਲ ਕੋ ਕਾਲ ਹ੍ਵੈ ਸ੍ਰਿਸ਼ਟਿ ਖਪਾਹੀ ॥

ਆਪ ਹੀ ਰੁਦ੍ਰ = ਸ਼ਿਵ ਰੂਪ ਹ੍ਵੈ = ਹੋ ਕਰਕੇ ਅੰਤ = ਅਖ਼ੀਰ ਸਭ = ਸਾਰਿਆਂ ਨੂੰ ਸੰਘਾਰ = ਨਾਸ਼ ਕਰੈ = ਕਰਨਾ ਕਰਦਾ ਹੈ, ਉਹ ਸਾਰੇ ਕਾਲਾਂ ਕੋ = ਦਾ ਕਾਲ ਰੂਪ ਹ੍ਵੈ = ਹੋ ਕਰਕੇ ਸਾਰੀ ਸ੍ਰਿਸ਼ਟਿ = ਸ੍ਰਿਸ਼ਟੀ, ਦੁਨੀਆਂ ਨੂੰ ਖਪਾਹੀ = ਨਾਸ਼ ਕਰਦਾ ਹੈ।

## ਇਉਂ ਜਬ ਖੇਲ ਵਿਸ੍ਵੰਭਰ ਕੋ; ਜਿਮ ਬਾਲਕ ਖੇਲ ਖਿਲੌਨੇ ਮਿਟਾਵੈ ॥੨੮॥

ਇਉਂ = ਇਸ ਪ੍ਰਕਾਰ ਜਬ = ਜਦੋਂ ਇਹ ਸਾਰਾ ਜਗਤ ਖੇਲ = ਤਮਾਸ਼ਾ ਉਸ ਵਿਸ੍ਵੰਭਰ = ਸੰਸਾਰ ਨੂੰ ਭਰਨ ਵਾਲੇ ਪਰਮਾਤਮਾ ਦਾ ਬਣਾਇਆ ਹੋਇਆ ਹੈ, ਜਿਮ = ਜਿਵੇਂ ਇਕ ਬਾਲਕ = ਬੱਚਾ ਖਿਡੌਣਿਆਂ ਨਾਲ ਖੇਲ = ਖੇਡ ਕਰਕੇ ਫੇਰ ਉਨ੍ਹਾਂ ਖਿਡੌਣਿਆਂ ਨੂੰ ਮਿਟਾਵੈ = ਨਾਸ਼, ਭੰਨ ਤੋੜ ਦੇਂਦਾ ਹੈ ਤਿਵੇਂ ਉਹ ਪਰਮਾਤਮਾ ਇਹ ਜਗਤ ਤਮਾਸ਼ੇ ਨੂੰ ਖਿਡਾ ਕੇ ਫੇਰ ਨਾਸ਼ ਕਰ ਦੇਂਦਾ ਹੈ ॥੨੮॥

## ਦੋਹਰਾ ॥ ਤੀਨ ਦੇਹ ਹੈਂ ਈਸ਼ ਕੀ; ਕਾਰਨ ਸੂਖਜ਼ਮ ਥੂਲ ॥

ਹੇ ਸਿੱਖ ! ਉਸ ਸਮਰਥ ਈਸ਼ਵਰ ਕੀ = ਦੀਆਂ ਤੀਨ = ਤਿੰਨ ਦੇਹਾਂ ਹਨ, ਇਕ ਕਾਰਨ, ਦੂਜੀ ਸੂਖਮ ਤੇ ਤੀਸਰੀ ਸਥੂਲ ਦੇਹੀ ਹੈ।

## ਅਬ ਤਾਂ ਕੋ ਬਰਨਨ ਕਰੋਂ; ਪੁਰਖ ਵੈਰਾਟ ਸਮੂਲ ॥੨੯॥

ਅਬ = ਹੁਣ ਤਾਂ = ਉਨ੍ਹਾਂ ਦੇਹਾਂ ਕੋ = ਨੂੰ ਬਰਨਨ = ਚੰਗੀ ਤਰ੍ਹਾਂ ਵਿਆਖਿਆ ਸਹਿਤ ਆਖਣਾ ਕਰਦਾ ਹਾਂ, ਇਨ੍ਹਾਂ ਦੇਹਾਂ ਵਿਚ ਕਾਰਨ ਦੇ ਸਮੂਲ = ਸੰਯੁਕਤ ਵੈਰਾਟ ਪੁਰਖ ਦਾ ਕਥਨ ਕਰਦਾ ਹਾਂ ॥੨੯॥

ਅੱਗੇ ਈਸ਼ਵਰ ਦੇ ਦੇਸ਼, ਕਾਲ ਤੇ ਵਸਤੂ ਦਾ ਕਥਨ ਕਰਦੇ ਹਨ:

## ਦੋਹਰਾ॥ ਸਤ ਰਜ ਤਮ ਦੇਸ਼; ਪ੍ਰਲੈ ਇਸਥਿਤ ਉਤਪਤਿ ਕਾਲ॥

ਸਤੋ ਗੁਣ, ਰਜੋ ਗੁਣ ਤੇ ਤਮੋ ਗੁਣ ਇਹ ਈਸ਼ਵਰ ਦਾ ਦੇਸ਼ ਹਨ, ਉਤਪਤੀ ਇਸਥਿਤੀ ਅਤੇ ਪ੍ਰਲੈ = ਲੈਤਾ ਇਹ ਈਸ਼ਰ ਦਾ ਕਾਲ = ਸਮਾਂ ਹੈ।

## ਅਬਯਾਕ੍ਰਿਤ ਹ੍ਰਿਨਯਗਭ੍ਰ; ਵੈਸ਼੍ਵਾਨਰ ਵਸਤੁ ਵਿਸਾਲ॥੩੦॥

ਸਮਸਟੀ ਉਪਾਧੀ ਕਰਕੇ ਸਭ ਜੀਵਾਂ ਦੀ ਸੁਖੋਪਤੀ ਅਵਸਥਾ ਦਾ ਅਭਿਮਾਨੀ ਅੱਬਿਆਕ੍ਰਿਤ, ਸਮਸਟੀ ਉਪਾਧੀ ਕਰਕੇ ਸਭ ਜੀਵਾਂ ਦੀ ਸੁਪਨ ਅਵਸਥਾ ਦਾ ਅਬਿਮਾਨੀ ਹਿਰਨ ਗਰਭ ਅਤੇ ਸਮਸਟੀ ਉਪਾਧੀ ਕਰਕੇ ਸਭ ਜੀਵਾਂ ਦੀ ਜਾਗਰਤ ਅਵਸਥਾ ਦਾ ਅਭਿਮਾਨੀ ਵੈਸ਼੍ਵਾਨਰ, ਵੈਰਾਟ ਰੂਪ ਇਹ ਈਸ਼ਵਰ ਦੀਆਂ ਵਿਸਾਲ = ਬਹੁਤ ਵੱਡੀਆਂ ਵਸਤੂ = ਵਸਤੂਆਂ ਹਨ॥੩੦॥

## ਚੌਪਈ॥

## ਪ੍ਰਿਥਮ ਦੇਹ ਹੈ ਕਾਰਣ ਮਾਯਾ॥ ਜਾ ਕੇ ਬਲ ਸਭ ਜਗਤ ਉਪਾਯਾ॥

ਈਸ਼ਵਰ ਦੀ ਪ੍ਰਿਥਮ = ਪਹਿਲੀ ਕਾਰਣ ਦੇਹੀ ਮਾਇਆ ਹੈ। ਜਾ = ਜਿਸ ਮਾਇਆ ਕੇ = ਦੇ ਬਲ ਨਾਲ ਉਸਨੇ ਸਭ = ਸਾਰਾ ਜਗਤ = ਸੰਸਾਰ ਉਪਾਯਾ = ਪੈਦਾ ਕੀਤਾ ਹੈ।

## ਤਾ ਕੀ ਆਦਿ ਨ ਕੋਊ ਲਹੈ॥ ਸੱਤ ਅਸੱਤ ਨ ਵੇਦੋ ਕਹੈ॥੩੧॥

ਤਾ = ਤਿਸ ਮਾਇਆ ਕੀ = ਦੀ ਆਦਿ = ਸ਼ੁਰੂਆਤ ਕੋਊ = ਕੋਈ ਵੀ ਨਹੀਂ ਲਹੈ = ਲੈ ਸਕਦਾ ਕਿ ਕਦੋਂ ਕੁ ਦੀ ਸ਼ੁਰੂ ਹੋਈ ਹੈ।

ਵੇਦ ਭੀ ਇਹੋ ਗੱਲ ਕਹੈ = ਕਹਿੰਦੇ ਹਨ ਕਿ ਮਾਇਆ ਨਾ ਸੱਤ = ਸੱਚੀ ਹੈ ਅਤੇ ਨਾ ਹੀ ਅਸੱਤ = ਝੂਠੀ ਹੈ॥੩੧॥

## ਦੋਹਰਾ॥ ਪਾਂਚ ਤਤ੍ਵ ਤਾਂ ਤੇ ਭਏ; ਪ੍ਰਿਥਮੇ ਸੂਖਮ ਰੂਪ॥

ਤਾਂ = ਤਿਸ ਮਾਇਆ ਤੇ = ਤੋਂ ਪਾਂਚ = ਪੰਜ ਤੱਤ ਪੈਦਾ ਭਏ = ਹੋਏ, ਜਿਨ੍ਹਾਂ ਦਾ ਪ੍ਰਿਥਮੇ = ਪਹਿਲਾਂ ਸੂਖਮ ਰੂਪ ਸੀ।

## ਸਬਦ ਸਪਰਸ ਰੂਪ ਰਸ ਗੰਧ; ਕਹਤ ਕਵਿ ਭੂਪ॥੩੨॥

ਉਨ੍ਹਾਂ ਦੇ ਨਾਮ ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਹੈ, ਇਹ ਗੱਲ ਭੂਪ = ਰਾਜੇ, ਸ਼ਿਰੋਮਣੀ ਕਵਿ = ਕਵੀ ਜਨ ਕਹਤ = ਕਥਨ ਕਰਦੇ ਹਨ॥੩੨॥

## ਮਰਹਟਾ ਛੰਦ॥

## ਇਨ ਕੀ ਸੂਖਯਮ ਦੇਹ ਭਈ; ਸੋ ਹ੍ਰਿਨਯ ਗ੍ਰਭ ਕਹਾਵੈ॥

ਇਨ੍ਹਾਂ ਸੂਖਮ ਤੱਤਾਂ ਤੋਂ ਈਸ਼ਵਰ ਦੀ ਸੂਖਮ ਦੇਹੀ ਭਈ = ਹੋਈ ਹੈ, ਸੋ = ਉਹ ਸੂਖਮ ਦੇਹਾਂ ਦਾ ਅਭਿਮਾਨੀ ਹਿਰਨਗਰਭ ਕਹਾਵੈ = ਅਖਵਾਉਂਦਾ ਹੈ।

## ਸਭ ਜੀਵਨ ਕੇ ਆਪਨ ਹੀ ਤੇ; ਲਿੰਗ ਸਰੀਰ ਬਨਾਵੈ॥

ਉਹ ਸੂਖਮ ਦੇਹ ਦਾ ਅਭਿਮਾਨੀ ਹਿਰਨਗਰਭ ਆਪਣੇ ਹੀ ਸੂਖਮ ਸਰੀਰ ਤੋਂ ਸਭ ਜੀਵਨ = ਸਾਰੇ ਜੀਵਾਂ ਦੇ ਲਿੰਗ = ਸੂਖਮ ਸਰੀਰ ਬਨਾਵੈ = ਬਣਾਉਣਾ ਕਰਦਾ ਹੈ।

## ਇੰਦ੍ਰੀ ਮਨ ਬੁਧਿ ਪ੍ਰਾਣ ਸਭੈ; ਯਹ ਸਭ ਕੇ ਰਚੇ ਵਿਚਾਰੀ॥

ਸੂਖਮ ਸਰੀਰ ਵਿਚ ਦਸੇ ਇੰਦ੍ਰੇ, ਮਨ, ਬੁੱਧ ਤੇ ਪੰਜੇ ਪ੍ਰਾਣ ਆਦਿ ਇਹ ਸਾਰੇ ਵਿਚਾਰ ਪੂਰਬਕ ਬਣਾਏ।

## ਕਹੀਏ ਸੂਤ੍ਰ ਆਤਮਾ ਸੋਈ; ਸਭ ਹੀ ਵਿਧਿ ਨਿਰਧਾਰੀ॥੩੩॥

ਸੋ ਇਸ ਸੂਖਮ ਸਰੀਰ ਵਿਚ ਸੋਈ = ਉਹੀ ਸੂਤ੍ਰ ਰੂਪ, ਆਸਰਾ ਰੂਪ ਆਤਮਾ ਹੀ ਕਹੀਦੀ ਹੈ, ਉਹੋ ਹੀ ਗੱਲ ਸਭ ਤਰ੍ਹਾਂ ਕਰਕੇ ਨਿਰਧਾਰੀ = ਨਿਰਣੇ ਕੀਤੀ ਹੈ, ਅਰਥਾਤ ਸੂਖਜ਼ਮ ਦੇਹ ਦੇ ਅਭਿਮਾਨੀ ਚੇਤਨ ਨੂੰ ਹੀ 'ਸੂਤ੍ਰ ਆਤਮਾ' ਕਹਿੰਦੇ ਹਨ॥੩੩॥

## ਦੋਹਰਾ॥ ਸਥੂਲ ਤਤ੍ਵ ਪਾਂਚੋ ਪ੍ਰਗਟ; ਤਿਨ ਤੇ ਸਭ ਬ੍ਰਹਮੰਡ॥

ਇਨ੍ਹਾਂ ਸੂਖਮ ਤੱਤਾਂ ਤੋਂ ਅੱਗੇ ਸਥੂਲ ਪੰਜ ਤੱਤ ਪ੍ਰਗਟ ਹੋਏ, ਤਿਨ = ਉਨ੍ਹਾਂ ਸਥੂਲ ਤੱਤਾਂ ਤੇ = ਤੋਂ ਅੱਗੇ ਸਭ = ਸਾਰਾ ਬ੍ਰਹਿਮੰਡ ਬਣਿਆ।

## ਨਭ ਅਰੁ ਪਵਨ ਸੁ ਤੇਜ ਜਲ; ਔ ਪ੍ਰਿਥਵੀ ਨਵ ਖੰਡ॥੩੪॥

ਉਨ੍ਹਾਂ ਪੰਜਾਂ ਸਥੂਲ ਤੱਤਾਂ ਦੇ ਨਾਮ ਦੱਸਦੇ ਹਨ ਕਿ ਨਭ = ਅਕਾਸ਼, ਅਰੁ = ਅਤੇ ਪਵਨ = ਹਵਾ, ਤੇਜ = ਅੱਗ, ਜਲ = ਪਾਣੀ ਔ = ਅਤੇ ਪ੍ਰਿਥਵੀ = ਧਰਤੀ ਤੇ ਫੇਰ ਨੌਂ ਖੰਡ ਆਦਿ **ਵਾ**: ਨੌਂ ਖੰਡਾਂ ਵਾਲੀ ਪ੍ਰਿਥਵੀ ਬਣੀ ਹੈ॥੩੪॥

## ਦੋਹਰਾ॥ ਸਥੂਲ ਦੇਹ ਯਹ ਈਸ਼ ਕੀ; ਸਥੂਲ ਤੱਤ੍ਵ ਕੀ ਜਾਨ॥

ਹੇ ਸਿੱਖ! ਇਹ ਈਸ਼ = ਈਸ਼ਵਰ ਕੀ = ਦੀ ਸਥੂਲ ਦੇਹੀ ਹੈ, ਜੋ ਸਥੂਲ ਤੱਤਾਂ ਦੀ ਹੀ ਬਣੀ ਹੋਈ ਜਾਨ = ਜਾਨਣਾ ਕਰ।

## ਯਾਹੀ ਮੇਂ ਸਭ ਜੀਵ ਕੀ; ਦੇਹੀ ਲੀਜੈ ਮਾਨ॥੩੫॥

ਯਾਹੀ = ਇਸ ਦੇ ਮੇਂ = ਵਿਚ ਹੀ ਸਭ = ਸਾਰੇ ਜੀਵਾਂ ਕੀ = ਦੀ ਦੇਹੀ ਮਾਨ = ਮੰਨ ਲੀਜੈ = ਲੈਣਾ ਕਰ॥੩੫॥

ਅੱਗੇ ਈਸ਼ਵਰ ਦਾ ਸਥੂਲ ਸਰੀਰ ਕਥਨ ਕਰਦੇ ਹਨ:

## ਕਬਿਤ॥ ਸਿਰ ਹੈ ਅਕਾਸ਼ ਸਵਾਸ ਨਾਸਕਾ ਪਵਨ ਵਾਸ;
## ਸੂਰ ਸਸਿ ਨੈਨ ਮੁਖ ਅਨਲ ਕੋ ਕਰ ਹੈ॥

ਈਸ਼ਵਰ ਦਾ ਸਿਰ ਅਕਾਸ਼ ਹੈ, ਨਾਸਕਾ = ਨੱਕ ਵਿਚ ਵਾਸ = ਵੱਸਣ ਵਾਲੇ ਸ੍ਵਾਸ ਪਵਨ = ਹਵਾ ਹੈ, ਸੂਰ = ਸੂਰਜ ਤੇ ਸਸਿ = ਚੰਦ੍ਰਮਾ ਨੈਨ = ਨੇਤ੍ਰ ਹਨ ਅਤੇ ਅਨਲ = ਅੱਗ ਦਾ ਹੀ ਮੂੰਹ ਕੀਤਾ ਹੋਇਆ ਹੈ ਭਾਵ ਅੱਗ ਹੀ ਉਸ ਦਾ ਮੂੰਹ ਹੈ।

## ਹਰ ਹਰਿ ਭੁਜਾ ਦੋਊ ਹਿਯੇ ਚਤੁਰਾਨਨ ਹੈ; ਉਦਰ ਸਕਲ ਲੋਕ ਬਾਨੀ ਵੇਦ ਰਰ ਹੈ॥

ਹਰ = ਸ਼ਿਵਜੀ ਅਤੇ ਹਰਿ = ਵਿਸ਼ਨੂੰ ਇਹ ਦੋਊ = ਦੋਵੇਂ ਭੁਜਾ = ਬਾਹਵਾਂ ਰੂਪ ਹਨ ਚਤੁਰਾਨਨ = ਚਾਰ ਮੂੰਹਾਂ ਵਾਲਾ ਬ੍ਰਹਮ ਹਿਯੇ = ਹਿਰਦਾ ਹੈ। ਸਕਲ = ਸੰਪੂਰਣ ਲੋਕ ਉਦਰ = ਪੇਟ ਹਨ, ਜੋ ਵੇਦਾਂ ਦਾ ਰਰ= ਉਚਾਰਣ ਹੋ ਰਿਹਾ ਹੈ, ਇਹ ਈਸ਼ਵਰ ਦੀ ਬਾਨੀ = ਬਾਣੀ ਹੈ।

## ਪ੍ਰਬਤ ਅਸਤ, ਰੋਮ ਸਕਲ ਬਨਾਸਪਤੀ; ਮੇਘ ਮਾਲ ਬੀਰਯ, ਪਤਾਲ ਪਾਵ ਤਰ ਹੈ॥

ਪ੍ਰਬਤ = ਪਹਾੜ ਈਸ਼ਵਰ ਦੀਆਂ ਅਸਤ = ਹੱਡੀਆਂ ਹਨ, ਸਕਲ = ਸਾਰੀ ਬਨਸਪਤੀ ਈਸ਼ਵਰ ਦੇ ਰੋਮ = ਕੇਸ, ਵਾਲ ਹਨ, ਮਾਲ = ਸਮੂਹ ਮੇਘ = ਬੱਦਲ ਬੀਰਯ = ਬਿੰਦ ਰੂਪ ਹਨ ਅਤੇ ਪਤਾਲ ਲੋਕ ਈਸ਼ਵਰ ਦੇ ਪਾਵ = ਪੈਰ ਹਨ।

## ਅਲਖ ਅਰੂਪ ਜਾ ਕੀ ਮਹਿਮਾ ਅਨੂਪ ਦੇਖੋ; ਵਹੈ ਵਿਸ਼੍ਵ ਭੂਪ ਵਹੈ ਵਿਸ਼੍ਵ ਰੂਪ ਧਰ ਹੈ॥੩੬॥

ਹੇ ਸਿੱਖ! ਦੇਖੋ = ਦੇਖਣਾ ਕਰੋ, ਜੋ ਈਸ਼ਵਰ ਅਲਖ = ਲਖਣ, ਜਾਨਣ ਤੋਂ ਬਿਨਾਂ, ਅਰੂਪ = ਰੂਪ ਤੋਂ ਬਿਨਾਂ ਅਤੇ ਜਾ = ਜਿਸ ਕੀ = ਦੀ ਮਹਿਮਾ = ਵਡਿਆਈ ਅਨੂਪ = ਉਪਮਾ ਤੋਂ ਰਹਿਤ ਬਿਅੰਤ ਹੈ, ਵਹੈ = ਉਹ ਈਸ਼ਵਰ ਇਸ ਵਿਸ਼੍ਵ = ਸੰਸਾਰ ਦਾ ਭੂਪ = ਰਾਜਾ ਰੂਪ ਹੈ ਵਹੈ = ਉਹੀ ਈਸ਼ਵਰ ਨੇ ਇਹ ਸ੍ਰਿਸ਼ਟੀ ਦਾ ਰੂਪ ਧਰ = ਧਾਰਨ ਕੀਤਾ ਹੋਇਆ ਹੈ॥੩੬॥

## ਸਿਖ੍ਯੋ ਵਾਚ ਦੋਹਰਾ॥

## ਸਮਝ੍ਯੋ ਪੁਰਖ ਵੈਰਾਟ ਜੋ; ਕੀਨੋ ਆਪ ਬਖਾਨ॥

ਹੇ ਗੁਰੂ ਜੀ! ਜੋ ਆਪ ਜੀ ਨੇ ਪੁਰਖ = ਈਸ਼ਵਰ ਦਾ ਵੈਰਾਟ ਸਰੂਪ ਬਖਾਨ = ਕਥਨ ਕੀਤਾ ਹੈ, ਉਹ ਵੈਰਾਟ = ਵਿਸ਼੍ਵ ਸਰੂਪ ਮੈਂ ਸਮਝ੍ਯੋ = ਸਮਝ ਲੈਣਾ ਕੀਤਾ ਹੈ।

## ਕਬ ਤੇ ਹੈ, ਕਬ ਲੌ ਰਹੈ; ਕਹੀਏ ਸਭੈ ਪ੍ਰਮਾਨ॥੩੭॥

ਪਰ ਹੁਣ ਮੈਨੂੰ ਇਹ ਗੱਲ ਸਭ = ਸਾਰੇ ਪ੍ਰਮਾਨ = ਪ੍ਰਮਾਣਾਂ, ਉਦਾਹਰਣਾਂ ਦੇ ਸਹਿਤ ਕਹੀਏ = ਕਹਿਣਾ ਕਰੋ ਕਿ ਇਹ ਈਸ਼ਵਰ ਕਬ = ਕਦੋਂ ਤੇ = ਤੋਂ ਪੈਦਾ ਹੋਇਆ ਹੈ ਅਤੇ ਕਬ = ਕਦੋਂ ਲੌ = ਤੱਕ ਅੱਗੇ ਰਹੈ = ਰਹੇਗਾ॥੩੭॥

## ਸ੍ਰੀ ਗੁਰੋ ਵਾਚ॥

## ਦੋਹਰਾ॥ ਬ੍ਰਹਮਾ ਹੀ ਕੀ ਆਯੁ ਲੌ; ਯਾ ਕੋ ਬਧ੍ਯੋ ਪ੍ਰਮਾਨ॥

ਹੇ ਸਿੱਖ! ਬ੍ਰਹਮਾ ਕੀ = ਦੀ ਆਯੁ = ਉਮਰ ਲੌ = ਤੱਕ ਹੀ ਇਸ ਕੋ = ਦਾ ਪ੍ਰਮਾਨ ਬਧ੍ਯੋ = ਬੰਨ੍ਹਿਆ ਹੋਇਆ ਹੈ।

## ਸੁਨ ਅਬ ਤੋ ਸੋਂ ਕਹਤ ਹੌਂ; ਜੋ ਹੈ ਸਬੈ ਬਿਧਾਨ ॥੩੮॥

ਹੇ ਸਿੱਖ ! ਸੁਨ = ਸੁਣਨਾ ਕਰ। ਅਬ = ਹੁਣ ਮੈਂ ਤੋ = ਤੇਰੇ ਸੋਂ = ਤਾਈਂ ਉਹ ਕਹਤ ਹੌਂ = ਕਹਿੰਦਾ ਹਾਂ, ਜੋ ਸਬੈ = ਸਾਰਾ ਬਿਧਾਨ = ਵਿਧੀ ਵਿਧਾਨ ਬਣਿਆ ਹੋਇਆ ਹੈ ॥੩੮॥

## ਸ੍ਵੈਯਾ ॥ ਸੱਤ੍ਰਹਿ ਲਾਖ ਹਜ਼ਾਰ ਅਠਾਈਸ ਹੈ; ਯੁਗ ਸਤ ਚਹੂੰ ਪਗੁ ਜਾਨੋ ॥

ਹੇ ਸਿੱਖ ! ਸਤਯੁਗ ਦੀ ਉਮਰ ਸਤਾਰਾਂ ਲੱਖ ਅਠਾਈ ਹਜ਼ਾਰ (੧੭,੨੮੦੦੦) ਸਾਲ ਹੈ, ਸਤਯੁਗ ਦੇ ਵਿਚ ਧਰਮ ਰੂਪ ਧੌਲੇ ਬੈਲ ਦੇ ਚਹੂੰ = ਚਾਰ ਪਗੁ = ਪੈਰ (ਸਤ, ਤਪ, ਜਗ ਤੇ ਦਾਨ) ਜਾਨੋ = ਜਾਨਣਾ ਕਰੋ।

## ਬਾਰਹਿ ਲਾਖ ਹਜ਼ਾਰ ਛਿਆਨਵੇਂ ਤੇਤਾ; ਤਹਾਂ ਪਗ ਤੀਨ ਬਖਾਨੋ ॥

ਬਾਰਾਂ ਲੱਖ ਛਿਆਨਵੇਂ ਹਜ਼ਾਰ ਸਾਲ ਤ੍ਰੇਤੇ ਯੁੱਗ ਦੀ ਉਮਰ ਮੰਨੀ ਹੈ ਤਹਾਂ = ਉਥੇ ਧਰਮ ਰੂਪੀ ਧੌਲੇ ਬੈਲ ਦੇ ਤੀਨ = ਤਿੰਨ ਪਗ = ਪੈਰ (ਤਪ, ਜਗ ਤੇ ਦਾਨ) ਬਖਾਨੋ = ਕਥਨ ਕੀਤੇ ਹਨ।

## ਆਠਹਿ ਲਾਖ ਹਜ਼ਾਰ ਜੋ ਚੌਸਠ; ਦ੍ਵਾਪਰ ਦ੍ਵੈ ਪਗ ਧਰਮ ਕੇ ਮਾਨੋ ॥

ਅੱਠ ਲੱਖ ਚੌਂਹਠ ਹਜ਼ਾਰ ਦ੍ਵਾਪੁਰ ਜੁਗ ਦੀ ਉਮਰ ਮੰਨੀ ਹੈ, ਦੁਆਪੁਰ ਜੁਗ ਵਿਚ ਧਰਮ ਰੂਪੀ ਧੌਲੇ ਬੈਲ ਦੇ ਦ੍ਵੈ = ਦੋ ਪਗ = ਪੈਰ (ਜਗ ਤੇ ਦਾਨ) ਮਾਨੋ = ਮੰਨਣਾ ਕਰੋ।

## ਚਾਰ ਸੁ ਲਾਖ ਬਤੀਸ ਹਜ਼ਾਰ ਕੋ ਹੈ; ਕਲਿ ਏਕ ਪਗੈ ਠਹਰਾਨੋ ॥੩੯॥

ਚਾਰ ਲੱਖ ਬੱਤੀ ਹਜ਼ਾਰ ਸਾਲ ਕਲਯੁਗ ਦੀ ਉਮਰ ਮੰਨੀ ਹੈ, ਕਲਯੁਗ ਦੇ ਵਿਚ ਧਰਮ ਰੂਪ ਧੌਲਾ ਬੈਲ ਏਕ = ਇਕ ਦਾਨ ਰੂਪੀ ਪਗੈ = ਪੈਰ ਤੇ ਠਹਰਾਨੋ = ਇਸਥਿਤ ਹੈ ॥੩੯॥

## ਦੋਹਰਾ ॥ ਲਾਖ ਤਿਤਾਲੀ ਵਰਖ ਅਰੁ; ਬੀਤੇ ਬੀਸ ਹਜ਼ਾਰ ॥

ਜਦੋਂ ਤਿਰਤਾਲੀ ਲੱਖ ਵਰਖ = ਸਾਲ ਅਰੁ = ਅਤੇ ਉੱਪਰ ਹੋਰ ਬੀਸ = ਵੀਹ ਹਜ਼ਾਰ ਬੀਤੇ = ਬਤੀਤ ਹੋ ਜਾਂਦੇ ਹਨ।

## ਏਕ ਚੌਕੜੀ ਯੁਗਨ ਕੀ; ਤੋ ਕੋ ਕਹਯੋ ਬਿਚਾਰ ॥੪੦॥

ਤਦ ਇਤਨੇ ਸਮੇਂ ਨੂੰ ਯੁਗਾਂ ਕੀ = ਦੀ ਇਕ ਚੌਂਕੜੀ ਕਿਹਾ ਜਾਂਦਾ ਹੈ, ਹੇ ਸਿੱਖਾ ! ਇਹ ਤੇਰੇ ਕੋ = ਤਾਈਂ ਯੁਗਾਂ ਦੀ ਉਮਰ ਦਾ ਵਿਚਾਰ ਕਹਯੋ = ਕਿਹਾ ਹੈ ॥੪੦॥

## ਦੋਹਰਾ ॥ ਐਸੀ ਐਸੀ ਚੌਕੜੀ; ਯੁਗ ਜਬ ਜਾਇ ਹਜਾਰ ॥

ਐਸੀ ਐਸੀ = ਇਹੋ-ਇਹੋ ਜਿਹੀਆਂ ਜਬ = ਜਦੋਂ ਜੁਗਾਂ ਦੀਆਂ ਹਜ਼ਾਰ ਚੌਕੜੀਆਂ ਬਤੀਤ ਹੋ ਜਾਂਦੀਆਂ ਹਨ।

## ਬ੍ਰਹਮਾ ਜੂ ਕੋ ਏਕ ਦਿਨ; ਤਬ ਕਹੀਯਤ ਨਿਰਧਾਰ ॥੪੧॥

ਤਬ = ਤਦੋਂ ਬ੍ਰਹਮਾ ਜੀ ਕੋ = ਦਾ ਇਕ ਦਿਨ ਕਹੀਯਤ = ਕਿਹਾ ਜਾਂਦਾ ਹੈ, ਹੇ ਸਿੱਖ ! ਇਹ ਤੂੰ ਨਿਰਧਾਰ = ਨਿਰਣੇ, ਨਿਸ਼ਚੇ ਕਰ ॥੪੧॥

## ਦੋਹਰਾ ॥ ਜੇਤੇ ਯੁਗ ਕੋ ਦਿਨ ਕਹਯੋ; ਤੇਤੀ ਹੈ ਪੁਨ ਰਾਤ ॥

ਹੇ ਸਿੱਖ! ਜੇਤੇ = ਜਿਤਨੇ ਯੁਗਾਂ ਕੋ = ਦਾ ਤੇਰੇ ਤਾਈਂ ਦਿਨ ਕਹਯੋ = ਕਹਿਣਾ ਕੀਤਾ ਹੈ, ਤੇਤੀ = ਉਤਨੀ ਹੀ ਪੁਨ = ਫੇਰ ਉਸਦੀ ਰਾਤ ਹੈ।

## ਸ੍ਰਿਸਟਿ ਰਚੇ ਦਿਨ ਕੇ ਉਦੇ; ਰਾਤ ਪ੍ਰਲੈ ਹ੍ਵੈ ਜਾਤ ॥੪੨॥

ਜਦੋਂ ਬ੍ਰਹਮਾ ਦਾ ਦਿਨ ਉਦੇ = ਚੜ੍ਹਦਾ ਹੈ ਤਦੋਂ ਉਹ ਸ੍ਰਿਸ਼ਟੀ ਨੂੰ ਰਚੇ = ਰਚਦਾ ਹੈ, ਜਦੋਂ ਰਾਤ ਪੈਂਦੀ ਹੈ ਤਦੋਂ ਪ੍ਰਲੈ = ਪਰਲੋ ਹੋ ਜਾਤ = ਜਾਂਦੀ ਹੈ ॥੪੨॥

## ਦੋਹਰਾ ॥ ਬ੍ਰਹਮਾ ਹੀ ਕੇ ਦਿਵਸ ਕੋ; ਕਲਪ ਕਹੈਂ ਸਭ ਤਾਤ ॥

ਤਾਤ = ਹੇ ਪਿਆਰੇ ਸਿੱਖ! ਬ੍ਰਹਮਾ ਕੇ = ਦੇ ਦਿਵਸ = ਦਿਨ ਕੋ = ਨੂੰ ਹੀ ਸਭ = ਸਾਰੇ ਕਲਪ ਕਹੈ = ਕਹਿੰਦੇ ਹਨ ਭਾਵ ਇਤਨੇ ਸਮੇਂ ਦਾ ਨਾਮ ਇਕ ਕਲਪ ਹੈ।

## ਜਾ ਮਹਿ ਚੌਦਹਿ ਇੰਦ੍ਰ ਹ੍ਵੈ; ਰਾਜ ਕਰਤ ਮਿਟ ਜਾਤ ॥੪੩॥

ਜਾ = ਜਿਸ ਇਕ ਕਲਪ ਦੇ ਸਮੇਂ ਮਹਿ = ਵਿਚ ਚੌਦਾਂ ਇੰਦ੍ਰ ਸਵਰਗ ਦਾ ਰਾਜ ਕਰਤ = ਕਰਦਿਆਂ ਮਿਟਿ = ਨਾਸ਼ ਹੋ ਜਾਤ = ਜਾਂਦੇ ਹਨ ॥੪੩॥ ਜੈਸਾ ਕਿ :

**ਚਉਦਹੁ ਇੰਦ੍ਰ ਵਿਣਾਸੁ ਕਾਲਿ ਬ੍ਰਹਮੇ ਦਾ ਇਕੁ ਦਿਵਸੁ ਵਿਹਾਵੈ ॥**

*(ਭਾ: ਗੁਰਦਾਸ ਜੀ, ਵਾਰ ੧੨, ਪਉੜੀ ੧੦)*

## ਦੋਹਰਾ ॥ ਵਰਖ ਤੀਨ ਸੈ ਸਾਠ ਕੋ; ਇਨ ਦਿਵਸਨ ਕੋ ਹੋਇ ॥

ਬ੍ਰਹਮਾ ਦੇ ਤੀਨ ਸੈ = ਤਿੰਨ ਸੌ ਸਾਠ= ਸੱਠ ਕੋ = ਦਾ ਵਰਖ = ਸਾਲ ਇਨ = ਇਹਨਾਂ ਉਪਰੋਕਤ ਦਿਵਸਨ = ਦਿਨ ਕੋ = ਦਾ ਹੋਇ = ਹੁੰਦਾ ਹੈ।

## ਆਯੁ ਦਿਬਯ ਸੌ ਵਰਖ ਕੀ; ਬ੍ਰਹਮਾ ਜੂ ਕੀ ਜੋਇ ॥੪੪॥

ਇਸ ਤਰ੍ਹਾਂ ਬ੍ਰਹਮਾ ਜੀ ਕੀ = ਦੀ ਆਯੂ = ਉਮਰ ਦਿਬਯ ਸੌ ਬਰਖ = ਸਾਲ ਕੀ = ਦੀ ਜੋਇ = ਦੇਖਣੀ, ਜਾਨਣੀ ਕਰ ॥੪੪॥ [ਨੋਟ—ਬ੍ਰਹਮਾ ਜੀ ਦੇ ਦਿਨਾਂ ਦਾ ਜੋ ਸਾਲ ਹੈ, ਉਸਨੂੰ ਦਿਬਯ ਕਹਿੰਦੇ ਹਨ।]

## ਦੋਹਰਾ ॥ ਬ੍ਰਹਮਾ ਜੂ ਕੇ ਜਨਮ ਤੇ; ਪ੍ਰਗਟ ਹੋਤ ਸੰਸਾਰ ॥

ਬ੍ਰਹਮਾ ਜੀ ਕੇ = ਦੇ ਜਨਮ ਦੇ ਤੇ = ਨਾਲ ਹੀ ਇਹ ਸੰਸਾਰ ਪ੍ਰਗਟ = ਪੈਦਾ ਹੋਤ = ਹੁੰਦਾ ਹੈ।

## ਮਹਾਂ ਪ੍ਰਲਯ ਹ੍ਵੈ ਮਰਨ ਤੇ; ਯਹੈ ਬਾਤ ਨਿਰਧਾਰ ॥੪੫॥

ਉਸਦੇ ਮਰਨ ਤੇ = ਤੋਂ ਮਹਾ = ਵੱਡੀ ਪ੍ਰਲੋ ਹ੍ਵੈ = ਹੋ ਜਾਂਦੀ ਹੈ, ਹੇ ਸਿੱਖ! ਇਹ ਗੱਲ ਤੂੰ ਨਿਰਧਾਰ = ਨਿਰਣੇ, ਨਿਸ਼ਚੇ ਕਰ ॥੪੫॥

## ਦੋਹਰਾ ॥ ਕਹੋਂ ਕਹਾਂ ਲਗ ਈਸ਼ ਕੀ; ਮਾਯਾ ਕੋ ਵਿਸਥਾਰ ॥

ਹੇ ਸਿੱਖ ! ਮੈਂ ਤੈਨੂੰ ਈਸ਼ = ਈਸ਼ਵਰ ਕੀ = ਦੀ ਮਾਇਆ ਕੋ = ਦਾ ਵਿਸਥਾਰ = ਖਿਲਾਰਾ ਕਹਾ = ਕਿੱਥੋਂ ਲਗ = ਤੱਕ ਕਹੋਂ = ਕਹਿਣਾ ਕਰਾਂ।

## ਤਾਂਹੀ ਤੇ ਸੰਛੇਪ ਸੋਂ; ਕਹਿ ਕਛੁ ਕੀਯੋ ਵਿਚਾਰ ॥੪੬॥

ਇਸ ਕਰਕੇ ਤਾਂਹੀ = ਉਸ ਵਿਚੋਂ ਸੰਛੇਪ = ਥੋੜ੍ਹੇ ਕੁ ਮਾਤਰ ਤੇਰੇ ਤਾਈਂ ਕੁਝ ਵਿਚਾਰ ਕਥਨ ਕੀਯੋ = ਕੀਤਾ ਹੈ ॥੪੬॥

## ਦੋਹਰਾ ॥ ਤਤਪਦ ਈਸ਼ਵਰ ਕੋ ਕਹਯੋ; ਤੋਹਿ ਸਕਲ ਵਿਸਥਾਰ ॥

ਹੇ ਸਿੱਖ ! ਇਹ ਤੈਨੂੰ ਤਤ ਪਦ ਈਸ਼ਵਰ ਕੋ = ਦਾ ਸਕਲ = ਸਾਰਾ ਵਿਸਥਾਰ ਕਹਯੋ = ਕਹਿਣਾ ਕੀਤਾ ਹੈ।

## ਅਬ ਸੁਨ ਤੂੰ ਪਦ ਜੀਵ ਕੋ; ਜਯੋਂ ਨਾਸਹਿ ਸੰਸਾਰ ॥੪੭॥

ਅਬ = ਹੁਣ ਤੂੰ ਤੂੰ ਪਦ ਜੀਵ ਨੂੰ ਸੁਨ = ਸ੍ਰਵਨ ਕਰ, ਜਿਸ ਦੇ ਸੁਣਨ ਕਰਕੇ ਤੇਰੇ ਅੰਦਰੋਂ ਸੰਸਾਰ = ਜਗਤ ਦੀ ਪ੍ਰੀਤੀ ਨਾਸਹਿ = ਨਾਸ ਹੋ ਜਾਵੇ ॥੪੭॥

## ਇਤਿ ਤਤ ਪਦ ਪਦਾਰਥ ॥

## ਅਥ ਤੂੰ ਪਦ ॥

ਅਥ = ਹੁਣ ਤੂੰ ਪਦ ਜੋ ਜੀਵ ਦਾ ਵਾਚਯ ਅਰਥ ਹੈ, ਉਸਦਾ ਕਥਨ ਕਰਦੇ ਹਨ।

## ਮਰਹਟਾ ਛੰਦ ॥ ਜੋ ਪਹਿਲੇ ਉਤਪਤਿ ਈਸ ਕੀ; ਵਹੀ ਜੀਵ ਕੀ ਜਾਨੋ ॥

ਜੋ = ਜਿਹੜੀ ਪਹਿਲਾਂ ਈਸ = ਈਸ਼ਵਰ ਕੀ = ਦੀ ਉਤਪਤਿ ਕਹਿਣਾ ਕੀਤੀ ਹੈ, ਵਹੀ = ਉਸੇ ਤਰ੍ਹਾਂ ਜੀਵ ਕੀ = ਦੀ ਉਤਪਤੀ ਜਾਨੋ = ਜਾਨਣਾ ਕਰੋ।

## ਵਾ ਕੇ ਸੁਧ ਸਤੋਗੁਨ; ਯਾਂ ਕੇ ਰਜ ਤਮ ਅਧਿਕ ਬਖਾਨੋ ॥

ਪਰ ਇਤਨਾ ਕੁ ਭੇਦ ਹੈ ਕਿ ਵਾ = ਉਸ ਈਸ਼ਵਰ ਕੇ = ਦੇ ਵਿਚ ਸ਼ੁੱਧ ਸਤੋਗੁਨ ਅਧਿਕ ਹੈ ਅਤੇ ਯਾ = ਇਸ ਜੀਵ ਕੇ = ਦੇ ਅੰਦਰ ਰਜੋ ਤੇ ਤਮੋ ਗੁਣ ਅਧਿਕ = ਵਧੇਰੇ ਬਖਾਨੋ = ਕਥਨ ਕਰੀਦੇ ਹਨ।

## ਸਿਖਯੋ ਵਾਚ ॥

## ਸਤ ਰਜ ਤਮ ਏ ਤੀਨੋ ਗੁਨ; ਮਾਯਾ ਤੇ ਕਹਿ ਆਏ ॥

ਹੇ ਗੁਰੂ ਜੀ ! ਏ = ਇਹ ਸਤ ਰਜ ਤੇ ਤਮ ਤੀਨੋ = ਤਿੰਨੇ ਗੁਣ ਤੁਸੀਂ ਪਿੱਛੇ ਮਾਇਆ ਤੋਂ ਪੈਦਾ ਹੋਏ ਕਹਿ = ਆਖ ਆਏ ਹੋ।

## ਤਿਨ ਕੇ ਲੱਛਨ ਕ੍ਰਿਪਾ ਸਿੰਧੁ; ਤੁਮ ਮੋਹਿ ਨ ਭਿੰਨ ਸੁਨਾਏ ॥੪੮॥

ਹੇ ਕ੍ਰਿਪਾ = ਮਿਹਰ ਦੇ ਸਿੰਧੁ = ਸਮੁੰਦਰ ਗੁਰੂ ਜੀ ! ਪਰ ਉਨ੍ਹਾਂ ਗੁਣਾਂ ਦੇ ਲੱਛਨ = ਚਿੰਨ੍ਹ ਤੁਸੀਂ ਮੈਨੂੰ ਭਿੰਨ = ਵੱਖਰੇ ਕਰਕੇ ਨਹੀਂ ਸੁਣਾਉਣਾ ਕੀਤੇ ॥੪੮॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਸਕਲ ਬਸਤੁ ਕੋ ਗਯਾਨ ਉਰ; ਬੁਧਿ ਵਿਮਲ ਜਬ ਹੋਇ ॥

ਹੇ ਸਿੱਖ ! ਜਬ = ਜਦੋਂ ਬੁੱਧੀ ਵਿਮਲ = ਉੱਜਲ ਹੋਇ = ਹੋ ਜਾਵੇ ਅਤੇ ਸਕਲ, ਸਾਰੀਆਂ ਬਸਤੁ = ਵਸਤੂਆਂ ਕੋ = ਦਾ ਗਿਆਨ ਉਰ = ਹਿਰਦੇ ਵਿਚ ਪ੍ਰਾਪਤ ਹੋ ਜਾਵੇ।

## ਯਹੀ ਸਤੋਗੁਨ ਜਾਨੀਯੇ; ਕਹਤ ਸਆਨੇ ਲੋਇ ॥੪੯॥

ਯਹੀ = ਇਹੋ ਹੀ ਸਤੋ ਗੁਣ ਜਾਨੀਯੇ = ਜਾਨਣਾ ਕਰੋ, ਸਆਨੇ = ਸਿਆਣੇ, ਬੁੱਧੀਵਾਨ ਲੋਕ ਉਸੇ ਨੂੰ ਸਤੋ ਗੁਣ ਕਹਤ = ਕਹਿੰਦੇ ਹਨ ॥੪੯॥

## ਦੋਹਰਾ ॥ ਲੋਭ ਲੀਏ ਬਿਵਹਾਰ ਜੋ; ਸੋ ਰਜਗੁਨ ਪਹਚਾਨ ॥

ਹੇ ਸਿੱਖ ! ਜੋ = ਜਿਹੜੇ ਲੋਭ = ਲਾਲਚ ਦੇ ਲੀਏ = ਵਾਸਤੇ ਬਿਵਹਾਰ = ਲੈਣ ਦੇਣ ਹੈ, ਇਸਨੂੰ ਰਜੋ ਗੁਣ ਪਹਿਚਾਨਣਾ ਕਰ।

## ਆਲਸਜ ਨਿੰਦ੍ਰਾ ਵਿਕਲਤਾ; ਮੋਹ ਤਮੋਗੁਨ ਜਾਨ ॥੫੦॥

ਜੋ ਆਲਸਜ = ਦਲਿੱਦਰਤਾ, ਨਿੰਦ੍ਰਾ = ਨੀਂਦ, ਵਿਕਲਤਾ = ਬੇਚੈਨੀ ਅਤੇ ਮੋਹ ਵਾਲੀ ਹਾਲਤ ਹੈ, ਇਸਨੂੰ ਤਮੋ ਗੁਣ ਜਾਨਣਾ ਕਰ ॥੫੦॥

## ਸ੍ਵੈਯਾ ॥ ਸਚਿਦਾਨੰਦ ਸ੍ਵਰੂਪ ਅਖੰਡ; ਸੁ ਆਪ ਤਮੋ ਗੁਨ ਤੇ ਵਿਸਰਾਯੋ ॥

ਜੋ ਸਚਿਦਾਨੰਦ = ਸਤ ਚਿਤ ਅਨੰਦ ਸਰੂਪ ਅਤੇ ਅਖੰਡ = ਨਾਸ਼ ਤੋਂ ਰਹਿਤ ਹੈ, ਸੁ = ਉਹ ਆਪ = ਆਪਣਾ ਰੂਪ ਭਾਵ ਜੀਵ ਦਾ ਜੋ ਵਾਸਤਵ ਰੂਪ ਸੀ। ਉਹ ਤਮੋ ਗੁਣ ਦੀ ਅਧਿਕਤਾ ਕਰਕੇ ਮਾਇਆ ਵਿਸਰਾਯੋ = ਭੁਲਾ ਦਿੱਤਾ ਹੈ।

## ਏਕ ਤੇ ਜੀਵ ਅਨੇਕ ਬਨਾਇਕੈ; ਮਾਯਾ ਕੀਓ ਅਪੁਨੋ ਮਨ ਭਾਯੋ ॥

ਏਕ = ਅਦੁੱਤੀ ਪਰਮਾਤਮਾ ਤੇ = ਤੋਂ ਅਨੇਕ = ਬਿਅੰਤ ਜੀਵ ਬਨਾਇਕੈ = ਬਣਾ ਕਰਕੇ ਮਾਇਆ ਨੇ ਅਪੁਨੋ = ਆਪਣਾ ਮਨ ਭਾਯੋ = ਭਾਉਂਦਾ ਕਾਰਜ ਕੀਓ = ਕੀਤਾ।

## ਕਾਰਣ ਦੇਹ ਅਵਿਦਜਾ ਯਹੈ; ਅਰੁ ਵਾਹੀ ਕੋ ਨਾਮ ਅਗਜਾਨ ਕਹਾਯੋ ॥

ਸੋ ਅਵਿੱਦਿਆ ਹੀ ਜੀਵ ਦੀ ਕਾਰਣ ਦੇਹੀ ਹੈ, ਅਰੁ = ਅਤੇ ਵਾਹੀ = ਉਸੇ ਅਵਿੱਦਿਆ ਦਾ ਨਾਮ ਹੀ ਵਿਦਵਾਨਾਂ ਨੇ ਅਗਿਆਨ ਕਥਨ ਕੀਤਾ ਹੈ।

## ਸੂਖਮ ਸਥੂਲ ਉਪਾਧਿ ਕੋ ਮੂਲ ਯਹੈ; ਪ੍ਰਤਿਕੂਲ ਸੁਖਾਨੰਦ ਗਾਯੋ ॥੫੧॥

ਕਵੀ ਜੀ ਕਥਨ ਕਰਦੇ ਹਨ ਕਿ ਸੂਖਮ ਸਰੀਰ ਅਤੇ ਸਥੂਲ ਸਰੀਰ ਦੀ ਉਪਾਧੀਆਂ ਕੋ = ਦਾ ਮੂਲ = ਮੁੱਢਲਾ ਕਾਰਣ ਯਹੈ = ਇਹੋ ਅਵਿੱਦਿਆ ਹੀ ਹੈ, ਇਸਦੇ ਪ੍ਰਤਿਕੂਲ = ਉਲਟ ਉਹ ਸੁਖਾਨੰਦ = ਸੁੱਖ ਅਤੇ ਅਨੰਦ ਸਰੂਪ ਕਹਿ ਕੇ ਗਾਇਆ ਜਾਂਦਾ ਹੈ ॥੫੧॥

## ਦੋਹਰਾ ॥ ਮਾਯਾ ਕੀ ਦ੍ਵੈ ਸ਼ਕਤਿ ਹੈ; ਵਿਖੇਪਕ ਆਵਰਨ ॥

ਹੇ ਸਿੱਖ ! ਈਸ਼ਵਰੀ ਮਾਇਆ ਦੀਆਂ ਦੋ ਸ਼ਕਤੀਆਂ ਮੰਨੀਆਂ ਹਨ, ਜਿਨ੍ਹਾਂ ਵਿਚੋਂ ਇਕ ਦਾ ਨਾਮ ਵਿਖੇਪਕ (ਮਨ ਦੀ ਚੰਚਲਤਾ) ਅਤੇ ਦੂਜੀ ਦਾ ਨਾਮ ਆਵਰਨ (ਬੁੱਧੀ ਉੱਪਰ ਅਵਿੱਦਿਆ ਦਾ ਪੜਦਾ) ਹੈ।

## ਚੇਤਨ ਰੂਪ ਭੁਲਾਇ ਕੈ; ਢਾਪਯੋ ਅੰਤਹਕਰਨ ॥੫੨॥

ਇਨ੍ਹਾਂ ਦੋਨਾਂ ਸ਼ਕਤੀਆਂ ਨੇ ਜੀਵਾਤਮਾ ਦਾ ਚੇਤਨ ਸਰੂਪ ਭੁਲਾ ਕਰਕੇ ਅੰਤਸ਼ਕਰਨ ਨੂੰ ਢਾਪਯੋ = ਢੱਕਿਆ ਹੋਇਆ ਹੈ, ਭਾਵ ਅਵਿੱਦਿਆ ਬ੍ਰਹਮ ਦੇ ਆਸਰੇ ਹੁੰਦੀ ਹੋਈ ਉਸਨੂੰ ਢੱਕ ਲੈਂਦੀ ਹੈ ॥੫੨॥

## ਸਿਖ੍ਯੋ ਵਾਚ ॥

## ਦੋਹਰਾ ॥ ਮੂਲ ਅਵਿਦ੍ਯਾ ਤੁਮ ਕਹੀ; ਸਭ ਉਪਾਧਿ ਕੋ ਦੇਵ ॥

ਹੇ ਗੁਰੂਦੇਵ ! ਤੁਮ = ਆਪ ਜੀ ਨੇ ਸਭ = ਸਾਰੀਆਂ ਸੂਖਮ ਅਸਥੂਲ ਉਪਾਧੀਆਂ ਕੋ = ਦਾ ਮੂਲ ਕਾਰਨ ਅਵਿੱਦਿਆ ਕਹੀ = ਕਥਨ ਕੀਤੀ ਹੈ ਜੋ ਮੈਂ ਸਮਝ ਲਈ ਹੈ।

## ਲਿੰਗ ਦੇਹ ਅਰੁ ਥੂਲ ਕੋ; ਜਾਨ੍ਯੋ ਚਾਹਤ ਭੇਵ ॥੫੩॥

ਹੇ ਗੁਰੂ ਜੀ ! ਹੁਣ ਮੈਂ ਲਿੰਗ = ਸੂਖਮ ਦੇਹ ਅਰੁ = ਅਤੇ ਥੂਲ = ਸਥੂਲ (ਮੋਟੀ) ਦੇਹੀ ਕੋ = ਦਾ ਭੇਵ = ਭੇਦ ਜਾਨ੍ਯੋ = ਜਾਨਣਾ ਚਾਹਤ = ਚਾਹੁੰਦਾ ਹਾਂ ਆਪ ਜੀ ਕਿਰਪਾ ਕਰਕੇ ਮੈਨੂੰ ਇਹ ਵੀ ਦੱਸਣਾ ਕਰੋ ॥੫੩॥

## ਸ੍ਰੀ ਗੁਰੋ ਵਾਚ ॥

## ਸ੍ਵੈਯਾ ॥ ਨਾਸਕਾ ਨੈਨ ਤੁਚਾ ਰਸਨਾ; ਮਿਲਿ ਕਾਨ ਏ ਇੰਦ੍ਰਯ ਗ੍ਯਾਨ ਬਖਾਨੋ ॥

ਹੇ ਸਿੱਖ ! ਨਾਸਕਾ = ਨੱਕ, ਨੈਨ = ਨੇਤ੍ਰ, ਤ੍ਵਚਾ = ਚਮੜੀ, ਰਸਨਾ = ਜੀਭ ਅਤੇ ਕਾਨ = ਕੰਨ ਮਿਲ ਕਰਕੇ ਏ = ਇਹ ਪੰਜੇ ਗਿਆਨ ਇੰਦ੍ਰੇ ਬਖਾਨੋ = ਕਥਨ ਕੀਤੇ ਜਾਂਦੇ ਹਨ।

## ਵਾਕ ਔ ਪਾਨ ਰੁ ਪਾਵ ਉਪਸਥ ਗੁਦਾ; ਮਿਲਿ ਪਾਂਚ ਏ ਕਰਮ ਪ੍ਰਮਾਨੋ ॥

ਵਾਕ = ਵਾਕ੍ਯ ਇੰਦ੍ਰਾ (ਜ਼ੁਬਾਨ) ਔ = ਅਤੇ ਪਾਨ = ਹੱਥ ਪਾਵ = ਪੈਰ ਉਪਸਥ = ਲਿੰਗ ਰੁ = ਅਤੇ ਗੁਦਾ = ਮੂਲ ਦ੍ਵਾਰ (ਮਲ ਤਿਆਗ ਕਰਨ ਵਾਲਾ ਇੰਦ੍ਰਾ) ਮਿਲ ਕਰਕੇ ਏ = ਇਹ ਪਾਂਚ = ਪੰਜ ਕਰਮ ਇੰਦ੍ਰੇ ਪ੍ਰਮਾਨੋ = ਮੰਨਣਾ ਕਰੋ।

## ਪ੍ਰਾਨ ਅਪਾਨ ਵਿਆਨ ਸਮਾਨ; ਉਦਾਨਹਿ ਔਰ ਮਨੋ ਬੁੱਧਿ ਮਾਨੋ ॥

ਪ੍ਰਾਨ = ਹਿਰਦੇ ਵਿਚ ਰਹਿਣ ਵਾਲੀ ਪੌਣ, ਅਪਾਨ = ਗੁਦਾ ਅਸਥਾਨ ਵਾਲੀ ਪੌਣ, ਵਿਆਨ = ਸਾਰੇ ਸਰੀਰ ਵਿਚ ਵਿਆਪਕ ਪੌਣ, ਸਮਾਨ = ਨਾਭੀ ਵਿਚਲੀ ਪੌਣ, ਉਦਾਨਹਿ = ਕੰਠ ਵਿਚਲੀ ਪੌਣ ਔਰ = ਹੋਰ ਮਨ ਤੇ ਬੁੱਧ ਮਾਨੋ = ਮੰਨਣਾ ਕਰੋ।

## ਸੂਖ੍ਯਮ ਪਾਂਚਹੁ ਤੱਤ੍ਵ ਤੈ; ਇਹ ਸਤ੍ਰਹ ਤਤ ਕੋ ਸੂਖ੍ਯਮ ਜਾਨੋ ॥੫੪॥

ਹੇ ਸਿੱਖ ! ਪਾਂਚਹੁ = ਪੰਜਾਂ ਸੂਖਮ ਤੱਤ੍ਵ = ਤੱਤਾਂ ਤੈ = ਤੋਂ ਹੀ ਇਹ ਸਤ੍ਰਹ = ਸਤਾਰਾਂ ਤੱਤਾਂ ਕੋ = ਦਾ ਸੂਖਮ ਸਰੀਰ ਬਣਿਆ ਹੋਇਆ ਜਾਨਣਾ ਕਰ ॥੫੪॥

## ਸਿਖ੍ਯੋ ਵਾਚ ॥

## ਦੋਹਰਾ ॥ ਪਾਂਚ ਤੱਤ੍ਵ ਸੂਖ੍ਯਮਨ ਤੇ; ਸਤ੍ਰਹ ਕਯੋਂ ਕਰ ਕੀਨ ॥

ਹੇ ਗੁਰੂ ਜੀ ! ਪਾਂਚ = ਪੰਜ ਸੂਖਮ ਤੱਤਾਂ ਤੇ = ਤੋਂ ਸਤਾਰਾਂ ਸੂਖਮ ਤੱਤ ਕਯੋਂ = ਕਿਸ ਪ੍ਰਕਾਰ ਕਰਕੇ ਕੀਨ = ਕੀਤੇ ਹਨ ?

## ਕਹੀਏ ਮੋ ਸੋਂ ਕ੍ਰਿਪਾ ਕਰ; ਕਾ ਸੋਂ ਕੌਨ ਪ੍ਰਬੀਨ ॥੫੫॥

ਹੇ ਪ੍ਰਬੀਨ = ਸਿਆਣੇ, ਸੂਝਵਾਨ ਗੁਰੂਦੇਵ ! ਤੁਸੀਂ ਮੇਰੇ ਤਾਈਂ ਕਿਰਪਾ ਕਰ = ਕਰਕੇ ਇਹ ਕਹੀਏ = ਦੱਸਣਾ ਕਰੋ ਕਿ ਕਿਹੜੇ ਸੂਖਮ ਤੱਤ ਵਿਚੋਂ ਕਿਹੜਾ ਸੂਖਮ ਤੱਤ ਹੋਇਆ ਹੈ ॥੫੫॥

## ਸ੍ਰੀ ਗੁਰੋ ਵਾਚ॥

## ਦੋਹਰਾ॥ ਵਾਕਯ ਸ੍ਰਵਨ ਅਕਾਸ਼ ਤੇ, ਪ੍ਰਗਟ ਹੋਤ ਯਹ ਜਾਨ॥

ਹੇ ਸਿੱਖ! ਵਾਕਯ = ਵਾਕ ਇੰਦ੍ਰਾ ਅਤੇ ਸ੍ਰਵਨ = ਕੰਨ ਇਹ ਦੋਵੇਂ ਅਕਾਸ਼ ਤੱਤ ਤੋਂ ਪ੍ਰਗਟ ਹੋਏ ਹਨ, ਤੂੰ ਯਹ = ਇਹ ਗੱਲ ਆਪਣੇ ਮਨ ਵਿਚ ਜਾਨ = ਜਾਨਣਾ ਕਰ।

## ਵਹ ਬੋਲੈ ਵਹ ਸੁਨਤ ਹੈ; ਸੋਈ ਸਬਦ ਨਿਦਾਨ॥੫੬॥

ਵਹ = ਉਹ ਵਾਕ ਇੰਦ੍ਰਾ ਬੋਲੈ = ਬੋਲਦਾ ਹੈ ਅਤੇ ਵਹ = ਉਹ ਸ੍ਰਵਨ ਇੰਦ੍ਰਾ ਸੁਨਤ = ਸੁਣਦਾ ਹੈ, ਇਹੀ ਦੋਨਾਂ ਦਾ ਸ਼ਬਦ ਦਾ ਸੁਣਨਾ ਤੇ ਬੋਲਣਾ ਸਾਂਝਾ ਨਿਦਾਨ = ਕਾਰਣ ਹੈ। ਅਰਥਾਤ ਸਭ ਪਦਾਰਥਾਂ ਵਿਚ ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣ ਇਹ ਤਿੰਨੇ ਗੁਣ ਵਰਤਦੇ ਹਨ। ਅਕਾਸ਼ ਦੇ ਸਤੋ ਗੁਣ ਅੰਸ਼ ਦਾ ਹਿੱਸਾ ਕੰਨ ਹਨ ਅਤੇ ਅਕਾਸ਼ ਦੇ ਰਜੋ ਗੁਣ ਅੰਸ਼ ਦਾ ਹਿੱਸਾ ਵਾਕ ਇੰਦ੍ਰਾ ਹੈ। ਵਾਕ ਇੰਦ੍ਰਾ ਸ਼ਬਦ ਨੂੰ ਬੋਲਦਾ ਹੈ ਅਤੇ ਸ੍ਰਵਨ ਇੰਦ੍ਰਾ ਸ਼ਬਦ ਨੂੰ ਸੁਣਦਾ ਹੈ। ਵਾਕ ਕਰਮ ਇੰਦ੍ਰਾ ਹੈ ਅਤੇ ਸ੍ਰਵਨ ਗਿਆਨ ਇੰਦ੍ਰਾ ਹੈ॥੫੬॥

## ਦੋਹਰਾ॥ ਤ੍ਵਚਾ ਪਾਨ ਏ ਪਵਨ ਤੇ; ਪ੍ਰਗਟ ਹੋਤ ਹੈ ਮਿਤ॥

ਹੇ ਮਿੱਤਰ! ਤ੍ਵਚਾ = ਚਮੜੀ ਅਤੇ ਪਾਨ = ਹੱਥ ਏ = ਇਹ ਦੋਵੇਂ ਪਵਨ = ਪੌਣ ਤੱਤ ਤੇ = ਤੋਂ ਪ੍ਰਗਟ = ਪੈਦਾ ਹੋਤ = ਹੁੰਦੇ ਹੈ = ਹਨ।

## ਦੋਊ ਸਪਰਸ ਧਰਮ ਕੋ; ਨੀਕੇ ਜਾਨਹੁ ਚਿੱਤ॥੫੭॥

ਦੋਨਾਂ ਇੰਦ੍ਰਿਆਂ ਦਾ ਧਰਮ ਸਪਰਸ਼ਤਾ ਦਾ ਹੈ, ਇਹ ਗੱਲ ਨੀਕੇ = ਚੰਗੀ ਤਰ੍ਹਾਂ ਆਪਣੇ ਚਿੱਤ ਵਿਚ ਜਾਨਹੁ = ਜਾਣ ਲੈਣਾ ਕਰੋ। ਅਰਥਾਤ ਚਮੜੀ ਹਵਾ ਦੇ ਸਤੋ ਗੁਣ ਅੰਸ਼ ਦਾ ਹਿੱਸਾ ਹੈ ਅਤੇ ਹੱਥ ਹਵਾ ਦੇ ਰਜੋ ਗੁਣ ਅੰਸ਼ ਦਾ ਹਿੱਸਾ ਹਨ। ਚਮੜੀ ਇੰਦ੍ਰਾ ਸਪਰਸ਼ਤਾ ਨੂੰ ਗ੍ਰਹਿਣ ਕਰਦਾ ਹੈ ਅਤੇ ਹੱਥ ਇੰਦ੍ਰਾ ਉਸਦਾ ਨਿਰਬਾਹ ਕਰਦਾ ਹੈ। ਚਮੜੀ ਗਿਆਨ ਇੰਦ੍ਰਾ ਹੈ ਅਤੇ ਹੱਥ ਕਰਮ ਇੰਦ੍ਰਾ ਹੈ॥੫੭॥

## ਦੋਹਰਾ॥ ਨੈਨ ਚਰਨ ਏ ਤੇਜ ਤੇ; ਇੰਦ੍ਰੀ ਦੋਇ ਕਹੀਜੁ॥

ਨੈਨ = ਨੇਤ੍ਰ ਅਤੇ ਚਰਨ = ਪੈਰ ਏ = ਇਹ ਦੋਵੇਂ ਇੰਦ੍ਰੇ ਤੇਜ = ਅੱਗ ਤੋਂ ਬਣੇ ਹੋਏ ਕਹੀਜੁ = ਕਹੇ ਜਾਂਦੇ ਹਨ।

## ਵੈ ਚਾਹਤ ਯਹ ਰੂਪ ਕੋ; ਵੈ ਲੈ ਜਾਤ ਤਹੀਜੁ॥੫੮॥

ਵੈ = ਉਹ ਨੇਤ੍ਰ ਯਹ = ਜਿਸ ਰੂਪ ਕੋ = ਨੂੰ ਚਾਹਤ = ਚਾਹੁੰਦੇ ਹਨ, ਵੈ = ਉਹ ਪੈਰ ਤਹੀ = ਉੱਥੇ ਹੀ ਲੈ ਜਾਤ = ਜਾਂਦੇ ਹਨ ਅਰਥਾਤ ਅੱਗ ਦੇ ਸਤੋ ਗੁਣ ਅੰਸ਼ ਦਾ ਹਿੱਸਾ ਨੇਤ੍ਰ ਹਨ ਅਤੇ ਅੱਗ ਦੇ ਰਜੋ ਗੁਣ ਅੰਸ਼ ਦਾ ਹਿੱਸਾ ਪੈਰ ਹਨ, ਨੇਤ੍ਰ ਰੂਪ ਦਾ ਗ੍ਰਹਿਣ ਕਰਦੇ ਹਨ ਅਤੇ ਪੈਰ ਉੱਥੇ ਜਾਣਾ ਕਰਦੇ ਹਨ। ਨੇਤ੍ਰ ਗਿਆਨ ਇੰਦ੍ਰਾ ਹੈ ਅਤੇ ਪੈਰ ਕਰਮ ਇੰਦ੍ਰਾ ਹਨ॥੫੮॥

## ਦੋਹਰਾ॥ ਰਸਨਾ ਕਾਮੰਕੁਸ ਭਯੋ; ਜਲ ਤੇ ਦੋਊ ਤਾਤ॥

ਹੇ ਤਾਤ = ਪਿਆਰੇ ਸਿੱਖ! ਰਸਨਾ = ਜੁਬਾਨ ਅਤੇ ਕਾਮੰਕੁਸ = ਲਿੰਗ ਇੰਦ੍ਰਾ ਇਹ ਦੋਊ = ਦੋਵੇਂ ਜਲ = ਪਾਣੀ ਤੋਂ ਉਤਪਤ ਭਯੋ = ਹੋਏ ਹਨ।

## ਜਾਨਤ ਰਸ ਕੇ ਸ੍ਵਾਦ ਕੋ; ਸਮਝ ਦੇਖਿ ਯਹ ਬਾਤ ॥੫੯॥

ਯਹ = ਇਹ ਬਾਤ = ਗੱਲ ਤੂੰ ਚੰਗੀ ਤਰ੍ਹਾਂ ਸਮਝ ਕੇ ਦੇਖ ਲੈਣਾ ਕਰ ਕਿ ਇਹ ਜੀਭ ਖਟ ਰਸਾਂ (ਮਧੁਰ, ਆਮਲ, ਲਵਣ, ਕੌੜਾ, ਕਸੈਲਾ, ਤਿੱਖਾ) ਦੇ ਸ੍ਵਾਦ ਨੂੰ ਜਾਣਦੀ ਹੈ। ਅਰਥਾਤ ਜਲ ਦੇ ਸਤੋਗੁਣ ਅੰਸ਼ ਦਾ ਹਿੱਸਾ ਜ਼ੁਬਾਨ ਇੰਦ੍ਰਾ ਰਸ ਦਾ ਗ੍ਰਹਿਣ ਕਰਦਾ ਹੈ ਅਤੇ ਉਪਸਥ ਇੰਦ੍ਰਾ ਰਸ ਦਾ ਤਿਆਗ ਕਰਦਾ ਹੈ। ਜਿਹਬਾ ਗਿਆਨ ਇੰਦ੍ਰਾ ਹੈ ਅਤੇ ਉਪਸਥ ਕਰਮ ਇੰਦ੍ਰਾ ਹੈ, ਇਨ੍ਹਾਂ ਦੋਨਾਂ ਦੀ ਮਿੱਤ੍ਰਤਾ ਹੈ॥੫੯॥

## ਦੋਹਰਾ ॥ ਮੂਲ ਦ੍ਵਾਰ ਅਰੁ; ਨਾਸਕਾ ਏ ਪ੍ਰਿਥਵੀ ਤੇ ਦੋਇ ॥

ਮੂਲ ਦ੍ਵਾਰ = ਗੁਦਾ ਅਸਥਾਨ ਅਤੇ ਨਾਸਕਾ = ਨੱਕ ਏ = ਇਹ ਦੋਇ = ਦੋਵੇਂ ਇੰਦ੍ਰੇ ਪ੍ਰਿਥਵੀ = ਧਰਤੀ ਤਤ ਤੋਂ ਪੈਦਾ ਹੋਏ ਹਨ।

## ਵਹੀ ਠਿਕਾਨੋ ਗੰਧ ਕੋ; ਵਾਹਿ ਗਯਾਨ ਗੰਧ ਹੋਇ ॥੬੦॥

ਵਹੀ = ਉਹੀ ਗੁਦਾ ਅਸਥਾਨ ਗੰਧ = ਦੁਰਗੰਧੀ ਕੋ = ਦਾ ਠਿਕਾਨੋ = ਅਸਥਾਨ ਹੈ ਅਤੇ ਵਾਹਿ = ਉਹ ਨੱਕ ਨੂੰ ਗੰਧ = ਦੁਰਗੰਧੀ, ਸੁਗੰਧੀ ਦਾ ਗਿਆਨ ਹੋਇ = ਹੁੰਦਾ ਹੈ ਅਰਥਾਤ ਪ੍ਰਿਥਵੀ ਦੇ ਸਤੋ ਗੁਣ, ਅੰਸ਼ ਦਾ ਹਿੱਸਾ ਨੱਕ ਹੈ ਅਤੇ ਪ੍ਰਿਥਵੀ ਦੇ ਰਜੋ ਗੁਣ ਅੰਸ਼ ਦਾ ਹਿੱਸਾ ਗੁਦਾ ਅਸਥਾਨ ਹੈ, ਨੱਕ ਇੰਦ੍ਰਾ ਦੁਰਗੰਧੀ, ਸੁਗੰਧੀ ਦਾ ਗ੍ਰਹਿਣ ਕਰਦਾ ਹੈ ਅਤੇ ਗੁਦਾ ਇੰਦ੍ਰਾ ਦੁਰਗੰਧੀ ਦਾ ਤਿਆਗ ਕਰਦਾ ਹੈ। ਨੱਕ ਗਿਆਨ ਇੰਦ੍ਰਾ ਹੈ ਅਤੇ ਗੁਦਾ ਕਰਮ ਇੰਦ੍ਰਾ ਹੈ॥੬੦॥

## ਦੋਹਰਾ ॥ ਪ੍ਰਾਨ ਅਪਾਨ ਸਮਾਨ ਅਰ; ਬਯਾਨ ਉਦਾਨਹਿ ਜਾਨੁ ॥

ਪ੍ਰਾਨ ਵਾਯੂ, ਅਪਾਨ ਵਾਯੂ, ਸਮਾਨ ਵਾਯੂ ਅਰੁ = ਅਤੇ ਬਿਆਨ ਵਾਯੂ ਤੇ ਉਦਾਨ ਵਾਯੂ ਜਾਨੁ = ਜਾਨਣਾ ਕਰ।

## ਪਾਂਚ ਠਿਕਾਨੇ ਤੇ ਭਯੋ; ਏਕੈ ਪਵਨ ਬਖਾਨ ॥੬੧॥

ਹੇ ਸਿੱਖ! ਤੇ = ਉਸ ਦੇ ਸਥਾਨ ਭੇਦ ਕਰਕੇ ਇਹ ਪਾਂਚ = ਪੰਜ ਠਿਕਾਨੇ = ਅਸਥਾਨ ਭਯੋ = ਹੋ ਗਏ ਹਨ, ਪਰ ਵਾਸਤਵ ਵਿਚ ਏਕੈ = ਇਕ ਹੀ ਪਵਨ = ਹਵਾ ਬਖਾਨ = ਕਥਨ ਕਰੀਦੀ ਹੈ॥੬੧॥

## ਦੋਹਰਾ ॥ ਗੁਦਾ ਪਾਨ ਹਿਯ ਪ੍ਰਾਨ ਪੁਨ; ਕੰਠ ਉਦਾਨਹਿ ਮਾਨੁ ॥

ਗੁਦਾ = ਮਲ ਤਿਆਗਣ ਵਾਲੇ ਇੰਦ੍ਰੇ ਵਿਚ ਅਪਾਨ ਵਾਯੂ ਹੈ, ਹਿਰਦੇ ਵਿਚ ਪ੍ਰਾਨ ਵਾਯੂ ਹੈ, ਪੁਨ = ਫੇਰ ਕੰਠ = ਗਲੇ ਵਿਚ ਉਦਾਨਹਿ = ਉਦਾਨ ਵਾਯੂ ਮਾਨੁ = ਮੰਨਣਾ ਕਰ।

## ਨਾਭਿ ਸਮਾਨ ਸਰੀਰ ਸਭ; ਬਯਾਨ ਵਸੈ ਇਹ ਜਾਨੁ ॥੬੨॥

ਨਾਭਿ = ਨਾਭੀ ਵਿਚ ਸਮਾਨ ਵਾਯੂ ਅਤੇ ਸਭ = ਸਾਰੇ ਸਰੀਰ ਵਿਚ ਬਿਆਨ ਵਾਯੂ ਵਸੈ = ਵੱਸਦੀ ਹੈ, ਇਹ ਜਾਨੁ = ਜਾਨਣਾ ਕਰ, ਇਸ ਪ੍ਰਕਾਰ ਅਸਥਾਨ ਭੇਦ ਕਰਕੇ ਇੱਕੋ ਹਵਾ ਪੰਜ ਪ੍ਰਕਾਰ ਦੀ ਹੋ ਗਈ ਹੈ॥੬੨॥

## ਦੋਹਰਾ ॥ ਪਾਂਚ ਭੂਤ ਕੇ ਅੰਸ ਤੇ; ਉਪਜੇ ਮਨ ਅਰੁ ਬੁੱਧਿ ॥

ਹੇ ਸਿੱਖ! ਪਾਂਚ = ਪੰਜ ਭੂਤ = ਤੱਤਾਂ ਦੀ ਸਤੋ-ਸਤੋ ਅੰਸ ਤੇ = ਤੋਂ ਮਨ ਅਤੇ ਬੁੱਧ ਉਪਜੇ = ਪੈਦਾ ਹੋਏ ਹਨ।

## ਸਭ ਇੰਦ੍ਰਨ ਕੇ ਸ੍ਵਾਦ ਕੀ; ਹੈ ਤਾਂਹੀ ਤੇ ਸੁਧਿ ॥੬੩॥

ਸਭ = ਸਾਰੇ ਇੰਦ੍ਰਨ = ਇੰਦ੍ਰਿਆਂ ਕੇ = ਦੇ ਸ੍ਵਾਦ = ਰਸਾਂ ਕੀ = ਦੀ ਤਾਂਹੀ = ਤਿਸੇ ਕਰਕੇ ਮਨ ਤੇ ਬੁੱਧੀ ਨੂੰ ਪੂਰੀ ਸੁਧਿ = ਖ਼ਬਰ ਹੈ ॥੬੩॥

## ਦੋਹਰਾ ॥ ਪਾਂਚ ਪ੍ਰਾਨ ਦ੍ਵੈ ਬੁੱਧਿ ਮਨ; ਇੰਦ੍ਰਜ ਦਸੋ ਗਨਾਇ ॥

ਪਾਂਚ = ਪੰਜ ਪ੍ਰਾਨ, ਦ੍ਵੈ = ਦੋਵੇਂ ਬੁੱਧੀ ਤੇ ਮਨ ਅਤੇ ਦਸੋ = ਦਸੇ ਇੰਦ੍ਰੇ ਗਨਾਇ = ਗਿਣੇ, ਕਹੇ ਹਨ।

## ਪਾਂਚ ਤਤ੍ਵ ਸਤ੍ਰਹ ਭਏ; ਤਯੋਂ ਸਭ ਦਯੋ ਬਤਾਇ ॥੬੪॥

ਹੇ ਸਿੱਖ ! ਇਸ ਪ੍ਰਕਾਰ ਪਾਂਚ = ਪੰਜਾਂ ਤਤ੍ਵ = ਤੱਤਾਂ ਤੋਂ ਅੱਗੇ ਸਤ੍ਰਹ = ਸਤਾਰਾਂ ਤਤ ਭਏ = ਹੋ ਗਏ, ਤਯੋਂ = ਤਿਵੇਂ ਹੀ ਸਭ = ਸਾਰੇ ਤੈਨੂੰ ਬਤਾਇ = ਦੱਸ ਦਯੋ = ਦਿੱਤੇ ਹਨ ॥੬੪॥

## ਦੋਹਰਾ ॥ ਕਾਰਣ ਜੋ ਪਹਿਲੇ ਕਹੀ; ਅਰੁ ਯਾ ਲਿੰਗ ਸਮੇਤ ॥

ਕਾਰਣ ਦੇਹੀ ਜੋ ਪਹਿਲਾਂ ਪਿੱਛੇ ਕਹਿ ਆਏ ਹਾਂ ਅਤੇ ਯਾ = ਇਸ ਲਿੰਗ = ਸੂਖਮ ਸਰੀਰ ਦੇ ਸਮੇਤ = ਸਹਿਤ।

## ਕਰਮ ਭੋਗ ਕੇ ਕਰਨ ਕੋ; ਥੂਲ ਦੇਹ ਧਰ ਲੇਤ ॥੬੫॥

ਪੂਰਬਲੇ ਕੀਤੇ ਹੋਏ ਕਰਮਾਂ ਕੇ = ਦੇ ਭੋਗ = ਫਲ ਭੋਗਣ ਵਾਸਤੇ ਜੀਵ ਸਥੂਲ ਦੇਹ ਧਾਰਨ ਕਰ ਲੇਤ = ਲੈਂਦਾ ਹੈ ॥੬੫॥

## ਸਿਖਯੋ ਵਾਚ ॥

## ਦੋਹਰਾ ॥ ਕਾਰਣ ਸੂਖਜਮ ਦੇਹ ਦ੍ਵੈ; ਕਹੀ ਸੁ ਸਮਝੀ ਦੇਵ ॥

ਹੇ ਦੇਵ = ਪੂਜਨੀਕ ਗੁਰੂ ਜੀ ! ਤੁਸੀਂ ਕਾਰਣ ਅਤੇ ਸੂਖਮ ਇਹ ਦ੍ਵੈ = ਦੋ ਦੇਹਾਂ ਕਹੀ = ਆਖੀਆਂ ਹਨ, ਸੁ = ਉਹ ਮੈਂ ਸਮਝੀ = ਸਮਝ ਲਈਆਂ ਹਨ।

## ਅਬ ਕਹੀਯੇ ਕਰਕੇ ਕ੍ਰਿਪਾ; ਸਥੂਲ ਦੇਹ ਕੋ ਭੇਵ ॥੬੬॥

ਅਬ = ਹੁਣ ਤੁਸੀਂ ਕ੍ਰਿਪਾ = ਮਿਹਰਾ ਦੀ ਦ੍ਰਿਸ਼ਟੀ ਕਰਕੇ ਮੇਰੇ ਤਾਈਂ ਸਥੂਲ ਦੇਹੀ ਕੋ = ਦਾ ਭੇਵ = ਭੇਦ ਸਮਝਾਉਣਾ ਕਰੋ ॥੬੬॥

## ਸ੍ਰੀ ਗੁਰੋ ਵਾਚ ॥

## ਮਰਹਟਾ ਛੰਦ ॥ ਮਹਾਂ ਭੂਤ ਪੰਚੀਕ੍ਰਿਤ ਕਰਕੇ; ਸੰਚਿਤ ਕਰਮ ਉਪਾਵੈ ॥

ਮਹਾ = ਵੱਡੇ ਸਥੂਲ ਭੂਤ = ਤੱਤਾਂ (ਅਕਾਸ਼, ਹਵਾ, ਅੱਗ, ਪਾਣੀ, ਧਰਤੀ) ਦਾ ਪੰਚੀਕ੍ਰਿਤ = ਪੰਚੀ ਕਰਣ[੧] ਕਰਕੇ ਸੰਚਿਤ ਕਰਮ = ਪਿਛਲੇ ਕੀਤੇ ਕਰਮ ਉਪਾਵੈ = ਉਤਪਤ ਹੋ ਜਾਂਦੇ ਹਨ **ਵਾ:** ਸੰਚਿਤ ਕਰਮਾਂ ਦਾ ਫਲ ਭੁਗਤਾਉਣ ਵਾਸਤੇ ਮਨੁੱਖਾ ਸਰੀਰ ਪੈਦਾ ਕਰਦੇ ਹਨ।

---

੧. ਇਕ ਤਤ ਦੇ ਪਹਿਲਾਂ ਦੋ ਹਿੱਸੇ ਸਮਝ ਲੈਣੇ, ਫੇਰ ਉਸ ਅੱਧੇ ਹਿੱਸੇ ਦੇ ਚਾਰ-ਚਾਰ ਟੁਕੜੇ ਕਰ ਦੇਣੇ ਇਕ ਇਕ ਹਿੱਸਾ ਪੰਜਾਂ ਤੱਤਾਂ ਦਾ ਸਾਬਤ ਰਿਹਾ। ਇਸ ਪ੍ਰਕਾਰ ਪੰਜਾਂ ਤੱਤਾਂ ਦੇ ਪੱਚੀ ਹਿੱਸੇ ਹੋ ਗਏ, ਇਨ੍ਹਾਂ ਨੂੰ ਆਪਸ 'ਚ ਮਿਲਾ ਕਰਕੇ ਮਨੁੱਖਾ ਸਰੀਰ ਦੀ ਰਚਨਾ ਬਣਦੀ ਹੈ।

## ਸੁਖ ਅਰੁ ਦੁਖ ਕੇ ਭੋਗ ਕਰਨ ਕੋ; ਸਥੂਲ ਦੇਹ ਛਬਿ ਛਾਵੈ ॥

ਫੇਰ ਸੁਖ ਅਰੁ = ਅਤੇ ਦੁਖ ਕੇ = ਦੇ ਫਲ ਭੋਗ = ਭੋਗਣ ਕਰਨ = ਵਾਸਤੇ ਸਥੂਲ ਦੇਹ ਕੀ ਬੜੀ ਸੁੰਦਰ ਛਬਿ = ਸ਼ੋਭਾ ਛਾਵੈ = ਛਾ ਜਾਂਦੀ ਹੈ **ਵਾ:** ਸਥੂਲ ਦੇਹ ਨੂੰ ਛਬਿ ਛਾਵੈ = ਬਣਾ ਕੇ, ਵਿਰਾਜਮਾਨ ਕਰ ਲੈਂਦੇ ਹਨ।

## ਸਿਖਯੋ ਵਾਚ ॥

## ਪੰਚੀਕ੍ਰਿਤ ਮੈ ਸਮਝਯੋ ਨਹੀ; ਜੋ ਪ੍ਰਭ ਆਪ ਬਤਾਯੋ ॥

ਹੇ ਗੁਰੂ ਜੀ ! ਇਹ ਪੰਚੀਕ੍ਰਿਤ = ਪੰਚੀਕਰਣ ਮੈਂ ਸਮਝਯੋ = ਸਮਝ ਨਹੀਂ ਸਕਿਆ, ਜੋ ਪ੍ਰਭੂ ਜੀ ! ਆਪ ਨੇ ਬਤਾਯੋ = ਦੱਸਣਾ ਕੀਤਾ ਹੈ।

## ਸੋ ਵਿਸਥਾਰ ਪੂਰਬਕ ਮੋ ਸੋਂ; ਕਹੀਏ ਪ੍ਰਭੁ ਛਬਿ ਛਾਯੋ ॥੬੭॥

ਹੇ ਛਬਿ ਛਾਯੋ = ਵਿਰਾਜਮਾਨ ਪ੍ਰਭੂ ਜੀ ! ਉਹ ਪੰਚੀ ਕਰਣ ਮੋ = ਮੇਰੇ ਸੋਂ = ਤਾਈਂ ਵਿਸਤਾਰ ਪੂਰਬਕ ਕਹੀਏ = ਕਹਿਣਾ ਕਰੋ ॥੬੭॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਮਹਿ ਕਠੋਰ ਅਰੁ ਦ੍ਰਵਤ ਜਲ; ਤੇਜ ਉਸਨਤਾ ਮਾਨ ॥

ਹੇ ਸਿੱਖ ! ਪਹਿਲਾਂ ਇਹ ਗੱਲ ਨਿਸ਼ਚੇ ਕਰ ਕਿ ਮਹਿ = ਪ੍ਰਿਥਵੀ ਦਾ ਸੁਭਾਅ ਕਠੋਰ = ਸਖ਼ਤ ਹੈ, ਅਰੁ = ਅਤੇ ਜਲ = ਪਾਣੀ ਦਾ ਸੁਭਾਅ ਦ੍ਰਵਤ = ਢਲਣ, ਚੱਲਣ ਵਾਲਾ ਹੈ, ਫੇਰ ਤੇਜ = ਅੱਗ ਵਿਚ ਉਸਨਤਾ = ਗਰਮੀ ਵਾਲਾ ਸੁਭਾਅ ਮਾਨ = ਮੰਨਣਾ ਕਰ।

## ਚਲਤ ਵਾਯੁ ਖਾਲੀ ਜਹਾਂ; ਤਹਾਂ ਅਕਾਸ਼ ਵਖਾਨ ॥੬੮॥

ਵਾਯੁ = ਹਵਾ ਦਾ ਸੁਭਾਅ ਚਲਤ = ਚੱਲਣ ਵਾਲਾ ਹੈ ਅਤੇ ਜਹਾਂ = ਜਿੱਥੇ ਵੀ ਖ਼ਾਲੀ ਜਗ੍ਹਾ ਹੈ ਤਹਾਂ = ਉਥੇ ਹੀ ਵਿਦਵਾਨ ਜਨ ਅਕਾਸ਼ ਵਖਾਨ = ਕਥਨ ਕਰਦੇ ਹਨ ॥੬੮॥

## ਦੋਹਰਾ ॥ ਏਕ ਤਤੂ ਕੇ ਪਾਂਚ ਕਰ; ਪਾਂਚਨ ਕੇ ਪੱਚੀਸ ॥

ਹੇ ਸਿੱਖ ! ਪਹਿਲਾਂ ਏਕ ਤੱਤ ਕੇ = ਦੇ ਪਾਂਚ = ਪੰਜ ਹਿੱਸੇ ਕਰ = ਕਰਕੇ ਫੇਰ ਪਾਂਚਨ = ਪੰਜਾਂ ਤੱਤਾਂ ਦੇ ਪੰਜ-ਪੰਜ ਹਿੱਸੇ ਕਰਕੇ ਕੁਲ ਪੱਚੀਸ = ਪੱਚੀ ਬਣ ਗਏ।

## ਪਾਂਚ ਅੰਸ ਨਜਾਰੇ ਰਹੈ; ਮਿਸਰਤਿ ਕੀਨੇ ਬੀਸ ॥੬੯॥

ਪਾਂਚ = ਪੰਜਾਂ ਤੱਤਾਂ ਦੇ ਮੁਖ ਹਿੱਸੇ ਨਜਾਰੇ = ਵੱਖਰੇ ਰਹਿੰਦੇ ਹਨ ਅਤੇ ਬਾਕੀ ਬੀਸ = ਵੀਹ ਹਿੱਸੇ ਮਿਸਰਤਿ = ਮਿਲਾ ਦਿੱਤੇ ਹਨ। ਇਸ ਪ੍ਰਕਾਰ ਪੰਜਾਂ ਤੱਤਾਂ ਤੋਂ ਪੰਚੀਕਰਣ ਹੁੰਦਾ ਹੈ, ਅਰਥਾਤ ਪੰਜਾਂ ਤੱਤਾਂ ਦਾ ਇਥੇ ਇਸ ਪ੍ਰਕਾਰ ਪੰਚੀਕਰਣ ਕਿਹਾ ਹੈ ਪ੍ਰੰਤੂ ਹੋਰ ਵੇਦਾਂਤ ਗ੍ਰੰਥਾਂ ਅੰਦਰ ਇਸ ਪ੍ਰਕਾਰ ਵੀ ਕਿਹਾ ਹੈ ਕਿ ਪੰਜਾਂ ਤੱਤਾਂ ਦੇ ਵਿਚ ਇਕ-ਇਕ ਤੱਤ ਦੇ ਦੋ ਦੋ ਹਿੱਸੇ ਕੀਤੇ, ਇਸ ਤਰ੍ਹਾਂ ਇਹ ਦਸ ਹੋ ਗਏ। ਉਨ੍ਹਾਂ ਵਿੱਚੋਂ ਪੰਜ ਹਿੱਸੇ ਤਾਂ ਵੱਖਰੇ ਕੱਢ ਲਏ, ਬਾਕੀ ਪੰਜਾਂ ਤੱਤਾਂ ਦੇ ਚਾਰ-ਚਾਰ ਟੁਕੜੇ ਕਰ ਦਿੱਤੇ, ਪੰਜਾਂ ਤੱਤਾਂ ਨੇ ਆਪਣਾ ਆਪਣਾ ਅੱਧਾ-ਅੱਧਾ ਮੁੱਖ ਹਿੱਸਾ ਆਪਣੇ ਪਾਸ ਰੱਖਿਆ, ਉਹ ਕਿਸੇ ਵਿਚ ਮਿਲਣ ਨਾ ਦਿੱਤਾ। ਬਾਕੀ ਦੇ ਚਾਰ ਚਾਰ ਹਿੱਸੇ ਦੂਜੇ ਅੱਧੇ-ਅੱਧੇ ਹਿੱਸੇ ਵਿਚ ਮਿਲਾਉਣ ਨੂੰ ਪੰਚੀਕਰਣ ਆਖਦੇ ਹਨ ॥੬੯॥

## ਛਪਯ ॥ ਅਸਥ ਮਾਸ ਤ੍ਵਕ ਰੋਮ ਨਾੜਿਕਾ; ਪ੍ਰਗਟ ਪੰਚ ਭੁਵ ॥

ਹੇ ਸਿੱਖ ! ਅਸਥ = ਹੱਡੀਆਂ (ਨੌਂਹ ਅਤੇ ਦੰਦ ਵੀ ਹੱਡੀਆਂ ਦਾ ਹੀ ਹਿੱਸਾ ਹਨ), ਮਾਸ, ਤ੍ਵਕ = ਚਮੜੀ, ਰੋਮ, ਨਾੜਿਕਾ = ਨਾੜੀਆਂ ਇਹ ਪੰਚ = ਪੰਜੇ ਭੁਵ = ਪ੍ਰਿਥਵੀ ਤੋਂ ਪ੍ਰਗਟ ਹੋਏ ਹਨ।

## ਰੇਤ ਪਿਤ ਅਰੁ ਸ੍ਵੇਤ ਲਾਰ ਪੁਨ; ਰੁਧਿਰ ਨੀਰ ਧਰੁਵ ॥

ਰੇਤ = ਬੀਰਜ, ਪਿਤ, ਅਰੁ = ਅਤੇ ਸ੍ਵੇਤ = ਪਸੀਨਾ, ਲਾਰ = ਮੂੰਹ ਦੀਆਂ ਲਾਲਾਂ ਪੁਨ = ਫੇਰ ਰੁਧਿਰ = ਖ਼ੂਨ ਇਹ ਪੰਜੇ ਧਰੁਵ = ਨਿਸ਼ਚੇ ਕਰਕੇ ਨੀਰ = ਪਾਣੀ ਤੋਂ ਬਣੇ ਹਨ।

## ਭੂਖ ਪਯਾਸ ਮੁਖ ਪ੍ਰਭਾ; ਨੀਂਦ ਆਲਿਸਯ ਸੁ ਤੇਜ ਗਨਿ ॥

ਭੂਖ = ਭੁੱਖ, ਪਿਆਸ, ਮੁਖ ਪ੍ਰਭਾ = ਚਿਹਰੇ ਦੀ ਸੋਭਾ, ਸੁੰਦਰਤਾ, ਨੀਂਦ ਅਤੇ ਆਲਿਸਯ = ਦਲਿਦ੍ਰ ਸੁ ਇਹ ਤੇਜ = ਅੱਗ ਤੋਂ ਬਣੇ ਗਨਿ = ਜਾਨਣਾ ਕਰ।

## ਧਾਵਨ ਕੂਦਨ ਚਲਨ; ਸਕੁਚ ਪਰਸਨ ਸੁ ਪਵਨ ਭਨਿ ॥

ਧਾਵਨ = ਦੌੜਨਾ, ਕੁਦਨ = ਉੱਛਲਨਾ, ਚਲਨ = ਤੁਰਨਾ, ਸਕੁਚ = ਸੁੰਗੜਨਾ ਅਤੇ ਪਰਸਨ = ਸਪਰਸ਼ ਕਰਨਾ ਸੁ = ਇਹ ਪੰਜੇ ਪਵਨ = ਹਵਾ ਤੋਂ ਬਣੇ ਭਨਿ = ਉਚਾਰਣ ਕਰੀਦੇ ਹਨ।

## ਸਿਰ ਕੰਠ ਉਦਰ ਅਰੁ ਹਿਰਦਯ ਕਟਿ; ਯਹ ਅਕਾਸ ਵਿਦ ਪੰਚ ਲਹਿ ॥

ਸਿਰ, ਕੰਠ = ਗਲਾ ਉਦਰ = ਪੇਟ, ਹਿਰਦਯ = ਛਾਤੀ ਅਤੇ ਕਟ = ਲੱਕ ਯਹ = ਇਹ ਪੰਜੇ ਅਕਾਸ ਤੱਤ ਤੋਂ ਲਹਿ = ਪ੍ਰਾਪਤ ਹੋਏ ਵਿਦ = ਜਾਨਣ ਕਰੋ।

## ਇਨ ਪੰਚ ਭੂਤ ਪੰਚੀਕਰਨ ਕਰਿ ਪਚੀਸ; ਸੁਖਦੇਵ ਕਹਿ ॥੭੦॥

ਇਨ = ਇਸ ਪ੍ਰਕਾਰ ਪੰਜ ਭੂਤ = ਤੱਤਾਂ ਦਾ ਪੰਚੀਕਰਨ ਕਰਿ = ਕਰਕੇ ਕਵਿ = ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਇਹ ਪਚੀਸ = ਪੱਚੀ ਬਣ ਗਏ ਹਨ ॥੭੦॥

ਅੱਗੇ ਪੰਚੀਕਰਨ ਦਾ ਨਕਸ਼ਾ:

| | ਪ੍ਰਿਥਵੀ ↓ | ਜਲ ↓ | ਅੱਗ ↓ | ਹਵਾ ↓ | ਅਕਾਸ਼ ↓ |
|---|---|---|---|---|---|
| ਪ੍ਰਿਥਵੀ→ | ਅਸਥ੦ | ਮਾਸ | ਨਾੜੀਆਂ | ਚਮੜੀ | ਰੋਮ |
| ਜਲ → | ਰੁਧਰ | ਬੀਰਜ੦ | ਪਿਤ | ਸ੍ਵੇਤ | ਲਾਰ |
| ਅੱਗ → | ਆਲਸ | ਮੁਖ ਪ੍ਰਭਾ | ਛੁਧਾ੦ | ਪਿਆਸ | ਨਿੰਦ੍ਰਾ |
| ਹਵਾ → | ਸੰਕੋਚਨਾ | ਚਲਣਾ | ਕੁਦਣਾ | ਦੌੜਨਾ੦ | ਪਸਰਨਾ |
| ਅਕਾਸ਼ → | ਕਮਰ | ਉਦਰ | ਹਿਰਦਾ | ਕੰਠ | ਸਿਰ੦ |

ਨੋਟ : ੦ ਇਹ ਨਿਸ਼ਾਨੀ ਤੱਤਾਂ ਦੇ ਆਪੋ-ਆਪਣੇ ਮੁਖ ਭਾਗ ਦੀ ਹੈ।

→ ਇਹ ਨਿਸ਼ਾਨੀ ਤੱਤਾਂ ਦੇ ਵੰਡ ਸਮੇਂ ਆਏ ਹਿੱਸਿਆਂ ਦੀ ਹੈ।

↓ ਇਹ ਨਿਸ਼ਾਨੀ ਤੱਤਾਂ ਦੇ ਵੰਡ ਤੋਂ ਪਹਿਲਾਂ ਆਪੋ-ਆਪਣੇ ਹਿੱਸਿਆਂ ਦੀ ਹੈ।

## ਦੋਹਰਾ॥ ਏਕ ਏਕ ਕੇ ਪੰਚ ਕਰ; ਪਾਂਚਨ ਕੇ ਪਚੀਸ॥

ਹੇ ਸਿੱਖ! ਪਹਿਲਾਂ ਇਕ ਇਕ ਤਤ ਕੇ = ਦੇ ਪੰਚ = ਪੰਜ-ਪੰਜ ਹਿੱਸੇ ਕਰ = ਕਰਕੇ ਫੇਰ ਪੰਜਾਂ ਦੇ ਪਚੀਸ = ਪੱਚੀ ਹਿੱਸੇ ਹੋ ਗਏ।

## ਕੌਨ ਤਤ੍ਵ ਕੌਨੈ ਮਿਲਯੋ; ਸੁਨੋ ਚਿਤ ਦੈ ਬੀਸ॥੭੧॥

ਕੌਨ = ਕਿਹੜਾ ਤੱਤ ਕੌਨੇ = ਕਿਹੜੇ ਤਤ ਦੇ ਨਾਲ ਮਿਲਿਆ ਹੈ, ਉਨ੍ਹਾਂ ਬੀਸ = ਵੀਹਾਂ ਬਾਰੇ ਚਿਤ ਲਾ ਕੇ ਸੁਨੋ = ਸੁਣਨਾ ਕਰ॥੭੧॥

## ਅਥ ਤਤ੍ਵਨ ਕੋ ਬਾਂਟਬੋ॥

## ਦੋਹਰਾ॥ ਹਾਡ ਮੁਖ ਪ੍ਰਿਥਵੀ ਕਹੀ, ਮਾਸ ਨੀਰ ਨਸ ਤੇਜ॥

ਹੇ ਸਿੱਖ! ਪ੍ਰਿਥਵੀ = ਧਰਤੀ ਤਤ ਦੀ ਮੁਖ ਅੰਸ਼ ਹਾਡ = ਹੱਡੀਆਂ ਕਹੀ = ਆਖੀਆਂ ਹਨ, ਮਾਸ ਵਿਚ ਨੀਰ = ਪਾਣੀ ਦੀ ਅੰਸ਼ ਰਲ ਗਈ, ਨਸ = ਨਾੜੀ ਵਿਚ ਤੇਜ = ਅੱਗ ਦਾ ਹਿੱਸਾ ਵੰਡਿਆ ਗਿਆ।

## ਤ੍ਵਚਾ ਪਵਨ ਮਿਲਤੇ ਭਏ; ਰੋਮ ਅਕਾਸ਼ ਕਹੇਜੁ॥੭੨॥

ਤ੍ਵਚਾ = ਚਮੜੀ ਵਿਚ ਹਵਾ ਮਿਲ ਗਈ ਤੇ ਰੋਮਾਂ ਵਿਚ ਅਕਾਸ਼ ਮਿਲਿਆ ਹੋਇਆ ਕਹੇਜੁ = ਕਹੀਦਾ ਹੈ॥੭੨॥

## ਦੋਹਰਾ॥ ਬੀਰਜ ਮੁਖ ਜਲ ਜਾਨਿਯੋ; ਪਿਤ ਤੇਜ ਮਿਲ ਹੋਇ॥

ਜਲ = ਪਾਣੀ ਦਾ ਮੁੱਖ ਭਾਗ ਬੀਰਜ ਜਾਨਿਯੋ = ਜਾਨਣਾ ਕਰੋ, ਪਾਣੀ ਵਿਚ ਤੇਜ = ਅੱਗ ਮਿਲਣ ਕਰਕੇ ਪਿਤ = ਗਰਮੀ ਪੈਦਾ ਹੋਇ = ਹੁੰਦੀ ਹੈ।

## ਸ੍ਵੇਦ ਪਵਨ ਭੂ ਰੁਧਿਰ ਮਿਲ; ਲਾਰ ਗਗਨ ਮਿਲ ਜੋਇ॥੭੩॥

ਸ੍ਵੇਦ = ਪਸੀਨਾ ਪਵਨ = ਹਵਾ ਤੋਂ, ਭੂ = ਧਰਤੀ ਤਤ ਦੇ ਮਿਲ ਕਰਕੇ ਰੁਧਿਰ = ਖ਼ੂਨ ਬਣਿਆ ਅਤੇ ਪਾਣੀ ਤੱਤ ਵਿਚ ਅਕਾਸ਼ ਤੱਤ ਮਿਲਣ ਕਰਕੇ ਲਾਰ ਬਣੀ ਹੋਈ ਜੋਇ = ਦੇਖਣਾ ਕਰੋ॥੭੩॥

## ਦੋਹਰਾ॥ ਛੁਧਾ ਪ੍ਰਥਮ ਤੇਜਹਿ ਕਹਯੋ, ਪਯਾਸ ਪਵਨ ਤੇ ਜਾਨ॥

ਤੇਜਹਿ = ਅੱਗ ਦਾ ਪ੍ਰਥਮ = ਪ੍ਰਮੁੱਖ ਭਾਗ ਛੁਧਾ = ਭੁੱਖ ਨੂੰ ਕਹਯੋ = ਕਿਹਾ ਗਿਆ ਹੈ, ਪਯਾਸ = ਤ੍ਰੇਹ ਪਵਨ = ਹਵਾ ਕਰਕੇ ਜਾਨ = ਜਾਨਣਾ ਕਰ।

## ਸੁਖਮਾ ਜਲ ਆਲਸਯ ਅਵਨਿ; ਨੀਂਦ ਅਕਾਸ ਵਖਾਨ॥੭੪॥

ਸੁਖਮਾ = ਮੁਖ ਦੀ ਸੋਭਾ ਜਲ = ਪਾਣੀ ਕਰਕੇ ਆਲਸਯ = ਦਲਿਦ੍ਰ ਅਵਨਿ = ਧਰਤੀ ਤੋਂ ਅਤੇ ਨੀਂਦ ਅਕਾਸ਼ ਤੱਤ ਦੇ ਮਿਲਨੇ ਕਰਕੇ ਵਖਾਨ = ਕਥਨ ਕਰੀਦੀ ਹੈ॥੭੪॥

## ਧਾਵਨ ਮੁਖ ਸਮੀਰ ਹੈ; ਗਗਨ ਪਸਾਰਨ ਮਾਹਿ॥

ਧਾਵਨ = ਦੌੜਨਾ ਸਮੀਰ = ਹਵਾ ਦਾ ਮੁਖ ਭਾਗ ਹੈ ਅਤੇ ਪਸਾਰਨ = ਫੈਲਣਾ ਗਗਨ = ਅਕਾਸ਼ ਮਾਹਿ = ਵਿਚ ਹੈ।

## ਕੂਦਨ ਤੇਜ ਸੰਕੋਚ ਭਵਿ; ਚਲਨ ਨੀਰ ਬਿਨ ਨਾਹਿ ॥੭੫॥

ਕੂਦਨ = ਉੱਛਲਨਾ ਤੇਜ = ਅੱਗ ਕਰਕੇ, ਸੰਕੋਚ = ਸੁੰਗੜਨਾ ਭੁਵਿ = ਧਰਤੀ ਕਰਕੇ ਅਤੇ ਚਲਨ = ਤੁਰਨਾ ਨੀਰ = ਪਾਣੀ ਤੋਂ ਬਿਨ ਨਾਹਿ = ਨਹੀਂ ਹੋ ਸਕਦਾ ॥੭੫॥

## ਦੋਹਰਾ ॥ ਸਿਰ ਅਕਾਸ ਜੋ ਸਬਦ ਮੈ; ਕੰਠ ਵਾਯੁ ਹਿਯ ਤੇਜ ॥

ਸਿਰ ਅਕਾਸ਼ ਤੱਤ ਦਾ ਮੁਖ ਭਾਗ ਹੈ ਜੋ ਸ਼ਬਦ ਰੂਪ ਹੈ, ਕੰਠ = ਗਲਾ ਹਵਾ ਕਰਕੇ ਅਤੇ ਹਿਯ = ਹਿਰਦਾ ਤੇਜ = ਅਗਨ ਤੋਂ ਬਣਿਆ ਜਾਣ।

## ਉਦਰ ਨੀਰ ਯੁਤ ਜਾਨੀਯੇ; ਕਟਿ ਭੁਵਿ ਗੰਧ ਕਹੇ ਜੁ ॥੭੬॥

ਉਦਰ = ਪੇਟ ਨੀਰ = ਪਾਣੀ ਦੇ ਯੁਤ = ਸਹਿਤ ਜਾਨੀਯੇ = ਜਾਨਣਾ ਕਰ, ਕਟਿ = ਲੱਕ ਭੁਵਿ = ਧਰਤੀ ਤੋਂ ਬਣਿਆ ਹੈ ਜੁ = ਜਿਸ ਵਿਚ ਗੰਧ ਗੁਣ ਕਹੀਦਾ ਹੈ ॥੭੬॥

## ਦੋਹਰਾ ॥ ਭੂਮ ਅਸਥਿ ਜਲ ਰੇਤ ਅਰੁ ਤੇਜ ਭੁਖ ਪਹਿਚਾਨ ॥

ਭੂਮਿ = ਧਰਤੀ ਦਾ ਮੁੱਖ ਭਾਗ ਅਸਥਿ = ਹੱਡੀਆਂ, ਜਲ = ਪਾਣੀ ਦਾ ਮੁੱਖ ਭਾਗ ਰੇਤ = ਬੀਰਜ ਅਰੁ = ਅਤੇ ਤੇਜ = ਅੱਗ ਦਾ ਮੁੱਖ ਭਾਗ ਭੂਖ = ਭੁੱਖ ਪਹਿਚਾਨ = ਪਛਾਨਣਾ ਕਰ।

## ਧਾਵਨ ਪਵਨ ਅਕਾਸ ਸਿਰ; ਪਾਂਚ ਨਿਖਾਲਸ ਜਾਨ ॥੭੭॥

ਪਵਨ = ਹਵਾ ਦਾ ਮੁੱਖ ਭਾਗ ਧਾਵਨ = ਦੌੜਨਾ ਅਤੇ ਅਕਾਸ਼ ਦਾ ਮੁੱਖ ਭਾਗ ਸਿਰ ਹੈ, ਇਹ ਪੰਜੇ ਭਾਗ ਪੰਜੇ ਤੱਤਾਂ ਦੇ ਨਿਖਾਲਸ = ਵੰਡਣ ਤੋਂ ਰਹਿਤ ਭਾਗ ਜਾਨ = ਜਾਨਣਾ ਕਰ ॥੭੭॥

## ਦੋਹਰਾ ॥ ਪਾਂਚ ਅੰਸ ਏ ਰਾਖ ਕੈ; ਬੀਸ ਬਾਂਟ ਯੌ ਲੀਨ ॥

ਏ = ਇਹ ਪਾਂਚ = ਪੰਜ ਅੰਸਾਂ ਨਿਆਰੀਆਂ ਰਾਖ = ਰੱਖ ਕਰਕੇ ਬਾਕੀ ਬੀਸ = ਵੀ ਅੰਸਾਂ ਇਸ ਪ੍ਰਕਾਰ ਬਾਂਟ = ਵੰਡ ਲੀਨ = ਲਈਆਂ ਹਨ।

## ਜਯੋਂ ਨਰ ਪਗੀਆ ਪਰਸਪਰ; ਬਦਲਤ ਸੁਨੋ ਪਰਬੀਨ ॥੭੮॥

ਹੇ ਪਰਬੀਨ = ਸਿਆਣੇ ਸਿੱਖ ਸੁਣ, ਜਯੋਂ = ਜਿਵੇਂ ਸਿਆਣੇ ਮਨੁੱਖ ਪਰਸਪਰ = ਆਪੋ ਵਿੱਚੀ ਆਪਣੀਆਂ ਪਗੀਆ = ਪੱਗਾਂ ਬਦਲਤ = ਬਦਲ ਲੈਂਦੇ ਹਨ ॥੭੮॥

## ਦੋਹਰਾ ॥ ਯਹ ਸਭ ਪੰਚੀਕਰਨ ਕੋ; ਤੋ ਸੋ ਕਹਯੋ ਵਿਚਾਰ ॥

ਹੇ ਸਿੱਖ ! ਇਹ ਸਭ = ਸਾਰਾ ਪੰਚੀਕਰਨ = ਪੰਜਾਂ ਤੱਤਾਂ ਦੀ ਵੰਡ ਦਾ ਵਿਚਾਰ ਤੋ = ਤੇਰੇ ਸੋ = ਤਾਈਂ ਕਹਯੋ = ਕਹਿਣਾ ਕੀਤਾ ਹੈ।

## ਸਥੂਲ ਦੇਹ ਧਰ ਜੀਵ ਯਹ; ਕਰਤ ਭੋਗ ਸੰਸਾਰ ॥੭੯॥

ਇਸ ਪ੍ਰਕਾਰ ਜੀਵ ਸਥੂਲ ਦੇਹੀ ਨੂੰ ਧਰ = ਧਾਰਨ ਕਰਕੇ ਸੰਸਾਰ ਵਿਚ ਭੋਗਾਂ ਨੂੰ ਭੋਗਣਾ ਕਰਤ = ਕਰਦਾ ਹੈ ॥੭੯॥

**ਦੋਹਰਾ ॥ ਤੀਨ ਦੇਹ ਤੋ ਸੋਂ ਕਹੀ; ਕਾਰਨ ਸੂਖਯਮ ਥੂਲ ॥**

ਹੇ ਸਿੱਖ ! ਤੇਰੇ ਤਾਈਂ ਜੀਵ ਦੀਆਂ ਇਹ ਤਿੰਨ ਦੇਹਾਂ ਕਾਰਨ ਸੂਖਮ ਤੇ ਸਥੂਲ ਕਹੀ = ਆਖਣਾ ਕੀਤੀਆਂ ਹਨ।

**ਪੰਚ ਕੋਸ ਕੇ ਭੇਦ ਪੁਨ; ਤਾਂਹੀ ਮਾਂਝ ਸਮੂਲ ॥੯੦॥**

ਪੁਨ = ਫੇਰ ਇਨ੍ਹਾਂ ਤਿੰਨਾਂ ਦੇਹਾਂ ਦੇ ਮਾਂਝ = ਵਿਚ ਸਮੂਲ = ਸਹਿਤ ਮੁੱਢ (ਅਗਿਆਨ) ਦੇ ਪੰਚ = ਪੰਜ ਕੋਸ਼ = ਪੜ੍ਹਦੇ ਹਨ, ਉਨ੍ਹਾਂ ਦਾ ਭੇਦ ਵੀ ਜਾਨਣਾ ਕਰ ॥੯੦॥

## ਅਥ ਪਾਂਚ ਕੋਸ ॥

**ਕਬਿਤ ॥ ਅੰਨਯਮਯ ਸਥੂਲ ਜਾਨ ਪ੍ਰਾਨ ਪ੍ਰਾਨਮਯ ਮਾਨ;**
**ਪਾਂਚ ਕਰਮੇਂਦ੍ਰੀ ਅਰ ਮਨ ਮਨੋਮਯ ਹੈ ॥**

ਹੇ ਸਿੱਖ ! ਇਹ ਸਥੂਲ ਸਰੀਰ ਅੰਨਮੈ ਕੋਸ਼ ਜਾਨ = ਜਾਨਣਾ ਕਰ, ਪੰਜ ਪ੍ਰਾਣ (ਪ੍ਰਾਣ, ਅਪਾਨ, ਸਮਾਨ, ਬਿਆਨ, ਉਦਿਆਨ) ਪ੍ਰਾਣਮੈ ਕੋਸ਼ ਹੈ; ਪਾਂਚ = ਪੰਜ ਕਰਮ ਇੰਦ੍ਰੈ ਅਰ = ਅਤੇ ਮਨ ਵਿਚ ਇਹ ਮਨੋਮਯ ਕੋਸ਼ ਹੈ।

**ਪਾਂਚ ਗਯਾਨ ਇੰਦ੍ਰਯ ਅਰੁ ਬੁਧਿ ਹੈ ਵਿਗਯਾਨ ਮਯ;**
**ਕਾਰਨ ਅਵਿੱਦਯਾ ਸੋ ਤੋ ਆਨੰਦ ਮਯ ਲਯ ਹੈ ॥**

ਪਾਂਚ = ਪੰਜ ਗਿਆਨ ਇੰਦ੍ਰੇ (ਅੱਖਾਂ, ਨੱਕ, ਕੰਨ, ਜੀਭ, ਚਮੜੀ) ਅਰੁ = ਅਤੇ ਬੁਧਿ = ਬੁੱਧੀ ਵਿਗਿਆਨ ਮਯ = ਮੈਂ ਕੋਸ਼ ਹੈ, ਕਾਰਨ ਸਰੀਰ ਜੋ ਅਵਿੱਦਿਆ ਹੈ ਉਹ ਅਨੰਦ ਮਯ ਕੋਸ਼ ਹੈ।

**ਤੀਨ ਦੇਹ ਮਾਂਝ ਪਾਂਚ ਕੋਸ਼ ਸੁਖਦੇਵ ਕਹਿ;**
**ਨੀਕੇ ਕੈ ਵਿਚਾਰ ਦੇਖ ਭਰਮ ਹੀ ਕੋ ਭਯ ਹੈ ॥**

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਇਹ ਪਾਂਚ = ਪੰਜ ਕੋਸ਼ ਤੀਨ = ਤਿੰਨਾਂ ਦੇਹਾਂ ਦੇ ਮਾਂਝ = ਵਿਚ ਹੀ ਰਹਿੰਦੇ ਹਨ, ਪਰ ਵਿਚਾਰ ਕਰਕੇ ਨੀਕੇ = ਚੰਗੀ ਤਰ੍ਹਾਂ ਦੇਖਣਾ ਕਰੋ ਕਿ ਇਹ ਕੇਵਲ ਭਰਮ ਕਰਕੇ ਹੀ ਭਯ = ਡਰ ਪ੍ਰਤੀਤ ਹੋ ਰਿਹਾ ਹੈ ਕਿ ਇਹ ਵੱਖਰੇ-ਵੱਖਰੇ ਹਨ।

**ਕੋਸ਼ ਹੈ ਨਾ ਕੋਊ ਔਰ ਦੇਹ ਹੈ ਨ ਕੋਊ;**
**ਏਕ ਆਤਮਾ ਕੋ ਜੋਊ ਤਾਂ ਤੇ ਆਨੰਦ ਕੋ ਦਯ ਹੈ ॥੯੧॥**

ਵਾਸਤਵ ਵਿਚ ਨ ਕੋਈ ਕੋਸ਼ ਹੈ ਔਰ = ਅਤੇ ਨਾ ਹੀ ਕੋਈ ਦੇਹੀ ਹੈ, ਇਸ ਕਰਕੇ ਜੋਊ = ਜਿਹੜੀ ਆਪਣੀ ਇਕ ਆਤਮਾ ਹੈ, ਉਸਨੂੰ ਦੇਖਣੇ ਕਰਕੇ ਹੀ ਉਹ ਅਨੰਦ ਨੂੰ ਪ੍ਰਦਾਨ ਕਰਦੀ ਹੈ ॥੯੧॥

## ਸਿਖਯੋ ਵਾਚ ॥

**ਮਰਹਟਾ ਛੰਦ ॥ ਸੰਚਿਤ ਕਰਮਨ ਕੇ ਪਹਿਲੇ ਤੁਮ; ਸਥੂਲ ਦੇਹ ਯਹ ਭਾਖੀ ॥**

ਹੇ ਗੁਰੂ ਜੀ ! ਜੋ ਤੁਸੀਂ ਕਥਨ ਕੀਤਾ ਹੈ ਕਿ ਜਿਹੜੇ ਪਹਿਲਾਂ ਕੀਤੇ ਹੋਏ ਸੰਚਿਤ ਕਰਮ ਹਨ, ਉਨ੍ਹਾਂ ਕਰਕੇ ਇਹ ਸਥੂਲ ਦੇਹੀ ਪ੍ਰਾਪਤ ਹੁੰਦੀ ਹੈ।

## ਕਰਮਨ ਕੇ ਲੱਛਨ ਸੁਨਬੇ ਕੋ; ਮੇਰੀ ਮਤਿ ਅਭਿਲਾਖੀ॥

ਇਸ ਕਰਕੇ ਇਨ੍ਹਾਂ ਕਰਮਨ = ਕਰਮਾਂ ਕੇ = ਦੇ ਲੱਛਨ ਸੁਨਬੇ = ਸੁਣਨ ਲਈ ਮੇਰੀ ਮਤਿ = ਬੁੱਧੀ ਅਭਿਲਾਖੀ = ਇੱਛਾਵਾਨ ਹੋਈ ਹੈ।

## ਸ੍ਰੀ ਗੁਰੋ ਵਾਚ॥

## ਸੰਚਿਤ ਔ ਪ੍ਰਾਰਬਧ ਕਹੈ ਹੈ; ਕ੍ਰਿਯਾਮਾਨ ਜੋ ਕਰਮਾ॥

ਹੇ ਸਿੱਖ! ਜੋ ਸੰਚਿਤ ਪ੍ਰਾਰਬਧ ਅਤੇ ਕ੍ਰਿਯਾਮਾਨ ਤਿੰਨ ਪ੍ਰਕਾਰ ਦੇ ਕਰਮਾ = ਕਰਮ ਕਹੇ = ਆਖੇ ਜਾਂਦੇ ਹਨ।

## ਸੁਨਹੋ ਯਹ ਤੋ ਕੋ ਸਮਝਾਊਂ; ਇਨ ਕੇ ਅਦਭੁਤ ਮਰਮਾ॥੯੨॥

ਹੇ ਸਿੱਖ! ਤੂੰ ਧਿਆਨ ਨਾਲ ਸੁਨਹੁ = ਸੁਣਨਾ ਕਰ, ਇਨ੍ਹਾਂ ਕਰਮਾਂ ਦੇ ਜੋ ਬਹੁਤ ਅਦਭੁਤ = ਅਸਚਰਜ ਮਰਮਾ = ਭੇਦ ਹਨ, ਉਹ ਮੈਂ ਤੋ ਕੋ = ਤੇਰੇ ਤਾਈਂ ਸਮਝਾਊਂ = ਸਮਝਾਉਣਾ ਕਰਦਾ ਹਾਂ॥੯੨॥

## ਦੋਹਰਾ॥ ਏਕ ਜਨਮ ਕੇ ਕਰਮ ਫਲ; ਭੁਗਵੈ ਜਨਮ ਅਨੇਕ॥

ਹੇ ਸਿੱਖ! ਜੋ ਏਕ = ਇਕ ਜਨਮ ਕੇ = ਦੇ ਕੀਤੇ ਹੋਏ ਕਰਮਾਂ ਦੇ ਫਲ ਅਨੇਕ ਜਨਮਾਂ ਵਿਚ ਭੁਗਵੈ = ਭੋਗਣਾ ਕਰੀਦੇ ਹਨ।

## ਸੰਚਿਤ ਤਾਂ ਸੋਂ ਕਹਤ ਹੈਂ; ਸੁਖ ਦੁਖ ਸਹਿਤ ਵਿਵੇਕ॥੯੩॥

ਤਾਂ ਸੋਂ = ਉਨ੍ਹਾਂ ਤਾਈਂ ਸੰਚਿਤ ਕਰਮ ਕਿਹਾ ਜਾਂਦਾ ਹੈ, ਜੋ ਦੁੱਖਾਂ, ਸੁੱਖਾਂ ਦੇ ਵਿਚਾਰ ਸਹਿਤ ਹੁੰਦੇ ਹਨ॥੯੩॥

## ਦੋਹਰਾ॥ ਏਕ ਜਨਮ ਕੇ ਕਰਮ ਫਲ; ਭੁਗਵੈ ਦੂਜੀ ਦੇਹ॥

ਏਕ = ਇਕ ਜਨਮ ਕੇ = ਦੇ ਕਰਮਾਂ ਦੇ ਫਲ ਜੋ ਦੂਜੀ = ਦੂਸਰੀ ਦੇਹ ਦੇ ਵਿਚ ਭੁਗਵੈ = ਭੋਗੀਦੇ ਹਨ ਭਾਵ ਅਗਲੇ ਜਨਮ ਵਿਚ ਹੋਰ ਸਰੀਰ ਫਲ ਭੋਗਦਾ ਹੈ।

## ਸੋ ਪ੍ਰਾਰਬਧ ਕਹਾਵਈ; ਸੁਨ ਅਬ ਸਹਿਤ ਸਨੇਹ॥੯੪॥

ਸੋ = ਉਹ ਪ੍ਰਾਰਬਧ ਕਰਮ ਕਹਾਵਈ = ਕਹਾਉਣਾ ਕਰਦੇ ਹਨ, ਅਬ = ਹੁਣ ਇਸ ਨੂੰ ਬੜੇ ਸਨੇਹ = ਪ੍ਰੇਮ ਨਾਲ ਸੁਨ = ਸੁਣਨਾ ਕਰ॥੯੪॥

## ਸ੍ਵੈਯਾ॥

## ਗਰਭ ਵਸੈ ਨਰ ਕੀ ਪਸੁ ਦੇਹ; ਜਰਾਯੁਜ ਜੋਨਿ ਤਹਾਂ ਪਦ ਪਾਵੈ॥

ਜੋ ਨਰ = ਮਨੁੱਖ ਅਤੇ ਪਸੁ = ਪਸ਼ੂਆਂ ਦੀ ਦੇਹੀ ਮਾਂ ਦੇ ਗਰਭ = ਪੇਟ ਵਿਚ ਵਸੈ = ਵੱਸਦੀ ਹੈ, ਉਹ ਉਥੋਂ ਜਰਾਯੁਜ = ਜੇਰਜ ਜੋਨ = ਜੂਨ ਦੀ ਪਦ = ਪਦਵੀ ਨੂੰ ਪਾਵੈ = ਪਾਉਣਾ ਕਰਦੀ ਹੈ, ਭਾਵ ਜੇਰ ਤੋਂ ਪੈਦਾ ਹੋਣ ਵਾਲੇ ਜੇਰਜ ਖਾਣੀ ਦੇ ਜੀਵ ਅਖਵਾਉਂਦੇ ਹਨ।

## ਪੰਖਿ ਤੇ ਆਦਿ ਜੁ ਅੰਡ ਤੇ ਹੋਤ; ਸੁ ਅੰਡਜ ਜੋਨਿ ਤਹਾਂ ਛਬਿ ਛਾਵੈ ॥

ਪੰਖਿ = ਪੰਛੀਆਂ ਤੇ = ਤੋਂ ਆਦਿ ਲੈ ਕੇ ਜੁ = ਜਿਹੜੇ ਵੀ ਜੀਵ ਅੰਡ = ਅੰਡਿਆਂ ਤੇ = ਤੋਂ ਪੈਦਾ ਹੋਤ = ਹੁੰਦੇ ਹਨ, ਸੁ = ਉਹ ਤਹਾਂ = ਉੱਥੇ ਅੰਡਜ ਜੋਨੀ ਵਿਚ ਛਬਿ ਛਾਵੈ = ਬਿਰਾਜਦੇ, ਸ਼ੋਭਾ ਪਾਉਂਦੇ ਹਨ।

## ਸ੍ਵੇਦ ਤੇ ਸ੍ਵੇਦਜ ਕੀ ਉਤਪਤਿ; ਸੁ ਬੀਜ ਤੇ ਔਰ ਜੁ ਵਾਂਸ ਕਹਾਵੈ ॥

ਸ੍ਵੇਦ = ਪਸੀਨੇ ਤੇ = ਤੋਂ ਸ੍ਵੇਦਜ = ਜੂੰਆਂ, ਲੀਖਾਂ ਆਦਿ ਦੀ ਉਤਪਤਿ = ਪੈਦਾਇਸ਼ ਹੁੰਦੀ ਹੈ, ਇਹ ਸੇਤਜ ਜੂਨੀ, ਖਾਣੀ ਹੈ। ਸੋ ਫੇਰ ਜੋ ਬੀਜਾਂ ਤੇ = ਤੋਂ ਕਲਮਾਂ ਤੋਂ ਵਾਂਸ ਆਦਿ ਕਹਾਵੈ = ਕਹਾਉਂਦੇ ਹਨ।

## ਉਦਭਜ ਬ੍ਰਿੱਛ ਤਿਨੂਕਨ ਲੌਂ; ਯਹ ਭਾਂਤ ਸੁ ਜੀਵਨ ਕਰਮ ਬਨਾਵੈ ॥੯੫॥

ਉਹ ਬ੍ਰਿਛ = ਰੁੱਖ ਆਦਿ ਤੋਂ ਤਿਨੂਕਨ = ਘਾਹ ਆਦਿ ਲੌਂ = ਤਕ ਜੋ ਧਰਤੀ ਨੂੰ ਪਾੜ ਕੇ ਉੱਪਰ ਨੂੰ ਬਾਹਾਂ ਕਰਕੇ, ਨਿਕਲਦੇ ਹਨ ਉਹ ਉਤਭੁਜ ਜੋਨੀ, ਖਾਣੀ ਦੇ ਜੀਵ ਅਖਵਾਉਂਦੇ ਹਨ। ਸੋ ਇਕ ਆਤਮਾ ਦੀ ਵਿਚਾਰ ਤੋਂ ਬਿਨਾਂ ਇਸ ਪ੍ਰਕਾਰ ਜੀਵਾਂ ਨੂੰ ਕਰਮ ਬਣਾਉਂਦਾ ਹੈ॥੯੫॥

## ਸ੍ਵੈਯਾ ॥ ਕੀਟ ਪਤੰਗ ਕਰੈ ਪਸੁ ਪੰਛਿ; ਅਧੋਗਤਿ ਮੈਂ ਜਲ ਜੀਵਨ ਭਾਵੈ ॥

ਕਰਮਾਂ ਕੇ ਅਨੁਸਾਰ ਜੀਵ ਕੀਟ = ਕੀੜੇ ਪਤੰਗੇ ਪਸੁ = ਪਸ਼ੂ ਪੰਛਿ = ਪੰਛੀਆਂ ਦੀਆਂ ਜੂਨਾਂ ਪ੍ਰਾਪਤ ਕਰੈ = ਕਰਦੇ ਹਨ ਕਦੇ ਜਿਨ੍ਹਾਂ ਨੂੰ ਜਲ = ਪਾਣੀ ਵਿਚ ਜੀਵਨ ਭਾਉਂਦਾ ਹੈ, ਉਹ ਅਧੋਗਤਿ = ਨੀਵੀਆਂ ਜੂਨਾਂ ਨੂੰ ਪ੍ਰਾਪਤ ਕਰਦੇ ਹਨ।

## ਕੈ ਸੁਰਲੋਕ ਵਸੈ ਸੁਰ ਹ੍ਵੈ; ਕਬਹੂੰ ਸੁਰਰਾਜ ਕੀ ਸੰਪਦ ਪਾਵੈ ॥

ਕੈ = ਜਾਂ ਫਿਰ ਕਰਮਾਂ ਅਨੁਸਾਰ ਸੁਰਲੋਕ = ਸ੍ਵਰਗਲੋਕ ਵਿਚ ਸੁਰ = ਦੇਵਤਾ ਰੂਪ ਹੋ ਕੇ ਵਸੈ = ਵੱਸਦਾ ਹੈ, ਕਬਹੁੰ = ਕਦੇ ਕਰਮਾਂ ਅਨੁਸਾਰ ਜੀਵ ਸੁਰਰਾਜ = ਦੇਵਤਿਆਂ ਦੇ ਰਾਜੇ ਇੰਦ੍ਰ ਕੀ = ਦੀ ਸੰਪਦ = ਬਿਭੂਤੀ ਨੂੰ ਪਾਵੈ = ਪਾ ਲੈਂਦਾ ਹੈ ਭਾਵ ਬਹੁਤੇ ਪੁੰਨ, ਜਗ ਆਦਿ ਕਰਕੇ ਇੰਦ੍ਰ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ।

## ਮਾਨਸ ਹ੍ਵੈ ਸੁਖ ਦੁਖ ਸਹੈ; ਘਰ ਊਚ ਰੁ ਨੀਚ ਕੇ ਲੈ ਉਪਜਾਵੈ ॥

ਕਦੇ ਜੀਵ ਕਰਮਾਂ ਅਨੁਸਾਰ ਮਾਨਸ = ਮਨੁੱਖ ਹ੍ਵੈ = ਹੋ ਕੇ ਸੁੱਖ ਦੁੱਖ ਸਹੈ = ਸਹਾਰਦਾ ਹੈ ਕਰਮਾਂ ਦੇ ਫਲ ਨੂੰ ਭੋਗਣ ਵਾਸਤੇ ਕਦੇ ਊਚ = ਉੱਚੇ ਰੁ = ਅਤੇ ਕਦੇ ਨੀਚ = ਨੀਵੀਆਂ ਜਾਤਾਂ ਵਿਚ ਕਰਮਾਂ ਦੇ ਫਲ ਨੂੰ ਲੈ ਕਰਕੇ ਉਪਜਾਵੈ = ਪੈਦਾ ਹੁੰਦਾ ਹੈ।

## ਆਤਮ ਏਕ ਵਿਚਾਰ ਬਿਨਾ; ਯਹ ਭਾਂਤ ਸੁ ਜੀਵਨ ਕਰਮ ਬਨਾਵੈ ॥੯੬॥

ਇਕ ਆਤਮ = ਆਪਣੇ ਆਪੇ ਦੀ ਵਿਚਾਰ ਕੀਤੀ ਤੋਂ ਬਿਨਾਂ ਯਹ = ਇਸ ਭਾਂਤ = ਪ੍ਰਕਾਰ ਜੀਵਾਂ ਨੂੰ ਕਰਮ ਬਣਾਉਣਾ ਕਰਦੇ ਹਨ **ਵਾ:** ਜੀਵ ਆਪਣੇ ਜੀਵਨ ਨੂੰ ਕਰਮਾਂ ਦੀ ਧਰਤੀ ਬਣਾਉਂਦਾ ਹੈ॥੯੬॥

## ਸ੍ਵੈਯਾ ॥ ਕਰਮ ਕਰੈ ਸੁਰ ਲੋਕ ਲਹੈ; ਅਰੁ ਪਾਪਨ ਤੇ ਸਭ ਨਰਕ ਸਿਧਾਵੈ ॥

ਇਹ ਜੀਵ ਜਗ, ਤਪ, ਪੁੰਨ ਆਦਿ ਕਰਮ ਕਰੈ = ਕਰਨ ਨਾਲ ਸੁਰਲੋਕ = ਦੇਵਤਿਆਂ ਦੇ ਲੋਕ (ਸ੍ਵਰਗ) ਨੂੰ ਲਹੈ = ਪ੍ਰਾਪਤ ਕਰਦਾ ਹੈ ਅਰੁ = ਅਤੇ ਪਾਪਨ = ਪਾਪ ਕਰਮ ਕਰਨ ਨਾਲ ਸਭ = ਸਾਰੇ ਜੀਵ ਨਰਕਾਂ ਨੂੰ ਸਿਧਾਵੈ = ਜਾਂਦੇ ਹਨ।

## ਪੁੰਨ ਰੁ ਪਾਪ ਸਮਾਨ ਭਏ; ਯਹ ਮਾਨਸ ਕੇ ਕੁਲ ਮੈਂ ਛਬਿ ਛਾਵੈ॥

ਜਦੋਂ ਪੁੰਨ ਰੁ = ਅਤੇ ਪਾਪ ਸਮਾਨ = ਬਰਾਬਰ ਭਏ = ਹੁੰਦੇ ਹਨ, ਤਦੋਂ ਇਹ ਜੀਵ ਮਾਨਸ = ਮਨੁੱਖਾਂ ਕੇ = ਦੇ ਕੁਲ = ਪਰਿਵਾਰ ਵਿਚ ਛਬਿ ਛਾਵੈ = ਬਿਰਾਜਮਾਨ ਹੁੰਦਾ ਹੈ।

## ਜੋ ਸੁਖਦੇਵ ਲਿਲਾਟਿ ਲਿਖਯੋ; ਸੁ ਬਢੈ ਨ ਘਟੈ ਅਰੁ ਆਇ ਨ ਜਾਵੈ॥

ਕਵੀ ਸੁਖਦੇਵ ਸਿੰਘ ਜੀ ਕਥਨ ਕਰਦੇ ਹਨ ਕਿ ਜੋ = ਜਿਹੜਾ ਕੁਝ ਵੀ ਜੀਵਾਂ ਦੇ ਲਿਲਾਟਿ = ਮੱਥੇ 'ਤੇ ਕਰਮਾਂ ਦਾ ਲੇਖ ਲਿਖਯੋ = ਲਿਖਿਆ ਹੁੰਦਾ ਹੈ, ਸੁ = ਉਹ ਨਾ ਬਢੈ = ਵਧਦਾ ਹੈ, ਨਾ ਘਟੈ = ਘਟਦਾ ਹੈ ਅਰੁ = ਅਤੇ ਨ ਹੀ ਕਿਤੇ ਆ ਜਾ ਸਕਦਾ ਹੈ, ਭਾਵ ਇਥੇ ਕਰਮਾਂ ਦਾ ਫਲ ਜ਼ਰੂਰ ਭੋਗਣਾ ਪੈਂਦਾ ਹੈ।

## ਆਤਮ ਏਕ ਬਿਚਾਰ ਬਿਨਾ, ਯਹ ਭਾਂਤ ਸੁ ਜੀਵਨ ਕਰਮ ਬਨਾਵੈ॥੮੭॥

ਏਕ = ਇਕ ਆਤਮ = ਆਪਣੇ ਆਪੇ ਦੀ ਵਿਚਾਰ ਕੀਤੀ ਤੋਂ ਬਿਨਾਂ ਯਹ = ਇਸ ਭਾਂਤ = ਪ੍ਰਕਾਰ ਕਰਮ ਜੀਵਾਂ ਨੂੰ ਬਣਾਉਣਾ ਕਰਦਾ ਹੈ॥੮੭॥

## ਸ੍ਵੈਯਾ॥ ਜਾਗ੍ਰਤ ਮੈ ਸਭ ਵਿਸ੍ਵ ਬਨਾਇ; ਵਿਲਾਸ ਕਰੈ ਬਹੁ ਨੈਨਨ ਹੇਰੈ॥

ਜੀਵ ਜਾਗ੍ਰਤ ਅਵਸਥਾ ਦੇ ਮੈ = ਵਿਚ ਸਭ = ਸਾਰੇ ਵਿਸ੍ਵ = ਸੰਸਾਰ ਨੂੰ ਜੋ ਈਸਵਰ ਵੱਲੋਂ ਬਨਾਇ = ਬਣਾਇਆ ਹੋਇਆ ਹੈ ਉਸ ਵਿਚ ਬਹੁ = ਬਹੁਤ ਸਾਰੇ ਵਿਲਾਸ = ਕੌਤਕ ਕਰਦਾ ਹੋਇਆ ਆਪਣੇ ਨੈਨਨ = ਨੇਤ੍ਰਾਂ ਦੇ ਨਾਲ ਸਭ ਕੁਝ ਹੇਰੈ = ਦੇਖਦਾ ਹੈ ਇਹ ਸਭ ਕੁੱਝ ਅਗਿਆਨ ਕਰਕੇ ਹੈ ਵਾਸਤਵ ਵਿਚ ਤਾਂ ਕਲਪਨਾ ਮਾਤਰ ਹੀ ਹੈ।

## ਤਾਂਹੀ ਕੀ ਬਾਸਨ ਵਾਸਤ ਹ੍ਵੈ; ਸੁਪਨੇ ਮਹੁ ਆਨ ਮਨੋਰਥ ਘੇਰੈ॥

ਤਾਂਹੀ = ਉਸੇ ਜਾਗ੍ਰਤ ਅਵਸਥਾ ਦੇ ਪਦਾਰਥਾਂ ਕੀ = ਦੀ ਬਾਸਨ = ਵਾਸ਼ਨਾ ਦੇ ਵਾਸਤ = ਅਧੀਨ ਭਾਵ ਵਸ ਹ੍ਵੈ = ਹੋ ਕੇ ਸੁਪਨੇ ਦੇ ਮਹੁ = ਵਿਚ ਮਨੋਰਥ = ਮਨ ਦੇ ਖ਼ਿਆਲ ਆ ਕੇ ਘੇਰੈ = ਘੇਰ ਲੈਂਦੇ ਹਨ।

## ਸੂਖਸਮ ਥੂਲ ਸਰੀਰ ਦੋਊ; ਭ੍ਰਮਤੇ ਅਤਿ ਹੋਤ ਸੁਖੋਪਤਿ ਨੇਰੈ॥

ਇਸ ਪ੍ਰਕਾਰ ਸੂਖਮ ਤੇ ਸਥੂਲ ਦੋਊ = ਦੋਵੇਂ ਸਰੀਰਾਂ ਵਿਚ ਜੀਵਾਤਮਾ ਭ੍ਰਮਤੇ = ਭਰਮਦਾ ਹੋਇਆ ਸੁਖੋਪਤਿ = ਸੁਖੋਪਤੀ ਅਵਸਥਾ (ਗੂੜ੍ਹੀ ਨੀਂਦ) ਵਿਚ ਆਪਣੀ ਆਤਮਾ ਦੇ ਅਤਿ = ਅਤਿਅੰਤ ਨੇਰੇ = ਨੇੜੇ ਚਲਿਆ ਜਾਂਦਾ ਹੈ ਪਰ ਅਵਿੱਦਿਆ ਵਿਚ ਲੀਨ ਹੋਣ ਕਰਕੇ ਕੁਝ ਚਿਰ ਅਨੰਦ ਤਾਂ ਆਉਂਦਾ ਹੈ ਫੇਰ ਉਹੋ ਜਿਹੀ ਹੀ ਹਾਲਤ ਹੋ ਜਾਂਦੀ ਹੈ।

## ਤੀਨ ਅਵਸਥਨ ਮੈਂ ਸੁਖ ਦੁਖ ਲਹੈ; ਸਦ ਏਕ ਅਦ੍ਰਿਸ਼ਟ ਪਰੇਰੈ॥੮੮॥

ਇਸ ਪ੍ਰਕਾਰ ਤੀਨ = ਤਿੰਨ ਜਾਗਰਤ ਸੁਪਨ ਤੇ ਸੁਖੋਪਤੀ ਅਵਸਥਾ ਦੇ ਮੈਂ = ਵਿਚ ਜੀਵ ਸੁੱਖ ਦੁੱਖ ਲਹੈ = ਪ੍ਰਾਪਤ ਕਰਦਾ ਰਹਿੰਦਾ ਹੈ, ਪਰ ਸਦ = ਹਮੇਸ਼ਾਂ ਏਕ = ਅਦੁੱਤੀ ਅਦ੍ਰਿਸ਼ਟ = ਦਿੱਸਣ ਤੋਂ ਰਹਿਤ ਪਰਮਾਤਮਾ ਹੀ ਇਸਨੂੰ ਪਰੇਰੈ = ਪ੍ਰੇਰਦਾ ਹੈ॥੮੮॥

## ਦੋਹਰਾ॥ ਇੱਛਾ ਨਿੱਛ ਪਰਿੱਛਯਾ; ਤ੍ਰਿਬਿਧਿ ਕਰਮ ਕੇ ਭੋਗ॥

ਹੇ ਸਿੱਖ! ਇਸ ਸੰਸਾਰ ਅੰਦਰ ਜੀਵਾਂ ਨੂੰ ਤ੍ਰਿਬਿਧਿ = ਤਿੰਨ ਪ੍ਰਕਾਰ ਕਰਮਾਂ ਦੇ ਫਲ ਨੂੰ ਭੋਗ = ਭੋਗਣਾ

ਪੈਂਦਾ ਹੈ, ਇਕ ਆਪਣੀ ਇੱਛਾ = ਚਾਹਨਾ ਅਨੁਸਾਰ, ਦੂਜਾ ਨਿੱਛ = ਨਾ ਚਾਹੁਣ ਦੇ ਬਾਵਜੂਦ ਵੀ ਦੁੱਖ ਆਦਿ ਅਤੇ ਤੀਜਾ ਪਰਿੱਛਯਾ = ਪਰਾਏ ਦੀ ਇੱਛਾ ਅਨੁਸਾਰ ਨੌਕਰੀ ਆਦਿ ਕਰਮ।

## ਜਨਮ ਆਦਿ ਮਰਨਾਂਤ ਲੌਂ; ਕਹਤ ਸਯਾਨੇ ਲੋਗ ॥੮੯॥

ਜਨਮ = ਜੰਮਣ ਤੋਂ ਆਦਿ ਲੈ ਕੇ ਮਰਨਾਂਤ = ਮਰਨ ਦੇ ਅੰਤ ਲੌਂ = ਤੱਕ ਏਸੇ ਤਰ੍ਹਾਂ ਕਰਮਾਂ ਦੇ ਭੋਗ ਭੋਗਣੇ ਪੈਂਦੇ ਹਨ, ਇਹ ਸਿਆਣੇ ਲੋਕ ਕਥਨ ਕਰਦੇ ਹਨ ॥੮੯॥

## ਦੋਹਰਾ ॥ ਕਰਮ ਹੋਤ ਪ੍ਰਾਰਬਧ ਤੇ; ਮੂਰਖ ਜਾਨਤ ਨਾਹਿ ॥

ਹੇ ਸਿੱਖ! ਕਰਮ ਤਾਂ ਪ੍ਰਾਰਬਧ ਦੇ ਨਾਲ ਹੋਤ = ਹੁੰਦੇ ਹਨ ਭਾਵ ਜੋ ਵੀ ਦੁੱਖ ਸੁੱਖ ਪ੍ਰਾਪਤ ਹੁੰਦੇ ਹਨ, ਉਹ ਪਿਛਲੇ ਜਨਮ ਦੇ ਕੀਤੇ ਕਰਮਾਂ ਅਨੁਸਾਰ ਪ੍ਰਾਪਤ ਹੁੰਦੇ ਹਨ ਪਰ ਮੂਰਖ = ਬੇਸਮਝ ਮਨੁੱਖ ਇਸ ਗੱਲ ਨੂੰ ਜਾਨਤ = ਸਮਝਦਾ ਨਾਹਿ = ਨਹੀਂ ਹੈ।

## ਮਾਨ ਲੇਤ ਅਬ ਮੈ ਕੀਏ; ਕ੍ਰਿਯਮਾਨ ਜੇ ਆਹਿ ॥੯੦॥

ਜੇ = ਜੋ ਕ੍ਰਿਯਮਾਨ ਕਰਮ ਹਨ ਉਹ ਜੀਵ ਮੰਨ ਲੈਂਦਾ ਹੈ ਕਿ ਇਹ ਕਰਮ ਅਬ = ਹੁਣ ਮੈ ਕੀਏ = ਕੀਤੇ ਹਨ ॥੯੦॥

## ਦੋਹਰਾ ॥

## ਜਨਮ ਧਰਾਵਤ ਤੇ ਕਰਮ ਮਾਨ ਲੇਤ ਫਿਰ ਅੱਗਯ ॥

ਤੇ = ਉਹੀ ਕ੍ਰਿਯਮਾਨ ਕਰਮ ਅੱਗੇ ਜਨਮ ਧਰਾਵਤ = ਧਰਾਉਣਗੇ, ਫੇਰ ਅਗਯ = ਅਗਿਆਨੀ ਜੀਵ ਇਸ ਤਰ੍ਹਾਂ ਮਾਨ = ਮੰਨ ਲੇਤ = ਲੈਂਦਾ ਹੈ ਕਿ ਮੈਂ ਕੀਤੇ ਹਨ, ਜਦੋਂ ਕਿ ਕਰਮ ਪ੍ਰਾਲਬਧ ਅਨੁਸਾਰ ਹੋ ਗਏ ਹਨ।

## ਵੇਈ ਜੋ ਪ੍ਰਾਰਬਧ ਤੇ; ਸਮਝਤ ਸੋ ਸਰਬੱਗਯ ॥੯੧॥

ਉਹੀ ਜੋ = ਜਿਹੜੇ ਉਨ੍ਹਾਂ ਕਰਮਾਂ ਨੂੰ ਪ੍ਰਾਰਬਧ ਤੋਂ ਸਮਝਦੇ ਹਨ ਭਾਵ ਜੋ ਇਹ ਜਾਣ ਲੈਂਦਾ ਹੈ ਕਿ ਜੋ ਵੀ ਮੈਨੂੰ ਦੁੱਖ ਸੁੱਖ ਹੁਣ ਪ੍ਰਾਪਤ ਹੋ ਰਿਹਾ ਹੈ ਇਹ ਮੇਰੇ ਪੂਰਬਲੇ ਕਰਮਾਂ ਕਰਕੇ ਹੈ, ਉਹ ਮਨੁੱਖ ਸਰਬਗਯ = ਸਰਬ ਗਿਆਤਾ, ਗਿਆਨਵਾਨ ਹੈ ॥੯੧॥

ਜੈਸਾ ਕਿ : **ਸੁਖ ਦੁਖੁ ਪੁਰਬ ਜਨਮ ਕੇ ਕੀਏ ॥** *(ਅੰਗ ੧੦੩੦)*

## ਦੋਹਰਾ ॥

## ਗਯਾਨ ਉਦੇ ਉਰ ਹੋਤ ਜਬ; ਸੰਚਿਤ ਕਰਮ ਵਿਲਾਤ ॥

ਜਬ = ਜਦੋਂ ਉਰ = ਹਿਰਦੇ ਵਿਚ ਬ੍ਰਹਮ ਗਿਆਨ ਉਦੇ = ਉਤਪਤ ਹੁੰਦਾ ਹੈ, ਤਦੋਂ ਸਾਰੇ ਸੰਚਿਤ ਕਰਮ = ਅਨੇਕਾਂ ਜਨਮਾਂ ਦੇ ਇਕੱਠੇ ਹੋਏ ਕਰਮ ਵਿਲਾਤ = ਨਾਸ਼ ਹੋ ਜਾਂਦੇ ਹਨ।

## ਕ੍ਰਿਯਮਾਨ ਹੋਵੈ ਨਹੀ; ਪ੍ਰਾਰਬਧ ਮਿਟ ਜਾਤ ॥੯੨॥

ਕ੍ਰਿਯਮਾਨ = ਵਰਤਮਾਨ ਸਮੇਂ ਵਿਚ ਅਹੰਭਾਵ ਜਾਂ ਕੋਈ ਇੱਛਾ ਕਰਕੇ ਕਰਮ ਹੁੰਦੇ ਨਹੀਂ ਹਨ ਅਤੇ ਪ੍ਰਾਰਬਧ ਕਰਮ ਫਲ ਦੇ ਕੇ ਮਿਟ ਜਾਂਦੇ ਹਨ ॥੯੨॥

## ਦੋਹਰਾ ॥ ਤੀਨ ਦੇਹ ਹੈਂ ਜੀਵ ਕੀ; ਕਹੀ ਸਹਿਤ ਵਿਸਥਾਰ ॥

ਹੇ ਸਿੱਖ ! ਇਸ ਪ੍ਰਕਾਰ ਜੀਵ ਦੀਆਂ ਤਿੰਨ ਦੇਹਾਂ ਹਨ, ਜੋ ਤੇਰੇ ਤਾਈਂ ਵਿਸਤਾਰ ਦੇ ਸਹਿਤ ਕਹਿਣੀਆਂ ਕੀਤੀਆਂ ਹਨ।

## ਜਾਂ ਤੇ ਤੇਰੇ ਚਿਤ ਮੈ; ਉਪਜੇ ਬ੍ਰਹਮ ਵਿਚਾਰ ॥੯੩॥

ਜਾਂ ਤੇ = ਜਿਸ ਕਰਕੇ ਹੁਣ ਤੇਰੇ ਚਿਤ = ਮਨ ਦੇ ਮੈ = ਵਿਚ ਬ੍ਰਹਮ ਵਿਚਾਰ = ਪ੍ਰਭੂ ਪ੍ਰਾਪਤੀ ਵਾਲੀ ਵਿਚਾਰ ਪੈਦਾ ਹੋ ਜਾਵੇ ॥੯੩॥

## ਦੋਹਰਾ ॥ ਪੰਚ ਭੂਤ ਤੇ ਦੇਹ ਯਹ; ਤਾਂ ਕੋ ਝੂਠੀ ਜਾਨੁ ॥

ਹੇ ਸਿੱਖ ! ਜੋ ਯਹ = ਇਹ ਦੇਹ = ਦੇਹੀ ਪੰਚ = ਪੰਜਾਂ ਭੂਤ = ਤੱਤਾਂ ਤੋਂ ਬਣੀ ਹੋਈ ਹੈ, ਤਾਂ = ਉਸ ਦੇਹੀ ਕੋ = ਨੂੰ ਝੂਠੀ = ਨਾਸ਼ਵੰਤ ਜਾਨੁ = ਜਾਨਣਾ ਕਰ।

## ਸਾਚੋ ਏਕੈ ਆਤਮਾ, ਸੋ ਵਿਚਾਰ ਮਨ ਮਾਨੁ ॥੯੪॥

ਏਕੈ = ਇਕ ਆਤਮਾ ਹੀ ਸਾਚੋ = ਸੱਚ ਸਰੂਪ ਹੈ, ਸੋ ਇਸ ਵਿਚਾਰ ਨੂੰ ਤੂੰ ਆਪਣੇ ਮਨ = ਹਿਰਦੇ ਵਿਚ ਮਾਨੁ = ਮੰਨਣਾ ਕਰ ॥੯੪॥

## ਸ੍ਵੈਯਾ ॥ ਭੌਤਿਕ ਦੇਹ ਸਦਾ ਜੜ੍ਹ ਹੈ ਤਮ; ਆਤਮ ਚੇਤਨ ਨਿੱਤ ਸੁ ਮਾਨੋ ॥

ਹੇ ਸਿੱਖ ! ਭੌਤਿਕ = ਤੱਤਾਂ ਦੀ ਬਣੀ ਹੋਈ ਦੇਹੀ ਤਾਂ ਸਦਾ = ਹਮੇਸ਼ਾ ਹੀ ਆਪਣੇ ਆਪ ਵਿਚ ਜੜ੍ਹ ਹੈ, ਫਿਰ ਤਮ = ਅਗਿਆਨਤਾ ਰੂਪ ਹੈ ਅਤੇ ਆਤਮਾ ਹਮੇਸ਼ਾ ਚੇਤਨ = ਸਾਵਧਾਨ ਤੇ ਨਿੱਤ = ਸਦੀਵ ਰਹਿਣ ਵਾਲੀ ਮਾਨੋ = ਮੰਨਣਾ ਕਰੋ।

## ਦੇਹ ਅਨਿਤ ਮਰੈ ਜਨਮੈ, ਵਹੁ ਆਤਮ ਨਿੱਤ ਅਖੰਡ ਸੁ ਜਾਨੋ ॥

ਇਹ ਦੇਹੀ ਅਨਿਤ = ਨਾਸ਼ਵੰਤ, ਝੂਠੀ ਹੈ ਤੇ ਵਾਰ-ਵਾਰ ਮਰੈ = ਮਰਦੀ ਜਨਮੈ = ਜੰਮਦੀ ਰਹਿੰਦੀ ਹੈ ਪਰ ਵਹੁ = ਉਹ ਆਤਮਾ ਨੂੰ ਨਿਤ = ਸਦੀਵ ਕਾਲ ਰਹਿਣ ਵਾਲੀ ਤੇ ਅਖੰਡ = ਨਾਸ਼ ਤੋਂ ਰਹਿਤ ਜਾਨੋ = ਜਾਨਣਾ ਕਰੋ।

## ਦੇਖੀਏ ਦੇਹ ਅਮੰਗਲ ਰੂਪ; ਸੁ ਆਤਮ ਸ਼ੁਧ ਅਦ੍ਰਿਸ਼ਜ ਵਖਾਨੋ ॥

ਦੇਖੀਏ = ਦੇਖਣਾ ਕਰੋ ਕਿ ਇਹ ਦੇਹੀ ਅਮੰਗਲ = ਭਿਅੰਕਰ ਰੂਪ ਹੈ **ਵਾ:** ਅਮੰਗਲ = ਖ਼ੁਸ਼ੀ ਤੋਂ ਰਹਿਤ ਗ਼ਮਾਂ ਦਾ ਸਰੂਪ ਹੈ, ਸੋ ਉਹ ਆਤਮਾ ਸੁਧ = ਪਵਿੱਤਰ ਸਰੂਪ ਤੇ ਅਦ੍ਰਿਸ਼ਜ = ਦੇਖਣ ਤੋਂ ਰਹਿਤ ਵਖਾਨੋ = ਕਥਨ ਕੀਤਾ ਜਾਂਦਾ ਹੈ।

## ਤਾਂ ਕਹੁ ਏਕ ਕਹੈ ਨਰੁ ਮੂੜ; ਕਹੋ ਉਨ ਤੇ ਪਸੁ ਔਰਹਿ ਮਾਨੋ ॥੯੫॥

ਇਕ ਅਗਿਆਨੀ ਜੀਵ ਮੂੜ = ਮੂਰਖ ਬੇਸਮਝ ਨਰ = ਮਨੁੱਖ ਤਾਂ = ਉਸ ਦੇਹ ਅਤੇ ਆਤਮਾ ਨੂੰ ਏਕ = ਇਕ ਹੀ ਕਹੈ = ਕਥਨ ਕਰਦੇ ਹਨ, ਕਹੋ = ਦੱਸੋ ਫਿਰ ਉਨ = ਉਨ੍ਹਾਂ ਤੇ = ਤੋਂ ਵੱਡਾ ਔਰਹਿ = ਹੋਰ ਪਸੁ = ਪਸ਼ੂ ਕਿਸ ਨੂੰ ਮੰਨਣਾ ਕਰੀਏ ? ਭਾਵ ਉਹ ਪਸ਼ੂਆਂ ਦੀ ਨਿਆਈਂ ਹੀ ਮਨੁੱਖ ਸਮਝਣੇ ਚਾਹੀਦੇ ਹਨ ॥੯੫॥

## ਦੋਹਰਾ ॥ ਖਟ ਵਿਕਾਰ ਹੈਂ ਦੇਹ ਮੈਂ; ਆਤਮ ਮੈਂ ਤੇ ਨਾਹਿ ॥

ਹੇ ਸਿੱਖ ! ਇਸ ਦੇਹ = ਸਰੀਰ ਮੈਂ = ਵਿਚ ਖਟ = ਛੇ ਵਿਕਾਰ = ਦੋਸ਼ ਹਨ[1] ਪਰ ਆਤਮਾ ਦੇ ਮੈਂ = ਵਿਚ ਤਾਂ ਕੋਈ ਵਿਕਾਰ ਨਾਹਿ = ਨਹੀਂ ਹੈ।

## ਸੁਨੁ ਅਬ ਤਿਨ ਕੇ ਨਾਮ ਸਭ; ਸਮਝਾਵਤ ਹੈ ਤਾਂਹਿ ॥੯੬॥

ਅਬ = ਹੁਣ ਤੂੰ ਤਿਨ = ਉਨ੍ਹਾਂ ਛੇ ਵਿਕਾਰਾਂ ਦੇ ਸਭ = ਸਾਰੇ ਨਾਮ ਸੁਨੁ = ਸੁਣਨਾ ਕਰ, ਅਸੀਂ ਤੇਰੇ ਤਾਈਂ ਤਾਂਹਿ = ਉਸ ਬਾਰੇ ਸਮਝਾਵਤ = ਸਮਝਾਉਣਾ ਕਰਦੇ ਹਾਂ ॥੯੬॥

## ਦੋਹਰਾ ॥ ਉਤਪਤਿ ਹ੍ਵੈ ਅਰੁ ਬਢਤ ਹੈ; ਬਾਲ ਯੁਵਾ ਯੁਤ ਹੋਇ ॥

ਸਭ ਤੋਂ ਪਹਿਲਾਂ ਸਰੀਰ ਉਤਪਤਿ = ਪੈਦਾ ਹੁੰਦਾ ਹੈ ਅਰੁ = ਅਤੇ ਫੇਰ ਬਢਤ = ਵਧਦਾ ਹੈ ਉਪਰੰਤ ਬਾਲ = ਬਚਪਨ ਤੇ ਫੇਰ ਯੁਵਾ = ਜਵਾਨੀ ਦੇ ਯੁਤ = ਸਹਿਤ ਹੋਇ = ਹੁੰਦਾ ਹੈ।

## ਬ੍ਰਿਧ ਹੋਇ ਅਰੁ ਮਰਨ ਹ੍ਵੈ; ਖਟ ਵਿਕਾਰ ਯਹ ਜੋਇ ॥੯੭॥

ਫੇਰ ਬ੍ਰਿਧ = ਬੁੱਢਾ ਹੋਇ = ਹੁੰਦਾ ਹੈ ਅਰੁ = ਅਤੇ ਮਰਨ = ਮਰਨਾ ਹ੍ਵੈ = ਹੋ ਜਾਂਦਾ ਹੈ, ਇਹ ਇਸ ਸਰੀਰ ਵਿਚ ਖਟ = ਛੇ ਵਿਕਾਰ = ਦੋਸ਼ ਜੋਇ = ਦੇਖਣਾ ਕਰੋ ॥੯੭॥

## ਔਰ ਦੇਹ ਮੈਂ ਯਹ ਦਸ ਦੋਖ ਹੈਂ ॥

ਇਸ ਤੋਂ ਇਲਾਵਾ ਸਰੀਰ ਵਿਚੋਂ ਹੋਰ ਵੀ ਦਸ ਦੋਸ਼ ਹਨ, ਉਹ ਇਸ ਪ੍ਰਕਾਰ ਹਨ :

## ਸ੍ਵੈਯਾ ॥ ਸੋਚ ਅਸੁੱਧ ਭਰੀ ਦੁਰਗੰਧਿ; ਲਸੈ ਬਹੁ ਖੰਡ ਸਥੂਲ ਨਿਹਾਰੋ ॥

੧. ਇਹ ਦੇਹੀ ਸੋਚ = ਚਿੰਤਾਵਾਂ ਦੇ ਸਹਿਤ ਹੈ, ੨. ਅਸੁਧ = ਅਪਵਿੱਤ੍ਰਤਾ ਨਾਲ ਭਰੀ[2] ਹੋਈ ਹੈ, ੩. ਦੁਰਗੰਧਿ = ਬਦਬੋ ਨਾਲ ਭਰੀ ਪਈ ਲਸੈ = ਪ੍ਰਕਾਸ਼ ਰਹੀ ਹੈ, ੪. ਬਹੁ = ਬਹੁਤ ਸਾਰੇ ਖੰਡ = ਟੁਕੜੇ (ਜੋੜਾਂ) ਦੇ ਸਹਿਤ ਹੈ, ੫. ਸਥੂਲ = ਮੋਟੀ ਨਿਹਾਰੋ = ਦੇਖਣਾ ਕਰੋ।

## ਰੋਗ ਗ੍ਰਸੈ ਬਹੁ ਭਾਂਤ ਜਰੈ ਸਿਥਲੈ ਪੁਨ; ਆਮਿਖ ਪੂਮ ਅਧਾਰੋ ॥

੬. ਫੇਰ ਇਹ ਦੇਹੀ ਕਈ ਰੋਗ = ਬਿਮਾਰੀਆਂ ਕਰਕੇ ਗ੍ਰਸੈ = ਘਿਰੀ ਹੋਈ ਹੈ, ਜਿਨ੍ਹਾਂ ਬਿਮਾਰੀਆਂ ਕਰਕੇ ਬਹੁ = ਬਹੁਤ ਭਾਂਤ = ਤਰ੍ਹਾਂ ਨਾਲ ਜਰੈ = ਸੜਦੀ ਹੈ, ੭. ਸਿਥਲੈ = ਕਮਜ਼ੋਰ ਹੁੰਦੀ ਜਾਂਦੀ ਹੈ, ੮. ਪੁਨ = ਫੇਰ ਆਮਿਖ = ਮਾਸ ਤੇ ਪੂਮ = ਲਹੂ ਦੇ ਅਧਾਰੋ = ਆਸਰੇ ਰਹਿੰਦੀ ਹੈ।

## ਹੋਤ ਨ ਹੋਤ ਘਟੈ ਦਿਨ ਮੈ; ਛਿਨ ਮੈ ਮਿਟ ਜਾਤ ਨ ਲਾਗਤ ਵਾਰੋ ॥

੯. ਇਹ ਦੇਹੀ ਕਦੇ ਹੋਤ = ਹੁੰਦੀ ਹੈ ਅਤੇ ਕਦੇ ਨਹੀਂ ਹੋਤ = ਹੁੰਦੀ **ਵਾ:** ਹੁੰਦਿਆਂ ਹੋਇਆਂ ਵੀ ਨਾ

---

੧. ਜੈਸਾ ਕਿ : ਜਨਮ ਅਸਤੁ ਅਰੁ ਬ੍ਰਿਧਿ ਪੁਨਿ ਬਿਪ੍ਰਨ ਛਯ ਤਨਨਾਸ।
ਖਟ ਬਿਕਾਰ ਯੇ ਦੇਹ ਕੇ ਆਤਮ ਸ੍ਵਯੰ ਪ੍ਰਕਾਸ਼ ॥੭॥ *(ਵਿਚਾਰ ਮਾਲਾ, ਪੰਜਵਾਂ ਬਿਸ੍ਰਾਮ)*
ਵਾ : ਖਟ ਬਿਕਾਰ ਜਨਮਨਿ ਅਰੁ ਮਰਨੇ। ਇਹ ਸਰੀਰ ਕੋ ਦੋਨਹੁ ਬਰਨੇ ॥੪੭॥
ਛੁਧਾ ਤ੍ਰਿਖਾ ਦੁਇ ਪ੍ਰਾਨਨਿ ਕੇਰ। ਹਰਖ ਸ਼ੋਕ ਮਨ ਕੇ ਜੁਗ ਤੇਗਿ...॥੪੮॥ *(ਸ੍ਰੀ ਗੁ:ਪ੍ਰ:ਸੂ: ਗ੍ਰੰਥ, ਰਾਸਿ ੫, ਅੰਸੂ ੪੬)*
੨. ਭਰੀ ਦੇਹਲੀ ਦੀਪਕ ਦੀ ਨਿਆਈਂ ਹੈ।

ਹੋਇਆਂ ਵਰਗੀ ਹੈ, ੧੦. ਦਿਨ-ਦਿਨ ਕਰਕੇ ਘਟੈ = ਘਟਦੀ ਜਾਂਦੀ ਹੈ ਅਤੇ ਛਿਨ ਮੈ = ਵਿਚ ਹੀ ਮਿਟ = ਨਾਸ਼ ਹੋ ਜਾਤ = ਜਾਂਦੀ ਹੈ ਕੁਝ ਵਾਰੋ = ਦੇਰੀ ਵੀ ਨਹੀਂ ਲਾਗਤ = ਲੱਗਦੀ।

**ਦੇਹ ਸਦਾ ਦਸ ਦੋਖ ਭਰੀ; ਅਰੁ ਆਤਮ ਨਿੱਤ ਅਦੋਖ ਵਿਚਾਰੋ ॥੯੮॥**

ਇਸ ਪ੍ਰਕਾਰ ਇਹ ਦੇਹੀ ਸਦਾ = ਹਮੇਸ਼ਾਂ ਇਨ੍ਹਾਂ ਉਪਰੋਕਤ ਕਥਨ ਕੀਤੇ ਦਸ ਦੋਸ਼ਾਂ ਦੇ ਸਹਿਤ ਭਰੀ ਪਈ ਹੈ ਅਰੁ = ਅਤੇ ਆਤਮਾ ਨਿਤ = ਨਿਤਾ ਪ੍ਰਤੀ ਅਦੋਖ = ਦੋਸ਼ਾਂ ਤੋਂ ਰਹਿਤ ਵਿਚਾਰੋ = ਵਿਚਾਰਨਾ ਕਰੋ ॥੯੮॥

**ਦੋਹਰਾ ॥ ਵੇਦ ਕਹਤ ਬੁਧਿ ਕਹਤ ਹੈਂ; ਤੂੰ ਪੁਨ ਚਿੱਤਿ ਵਿਚਾਰ ॥**

ਹੇ ਸਿੱਖ ! ਵੇਦ ਵੀ ਇਹ ਗੱਲ ਕਹਤ = ਕਹਿੰਦੇ ਹਨ ਅਤੇ ਬੁਧਿ = ਬੁਧੀਵਾਨ ਲੋਕ ਵੀ ਇਹ ਗੱਲ ਆਖਦੇ ਹਨ ਪੁਨ = ਫੇਰ ਤੂੰ ਵੀ ਆਪਣੇ ਚਿਤ ਵਿਚ ਇਹ ਵਿਚਾਰ ਕਰ ਕਿ :

**ਆਤਮ ਚੈਤੰਨਯ ਨਿਤ ਹੈ; ਦੇਹ ਅਨਿੱਤ ਨਿਹਾਰ ॥੯੯॥**

ਆਤਮਾ ਨਿਤਾ ਪ੍ਰਤੀ ਚੇਤਨ ਸਰੂਪ ਹੈ ਅਤੇ ਦੇਹੀ ਅਨਿਤ = ਝੂਠੀ ਹੀ ਨਿਹਾਰ = ਦੇਖਣਾ ਕਰੋ ॥੯੯॥

**ਸਿਖਯੋ ਵਾਚ ॥**

**ਦੋਹਰਾ ॥ ਤੁਮ ਜੋ ਕਹੀ ਸੋ ਮੈਂ ਲਖੀ; ਸਥੂਲ ਦੇਹ ਹੌਂ ਨਾਹਿ ॥**

ਹੇ ਗੁਰਦੇਵ ਜੀ ! ਜੋ = ਜਿਹੜੀ ਤੁਮ = ਤੁਸੀਂ ਗੱਲ ਕਹੀ = ਕਥਨ ਕੀਤੀ ਹੈ ਸੋ = ਉਹ ਮੈਂ ਲਖੀ = ਜਾਣ ਲਈ ਹੈ ਕਿ ਹੌਂ = ਮੈਂ ਸਥੂਲ ਦੇਹੀ ਤਾਂ ਨਾਹਿ = ਨਹੀਂ ਹਾਂ।

**ਯਾਹਿ ਛਾਡਿ ਔਰੈ ਧਰੈ; ਲਿੰਗ ਦੇਹ ਹੌਂ ਆਹਿ ॥੧੦੦॥**

ਯਾਹਿ = ਇਸ ਸਥੂਲ ਸਰੀਰ ਨੂੰ ਛਾਡਿ = ਛੱਡ ਕੇ ਹੋਰ ਜੋ ਲਿੰਗ ਦੇਹ ਨੂੰ ਧਾਰਨ ਕਰਦਾ ਹਾਂ, ਫੇਰ ਮੈਂ ਉਹ ਸੂਖਯਮ ਸਰੀਰ ਹੀ ਆਹਿ = ਹਾਂ ॥੧੦੦॥

**ਸ੍ਰੀ ਗੁਰੋ ਵਾਚ ॥**

**ਦੋਹਰਾ ॥ ਪੰਚ ਭੂਤ ਜੜ ਤੇ ਭਯੋ; ਸੂਖਯਮ ਵਪ ਉਤਪਤਿ ॥**

ਹੇ ਸਿੱਖ ! ਜੋ ਪੰਚ ਭੂਤ = ਪੰਜ ਤੱਤ ਆਪ ਜੜ੍ਹ ਹਨ ਉਨ੍ਹਾਂ ਤੇ = ਤੋਂ ਹੀ ਸੂਖਯਮ = ਸੂਖਮ ਵਪ = ਸਰੀਰ ਦੀ ਉਤਪਤਿ = ਪੈਦਾਇਸ਼ ਭਯੋ = ਹੋਈ ਹੈ।

**ਅਲਖ ਅਨਾਦਿ ਅਖੰਡ ਹੈਂ; ਤੂੰ ਤੋ ਆਤਮ ਸਤ ॥੧੦੧॥**

ਜੋ ਅਲਖ = ਜਾਨਣ ਤੋਂ ਰਹਿਤ, ਅਨਾਦਿ = ਆਦਿ ਤੋਂ ਰਹਿਤ, ਅਖੰਡ = ਨਾਸ਼ ਤੋਂ ਰਹਿਤ ਹੈ ਤੂੰ ਤਾਂ ਉਹ ਸਤ ਸਰੂਪ ਆਤਮਾ ਹੈਂ ॥੧੦੧॥

**ਦੋਹਰਾ ॥ ਸੋਵਤ ਮੈ ਭੂਖਨ ਹਰਤ; ਜਾਨਤ ਨਾਹਿ ਨ ਕੋਇ ॥**

ਜਦੋਂ ਗੂੜ੍ਹੀ ਨੀਂਦ ਮੈ = ਵਿਚ ਸੋਵਤ = ਸੁੱਤੇ ਹੋਇਆਂ ਕੋਈ ਸਾਡੇ ਭੂਖਨ = ਗਹਿਣੇ ਹਰਤ = ਚੁਰਾ ਕੇ ਲੈ ਜਾਵੇ, ਤਦ ਕੋਇ = ਕੋਈ ਵੀ ਸਰੀਰ ਦਾ ਹਿੱਸਾ ਨਹੀਂ ਜਾਣਦਾ।

## ਪ੍ਰਾਨ ਹੋਏ ਚੈਤੰਨ ਜੌਂ; ਚੋਰਹਿ ਪਕਰੈ ਸੋਇ ॥੧੦੨॥

ਜੌਂ = ਜੇਕਰ ਸਰੀਰ ਅੰਦਰ ਪ੍ਰਾਨ ਚੇਤਨ ਦਾ ਰੂਪ ਹੋਣ ਤਾਂ ਉਹ ਚੋਰਹਿ = ਚੋਰ ਨੂੰ ਪਕੜ ਲੈਣ ਪਰ ਐਸਾ ਨਹੀਂ ਹੁੰਦਾ ॥੧੦੨॥

## ਸ੍ਵੈਯਾ ॥

## ਕਾਨ ਕੋ ਕਾਮ ਨ ਨਾਕ ਕਰੈ; ਅਰੁ ਨਾਕ ਕੋ ਕਾਮ ਨ ਕਾਨ ਤੇ ਹੋਈ ॥

ਹੇ ਸਿੱਖ ! ਦੇਖਣਾ ਕਰ, ਕਾਨ = ਕੰਨ ਕੋ = ਦਾ ਕਾਮ = ਕੰਮ ਨਾਕ = ਨੱਕ ਨਹੀਂ ਕਰ ਸਕਦਾ ਅਰੁ = ਅਤੇ ਨਾਕ = ਨੱਕ ਕੋ = ਦਾ ਕਾਮ = ਕੰਮ ਭਾਵ ਸੁੰਘਣਾ ਕਾਨ = ਕੰਨ ਦੇ ਪਾਸੋਂ ਨਹੀਂ ਹੋਈ = ਹੋ ਸਕਦਾ।

## ਆਂਖ ਕੋ ਕਾਮ ਨ ਜੀਭ ਕਰੈ; ਜੀਭ ਕੋ ਕਾਮ ਨ ਆਂਖਨ ਸੋਈ ॥

ਆਂਖ = ਅੱਖਾਂ ਕੋ = ਦਾ ਕਾਮ = ਕੰਮ ਭਾਵ ਦੇਖਣਾ ਜੀਭ = ਜ਼ੁਬਾਨ ਨਹੀਂ ਕਰੈ = ਕਰ ਸਕਦੀ ਅਤੇ ਜੀਭ = ਜ਼ੁਬਾਨ ਕੋ = ਦਾ ਕਾਮ = ਕੰਮ ਭਾਵ ਬੋਲਣਾ ਆਂਖਨ = ਅੱਖਾਂ ਦੇ ਪਾਸੋਂ ਨਹੀਂ ਹੋ ਸਕਦਾ।

## ਹਾਥ ਕੋ ਕਾਮ ਨ ਪਾਵ ਕਰੈ; ਅਰੁ ਪਾਵ ਕੋ ਕਾਮ ਨ ਹਾਥਨ ਜੋਈ ॥

ਹਾਥ = ਹੱਥਾਂ ਕੋ = ਦਾ ਕਾਮ = ਕੰਮ ਪੈਰ ਨਹੀਂ ਕਰੈ = ਕਰ ਸਕਦੇ ਅਤੇ ਪਾਵ = ਪੈਰਾਂ ਕੋ = ਦਾ ਕਾਮ = ਕੰਮ ਹਾਥਨ = ਹੱਥਾਂ ਦੇ ਪਾਸੋਂ ਨਹੀਂ ਹੋਇਆ ਜੋਈ = ਦੇਖਿਆ ਜਾ ਸਕਦਾ।

## ਜਾਨਤ ਆਪਨੇ ਸ੍ਵਾਦਨ ਕੋ; ਦਸ ਇੰਦ੍ਰਨ ਮਹੁ ਨਹਿ ਚੈਤਨ ਕੋਈ ॥੧੦੩॥

ਇਸ ਪ੍ਰਕਾਰ ਇਕ ਕਰਮ ਇੰਦ੍ਰੇ ਤੇ ਗਿਆਨ ਇੰਦ੍ਰੇ ਆਪੋ-ਆਪਣੇ ਸ੍ਵਾਦਨ = ਰਸਾਂ ਨੂੰ ਜਾਨਤ = ਜਾਣਦੇ ਹਨ, ਇਨ੍ਹਾਂ ਦਸਾਂ ਇੰਦ੍ਰਿਆਂ ਮਹੁ = ਵਿੱਚੋਂ ਕੋਈ ਵੀ ਚੈਤਨ = ਸਾਵਧਾਨ, ਚੇਤਨ ਸਰੂਪ ਨਹੀਂ ਹੈ ॥੧੦੩॥

## ਦੋਹਰਾ ॥ ਸ੍ਵਾਦ ਪਰਸਪਰ ਔਰ ਕੇ; ਇੰਦ੍ਰੀ ਜਾਨਤ ਨਾਹਿ ॥

ਹੇ ਸਿੱਖ ! ਇਹ ਦਸੇ ਇੰਦ੍ਰੀਆਂ ਪਰਸਪਰ = ਆਪੋ ਵਿਚੀ ਔਰ = ਹੋਰਨਾਂ ਕੇ = ਦੇ ਸ੍ਵਾਦ = ਰਸ ਨੂੰ ਨਹੀਂ ਜਾਨਤ = ਜਾਣਦੀਆਂ।

ਸਿੱਖ ਆਖਦਾ ਹੈ ਕਿ :

## ਯਾਂ ਤੇ ਯਹ ਜੜ੍ਹ ਹੈ ਸਭੀ; ਹੈ ਚੇਤਨ ਮਨ ਮਾਹਿ ॥੧੦੪॥

ਹੇ ਗੁਰੂ ! ਯਾ ਤੇ = ਇਸ ਕਰਕੇ ਯਾ = ਇਸ ਸਭੀ = ਸਾਰੀਆਂ ਇੰਦ੍ਰੀਆਂ ਜੜ੍ਹ = ਸੱਤਾ ਹੀਨ ਹੈ = ਹਨ, ਪਰ ਫੇਰ ਮਨ ਕੇ ਮਾਹਿ = ਵਿਚ ਚੇਤਨ = ਚੇਤਨਤਾ ਹੈ ਭਾਵ ਫੇਰ ਮਨ ਨੂੰ ਚੇਤਨ ਕਿਹਾ ਜਾ ਸਕਦਾ ਹੈ ? ॥੧੦੪॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਪੰਚ ਭੂਤ ਕੇ ਅੰਸ ਤੇ; ਮਨ ਉਪਜਯੋ ਯਹ ਜਾਨ ॥

ਹੇ ਸਿੱਖ ! ਪੰਚ = ਪੰਜਾਂ ਭੂਤ = ਤੱਤਾਂ ਕੇ = ਦੇ ਸਤੋ-ਸਤੋ ਅੰਸ ਤੋਂ ਇਹ ਮਨ ਉਪਜਯੋ = ਪੈਦਾ ਹੋਇਆ ਜਾਨ = ਜਾਨਣਾ ਕਰ।

## ਸਭ ਇੰਦ੍ਰਨ ਕੇ ਸ੍ਵਾਦ ਕੀ; ਤਾਂ ਤੇ ਹੈ ਪਹਚਾਨ ॥੧੦੫॥

ਸਾਰੇ ਕਰਮ ਅਤੇ ਗਿਆਨ ਇੰਦ੍ਰਿਆਂ ਕੇ = ਦੇ ਸ੍ਵਾਦ = ਰਸਾਂ ਕੀ = ਦੀ ਤਾਂ = ਉਸ ਮਨ ਕਰਕੇ ਹੀ ਪਹਚਾਨ = ਪਛਾਣ ਹੁੰਦੀ ਹੈ ॥੧੦੫॥

## ਦੋਹਰਾ ॥ ਬਾਤ ਸੁਨਤ ਹੂੰ ਸੁਨਤ ਨਹਿ; ਕਹਤ ਨਹੀਂ ਮਨ ਠੌਰ ॥

ਹੇ ਸਿੱਖ ! ਇਹ ਮਨ ਕਿਸੇ ਬਾਤ = ਗੱਲ ਨੂੰ ਸੁਨਤ = ਸੁਣਦਾ ਹੋਇਆ ਵੀ ਕਈ ਵਾਰ ਸੁਨਤ = ਸੁਣਦਾ ਨਹਿ = ਨਹੀਂ ਹੈ, ਅੱਗੋਂ ਮਨੁੱਖ ਕਹਤ = ਆਖਦਾ ਹੈ ਕਿ ਮੇਰਾ ਮਨ ਠੌਰ = ਇਸਥਿਤ ਨਹੀਂ ਸੀ।

## ਤਾਂ ਤੇ ਇਹੈ ਵਿਚਾਰੀਏ; ਚੇਤਨ ਹੈ ਕੋਊ ਔਰ ॥੧੦੬॥

ਤਾਂ ਤੇ = ਇਸ ਕਰਕੇ ਇਹੈ = ਇਹ ਗੱਲ ਚੰਗੀ ਤਰ੍ਹਾਂ ਵਿਚਾਰੀਏ = ਵਿਚਾਰਨਾ ਕਰੀਏ ਕਿ ਫੇਰ ਚੇਤਨ ਕੋਊ = ਕੋਈ ਔਰ = ਹੋਰ ਹੀ ਹੈ ॥੧੦੬॥

## ਦੋਹਰਾ ॥ ਸੁਖਪਤਿ ਇੰਦ੍ਰੀ ਮਨ ਸਹਿਤ; ਮਿਲੈ ਅਵਿਦਯਾ ਮਾਹਿ ॥

ਸੁਖਪਤਿ = ਗੂੜ੍ਹੀ ਨੀਂਦ ਵਿਚ ਇੰਦ੍ਰੀਆਂ ਮਨ ਦੇ ਸਹਿਤ ਅਵਿਦਿਆ ਦੇ ਮਾਹਿ = ਵਿਚ ਮਿਲੈ = ਮਿਲ ਜਾਂਦੀਆਂ ਹਨ ਭਾਵ ਮਨ ਬਿਲਕੁਲ ਹੀ ਅਨਜਾਣ ਬਣ ਜਾਂਦਾ ਹੈ।

## ਜਾਗਤ ਹ੍ਵੈ ਤਬ ਕਹਤ ਹੈ; ਆਜ ਕਛੂ ਸੁਧ ਨਾਹਿ ॥੧੦੭॥

ਜਦੋਂ ਮਨੁੱਖ ਜਾਗਤ = ਜਾਗਦਾ ਹ੍ਵੈ = ਹੈ ਤਬ = ਤਦੋਂ ਕਹਤ = ਆਖਦਾ ਹੈ ਕਿ ਅੱਜ ਮੈਂ ਇਤਨੇ ਅਨੰਦ ਵਿਚ ਸੁੱਤਾ ਕਿ ਕਛੂ = ਕੁਝ ਵੀ ਸੁਧ = ਖ਼ਬਰ ਨਹੀਂ ਹੋਈ ਕਿ ਮੈਂ ਕਿੱਥੇ ਪਿਆ ਹਾਂ ॥੧੦੭॥

## ਦੋਹਰਾ ॥ ਸੁਪਨੋਈ ਦੇਖਯੋ ਨ ਕਛੁ; ਸੋਇ ਗਯੋ ਇਹ ਰੀਤ ॥

ਏਥੋਂ ਤਕ ਕਿ ਮੈਂ ਕਛੁ = ਕੁਝ, ਕੋਈ ਸੁਪਨਾ ਵੀ ਨਹੀਂ ਦੇਖਿਆ ਇਹ = ਇਸ ਰੀਤ = ਰੀਤੀ ਨਾਲ ਅੱਜ ਮੈਂ ਸੌਂ ਗਿਆ ਸੀ।

## ਯਹ ਜਾਨੀ ਜਿਹ ਜਾਨਤੇ; ਯਹੀ ਗਯਾਨ ਕੀ ਨੀਤ ॥੧੦੮॥

ਜਿਸਦੇ ਜਾਨਤੇ = ਜਾਨਣ ਕਰਕੇ ਯਹ = ਇਹ ਜਾਨਣਾ ਕੀਤਾ ਹੈ ਕਿ ਕੋਈ ਸੁਪਨਾ ਨਹੀਂ ਆਇਆ, ਇਹੀ ਗਿਆਨ ਦੀ ਨੀਤ = ਚਾਲ ਹੈ ਭਾਵ ਇਹੀ ਆਪਣਾ ਆਤਮਾ ਹੈ ॥੧੦੮॥

## ਦੋਹਰਾ ॥ ਪਾਂਚ ਤੱਤ੍ਵ ਤੇ ਹੋਤ ਮਨ; ਗਯਾਨ ਭਏ ਮਿਟ ਜਾਤ ॥

ਹੇ ਸਿੱਖ ! ਪਾਂਚ = ਪੰਜ ਤੱਤ੍ਵ = ਤੱਤਾਂ ਦੀ ਸਤੋ-ਸਤੋ ਅੰਸ ਤੋਂ ਮਨ ਪੈਦਾ ਹੋਤ = ਹੁੰਦਾ ਹੈ ਅਤੇ ਗਿਆਨ ਦੇ ਪੈਦਾ ਭਏ = ਹੋਣ ਨਾਲ ਇਹ ਮਿਟ ਜਾਤ = ਜਾਂਦਾ ਹੈ, ਭਾਵ ਗਿਆਨ ਕਰਕੇ ਆਪਣੇ ਮੂਲ ਨਾਲ ਜਾ ਮਿਲਦਾ ਹੈ।

## ਤਾਂ ਸੋ ਨਸਵਰ ਕਹਤ ਹੈ; ਜੋ ਹੈ ਉਤਪਤਿ ਪਾਤ ॥੧੦੯॥

ਹੇ ਸਿੱਖ ! ਜੋ ਵਸਤੂ ਉਤਪਤਿ = ਪੈਦਾ ਹੁੰਦੀ ਹੋਵੇ ਅਤੇ ਪਾਤ = ਨਾਸ਼ ਹੋ ਜਾਂਦੀ ਹੋਵੇ, ਉਸਨੂੰ ਨਸਵਰ = ਨਾਸ਼ਵਾਨ ਕਹਤ = ਕਹਿੰਦੇ ਹਨ, ਇਸ ਕਰਕੇ ਇਹ ਮਨ ਵੀ ਨਾਸ਼ਵਾਨ ਹੀ ਹੋਇਆ ॥੧੦੯॥

## ਦੋਹਰਾ ॥

## ਸਦਾ ਅਨੰਤ ਅਨਾਦਿ ਹੈ; ਸੋ ਆਤਮ ਤੂੰ ਆਹਿ ॥

ਹੇ ਸਿੱਖ ! ਜੋ ਸਦਾ = ਸਦੀਵ ਕਾਲ ਅਨੰਤ = ਬਿਅੰਤ ਸਰੂਪ, ਅਨਾਦਿ = ਆਦਿ ਤੋਂ ਰਹਿਤ ਆਤਮਾ ਹੈ, ਸੋ = ਉਹ ਆਤਮ ਸਰੂਪ ਹੀ ਤੂੰ ਹੈਂ।

## ਤਾਂ ਤੇ ਯਹੈ ਵਿਚਾਰੀਏ; ਛੋਡ ਅਗਯ ਕੇ ਭਾਹਿ ॥੧੧੦॥

ਤਾਂ ਤੇ = ਤਿਸ ਕਰਕੇ ਯਹੈ = ਇਹ ਵਿਚਾਰ ਕਰਕੇ ਅਗਯ = ਅਗਿਆਨੀਆਂ ਦੇ ਭਾਹਿ = ਵਾਂਗ ਭਟਕਣਾ ਛੋਡ = ਛੱਡ ਦੇਣਾ ਕਰ ॥੧੧੦॥

## ਸਿਖਯੋ ਵਾਚ ॥

## ਦੋਹਰਾ ॥ ਸੱਤਰਹਿ ਮੈ ਸੋਰਹਿ ਕਹੇ; ਰਹੀ ਜੁ ਬਾਕੀ ਬੁਧਿ ॥

ਹੇ ਗੁਰੂ ਜੀ ! ਸੱਤਰਹਿ = ਸਤਾਰਾਂ ਸੂਖਮ ਤੱਤਾਂ ਦੇ ਮੈ = ਵਿੱਚੋਂ ਤੁਸੀਂ ਸੋਰਹਿ = ਸੋਲਾਂ (ਪੰਜ ਪ੍ਰਾਣ, ਦਸ ਇੰਦ੍ਰੇ, ਮਨ) ਕਹੇ = ਕਹਿਣਾ ਕੀਤੇ ਹਨ (ਜੋ ਮੇਰਾ ਸਰੂਪ ਨਹੀਂ ਹਨ) ਹੁਣ ਜੁ = ਜਿਹੜੀ ਬਾਕੀ ਸਤਾਰਵੀਂ ਬੁਧਿ = ਬੁੱਧੀ ਰਹੀ = ਰਹਿ ਗਈ ਹੈ।

## ਜਾਨਤ ਹੌਂ ਚੇਤਨ ਵਹੈ; ਜਾਂ ਕੋ ਸਭ ਕੀ ਸੁਧਿ ॥੧੧੧॥

ਫੇਰ ਹੌਂ = ਮੈਂ ਜਾਨਤ = ਜਾਣਦਾ ਹਾਂ ਕਿ ਵਹੈ = ਉਹੀ ਬੁਧਿ ਹੀ ਚੇਤਨ ਸਰੂਪ ਹੈ, ਜਾਂ = ਜਿਸ ਬੁੱਧ ਨੂੰ ਸਭ ਕਿਸੇ ਦੀ ਸੁਧਿ = ਖ਼ਬਰ ਹੈ ॥੧੧੧॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਅਹੰਕਾਰ ਮਨ ਬੁਧਿ ਚਿਤ; ਏਕ ਕਹਤ ਹੈਂ ਚਾਰ ॥

ਹੇ ਸਿੱਖ ! ਅਹੰਕਾਰ, ਮਨ, ਬੁਧਿ ਤੇ ਚਿਤ ਇਨ੍ਹਾਂ ਨੂੰ ਏਕ = ਇਕ ਵਿਦਵਾਨ ਜਨ ਅੰਤਹਕਰਨ ਦੇ ਚਾਰ ਭੇਦ ਕਹਿੰਦੇ ਹਨ।

## ਏਕ ਕਹਤ ਹੈਂ ਬੁਧਿ ਮਨ; ਅੰਤਹਕਰਣ ਬਿਚਾਰ ॥੧੧੨॥

ਅਤੇ ਏਕ = ਕਈ ਵਿਦਵਾਨ ਜਨ ਇਹ ਕਹਤ = ਕਹਿੰਦੇ ਹਨ ਕਿ ਮਨ ਤੇ ਬੁੱਧ ਇਹ ਅੰਤਹਕਰਨ ਦੇ ਦੋ ਭੇਦ ਬਿਚਾਰ = ਵਿਚਾਰਨਾ ਕਰੋ ॥੧੧੨॥

## ਦੋਹਰਾ ॥ ਜੈਸੇ ਏਕਹਿ ਪਵਨ ਤੇ; ਪ੍ਰਾਨ ਕਹੇ ਹੈਂ ਪਾਂਚ ॥

ਹੇ ਸਿੱਖ ! ਜਿਸ ਪ੍ਰਕਾਰ ਏਕਹਿ = ਇਕੋ ਪਵਨ = ਹਵਾ ਤੇ = ਤੋਂ ਅੱਗੇ ਪਾਂਚ = ਪੰਜ ਪ੍ਰਾਣ ਕਹਿਣਾ ਕੀਤੇ ਹਨ।

## ਤੈਸੇ ਅੰਤਹਕਰਣ ਕੇ; ਚਾਰ ਭੇਦ ਹੈਂ ਸਾਚ ॥੧੧੩॥

ਤੈਸੇ = ਉਸੇ ਪ੍ਰਕਾਰ ਅੰਤਹਕਰਨ ਕੇ = ਦੇ ਚਾਰ ਭੇਦ ਸਾਚ = ਯਥਾਰਥ ਕਹਿਣਾ ਕੀਤੇ ਹਨ ॥੧੧੩॥

## ਦੋਹਰਾ ॥ ਜਬ ਚਾਹਤ ਹੈ ਬਸਤ ਕਛੁ; ਚਿਤ ਕਹਤ ਹੈਂ ਤਾਹਿ ॥

ਹੇ ਸਿੱਖ! ਜਦੋਂ ਅੰਤਹਕਰਨ ਦੀ ਬਿਰਤੀ ਕਛੁ = ਕੁਝ ਬਸਤ = ਵਸਤੂ ਨੂੰ ਚਾਹਤ = ਚਾਹੁੰਦੀ ਭਾਵ ਚਿਤਵਨੀ ਕਰਦੀ ਹੈ, ਤਾਹਿ = ਉਸਨੂੰ ਚਿਤ ਕਹਤ = ਕਹਿਣਾ ਕਰਦੇ ਹਨ।

## ਯਤਨ ਕਲਪਨਾ ਜਬ ਕਰੇ; ਮਨ ਕਹੀਯਤ ਹੈ ਵਾਹਿ ॥੧੧੪॥

ਜਬ = ਜਦੋਂ ਅੰਤਹਕਰਨ ਦੀ ਬਿਰਤੀ ਕੁਝ ਯਤਨ = ਉੱਦਮ, ਉਪਰਾਲਾ ਜਾਂ ਕਲਪਨਾ ਕਰੇ = ਕਰਦੀ ਹੈ, ਵਾਹਿ = ਉਸਨੂੰ ਮਨ ਕਹੀਯਤ = ਕਹੀਦਾ ਹੈ ॥੧੧੪॥

## ਦੋਹਰਾ ॥ ਮੈਂ ਯਹ ਲੀਨੋ ਲੇਤ ਹੌਂ, ਅਹੰਕਾਰ ਯਹ ਜੋਇ ॥

ਯਹ = ਇਹ ਵਸਤ ਮੈਂ ਲੀਨੋ = ਲੈਣਾ ਕੀਤਾ ਹੈ, ਇਸ ਵਸਤੂ ਨੂੰ ਹੌਂ = ਮੈਂ ਲੇਤ = ਲੈ ਲਵਾਂਗਾ, ਯਹ = ਇਸਨੂੰ ਅਹੰਕਾਰ ਕਰਕੇ ਜੋਇ = ਤੱਕਣਾ ਕਰੋ।

## ਸਭ ਕੋ ਜਬ ਨਿਸਚਯ ਕਰੈ; ਬੁਧਿ ਕਹਾਵੈ ਸੋਇ ॥੧੧੫॥

ਜਬ = ਜਦੋਂ ਅੰਤਹਕਰਨ ਦੀ ਬਿਰਤੀ ਸਭ = ਸਾਰੀਆਂ ਵਸਤੂਆਂ ਕੋ = ਦਾ ਨਿਸਚਯ = ਨਿਸ਼ਚਾ ਕਰੈ = ਕਰਦੀ ਹੈ, ਸੋਇ = ਉਹ ਬਿਰਤੀ ਬੁੱਧ ਕਹਾਵੈ = ਕਹਾਉਂਦੀ ਹੈ ॥੧੧੫॥

## ਦੋਹਰਾ ॥ ਜੈਸੇ ਬ੍ਰਹਮਣ ਏਕ ਕੇ; ਨਾਮ ਕ੍ਰਿਯਾ ਤੇ ਦੋਇ ॥

ਜੈਸੇ = ਜਿਸ ਪ੍ਰਕਾਰ ਏਕ = ਇਕ ਬ੍ਰਾਹਮਣ ਕੇ = ਦੇ ਵੱਖਰੀ-ਵੱਖਰੀ ਕਿਰਿਆ ਕਰਨ ਕਰਕੇ ਦੋਇ = ਦੋ ਨਾਮ ਪੈ ਜਾਂਦੇ ਹਨ।

## ਰੋਟੀ ਕਰੈ ਰਸੋਈਆ; ਪੜ੍ਹੈ ਸੁ ਪਾਠਕ ਹੋਇ ॥੧੧੬॥

ਜਦੋਂ ਰੋਟੀ ਪਕਾਉਣਾ ਕਰੈ = ਕਰਦਾ ਹੈ, ਤਦੋਂ ਉਸਨੂੰ ਰਸੋਈਆ ਆਖਦੇ ਹਨ, ਜਦੋਂ ਵੇਦਾਂ ਆਦਿ ਸ਼ਾਸਤ੍ਰਾਂ ਨੂੰ ਪੜ੍ਹੈ = ਪੜ੍ਹਨਾ ਕਰਦਾ ਹੈ, ਉਸ ਸਮੇਂ ਪਾਠਕ = ਪੜ੍ਹਨ ਵਾਲਾ (ਵੇਦ = ਪਾਠੀ) ਹੋਇ = ਹੋ ਜਾਂਦਾ ਹੈ ॥੧੧੬॥

## ਦੋਹਰਾ ॥ ਆਤਮ ਹੈ ਬੁਧਿ ਤੇ ਪਰੇ; ਯਹ ਜੋ ਕਹੀ ਭਗਵਾਨ ॥

ਹੇ ਸਿੱਖ! ਆਤਮਾ ਬੁਧਿ = ਬੁੱਧੀ ਤੋਂ ਵੀ ਪਰ੍ਹੇ ਹੈ, ਇਹ ਗੱਲ ਭਗਵਾਨ ਨੇ ਵੀ ਕਹਿਣਾ ਕੀਤੀ ਹੈ।

ਜੈਸਾ ਕਿ : **ਇੰਦ੍ਰਿਆਵੀ ਪਰਾਣਯਾਹੁ ਰਿਦ੍ਰਿਯੇ ਭਯ: ਪਰੰਮਨ :।**
**ਮਨਸਤਤ ਪਰਾ ਬੁਧਿਰ ਬੁਧੇਰ ਯ: ਪਰ ਤਸਤਸ: ॥** *(ਸਲੋਕ ੪੨, ਅਧਿ: ੩)*

## ਅਰ ਨਿਜ ਆਤਮ ਬੋਧ ਮੈ; ਸ਼ੰਕਰ ਬੋਧ ਨਿਧਾਨ ॥੧੧੭॥

ਅਰ = ਅਤੇ ਨਿਜ = ਆਪਣੇ ਬਣਾਏ 'ਆਤਮ ਬੋਧ' ਗ੍ਰੰਥ ਮੈ = ਵਿਚ ਸ਼ੰਕਰ = ਸ਼ੰਕਰਾ ਚਾਰਯ ਨੇ ਵੀ ਇਹੀ ਕਥਨ ਕੀਤਾ ਹੈ ਜੋ ਖ਼ੁਦ ਬੋਧ = ਗਿਆਨ ਦਾ ਨਿਧਾਨ = ਖ਼ਜ਼ਾਨਾ, ਸਮੁੰਦ੍ਰ ਹੈ ॥੧੧੭॥

## ਦੋਹਰਾ ॥ ਇੰਦ੍ਰੀ ਪਰ ਹੈ ਦੇਹ ਤੇ; ਮਨ ਇੰਦ੍ਰਨ ਤੇ ਜੋਇ ॥

ਹੇ ਸਿੱਖ! ਇਹ ਜੋਇ = ਦੇਖਣਾ ਕਰ ਸਭ ਤੋਂ ਪਹਿਲਾਂ ਦੇਹ = ਸਰੀਰ ਹੈ, ਸਰੀਰ ਤੇ = ਤੋਂ ਪਰ = ਪਰ੍ਹੇ ਇੰਦ੍ਰੀਆਂ ਹਨ, ਇੰਦ੍ਰੀਆਂ ਤੋਂ ਪਰ੍ਹੇ ਮਨ ਹੈ।

## ਬੁਧਿ ਕਹੀ ਮਨ ਤੇ ਪਰੇ; ਬੁਧਿ ਤੇ ਆਤਮ ਸੋਇ ॥੧੧੮॥

ਮਨ ਤੋਂ ਪਰ੍ਹੇ ਬੁੱਧੀ ਕਹੀ = ਕਹਿਣਾ ਕੀਤੀ ਹੈ ਅਤੇ ਬੁੱਧੀ ਤੇ = ਤੋਂ ਪਰ੍ਹੇ ਸੋਇ = ਉਹ ਆਤਮਾ ਕਹੀ ਹੈ॥੧੧੮॥

## ਦੋਹਰਾ ॥ ਸੁਖ ਦੁਖ ਇਛਾ ਰਾਗ ਏ; ਸਭੈ ਬੁਧਿ ਕੇ ਧਰਮ ॥

ਸੁੱਖ, ਦੁੱਖ ਪਦਾਰਥਾਂ ਦੀ ਇਛਾ = ਚਾਹਨਾ, ਰਾਗ = ਮੋਹ, ਦ੍ਵੈਖ ਆਦਿ ਏ = ਇਹ ਸਭੈ = ਸਾਰੇ ਬੁੱਧੀ ਕੇ = ਦੇ ਧਰਮ ਹਨ।

## ਸੁਖਪਤਿ ਮੈ ਏ ਸਭ ਮਿਟੈਂ; ਰਹੈ ਆਤਮਾ ਪਰਮ ॥੧੧੯॥

ਫੇਰ ਸੁਖਪਤਿ = ਗੂੜ੍ਹੀ ਨੀਂਦ ਦੇ ਮੈ = ਵਿਚ ਏ = ਇਹ ਸਭ = ਸਾਰੇ ਮਿਟੈਂ = ਮਿਟ ਜਾਂਦੇ ਹਨ, ਤਦੋਂ ਉਥੇ ਸੁਖੋਪਤੀ ਵਿਚ ਵੀ ਪ੍ਰਕਾਸ਼ ਕਰਨ ਵਾਲਾ ਪਰਮ ਆਤਮਾ ਹੀ ਰਹੈ = ਰਹਿੰਦਾ ਹੈ॥੧੧੯॥

## ਸਿਖਯੋ ਵਾਚ ॥

## ਦੋਹਰਾ ॥ ਕਹ੍ਯੋ ਆਪ ਸਮਝ੍ਯੋ ਸੁ ਮੈ; ਦੇਹ ਦੋਇ ਹੌ ਨਾਹਿ ॥

ਹੇ ਗੁਰੂ ਜੀ! ਜੋ ਆਪ ਜੀ ਨੇ ਕਹ੍ਯੋ = ਕਹਿਣਾ ਕੀਤਾ ਹੈ, ਸੁ = ਉਹ ਮੈਂ ਚੰਗੇ ਤਰੀਕੇ ਨਾਲ ਸਮਝ੍ਯੋ = ਸਮਝ ਗਿਆ ਹਾਂ ਕਿ ਹੌਂ = ਮੈਂ ਦੋਇ = ਕਿਵੇਂ ਦੋਹਾਂ (ਸੂਖਮ, ਸਥੂਲ) ਨਹੀਂ ਹਾਂ।

## ਅਬ ਆਤਮ ਕਾ ਸੋਂ ਕਹੋਂ; ਯਾ ਸਰੀਰ ਕੇ ਮਾਹਿ ॥੧੨੦॥

ਫੇਰ ਅਬ = ਹੁਣ ਯਾ = ਇਸ ਸਰੀਰ ਦੇ ਮਾਹਿ = ਵਿਚ ਆਤਮਾ ਕਾ = ਕਿਸ ਸੋ = ਨੂੰ ਕਹੋਂ = ਕਹਿਣਾ ਕਰਾਂ॥੧੨੦॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਨ੍ਯਾਰੇ ਨ੍ਯਾਰੇ ਤੈਂ ਲਖੇ; ਸਭਹੀ ਕੇ ਗੁਨ ਰੂਪ ॥

ਹੇ ਸਿੱਖ! ਸਭ = ਸਾਰੇ ਤੱਤਾਂ (ਸੂਖਮ, ਸਥੂਲ) ਸਰੀਰ ਕੇ = ਦੇ ਗੁਣ ਅਤੇ ਰੂਪ ਨ੍ਯਾਰੇ ਨ੍ਯਾਰੇ = ਭਿੰਨ ਭਿੰਨ ਕਰਕੇ ਤੈਂ = ਤੂੰ ਲਖੇ = ਜਾਨਣਾ ਕੀਤੇ ਹਨ।

## ਜਾਨਤ ਨਹਿ ਤੂੰ ਆਤਮਾ; ਯਹ ਅਗ੍ਯਾਨ ਅਨੂਪ ॥੧੨੧॥

ਪਰ ਜੇਕਰ ਫੇਰ ਵੀ ਤੂੰ ਆਪਣੇ ਆਤਮਾ ਨੂੰ ਨਹਿ = ਨਹੀਂ ਜਾਨਤ = ਜਾਣਦਾ ਹੈਂ, ਤਾਂ ਯਹ = ਇਹ ਬਹੁਤ ਹੀ ਅਨੂਪ = ਉਪਮਾ ਤੋਂ ਰਹਿਤ, ਭਾਵ ਵਿਸ਼ੇਸ਼ ਕਰਕੇ ਅਗਿਆਨ, ਬੇ-ਸਮਝੀ ਹੈ॥੧੨੧॥

## ਦੋਹਰਾ ॥ ਕਾਰਣ ਮੂਲ ਉਪਾਧ ਕੋ; ਯਹੈ ਤੀਸਰੋ ਦੇਹ ॥

ਹੇ ਸਿੱਖ! ਸੂਖਮ ਤੇ ਅਸਥੂਲ ਉਪਾਧ = ਉਪਾਧੀਆਂ ਕੋ = ਦਾ ਮੂਲ ਯਹੈ = ਇਹ ਤੀਸਰੋ = ਤੀਜੀ ਕਾਰਣ ਦੇਹੀ ਹੈ।

## ਆਦਿ ਨ ਜਾ ਕੀ ਜਾਨੀਏ; ਅੰਤ ਗ੍ਯਾਨ ਕੋ ਗੇਹ ॥੧੨੨॥

ਜਾ = ਜਿਸ ਕਾਰਣ ਦੇਹ ਕੀ = ਦੀ ਆਦਿ = ਸ਼ੁਰੂਆਤ ਨਹੀਂ ਜਾਨੀਏ = ਜਾਣੀਦੀ, ਪਰ ਇਸ ਦਾ

ਅੰਤ = ਅਖ਼ੀਰ ਗਿਆਨ ਕੋ = ਦਾ ਗੇਹ = ਘਰ ਭਾਵ ਗਿਆਨ ਸੰਯੁਕਤ ਅੰਤਹਕਰਨ ਵਿਚ ਇਸ ਦਾ ਅੰਤ ਹੋ ਜਾਂਦਾ ਹੈ ॥੧੨੨॥

## ਦੋਹਰਾ ॥

## ਅਹੰਕਾਰ ਬੁੱਧਿ ਸੋਂ ਕਹਤ; ਤੂੰ ਜਿਨ ਦੇਹ ਜਗਾਇ ॥

ਸਾਡੇ ਅੰਦਰ ਅਹੰਕਾਰ ਸਾਡੀ ਅੰਤਹਕਰਨ ਦੀ ਨਿਰਣੇ ਕਰਨ ਵਾਲੀ ਬਿਰਤੀ ਬੁੱਧੀ ਦੇ ਸੋਂ = ਨਾਲ ਕਹਤ = ਕਹਿੰਦਾ ਹੈ ਕਿ ਤੂੰ ਉਸ ਸਾਖੀ ਚੇਤਨ ਨੂੰ ਜਿਨ = ਮਤਾਂ ਜਗਾਇ = ਜਗਾਉਣਾ ਕਰ।

## ਉਠ ਹੈ ਪਰਮਾਨੰਦ ਜਬ; ਮੈਂ ਤੂੰ ਜਗੁ ਮਿਟ ਜਾਇ ॥੧੨੩॥

ਜਬ = ਜਦੋਂ ਅੰਤਹਕਰਣ ਦੇ ਅੰਦਰ ਪਰਮਾਨੰਦ ਸਰੂਪ ਸਾਖੀ ਚੇਤਨ ਜਾਗ ਉੱਠੇਗਾ, ਤਦੋਂ ਮੈਂ ਅਤੇ ਤੂੰ ਤੇ ਸਾਰਾ ਜਗੁ = ਸੰਸਾਰ ਹੀ ਮਿਟ ਜਾਇ = ਜਾਵੇਗਾ ॥੧੨੩॥

## ਦੋਹਰਾ ॥

## ਯਹੈ ਅਵਿਦਯਾ ਨੀਂਦ ਹੈ; ਸੁਪਨ ਤੁਲ ਸੰਸਾਰ ॥

ਯਹੈ = ਇਹ ਅਵਿਦਿਆ ਨੀਂਦ ਦੇ ਤੁਲ ਹੈ, ਉਸ ਵਿਚ ਸੁਪਨੇ ਦੇ ਸਮਾਨ ਸੰਸਾਰ = ਜਗਤ ਹੈ।

## ਬ੍ਰਹਮ ਲਖੋ ਜਬ ਆਪ ਕੋ; ਜਾਗ੍ਰਤ ਯਹੈ ਵਿਚਾਰ ॥੧੨੪॥

ਜਬ = ਜਦੋਂ ਆਪ = ਆਪਣੇ ਆਪ ਕੋ = ਨੂੰ ਬ੍ਰਹਮ ਲਖੋ = ਜਾਣ ਲੈਣਾ, ਇਹੀ ਜਾਗ੍ਰਤ ਅਵਸਥਾ ਦੀ ਵਿਚਾਰ ਕਹੀ ਹੈ ॥੧੨੪॥

## ਸਿਖਯੋ ਵਾਚ ॥

## ਦੋਹਰਾ ॥ ਰੂਪ ਕੌਨ ਹੈ ਬ੍ਰਹਮ ਕੋ; ਕਾ ਬਿਧਿ ਵਸੈ ਸਰੀਰ ॥

ਹੇ ਗੁਰੂ ਜੀ! ਬ੍ਰਹਮ = ਪਰਮਾਤਮਾ ਕੋ = ਦਾ ਰੂਪ ਸਰੂਪ, ਰੰਗ ਕੌਨ = ਕਿਹੋ ਜਿਹਾ ਹੈ ਅਤੇ ਉਹ ਕਾ = ਕਿਸ ਬਿਧਿ = ਪ੍ਰਕਾਰ ਸਰੀਰ ਦੇ ਵਿਚ ਵਸੈ = ਵੱਸਦਾ ਹੈ।

## ਕਹੀਯੇ ਮੋ ਸੋਂ ਕ੍ਰਿਪਾ ਕਰ; ਜਯੋਂ ਨਸਾਇ ਭ੍ਰਮ ਭੀਰ ॥੧੨੫॥

ਹੇ ਗੁਰੂ ਜੀ! ਤੁਸੀਂ ਮੋ = ਮੇਰੇ ਸੋਂ = ਤਾਈਂ ਕ੍ਰਿਪਾ = ਮਿਹਰ ਦੀ ਦ੍ਰਿਸ਼ਟੀ ਕਰ = ਕਰਕੇ ਕਹੀਏ = ਦੱਸਣਾ ਕਰੋ, ਜਯੋਂ = ਜਿਸ ਕਰਕੇ ਮੇਰੇ ਅੰਦਰੋਂ ਭ੍ਰਮ = ਭਰਮ, ਸੰਦੇਹ ਦੀ ਭੀਰ = ਪੀੜਾ ਨਸਾਇ = ਨਾਸ਼ ਹੋ ਜਾਵੇ ॥੧੨੫॥

## ਸ੍ਰੀ ਗੁਰੋ ਵਾਚ ॥

## ਕਬਿੱਤ ॥ ਮਨ ਬੁਧਿ ਇੰਦ੍ਰਨ ਕੋ ਕਾਰਨ ਚਲਾਇਬੇ ਕੋ;
## ਸਕਲ ਉਪਾਧਨ ਤੇ ਨਯਾਰੋ ਰਹੈ ਗਾਤ ਮੈ ॥

ਹੇ ਸਿੱਖ! ਤੇਰੇ ਅੰਦਰਲੇ ਮਨ, ਬੁੱਧੀ ਅਤੇ ਸਭ ਇੰਦ੍ਰੀਆਂ ਕੋ = ਨੂੰ ਚਲਾਇਬੇ = ਚਲਾਉਣ ਦਾ ਜੋ ਮੂਲ

ਕਾਰਨ ਅਤੇ ਸਕਲ = ਸਾਰੀਆਂ (ਸੂਖਮ, ਸਥੂਲ) ਉਪਾਧੀਆਂ ਤੇ = ਤੋਂ ਨਯਾਰੋ = ਵੱਖਰਾ ਹੋ ਕੇ ਤੇਰੇ ਗਾਤ = ਸਰੀਰ ਦੇ ਮੈ = ਵਿਚ ਹੀ ਰਹੈ = ਰਹਿੰਦਾ ਹੈ।

**ਜੈਸੇ ਘਟ ਮਟ ਮਾਝ ਬਯਾਪਕ ਅਕਾਸ਼ ਔਰ,**
**ਨਯਾਰੋ ਸੁਖ ਦੁਖਨ ਤੈ ਦੇਖਯੋ ਅਵਦਾਤ ਮੈ॥**

ਜੈਸੇ = ਜਿਸ ਪ੍ਰਕਾਰ ਘਟ = ਘੜੇ ਅਤੇ ਮਟ = ਮਕਾਨ ਮਾਝ = ਵਿਚ ਅਕਾਸ਼ ਬਯਾਪਕ = ਪਰੀਪੂਰਨ ਹੈ ਔਰ = ਅਤੇ ਸੰਸਾਰ ਦੇ ਸੁੱਖਾਂ ਦੁੱਖਾਂ ਤੋਂ ਨਯਾਰੋ = ਰਹਿਤ ਅਵਦਾਤ = ਪ੍ਰਗਟ ਹੀ ਦੇਖਯੋ = ਦੇਖੀਦਾ ਹੈ।

**ਜੈਸੇ ਰਵਿ ਜੋਤਿ ਆਗੇ ਸੋਵਤ ਤੇ ਜੀਵ ਜਾਗੇ;**
**ਉਠ ਉਠ ਕਾਮ ਲਾਗੇ ਵਡੇ ਪਰਭਾਤ ਮੈ॥**

ਜੈਸੇ = ਜਿਸ ਪ੍ਰਕਾਰ ਰਵਿ = ਸੂਰਜ ਦੀ ਜੋਤਿ = ਰੌਸ਼ਨੀ ਹੋਣ ਤੋਂ ਆਗੇ = ਪਹਿਲਾਂ ਸੋਵਤ = ਸੁੱਤੇ ਹੋਏ ਜੀਵ ਜਾਗੇ = ਜਾਗ ਪੈਂਦੇ ਹਨ ਅਤੇ ਪਰਭਾਤ = ਸਵੇਰੇ-ਸਵੇਰੇ ਉੱਠ ਉੱਠ ਕੇ ਆਪੋ-ਆਪਣੇ ਕੰਮਾਂ ਵਿਚ ਲਾਗੇ = ਲੱਗ ਜਾਂਦੇ ਹਨ।

**ਅਜ ਅਬਿਨਾਸੀ ਪਰਿਪੂਰਨ ਪ੍ਰਕਾਸ਼ੀ;**
**ਸੁਖਦੇਵ ਸੁਖਰਾਸੀ ਐਸੋ ਨਿਤ ਗਨ ਆਤਮੈਂ॥੧੨੬॥**

ਤਿਵੇਂ ਜੋ ਅਜ = ਅਜਨਮਾ, ਅਬਿਨਾਸੀ = ਨਾਸ ਤੋਂ ਰਹਿਤ, ਸਭ ਥਾਵਾਂ 'ਤੇ ਪਰਿਪੂਰਨ = ਲਬਾਲਬ ਭਰਿਆ ਹੋਇਆ, ਵਿਆਪਕ ਪ੍ਰਕਾਸੀ = ਪ੍ਰਕਾਸ਼ ਸਰੂਪ ਪਰਮਾਤਮਾ ਹੈ ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਏਸੇ ਪ੍ਰਕਾਰ ਹੀ ਸੁੱਖਾਂ ਦੀ ਪੂੰਜੀ ਆਪਣੀ ਆਤਮਾ ਨੂੰ ਨਿਤ = ਨਿਤਾਪ੍ਰਤੀ ਗਨ = ਜਾਨਣਾ ਕਰ, ਭਾਵ ਜਿਵੇਂ ਸੂਰਜ ਦੇ ਪ੍ਰਕਾਸ਼ ਕਰਕੇ ਸੰਸਾਰ ਦੇ ਪ੍ਰਾਣੀ, ਆਪੋ-ਆਪਣੇ ਕੰਮਾਂ ਵਿਚ ਲੱਗ ਕੇ ਸਫਲਤਾ ਪ੍ਰਾਪਤ ਕਰਦੇ ਹਨ, ਤਿਵੇਂ ਪਰਮਾਤਮਾ ਦੇ ਪ੍ਰਕਾਸ਼ ਕਰਕੇ ਸੰਪੂਰਨ ਇੰਦ੍ਰੀਆਂ ਦਾ ਵਿਵਹਾਰ ਹੁੰਦਾ ਹੈ ਅਤੇ ਮਾਨਸ ਜਨਮ ਸਫਲ ਹੁੰਦਾ ਹੈ॥੧੨੬॥

**ਕਬਿੱਤ॥**
**ਦਾਹਕ ਪ੍ਰਕਾਸ਼ ਹੈ ਕਾਠ ਮੈ ਅਗਨਿ ਜੈਸੇ;**
**ਚੇਤਨ ਪ੍ਰਕਾਸ਼ ਹੈ ਮਨ ਬੁਧਿ ਗਾਤ ਮੈ॥**

ਹੇ ਸਿੱਖ! ਜਿਸ ਪ੍ਰਕਾਰ ਕਾਠ = ਲੱਕੜ ਮੈ = ਵਿਚ ਅਗਨਿ = ਅੱਗ ਦਾਹਕ = ਸਾੜਨ ਵਾਲੀ ਤੇ ਪ੍ਰਕਾਸ਼ = ਚਾਨਣ ਕਰਨ ਵਾਲੀ ਹੁੰਦੀ ਹੈ ਤਿਵੇਂ ਹੀ ਮਨ, ਬੁਧਿ ਅਤੇ ਗਾਤ = ਸਰੀਰ ਮੈ = ਵਿਚ ਚੇਤਨ ਪ੍ਰਕਾਸ਼ = ਚਾਨਣ ਕਰਨ ਵਾਲਾ ਹੈ।

**ਮਨ ਚਛੁਰਾਦਿਨ ਨਯਾਰੋ ਸਭ ਕਾਲ ਜਾਨ;**
**ਮਨ ਚਛੁਰਾਦਿਨ ਪ੍ਰਕਾਸ਼ ਦੇਖਯੋ ਤਾਤ ਮੈ॥**

ਹੇ ਤਾਤ = ਪਿਆਰੇ ਸਿੱਖ! ਉਸ ਚੇਤਨ ਨੂੰ ਮਨ ਅਤੇ ਚਛੁਰਾਦਿਨ = ਨੇਤ੍ਰ ਆਦਿ ਗਿਆਨ ਇੰਦ੍ਰੀਆਂ

ਤੋਂ ਸਭ = ਸਾਰੇ ਕਾਲ = ਸਮੇਂ ਨਯਾਰੋ = ਅਲੱਗ ਜਾਨ = ਜਾਨਣਾ ਕਰ, ਪੁਨਾ ਉਸਨੂੰ ਮੈਂ ਮਨ ਤੇ ਚਛੁਰਾਦਿਨ = ਨੇਤ੍ਰ ਆਦਿ ਇੰਦ੍ਰੀਆਂ ਨੂੰ ਪ੍ਰਕਾਸ਼ = ਚਾਨਣਾ ਕਰਨ ਵਾਲਾ ਦੇਖਯੋ = ਦੇਖਣਾ ਕੀਤਾ ਹੈ।

## ਮਨ ਚਛੁਰਾਦਿਨ ਤੇ ਪਾਈਯੈ ਨ ਰੂਪ ਜਾਂ ਕੋ; ਅਤਹੀ ਅਨੂਪ ਦੇਖ ਅਦਭੁਤ ਬਾਤ ਮੈਂ ॥

ਮਨ ਅਤੇ ਚਛੁਰਾਦਿਨ = ਨੇਤ੍ਰ ਆਦਿ ਇੰਦ੍ਰੀਆਂ ਦੁਆਰਾ ਜਾਂ = ਜਿਸ ਚੇਤਨ ਕੋ = ਦਾ ਸਰੂਪ ਨਹੀਂ ਪਾਈਯੈ = ਪਾ ਸਕੀਦਾ, ਇਹ ਮੈਂ ਅਤਿ = ਬਹੁਤ ਹੀ ਅਨੂਪ = ਉਪਮਾ ਤੋਂ ਰਹਿਤ ਤੇ ਅਦਭੁਤ = ਅਸਚਰਜ ਬਾਤ = ਗੱਲ ਦੇਖਿ = ਦੇਖਣਾ ਕੀਤੀ ਹੈ।

## ਅਜ ਅਬਿਨਾਸੀ ਪਰਿਪੂਰਨ ਪ੍ਰਕਾਸ਼ੀ; ਸੁਖਦੇਵ ਸੁਖਰਾਸੀ ਐਸੋ ਨਿਤ ਗਨ ਆਤਮੈਂ ॥੧੨੭॥

ਉਹ ਚੇਤਨ ਪਰਮਾਤਮਾ ਅਜ = ਅਜਨਮਾ, ਅਬਿਨਾਸੀ = ਨਾਸ਼ ਤੋਂ ਰਹਿਤ ਅਤੇ ਸਭ ਥਾਵਾਂ 'ਤੇ ਪਰੀਪੂਰਨ ਪ੍ਰਕਾਸ਼ੀ = ਪ੍ਰਕਾਸ਼ ਸਰੂਪ ਹੈ।

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਐਸੋ = ਐਸੇ ਹੀ ਨਿਤਾਪ੍ਰਤੀ ਗੁਣਾਂ ਦੇ ਸਹਿਤ, ਸੁਖਰਾਸੀ = ਸੁਖਾਂ ਦੀ ਪੂੰਜੀ ਆਪਣੀ ਆਤਮਾ ਨੂੰ ਗਨ = ਜਾਨਣਾ ਕਰ ॥੧੨੭॥

## ਕਬਿਤ ॥

## ਮੁਖ ਕੋ ਅਭਾਸ ਜੈਸੇ ਦਰਪਨ ਮੈ ਦੇਖੀਯਤ; ਮੁਖ ਤੇ ਨ ਨਯਾਰੋ ਤਾਂਹਿ ਗਨੀਯਤ ਗਾਤ ਮੈਂ ॥

ਹੇ ਸਿੱਖ! ਜੈਸੇ = ਜਿਸ ਪ੍ਰਕਾਰ ਆਪਣੇ ਮੁਖ = ਮੂੰਹ ਕੋ = ਦਾ ਅਭਾਸ = ਅਕਸ (ਪ੍ਰਤੀਬਿੰਬ) ਦਰਪਨ = ਸ਼ੀਸ਼ੇ ਦੇ ਮੈ = ਵਿਚ ਦੇਖੀਯਤ = ਦੇਖੀਦਾ ਹੈ, ਅਤੇ ਤਾਹਿ = ਉਸਨੂੰ ਆਪਣੇ ਗਾਤ = ਸਰੀਰ ਦੇ ਮੈ = ਵਿੱਚੋਂ ਮੁਖ ਤੋਂ ਨਯਾਰੋ = ਵੱਖਰਾ ਨਹੀਂ ਗਨੀਯਤ = ਜਾਣੀਦਾ।

## ਤੈਸੇ ਬ੍ਰਹਮ ਚੇਤਨ ਕੋ ਬੁੱਧਿ ਮੈਂ ਅਭਾਸ ਪਰਿਓ; ਤਾਂਹੀ ਸੋ ਕਹਤ ਜੀਵ ਬਹੁ ਬਿਧਿ ਬਾਤ ਮੈਂ ॥

ਤੈਸੇ = ਉਸੇ ਪ੍ਰਕਾਰ ਚੇਤਨ ਬ੍ਰਹਮ ਕੋ = ਦਾ ਬੁੱਧੀ ਮੈਂ = ਵਿਚ ਅਭਾਸ = ਪ੍ਰਕਾਸ਼ ਪਰਿਓ = ਪੈ ਰਿਹਾ ਹੈ, ਤਾਂਹੀ = ਉਸੇ ਨੂੰ ਜੀਵ ਕਹਤ = ਕਹਿੰਦੇ ਹਨ ਜੋ ਬਹੁ ਬਿਧਿ = ਅਨੇਕ ਪ੍ਰਕਾਰ ਦੀਆਂ ਗੱਲਾਂ ਕਰਦਾ ਹੈ **ਵਾ:** ਜੋ ਅਨੇਕਾਂ ਯੁਕਤੀਆਂ ਕਰਕੇ ਗ੍ਰੰਥਾਂ ਵਿਚ ਕਿਹਾ ਹੈ।

## ਦਰਪਨ ਕੇ ਟਾਰੇ ਪ੍ਰਤਿਬਿੰਬ ਮਿਟ ਜਾਤ ਜੈਸੇ; ਬ੍ਰਹਮ ਕੇ ਵਿਚਾਰੇ ਦੇਖਿਓ ਜੀਵ ਮਿਟ ਜਾਤ ਮੈ ॥

ਜੈਸੇ = ਜਿਸ ਪ੍ਰਕਾਰ ਦਰਪਨ = ਸ਼ੀਸ਼ੇ ਕੇ = ਦੇ ਟਾਰੇ = ਪਾਸੇ ਕੀਤਿਆਂ ਆਪਣੇ ਮੁਖ ਦਾ ਪ੍ਰਤਿਬਿੰਬ = ਅਕਸ ਮਿਟਿ = ਨਵਿਰਤ ਹੋ ਜਾਤ = ਜਾਂਦਾ ਹੈ, ਤਿਵੇਂ ਬ੍ਰਹਮ ਦੇ ਵਿਚਾਰੇ = ਵਿਚਾਰਨ ਨਾਲ (ਬ੍ਰਹਮ ਵਿਚਾਰ ਨਾਲ) ਜੀਵ ਭਾਵ ਮਿਟ = ਨਵਿਰਤ ਹੋ ਜਾਤ = ਜਾਂਦਾ ਹੈ।

**ਅਜ ਅਬਿਨਾਸੀ ਪਰਿਪੂਰਨ ਪ੍ਰਕਾਸ਼ੀ;**
**ਸੁਖਦੇਵ ਸੁਖਰਾਸੀ ਐਸੋ ਨਿਤ ਗਨ ਆਤਮੈਂ ॥੧੨੮॥**

ਉਹ ਚੇਤਨ ਪਰਮਾਤਮਾ ਅਜ = ਅਜਨਮਾ, ਅਬਿਨਾਸੀ = ਨਾਸ਼ ਤੋਂ ਰਹਿਤ ਅਤੇ ਸਭ ਥਾਵਾਂ 'ਤੇ ਪਰੀਪੂਰਨ ਪ੍ਰਕਾਸ਼ੀ = ਪ੍ਰਕਾਸ਼ ਸਰੂਪ ਹੈ,

ਸੁਖਦੇਵ ਕਵੀ ਜੀ ਕਥਨ ਕਰਦੇ ਹਨ ਐਸੇ = ਇਸ ਪ੍ਰਕਾਰ ਹੀ ਸੁਖਰਾਸੀ = ਸੁੱਖਾਂ ਦੀ ਪੂੰਜੀ ਆਪਣੀ ਆਤਮਾ ਨੂੰ ਨਿਤ ਗਨ = ਜਾਨਣਾ ਕਰ ॥੧੨੮॥

## ਕਬਿੱਤ ॥

**ਰਵਿ ਕੋ ਪ੍ਰਕਾਸ਼ ਪਾਇ ਲੋਚਨ ਵਿਲੋਕੈ ਰੂਪ;**
**ਤੈਸੇ ਰਵਿ ਬ੍ਰਹਮ ਕੋ ਪ੍ਰਕਾਸ਼ ਸਬਦਾਤ ਮੈਂ ॥**

ਜਿਸ ਪ੍ਰਕਾਰ ਰਵਿ = ਸੂਰਜ ਕੋ = ਦਾ ਪ੍ਰਕਾਸ਼ = ਚਾਨਣਾ ਪਾਇ = ਪਾ ਕੇ ਲੋਚਨ = ਨੇਤ੍ਰ ਰੰਗ ਰੂਪ ਵਿਲੋਕੈ = ਦੇਖਦੇ ਹਨ, ਤੈਸੇ = ਤਿਵੇਂ ਬ੍ਰਹਮ ਰੂਪੀ ਰਵਿ = ਸੂਰਜ ਦਾ ਪ੍ਰਕਾਸ਼ = ਚਾਨਣਾ ਸਬਦਾਤ = ਸ਼ਬਦ ਆਦਿਕ ਦੇ ਵਿਚ ਹੈ **ਵਾ:** ਇੰਦ੍ਰੇ ਸ਼ਬਦ ਸਪਰਸ਼ ਆਦਿ ਰਸਾਂ ਨੂੰ ਚੱਖਦੇ ਹਨ।

**ਜੈਸੇ ਏਕ ਸੂਤ ਮਾਂਝ ਮਣਿ ਗਣ ਪ੍ਰੋਈਯਤ;**
**ਤੈਸੇ ਏਕ ਚੇਤਨ ਹੈ ਬੁੱਧਿਨ ਕੇ ਗਾਤ ਮੈ ॥**

ਜੈਸੇ = ਜਿਸ ਪ੍ਰਕਾਰ ਏਕ = ਇਕ ਸੂਤ = ਧਾਗੇ ਮਾਂਝ = ਵਿਚ ਗਣ = ਸਮੂਹ ਮਣਿ = ਮਣਕੇ ਪ੍ਰੋਈਯਤ = ਪ੍ਰੋ ਲਈਦੇ ਹਨ, ਤੈਸੇ = ਤਿਵੇਂ ਅਨੇਕਾਂ ਗਾਤ = ਸਰੀਰਾਂ ਦੇ ਮੈ = ਵਿਚ ਬੁੱਧਿਨ = ਬੁੱਧੀਆਂ ਅੰਦਰ ਏਕ = ਇਕ ਚੇਤਨ ਹੀ ਵਿਆਪਕ ਹੋ ਰਿਹਾ ਹੈ।

**ਸਭ ਹੀ ਮੈਂ ਏਕ ਵਹੈ ਸਭਨ ਤੇ ਨਯਾਰੋ ਰਹੈ;**
**ਗਗਨ ਸਮਾਨ ਨ ਮਿਲਤ ਕਾਹੂੰ ਬਾਤ ਮੈ ॥**

ਹੇ ਸਿੱਖ! ਵਹੈ = ਉਹ ਚੇਤਨ ਬ੍ਰਹਮ ਸਭ = ਸਾਰਿਆਂ ਵਿਚ ਅਕਾਸ਼ ਵਾਂਗ ਇਕ ਹੀ ਵਿਆਪਕ ਹੋ ਰਿਹਾ ਹੈ ਤੇ ਸਭ = ਸਾਰਿਆਂ ਤੇ = ਤੋ ਨਯਾਰੋ = ਅਸੰਗ ਰਹੈ = ਰਹਿੰਦਾ ਹੈ। ਗਗਨ = ਅਕਾਸ਼ ਦੇ ਸਮਾਨ ਕਾਹੂੰ = ਕਿਸੇ ਗੱਲ ਮੈ = ਵਿਚ ਮਿਲਤ = ਮਿਲਦਾ ਨਹੀਂ ਹੈ।

**ਅਜ ਅਬਿਨਾਸੀ ਪਰਿਪੂਰਨ ਪ੍ਰਕਾਸ਼ੀ;**
**ਸੁਖਦੇਵ ਸੁਖਰਾਸੀ ਐਸੋ ਨਿਤ ਗਨ ਆਤਮੈ ॥੧੨੯॥**

ਉਹ ਚੇਤਨ ਪਰਮਾਤਮਾ ਅਜ = ਅਜਨਮਾ, ਅਬਿਨਾਸੀ = ਨਾਸ਼ ਤੋਂ ਰਹਿਤ ਅਤੇ ਸਭ ਥਾਵਾਂ 'ਤੇ ਪਰੀਪੂਰਨ ਹੋ ਕੇ ਪ੍ਰਕਾਸ਼ੀ = ਪ੍ਰਕਾਸ਼ ਸਰੂਪ ਹੈ।

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਐਸੋ = ਐਸਾ ਹੀ ਗੁਣਾਂ ਦੇ ਸਹਿਤ ਸੁੱਖਾਂ ਦੀ ਪੂੰਜੀ, ਨਿਤਯ ਸਰੂਪ ਆਪਣੀ ਆਤਮਾ ਨੂੰ ਗਨ = ਜਾਨਣਾ ਕਰ ॥੧੨੯॥

**ਕਬਿੱਤ॥ ਸਤ ਚਿਤ ਆਨੰਦ ਸਰੂਪ ਏਕ ਆਤਮਾ ਕੋ;**
**ਬਿੰਬ ਪਰਿਓ ਬੁਧਿਨ ਅਨੇਕ ਲੇਖੀਯਤ ਹੈ॥**

ਹੇ ਸਿੱਖ ! ਸਤ = ਨਾਸ਼ ਤੋਂ ਰਹਿਤ, ਚਿਤ = ਚੇਤਨ ਤੇ ਅਨੰਦ ਸਰੂਪ ਏਕ = ਅਦੁੱਤੀ ਆਤਮਾ ਦਾ ਬਿੰਬ = ਅਕਾਸ਼ ਅਨੇਕ = ਬਿਅੰਤ ਬੁਧਿਨ = ਬੁੱਧੀਆਂ ਦੇ ਵਿਚ ਪਰਿਓ = ਪੈ ਰਿਹਾ ਲੇਖੀਯਤ = ਜਾਣਿਆ ਜਾਂਦਾ ਹੈ।

**ਜੈਸੇ ਰਵਿ ਏਕ ਕੇ ਅਨੇਕ ਸੁ ਘਟਨ ਮਾਂਝ;**
**ਜਲ ਕੇ ਪ੍ਰਕਾਸ਼ ਨਯਾਰੇ ਨਯਾਰੇ ਪੇਖੀਯਤ ਹੈ॥**

ਜੈਸੇ = ਜਿਸ ਪ੍ਰਕਾਰ ਏਕ = ਇਕ ਰਵਿ = ਸੂਰਜ ਕੇ = ਦੇ ਅਨੇਕ = ਬਿਅੰਤ ਘਟਨ = ਘੜਿਆਂ ਮਾਂਝ = ਵਿਚ, ਜਲ = ਪਾਣੀ ਵਿਚ ਪ੍ਰਕਾਸ਼ ਨਯਾਰੇ ਨਯਾਰੇ = ਵੱਖਰੇ-ਵੱਖਰੇ ਪੇਖੀਯਤ = ਦੇਖੀਦੇ ਹਨ ਭਾਵ ਅਨੇਕਾਂ ਘੜਿਆਂ ਦੇ ਪਾਣੀ ਵਿਚ ਅਨੇਕਾਂ ਵੱਖੋ-ਵੱਖ ਸੂਰਜ ਦੇਖੇ ਜਾਂਦੇ ਹਨ।

**ਕ੍ਰਮਨ ਕੇ ਵਸ ਜੀਵ ਦੁਖ ਸੁਖ ਭੋਗ ਕਰੈ;**
**ਨੀਚ ਊਚ ਮਧ ਜੋਨ ਮਾਂਝ ਰੇਖੀਯਤ ਹੈ॥**

ਏਸੇ ਪ੍ਰਕਾਰ ਕ੍ਰਮਨ = ਕਰਮਾਂ ਕੇ = ਦੇ ਵਸ = ਅਧੀਨ ਜੀਵ ਦੁੱਖਾਂ ਸੁੱਖਾਂ ਨੂੰ ਭੋਗ = ਭੋਗਣਾ ਕਰੈ = ਕਰਕੇ ਅਤੇ ਉੱਚੀਆਂ ਤੇ ਨੀਵੀਆਂ ਜੋਨ = ਜੂਨਾਂ ਵਿਚ ਰੇਖੀਯਤ = ਫਿਰਦੇ ਹਨ।

**ਪਵਨ ਕੇ ਵਸ ਜੈਸੇ ਸਰਵਰ ਮਧ ਜਲ;**
**ਚੰਚਲ ਹ੍ਵੈ ਕਹੂੰ ਕਹੂੰ ਥਿਰ ਦੇਖਯੀਤ ਹੈ॥੧੩੦॥**

ਜਿਸ ਤਰ੍ਹਾਂ ਸਰਵਰ = ਸਰੋਵਰਾਂ ਦੇ ਮਧਿ = ਵਿਚਲਾ ਜਲ = ਪਾਣੀ ਪਵਨ = ਹਵਾ ਦੇ ਵਸ = ਅਧੀਨ ਹੋਇਆ ਕਹੂੰ = ਕਿਤੇ ਚੰਚਲ = ਹਿੱਲਦਾ ਹੈ ਅਤੇ ਕਹੂੰ = ਕਿਤੇ ਥਿਰ = ਟਿਕਿਆ ਹੋਇਆ ਦੇਖੀਯਤ = ਦੇਖੀਦਾ ਹੈ। ਏਸੇ ਤਰ੍ਹਾਂ ਬ੍ਰਹਮ ਵੀ ਚੇਤਨ ਤੇ ਜੜ੍ਹ ਜੂਨਾਂ ਵਿਚ ਪ੍ਰਕਾਸ਼ ਰੂਪ ਹੋ ਰਿਹਾ ਹੈ॥੧੩੦॥

**ਕਬਿੱਤ॥ ਡੀਠ ਕੋ ਛਪਾਵੈ ਘਨ ਅੱਗਯ ਜਾਨੈ ਭਾਨੁ ਛਪਯੋ;**
**ਐਸੇ ਸੁਧ ਆਤਮਾ ਕੋ ਬੰਧ ਉਨ ਮਾਨਯੋ ਹੈ॥**

ਜਿਸ ਪ੍ਰਕਾਰ ਡੀਠ = ਨਿਗ੍ਹਾ ਨੂੰ ਘਨ = ਬੱਦਲ ਛਪਾਵੈ = ਲੁਕਾ ਲੈਂਦੇ ਹਨ ਅਤੇ ਅਗਯ = ਅਗਿਆਨੀ ਮਨੁੱਖ ਜਾਨੈ = ਜਾਣਦਾ ਹੈ ਕਿ ਭਾਨੁ = ਸੂਰਜ ਛਪਯੋ = ਛੁਪ ਗਿਆ ਹੈ ਭਾਵ ਜਦੋਂ ਅਕਾਸ਼ ਵਿਚ ਸੂਰਜ ਨੂੰ ਬੱਦਲ ਅੱਗੇ ਆ ਕੇ ਛੁਪਾ ਲੈਂਦੇ ਹਨ ਤਾਂ ਮੂਰਖ ਮਨੁੱਖ ਇਹ ਸਮਝਦੇ ਹਨ ਕਿ ਸੂਰਜ ਡੁੱਬ ਗਿਆ ਹੈ।

ਐਸੇ = ਇਸ ਪ੍ਰਕਾਰ ਹੀ ਸੁਧ = ਨਿਰਮਲ ਆਤਮਾ ਵਿਚ ਕਰਮਾਂ ਦੇ ਬੰਧ = ਬੰਧਨਾਂ ਦਾ ਉਨ-ਮਾਨਯੋ = ਅਨੁਮਾਨ ਕੀਤਾ ਹੋਇਆ ਹੈ।

**ਕਹੈ ਸੁਖਦੇਵ ਜੈਸੇ ਸ੍ਵੇਤ ਮਣਿ ਮੈ ਨ ਰੰਗ;**
**ਪਾਸ ਧਰੈ ਜਾਂ ਕੇ ਤਾਂ ਕੋ ਰੰਗ ਮਨੋ ਸਾਨਯੋ ਹੈ॥**

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਜੈਸੇ = ਜਿਸ ਪ੍ਰਕਾਰ ਸ੍ਵੇਤ ਮਣਿ = ਚਿੱਟੀ ਮਣੀ ਵਿਚ ਉਸਦਾ

ਆਪਣਾ ਕੋਈ ਰੰਗ ਨਹੀਂ ਹੁੰਦਾ, ਪਰ ਉਸਨੂੰ ਜਿਸ ਵੀ ਰੰਗ ਦੇ ਬਸਤਰ ਜਾਂ ਫੁੱਲ ਆਦਿ ਦੇ ਪਾਸਿ = ਕੋਲ ਧਰੈ = ਰੱਖ ਦੇਈਏ ਤਾਂ ਉਸੀ ਰੰਗ ਦੇ ਵਿਚ ਸਾਨਯੋ = ਮਿਲੀ ਹੋਈ ਪ੍ਰਤੀਤ ਹੁੰਦੀ ਹੈ ਉਸ ਰੰਗ ਦਾ ਪ੍ਰਤੀਬਿੰਬ ਮਣੀ ਵਿਚ ਭਾਸਣ ਲੱਗ ਜਾਂਦਾ ਹੈ, ਜਿਸ ਤੇ ਲੱਗਦਾ ਹੈ ਕਿ ਮਣੀ ਰੰਗਦਾਰ ਹੈ।

ਹੋਰ ਦ੍ਰਿਸ਼ਟਾਂਤ ਦਿੰਦੇ ਹਨ :

**ਜੈਸੇ ਜਲ ਮੱਧ ਪਰੈ ਚੰਦ ਪ੍ਰਤਿਬਿੰਬ ਜਾਇ;**
**ਜਲ ਕੇ ਹਲਤ ਹੀ ਹਲਤ ਵਹ ਜਾਨਯੋ ਹੈ॥**

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਦੇ ਮੱਧ = ਵਿਚ ਚੰਦ = ਚੰਦ੍ਰਮਾ ਦਾ ਪ੍ਰਤਿਬਿੰਬ = ਅਕਸ ਜਾਇ = ਜਾ ਕੇ ਪਰੈ = ਪੈਂਦਾ ਹੋਵੇ, ਤਦ ਜਲ = ਪਾਣੀ ਦੇ ਹਲਤ = ਹਿੱਲਣ ਨਾਲ ਵਹ = ਉਹ ਚੰਦ੍ਰਮਾ ਵੀ ਹਲਤ = ਹਿੱਲਦਾ ਹੋਇਆ ਜਾਨਯੋ = ਜਾਣਿਆ ਜਾਂਦਾ ਹੈ ਪਰ ਉਹ ਚੰਦਰਮਾ ਨਹੀਂ ਹਿੱਲਦਾ ਕੇਵਲ ਜਲ ਹਿੱਲਦ ਹੁੰਦਾ ਹੈ।

**ਐਸੋ ਜਲ[੧] ਬੁਧਿ ਮਾਂਝ ਦੇਖ ਪ੍ਰਤਿਬਿੰਬ ਚਿਤ;**
**ਮੂੜਨ ਲੇ ਬ੍ਰਹਮ ਕੋ ਜਗਤ ਮਾਂਝ ਆਨਯੋ ਹੈ॥੧੩੧॥**

ਐਸੋ = ਇਸ ਪ੍ਰਕਾਰ ਹੀ ਜਲ = ਪਾਣੀ ਰੂਪ, ਬੁਧ ਮਾਂਝ = ਵਿਚ ਚਿਤ = ਚੇਤਨ ਬ੍ਰਹਮ ਰੂਪੀ ਚੰਦ੍ਰਮਾ ਦਾ ਪ੍ਰਤੀਬਿੰਬ ਦੇਖ ਕਰਕੇ ਮੂੜਨ = ਬੇ-ਸਮਝ ਪੁਰਖਾਂ ਨੇ ਬ੍ਰਹਮ ਕੋ = ਨੂੰ ਜਗਤ = ਸੰਸਾਰ ਦੇ ਮਾਂਝ = ਵਿਚ ਆਨਯੋ = ਲਿਆਉਣਾ ਕੀਤਾ ਹੈ ਭਾਵ ਜੰਮਣ ਮਰਣ ਵਾਲਾ ਮੰਨਣਾ ਕੀਤਾ ਹੈ॥੧੩੧॥

## ਸਿਖਯੋ ਵਾਚ॥

**ਦੋਹਰਾ॥ ਮਮ ਸਰੀਰ ਹੈ ਆਤਮਾ; ਜੜ ਸਰੀਰ ਸੋ ਨਾਹਿ॥**

ਹੇ ਗੁਰੂ ਜੀ ! ਮਮ = ਮੇਰਾ ਸਰੀਰ (ਸਵਰੂਪ) ਆਤਮਾ ਹੈ ਅਤੇ ਜੋ ਜੜ੍ਹ ਸਰੀਰ ਹੈ, ਸੋ = ਉਹ ਆਤਮਾ ਨਹੀਂ ਹੈ।

**ਵਿਖੇ ਭੋਗ ਕੋ ਕਰਤ ਹੈ; ਯਹ ਸੰਸੋ ਮਨ ਮਾਹਿ॥੧੩੨॥**

ਫੇਰ ਵਿਖੇ = ਵਿਸ਼ਿਆਂ ਨੂੰ ਕੋ = ਕੌਣ ਭੋਗ = ਭੋਗਣਾ ਕਰਤ = ਕਰਦਾ ਹੈ, ਇਹ ਮੇਰੇ ਮਨ ਦੇ ਵਿਚ ਸੰਸੋ = ਪ੍ਰਸ਼ਨ ਹੈ॥੧੩੨॥

## ਸ੍ਰੀ ਗੁਰੋ ਵਾਚ॥

**ਦੋਹਰਾ॥ ਵਿਖੈ ਭੋਗ ਬਯੰਜਨ ਰਚੇ; ਥਾਰੀ ਥੂਲ ਸਰੀਰ॥**

ਹੇ ਸਿੱਖ! ਜੋ ਵਿਖੈ = ਵਿਸ਼ਿਆਂ ਦੇ ਭੋਗ ਹਨ ਉਹ ਤਾਂ ਬਯੰਜਨ = ਭੋਜਨ ਦੀ ਤਰ੍ਹਾਂ ਰਚੇ ਹੋਏ ਹਨ ਅਤੇ ਇਹ ਥੂਲ = ਸਥੂਲ ਸਰੀਰ ਥਾਰੀ = ਥਾਲੀ ਦੀ ਨਿਆਈਂ ਹੈ।

**ਇੰਦ੍ਰੀ ਕਰ ਸੋ ਕਰਤ ਹੈ; ਭੋਗਤ ਬੁਧਿ ਮਨ ਧੀਰ॥੧੩੩॥**

ਹੇ ਧੀਰ = ਧੀਰਜਵਾਨ ਸਿੱਖ! ਇੰਦ੍ਰਿਆਂ ਰੂਪੀ ਕਰ = ਹੱਥਾਂ ਨਾਲ ਬੁੱਧੀ ਅਤੇ ਮਨ ਇਨ੍ਹਾਂ ਵਿਸ਼ਿਆਂ ਰੂਪੀ ਭੋਜਨ ਨੂੰ ਭੋਗਤ = ਭੋਗਣਾ, ਖਾਣਾ ਕਰਦੇ ਹਨ॥੧੩੩॥

---

੧. ਪਾਠਾਂਤ੍ਰ = ਜੜ੍ਹ।

## ਗੀਤਾ ਯਥਾ ॥

## ਦੋਹਰਾ ॥ ਇਛਾ ਸੁਖ ਦੁਖ ਦ੍ਵੈਖ ਅਰੁ; ਧ੍ਰਿਤ ਚੇਤਨ ਸੰਘਾਤ ॥

ਹੇ ਸਿੱਖ ! ਜਿਵੇਂ ਗੀਤਾ ਵਿਚ ਵੀ ਕਿਹਾ ਹੈ[1] ਕਿ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ, ਦੁੱਖ ਦੀ ਨਵਿਰਤੀ ਦੀ ਇੱਛਾ ਦ੍ਵੈਖ = ਈਰਖਾ ਅਤੇ ਧ੍ਰਿਤ = ਧੀਰਜਤਾ ਅਤੇ ਗਿਆਨ ਆਤਮਕ ਚਿਤ = ਅੰਤਹਕਰਨ ਦੀ ਬਿਰਤੀ ਜੋ ਬੁੱਧ ਅਤੇ ਸਰੀਰ ਇਸਦਾ ਸੰਘਾਤ = ਇਕੱਠ ਹੈ।

## ਏ ਸਭ ਖਯੇਤ੍ਰ ਧਰਮ ਹੈਂ; ਨਯਾਰੋ ਆਤਮ ਤਾਤ ॥੧੩੪॥

ਹੇ ਤਾਤ = ਪਿਆਰੇ ਸਿੱਖ ! ਏ = ਇਹ ਸਭ = ਸਾਰੇ ਖਯੇਤ੍ਰ = ਅੰਤਸ਼ਕਰਨ ਦੇ ਧਰਮ ਹਨ, ਪਰ ਆਤਮਾ ਇਨ੍ਹਾਂ ਤੋਂ ਨਯਾਰੋ = ਵੱਖਰਾ ਹੈ ॥੧੩੪॥

## ਦੋਹਰਾ ॥ ਦੇਹ ਕਹਿਤ ਹੈ ਆਪ ਕੋ; ਤਬ ਲਗ ਕਹੀਏ ਅਗਯ ॥

ਹੇ ਸਿੱਖ ! ਜਦੋਂ ਤਕ ਜੀਵ ਆਪਣੇ ਆਪ ਨੂੰ ਦੇਹ ਕਹਿਤ = ਕਹਿੰਦਾ ਹੈ, ਤਬ = ਤਦੋਂ ਲਗ = ਤਕ ਅਗਯ = ਅਗਿਾਨੀ ਕਹੀਏ = ਕਿਹਾ ਜਾਂਦਾ ਹੈ।

## ਬ੍ਰਹਮ ਲਖੈ ਗਯਾਨੀ ਵਹੈ; ਆਤਮ ਅਗਯ ਨ ਤਗਯ ॥੧੩੫॥

ਜਦੋਂ ਕੋਈ ਬ੍ਰਹਮ ਨੂੰ ਆਪਣਾ ਆਪ ਰੂਪ ਕਰਕੇ ਲਖੈ = ਜਾਣ ਲੈਂਦਾ ਹੈ, ਵਹੈ = ਉਹ ਗਯਾਨੀ = ਗਿਆਨਵਾਨ ਅਖਵਾਉਂਦਾ ਹੈ, ਪਰ ਆਤਮਾ ਨ ਅਗਯ = ਅਗਿਆਨੀ ਹੈ ਅਤੇ ਨਾ ਹੀ ਤਗਯ = ਗਿਆਨੀ ਹੈ ਭਾਵ ਦੁੰਦਵਾਦ ਤੋਂ ਰਹਿਤ ਹੈ **ਵਾ:** ਅਗਯ = ਆਤਮਾ ਅਗਿਆਨੀ ਨ = ਨਹੀਂ, ਉਹ ਤਗਯ = ਗਿਆਨ ਸਰੂਪ ਹੈ ॥੧੩੫॥

## ਦੋਹਰਾ ॥ ਤੂੰ ਛੂਟਿਓ ਸੰਸਾਰ ਤੇ; ਨਿਰਸੰਦੇਹ ਰਹੁ ਚਿੱਤ ॥

ਹੇ ਸਿੱਖ ! ਤੂੰ ਸੰਸਾਰ ਦੇ ਬੰਧਨਾਂ ਤੋਂ ਛੂਟਿਓ = ਛੁੱਟ ਗਿਆ ਹੈਂ, ਇਸ ਲਈ ਆਪਣੇ ਚਿੱਤ ਵਿਚ ਨਿਰਸੰਦੇਹ = ਨਿਸਚਿੰਤ ਹੋ ਕੇ ਰਹਿਣਾ ਕਰ।

## ਲਖੋ ਆਪ ਕੋ ਆਤਮਾ; ਯਹੈ ਮੁਕਤਿ ਹੈ ਮਿੱਤ ॥੧੩੬॥

ਹੇ ਮਿਤ = ਮਿੱਤ੍ਰ ! ਜੋ ਆਪ = ਆਪਣੇ ਆਪ ਨੂੰ ਆਤਮਾ ਸਰੂਪ ਲਖੋ = ਜਾਨਣਾ ਹੈ, ਯਹੈ = ਇਸੇ ਨੂੰ ਮੁਕਤਿ = ਮੁਕਤੀ ਆਖਦੇ ਹਨ ॥੧੩੬॥

## ਕਬਿੱਤ ॥ ਸਤਿ ਚਿਤ ਆਨੰਦ ਸ੍ਵਰੂਪ ਸ੍ਵਯੰ ਪ੍ਰਕਾਸ਼ ਜਾਂ ਕੋ; ਸਮ ਸਭ ਹੀ ਕੇ ਉਰ ਅੰਤਰ ਰਹਤ ਹੈ ॥

ਹੇ ਸਿੱਖ ! ਜੋ ਆਤਮਾ ਸਤਿ = ਤ੍ਰੈਕਾਲ ਅਬਾਧ ਰੂਪ, ਚਿਤ = ਚੇਤਨ ਸਰੂਪ, ਅਨੰਦ ਸਰੂਪ ਅਤੇ ਜਾਂ = ਜਿਸ ਕੋ = ਦਾ ਸ੍ਵਯੰ ਪ੍ਰਕਾਸ਼ ਆਪਣੇ ਆਪ ਤੋਂ ਪ੍ਰਕਾਸ਼ ਹੈ।

ਜੋ ਸਭ = ਸਾਰਿਆਂ ਦੇ ਉਰ = ਹਿਰਦੇ ਅੰਤਰ = ਵਿਚ ਸਮ = ਇਕ ਰਸ ਹੀ ਰਹਤ = ਰਹਿੰਦੀ ਹੈ।

---

੧. ਇਛਾ ਦਵੈਖਾ ਸੁਖੰ ਸੰਘਾਤ ਸਚੇਤਨਾਥ੍ਰਿਤਿ : । ਏਤਨ ਪਯੇਤ੍ਰ ਸਮਾਸੇਨ ਸਾਵਿਕਾਰ ਮੁਦਾ ਹ੍ਰਿਦ॥ *(ਸਲੋਕ ੬, ਅਧਿ: ੧੩)*

**ਅਚਲ ਅਖੰਡ ਅਜ ਅਕ੍ਰਿਯ ਅਨੰਤ ਅਤਿ;**
**ਅਦ੍ਵੈ ਅਰੂਪ ਇੰਦ੍ਰੀ ਮਨ ਨ ਗਹਤ ਹੈ ॥**

ਜੋ ਆਤਮਾ ਅਚਲ = ਚਲਾਇ ਮਾਨ ਤੋਂ ਰਹਿਤ, ਅਖੰਡ = ਨਾਸ਼ ਤੋਂ ਰਹਿਤ ਅਜ = ਅਜਨਮ, ਅਕ੍ਰਿਯ = ਕਿਰਿਆ ਰਹਿਤ ਅਤੇ ਅਨੰਤ = ਅੰਤ ਤੋਂ ਰਹਿਤ ਅਤਿ = ਬਿਅੰਤ ਸਰੂਪ ਹੈ।

ਅਦ੍ਵੈ = ਅਦੁੱਤੀ, ਦ੍ਵੈਤ ਤੋਂ ਰਹਿਤ, ਅਰੂਪ = ਰੂਪ ਤੋਂ ਰਹਿਤ ਹੈ ਜਿਸ ਨੂੰ ਇੰਦ੍ਰੀਆਂ ਤੇ ਮਨ ਗਹਤ = ਪਕੜ ਨਹੀਂ ਸਕਦੇ।

**ਨਿਰਵਿਕਾਰ ਨਿਰਾਧਾਰ ਨਿਰਵਿਕਲਪ ਨਿਰਾਕਾਰ;**
**ਕੂਟਿਵਤ ਨਿਰਗੁਨ ਨਿਰੰਤਰ ਲਹਤ ਹੈ ॥**

ਜੋ ਆਤਮਾ ਨਿਰਵਿਕਾਰ = ਵਿਕਾਰਾਂ ਤੋਂ ਰਹਿਤ, ਨਿਰਾਧਾਰ = ਆਸਰੇ ਤੋਂ ਬਿਨਾਂ, ਨਿਰਵਿਕਲਪ = ਕਲਪਨਾਂ ਤੋਂ ਰਹਿਤ, ਨਿਰਾਕਾਰ = ਆਕਾਰਾਂ ਤੋਂ ਰਹਿਤ ਹੈ ਕੂਟਿਵਤ = ਅਹਿਰਣ ਵਤ ਅਚੱਲ, ਨਿਰਗੁਨ = ਤਿੰਨਾਂ ਗੁਣਾਂ ਤੋਂ ਰਹਿਤ, ਨਿਰੰਤਰ = ਅੰਤਰੇ ਭੇਦ ਤੋਂ ਰਹਿਤ ਲਹਤ = ਜਾਣੀਦਾ ਹੈ।

**ਆਤਮਾ ਕੋ ਬ੍ਰਹਮ ਜਾਨੋ ਦੇਹ ਕੋ ਅਨਿਤ ਮਾਨੋ;**
**ਪੰਡਿਤ ਔ ਸਯਾਨੋ ਗਯਾਨ ਯਾਹੀ ਸੋ ਕਹਤ ਹੈਂ ॥੧੩੭॥**

ਇਸ ਪ੍ਰਕਾਰ ਆਪਣੀ ਆਤਮਾ ਕੋ = ਨੂੰ ਬ੍ਰਹਮ ਰੂਪ ਜਾਨੋ = ਜਾਨਣਾ ਕਰੋ ਦੇਹ = ਸਰੀਰ ਨੂੰ ਅਨਿਤ = ਨਾਸ਼ਵੰਤ ਜਾਨੋ = ਜਾਨਣਾ ਕਰੋ।

ਪੰਡਿਤ = ਵਿਦਵਾਨ ਪੁਰਖ ਔ = ਅਤੇ ਸਯਾਨੋ = ਸਿਆਣਪ ਵਾਲੇ ਰਿਖੀ ਮੁਨੀ ਯਾਹੀ = ਏਸੇ ਨੂੰ ਬ੍ਰਹਮ ਗਿਆਨ ਕਹਤ = ਆਖਦੇ ਹਨ ॥੧੩੭॥

**ਦੋਹਰਾ ॥ ਬਰਨਾਸ੍ਰਮ ਅਭਿਮਾਨ ਹੈ, ਜੌ ਲਗ ਜੀ ਮੈ ਜਾਨ ॥**

ਹੇ ਸਿੱਖ ! ਤੂੰ ਜਾਨ = ਜਾਨਣਾ ਕਰ (ਬਰਨ+ਆਸ੍ਰਮ) ਖੱਤ੍ਰੀ, ਬ੍ਰਾਹਮਣ, ਵੈਸ਼, ਸ਼ੂਦਰ ਇਹ ਚਾਰੇ ਬਰਨਾਂ ਅਤੇ ਬ੍ਰਹਮਚਾਰੀ, ਗ੍ਰਿਹਸਤੀ, ਬਾਨਪ੍ਰਸਥ, ਸੰਨਿਆਸ ਇਹ ਚਾਰੇ ਆਸ਼ਰਮਾਂ ਦਾ ਜੌ = ਜਦੋਂ ਲਗ = ਤਕ ਤੇਰੇ ਜੀ = ਹਿਰਦੇ ਮੈ = ਵਿਚ ਅਭਿਮਾਨ = ਹੰਕਾਰ ਹੈ।

**ਵੇਦ ਸਿੰਮ੍ਰਿਤ ਕੀ ਸਾਸਨਾ; ਤੌ ਲਗੁ ਸਗਲ ਪ੍ਰਮਾਨ ॥੧੩੮॥**

ਤੌ = ਤਦੋਂ ਲਗੁ = ਤੱਕ ਵੇਦਾਂ ਅਤੇ ਸਿੰਮ੍ਰਿਤੀਆਂ ਦੀ ਸਾਸਨਾ = ਆਗਿਆ ਸਗਲ = ਸਭ ਪ੍ਰਮਾਨ = ਪਰਵਾਨ ਹੈ, ਭਾਵ ਮੰਨਣੀ ਜ਼ਰੂਰੀ ਹੈ ॥੧੩੮॥

ਸੰਸਾਰ ਨੂੰ ਬੰਧਨ ਰੂਪ ਦੱਸਣ ਲਈ ਲੋਹੇ ਦੇ ਪਿੰਜਰੇ ਦਾ ਪ੍ਰਮਾਣ ਦਿੰਦੇ ਹਨ :

**ਕਬਿੱਤ ॥**

**ਪਾਪ ਔਰ ਪੁੰਨ ਦੋਊ ਪੱਟੀਆ ਪ੍ਰਬਲ ਜਾ ਕੇ;**
**ਲੋਕ ਔਰ ਬੇਦ ਰੀਤਿ ਬਾਸਨਾ ਕੀ ਬਾਰ ਕੈ ॥**

ਪਾਪ ਔਰ = ਅਤੇ ਪੁੰਨ ਦੋਊ = ਦੋਵੇਂ ਪ੍ਰਬਲ = ਬਹੁਤ ਬਲ ਵਾਲੀਆਂ ਜਾ = ਜਿਸ ਕੇ = ਦੇ ਨਾਲ ਪੱਟੀਆ = ਫੱਟੀਆਂ ਜੜੀਆਂ ਹੋਈਆਂ ਹਨ,

ਲੋਕ = ਲੌਕਿਕ ਔਰ = ਅਤੇ ਬੇਦ ਰੀਤਿ = ਰੀਤੀ ਰਿਵਾਜ ਤੇ ਬਾਸਨਾ = ਵਾਸ਼ਨਾ (ਕਿ ਲੋਕ ਮੇਰੀ ਵਡਿਆਈ ਕਰਨ) ਆਦਿ ਕੀ = ਦੀ ਬਾਰ = ਵਾੜ ਕੀਤੀ ਹੋਈ ਹੈ, ਭਾਵ ਪੱਟੀਆਂ ਵਿਚ ਸੀਖਾਂ ਜੜੀਆਂ ਹੋਈਆਂ ਹਨ।

**ਕਾਮ ਕ੍ਰੋਧ ਲੋਭ ਮੋਹ ਕੀਲਨ ਸੋਂ ਰਾਖਯੋ ਜਰਿ;**
**ਕਹੈ ਸੁਖਦੇਵ ਚਕ੍ਰ ਕਰਮਨ ਵਿਚਾਰਿ ਕੈ॥**

ਕਾਮ = ਮੰਦ ਵਾਸ਼ਨਾ, ਕ੍ਰੋਧ = ਗ਼ੁੱਸਾ, ਲੋਭ = ਲਾਲਚ ਅਤੇ ਮੋਹ ਰੂਪੀ ਕੀਲਨ = ਕਿੱਲਾਂ ਦੇ ਨਾਲ ਜਰਿ = ਜੜ ਕੇ ਰਾਖਯੋ = ਰੱਖਿਆ ਹੈ।

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਕਰਮਾਂ ਦਾ ਚੱਕ੍ਰ ਵਿਚਾਰਨਾ ਕਰੋ **ਵਾ:** ਚੱਕ੍ਰ ਭਾਵ ਜੋ ਸਰੀਰ ਰੂਪੀ ਪਿੰਜਰਾ ਹੈ ਇਹ ਕਰਮਾਂ ਕਰਕੇ ਪ੍ਰਾਪਤ ਹੋਇਆ ਹੈ ਇਹ ਵਿਚਾਰਨਾ ਕਰੋ।

**ਆਸ੍ਰਮ ਬਰਨ ਅਭਿਮਾਨ ਕੀ ਜੰਜੀਰ ਜਾਨ;**
**ਸੁਖ ਅਰੁ ਦੁੱਖ ਕੇ ਕਿਵਾਰ ਤੋਰ ਤਾਰ ਕੈ॥**

ਚਾਰੇ ਆਸ੍ਰਮ ਚਾਰੇ ਬਰਨਾਂ ਦਾ ਜੋ ਅਭਿਮਾਨ = ਹੰਕਾਰ ਹੈ, ਇਹ ਹੰਕਾਰ ਦੀ ਜੰਜੀਰ = ਸੰਗਲੀ ਪਈ ਹੋਈ ਜਾਨ = ਜਾਨਣਾ ਕਰੋ।

ਫੇਰ ਸੁਖ ਅਤੇ ਦੁੱਖ ਕੇ = ਦੇ ਕਿਵਾਰ = ਤਖ਼ਤੇ ਲੱਗੇ ਹੋਏ ਹਨ, ਇਨ੍ਹਾਂ ਨੂੰ ਤੋਰ ਤਾਰ = ਤੋੜ ਤਾੜ ਕੇ ਪਰ੍ਹਾਂ ਸੁੱਟ ਦੇਣਾ ਕਰ।

**ਭਰਮ ਕੋ ਨਿਵਾਰ ਰੂਪ ਆਪਨੋ ਸੰਭਾਰ;**
**ਸਿੰਘ; ਨਿਕਸਯੋ ਪ੍ਰਬੋਧ ਜਗ ਪੀਂਜਰੇ ਕੋ ਫਾਰ ਕੈ॥੧੩੯॥**

ਹੇ ਸਿੱਖ! ਇਸ ਕਰਕੇ ਪੰਜ ਪ੍ਰਕਾਰ ਦੇ ਭਰਮ ਨੂੰ ਨਿਵਾਰ = ਨਵਿਰਤ ਕਰਕੇ ਆਪਨੇ ਸਰੂਪ ਨੂੰ ਸੰਭਾਰ = ਸੰਭਾਲਣਾ ਕਰ, ਫੇਰ ਪ੍ਰਬੋਧ = ਵਿਸ਼ੇਸ਼ ਕਰਕੇ ਆਤਮਾ ਦਾ ਗਿਆਨ ਰੂਪੀ ਸਿੰਘ = ਸ਼ੇਰ ਇਸ ਪ੍ਰਕਾਰ ਦੇ ਜਗਿ = ਸੰਸਾਰ ਵਿਚ ਸਰੀਰ ਰੂਪੀ **ਵਾ:** ਜਗਿ = ਸੰਸਾਰ ਰੂਪੀ ਪੀਂਜਰੇ = ਪਿੰਜਰੇ ਕੋ = ਨੂੰ ਫਾਰਿ = ਪਾੜ ਕੇ ਬਾਹਰ ਨਿਕਸਯੋ = ਨਿਕਲ ਆਵੇਗਾ॥੧੩੯॥

ਅਬ ਸਿਖਯ ਅਪਨੋ ਅਨੁਭਵ ਕਹਤਾ ਹੈ:

**ਕਬਿੱਤ॥ ਦੇਹ ਨਾਹਿ ਇੰਦ੍ਰੀ ਨਾਹਿ ਮਨ ਬੁੱਧਿ ਪ੍ਰਾਨ ਨਾਹਿ;**
**ਕਾਰਨ ਅਵਿਦਯਾ ਨਾਹਿ ਔਰ ਸੁਖ ਜੋ ਕਹੋ॥**

ਹੇ ਗੁਰੂ ਜੀ! ਤੁਹਾਡੀ ਕਿਰਪਾ ਦੇ ਨਾਲ ਹੁਣ ਮੈਂ ਆਪਣਾ ਅਨੁਭਵ ਕਥਨ ਕਰਦਾ ਹਾਂ, ਕਿ ਮੈਂ ਦੇਹ = ਸਰੀਰ ਵੀ ਨਹੀਂ ਹਾਂ, ਇੰਦ੍ਰੇ ਵੀ ਨਹੀਂ ਹਾਂ ਫੇਰ ਮਨ, ਬੁੱਧੀ ਅਤੇ ਪ੍ਰਾਣ ਵੀ ਨਹੀਂ ਹਾਂ,

ਕਾਰਨ ਦੇਹ ਜੋ ਅਵਿੱਦਿਆ ਹੈ, ਮੈਂ ਉਹ ਵੀ ਨਹੀਂ ਹਾਂ, ਹੋਰ ਵੀ ਜੋ ਸੁਖ ਕਹੋ = ਕਹੇ ਜਾਂਦੇ ਹਨ।

**ਆਸ਼੍ਰਮ ਬਰਨ ਨਾਹਿ ਜਾਤਿ ਕੁਲ ਧਰਮ ਨਾਹਿ;**
**ਕਰਤਾ ਕਰਮ ਨਾਹਿ ਭੋਗਤਾ ਨ ਕੋ ਕਹੋ॥**

ਹੇ ਗੁਰੂ ਜੀ! ਚਾਰੇ ਆਸ਼੍ਰਮ, ਚਾਰੇ ਵਰਨ ਵੀ ਮੈਂ ਨਹੀਂ ਹਾਂ, ਜਾਤੀ ਕੁਲ ਦੇ ਧਰਮ ਵੀ ਨਹੀਂ ਹਾਂ,

ਕਰਤਾ = ਕਰਨ ਵਾਲਾ ਤੇ ਕਰਮ = ਕਰਨ ਜੋਗ ਕੰਮ ਵੀ ਨਹੀਂ ਹਾਂ ਨਾ ਹੀ ਕੋਈ ਭੋਗਤਾ = ਭੋਗਣ ਵਾਲਾ ਕਹੋ = ਕਹਿਣਾ ਕਰੋ।

**ਮਾਯਾ ਕੋ ਵਿਲਾਸ ਨਾਹਿ ਈਸ ਕੋ ਪ੍ਰਕਾਸ਼ ਨਾਹਿ;**
**ਜੀਵ ਚਿਦਾਭਾਸ਼ ਨਾਹਿ ਭਾਂਤਿ ਭਾਂਤਿ ਕੋ ਕਹੋ॥**

ਮਾਯਾ ਕੋ = ਦਾ ਵਿਲਾਸ = ਕੌਤਕ (ਭਾਵ ਸੰਸਾਰ) ਵੀ ਨਹੀਂ ਹਾਂ, ਨਾ ਹੀ ਈਸ਼ਵਰ ਦਾ ਕੋਈ ਪ੍ਰਕਾਸ਼ ਹੈ, ਚਿਦਾਭਾਸ ਰੂਪ ਜੀਵ ਵੀ ਨਹੀਂ ਹਾਂ, ਫੇਰ ਭਾਂਤਿ ਭਾਂਤਿ = ਤਰ੍ਹਾਂ-ਤਰ੍ਹਾਂ ਦੇ ਹੋਰ ਜੀਵ ਕੀ ਕਹਿਣੇ ਹਨ।

**ਜਾਗਰਤ ਸੁਪਨ ਸੁਖੋਪਤਿ ਕੋ ਲਖਈਆ ਸਦਾ;**
**ਤੁਰੀਆਤੀਤ ਪ੍ਰਗਟ ਬੋਧ ਬ੍ਰਹਮ ਰੂਪ ਏਕ ਹੋ॥੧੪੦॥**

ਹੇ ਗੁਰਦੇਵ! ਮੈਂ ਜਾਗ੍ਰਤ, ਸੁਪਨ ਤੇ ਸੁਖੋਪਤੀ ਤਿੰਨਾਂ ਅਵਸਥਾ ਕੋ = ਦਾ ਸਦਾ = ਹਮੇਸ਼ਾਂ ਲਖਈਆ = ਜਾਨਣ ਵਾਲਾ ਹਾਂ।

ਤੁਰੀਆਤੀਤ = ਮਾਇਆ ਦੇ ਤਿੰਨੇ ਗੁਣਾਂ ਦੇ ਪ੍ਰਭਾਵ ਤੋਂ ਰਹਿਤ ਪ੍ਰਗਟ = ਪ੍ਰਤੱਖ ਬੋਧ = ਗਿਆਨ ਸਰੂਪ ਬ੍ਰਹਮ ਦਾ ਹੀ ਇਕ ਰੂਪ ਹਾਂ॥੧੪੦॥

**ਦੋਹਰਾ॥ ਯਹ ਤੋ ਜਾਨਯੋ ਆਤਮਾ; ਤਵ ਪ੍ਰਸਾਦਿ ਗੁਰਦੇਵ॥**

ਹੇ ਗੁਰਦੇਵ! ਤਵ = ਤੁਹਾਡੀ ਪ੍ਰਸਾਦਿ = ਕਿਰਪਾ ਦੇ ਨਾਲ ਆਪਣੀ ਆਤਮਾ ਨੂੰ ਯਹ = ਇਸ ਪ੍ਰਕਾਰ ਤਾਂ ਜਾਨਯੋ = ਜਾਣ ਲੈਣਾ ਕੀਤਾ ਹੈ।

**ਅਬ ਕਹੀਏ ਅਸਿ ਪਦਹਿ ਕੋ; ਜੋ ਕਹਨੋ ਹੈ ਭੇਵ॥੧੪੧॥**

ਅਬ = ਹੁਣ ਤੁਸੀਂ ਅਸਿ ਪਦਹਿ = ਪਦ ਨੂੰ ਕਹੀਏ = ਕਹਿਣਾ ਕਰੋ ਜੋ = ਜਿਹੜਾ ਅਸਪਦ ਦਾ ਭੇਵ = ਭੇਦ ਤੁਸੀਂ ਕਹਨੋ = ਆਖਣਾ ਤੇ ਰਹਿੰਦਾ ਹੈ॥੧੪੧॥

**ਸ੍ਰੀ ਗੁਰੋ ਵਾਚ॥**

**ਦੋਹਰਾ॥ ਯਹ ਸਭ ਤੂੰ ਪਦ ਜੀਵ ਕੋ; ਤੋਹਿ ਸੁਨਾਯੋ ਰੂਪ॥**

ਹੇ ਸਿੱਖ! ਯਹ = ਇਹ ਸਭ = ਸਾਰਾ ਜੀਵ ਦੇ ਵਾਚਕ ਤੂੰ ਪਦ ਕੋ = ਦਾ ਰੂਪ ਤੋਹਿ = ਤੈਨੂੰ ਸੁਨਾਯੋ = ਸੁਣਾਉਣਾ ਕੀਤਾ ਹੈ।

**ਅਬ ਸੁਨ ਅਸਿ ਪਦ ਅਰਥ ਕੋ; ਜੋ ਹੈ ਸਭ ਕੋ ਭੂਪ॥੧੪੨॥**

ਅਬ = ਹੁਣ ਅਸ ਪਦ ਦੇ ਅਰਥ ਕੋ = ਨੂੰ ਸੁਨ = ਸੁਣਨਾ ਕਰ ਜੋ ਸਭ = ਸਾਰਿਆਂ ਕੋ = ਦਾ ਭੂਪ = ਰਾਜਾ ਰੂਪ ਹੈ॥੧੪੨॥

**ਇਤਿ ਤੂੰ ਪਦ॥**

**ਅਥ ਅਸਿ ਪਦ ਬਰਨਨੰ॥**

**ਦੋਹਰਾ॥ ਤਤ ਪਦ ਈਸੂਰ ਕੋ ਕਹਿਤ; ਤੂੰ ਪਦ ਜੀਵ ਬਖਾਨ॥**

ਹੇ ਸਿੱਖ! ਤਤ ਪਦ ਈਸ਼ਵਰ ਕੋ = ਨੂੰ ਕਹਤ = ਕਹਿੰਦੇ ਹਨ ਅਤੇ ਤੂੰ ਪਦ ਜੀਵ ਬਖਾਨ = ਕਥਨ ਕਰੀਦਾ ਹੈ।

## ਅਸਿ ਪਦ ਬ੍ਰਹਮ ਅਲਿਪਤ ਹੈ; ਵਹੈ ਦੁਹਨ ਮੈ ਜਾਨ ॥੧੪੩॥

ਤਤ ਪਦ ਈਸ਼ਵਰ ਦਾ ਵਾਚਿਆ ਪਦ ਹੈ, ਤ੍ਵੰ ਜੀਵ ਦਾ ਵਾਚਿਆ ਪਦ ਹੈ, ਅਸਿ ਪਦ ਅਲਿਪਤ = ਨਿਰਲੇਪ ਬ੍ਰਹਮ ਦਾ ਵਾਚਕ ਹੈ ਵਹੈ = ਉਹ ਅਸਪਦ ਨੂੰ ਦੁਹਨ = ਦੋਵੇਂ (ਤਤ ਪਦ ਤੇ ਤ੍ਵੰ ਪਦਾਂ) ਵਿਚ ਹੀ ਵਿਆਪਕ ਜਾਨ = ਜਾਨਣਾ ਕਰ ॥੧੪੩॥

## ਦੋਹਰਾ ॥ ਵਹਿ ਈਸ਼ਵਰ ਸਰਬੱਗ ਹੈ; ਜੀਵ ਸਦਾ ਅਲਪੱਗਯ ॥

ਹੇ ਸਿੱਖ ! ਵਹਿ = ਉਹ ਈਸ਼ਵਰ ਤਾਂ ਸਰਬੱਗ = ਸਾਰੀਆਂ ਸ਼ਕਤੀਆਂ ਦਾ ਮਾਲਕ ਹੈ ਅਤੇ ਜੀਵ ਸਦਾ = ਹਮੇਸ਼ਾਂ ਅਲਪੱਗਯ = ਤੁੱਛ, ਅਗਿਆਨੀ ਹੈ।

## ਸਮ ਕਹੀਏ ਜੋ ਦੁਹਨ ਕੋ; ਤੌ ਨ ਮਾਨਹੀ ਅੱਗਯ ॥੧੪੪॥

ਜੋ = ਜੇਕਰ ਦੁਹਨ = ਦੋਵਾਂ ਕੋ = ਨੂੰ ਸਮ = ਇਕ ਸਮਾਨ ਕਹੀਏ = ਆਖਣਾ ਕਰੀਏ ਤੌ = ਤਾਂ ਅਗਯ = ਅਗਿਆਨੀ ਜੀਵ ਨਹੀਂ ਮਾਨਹੀ = ਮੰਨਦੇ ਭਾਵ ਇਹ ਨਹੀਂ ਸਮਝਣਾ ਕਰਦੇ ਕਿ ਜੀਵ ਅਤੇ ਈਸ਼ਵਰ ਕੌਣ ਹਨ ॥੧੪੪॥

## ਦੋਹਰਾ ॥ ਤਤ ਪਦ ਮਾਨੋ ਸਿੰਧੁ ਹੈ; ਤ੍ਵੰ ਪਦ ਬੂੰਦ ਸਮਾਨ ॥

ਤਦ ਪਦ (ਈਸ਼ਵਰ) ਮਾਨੋ = ਮੰਨ ਲਵੋ ਕਿ ਬਹੁਤ ਵੱਡੇ ਸਿੰਧ = ਸਮੁੰਦਰ ਦੀ ਨਿਆਈਂ ਹੈ ਅਤੇ ਤ੍ਵੰ ਪਦ (ਜੀਵ) ਮਾਨੋ ਇਕ ਬੂੰਦ ਦੇ ਸਮਾਨ = ਸਦਰਸ਼ ਹੈ।

## ਅਸਿ ਪਦ ਪਾਨੀ ਦੁਹਨ ਮੈਂ; ਤਾਹਿ ਏਕ ਕਰ ਜਾਨ ॥੧੪੫॥

ਅਸ ਪਦ (ਬ੍ਰਹਮ) ਮਾਨੋ ਦੁਹਨ = ਦੋਨਾਂ ਵਿਚ ਪਾਣੀ ਦੀ ਨਿਆਈ ਇਕ ਸਮਾਨ ਹੈ ਭਾਵ ਵਿਸ਼ਾਲ ਸਮੁੰਦਰ ਵਿਚ ਵੀ ਪਾਣੀ ਤੇ ਨਿੱਕੀ ਜਿਹੀ ਬੂੰਦ ਵਿਚ ਵੀ ਪਾਣੀ ਹੈ ਤਾਹਿ = ਤਿਸਨੂੰ ਇਕ ਕਰਕੇ ਹੀ ਜਾਨ = ਜਾਨਣਾ ਕਰ ॥੧੪੫॥

## ਦੋਹਰਾ ॥ ਤਤ ਪਦ ਜੈਸੇ ਭੂਪ ਹੈ; ਤ੍ਵੰ ਪਦ ਮਾਨੋ ਕ੍ਰਿਸਾਨ ॥

ਹੇ ਸਿੱਖ ! ਤਤ ਪਦ ਐਸੇ ਸਮਝ ਜੈਸੇ = ਜਿਸ ਪ੍ਰਕਾਰ ਭੂਪ = ਰਾਜਾ ਹੁੰਦਾ ਹੈ ਅਤੇ ਤ੍ਵੰ ਪਦ ਮਾਨੋ ਕ੍ਰਿਸਾਨ = ਜ਼ਿਮੀਂਦਾਰ ਦੇ ਵਾਂਗ ਹੈ।

## ਅਸਿ ਪਦ ਮਾਨੁਖ ਕੋ ਕਹੈ; ਐਸੇ ਜਾਨੋ ਜਾਨ ॥੧੪੬॥

ਅਸਿ ਪਦ ਉਨ੍ਹਾਂ ਦੋਨਾਂ ਵਿਚ ਮਨੁੱਖ ਪੁਣੇ ਕੋ = ਨੂੰ ਕਹੈ = ਕਹਿੰਦੇ ਹਨ, ਭਾਵ ਰਾਜਾ ਵੀ ਮਨੁੱਖ ਤੇ ਕਿਸਾਨ ਵੀ ਮਨੁੱਖ ਹੈ ਐਸੇ = ਇਹੋ ਜਿਹੇ ਜਾਨ = ਗਿਆਨ ਨੂੰ ਜਾਨੋ = ਜਾਨਣਾ ਕਰ ॥੧੪੬॥

## ਦੋਹਰਾ ॥

## ਦੇਵਦੱਤ ਇਹ ਨਾਮ ਇਕ; ਮਿਲਯੋ ਵਿਭੌ ਯੁਤਿ ਮਿਤ ॥

ਹੇ ਮਿੱਤ੍ਰ ! ਦੇਵਦਤ, ਇਸ ਨਾਮ ਦਾ ਇਕ ਪੁਰਖ ਹੈ, ਉਹ ਬਹੁਤ ਵਿਭੌ = ਬਿਭੂਤੀ ਦੇ ਯੁਤਿ = ਸਹਿਤ ਮਿਲਯੋ = ਮਿਲਿਆ।

## ਫਿਰ ਵਹੁ ਦੇਖਯੋ ਵਿਪਤ ਯੁਤਿ; ਕੈਸੇ ਆਵੈ ਚਿਤ ॥੧੪੭॥

ਫਿਰ ਬਹੁਤ ਸਮੇਂ ਬਾਅਦ ਵਹੁ = ਉਹ ਵਿਪਤ = ਬਿਪਤਾ ਕੇ ਯੁਤਿ = ਸਹਿਤ ਦੇਖਯੋ = ਦੇਖਣਾ ਕੀਤਾ, ਭਾਵ ਧਨ ਵਿਭੂਤੀ ਆਦਿ ਸਭ ਕੁਝ ਖ਼ਤਮ ਹੋ ਗਿਆ।

ਫੇਰ ਉਹ ਕੈਸੇ = ਕਿਸ ਪ੍ਰਕਾਰ ਚਿਤ = ਮਨ ਵਿਚ ਆਵੇ ਕਿ ਇਹ ਉਹੀ ਦੇਵਦਤ ਹੈ ॥੧੪੭॥

## ਦੋਹਰਾ ॥
## ਵਾਹਿ ਸਮਯ ਕੀ ਬਿਭੌਂ ਤਜਿ; ਅਬ ਕੀ ਤਜੈ ਵਿੱਪਤ ॥

ਉਸਦੀ ਵਾਹਿ = ਉਸ ਪੁਰਾਣੇ ਸਮੇਂ ਕੀ = ਦੀ ਬਿਭੌਂ = ਬਿਭੂਤੀ ਤਜਿ = ਛੱਡ ਦੇਵੋ ਅਤੇ ਅਬ = ਹੁਣ ਵਰਤਮਾਨ ਸਮੇਂ ਕੀ = ਦੀ ਵਿੱਪਤ = ਬਿਪਤਾ ਤਜੈ = ਤਿਆਗ ਦੇਈਏ।

## ਦ੍ਰਿਸਟਿ ਕਰੈ ਜੋ ਦੇਹ ਪਰ; ਪੁਰਸ਼ ਵਹੀ ਹੈ ਸੱਤ ॥੧੪੮॥

ਜੋ = ਜੇਕਰ ਉਸਦੀ ਦੇਹੀ ਪਰ = ਉੱਪਰ ਆਪਣੀ ਦ੍ਰਿਸਟਿ = ਦ੍ਰਿਸ਼ਟੀ ਕਰੈ = ਕਰੀਏ ਭਾਵ ਧਿਆਨ ਨਾਲ ਦੇਖੀਏ ਤਾਂ ਵਹੀ = ਉਹੀ ਦੇਵਦੱਤ ਪੁਰਖ ਸੱਤ = ਸੱਚਾ ਹੈ, ਭਾਵ ਜਦੋਂ ਮਾਇਆਧਾਰੀ ਸੀ ਉਦੋਂ ਵੀ ਉਹੀ ਦੇਵਦੱਤ ਸੀ ਹੁਣ ਕੰਗਾਲੀ ਸਮੇਂ ਵੀ ਉਹੀ ਦੇਵਦੱਤ ਹੈ ॥੧੪੮॥

## ਦੋਹਰਾ ॥ ਈਸ਼੍ਵਰ ਕੀ ਸਰਬੱਗਤਾ; ਸੋ ਮਾਯਾ ਤੇ ਜਾਨ ॥

ਉਸੇ ਪ੍ਰਕਾਰ, ਈਸ਼੍ਵਰ = ਭਗਵਾਨ ਕੀ = ਦੀ ਜੋ ਸਰਬੱਗਤਾ = ਸਮਰੱਥਤਾ ਹੈ, ਸੋ = ਉਹ ਮਾਯਾ ਕਰਕੇ ਜਾਨ = ਜਾਨਣਾ ਕਰ।

## ਜੀਵਨ ਕੀ ਅਲਪਗਤਾ; ਤਾਂਹਿ ਅਵਿਦ੍ਯਾ ਮਾਨ ॥੧੪੯॥

ਜੋ ਜੀਵਨ = ਜੀਵਾਂ ਕੀ = ਦੀ ਅਲਪਗਤਾ = ਕਮਜ਼ੋਰੀ ਹੈ ਤਾਂਹਿ = ਉਸਨੂੰ ਅਵਿਦਿਆ ਕਰਕੇ ਮਾਨ = ਮੰਨਣਾ ਕਰ ॥੧੪੯॥

## ਦੋਹਰਾ ॥ ਏ ਉਪਾਧਿ ਕੋ ਮੂਲ ਦ੍ਵੈ; ਤਿਨ ਕੋ ਝੂਠੀ ਮਾਨ ॥

ਏ = ਇਹ ਮਾਇਆ ਤੇ ਅਵਿੱਦਿਆ ਦ੍ਵੈ = ਦੋਵੇਂ ਸਭ ਉਪਾਧਿ = ਉਪਾਧੀਆਂ ਕੋ = ਦਾ ਮੂਲ = ਮੁੱਢ ਹਨ, ਤਿਨ = ਉਨ੍ਹਾਂ ਕੋ = ਨੂੰ ਝੂਠੀ ਮਾਨ = ਮੰਨਣਾ ਕਰ।

## ਸੁਧ ਬੋਧ ਮੈ ਬ੍ਰਹਮ ਹੈ; ਏਕ ਆਤਮਾ ਜਾਨ ॥੧੫੦॥

ਜੋ ਸੁਧ ਬੋਧ = ਗਿਆਨ ਮੈ = ਸਰੂਪ ਬ੍ਰਹਮ ਹੈ, ਉਸੇ ਨੂੰ ਏਕ = ਇਕ ਆਪਣਾ ਆਤਮਾ ਜਾਨ = ਜਾਨਣਾ ਕਰ ॥੧੫੦॥

## ਦੋਹਰਾ ॥ ਜੈਸੀ ਦੇਹੀ ਜੀਵ ਕੀ; ਤੈਸੀ ਹੈ ਜਗਦੀਸ ॥

ਜੈਸੀ = ਜਿਹੋ ਜਿਹੀ ਦੇਹੀ ਜੀਵ ਕੀ = ਦੀ ਕਥਨ ਕੀਤੀ ਹੈ, ਤੈਸੀ = ਤਿਹੋ ਜਿਹੀ ਹੀ ਜਗਦੀਸ = ਈਸ਼ਵਰ ਦੀ ਦੇਹੀ ਹੈ।

## ਨਯਾਰੀ ਨਯਾਰੀ ਕਹਤ ਹੂੰ; ਦੁਹੂੰ ਏਕ ਕਰ ਰੀਸ ॥੧੫੧॥

ਹੁਣ ਤੇਰੇ ਤਾਈਂ ਨਯਾਰੀ ਨਯਾਰੀ = ਭਿੰਨ ਭਿੰਨ (ਵੱਖਰੀ-ਵੱਖਰੀ) ਕਹਤ = ਕਹਿੰਦਾ ਹੂੰ = ਹਾਂ ਦੁਹੂੰ = ਦੋਵਾਂ ਨੂੰ ਏਕ = ਇਕ ਰੂਪ ਕਰ = ਕਰਕੇ ਹੀ ਰੀਸ = ਜਾਨਣਾ ਕਰ ॥੧੫੧॥

## ਕਬਿੱਤ ॥ ਜੈਸੀ ਦੇਹ ਵਾਂ ਕੇ ਬ੍ਰਹਮੰਡ ਹੈ ਪ੍ਰਗਟ;
## ਤੈਸੀ ਯਾ ਕੇ ਥੂਲ ਦੇਹ, ਜਾਂ ਮੈਂ ਹਾਥ ਪਾਇ ਦੇਖੀਏ ॥

ਹੇ ਸਿੱਖ! ਜੈਸੀ = ਜਿਹੋ ਜਿਹੀ ਵਾਂ = ਉਸ ਈਸ਼ਵਰ ਕੇ = ਦੇ ਪ੍ਰਗਟ ਹੀ ਬ੍ਰਹਮੰਡ ਰੂਪੀ ਦੇਹ ਹੈ,

ਤੈਸੀ = ਉਹੋ ਜਿਹੀ ਯਾ = ਇਸ ਜੀਵ ਕੇ = ਦੇ ਪਾਸ ਸਥੂਲ ਦੇਹ ਹੈ ਜਿਸ ਵਿਚ ਹਾਥ = ਹੱਥ ਪਾਇ = ਪੈਰ ਦੇਖੀਏ = ਦੇਖੀਦੇ ਹਨ।

## ਵਾਂ ਕੇ ਹੈ ਹਿਰਨਯਗਰਭ ਦੂਸਰੋ ਸਰੀਰ ਯਾਂ ਕੇ;
## ਸੂਖਯਮ ਕਹਾਵੈ ਤਤ੍ਵ ਸਤ੍ਰਹਿ ਕੋ ਪੇਖੀਏ ॥

ਵਾਂ = ਉਸ ਈਸ਼ਰ ਕੇ = ਦੇ ਪਾਸ ਉਸਦਾ ਦੂਸਰੋ = ਦੂਜਾ ਸੂਖਮ ਸਰੀਰ ਹਿਰਨ ਗਰਭ ਹੈ।

ਯਾ = ਇਸ ਜੀਵ ਕੇ = ਦੇ ਪਾਸ ਦੂਸਰਾ ਸੂਖਮ ਸਰੀਰ ਕਹਾਵੈ = ਕਹਾਉਂਦਾ ਹੈ ਜੋ ਸੂਖਮ ਸਤ੍ਰਹਿ = ਸਤਾਰਾਂ ਤੱਤਾਂ ਕੇ = ਦਾ ਪੇਖੀਏ = ਵੇਖੀਦਾ ਹੈ।

## ਵਾਂ ਕੇ ਆਦਿ ਮਾਯਾ ਜਾਂ ਤੇ ਹੋਤ ਸਭ ਕਾਂਯਾ ਸਿਧ;
## ਯਾਂ ਕੇ ਹੈ ਅਵਿਦਯਾ ਤਾਂ ਤੇ ਭੂਲੋ ਅਵਰੇਖੀਏ ॥

ਵਾਂ = ਉਸ ਈਸ਼ਵਰ ਕੇ = ਦੇ ਆਦਿ = ਮੁੱਢ ਵਿਚ ਮਾਇਆ ਹੈ, ਜਾ = ਜਿਸ ਤੇ = ਤੋਂ ਸਭ = ਸਾਰੀਆਂ ਕਾਂਯਾ = ਦੇਹਾਂ ਸਿਧ = ਪ੍ਰਗਟ ਹੋਤ = ਹੁੰਦੀਆਂ ਹਨ।

ਯਾਂ = ਇਸ ਜੀਵ ਕੇ = ਦੇ ਆਦਿ ਵਿਚ ਅਵਿਦਿਆ ਹੈ ਤਾਂ ਤੇ = ਤਿਸ ਕਰਕੇ ਇਸਨੂੰ ਭੂਲੋ = ਭੁੱਲਿਆ ਹੋਇਆ ਅਵਰੇਖੀਏ = ਦੇਖੀਦਾ ਹੈ।

## ਵਾਂ ਸੋ ਜਗਦੀਸ਼ ਯਾਂ ਮੋ ਜੀਵ ਕਰ ਡਾਰੇ;
## ਏਕ ਬ੍ਰਹਮ ਕੋ ਵਿਚਾਰੇ ਤੌਂ ਨ ਜੀਵ ਈਸ਼ ਲੇਖੀਏ ॥੧੫੨॥

ਵਾਂ = ਉਸ ਈਸ਼ਵਰ ਨੂੰ ਮਾਇਆ ਨੇ ਜਗਦੀਸ = ਜਗਤ ਦਾ ਮਾਲਕ ਭਾਵ ਸਰਬੱਗ ਕਰ ਦਿੱਤਾ ਹੈ ਅਤੇ ਜੀਵ ਨੂੰ ਪ੍ਰਛਿੰਨ ਭਾਵ ਥੋੜ੍ਹੇ ਦੇਸ਼ ਕਾਲ ਵਾਲਾ ਅਲਪੱਗ ਕਰ ਦਿੱਤਾ ਹੈ।

ਜਦੋਂ ਇਕ ਬ੍ਰਹਮ ਕੋ = ਨੂੰ ਵਿਚਾਰਨਾ ਕਰੀਏ ਤਾਂ ਫਿਰ ਜੀਵ ਈਸ਼ ਕੋਈ ਨਹੀਂ ਲੇਖੀਏ = ਜਾਣੀਦਾ ॥੧੫੨॥

## ਦੋਹਰਾ ॥
## ਤਜੋ ਈਸ਼ ਕੀ ਈਸ਼ਤਾ; ਔਰ ਜੀਵ ਅਵਿਵੇਕ ॥

ਹੇ ਸਿੱਖਾ! ਈਸ਼ = ਈਸ਼ਵਰ ਕੀ = ਦੀ ਈਸ਼ਤਾ = ਈਸ਼ਵਰਤਾ (ਸਰਬੱਗਤਾ) ਤਜੋ = ਛੱਡ ਦੇਵੋ ਔਰ = ਅਤੇ ਜੀਵ ਦਾ ਅਵਿਵੇਕ = ਅਗਿਆਨ ਤਿਆਗ ਦੇਵੋ।

## ਤੀਨੋਂ ਪਦ ਕੇ ਅਰਥ ਯਹ; ਤਤੂੰ ਅਸਿ ਪਦ ਏਕ ॥੧੫੩॥

ਤੀਨੋਂ ਪਦਾਂ ਕੇ = ਦੇ ਅਰਥ ਇਹ ਹਨ ਕਿ ਤਤੂੰ (ਤਤ+ਤੂੰ) 'ਤਤ' 'ਤੂੰ' ਤੇ 'ਅਸਿ' ਪਦ ਇਕ ਹੀ ਰੂਪ ਹਨ ॥੧੫੩॥

## ਦੋਹਰਾ ॥ ਤਤੂ ਤੁਰੀ ਹੈ ਯਹ ਕਹਯੋ; ਤਤੂੰ ਅਸਿ ਕੋ ਅਰਥ ॥

ਹੇ ਸਿੱਖ ! 'ਤਤ' 'ਤੂੰ' ਤੇ 'ਅਸਿ' ਪਦ ਕੋ = ਦਾ ਅਰਥ ਯਹ = ਇਹ ਕਹਯੋ = ਕਿਹਾ ਹੈ ਕਿ ਤਤੂ (ਤਤ, ਤੂੰ) ਪਦ ਤੁਹੀ ਭਾਵ ਬ੍ਰਹਮ ਰੂਪ ਹੀ ਹੈ।

## ਯਹੈ ਬ੍ਰਿਤਿ ਯਾ ਕੈ ਭਈ; ਸੋ ਸਭ ਭਾਂਤਿ ਸਮਰਥ ॥੧੫੪॥

ਯਹੈ = ਇਹ ਬਿਰਤੀ[1] ਯਾ = ਜਿਸ ਕੈ = ਦੇ ਅੰਦਰ ਪ੍ਰਗਟ ਭਈ = ਹੋਈ ਹੈ, ਸੋ = ਉਹ ਸਭ ਭਾਂਤਿ = ਪ੍ਰਕਾਰ ਕਰਕੇ ਸਮਰਥ = ਸਰਬ ਸ਼ਕਤੀ ਵਾਲਾ ਹੈ ॥੧੫੪॥

## ਦੋਹਰਾ ॥ ਸਾਮਵੇਦ ਕੇ ਵਚਨ ਕੋ; ਕਹਯੋ ਸਭੈ ਵਿਸਥਾਰ ॥

ਹੇ ਸਿੱਖ ! ਇਹ ਤੇਰੇ ਤਾਈਂ ਸ਼ਾਮਵੇਦ ਕੇ = ਦੇ ਵਚਨ (ਤਤ੍ਵਮਸੀ ਬ੍ਰਹਮ) ਕੋ = ਦਾ ਸਭੈ = ਸਾਰਾ ਵਿਸਤਾਰ ਕਹਯੋ = ਕਹਿਣਾ ਕੀਤਾ ਹੈ।

## ਤੈਸੇ ਚਾਰੋਂ ਵੇਦ ਕੇ ਮਹਾਂ ਵਾਕਯ ਨਿਰਧਾਰ ॥੧੫੫॥

ਤੈਸੇ = ਤਿਸੇ ਪ੍ਰਕਾਰ ਚਾਰੇ ਵੇਦਾਂ ਕੇ = ਦੇ ਮਹਾਂਵਾਕਾਂ ਨੂੰ ਵੀ ਨਿਰਧਾਰ = ਨਿਰਣੇ, ਨਿਸ਼ਚੇ ਕਰਕੇ ਧਾਰਨ ਕਰ ॥੧੫੫॥

ਚਾਰੇ ਵੇਦਾਂ ਦੇ ਮਹਾਂਵਾਕ :

੧. ਤਤ੍ਵਮਸੀ — ਸ਼ਾਮਵੇਦ
੨. ਪ੍ਰਗਯਾਨਮਾਨੰਦ ਬ੍ਰਹਮ — ਰਿਗਵੇਦ
੩. ਅਹੰਬ੍ਰਹਮਅਸਮੀ — ਯਜੁਰਵੇਦ
੪. ਅਯੰਆਤਮਾ ਬ੍ਰਹਮ — ਅਥਰਬਣਵੇਦ

## ਦੋਹਰਾ ॥ ਜੀਵ ਈਸ ਅਰੁ ਬ੍ਰਹਮ ਹੈ; ਜਾਂ ਸੋਂ ਏਕ ਬਖਾਨ ॥

ਹੇ ਸਿੱਖ ! ਜੋ ਜੀਵ, ਈਸ = ਈਸ਼ਵਰ ਅਤੇ ਬ੍ਰਹਮ = ਪਰਮਾਤਮਾ ਹੈ, ਜਾਂ = ਜਿਨ੍ਹਾਂ ਨੂੰ ਏਕ = ਇਕ ਹੀ ਬਖਾਨ = ਕਥਨ ਕਰਦੇ ਹਨ।

---

੧. ਵਿਦਵਾਨ ਜਨਾਂ ਨੇ ਤਿੰਨ ਪ੍ਰਕਾਰ ਦੀਆ ਬਿਰਤੀਆਂ ਕਥਨ ਕੀਤੀਆਂ ਹਨ।
ਸ਼ਕਤੀ ਬਿਰਤੀ ਅਤੇ ਲੱਖਣਾ ਬਿਰਤੀ ਦੋ ਪ੍ਰਕਾਰ ਦੀ ਹੈ।
ਅੱਗੇ ਲੱਖਣਾ ਬਿਰਤੀ ਤਿੰਨ ਪ੍ਰਕਾਰ ਦੀ ਹੋ ਜਾਂਦੀ ਹੈ।
੧. ਯਹਤੀ ਲੱਖਸਣਾ। ੨. ਅਯਹਤੀ। ੩. ਭਾਗ ਤਿਆਗ ਲੱਖਸ਼ਣਾ।
੧. ਯਹਤੀ ਲਖਸਣਾ : ਵਾਚ ਅਰਥ ਦਾ ਸੰਪੂਰਨ ਤਿਆਗ, ਵਾਚ ਅਰਥ ਦੇ ਸੰਬੰਧੀ ਦਾ ਤਿਆਗ।
੨. ਅਯਹਤੀ ਲਖਸਣਾ : ਵਾਚ ਅਰਥ ਦਾ ਵੀ ਗ੍ਰਹਿਣ, ਵਾਚ ਅਰਥ ਦੇ ਸੰਬੰਧੀ ਦਾ ਵੀ ਗ੍ਰਹਿਣ।
੩. ਭਾਗ ਤਿਆਗ ਲਖਸ਼ਣਾ : ਇਕ ਹਿੱਸੇ ਤਿਆਗ, ਇਕ ਹਿੱਸੇ ਦਾ ਗ੍ਰਹਿਣ ਕਰਨਾ।

## ਯਹੈ ਅਰਥ ਸਭ ਵਚਨ ਕੋ; ਬੁਧਿ ਬਲਿ ਜਾਨੋ ਜਾਨ ॥੧੫੬॥

ਹੇ ਜਾਨ = ਪਿਆਰੇ, ਸੁਜਾਨ ਸਿੱਖ ! ਆਪਣੀ ਬੁੱਧੀ ਦੇ ਬਲ ਨਾਲ ਇਹ ਜਾਨਣਾ ਕਰ ਕਿ ਸਭ = ਸਾਰੇ ਵੇਦਾਂ ਦੇ ਮਹਾਂਵਾਕਾਂ ਰੂਪ ਵਚਨਾਂ ਦੇ ਇਹੋ ਹੀ ਅਰਥ ਬਣਦੇ ਹਨ ॥੧੫੬॥

ਅੱਗੇ ਬ੍ਰਹਮ ਦੇ ਬਾਰਾਂ ਵਿਸ਼ੇਸ਼ਣ ਕਥਨ ਕਰਦੇ ਹਨ।

## ਦੋਹਰਾ ॥ ਸਤ ਚਿਤ ਆਨੰਦ ਅਦਵਿਤੀਯ; ਅਚਲ ਅਖੰਡ ਅਨੰਤ ॥

ਉਹ ਬ੍ਰਹਮ ੧. ਸਤ = ਨਾਸ਼ ਤੋਂ ਰਹਿਤ, ੨. ਚਿਤ = ਚੇਤਨ, ੩. ਆਨੰਦ = ਖ਼ੁਸ਼ੀ ਵਿਚ ਰਹਿਣ ਵਾਲਾ, ੪. ਅਦਵਿਤੀਯ = ਅਦੁੱਤੀ, ਆਸਰਾ ਰੂਪ, ੫. ਅਚਲ = ਚਲਾਇਮਾਨ ਤੋਂ ਰਹਿਤ, ੬. ਅਖੰਡ = ਨਾਸ਼ ਤੋਂ ਰਹਿਤ, ੭. ਅਨੰਤ = ਬਿਅੰਤ ਸਰੂਪ ਹੈ।

## ਸ੍ਵਯੰ[1] ਪ੍ਰਕਾਸ਼ ਕੂਟਸਥ ਅਜ; ਅਕ੍ਰਿਯ ਬ੍ਰਹਮ ਗਨੰਤ ॥੧੫੭॥

੮. ਸ੍ਵਯੰ ਪ੍ਰਕਾਸ਼ = ਸਭ ਨੂੰ ਚਾਨਣ ਕਰਨ ਵਾਲਾ, ੯. ਕੂਟਸਥ = ਪਹਾੜ ਵਤ ਅਡੋਲ, ੧੦. ਅਜ = ਅਜਨਮ, ੧੧. ਅਕ੍ਰਿਯ = ਕਿਰਿਆ ਤੋਂ ਰਹਿਤ, ੧੨. ਬ੍ਰਹਮ = ਵਿਆਪਕ ਇਹ ਬਾਰਾਂ ਵਿਸ਼ੇਸ਼ਣ ਗਨੰਤ = ਜਾਨਣਾ ਕਰ ॥੧੫੭॥

## ਸਿਖਯੋ ਵਾਚ ॥

## ਦੋਹਰਾ ॥ ਦ੍ਵਾਦਸ ਏਕੈ ਬ੍ਰਹਮ ਕੇ; ਕਹੇ ਵਿਸੇਖਨ ਨਾਮ ॥

ਹੇ ਗੁਰੁਦੇਵ ਜੀ ! ਤੁਸਾਂ ਨੇ ਇਕ ਬ੍ਰਹਮ ਕੇ = ਦੇ ਦ੍ਵਾਦਸ = ਬਾਰਾਂ ਵਿਸੇਖਨਾਂ ਦਾ ਨਾਮ ਕਹਿਣਾ ਕੀਤਾ ਹੈ।

## ਨਯਾਰੇ ਨਯਾਰੇ ਕਰ ਕਹੋ; ਅਬ ਤਿਨ ਕੇ ਗੁਣ ਗ੍ਰਾਮ ॥੧੫੮॥

ਅਬ = ਹੁਣ ਤਿਨ = ਉਨ੍ਹਾਂ ਗ੍ਰਾਮ = ਸਮੂਹ ਬਾਰਾਂ ਵਿਸ਼ੇਸ਼ਣਾਂ ਕੇ = ਦੇ ਗੁਣ ਨਯਾਰੇ ਨਯਾਰੇ = ਵੱਖਰੇ-ਵੱਖਰੇ ਕਰਕੇ ਕਹੋ = ਕਹਿਣਾ ਕਰੋ ॥੧੫੮॥

## ੧. ਅਥ ਸਤਯ ਵਰਨਨੰ, ਸ੍ਰੀ ਗੁਰੋ ਵਾਚ ॥

## ਦੋਹਰਾ ॥ ਅਸੱਤ ਜਗਤ ਸਤ ਸੋ ਲਗਤ; ਜਾਂ ਕੀ ਸੱਤਾ ਪਾਇ ॥

ਹੇ ਸਿੱਖ ! ਜਾ = ਜਿਸ ਪਰਮਾਤਮਾ ਕੀ = ਦੀ ਸੱਤਾ = ਸ਼ਕਤੀ, ਕਲਾ ਪਾ ਕੇ ਇਹ ਅਸੱਤ = ਝੂਠਾ ਜਗਤ = ਸੰਸਾਰ ਸੱਤਿ = ਸੱਚ ਸੋਂ = ਸਮਾਨ ਲਗਤ = ਲੱਗ ਰਿਹਾ ਹੈ।

## ਸੋ ਸਤ ਬ੍ਰਹਮ ਸ੍ਵਰੂਪ ਹੈ; ਗਯਾਨ ਬਿਨਾ ਨ ਲਖਾਇ ॥੧੫੯॥

ਸੋ = ਉਹ ਸਤ ਸਰੂਪ ਬ੍ਰਹਮ ਹੀ ਹੈ, ਜੋ ਗਿਆਨ ਤੋਂ ਬਿਨਾ = ਬਗ਼ੈਰ ਹੋਰ ਕਿਸੇ ਸਾਧਨ ਦੁਆਰਾ ਲਖਾਇ = ਜਾਣਿਆ ਨਹੀਂ ਜਾ ਸਕਦਾ ॥੧੫੯॥

---

੧. ਕਈ ਥਾਈ ਸ੍ਵਯੰ ਦੀ ਜਗ੍ਹਾ 'ਸੁਧ' ਪਾਠ ਵੀ ਆਉਂਦਾ ਹੈ, ਪਰ ਐਸੇ ਬ੍ਰਹਮ ਦੇ ਵਿਸ਼ੇਸ਼ਣਾਂ ਵਿਚ ਸੁੱਧ ਦੀ ਵਿਆਖਿਆ ਨਹੀਂ ਹੈ, ਇਸ ਲਈ ਅਸਾਂ ਨੇ ਬ੍ਰਹਮ ਸ਼ਬਦ ਨੂੰ ਵੀ ਪਰਮਾਤਮਾ ਦੇ ਵਿਸ਼ੇਸ਼ਣਾਂ ਵਿਚ ਲੈ ਕੇ ਕਥਨ ਕੀਤਾ ਹੈ।

## ੨. ਅਥ ਚਿਤ ਵਰਨਨੰ ॥

**ਕਬਿੱਤ ॥ ਜਾਗਰਤ ਸੁਪਨ ਕਾਜ ਹੋਤ ਜਾਂ ਕੀ ਚੇਤਨਾ ਸੋਂ;**
**ਸੁਖੁਪਤਿ ਹੂੰ ਮੈ ਵਹੈ ਸਾਖੀ ਅਵਿਸੇਖੀਏ ॥**

ਹੇ ਸਿੱਖ! ਜਾਗ੍ਰਤ ਅਤੇ ਸੁਪਨ ਅਵਸਥਾ ਦੇ ਕਾਜ = ਕੰਮ, ਜਾ = ਜਿਸ ਚੇਤਨ ਸਰੂਪ ਪਰਮਾਤਮਾ ਕੀ = ਦੀ ਚੇਤਨਾ = ਚੇਤਨਤਾ ਦੇ ਨਾਲ ਹੋਤ = ਹੁੰਦੇ ਹਨ,

ਫੇਰ ਸੁਖੁਪਤਿ = ਗੂੜ੍ਹੀ ਨੀਂਦ ਹੂੰ ਮੈ = ਵਿਚ ਵੀ ਵਹੈ = ਉਹ ਬ੍ਰਹਮ ਹੀ ਅਵਿਸੇਖੀਏ = ਬਾਕੀ ਰਹਿੰਦਾ ਹੈ।

**ਤੀਨ ਹੂੰ ਅਵਸਥਨ ਮੈ ਭਾਵਾਭਾਵ ਰੂਪ ਗਨ;**
**ਤੁਰੀਆ ਸ੍ਰੂਪ ਏਕ ਰਸ ਅਵਰੇਖੀਏ ॥**

ਹੇ ਸਿੱਖ! ਇਨ੍ਹਾਂ ਤਿੰਨਾਂ ਅਵਸਥਾ ਵਿਚ (ਭਾਵ+ਅਭਾਵ) ਭਾਵ = ਹੋਣ ਅਭਾਵ = ਨਾ ਹੋਣਾ ਰੂਪ ਗਨ = ਜਾਨਣਾ ਅਤੇ ਤੁਰੀਆ ਸਭ ਦਾ ਸਾਖੀ ਸਰੂਪ ਇਕ ਰਸ ਅਵਰੇਖੀਏ = ਦੇਖੀਦਾ ਹੈ।

ਅੱਗੇ ਦ੍ਰਿਸ਼ਟਾਂਤ ਰੂਪ ਵਿਚ ਕਥਨ ਕਰਦੇ ਹਨ:

**ਜੈਸੇ ਲੋਹ ਚੁੰਬਕ ਸਮੀਪ ਕਰੇ ਚੇਸਟਾ ਕੋ**
**ਤੈਸੇ ਦੇਹ ਇੰਦ੍ਰੀ ਮਨ ਆਤਮਾ ਮੋ ਲੇਖੀਏ ॥**

ਜੈਸੇ = ਜਿਸ ਪ੍ਰਕਾਰ ਲੋਹਾ ਚੁੰਬਕ ਦੇ ਸਮੀਪ = ਪਾਸ ਚੇਸਟਾ = ਹਰਕਤ ਕੋ ਨੂੰ ਕਰੇ = ਕਰਦਾ ਹੈ,

ਤੈਸੇ = ਉਸੇ ਪ੍ਰਕਾਰ ਦੇਹ = ਸਰੀਰ, ਇੰਦ੍ਰੇ ਅਤੇ ਮਨ ਆਤਮਾ ਦੇ ਪਾਸ ਹੋਣ ਕਰਕੇ ਚੇਸ਼ਟਾ ਕਰਦੇ ਲੇਖੀਏ = ਜਾਣੀਦੇ ਹਨ।

**ਏਕ ਰੂਪ ਜਗ ਮੈ ਜਗਮਗਾਤ ਯਾ ਕੀ ਜੋਤਿ;**
**ਜਹਾਂ ਤਹਾਂ ਜਾਨ ਚਿਤ ਚੇਤਨ ਸੋਂ ਦੇਖੀਏ ॥੧੬੦॥**

ਯਾ = ਜਿਸ ਪਰਮਾਤਮਾ ਕੀ = ਦੀ ਜੋਤ ਸਾਰੇ ਜਗ = ਸੰਸਾਰ ਵਿਚ ਏਕ ਰੂਪ = ਇਕ ਰਸ ਜਗਮਗਾਤ = ਪ੍ਰਕਾਸ਼ ਰਹੀ ਹੈ,

ਜਹਾਂ ਤਹਾਂ = ਜਿੱਥੇ ਕਿਤੇ ਵੀ ਜਾਨ = ਜਾਣੋ ਚਿਤ ਵਿਚ ਉਹ ਚੇਤਨ ਸਰੂਪ ਹੀ ਦੇਖੀਏ = ਦੇਖੀਦਾ ਹੈ ॥੧੬੦॥

## ੩. ਅਥ ਆਨੰਦ ਵਰਨਨੰ ॥

**ਕਬਿੱਤ ॥ ਦੇਖੈ ਸੂੰਘੈ ਸੁਨੈ ਖਾਇ ਚੰਦਨ ਤੁਚਾ ਲਗਾਇ;**
**ਬਰਨ ਬਨਾਇ ਨੀਕੈ ਜਾ ਕਰ ਲਗਤ ਹੈਂ ॥**

ਜਿਸ ਵਾਹਿਗੁਰੂ ਦੀ ਸੱਤਾ ਨਾਲ ਜੀਵ ਦੇਖੈ = ਦੇਖਦਾ, ਸੂੰਘੈ = ਸੁੰਘਦਾ, ਸੁਨੈ = ਸੁਣਦਾ, ਖਾਇ = ਖਾਂਦਾ ਹੈ ਅਤੇ ਤੁਚਾ = ਚਮੜੀ ਉੱਪਰ ਚੰਦਨ ਆਦਿ ਸੁਗੰਧਿਤ ਪਦਾਰਥ ਲਗਾਇ = ਲਗਾਉਂਦਾ ਹੈ; ਅਨੇਕਾਂ ਤਰ੍ਹਾਂ ਦੇ ਬਰਨ = ਰੰਗ ਬਨਾਇ = ਬਣਾਉਂਦਾ ਹੈ, ਇਹ ਵਸਤਾਂ ਜਿਸ ਕਰਕੇ ਨੀਕੈ = ਸੁੰਦਰ ਲਗਤ = ਲੱਗ ਰਹੀਆਂ ਹਨ।

## ਹਾਥਨ ਗ੍ਰਹਨ ਅਰੁ ਪਾਇਨ ਚਲਨ ਕਰੈ;
## ਸੋਈ ਹਿਯ ਧਰੈ ਜਾ ਕੇ ਸੁਖ ਮੈ ਪਗਤ ਹੈਂ॥

ਜਿਸ ਪਰਮਾਤਮਾ ਦੀ ਸੱਤਾ ਨਾਲ ਹੱਥਾਂ ਕਰਕੇ ਵਸਤੂ ਨੂੰ ਗ੍ਰਹਨ = ਪਕੜੀਦਾ ਹੈ ਅਰੁ = ਅਤੇ ਪਾਇਨ = ਪੈਰਾਂ ਕਰਕੇ ਚਲਨਾ ਕਰੀਦਾ ਹੈ।

ਸੋਈ = ਉਹੀ ਪਰਮਾਤਮਾ ਨੂੰ ਆਪਣੇ ਹਿਯ = ਹਿਰਦੇ ਵਿਚ ਧਰੈ = ਧਾਰਨ ਕਰੇ ਜਾ = ਜਿਸ ਕੇ = ਦੇ ਕਰਕੇ ਸੁੱਖਾਂ ਵਿਚ ਪਗਤ = ਪਾਈਦਾ ਹੈ।

## ਕਹੈ ਸੁਖਦੇਵ ਵਿਖੈ ਮਿਲੈਂ ਮਨ ਭਾਵਤੇ;
## ਤੌ ਸੁਖ ਸੋਂ ਲਗਤ ਪੀਛੈ ਮਾਨਹੁ ਠਗਤ ਹੈ॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਜਦੋਂ ਮਨ ਭਾਵਤੇ = ਮਨ ਨੂੰ ਭਾਉਂਦੇ ਵਿਖੈ = ਵਿਸ਼ੇ ਮਿਲੈ = ਮਿਲ ਜਾਂਦੇ ਹਨ ਤੌ = ਤਾਂ ਉਹ ਬਹੁਤ ਸੁਖ ਸਮਾਨ ਲੱਗਦੇ ਹਨ ਪੀਛੈ = ਮਗਰੋਂ ਉਹ ਵਿਸ਼ੇ ਠਗਤ = ਠੱਗ ਹੀ ਲੈਂਦੇ ਹਨ।

## ਆਨੰਦ ਸ੍ਵਰੂਪ ਬ੍ਰਹਮ ਆਨਦ ਆਖੰਡ ਯਾ ਤੈ;
## ਸੁਪਨੇ ਕੇ ਆਨੰਦ ਸੋਂ ਆਨਦ ਜਗਤ ਹੈ॥੧੬੧॥

ਇਸ ਲਈ ਅਨੰਦ ਸਰੂਪ ਬ੍ਰਹਮ ਹੀ ਹੈ ਯਾ = ਜਿਸ ਦਾ ਆਨੰਦ ਆਖੰਡ = ਕੱਟਣ ਤੋਂ ਰਹਿਤ ਅਚੱਲ ਹੈ, ਬਾਕੀ ਜਗਤ = ਸੰਸਾਰ ਦੇ ਪਦਾਰਥਾਂ ਦਾ ਅਨੰਦ ਸੁਪਨੇ ਕੇ = ਦੇ ਅਨੰਦ ਦੀ ਨਿਆਈਂ ਤੁਛ ਮਾਤ੍ਰ ਤੇ ਨਾਸ਼ਵਾਨ ਹੈ, ਭਾਵ ਸਭ ਤੋਂ ਅਧਿਕ ਪਰਮ ਪ੍ਰੀਤੀ ਦਾ ਵਿਸ਼ਾ ਹੀ ਅਨੰਦ ਹੈ, ਆਤਮਾ ਵਿਚ ਸਭ ਦੀ ਹੀ ਪਰਮ ਪ੍ਰੀਤੀ ਹੈ ਇਸ ਕਰਕੇ ਆਤਮਾ ਅਨੰਦ ਸਰੂਪ ਹੈ॥੧੬੧॥

## ੪. ਅਥ ਅਦਵਿਤੀਯ ਵਰਨਨੰ॥
## ਦੋਹਰਾ॥ ਏਕ ਆਤਮਾ ਵਸਤ ਹੈ; ਥਾਵਰ ਜੰਗਮ ਦੇਹ॥

ਹੇ ਸਿੱਖ! ਥਾਵਰ = ਜੜ੍ਹ ਤੇ ਜੰਗਮ = ਚੇਤਨ ਦੇਹਾਂ ਵਿਚ ਇਕ ਆਤਮਾ ਹੀ ਵਸਤ = ਵੱਸ ਰਿਹਾ ਹੈ।

## ਜੈਸੇ ਮਣਕੇ ਮਾਲ ਕੇ; ਏਕ ਸੂਤ ਗੁਨ ਲੇਹ॥੧੬੨॥

ਜੈਸੇ = ਜਿਸ ਪ੍ਰਕਾਰ ਸਾਰੀ ਮਾਲਾ ਦੇ ਮਣਕਿਆਂ ਵਿਚ ਇਕ ਹੀ ਸੂਤ = ਧਾਗਾ ਹੁੰਦਾ ਹੈ, ਤਿਵੇਂ ਸਭ ਸਰੀਰਾਂ ਵਿਚ ਇਕ ਹੀ ਆਤਮਾ ਨੂੰ ਗੁਨ = ਵਿਚਾਰ ਲੇਹ = ਲੈਣਾ ਕਰ ਅਰਥਾਤ ਦੂਸਰਾ ਨਾ ਹੋਣ ਕਰਕੇ ਆਤਮਾ ਨੂੰ ਅਦੁੱਤੀ ਕਿਹਾ ਹੈ॥੧੬੨॥

## ੫. ਅਥ ਅਖੰਡ ਵਰਨਨੰ॥
## ਸ੍ਵੈਯਾ॥ ਨਾਹਿਨ ਜਾ ਕੋ ਸਜਾਤਿ ਕੋਊ;
## ਅਰੁ ਦੂਸਰੀ ਜਾਤ ਨ ਕੋਊ ਕਹਾਵੈ॥

ਹੇ ਸਿੱਖ! ਜਾ = ਜਿਸ ਪਰਮਾਤਮਾ ਕੋ = ਦਾ ਕੋਊ = ਕੋਈ ਵੀ ਸਜਾਤਿ = ਸਜਾਤੀ (ਉਸੇ ਦੀ ਜਾਤ

ਦਾ) ਨਹੀਂ ਹੈ ਭਾਵ ਜਿਵੇਂ ਮਨੁੱਖਾਂ ਦੀ ਜਾਤੀ ਦਾ ਹੋਰ ਮਨੁੱਖ (ਖੱਤ੍ਰੀ, ਬ੍ਰਾਹਮਣ) ਆਦਿ ਹੁੰਦੇ ਹਨ ਤਿਵੇਂ ਬ੍ਰਹਮ ਦੇ ਸਮਾਨ ਹੋਰ ਕੋਈ ਬ੍ਰਹਮ ਨਹੀਂ ਹੈ।

ਅਰੁ = ਅਤੇ ਉਸਦੇ ਸਰੂਪ ਵਿਚ ਕੋਊ = ਕੋਈ ਦੂਜੀ ਜਾਤੀ (ਵਿਜਾਤੀ ਭੇਦ) ਵੀ ਨਹੀਂ ਹੈ ਅਰਥਾਤ ਜਿਵੇਂ ਕਿਸੇ ਬ੍ਰਾਹਮਣ ਦੇ ਪਾਸ ਸ਼ੂਦਰ ਹੋਵੇ ਉਹ ਦੂਜੀ ਜਾਤੀ ਦਾ ਹੋ ਗਿਆ, ਉਸਨੂੰ ਵਿਜਾਤੀ ਕਹਿੰਦੇ ਹਨ ਤਿਵੇਂ ਬ੍ਰਹਮ ਦੇ ਪਾਸ ਕੋਊ ਹੋਰ ਦੂਜੀ ਵੀ ਨਹੀਂ ਹੈ।

## ਆਪਹਿ ਮਾਂਝ ਨ ਭੇਦ ਕਛੂ; ਸ੍ਰੁਤਿ ਨਾਸਕਾ ਪਾਨ ਰੁ ਪਾਇ ਨ ਧਾਵੈ ॥

ਫੇਰ ਬ੍ਰਹਮ ਦੇ ਆਪਣੇ ਸਰੂਪ ਵਿਚ ਵੀ ਕਛੂ = ਕੋਈ ਭੇਦ = ਫ਼ਰਕ ਨਹੀਂ ਹੈ ਇਸ ਕਰਕੇ ਉਹ ਸ੍ਵੈਗਤ ਭੇਦ ਤੋਂ ਵੀ ਰਹਿਤ ਹੈ ਅਰਥਾਤ ਜਿਵੇਂ ਮਨੁੱਖ ਦੇ ਸਰੀਰ ਦੇ ਅੰਗਾਂ ਦਾ ਆਪੇ ਵਿਚ ਭੇਦ ਹੈ ਉਸਨੂੰ ਸ੍ਵੈਗਤ ਭੇਦ ਕਹਿੰਦੇ ਹਨ ਪਰ ਬ੍ਰਹਮ ਨਿਰਵੈਰ (ਅੰਗਾਂ ਤੋਂ ਰਹਿਤ) ਹੋਣੇ ਕਰਕੇ ਸ੍ਵੈਗਤ ਭੇਦ ਤੋਂ ਵੀ ਰਹਿਤ ਹੈ।

ਉਸ ਬ੍ਰਹਮ ਦੇ ਸ੍ਰੁਤਿ = ਕੰਨ, ਨਾਸਕਾ = ਨੱਕ, ਪਾਨ = ਹੱਥ ਰੁ = ਅਤੇ ਪਾਇ = ਪੈਰ ਨ = ਨਹੀਂ ਹੈ ਅਤੇ ਨਾ ਹੀ ਕਿਤੇ ਧਾਵੈ = ਦੌੜਦਾ ਜਾਂਦਾ ਹੈ ਭਾਵ ਅਚੱਲ ਸਰੂਪ ਹੈ।

## ਰੰਗ ਨ ਰੂਪ ਨ ਵੇਦ ਕਹੈਂ; ਮਨ ਇੰਦ੍ਰਨ ਸੋਂ ਸੁਨਿ ਕੈਸੈ ਹੂੰ ਪਾਵੈ ॥

ਵੇਦ ਇਹ ਗੱਲ ਕਹਿੰਦੇ ਹਨ ਕਿ ਉਸ ਬ੍ਰਹਮ ਦਾ ਨਾ ਕੋਈ ਰੰਗ ਹੈ ਅਤੇ ਨਾ ਹੀ ਕੋਈ ਰੂਪ ਹੈ ਫੇਰ ਮਨ ਆਦਿ ਇੰਦ੍ਰਿਆਂ ਸੋਂ = ਨਾਲ ਸੁਨਿ = ਸੁਣੋ, ਉਹ ਕੈਸੇ ਹੂੰ = ਕਿਸ ਪ੍ਰਕਾਰ ਪਾਵੈ = ਪਾਇਆ ਜਾਵੇ ਭਾਵ ਪਕੜ ਵਿਚ ਨਹੀਂ ਆ ਸਕਦਾ।

## ਚੇਤਨ ਏਕ ਅਖੰਡ ਸ੍ਵਰੂਪ; ਕਹੈ ਸੁਖ ਆਪ ਕੋ ਆਪ ਲਖਾਵੈ ॥੧੬੩॥

ਇਸ ਕਰਕੇ ਬ੍ਰਹਮ ਚੇਤਨ ਇਕ ਅਖੰਡ ਸਰੂਪ ਹੈ, ਕਵੀ ਸੁਖਦੇਵ ਜੀ ਕਥਨ ਕਰਦੇ ਹਨ ਉਹ ਆਪਣੇ ਆਪ ਨੂੰ ਆਪ ਹੀ ਲਖਾਵੈ = ਜਾਣਦਾ ਹੈ ॥੧੬੩॥

## ੬. ਅਥ ਅਚੱਲ ਵਰਨਨੰ ॥

## ਦੋਹਰਾ ॥ ਦੇਹ ਹੋਤ ਅਰੁ ਮਿਟਤ ਹੈ; ਤਾਂ ਤੇ ਚੰਚਲ ਜਾਨ ॥

ਹੇ ਸਿੱਖ! ਇਸ ਦੇਹ = ਸਰੀਰ ਦੀ ਉਤਪਤੀ ਹੋਤ = ਹੁੰਦੀ ਹੈ ਅਰੁ = ਅਤੇ ਇਹ ਮਿਟਤ = ਨਾਸ਼ ਹੋ ਜਾਂਦਾ ਹੈ, ਤਾਂ ਤੇ = ਤਿਸ ਕਰਕੇ ਇਸਨੂੰ ਚੰਚਲ = ਚਲਾਇਮਾਨ ਜਾਨ = ਜਾਨਣਾ ਕਰ।

## ਜਨਮ ਮ੍ਰਿਤੁ ਜਾ ਕੇ ਨਹੀ; ਆਤਮ ਅਚਲ ਬਖਾਨ ॥੧੬੪॥

ਪਰ ਜਾ = ਜਿਸ ਬ੍ਰਹਮ ਕੇ = ਦੇ ਵਿਚ ਜਨਮ ਅਤੇ ਮ੍ਰਿਤੁ = ਮੌਤ ਨਹੀਂ ਹੈ, ਉਸ ਆਤਮਾ ਨੂੰ ਅਚੱਲ ਬਖਾਨ = ਕਥਨ ਕੀਤਾ ਹੈ ॥੧੬੪॥

## ੭. ਅਥ ਅਨੰਤ ਵਰਨਨੰ ॥

## ਕਬਿੱਤ ॥ ਪ੍ਰਥਮਹਿ ਮਾਯਾ ਮੈਂ ਪ੍ਰਵਿਸ਼ਟ ਹ੍ਵੈ ਅਕਾਸ਼ ਵਾਯੂ ਤੇਜ ਨੀਰ ਪ੍ਰਿਥਵੀ ਮੈਂ ਬਯਾਪਕ ਗਨੰਤ ਹੈ ॥

ਸਭ ਤੋਂ ਪਹਿਲਾਂ ਪਰਮਾਤਮਾ ਨੇ ਮਾਯਾ ਵਿਚ ਪ੍ਰਵਿਸ਼ਟ = ਪ੍ਰਵੇਸ਼ ਹ੍ਵੈ = ਹੋ ਕਰਕੇ ਅਕਾਸ਼, ਵਾਯੂ = ਹਵਾ,

ਤੇਜ = ਅੱਗ, ਨੀਰ = ਪਾਣੀ, ਪ੍ਰਿਥਵੀ = ਧਰਤੀ ਵਿਚ ਆਪਣੇ ਆਪ ਨੂੰ ਵਿਆਪਕ ਗਨੰਤ = ਜਣਾਉਣਾ ਕੀਤਾ **ਵਾ:** ਇਨ੍ਹਾਂ ਵਿਚ ਉਹ ਬ੍ਰਹਮ ਹੀ ਵਿਆਪਕ ਗਨੰਤ = ਜਾਣੀਦਾ ਹੈ।

## ਥਿਰ ਚਰ ਜੀਵ ਜਿਤੇ ਜਗ ਮੈ ਜਗਮਗਾਤ;
## ਸਭ ਮੈਂ ਪ੍ਰਗਟ ਏਕ ਚੇਤਨ ਭਨੰਤ ਹੈ॥

ਥਿਰ = ਇਕ ਥਾਂ 'ਤੇ ਟਿਕੇ ਰਹਿਣ ਵਾਲੇ, ਚਰ = ਤੁਰਨ ਫਿਰਨ ਵਾਲੇ ਜਿਤੇ = ਜਿਤਨੇ ਵੀ ਜਗ = ਸੰਸਾਰ ਮੈ = ਵਿਚ ਜੀਵ ਜਗਮਗਾਤ = ਪ੍ਰਕਾਸ਼ਵਾਨ ਹੋ ਰਹੇ ਹਨ,

ਉਨ੍ਹਾਂ ਸਭ = ਸਾਰਿਆਂ ਦੇ ਮੈ = ਵਿਚ ਇਕ ਚੇਤਨ ਹੀ ਪ੍ਰਗਟ ਭਨੰਤ = ਕਥਨ ਕਰੀਦਾ ਹੈ।

## ਜੈਸੇ ਘਟ ਮਟ ਮੱਧ ਪਹਿਲੇ ਅਕਾਸ਼ ਥਿਰ;
## ਤੈਸੇ ਘਟ ਮਟ ਮੱਧ ਪਹਿਲੇ ਮਨੰਤ ਹੈ॥

ਜੈਸੇ = ਜਿਸ ਪ੍ਰਕਾਰ ਘਟ = ਘੜੇ ਵਿਚ, ਮਟ = ਮਕਾਨਾਂ (ਜੋਗੀਆਂ ਦੇ ਰਹਿਣ ਵਾਲੇ ਮਠਾਂ) ਮਧਿ = ਵਿਚ ਪਹਿਲਾਂ ਹੀ ਅਕਾਸ਼ ਥਿਰ = ਇਸਥਿਤ ਹੈ ਤੈਸੇ = ਤਿਵੇਂ ਘਟ = ਘੜੇ ਤੇ ਮਟ = ਮਕਾਨਾਂ ਦੇ ਮਧਿ = ਵਿਚ ਬ੍ਰਹਮ ਵੀ ਪਹਿਲਾਂ ਹੀ ਮਨੰਤ = ਮੰਨਿਆ ਜਾਂਦਾ ਹੈ।

## ਰੂਪ ਹੈ ਅਨੰਤ ਜਾਂ ਕੀ ਮਹਿਮਾ ਅਨੰਤ ਅਰੁ;
## ਆਦਿ ਹੈ ਨ ਅੰਤ ਤਾਂ ਤੇ ਆਤਮਾ ਅਨੰਤ ਹੈ॥੧੬੫॥

ਜਿਸ ਪ੍ਰਭੂ ਦਾ ਰੂਪ ਅਨੰਤ = ਬਿਅੰਤ ਹੈ, ਜਾਂ = ਜਿਸ ਪ੍ਰਭੂ ਕੀ = ਦੀ ਮਹਿਮਾ = ਵਡਿਆਈ ਵੀ ਅਨੰਤ = ਬਿਅੰਤ ਹੈ,

ਅਰੁ = ਅਤੇ ਜਿਸ ਦਾ ਆਦਿ ਅੰਤ ਹੀ ਨਹੀਂ ਹੈ ਭਾਵ ਨਾ ਸ਼ੁਰੂਆਤ ਦਾ ਪਤਾ ਲੱਗਦਾ ਹੈ ਨਾ ਹੀ ਅਖ਼ੀਰ ਦਾ ਪਤਾ ਲੱਗਦਾ ਹੈ ਤਾਂ ਤੇ = ਤਿਸ ਕਰਕੇ ਆਤਮਾ ਅਨੰਤ = ਬਿਅੰਤ ਹੀ ਹੈ॥੧੬੫॥

## ੮. ਅਥ ਸ੍ਵਯੰ ਪ੍ਰਕਾਸ਼ ਵਰਨਨੰ॥

## ਕਬਿਤ॥

## ਔਰ ਵਸਤੁ ਚਾਹੀਯੈ ਤੌਂ ਦੀਪਕ ਪ੍ਰਕਾਸ਼ਤ ਹੈ;
## ਦੀਪਕ ਕੇ ਚਾਹਬੇ ਕੋ ਦੀਪਕ ਨ ਚਾਹੀਏ॥

ਜੇਕਰ ਹਨੇਰੇ ਵਿਚ ਕਿਸੇ ਔਰ = ਹੋਰ ਵਸਤੁ = ਵਸਤੂ ਦੇ ਦੇਖਣ ਦੀ ਚਾਹੀਯੈ = ਇੱਛਾ ਕਰੀਏ ਤੌਂ = ਤਾਂ ਦੀਪਕ = ਦੀਵਾ ਪ੍ਰਕਾਸ਼ਤ = ਬਾਲਣਾ ਕਰੀਦਾ ਹੈ।

ਪਰ ਜੇਕਰ ਦੀਪਕ = ਦੀਵੇ ਦੀ ਇੱਛਾ ਹੋਵੇ ਤਾਂ ਦੀਪਕ = ਦੀਵਾ ਨਹੀਂ ਚਾਹੀਏ = ਚਾਹੀਦਾ।

## ਔਰ ਸਭ ਦੇਖਬੇ ਕੋ ਆਂਖ ਸੁਖਦੇਵ ਜੈਸੇ;
## ਆਖਨ ਕੇ ਦੇਖਬੇ ਕੋ ਕੌਨ ਅਵਿਗਾਹੀਏ॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਜਿਵੇਂ ਔਰ = ਹੋਰ ਸਭ ਕੁਝ ਦੇਖਣ ਵਾਸਤੇ ਅੱਖਾਂ ਹਨ,

ਪਰ ਆਪਣੀਆਂ ਆਂਖਨ = ਅੱਖਾਂ ਕੇ = ਦੇ ਦੇਖਬੇ = ਦੇਖਣ ਨੂੰ ਹੋਰ ਕੌਨ = ਕਿਹੜੇ ਨੇਤ੍ਰ ਅਵਿਗਾਹੀਏ = ਵਿਚਾਰਨਾ ਕਰੀਏ।

## ਰਵਿ ਕੋ ਪ੍ਰਕਾਸ਼ ਪਾਇ ਸਭ ਕੋ ਪ੍ਰਕਾਸ਼ ਹੋਤ;
## ਰਵਿ ਮੈਂ ਪ੍ਰਕਾਸ਼ ਜੈਸੇ ਸਵਤੇ ਹੀ ਸਰਾਹੀਏ॥

ਜਿਸ ਪ੍ਰਕਾਰ ਰਵਿ = ਸੂਰਜ ਕੋ = ਦਾ ਪ੍ਰਕਾਸ਼ = ਚਾਨਣਾ ਪਾਇ = ਪਾ ਕੇ ਸਭ = ਸਾਰਿਆਂ ਕੋ = ਨੂੰ ਪ੍ਰਕਾਸ਼ = ਚਾਨਣਾ ਹੋਤ = ਹੋ ਜਾਂਦਾ ਹੈ। ਫੇਰ ਰਵਿ = ਸੂਰਜ ਮੈ = ਵਿਚ ਪ੍ਰਕਾਸ਼ = ਚਾਨਣਾ ਜੈਸੇ = ਜਿਵੇਂ ਸਵਤੇ = ਸੁਤੇ-ਸਿਧ ਹੀ ਸਰਾਹੀਏ = ਸਲਾਹੁਣਾ ਕਰੀਦਾ ਹੈ।

## ਅਗਨਿ ਮੈ ਦਾਹਕ ਸ਼ਕਤਿ ਜੈਸੇ ਆਗ ਹੀ ਤੇ;
## ਤੈਸੇ ਸ੍ਵਯੰ ਪ੍ਰਕਾਸ਼ ਏਕ ਆਤਮਾ ਬਤਾਈਏ॥੧੬੬॥

ਜੈਸੇ = ਜਿਸ ਪ੍ਰਕਾਰ ਅਗਨਿ = ਅੱਗ ਦੇ ਮੈ = ਵਿਚ ਦਾਹਕ = ਸਾੜਨ ਦੀ ਸ਼ਕਤਿ = ਸ਼ਕਤੀ ਆਗ = ਅੱਗ ਤੇ = ਤੋਂ ਹੀ ਪ੍ਰਗਟ ਹੁੰਦੀ ਹੈ।

ਤੈਸੇ = ਤਿਵੇਂ ਹੀ ਇਕ ਆਤਮਾ ਨੂੰ ਸ੍ਵਯੰ = ਆਪਣੇ ਆਪ ਤੋਂ ਹੀ ਪ੍ਰਕਾਸ਼ਵਾਨ ਬਤਾਈਏ = ਦੱਸੀਦਾ ਹੈ॥੧੬੬॥

## ੯. ਅਥ ਕੂਟਸਥ ਵਰਨਨੰ॥

## ਦੋਹਰਾ॥ ਜਾ ਕੇ ਨਾਹਿ ਵਿਕਾਰ ਕਛੁ; ਰਹਤ ਕੂਟਵਤ ਨਿੱਤ॥

ਹੇ ਸਿੱਖ! ਜਾ = ਜਿਸ ਪਰਮਾਤਮਾ ਕੇ = ਦੇ ਵਿਚ ਕਛੁ = ਕੁਝ ਵੀ ਵਿਕਾਰ = ਦੋਸ਼, ਤਬਦੀਲੀ ਨਾਹਿ = ਨਹੀਂ ਹੈ, ਜੋ ਕੂਟ = ਪਹਾੜ, ਅਹਿਰਣ ਵਤ = ਵਾਂਗ ਨਿਤ = ਨਿਤਾਪ੍ਰਤੀ ਅਚੱਲ, ਅਹਿੱਲ ਰਹਤ = ਰਹਿੰਦਾ ਹੈ।

## ਸੋ ਕੂਟਸਥ ਕਹਾਵਈ; ਸਮਝ ਦੇਖ ਸਿਖ ਚਿੱਤ॥੧੬੭॥

ਸੋ = ਉਹੋ ਹੀ ਕੂਟਸਥ ਕਹਾਵਈ = ਅਖਵਾਉਂਦਾ ਹੈ, ਹੇ ਸਿੱਖ! ਇਹ ਸਾਡੀ ਵਿਚਾਰ ਤੂੰ ਆਪਣੇ ਚਿਤ ਵਿਚ ਸਮਝ ਕੇ ਦੇਖਣਾ ਕਰ। ਅਰਥਾਤ ਕੂਟ ਨਾਮ ਪਹਾੜ ਜਾਂ ਲੋਹਾਰ ਦੀ ਅਹਿਰਣ ਦਾ ਹੈ। ਉਸਦੇ ਵਾਂਗ ਜੋ ਨਿਰਵਿਕਾਰ, ਅਚੱਲ ਰੂਪ ਵਿਚ ਇਸਥਿਤ ਹੋਵੇ, ਉਸਨੂੰ ਕੂਟਸਥ ਕਹਿੰਦੇ ਹਨ॥੧੬੭॥

## ੧੦. ਅਥ ਅਜ ਵਰਨਨੰ॥

## ਦੋਹਰਾ॥ ਘਟ ਕੋ ਕਾਰਨ ਮਿਰਤਕਾ; ਬ੍ਰਹਮ ਜਗਤ ਕੋ ਜਾਨ॥

ਹੇ ਸਿੱਖ! ਜਿਸ ਪ੍ਰਕਾਰ ਘਟ = ਘੜੇ ਕੋ = ਦਾ ਕਾਰਨ ਮਿਰਤਕਾ = ਮਿੱਟੀ ਹੈ, ਤਿਵੇਂ ਜਗਤ = ਸੰਸਾਰ ਕੋ = ਦਾ ਕਾਰਨ ਬ੍ਰਹਮ ਨੂੰ ਜਾਨ = ਜਾਨਣਾ ਕਰ।

## ਆਦਿ ਰਹਿਤ ਕਾਰਨ ਰਹਿਤ; ਅਜ ਕਰ ਤਾਹਿ ਬਖਾਨ॥੧੬੮॥

ਜੋ ਬ੍ਰਹਮ ਆਦਿ = ਮੁੱਢ ਤੋਂ ਰਹਿਤ ਅਤੇ ਕਾਰਨ ਤੋਂ ਰਹਿਤ ਹੈ ਭਾਵ ਜਿਵੇਂ ਘੜੇ ਦਾ ਉਪਾਦਾਨ

ਕਾਰਨ ਤਾਂ ਮਿੱਟੀ ਹੈ ਅਤੇ ਨਮਿੱਤ ਕਾਰਨ ਘੁਮਿਆਰ, ਡੰਡਾ, ਚੱਕ ਆਦਿ ਹਨ; ਪਰ ਬ੍ਰਹਮ ਦਾ ਕੋਈ ਕਾਰਨ ਨਹੀਂ ਹੈ ਇਸੇ ਕਰਕੇ ਤਾਹਿ = ਉਸ ਬ੍ਰਹਮ ਨੂੰ ਅਜ = ਅਜਨਮਾ ਕਰਕੇ ਬਖਾਨ = ਕਥਨ ਕੀਤਾ ਜਾਂਦਾ ਹੈ ॥੧੬੮॥

## ੧੧. ਅਥ ਅਕ੍ਰਿਯ ਵਰਨਨੰ ॥

### ਦੋਹਰਾ ॥ ਆਤਮ ਹੈ ਅਕ੍ਰਿਯ ਸਦਾ; ਦੇਹ ਕ੍ਰਿਯ ਵਹੁ ਰੂਪ ॥

ਹੇ ਸਿੱਖ ! ਆਤਮਾ ਸਦਾ = ਹਮੇਸ਼ਾਂ ਅਕ੍ਰਿਯ = ਕਿਰਿਆ ਤੋਂ ਰਹਿਤ ਹੈ ਅਤੇ ਦੇਹ = ਸਰੀਰ ਦੀ ਕਿਰਿਆ ਬਹੁਤ ਰੂਪ = ਪ੍ਰਕਾਰ ਦੀ ਹੈ।

### ਜੈਸੇ ਦੀਪ ਪ੍ਰਕਾਸ਼ ਤੇ; ਖੇਲਤ ਜੁਆਰੀ ਜੂਪ ॥੧੬੯॥

ਜੈਸੇ = ਜਿਸ ਪ੍ਰਕਾਰ ਦੀਪ = ਦੀਵੇ ਦੇ ਪ੍ਰਕਾਸ਼ = ਚਾਨਣ ਕਰਕੇ ਜੁਆਰੀ = ਜੂਏਬਾਜ਼ ਲੋਕ ਜੂਪ = ਜੂਆ ਖੇਲਤ = ਖੇਡਦੇ ਹਨ, ਤਿਵੇਂ ਹੀ ਆਤਮਾ ਦਾ ਪ੍ਰਕਾਸ਼ ਪਾ ਕੇ ਸਰੀਰ ਦੀਆਂ ਇੰਦ੍ਰੀਆਂ ਆਪੋ-ਆਪਣੀ ਕਿਰਿਆ ਕਰਦੀਆਂ ਹਨ ॥੧੬੯॥

### ਦੋਹਰਾ ॥ ਵਿਖਯ ਬੁਧਿ ਪਾਤ੍ਰ ਨੱਚੈ; ਅਹੰਕਾਰ ਢਿਗ ਭੂਪ ॥

ਵਿਖਯ = ਵਿਸ਼ਿਆਂ ਨੂੰ ਗ੍ਰਹਿਣ ਕਰਨ ਵਾਲੀ ਬੁਧਿ = ਬੁੱਧੀ ਪਾਤ੍ਰ = ਕਲਾਕਾਰ ਭਾਵ ਵੇਸ਼ਵਾ ਨਚੈ = ਨੱਚ ਰਹੀ ਹੈ **ਵਾ:** ਵਿਸ਼ੇ ਅਤੇ ਬੁੱਧੀ ਇਹ ਪਾਤ੍ਰ = ਕਲਾਕਾਰ ਨੱਚ ਰਹੇ ਹਨ ਅਤੇ ਢਿਗ = ਕੋਲ ਹੀ ਅਹੰਕਾਰ ਰੂਪੀ ਭੂਪ = ਰਾਜਾ ਬੈਠਾ ਹੋਇਆ ਹੈ।

### ਇੰਦ੍ਰੀ ਤਾਲ ਮ੍ਰਿਦੰਗ ਯੁਤ; ਆਤਮ ਦੀਪਕ ਰੂਪ ॥੧੭੦॥

ਦਸੇ ਇੰਦ੍ਰੀਆਂ ਤਾਲ = ਕੈਂਸੀਆਂ ਤੇ ਮ੍ਰਿਦੰਗ = ਢੋਲਕੀਆਂ ਦੇ ਯੁਤ = ਸਹਿਤ ਹਨ ਅਤੇ ਸਭ ਦਾ ਪ੍ਰਕਾਸ਼ਕ ਆਤਮਾ ਦੀਪਕ = ਦੀਵੇ ਦੀ ਨਿਆਈਂ ਚਾਨਣ ਕਰ ਰਿਹਾ ਹੈ ਇਸ ਕਰਕੇ ਆਤਮਾ ਵਿਚ ਕੋਈ ਕਿਰਿਆ ਨਹੀਂ ਹੈ ॥੧੭੦॥

## ੧੨. ਅਥ ਬ੍ਰਹਮ ਵਰਨਨੰ ॥

### ਕਬਿਤ ॥ ਸੇਸ ਕੇ ਸਹੰਸਰ ਮੁਖ ਜੀਭ ਦ੍ਵੈ ਸਹੰਸ੍ਰ; ਤਾਂ ਤੇ ਨਏ ਨਏ ਨਾਮ ਨਿਤ ਲੇਤ ਰਹੀਯਤ ਹੈ ॥

ਜਿਵੇਂ ਸੇਸ = ਸ਼ੇਸ਼ਨਾਗ ਕੇ = ਦੇ ਸਹੰਸ੍ਰ = ਹਜ਼ਾਰ ਮੁੱਖ ਅਤੇ ਜੀਭ = ਜ਼ੁਬਾਨਾਂ ਦ੍ਵੈ = ਦੋ ਸਹੰਸ੍ਰ = ਹਜ਼ਾਰ ਮੰਨੀਆਂ ਹਨ,

ਤਾਂ ਤੇ = ਉਨ੍ਹਾਂ ਜ਼ੁਬਾਨਾਂ ਤੋਂ ਨਿਤ = ਨਿਤਾਪ੍ਰਤੀ ਉਹ ਪਰਮਾਤਮਾ ਦੇ ਨਵੇਂ ਨਵੇਂ ਨਾਮ ਲੇਤ = ਲੈਂਦਾ, ਜਪਦਾ ਰਹੀਯਤ = ਰਹਿੰਦਾ ਹੈ।

### ਏਕ ਹੈ ਬ੍ਰਹਮੰਡ ਤਾਂ ਕੋ ਪਾਵਤ ਨ ਪਾਰ ਕੋਊ; ਐਸੇ ਐਸੇ ਕੋਟਿ ਕੋਟਿ ਰੋਮ ਲਹੀਯਤ ਹੈ ॥

ਦੇਖੋ ! ਇੱਕ ਹੀ ਇਹ ਬ੍ਰਹਮੰਡ ਹੈ ਤਾ = ਉਸ ਕੋ = ਦਾ ਵੀ ਕੋਊ = ਕੋਈ ਪਾਰ ਨਹੀਂ ਪਾਵਤ = ਪਾ

ਸਕਦਾ, ਐਸੇ ਐਸੇ = ਇਹੋ ਇਹੋ ਜਿਹੇ ਕੋਟਿ ਕੋਟਿ = ਕਰੋੜਾਂ ਕਰੋੜਾਂ ਬ੍ਰਹਮੰਡ = ਉਸ ਬ੍ਰਹਮ ਦੇ ਰੋਮ ਰੋਮ ਵਿਚ ਲਹੀਯਤ = ਜਾਣੀਦੇ ਹਨ।

## ਕਹੈ ਸੁਖਦੇਵ ਏਕ ਅਦ੍ਵੈ ਪੁਰਖ ਜਾ ਸੋਂ; ਨੇਤ ਨੇਤ ਕਹੈਂ ਨ ਪ੍ਰਮਾਨ ਗਹੀਯਤ ਹੈ॥

ਸੁਖਦੇਵ ਕਵੀ ਜੀ ਕਥਨ ਕਰਦੇ ਹਨ, ਕਿ ਉਹ ਇਕ ਬ੍ਰਹਮ ਹੀ ਅਦ੍ਵੈ = ਦੂਜੇਪਣ ਤੋਂ ਰਹਿਤ ਪੁਰਖ ਹੈ, ਜਾ = ਜਿਸ ਬ੍ਰਹਮ ਦੇ ਸੋਂ = ਤਾਈਂ ਵੇਦ ਵੀ ਨੇਤਿ ਨੇਤਿ = ਬਿਅੰਤ ਬਿਅੰਤ ਕਹੈਂ = ਆਖਦੇ ਹਨ ਪਰ ਉਸ ਬ੍ਰਹਮ ਦੀ ਪ੍ਰਮਾਨ = ਮਿਣਤੀ ਨਹੀਂ ਗਹੀਯਤ = ਪਕੜੀ ਜਾਂਦੀ **ਵਾ:** ਨਾ ਹੀ ਉਸ ਦੀ ਸਦਰਸ਼ਤਾ ਦਾ ਹੋਰ ਕੋਈ ਪ੍ਰਮਾਣ ਹੀ ਗ੍ਰਹਣ ਕਰੀਦਾ ਹੈ।

## ਸਤ ਚਿਤ ਆਨਦ ਸ੍ਵਰੂਪ ਅਬਿਨਾਸ਼ੀ; ਪਰਿਪੂਰਨ ਪ੍ਰਗਟ ਪਾਰਬ੍ਰਹਮ ਕਹੀਯਤ ਹੈ॥੧੭੧॥

ਹੇ ਸਿੱਖ! ਉਹ ਪਾਰਬ੍ਰਹਮ = ਪਰਮਾਤਮਾ ਨੂੰ ਸਤ = ਸੱਚ ਸਰੂਪ ਚਿਤ = ਚੇਤਨ, ਅਨੰਦ ਸਰੂਪ, ਅਬਿਨਾਸੀ = ਨਾਸ਼ ਤੋਂ ਰਹਿਤ, ਪਰਿਪੂਰਨ = ਲਬਾਲਬ ਭਰਿਆ ਹੋਇਆ, ਪ੍ਰਗਟ ਹੀ ਕਹੀਯਤ = ਆਖੀਦਾ ਹੈ। ਭਾਵ ਬ੍ਰਹਮ ਨਾਮ ਵਿਆਪਕ ਦਾ ਹੈ, ਜਿਸ ਦਾ ਦੇਸ ਭੇਦ ਕਰਕੇ ਅੰਤ ਨਾ ਹੋਵੇ ਉਸਨੂੰ ਵਿਆਪਕ ਆਖਦੇ ਹਨ, ਜੇਕਰ ਆਤਮਾ ਬ੍ਰਹਮ ਤੋਂ ਭਿੰਨ ਹੋਵੇ ਤਾਂ ਦੇਸ਼ ਭੇਦ ਕਰਕੇ ਅੰਤ ਵਾਲਾ ਹੋਵੇਗਾ, ਜਿਸਦਾ ਦੇਸ਼ ਭੇਦ ਕਰਕੇ ਅੰਤ ਹੈ ਉਸਦਾ ਕਾਲ (ਸਮੇਂ) ਕਰਕੇ ਵੀ ਅੰਤ ਹੋਵੇਗਾ ਇਹ ਨਿਯਮ ਹੈ। ਫੇਰ ਜਿਸਦਾ ਦੇਸ਼ ਕਾਲ ਕਰਕੇ ਅੰਤ ਹੋਵੇ ਉਸਨੂੰ ਅਨਿੱਤ ਕਹਿੰਦੇ ਹਨ ਤਿਸ ਕਰਕੇ ਆਤਮਾ ਅਨਿੱਤ ਹੋਵੇਗਾ। ਇਸ ਲਈ ਆਤਮਾ ਬ੍ਰਹਮ ਤੋਂ ਭਿੰਨ ਨਹੀਂ ਹੈ ਅਤੇ ਜੇਕਰ ਬ੍ਰਹਮ ਨੂੰ ਆਤਮਾ ਤੋਂ ਭਿੰਨ ਮੰਨਾਂਗੇ ਤਾਂ ਫਿਰ ਬ੍ਰਹਮ ਵੀ ਅਨਾਤਮਾ ਹੋਵੇਗਾ, ਜਿਵੇਂ ਅਨਾਤਮਾ ਪਦਾਰਥ ਘੱਟ ਆਦਿ ਜੜ੍ਹ ਹਨ ਤਿਵੇਂ ਫਿਰ ਬ੍ਰਹਮ ਨੂੰ ਵੀ ਆਤਮਾ ਤੋਂ ਭਿੰਨ ਹੋਣ ਕਰਕੇ ਜੜ੍ਹ ਮੰਨਣਾ ਪਵੇਗਾ। ਇਸ ਲਈ ਆਤਮਾ ਤੋਂ ਬ੍ਰਹਮ ਭਿੰਨ ਨਹੀਂ ਹੈ ਬਲਕਿ ਬ੍ਰਹਮ ਰੂਪ ਆਤਮਾ ਹੈ॥੧੭੧॥

## ਦੋਹਰਾ॥ ਏ ਦ੍ਵਾਦਸ ਵਿਸਥਾਰ ਸੋਂ; ਕਹੇ ਵਿਸੇਖਨ ਚਾਰ॥

ਹੇ ਸਿੱਖ! ਏ = ਇਹ ਬ੍ਰਹਮ ਦੇ ਬੜੇ ਚਾਰ = ਸੁੰਦਰ ਦ੍ਵਾਦਸ = ਬਾਰਾਂ ਵਿਸ਼ੇਸ਼ਣ ਤੇਰੇ ਤਾਈਂ ਵਿਸਥਾਰ = ਖੋਲ੍ਹ ਕਰਕੇ ਕਹੇ = ਕਥਨ ਕੀਤੇ ਹਨ।

## ਐਸੇ ਜਾਨੋ ਆਪ ਕੋ; ਇਹੈ ਵੇਦ ਕੋ ਸਾਰ॥੧੭੨॥

ਹੇ ਸਿੱਖ! ਐਸੇ = ਇਸ ਪ੍ਰਕਾਰ ਹੀ ਆਪ = ਆਪਣੇ ਆਪ ਕੋ = ਨੂੰ ਤੂੰ ਜਾਨੋ = ਜਾਨਣਾ ਕਰ, ਇਹੈ = ਇਹੋ ਹੀ ਵੇਦਾਂ ਕੋ = ਦਾ ਸਾਰ = ਸਿਧਾਂਤ ਹੈ॥੧੭੨॥

## ਸਿਖਯੋ ਵਾਚ॥

## ਦੋਹਰਾ॥ ਨਜਾਰੇ ਨਜਾਰੇ ਸਭ ਕਹੇ; ਬਲ ਵਿਕ੍ਰਮ ਅਰੁ ਨਾਮ॥

ਹੇ ਗੁਰੂ ਜੀ! ਆਪ ਜੀ ਨੇ ਪਰਮਾਤਮਾ ਦੇ ਬਲ, ਵਿਕ੍ਰਮ = ਪੁਰਸ਼ਾਰਥ, ਉੱਦਮ ਅਰੁ = ਅਤੇ ਨਾਮ ਨੂੰ ਨਜਾਰੇ ਨਜਾਰੇ = ਵੱਖ ਵੱਖ ਸਭ = ਸਾਰਾ ਕਹੇ = ਕਹਿਣਾ ਕੀਤਾ ਹੈ।

## ਰੂਪ ਕਹਾਂ ਹੈ ਬ੍ਰਹਮ ਕੋ; ਲਹੋਂ ਗ੍ਯਾਨ ਕੋ ਧਾਮ ॥੧੭੩॥

ਪਰ ਆਪ ਜੀ ਇਹ ਦੱਸਣਾ ਕਰੋ ਕਿ ਬ੍ਰਹਮ ਕੋ = ਦਾ ਰੂਪ ਕਹਾ = ਕਿੱਥੇ, ਕੀ ਹੈ ? ਜਿਸ ਗਿਆਨ ਕੋ = ਨੂੰ ਜਾਣ ਕੇ ਮੈਂ ਬ੍ਰਹਮ ਸਰੂਪ ਦੇ ਧਾਮ = ਘਰ ਨੂੰ ਲਹੋਂ = ਪ੍ਰਾਪਤ ਕਰ ਲਵਾਂ **ਵਾ:** ਗਿਆਨ ਦੇ ਘਰ ਬ੍ਰਹਮ ਨੂੰ ਪ੍ਰਾਪਤ ਕਰ ਲਵਾਂ ॥੧੭੩॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਅਪਰਮਾਨ ਅਦ੍ਵੈਤ ਹੈ; ਅਰੁ ਚੈਤੰਨ੍ਯ ਸੁਭਾਇ ॥

ਹੇ ਸਿੱਖ ! ਉਹ ਪਰਮਾਤਮਾ ਅਪ੍ਰਮਾਨ = ਪ੍ਰਮਾਣ ਤੋਂ ਰਹਿਤ ਭਾਵ ਕਿਸੇ ਪ੍ਰਮਾਣ ਦਾ ਵਿਸ਼ਾ ਨਹੀਂ ਹੈ, ਅਦ੍ਵੈਤ = ਦੈਸ਼ (ਈਰਖਾ) ਤੋਂ ਰਹਿਤ ਅਰੁ = ਅਤੇ ਉਹ ਚੇਤਨ ਸੁਭਾਇ = ਸੁਭਾਅ ਵਾਲਾ ਹੈ ਭਾਵ ਉਸਦਾ ਸੁਭਾਅ ਹੀ ਚੇਤਨ ਹੈ।

## ਮਨ ਇੰਦ੍ਰੀ ਗਹੁ ਸਕਤਿ ਨਹਿੰ; ਕ੍ਯੋਂ ਕਰ ਵਰਨ੍ਯੋ ਜਾਇ ॥੧੭੪॥

ਮਨ ਅਤੇ ਇੰਦ੍ਰੀਆਂ ਉਸਨੂੰ ਗਹੁ = ਗ੍ਰਹਿਣ ਨਹੀਂ ਕਰ ਸਕਦੀਆਂ, ਫੇਰ ਉਹ ਕ੍ਯੋਂ = ਕਿਵੇਂ ਕਰਿ = ਕਰਕੇ ਵਰਨ੍ਯੋ = ਵਰਣਨ ਕੀਤਾ ਜਾਇ = ਜਾ ਸਕਦਾ ਹੈ ॥੧੭੪॥

## ਕਬਿੱਤ ॥ ਕਾਨਨ ਕੋ ਨਾਦ ਨਾਹੀ; ਜੀਭ ਕੋ ਸ੍ਵਾਦ ਨਾਹੀ;
## ਵਚਨ ਕੋ ਬਾਦ ਨਾਹੀ ਜੁਗਤਿ ਸੋਂ ਜੋ ਕਹੈ ॥

ਹੇ ਸਿੱਖ ! ਉਹ ਬ੍ਰਹਮ ਕਾਨਨ = ਕੰਨਾਂ ਦਾ ਨਾਦ = ਸ਼ਬਦ ਨਹੀਂ ਹੈ ਜੋ ਕੰਨਾਂ ਦੁਆਰਾ ਸੁਣਿਆ ਜਾ ਸਕੇ, ਜੀਭ = ਰਸਨਾ ਕੋ = ਦਾ ਸ੍ਵਾਦ ਰੂਪ ਨਹੀਂ ਹੈ ਜੋ ਚੱਖਿਆ ਜਾ ਸਕੇ, ਵਚਨ = ਬਚਨਾ (ਬਾਣੀ) ਕੋ = ਦਾ ਬਾਦ = ਬੋਲਣਾ, ਕਥਨ ਨਹੀਂ ਹੈ, ਜੋ ਜੁਗਤਿ = ਜੁਗਤੀਆਂ ਦੇ ਨਾਲ ਕਹੈ = ਕਿਹਾ ਜਾਏ।

## ਆਂਖ ਕੋ ਦਿਖਾਉ ਨਾਂਹੀ ਨਾਕ ਕੋ ਸੁੰਘਾਉ ਨਾਹੀ;
## ਕਰ ਕੋ ਗਹਾਉ ਨਾਂਹੀ ਪਾਂਯ ਕੀ ਨ ਰੋਕ ਹੈ ॥

ਉਹ ਆਂਖ = ਅੱਖਾਂ ਦੁਆਰਾ ਦਿਖਾਉ = ਦਿਸਣ ਵਾਲਾ ਨਹੀਂ ਹੈ, ਨਾਕ = ਨੱਕ ਦੁਆਰਾ ਸੁੰਘਾਉ = ਸੁੰਘਣ ਵਾਲੀ ਵਸਤੂ ਨਹੀਂ ਹੈ।

ਕਰ = ਹੱਥਾਂ ਕਰਕੇ ਗਹਾਉ = ਗ੍ਰਹਿਣ, ਪਕੜਿਆ ਨਹੀਂ ਜਾ ਸਕਦਾ, ਪੈਰਾਂ ਦਾ ਵੀ ਵਿਸ਼ਾ ਨਹੀਂ ਹੈ ਜੋ ਚੱਲ ਕੇ ਰੋਕਿਆ ਜਾ ਸਕੇ।

## ਮਨ ਕਰ ਗਯਾਨ ਨਾਂਹੀ ਬੁਧਿ ਅਨੁਮਾਨ ਨਾਹੀ;
## ਦੂਸਰੋ ਪ੍ਰਮਾਨ ਨਾਹੀ ਪ੍ਰਗਟ ਐਸੋ ਕੋ ਕਹੈ ॥

ਹੇ ਸਿੱਖ ! ਉਹ ਬ੍ਰਹਮ ਮਨ ਦਾ ਗਿਆਨ ਨਹੀਂ ਹੈ, ਜੋ ਮਨ ਕਰਕੇ ਮੰਨਿਆ ਜਾਵੇ; ਉਹ ਬੁਧਿ = ਬੁੱਧੀ ਦੁਆਰਾ ਅਨੁਮਾਨ ਰੂਪ ਨਹੀਂ ਹੈ ਜੋ ਬੁੱਧੀ ਦੇ ਅਨੁਮਾਨ ਦੁਆਰਾ ਜਾਣਿਆ ਜਾਵੇ,

ਫੇਰ ਦੂਸਰਾ ਕੋਈ ਪ੍ਰਮਾਣ ਹੀ ਨਹੀਂ ਹੈ ਜੋ ਪ੍ਰਗਟ ਕਰਕੇ ਕੋਈ ਕੀ ਕਹਿ ਸਕਦਾ ਹੈ ਕਿ ਬ੍ਰਹਮ ਐਸਾ ਹੈ ?

## ਅਸਤ ਪ੍ਰਪੰਚ, ਕੈਸੇ ਸਤ ਪਹਿਚਾਨੇ ਆਪ;
## ਆਪੇ ਸੁਖ ਜਾਨੇ ਦੂਜੋ ਮਾਨੇ ਬਿਨ ਕੋ ਕਹੈ ॥੧੭੫॥

ਇਹ ਪ੍ਰਪੰਚ = ਸੰਸਾਰ ਅਸਤ = ਝੂਠਾ, ਨਾਸ਼ਵਾਨ ਹੈ, ਫੇਰ ਕਿਵੇਂ ਆਪਣੇ ਸਤ ਰੂਪ ਨੂੰ ਪਹਿਚਾਨੇ = ਪਛਾਨਣਾ ਕਰੇ,

ਉਹ ਪਰਮਾਤਮਾ ਆਪਣੇ ਸੁਖ ਨੂੰ ਆਪ ਹੀ ਜਾਣਦਾ ਹੈ, ਦੂਜਾ ਜੋ ਸੰਸਾਰ ਹੈ, ਉਹ ਮੰਨੇ ਤੋਂ ਬਿਨਾਂ ਕੀ ਕਹਿਣਾ ਕਹੀਏ ॥੧੭੫॥

## ਦੋਹਰਾ ॥ ਏਕ ਬ੍ਰਹਮ ਅਦ੍ਵੈਤ ਯਹ; ਤਾਂ ਕੀ ਉਪਮਾ ਕੌਨ ॥

ਹੇ ਸਿੱਖ! ਇਹ ਏਕ = ਇਕ ਜੋ ਅਦ੍ਵੈਤ = ਦ੍ਵੈਸ਼, ਈਰਖਾ ਤੋਂ ਰਹਿਤ ਬ੍ਰਹਮ = ਪਰਮਾਤਮਾ ਹੈ ਤਾਂ = ਉਸਦੀ ਕੌਨ = ਕੀ ਉਪਮਾ = ਵਡਿਆਈ ਹੈ ਅਰਥਾਤ ਕੋਈ ਨਹੀਂ।

## ਬਿਨ ਉਪਮਾ ਸਮਝੇ ਨਹੀਂ; ਅਗਯ ਕਹਾਵੈ ਜੌਨ ॥੧੭੬॥

ਪਰ ਜੌਨ = ਜਿਹੜੇ ਅਗਯ = ਅਗਿਆਨੀ ਜੀਵ ਕਹਾਵੈ = ਅਖਵਾਉਂਦੇ ਹਨ, ਉਹ ਉਸ ਬ੍ਰਹਮ ਦੀ ਉਪਮਾ = ਵਡਿਆਈ ਕੀਤੇ ਤੋਂ ਬਿਨਾਂ ਸਮਝੈ = ਸਮਝ ਹੀ ਨਹੀਂ ਸਕਦੇ। ਇਸ ਲਈ ਉਸ ਬ੍ਰਹਮ ਦੀ ਉਪਮਾ ਕਹੀ ਜਾਂਦੀ ਹੈ ॥੧੭੬॥

## ਦੋਹਰਾ ॥
## ਜੋ ਲਖਯਨ ਆਕਾਸ਼ ਕੋ; ਵਹੀ ਬ੍ਰਹਮ ਕੋ ਦੇਖ ॥

ਹੇ ਸਿੱਖ! ਇਸ ਲਈ ਜੋ = ਜਿਹੜਾ ਲਖਯਨ = ਲੱਛਨ ਅਕਾਸ਼ ਕੋ = ਦਾ ਹੈ, ਵਹੀ = ਉਹੀ ਬ੍ਰਹਮ = ਪਰਮਾਤਮਾ ਕੋ = ਦਾ ਦੇਖ = ਵੇਖਣਾ ਕਰ।

## ਵਹ ਜੜ੍ਹ ਯਹ ਚੈਤਨਯ ਹੈ; ਯਹੈ ਭੇਦ ਜਿਯ ਪੇਖ ॥੧੭੭॥

ਪਰ ਵਹ = ਉਹ ਅਕਾਸ਼ ਜੜ੍ਹ ਹੈ ਅਤੇ ਯਹ = ਇਹ ਬ੍ਰਹਮ ਚੈਤਨ ਸਰੂਪ ਹੈ, ਯਹੈ = ਇਹੋ ਭੇਦ = ਫ਼ਰਕ ਆਪਣੇ ਜਿਯ = ਮਨ ਵਿਚ ਪੇਖ = ਵੇਖਣਾ ਕਰ ॥੧੭੭॥

## ਕਬਿੱਤ ॥
## ਬਯੋਮ ਹੀ ਮੈਂ ਸਾਤ ਰਸਾਤਲ ਔ ਸਾਤੋ ਲੋਕ;
## ਬਯੋਮ ਹੀ ਕੇ ਮਾਝ ਲੋਕਾਲੋਕ ਲੇਖੀਯਤ ਹੈ ॥

ਇਕ ਬਯੋਮ = ਅਕਾਸ਼ ਦੇ ਵਿਚ ਹੀ ਸਾਤ = ਸੱਤ ਰਸਾਤਲ = ਪਤਾਲ ਅਤੇ ਸਾਤੋ = ਸੱਤ ਲੋਕ ਹਨ ਅਤੇ ਬਯੋਮ = ਅਕਾਸ਼ ਦੇ ਸਾਂਝ = ਵਿਚ ਹੀ ਲੋਕਾਲੋਕ ਨਾਮਕ ਪਹਾੜ ਲੇਖੀਯਤ = ਜਾਣੀਦਾ ਹੈ।

ਲੋਕਾਲੋਕ = ਪੁਰਾਣਾਂ ਅਨੁਸਾਰ ਇਕ ਪਹਾੜ ਦਾ ਨਾਮ ਹੈ, ਜਿਸਨੇ ਸੱਤ ਸਮੁੰਦਰਾਂ ਨੂੰ ਸਾਰੀ ਪ੍ਰਿਥਵੀ ਦੇ ਸਮੇਤ ਘੇਰੇ ਵਿਚ ਰੱਖਿਆ ਹੋਇਆ ਹੈ, ਇਸਦੀ ਉਚਾਈ ਸਾਢੇ ਤੇਰਾਂ ਕਰੋੜ ਯੋਜਨ ਹੈ, ਵਿਸ਼ਨੂੰ ਪੁਰਾਣ ਅਨੁਸਾਰ ਦਸ ਹਜ਼ਾਰ ਯੋਜਨ ਉੱਚਾ ਮੰਨਿਆ ਹੈ।

## ਬਯੋਮ ਮੈਂ ਜਗਤ ਔਰ ਜਗਤ ਮੈਂ ਬਯੋਮ ਵਸੈ; ਘਟ ਮਟ ਮਾਝ ਅਰੁ ਨਯਾਰੋ ਪੇਖੀਯਤ ਹੈ॥

ਬਯੋਮ = ਅਕਾਸ਼ ਦੇ ਮੈ = ਵਿਚ ਹੀ ਸਾਰਾ ਜਗਤ = ਸੰਸਾਰ ਹੈ ਔਰ = ਅਤੇ ਸਾਰੇ ਜਗਤ = ਸੰਸਾਰ ਮੈ = ਵਿਚ ਬਯੋਮ = ਅਕਾਸ਼ ਵਸੈ = ਵੱਸ ਰਿਹਾ ਹੈ;

ਘਟ = ਘੜੇ ਅਤੇ ਮਟ = ਮਕਾਨਾਂ ਮਾਝ = ਵਿਚ ਵੱਸਦਾ ਹੋਇਆ ਵੀ ਹੋਰ ਨਯਾਰੋ = ਵੱਖਰਾ ਪੇਖੀਯਤ = ਵੇਖੀਦਾ ਹੈ।

## ਕਹੈ ਸੁਖਦੇਵ ਐਸੇ ਜੀਵ ਈਸ ਭੇਦ ਵਾ ਮੈ; ਜੈਸੇ ਘਟ ਮਟ ਭੇਦ ਅਵਿਰੇਖੀਯਤ ਹੈ॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਐਸੇ = ਇਸ ਪ੍ਰਕਾਰ ਹੀ ਵਾ = ਉਸ ਬ੍ਰਹਮ ਦੇ ਮੈ = ਵਿਚ ਜੀਵ ਤੇ ਈਸ਼ ਦਾ ਭੇਦ ਪਿਆ ਹੈ;

ਜੈਸੇ = ਜਿਸ ਪ੍ਰਕਾਰ ਘਟ = ਘੜੇ ਤੇ ਮਟ = ਮਕਾਨ ਦੇ ਭੇਦ ਕਰਕੇ ਅਕਾਸ਼ ਅਵਿਰੇਖੀਯਤ = ਦੇਖੀਦਾ ਹੈ।

## ਔਰ ਸਭ ਲਛਨ ਸਮਾਨ ਜਾਨੋ ਬਯੋਮ ਕੇ, ਪੈ ਬ੍ਰਹਮ ਮਾਹਿ ਚੇਤਨਤਾ ਸੋ ਵਿਸ਼ੇਖੀਯਤ ਹੈ॥੧੭੮॥

ਹੇ ਸਿੱਖ! ਹੋਰ ਸਭ = ਸਾਰੇ ਲੱਛਨ = ਚਿੰਨ੍ਹ ਬਯੋਮ = ਅਕਾਸ਼ ਕੇ = ਦੇ ਸਮਾਨ = ਬਰਾਬਰ ਹੀ ਜਾਨੋ = ਜਾਨਣਾ ਕਰ, ਪਰ

ਬ੍ਰਹਮ = ਪਰਮਾਤਮਾ ਮਾਹਿ = ਵਿਚ ਜੋ ਚੇਤਨਤਾ ਹੈ, ਸੋ = ਉਹ ਵਿਸੇਖੀਯਤ = ਵਿਸ਼ੇਸ਼ ਕਰਕੇ ਅਧਿਕ ਗੁਣ ਹੈ॥੧੭੮॥

## ਸਿਖਯੋ ਵਾਚ॥

## ਦੋਹਰਾ॥ ਕਹਯੋ ਪ੍ਰਪੰਚ ਅਸੱਤ ਅਰੁ ਸਤ ਬ੍ਰਹਮ ਸੋ ਏਕ॥

ਹੇ ਗੁਰੂ ਜੀ! ਆਪ ਜੀ ਨੇ ਇਸ ਪ੍ਰਪੰਚ = ਸੰਸਾਰ ਨੂੰ ਅਸੱਤ = ਝੂਠਾ ਨਾਸ਼ਵਾਨ ਕਹਯੋ = ਕਿਹਾ ਹੈ ਅਰੁ = ਅਤੇ ਬ੍ਰਹਮ ਨੂੰ ਏਕ = ਅਦੁੱਤੀ ਤੇ ਸਤ = ਸੱਚਾ ਕਥਨ ਕੀਤਾ ਹੈ।

## ਦੂਜੋ ਭਯੋ ਅਸੱਤ ਕਯੋਂ; ਰਹੀ ਏਕ ਕੀ ਟੇਕ॥੧੭੯॥

ਮੇਰਾ ਪ੍ਰਸ਼ਨ ਇਹ ਹੈ ਕਿ ਦੂਜੋ = ਦੂਸਰਾ ਪ੍ਰਪੰਚ ਅਸਤ = ਝੂਠਾ ਕਯੋਂ = ਕਿਵੇਂ ਭਯੋ = ਹੋ ਗਿਆ, ਜਦੋਂ ਇਕ ਹੀ ਬ੍ਰਹਮ ਦੀ ਟੇਕ = ਓਟ, ਸੱਤਾ ਇਸ ਸੰਸਾਰ ਵਿਚ ਰਹਿੰਦੀ ਹੈ॥੧੭੯॥

## ਸ੍ਰੀ ਗੁਰੋ ਵਾਚ॥

## ਦੋਹਰਾ॥ ਏਕੈ ਕੇਵਲ ਬ੍ਰਹਮ ਹੈ; ਭੇਦ ਪ੍ਰਤੀਤ ਨ ਜਾਨ॥

ਹੇ ਸਿੱਖ! ਇਹ ਨਿਸ਼ਚੇ ਕਰ ਕੇ ਕੇਵਲ = ਸਿਰਫ਼ ਇਕ ਬ੍ਰਹਮ ਹੀ ਸਭ ਪਾਸੇ ਹੈ, ਇਸ ਵਿਚ ਕੋਈ ਭੇਦ = ਫ਼ਰਕ ਪ੍ਰਤੀਤੀ ਮਾਤ੍ਰ ਵੀ ਨਾ ਜਾਨ = ਜਾਨਣਾ ਕਰ।

## ਨਿੱਤ ਅਨਿੱਤ ਵਿਵੇਕ ਕੈ; ਦੂਰ ਕਰਤ ਅਗਯਾਨ ॥੧੮੦॥

ਨਿੱਤ = ਸਦੀਵੀ ਰਹਿਣ ਵਾਲੇ ਤੇ ਅਨਿੱਤ = ਝੂਠੇ, ਨਾਸ਼ਵਾਨ ਪਦਾਰਥ ਦੀ ਵਿਵੇਕ = ਵਿਚਾਰ ਕਰਕੇ ਆਪਣੇ ਅਗਿਆਨ ਨੂੰ ਦੂਰ ਕਰਤ = ਕਰ ਲਈਦਾ ਹੈ ਅਰਥਾਤ ਤੂੰ ਵੀ ਸੱਚ ਨੂੰ ਗ੍ਰਹਿਣ ਕਰ ਤੇ ਅਸੱਤ ਨੂੰ ਤਿਆਗ ਕਰਕੇ ਅਗਿਆਨਤਾ ਦੂਰ ਕਰ ॥੧੮੦॥

## ਦੋਹਰਾ ॥ ਜੋ ਯਹ ਕਹਿਤੇ ਪ੍ਰਥਮ ਹੀ; ਦੇਹ ਆਤਮਾ ਏਕ ॥

ਹੇ ਸਿੱਖ ! ਜੋ = ਜੇਕਰ ਯਹ = ਇਹ ਤੈਨੂੰ ਪ੍ਰਥਮ = ਪਹਿਲਾਂ ਹੀ ਕਹਿਤੇ = ਆਖ ਦੇਂਦੇ ਕਿ ਦੇਹ ਅਤੇ ਆਤਮਾ ਏਕ = ਇੱਕੋ ਹੀ ਹੈ।

## ਤੌ ਆਤਮ ਨਹਿ ਜਾਨਤੋ; ਗਹਿ ਲੇਤੋ ਯਹ ਟੇਕ ॥੧੮੧॥

ਤੌਂ = ਤਦ ਤੂੰ ਆਪਣੀ ਆਤਮਾ ਨੂੰ ਨਹੀਂ ਜਾਨਤੋ = ਜਾਣ ਸਕਣਾ ਸੀ, ਯਹ = ਇਹੀ ਟੇਕ = ਭਰੋਸਾ ਤੂੰ ਗਹਿ = ਪਕੜ ਲੈਣਾ ਸੀ ਭਾਵ ਸਰੀਰ ਨੂੰ ਹੀ ਸਭ ਕੁਝ ਮੰਨ ਕੇ ਅਗਿਆਨਤਾ ਵਿਚ ਗ਼ਲਤਾਨ ਹੋ ਜਾਣਾ ਸੀ ॥੧੮੧॥

## ਦੋਹਰਾ ॥ ਦੇਹ ਆਤਮਾ ਭਿੰਨ ਕਰ; ਦੇਹ ਮਮੱਤ ਛੁਡਾਇ ॥

ਹੇ ਸਿੱਖ! ਇਸ ਨਾਲ ਆਪਣੀ ਦੇਹੀ ਅਤੇ ਆਤਮਾ ਨੂੰ ਭਿੰਨ = ਵੱਖਰਾ ਵੱਖਰਾ ਕਰ = ਕਰਕੇ ਦੇਹ = ਸਰੀਰ ਦੀ ਮਮੱਤ = ਮਮਤਾ ਛੁਡਾਇ = ਛੁਡਾ ਕਰਕੇ।

## ਭਯੋ ਆਤਮਾ ਆਪ ਜਬ; ਤਬ ਸਭ ਏਕੈ ਆਇ ॥੧੮੨॥

ਜਬ = ਜਦੋਂ ਤੂੰ ਆਪ ਹੀ ਆਪਣਾ ਆਤਮ ਸਰੂਪ ਹੋ ਗਿਆ, ਤਬ = ਤਦੋਂ ਤੈਨੂੰ ਸਭ = ਸਾਰਿਆਂ ਵਿਚ ਏਕੈ = ਇੱਕੋ ਪਰਮਾਤਮਾ ਹੀ ਦ੍ਰਿਸ਼ਟੀ ਵਿਚ ਆਇ = ਆਉਣ ਲੱਗ ਜਾਵੇਗਾ ॥੧੮੨॥

## ਅੜਿੱਲ ॥

## ਏਕ ਮੇਵ ਅਦ੍ਵੈਤ ਬ੍ਰਹਮ; ਕਹੈ ਯਹ ਬੇਦ ਹੈ ॥

ਏਕ ਮੇਵ = ਨਿਸ਼ਚੇ ਕਰਕੇ ਅਦ੍ਵੈਤ = ਦ੍ਵੈਤ ਰਹਿਤ ਬ੍ਰਹਮ ਹੈ, ਇਹ ਗੱਲ ਵੇਦ ਕਹੈ = ਕਹਿੰਦਾ ਹੈ।

## ਔਰ ਵਸਤੁ ਕਛੁ ਨਾਹਿ; ਨ ਭੇਦ ਅਭੇਦ ਹੈ ॥

ਔਰ = ਹੋਰ ਕਛੁ = ਕੁਝ ਵੀ ਵਸਤੂ ਨਹੀਂ ਹੈ ਨਾ ਭੇਦ = ਫ਼ਰਕ ਹੈ ਅਤੇ ਨਾ ਹੀ ਅਭੇਦ ਹੈ।

## ਯਹੈ ਵਾਦ ਅਦ੍ਵੈਤ ਸਿੱਧ ਕਰ ਹੀ ਗਹੈ ॥

ਯਹੈ = ਇਹੀ ਅਦ੍ਵੈਤਵਾਦ ਹੈ, ਇਸਨੂੰ ਸਿੱਧ ਕਰਕੇ ਗਹੈ = ਗ੍ਰਹਿਣ ਕਰ ਹੀ ਲਵੋ।

## ਹੋ ਜਾਨ ਆਪ ਕੋ ਆਪ; ਮੁਕਤਿ ਪਦ ਕੋ ਲਹੈ ॥੧੮੩॥

ਹੋ = ਹੇ ਭਾਈ ! ਇਸ ਪ੍ਰਕਾਰ ਆਪਣੇ ਆਪੇ ਨੂੰ ਜਾਨਿ = ਸਮਝ ਕਰਕੇ ਮੁਕਤਿ = ਮੁਕਤੀ ਦੀ ਪਦਵੀ ਨੂੰ ਪ੍ਰਾਪਤ ਕਰਨਾ ਕਰੋ ॥੧੮੩॥

## ਦੋਹਰਾ ॥

## ਜਗ ਕੋ ਕਾਰਨ ਬ੍ਰਹਮ ਹੈ; ਯਹ ਨਿਸਚਯ ਕਰ ਜੋਇ ॥

ਹੇ ਸਿੱਖ! ਇਸ ਜਗ = ਸੰਸਾਰ ਕੋ = ਦਾ ਕਾਰਨ = ਮੁੱਢ ਬ੍ਰਹਮ ਹੈ, ਯਹ = ਇਸ ਗੱਲ ਨੂੰ ਨਿਸਚੈ ਕਰ = ਕਰਕੇ ਜੋਇ = ਦੇਖਣਾ ਕਰ।

## ਭੂਲ ਨ ਮਨ ਮੈਂ ਲਿਆਈਯੇ; ਕਾਰਨ ਕਾਰਯ ਦੋਇ ॥੧੮੪॥

ਇਹ ਗੱਲ ਭੂਲਿ = ਭੁੱਲ ਕਰਕੇ ਵੀ ਆਪਣੇ ਮਨ ਵਿਚ ਨਾ ਲਿਆਈਯੇ = ਲਿਆਉਣਾ ਕਰੀਏ ਕਿ ਕਾਰਨ ਅਤੇ ਕਾਰਯ ਦੋਇ = ਦੋਵੇਂ ਵੱਖੋ ਵੱਖ ਹਨ ॥੧੮੪॥

## ਸਿਖਯੋ ਵਾਚ ॥

## ਦੋਹਰਾ ॥ ਕਾਰਨ ਤੋ ਦੁਇ ਭਾਂਤਿ ਕੋ; ਉਪਾਦਾਨ ਨਿਮਿਤ ॥

ਹੇ ਗੁਰੂ ਜੀ! ਕਾਰਨ ਤੋ = ਤਾਂ ਦੁਇ = ਦੋ ਭਾਂਤਿ = ਪ੍ਰਕਾਰ ਕੋ = ਦਾ ਹੁੰਦਾ ਹੈ, ਇਕ ਉਪਾਦਾਨ ਅਤੇ ਦੂਜਾ ਨਮਿਤ ਕਾਰਨ ਹੈ।

## ਕਹੀਯੇ ਤਾਂ ਮੈ ਕੌਨ ਹੈ; ਵਹ ਅਬਿਨਾਸ਼ੀ ਨਿੱਤ ॥੧੮੫॥

ਫੇਰ ਆਪ ਕਿਰਪਾ ਕਰਕੇ ਕਹੀਯੇ = ਦੱਸਣਾ ਕਰੋ ਕਿ ਤਾ = ਉਨ੍ਹਾਂ ਦੋਨਾਂ ਕਾਰਨਾਂ ਵਿਚ ਵਹ = ਉਹ ਨਿਤ ਅਬਿਨਾਸੀ = ਨਾਸ਼ ਰਹਿਤ ਪਰਮਾਤਮਾ ਸੰਸਾਰ ਦਾ ਕੌਨ = ਕਿਹੜਾ ਕਾਰਨ ਹੈ ॥੧੮੫॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਕਾਰਨ ਏਕੈ ਬ੍ਰਹਮ ਹੈ; ਦੁਹੂੰ ਭਾਂਤਿ ਸੋਂ ਮਾਨ ॥

ਹੇ ਸਿੱਖਾ! ਦੁਹੂੰ = ਦੋਵੇਂ ਭਾਂਤਿ = ਪ੍ਰਕਾਰ ਦਾ ਕਾਰਨ ਇਕ ਬ੍ਰਹਮ ਨੂੰ ਹੀ ਤੂੰ ਮਾਨ = ਮੰਨਣਾ ਕਰ।

## ਉਪਾਦਾਨ ਅਬ ਕਹਤ ਹੌਂ; ਬਹੁਰ ਨਿਮਿਤ ਬਖਾਨ ॥੧੮੬॥

ਅਬ = ਹੁਣ ਮੈਂ ਉਪਾਦਾਨ ਕਾਰਨ ਕਹਤ = ਕਹਿੰਦਾ ਹਾਂ, ਬਹੁਰ = ਮੁੜਕੇ ਨਮਿਤ ਕਾਰਨ ਬਖਾਨ = ਕਥਨ ਕਰਾਂਗਾ ॥੧੮੬॥

## ਕਬਿੱਤ ॥

## ਮਾਟੀ ਸੋਂ ਕਹਤ ਘਟ ਕਾਠ ਸੋਂ ਕਹਤ ਮਟ;
## ਸੂਤ ਸੋਂ ਕਹਤ ਪਟ ਪਾਟ ਪਟਿਆਨੇ ਤੇ ॥

ਮਾਟੀ = ਮਿੱਟੀ ਨੂੰ ਘਟ = ਘੜੇ ਦਾ ਉਪਾਦਾਨ ਕਹਤ = ਕਹਿੰਦੇ ਹਨ, ਕਾਠ = ਲੱਕੜ ਨੂੰ ਕਹਿੰਦੇ ਹਨ ਕਿ ਮਟ = ਮਕਾਨ ਦਾ ਉਪਾਦਾਨ ਕਾਰਨ ਹੈ,

ਸੂਤ = ਧਾਗੇ ਤੋਂ ਕਹਤ = ਕਹਿੰਦੇ ਹਨ ਕਿ ਪਟ = ਬਸਤਰ ਦਾ ਉਪਾਦਾਨ ਕਾਰਨ ਹੈ ਅਤੇ ਪਾਟ = ਰੇਸ਼ਮ ਦਾ ਉਪਾਦਾਨ ਕਾਰਨ ਪਟਿਆਨੇ = ਰੇਸ਼ਮ ਦੇ ਕੀੜੇ ਤੋਂ ਹੈ।

## ਲੋਹ ਸੋਂ ਕਹੈਂ ਕਟਾਰੀ ਪੀਤਰ ਸੋਂ ਕਹੈਂ ਝਾਰੀ;
## ਕਾਂਸੀ ਸੋਂ ਕਹਤ ਥਾਰੀ, ਭੋਜਨ ਕੇ ਸਾਨੇ ਤੇ॥

ਲੋਹ = ਲੋਹੇ ਨੂੰ ਕਹੈਂ = ਕਹਿੰਦੇ ਹਨ ਕਿ ਕਟਾਰੀ (ਕਟਾਰ, ਤਿੱਖੀ ਧਾਰ ਵਾਲਾ ਦੋ ਮੂੰਹਾਂ ਸ਼ਸਤ੍ਰ ਜੋ ਕਮਰ ਵਿਚ ਰੱਖਿਆ ਜਾਂਦਾ ਹੈ) ਦਾ ਉਪਾਦਾਨ ਕਾਰਨ ਹੈ, ਪੀਤਰ = ਪਿੱਤਲ ਨੂੰ ਕਹੈਂ = ਕਹਿੰਦੇ ਹਨ ਕਿ ਝਾਰੀ = ਝੱਜਰੀ ਗਾਗਰ ਦਾ ਉਪਾਦਾਨ ਕਾਰਨ ਹੈ,

ਕਾਂਸੀ = ਕੈਂਹ ਨੂੰ ਕਹਤ = ਕਹਿੰਦੇ ਹਨ ਕਿ ਥਾਰੀ = ਥਾਲੀ ਦਾ ਉਪਾਦਾਨ ਕਾਰਨ ਹੈ, ਜਿਸ ਵਿਚ ਸਾਨੇ = ਮਿਲਾ, ਪਾ ਕੇ ਭੋਜਨ ਛਕੀਦਾ ਹੈ।

## ਕਹੈ ਸੁਖਦੇਵ ਜੈਸੇ ਜਲ ਸੋਂ ਤਰੰਗ ਕਹੈਂ;
## ਤੁੰਗ ਕਹੈਂ ਤਾਂਬੇ ਮਾਝ ਰਾਗ ਲਪਟਾਨੇ ਤੇ॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਜੈਸੇ = ਜਿਸ ਪ੍ਰਕਾਰ ਜਲ = ਪਾਣੀ ਨੂੰ ਕਹੈਂ = ਕਹਿੰਦੇ ਹਨ ਕਿ ਤਰੰਗ = ਲਹਿਰਾਂ ਦਾ ਉਪਾਦਾਨ ਕਾਰਨ ਹੈ। ਤਾਂਬੇ ਮਾਝ = ਵਿਚੋਂ ਤੁੰਗ = ਤਾਰ ਨਿਕਲਦੀ ਹੈ, ਜਿਸ ਤਾਰ ਦਾ ਤਾਂਬਾ ਉਪਾਦਾਨ ਕਾਰਨ ਕਹਿੰਦੇ ਹਨ, ਉਹ ਤਾਰ ਅੱਗੇ ਰਾਗ ਮਿਲਾਉਣ ਵਿਚ ਸਹਾਇਕ ਹੁੰਦੀ ਹੈ।

## ਕਨਕ ਸੋਂ ਕੁੰਡਲਿ ਔ ਕਿੰਕਨੀ ਕਹਤ ਜੈਸੇ;
## ਬ੍ਰਹਮ ਕੋ ਜਗਤ ਕਹੈਂ ਆਪਾ ਬਿਨ ਜਾਨੇ ਤੇ॥੧੮੭॥

ਜੈਸੇ = ਜਿਸ ਪ੍ਰਕਾਰ ਕਨਕ = ਸੋਨੇ ਤੋਂ ਕੁੰਡਲਿ = ਵਾਲ਼ੀਆਂ ਔ = ਅਤੇ ਕਿੰਕਨੀ = ਤੜਾਗੀ ਬਣੀ ਕਹਤ = ਕਹਿੰਦੇ ਹਨ ਜੇਕਰ ਵਿਚਾਰ ਕਰਕੇ ਦੇਖੀਏ ਤਾਂ ਵਾਲ਼ੀਆਂ ਅਤੇ ਤੜਾਗੀ ਵਿਚ ਸੋਨੇ ਤੋਂ ਭਿੰਨ ਹੋਰ ਕੁਝ ਨਹੀਂ ਹੈ, ਤਿਵੇਂ ਹੀ ਆਪਣੇ ਸਰੂਪ ਨੂੰ ਜਾਨਣ ਤੋਂ ਬਿਨ = ਬਗ਼ੈਰ ਬ੍ਰਹਮ ਨੂੰ ਲੋਕ ਜਗਤ ਕਹੀ ਜਾ ਰਹੇ ਹਨ, ਭਾਵ ਸੰਸਾਰ ਦਾ ਉਪਾਦਾਨ ਕਾਰਨ ਕਹਿੰਦੇ ਹਨ, ਪਰ ਬ੍ਰਹਮ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ॥੧੮੭॥

## ਕਬਿੱਤ॥
## ਗੰਧ੍ਰਬ ਨਗਰ ਜੈਸੇ ਬਾਦਰ ਮੈਂ ਦੇਖੀਯਤ;
## ਨੀਲਤਾ ਆਕਾਸ਼ ਮਾਝ ਖਾਲੀ ਕੋ ਧਰਮ ਹੈ॥

ਜੈਸੇ = ਜਿਸ ਪ੍ਰਕਾਰ ਬਾਦਰ = ਬੱਦਲਾਂ ਦੇ ਮੈ = ਵਿਚ ਗੰਧ੍ਰਬ ਨਗਰ = ਅਕਾਸ਼ ਵਿਚ ਬਣੇ ਧੂੰਏਂ ਦੇ ਪਹਾੜ (ਹਰਿਚੰਦਉਰੀ) ਦੇਖੀਯਤ = ਦੇਖੀਦੀ ਹੈ ਭਾਵ ਝੂਠੀ ਪ੍ਰਤੀਤ ਹੁੰਦੀ ਹੈ,

ਅਤੇ ਜਿਸ ਪ੍ਰਕਾਰ ਅਕਾਸ਼ ਦੇ ਮਾਝ = ਵਿਚ ਨੀਲਤਾ = ਨੀਲਾਪਣ ਉਸਦੇ ਖ਼ਾਲੀਪਣ ਦੇ ਧਰਮ ਕਰਕੇ ਪ੍ਰਤੀਤ ਹੋ ਰਿਹਾ ਹੈ।

## ਜੈਸੇ ਸੂਖੋ ਰੂਖ ਆਗੇ ਪੁਰਖ ਸੋ ਨਿਸਿ ਲਾਗੇ;
## ਜੇਵਰੀ ਅੰਧੇਰੇ ਮਾਝ ਸਾਂਪ ਜੋ ਮਰਮ[1] ਹੈ ॥

(ਦੂਸਰਾ ਪਾਠ ਨਰਮ)

ਜੈਸੇ = ਜਿਸ ਪ੍ਰਕਾਰ ਸੁੱਕੇ ਤੇ ਕੱਟੇ ਹੋਏ ਰੁੱਖ ਦੇ ਤਣੇ ਵਿੱਚੋਂ ਨਿਸਿ = ਰਾਤ ਦੇ ਹਨੇਰੇ ਵਿਚ ਕੋਈ ਪੁਰਖ ਖਲੋਤਾ ਹੋਇਆ ਪ੍ਰਤੀਤ ਹੁੰਦਾ ਹੈ,

ਜਿਸ ਪ੍ਰਕਾਰ ਅੰਧੇਰੇ = ਹਨੇਰੇ ਵਿਚ ਪਈ ਹੋਈ ਜੇਵਰੀ = ਰੱਸੀ ਦੇ ਮਾਂਝ = ਵਿਚ ਸੱਪ ਦਾ ਮਰਮ = ਭੇਦ ਪ੍ਰਤੀਤ ਹੁੰਦਾ ਹੈ **ਵਾ:** ਰੱਸੀ ਸੱਪ ਵਾਂਗ ਨਰਮ ਜਿਹੀ ਪ੍ਰਤੀਤ ਹੁੰਦੀ ਹੈ।

## ਕਹੈ ਸੁਖਦੇਵ ਜੈਸੇ ਹੀਰਾ ਕੋ ਫਟਕ ਜਾਨੈ;
## ਲਾਲ ਕੋ ਅੰਗਾਰ ਮਾਨੈ ਲਾਗਤ ਗਰਮ ਹੈ ॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਜੈਸੇ = ਜਿਸ ਪ੍ਰਕਾਰ ਕੋਈ ਮਨੁੱਖ ਹੀਰੇ ਨੂੰ ਫਟਕ = ਚਿੱਟਾ ਕੱਚ ਜਾਨੈ = ਜਾਣਦਾ ਹੈ,

ਫੇਰ ਜਿਵੇਂ ਲਾਲ = ਸੁਰਖ ਰੰਗ ਦੂਰ ਤੋਂ ਅੱਗ ਦੇ ਅੰਗਾਰ ਮੰਨਦਾ ਹੈ ਤੇ ਦੂਰੋਂ ਹੀ ਗਰਮ ਲੱਗਦੇ ਪ੍ਰਤੀਤ ਹੁੰਦੇ ਹਨ।

## ਰੂਪੋ ਸੀਪ ਸ੍ਵੇਤਨ ਮੈਂ ਨੀਰ ਲਖੈ ਰੇਤਨ ਮੈ;
## ਐਸੋ ਬ੍ਰਹਮ ਚੇਤਨ ਮੈਂ ਜਗ ਕੋ ਭਰਮ ਹੈ ॥੧੮੮॥

ਜਿਵੇਂ ਸ੍ਵੇਤਨ = ਚਿੱਟੀ ਸੀਪ = ਸਿੱਪੀ ਦੇ ਮੈ = ਵਿਚੋਂ ਰੂਪੋ = ਚਾਂਦੀ ਪ੍ਰਤੀਤ ਹੁੰਦੀ ਹੈ ਅਤੇ ਰੇਤੇ ਦੇ ਵਿਚੋਂ ਸੂਰਜ ਦੀ ਰੌਸ਼ਨੀ ਦੇ ਪੈਣ ਨਾਲ ਰੇਤ ਦੇ ਕਿਣਕੇ ਚਮਕਦੇ ਹੋਏ ਪਾਣੀ ਵਾਂਗ ਪ੍ਰਤੀਤ ਹੁੰਦੇ ਹਨ ਪਰ ਉਹ ਪਾਣੀ ਅਸਲ ਵਿਚ ਨਹੀਂ ਹੁੰਦਾ,

ਏਸੇ ਪ੍ਰਕਾਰ ਚੇਤਨ ਬ੍ਰਹਮ ਦੇ ਵਿਚ ਇਹ ਜਗ = ਸੰਸਾਰ ਦਾ ਝੂਠਾ ਭਰਮ = ਭੁਲੇਖਾ ਹੀ ਪੈ ਰਿਹਾ ਹੈ ॥੧੮੮॥

## ਕਬਿੱਤ ॥
## ਚਸ਼ਮਾ ਕੇ ਦੀਯੇ ਜੈਸੇ ਛੋਟੋ ਈ ਬਡੋ ਸੋ ਲਾਗੇ;
## ਦੂਰ ਤੇ ਨਿਹਾਰੇ ਬਡੋ ਛੋਟੋ ਸੋ ਲਗਤ ਹੈ ॥

ਜੈਸੇ = ਜਿਸ ਪ੍ਰਕਾਰ ਚਸਮਾ = ਦੂਰਬੀਨ ਕੇ = ਦੇ ਦੀਯੇ = ਦੇਣ ਨਾਲ ਭਾਵ ਅੱਖਾਂ ਅੱਗੇ ਦੂਰਬੀਨ ਲਗਾਉਣ ਨਾਲ ਛੋਟੋ = ਛੋਟਾ ਪਦਾਰਥ ਵੱਡਾ ਲਾਗੇ = ਲੱਗਦਾ ਹੈ ਅਤੇ ਦੂਰ ਤੋਂ ਨਿਹਾਰੇ = ਦੇਖਣ ਨਾਲ ਵੱਡੇ ਤੋਂ ਵੱਡਾ ਪਦਾਰਥ ਵੀ ਛੋਟਾ ਜਿਹਾ ਲਗਤ = ਲੱਗਦਾ ਹੈ।

---

੧. ਨੋਟ : ਆਮ ਕਰਕੇ ਪੋਥੀਆਂ ਵਿਚ ਪਾਠ ਨਰਮ ਹੀ ਛਪਿਆ ਹੋਇਆ ਮਿਲਦਾ ਹੈ ਜਾਪਦਾ ਹੈ ਕਿ ਮਰਮ ਪਾਠ ਛਾਪੇ ਵਿਚ ਨਰਮ ਛਪਣਾ ਸ਼ੁਰੂ ਹੋ ਗਿਆ ਹੈ ਜਿਸ ਦਾ ਖਿੱਚ ਕੇ ਅਰਥ ਕਰਨਾ ਪੈਂਦਾ ਹੈ, ਜਦੋਂ ਕਿ ਮਰਮ ਨਾਲ ਅਰਥ ਸਪਸ਼ਟ ਹੋ ਜਾਂਦਾ ਹੈ।

## ਕਾਚਕੀ ਧਰਨਿ ਮਾਂਝ ਨੀਰ ਜੈਸੇ ਦੇਖੀਯਤ;
## ਨੀਰ ਮਾਂਝ ਕਹੂੰ ਕਹੂੰ ਕਾਚ ਸੋ ਪਗਤ ਹੈ॥

ਜੈਸੇ = ਜਿਸ ਪ੍ਰਕਾਰ ਯੱਗ ਵਿਚ ਬਣਾਈ ਹੋਈ ਪਾਂਡਵਾਂ ਦੀ ਕਾਚਕੀ ਕੱਚ = ਦੀ ਬਣਾਈ ਧਰਨਿ = ਧਰਤੀ, ਜ਼ਮੀਨ ਮਾਂਝ = ਵਿਚ ਨੀਰ = ਪਾਣੀ ਦੇਖੀਯਤ = ਦਿਸਦਾ, ਪ੍ਰਤੀਤ ਹੁੰਦਾ ਸੀ, ਅਤੇ ਕਹੂੰ ਕਹੂੰ = ਕਿਤੇ ਕਿਤੇ ਨੀਰ = ਪਾਣੀ ਦੇ ਮਾਂਝ = ਵਿਚ ਕਾਚ = ਕੱਚ ਪਗਤ = ਮਿਲਿਆ ਹੋਇਆ ਪ੍ਰਤੀਤ ਹੁੰਦਾ ਸੀ ਭਾਵ ਪਾਣੀ ਵਿਚ ਧਰਤੀ ਅਤੇ ਧਰਤੀ ਵਿਚ ਪਾਣੀ ਭਰਮ ਕਾਰਨ ਪ੍ਰਤੀਤ ਹੁੰਦਾ ਸੀ।

## ਨਾਵ ਕੇ ਚਲਤ ਰੂਖ ਤੀਰ ਕੇ ਚਲਤ ਲਾਗੇ;
## ਮੇਘਨ ਕੇ ਦੌਰੇ ਮਾਨੋ ਚੰਦ੍ਰਮਾ ਭਗਤ ਹੈ॥

ਜਿਸ ਪ੍ਰਕਾਰ ਨਾਵ = ਬੇੜੀ ਕੇ = ਦੇ ਚਲਤ = ਚੱਲਦਿਆਂ ਨਦੀ ਦੇ ਤੀਰ = ਕਿਨਾਰੇ ਦੇ ਲੱਗੇ ਹੋਏ ਰੂਖ = ਬਿਰਖ ਚਲਤ = ਚੱਲਦੇ ਹੋਏ ਲਾਗੇ = ਲੱਗਦੇ ਪ੍ਰਤੀਤ ਹੁੰਦੇ ਹਨ।

ਫੇਰ ਜਿਵੇਂ ਅਕਾਸ਼ ਵਿਚ ਮੇਘਨ = ਬੱਦਲਾਂ ਦੇ ਦੌਰੇ = ਭੱਜਣ ਨਾਲ ਇੰਝ ਪ੍ਰਤੀਤ ਹੁੰਦਾ ਹੈ ਮਾਨੋ ਜਿਵੇਂ ਚੰਦ੍ਰਮਾ ਭਗਤ = ਭੱਜਦਾ ਜਾਂਦਾ ਹੋਵੇ।

## ਜੈਸੇ ਇੰਦ੍ਰ ਜਾਲ ਭ੍ਰਮ ਪਾਂਖ ਕੋ ਪਰੇਵੋ ਭਾਸੇ;
## ਤੈਸੇ ਬ੍ਰਹਮ ਚੇਤਨ ਮੈਂ ਭਾਸਤ ਜਗਤ ਹੈ॥੧੮੯॥

ਜੈਸੇ = ਜਿਸ ਪ੍ਰਕਾਰ ਇੰਦ੍ਰ ਜਾਲ* = ਜਾਦੂਗਰੀ ਨਾਲ ਭ੍ਰਮ = ਭੁਲੇਖੇ ਕਰਕੇ ਪਾਂਖ = ਖੰਭਾਂ ਦਾ ਪਰੇਵੋ = ਕਬੂਤਰ ਭਾਸੇ = ਪ੍ਰਤੀਤ ਹੁੰਦਾ ਹੈ।

ਤੈਸੇ = ਉਸੇ ਪ੍ਰਕਾਰ ਚੇਤਨ ਬ੍ਰਹਮ ਦੇ ਮੈ = ਵਿਚ ਇਹ ਝੂਠਾ ਹੀ ਜਗਤ = ਸੰਸਾਰ ਭਾਸਤ = ਪ੍ਰਤੀਤ ਹੋ ਰਿਹਾ ਹੈ॥੧੮੯॥

## ਸਿਖਯੋ ਵਾਚ॥

## ਦੋਹਰਾ॥ ਬ੍ਰਹਮ ਨਿਤ ਚੈਤਨਯ ਹੈ; ਜਗ ਅਨਿਤ ਜੜ੍ਹ ਜਾਨ॥

ਹੇ ਗੁਰੂ ਜੀ! ਤੁਹਾਡੇ ਕਹੇ ਅਨੁਸਾਰ ਮੈਂ ਜਾਣਿਆ ਹੈ ਕਿ ਬ੍ਰਹਮ = ਪਰਮਾਤਮਾ ਨਿਤ ਹੈ ਚੈਤਨ ਸਰੂਪ ਹੈ ਅਤੇ ਜਗ = ਸੰਸਾਰ ਨੂੰ ਅਨਿਤ = ਝੂਠਾ ਤੇ ਜੜ੍ਹ = ਹਰਕਤ ਬਿਨਾਂ ਜਾਨ = ਜਾਨਣਾ ਕੀਤਾ ਹੈ।

## ਉਪਾਦਾਨ ਕਯੋਂ ਕਰ ਭਯੋ; ਜੜ੍ਹ ਕੋ ਚੇਤਨ ਮਾਨ॥੧੯੦॥

ਫਿਰ ਇਹ ਉਪਾਦਾਨ ਕਾਰਣ ਕਿਵੇਂ ਕਰਿ = ਕਰਕੇ ਭਯੋ = ਹੋਇਆ ਹੈ? ਜੜ੍ਹ = ਹਰਕਤ ਬਿਨਾਂ ਸੰਸਾਰ ਨੂੰ ਚੇਤਨ = ਹਰਕਤ ਵਾਲੇ ਬ੍ਰਹਮ ਦਾ ਸਰੂਪ ਕਿਵੇਂ ਮੰਨਣਾ ਕਰੀਏ॥੧੯੦॥

---

* ਇੰਦ੍ਰ ਜੋ ਸਵਰਗ ਪੁਰੀ ਰਾਜਾ ਹੈ, ਉਹ ਜਪ, ਤਪ, ਜਗ, ਸਾਧਨ ਕਰਨ ਵਾਲਿਆਂ ਵਾਸਤੇ ਕਈ ਤਰ੍ਹਾਂ ਦੇ ਜਾਲ = ਫੰਧੇ ਬਣਾਉਂਦਾ ਹੈ, ਜਿਨ੍ਹਾਂ ਵਿਚ ਉਹ ਫਸਾ ਕੇ ਜਾਪ, ਤਪ, ਜਗ ਦਾ ਫਲ ਨਸ਼ਟ ਕਰ ਦੇਂਦਾ ਹੈ ਤਾਂਕਿ ਮੇਰਾ ਕੋਈ ਰਾਜ ਨਾ ਪ੍ਰਾਪਤ ਕਰ ਲਵੇ, ਇਸ ਕਰਕੇ ਇੰਦ੍ਰ ਦੇ ਨਾਲ ਫਸਾਉਣ ਵਾਲੇ ਫੰਧੇ ਦਾ ਨਾਮ ਇੰਦ੍ਰਜਾਲ ਪ੍ਰਸਿੱਧ ਹੋ ਗਿਆ।

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਚੇਤਨ ਤੇ ਜੜ੍ਹ ਹੋਤ ਹੈ; ਜੜ੍ਹ ਤੇ ਚੇਤਨ ਹੋਇ ॥

ਹੇ ਸਿੱਖ! ਜਿਵੇਂ ਚੇਤਨ = ਹਰਕਤ ਵਾਲੀਆਂ ਚੀਜ਼ਾਂ ਤੇ = ਤੋਂ ਜੜ੍ਹ = ਹਰਕਤ ਬਿਨਾਂ ਵਸਤੂਆਂ ਪੈਦਾ ਹੋਤ = ਹੋ ਜਾਂਦੀਆਂ ਹਨ, ਤਿਵੇਂ ਜੜ੍ਹ ਚੀਜ਼ਾਂ ਤੋਂ ਚੇਤਨ = ਹਰਕਤ ਵਾਲੀਆਂ ਚੀਜ਼ਾਂ ਵੀ ਪੈਦਾ ਹੋਇ = ਹੋ ਜਾਂਦੀਆਂ ਹਨ।

## ਯਹ ਪ੍ਰਤੱਛ ਹੀ ਦੇਖ ਕੇ; ਸੰਸੇ ਡਾਰੋ ਖੋਇ ॥੧੯੧॥

ਯਹ = ਇਹ ਪ੍ਰਤੱਛ = ਪਰਗਟ ਹੀ (ਨੇਤ੍ਰਾਂ ਨਾਲ) ਦੇਖਿ = ਵੇਖ ਕਰਕੇ ਆਪਣੇ ਮਨ ਦੇ ਅੰਦਰੋਂ ਸੰਸੇ = ਸ਼ੰਕੇ ਨੂੰ ਖੋਇ = ਨਾਸ਼ ਕਰਕੇ ਡਾਰੋ = ਸੁੱਟ ਦੇਵੋ ॥੧੯੧॥

## ਦੋਹਰਾ ॥

## ਯਹ ਸਰੀਰ ਚੈਤਨਯ ਹੈ; ਤਾਂ ਤੇ ਨਖ ਜੜ੍ਹ ਹੋਇ ॥

ਹੇ ਸਿੱਖ! ਦੇਖਣਾ ਕਰ, ਇਹ ਸਰੀਰ ਇਕ ਪੱਖ ਤੋਂ ਚੈਤਨਯ = ਹਰਕਤ ਵਾਲਾ ਹੈ ਪਰ ਤਾਂ ਤੇ = ਤਿਸ ਸਰੀਰ ਤੋਂ ਨਖ = ਨੌਂਹ ਜੜ੍ਹ = ਹਰਕਤ ਬਿਨਾਂ ਹੀ ਪਰਗਟ ਹੋਇ = ਹੋ ਜਾਂਦੇ ਹਨ।

## ਗੋਬਰ ਜੜ੍ਹ ਤੇ ਪ੍ਰਗਟ ਹ੍ਵੈ; ਗੁਵਰੇਂਡ ਚਿਤ ਹੋਇ ॥੧੯੨॥

ਫੇਰ ਗੋਬਰ = ਪਸ਼ੂਆਂ ਦਾ ਗੋਹਾ ਜੜ੍ਹ ਹੈ, ਉਸ ਤੋਂ ਪ੍ਰਗਟ = ਪ੍ਰਤੱਖ ਹੀ ਗੁਵਰੇਂਡ = ਗੋਹੇ ਦਾ ਕੀੜਾ ਚਿਤ = ਚੇਤਨ, ਹਰਕਤ ਵਾਲਾ ਪਰਗਟ ਹੋਇ = ਹੋ ਜਾਂਦਾ ਹੈ ॥੧੯੨॥

## ਸਿਖਯੋ ਵਾਚ ॥

## ਦੋਹਰਾ ॥ ਯਹ ਤੋ ਜਾਨੀ ਜੋ ਕਹੀ; ਉਪਾਦਾਨ ਕੀ ਰੀਤਿ ॥

ਹੇ ਗੁਰੂ ਜੀ! ਇਹ ਗੱਲ ਤੋ = ਤਾਂ ਮੈਂ ਜਾਨੀ = ਜਾਣ ਲਈ ਹੈ, ਕਿ ਜੋ = ਜਿਹੜੀ ਤੁਸੀਂ ਉਪਾਦਾਨ ਕਾਰਣ ਕੀ = ਦੀ ਰੀਤਿ = ਰੀਤੀ ਕਹੀ = ਕਹਿਣਾ ਕੀਤੀ ਹੈ।

## ਅਬ ਨਿਮਿਤ ਕਿਹ ਭਾਂਤਿ ਹੈ; ਸੋ ਕਹੀਯੇ ਕਰ ਪ੍ਰੀਤਿ ॥੧੯੩॥

ਅਬ = ਹੁਣ ਬ੍ਰਹਮ ਜਗਤ ਦਾ ਨਿਮਿਤ ਕਾਰਣ ਕਿਹ = ਕਿਸ ਭਾਂਤਿ = ਤਰੀਕੇ ਨਾਲ ਹੈ, ਸੋ = ਉਹ ਵੀ ਪ੍ਰੀਤਿ = ਪ੍ਰੇਮ ਕਰ = ਕਰਕੇ **ਵਾ:** ਪਰਤੀਤੀ ਨਾਲ ਕਹੀਯੇ = ਕਹਿਣਾ ਕਰੋ ॥੧੯੩॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਸਾਖ ਵੇਦ ਅਰੁ ਸਿੰਮ੍ਰਿਤ ਕੀ; ਧਰੈਂ ਗ੍ਰੰਥ ਬਢ ਜਾਇ ॥

ਹੇ ਸਿੱਖ! ਜੇਕਰ ਮੈਂ ਏਥੇ ਵੇਦਾਂ ਅਰੁ = ਅਤੇ ਸਿੰਮ੍ਰਿਤੀਆਂ ਕੀ = ਦੀ ਸਾਖ = ਗਵਾਹੀ ਧਰੈਂ = ਰੱਖਣੀ ਕਰਾਂ ਤਾਂ ਇਹ ਗ੍ਰੰਥ ਬਹੁਤ ਬਢ = ਵੱਧ ਜਾਇ = ਜਾਵੇਗਾ।

## ਤਾਂ ਤੇ ਉਪਮਾ ਜੁਗਤਿ ਸੌਂ; ਪ੍ਰਗਟ ਦੇਤ ਸਮਝਾਇ ॥੧੯੪॥

ਤਾਂ ਤੇ = ਤਿਸ ਕਰਕੇ ਮੈਂ ਜੁਗਤਿ = ਜੁਗਤੀ ਦੇ ਸੌਂ = ਨਾਲ ਇਹ ਉਪਮਾ = ਵਡਿਆਈ **ਵਾ**: ਉਪਮਾ ਜੁਗਤਿ = ਪ੍ਰਮਾਣ ਸਹਿਤ ਥੋੜ੍ਹੇ ਮਾਤ੍ਰ ਤੈਨੂੰ ਪ੍ਰਗਟ ਹੀ ਸਮਝਾਇ = ਸਮਝਾ ਦੇਤ = ਦੇਂਦਾ ਹਾਂ ॥੧੯੪॥

## ਕਬਿੱਤ ॥

## ਜੈਸੇ ਘਟ ਕਾਰਯ ਕੇ ਕਾਰਨ ਕਹਿਤ ਦੋਊ;
## ਉਪਾਦਾਨ ਮਾਟੀ ਔ ਨਿਮਿਤ ਸੋ ਕੁਮ੍ਹਾਰ ਹੈ ॥

ਹੇ ਸਿੱਖ ! ਜਿਸ ਪ੍ਰਕਾਰ ਘਟ = ਘੜੇ ਰੂਪੀ ਕਾਰਯ = ਕਾਰਜ ਕੇ = ਦੇ ਵਿਦਵਾਨ ਜਨ ਦੋਊ = ਦੋ ਕਾਰਣ ਕਹਿਤ = ਕਹਿੰਦੇ ਹਨ।

ਘੜੇ ਦਾ ਉਪਾਦਾਨ ਕਾਰਨ ਮਾਟੀ = ਮਿੱਟੀ ਹੈ ਔ = ਅਤੇ ਨਿਮਿਤ ਕਾਰਨ ਕੁਮ੍ਹਾਰ = ਘੁਮਿਆਰ (ਚੱਕ, ਡੰਡਾ, ਪਾਣੀ ਆਦਿ) ਹੈ।

## ਤੈਸੇ ਪੰਚ ਤਤੂ, ਗੁਨ ਤੀਨ ਤੇ ਜਗਤ ਭਯੋ;
## ਆਪਨ ਹੀ ਜੀਵ ਈਸ਼ ਆਪ ਕਰਤਾਰ ਹੈ ॥

ਤੈਸੇ = ਤਿਸ ਪ੍ਰਕਾਰ ਹੀ ਪੰਚ = ਪੰਜ ਤਤੂ = ਤੱਤਾਂ (ਅਕਾਸ਼, ਹਵਾ, ਅੱਗ, ਪਾਣੀ ਤੇ ਧਰਤੀ) ਅਤੇ ਤੀਨ = ਤਿੰਨ ਗੁਣਾਂ (ਸਤੋ ਗੁਣ, ਰਜੋ ਗੁਣ, ਤਮੋ ਗੁਣ) ਤੇ = ਤੋਂ ਇਹ ਜਗਤ = ਸੰਸਾਰ ਰੂਪੀ ਕਾਰਜ ਪੈਦਾ ਭਯੋ = ਹੋਇਆ ਹੈ।

ਉਹ ਬ੍ਰਹਮ ਆਪਨ = ਆਪ ਹੀ ਜੀਵ, ਰੂਪ ਆਪ ਹੀ ਈਸ਼ ਰੂਪ ਅਤੇ ਆਪ ਹੀ ਕਰਤਾਰ ਰੂਪ ਹੈ।

## ਮਾਟੀ ਸੌਂ ਕੁਮ੍ਹਾਰ ਨਤਾਰੋ ਏਕ ਕਹੈਂ ਸੋਚ ਭਾਰੋ;
## ਤਾਂ ਤੇ ਔਰ ਉਪਮਾ ਦੇ ਕੀਜੋ ਨਿਰਧਾਰ ਹੈ ॥

ਏਕ = ਇਕ ਵਿਦਵਾਨ ਜਨ ਇਹ ਕਹੈ = ਕਹਿੰਦੇ ਹਨ ਕਿ ਮਾਟੀ = ਮਿੱਟੀ ਸੌਂ = ਨਾਲੋਂ ਕੁਮ੍ਹਾਰ = ਘੁਮਿਆਰ ਨਤਾਰੋ = ਵੱਖਰਾ ਹੈ, ਇਹ ਭਾਰੋ = ਬਹੁਤ ਸੋਚ = ਸੋਚਣ ਵਾਲੀ ਵਿਚਾਰ ਹੈ,

ਤਾਂ ਤੇ = ਤਿਸ ਕਰਕੇ ਔਰ = ਹੋਰ ਉਪਮਾ = ਪ੍ਰਮਾਣ ਦੇ ਕਰਕੇ ਨਿਰਧਾਰ = ਨਿਰਣੇ ਨਾਲ ਕਹਿਣਾ ਕਰਦੇ ਹਨ **ਵਾ**: ਇਹ ਨਿਰਣਾ ਕੀਤਾ ਹੈ।

## ਜਾਰੇ ਕੇ ਨਿਮਿੱਤ ਉਪਾਦਾਨ ਜੈਸੇ ਮਕਰੀ ਹੈ;
## ਤੈਸੀ ਭਾਂਤਿ ਜਗ ਕੋ ਵਿਚਾਰ ਬ੍ਰਹਮ ਸਾਰ ਹੈ ॥੧੯੫॥

ਜੈਸੇ = ਜਿਸ ਪ੍ਰਕਾਰ ਜਾਰੇ = ਜਾਲੇ ਕੇ = ਦੇ ਨਿਮਿਤ ਤੇ ਉਪਾਦਾਨ ਕਾਰਨ ਮੱਕੜੀ ਆਪ ਹੀ ਹੈ (ਮੱਕੜੀ ਦਾ ਸੂਖਮ ਸਰੀਰ ਜਾਲੇ ਦਾ ਉਪਾਦਾਨ ਕਾਰਨ ਅਤੇ ਸਥੂਲ ਸਰੀਰ ਜਾਲੇ ਦਾ ਨਿਮਿਤ ਕਾਰਨ ਹੈ)

ਤੈਸੀ = ਉਸੀ ਭਾਂਤਿ = ਪ੍ਰਕਾਰ ਜਗ = ਸੰਸਾਰ ਕੋ = ਦਾ ਦੋਨੋਂ ਪ੍ਰਕਾਰ ਦਾ ਕਾਰਨ ਸਾਰ = ਸ੍ਰੇਸ਼ਟ ਸਰੂਪ ਬ੍ਰਹਮ = ਪਰਮਾਤਮਾ ਹੀ ਬਿਚਾਰ = ਵਿਚਾਰਨਾ ਕਰੋ ॥੧੯੫॥

## ਦੋਹਰਾ ॥ ਕਾਰਨ ਕਾਰਯ ਕਰ ਕਹਯੋ; ਯਹ ਤੋ ਸੋ ਬਿਵਹਾਰ ॥

ਹੇ ਸਿੱਖ! ਇਹ ਕਾਰਨ ਅਤੇ ਕਾਰਜ ਕਰ = ਕਰਕੇ ਤੋ ਸੋ = ਤੇਰੇ ਤਾਈਂ ਬ੍ਰਹਮ ਦੇ ਵਿਵਹਾਰ ਕਿਹਾ ਹੈ, ਭਾਵ ਉਹ ਬ੍ਰਹਮ ਆਪ ਹੀ ਕਾਰਨ ਤੇ ਕਾਰਜ ਕਰ ਰਿਹਾ ਹੈ।

## ਕਾਰਨ ਕਾਰਯ ਤੇ ਪਰੇ; ਸੋ ਹੈ ਤਤ੍ਵ ਬਿਚਾਰ ॥੧੯੬॥

ਪਰ ਉਹ ਬ੍ਰਹਮ ਆਪ ਕਾਰਨ ਤੇ ਕਾਰਜ ਤੋਂ ਪਰ੍ਹੇ ਹੈ, ਸੋ = ਉਹ ਹੀ ਤਤ੍ਵ = ਸਾਰ ਸਿਧਾਂਤ, ਵਾਸਤਵ ਵਿਚ ਬਿਚਾਰ = ਵਿਚਾਰਨਾ ਕਰ ॥੧੯੬॥

## ਕੁੰਡਲੀਆ ॥ ਜੈਸੇ ਘਟ ਕੋ ਘਟ ਕਹੇਂ; ਮਾਟੀ ਕਾਰਨ ਹੋਇ ॥

ਜੈਸੇ = ਜਿਸ ਪ੍ਰਕਾਰ ਘਟ = ਘੜੇ ਕੋ = ਨੂੰ ਘਟ = ਘੜਾ ਹੀ ਕਹੈ = ਕਹਿੰਦੇ ਹਨ ਪਰ ਉਸਦਾ ਕਾਰਨ ਮਾਟੀ = ਮਿੱਟੀ ਹੋਇ = ਹੁੰਦੀ ਹੈ।

## ਘਟ ਤਜਿ ਮਾਟੀ ਜੋ ਕਹੇਂ; ਕਾ ਕੋ ਕਾਰਨ ਸੋਇ ॥

ਜੋ = ਜੇਕਰ ਘਟ = ਘੜੇ ਦੇ ਆਕਾਰ ਨੂੰ ਤਜਿ = ਛੱਡ ਕਰਕੇ ਮਾਟੀ = ਮਿੱਟੀ ਕਹੇ = ਕਹਿਣਾ ਕਰੀਏ, ਤਾਂ ਫੇਰ ਸੋਇ = ਉਹ ਮਿੱਟੀ ਕਾ = ਦਾ ਕੋ = ਕਿਹੜਾ ਕਾਰਨ ਹੋਵੇਗਾ।

## ਕਾ ਕੋ ਕਾਰਨ ਸੋਇ; ਬ੍ਰਹਮ ਜਗ ਐਸੇ ਜਾਨੋ ॥

ਸੋਇ = ਉਸ ਮਿੱਟੀ ਦਾ ਕੋ = ਕਿਹੜਾ ਕਾਰਨ ਹੋਵੇਗਾ ? ਐਸੇ = ਇਸ ਪ੍ਰਕਾਰ ਹੀ ਬ੍ਰਹਮ = ਪਰਮਾਤਮਾ ਨੂੰ ਜਗ = ਜਗਤ ਦਾ ਕਾਰਨ ਜਾਨੋ = ਜਾਨਣਾ ਕਰੋ।

## ਜਗ ਤਜੈ ਬ੍ਰਹਮ ਹੀ ਕਹੈ; ਪ੍ਰਗਟ ਨਿਰੁਪਾਧ ਬਖਾਨੋ ॥

ਜਗ = ਸੰਸਾਰ ਦੇ ਆਕਾਰ ਨੂੰ ਤਜੈ = ਛੱਡ ਕੇ ਬ੍ਰਹਮ ਹੀ ਕਹੈ = ਕਹਿਣਾ ਕਰੀਏ ਤਾਂ ਪ੍ਰਗਟ = ਪ੍ਰਤੱਖ ਹੀ ਨਿਰੁਪਾਧ = ਉਪਾਧੀ ਤੋਂ ਬਿਨਾਂ ਬਖਾਨੋ = ਕਥਨ ਕੀਤਾ ਜਾਵੇਗਾ।

## ਪਿਤਾ ਪੁਤ੍ਰ ਤੇ ਹੋਇ; ਪਿਤਾ ਬਿਨ ਪੁਤ੍ਰ ਨ ਤੈਸੇ ॥

ਜਿਸ ਪ੍ਰਕਾਰ ਪਿਤਾ ਪੁੱਤਰ ਦੇ ਕਰਕੇ ਹੀ ਹੋਇ = ਹੁੰਦਾ, ਬਣਦਾ ਹੈ, ਤੈਸੇ = ਤਿਵੇਂ ਪਿਤਾ ਤੋਂ ਬਿਨ = ਬਗ਼ੈਰ ਪੁਤ੍ਰ ਨਹੀਂ ਪੈਦਾ ਹੁੰਦਾ।

## ਕਾਰਨ ਹੂੰ ਮਿਟ ਜਾਇ; ਤਬਹਿ ਕਾਰਯ ਕਹੁ ਕੈਸੇ ॥੧੯੭॥

ਏਸੇ ਪ੍ਰਕਾਰ ਜੇਕਰ ਕਾਰਨ ਹੀ ਮਿਟ ਜਾਇ = ਜਾਵੇ, ਤਬਹਿ = ਤਦੋਂ ਫੇਰ ਕਹੁ = ਦੱਸਣਾ ਕਰੋ ਕਿ ਕਾਰਜ ਕੈਸੇ = ਕਿਸ ਪ੍ਰਕਾਰ ਰਹੇਗਾ ॥੧੯੭॥

## ਯਥਾਰਥ ਵਰਨਨੰ ॥

## ਕਬਿੱਤ ॥ ਚੇਤਨ ਕਹੋ ਜੌ ਕਹੂੰ ਔਰ ਜੜ੍ਹ ਹੋਇ ਕਛੂ; ਸਤਿ ਕਹੋ ਯਾ ਤੇ ਜੌ ਅਸੱਤ ਕਛੁ ਲਹੀਯੇ ॥

ਕਵੀ ਜੀ ਯਥਾਰਥ ਸਿਧਾਂਤ ਕਥਨ ਕਰਦੇ ਹਨ ਕਿ ਪਰਮਾਤਮਾ ਨੂੰ ਚੇਤਨ ਤਾਂ ਕਹੋ = ਆਖਣਾ ਕਰੀਏ

ਜੌਂ = ਜੇਕਰ ਕਹੂੰ = ਕਹੇ ਔਰ = ਹੋਰ ਕਛੂ = ਕੁਝ ਬ੍ਰਹਮ ਤੋਂ ਭਿੰਨ ਜੜ੍ਹ ਵਸਤੂ ਹੋਇ = ਹੋਵੇ, ਅਰਥਾਤ ਜਿਵੇਂ ਸੁਰਤੀਆਂ ਦੇ ਪ੍ਰਮਾਣ ਮਿਲਦੇ ਹਨ, ਜੈਸਾ ਕਿ :

**ਏਕਾਮੇਵ ਦੂਤੀਯ ਬ੍ਰਹਮ ਨਿਹਨਾ ਨਾਸਤੀ ਕਿੰਚਨ ॥**

ਏਕਾਮੇਵ = ਨਿਸ਼ਚੇ ਕਰਕੇ ਅਦੁੱਤੀ ਬ੍ਰਹਮ ਹੀ ਹੈ, ਭਾਵ ਅਧਿਸ਼ਠਾਨ ਸਰੂਪ ਬ੍ਰਹਮ ਤੋਂ ਭਿੰਨ ਕੁਝ ਵੀ ਪਦਾਰਥ ਨਹੀਂ ਹੈ, ਇਸ ਪ੍ਰਕਾਰ ਸ੍ਰਤੀ ਪ੍ਰਮਾਣ ਦੇ ਨਾਲ ਸਭ ਥਾਈਂ ਬ੍ਰਹਮ ਸਰੂਪ ਸਿੱਧ ਹੋਣ ਕਰਕੇ ਕੋਈ ਜੜ੍ਹ ਵਸਤੂ ਨਹੀਂ ਹੈ, ਜੜ੍ਹ ਦੀ ਦ੍ਰਿਸ਼ਟੀ ਕਰਕੇ ਹੀ ਚੇਤਨ ਦਾ ਉਚਾਰਨਾ ਹੁੰਦਾ ਹੈ। ਇਸ ਲਈ ਪਰਮਾਤਮਾ ਨੂੰ ਚੇਤਨ ਕਹਿਣਾ ਵੀ ਬਣਦਾ ਨਹੀਂ ਹੈ।

ਫੇਰ ਪਰਮਾਤਮਾ ਨੂੰ ਸਤ ਸਰੂਪ ਤਾਂ ਹੀ ਕਹਿਣਾ ਕਰੀਏ ਜੌਂ = ਜੇਕਰ ਕਛੁ = ਕੁਝ ਅਸੱਤ = ਝੂਠਾ ਲਹੀਯੇ = ਜਾਨਣਾ ਕਰੀਏ। ਵਾਸਤਵ ਵਿਚ ਪਰਮਾਤਮਾ 'ਤੇ ਕੋਈ ਵੀ ਸ਼ਬਦ, ਨਾਮ ਲਾਗੂ ਨਹੀਂ ਹੋ ਸਕਦਾ, ਸਭ ਥਾਈਂ ਨਿਸ਼ਚੇ ਕਰਕੇ ਬ੍ਰਹਮ ਹੀ ਬ੍ਰਹਮ ਹੈ ਭਾਵ ਕਿ ਅਸੱਤ ਦੀ ਅਪੇਖਸ਼ਾ ਕਰਕੇ ਸਤ ਕਿਹਾ ਜਾਂਦਾ ਹੈ, ਸੋ ਜਦੋਂ ਅਸੱਤ ਪਦਾਰਥ ਹੈ ਹੀ ਨਹੀਂ ਤਾਂ ਫੇਰ ਸੱਤ ਕਿਸ ਪ੍ਰਕਾਰ ਕਿਹਾ ਜਾਵੇ।

## ਆਨੰਦ ਸ੍ਵਰੂਪ ਤੋ ਕਹੋ ਜੇ ਸੋਂਕ ਜਾਨੇ ਕਹੂੰ;
## ਆਦ੍ਵਤੀਯ ਕਹੋ ਜੋ ਦ੍ਵਤੀਯ ਔਰ ਗਹੀਯੇ ॥

ਬ੍ਰਹਮ ਨੂੰ ਆਨੰਦ ਸਰੂਪ ਤੋ = ਤਦ ਕਹੋ = ਕਹਿਣਾ ਕਰੀਏ ਜੇ = ਜੇਕਰ ਕਹੂੰ = ਕਿਸੇ ਥਾਂ ਸੋਂਕ = ਗ਼ਮ ਜਾਨੋ = ਜਾਣੀਏ; ਸ਼ੋਕ ਦੀ ਅਪੇਖਸ਼ਾ ਨਾਲ ਹੀ ਅਨੰਦ ਕਿਹਾ ਜਾਂਦਾ ਹੈ, ਜਦੋਂ ਬ੍ਰਹਮ ਤੋਂ ਭਿੰਨ ਕੁਝ ਨਹੀਂ ਤਾਂ ਫੇਰ ਬ੍ਰਹਮ ਨੂੰ ਅਨੰਦ ਸਰੂਪ ਵੀ ਕਿਵੇਂ ਕਿਹਾ ਜਾਵੇ।

ਅਦੁੱਤੀ ਤਾਂ ਕਹੋ = ਆਖੀਏ ਜੌਂ = ਜੇਕਰ ਦੂਤੀਯ = ਦੂਜਾ ਪਣ ਕਿਤੇ ਹੋਵੇ ਦੂਤੀਯ ਦੇ ਦ੍ਰਿਸ਼ਟੀ ਕਰਕੇ ਅਦੁੱਤੀ ਕਿਹਾ ਜਾਂਦਾ ਹੈ, ਜਿਵੇਂ ਰਾਤ ਦੀ ਦ੍ਰਿਸ਼ਟੀ ਕਰਕੇ ਦਿਨ ਕਹੀਦਾ ਹੈ, ਜਦੋਂ ਦੂਤੀਯ ਪੁਣਾ ਹੀ ਪਰਮਾਤਮਾ ਵਿਚ ਨਹੀਂ ਤਾਂ ਫੇਰ ਅਦੁੱਤੀ ਕਿਵੇਂ ਕਿਹਾ ਜਾਵੇ।

## ਤੌਂ ਕਹੋ ਅਖੰਡ ਖੰਡ ਖੰਡ ਔਰ ਦੇਖੋਂ ਕਛੂ;
## ਚਲ ਹੋਇ ਔਰ ਤੌਂ ਅਚਲ ਵਾਹਿ ਕਹੀਯੇ ॥

ਪਰਮਾਤਮਾ ਨੂੰ ਅਖੰਡ = ਖੰਡਣ ਤੋਂ ਰਹਿਤ ਤੌਂ = ਤਾਂ ਕਹੋ = ਕਹਿਣਾ ਕਰੀਏ, ਜੇਕਰ ਔਰ = ਹੋਰ ਕਛੂ = ਕੁਝ ਕਿਤੇ ਖੰਡ ਖੰਡ = ਟੁਕੜੇ ਟੁਕੜੇ ਦੇਖੋਂ = ਦੇਖਦੇ ਹੋਈਏ ਕਿਉਂਕਿ ਖੰਡਣ ਦੀ ਦ੍ਰਿਸ਼ਟੀ ਨਾਲ ਹੀ ਅਖੰਡ ਦਾ ਕਥਨ ਹੁੰਦਾ ਹੈ, ਸੋ ਜਦੋਂ ਕੋਈ ਪਦਾਰਥ ਖੰਡਣ ਹੀ ਨਹੀ ਤਾਂ ਫੇਰ ਅਖੰਡ ਕਿਵੇਂ ਕਹਿਣਾ ਕਰੀਏ ?

ਪਰਮਾਤਮਾ ਤੋਂ ਭਿੰਨ ਜੇਕਰ ਕੋਈ ਔਰ = ਹੋਰ ਵਸਤੂ ਚਲ = ਚਲਾਇਮਾਨ ਨਜ਼ਰ ਆਵੇ ਤੌਂ = ਤਦ ਵਾਹਿ = ਉਸ ਬ੍ਰਹਮ ਨੂੰ ਅਚੱਲ ਕਹੀਏ = ਕਹਿਣਾ ਕਰੀਏ। ਸੋ ਬ੍ਰਹਮ ਤੋਂ ਭਿੰਨ ਕੋਈ ਵਸਤੂ ਵੀ ਚਲਾਇਮਾਨ ਨਹੀਂ ਹੈ; ਇਸ ਲਈ ਅਚੱਲ ਕਹਿਣਾ ਵੀ ਅਸੰਭਵ ਹੈ।

## ਜਾਨ ਯਹੈ ਬੇਦ ਸੁਖਦੇਵ ਨੇਤਿ ਨੇਤਿ ਕਹੈਂ;
## ਆਪ ਕੋ ਬਿਚਾਰੇ ਚੁਪ ਚਾਪ ਆਪ ਰਹੀਯੇ ॥੧੯੮॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਯਹੈ = ਇਹ ਜਾਨ = ਸਮਝ ਕਰਕੇ ਹੀ ਵੇਦ ਬ੍ਰਹਮ ਨੂੰ ਨੇਤਿ ਨੇਤਿ = ਬਿਅੰਤ ਬਿਅੰਤ ਕਹੈਂ = ਕਥਨ ਕਰਦੇ ਹਨ,

ਜੈਸਾ ਕਿ : **ਨੇਤ ਨੇਤ ਕਥੰਤਿ ਬੇਦਾ॥** *(ਅੰਗ ੧੩੫੯)*

ਇਸ ਲਈ ਆਪ = ਆਪਣੇ ਨਿਜ ਸਰੂਪ ਕੋ = ਨੂੰ ਬਿਚਾਰੇ = ਵਿਚਾਰ ਨਾਲ ਆਪ ਹੀ ਚੁੱਪ-ਚਾਪ ਹੋ ਕਰਕੇ ਰਹੀਯੇ = ਰਹਿਣਾ ਕਰੀਏ ॥੧੯੮॥

## ਕਬਿੱਤ ॥ ਅਜ ਤੌ ਕਹੋ ਜੌ ਦੇਖੋ ਔਰ ਕੋ ਜਨਮ ਕਹੂੰ; ਅਕ੍ਰਿਯ ਕਹੋ ਤੌ ਕਰਤਾਰ ਔਰ ਲਹੀਏ ॥

ਹੇ ਸਿੱਖ! ਬ੍ਰਹਮ ਨੂੰ ਅਜ = ਅਜਨਮਾ ਤੌਂ = ਤਾਂ ਕਹੋ = ਕਹਿਣਾ ਕਰੀਏ ਜੌਂ = ਜੇਕਰ ਕਹੂੰ = ਕਿਤੇ ਔਰ = ਹੋਰ ਥਾਂ ਕਿਸੇ ਕੋ = ਦਾ ਜਨਮ ਦੇਖੋ = ਦੇਖਣਾ ਕਰੀਏ ਅਰਥਾਤ ਜਨਮ ਵਾਲੇ ਦੀ ਦ੍ਰਿਸ਼ਟੀ ਕਰਕੇ ਹੀ ਅਜਨਮਾ ਕਿਹਾ ਜਾਂਦਾ ਹੈ, ਪਰ ਬ੍ਰਹਮ ਤੋਂ ਭਿੰਨ ਅਨਯ ਕੋਈ ਵਸਤੂ ਹੀ ਨਹੀਂ ਤਾਂ ਫਿਰ ਜਨਮ ਕਿਸ ਪ੍ਰਕਾਰ ਹੋਵੇ, ਸੋ ਜਦੋਂ ਕਿਸੇ ਹੋਰ ਦਾ ਜਨਮ ਹੀ ਸਿੱਧ ਨਾ ਹੋਇਆ ਤਾਂ ਫੇਰ ਇਹ ਕਹਿਣਾ ਕਿ ਪਰਮਾਤਮਾ ਅਜਨਮਾ ਹੈ, ਇਹ ਕਿਵੇਂ ਕਿਹਾ ਜਾ ਸਕਦਾ ਹੈ?

ਉਸ ਬ੍ਰਹਮ ਨੂੰ ਅਕ੍ਰਿਯ = ਕਿਰਿਆ ਰਹਿਤ ਵੀ ਤੌਂ = ਤਾਂ ਕਹੋ = ਕਹਿਣਾ ਕਰੋ ਜੇਕਰ ਕਰਤਾਰ = ਕਰਤਾ ਕਿਤੇ ਔਰ = ਹੋਰ ਥਾਂ ਤੇ ਲਹੀਏ = ਜਾਣੀਏ ਭਾਵ ਕਿਰਿਆ ਵਾਲੇ ਦੀ ਦ੍ਰਿਸ਼ਟੀ ਕਰਕੇ ਹੀ ਅਕ੍ਰਿਯਾ ਕਿਹਾ ਜਾਂਦਾ ਹੈ, ਸੋ ਪਰਮਾਤਮਾ ਤੋਂ ਭਿੰਨ ਕੋਈ ਵਸਤੂ ਵੀ ਕਿਰਿਆ ਵਾਲੀ ਨਹੀਂ ਤਾਂ ਫਿਰ ਉਹ ਅਕਿਰਿਆ ਕਿਵੇਂ ਕਹਾਉਣਾ ਕਰੇਗਾ?।

## ਕੂਟਵਤ ਕਹੋ ਜੋ ਲੋਹਾਰ ਵਤ ਹੋਵੈ ਕੋਊ; ਅੰਤਵੰਤ ਹੋਇ ਤੌ ਅਨੰਤ ਵਾਹਿ ਕਹੀਏ ॥

ਕੂਟ = ਅਹਿਰਣ ਵੱਤ ਅਡੋਲ ਉਸਨੂੰ ਤਾਂ ਕਹੋ = ਕਹਿਣਾ ਕਰੋ, ਜੌਂ = ਜੇਕਰ ਲੋਹਾਰ ਦੀ ਵਤ = ਨਿਆਈਂ ਕੋਊ = ਕੋਈ ਹੋਰ ਹੋਵੈ = ਹੋਣਾ ਕਰੇ, ਇਸ ਲਈ ਪਰਮਾਤਮਾ ਦੇ ਪਾਸ ਪਰਮਾਤਮਾ ਵਰਗਾ ਹੋਰ ਕੋਈ ਨਹੀਂ, ਤਿਸ ਕਰਕੇ ਕੂਟ ਵਤ ਕਹਿਣਾ ਵੀ ਨਹੀਂ ਬਣਦਾ।

ਜੇਕਰ ਕਿਤੇ ਕੋਈ ਅੰਤਵੰਤ = ਅੰਤ ਵਾਲਾ ਹੋਵੇ ਤੌਂ = ਤਾਂ ਵਾਹਿ = ਉਸ ਪਰਮਾਤਮਾ ਨੂੰ ਅਨੰਤ ਕਹੀਏ = ਕਹਿਣਾ ਕਰੀਏ। ਪਰਮਾਤਮਾ ਤੋਂ ਭਿੰਨ ਕੋਈ ਵਸਤੂ ਨਹੀਂ, ਇਸ ਲਈ ਅਨੰਤ ਕਹਿਣਾ ਵੀ ਅਸੰਗਤ ਹੈ।

## ਸ੍ਵਯੰ ਪ੍ਰਕਾਸ਼ ਕਹੋ ਜੌ ਦਿਖੈਯਾ ਔਰ ਹੋਇ ਕੋਈ; ਬ੍ਰਹਮ ਤੌ ਕਹੋ ਜੌ ਜੀਵ ਈਸ਼ ਔਰ ਗਹੀਏ ॥

ਸ੍ਵਯੰ = ਸੁਤੇ ਆਪਣੇ ਆਪ ਤੋਂ ਪ੍ਰਕਾਸ਼ ਸਰੂਪ ਤਾਂ ਕਹੋ = ਕਹਿਣਾ ਕਰੀਏ, ਜੌਂ = ਜੇਕਰ ਔਰ = ਹੋਰ ਕੋਈ ਦਿਖੈਯਾ = ਦੇਖਣ ਵਾਲਾ ਹੋਵੇ, ਸੋ ਬ੍ਰਹਮ ਤੋਂ ਭਿੰਨ ਹੋਰ ਕੋਈ ਹੈ ਨਹੀਂ, ਇਸ ਕਰਕੇ ਸ੍ਵਯੰ ਪ੍ਰਕਾਸ਼ ਕਹਿਣਾ ਵੀ ਨਹੀਂ ਬਣਦਾ।

ਫੇਰ ਬ੍ਰਹਮ ਵੀ ਤੌਂ = ਤਾਂ ਹੀ ਕਹੋ = ਕਹਿਣਾ ਕਰੀਏ ਜੌਂ = ਜੇਕਰ ਜੀਵ ਈਸ਼ ਦਾ ਕਿਤੇ ਹੋਰ ਗਹੀਏ = ਗ੍ਰਹਿਣ ਕਰੀਏ।

## ਗੂੰਗੋ ਗੁਰ ਖਾਇ ਤਾਂ ਕੋ ਸ੍ਵਾਦ ਨ ਬਖਾਨੋ ਜਾਇ; ਆਪ ਹੀ ਕੋ ਪਾਇ ਆਪ ਚੁਪ ਚਾਪ ਰਹੀਏ ॥੧੯੯॥

ਇਹ ਤਾਂ ਇਸ ਪ੍ਰਕਾਰ ਦਾ ਸਿਧਾਂਤ ਹੈ ਜਿਸ ਪ੍ਰਕਾਰ ਗੂੰਗੋ = ਗੂੰਗਾ ਮਨੁੱਖ ਗੁਰ = ਗੁੜ ਆਦਿ ਮਿੱਠਾ

ਪਦਾਰਥ ਖਾਇ = ਖਾਣਾ ਕਰੇ, ਜਦੋਂ ਉਸ ਪਾਸੋਂ ਸ੍ਵਾਦ ਪੁੱਛਿਆ ਜਾਵੇ ਤਦ ਤਾਂ = ਉਸ ਕੋ = ਦੇ ਪਾਸੋਂ ਗੁੜ ਦਾ ਸ੍ਵਾਦ ਬਖਾਨੋ = ਕਥਨ ਨਹੀਂ ਕੀਤਾ ਜਾਇ = ਜਾ ਸਕਦਾ।

ਇਸ ਲਈ ਆਪਣੇ ਆਪ ਨੂੰ ਹੀ ਪਾਇ = ਪ੍ਰਾਪਤ ਕਰਕੇ ਆਪ ਚੁੱਪ ਚਾਪ ਰਹੀਏ = ਰਹਿਣਾ ਕਰੀਏ, ਇਹ ਤਾਂ ਕਹਿਣ ਤੋਂ ਅਕਹਿ ਹੈ॥੧੯੯॥ ਜੈਸਾ ਕਿ :

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥** *(ਅੰਗ ੩੩੪)*

## ਦੋਹਰਾ॥ ਐਸੋ ਬ੍ਰਹਮ ਸ੍ਵਰੂਪ ਹੈ; ਤਾਂਹਿ ਆਤਮਾ ਜਾਨੁ॥

ਹੇ ਸਿੱਖ! ਐਸੋ = ਅਜਿਹਾ ਜੋ ਬ੍ਰਹਮ ਦਾ ਸਰੂਪ ਹੈ, ਤਾਂਹਿ = ਤਿਸਨੂੰ ਤੂੰ ਆਪਣਾ ਆਤਮਾ ਕਰਕੇ ਜਾਨ = ਜਾਨਣਾ ਕਰ।

## ਅਬ ਤੇਰੇ ਪ੍ਰਾਰਬਧ ਨਾਹਿ; ਕਛੂ ਲੇਹ ਜਿਨ ਮਾਨ॥੨੦੦॥

ਪਰ ਅਬ = ਹੁਣ ਤੇਰੇ ਵਿਚ ਕੁਝ ਪ੍ਰਾਰਬਧ ਨਾਹਿ = ਨਹੀਂ ਹੈ, ਇਹੋ ਜਿਹੀ ਕੁਝ ਵੀ ਗੱਲ ਜਿਨ = ਮਤਾਂ ਮਾਨ = ਮੰਨਣਾ ਕਰ॥੨੦੦॥

## ਕਬਿੱਤ॥ ਸੋਵਤ ਮੈਂ ਜੈਸੇ ਦੇਹ ਧਾਰ ਕੇ ਮਨੋਰਥ ਕੀ; ਪੂਤ ਭਯੋ ਕਾਹੂੰ ਕੇ ਖਿਲਾਯੋ ਤੇਹ ਬਾਰੇ ਤੇ॥

ਇਹ ਤਾਂ ਇਸ ਪ੍ਰਕਾਰ ਜਾਨਣਾ ਕਰ ਕਿ ਜੈਸੇ = ਜਿਸ ਪ੍ਰਕਾਰ ਕੋਈ ਮਨੁੱਖ ਸੋਵਤ = ਸੁੱਤੇ ਹੋਏ ਸਮੇਂ ਅੰਦਰ ਸੁਪਨੇ ਮੈ = ਵਿਚ ਮਨੋਰਥ = ਫੁਰਨਿਆ ਕੀ = ਦੀ ਦੇਹੀ ਧਾਰਨ ਕਰਕੇ ਕਿਸੇ ਕੇ = ਦੇ ਘਰ ਵਿਚ ਪੂਤ = ਪੁੱਤਰ ਬਣ ਕੇ ਪੈਦਾ ਭਯੋ = ਹੋ ਗਿਆ, ਤਿਸਨੇ ਬਾਰੇ = ਬਾਲਕ ਅਵਸਥਾ ਵਿਚ ਖਿਲਾਯੋ = ਖਿਡਾਉਣਾ ਕੀਤਾ।

## ਸਿਸਤਾ ਨਿਵਾਰਿ ਪੁਨ ਪਠੈ ਬੇਦ ਚਾਰੋਂ; ਬਯਾਹ ਕੁਟੰਬ ਸੰਭਾਰੋ ਕਾਕਾ ਬਾਬਾ ਬੰਧੁ ਸਾਰੇ ਤੇ॥

ਫੇਰ ਸਿਸਤਾ = ਬਚਪਨ ਦੀ ਉਮਰ ਨਿਵਾਰਿ = ਦੂਰ ਕਰਕੇ ਪੁਨਾ ਬ੍ਰਹਮਚਾਰੀ ਬਣਕੇ ਚਾਰੇ ਬੇਦਾਂ ਨੂੰ ਪਠੈ = ਪੜ੍ਹਨਾ ਕੀਤਾ।

ਫਿਰ ਬਯਾਹ = ਵਿਆਹ ਹੋ ਗਿਆ, ਵੱਡਾ ਕੁਟੰਬ = ਪਰਿਵਾਰ ਸੰਭਾਰੋ = ਸੰਭਾਲ ਲਿਆ, ਕਿਸੇ ਦਾ ਕਾਕਾ = ਚਾਚਾ ਬਣ ਗਿਆ, ਕਿਸੇ ਦਾ ਬਾਬਾ = ਦਾਦਾ ਆਦਿ ਬਣ ਗਿਆ, ਇੰਜ ਬਹੁਤ ਸਾਰੇ ਬੰਧ = ਸੰਬੰਧੀ ਬਣ ਗਏ।

## ਕਹੈ ਸੁਖਦੇਵ ਪੂਤ ਨਾਤੀ ਉਪਜਾਏ; ਭਾਂਤਿ ਭਾਂਤਨ ਖਿਲਾਏ ਪਾਪ ਪੁੰਨ ਕਰ ਪਾਰੇ ਤੇ॥

ਕਵੀ ਸੁਖਦੇਵ ਜੀ ਕਹੈ = ਕਥਨ ਕਰਦੇ ਹਨ ਕਿ ਪੁਨਾ ਪੂਤ = ਪੁੱਤਰ, ਨਾਤੀ = ਪੋਤਰੇ ਆਦਿ ਉਪਜਾਏ = ਪੈਦਾ ਕਰ ਲਏ,

ਭਾਂਤਿ ਭਾਂਤਨ = ਤਰ੍ਹਾਂ-ਤਰ੍ਹਾਂ ਦੇ ਲਾਡਾਂ ਨਾਲ ਖਿਲਾਏ = ਖਿਡਾਉਣਾ ਕੀਤੇ, ਪੁੰਨ ਤੇ ਪਾਪ ਕਰ ਕਰ ਕੇ ਪਾਰੇ = ਪਾਲਣਾ ਕੀਤੇ।

**ਜਾਗਤ ਹੀ ਜੈਸੇ ਸਭ ਸੁਪਨੇ ਕੇ ਝੂਠੇ ਲਾਗੇ;**
**ਜਗਤ ਕੋ ਤੈਸੇ ਜਾਨੋ ਆਤਮਾ ਬਿਚਾਰੇ ਤੇ ॥੨੦੧॥**

ਸੋ ਜਾਗਤ = ਜਾਗਦਿਆਂ ਸਾਰ ਹੀ ਜੈਸੇ = ਜਿਸ ਪ੍ਰਕਾਰ ਸੁਪਨੇ ਦੇ ਪਦਾਰਥ ਧੀਆਂ, ਪੁੱਤਰ, ਸੰਬੰਧੀ ਆਦਿ ਸਭ = ਸਾਰੇ ਝੂਠੇ = ਮਿਥਿਆ ਲਾਗੇ = ਲੱਗਦੇ ਹਨ,

ਤੈਸੇ = ਤਿਸ ਪ੍ਰਕਾਰ ਹੀ ਆਪਣੀ ਆਤਮਾ ਦੇ ਬਿਚਾਰੇ = ਵਿਚਾਰਨ ਕਰਕੇ ਸਾਰੇ ਸੰਸਾਰ ਨੂੰ ਝੂਠਾ ਜਾਨੋ = ਜਾਨਣਾ ਕਰੀਏ, ਅਰਥਾਤ ਬ੍ਰਹਮ ਵਿਚਾਰ ਕਰਨ ਨਾਲ ਸੰਸਾਰ ਮਿਥਿਆ ਹੀ ਪ੍ਰਤੀਤ ਹੁੰਦਾ ਹੈ ॥੨੦੧॥

**ਕਬਿੱਤ ॥**

**ਸੋਵਤ ਸੂਪਨ ਮਾਂਝ ਨੀਚ ਜੈਸੇ ਰਾਜਾ ਹੋਇ;**
**ਜਾਗਤ ਮੈਂ ਲੇਸ ਤਾਂ ਕੋ ਰੰਚਕ ਨ ਦੇਖੀਏ ॥**

ਜੈਸੇ = ਜਿਸ ਪ੍ਰਕਾਰ ਕੋਈ ਮਨੁੱਖ ਸੋਵਤ = ਸੁੱਤੇ ਹੋਇਆਂ, ਕੋਈ ਨੀਚ = ਨੀਵਾਂ, ਮੰਗਤਾ ਸੂਪਨ = ਸੁਪਨੇ ਮਾਂਝ = ਵਿਚ ਰਾਜਾ ਹੋਇ = ਹੋ, ਬਣ ਬੈਠੇ।

ਪਰ ਜਾਗਤ = ਜਾਗਰਤ ਅਵਸਥਾ ਮੈ = ਵਿਚ ਤਾਂ = ਉਸ ਰਾਜ ਭਾਗ ਦਾ ਲੇਸ = ਅਸਰ ਰੰਚਕ = ਥੋੜ੍ਹੇ ਮਾਤਰ ਵੀ ਨਹੀਂ ਦੇਖੀਏ = ਦੇਖੀਦਾ।

**ਜੈਸ ਬਾਂਝ ਪੂਤ ਕੇ ਉਢਾਉਨੇ ਵਿਛਾਉਨੇ ਕੀ,**
**ਬਾਤ ਕੌਨ ਕਹੈ ਤਾਂ ਕੀ ਔਰ ਭਰਮ ਰੇਖੀਏ ॥**

ਜੈਸੇ = ਜਿਸ ਪ੍ਰਕਾਰ ਬਾਂਝ = ਬੰਝਿਆ ਇਸਤ੍ਰੀ ਦੇ ਪੂਤ = ਪੁੱਤਰ ਕੇ = ਦੇ ਲਈ ਬਸਤਰ ਉਢਾਉਨੇ = ਓਢਨ, ਪਵਾਉਣ ਤੇ ਵਿਛਾਉਣੇ = ਬਿਸਤਰਾ ਵਿਛਾਉਣ ਕੀ = ਦੀ ਬਾਤ = ਗੱਲ ਕੌਨ = ਕਿਹੜਾ ਕਹੈ = ਆਖਦਾ ਹੈ ਭਾਵ ਕੋਈ ਨਹੀਂ ਆਖਦਾ ਤਾਂ = ਉਸ ਕੀ = ਦੀ ਔਰ = ਤਰਫ਼ ਤਾਂ ਕੇਵਲ ਭਰਮ ਮਾਤਰ ਰੇਖੀਏ = ਰੇਖਾ, ਕਲਪਨਾ ਹੀ ਹੈ।

**ਕਹੈ ਸੁਖਦੇਵ ਜੈਸੇ ਗਗਨ ਕੀ ਗੰਗਾ ਮਾਝ;**
**ਫੂਲੇ ਅਰਬਿੰਦ ਤਾਂ ਕੋ ਸੌਰਭ ਵਿਸੇਖੀਏ ॥**

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਜੈਸੇ = ਜਿਸ ਪ੍ਰਕਾਰ ਗਗਨ = ਅਕਾਸ਼ ਕੀ = ਦੀ ਗੰਗਾ ਨਦੀ ਦੇ ਮਾਝ = ਵਿਚ ਅਰਬਿੰਦ = ਕਮਲ ਦੇ ਫੁੱਲ ਫੂਲੇ = ਪ੍ਰਫੁੱਲਤ, ਖਿੜੇ ਹੋਏ ਹਨ, ਤਾਂ ਕੋ = ਉਨ੍ਹਾਂ ਫੁੱਲਾਂ ਦੀ ਵਿਸੇਖੀਏ = ਬਹੁਤ ਸੌਰਭ = ਸੁਗੰਧੀ ਆ ਰਹੀ ਹੈ। ਜਿਵੇਂ ਇਹ ਕੁਝ ਨਹੀਂ ਕੇਵਲ ਕਹਿਣ ਮਾਤ੍ਰ ਸਭ ਝੂਠ ਹੀ ਹੈ।

**ਤੈਸੇ ਤੂੰ ਜਗਤ ਅਰੁ ਮੈ ਤੂੰ ਏ ਸਰੀਰ ਜਾਨ;**
**ਤਾਂ ਕੇ ਕੀਯੇ ਕਰਮ ਕਯੋਂ ਸਾਚੇ ਕਰਿ ਲੇਖੀਏ ॥੨੦੨॥**

ਹੇ ਸਿੱਖ! ਤੈਸੇ = ਉਸੇ ਪ੍ਰਕਾਰ ਤੂੰ ਜਗਤ = ਸੰਸਾਰ ਨੂੰ ਅਰੁ = ਅਤੇ ਮੈਂ ਤੇ ਤੂੰ ਏ = ਇਹ ਸਰੀਰ ਸਭ ਝੂਠੇ ਹੀ ਜਾਨ = ਜਾਨਣਾ ਕਰ,

ਜਦੋਂ ਸਰੀਰ ਹੀ ਝੂਠਾ ਹੋਇਆ ਤਾਂ ਫੇਰ ਉਸ ਸਰੀਰ ਦੇ ਦੁਆਰਾ ਕੀਯੇ = ਕੀਤੇ ਕਰਮ ਕਯੋਂ = ਕਿਵੇਂ ਕਰਿ = ਕਰਕੇ ਸਾਚੇ = ਸੱਚੇ ਲੇਖੀਏ = ਜਾਨਣਾ ਕਰੀਏ ॥੨੦੨॥

## ਸਿਖਯੋ ਵਾਚ ॥

## ਦੋਹਰਾ ॥ ਬ੍ਰਹਮ ਰੂਪ ਤਬਹੀ ਹੁਤੋ; ਜਬ ਹੌਂ ਅਗ ਸੁਭਾਇ ॥

ਹੇ ਗੁਰੂ ਜੀ! ਇਸ ਪ੍ਰਕਾਰ ਤਾਂ ਬ੍ਰਹਮ ਸਰੂਪ ਮੈਂ ਤਬਹੀ = ਤਦੋਂ ਵੀ ਹੁਤੋ = ਹੁੰਦਾ ਸੀ, ਜਬ = ਜਦੋਂ ਹੌਂ = ਮੇਰਾ ਅਗ = ਅਗਿਆਨੀ ਸੁਭਾਇ = ਸੁਭਾਅ ਹੁੰਦਾ ਸੀ।

## ਗ੍ਯਾਨ ਭਏ ਕੁਛ ਔਰ ਨਾਹਿ; ਵਹੈ ਬ੍ਰਹਮ ਅਬ ਪਾਇ ॥੨੦੩॥

ਹੁਣ ਗਿਆਨ ਭਏ = ਹੋਏ ਤੋਂ ਕੁਛ = ਕੁਝ ਔਰ = ਹੋਰ ਤਾਂ ਨਹੀਂ ਪ੍ਰਾਪਤ ਹੋਇਆ, ਬਸ ਵਹੈ = ਉਸ ਬ੍ਰਹਮ ਨੂੰ ਹੀ ਅਬ = ਹੁਣ ਪਾਇ = ਪ੍ਰਾਪਤ ਕੀਤਾ ਹੈ ॥੨੦੩॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਭੂਲੇ ਕੋ ਸਮੁਝਾਵਹੀ; ਬੇਦ ਔਰ ਗੁਰ ਲੋਗ ॥

ਹੇ ਸਿੱਖ! ਬੇਦ ਔਰ = ਅਤੇ ਗੁਰੂ ਲੋਗ = ਜਨ ਅਗਿਆਨ ਕਰਕੇ ਆਪਣੇ ਆਤਮ ਸਰੂਪ ਤੋਂ ਭੁੱਲੇ ਹੋਇਆਂ ਕੋ = ਨੂੰ ਗਿਆਨ ਦੁਆਰਾ ਆਤਮ ਸਰੂਪ ਹੀ ਸਮੁਝਾਵਹੀ = ਸਮਝਾਉਣਾ ਕਰਦੇ ਹਨ।

## ਕਰਤ ਔਰ ਤੇ ਔਰ ਨਹਿ; ਕਿਯਾ ਕਰਮ ਕੇ ਜੋਗ ॥੨੦੪॥

ਜੋ ਕ੍ਰਿਯਾ ਅਤੇ ਕਰਮ ਕੇ = ਦੇ ਨਾਲ ਜੋਗ = ਜੁੜੇ ਹੁੰਦੇ ਹਨ, ਉਨ੍ਹਾਂ ਨੂੰ ਔਰ ਤੇ ਔਰ = ਹੋਰ ਤੋਂ ਹੋਰ ਨਹੀਂ ਕਰਤ = ਕਰਦੇ ਭਾਵ ਕਿਰਿਆ ਤੇ ਕਰਮ ਉਹੀ ਬਣੇ ਰਹਿੰਦੇ ਹਨ ॥੨੦੪॥

ਅੱਗੇ ਇਸੇ ਗੱਲ ਨੂੰ ਉਦਾਹਰਣ ਦੇ ਕੇ ਸਮਝਾਉਂਦੇ ਹਨ:

## ਕਬਿੱਤ ॥ ਕੋਰੀ ਬੀਸ ਚਲੇ ਗਾਉ ਵੀਚ ਨਦੀ ਉਤਰਾਉ; ਤੈਰ ਤੈਰ ਕੇ ਸੁ ਭਏ ਪਾਰ ਭ੍ਰਮ ਆਯੋ ਹੈ ॥

ਕੋਈ ਬੀਸ = ਵੀਹ ਕੋਰੀ = ਜੁਲਾਹੇ ਆਪਣੇ ਪਿੰਡ ਤੋਂ ਕਿਸੇ ਹੋਰ ਗਾਉ = ਪਿੰਡ ਨੂੰ ਚੱਲੇ ਸਨ, ਰਸਤੇ ਵਿਚ ਨਦੀ ਦਾ ਉਤਰਾਉ = ਵਹਾਉ, ਵਹਿਣ ਸੀ; ਚਾਨਣੀ ਰਾਤ ਕਰਕੇ ਚਮਕਦੀ ਰੇਤਾ ਨੂੰ ਜੁਲਾਹਿਆਂ ਨੇ ਸਮਝਿਆ ਕਿ ਇਹ ਨਦੀ ਪਾਣੀ ਨਾਲ ਭਰੀ ਚੜ੍ਹੀ ਹੋਈ ਹੈ ਤਦੋਂ ਕਿਹਾ ਕਿ ਆਉ ਇਸਨੂੰ ਤੈਰ ਕੇ ਪਾਰ ਕਰੀਏ। ਉਸ ਵੇਲੇ ਤੈਰ ਤੈਰ ਕੇ ਭਾਵ ਚਮਕਦੀ ਰੇਤਾ ’ਤੇ ਢਿੱਡ ਘਸਾ-ਘਸਾ ਕੇ ਪਾਰ ਭਏ = ਹੋ ਗਏ, ਫਿਰ ਇਹ ਭਰਮ ਆ ਗਿਆ ਕਿ ਸਾਡੇ ਵਿੱਚੋਂ ਕੋਈ ਡੁੱਬ ਗਿਆ ਹੈ।

## ਜੋਈ ਗਿਨ ਦੇਖੈ ਸੋਈ ਆਪ ਕੋ ਨ ਲੇਖੈ; ਏਕ ਬੂਡਯੋ ਅਵਿਰੇਖੈ ਮਹਾਂ ਸ਼ੋਕ ਉਪਜਾਯੋ ਹੈ ॥

ਸਾਰਿਆਂ ਨੂੰ ਗਿਣਨ ਲੱਗੇ, ਜੋਈ = ਜਿਹੜਾ ਵੀ ਗਿਨ = ਗਿਣਤੀ ਕਰਕੇ ਦੇਖੈ = ਦੇਖਦਾ ਹੈ ਸੋਈ = ਉਹ ਆਪਣੇ ਆਪ ਕੋ = ਨੂੰ ਲੇਖੈ = ਗਿਣਤੀ ਵਿਚ ਨਹੀਂ ਲੈਂਦਾ।

ਇਸ ਪ੍ਰਕਾਰ ਆਪਣਾ ਏਕ = ਇਕ ਆਦਮੀ ਬੂਡਯੋ = ਡੁੱਬਿਆ ਹੋਇਆ ਅਵਿਰੇਖੈ = ਦੇਖ ਕੇ ਉਨ੍ਹਾਂ ਨੇ ਮਹਾਂ = ਬਹੁਤ ਸ਼ੋਕ = ਗ਼ਮ ਉਪਜਾਯੋ = ਪ੍ਰਗਟ ਕੀਤਾ।

## ਔਰ ਜਬ ਪੰਥੀ ਆਏ ਨਯਾਰੇ ਨਯਾਰੇ ਸਮੁਝਾਏ;
## ਬੀਸੋ ਗਿਨ ਕੇ ਬਤਾਏ ਤਬ ਸੁਨ ਸੁਖ ਪਾਯੋ ਹੈ ॥

ਉੱਥੇ ਜਬ = ਜਦੋਂ ਕੋਈ ਔਰ = ਹੋਰ ਪੰਥੀ = ਰਾਹੀ ਆਏ ਤਦੋਂ ਉਨ੍ਹਾਂ ਨੇ ਨਯਾਰੇ ਨਯਾਰੇ = ਵੱਖੋ-ਵੱਖ ਕਰਕੇ ਸਮੁਝਾਏ = ਸਮਝਾਉਣਾ ਕੀਤੇ ਅਤੇ ਬੀਸੋ = ਵੀਹ ਗਿਣ ਕੇ ਬਤਾਏ = ਦੱਸੇ ਤਬ = ਤਦੋਂ ਜੁਲਾਹਿਆਂ ਨੇ ਸੁਣ ਕੇ ਬਹੁਤ ਸੁਖ ਪਾਯੋ = ਪਾਉਣਾ ਕੀਤਾ।

## ਐਸੇ ਸੁਖਦੇਵ ਗੁਰਦੇਵ ਉਪਦੇਸ਼ ਕਰ;
## ਤੇਰੋ ਈ ਸ੍ਵਰੂਪ ਫਿਰ ਤੋਹਿ ਕੋ ਬਤਾਯੋ ਹੈ ॥੨੦੫॥

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਐਸੇ = ਇਸ ਪ੍ਰਕਾਰ ਗੁਰੂਦੇਵ ਜੀ ਨੇ ਉਪਦੇਸ਼ ਕਰਿ = ਕਰਕੇ ਤੇਰੋ = ਤੇਰਾ ਹੀ ਸਰੂਪ ਫਿਰਿ = ਮੁੜ ਤੋਹਿ = ਤੇਰੇ ਕੋ = ਤਾਈਂ ਹੀ ਬਤਾਯੋ = ਦੱਸ ਦਿੱਤਾ ਹੈ ਅਰਥਾਤ ਜਿਸ ਪ੍ਰਕਾਰ ਉਨ੍ਹਾਂ ਵੀਹ ਜੁਲਾਹਿਆਂ ਦੇ ਵਿੱਚੋਂ ਨਾ ਕੋਈ ਡੁੱਬਿਆ ਸੀ ਅਤੇ ਨਾ ਹੀ ਕੋਈ ਉਨ੍ਹਾਂ ਨੇ ਪਾਇਆ ਸੀ ਉਨ੍ਹਾਂ ਨੂੰ ਰਾਹੀਆਂ ਨੇ ਪੂਰੇ ਕਰਕੇ ਭੇਜ ਦਿੱਤਾ, ਇਸੇ ਪ੍ਰਕਾਰ ਗੁਰੂ ਨੇ ਨਾ ਤਾਂ ਕੁਝ ਦਿੱਤਾ ਹੈ ਅਤੇ ਨਾ ਹੀ ਤੁਹਾਡਾ ਕੁਝ ਕਿਤੇ ਗਿਆ ਸੀ ਪ੍ਰੰਤੂ ਜੋ ਭਰਮ ਕਰਕੇ ਇਤਨਾ ਕੁਝ ਪ੍ਰਤੀਤ ਹੋ ਰਿਹਾ ਸੀ ਉਹ ਭਰਮ ਦੂਰ ਕਰਕੇ ਤੇਰਾ ਹੀ ਸਰੂਪ ਤੇਰੇ ਤਾਈਂ ਦੱਸ ਦਿੱਤਾ ਹੈ॥੨੦੫॥

## ਸਿਖਯੋ ਵਾਚ ॥

## ਦੋਹਰਾ ॥ ਜਾਨਯੋ ਤਵ ਪ੍ਰਸਾਦਿ ਤੇ; ਅਪੁਨੋ ਆਤਮ ਰੂਪ ॥

ਹੇ ਗੁਰੂ ਜੀ ! ਮੈਂ ਤਵ = ਤੁਹਾਡੀ ਪ੍ਰਸਾਦਿ = ਕਿਰਪਾ ਕਰਕੇ ਆਪਣੇ ਆਤਮ ਸਰੂਪ ਨੂੰ ਜਾਨਯੋ = ਜਾਣ ਲੈਣਾ ਕੀਤਾ ਹੈ।

## ਅਨੁਭਵ ਕਾ ਸੋਂ ਕਹਤ ਹੈਂ; ਅਰੁ ਵਿਗਯਾਨ ਅਨੂਪ ॥੨੦੬॥

ਪਰ ਆਪ ਜੀ ਮੈਨੂੰ ਇਹ ਦੱਸੋ ਕਿ ਅਨੁਭਵ ਕਾ = ਕਿਸ ਸੋਂ = ਤਾਈਂ ਕਹਤ = ਕਹਿੰਦੇ ਹੈਂ = ਹਨ ? ਅਰੁ = ਅਤੇ ਅਨੂਪ = ਉਪਮਾ ਰਹਿਤ ਵਿਗਯਾਨ = ਅਪ੍ਰੋਖ ਗਿਆਨ ਕਿਸਨੂੰ ਆਖਦੇ ਹਨ ?॥੨੦੬॥

## ਸ੍ਰੀ ਗੁਰੋ ਵਾਚ ॥

## ਦੋਹਰਾ ॥

## ਸਤ ਚਿਤ ਜਾਨਤ ਬ੍ਰਹਮ ਕੋ; ਤੌ ਲੌ ਕਹੀਯਤ ਗਯਾਨ ॥

ਹੇ ਸਿੱਖ ! ਜਦੋਂ ਤਕ ਜੀਵ ਬ੍ਰਹਮ = ਪਰਮਾਤਮਾ ਕੋ = ਨੂੰ ਸਤਿ = ਸੱਚਾ, ਚਿਤ = ਚੇਤਨ ਸਰੂਪ ਕਰਕੇ ਜਾਨਤ = ਜਾਣ ਲੈਂਦਾ ਹੈ, ਤੌਂ = ਤਦੋਂ ਇਸ ਪ੍ਰਕਾਰ ਦਾ ਨਿਸ਼ਚਾ ਲੌਂ = ਲੈ ਲਿਆ ਭਾਵ ਪ੍ਰਾਪਤ ਕਰ ਲਿਆ, ਉਸ ਨੂੰ ਗਿਆਨ ਕਹੀਯਤ = ਕਥਨ ਕਰੀਦਾ ਹੈ।

## ਬ੍ਰਹਮ ਆਪ ਹੀ ਕੋ ਲਖੈ; ਸੋ ਵਿਗਯਾਨ ਵਿਧਾਨ ॥੨੦੭॥

ਜਦੋਂ ਬ੍ਰਹਮ ਆਪਣੇ ਆਪ ਨੂੰ ਹੀ ਲਖੈ = ਜਾਣ ਲੈਣਾ, ਸੋ = ਉਸ ਸਮੇਂ ਤੋਂ ਵਿਗਯਾਨ = ਅਪ੍ਰੋਖ ਗਿਆਨ ਦਾ ਵਿਧਾਨ = ਪ੍ਰਕਾਰ ਕਹੀਦਾ ਹੈ ॥੨੦੭॥

## ਦੋਹਰਾ ॥

## ਜੈਸੇ ਨਰੁ ਅਗਯਾਨ ਤੇ; ਕਹਤ ਦੇਹ ਸੋਂ ਆਪ ॥

ਹੇ ਸਿੱਖ ! ਜੈਸੇ = ਜਿਸ ਪ੍ਰਕਾਰ ਨਰੁ = ਮਨੁੱਖ ਅਗਿਆਨ ਕਾਲ ਵਿਚ ਦੇਹ = ਸਰੀਰ ਨੂੰ ਹੀ ਆਪਣਾ ਆਪ ਰੂਪ ਕਹਤ = ਕਹਿੰਦਾ ਹੈ।

## ਤਯੋਂ ਹੀ ਜਬ ਬ੍ਰਹਮਹਿ ਕਹੈ; ਗਯਾਨੀ ਰਿਦੈ ਅਲਾਪ ॥੨੦੮॥

ਤਯੋਂ = ਤੈਸੇ ਹੀ ਜਬ = ਜਦੋਂ ਬ੍ਰਹਮਹਿ = ਪਰਮਾਤਮਾ ਨੂੰ ਆਪਣਾ ਰੂਪ ਕਹੈ = ਕਹਿਣ ਲੱਗ ਪੈਂਦਾ ਹੈ ਤਾਂ ਉਸਨੂੰ ਰਿਦੈ = ਮਨ ਅੰਦਰੋਂ ਗਿਆਨੀ ਅਲਾਪ = ਕਥਨ ਕੀਤਾ ਜਾਂਦਾ ਹੈ ॥੨੦੮॥

## ਸਿਖਯੋ ਵਾਚ ॥

## ਦੋਹਰਾ ॥ ਮੁਕਤਿ ਭਯੋ ਸੰਸੈ ਗਯੋ; ਲਹਯੋ ਆਪਨੋ ਰੂਪ ॥

ਹੇ ਗੁਰੂ ਜੀ ! ਆਪ ਜੀ ਦੁਆਰਾ ਕਰਾਏ ਗਿਆਨ ਕਰਕੇ ਮੈਂ ਹੁਣ ਮੁਕਤ ਭਯੋ = ਹੋ ਗਿਆ ਹਾਂ, ਮੇਰਾ ਸੰਸਾ ਚਲਿਆ ਗਿਆ ਹੈ ਅਤੇ ਮੈਂ ਆਪਨੋ = ਆਪਣੇ ਨਿਜ ਸਰੂਪ ਨੂੰ ਲਹਯੋ = ਜਾਣ ਲੈਣਾ ਕੀਤਾ ਹੈ।

## ਰਹੀ ਦੇਹ ਬਿਵਹਾਰ ਸੋਂ; ਕਾ ਵਿਧਿ ਕਰੈ ਅਨੂਪ ॥੨੦੯॥

ਪਰ ਮੈਂ ਇਹ ਬੇਨਤੀ ਕਰਦਾ ਹਾਂ ਕਿ ਬਾਕੀ ਰਹੀ = ਬਚੀ ਦੇਹ = ਕਾਇਆਂ ਫੇਰ ਕਾ = ਕਿਸ ਵਿਧਿ = ਪ੍ਰਕਾਰ ਦਾ ਅਨੂਪਨ ਵਿਵਹਾਰ ਕਰੈ = ਕਰਦੀ ਹੈ **ਵਾ:** ਹੁਣ ਕਿਸ ਪ੍ਰਕਾਰ ਦੇ ਵਿਓਹਾਰ ਦੇ ਵਿਚ ਵਿਚਰਨਾ ਹੈ ? ॥੨੦੯॥

## ਸ੍ਰੀ ਗੁਰੋ ਵਾਚ ॥

## ਦੋਹਰਾ ॥ ਭਾਂਤਿ ਭਾਂਤਿ ਭੋਗਨ ਕਰੈ; ਕੈ ਦਿਗਅੰਬਰ ਹੋਇ ॥

ਹੇ ਸਿੱਖ ! ਮੁਕਤੀ ਨੂੰ ਪ੍ਰਾਪਤ ਹੋਇਆ ਜੀਵ ਚਾਹੇ ਭਾਂਤਿ ਭਾਂਤਿ = ਤਰ੍ਹਾਂ ਤਰ੍ਹਾਂ ਦੇ ਪਦਾਰਥਾਂ ਨੂੰ ਭੋਗਨਾ ਕਰੇ, ਕੈ = ਜਾਂ ਦਿਗ = ਦਿਸ਼ਾ ਦੇ ਹੀ ਅੰਬਰ = ਬਸਤਰ ਹੋਇ = ਹੋ ਜਾਣ ਭਾਵ ਬਸਤਰਾਂ ਤੋਂ ਬਿਨਾਂ ਨਾਂਗਾ ਬਣ ਜਾਵੇ।

## ਪਾਪ ਪੁੰਨ ਲਾਗੈ ਨਹੀਂ; ਜਯੋਂ ਜਨਕਾਦਿਕ ਜੋਇ ॥੨੧੦॥

ਉਨ੍ਹਾਂ ਗਿਆਨਵਾਨਾਂ ਨੂੰ ਪਾਪ ਪੁੰਨ ਨਹੀਂ ਲਾਗੈ = ਲੱਗਣਾ ਕਰਦਾ,

ਜੈਸਾ ਕਿ : **ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥**
**ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥** *(ਅੰਗ ੯੪੩)*

ਜਯੋਂ = ਜਿਵੇਂ ਜਨਕਾਦਿਕ = ਜਨਕ ਆਦਿ ਮਾਇਆ ਵਿਚ ਰਹਿੰਦੇ ਹੋਏ ਵੀ ਮਾਇਆ ਦੇ ਮੋਹ ਤੋਂ ਉਦਾਸ ਜੋਇ = ਦੇਖੀਦੇ ਹਨ ॥੨੧੦॥

## ਅਥ ਵੇਦਾਂਤ ॥

ਅਥ = ਹੁਣ ਅੱਗੇ ਵੇਦਾਂਤ ਮੱਤ ਦੁਆਰਾ ਕਥਨ ਕਰਦੇ ਹਨ :

### ਦੋਹਰਾ ॥ ਜੀਵ ਈਸ਼ ਅਰੁ ਜਗਤ ਕੋ; ਆਤਮ ਜਾਨੇ ਜੋਇ ॥

ਜੀਵ ਈਸ਼ਵਰ ਅਰੁ = ਅਤੇ ਜਗਤ = ਸੰਸਾਰ ਕੋ = ਨੂੰ ਜਿਹੜਾ ਆਤਮ = ਆਪਣਾ, ਬ੍ਰਹਮ ਸਰੂਪ ਜਾਨ = ਜਾਣ ਕਰਕੇ ਜੋਇ = ਦੇਖਣਾ ਕਰਦਾ ਹੈ।

### ਮਨ ਜਯੋਂ ਭਾਵੈ ਤਯੋਂ ਰਹੈ; ਤਾਹਿ ਨ ਰੋਕੈ ਕੋਇ ॥੨੧੧॥

ਉਸ ਦੇ ਮਨ ਨੂੰ ਜਯੋਂ = ਜਿਵੇਂ ਭਾਵੈ = ਭਾਉਣਾ ਕਰੇ ਉਹ ਤਯੋਂ = ਤਿਵੇਂ ਹੀ ਰਹੈ = ਰਹਿਣਾ ਕਰੇ, ਤਾਹਿ = ਉਸਨੂੰ ਕੋਇ = ਕੋਈ ਵੀ ਰੋਕੈ = ਰੋਕ ਨਹੀਂ ਸਕਦਾ ਭਾਵ ਉਸ ਨੂੰ ਲੋਕ-ਪ੍ਰਲੋਕ ਵਿਚ ਤੇ ਕਿਤੇ ਵੀ ਰੋਕ ਟੋਕ ਨਹੀਂ ਹੈ, ਸੁਤੇ ਸਿਧ ਜਿਥੇ ਮਰਜੀ ਵਿਚਰਨਾ ਕਰੇ ॥੨੧੧॥

## ਅਥ ਸਾਂਖ ॥

ਹੁਣ ਅੱਗੇ ਸਾਂਖ ਮੱਤ ਦੁਆਰਾ ਕਥਨ ਕਰਦੇ ਹਨ :

### ਦੋਹਰਾ ॥ ਲੋਕ ਵੇਦ ਕੇ ਕਰਮ ਸਭ; ਗਯਾਨੀ ਕੀਨੇ ਜਾਇ ॥

ਲੋਕ = ਲੋਕਰੀਤ, ਵੇਦ = ਵੈਦਯਕ ਕੇ = ਦੇ ਅਨੁਸਾਰ ਸਭ = ਸਾਰੇ ਕਰਮ ਗਿਆਨਵਾਨ ਮਨੁੱਖ ਨੇ ਜਾਇ = ਜਾ ਕੇ ਕੀਨੇ = ਕੀਤੇ ਹੁੰਦੇ ਹਨ।

### ਜਾਂ ਕੇ ਕਰਮਨ ਦੇਖ ਕੇ; ਜਗਤ ਧਰਮ ਠਹਰਾਇ ॥੨੧੨॥

ਜਾਂ = ਜਿਸ ਗਿਆਨਵਾਨ ਮਨੁੱਖ ਕੇ = ਦੇ ਕਰਮਨ = ਕਰਮਾਂ ਨੂੰ ਦੇਖ ਕਰਕੇ ਜਗਤ = ਸੰਸਾਰ ਦੇ ਲੋਕ ਆਪਣਾ ਧਰਮ ਠਹਰਾਇ = ਠਹਿਰਾਉਂਦੇ ਹਨ ਭਾਵ ਉਨ੍ਹਾਂ ਨੂੰ ਮੰਨ ਕੇ ਉਸ ਅਨੁਸਾਰ ਹੀ ਚੱਲਦੇ ਹਨ ॥੨੧੨॥

**ਸਾਖੀ ਬਾਬਾ ਬੁੱਢਾ ਜੀ ਦੀ** : ਉਪਰੋਕਤ ਦੋਹਰੇ ਵਿਚ ਜੋ ਇਹ ਸਿਧਾਂਤ ਆਇਆ ਹੈ ਕਿ ਗਿਆਨਵਾਨ ਕਰਮ ਦਾ ਤਿਆਗ ਨਾ ਕਰੇ, ਇਸ ਦਾ ਮਤਲਬ ਇਹ ਨਹੀਂ ਕਿ ਗਿਆਨਵਾਨ ਨੂੰ ਕਰਮਕਾਂਡੀ ਬਣਨ ਲਈ ਕਿਹਾ ਹੈ, ਗਿਆਨਵਾਨ ਦੀ ਅਵਸਥਾ ਕਰਮਕਾਂਡੀ ਵਾਲੀ ਤਾਂ ਕੀ ਉਪਾਸਨਾ ਕਾਂਡ ਵਾਲੀ ਤੋਂ ਵੀ ਉਪਰਲੀ ਪੌੜੀ ਹੈ, ਗਿਆਨਵਾਨ ਨੂੰ ਭਾਵੇਂ ਕਿਸੇ ਕਰਮ ਦੀ ਲੋੜ ਨਹੀਂ ਰਹਿੰਦੀ, ਪਰ ਇਹ ਵਿਧਾਨ ਚਲਿਆ ਆ ਰਿਹਾ ਹੈ ਕਿ ਗਿਆਨਵਾਨ ਕਰਮ ਪਰਾਏ ਹਿਤ ਕਰੇ ਕਿਉਂਕਿ ਗਿਆਨਵਾਨ ਨੂੰ ਦੇਖ ਕੇ ਜਿਨ੍ਹਾਂ ਦੀ ਅਵਸਥਾ ਅਜੇ ਗਿਆਨ ਦੀ ਨਹੀਂ ਬਣੀ ਹੈ ਅਤੇ ਨਾ ਹੀ ਕਰਮ ਉਪਾਸਨਾ ਬਿਨਾ ਬਣੇਗੀ। ਗਿਆਨਵਾਨ ਨੂੰ ਦੇਖ ਕੇ ਉਹ ਕਰਮ ਉਪਾਸਨਾ ਕਰਦੇ ਰਹਿਣਗੇ, ਇਸ ਲਈ ਗਿਆਨਵਾਨ ਕਦੇ ਕਰਮ ਨਾ ਛੱਡੇ। ਜੈਸਾ ਕਿ ਬਾਬਾ ਬੁੱਢਾ ਸਾਹਿਬ ਜੀ ਜੋ ਇਕ ਮਹਾਨ ਗੁਰੂ ਦੇ ਸਿੱਖ ਹੋਏ ਹਨ। ਰੰਧਾਵਾ ਗੋਤ ਦੇ ਬਜ਼ੁਰਗ ਸੁੱਘੇ ਰੰਧਾਵੇ ਦੇ ਘਰ ਮਾਤਾ ਗੌਰਾਂ ਦੀ ਕੁੱਖ ਤੋਂ ੭ ਕੱਤਕ ਸੰਮਤ ੧੫੬੩ ਕੱਥੂਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ ਤੇ ੧੨ ਵਰ੍ਹਿਆ ਦੀ ਉਮਰ ਵਿਚ ਪਸ਼ੂ ਚਾਰਦਿਆਂ ਨੂੰ ਅਚਾਨਕ ਗੁਰੂ ਨਾਨਕ ਸਾਹਿਬ ਜੀ ਦਾ ਮਿਲਾਪ ਹੋਇਆ, ਇਹ ਮਿਲਾਪ ਸੰਮਤ ੧੫੭੪ ਨੂੰ ਹੋਇਆ ਸੀ। ਜਦੋਂ ਗੁਰੂ ਨਾਨਕ ਸਾਹਿਬ ਨੇ ਕੋਲ ਬੁਲਾ ਕੇ ਕਿਰਪਾ

ਦ੍ਰਿਸ਼ਟੀ ਕੀਤੀ ਤੇ ਪਸ਼ੂ ਚਾਰਨ ਲਈ ਕਹਿ ਦਿੱਤਾ ਕਿ ਜਾਉ ਆਪਣੇ ਪਸ਼ੂ ਸੰਭਾਲੋ ਤਾਂ ਭਾਈ ਬਾਲੇ ਨੇ ਪੁੱਛਿਆ ਸੀ ਕਿ ਆਪ ਜੀ ਨੇ ਇਸ ਬੱਚੇ ਨੂੰ ਬੁਲਾਇਆ ਵੀ ਕੋਈ ਖ਼ਾਸ ਬਚਨ ਬਿਲਾਸ ਨਹੀਂ ਕੀਤਾ ਇਹ ਕੀ ਕਾਰਨ ਹੈ ? ਇਹ ਬੱਚਾ ਕੌਣ ਹੈ ? ਮੈਨੂੰ ਦੱਸਣਾ ਕਰੋ। ਤਾਂ ਗੁਰੂ ਸਾਹਿਬ ਜੀ ਨੇ ਜੋ ਬਚਨ ਕੀਤਾ ਉਹ ਭਾਈ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਵਰਣਨ ਕੀਤਾ ਹੈ। ਜੈਸਾ ਕਿ :

**ਕੌਨ ਅਹੈ, ਕਿਉ ਨਿਕਟਿ ਹਕਾਰਾ ?**
**ਮੁਠੇ ਬ੍ਰਿਤੰਤ ਸੁਨਾਵਹੁ ਸਾਰਾ।**
**ਭਨਯੋ ਪ੍ਰਭੂ ਏਹੁ ਹੈ ਮਤਿਵੰਤਾ।**
**ਕਿਤਿਕ ਦਿਵਸ ਮਹਿਂ ਪੂਰਨ ਸੰਤਾ॥੧੪॥**
**ਹੈ ਸਿੱਖੀ ਕੋ ਸਦਨ ਬਿਸਾਲਾ।**
**ਛ੍ਵੈ ਨ ਸਕੈ ਮਨ ਬਿਸ਼ੈ ਜੰਜਾਲਾ।**
**ਜੀਵਨ ਮੁਕਤਿ ਅਵਸਥਾ ਪਾਵਹਿ।**
**ਅਪਨੇ ਬਚ ਸੋਂ ਅਵਰ ਤਰਾਵਹਿ॥੧੫॥** *(ਸ੍ਰੀ ਨਾਨਕ ਪ੍ਰਕਾਸ਼, ਉਤਰਾਰਧ ਅਧਿ : ੪੬)*

ਇਉ ਗੁਰੂ ਨਾਨਕ ਸਾਹਿਬ ਜੀ ਦੀ ਅਮਿਅ ਦ੍ਰਿਸ਼ਟੀ ਨੇ ਰੰਗ ਲੈ ਆਂਦਾ ਤੇ ਅਗਲੇ ਦਿਨ ਹੀ ਕਰਤਾਰਪੁਰ ਸਾਹਿਬ ਮੱਖਣ ਕਟੋਰਾ ਲੈ ਕੇ ਹਾਜ਼ਰ ਹੋਇਆ, ਗੁਰੂ ਸਾਹਿਬ ਜੀ ਨੇ ਇਸ ਕਰਕੇ ਇਨਕਾਰ ਕੀਤਾ ਕਿ ਤੂੰ ਮਾਤਾ-ਪਿਤਾ ਨੂੰ ਪੁੱਛ ਕੇ, ਨਹੀਂ ਲੈ ਕੇ ਆਇਆ ਤੈਨੂੰ ਮਾਰਨਗੇ, ਇਹ ਸੁਣ ਕੇ ਰੋਣ ਲੱਗ ਪਿਆ। ਮਹਾਰਾਜ ਨੇ ਪੁੱਛਿਆ ਰੋਣ ਦਾ ਕੀ ਕਾਰਨ ਹੈ, ਤਾਂ ਇਸ ਨੇ ਕਿਹਾ ਕਿ ਮਾਤਾ-ਪਿਤਾ ਤਾਂ ਪਤਾ ਨਹੀਂ ਕਿ ਮਾਰਨਗੇ ਜਾਂ ਨਹੀਂ। ਮਾਰਨਗੇ ਉਸ ਨਾਲੋਂ ਜ਼ਿਆਦਾ ਦੁੱਖ ਮੈਨੂੰ ਭੇਟਾਂ ਮੋੜਨ ਦਾ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਇਹ ਸਮੱਤ ਤੈਨੂੰ ਕਿਥੋਂ ਮਿਲੀ ਤਾਂ ਕਹਿਣ ਲੱਗਾ ਇਕ ਦਿਨ ਮਾਂ ਨੇ ਅੱਗ ਬਾਲਣ ਲਈ ਕਿਹਾ ਸੀ, ਮੈਂ ਵੱਡੀਆਂ ਲੱਕੜਾਂ ਨੂੰ ਅੱਗ ਪਹਿਲਾਂ ਬਾਲਣ ਲੱਗਾ ਜੋ ਨਾ ਲੱਗੀ ਫੇਰ ਮਾਂ ਨੇ ਆ ਕੇ ਕਿਹਾ ਅੱਗ ਨੂੰ ਇਉਂ ਬਾਲੀਦੀ ਹੈ ਮਾਂ ਨੇ ਨਿੱਕੀਆਂ ਲੱਕੜਾਂ ਨੂੰ ਲੱਗ ਲਾਈ ਤਾਂ ਝੱਟ ਹੀ ਅੱਗ ਜੱਗ ਪਈ, ਫੇਰ ਛੋਟੀਆਂ ਲੱਕੜਾਂ ਤੋਂ ਵੱਡੀਆਂ ਲੱਕੜਾਂ ਨੂੰ ਅੱਗ ਲੱਗ ਪਈ। ਉਸ ਦਿਨ ਦਾ ਮੇਰੇ ਤੇ ਐਸਾ ਅਸਰ ਹੋਇਆ ਕਿ ਛੋਟੀਆਂ ਲੱਕੜੀਆਂ ਦੀ ਨਿਆਈਂ ਕੀ ਪਤਾ ਮੌਤ ਰੂਪੀ ਅੱਗ ਮੈਨੂੰ ਪਹਿਲਾਂ ਸਾੜ ਦੇਵੇ। ਉਦੋਂ ਦਾ ਮੇਰੇ ਮਨ ਵਿਚ ਵੈਰਾਗ ਪੈਡਾ ਹੋ ਗਿਆ ਤੇ ਸੰਸਾਰ ਨਾਸ਼ਵਾਨ ਦਿੱਸਣ ਲੱਗ ਪਿਆ ਹੈ ਤਾਂ ਮਹਾਰਾਜ ਸਾਹਿਬ ਜੀ ਨੇ ਕਿਹਾ ਤੇਰਾ ਨਾਮ ਕੀ ਹੈ ਤਾਂ ਇਸ ਨੇ ਕਿਹਾ ਕਿ ਮੇਰਾ ਨਾਮ ਬੂੜਾ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਬੂੜਾ ਨਹੀਂ ਤੂੰ ਤਾਂ ਸਿਆਣਿਆਂ ਵਾਲੀਆਂ ਗੱਲਾਂ ਕਰਨ ਕਰਕੇ ਬੁੱਢਾ ਹੈ। ਬੂੜੇ ਤੋਂ ਭਾਈ ਬੁੱਢਾ ਕਰਕੇ ਪ੍ਰਸਿੱਧ ਹੋਏ ਤੇ ਉਸ ਵੇਲੇ ਗੁਰੂ ਨਾਨਕ ਸਾਹਿਬ ਨੇ ਪਿਛਲੇ ਜਨਮਾਂ ਦੀ ਕਰਮ ਉਪਾਸਨਾ ਦੀ ਸੰਪੂਰਨਤਾ ਦੇਖੀ ਅਤੇ ਬ੍ਰਹਮ ਗਿਆਨ ਦੀ ਦਾਤ ਬਖ਼ਸ਼ ਦਿੱਤੀ। ਫਿਰ ਮਹਾਰਾਜ ਨੇ ਕਿਹਾ ਸੀ ਕਿ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਨਾ, ਮੁਖ ਭਗਤੀ ਰੱਖਣੀ, ਵੈਰਾਗ ਵਿਚ ਵਰਤਣਾ, ਹਉਮੈ ਦਾ ਤਿਆਗ ਕਰਕੇ ਨਾਮ ਦੀ ਲਿਵ ਲਾਈ ਰੱਖਣੀ ਤੇ ਵਾਹਿਗੁਰੂ ਦਾ ਭਾਣਾ ਮੰਨਦੇ ਰਹਿਣਾ। ਬਾਬਾ ਬੁੱਢਾਂ ਸਾਹਿਬ ਨੇ ਹੱਥ ਜੋੜ ਕੇ ਕਿਹਾ ਮਹਾਰਾਜ ! ਹੁਣ ਇਹਨਾਂ ਕਰਮਾਂ ਦੀ ਲੋੜ ਹੈ ? ਜਦੋਂ ਤੁਸੀਂ ਬ੍ਰਹਮ ਗਿਆਨ ਦਾ ਭੰਡਾਰਾ ਬਖ਼ਸ਼ ਦਿੱਤਾ ਤਾਂ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ ਭਾਵੇਂ ਹੁਣ ਤੁਹਾਨੂੰ ਕੋਈ ਕਰਮ ਉਪਾਸਨਾ ਦੀ ਲੋੜ ਨਹੀਂ, ਪਰ ਤੁਹਾਨੂੰ ਸੇਵਾ ਭਗਤੀ, ਇਸ਼ਨਾਨ ਆਦਿ ਕਰਦੇ ਦੇਖ ਕੇ ਕੱਚੀ ਅਵਸਥਾ ਵਾਲਿਆਂ ਨੂੰ ਉਤਸ਼ਾਹ ਪੈਦਾ ਹੋਏਗਾ ਨਹੀਂ ਤਾਂ ਉਹ ਭੀ ਛੱਡ ਬੈਠਣਗੇ ਤੇ ਉਹ ਫਿਰ ਬ੍ਰਹਮ ਗਿਆਨ ਤਕ ਨਹੀਂ ਪਹੁੰਚ ਸਕਣਗੇ, ਇਸ ਲਈ ਤੁਸੀਂ ਪਰਉਪਕਾਰ ਹਿੱਤ ਗੁਰਸਿੱਖੀ ਦੇ ਨਿੱਤ ਕਰਮ ਕਰਦੇ ਰਹਿਣਾ। ਜੈਸਾ ਕਿ :

**ਗੁਰੂ ਭਨਯੋ ਤੁਹਿ ਮਨੁਜ ਅਨੇਕਾ। ਮਿਲਿ ਹੈਂ ਪਾਵਨ ਹੇਤੁ ਬਿਬੇਕਾ।**
**ਤੁਝ ਕੋ ਦੇਖਿ ਅਚਾਰ ਕਰੰਤਾ। ਤਿਨ ਰੁਚਿ ਜਾਗਹਿ, ਹੋਵਹਿਂ ਸੰਤਾ।**

*(ਸ੍ਰੀ ਨਾਨਕ ਪ੍ਰਕਾਸ਼, ਉਤਰਾਰਧ ਅਧਿ: ੪੬)*

## ਦੋਹਰਾ॥ ਜੈਸੇ ਤਵ ਅਗਯਾਨ ਤੇ; ਚਲਤ ਹੁਤੋ ਜੋ ਰੀਤਿ॥

ਹੇ ਸਿੱਖ! ਜੈਸੇ = ਜਿਸ ਪ੍ਰਕਾਰ ਤਵ = ਉਸ ਅਗਿਆਨ ਕਾਲ ਦੇ ਵਿਚ ਜੋ = ਜਿਹੜੀ ਰੀਤਿ = ਰੀਤੀ ਨਾਲ ਤੂੰ ਚਲਤ = ਚੱਲਦਾ ਹੁਤੋ = ਹੁੰਦਾ ਸੀ।

## ਤੈਸੀ ਬਿਧਿ ਅਬ ਹੂੰ ਚਲੈਂ; ਤਜ ਕਰ ਮਨ ਸੋਂ ਪ੍ਰੀਤਿ॥੨੧੩॥

ਤੈਸੀ = ਉਸੀ ਬਿਧਿ = ਵਿਧੀ ਅਨੁਸਾਰ ਅਬ = ਹੁਣ ਦੇ ਸਮੇਂ ਵਿਚ ਚਲੈਂ = ਚੱਲਣਾ ਕਰ, ਪਰ ਆਪਣੇ ਮਨ ਵਿਚ ਸਭ ਕੰਮਾਂ ਦੀ ਪ੍ਰੀਤਿ = ਪ੍ਰੀਤੀ ਨੂੰ ਤਜਿ = ਛੱਡ ਕਰਿ = ਕਰਕੇ ਚੱਲ॥੨੧੩॥

## ਕਬਿਤ॥ ਨਰ ਸੋਂ ਜਨਮ ਨ ਧਰਮ ਵੇਦ ਸਾਸਨਾ ਸੋਂ;
## ਵਿਪ੍ਰ ਸੋਂ ਵਰਨ ਅਰੁ ਆਸ਼੍ਰਮ ਨ ਗਰੇਹੀ ਸੋਂ॥

ਹੇ ਸਿੱਖ! ਨਰ = ਮਨੁੱਖਾ ਜਨਮ ਦੇ ਸਮਾਨ ਹੋਰ ਕੋਈ ਜਨਮ ਨਹੀਂ ਹੈ, ਨਾ ਹੀ ਵੇਦ ਦੀ ਸਾਸਨਾ = ਆਗਿਆ ਸੋਂ = ਵਰਗਾ ਹੋਰ ਕੋਈ ਧਰਮ ਹੈ, ਵਿਪ੍ਰ = ਬ੍ਰਾਹਮਣ ਜਾਤੀ ਸੋਂ = ਵਰਗਾ ਹੋਰ ਕੋਈ ਵਰਨ ਅਤੇ ਗਰੇਹੀ = ਗ੍ਰਿਹਸਤੀ ਸੋਂ = ਵਰਗਾ ਹੋਰ ਕੋਈ ਆਸ੍ਰਮ ਨਹੀਂ ਹੈ।

## ਕਰਮ ਸੋਂ ਅਮਲ ਨ ਮਲਨ ਵਿਖੈ ਲੰਪਟ ਸੋਂ;
## ਜਗ ਸੋਂ ਭਰਮ ਨ ਭੁਲੱਯਾ ਔਰ ਨੇਹੀ ਸੋਂ॥

ਚੰਗੇ ਕਰਮਾਂ ਸੋਂ = ਵਰਗਾ ਕੋਈ ਅਮਲ = ਮਲ ਤੋਂ ਰਹਿਤ (ਪਵਿੱਤਰ) ਨਹੀਂ ਹੈ ਵਿਖੈ = ਵਿਸ਼ਿਆਂ ਵਿਚ ਲੰਪਟ = ਫਸੇ ਹੋਏ ਸੋਂ = ਵਰਗਾ ਹੋਰ ਕੋਈ ਮਲਨ = ਮਲੀਨ (ਅਪਵਿੱਤਰ) ਨਹੀਂ ਹੈ।

ਜਗ = ਸੰਸਾਰ ਸੋਂ = ਵਰਗਾ ਕੋਈ ਭਰਮ = ਭੁਲੇਖਾ ਨਹੀਂ ਹੈ, ਅਤੇ ਨੇਹੀ = ਪ੍ਰੇਮੀ ਦੇ ਸੋਂ = ਸਾਮਾਨ ਔਰ = ਹੋਰ ਕੋਈ ਭੁਲੱਯਾ = ਭੁਲਾਉਣ ਵਾਲਾ ਨਹੀਂ ਹੈ।

## ਗੁਰ ਸੋਂ ਨ ਵੈਦਯ, ਉਪਚਾਰ ਨ ਵਿਚਾਰ ਜੈਸੋ;
## ਅੱਗਯ ਸੋਂ ਨ ਰੋਗੀ ਔ ਅਸੰਜਮੀ ਨ ਏਹੀ ਸੋਂ॥

ਗੁਰੂ ਸੋਂ = ਵਰਗਾ ਕੋਈ ਵੈਦਯ = ਹਕੀਮ ਨਹੀਂ ਹੈ, ਸਤ-ਅਸੱਤ ਦੀ ਵਿਚਾਰ ਜੈਸੋ = ਵਰਗਾ ਕੋਈ ਉਪਚਾਰ = ਇਲਾਜ ਨਹੀਂ ਹੈ।

ਅੱਗਯ = ਅਗਿਆਨੀ ਮਨੁੱਖ ਸੋਂ = ਵਰਗਾ ਕੋਈ ਰੋਗੀ ਨਹੀਂ ਹੈ ਔ = ਅਤੇ ਏਹੀ = ਇਸੇ ਅਗਿਆਨੀ ਸੋਂ = ਵਰਗਾ ਕੋਈ ਅਸੰਜਮੀ = ਬਦ-ਪ੍ਰਹੇਜ਼ੀ ਨਹੀਂ ਹੈ।

## ਮਨ ਸੋਂ ਉਪਾਸ਼ਕ, ਸੁਬੁਧਿ ਸੋਂ ਨ ਸੰਗੀ;
## ਔਰ ਦੇਹ ਸੋਂ ਨ ਦੇਹੁਰੋ ਨ ਦੇਵ ਔਰ ਦੇਹੀ ਸੋਂ॥੨੧੪॥

ਮਨ ਸੋਂ = ਵਰਗਾ ਕੋਈ ਉਪਾਸ਼ਕ = ਉਪਾਸ਼ਨਾ ਕਰਨ ਵਾਲਾ, ਭਗਤ ਨਹੀਂ ਹੈ, ਸੁਬੁਧਿ = ਸ੍ਰੇਸ਼ਟ ਬੁੱਧੀ ਸੋਂ = ਵਰਗਾ ਕੋਈ ਸੰਗੀ = ਸਾਥੀ ਨਹੀਂ ਹੈ, ਇਸ ਦੇਹ = ਸਰੀਰ ਦੇ ਸੋਂ = ਵਰਗਾ ਔਰ = ਹੋਰ ਕੋਈ ਦੇਹੁਰੋ = ਮੰਦਰ ਨਹੀਂ ਹੈ ਅਤੇ ਦੇਹੀ = ਜੀਵ ਸੋਂ = ਵਰਗਾ ਔਰ = ਹੋਰ ਕੋਈ ਦੇਵ = ਦੇਵਤਾ ਨਹੀਂ ਹੈ॥੨੧੪॥

## ਦੋਹਰਾ ॥ ਯਹ ਵੇਦਾਂਤਨ ਕਰ ਕਹ੍ਯੋ; ਸੁਬੁਧਿ ਸਿਧਾਂਤ ਜੁ ਸਾਰ ॥

ਹੇ ਸਿੱਖ ! ਸੁਬੁਧਿ = ਸ੍ਰੇਸ਼ਟ ਅਕਲ ਵਾਲਾ ਸਿਧਾਂਤ = ਨਿਚੋੜ ਜੁ = ਜਿਹੜਾ ਸਾਰ = ਸ੍ਰੇਸ਼ਟ ਤਤ ਹੈ, ਯਹ = ਇਹ ਤੇਰੇ ਤਾਈਂ ਵੇਦਾਂਤ ਕਰ = ਕਰਕੇ ਕਹ੍ਯੋ = ਕਿਹਾ ਹੈ **ਵਾ:** ਵੇਦਾਂਤੀਆਂ ਕਰਕੇ ਕਿਹਾ ਹੋਇਆ ਜੋ ਸਾਰ ਸਿਧਾਂਤ ਹੈ ਉਹੋ ਹੀ ਤੇਰੇ ਤਾਈਂ ਕਥਨ ਕੀਤਾ ਹੈ।

## ਸਭੈ ਸਮਝੀਏ ਆਪ ਮੈ; ਸਭ ਮੈਂ ਆਪ ਨਿਹਾਰ ॥੨੧੫॥

ਸਭੈ = ਸਭ ਕੋਈ ਆਪਣੇ ਮੈ = ਵਿਚ ਸਮਝੀਏ = ਸਮਝਣਾ ਕਰ ਅਤੇ ਸਭ = ਸਾਰਿਆਂ ਮੈ = ਵਿਚ ਆਪਣੇ ਸਰੂਪ ਨੂੰ ਨਿਹਾਰ = ਦੇਖਣਾ ਕਰ ॥੨੧੫॥

ਜੈਸਾ ਕਿ : **ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥**

*(ਅੰਗ ੯੨੨)*

## ਦੋਹਰਾ ॥

## ਕੋਟਿ ਕੋਟਿ ਗ੍ਰੰਥਨ ਕਹ੍ਯੋ; ਗੱਦ੍ਯ ਪੱਦ੍ਯ ਰਚ ਚਾਰ ॥

ਬਹੁਤ ਸਾਰੇ ਥਾਈਂ ਕਿਤੇ ਕਵਿਤਾ ਤੇ ਕਿਤੇ ਵਾਰਤਿਕ ਰੂਪ ਵਿਚ ਕੋਟਿ ਕੋਟਿ = ਕ੍ਰੋੜਾਂ ਕ੍ਰੋੜਾਂ ਗ੍ਰੰਥਨ = ਗ੍ਰੰਥਾਂ ਵਿਚ ਬਹੁਤ ਚਾਰ = ਸੁੰਦਰ ਗਦ੍ਯ = ਛੰਦ ਤੇ ਪਦ੍ਯ = ਪਦ ਰਚ = ਬਣਾ ਕੇ ਜੋ ਸਿਧਾਂਤ ਕਹ੍ਯੋ = ਕਿਹਾ ਹੈ।

## ਸੋ ਮਤ ਇਹਾਂ ਸੰਛੇਪ ਸੋਂ; ਭਾਖਾ ਮਾਝ ਨਿਹਾਰ ॥੨੧੬॥

ਸੋ = ਉਹੋ ਮਤ = ਸਿਧਾਂਤ ਇਹਾਂ = ਏਥੇ (ਅਧਿਆਤਮ ਪ੍ਰਕਾਸ਼ ਗ੍ਰੰਥ ਵਿਚ) ਸੰਛੇਪ ਸੋਂ = ਥੋੜ੍ਹੇ ਮਾਤ੍ਰ ਭਾਖਾ = ਦੇਸ਼ ਭਾਸ਼ਾ (ਆਮ ਬੋਲੀ) ਮਾਝ = ਵਿਚ ਕਥਨ ਕਰ ਦਿੱਤਾ ਹੈ ਤੂੰ ਉਸਨੂੰ ਨਿਹਾਰ = ਦੇਖਣਾ ਕਰ ॥੨੧੬॥

## ਦੋਹਰਾ ॥ ਜੈਸੇ ਸੇਂਧਵ ਲੌਨ ਕੇ; ਢੇਰ ਸੈਲ ਸਮ ਜੋਇ ॥

ਜੈਸੇ = ਜਿਸ ਪ੍ਰਕਾਰ ਸੇਂਧਵ = ਸੇਂਧਾ ਲੌਨ = ਨਮਕ ਕੇ = ਦੇ ਢੇਰ ਸੈਲ = ਪਰਬਤ ਦੇ ਸਮ = ਸਮਾਨ ਜੋਇ = ਦਿਖਦੇ ਹਨ।

## ਲੀਨੇ ਪੈਸਾ ਏਕ ਭਰ; ਕਾਰਯ ਅਪਨੋ ਹੋਇ ॥੨੧੭॥

ਪਰ ਉਨ੍ਹਾਂ ਵਿਚੋਂ ਇਕ ਪੈਸਾ ਭਰ ਭਾਵ ਥੋੜ੍ਹੇ ਮਾਤ੍ਰ ਲੂਣ ਲੈ ਕੇ ਆਪਣਾ ਰਸੋਈ ਦਾ ਕਾਰਜ ਹੋਇ = ਹੋ ਜਾਂਦਾ ਹੈ। ਅਰਥਾਤ ਲੂਣ ਦੇ ਵੱਡੇ ਢੇਰਾਂ ਦਾ ਆਪਾਂ ਕੀ ਕਰਨਾ ਹੈ ਆਪਣਾ ਤਾਂ ਰੋਟੀ ਦਾ ਕਾਰਜ ਥੋੜ੍ਹੇ ਜਿਹੇ ਲੂਣ ਨਾਲ ਹੀ ਹੋ ਗਿਆ ਏਸੇ ਪ੍ਰਕਾਰ ਅਨੇਕਾਂ ਛੰਦਾਂ ਪਦਾਂ ਦਾ ਆਪਾਂ ਕੀ ਕਰਨਾ ਹੈ ਜਦੋਂ ਉਨ੍ਹਾਂ ਵਿੱਚੋਂ ਸਾਰ ਸਿਧਾਂਤ ਰੂਪ ਆਪਣੇ ਆਤਮਾ ਸਰੂਪ ਬਾਰੇ ਇਸ ਛੋਟੇ ਜਿਹੇ ਗ੍ਰੰਥ ਵਿਚ ਹੀ ਸਮਝ ਲਿਆ ਹੈ ॥੨੧੭॥

## ਦੋਹਰਾ ॥ ਹੁਤੋ ਜੋ ਸਭ ਕੁਛ ਜਾਨਬੋ; ਜਾਨ ਚੁਕ੍ਯੋ ਤੂੰ ਸੋਇ ॥

ਹੇ ਸਿੱਖ ! ਜੋ = ਜਿਹੜਾ ਸਾਰ ਸਿਧਾਂਤ, ਵਿਚਾਰ ਆਦਿ ਸਭ ਕੁਛ = ਕੁਝ ਤੂੰ ਜਾਨਬੋ = ਜਾਨਣਾ ਹੁਤੋ = ਸੀ, ਸੋਇ = ਉਹ ਸਭ ਕੁਝ ਤੂੰ ਹੁਣ ਜਾਣ ਚੁੱਕਿਆ ਹੈਂ।

## ਔਰ ਜੁ ਸ਼ਾਸਤ੍ਰਨ ਕੇ ਮਤੇ; ਭੂਲ ਨ ਤਿਨ ਤਨ ਜੋਇ ॥੨੧੮॥

ਇਸ ਲਈ ਔਰ = ਹੋਰ ਜੁ = ਜਿਹੜੇ ਅਨੇਕਾਂ ਸ਼ਾਸਤ੍ਰਨ = ਗ੍ਰੰਥਾਂ ਦੇ ਮਤੇ = ਮਤ, ਸਿਧਾਂਤ ਹਨ, ਤਿਨ = ਉਨ੍ਹਾਂ ਦੀ ਤਨ = ਤਰਫ਼ ਤੂੰ ਭੂਲ = ਭੁੱਲ ਕਰਕੇ ਵੀ ਜੋਇ = ਦੇਖਣਾ ਨਾ ਕਰ ॥੨੧੮॥

## ਅਥ ਮੀਮਾਂਸਾ ॥

## ਦੋਹਰਾ ॥

## ਯਗ੍ਯਾਦਿਕ ਕਰਮਨ ਕਰੇ; ਦੇਵਲੋਕ ਫਲ ਭੋਗ ॥

ਹੇ ਸਿੱਖ ! ਯਗਯਾਦਿਕ = ਯਗ ਆਦਿ ਕਰਮਨ = ਕਰਮ ਕਾਂਡਾਂ ਨੂੰ ਕਰਕੇ ਜੋ ਦੇਵ ਲੋਕ = ਸੂਰਗ ਦੇ ਫਲਾਂ ਨੂੰ ਭਗ = ਭੋਗਨਾ ਹੈ।

## ਕਹੈ ਮੁਕਤਿ ਮੀਮਾਂਸ ਯਹ, ਦੁਖ ਕੇ ਭਏ ਅਜੋਗ ॥੨੧੯॥

ਦੁਖ ਕੇ = ਦੇ ਅਜੋਗ = ਵਿਛੋੜੇ ਭਏ = ਹੋਇਆ, ਭਾਵ ਦੁੱਖ ਦੇ ਨਾਸ਼ ਹੋਣ ਨੂੰ ਯਹ = ਇਹ ਮੀਮਾਂਸ ਵਾਲੇ ਮੁਕਤੀ ਕਹੈ = ਕਹਿੰਦੇ ਹਨ ॥੨੧੯॥

## ਅਥ ਪਾਤੰਜਲ ॥

## ਦੋਹਰਾ ॥ ਜੀਵ ਈਸ਼ ਨ੍ਯਾਰੋ ਕਹੈਂ; ਪਾਤੰਜਲ ਸਭ ਕਾਲ ॥

ਹੇ ਸਿੱਖ ! ਪਾਤੰਜਲੀ ਰਿਖੀ ਯੋਗ ਸਾਸ਼ਤ੍ਰ ਵਿਚ ਜੀਵ ਈਸ਼ ਨੂੰ ਸਭ ਕਾਲ = ਸਮਿਆਂ ਵਿਚ ਨ੍ਯਾਰੋ = ਵੱਖੋ-ਵੱਖ ਕਹੈ = ਕਹਿੰਦਾ ਹੈ।

## ਦੇਹ ਕਲੇਸ਼ ਸੁ ਯੋਗ ਕਰ; ਕਹੈਂ ਮੁਕਤਿ ਸੁਖ ਸਾਲ ॥੨੨੦॥

ਯੋਗ = ਹਠ ਯੋਗ ਕਰ = ਕਰਕੇ ਜੋ ਦੇਹ = ਸਰੀਰ 'ਚੋਂ ਸਾਰੇ ਕਲੇਸ਼ = ਝਗੜੇ ਦੂਰ ਹੋ ਜਾਂਦੇ ਹਨ, ਏਸੇ ਨੂੰ ਹੀ ਯੋਗ ਸ਼ਾਸਤ੍ਰ ਵਾਲੇ ਸੁੱਖਾਂ ਦਾ ਸਾਲ = ਘਰ ਮੁਕਤੀ ਕਹੈ = ਕਹਿੰਦੇ ਹਨ।

## ਅਥ ਸਾਂਖ ॥

## ਦੋਹਰਾ ॥

## ਪ੍ਰਕ੍ਰਿਤਿ ਪੁਰਖ ਪਰ ਤਤ੍ਵ ਕੋ; ਜਾਂ ਕੇ ਹਿਯੇ ਵਿਵੇਕ ॥

ਸਾਂਖ ਮੱਤ ਵਾਲੇ ਪੱਚੀ ਪਦਾਰਥ ਮੰਨਦੇ ਹਨ ਉਹ ਕਹਿੰਦੇ ਹਨ, ਪ੍ਰਕ੍ਰਿਤਿ = ਜਗਤ ਦਾ ਮੂਲ ਰੂਪ ਬੀਜ ਪੁਰਖ, ਮਹਿਤਤ੍ਵ, ਤ੍ਰਿਧਾ ਹੰਕਾਰ, ਪੰਜ ਤਨਮਾਤਰਾ, ਪੰਜ ਤੱਤ, ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ ਤੇ ਇਕ ਮਨ, ਇਨ੍ਹਾਂ ਪੱਚੀ ਪਦਾਰਥਾਂ ਦਾ ਜਾਂ = ਜਿਸ ਕੇ = ਦੇ ਹਿਯ = ਹਿਰਦੇ ਵਿਚ ਵਿਵੇਕ = ਗਿਆਨ ਹੈ।

## ਯਹੈ ਮੁਕਤਿ ਸ਼ਾਂਖਕ ਕਹੈ; ਗ੍ਯਾਨ ਭਏ ਸਭ ਏਕ ॥੨੨੧॥

ਸਾਂਖਕ = ਸਾਂਖ ਮੱਤ ਵਾਲੇ ਯਹੈ = ਇਸੇ ਨੂੰ ਮੁਕਤਿ = ਮੁਕਤੀ ਕਹੈ = ਕਹਿੰਦੇ ਹਨ, ਉਨ੍ਹਾਂ ਦਾ ਖ਼ਿਆਲ ਹੈ ਕਿ ਗਿਆਨ ਪ੍ਰਾਪਤ ਭਏ = ਹੋਏ ਤੋਂ ਸਭ = ਸਾਰਾ ਕੁਝ ਏਕ = ਇਕ ਹੀ ਹੋ ਜਾਂਦਾ ਹੈ।

## ਦੋਹਰਾ ॥

## ਵੈਸੇਖਕ ਅਰੁ ਨਯਾਇ ਪੁਨ; ਦ੍ਵੈ ਤਾਰਿਕ ਕਰ ਗਯਾਨ ॥

ਵੈਸੇਖਿਕ ਅਰੁ = ਅਤੇ ਪੁਨਾ ਨਿਆਇ ਸਾਸ਼ਤ੍ਰ ਇਹ ਦ੍ਵੈ = ਦੋਵੇਂ ਤਾਰਿਕ = ਤਰਕ ਕਰ = ਕਰਕੇ ਗਿਆਨ ਕਥਨ ਕਰਦੇ ਹਨ।

## ਭੇਦਵਾਦ ਇਨਕੇ ਸਦਾ; ਮੁਕਤਿ ਪਦਾਰਥ ਮਾਨ ॥੨੨੨॥

ਇਨਕੇ = ਇਨ੍ਹਾਂ ਦੇ ਅੰਦਰ ਸਦਾ = ਹਮੇਸ਼ਾਂ ਭੇਦਵਾਦ ਹੀ ਬਣਿਆ ਰਹਿੰਦਾ ਹੈ, ਇਹ ਪਦਾਰਥਾਂ ਦੇ ਗਿਆਨ ਨੂੰ ਹੀ ਮੁਕਤੀ ਮੰਨਦੇ ਹਨ ॥੨੨੨॥

## ਦੋਹਰਾ ॥ ਆਗਮ ਤੰਤ੍ਰ ਪੁਰਾਨ ਪੁਨ; ਪੰਚਰਾਤ੍ਰਿ ਮਤ ਜਾਨ ॥

ਆਗਮ = ਛੇ ਸ਼ਾਸਤ੍ਰ, ਤੰਤ੍ਰ = ਸ਼ਿਵਤੰਤ੍ਰ ਅਠਾਰਾਂ ਪੁਰਾਨ, ਪੰਚਰਾਤ੍ਰਿ = ਨਾਰਦਮੁਨੀ ਦਾ ਗ੍ਰੰਥ ਆਦਿ ਸਭਨਾਂ ਦੇ ਬਿਅੰਤ ਵੱਖੋ ਵੱਖ ਮਤ = ਸਿਧਾਂਤ ਜਾਨ = ਜਾਨਣਾ ਕਰ।

ਆਗਮ (ਛੇ ਸ਼ਾਸਤ੍ਰ) ਵੈਸੇਖਿਕ, ਨਿਆਇ, ਸਾਂਖ ਸ਼ਾਸਤ੍ਰ, ਪਤੰਜਲੀ, ਮੀਮਾਂਸਾ, ਵੇਦਾਂਤ ਤੰਤ੍ਰ (ਸ਼ਿਵਤੰਤ੍ਰ) ਉਹ ਸ਼ਾਸਤ੍ਰ ਜਿਸ ਵਿਚ ਜਾਦੂ ਟੂਣੇ ਅਤੇ ਮੰਤ੍ਰਾਂ ਦੀ ਸ਼ਕਤੀ ਦਾ ਵਰਣਨ ਕੀਤਾ ਹੋਇਆ ਹੈ, ਅਤੇ ਸ਼ਕਤੀ ਦੀ ਉਪਾਸ਼ਨਾ ਪ੍ਰਧਾਨ ਹੈ, ਇਹ ਸ਼ਾਸਤ੍ਰ ਸ਼ਿਵਜੀ ਦੀ ਰਚਨਾ ਦੱਸੀ ਜਾਂਦੀ ਹੈ। ਸੰਸਕ੍ਰਿਤ ਵਿਚ ਇਸ ਵਿਸ਼ੇ ਦੇ ਅਨੇਕਾਂ ਗ੍ਰੰਥ ਹਨ।

**ਪੁਰਾਣ** : ਰਿਖੀ ਵਿਆਸ ਜਾਂ ਉਸਦੇ ਨਾਮ ਤੋਂ ਹੋਰ ਵਿਦਵਾਨਾਂ ਦੇ ਰਚੇ ਹੋਏ ਇਤਿਹਾਸ ਨਾਲ ਮਿਲੇ ਧਰਮ ਗ੍ਰੰਥ ਜਿਨ੍ਹਾਂ ਦੀ ਗਿਣਤੀ ਅਠਾਰਾਂ ਹੈ ਅਤੇ ਸਲੋਕਾਂ ਦੀ ਗਿਣਤੀ ਚਾਰ ਲੱਖ ਹੈ। ਅਠਾਰਾਂ ਪੁਰਾਣ— ਵਿਸ਼ਨੂੰ ਪੁਰਾਣ, ਪਦ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇਯ, ਅਗਨਿ, ਬ੍ਰਹਮ ਵੈਵਰਤ, ਲਿੰਗ, ਵਾਰਾਹ, ਸਕੰਦ, ਵਾਮਨ, ਕੂਰਮ, ਮਤਸਯ, ਗਰੁੜ, ਬ੍ਰਹਮਾਂਡ ਅਤੇ ਭਵਿਸ਼ਯ ਪੁਰਾਣ।

**ਪੰਚਰਾਤ੍ਰਿ**—ਪੰਚ ਰਾਤ੍ਰ ਦਾ ਸ਼ਬਦੀ ਅਰਥ ਹੈ ਜਿਸ ਵਿਚ ਪੰਚ = ਪੰਜ ਪ੍ਰਕਾਰ ਦੇ ਰਾਤ੍ਰਿ = ਗਿਆਨ ਦੇ ਵਚਨ ਹੋਣ, ਉਸਨੂੰ ਪੰਚਰਾਤ੍ਰ ਆਖਦੇ ਹਨ, ਜਿਵੇਂ :

੧. ਅਭਿਗਮਨ—ਅਸਥਾਨ ਦਾ ਲਿਪਨਾ, ਧੋਣਾ ਅਤੇ ਦੇਵਤਾ ਨੂੰ ਅਵਾਹਨ ਦੇ ਪ੍ਰਕਾਰ।
੨. ਉਪਾਦਾਨ—ਸੁਗੰਧ ਧੂਪ ਫੁੱਲ ਆਦਿ ਸਮੱਗ੍ਰੀ ਜਮ੍ਹਾਂ ਕਰਨੀ।
੩. ਇਜਯ—ਦੇਵਤਾ ਦੀ ਪੂਜਾ।
੪. ਸ੍ਵਾਧਯਾਯ—ਮਨ ਭਾਵਨਾ ਨਾਲ ਮੰਤ੍ਰ ਜਾਪ।
੫. ਯੋਗ—ਦੇਵਤਾ ਦੇ ਸਰੂਪ ਦਾ ਧਿਆਨ।

ਇਸ ਗ੍ਰੰਥ ਦਾ ਲਿਖਾਰੀ ਨਾਰਦ ਮੁਨੀ ਮੰਨਿਆ ਜਾਂਦਾ ਹੈ ਤਾਂ ਕਰਕੇ ਇਸ ਗ੍ਰੰਥ ਨੂੰ 'ਨਾਰਦ ਪੰਚਰਾਤ੍ਰ' ਵੀ ਆਖਦੇ ਹਨ, ਇਸ ਗ੍ਰੰਥ ਤੋਂ ਇਲਾਵਾ ੨੫ ਹੋਰ ਵੀ ਪੰਚ ਰਾਤ੍ਰ ਨਾਮਕ ਗ੍ਰੰਥ ਹਨ। ਜਿਨ੍ਹਾਂ ਦੀ ਇਥੇ ਲਿਖਣ ਦੀ ਲੋੜ ਨਹੀਂ ਸੀ।

## ਖੈਂਚ ਆਪਨੇ ਪੱਛ ਕੋ; ਜਗ ਮੈ ਡਾਰਤ ਆਨ ॥੨੨੩॥

ਇਹ ਸਾਰੇ ਗ੍ਰੰਥ ਆਪੋ-ਆਪਣੇ ਪੱਖ ਵੱਲ ਨੂੰ ਖੈਂਚ = ਖਿੱਚ ਕਰਕੇ ਜੀਵ ਨੂੰ ਜਗ = ਸੰਸਾਰ ਦੇ ਮੈ = ਵਿਚ ਹੀ ਮੁੜ ਕੇ ਆਨ = ਲਿਆ ਕੇ ਡਾਰਤ = ਸੁੱਟ ਦੇਂਦੇ ਹਨ ॥੨੨੩॥

## ਦੋਹਰਾ॥ ਔਰ ਜੋ ਸ਼ਾਸਤ੍ਰਨ ਕੇ ਮਤੇ; ਪਰੇ ਜਗਤ ਮੈਂ ਜਾਇ॥

ਇਕ ਵੇਦਾਂਤ ਤੋਂ ਬਿਨਾਂ ਔਰ = ਹੋਰ ਜੋ = ਜਿਹੜੇ ਹੋਰ ਅਨੇਕਾਂ ਸ਼ਾਸਤ੍ਰਨ = ਗ੍ਰੰਥਾਂ ਕੇ = ਦੇ ਮਤੇ = ਸਿਧਾਂਤ ਹਨ, ਇਨ੍ਹਾਂ ਵਿਚ ਲੱਗਾ ਜੀਵ ਜਗਤ = ਸੰਸਾਰ ਦੇ ਬੰਧਨਾਂ ਮੈਂ = ਵਿਚ ਹੀ ਜਾਇ = ਜਾ ਕੇ ਪਰੇ = ਪੈ ਜਾਵੇਗਾ।

## ਕਲਪਨ ਲੌ ਛੂਟੇ ਨਹੀਂ; ਜਨਮ ਮ੍ਰਿਤ੍ਯ ਕੋ ਪਾਇ॥੨੨੪॥

ਉਹ ਕਲਪਨ = ਬ੍ਰਹਮਾ ਦੇ ਇਕ ਦਿਨ (ਚਾਰੇ ਜੁਗਾਂ ਦੀਆਂ ਹਜ਼ਾਰ ਚੌਕੜੀਆਂ, ੪੩੨੦੦੦੦੦੦੦) (ਚਾਰ ਅਰਬ ਬੱਤੀ ਕਰੋੜ ਸਾਲ) ਲੌ = ਤੱਕ ਛੂਟੇ = ਛੁੱਟ ਨਹੀਂ ਸਕਦਾ, ਉਹ ਜਨਮ ਅਤੇ ਮ੍ਰਿਤ੍ਯ = ਮੌਤ ਨੂੰ ਹੀ ਪਾਇ = ਪਾਉਂਦਾ ਰਹੇਗਾ, ਭਾਵ ਜੰਮਦਾ ਮਰਦਾ ਰਹੇਗਾ॥੨੨੪॥

## ਦੋਹਰਾ॥ ਅਪਨੋ ਮਤ ਯਹਿ ਬੇਦ ਸਿਰ; ਸਭ ਤੇ ਉਤਮ ਜਾਨ॥

ਹੇ ਸਿੱਖ! ਅਪਨੋ = ਸਾਡਾ ਇਹ ਵੇਦਾਂਤ ਮਤ = ਸਿਧਾਂਤ ਸਿਰ = ਸ਼੍ਰੋਮਣੀ ਵੇਦ ਅਨੁਸਾਰ ਹੈ **ਵਾ:** ਵੇਦ ਦਾ ਵੀ ਸ਼੍ਰੋਮਣੀ ਹੈ, ਇਸਨੂੰ ਸਭ = ਸਾਰੇ ਸ਼ਾਸਤ੍ਰਾਂ ਤੋਂ ਉਤਮ = ਸ੍ਰੇਸ਼ਟ ਜਾਨ = ਜਾਨਣਾ ਕਰ।

## ਯਾਹੀ ਕੋ ਵਿਸ਼ਵਾਸ ਕਰ; ਔਰ ਨ ਉਰ ਮੈ ਆਨ॥੨੨੫॥

ਯਾਹੀ = ਇਸਦੇ ਵਿਚ ਹੀ ਆਪਣੇ ਵਿਸ਼ਵਾਸ = ਭਰੋਸੇ ਕੋ = ਨੂੰ ਧਾਰਨ ਕਰ ਅਤੇ ਔਰ = ਹੋਰ ਮੱਤ ਆਪਣੇ ਉਰ = ਹਿਰਦੇ ਮੈ = ਵਿਚ ਨਾ ਆਨ = ਲਿਆਉਣਾ ਕਰ॥੨੨੫॥

## ਦੋਹਰਾ॥ ਸਠ ਧੂਰਤ ਔ ਨਾਸਤਕੀ; ਬੇਦ ਬਿਰੋਧੀ ਔਰ॥

ਸਠ = ਮੂਰਖ, ਧੂਰਤ = ਨਾਂਗੇ, ਔ = ਅਤੇ ਨਾਸਤਕੀ = ਰੱਬ ਨੂੰ ਨਾ ਮੰਨਣ ਵਾਲੇ ਅਤੇ ਔਰ = ਹੋਰ ਜੋ ਵੀ ਬੇਦ ਬ੍ਰਹਮ ਗਿਆਨ ਦੇ ਵਿਰੋਧੀ ਹਨ।

## ਤਿਨਹਿ ਨ ਭੂਲ ਸੁਨਾਈਐ; ਯਹਿ ਮਤਿ ਸਭ ਸਿਰਮੌਰ॥੨੨੬॥

ਯਹਿ = ਇਹ ਸਭ = ਸਾਰਿਆਂ ਤੋਂ ਸਿਰਮੌਰ = ਸ਼੍ਰੋਮਣੀ ਮਤਿ = ਵੇਦਾਂਤ ਸਿਧਾਂਤ ਤਿਨਹਿ = ਉਨ੍ਹਾਂ ਲੋਕਾਂ ਨੂੰ ਭੂਲ = ਭੁੱਲ ਕੇ ਵੀ ਨਾ ਸੁਨਾਈਐ = ਸੁਣਾਉਣਾ ਕਰੀਏ॥੨੨੬॥

ਇਸ ਗਿਆਨ ਦਾ ਅਧਿਕਾਰੀ ਕੌਣ ਹੈ, ਉਹ ਲਿਖਦੇ ਹਨ:

## ਦੋਹਰਾ॥ ਜਿਨ ਕੇ ਉਰ ਹਰਿ ਭਗਤਿ ਹੈ; ਅਰੁ ਗੁਰੁ ਭਗਤਿ ਸਮਾਨ॥

ਦੂਸਰੇ ਪਾਸੇ ਜਿਨ੍ਹਾਂ ਕੇ = ਦੇ ਉਰ = ਹਿਰਦੇ ਵਿਚ ਹਰਿ = ਪਰਮਾਤਮਾ ਦੀ ਭਗਤਿ = ਭਗਤੀ ਹੈ ਭਾਵ ਪ੍ਰੇਮਾ ਭਗਤੀ ਹੈ ਅਰੁ = ਅਤੇ ਗੁਰਾਂ ਦੀ ਭਗਤਿ = ਸ਼ਰਧਾ ਵੀ ਪਰਮਾਤਮਾ ਦੇ ਸਮਾਨ = ਤੁਲ, ਬਰਾਬਰ ਹੈ।

## ਤਿਨ ਕੇ ਆਗੇ ਖੋਲ੍ਹੀਏ; ਯਹ ਉਪਦੇਸ਼ ਨਿਧਾਨੁ॥੨੨੭॥

ਤਿਨ = ਉਨ੍ਹਾਂ ਕੇ = ਦੇ ਆਗੇ = ਸਨਮੁਖ ਯਹ = ਇਹ ਵੇਦਾਂਤ ਦੇ ਉਪਦੇਸ਼ ਦਾ ਨਿਧਾਨ = ਖ਼ਜ਼ਾਨਾ ਖੋਲ੍ਹੀਏ = ਖੋਲ੍ਹਣਾ, ਪ੍ਰਗਟ ਕਰਨਾ ਚਾਹੀਦਾ ਹੈ॥੨੨੭॥

ਗ੍ਰੰਥ ਨੂੰ ਪੜ੍ਹਨ ਤੇ ਵਿਚਾਰਨ ਦਾ ਮਹਾਤਮ ਕਥਨ ਕਰਦੇ ਹਨ:

**ਦੋਹਰਾ॥ ਵੇਦ ਬਚਨ ਸਿੰਮ੍ਰਿਤਿ ਬਚਨ; ਕਹਿ ਸੁਖਦੇਵ ਬਿਲਾਸ॥**

ਕਵੀ ਸੁਖਦੇਵ ਜੀ ਕਥਨ ਕਰਦੇ ਹਨ ਕਿ ਵੇਦਾਂ ਦੇ ਬਚਨ ਅਤੇ ਸਿੰਮ੍ਰਿਤੀਆਂ ਦੇ ਬਚਨ ਮੈਂ ਬੜੇ ਬਿਲਾਸ = ਚਾਅ ਨਾਲ ਕਹਿਣਾ ਕੀਤੇ ਹਨ।

**ਅਧਜਾਤਮ ਪ੍ਰਕਾਸ਼ ਤੇ; ਅਧਜਾਤਮ ਪ੍ਰਕਾਸ਼॥੨੨੮॥**

ਇਸ ਅਧਿਆਤਮ ਪ੍ਰਕਾਸ਼ ਗ੍ਰੰਥ ਦੇ ਵਿਚਾਰਨ ਕਰਕੇ ਅਧਜਾਤਮ = ਬ੍ਰਹਮ ਵਿੱਦਿਆ ਦਾ ਪ੍ਰਕਾਸ਼ = ਚਾਨਣਾ ਹੋ ਜਾਂਦਾ ਹੈ॥੨੨੮॥

ਅੱਗੇ ਕਵੀ ਜੀ ਗ੍ਰੰਥ ਦੀ ਸਮਾਪਤੀ ਦਾ ਸੰਮਤ ਕਥਨ ਕਰਕੇ ਗ੍ਰੰਥ ਦੀ ਸਮਾਪਤੀ ਕਰਦੇ ਹਨ:

**ਦੋਹਰਾ॥ ਸੰਬਤ ਸਤ੍ਰਹ ਸੈ ਬਰਖ; ਪਚਪਨ ਅਸੂਨ ਮਾਨ॥**

ਹੇ ਪਾਠਕ ਜਨੋ! ਸਤ੍ਰਹ = ਸਤਾਰਾਂ ਸੈ = ਸੌ ਪਚਪਨ = ਪਚਵੰਜਾ ਬਿਕ੍ਰਮੀ ਸੰਮਤ ਦਾ ਬਰਖ = ਸਾਲ ਸੀ ਅਤੇ ਅਸੂਨ = ਅੱਸੂ ਦਾ ਸ਼ੁਭ ਮਹੀਨਾ ਮਾਨ = ਮੰਨਣਾ ਕਰੋ।

**ਏਕਾਦਸ ਬੁਧਿ ਗ੍ਰੰਥ ਭਵ; ਸੁਕਲ ਪੱਖ ਸ਼ੁਭ ਜਾਨ॥੨੨੯॥**

ਏਕਾਦਸ = ਗਿਆਰ੍ਹਵੀਂ ਥਿੱਤ ਸੀ, ਬੁੱਧਵਾਰ ਸੀ, ਸੁਕਲ ਪੱਖ = ਚਾਨਣਾ ਪੱਖ ਬਹੁਤ ਸ੍ਰੇਸ਼ਟ ਜਾਨ = ਜਾਣੋ, ਜਦੋਂ ਇਹ ਗ੍ਰੰਥ ਭਵ = ਰਚਨਾ ਕੀਤਾ, ਭਾਵ ਇਸ ਗ੍ਰੰਥ ਦੀ ਕਵਿਤਾ ਦੇ ਰੂਪ ਵਿਚ ਸਮਾਪਤੀ ਹੋਈ॥੨੨੯॥

## ਗ੍ਰੰਥਾਂ ਦੀ ਸਮਾਪਤੀ ਤੇ ਬੇਨਤੀ

ਸ੍ਰੀ ਅਕਾਲ ਪੁਰਖ ਵਾਹਿਗੁਰੂ ਪਰਮੇਸ਼ਰ ਨਿਰੰਕਾਰ ਦੇ ਸਾਕਾਰ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਅਤੇ ਦਸੋਂ ਗੁਰੂ ਸਾਹਿਬਾਨ ਦੀ ਆਤਮਿਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਗੁਰੂ ਖ਼ਾਲਸਾ ਸਾਧਸੰਗਤ ਜੀ ਦੀ ਕਿਰਪਾ ਨਾਲ ਪੰਚ ਗ੍ਰੰਥਾਵਲੀ ਨਾਮ ਦੀ ਪੁਸਤਕ ਤਿਆਰ ਕਰਨ ਲਈ ਸੰਮਤ ੨੦੭੪, ੨੦ ਅੱਸੂ, ਅੱਸੂ ਸੁਦੀ ਪੂਰਨਮਾਸ਼ੀ, ਦਿਨ ਵੀਰਵਾਰ ਤੇ ੪ ਅਕਤੂਬਰ, ੨੦੧੭ ਨੂੰ ਸਟੀਕ ਆਰੰਭ ਕੀਤਾ ਸੀ, ਜਿਸ ਵਿਚ ੧. ਚਾਣਕਜ ਨੀਤੀ, ੨. ਸਾਰੁਕਤਾਵਲੀ, ੩. ਭਾਵਰਸਾਂਮ੍ਰਿਤ, ੪. ਵਿਚਾਰ ਮਾਲਾ, ੫. ਅਧਜਾਤਮ ਪ੍ਰਕਾਸ਼ ਸ਼ਾਮਲ ਕੀਤੇ ਗਏ ਹਨ।

ਇਸ ਵਿਚ ਸਾਰੀ ਆਪਣੀ ਕੋਈ ਹਿੰਮਤ ਉੱਦਮ ਅਤੇ ਬੁੱਧ ਬਲ ਕੁੱਝ ਵੀ ਨਹੀਂ, ਇਹ ਸਭ ਕੁੱਝ ਪਰਮੇਸ਼ਰ ਦੀ ਆਪਣੀ ਕਿਰਪਾ ਨਾਲ ਸੰਪੂਰਨ ਹੋਇਆ ਹੈ ਜੈਸਾ ਕਿ:

**ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸ ਕਿਆ ਵੇਚਾਰਾ ਰਾਮ॥**

*(ਸੂਹੀ ਮ: ੫ ਛੰਤ, ਅੰਗ ੭੮੪)*

ਬਹੁਤ ਸਾਰੇ ਸਮੇਂ ਤੋਂ ਦਾਸ ਨੂੰ ਸੰਪ੍ਰਦਾਵਾਂ ਨਾਲ ਸੰਬੰਧਿਤ ਵਿਦਿਆਰਥੀਆਂ ਦੀ ਪ੍ਰੇਰਨਾ ਮਿਲ ਰਹੀ ਸੀ ਕਿ ਜਿਵੇਂ ਗੁਰਵਾਕ ਚਾਨਣ, ਗੁਰ ਪ੍ਰਕਰਣ ਚਾਨਣ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸਟੀਕ ਗੁਰਬਾਣੀ ਅਰਥ ਭੰਡਾਰ ਤਿਆਰ ਕਰਕੇ ਗਿਆਨੀ ਸਿੰਘਾਂ, ਪ੍ਰਚਾਰਕਾਂ, ਪਾਠੀ ਸਿੰਘਾਂ ਅਤੇ ਵਿਦਿਆਰਥੀਆਂ

ਦੀਆਂ ਬਹੁਤ ਸਾਰੀਆ ਮੁਸ਼ਕਲਾਂ ਸੋਖੀਆਂ ਹੋ ਗਈਆਂ ਹਨ, ਇਸੇ ਤਰ੍ਹਾਂ ਕਥਾ ਸਿੱਖਣ ਲਈ ਛੋਟੇ ਪੰਜ ਗ੍ਰੰਥਾਂ ਦਾ ਸਟੀਕ ਤਿਆਰ ਕੀਤਾ ਜਾਵੇ। ਉਹਨਾਂ ਗੁਰਮੁਖਾਂ ਦੀ ਪ੍ਰੇਰਨਾ ਲੈ ਕੇ ਅਤੇ ਜਥੇ ਵਿੱਚੋਂ ਪੜ੍ਹ ਕੇ ਗਏ ਗਿਆਨੀ ਸਿੰਘ ਸਾਹਿਬਾਨ, ਵਿਦਿਆਰਥੀ ਅਤੇ ਹੁਣ ਪੜ੍ਹ ਰਹੇ ਵਿਦਿਆਰਥੀਆਂ ਦੀ ਪ੍ਰੇਰਨਾ ਲੈ ਕੇ ਇਹ ਸਟੀਕ ਤਿਆਰ ਕੀਤਾ ਗਿਆ ਹੈ। ਅਖ਼ੀਰ ਵਿਚ ਦਾਸ ਵਿਦਵਾਨਾਂ ਦੇ ਚਰਨਾਂ ਵਿਚ ਬੇਨਤੀ ਕਰਦਾ ਹੈ ਕਿ ਇਸ ਵਿਚ ਜੋ ਵੀ ਅਰਥਾਂ ਦੀ ਉਕਾਈ ਹੋਵੇ ਜਾਂ ਹੋਰ ਗ਼ਲਤੀਆਂ ਹੋਣ ਤਾਂ ਦਾਸਾਂ ਨੂੰ ਲਿਖ ਭੇਜਣ ਤਾਂ ਕਿ ਅਗਲੀ ਅਡੀਸ਼ਨ ਵਿਚ ਸੋਧ ਹੋ ਸਕੇ। ਦਾਸ ਧੰਨਵਾਦੀ ਹੈ ਆਪਣੇ ਵਿੱਦਿਆ ਦਾਤੇ ਸੰਤ ਗਿਆਨੀ ਇੰਦਰਜੀਤ ਸਿੰਘ ਜੀ (ਰਕਬੇ ਵਾਲੇ) ਦਾ ਜਿਨ੍ਹਾਂ ਤੋਂ ਦਾਸ ਨੇ ਇਹ ਗ੍ਰੰਥ ਪੜ੍ਹੇ ਅਤੇ ਦਾਸ ਧੰਨਵਾਦ ਕਰਦਾ ਹੈ ਗਿਆਨੀ ਜਗਤਾਰ ਸਿੰਘ ਜੀ ਅਭਿਆਸੀ ਦਾ ਜਿਨ੍ਹਾਂ ਨੇ ਸਟੀਕ ਦੇ ਸਹਾਇਕ ਤੌਰ 'ਤੇ ਸਖ਼ਤ ਮਿਹਨਤ ਕੀਤੀ ਅਤੇ ਗਿਆਨੀ ਗੁਰਨਾਮ ਸਿੰਘ ਜੀ ਅੰਬਾਲਵੀ ਜੋ ਸਮੇਂ ਸਮੇਂ ਅਨੁਸਾਰ ਚੰਗੇ ਸੁਝਾਅ ਅਤੇ ਲੋੜ ਪੈਣ ਤੋਂ ਕਾਵਿ ਰਚਨਾ ਦੀ ਮੱਦਦ ਵੀ ਕਰਦੇ ਰਹੇ। ਧੰਨਵਾਦ ਅਮਰ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਸਾਹਿਬ ਜੀ ਤੇ ਬਾਬਾ ਫ਼ਤਹਿ ਸਿੰਘ ਸਾਹਿਬ ਜੀ ਅਤੇ ਪਰਮ ਪੂਜਨੀਕ ਮਾਤਾ ਗੁਜਰ ਕੌਰ ਜੀ ਦਾ ਜਿਨ੍ਹਾਂ ਦੇ ਸਸਕਾਰ ਅਸਥਾਨ ਗੁਰਦੁਆਰਾ ਜੋਤੀ ਸਰੂਪ ਸਾਹਿਬ ਦੀ ਓਟ ਵਿਚ ਇਹ ਗ੍ਰੰਥ ਲਿਖਣੇ ਆਰੰਭ ਕੀਤੇ ਸੀ, ਅੱਜ ਮਿਤੀ ਬਿਕ੍ਰਮੀ ਸੰਮਤ ੨੦੭੬, ੧੮ ਪੋਹ, ਪੋਹ ਸੁਦੀ ਸੱਤਵੀ, ਦਿਨ ਵੀਰਵਾਰ ਤੇ ੨ ਜਨਵਰੀ ੨੦੨੦ ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਅਵਤਾਰ ਗੁਰਪੁਰਬ ਨੂੰ ਸਵੇਰੇ ੯:੩੦ ਵਜੇ ਸੰਪੂਰਨਤਾ ਹੋਈ ਹੈ।

## ਸਮਾਪਤੀ ਮੰਗਲ

੧. ਆਦਿ ਪੁਰਖ ਸ੍ਰੀ ਵਾਹਿਗੁਰੂ, ਸ੍ਰੀ ਗੁਰੂ ਨਾਨਕ ਦੇਵ।
ਕਿਰਪਾ ਕੀਨੀ ਦਾਸ ਪਰ, ਪੂਰਨ ਅਲਖ ਅਭੇਵ॥
੨. ਦਸ ਗੁਰੂਅਨ ਕੀ ਜੋਤਿ ਜੋ, ਸ੍ਰੀ ਗੁਰੂ ਗ੍ਰੰਥ ਮਹਾਨ।
ਨਿਜ ਕਰੁਣਾ ਕੀ ਕਾਜ ਹਿਤ, ਦਾਸ ਆਪਨੋ ਜਾਨਿ॥
੩. ਸੰਮਤ ਬੀਸ ਚੁਹੱਤਰੇ, ਸ਼ਰਦ ਪੂਨਿਮ ਗੁਰੂਵਾਰ।
ਟੀਕਾ 'ਪੰਚ ਗ੍ਰੰਥਾਵਲੀ', ਅਰੰਭ ਕੀਓ ਹਿਤਧਾਰਿ॥
੪. ਗੁਰੂ ਪੁਰਬ ਸੁਦੀ ਸਪਤਮੀ, ਪੋਖ ਮਾਸ ਗੁਰੂਵਾਰ।
ਸੰਮਤ ਬੀਸ ਛਿਹੱਤਰੇ, ਭਈ ਸੰਪੂਰਨ ਕਾਰ॥
੫. ਟੀਕਾ 'ਪੰਚ ਗ੍ਰੰਥਾਵਲੀ', ਭਈ ਸੰਪੂਰਨ ਘਾਲ।
ਕਿਰਪਾ ਕੀਨੀ ਦਾਸ ਪਰ, ਸਤਿਗੁਰੂ ਦੀਨ ਦਯਾਲ॥
੬. ਸ਼ੁਕਰ ਹੈ ਸਤਿਗੁਰੂ ਦੇਵ ਕਾ, ਕੋਟਿਨ ਕੋਟਿ ਹੀ ਵਾਰ।
ਟੀਕਾ 'ਪੰਚ ਗ੍ਰੰਥਾਵਲੀ', ਭਈ ਸੰਪੂਰਨ ਕਾਰ॥

*ਦਾਸਨਿ ਦਾਸ—*
**ਹਰੀ ਸਿੰਘ**
ਜੱਥਾ ਰੰਧਾਵਾ, ਸੰਪ੍ਰਦਾ ਦਮਦਮੀ ਟਕਸਾਲ